☆ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ ☆

# ਨਿਹਕਲੰਕ ਹਰਿਸ਼ਬਦ ਭੰਡਾਰ

## ਪੰਜਵਾਂ ਭਾਗ

## ✪ ਤਤਕਰਾ ✪


| ਮਿਤੀ-ਸੰਮਤ | ਨਾਮ | ਸਥਾਨ | ਪੰਨਾ ਨੰ: |
|---|---|---|---|
| ੦੧ ਚੇਤ ੨੦੧੨ ਬਿਕ੍ਰਮੀ | ਹਰਿ ਭਗਤ ਦਵਾਰ ਤੋਂ ਹਰ ਪਰਿਵਾਰ ਨੂੰ ਸ਼ਬਦ ਭੇਜਿਆ | | ੦੦੧ |
| ੦੧ ਚੇਤ ੨੦੧੨ ਬਿਕ੍ਰਮੀ | ਸੰਤ ਰਣਧੀਰ ਸਿੰਘ ਨੂੰ ਲੁਧਿਆਣੇ ਸ਼ਬਦ ਭੇਜਿਆ ਤੇ ਉਤਰ ਮੰਗਿਆ | | ੦੦੮ |
| ੦੧ ਚੇਤ ੨੦੧੨ ਬਿਕ੍ਰਮੀ | ਸੰਤ ਕਿਰਪਾਲ ਸਿੰਘ ਨੂੰ ਦਿੱਲੀ ਸਾਵਣ ਆਸ਼ਰਮ ਵਿਚ ਸ਼ਬਦ ਭੇਜਿਆ | | ੦੦੯ |
| ੦੧ ਚੇਤ ੨੦੧੨ ਬਿਕ੍ਰਮੀ | ਦਿਆਲ ਪੰਡਤ ਫ਼ਕੀਰ ਚੰਦ ਹੁਸ਼ਿਆਰਪੁਰ ਨੂੰ ਸ਼ਬਦ ਭੇਜਿਆ | | ੦੧੦ |
| ੧੪ ਚੇਤ ੨੦੧੨ ਬਿਕ੍ਰਮੀ | ਸੰਤ ਮੇਹਰ ਸਿੰਘ ਦੇ ਡੇਰੇ ਜਲੰਧਰ ਮਾਡਲ ਟਾਉਨ ਸ਼ਬਦ ਭੇਜਿਆ | | ੦੧੨ |
| ੧੪ ਚੇਤ ੨੦੧੨ ਬਿਕ੍ਰਮੀ | ਸੰਤ ਈਸ਼ਰ ਸਿੰਘ ਢੈਪਈ ਵਾਲੇ ਨੂੰ ਕੋਟਕਪੂਰੇ ਸ਼ਬਦ ਭੇਜਿਆ | | ੦੧੫ |
| ੧੫ ਚੇਤ ੨੦੧੨ ਬਿਕ੍ਰਮੀ | ਭਾਰਤ ਦੇ ਵੱਡੇ ਜੱਜ ਨੂੰ ਸ਼ਬਦ ਭੇਜਿਆ ਹਰਿ ਭਗਤ ਦਵਾਰ | | ੦੧੯ |
| ੧੫ ਚੇਤ ੨੦੧੨ ਬਿਕ੍ਰਮੀ | ਹਰਿ ਭਗਤ ਦਵਾਰ | ਜੇਠੂਵਾਲ ਅੰਮ੍ਰਿਤਸਰ | ੦੧੯ |
| ੧੫ ਚੇਤ ੨੦੧੨ ਬਿਕ੍ਰਮੀ | ਸੰਤ ਰਣਧੀਰ ਸਿੰਘ ਨੂੰ ਲੁਧਿਆਣੇ ਸ਼ਬਦ ਦੂਜੀ ਵਾਰ ਭੇਜਿਆ | | ੦੨੩ |
| ੧੬ ਵਿਸਾਖ ੨੦੧੨ ਬਿਕ੍ਰਮੀ | ਹਰਿ ਭਗਤ ਦਵਾਰ | ਜੇਠੂਵਾਲ ਅੰਮ੍ਰਿਤਸਰ | ੦੨੪ |
| ੦੧ ਜੇਠ ੨੦੧੨ ਬਿਕ੍ਰਮੀ | ਹਰਿ ਭਗਤ ਦਵਾਰ | ਜੇਠੂਵਾਲ ਅੰਮ੍ਰਿਤਸਰ | ੦੨੮ |
| ੦੧ ਜੇਠ ੨੦੧੨ ਬਿਕ੍ਰਮੀ | ਪਾਕਿਸਤਾਨ ਦੇ ਗਵਰਨਰ ਜਨਰਲ ਨੂੰ ਸ਼ਬਦ ਭੇਜਿਆ | | ੦੨੯ |
| ੦੧ ਜੇਠ ੨੦੧੨ ਬਿਕ੍ਰਮੀ | ਸ਼ਾਹ ਈਰਾਨ ਨੂੰ ਸ਼ਬਦ ਭੇਜਿਆ | | ੦੩੦ |
| ੦੫ ਜੇਠ ੨੦੧੨ ਬਿਕ੍ਰਮੀ | ਹਰਿ ਭਗਤ ਦਵਾਰ | ਜੇਠੂਵਾਲ ਅੰਮ੍ਰਿਤਸਰ | ੦੩੨ |
| ੦੫ ਜੇਠ ੨੦੧੨ ਬਿਕ੍ਰਮੀ | ਸੰਤ ਰਣਧੀਰ ਸਿੰਘ ਨੂੰ ਸ਼ਬਦ ਭੇਜਿਆ | ਜੇਠੂਵਾਲ ਅੰਮ੍ਰਿਤਸਰ | ੦੩੪ |
| ੦੯ ਜੇਠ ੨੦੧੨ ਬਿਕ੍ਰਮੀ | ਪਲੰਘ ਸਾਹਿਬ ਨੂੰ ਸ਼ਬਦ ਸਿੰਘਾਸਣ ਕਰਕੇ ਰੱਖਿਆ | ਪਹਾੜ ਗੰਜ ਦਿੱਲੀ | ੦੩੫ |
| ੦੯ ਜੇਠ ੨੦੧੨ ਬਿਕ੍ਰਮੀ | ਰਾਸ਼ਟਰਪਤੀ ਡਾ: ਰਾਜਿੰਦਰ ਪਰਸ਼ਾਦ ਨੂੰ ਸ਼ਬਦ ਭੇਜਿਆ | ਦਿੱਲੀ | ੦੪੦ |


1
੦੫

1
੦੫

੦੯ ਜੇਠ ੨੦੧੨ ਬਿਕ੍ਰਮੀ ਲਛਮਣ ਸਿੰਘ, ਦਰਸ਼ਨ ਸਿੰਘ ਦੇ ਗ੍ਰਿਹਿ ਦਿੱਲੀ ੦੪੧

੧੦ ਜੇਠ ੨੦੧੨ ਬਿਕ੍ਰਮੀ ਅਵਤਾਰ ਸਿੰਘ ਨਿਰੰਕਾਰੀ ਨੂੰ ਮਿਲ ਕੇ ਸ਼ਬਦ ਉਚਾਰਿਆ ਦਿੱਲੀ ੦੪੮

੧੦ ਜੇਠ ੨੦੧੨ ਬਿਕ੍ਰਮੀ ਬਿਸ਼ਨ ਸਿੰਘ ਦੇ ਗ੍ਰਿਹਿ ਗੁੜਗਾਉਂ ੦੪੮

੧੧ ਜੇਠ ੨੦੧੨ ਬਿਕ੍ਰਮੀ ਕੇਹਰ ਸਿੰਘ ਦੇ ਗ੍ਰਿਹਿ ਮੇਰਠ ਛਾਉਣੀ ੦੫੩

੧੨ ਜੇਠ ੨੦੧੨ ਬਿਕ੍ਰਮੀ ਰੇਸ਼ਮ ਸਿੰਘ ਦੇ ਗ੍ਰਿਹਿ ਮੇਰਠ ਛਾਉਣੀ ੦੬੫

੧੩ ਜੇਠ ੨੦੧੨ ਬਿਕ੍ਰਮੀ ਮਾਤਾ ਬਿਸ਼ਨ ਕੌਰ ਦੇ ਗ੍ਰਿਹਿ ਜੇਠੂਵਾਲ ਅੰਮ੍ਰਿਤਸਰ ੦੮੨

੦੧ ਹਾੜ ੨੦੧੨ ਬਿਕ੍ਰਮੀ ਨਿਸ਼ਾਨ ਸਾਹਿਬ ਵਾਸਤੇ ਸ਼ਬਦ ਉਚਾਰਿਆ ਜੇਠੂਵਾਲ ੦੮੭

੧੬ ਹਾੜ ੨੦੧੨ ਬਿਕ੍ਰਮੀ ਮਾਤਾ ਬਿਸ਼ਨ ਕੌਰ ਦੇ ਨਵਿਤ ਹਰਿ ਭਗਤ ਦਵਾਰ ਵਿਚ ੧੦੬

੧੭ ਹਾੜ ੨੦੧੨ ਬਿਕ੍ਰਮੀ ਸੰਗਤ ਦੀ ਚੁਰਾਸੀ ਕੱਟੀ ਤੇ ਨਿਰਵਿਗਨ ਲੰਗਰ ਚਲਾਇਆ
ਹਰਿ ਭਗਤ ਦਵਾਰ ਜੇਠੂਵਾਲ ਅੰਮ੍ਰਿਤਸਰ ੧੧੦

੧੭ ਹਾੜ ੨੦੧੨ ਬਿਕ੍ਰਮੀ ਹਰਿ ਭਗਤ ਦਵਾਰ ਜੇਠੂਵਾਲ ਅੰਮ੍ਰਿਤਸਰ ੧੧੧

੧੭ ਹਾੜ ੨੦੧੨ ਬਿਕ੍ਰਮੀ ਨਿਸ਼ਾਨ ਸਾਹਿਬ ਚੜ੍ਹਾਨ ਸਮੇਂ ਸ਼ਬਦ ਦੀ ਰਹਿਮਤ ਕੀਤੀ ੧੧੩

੧੮ ਹਾੜ ੨੦੧੨ ਬਿਕ੍ਰਮੀ ਹਰਿ ਭਗਤ ਦਵਾਰ ਜੇਠੂਵਾਲ ਅੰਮ੍ਰਿਤਸਰ ੧੪੦

੧੯ ਹਾੜ ੨੦੧੨ ਬਿਕ੍ਰਮੀ ਹਰਿ ਭਗਤ ਦਵਾਰ ਜੇਠੂਵਾਲ ਅੰਮ੍ਰਿਤਸਰ ੧੫੩

੧੯ ਹਾੜ ੨੦੧੨ ਬਿਕ੍ਰਮੀ ਪੰ: ਜਵਾਹਰ ਲਾਲ ਨਹਿਰੂ ਨੂੰ ਸ਼ਬਦ ਭੇਜਿਆ ਕਿ ਬਵੰਜਾ
ਰਾਜਿਆਂ ਨੂੰ ਖ਼ਬਰ ਦੇ ਦੇ ਕਿ ਜੋਤ ਸਰੂਪ ਨੇ ਸ੍ਰਿਸ਼ਟੀ ਨੂੰ ਖੈ ਕਰਨਾ ਹੈ ੧੫੪

ਮਹਾਰਾਜ ਪੂਰਨ ਸਿੰਘ ਅੰਦਰ ਪਰਵੇਸ਼ "ਪੂਰਨ ਜੋਤ" ਧਾਰ ਪਰਥਾਏ ਲਿਖਤ ਹੋਈ ੧੫੬

੨੮ ਹਾੜ ੨੦੧੨ ਬਿਕ੍ਰਮੀ ਕੇਹਰ ਸਿੰਘ ਦੇ ਗ੍ਰਿਹਿ ਰਜੀਵਾਲ ਫਿਰੋਜ਼ਪੁਰ ੧੮੧

੩੦ ਹਾੜ ੨੦੧੨ ਬਿਕ੍ਰਮੀ ਨਾਜਰ ਸਿੰਘ ਦੇ ਗ੍ਰਿਹਿ ਨਾਬੇਵਾਲ ਫਿਰੋਜ਼ਪੁਰ ੧੯੯

੩੦ ਹਾੜ ੨੦੧੨ ਬਿਕ੍ਰਮੀ ਸੰਤ ਈਸ਼ਰ ਸਿੰਘ ਕਲੇਰਾਂ ਵਾਲੇ ਨੂੰ ਸ਼ਬਦ ਭੇਜਿਆ ੨੦੭

੩੧ ਹਾੜ ੨੦੧੨ ਬਿਕ੍ਰਮੀ ਬੂੜ ਸਿੰਘ ਦੇ ਗ੍ਰਿਹਿ ਨਾਬੇਵਾਲ ਫਿਰੋਜ਼ਪੁਰ ੨੧੫

੧੨ ਭਾਦਰੋਂ ੨੦੧੨ ਬਿਕ੍ਰਮੀ ਗੁਰਮੁਖ ਸਿੰਘ ਦੇ ਗ੍ਰਿਹਿ ਭਲਾਈਪੁਰ ਅੰਮ੍ਰਿਤਸਰ ੨੩੯



2 ੦੫

੧੨ ਭਾਦਰੋਂ ੨੦੧੨ ਬਿਕ੍ਰਮੀ ਸੰਤ ਰਣਧੀਰ ਸਿੰਘ ਨੂੰ ਲੁਧਿਆਣੇ ਸ਼ਬਦ ਭੇਜਿਆ ੨੫੧

੧੩ ਭਾਦਰੋਂ ੨੦੧੨ ਬਿਕ੍ਰਮੀ ਅਨੰਦ ਪੁਰ ਅੱਖਰ ਤੇ ਸ਼ਬਦ ਉਚਾਰਿਆ ੨੫੪

੧੩ ਭਾਦਰੋਂ ੨੦੧੨ ਬਿਕ੍ਰਮੀ ਊਧਮ ਸਿੰਘ ਦੇ ਗ੍ਰਿਹਿ ਜਲਾਲਾਬਾਦ ਅੰਮ੍ਰਿਤਸਰ ੨੬੧

੧੩ ਭਾਦਰੋਂ ੨੦੧੨ ਬਿਕ੍ਰਮੀ ਸੋਹਣ ਸਿੰਘ ਦੇ ਗ੍ਰਿਹਿ ਰਾਮਪੁਰ ਅੰਮ੍ਰਿਤਸਰ ੨੬੩

੧੪ ਭਾਦਰੋਂ ੨੦੧੨ ਬਿਕ੍ਰਮੀ ਮੱਸਾ ਸਿੰਘ ਦੇ ਗ੍ਰਿਹਿ ਨੌਰੰਗਾਬਾਦ ਅੰਮ੍ਰਿਤਸਰ ੨੭੧

੨੫ ਭਾਦਰੋਂ ੨੦੧੨ ਬਿਕ੍ਰਮੀ ਮਾਤਾ ਬਿਸ਼ਨ ਕੌਰ ਦੇ ਗ੍ਰਿਹਿ ਹਰਿ ਭਗਤ ਦਵਾਰ ਜੇਠੂਵਾਲ ੨੭੭

੦੧ ਅੱਸੂ ੨੦੧੨ ਬਿਕ੍ਰਮੀ ਰਾਸ਼ਟਰ ਪਤੀ ਡਾ: ਰਾਜਿੰਦਰ ਪਰਸ਼ਾਦ ਨੂੰ ਸ਼ਬਦ ਭੇਜਿਆ ੨੯੧

੦੨ ਅੱਸੂ ੨੦੧੨ ਬਿਕ੍ਰਮੀ ਮਾਤਾ ਬਿਸ਼ਨ ਕੌਰ ਦੇ ਗ੍ਰਿਹਿ ਹਰਿ ਭਗਤ ਦਵਾਰ ਜੇਠੂਵਾਲ ੨੯੭

੦੩ ਅੱਸੂ ੨੦੧੨ ਬਿਕ੍ਰਮੀ ਮਾਤਾ ਬਿਸ਼ਨ ਕੌਰ ਦੇ ਗ੍ਰਿਹਿ ਹਰਿ ਭਗਤ ਦਵਾਰ ਜੇਠੂਵਾਲ ੩੦੦

੦੧ ਕੱਤਕ ੨੦੧੨ ਬਿਕ੍ਰਮੀ ਹਰਿ ਭਗਤ ਦਵਾਰ ਜੇਠੂਵਾਲ ਅੰਮ੍ਰਿਤਸਰ ੩੦੪

੧੦ ਕੱਤਕ ੨੦੧੨ ਬਿਕ੍ਰਮੀ ਮਾਤਾ ਬਿਸ਼ਨ ਕੌਰ ਦੇ ਗ੍ਰਿਹਿ ਹਰਿ ਭਗਤ ਦਵਾਰ ਜੇਠੂਵਾਲ ੩੧੬

੧੧ ਕੱਤਕ ੨੦੧੨ ਬਿਕ੍ਰਮੀ ਅਜੀਤ ਸਿੰਘ ਦੇ ਗ੍ਰਿਹਿ ਬਟਾਲਾ ਗੁਰਦਾਸਪੁਰ ੩੧੯

੧੧ ਕੱਤਕ ੨੦੧੨ ਬਿਕ੍ਰਮੀ ਕੈਪਟਨ ਬੰਤਾ ਸਿੰਘ ਪੰਜ ਗਰਾਈਆਂ ਗੁਰਦਾਸਪੁਰ ੩੨੦

੧੨ ਕੱਤਕ ੨੦੧੨ ਬਿਕ੍ਰਮੀ ਅਜੀਤ ਸਿੰਘ ਦੇ ਗ੍ਰਿਹਿ ਬਟਾਲਾ ਗੁਰਦਾਸਪੁਰ ੩੩੯

੧੨ ਕੱਤਕ ੨੦੧੨ ਬਿਕ੍ਰਮੀ ਬਖ਼ਸ਼ੀਸ਼ ਸਿੰਘ ਦੇ ਗ੍ਰਿਹਿ ਕਾਦਰਾਬਾਦ ਗੁਰਦਾਸਪੁਰ ੩੪੪

੨੦ ਕੱਤਕ ੨੦੧੨ ਬਿਕ੍ਰਮੀ ਮਾਤਾ ਬਿਸ਼ਨ ਕੌਰ ਦੇ ਗ੍ਰਿਹਿ ਜੇਠੂਵਾਲ ਅੰਮ੍ਰਿਤਸਰ ੩੪੯

੨੬ ਕੱਤਕ ੨੦੧੨ ਬਿਕ੍ਰਮੀ ਮਾਤਾ ਬਿਸ਼ਨ ਕੌਰ ਦੇ ਗ੍ਰਿਹਿ ਜੇਠੂਵਾਲ ਅੰਮ੍ਰਿਤਸਰ ੩੫੯

੦੧ ਮੱਘਰ ੨੦੧੨ ਬਿਕ੍ਰਮੀ ਹਰਿ ਭਗਤ ਦਵਾਰ ਜੇਠੂਵਾਲ ਅੰਮ੍ਰਿਤਸਰ ੩੬੩

੦੨ ਮੱਘਰ ੨੦੧੨ ਬਿਕ੍ਰਮੀ ਹਰਿ ਭਗਤ ਦਵਾਰ ਸਾਲਾਂ ਦੀ ਵੰਡ ਜਗਤ ਕਾਜ ਜੇਠੂਵਾਲ ੩੭੪

੧੬ ਮੱਘਰ ੨੦੧੨ ਬਿਕ੍ਰਮੀ ਹਰਿ ਭਗਤ ਦਵਾਰ ਜੇਠੂਵਾਲ ਅੰਮ੍ਰਿਤਸਰ ੩੮੪

੨੨ ਮੱਘਰ ੨੦੧੨ ਬਿਕ੍ਰਮੀ ਮਾਤਾ ਬਿਸ਼ਨ ਕੌਰ ਦੇ ਨਵਿਤ ਹਰਿ ਭਗਤ ਦਵਾਰ ਜੇਠੂਵਾਲ ੩੮੮

੦੧ ਪੋਹ ੨੦੧੨ ਬਿਕ੍ਰਮੀ ਹਰਿ ਭਗਤ ਦਵਾਰ ਜੇਠੂਵਾਲ ਅੰਮ੍ਰਿਤਸਰ ੩੯੦


3 ੦੫

੦੧ ਪੋਹ ੨੦੧੨ ਬਿਕ੍ਰਮੀ ਸੰਤ ਕ੍ਰਿਪਾਲ ਸਿੰਘ ਜੀ ਦਿੱਲੀ ਵਾਲਿਆਂ ਨੂੰ ਸ਼ਬਦ ਭੇਜਿਆ ੩੯੮
੦੯ ਪੋਹ ੨੦੧੨ ਬਿਕ੍ਰਮੀ ਮਾਤਾ ਬਿਸ਼ਨ ਕੌਰ ਦੇ ਗ੍ਰਿਹ ਹਰਿ ਭਗਤ ਦਵਾਰ ਜੇਠੂਵਾਲ ੪੨੨
੨੪ ਪੋਹ ੨੦੧੨ ਬਿਕ੍ਰਮੀ ਹਰਿ ਭਗਤ ਦਵਾਰ ਜੇਠੂਵਾਲ ਅੰਮ੍ਰਿਤਸਰ ੪੩੨
੨੫ ਪੋਹ ੨੦੧੨ ਬਿਕ੍ਰਮੀ ਹਰਿ ਭਗਤ ਦਵਾਰ ਸੋਹੰ ਸੋ ਜਾਪ ਇੱਕ ਸੌ ਗਿਆਰਾਂ ਦਿਨ ਦੀ
ਸਮਾਪਤੀ ਸਮੇਂ ਸ਼ਬਦ ਉਚਾਰਿਆ ਜੇਠੂਵਾਲ ਅੰਮ੍ਰਿਤਸਰ ੪੩੬
੨੬ ਪੋਹ ੨੦੧੨ ਬਿਕ੍ਰਮੀ ਹਰਿ ਭਗਤ ਦਵਾਰ ਜੇਠੂਵਾਲ ਅੰਮ੍ਰਿਤਸਰ ੪੪੩
੨੬ ਪੋਹ ੨੦੧੨ ਬਿਕ੍ਰਮੀ ਹਰਿ ਭਗਤ ਦਵਾਰ ਪੰਜਾਂ ਪਿਆਰਿਆਂ ਦੇ ਨਮਿਤ ਜੇਠੂਵਾਲ ੪੬੯
੨੭ ਪੋਹ ੨੦੧੨ ਬਿਕ੍ਰਮੀ ਹਰਿ ਭਗਤ ਦਵਾਰ ਜੇਠੂਵਾਲ ਅੰਮ੍ਰਿਤਸਰ ੪੯੨
੨੮ ਪੋਹ ੨੦੧੨ ਬਿਕ੍ਰਮੀ ਗਿਰਧਾਰਾ ਸਿੰਘ ਦੇ ਗ੍ਰਿਹ ਬਲੋਵਾਲ ਗੁਰਦਾਸਪੁਰ ੪੯੯
੦੧ ਮਾਘ ੨੦੧੨ ਬਿਕ੍ਰਮੀ ਮਾਤਾ ਬਿਸ਼ਨ ਕੌਰ ਨਮਿਤ ਹਰਿ ਭਗਤ ਦਵਾਰ ਜੇਠੂਵਾਲ ੫੧੭
੦੪ ਮਾਘ ੨੦੧੨ ਬਿਕ੍ਰਮੀ ਸੰਤ ਕਿਰਪਾਲ ਸਿੰਘ ਨਾਲ ਬਚਨ ਹੋਏ
ਹਰਿ ਭਗਤ ਦਵਾਰ ਜੇਠੂਵਾਲ ਅੰਮ੍ਰਿਤਸਰ ੫੨੮
੧੦ ਮਾਘ ੨੦੧੨ ਬਿਕ੍ਰਮੀ ਮਾਤਾ ਬਿਸ਼ਨ ਕੌਰ ਦੇ ਗ੍ਰਿਹ ਹਰਿ ਭਗਤ ਦਵਾਰ ਜੇਠੂਵਾਲ ੫੩੨
੦੧ ਫੱਗਣ ੨੦੧੨ ਬਿਕ੍ਰਮੀ ਹਰਿ ਭਗਤ ਦਵਾਰ ਜੇਠੂਵਾਲ ਅੰਮ੍ਰਿਤਸਰ ੫੪੨
੦੧ ਫੱਗਣ ੨੦੧੨ ਮਹਾਰਾਜਿਆਂ ਅਤੇ ਸੰਤਾਂ ਨੂੰ ਸ਼ਬਦ ਸੰਦੇਸ ਭੇਜਿਆ ਕਿ ਪਹਿਲੀ ਚੇਤ
ਤੋਂ ਆਪ ਦੇ ਪਾਸ ਸ਼ਬਦੀ ਲਿਖਤ ਮੁਤਾਬਿਕ ਆਉਣਾ ਹੈ ਜੇਠੂਵਾਲ ੫੪੬
੦੨ ਫੱਗਣ ੨੦੧੨ ਬਿਕ੍ਰਮੀ ਰਾਏ ਨਸੀਬ ਸਿੰਘ ਬੋਪਾਰਾਏ ਅੰਮ੍ਰਿਤਸਰ ੫੪੯
੧੯ ਫੱਗਣ ੨੦੧੨ ਬਿਕ੍ਰਮੀ ਬਿਸ਼ਨ ਕੌਰ ਦੇ ਗ੍ਰਿਹ ਜੇਠੂਵਾਲ ਅੰਮ੍ਰਿਤਸਰ ੫੬੨
੨੩ ਫੱਗਣ ੨੦੧੨ ਬਿਕ੍ਰਮੀ ਬਿਸ਼ਨ ਕੌਰ ਦੇ ਗ੍ਰਿਹ ਜੇਠੂਵਾਲ ਅੰਮ੍ਰਿਤਸਰ ੫੬੭
੩੦ ਫੱਗਣ ੨੦੧੨ ਬਿਕ੍ਰਮੀ (ਮਹਾਰਾਜਿਆਂ ਅਤੇ ਸੰਤਾਂ ਦੇ ਪਾਸ ਜਾਣ ਤੋਂ ਪਹਿਲੇ ਵਿਹਾਰ
ਹੋਇਆ ਅਤੇ ਇਹ ਚੀਜ਼ਾਂ ਨਾਲ ਲਈਆਂ : ੧) ਦਸਤਾਰਾਂ ੪, ੨) ਕੂਜਾ ਮਿਸ਼ਰੀ,
੩) ਕੇਸਰ ੫ ਰੱਤੀ, ੪) ਭਸਮ ੧੦ ਰੱਤੀ, ੫) ਨਲੇਰ ੧) ੫੬੮

4
੦੫

੦੧ ਚੇਤ ੨੦੧੩ ਬਿਕ੍ਰਮੀ ਮਹਾਰਾਜਾ ਸੰਗਰੂਰ ਦੇ ਘਰ ਜਾ ਕੇ ਸ਼ਬਦ ਉਚਾਰਨ ਕੀਤਾ ੫੬੯

੦੧ ਚੇਤ ੨੦੧੩ ਬਿਕ੍ਰਮੀ ਸ: ਚੰਨਣ ਸਿੰਘ ਮਹਾਰਾਜ ਸਾਹਿਬ ਦੇ
ਹਾਊਸ ਹੋਲਡਰ ਦੇ ਨਵਿਤ ਸ਼ਬਦ ਉਚਾਰਿਆ ਗਿਆ ਸੰਗਰੂਰ ੫੭੧

੦੨ ਚੇਤ ੨੦੧੩ ਬਿਕ੍ਰਮੀ ਮਹਾਰਾਜਾ ਯਾਦਵਿੰਦਰ ਸਿੰਘ ਪਟਿਆਲਾ ਮੋਤੀ ਮਹੱਲ
ਵਿੱਚ ਸ਼ਬਦ ਉਚਾਰਨ ਕੀਤਾ ਗਿਆ ੫੭੧

੦੩ ਚੇਤ ੨੦੧੩ ਬਿਕ੍ਰਮੀ ਫਰੀਦ ਕੋਟ ਦੇ ਰਾਜੇ ਨੂੰ ਕਿਲ੍ਹੇ ਅੰਦਰ ਜਾ ਕੇ
ਇਕ ਦਸਤਾਰ ਬਖ਼ਸ਼ੀਸ਼ ਕੀਤੀ ਅਤੇ ਸ਼ਬਦ ਉਚਾਰਿਆ ਗਿਆ ੫੭੩

੦੪ ਚੇਤ ੨੦੧੩ ਬਿਕ੍ਰਮੀ ਸੰਤ ਈਸ਼ਰ ਸਿੰਘ ਪਾਸ ਜਾ ਕੇ ਸ਼ਬਦ ਉਚਾਰਿਆ
ਗੁਰੂਦਵਾਰਾ ਨਾਨਕਸਰ ਲੁਧਿਆਣਾ ੫੭੪

੦੫ ਚੇਤ ੨੦੧੩ ਬਿਕ੍ਰਮੀ ਸੰਤ ਰਣਧੀਰ ਸਿੰਘ ਦੀ ਕੋਠੀ ਸ਼ਬਦ
ਉਚਾਰਿਆ ਗਿਆ ਪੁਰਾਣਾ ਮਾਡਲ ਟਾਊਨ ਲੁਧਿਆਣਾ ੫੭੬

੦੬ ਚੇਤ ੨੦੧੩ ਬਿਕ੍ਰਮੀ ਮਿਹਰ ਸਿੰਘ ਦੇ ਡੇਰੇ ਸ਼ਬਦ ਉਚਾਰਿਆ ਪਰੰਤੂ ਉਹਨਾਂ ਅੰਦਰੋਂ
ਕੁੰਡੇ ਮਾਰ ਲਏ ਤੇ ਅੰਦਰ ਨਾ ਵੜਨ ਦਿਤਾ ਨਵਾਂ ਮਾਡਲ ਟਾਊਨ ਜਲੰਧਰ ੫੭੭

੦੭ ਚੇਤ ੨੦੧੩ ਬਿਕ੍ਰਮੀ ਕਪੂਰਥਲੇ ਦੇ ਰਾਜੇ ਦੇ ਮਹੱਲਾਂ ਵਿਚ ਜਾ ਕੇ ਸ਼ਬਦ ਉਚਾਰਿਆ
ਅਤੇ ਇਕ ਦਸਤਾਰ ਸਿਰੋਪਾਓ ਦਿਤਾ ੫੭੮
ਮਹਾਰਾਜਾ ਕਪੂਰਥਲਾ ਦੇ ਸੈਕਟਰੀ ਮੇਜਰ ਕਿਰਪਾਲ ਸਿੰਘ ਨਵਿਤ
ਸ਼ਬਦ ਉਚਾਰਿਆ ੫੭੯

੦੮ ਚੇਤ ੨੦੧੩ ਬਿਕ੍ਰਮੀ ਸਤਿਸੰਗ ਘਰ ਡੇਰਾ ਬਾਬਾ ਜੈਮਲ ਸਿੰਘ,
ਚਰਨ ਸਿੰਘ ਦੇ ਨਾਲ ਸ਼ਬਦ ਉਚਾਰਿਆ ਬਿਆਸ ੫੭੯

੦੯ ਚੇਤ ੨੦੧੩ ਬਿਕ੍ਰਮੀ ਸੰਤ ਤੇਜਾ ਸਿੰਘ ਦੇ ਪਾਸ
ਜਾ ਕੇ ਸ਼ਬਦ ਉਚਾਰਿਆ ਸੈਦਪੁਰ ਅੰਮ੍ਰਿਤਸਰ ੫੮੭

੦੯ ਚੇਤ ੨੦੧੩ ਬਿਕ੍ਰਮੀ ਸੰਤ ਲਾਭ ਸਿੰਘ ਪਾਸ ਜਾ ਕੇ ਸ਼ਬਦ ਉਚਾਰਿਆ ਸੈਦਪੁਰ ੫੯੩



5
੦੫




| | | | | |
|---|---|---|---|---|
| ੧੦ ਚੇਤ ੨੦੧੩ ਬਿਕ੍ਰਮੀ | ਸੰਤ ਹਰਨਾਮ ਸਿੰਘ ਨਾਮ ਧਾਰੀਏ ਦੇ ਪਾਸ ਜਾ ਕੇ ਸ਼ਬਦ ਉਚਾਰਿਆ ਪ੍ਰੰਤੂ ਉਹ ਅੰਦਰੋਂ ਕੁੰਡਾ ਮਾਰ ਕੇ ਬਹਿ ਗਿਆ ਮਜਾ ਸਿੰਘ | ਨੁਸ਼ਹਿਰਾ | ਅੰਮ੍ਰਿਤਸਰ | ੫੯੯ |
| ੧੦ ਚੇਤ ੨੦੧੩ ਬਿਕ੍ਰਮੀ | ਅਜੀਤ ਸਿੰਘ ਦੇ ਗ੍ਰਿਹਿ | ਬਟਾਲਾ | ਗੁਰਦਾਸਪੁਰ | ੬੦੧ |
| ੧੧ ਚੇਤ ੨੦੧੩ ਬਿਕ੍ਰਮੀ | ਅਜੀਤ ਸਿੰਘ ਦੇ ਗ੍ਰਿਹਿ | ਬਟਾਲਾ | ਗੁਰਦਾਸਪੁਰ | ੬੦੮ |
| ੧੧ ਚੇਤ ੨੦੧੩ ਬਿਕ੍ਰਮੀ | ਹਰਿ ਭਗਤ ਦਵਾਰ ਵਿੱਚ ਟੂਰ ਤੋਂ ਵਾਪਿਸ ਆ ਕੇ ਪੰਜ ਰੱਤੀ ਕੇਸਰ, ਦਸ ਰੱਤੀ ਦੀ ਖਾਕ, ਗਿਆਰਾਂ ਮਿਸਰੀ ਕੂਜੇ ਅਤੇ ਇਕ ਨਰੇਲ ਸੰਗਤ ਨੂੰ ਭੇਟ ਕੀਤਾ, ਕਿਸੇ ਸੰਤ ਮਹਾਤਮਾ ਨੂੰ ਨਹੀਂ ਦਿਤਾ | ਜੇਠੂਵਾਲ | ਅੰਮ੍ਰਿਤਸਰ | ੬੧੧ |
| ੧੨ ਚੇਤ ੨੦੧੩ ਬਿਕ੍ਰਮੀ | ਸੰਤ ਹਰਭਜਨ ਸਿੰਘ | ਤੋਪਖਾਨਾ ਲਾਈਨ | ਪਟਿਆਲਾ | ੬੧੩ |
| ੧੩ ਚੇਤ ੨੦੧੨ ਬਿਕ੍ਰਮੀ | ਗੁਰਦਿਆਲ ਸਿੰਘ | ਨਾਥੇਵਾਲ | ਫਿਰੋਜ਼ਪੁਰ | ੬੨੦ |
| ੧੪ ਚੇਤ ੨੦੧੩ | ਨਿਰੰਜਣ ਸਿੰਘ ਦੇ ਗ੍ਰਿਹਿ ਸਵੇਰੇ ਪੰਜ ਵਜੇ | ਅਜਿਤਵਾਲ | ਫਿਰੋਜ਼ਪੁਰ | ੬੩੧ |
| ੧੫ ਚੇਤ ੨੦੧੩ ਬਿਕ੍ਰਮੀ | ਨਿਰੰਜਣ ਸਿੰਘ ਦੇ ਗ੍ਰਿਹਿ | ਬਦੋਵਾਲ | ਲੁਧਿਆਣਾ | ੬੩੫ |
| ੧੫ ਚੇਤ ੨੦੧੩ | ਕਰਤਾਰ ਸਿੰਘ ਦੇ ਗ੍ਰਿਹਿ | | ਲੁਧਿਆਣਾ | ੬੩੬ |
| ੧੬ ਚੇਤ ੨੦੧੩ ਬਿਕ੍ਰਮੀ | ਸਰੂਪ ਸਿੰਘ ਦੇ ਗ੍ਰਿਹਿ | ਮੁਧ | ਜਲੰਧਰ | ੬੩੮ |
| ੧੭ ਚੇਤ ੨੦੧੩ ਬਿਕ੍ਰਮੀ | ਜਸਵੰਤ ਸਿੰਘ ਦੇ ਗ੍ਰਿਹਿ | ਕਰਤਾਰ ਪੁਰ ਮਹੱਲਾ ਚਰਖੜੀ | ਜਲੰਧਰ | ੬੪੨ |
| ੧੭ ਚੇਤ ੨੦੧੩ ਬਿਕ੍ਰਮੀ | ਤਾਰਾ ਸਿੰਘ ਦੇ ਗ੍ਰਿਹਿ | ਚੰਬਲ | ਅੰਮ੍ਰਿਤਸਰ | ੬੫੦ |
| ੧੭ ਚੇਤ ੨੦੧੩ ਬਿਕ੍ਰਮੀ | ਤਾਰਾ ਸਿੰਘ ਦੇ ਗ੍ਰਿਹਿ | ਚੰਬਲ | ਅੰਮ੍ਰਿਤਸਰ | ੬੫੧ |
| ੧੮ ਚੇਤ ੨੦੧੩ ਬਿਕ੍ਰਮੀ | ਹੀਰਾ ਨੰਦ ਦੇ ਗ੍ਰਿਹਿ | ਚੰਬਲ | ਅੰਮ੍ਰਿਤਸਰ | ੬੭੧ |
| ੧੮ ਚੇਤ ੨੦੧੩ ਬਿਕ੍ਰਮੀ | ਇੰਦਰ ਸਿੰਘ ਦੇ ਗ੍ਰਿਹਿ | ਬੰਡਾਲਾ | ਅੰਮ੍ਰਿਤਸਰ | ੬੭੩ |
| ੦੧ ਜੇਠ ੨੦੧੩ ਬਿਕ੍ਰਮੀ | ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੬੭੯ |
| ੦੨ ਜੇਠ ੨੦੧੩ ਬਿਕ੍ਰਮੀ | ਆਤਮਾ ਸਿੰਘ ਦੇ ਗ੍ਰਿਹਿ | ਮਲੂਵਾਲ | ਅੰਮ੍ਰਿਤਸਰ | ੬੯੧ |





6 ੦੫

| | | | |
|---|---|---|---|
| ੨੮ ਜੇਠ ੨੦੧੩ ਬਿਕ੍ਰਮੀ ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੬੯੬ |
| ੧੧ ਹਾੜ ੨੦੧੩ ਬਿਕ੍ਰਮੀ ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੭੦੪ |
| ੧੬ ਹਾੜ ੨੦੧੩ ਬਿਕ੍ਰਮੀ ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੭੦੬ |
| ੧੭ ਹਾੜ ੨੦੧੩ ਬਿਕ੍ਰਮੀ ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੭੦੯ |
| ੧੭ ਹਾੜ ੨੦੧੩ ਬਿਕ੍ਰਮੀ ਹਰਿ ਭਗਤ ਦਵਾਰ ਜੋਤ ਸਰੂਪ ਦਰਸ਼ਨ ਦੇ ਕੇ ਦਰਸ਼ਨ ਸਿੰਘ ਦਿੱਲੀ ਵਾਲੇ ਤੋਂ ਕਿਰਪਾਨ ਮੰਗਾਈ | | | ੭੨੧ |
| ੧੭ ਹਾੜ ੨੦੧੩ ਬਿਕ੍ਰਮੀ ਅਕਾਲ ਤਖ਼ਤ ਅੰਮ੍ਰਿਤਸਰ ਵਾਸਤੇ ਸ਼ਬਦ ਲਿਖਾਇਆ | | | ੭੨੮ |
| ੧੭ ਹਾੜ ੨੦੧੩ ਬਿਕ੍ਰਮੀ ਡਾ੦ ਰਾਜਿੰਦਰਾ ਪ੍ਰਸਾਦ ਵਾਸਤੇ ਸ਼ਬਦ ਲਿਖਾਇਆ | | | ੭੩੦ |
| ੧੭ ਹਾੜ ੨੦੧੩ ਬਿਕ੍ਰਮੀ ਸੰਤ ਕਿਰਪਾਲ ਸਿੰਘ ਦਿੱਲੀ ਵਾਲੇ ਨੂੰ ਸ਼ਬਦ ਭੇਜਿਆ ਜੇਠੂਵਾਲ ਤੋਂ | | | ੭੩੧ |
| ੧੭ ਹਾੜ ੨੦੧੩ ਬਿਕ੍ਰਮੀ ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੭੩੨ |
| ੧੮ ਹਾੜ ੨੦੧੩ ਬਿਕ੍ਰਮੀ ਹਰਿ ਭਗਤ ਦਵਾਰ ਨਿਸ਼ਾਨ ਸਾਹਿਬ ਦੇ ਪਾਸ ਸੱਤ ਰੰਗਾ ਚਵੀ ਹੱਥ ਉਚਾ ਹੈ ਵਿਹਾਰ ਹੋਇਆ | | | ੭੩੭ |
| ੧੯ ਹਾੜ ੨੦੧੩ ਬਿਕ੍ਰਮੀ ਹਰਿ ਭਗਤ ਦਵਾਰ ਵਿਚ ਚਾਹ ਦੇ ਵਾਸਤੇ ਸ਼ਬਦ ਉਚਾਰਿਆ | ਜੇਠੂਵਾਲ | ਅੰਮ੍ਰਿਤਸਰ | ੭੬੪ |
| ੨੦ ਹਾੜ ੨੦੧੩ ਬਿਕ੍ਰਮੀ ਹਰਭਜਨ ਸਿੰਘ ਦੇ ਗ੍ਰਿਹਿ | ਮੈਹਣੀਆਂ | ਅੰਮ੍ਰਿਤਸਰ | ੭੭੪ |



ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ
ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ
ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ
ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ
ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ





★ ਪਹਿਲੀ ਚੇਤ ੨੦੧੨ ਬਿਕ੍ਰਮੀ ਹਰਿ ਭਗਤ ਦਵਾਰ ਹਰਿ ਸੰਗਤ ਦੇ ਨਵਿਤ ਸ਼ਬਦ ਉਚਾਰਿਆ
ਤੇ ਹਰ ਪਰਿਵਾਰ ਨੂੰ ਇਕ ਇਕ ਸ਼ਬਦ ਭੇਜਿਆ ★

ਹਰਿ ਪੁਰਖ ਅਗੰਮ ਅਗੰਮੜਾ ਅਗੰਮੜੀ ਕਾਰ । ਹੱਡ ਮਾਸ ਨਾੜੀ ਪਿੰਜਰ ਨਾ ਕੋਈ ਚਮੜਾ, ਜੋਤੀ ਨੂਰ ਇਕ ਅਕਾਰ । ਮਾਲ ਧਨ ਧਨ ਮਾਲ ਨਾ ਕੋਈ ਪੱਲੇ ਦਮੜਾ, ਸ਼ਬਦ ਵਸਤ ਇਕ ਅਪਰ ਅਪਾਰ । ਗੁਰਮੁਖਾਂ ਭਾਰੀ ਕਰੇ ਕਰਾਏ ਪਲੜਾ, ਸਿਰ ਰੱਖ ਹੱਥ ਸਮਰਥ ਕਰਤਾਰ । ਲੋਕਮਾਤ ਦਰ ਦਵਾਰੇ ਅੱਗੇ ਖਲੜਾ, ਬੀਸ ਇਕੀਸਾ ਹਰਿ ਜਗਦੀਸਾ ਚੌਵੀਆਂ ਅਵਤਾਰ । ਏਕਾ ਘਰ ਸਾਚਾ ਸਰ ਪੁਰਖ ਅਬਿਨਾਸ਼ੀ ਮਲੜਾ, ਨਿਹਕਲੰਕ ਨਰਾਇਣ ਨਰ ਚਿੱਟੇ ਅਸਵ ਸ਼ਬਦ ਘੋੜੇ ਹੋ ਅਸਵਾਰ । ਸ਼ਬਦ ਘੋੜਾ ਹਰਿ ਦਾਤਾਰ । ਜੁੜਿਆ ਜੋੜਾ ਜੋਤੀ ਨਿਰੰਕਾਰ । ਲੋਕਮਾਤ ਆਏ ਦੌੜਾ, ਵੇਖ ਵਖਾਣੇ ਮਿੱਠਾ ਕੌੜਾ, ਰਾਜ ਰਾਜਾਨ ਸ਼ਾਹ ਸੁਲਤਾਨ ਸਚ ਦਰਬਾਰ । ਪਵਣ ਸਵਾਸੀ ਘਨਕਪੁਰ ਵਾਸੀ ਸ਼ਾਹੋ ਸ਼ਾਬਾਸ਼ੀ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਨਰ ਹਰਿ ਸੱਚੀ ਸਰਕਾਰ । ਨਰ ਹਰਿ ਨਰਾਇਣ ਨਰ ਨਿਰੰਕਾਰਿਆ । ਭਗਤ ਭਗਵੰਤ ਸਾਧ ਸੰਤ ਆਦਿ ਅੰਤ ਜੁਗਾ ਜੁਗੰਤ ਬਣਾਏ ਬਣਤ ਵਿਚ ਸੰਸਾਰਿਆ । ਮਿਲੇ ਮੇਲ ਪ੍ਰਭ ਸਾਚੇ ਕੰਤ, ਦੇਵੇ ਦਰਸ ਅਗੰਮ ਅਪਾਰਿਆ । ਜੋਤੀ ਜੋਤ ਸਰੂਪ ਹਰਿ, ਗੁਰਮੁਖ ਹਰਿ ਸੰਤ ਸੁਹੇਲੇ, ਇਕ ਇਕੇਲੇ ਸ਼ਬਦ ਡੋਰੀ ਨਾਲ ਬੰਧਾ ਰਿਹਾ । ਸ਼ਬਦ ਡੋਰੀ ਬੰਨ੍ਹ ਕਰਤਾਰ । ਲੋਕਮਾਤ ਕਰੇ ਚੋਰੀ, ਕਲਜੁਗ ਰੈਣ ਅੰਧੇਰ ਘੋਰੀ, ਗੁਰਮੁਖਾਂ ਕਰੇ ਖ਼ਬਰਦਾਰ । ਆਪ ਆਪਣੇ ਸੰਗ ਜਾਏ ਤੋਰੀ, ਸ਼ਬਦ ਚਾੜ੍ਹੇ ਸਾਚੀ ਘੋੜੀ, ਪੂਰਬ ਕਰਮ ਰਿਹਾ ਵਿਚਾਰ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਗੁਰਮੁਖ ਸਾਚੇ ਸੰਤ ਜਨਾਂ, ਪਹਿਲੀ ਚੇਤ ਭਾਗ ਲਗਾਏ, ਮੰਦਰ ਅੰਦਰ ਕਾਇਆ ਖੇਤ ਸੱਚਾ ਵੇੜਾ ਕਰ ਤਿਆਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੱਖ ਚੁਰਾਸੀ ਫੰਦ ਕਟਾਏ, ਅੰਤਮ ਜੋਤੀ ਮੇਲ ਮਿਲਾਏ, ਮਾਨਸ ਜਨਮ ਨਾ ਆਏ ਹਾਰ । ਪਹਿਲੀ ਚੇਤ ਚੇਤਨ ਚਿਤ । ਗੁਰ ਸੰਗਤ ਮੇਲ ਮਿਲਾਏ, ਪੁਰਖ ਅਬਿਨਾਸ਼ੀ ਸਾਚਾ ਮਿਤ । ਸੋਹੰ ਸ਼ਬਦ ਤੇਲ ਚੜ੍ਹਾਏ, ਚੌਥੇ ਜੁਗ ਵੇਖ ਵਖਾਏ ਸਾਚੀ ਥਿਤ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਜਨ ਭਗਤਾਂ ਦੇਵੇ ਇਕ ਵਰ, ਆਦਿ ਅੰਤ ਨਿਤ ਨਵਿਤ । ਨਿਤ ਨਵਿਤ ਚਾਲ ਨਿਰਾਲੀ । ਗੁਰਮੁਖ ਸਾਚੇ ਸੰਤ ਜਨਾਂ ਮਾਨਸ ਦੇਹੀ ਲਈ ਜਿਤ, ਮਿਲਿਆ ਨਰ ਹਰਿ ਸੱਚਾ ਪ੍ਰਿਤਪਾਲੀ । ਆਪੇ ਮਾਤ ਆਪੇ ਪਿਤ ਦਿਵਸ ਰੈਣ ਮਦਿਰਾ ਬੈਣਾ, ਕਵਲ

ਨੈਣਾ ਘਰ ਸਾਚੇ ਬਹਿਣਾ, ਕਰੇ ਸਦਾ ਰਖਵਾਰ ਸਾਚਾ ਮਾਲੀ । ਜੋਤੀ ਜੋਤ ਸਰੂਪ ਹਰਿ, ਗੁਰ ਸੰਗਤ ਸਾਚਾ ਸਾਕ ਸੱਜਣ ਸੈਣਾ ਭਾਈ ਭੈਣਾਂ, ਖੋਲ੍ਹੇ ਬੰਦ ਕਿਵਾੜੀ ਸਤਾਰਾਂ ਹਾੜੀ, ਦਰਸ ਦਿਖਾਏ ਤੀਜੇ ਨੈਣਾ, ਪਹਿਲੀ ਚੇਤ ਕਰ ਤਿਆਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਸਤਿਜੁਗ ਸਾਚੇ ਤੇਰੀ ਮਾਤ ਉਪਜਾਏ, ਗੁਰ ਸੰਗਤ ਸੱਚੀ ਫੁਲਵਾੜੀ । ਗੁਰ ਸੰਗਤ ਸਾਚਾ ਫੂਲ ਗਿਆ ਫੁਲ । ਪ੍ਰਭ ਆਪ ਚੁਕਾਏ ਅਗਲਾ ਪਿਛਲਾ ਮੂਲ, ਭਾਗ ਲਗਾਏ ਸਾਚੀ ਕੁਲ । ਏਕਾ ਓਟ ਰਖਾਏ ਕੰਤ ਕੰਤਹੂਲ, ਪੂਰੇ ਤੋਲ ਗਈ ਤੁਲ । ਸੋਹੰ ਸ਼ਬਦ ਪੰਘੂੜਾ ਰਿਹਾ ਝੂਲ, ਸਚ ਦਵਾਰਾ ਗਿਆ ਖੁਲ੍ਹ । ਸਚ ਸਿੰਘਾਸਣ ਹਰਿ ਬਿਰਾਜੇ, ਨਾ ਕੋਈ ਪਾਵਾ ਨਾ ਕੋਈ ਚੂਲ, ਲੋਕਮਾਤ ਨਾ ਕੋਈ ਲਾਏ ਮੁਲ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿ ਸੰਗਤ ਲੇਖਾ ਆਪ ਲਿਖਾਇਆ, ਭਰਮ ਭੁਲੇਖਾ ਦੂਰ ਕਰਾਇਆ । ਹਰਿਜਨ ਲੋਕਮਾਤ ਨਾ ਜਾਏ ਰੁਲ ।

ਨਾ ਕੋਈ ਸੀਸ ਨਾ ਕੋਈ ਤਾਜ । ਕਵਣ ਰੱਖੇ ਕਲ ਅੰਤਮ ਲਾਜ । ਜੰਗਲ ਜੂਹ ਉਜਾੜ ਪਹਾੜ ਜਲ ਥਲ ਪੁਰਖ ਅਬਿਨਾਸ਼, ਸ਼ਬਦ ਸਰੂਪੀ ਤੇਰਾ ਰਾਜ । ਸਚ ਸਿੰਘਾਸਣ ਇਕ ਅਟੱਲ ਅਚਲ ਅਚੱਲ ਅਥਲ ਮਾਤਲੋਕੀ ਆਪ ਕਰਾਏ ਆਪਣਾ ਕਾਜ । ਲੱਖ ਚੁਰਾਸੀ ਵਲ ਛਲ, ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਗਵਾਨ ਭੇਖ ਭਗਤ ਅਧਾਰ ਭਗਤ ਭੇਖ ਮਸਤਕ ਰੇਖ । ਆਪੇ ਕਰੇ ਮਾਤ ਅਪਾਰ । ਆਪੇ ਮੇਟੇ ਆਪੇ ਲਿਖੇ ਰੇਖੇ, ਗੁਣਵੰਤਾ ਹਰਿ ਗੁਣ ਵਿਚਾਰ । ਨਰ ਨਰਾਇਣ ਨੇਤਰ ਆਪੇ ਪੇਖੇ, ਸੁਰਤ ਸ਼ਬਦ ਹਰਿ ਬੰਨ੍ਹੇ ਧਾਰ । ਜੋਤੀ ਜੋਤ ਸਰੂਪ ਹਰਿ, ਆਪੇ ਵਸੇ ਆਰ ਪਾਰ ਅੰਦਰ ਬਾਹਰ । ਵਿਸ਼ਨੂੰ ਵੇਸ ਰਸਨ ਵਿਕਾਰੀ । ਪੁਰਖ ਅਬਿਨਾਸ਼ੀ ਖੇਲ ਨਿਆਰੀ । ਗੁਰ ਪੀਰ ਔਲੀਏ ਸਾਧ ਸੰਤ, ਕਲਜੁਗ ਅੰਤਮ ਗਏ ਹਾਰੀ । ਆਪੇ ਜਾਣੇ ਬਣਾਈ ਆਪਣੀ ਬਣਤ, ਆਤਮ ਦਰ ਦਰ ਘਰ ਘਰ ਵੇਖੇ, ਜੋਤੀ ਸ਼ਬਦ ਖੇਲ ਅਪਾਰੀ । ਜੋਤੀ ਜੋਤ ਸਰੂਪ ਹਰਿ, ਕਲਜੁਗ ਤੇਰੀ ਅੰਤਮ ਵਾਰੀ । ਸਿੰਘ ਸਿੰਘਾਸਣ ਹਰਿ ਬਿਰਾਜ । ਸ਼ਬਦ ਸਰੂਪੀ ਪਹਿਨੇ ਤਾਜ । ਸੋਹੰ ਸਾਜਣਾ ਰਿਹਾ ਸਾਜ । ਦੋਐਂ ਦੋਆ ਮਿਟੇ ਪਾਜ । ਸੋਹੰ ਓਅੰ ਏਕਾ ਹੋਇਆ, ਲੱਖ ਚੁਰਾਸੀ ਲੋਕਮਾਤ ਕਰਿਆ ਕਾਜ । ਜਨ ਭਗਤਾਂ ਦੇਵੇ ਸਾਚਾ ਢੋਇਆ, ਧੁਰ ਦਰਗਾਹੀ ਸਾਚਾ ਦਾਜ । ਨਾ ਕਦੇ ਜਨਮੇ ਨਾ ਕਦੇ ਮੋਇਆ, ਨਾ ਕੋਈ ਮਾਰੇ ਗ਼ਰੀਬ ਨਿਵਾਜ਼ । ਅੱਠੇ ਪਹਿਰ ਕਦੇ ਨਾ ਸੋਇਆ, ਦਿਵਸ ਰੈਣ ਕਦੇ ਨਾ ਰੋਇਆ, ਮੌਤ ਲਾੜੀ ਨੇੜ ਨਾ ਆਏ, ਮਾਇਆ ਡੱਸਣੀ ਨਾ ਡੱਸੇ ਨਾਗ । ਗੁਰਮੁਖ ਸਾਚਾ ਆਪੇ ਮੈਲ ਦਾਗਾਂ ਧੋਇਆ, ਜੋਤੀ ਜੋਤ ਸਰੂਪ ਹਰਿ, ਮਿਲਿਆ ਮੇਲ ਕੰਤ ਸੁਹਾਗ । ਸ਼ੇਰ ਸ਼ੇਰਾ ਹਰਿ ਦਲੇਰਾ । ਸ਼ਬਦ ਸਰੂਪੀ ਚਾਰੋਂ ਕੁੰਟ ਪਾਏ ਘੇਰਾ । ਆਪੇ ਢਾਹੇ ਅੰਦਰ ਵੜ ਭਰਮਾਂ ਡੇਰਾ । ਗੁਰਮੁਖ ਸਾਚਾ ਪੁਰਖ ਅਬਿਨਾਸ਼ੀ ਲੜ ਲਏ ਫੜ, ਆਪ ਚੁਕਾਏ ਮੇਰਾ ਤੇਰਾ । ਸਾਚੇ ਪੌੜੇ ਜਾਏ ਚੜ੍ਹ, ਪੰਜਾਂ ਚੋਰਾਂ ਮੁੱਕੇ ਝੇੜਾ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਇਕ ਲਗਾਏ ਅੰਤਮ ਅੰਤ ਅੰਤ ਉਖੇੜਾ । ਮੰਮਾ ਮਾਧਵ ਜਨ ਵੈਰਾਗ । ਰਸਨ ਅਰਾਧੇ ਮਨ ਸੋਇਆ ਜਾਏ ਜਾਗ । ਆਤਮ ਬੁੱਝੇ ਤ੍ਰਿਸਨਾ ਆਗ । ਜੋਤੀ ਦੀਪਕ ਜਗੇ ਚਿਰਾਗ । ਜੋਤੀ ਜੋਤ ਸਰੂਪ ਹਰਿ, ਲੱਖ ਚੁਰਾਸੀ ਨੌਂ ਖੰਡ

ਪ੍ਰਿਥਮੀ ਲੋਆਂ ਪੁਰੀਆਂ ਹੱਥ ਆਪਣੇ ਪਕੜੇ ਵਾਗ । ਹਾਹਾ ਹਾਰੇ ਸਰਬ ਸੰਸਾਰਾ । ਕਲਜੁਗ ਤੇਰੀ ਅੰਤਮ ਵਾਰਾ । ਪੁਰਖ ਅਬਿਨਾਸ਼ੀ ਸਾਚੀ
ਧਾਰਾ । ਲੋਕਮਾਤ ਚਲਾਏ ਸਤਾਰਾਂ ਹਾੜਾ । ਜੋਤੀ ਜੋਤ ਸਰੂਪ ਹਰਿ, ਰਾਓ ਰੰਕ ਰੰਕ ਰਾਜਾਨਾਂ ਸ਼ਾਹ ਸੁਲਤਾਨਾਂ ਧੁਰ ਦਰਗਾਹੀ ਜਗਤ ਮਲਾਹੀ
ਇਕ ਬਣਾਏ ਸਚ ਅਖਾੜਾ । ਰਾਰਾ ਰਾਜ ਜੋਗ ਦਰਬਾਨ । ਨਰ ਹਰਿ ਸਾਚਾ ਕਰੇ ਇਕ ਧਿਆਨ । ਸ਼ਬਦ ਮਾਰੇ ਇਕ ਤਮਾਚਾ, ਆਪ ਉਠਾਏ
ਵਡ ਬਲੀ ਬਲਵਾਨ । ਜੀਵ ਪਿੰਡ ਸਭ ਦੀਸੇ ਕਾਚਾ, ਅੰਤਮ ਵੇਲੇ ਆਈ ਹਾਣ । ਏਕਾ ਜਗਤ ਪਿਤ ਜਗਦੀਸ਼ਰ ਸਾਚਾ, ਸੋਹੰ ਜਾਮਾ ਜਗਤ
ਮਹਾਨ । ਨੇੜ ਨਾ ਆਏ ਤੀਨੋ ਤਾਪਾ, ਆਦਿ ਅੰਤ ਨਾ ਕੋਈ ਪਾਪਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੇ ਰੰਗ ਸਮਾਨ । ਜੱਜਾ ਜਗਤ
ਵਿਛੋੜਾ ਦੇਣਾ ਤਜ । ਧੁਰ ਦਰਗਾਹੀ ਆਇਆ ਦੌੜਾ, ਆਪੇ ਪਰਖੇ ਮਿੱਠਾ ਕੌੜਾ, ਜਨ ਭਗਤਾਂ ਪੜਦੇ ਰਿਹਾ ਕੱਜ । ਏਕਾ ਸੱਚਾ ਰਾਹ ਵਖਾਏ,
ਨਾ ਕੋਈ ਦੀਸੇ ਲੰਮਾ ਚੌੜਾ, ਗੁਰਮੁਖ ਸਾਚਾ ਆਤਮ ਦਰ ਸਚ ਸਿੰਘਾਸਣ ਸਾਚੀ ਸੇਜਾ ਚੜ੍ਹੇ ਭੱਜ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ
ਜੋਤ ਧਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਮ੍ਰਿਤ ਆਤਮ ਸਾਚਾ ਜਾਮ ਪਿਆਏ, ਗੁਰਮੁਖ ਸਾਚਾ ਪੀਵੇ ਰੱਜ । ਕਲ ਕਲਾ ਕਲ ਧਾਰ
ਬਨ ਬਨਵਾਰੀਆ । ਫੜੀ ਸ਼ਬਦ ਹੱਥ ਕਟਾਰ, ਕਲਜੁਗ ਵੇਖੇ ਚਾਰ ਚੁਫੇਰਿਆ । ਤਿੱਖੀ ਰੱਖੇ ਪ੍ਰਭ ਸਾਚਾ ਧਾਰ, ਮਾਰੀ ਜਾਏ ਵਡ ਹੰਕਾਰੀਆਂ ।
ਗੁਣਵੰਤਾ ਹਰਿ ਗੁਣ ਵਿਚਾਰ, ਜਨ ਭਗਤਾਂ ਕਰਾਏ ਤਨ ਸਚ ਸ਼ਿੰਗਾਰਿਆ । ਜੋਤੀ ਜਾਮਾ ਖੇਲ ਅਪਾਰ, ਨਿਹਕਲੰਕ ਨਰਾਇਣ ਨਰ ਅਵਤਾਰਿਆ ।
ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਡ ਜੋਧਾ ਸੂਰ ਸ਼ਬਦ ਜੈਕਾਰਿਆ । ਸ਼ਬਦ ਜੈਕਾਰਾ ਦੇਵੇ ਲਾ । ਲੋਕਮਾਤ
੩
ਪ੍ਰਭ ਬੰਨ੍ਹੇ ਧਾਰਾ, ਏਕਾ ਮਾਰਗ ਜਗਤ ਚਲਾ । ਸ਼ਬਦ ਘੋੜੇ ਹੋ ਅਸਵਾਰਾ, ਵੇਖ ਵਖਾਏ ਥਾਉਂ ਥਾਂ । ਗੁਰਮੁਖਾਂ ਕਰੇ ਸਦ ਪਿਆਰ, ਸਾਚੇ
੦੫
ਘਰ ਪਕੜੇ ਬਾਂਹ । ਜੋਤੀ ਜੋਤ ਸਰੂਪ ਹਰਿ, ਲੱਖ ਚੁਰਾਸੀ ਤੋੜੇ ਆਤਮ ਸਰਬ ਹੰਕਾਰ, ਦਰ ਦਰ ਘਰ ਘਰ ਆਪ ਉਡਾਏ ਝੂਠੇ ਕਾਂ । ਤੁਟੇ
ਮਾਣ ਤਾਣ ਜਗਤ ਹੰਕਾਰਿਆ । ਪੁਰਖ ਪੁਰਖੋਤਮ ਜੋਤ ਪਛਾਣ, ਤੀਜੇ ਨੈਣ ਨੈਣ ਮੁੰਧਾਨਿਆ । ਸ਼ਬਦ ਵੱਜੇ ਆਤਮ ਬਾਣ, ਖਿਚੇ ਰਸਨਾ ਹਰਿ
ਕਮਾਨਿਆ । ਏਕਾ ਝੁੱਲੇ ਸ਼ਬਦ ਨਿਸ਼ਾਨ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨਿਆ । ਇਕ ਨਿਸ਼ਾਨ ਜਾਏ ਝੁਲ ।
ਗੁਰਮੁਖ ਸਾਚੇ ਫੁਲ ਫੁਲਵਾੜੀ, ਲੋਕਮਾਤ ਉਪਜਾਏ ਸਾਚੇ ਫੁੱਲ । ਬ੍ਰਹਮ ਗਿਆਨਾ ਚਰਨ ਧਿਆਨਾ । ਆਤਮ ਜੋਤੀ ਨਾੜ ਨਾੜੀ ਦੇਵੇ ਮਾਣ ਗੁਣ
ਨਿਧਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਾਰ ਵਰਨਾਂ ਖੋਲ੍ਹੇ ਇਕ ਦਰ, ਸੋਹੰ ਬੰਨ੍ਹੇ ਹੱਥੀਂ ਗਾਨਾ । ਦਰ ਦਵਾਰਾ ਏਕਾ
ਰੱਖ । ਜੋਤ ਸਰੂਪੀ ਪਰਗਟ ਹੋਵੇ ਲੋਕਮਾਤ ਪਰਤਖ । ਗੁਰ ਪੀਰ ਔਲੀਆ ਘਰ ਘਰ ਵਰੋਲੇ ਕਿਸੇ ਪੱਲੇ ਨਾ ਛੱਡੇ ਕੱਖ । ਗੁਰਮੁਖ ਸਾਚਾ ਗੁਰ
ਚਰਨ ਪ੍ਰੀਤੀ ਅੰਮ੍ਰਿਤ ਧਾਰ ਆਤਮ ਰਸ ਮੁਖ ਚੋਵੇ, ਅੰਤਮ ਵੇਲੇ ਲਏ ਰੱਖ । ਸਾਚੀ ਕਾਇਆ ਝੂਠੀ ਮੈਲ ਪ੍ਰਭ ਦਰ ਧੋਵੇ, ਪੱਲੇ ਬੰਨ੍ਹੇ ਏਕਾ ਨਾਉਂ
ਨਾ ਕੋਈ ਮੁੱਲ ਚੁਕਾਏ ਕਰੋੜ ਲੱਖ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਤੇਰੀ ਅੰਤਮ ਵਾਰ, ਆਪੇ ਵੇਖੇ ਕਰ ਵਿਚਾਰ, ਕਿਸ਼ਨਾ
ਸੁਖਲਾ ਦੋਵੇਂ ਪੱਖ । ਵੇਖ ਵਿਚਾਰ ਚੰਦ ਸੂਰਜ ਬੰਨ੍ਹੇ ਧਾਰ । ਸੀਤਲ ਅਗਨੀ ਕਰ ਵਿਚਾਰ । ਗੁਰਮੁਖਾਂ ਆਤਮ ਜੋਤੀ ਸਾਚੀ ਜਗਣੀ, ਕਾਇਆ
ਲਾਹੇ ਜੂਠਾ ਝੂਠਾ ਮਾਇਆ ਮੋਹ ਵਡ ਹੰਕਾਰ । ਬੇਮੁਖਾਂ ਤਨ ਲਾਏ ਅਗਨੀ, ਆਤਮ ਚਲੇ ਇਕ ਵਿਕਾਰ । ਸੋਹੰ ਸ਼ਬਦ ਸਾਚਾ ਸਗਣੀ, ਗੁਰਮੁਖਾਂ

ਮੁਖ ਲਗਾਏ ਆਪ ਨਿਰੰਕਾਰ । ਤੱਤੀ ਵਾ ਏਕਾ ਵਗਣੀ, ਸਾੜੀ ਜਾਏ ਉਜਾੜ ਪਹਾੜ । ਕਰੇ ਖੇਲ ਹਰਿ ਪਤਾਲ ਗਗਨੀ, ਜੋਤੀ ਜੋਤ ਸਰੂਪ ਹਰਿ, ਗੁਰਮੁਖ ਸਾਚੇ ਸੰਤ ਜਨਾਂ ਚਰਨ ਦਵਾਰੇ ਏਕਾ ਘਰ ਬਾਹਰੇ, ਮਿਲੇ ਮੇਲ ਹਰਿ ਕਰਤਾਰ । ਏਕਾ ਜੋਤ ਹਰਿ ਜਗਈਆ । ਸਿੰਘ ਸ਼ੇਰ ਹੋ ਦਲੇਰ ਸ਼ਬਦ ਚਲਾਈ ਸਾਚੀ ਨਈਆ । ਨਾ ਕੋਈ ਵੇਖੇ ਧੜੀ ਸੇਰ, ਸ੍ਰਿਸ਼ਟ ਸਬਾਈ ਆਪ ਤੁਲਈਆ । ਲੱਖ ਚੁਰਾਸੀ ਆਪੇ ਝਾੜੇ ਕਲਜੁਗ ਜਿਉਂ ਜੂਠੇ ਝੂਠੇ ਬੇਰ, ਸ਼ਬਦ ਡੰਡਾ ਹੱਥ ਉਠਈਆ । ਅੰਤਮ ਢਹਿ ਢਹਿ ਹੋਣੇ ਢੇਰ, ਧਰਤ ਮਾਤ ਹਰਿ ਗੋਦ ਸਵਈਆ । ਜਨ ਭਗਤ ਤਾਰੇ ਕਰ ਕਰ ਮਿਹਰ, ਚਰਨ ਪ੍ਰੀਤੀ ਜੋੜ ਜੁੜਈਆ । ਪਰਗਟ ਹੋਏ ਕਲਜੁਗ ਤੇਰੀ ਅੰਤਮ ਵੇਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਪਕੜੇ ਆਪਣੀ ਬਈਆ । ਸਗਲ ਸ੍ਰਿਸ਼ਟ ਸਗਲ ਪਸਾਰਾ । ਏਕਾ ਇਸ਼ਟ ਇਕ ਓਅੰਕਾਰਾ । ਆਪੇ ਖੋਲ੍ਹੇ ਦ੍ਰਿਸ਼ਟ, ਆਪੇ ਖੋਲ੍ਹੇ ਬੰਦ ਕਿਵਾੜਾ । ਆਪੇ ਬਣੇ ਗੁਰ ਵਸ਼ਿਸ਼ਟ, ਆਪੇ ਬਣੇ ਦਰ ਭਿਖਾਰਾ । ਲੱਖ ਚੁਰਾਸੀ ਲੋਆਂ ਪੁਰੀਆਂ ਮਿਟ ਜਾਏ ਸਰਬ ਸ੍ਰਿਸ਼ਟ, ਜਗਦੀ ਰਹੇ ਜੋਤ ਏਕਾ ਏਕ ਇਕ ਓਅੰਕਾਰਾ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਖੋਲ੍ਹੇ ਇਕ ਦਵਾਰਾ । ਖੋਲ੍ਹੇ ਇਕ ਦਵਾਰ ਬੰਕ ਸੁਹਾਇੰਦਾ । ਭਰੇ ਸਚ ਭੰਡਾਰ ਅਤੋਟ ਅਤੁੱਟਾ ਆਪ ਅਖਵਾਇੰਦਾ । ਦਿਸਦਾ ਇਕ ਅਪਾਰ, ਕੋਟਨ ਕੋਟ ਸ਼ਬਦ ਚੋਟਾ ਆਤਮ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰ ਗੁਰੂਆਂ ਬਣਤ ਬਣਾਇੰਦਾ । ਧਰੀ ਜੋਤ ਇਕ ਇਕਾਗਰ । ਵੇਖ ਵਖਾਣੇ ਜੀਵ ਜੰਤ ਸਾਧ ਸੰਤ, ਹਰਿ ਕਾਇਆ ਗਾਗਰ । ਭੇਵ ਨਾ ਪਾਏ ਕੋਈ ਆਦਿ ਅੰਤ, ਆਪਣਾ ਕਰਮ ਹਰਿ ਕਰੇ ਉਜਾਗਰ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਲੱਖ ਚੁਰਾਸੀ ਦਰ ਦਵਾਰੇ ਆਪ ਕਰਾਏ ਸੋਹੰ ਨਾਮ ਸੁਦਾਗਰ । ਏਕਾ ਜੋਤੀ ਇਕ ਇਕੇਲਾ । ਗੁਰਮੁਖ ਸਾਚੇ ਸੰਤ ਜਨਾਂ ਬਣਾ ਗੋਤੀ, ਚਰਨ ਕਵਲ ਕਵਲ ਚਰਨ ਹਰਿ ਮੱਲਣ ਇਕ ਮਹੱਲਾ । ਕਾਇਆ ਮੈਲ ਜਾਏ ਧੋਤੀ, ਫਲ ਲਗਾਏ ਸਾਚੇ ਡਾਲ੍ਹਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਦਵਾਰ ਬੰਕ ਰਾਜ ਰਾਜਾਨਾਂ ਮਾਰਗ ਪਾਏ, ਫੜਿਆ ਸ਼ਬਦ ਸੋਹੰ ਸਾਚਾ ਭਾਲਾ । ਏਕਾ ਏਕ ਨਰ ਨਿਰੰਕਾਰ । ਸ਼ਬਦ ਰਖਾਏ ਸਾਚੀ ਟੇਕ ਆਦਿ ਅੰਤ ਬੰਨ੍ਹੇ ਧਾਰ । ਹਰਿਜਨ ਜਨ ਹਰਿ ਕਰੇ ਬੁੱਧ ਬਿਬੇਕ, ਭਾਣਾ ਮੰਨੇ ਹਰਿ ਦਾਤਾਰ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਗਤ ਕਰੇ ਕਰਾਏ ਆਪਣਾ ਇਕ ਅਕਾਰ । ਸੱਚਾ ਫ਼ਰਮਾਣ ਹਰਿ ਬਲਕਾਰ । ਧੁਰ ਦੀ ਬਾਣ ਸੱਚੀ ਸਰਕਾਰ । ਝੁਲਣਾ ਇਕ ਨਿਸ਼ਾਨ ਵਿਚ ਸੰਸਾਰ । ਮਦਿਰਾ ਰਸ ਤਜਣਾ ਪੀਣ ਖਾਣ, ਸੋਹਣ ਬੰਕ ਦਵਾਰ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਬਣਤ ਆਪ ਬਣਾਏ ਸਾਚਾ ਦੇਵੇ ਮਾਤ ਸਹਾਰ । ਹਰਿ ਘਰ ਵਸਤ ਅਮੋਲ, ਅਮੋਲ ਅਮੋਲਿਆ । ਹਰਿ ਘਰ ਵਸਤ ਅਮੋਲ, ਅਤੋਲ ਅਤੋਲਿਆ । ਹਰਿ ਘਰ ਵਸਤ ਅਮੋਲ, ਸ਼ਬਦ ਭੰਡਾਰਾ ਏਕਾ ਖੋਲ੍ਹਿਆ । ਹਰਿ ਘਰ ਵਸਤ ਅਮੋਲ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਜੈਕਾਰਾ ਏਕਾ ਬੋਲਿਆ । ਹਰਿ ਘਰ ਵਸਤ ਅਮੋਲ, ਸ਼ਬਦ ਜਣਾਈਆ । ਹਰਿ ਘਰ ਵਸਤ ਅਮੋਲ, ਲੋਕਮਾਤ ਮਾਰ ਝਾਤ, ਦੇਵਣ ਆਇਆ ਸਚ ਸੁਗਾਤ, ਪੁਰਖ ਅਬਿਨਾਸ਼ੀ ਧੁਰ ਦਰਗਾਹੀਆ । ਹਰਿ ਘਰ ਵਸਤ ਅਮੋਲ, ਜਨ ਭਗਤਾਂ ਦੇਵੇ ਕਮਲਾਪਤ ਕਿਰਪਾ ਨਿਧ, ਪੁਰਖ ਬਿਧਾਤਾ ਕਾਰਜ ਕਰੇ ਸਿਧ, ਮਿਟਾਏ ਅੰਧੇਰੀ


੪ ੦੫

ਰਾਤ, ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਵਸਤ ਹਰਿ ਝੋਲੀ ਪਾਈਆ । ਹਰਿ ਘਰ ਵਸਤ ਅਮੋਲ, ਨੇੜ ਨਾ ਦੂਰ ਹੈ । ਹਰਿ ਘਰ ਵਸਤ ਅਮੋਲ, ਆਪੇ ਗੁਰ ਆਪੇ ਚੇਰਨ, ਸਾਚੇ ਮੰਦਰ ਅੰਦਰ ਹਰਿ ਹਜ਼ੂਰ ਹੈ । ਹਰਿ ਘਰ ਵਸਤ ਅਮੋਲ, ਆਪੇ ਵੱਜਾ ਤੋੜੇ ਜੰਦਰ, ਇਕ ਵਖਾਏ ਸਚ ਦਰ ਮੇਲ ਮਿਲਾਵਾ ਕੰਤ ਕੰਤੂਹਲ ਹੈ । ਜੋਤੀ ਜੋਤ ਸਰੂਪ ਹਰਿ, ਨਾ ਜਨਮੇ ਨਾ ਜਾਏ ਮਰ, ਲੱਖ ਚੁਰਾਸੀ ਰਹੀ ਭੂਲ ਹੈ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਗੁਰਮੁਖ ਸਾਚੇ ਸਰਨੀ ਪੜ, ਸ਼ਬਦ ਪੰਘੂੜਾ ਰਿਹਾ ਝੂਲ ਹੈ । ਸ਼ਬਦ ਭੰਡਾਰ ਰਿਹਾ ਖੋਲ੍ਹ, ਆਵੇ ਜਾਵੇ ਵਾਰੋ ਵਾਰਿਆ । ਚਾਰ ਵਰਨ ਕਰੇ ਇਕ ਸਰਨ, ਬੋਲੇ ਸਚ ਜੈਕਾਰਿਆ । ਰਾਓ ਰੰਕ ਰਾਜ ਰਾਜਾਨ ਸ਼ਾਹ ਸੁਲਤਾਨ ਵਿਚ ਜਹਾਨ ਏਕਾ ਧਾਮ ਬਹਾਏ, ਕਲਜੁਗ ਤੇਰੀ ਅੰਤਮ ਵਾਰਿਆ । ਸ਼ਬਦ ਫੜੇ ਹੱਥ ਕਮਾਨ, ਪਰਗਟ ਹੋਏ ਵਡ ਬਲੀ ਬਲਵਾਨ, ਪਕੜ ਪਛਾੜੇ ਵਡੇ ਵਡੇ ਬੇਈਮਾਨ, ਮਾਰੇ ਖੰਡਾ ਹਰਿ ਦੋ ਧਾਰਿਆ । ਸਾਚਾ ਝੁੱਲੇ ਇਕ ਨਿਸ਼ਾਨ, ਸ਼ਬਦ ਉਡਾਏ ਇਕ ਬਿਬਾਣ, ਚਾਰੇ ਕੁੰਟਾਂ ਵੇਖ ਵਿਚਾਰੇ ਰਾਜੇ ਰਾਣੇ ਵਾਰੋ ਵਾਰਿਆ । ਜੋਤ ਸਰੂਪੀ ਜਾਮਾ ਧਾਰੇ, ਨਿਹਕਲੰਕ ਨਰਾਇਣ ਨਰ, ਕਰੇ ਭੇਖ ਕਲਜੁਗ ਤੇਰਾ ਅੰਤਮ ਮੇਟ ਮਿਟਾਏ ਔਲੀਏ ਪੀਰ ਗੌਂਸ ਕੁਤਬ ਵਡ ਮਜੌਰਿਆ । ਜੋਤੀ ਜੋਤ ਸਰੂਪ ਹਰਿ, ਆਪੇ ਜਾਣੇ ਠੱਗ ਚੋਰਿਆ । ਸ਼ਬਦ ਸਰੂਪੀ ਪਸਰ ਪਸਾਰਾ । ਪਰਗਟ ਹੋਏ ਹਰਿ ਵਡਾ ਸ਼ਾਹੋ ਭੂਪੀ ਵਿਚ ਸੰਸਾਰਾ । ਨਾ ਕੋਈ ਜਾਣੇ ਸਤਿ ਸਰੂਪੀ, ਮਾਇਆ ਮਮਤਾ ਵਧਿਆ ਜਗਤ ਵਿਕਾਰਾ । ਇਕ ਰਖਾਏ ਦਇਆ ਕਮਾਏ, ਸੋਹੰ ਸ਼ਬਦ ਨਾਮ ਅਹੂਤੀ, ਨਾ ਕੋਈ ਜਾਣੇ ਦੂਜੀ ਧਾਰਾ । ਰੰਗਣ ਨਾਮ ਸਚ ਭਬੂਤੀ, ਮੰਗਣ ਜਾਏ ਨਾ ਬਣ ਭਿਖਾਰਾ । ਸ਼ਬਦ ਰਖਾਏ ਸਾਚੀ ਧੋਤੀ, ਗੁਰਸਿਖ ਉਠਾਏ ਦਇਆ ਕਮਾਏ, ਘਰ ਘਰ ਜਾਏ ਵਾਰੋ ਵਾਰਾ । ਏਕਾ ਧਾਗਾ ਸੂਤੋ ਸੂਤੀ, ਰੱਖੇ ਡੋਰ ਹੱਥ ਕਰਤਾਰਾ । ਜੋਤੀ ਜੋਤ ਸਰੂਪ ਹਰਿ, ਸ਼ਬਦ ਚੜ੍ਹਾਏ ਸਾਚਾ ਤੇਲ ਅਗੰਮ ਅਪਾਰਾ । ਹਰਿ ਕਾ ਰੂਪ ਅਗੰਮ, ਭੇਵ ਅਵਲੱੜਾ । ਨਾ ਕੋਈ ਹੱਡ ਮਾਸ ਨਾੜੀ ਚੰਮ ਹੋਵੇ ਇਕ ਇਕੱਲੜਾ । ਨਾ ਲਏ ਪਵਣ ਸਵਾਸੀ ਦਮ, ਏਕਾ ਏਕ ਕਰੇ ਖੇਲ ਸਦਾ ਸਦਾ ਅਵੱਲੜਾ । ਨਾ ਕੋਈ ਗਗਨ ਪਤਾਲੀ ਰੱਖਿਆ ਥੰਮ੍ਹ ਆਪਣਾ ਬੇੜਾ ਆਪੇ ਬੰਨ੍ਹਿਆ, ਨਾ ਕਦੇ ਰੋਵੇ ਛੰਮ ਛੰਮ, ਨੇਤਰ ਨੀਰ ਨੈਣੀ ਡਿਗਣ ਨਾ ਮੁਖੜਾ । ਜੋਤੀ ਜੋਤ ਸਰੂਪ ਹਰਿ, ਆਦਿ ਅੰਤ ਜੁਗਾ ਜੁਗੰਤ ਲੋਕਮਾਤ ਜਨ ਭਗਤਾਂ ਕਰੇ ਖੇਲ ਅਪਰ ਅਪਾਰੜਾ । ਕਾਇਆ ਨਗਰ ਅੰਮ੍ਰਿਤ ਪੀਤਾ । ਸਾਚਾ ਜਾਮ ਸਦਾ ਜੀਤਾ । ਮਧੁਰ ਰਸ ਆਤਮ ਵਸ ਪੁਰਖ ਅਬਿਨਾਸ਼ੀ ਭਰ ਪੁਰ ਲੀਤਾ । ਆਤਮ ਵਿਕਾਰੀ ਜਾਏ ਨੱਸ, ਸ਼ਬਦ ਉਡਾਰੀ ਜਾਏ ਦੱਸ, ਗੁਰ ਚਰਨ ਪਿਆਰੀ ਹਰਿ ਨਿਰੰਕਾਰੀ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵੇ ਵਰ ਕਿਰਪਾ ਕਰ, ਸਾਚੀ ਜੋਤ ਆਤਮ ਪਰਕਾਸ਼ੀ ਕੋਟ ਰਵ ਸਸ । ਆਤਮ ਪਰਕਾਸ਼ ਮਿਟੇ ਅੰਧੇਰਾ । ਪ੍ਰਭ ਅਬਿਨਾਸ਼ੀ ਦਾਸਨ ਦਾਸ, ਨਾ ਕੋਈ ਦੀਸੇ ਸੰਞ ਸਵੇਰਾ । ਸ਼ਬਦ ਚਲਾਏ ਸਵਾਸ ਸਵਾਸ, ਆਪੇ ਤਾਰੇ ਕਰ ਕਰ ਮਿਹਰਾ । ਹਰਿਜਨ ਪ੍ਰਭ ਮਿਲਣ ਦੀ ਸਾਚੀ ਆਸ, ਮੇਲ ਮਿਲਾਏ ਦਰ ਘਰ ਸਾਚੇ ਨੇਰਨ ਨੇਰਾ । ਸਚ ਮੰਡਲ ਦੀ ਸਾਚੀ ਰਾਸ ਆਤਮ ਜੋਤੀ ਨੂਰ ਪਰਕਾਸ਼, ਸ਼ਬਦ ਸਰੂਪੀ ਪਾਏ ਘੇਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ ਸਾਚਾ ਦੇਵੇ ਨਾਮ ਧਨਾ, ਸਾਚਾ ਰਾਗ ਸੁਣਾਏ ਕੰਨਾਂ, ਭਰਮਾਂ ਢਾਹੇ ਆਤਮ ਡੇਰਾ । ਆਤਮ ਡੇਰਾ ਦੇਵੇ ਢਾਹ । ਹੇਰਾ ਫੇਰਾ ਜਗਤ ਮੁਕਾ । ਨਾ ਲਾਏ ਦੇਰਾ ਲੱਖ ਚੁਰਾਸੀ

ਕਟੇ ਫਾਹ । ਪਰਗਟ ਹੋਏ ਸਿੰਘ ਸ਼ੇਰ ਸ਼ੇਰ ਦਲੇਰਾ, ਨਾ ਕੋਈ ਪਿਤਾ ਨਾ ਕੋਈ ਮਾਂ । ਬੇਮੁਖ ਭੁਲਾਏ ਕਰ ਕਰ ਹੇਰਾ ਫੇਰਾ, ਸਚ ਟਿਕਾਣਾ ਹਰਿ ਨਿਧਾਨਾ ਲੋਕਮਾਤ ਦਿਸੇ ਨਾ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਸ਼ਬਦ ਡੰਕ ਇਕ ਵਜਾਏ, ਰਾਜ ਰਾਜਨ ਛਤਰ ਸੀਸ ਕਿਸੇ ਦਿਸੇ ਨਾ । ਕਿਸੇ ਨਾ ਦਿਸੇ ਛਤਰ ਸੀਸ । ਕਰੇ ਖੇਲ ਹਰਿ ਜਗਦੀਸ । ਮੇਟ ਮਿਟਾਏ ਪੀਰ ਫ਼ਕੀਰ ਬੀਸ ਇਕੀਸ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਲੋਕਮਾਤ ਹਰਿ ਜੋਤ ਧਰ, ਸਾਚਾ ਪੀਸਣ ਰਿਹਾ ਪੀਸ । ਕਲਜੁਗ ਕਾਲੀ ਧਾਰ ਕਲਾ ਕਲ ਧਾਰਿਆ । ਲੱਖ ਚੁਰਾਸੀ ਕਰ ਵਿਚਾਰ । ਜੋਤੀ ਜਾਮਾ ਖੇਲ ਅਪਾਰਿਆ । ਸਾਧਾਂ ਸੰਤਾਂ ਪਾਵੇ ਸਾਰ, ਸਾਚਾ ਰੰਗ ਰੰਗੇ ਕਰਤਾਰਿਆ । ਆਦਿਨ ਅੰਤਾ ਜੋਤ ਅਧਾਰ, ਨਾ ਕੋਈ ਜਾਣੇ ਜੀਵ ਗਵਾਰਿਆ । ਪੂਰਨ ਭਗਵੰਤਾ ਸ਼ਬਦ ਉਡਾਰ, ਤ੍ਰੈਲੋਆਂ ਵਸੇ ਬਾਹਰਿਆ । ਗੁਰਮੁਖਾਂ ਮੇਲ ਮਿਲਿਆ ਸਾਚੇ ਕੰਤਾ, ਆਤਮ ਖੋਲ੍ਹੇ ਬੰਦ ਕਵਾੜਿਆ । ਮਿਲੇ ਵਡਿਆਈ ਵਿਚ ਜੀਵ ਜੰਤਾ, ਮਾਨਸ ਜਨਮ ਰਿਹਾ ਸਵਾਰਿਆ । ਬੇਮੁਖਾਂ ਮਾਇਆ ਪਾਏ ਬੇਅੰਤਾ, ਭਰਮ ਭੁਲੇਖੇ ਆਪ ਭੁਲਾ ਰਿਹਾ । ਜਨ ਭਗਤਾਂ ਬਣਾਏ ਸਾਚੀ ਬਣਤਾ, ਸਾਚੇ ਲੇਖੇ ਆਪ ਲਿਖਾ ਰਿਹਾ । ਪੁਰਖ ਅਬਿਨਾਸ਼ੀ ਮਹਿੰਮਾ ਜਗਤ ਅਗਣਤਾ, ਦਿਸ ਕਿਸੇ ਨਾ ਆਏ ਨਿਰਗੁਣ ਸਰਗੁਣ ਰੂਪ ਸਾਚਾ ਖੇਲ ਰਚਾ ਰਿਹਾ । ਮੇਟ ਮਿਟਾਏ ਰਾਗ ਛਤੀਸੇ, ਇਕ ਪੜ੍ਹਾਏ ਸ਼ਬਦ ਹਦੀਸੇ, ਰਸਨਾ ਗਾਇਣ ਜੀਵ ਜੰਤ ਬਤੀਸੇ, ਸਾਚਾ ਮਾਰਗ ਲਾ ਰਿਹਾ । ਮੇਟ ਮਿਟਾਏ ਮੂਸਾ ਈਸੇ, ਅੰਜੀਲ ਕੁਰਾਨ ਜੂਠੀ ਝੂਠੀ ਚੱਕੀ ਪੀਸੇ, ਸ਼ਬਦ ਤੀਰ ਇਕ ਚਲਾ ਰਿਹਾ । ਏਕਾ ਜੋਤ ਜਗਤ ਜਗਦੀਸੇ, ਏਕਾ ਛਤਰ ਝੁਲਾ ਰਿਹਾ । ਕਰੇ ਖੇਲ ਬੀਸ ਇਕੀਸੇ, ਲਿਖਣਹਾਰਾ ਵਡ ਬਲਕਾਰਾ, ਲੇਖਾ ਲੇਖ ਲਿਖਾ ਰਿਹਾ । ਕਵਣ ਕਰੇ ਪ੍ਰਭ ਤੇਰੀ ਰੀਸੇ, ਆਵਣ ਜਾਵਣ ਪਤਤ ਪਾਵਣ ਰੂਪ ਰੰਗ ਵਟਾ ਰਿਹਾ । ਗੁਰਮੁਖਾਂ ਆਤਮ ਅੰਮ੍ਰਿਤ ਮੇਘ ਬਰਸਾਏ ਜਿਉਂ ਬਰਸੇ ਸਾਵਣ, ਨਿਝਰ ਝਿਰਨਾ ਆਪ ਝਿਰਾ ਰਿਹਾ । ਨੇੜ ਨਾ ਆਏ ਕਾਮਨੀ ਕਾਮਨ, ਸੱਚਾ ਹਰਿ ਜੀ ਪਕੜੇ ਦਾਮਨ, ਧੁਰ ਦਰਗਾਹੀ ਬਣੇ ਜਾਮਨ, ਲੜ ਆਪਣਾ ਇਕ ਫੜਾ ਰਿਹਾ । ਮੇਟ ਮਿਟਾਏ ਦੁਸ਼ਟ ਦੁਰਾਚਾਰ ਜਿਉਂ ਰਾਮਾ ਰਾਵਣ, ਸ਼ਬਦ ਖੰਡਾ ਆਪਣੇ ਹੱਥ ਉਠਾ ਰਿਹਾ । ਜੋਤੀ ਜੋਤ ਸਰੂਪ ਹਰਿ, ਨੌਂ ਖੰਡ ਪ੍ਰਿਥਮੀ ਪਾਏ ਵੰਡ, ਸੱਤਾਂ ਦੀਪਾਂ ਚੰਡ ਪਰਚੰਡ, ਵੇਖੇ ਖੇਲ ਵਿਚ ਵਰਭੰਡ, ਇੰਦ ਇੰਦਰਾਸਣ ਸਿੰਘ ਸਿੰਘਾਸਣ ਤਜ ਕਰੋੜ ਤੇਤੀਸਾ ਮਾਣ ਗਵਾ ਰਿਹਾ । ਸ਼ਿਵ ਸ਼ੰਕਰ ਪੜਦੇ ਰਿਹਾ ਕੱਜ, ਚਰਨ ਦਵਾਰੇ ਰਿਹਾ ਸਜ, ਅੰਤਮ ਵੇਲੇ ਬਹੇ ਸਜ, ਜਗਤ ਜਗਦੀਸਾ ਦਇਆ ਕਮਾ ਰਿਹਾ । ਬ੍ਰਹਮਾ ਵੇਖੇ ਵੇਖ ਵਖਾਣੇ ਬ੍ਰਹਿਮਾਦ । ਆਪਣੀ ਰਚਨਾ ਆਪੇ ਜਾਣੇ, ਆਦਿ ਪੁਰਖ ਅਪਰੰਪਰ ਸਵਾਮੀ ਆਦਿ ਜੁਗਾਦਿ । ਗਗਨ ਗਗਨੰਤਰ ਸਦਾ ਨਿਹਕਾਮੀ, ਸ਼ਬਦ ਵਜਾਏ ਸਾਚਾ ਨਾਦ । ਲੋਕਮਾਤ ਧਰਾਏ ਸੋਹੰ ਸ਼ਬਦ ਸੱਚਾ ਗੁਰ ਮੰਤਰ ਮੇਟ ਮਿਟਾਏ ਵਾਦ ਵਿਵਾਦ । ਬੇਮੁਖਾਂ ਲੱਗੇ ਕਲਜੁਗ ਮਾਇਆ ਇਕ ਬਸੰਤਰ, ਨਾ ਕੋਈ ਧੋਵੇ ਜੂਠਾ ਝੂਠਾ ਦਾਗ਼ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਮਿਲਿਆ ਏਕਾ ਕੰਤ ਸੁਹਾਗ । ਹਰਿ ਏਕਾ ਕੰਤ ਸੁਹਾਗ, ਲੱਖ ਚੁਰਾਸੀ ਜਗਤ ਪਰਨਾਈਆ । ਹੱਥ ਆਪਣੇ ਪਕੜੇ ਵਾਗ, ਸ਼ਬਦ ਘੋੜੇ ਤੰਗ ਕਸਾਈਆ । ਨਾਲ ਰਲਾਇਆ ਸੋਹੰ ਰਾਗ, ਸਾਚੇ ਆਸਣ ਹਰਿ ਸਿੰਘਾਸਣ ਡੇਰਾ ਲਾਈਆ । ਗੁਰਮੁਖ ਹੰਸ ਬਣਾਏ ਕਾਗ, ਆਪੇ ਧੋਏ ਕਾਇਆ ਦਾਗ਼, ਪੂਰਨ ਹੋਏ ਵਡ ਵਡਭਾਗ, ਜਨ ਸਾਚੀ ਸਰਨ ਸਰਨਾਈਆ । ਕਲਜੁਗ ਵੇਲੇ ਅੰਤਮ ਜਾਇਣ ਜਾਗ, ਮਹਾਰਾਜ ਸ਼ੇਰ ਸਿੰਘ

ਵਿਸ਼ਨੂੰ ਭਗਵਾਨ, ਜਿਸ ਜਨ ਆਪਣੀ ਦਇਆ ਕਮਾਈਆ । ਸੋ ਜਨ ਜਾਗੇ, ਜਿਸ ਜਨ ਜਗਾਇੰਦਾ । ਭਾਂਡਾ ਭਰਮ ਭਉ ਭਾਜੇ, ਜਨਮ ਕਰਮ
ਆਪਣੇ ਹੱਥ ਰਖਾਇੰਦਾ । ਇਕ ਸੁਣਾਏ ਗੀਤ ਸੁਹਾਗੇ, ਜਗਤ ਵਿਛੋੜਾ ਆਪ ਮਿਟਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ
ਸ਼ਬਦ ਜੋੜ ਜੋੜਾ, ਏਥੇ ਓਥੇ ਦੋ ਜਹਾਨੀ ਆਪਣਾ ਸੰਗ ਨਿਭਾਇੰਦਾ । ਆਪ ਆਪਣਾ ਸੰਗ ਨਿਭਾਏ । ਗੁਰਮੁਖ ਮੰਗੇ ਸਾਚੀ ਮੰਗ, ਆਤਮ
ਰੰਗ ਇਕ ਚੜ੍ਹਾਏ । ਸਚ ਦਵਾਰਾ ਜਾਏ ਲੰਘ, ਆਤਮ ਜੋਤੀ ਦੀਪ ਜਗਾਏ । ਮਾਨਸ ਦੇਹੀ ਨਾ ਹੋਏ ਭੰਗ, ਲੱਖ ਚੁਰਾਸੀ ਫੰਦ ਕਟਾਏ ।
ਆਪੇ ਕਟੇ ਭੁੱਖ ਨੰਗ, ਸ਼ਬਦ ਦਾਤ ਵਡ ਕਰਾਮਾਤ, ਸਚ ਵਸਤ ਹਰਿ ਝੋਲੀ ਪਾਏ । ਚਾਰ ਵਰਨ ਬਣਾਏ ਇਕ ਜਮਾਤ, ਮੇਟ ਮਿਟਾਏ ਅੰਧੇਰੀ
ਰਾਤ, ਆਪੇ ਬਣ ਪਿਤਾ ਮਾਤ, ਦੂਸਰ ਕੋਈ ਦਿਸ ਨਾ ਆਏ । ਵੇਖ ਵਖਾਏ ਕਮਲਾਪਾਤ, ਸੁਣੇ ਪੁਕਾਰ ਧਰਤ ਮਾਤ, ਮੇਟ ਮਿਟਾਏ ਜ਼ਾਤ ਪਾਤ,
ਊਚ ਨੀਚ ਭੇਵ ਚੁਕਾਏ । ਕਰੇ ਖੇਲ ਨੌਂ ਖੰਡ ਪ੍ਰਿਥਮੀ ਦੀਪ ਸਾਤ, ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ
ਸਾਚੇ ਸੰਤ ਦੁਲਾਰੇ, ਲੋਕਮਾਤ ਸਾਚੇ ਚੰਦ ਚੜ੍ਹਾਏ । ਗੁਰਮੁਖ ਸਾਚੇ ਸੰਤ ਹਰਿ ਦੁਲਾਰਿਆ । ਆਪ ਬਣਾਏ ਸਾਚੀ ਬਣਤ, ਏਕਾ ਦੇਵੇ ਨਾਮ
ਸਹਾਰਿਆ । ਸਚ ਸਿੰਘਾਸਣ ਆਤਮ ਸੇਜਾ ਮੇਲ ਮਿਲਾਵਾ ਸਾਚੇ ਕੰਤ, ਨਾ ਹੋਏ ਵਿਛੋੜਾ ਦੂਜੀ ਵਾਰਿਆ । ਮੂਰਖ ਮੁਗਧ ਗਵਾਰ, ਨਾ ਕੋਈ
ਜਾਣੇ ਜੀਵ ਜੰਤ, ਆਤਮ ਭਰਿਆ ਇਕ ਹੰਕਾਰਿਆ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਉਧਾਰੇ ਗੁਰਮੁਖ
ਸਾਚੇ ਸੰਤ, ਆਤਮ ਦਿਤਾ ਨੂਰ ਉਜਾਗਰ, ਸਾਚੇ ਸ਼ਬਦ ਕਰੇ ਵਣਜਾਰਿਆ । ਸਾਚਾ ਨਾਮ ਜਗਤ ਵਣਜਾਰਾ । ਪੂਰ ਕਰਾਏ ਆਤਮ ਕਾਮ, ਇਕ
ਵਖਾਏ ਸਾਚੀ ਧਾਰਾ । ਸੁੱਕਾ ਹਰਿਆ ਕਰੇ ਚਾਮ, ਦੂਈ ਦਵੈਤੀ ਮੇਟ ਮਿਟਾਏ ਆਤਮ ਤਨ ਜਗਤ ਅਫਾਰਾ । ਆਪੇ ਖੇਵਟ ਖੇਟਾ ਲੋਕਮਾਤ ਅਖਵਾਏ,
ਇਕ ਦਿਸਾਏ ਪਾਰ ਕਿਨਾਰਾ । ਗੁਰਮੁਖ ਸਾਚਾ ਸਾਚਾ ਬੇਟਾ, ਪਿਤਾ ਪੂਤ ਪੂਤ ਸਪੂਤਾ ਆਪੇ ਆਪ ਬਣ ਜਾਏ । ਜੋਤੀ ਜੋਤ ਸਰੂਪ ਹਰਿ, ਮਹਾਰਾਜ
ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੀ ਜੋਤ ਜਗਾਏ । ਆਏ ਚਰਨ ਦਵਾਰ ਚਰਨ ਭਰਵਾਸਿਆ । ਕਿਰਪਾ ਕਰ ਹਰਿ ਕਰਤਾਰ, ਦੇਵੇ
ਵਸਤ ਇਕ ਅਪਾਰ, ਸਦਾ ਸਦ ਬਲ ਬਲ ਜਾਸਿਆ । ਤਨ ਮੰਦਰ ਅੰਦਰੇ ਅੰਦਰ ਭਰੇ ਭੰਡਾਰ, ਕਰੇ ਖੇਲ ਨਰ ਨਿਰੰਕਾਰ ਨਾ ਆਵੇ ਪਾਸਾ ਹਾਰਿਆ ।
ਜੋਤੀ ਨੂਰ ਕਰ ਅਕਾਰ, ਚਾਰ ਕੁੰਟ ਦਹਿ ਦਿਸ਼ਾ ਵੇਖੇ ਵੇਖ ਵਿਚਾਰ, ਭਰਮ ਭਉ ਜਗਤ ਭੁਲੇਖਾ ਅੰਤਮ ਲੇਖਾ ਦਰ ਸਾਚੇ ਆਪ ਮੁਕਾ ਰਿਹਾ ।
ਮੇਟ ਮਿਟਾਏ ਧੁਰ ਦਰਗਾਹੀ ਲੇਖ ਲਿਖਾਈਆ । ਨੇਤਰ ਨੈਣ ਲੋਚਣ ਪੁਰਖ ਅਬਿਨਾਸ਼ ਲੈਣਾ ਵੇਖ, ਕਟੇ ਜਮ ਕੀ ਫਾਹੀਆ । ਕਿਸੇ ਹੱਥ ਨਾ
ਆਏ ਔਲੀਏ ਪੀਰ ਸ਼ੇਖ਼, ਸਾਧ ਸੰਤ ਦੇਣ ਦੁਹਾਈਆ । ਜੋਤੀ ਜਾਮਾ ਧਰਿਆ ਭੇਖ, ਲੱਖ ਚੁਰਾਸੀ ਰਿਹਾ ਵੇਖ, ਮੰਦਰ ਅੰਦਰ ਤੋੜੇ ਜੰਦਰ ਅਲਖ
ਅਲਖਣਾ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲਜ ਪਤ ਪਤ ਲਜ ਵਿਚ ਮਾਤ ਰੱਖਣੀ ਸਾਚੀ ਸਰਨ ਰਿਹਾ ਲਗਾਈਆ । ਸਾਚੀ ਸਰਨ ਲਗਾਏ
ਸਚ ਸਰਨਾਈਆ । ਆਪਣੀ ਕਰਨੀ ਜਗਤ ਭਰਨੀ ਰਿਹਾ ਛੁਡਾਏ, ਸਾਚੀ ਤਾਰੀ ਤਰਨੀ ਏਕਾ ਮਾਰਗ ਰਿਹਾ ਤਜਾਈਆ । ਨਰ ਨਿਰੰਜਣ ਜੋਤ
ਨਿਰੰਕਾਰੀ ਏਕਾ ਵਰਨੀ, ਆਪ ਚੁਕਾਏ ਮਰਨੀ ਡਰਨੀ, ਵਰਨ ਅਵਰਨੀ ਆਪ ਅਖਵਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ
ਨਰਾਇਣ ਨਰ, ਸਾਚੀ ਸਰਨੀ ਰਿਹਾ ਆਪ ਲਗਾਈਆ ।

★ ਪਹਿਲੀ ਚੇਤ ੨੦੧੨ ਬਿਕ੍ਰਮੀ ਸੰਤ ਰਣਧੀਰ ਸਿੰਘ ਨੂੰ ਸ਼ਬਦ ਭੇਜਿਆ ਗਿਆ ਤੇ ਉਤਰ ਦੀ ਮੰਗ ਕੀਤੀ ਗਈ ਲੁਧਿਆਣਾ ★

ਕਵਣ ਤਿਲਕ ਕਵਣ ਲਿਲਾਟ । ਕਵਣ ਮਸਤਕ ਕਵਣ ਕਪਾਟ । ਕਵਣ ਅਸਤਕ ਕਵਣ ਤੀਰਥ ਕਵਣ ਘਾਟ । ਜੋਤੀ ਜੋਤ ਸਰੂਪ ਹਰਿ, ਕਵਣ ਰਸ ਕਾਇਆ ਵਸ ਪਵਣ ਰਸ ਰਿਹਾ ਚਾਟ । ਕਵਣ ਪਵਣ ਪਵਣ ਹੁਲਾਰ । ਕਵਣ ਸ਼ਬਦ ਸ਼ਬਦ ਧੁਨਕਾਰ । ਕਵਣ ਜੋਤ ਜੋਤ ਅਕਾਰ । ਕਵਣ ਸੋਤ ਦੁਰਮਤ ਮੈਲ ਪ੍ਰਭ ਸਾਚਾ ਧੋਤ, ਨਿਰਗੁਣ ਸਰਗੁਣ ਏਕਾ ਧਾਰ । ਜੋਤੀ ਜੋਤ ਸਰੂਪ ਹਰਿ, ਕਵਣ ਦਵਾਰਾ ਖੇਲ ਅਪਾਰਾ, ਰੰਗ ਰੂਪ ਨਿਆਰਾ ਲਿਖਣਾ ਭੇਤ ਤਮਾਮ । ਕਵਣ ਰੰਗ ਰੰਗ ਰੰਗੀਲਾ । ਕਵਣ ਮੰਗੇ ਸਾਚੀ ਮੰਗ, ਹਰਿ ਦਰ ਦਵਾਰੇ ਕਰ ਕਰ ਹੀਲਾ । ਕਵਣ ਘੋੜੇ ਕਸੇ ਤੰਗ, ਚਾਰ ਕੁੰਟ ਵਜਾਏ ਸ਼ਬਦ ਮਰਦੰਗ, ਜੋਤੀ ਅਗਨੀ ਲਾਏ ਤੀਲਾ । ਕਵਣ ਦਾਤਾ ਸੂਰਾ ਸਰਬੰਗ, ਕਵਣ ਪੁਰਖ ਬਿਧਾਤਾ ਕਟੇ ਭੁੱਖ ਨੰਗ, ਅੰਮ੍ਰਿਤ ਧਾਰ ਕਿਸ ਦਵਾਰ ਗੁਰਮੁਖ ਸਾਚੇ ਪੀ ਪੀ ਜੀ ਲਾ । ਜੋਤੀ ਜੋਤ ਸਰੂਪ ਹਰਿ, ਕਲਜੁਗ ਕਲ ਅੰਤਮ ਵਾਰ, ਚਿੱਟੇ ਅਸਵ ਹੋ ਅਸਵਾਰ, ਕਵਣ ਦਰ ਕਵਣ ਘਰ, ਕਵਣ ਦਵਾਰਾ ਕਰੇ ਖੇਲ ਛੈਲ ਛਬੀਲਾ । ਛੈਲ ਛਬੀਲਾ ਸੁਰਤ ਧਿਆਨ । ਕੁਰਾਨ ਅੰਜ਼ੀਲ ਕਿਸੇ ਹੱਥ ਨਾ ਆਏ ਖਾਣੀ ਬਾਣੀ ਵੇਦ ਪੁਰਾਨ । ਸ਼ਬਦ ਰੱਖੇ ਏਕਾ ਕਾਨੀ, ਨੂਰ ਨਿਰੰਜਣ ਜੋਤ ਪਰਕਾਸ਼ ਪੁਰਖ ਅਬਿਨਾਸ਼ ਕੋਟਨ ਭਾਨੀ, ਨਰ ਹਰਿ ਹਰਿ ਨਰ ਚਤੁਰ ਸੁਜਾਨ । ਵੇਖ ਵਖਾਣੇ ਸੰਤ ਅਸੰਤ ਵਡ ਵਿਦਵਾਨੀ, ਆਤਮ ਧਿਆਨੀ ਬ੍ਰਹਮ ਗਿਆਨੀ, ਕਿਸ ਦਰ ਝੁੱਲੇ ਸ਼ਬਦ ਨਿਸ਼ਾਨ । ਜੋਤੀ ਨੂਰ ਖੇਲ ਮਹਾਨ । ਪਾਰਬ੍ਰਹਮ ਦੀ ਦੱਸ ਨਿਸ਼ਾਨੀ, ਕਵਣ ਨਾਮ ਗੁਣ ਨਿਧਾਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਜਾਮਾ ਪਾਇਆ, ਸ਼ਬਦ ਖੰਡਾ ਇਕ ਰਖਾਇਆ । ਸੋਹੰ ਡੰਡਾ ਨਾਮ ਲਗਾਇਆ । ਗੁਰੂਆਂ ਪੀਰਾਂ ਪਾਏ ਵੰਡਾਂ, ਵੇਖ ਵਖਾਣੇ ਆਤਮ ਰੰਡਾਂ, ਸਾਚਾ ਡੰਡਾ ਹੱਥ ਉਠਾਇਆ । ਆਏ ਸ਼ਬਦ ਘਰ ਮਹੱਲ । ਉਤਰ ਦੇਣਾ ਨਾ ਕਰਨਾ ਵਲ ਛਲ । ਨੇਤਰ ਨੈਣਾ ਭਾਣਾ ਸਹਿਣਾ ਸਾਕ ਸੱਜਣ ਸੈਣਾ ਵੇਖੇ ਘੜੀ ਘੜੀ ਪਲ ਪਲ । ਦਰ ਦਵਾਰੇ ਸਾਚੇ ਬਹਿਣਾ, ਕਲਜੁਗ ਅੰਤਮ ਭਾਣਾ ਸਹਿਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਸੁਨੇਹੜਾ ਰਿਹਾ ਘਲ । ਉਤਰ ਦੇਣਾ ਛੇਤੀ ਮੋੜ । ਤਿੰਨ ਪੰਜ ਸੱਤ ਨੌਂ ਦਸ ਅਠਾਰਾਂ ਬਵੰਜਾ ਅੱਖਰੀ ਕਰ ਜੋੜ । ਪੁਰਖ ਅਬਿਨਾਸ਼ੀ ਧਾਰ ਚਲੇ ਵਖਰੀ, ਸਾਚੇ ਸ਼ਬਦ ਚੜ੍ਹਿਆ ਘੋੜ । ਕਲਜੁਗ ਜੀਵ ਭੇਵ ਖੁਲ੍ਹਾਉਣਾ ਪੈਂਤੀਸ ਅੱਖਰੀ, ਊੜਾ ਓਅੰਕਾਰ ੜਾੜਾ ੜਾੜ, ਮਿਟਾਏ ਕਵਣ ਚੜ੍ਹੇ ਤੋੜ । ਜੋਤੀ ਜੋਤ ਸਰੂਪ ਹਰਿ, ਅੰਦਰ ਬਾਹਰ ਗੁਪਤ ਜਾਹਿਰ ਸਰਬ ਘਟ ਜਾਣੇ ਦੋ ਜਹਾਨੀ ਹਰਿ ਵਡਾ ਸ਼ਾਹ ਸੁਲਤਾਨੀ ਇਕ ਲਗਾਏ ਬੈਠਾ ਪੌੜ । ਦੇਣਾ ਉਤਰ ਚੇਤਰ ਚਾਰ । ਚਾਰੇ ਦਿਸ਼ਾ ਮਾਤ ਵਿਚਾਰ । ਕਾਇਆ ਮੰਦਰ ਕਿਹੜਾ ਹਿੱਸਾ, ਪੁਰਖ ਅਬਿਨਾਸ਼ੀ ਕਿਸ ਵਸੇ ਦਵਾਰ । ਸ਼ਬਦ ਝੁੱਲੇ ਸਾਚਾ ਸੀਸਾ, ਦੇਵੇ ਪਵਣ ਹੁਲਾਰ । ਕਰੇ ਖੇਲ ਹਰਿ ਜਗਦੀਸਾ, ਵੇਖ ਵਖਾਣੇ ਬੈਠ ਸਚ ਸੱਚੇ ਦਰਬਾਰ । ਆਪੇ ਜਾਣੇ ਰਾਗ ਛਤੀਸਾ, ਦੰਦ ਬੱਤੀਸਾ ਰਿਹਾ ਵਿਚਾਰ । ਕਵਣ ਮਿਟਾਏ ਮੂਸਾ ਈਸਾ, ਕਵਣ ਮਿਟਾਏ ਮੁਹੰਮਦੀ ਯਾਂਰ । ਕਿਸ ਬਿਧ ਚਲੇ ਚਲਾਏ ਚੀਨਾ ਰੂਸਾ, ਭਾਰਤ ਖੰਡੀ ਕਿਹੜੀ ਧਾਰ । ਕਵਣ ਸ਼ਬਦ ਨੌਂ ਖੰਡ ਪ੍ਰਿਥਮੀ ਇਕ ਹਦੀਸਾ, ਸੱਤਾਂ ਦੀਪਾਂ ਜੈ ਜੈ ਜੈਕਾਰ । ਏਕਾ ਛਤਰ ਝੁਲੇ ਪੁਰਖ ਅਬਿਨਾਸ਼ੀ ਨਰ ਨਰਾਇਣ ਸਾਚੇ ਸੀਸਾ, ਨਿਹਕਲੰਕ ਨਰਾਇਣ ਨਰ, ਕਿਹੜੀ ਕੂਟੇ ਲਏ ਅਵਤਾਰ । ਹਰਿ ਪੁਰਖ ਅਪਾਰ ਜੋਤ ਅਧਾਰਿਆ । ਜੋਤੀ ਨੂਰ ਸ਼ਬਦ


੮
੦੫

ਜੈਕਾਰ ਵਿਚ ਸੰਸਾਰਿਆ । ਵੇਖ ਵਖਾਣੇ ਸਰਬ ਦਵਾਰ, ਪੂਰਬ ਕਾਰ ਕਰਾ ਰਿਹਾ । ਮਾਨਸ ਜਨਮ ਪੈਜ ਸਵਾਰ, ਸਾਚਾ ਸ਼ਬਦ ਕੰਨ ਸੁਣਾ ਰਿਹਾ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਧਰਤ ਮਾਤ ਸੋਏ ਪੂਤ ਜਗਾ ਰਿਹਾ । ਧਰਤ ਮਾਤ ਸੁਤ ਦੁਲਾਰ । ਦਰਸ਼ਨ ਪੇਖ ਨੇਤਰ ਨੈਣ ਹਰਿ ਅਚੁਤ, ਕਾਇਆ ਕਰ ਠੰਡੀ ਠਾਰ । ਕਾਇਆ ਮੰਦਰ ਅੰਦਰ ਸੁਹਾਉਣੀ ਸੱਚੀ ਰੁੱਤ, ਜੋਤ ਜਗੇ ਅਪਰ ਅਪਾਰ । ਜੂਠਾ ਝੂਠਾ ਖਾਲੀ ਪਿੰਜਰ ਦਿਸੇ ਬੁੱਤ, ਏਕਾ ਕਰਨ ਵਣਜ ਵਾਪਾਰ । ਜੋਤੀ ਜੋਤ ਸਰੂਪ ਹਰਿ, ਏਕਾ ਦੇਵੇ ਨਾਮ ਵਰ, ਆਤਮ ਭਰੇ ਭੰਡਾਰ । ਨਾਮ ਭੰਡਾਰਾ ਹਰਿ ਦਾਤਾਰਾ । ਸੋਹੰ ਸ਼ਬਦ ਜਗਤ ਜੈਕਾਰਾ । ਭਗਤ ਅਧਾਰਾ ਵਿਚ ਸੰਸਾਰਾ । ਮਾਨਸ ਦੇਹੀ ਜਨਮ ਅਪਾਰਾ । ਵੇਲੇ ਅੰਤ ਨਾ ਜਾਏ ਹਾਰਾ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਕਲ ਜਾਮਾ ਪਾਇਆ, ਮੰਗਣਾ ਦਰ ਇਕ ਸੱਚਾ ਦਵਾਰਾ । ਸੱਚਾ ਦਵਾਰ ਸਚ ਘਰ ਆਪਣਾ ਦੇਵੇ ਨਾਮ ਅਧਾਰ ਪੁਰਖ ਸੁਜਾਨਿਆ । ਸਾਚਾ ਸ਼ਬਦ ਬ੍ਰਹਮ ਗਿਆਨ, ਚਰਨ ਧਿਆਨ ਸ੍ਰੀ ਭਗਵਾਨਿਆ । ਅੰਮ੍ਰਿਤ ਆਤਮ ਰਸ ਪੀਣ ਖਾਣ, ਤ੍ਰਿਸਨਾ ਭੁੱਖ ਮਿਟਾਨਿਆ । ਧਰਮ ਜੈਕਾਰਾ ਇਕ ਨਿਸ਼ਾਨ ਵਾਲੀ ਦੋ ਜਹਾਨਿਆ । ਮਾਤ ਬੰਨ੍ਹੇ ਸਾਚੀ ਧਾਰਾ, ਵੇਖ ਵਖਾਣੇ ਰਾਜੇ ਰਾਣਿਆਂ । ਮਾਇਆ ਰਾਣੀ ਆਈ ਹਾਰਾ, ਉਠੇ ਸ਼ਾਹ ਹਰਿ ਸੱਚਾ ਸੁਲਤਾਨਿਆ । ਜੋਤੀ ਜੋਤ ਸਰੂਪ ਹਰਿ, ਸੱਚਾ ਦੇਵੇ ਨਾਮ ਵਰ, ਕਾਇਆ ਭਰੇ ਅਤੁਟ ਖਜਾਨਿਆ । ਨਾਮ ਵਰ ਸ਼ਬਦ ਭਰਪੂਰ । ਵੇਖੇ ਦਰ ਹਾਜਰ ਹਜ਼ੂਰ । ਜਗਤ ਕਾਰਜ ਜਾਇਣ ਸਰ, ਆਤਮ ਸਹਿੰਸਾ ਹੋਏ ਦੂਰ । ਭਰਮ ਭੁਲੇਖਾ ਚੁੱਕੇ ਡਰ, ਏਕਾ ਜੋਤੀ ਦਰਸ਼ਨ ਨੂਰ । ਜੋਤੀ ਜੋਤ ਸਰੂਪ ਹਰਿ, ਸਾਚਾ ਦੇਵੇ ਨਾਮ ਵਰ, ਸਰਬ ਘਟਾਂ ਆਪੇ ਭਰਪੂਰ । ਮਾਇਆ ਮਨ ਵੈਰਾਗ ਜਗਤ ਉਦਾਸੀਆ । ਏਕਾ ਦਰ ਘਰ ਹਰਿ ਤਿਆਗ, ਨਾ ਮਿਲਿਆ ਮੇਲ ਹਰਿ ਕੰਤ ਸੁਹਾਗੀਆ । ਕਵਣ ਪਕੜੇ ਕਲ ਤੇਰੀ ਵਾਗ, ਕਵਣ ਧੋਏ ਝੂਠੇ ਦਾਗ਼, ਜਗਤ ਨਾ ਬੁਝੇ ਤ੍ਰਿਸਨਾ ਆਗ, ਬੰਸ ਸਰਬੰਸ ਕਾਗੀਆ । ਹਰਿ ਸਰਨ ਚਰਨ ਚਰਨ ਸਰਨ ਪ੍ਰਭ ਸਾਚੇ, ਜੋਤੀ ਜੋਤ ਸਰੂਪ ਹਰਿ, ਇਕ ਸੁਣਾਏ ਸੋਹੰ ਸ਼ਬਦ ਸੱਚਾ ਰਾਗੀਆ ।

### ★ ਪਹਿਲੀ ਚੇਤ ੨੦੧੨ ਬਿਕ੍ਰਮੀ ਸੰਤ ਕਿਰਪਾਲ ਸਿੰਘ ਸਾਵਣ ਆਸ਼ਰਮ ਰੁਹਾਨੀ ਸਤਿਸੰਗ ਨੂੰ ਸ਼ਬਦ ਭੇਜਿਆ ਦਿੱਲੀ ★

ਕਵਣ ਕਿਰਪਾਲ ਕਿਰਪਾ ਕਰੇ । ਕਵਣ ਦਿਆਲ ਸਿਰ ਹੱਥ ਧਰੇ । ਕਵਣ ਰਖਵਾਲ ਦੇਵੇ ਨਾਮ ਵਰੇ । ਜੋਤੀ ਜੋਤ ਸਰੂਪ ਹਰਿ, ਕਵਣ ਮਾਰੇ ਸ਼ਬਦ ਉਛਾਲ, ਗੁਰਮੁਖ ਮਾਣਕ ਮੋਤੀ ਵੇਖੇ ਖੋਟੇ ਖਰੇ । ਕਵਣ ਕਿਰਪਾਲ ਕਿਰਪਾ ਨਿਧ ਦਾਤਾ । ਕਵਣ ਕਿਰਪਾਲ ਆਤਮ ਵਿਧ ਤੀਰ ਕਟਾਰ ਸ਼ਬਦ ਇਕ ਚਲਾਤਾ । ਕਵਣ ਬਿਧ ਕਰ ਤਨ ਸ਼ਿੰਗਾਰ, ਨਾਤਾ ਤੁੱਟੇ ਮਾਤ ਪਿਤ ਭੈਣ ਭਰਾਤਾ । ਕਵਣ ਪਾਏ ਗਲ ਫੂਲਨਹਾਰ, ਕਵਣ ਜਾਮ ਕਵਣ ਨਾਮ ਕਵਣ ਦਾਮ ਸਚ ਸੁਗਾਤਾ । ਕਵਣ ਰਾਮ, ਜੋਤੀ ਜੋਤ ਸਰੂਪ ਹਰਿ, ਮੇਟ ਮਿਟਾਏ ਜ਼ਾਤਾ ਪਾਤਾ । ਕਿਰਪਾਲ ਕਰਨੀ ਕਿਤ ਵਿਚਾਰ । ਕਵਣ ਦਵਾਰੇ ਖੋਲ੍ਹੇ ਹਰਨ ਫਰਨ ਧਰਨੀ ਧਰਤ ਹਰਿ ਨਿਰੰਕਾਰ । ਕਵਣ ਘਰ ਬਾਹਰੇ ਵੇਖੇ ਲੋਚਨ ਨੈਣ ਨੇਤਰ ਜੋਤੀ ਪੁਰਖ ਭਤਾਰਾ ਸਾਚੀ ਨਾਰ । ਕਵਣ ਸੰਸਾਰਾ ਚੁਕੇ ਮਰਨੀ ਡਰਨੀ, ਕਵਣ ਪਿਆਰਾ ਸ਼ਬਦ ਅਧਾਰ । ਕਵਣ ਅਸਵਾਰਾ, ਜੋਤੀ ਜੋਤ ਸਰੂਪ ਹਰਿ, ਨਿਹਕਲੰਕ

ਨਰਾਇਣ ਨਰ, ਚਾਰੋਂ ਕੁੰਟ ਵਾਰੋ ਵਾਰ । ਕਵਣ ਸਾਗਰ ਕਵਣ ਤਾਲ । ਕਵਣ ਕਾਇਆ ਕਵਣ ਗਾਗਰ ਕਵਣ ਰਤਨ ਕਵਣ ਰਤਨਾਗਰ ਏਕਾ ਲਾਲ । ਕਵਣ ਉਜਾਗਰ ਸ਼ਬਦ ਸੁਦਾਗਰ, ਫਲ ਲਗਾਏ ਕਾਇਆ ਡਾਲ੍ਹ । ਜੋਤੀ ਜੋਤ ਸਰੂਪ ਹਰਿ, ਕਵਣ ਦਵਾਰੇ ਜੋਤ ਅਕਾਰੇ, ਕਵਣ ਘਰ ਵਸੇ ਕਾਲ ਅਕਾਲ । ਕਵਣ ਘਰ ਅਕਾਲ ਅਕਾਲਾ । ਕਵਣ ਦਰ ਕਾਲ ਮਹਾਂਕਾਲਾ । ਕਵਣ ਹਰਿ ਤੋੜੇ ਜਗਤ ਜੰਜਾਲਾ । ਕਵਣ ਨੁਹਾਏ ਸਾਚੇ ਸਰ, ਲੱਖ ਚੁਰਾਸੀ ਤੁਟੇ ਮਾਤ ਜੰਜਾਲਾ । ਕਵਣ ਨਰ ਨਾ ਜਨਮੇ ਨਾ ਜਾਏ ਮਰ, ਜੋਤੀ ਜੋਤ ਸਰੂਪ ਹਰਿ, ਕਵਣ ਦਵਾਰੇ ਕਾਇਆ ਮੰਦਰ ਤਨ ਉਸਾਰੇ, ਕਰੇ ਕਰੇ ਸਦਾ ਪ੍ਰਿਤਪਾਲਾ । ਕਵਣ ਰਾਜ ਸਿੰਘਾਸਣ ਸਿਰ ਛਤਰ ਜਗਦੀਸ । ਕਵਣ ਸਾਜ ਬਾਜ ਸਾਜਨ ਅਨਹਦ ਧੁਨ ਧੁਨਾ ਧੁਨ ਨਾਦ, ਏਕਾ ਰਸ ਰਾਗ ਛਤੀਸ । ਕਵਣ ਸੁਨ ਮੁਨ ਸਮਾਧਨ ਬੋਧ ਅਗਾਧਣ, ਭੇਵ ਚੁਕਾਉਣਾ ਬੀਸ ਇਕੀਸ । ਕਵਣ ਮੋਹਣ ਮਾਧੋ ਮਾਧਨ, ਕਵਣ ਰਸ ਰਸਨ ਰਸਾਇਣੀ ਅਰਾਧਨ, ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਸ਼ਬਦ ਮੰਗੇ ਇਕ ਵਰ, ਭੇਵ ਖੁਲ੍ਹਾਉਣਾ, ਸ਼ਬਦ ਲੇਖ ਲਿਖਾਉਣਾ । ਸਾਚਾ ਸ਼ਬਦ ਧੁਰ ਫ਼ਰਮਾਣ । ਸਾਚੇ ਸੰਤ ਸੁਣਨਾ ਕਾਨ । ਅੱਠੇ ਪਹਿਰ ਦਿਵਸ ਰੈਣ ਹਰਿ ਚਰਨ ਧਿਆਨ । ਕਾਇਆ ਮੰਦਰ ਵਸੇ ਸ਼ਹਿਰ, ਨੇੜ ਨਾ ਆਇਣ ਪੰਜੇ ਚੋਰ ਐਰ ਗੈਰ, ਏਕਾ ਫੜੇ ਸ਼ਬਦ ਬਿਬਾਣ । ਕਲਜੁਗ ਕਲ ਕਲੰਦਰ ਅੰਦਰੇ ਅੰਦਰ ਵਰਤੇ ਕਹਿਰ, ਏਕਾ ਨਾਮ ਸੱਚਾ ਜਾਮ ਅੰਮ੍ਰਿਤ ਮਧ ਪੀਣ ਖਾਣ । ਏਕਾ ਵੱਜੇ ਸ਼ਬਦ ਨਾਦ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੰਗੇ ਏਕਾ ਨਾਮ ਵਰ, ਸੋਹੰ ਸ਼ਬਦ ਰਖਾਏ ਸਾਚੀ ਆਨ । ਚਾਰ ਕੁੰਟ ਦਹਿ ਦਿਸ਼ ਵਿਚਾਰ । ਪੁਰਖ ਅਬਿਨਾਸ਼ੀ ਬੰਨ੍ਹੇ ਧਾਰ । ਸੋਹੰ ਸ਼ਬਦ ਤ੍ਰੈਲੋਆਂ ਜੈ ਜੈ ਜੈਕਾਰ । ਮਾਤ ਪਤਾਲ ਅਕਾਸ਼ ਅਕਾਸ਼ਨ ਦੋਏ ਜੋੜ ਜੋੜ ਹਰਿ ਚਰਨ ਸਰਨ ਨਿਮਸਕਾਰ । ਪਰਗਟ ਹੋਏ ਪ੍ਰਭ ਸ਼ਾਹੋ ਸ਼ਬਾਸਨ, ਸ਼ਬਦ ਘੋੜੇ ਚਿੱਟੇ ਅਸਵ ਹੋ ਅਸਵਾਰ । ਸਚ ਮੰਡਲ ਹਰਿ ਸਾਚੀ ਰਾਸਨ, ਫੜੇ ਸ਼ਬਦ ਸੱਚੀ ਸਮਰਥ ਹੱਥ ਤਲਵਾਰ । ਬੇਮੁਖ ਜੀਵ ਅੰਤ ਵਿਨਾਸਨ, ਮਦਿਰਾ ਮਾਸਨ ਕਰਨ ਆਹਾਰ । ਗੁਰਮੁਖ ਸਾਚੇ ਸੰਤ ਜਨ, ਰਸਨਾ ਗਾਇਣ ਸਵਾਸ ਸਵਾਸਨ, ਨਿਹਕਲੰਕ ਨਰਾਇਣ ਨਰ ਕਰੇ ਕਰਾਏ ਖ਼ਬਰਦਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਜਾਮਾ ਪਾਇਆ, ਸ਼ਬਦ ਖੰਡਾ ਹੱਥ ਉਠਾਇਆ, ਕਲਜੁਗ ਤੇਰੀ ਅੰਤਮ ਵਾਰ ।

## ★ ਪਹਿਲੀ ਚੇਤ ੨੦੧੨ ਬਿਕ੍ਰਮੀ ਦਿਆਲ ਪੰਡਤ ਫਕੀਰ ਚੰਦ ਫਕੀਰ ਨੂੰ ਸ਼ਬਦ ਭੇਜਿਆ ਹੁਸਿਆਰਪੁਰ ★

ਫ਼ਕੀਰ ਫ਼ਕੀਰੀ ਕਵਣ ਮਾਤ । ਸ਼ਬਦ ਜ਼ੰਜੀਰੀ ਕਵਣ ਨਾਤ । ਨਾਮ ਅਮੀਰੀ ਕਵਣ ਸੁਗਾਤ । ਰਸਨਾ ਸੀਰੀ ਮੇਟ ਮਿਟਾਏ ਅੰਧ ਅੰਧੇਰੀ ਰਾਤ । ਬਜਰ ਕਪਾਟੀ ਕਿਸ ਘਰ ਸਾਚੇ ਚੀਰੀ, ਕਵਣ ਰੂਪ ਕਵਣ ਰੰਗ ਕਵਣ ਰੇਖ ਲੋਕਮਾਤ ਭੇਖ ਕਮਲਾਪਾਤ । ਕਵਣ ਵਖਾਣੇ ਵੇਲਾ ਵਕਤ ਅਖੀਰੀ, ਕਵਣ ਜਣਾਏ ਜਾਣੇ ਭੈਣ ਭਰਾਣੇ ਪਿਤ ਮਾਤ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਵਣ ਦਵਾਰੇ ਜੋਤ ਨਿਰੰਕਾਰੇ, ਸ਼ਬਦ ਜੈਕਾਰੇ ਪਵਣ ਅਸਵਾਰੇ, ਬੈਠਾ ਰਹੇ ਇਕ ਇਕਾਂਤ । ਜਗਤ ਫ਼ਕੀਰ ਸ਼ਬਦ ਮਲਾਹ । ਕਵਣ ਕਟੇ ਹਉਮੇ ਪੀੜ, ਕਵਣ ਜੋਤੀ ਮੇਲ ਦਏ ਮਿਲਾ । ਕਲਜੁਗ ਅੰਤਮ ਲਥੇ ਚੀਰ, ਕਵਣ ਸੁਹੇਲਾ ਇਕ ਇਕੇਲਾ ਸ਼ਬਦ ਪੱਲੂ ਦਏ ਫੜਾ । ਕਵਣ ਗੁਰ

ਕਵਣ ਚੇਲਾ, ਕਲਜੁਗ ਅੰਤਮ ਆਇਆ ਵੇਲਾ, ਬੇੜਾ ਬੰਨ੍ਹੇ ਦਏ ਲਾ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਲੋਕਮਾਤ ਹਰਿ ਜੋਤ ਧਰ, ਕਵਣ ਕੂਟੇ ਪਵਣ ਝੂਟੇ, ਸ਼ਬਦ ਪੰਘੂੜਾ ਦੀਪਕ ਜੋਤੀ ਰਿਹਾ ਜਗਾ । ਦੀਪਕ ਜੋਤੀ ਕਲ ਉਜਿਆਰ । ਹਰਿ ਆਪ ਉਠਾਏ ਆਤਮ ਸੋਤੀ, ਹਰਿਜਨ ਸਾਚਾ ਵੇਖ ਵਿਚਾਰ । ਧੁਰ ਦਰਗਾਹੀ ਏਕਾ ਵਰਨ ਏਕਾ ਗੋਤੀ, ਏਕਾ ਮੀਤ ਰਾਖੇ ਚੀਤ ਮੀਤ ਮੁਰਾਰ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਇਕ ਸੁਣਾਏ ਸੋਹੰ ਸ਼ਬਦ ਸੁਹਾਗੀ ਗੀਤ, ਚੰਦ ਫ਼ਕੀਰ ਉਤਰ ਦੇਣਾ ਪਹਿਲੀ ਵਾਰ ।

ਆਤਮ ਮਧ ਮਧੁਰ ਰਸ ਮੀਤ ਮੁਰਾਰ ਸੰਤ । ਦਰ ਘਰ ਸਾਚੇ ਸਚ ਦਵਾਰੇ ਜੋਤ ਨਿਰੰਜਣ ਪੁਰਖ ਅਬਿਨਾਸ਼ੀ ਮੀਤ ਮੁਰਾਰ । ਅਨਹਦ ਵੱਜੇ ਵਜਾਏ ਸ਼ਬਦ ਨਦ, ਸੁਣੇ ਸੁਣਾਏ ਸਚ ਪੁਕਾਰ । ਤਨ ਸ਼ਿੰਗਾਰ ਵਿਚ ਸੰਸਾਰ । ਕਾਮ ਕਾਮਨੀ ਵਿਚੋਂ ਮਾਰ । ਸ਼ਬਦ ਅਧਾਰਾ ਤਨ ਅਸਵਾਰਾ, ਜੋਤੀ ਜੋਤ ਸਰੂਪ ਹਰਿ, ਏਕਾ ਏਕ ਕਰੇ ਸਾਚੀ ਜੋਤ ਧਰੇ, ਵਰਨ ਗੋਤ ਹਰੇ ਮੇਟ ਮਿਟਾਏ ਅੰਧ ਅੰਧਿਆਰ । ਆਤਮ ਜੋਤ ਹਰਿ ਪਰਕਾਸ਼, ਵਰਨ ਗੋਤ ਮਿਟੇ ਅੰਧੇਰ ਸੰਝ ਸਵੇਰ । ਏਕਾ ਮੰਡਲ ਏਕਾ ਰਾਸ, ਆਪ ਕਰਾਏ ਹੇਰ ਫੇਰ । ਸ਼ਬਦ ਸਰੂਪੀ ਜੋਤ ਨਿਰੰਜਣ ਨਾ ਲਾਏ ਦੇਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਤਾਰੇ ਪੈਜ ਸਵਾਰੇ, ਕਰ ਕਰ ਆਪਣੀ ਮਿਹਰ । ਨੌਂ ਦਵਾਰੇ ਕਰੇ ਬੰਦ । ਮੇਟ ਮਿਟਾਏ ਜਗਤ ਅੰਧ । ਏਕਾ ਧਾਰ ਗਾਏ ਬੱਤੀ ਦੰਦ । ਸ਼ਬਦ ਘੋੜੇ ਹੋ ਅਸਵਾਰ, ਦਰਸ ਦਿਖਾਏ ਹਰਸ ਮਿਟਾਏ ਪਰਮਾਨੰਦ । ਸਤਾਰਾਂ ਹਾੜੀ ਖ਼ੁਸ਼ੀ ਮਨਾਏ, ਭਗਤ ਭਗਵਾਨਾ ਏਕਾ ਰੰਗ ਰੰਗਾਨਾ, ਲੋਕਮਾਤ ਚੜ੍ਹਾਏ ਸਾਚੇ ਚੰਦ । ਧੁਰ ਦਰਗਾਹੀ ਜਗਤ ਮਲਾਹੀ ਬੇਪਰਵਾਹੀ, ਸ਼ਬਦ ਜੈਕਾਰਾ ਇਕ ਲਗਾਉਣਾ । ਹਰਿ ਸੰਤ ਉਠਾਏ ਥਾਉਂ ਥਾਈ, ਠੰਡੀ ਛਾਈ ਆਪ ਰਖਾਉਣਾ । ਆਪੇ ਪਕੜੇ ਅੰਤਮ ਬਾਹੀਂ, ਸੱਜਣ ਸੁਹੇਲਾ ਮੀਤ ਮੁਰਾਰਾ ਇਕ ਓਅੰਕਾਰਾ ਆਪ ਅਖਵਾਉਣਾ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚੁਰਾਸੀ ਕਲੀਆਂ ਤਨ ਸ਼ਿੰਗਾਰ, ਸੱਤਾਂ ਦੀਪਾਂ ਲੇਖ ਲਿਖਾਰ, ਸੋਹਣਾ ਚੋਲਾ ਤਨ ਛੁਹਾਉਣਾ । ਚੁਰਾਸੀ ਕਲੀਆਂ ਚਿੱਟਾ ਬਾਣਾ । ਵਲੀਆ ਛਲੀਆ ਬਣ ਵਖਾਏ ਬਵੰਜਾ ਅੱਖਰੀ ਬਵੰਜਾ ਰਾਣਾ । ਵੇਖ ਵਖਾਣੇ ਜੰਗਲ ਜੂਹ ਉਜਾੜ ਪਹਾੜ ਜਲੀਆ ਥਲੀਆ, ਕਲਜੁਗ ਜੂਠਾ ਝੂਠਾ ਚੋਲਾ ਹੋਇਆ ਪੁਰਾਨਾ । ਨਿਹਚਲ ਧਾਮ ਨੌਂ ਖੰਡ ਪ੍ਰਿਥਮੀ ਚਾਰ ਕੁੰਟ ਦਹਿ ਦਿਸ਼ ਇਕ ਵਖਾਏ ਸਚ ਸਿੰਘਾਸਣ ਹਰਿ ਅਟਲੀਆ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਾਰਾਂ ਹਾੜੀ ਗੁਰ ਸੰਗਤ ਸਾਚਾ ਮਾਣ ਦਵਾਣਾ । ਸੂਰਜ ਚੰਦ ਚੰਦ ਸਿਤਾਰ । ਸ਼ਬਦੀ ਕੰਧ ਅਪਰ ਅਪਾਰ । ਨਾਮ ਬੰਧ ਅਧ ਵਿਚਕਾਰ । ਜੋਤੀ ਜੋਤ ਸਰੂਪ ਹਰਿ, ਗਗਨ ਪਤਾਲਾਂ ਪਾਵੇ ਸਾਰ । ਚੰਦ ਸੂਰਜ ਸੂਰਜ ਚੰਦ । ਆਪੇ ਜਾਣੇ ਵੇਖ ਵਖਾਣੇ, ਪੁਰਖ ਅਬਿਨਾਸ਼ੀ ਪਰਮਾਨੰਦ । ਸਰਬ ਘਟਾਂ ਘਟ ਰਿਹਾ ਪਛਾਣੇ, ਅੱਠੇ ਪਹਿਰ ਖੁਲ੍ਹੇ ਰੱਖੇ ਨਾ ਹੋਏ ਬੰਦ । ਜੋਤੀ ਜੋਤ ਸਰੂਪ ਹਰਿ, ਜੋਤੀ ਨੂਰ ਇਕ ਕਰ, ਸ਼ਬਦ ਡੋਰੀ ਰਿਹਾ ਬੰਧ, ਸੂਰਜ ਚੰਦ ਚਾਂਦ ਚਾਂਦਨਾ । ਸ਼ਬਦ ਧਾਰ ਪ੍ਰਭ ਸਾਚੇ ਬਾਂਧਾ । ਇਕ ਅਕਾਰ ਵਿਚ ਸੰਸਾਰ, ਲੋਆਂ ਪੁਰੀਆਂ ਬੰਨ੍ਹੇ ਧਾਰ, ਸ਼ਬਦ ਉਡਾਰ ਸ੍ਰੀ ਭਗਵਾਨਾ । ਨਾ ਕੋਈ ਜਾਣੇ ਸਾਚੀ ਕਾਰ, ਹਰਿ ਸਰਕਾਰ ਪਵਣ ਹੁਲਾਰਾ, ਕਲਜੁਗ ਕਲ ਕਰਮ ਵਿਚਾਰਾ, ਜੋਤੀ ਜਾਮਾ ਭੇਖ ਅਪਾਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਜਾਣੇ ਆਪਣੀ ਸਾਰ । ਚੰਦ ਸੂਰਜ ਸੂਰਜ ਚੰਦ ਬਲੋਏ । ਕਰੇ ਖੇਲ ਹਰਿ ਤ੍ਰੈ ਤ੍ਰੈ ਲੋਏ । ਆਪੇ ਜਾਣੇ ਜਾਣ ਪਛਾਣੇ, ਗਿਣ ਗਿਣ ਲੇਖ ਜਾਣੇ ਨਾ ਕੋਇ ।

ਲੋਕਮਾਤੀ ਸੁਘੜ ਸਿਆਣੇ ਹਰਿ ਆਪ ਭੁਲਾਏ ਤੁੱਟੇ ਮਾਣ ਰਹੇ ਨਾ ਕੋਏ । ਗੁਰਮਖਾਂ ਆਤਮ ਹਰਿ ਹੁਕਮ ਸੁਣਾਏ, ਸ਼ਬਦ ਨਾਦ ਧੁਨ ਵਜਾਏ । ਏਕਾ ਝੁੱਲੇ ਧਰਮ ਨਿਸ਼ਾਨੇ, ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੂਰਜ ਚੰਦ ਆਪੇ ਰਿਹਾ ਲਟਕਾਏ । ਸੂਰਜ ਚੰਦ ਚੰਦ ਅੰਤਕਾਲ । ਕਲਜੁਗ ਕਾਲਾ ਕੁੜਿਆਰਾ, ਕਿਸੇ ਨਾ ਧੋਇਆ ਕਾਲਾ ਦਾਗ਼ । ਦਰ ਘਰ ਸਾਚੇ ਆਏ ਰੋਇਆ, ਆਪ ਆਪਣੀ ਸੁਰਤ ਸੰਭਾਲ । ਕਰਮ ਬੀਜ ਜੋ ਆਪਣਾ ਬੋਇਆ, ਫਲ ਨਾ ਦਿਸੇ ਕਿਸੇ ਡਾਲ੍ਹ । ਸੋਹੰ ਸ਼ਬਦ ਹਲ ਸਾਚਾ ਜੋਇਆ, ਅਕਾਲ ਅਕਾਲਾ ਦੀਨ ਦਿਆਲ । ਗੁਰਮੁਖ ਸੋਇਆ ਰਹੇ ਨਾ ਕੋਇਆ, ਬਾਂਹੋਂ ਪਕੜ ਲਏ ਉਠਾਲ । ਨਿਝਰ ਧਾਰ ਅੰਮ੍ਰਿਤ ਰਿਹਾ ਚੋਇਆ, ਆਤਮ ਤਾਲ ਮਾਰੇ ਉਛਾਲ । ਨਾ ਜਨਮੇ ਨਾ ਕਦੇ ਮੋਇਆ, ਸਦਾ ਸਦਾ ਹਰਿ ਰਖਵਾਲ । ਦੁਰਮਤ ਮੈਲ ਰਿਹਾ ਧੋਇਆ, ਨਿਰਮਲ ਕਰੇ ਕਾਇਆ ਖਾਲ । ਗੁਰਮੁਖ ਸਾਚਾ ਕਦੇ ਨਾ ਰੋਇਆ, ਨੇੜ ਨਾ ਆਏ ਜਮ ਜਮ ਕਾਲ । ਆਤਮ ਦਰ ਦਵਾਰੇ ਨਰ ਨਰਾਇਣ ਹਰਿ ਜੀ ਸਦਾ ਸਹਾਈ ਹੋਇਆ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੁਗੋ ਜੁਗ ਚਲੇ ਅਵੱਲੜੀ ਚਾਲ । ਪ੍ਰਭ ਬੰਨ੍ਹੇ ਧੀਰ । ਕਲਜੁਗ ਵੇਲਾ ਅੰਤ ਅਖ਼ੀਰ । ਨਾ ਕੋਈ ਚੇਲਾ ਘਰ ਘਰ ਸੰਤ, ਨਾ ਕੋਈ ਦਿਸੇ ਪੀਰ ਫਕੀਰ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜਾਮਾ ਧਰ, ਸ਼ਬਦ ਮਾਰੇ ਸੁਰਤ ਜ਼ੰਜੀਰ । ਸੂਰਜ ਚੰਦ ਹਰਿ ਦਵਾਰ । ਮੰਗਣ ਮੰਗ ਰੰਗ ਅਪਾਰ । ਮਿਲਿਆ ਮੇਲ ਸੰਗ ਵਿਚ ਸੰਸਾਰ । ਅੰਤਮ ਕਲ ਪਾਰ ਜਾਏ ਲੰਘ, ਦਰ ਦਵਾਰ ਸੱਚੇ ਦਰਬਾਰ । ਸ਼ਬਦ ਘੋੜੇ ਕਸਿਆ ਤੰਗ, ਜੋਤ ਸਰੂਪੀ ਹਰਿ ਅਸਵਾਰ । ਅੰਤਮ ਕਟੇ ਭੁੱਖ ਨੰਗ, ਮੰਗਣ ਮੰਗ ਸੱਚੀ ਸਰਕਾਰ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਮੇਲ ਆਪ ਆਪਣੀ ਦੱਸੇ ਧਾਰ । ਸੂਰਜ ਸੂਰਿਯਾ ਖੇਤਰ । ਖੁੱਲ੍ਹੇ ਕਰੇ ਹਰਿ ਪਛਾਨ ਚੇਤ ਚੇਤਨ ਸਾਚੇ ਚੇਤਰ । ਰੰਗ ਰੰਗੀਲਾ ਰੰਗ ਸਾਚਾ ਮਾਣੇ, ਨਿਤ ਨਵਿਤ ਨਾਮ ਲੋਚਨ ਸਾਚੇ ਨੇਤਰ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਜਾਣੇ ਆਪਣੇ ਭਾਣੇ ਅਗੇਤ ਪਛੇਤਰ । ਸੂਰਜ ਸੂਰੀਯਾ ਸਾਚਾ ਤੇਜ । ਸ਼ਬਦ ਸੁਨੇਹੜਾ ਪ੍ਰਭ ਸਾਚਾ ਰਿਹਾ ਭੇਜ । ਆਪ ਆਪਣੇ ਕਾਜ ਸਵਾਰੇ, ਕਲਜੁਗ ਅੰਤਮ ਪਾਰ ਉਤਾਰੇ, ਅਗਨੀ ਧਰਤੀ ਨੌਂ ਨੌਂ ਨੇਜ । ਪਾਰਬ੍ਰਹਮ ਪ੍ਰਭ ਪਾਏ ਸਾਰੇ, ਏਕਾ ਸੋਹਣ ਅਸਥਿਲ ਚੁਬਾਰੇ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਦਵਾਰੇ ਏਕਾ ਜੋਤੀ ਆਪ ਰਖਾਏ ਸਾਚਾ ਤੇਜ ।

★ ੧੪ ਚੇਤ ੨੦੧੨ ਬਿਕ੍ਰਮੀ ਸੰਤ ਮਿਹਰ ਸਿੰਘ ਦੇ ਡੇਰੇ ਮਾਡਲ ਟਾਉਨ ਜਲੰਧਰ ★

ਕਾਇਆ ਕੋਟ ਕੋਟ ਗੜ੍ਹ । ਪ੍ਰਭ ਅਬਿਨਾਸ਼ੀ ਆਪੇ ਵੇਖੇ ਅੰਦਰੇ ਅੰਦਰ ਉਪਰ ਚੜ੍ਹ । ਸਹਿਜ ਸੁਭਾਏ ਸਾਚਾ ਮੰਦਰ, ਆਪੇ ਜਾਣੇ ਘਰ ਸਾਚੇ ਵੜ । ਵੱਜਾ ਵੇਖੇ ਏਕਾ ਜੰਦਰ, ਦੂਜਾ ਕੋਈ ਨਾ ਸਕੇ ਘੜ । ਜੋਤੀ ਜੋਤ ਸਰੂਪ ਹਰਿ, ਆਪਣੀ ਬਿਧ ਆਪੇ ਜਾਣੇ, ਸਾਧ ਸੰਤ ਨਾ ਕੋਈ ਪਛਾਣੇ, ਨਾ ਕੋਈ ਸੀਸ ਨਾ ਕੋਈ ਧੜ । ਨਾ ਕੋਈ ਸੀਸ ਨਾ ਕੋਈ ਸੀਸਾ । ਜੋਤ ਨਿਰੰਜਣ ਹਰਿ ਜਗਦੀਸਾ । ਦਰਦ ਦੁੱਖ ਭੈ ਭੰਜਨ, ਆਪੇ ਜਾਣੇ ਭੇਵ ਬੀਸ ਇਕੀਸਾ । ਸੰਤ ਜਨਾਂ ਹਰਿ ਸਾਚਾ ਸਾਕ ਸੈਣ ਸੱਜਣ, ਬੇਮੁਖਾਂ ਜੂਠਾ ਝੂਠਾ ਪੀਸਣ ਪੀਸਾ । ਆਤਮ ਸਰ ਸਰੋਵਰ ਸਾਚਾ

ਮਜਨ, ਜੋਤੀ ਜੋਤ ਸਰ ਏਕਾ ਖੇਲ੍ਹੇ ਸਚ ਦਰ, ਬਣਤ ਬਣਾਏ ਵਿਚ ਇਕੀਸਾ । ਸਚ ਦਵਾਰਾ ਹਰਿ ਕਰਤਾਰ । ਲੱਖ ਚੁਰਾਸੀ ਪਾਵੇ ਸਾਰ । ਸਾਧਾਂ ਸੰਤਾਂ ਪਾਵੇ ਸਾਰ । ਬੇਮੁਖਾਂ ਮਾਇਆ ਪਾਏ ਬੇਅੰਤਾ, ਆਤਮ ਭਰਿਆ ਇਕ ਹੰਕਾਰ । ਗੁਰਮੁਖ ਵਿਰਲੇ ਮੇਲ ਮਿਲਾਵਾ ਸਾਚੇ ਕੰਤਾ, ਸਾਚੀ ਸੇਜਾ ਸੁੱਤੇ ਪੁਰਖ ਅਬਿਨਾਸ਼ੀ ਨਰ ਨਰਾਇਣਾ ਦੋਏ ਪੈਰ ਪਸਾਰ । ਹਰਿ ਸੰਤ ਸੁਹੇਲ ਦਰ ਘਰ ਸਾਚੇ ਵੇਖੇ ਮੇਲਾ, ਤੀਜੇ ਨੈਣਾ ਰੰਗ ਅਪਾਰ । ਚੌਦਾਂ ਚੇਤਰ ਸ਼ਬਦ ਕਹਿਣਾ, ਝੂਠੇ ਵਹਿਣ ਸਰਬ ਵਹਿਣਾ, ਸ਼ਬਦ ਨਾ ਪਾਏ ਤਨ ਗਹਿਣਾ, ਪ੍ਰਭ ਕਾ ਭਾਣਾ ਸਿਰ ਤੇ ਸਹਿਣਾ ਪੈਣਾ, ਲੋਕਮਾਤੀ ਪੁਰਖ ਬਿਧਾਤੀ ਕਰ ਵਿਚਾਰ । ਹਰਿ ਸੰਤ ਸੁਹੇਲੇ ਗੁਰ ਸੰਗਤ ਸਾਚੀ ਮਿਲ ਕੇ ਬਹਿਣਾ, ਹਉਮੇ ਦੂਈ ਦਵੈਤੀ ਰੋਗ ਨਿਵਾਰ । ਕਾਇਆ ਮਾਟੀ ਝੂਠੀ ਚਾਟੀ, ਅਜੇ ਨਾ ਪਾਟੀ ਬਜਰ ਕਪਾਟੀ, ਸਾਚੇ ਤੀਰਥ ਸਰ ਸਰੋਵਰ ਧਰਮ ਨਿਸ਼ਾਨਾ ਬ੍ਰਹਮ ਗਿਆਨਾ ਜੋਤ ਨਿਧਾਨਾ ਨੇੜ ਨਾ ਦੀਸੇ ਪੁਰਖ ਅਬਿਨਾਸ਼ੀ ਵਾਟੀ । ਪਾਰਬ੍ਰਹਮ ਨਾ ਜੋਤ ਪਛਾਣਾ । ਸ਼ਬਦ ਰਾਗ ਨਾ ਜਾਣੇ ਕਾਨਾ । ਧੁਨੀ ਨਾਦ ਇਕ ਸੁਹਾਨਾ । ਸੁਰਤੀ ਸ਼ਬਦੀ ਮੇਲ ਮਿਲਾਨਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੇ ਰੰਗ ਸਮਾਨਾ । ਸਚ ਦਰ ਦਰਬਾਰ ਹਰਿ ਨਿਰੰਕਾਰਿਆ । ਵੇਖੇ ਖੇਲ ਅਪਾਰ ਵਿਚ ਸੰਸਾਰਿਆ । ਗੁਰਮੁਖਾਂ ਸ਼ਬਦ ਸਰੂਪੀ ਚਾੜ੍ਹੇ ਤੇਲ, ਬੇਮੁਖਾਂ ਵੇਖੇ ਬੰਦ ਕਵਾੜਿਆ । ਨਾ ਕੋਈ ਕਟੇ ਧਰਮ ਰਾਏ ਦੀ ਜੇਲ੍ਹ, ਅਗਨ ਲੱਗੇ ਨਾ ਤੱਤੀ ਹਾੜਿਆ । ਨਾ ਕੋਈ ਸੱਜਣ ਸੁਹੇਲ, ਨਾ ਕੋਈ ਫਿਰੇ ਪਿਛੇ ਅਗਾੜਿਆ । ਜੋਤੀ ਜੋਤ ਸਰੂਪ ਹਰਿ, ਜਨ ਭਗਤਾਂ ਦੇਵੇ ਇਕ ਵਰ, ਬੇਮੁਖਾਂ ਮਗਰ ਲਗਾਏ ਪੰਚ ਪੰਚਾਇਣੀ ਝੂਠੀ ਧਾੜਿਆ । ਪੰਚ ਪੰਚਾਇਣੀ ਪੰਜੇ ਚੋਰ । ਪੁਰਖ ਅਬਿਨਾਸ਼ੀ ਹੱਥ ਪਕੜੀ ਡੋਰ । ਕਾਇਆ ਰੈਣ ਅੰਧੇਰੀ, ਆਤਮ ਅੰਧ ਘੋਰ । ਗੁਰ ਪੂਰੇ ਘਰ ਸਾਚੇ ਬਹਿਣਾ ਏਕਾ ਦੂਈ ਦਵੈਤੀ ਨਾ ਪਾਵੇ ਸ਼ੋਰ । ਦਰਸ਼ਨ ਪੇਖੇ ਤੀਜੇ ਨੈਣਾ, ਅਵਰ ਨਾ ਦੀਸੇ ਹਰਿ ਬਿਨ ਹੋਰ । ਜੋਤੀ ਜੋਤ ਸਰੂਪ ਹਰਿ, ਏਕਾ ਏਕ ਚੜ੍ਹਿਆ ਸ਼ਬਦ ਸਾਚੇ ਘੋੜ । ਸ਼ਬਦ ਘੋੜਾ ਹਰਿ ਦੁੜਾਇਆ । ਤਿੰਨਾਂ ਲੋਆਂ ਪੌੜਾ ਇਕ ਲਗਾਇਆ । ਨਾ ਕੋਈ ਜਾਣੇ ਲੰਮਾ ਚੌੜਾ, ਸਾਧ ਸੰਤ ਚੜ੍ਹ ਚੜ੍ਹ ਥੱਕੇ, ਆਦਿ ਅੰਤ ਕਿਸੇ ਹੱਥ ਨਾ ਆਇਆ । ਨਾ ਕੋਈ ਜਾਣੇ ਬ੍ਰਾਹਮਣ ਗੌੜਾ, ਜੋਤ ਨਿਰੰਜਣ ਨਿਹਕਲੰਕ ਨਰਾਇਣ ਨਰ ਹਰਿ ਰਘੁਰਾਇਆ । ਆਪੇ ਵੇਖੇ ਪਰਖੇ ਮਿੱਠਾ ਕੌੜਾ, ਚੌਦਾਂ ਚੇਤਰ ਸ਼ਹਿਰ ਜਲੰਧਰ ਦਰ ਘਰ ਸਾਚੇ ਡੇਰਾ ਲਾਇਆ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਜਗਤ ਭਾਣਾ ਸਾਚਾ ਰਾਣਾ ਆਪਣੇ ਹੱਥ ਰਖਾਇਆ । ਸਾਚੇ ਸੰਤ ਸੰਤ ਗੁਰਦੇਵ । ਰਸਨਾ ਗਾਏ ਹਰਿ ਹਰਿ ਜੇਹਵ । ਪੁਰਖ ਅਬਿਨਾਸ਼ੀ ਘਟ ਘਟ ਵਾਸੀ, ਆਤਮ ਜੋਤ ਸੱਚੀ ਪਰਕਾਸ਼ੀ, ਆਪੇ ਜਾਣੇ ਅਗਲੀ ਪਿਛਲੀ ਸੇਵ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅਲਖ ਅਲਖ ਅਲਖ ਨਿਰੰਜਣ ਅਭੇਦ ਅਭੇਵ । ਅਭੇਵ ਅਛਲ ਅਛੇਦਾ । ਨਾ ਕੋਈ ਜਾਣੇ ਚਾਰੇ ਵੇਦਾ । ਜੋਤੀ ਜੋਤ ਸਰੂਪ ਹਰਿ, ਏਕਾ ਰੰਗ ਏਕਾ ਸੰਗ ਏਕਾ ਮੰਗ ਏਕਾ ਤੰਗ, ਲੋਆਂ ਪੁਰੀਆਂ ਰਿਹਾ ਲੰਘ, ਵਡ ਵਡ ਵਡ ਨਿਵੇਦਾ । ਮਿਹਰ ਸਿੰਘ ਨਾ ਮਨ ਆਈ ਮਿਹਰ । ਘਰ ਸਾਚੇ ਨਾ ਬਣ ਬੈਠੇ ਦਲੇਰ । ਜੋਤ ਸਰੂਪੀ ਖੇਲ ਰਚਾਇਆ, ਸ਼ਬਦ ਸਰੂਪੀ ਰਿਹਾ ਘੇਰ । ਵਡਾ ਵਡ ਹਰਿ ਸ਼ਾਹੋ ਭੂਪੀ, ਨਾ ਕੋਈ ਰੰਗ ਨਾ ਕੋਈ ਰੂਪੀ, ਸ੍ਰਿਸ਼ਟ ਸਬਾਈ ਅੰਧ ਕੂਪੀ, ਆਪ ਚੁਕਾਏ ਮੇਰ ਤੇਰ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਰੰਗਣ ਹਰਿ ਭਗਤ ਰੰਗਾਏ, ਜਗਤ ਚੁਕਾਏ ਸੰਞ ਸਵੇਰ । ਸੰਞ ਸਵੇਰ ਦਿਵਸ ਰੈਣ ਇਕ ਰੰਗ ਰਾਤਾ । ਪੂਰਨ

ਪੁਰਖ ਭਗਤ ਭਗਵੰਤਾ । ਸੰਤ ਜਨਾਂ ਹਰਿ ਸਾਚਾ ਕੰਤਾ । ਧੁਰ ਦਰਗਾਹੀ ਜਗਤ ਮਲਾਹੀ ਏਕਾ ਰੰਗ ਰੰਗਾਤਾ । ਆਦਿ ਅੰਤ ਗਊ ਗਰੀਬ ਨਿਮਾਣਿਆਂ, ਸ਼ਬਦ ਦੇਵੇ ਵੰਞ ਮੁਹਾਣਿਆ, ਲੱਖ ਚੁਰਾਸੀ ਫੰਦ ਕਟਾਤਾ । ਇਕ ਬਿਠਾਏ ਨਾਮ ਬਿਬਾਣਿਆ, ਮਹੱਲ ਅਟੱਲ ਅਚੱਲ ਅਖੱਲ ਸਾਚੇ ਧਾਮ ਆਪ ਸੁਹਾਤਾ । ਜੋਤੀ ਜੋਤ ਸਰੂਪ ਹਰਿ, ਇਕ ਇਕੱਲਾ ਸਚ ਮਹੱਲਾ ਵੇਖ ਵਖਾਏ ਜੰਗਲ ਜੂਹ ਉਜਾੜ ਪਹਾੜ ਜਲ ਥਲਾ ਬੈਠਾ ਰਹੇ ਇਕ ਇਕਾਤਾ । ਪੁਰਖ ਅਬਿਨਾਸ਼ੀ ਭਏ ਦਿਆਲਾ । ਕਰੇ ਖੇਲ ਇਕ ਅਕਾਲਾ । ਵੇਖ ਵਖਾਣੇ ਗੁਰ ਚੇਲ, ਅਗਨੀ ਜੋਤੀ ਹੱਥ ਫੜ ਜਵਾਲਾ । ਹਰਿ ਸੰਤ ਸੰਤ ਹਰਿ ਘਰ ਸਾਚੇ ਮਿਲੇ ਮੇਲ ਗੁਰ ਗੋਪਾਲਾ । ਜੋਤੀ ਜੋਤ ਸਰੂਪ ਹਰਿ, ਕਲਜੁਗ ਕਾਇਆ ਵੇਖੇ ਪਰਖੇ ਨਾਮ ਫਲ ਕਿਸ ਲਗਾ ਡਾਲ੍ਹਾ । ਹਰਿ ਸੰਗਤ ਸੋਹੇ ਹਰਿ ਚਰਨ ਦਵਾਰ । ਸੰਤ ਸੁਹੇਲਾ ਵਸਿਆ ਬਾਹਰ । ਗੁਰ ਸੰਗਤ ਕਲ ਉਧਰੀ ਪਾਰ । ਹਰਿ ਦਰ ਏਕਾ ਹੋਈ ਮੰਗਤ, ਮਿਲੀ ਵਸਤ ਨਾਮ ਅਪਾਰ । ਕਾਇਆ ਚੜ੍ਹੇ ਸਾਚੀ ਰੰਗਤ, ਹਉਮੇ ਰੋਗ ਦਏ ਨਿਵਾਰ । ਮਾਨਸ ਦੇਹੀ ਨਾ ਹੋਏ ਭੰਗਤ, ਮਿਲਿਆ ਮੇਲ ਨਰ ਹਰਿ ਨਿਰੰਕਾਰ । ਹਰਿ ਜਗਤ ਭਗਤ ਸਹਾਈ ਜਿਉਂ ਨਾਨਕ ਅੰਗਦ ਦੇਵੇ ਸ਼ਬਦ ਇਕ ਸਹਾਰ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਕਲਜੁਗ ਤੇਰੀ ਅੰਤਮ ਵਾਰ । ਮਨ ਮੂਲ ਸ਼ਬਦ ਤਰਸੂਲ । ਹੱਥ ਫੜਾਏ ਪੁਰਖ ਅਬਿਨਾਸ਼ੀ ਕੰਤ ਕੰਤੂਹਲ । ਦਇਆ ਕਮਾਏ ਹਰਿ ਰਘੁਰਾਏ, ਹਰਿ ਜੀ ਜਾਏ ਨਾ ਮਾਤ ਭੂਲ । ਸਚ ਸਿੰਘਾਸਣ ਹਰਿ ਬਿਰਾਜੇ, ਸ਼ਬਦ ਪੰਘੂੜਾ ਰਿਹਾ ਝੂਲ । ਰੰਗਣ ਰੰਗ ਨਾਮ ਰੰਗਾਏ, ਸਾਚਾ ਰੰਗ ਇਕ ਚਲੂਲ । ਦੂਸਰ ਦਰ ਨਾ ਮੰਗਣ ਜਾਏ, ਮਿਲੇ ਮੇਲ ਹਰਿ ਦੂਲ੍ਹਨ ਦੂਲ੍ਹ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਚੁਕਾਏ ਅਗਲਾ ਪਿਛਲਾ ਮੂਲ । ਸ਼ਬਦ ਡੋਰ ਹੱਥ ਕਰਤਾਰ, ਕਰੇ ਪਰਕਾਸ਼ ਅੰਧ ਘੋਰ । ਜੋਤੀ ਨੂਰ ਕਰ ਅਕਾਰ, ਮੇਟ ਮਿਟਾਏ ਪੰਜ ਚੋਰ । ਸ਼ਬਦ ਕਰਾਏ ਤਨ ਸ਼ਿੰਗਾਰ, ਏਕਾ ਧੁਨ ਸੱਚੀ ਘਨਘੋਰ । ਦਿਵਸ ਰੈਣ ਏਕਾ ਧਾਰ, ਆਪ ਚੁਕਾਏ ਮੋਰ ਤੋਰ । ਤੋਰ ਮੋਰ ਮੇਟ ਮਿਟਾਏ ਅੰਧ ਘੋਰ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਬਖ਼ਸ਼ੇ ਚਰਨ ਪਿਆਰ । ਚਰਨ ਪ੍ਰੀਤ ਆਤਮ ਨਾਤ । ਮਿਲੇ ਮੇਲ ਪੁਰਖ ਬਿਧਾਤ । ਕਾਇਆ ਠੰਡੀ ਠਾਰ ਕਰਾਏ, ਅੰਮ੍ਰਿਤ ਪਿਆਏ ਬੂੰਦ ਸਵਾਂਤ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ, ਆਪੇ ਪਿਤ ਆਪੇ ਮਾਤ । ਮਾਤ ਪਿਤ ਪੂਤ ਸਪੂਤ ਦਏ ਹਿਤ । ਨਿਤ ਨਵਿਤ ਗੁਰਮੁਖ ਰੱਖੇ ਉਤਮ ਜ਼ਾਤ, ਅੰਮ੍ਰਿਤ ਕਾਇਆ ਦਏ ਸਿਤ । ਫਲ ਲਗਾਏ ਸਾਚੇ ਪਾਤ, ਮਾਨਸ ਦੇਹੀ ਲੈਣੀ ਜਿਤ । ਮਿਲੇ ਮੇਲ ਪੁਰਖ ਕਮਲਾਪਾਤ, ਨਾ ਕੋਈ ਵਾਰ ਨਾ ਕੋਈ ਥਿਤ । ਸੰਞ ਸਵੇਰ ਨਾ ਕੋਈ ਦਿਵਸ ਨਾ ਕੋਈ ਰਾਤ, ਪੁਰਖ ਅਬਿਨਾਸ਼ੀ ਰਾਖੋ ਚਿਤ । ਭੈਣ ਭਾਈ ਸਖਾ ਸੁਹੇਲਾ ਪੁੱਛੇ ਵਾਤ, ਪਰਗਟ ਹੋਏ ਨਿਤ ਨਵਿਤ । ਇਕ ਇਕੇਲਾ, ਜਨ ਭਗਤਾਂ ਦੇਵੇ ਨਾਮ ਸੁਗਾਤ । ਦਰਗਾਹ ਸਾਚੀ ਸਾਚਾ ਮੇਲਾ, ਗੁਰਮੁਖ ਸਾਚੇ ਸਚ ਬਰਾਤ । ਸ਼ਬਦ ਸਰੂਪੀ ਚਾੜ੍ਹੇ ਤੇਲਾ, ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਾਮ ਧਨ ਧਨ ਨਾਮ ਪੱਲੇ ਬੰਨ੍ਹੇ ਦਾਤ । ਨਾਮ ਧਨ ਪੱਲੇ ਗੰਢ । ਪੁਰਖ ਅਬਿਨਾਸ਼ੀ ਰਿਹਾ ਵੰਡ । ਏਕਾ ਸ਼ਬਦ ਧਾਰ ਵਹਾਏ, ਅੱਠੇ ਪਹਿਰ ਰਿਹਾ ਚਲਾਏ ਵਿਚ ਬ੍ਰਹਿਮੰਡ । ਗੁਰਮੁਖ ਸਾਚਾ ਰਸਨਾ ਗਾਏ ਗੁਣ ਨਿਧਾਨ ਗੁਣ ਗੁਣਵੰਤਾ ਪੂਰਨ ਭਗਵੰਤਾ ਦੇਵੇ ਕਦੇ ਨਾ ਕੰਡ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਇਕ

ਫੜਾਏ ਸਚ ਸ਼ਬਦ, ਹੱਥ ਨਾਮ ਚੰਡ ਪਰਚੰਡ । ਸ਼ਬਦ ਚੰਡ ਹੱਥ ਫੜ । ਸਾਚੇ ਪੌੜੇ ਜਾਣਾ ਚੜ੍ਹ । ਪੁਰਖ ਅਬਿਨਾਸ਼ੀ ਆਪੇ ਫੜੇ, ਸਾਚੇ ਅੰਦਰ ਆਤਮ ਵੜ । ਕਾਇਆ ਡੂੰਘੀ ਕੰਦਰ ਮੂਲ ਨਾ ਡਰੇ, ਆਪੇ ਤੋੜੇ ਕਿਲ੍ਹਾ ਹੰਕਾਰੀ ਗੜ੍ਹ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਜਨ ਫੜਾਏ ਆਪਣਾ ਲੜ । ਸਾਚਾ ਲੜ ਫੜਿਆ ਹੱਥ । ਮਿਲੇ ਮੇਲ ਹਰਿ ਸਮਰਥ । ਨਾਮ ਦੇਵੇ ਸਾਚੀ ਵਥ । ਸਗਲ ਵਸੂਰੇ ਜਾਇਣ ਲਥ । ਸੋਹੰ ਚੜ੍ਹਾਏ ਸਾਚੇ ਰਥ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਨਿਰੰਜਣ ਨਰ ਨਿਰੰਕਾਰ ਮਹਿੰਮਾ ਜਗਤ ਅਕਥਨਾ ਅਕਥ । ਅਕਥ ਕਥਾ ਕਥੀ ਨਾ ਜਾਏ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਇਕ ਅਕਾਲਾ ਦੀਨ ਦਿਆਲਾ ਆਪਣੇ ਰੰਗ ਆਪ ਸਮਾਏ । ਗੁਰਮੁਖਾਂ ਮੇਲ ਗੁਰ ਗੋਪਾਲਾ ਸਰਬ ਰਖਵਾਲਾ, ਅੰਗ ਸੰਗ ਸੰਗ ਅੰਗ ਆਪ ਹੋ ਜਾਏ । ਧੁਰ ਦਰਗਾਹੀ ਸਚ ਦਲਾਲਾ, ਸ਼ਬਦ ਪਾਏ ਗਲ ਸੱਚੀ ਮਾਲਾ, ਫੜ ਫੜ ਬਾਂਹੋਂ ਪਾਰ ਕਰਾਏ । ਆਦਿ ਅੰਤ ਨਾ ਹੋਏ ਕੰਗਾਲਾ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਨੂਰ ਸਰਬ ਭਰਪੂਰ, ਏਕਾ ਏਕ ਏਕਾ ਰੰਗ ਸਮਾਏ । ਬ੍ਰਹਿਮੰਡ ਖੋਜ ਸ਼ਬਦ ਵੈਰਾਗ । ਸ਼ਬਦ ਜੋਗ ਤਨ ਸਵਾਰੇ ਕਾਜ । ਆਤਮ ਰਸ ਸਾਚਾ ਭੋਗ, ਸ਼ਬਦ ਧੁਨ ਮਾਰੇ ਅਵਾਜ਼ । ਹਰਿ ਦਰਸ ਇਕ ਅਮੋਘ, ਸ਼ਾਹ ਸ਼ਹਾਨਾ ਸਿਰ ਸੱਚਾ ਤਾਜ । ਲੱਖ ਚੁਰਾਸੀ ਹੋਇਆ ਵਿਜੋਗ, ਕਵਣ ਸਾਜਣਾ ਰਿਹਾ ਸਾਜ । ਹਉਮੇ ਮਾਇਆ ਲੱਗੇ ਜਗਤ ਵਿਜੋਗ, ਕੋਇ ਨਾ ਧੋਏ ਪਾਪਾਂ ਦਾਗ਼ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੁਰੀਆਂ ਲੋਆਂ ਬ੍ਰਹਿਮੰਡ ਖੰਡ ਹੱਥ ਆਪਣੇ ਪਕੜੇ ਵਾਗ । ਗੁਰ ਪੂਰਾ ਸਾਚਾ ਸੂਰਾ, ਰੰਗਣ ਨਾਮ ਮਜੀਠ ਚੜ੍ਹਾਏ । ਆਤਮ ਜੋਤੀ ਬਖ਼ਸ਼ੇ ਨੂਰਾ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਦਵਾਰਾ ਨਰ ਨਿਰੰਕਾਰਾ ਸਾਚਾ ਮੇਲ ਮਿਲਾਏ ।।



੧੫ ੦੫

★ ੧੪ ਚੇਤ ੨੦੧੨ ਬਿਕ੍ਰਮੀ ਸੰਤ ਈਸ਼ਰ ਸਿੰਘ ਢੈ ਪਈ ਪਿੰਡ ਵਾਲੇ ਨੂੰ ਸ਼ਬਦ ਭੇਜਿਆ ਕੋਟਕਪੂਰਾ ★

ਗੁਰ ਗੋਬਿੰਦ ਹਰਿ ਮਾਤ ਉਪਜਾਇਆ । ਤਨ ਮੰਦਰ ਲੱਬੀ ਸਗਲੀ ਚਿੰਦ, ਸ਼ਬਦ ਦਾਤ ਹਰਿ ਝੋਲੀ ਪਾਇਆ । ਜੋਤੀ ਨੂਰ ਹਰਿ ਮਰਗਿੰਦ ਸਾਗਰ ਸਿੰਧ, ਅੰਮ੍ਰਿਤ ਧਾਰ ਰਿਹਾ ਵਹਾਇਆ । ਆਪੇ ਜਾਣੇ ਆਪਣੀ ਬਿੰਦ ਲੋਕਮਾਤ ਕਿਸੇ ਦਿਸ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਏਕਾ ਵਸੇ ਸਚ ਘਰ, ਸਚ ਸਿੰਘਾਸਣ ਡੇਰਾ ਲਾਇਆ । ਸਚ ਘਰ ਇਕ ਦਵਾਰ । ਮਿਲੇ ਵਰ ਜੋਤ ਨਿਰੰਕਾਰ । ਸਾਚਾ ਸਰ ਆਤਮ ਖੋਲ੍ਹੇ ਬੰਦ ਕਿਵਾੜ । ਦਰ ਘਰ ਜਾਏ ਤਰ, ਨੇੜ ਨਾ ਆਏ ਮੌਤ ਲਾੜ । ਸ਼ਬਦ ਭੰਡਾਰੇ ਰਿਹਾ ਭਰ, ਜੋਤੀ ਨੂਰ ਬਹੱਤਰ ਨਾੜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਮੇਟ ਮਿਟਾਏ ਪੰਚਮ ਧਾੜ । ਸ਼ਬਦ ਬਾਣ ਬਾਣ ਅਕਾਸ਼ । ਗੁਰਮੁਖ ਮਾਣ ਰਸ ਰਸਨ ਸਵਾਸ । ਨਾ ਕੋਈ ਜਾਣੇ ਪੀਣ ਖਾਣਾ, ਆਤਮ ਮਧ ਮਧੁਰ ਰਸ ਸਵਾਸ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਕਾਇਆ ਮੰਡਲ ਡੇਰਾ ਲਾਏ ਵੇਖ ਵਖਾਣੇ ਚੌਦਾਂ ਹੱਟ ਪਰਭਾਸ । ਆਤਮ ਧਾਰ ਇਕ ਅਵੱਲੀ । ਜੋਤ ਨਿਰੰਜਣ ਨਰ ਅਕਾਰ, ਨਿਰਵੈਰ ਅਲਖ ਏਕਾ ਏਕ ਸੱਚੀ ਸਰਕਾਰ, ਸ਼ਬਦ ਧਾਰ ਲੋਕਮਾਤ ਚਲੀ । ਚਾਰ ਵਰਨਾਂ ਇਕ ਪਿਆਰ, ਸੋਹੰ ਸ਼ਬਦ ਜਗਤ ਜੈਕਾਰ ਗਲੀ ਗਲੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,

ਨਿਹਕਲੰਕ ਨਰਾਇਣ ਨਰ, ਗੁਰਮੁਖ ਵੇਖੇ ਸਾਚੇ ਘਰ ਜਗਤ ਜਗਦੀਸ ਨਾ ਸੀਸ ਦੀਸੇ ਕਿਸੇ ਤਲੀ । ਗੁਰ ਦਵਾਰ ਗੁਰ ਮੰਤ, ਮਨ ਸ਼ਬਦ ਜੈਕਾਰਾ । ਭਾਂਡਾ ਭਰਮ ਦੇਵੇ ਭੰਨ ਜੋਤ ਨਿਰੰਕਾਰਾ । ਸਾਚਾ ਰਾਗ ਸੁਣਾਏ ਕੰਨ, ਪੂਰਾ ਹਰਿ ਨਰ ਕਰ ਦਰਸ ਅਪਾਰਾ । ਹਉਮੇ ਨਿਕਲੇ ਮਾਤ ਜਨ, ਪਰਗਟ ਹੋਏ ਚਵੀਆਂ ਅਵਤਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਬੇੜਾ ਉਠਾਏ ਕੰਧ, ਬਾਣੀ ਅਕਾਸ਼ ਨਾ ਜਾਣੇ ਵਿਚ ਪਰਭਾਸ, ਸ਼ਬਦ ਅਭਿਆਸ ਮਾਤ ਨਿਧਾਨਾ । ਮਨ ਬੈਰਾਗੀ ਰਹੇ ਉਦਾਸ, ਕਾਇਆ ਖੇੜਾ ਸੁੰਞੇ ਮਸਾਣੀ । ਨਰ ਹਰਿ ਸਚ ਘਰ ਨਾ ਹੋਇਆ ਦਾਸ, ਮਿਟੇ ਅੰਧੇਰ ਨਾ ਅੰਧ ਅੰਧਿਆਨੀ । ਦਸਵੇਂ ਘਰ ਨਾ ਪਵਣ ਸਵਾਸ, ਸੁਨ ਮੁਨ ਨਾ ਕੋਈ ਜਾਣੀ । ਸਚ ਮੰਡਲ ਹਰਿ ਸਾਚੀ ਰਾਸ, ਜੋਤ ਨਿਰੰਜਣ ਪੂਰਨ ਭਗਵਾਨੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਲੋਕਮਾਤ ਹਰਿ ਜੋਤ ਧਰ, ਕਰੇ ਖੇਲ ਗੁਰ ਗੋਬਿੰਦਾ ਸਰਬ ਬਖ਼ਸ਼ਿੰਦਾ ਵਾਲੀ ਦੋ ਜਹਾਨੀ ।

ਹਰਿ ਸ਼ਬਦ ਗੁਰ ਮੰਤਰ, ਜੁਗਾ ਜੁਗੰਤਰ ਸਾਚੀ ਗੀਤ । ਤਨ ਬੁਝਾਏ ਲੱਗੀ ਬਸੰਤਰ, ਏਕਾ ਬਖ਼ਸ਼ੇ ਚਰਨ ਪ੍ਰੀਤ । ਸਾਧ ਸੰਤ ਜੀਵ ਜੰਤ ਪ੍ਰਭ ਜਾਣੇ ਅੰਤਰ ਕਾਇਆ ਮੰਦਰ ਕਾਅਬਾ ਦੋਆਬਾ ਸਚ ਮਸੀਤ । ਜੋਤ ਜਗੇ ਅੰਦਰੇ ਅੰਦਰ ਅੰਧੇਰੀ ਕਾਇਆ ਡੂੰਘੀ ਕੰਦਰ, ਸਚ ਸਿੰਘਾਸਣ ਹਰਿ ਮੇਲ ਮਿਲਾਵਾ, ਹਰਿ ਸਾਚਾ ਆਪੇ ਤੋੜੇ ਵੱਜਾ ਜੰਦਰ, ਅੱਠੇ ਪਹਿਰ ਦਿਵਸ ਰੈਣ ਸਾਕ ਸੱਜਣ ਸੈਣਾ ਪਰਖੇ ਨੀਤ । ਬੇਮੁਖ ਮਾਇਆ ਭੁੱਲੇ ਬਾਹਰ ਭੌਂਦੇ ਬੰਦਰ, ਕਲਜੁਗ ਔਧ ਗਈ ਬੀਤ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਾਰ ਵਰਨਾਂ ਏਕਾ ਸਰਨਾ, ਸੋਹੰ ਸੁਣਾਏ ਸ਼ਬਦ ਸੁਹਾਗੀ ਗੀਤ । ਸੋਹੰ ਸ਼ਬਦ ਸ਼ਬਦ ਗੁਰ ਦਾਤ । ਭੇਵ ਚੁਕਾਉਣਾ ਏਕਾ ਦੋਅੰ, ਮੇਲ ਮਿਲਾਏ ਇਕ ਇਕਾਂਤ । ਆਦਿ ਅੰਤ ਜੁਗਾ ਜੁਗੰਤ ਭਗਤ ਭਗਵੰਤ, ਏਕਾ ਧਾਰ ਵਿਚ ਸੰਸਾਰ ਦੇਵੇ ਹਰਿ ਪੁਰਖ ਅਬਿਨਾਸ਼ ਸਾਚਾ ਮੀਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਦੇਵੇ ਜੀਆ ਦਾਨ, ਕਿਰਪਾ ਕਰ ਹਰਿ ਸ੍ਰੀ ਭਗਵਾਨ, ਮਾਨਸ ਦੇਹੀ ਜਾਣਾ ਜੀਤ । ਮਾਨਸ ਦੇਹੀ ਜਗਤ ਹੱਟ । ਸ਼ਬਦ ਵਣਜਾਰਾ ਸਾਚਾ ਪੱਟ । ਸਚ ਸਰੋਵਰ ਇਕ ਕਿਨਾਰਾ, ਦੂਸਰ ਨਾਹੀ ਕੋਈ ਤਟ । ਮਿਲੇ ਮੇਲ ਅਗੰਮ ਅਪਾਰਾ, ਜੋਤੀ ਭਾਨਨ ਕਰੇ ਪਰਕਾਸ਼, ਜੋਤ ਉਜਿਆਰਾ ਘਟ ਘਟ । ਸਾਚਾ ਸ਼ਬਦ ਸੁਣੇ ਸੁਣਾਏ ਸੱਚੀ ਧੁਨਕਾਰਾ, ਏਕਾ ਧਾਰ ਜੋਤ ਲਟ ਲਟ । ਆਤਮ ਦਰ ਦਵਾਰੇ ਸਾਚੇ ਨਿਰਵੈਰ ਨਿਰੰਕਾਰ ਬਹਿਣਾ, ਦੁਰਮਤ ਮੈਲ ਰਿਹਾ ਕੱਟ । ਸ਼ਬਦ ਪਹਿਨਾਏ ਤਨ ਸਾਚਾ ਗਹਿਣਾ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੱਖ ਚੁਰਾਸੀ ਦਿਸੇ ਖੇਲ ਜਿਉਂ ਬਾਜੀਗਰ ਨਟ । ਨਟੂਆ ਨਾਟ ਨਾਟ ਕਲਧਾਰੀ । ਵੇਖ ਵਖਾਣੇ ਸਾਚੇ ਹਾਟ, ਕਵਣ ਸੰਤ ਮਾਤ ਪੰਸਾਰੀ । ਅੰਤਮ ਨੇੜ ਆਈ ਵਾਟ, ਗੁਰੂਆਂ ਪੀਰਾਂ ਘਰ ਦਰ ਏਕਾ ਸ਼ਬਦ ਆਈ ਘਾਟ, ਆਤਮ ਮਾਣ ਜਗਤ ਹੰਕਾਰੀ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸ਼ਬਦ ਹੱਥ ਉਠਾਏ ਇਕ ਕਟਾਰੀ । ਚਰਨ ਦਵਾਰ ਹਰਿ ਜਗਦੀਸ । ਏਕਾ ਘਰ ਸੱਚਾ ਘਰ ਬਾਹਰ, ਮਿਟੇ ਭੇਵ ਰਾਗ ਛਤੀਸ । ਸ਼ਬਦ ਧੁਨ ਸੱਚੀ ਧੁਨਕਾਰ, ਦੂਸਰ ਨਾ ਪੜ੍ਹੇ ਹੋਰ ਹਦੀਸ । ਸੱਚਾ ਸ਼ਬਦ ਆਰ ਪਾਰ ਵਿਚ ਸੰਸਾਰ, ਛਤਰ ਝੁਲੇ ਏਕਾ ਸੀਸ । ਮਾਨਸ ਦੇਹੀ ਲੱਖ ਚੁਰਾਸੀ

ਆਈ ਹਾਰ, ਕਲਜੁਗ ਚੱਕੀ ਰਹੇ ਪੀਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ ਸੋਹੰ ਸ਼ਬਦ ਸਚ ਵਸਤ ਫੜਾਏ ਦਸਤ ਚੁਕੇ ਭੇਵ ਇਕੀਸ । ਕਵਣ ਬਿਧ ਹਰਿ ਸਾਚਾ ਪਾਈਏ । ਕਵਣ ਕਰੇ ਕਾਰਜ ਸਿਧ, ਦਿਵਸ ਰੈਣ ਸਦ ਦਰਸ਼ਨ ਪਾਈਏ । ਕਵਣ ਉਪਜਾਏ ਕਾਇਆ ਅੰਦਰ ਨੌਂ ਨਿਧ, ਕਵਣ ਜੋਤੀ ਨੂਰ ਸ਼ਬਦ ਤੂਰ ਘਰ ਸਾਚੇ ਜਾਈਏ । ਕਵਣ ਮਨ ਤਨ ਆਤਮ ਦਏ ਵਿਧ, ਜੋਤ ਨਿਰੰਜਣ ਦਰਦ ਦੁੱਖ ਭੈ ਭੰਜਨ ਆਤਮ ਸਾਚਾ ਮੇਲ ਮਿਲਾਈਏ । ਜੋਤੀ ਜੋਤ ਸਰੂਪ ਹਰਿ, ਦਿਸ ਨਾ ਆਏ ਕਿਸੇ ਘਰ, ਕਵਣ ਦਵਾਰਾ ਸਚ ਘਰ ਬਾਹਰਾ ਅਲਖ ਨਿਰੰਜਣ ਏਕਾ ਪੁਰਖ ਸਚ ਭਤਾਰਾ, ਸਾਚੀ ਨਾਰੀ ਏਕਾ ਸੇਜਾ ਰੰਗ ਰੰਗੀਲਾ ਮਾਧੋ ਕੰਤ ਹੰਢਾਈਏ । ਆਤਮ ਧਿਆਨ ਹਰਿ ਭਗਵਾਨ । ਕਲਜੁਗ ਮਾਇਆ ਹੱਥ ਨਾ ਆਏ, ਏਕਾ ਸ਼ਬਦ ਬ੍ਰਹਮ ਗਿਆਨ । ਸਾਚੇ ਰਥ ਨਾ ਕੋਈ ਚੜ੍ਹਾਏ, ਕਲਜੁਗ ਜੀਵ ਜੂਠੇ ਝੂਠੇ ਪਾਜੀ ਬੇਈਮਾਨ । ਪੰਜਾਂ ਚੋਰਾਂ ਨਾ ਕੋਈ ਮਥ ਵਖਾਏ, ਸ਼ਬਦ ਫੜਾਏ ਰਸਨਾ ਤੀਰ ਕਮਾਨ । ਹਰਿ ਹੱਥ ਨਾ ਕੋਇ ਉਠਾਇਆ, ਆਤਮ ਜੋਤੀ ਜਗੇ ਮਹਾਨ । ਸਾਚੀ ਵਸਤ ਨਾਮ ਵਥ ਨਾ ਕੋਈ ਝੋਲੀ ਪਾਏ, ਨਾ ਕੋਈ ਮੇਟੇ ਅੰਧ ਅਗਿਆਨ । ਸੀਆ ਸਾਢੇ ਤਿੰਨ ਹੱਥ ਵੱਖ ਰਖਾਈ, ਮਾਨਸ ਦੇਹੀ ਬੀਆਬਾਨ । ਪੁਰਖ ਅਬਿਨਾਸ਼ੀ ਅਕਥਨਾ ਅਕਥ, ਕਵਣ ਵਖਾਏ ਮੇਲ ਮਿਲਾਏ ਸ੍ਰੀ ਭਗਵਾਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ, ਏਕਾ ਦੇਵੇ ਨਾਮ ਧਨਾ ਸੋਹੰ ਸ਼ਬਦ ਵਿਚ ਜਹਾਨ । ਸੋਹੰ ਸ਼ਬਦ ਸਾਚਾ ਰਾਗ । ਗੁਰਮੁਖ ਸੋਇਆ ਜਾਏ ਜਾਗ । ਆਤਮ ਧੋਏ ਦੂਈ ਦਵੈਤੀ ਦਾਗ਼ । ਪੁਰਖ ਅਬਿਨਾਸ਼ੀ ਘਟ ਘਟ ਵਾਸੀ, ਅੰਦਰ ਬਾਹਰ ਗੁਪਤ ਜਾਹਿਰ ਹੱਥ ਆਪਣੇ ਪਕੜੇ ਵਾਗ । ਮਿਲੇ ਮੇਲ ਪੁਰਖ ਅਬਿਨਾਸ਼ੀ, ਸਾਚਾ ਮੇਲਾ ਕੰਤ ਸੁਹਾਗ । ਹਰਿ ਰਸ ਰਸਨਾ ਰਸਨ ਸਵਾਸੀ, ਜਗਤ ਬੁਝਾਏ ਤ੍ਰਿਸ਼ਨਾ ਆਗ । ਅਠੇ ਪਹਿਰ ਰਹੇ ਉਦਾਸੀ, ਹੰਸ ਬਣਾਏ ਗੁਰਮੁਖ ਕਾਗ । ਧਰਮ ਰਾਏ ਦਰ ਕਟੇ ਫਾਸੀ, ਇਕ ਸੁਣਾਏ ਸ਼ਬਦ ਰਾਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਪਰਕਾਸ਼ੀ ਗੁਰਮੁਖ ਸੋਇਆ ਜਾਏ ਜਾਗ । ਬ੍ਰਹਿਮੰਡ ਖੋਜ ਹਰਿ ਬਨਵਾਰਿਆ । ਹਰਿ ਸ਼ਬਦ ਜੋਗ ਗੁਰਮੁਖ ਸਾਚੇ ਸੰਤ ਸੰਤ ਦੁਲਾਰਿਆ । ਆਤਮ ਜੋਤੀ ਦਰਸ ਅਮੋਘ ਕਟੇ ਹਉਮੇ ਰੋਗ, ਧੁਰ ਸੰਜੋਗ ਮਿਲਾ ਰਿਹਾ । ਲੋਕਮਾਤ ਨਾ ਹੋਏ ਵਿਜੋਗ, ਆਤਮ ਰਸ ਰਸਨਾ ਸਾਚਾ ਭੋਗ, ਤ੍ਰਿਸਨਾ ਭੁੱਖ ਮਿਟਾ ਰਿਹਾ । ਜੋਤੀ ਜੋਤ ਸਰੂਪ ਹਰਿ, ਜੋਤੀ ਮੇਲਾ ਸੱਜਣ ਸੁਹੇਲਾ ਇਕ ਇਕੇਲਾ ਪਾਰਬ੍ਰਹਮ ਸਚ ਧਰਮ ਏਕਾ ਕਰਮ ਮਾਤ ਚਲਾ ਰਿਹਾ । ਸਾਚਾ ਧਰਮ ਧਰਮ ਧਰਮਾਤਮ । ਏਕਾ ਏਕ ਪੁਰਖ ਅਬਿਨਾਸ਼ੀ, ਸਰਬ ਜੀਆਂ ਬਿਧ ਜਾਣੇ ਆਤਮ । ਪਰਗਟ ਜੋਤ ਘਨਕਪੁਰ ਵਾਸੀ, ਸੋਹੰ ਦੇਵੇ ਸਾਚਾ ਬੀਆ ਮੇਟ ਮਿਟਾਏ ਜ਼ਾਤ ਪਾਤਮ । ਜੋਤ ਨਿਰੰਜਣ ਲੱਖ ਚੁਰਾਸੀ ਏਕਾ ਲੀਆ, ਏਕਾ ਧਰਮ ਸਤਿ ਸਨਾਤਨ । ਚਾਰ ਵਰਨ ਏਕਾ ਹੀਆ, ਨਾ ਕੋਈ ਕਰੇ ਕਲਜੁਗ ਖਾਤਮ । ਸਤਿਜੁਗ ਰਖਾਏ ਸਾਚੀ ਨੀਆ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਦਰਸ ਦਿਖਾਏ ਜੋਤੀ ਨੂਰ ਬਾਤਨ । ਬਾਤਨ ਨੂਰ ਜੋਤ ਉਜਾਲਾ । ਆਤਮ ਮਿਟੇ ਅੰਧੇਰੀ ਰਾਤਨ, ਸ਼ਬਦ ਪਹਿਨਾਏ ਤਨ ਸਾਚੀ ਮਾਲਾ । ਮਿਲੇ ਮੇਲ ਹਰਿ ਕਮਲਾਪਾਤਨ, ਦਰਸ ਦਿਖਾਏ ਗੁਰ ਗੋਪਾਲਾ । ਹੋਏ ਸਹਾਏ ਮਾਤ ਪਿਤ ਪਿਤ ਮਾਤਨ, ਗੁਰਮੁਖਾਂ ਫਲ ਲਗਾਏ ਕਾਇਆ ਸਾਚੇ ਡਾਲਾ । ਵੇਲੇ ਅੰਤਮ ਪੁਛੇ ਵਾਤਨ, ਨਿਹਕਲੰਕ ਨਰਾਇਣ ਨਰ, ਦਿਵਸ ਰੈਣਾ ਦਰ ਘਰ ਸਾਚੇ ਬਹਿਣਾ ਹੋਏ ਸਦਾ ਰਖਵਾਲਾ । ਸਦਾ ਰਖਵਾਲ ਜੁਗਾ ਜੁਗੰਤਿਆ । ਹਰਿ ਭਗਤ ਕਰੇ ਰਖਵਾਲ ਪੂਰਨ ਭਗਵੰਤਿਆ ।

ਦੀਪਕ ਜੋਤੀ ਆਤਮ ਰਿਹਾ ਬਾਲ । ਦੇਵੇ ਮਾਣ ਵਡ ਵਡ ਸਾਧਨ ਸੰਤਿਆ । ਜੋਤ ਪਰਕਾਸ਼ ਗਗਨ ਸਚ ਬਾਲ, ਮਸਤਕ ਨੂਰ ਆਦਿਨ ਅੰਤਿਆ । ਗੁਰਮੁਖ ਵਿਰਲੇ ਅਨਮੁੱਲੜੇ ਲਾਲ ਪਾਲ ਮੇਲ ਮਿਲਾਏ ਸਾਚੇ ਕੰਤਿਆ । ਦੇਵੇ ਸ਼ਬਦ ਸੱਚਾ ਧੰਨ ਮਾਲ, ਨਾ ਪਿੰਜਰ ਨਾ ਕੋਈ ਖਾਲ, ਜੋਤ ਨਿਰੰਜਣ ਗਗਨ ਗਗਨੰਤਿਆ । ਲੱਖ ਚੁਰਾਸੀ ਖਾਏ ਕਾਲ, ਹਰਿ ਜੋਤ ਨਿਰੰਜਣ ਮਾਤ ਪਤਾਲ ਅਕਾਸ਼ ਆਦਿ ਅੰਤ ਜੁਗਾ ਜੁਗੰਤ ਰਹੰਤਿਆ । ਗੁਰਮੁਖ ਪੂਰੀ ਘਾਲਨ ਰਹੇ ਘਾਲ, ਸਤਾਰਾਂ ਹਾੜੀ ਤੋੜੇ ਜਗਤ ਜੰਜਾਲ, ਕਾਇਆ ਰੰਗਣ ਇਕ ਰੰਗਾਏ, ਹੋਏ ਬਾਹਰ ਸਦਾ ਬਸੰਤਿਆ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਹਰਿ ਸੰਤ ਸੁਹੇਲੇ ਦਰ ਘਰ ਸਾਚੇ ਮੇਲੇ, ਆਪ ਕਰਾਏ ਬਣਾਏ ਸਾਚੀ ਬਣਤਿਆ । ਬਣਤ ਬਣਾਏ ਹਰਿ ਦਵਾਰ । ਗੁਰਮੁਖ ਸਾਚੇ ਸੰਤ ਅਪਾਰ । ਵੇਖ ਵਖਾਣੇ ਲੱਖ ਚੁਰਾਸੀ ਜੀਵ ਜੰਤ ਊਚ ਨੀਚ ਜਲ ਥਲ ਪਾਰ ਕਿਨਾਰ । ਬੇਮੁਖਾਂ ਮਾਇਆ ਪਾਏ ਬੇਅੰਤ, ਗੁਰਮੁਖਾਂ ਆਤਮ ਜੋਤੀ ਕਰ ਉਜਿਆਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿਜਨ ਜਨ ਹਰਿ ਸਾਚੇ ਸੰਤ ਖੋਲ੍ਹੇ ਬੰਦ ਕਿਵਾੜ । ਖੋਲ੍ਹੇ ਬੰਦ ਕਿਵਾੜ ਜੋਤ ਜਗਾਈਆ । ਦਰ ਘਰ ਸਾਚੇ ਦੇਵੇ ਵਾੜ, ਅਠੇ ਪਹਿਰ ਜੋਤ ਸਵਾਈਆ । ਹੋਏ ਪਰਕਾਸ਼ ਬਹੱਤਰ ਨਾੜ, ਧੁਨੀ ਨਾਦ ਨਾਦ ਸ਼ਬਦ ਧੁਨ ਏਕਾ ਡੰਕ ਵਜਾਈਆ । ਬਜਰ ਕਪਾਟੀ ਦੇਵੇ ਪਾੜ, ਅੰਮ੍ਰਿਤ ਝਿਰਨਾ ਨਿਝਰ ਰਿਹਾ ਝਿਰਾਈਆ । ਗੁਰਮੁਖ ਬਣਾਏ ਸਾਚੇ ਲਾੜ, ਲਾੜੀ ਮੌਤ ਨੇੜ ਨਾ ਆਈਆ । ਮੇਟ ਮਿਟਾਏ ਪੰਜਾਂ ਧਾੜ, ਸ਼ਬਦ ਵਾੜ ਹਰਿ ਕਰਾਈਆ । ਧਰਤ ਮਾਤ ਤੇਰਾ ਬਣੇ ਅਖਾੜ, ਨੌਂ ਖੰਡ ਪ੍ਰਿਥਮੀ ਭੇੜ ਭਿੜਾਈਆ । ਭੇਵ ਖੁਲ੍ਹਾਏ ਸਤਾਰਾਂ ਹਾੜ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਏਕਾ ਬਾਣ ਸ਼ਾਹ ਸੁਲਤਾਨ ਵਿਚ ਜਹਾਨ, ਹਰਿ ਬਲਵਾਨ ਸ਼ਬਦ ਡੰਡੇ ਰਿਹਾ ਜਗਾਈਆ । ਹਰਿ ਬਲਵਾਨ ਸ਼ਬਦ ਕਟਾਰੀਆ । ਅੱਠੇ ਪਹਿਰ ਨੌਜਵਾਨ ਨਾ ਆਵੇ ਪਾਸਾ ਹਾਰੀਆ । ਆਪੇ ਕਰੇ ਜਾਣ ਪਛਾਣ, ਚਾਰ ਕੁੰਟ ਦਹਿ ਦਿਸ਼ ਵਾਰੇ ਵਾਰੀਆ । ਸੋਹੰ ਚਲਾਏ ਏਕਾ ਬਾਣ, ਲੋਆਂ ਪੁਰੀਆਂ ਆਪ ਚਲਾ ਰਿਹਾ । ਲੱਖ ਚੁਰਾਸੀ ਲਹੂ ਮਿਝ ਘਾਣ, ਧਰਤ ਮਾਤ ਖ਼ੁਸ਼ੀ ਮਨਾ ਰਿਹਾ । ਧਰਮ ਰਾਏ ਨਾ ਆਈ ਹਾਨ, ਕਲਜੁਗ ਅੰਤਮ ਹਰਿ ਕਰੇ ਖੇਲ ਮਹਾਨਿਆ । ਲਾੜੀ ਮੌਤ ਮੰਗਿਆ ਦਾਨ, ਬੇਮੁਖਾਂ ਝੋਲੀ ਹਰਿ ਭਰਾ ਰਿਹਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਮਾਣ ਤਾਣ ਵਿਚ ਜਹਾਨ, ਰਾਓ ਰੰਕ ਰੰਕ ਰਾਜਾਨ ਏਕਾ ਏਕ ਕਰਾ ਰਿਹਾ । ਏਕਾ ਹਰਿ ਰਾਜ ਰਾਜਾਨਾ । ਨਾ ਕੋਈ ਦੀਸੇ ਦੂਜਾ ਦਰ ਸ਼ਾਹ ਸ਼ਹਾਨਾ । ਗੁਰਮੁਖ ਵਿਰਲਾ ਪ੍ਰਭ ਅਬਿਨਾਸ਼ੀ ਲਏ ਵਰ, ਜੋਤੀ ਨੂਰ ਵਡ ਸੁਖਾਨਾ । ਨਾ ਜਨਮੇ ਨਾ ਜਾਏ ਮਰ, ਸ਼ਬਦ ਸ਼ਬਦੀ ਬੰਨ੍ਹੇ ਗਾਨਾ । ਆਪ ਚੁਕਾਏ ਜਮ ਕਾ ਡਰ, ਧਰਮ ਰਾਏ ਹਰਿ ਫੰਦ ਕਟਾਨਾ । ਇਕ ਵਖਾਏ ਸਾਚਾ ਘਰ, ਅਟੱਲ ਅਚੱਲ ਅਥਲ ਸ੍ਰੀ ਭਗਵਾਨਾ । ਆਪਣੀ ਕਰਨੀ ਰਿਹਾ ਕਰ, ਸ਼ਬਦ ਤੂਰਤ ਨਾਮ ਮੂਰਤ ਪਵਣ ਮਧ ਸੁਰਤ ਗਿਆਨਾ । ਬੇਮੁਖਾਂ ਦਿਸੇ ਸਦਾ ਦੂਰਤ, ਲੱਖ ਚੁਰਾਸੀ ਦਿਸੇ ਕੂੜਤ, ਗੁਰਮੁਖਾਂ ਆਤਮ ਰਾਮ ਪਛਾਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਸਾਚਾ ਸ਼ਬਦ ਤੀਰ ਚਲਾਏ, ਰਸਨਾ ਖਿਚੇ ਇਕ ਕਮਾਨਾ । ਰਸਨ ਕਮਾਨ ਹਰਿ ਉਠਾਈਆ । ਸੋਹੰ ਚਿੱਲਾ ਰਿਹਾ ਚੜ੍ਹਾਈਆ । ਮੇਟ ਮਿਟਾਏ ਬੂਰਾ ਕੱਕਾ ਬਿਲਾ, ਉਚਾ ਟਿੱਲਾ ਆਪੇ ਢਾਹੀਆ । ਘਰ ਘਰ ਕੱਢਣ ਸਾਰੇ ਸ਼ਿਲਾ, ਗੁਰ ਪੀਰ ਔਲੀਏ ਸ਼ੇਖ਼ ਗੌਸ ਕੁਤਬ ਮਜ਼ੌਰ ਸਾਧ ਸੰਤ ਦਏ ਹਿਲਾਈਆ ।


੧੮ ੦੫

ਵੇਖੇ ਪਰਖੇ ਮਿਠੇ ਕੌੜ, ਸ਼ਬਦ ਘੋੜਾ ਚੁੱਕੇ ਪੌੜ, ਧੁਰ ਦਰਗਾਹੀ ਆਇਆ ਦੌੜ, ਨਾ ਕੋਈ ਸਕੇ ਮਾਤ ਮੋੜ, ਅਚਰਜ ਖੇਲ ਹਰਿ ਵਰਤਾਈਆ । ਗੁਰਮੁਖਾਂ ਅੰਤਮ ਵੇਲੇ ਪਏ ਬਹੁੜ, ਤ੍ਰੈਲੋਕੀ ਨਾਥੀ ਸਚ ਘਟ ਨਿਵਾਸੀ ਲੋਆਂ ਪੁਰੀਆਂ ਦਰ ਦਵਾਰਾ ਇਕ ਖੁਲ੍ਹਾਈਆ । ਭੇਵ ਖੁਲ੍ਹਾਏ ਹਰਿ ਬ੍ਰਹਿਮਣ ਗੌੜ, ਕਲਜੁਗ ਅੰਤਮ ਹੋਣਾ ਚੌੜ, ਸੰਬਲ ਦੇਸਾ ਪ੍ਰਭ ਜੋਤ ਪਰਵੇਸ਼ਾ, ਗੁਰ ਗੋਬਿੰਦੇ ਲੇਖ ਭਵਿਖਤੇ ਪੂਰ ਕਰਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੱਖ ਚੁਰਾਸੀ ਪੰਜ ਤੱਤੀ ਚੋਰ, ਜੋਤ ਨਿਰੰਜਣ ਹੱਥ ਪਕੜੀ ਡੋਰ, ਸਾਧ ਸੰਤ ਕਿਸੇ ਦਿਸ ਨਾ ਆਈਆ ।

## ★ ੧੫ ਚੇਤ ੨੦੧੨ ਬਿਕ੍ਰਮੀ ਭਾਰਤ ਦੇ ਵਡੇ ਜੱਜ ਨੂੰ ਸ਼ਬਦ ਭੇਜਿਆ ★

ਜਗਤ ਵਕੀਲ ਕਵਣ ਭਗਤ ਦਲੀਲ । ਕਾਇਆ ਬੂੰਦੀ ਬੂੰਦੀ ਰਕਤ, ਮਾਨਸ ਦੇਹੀ ਛੈਲ ਛਬੀਲ । ਆਤਮ ਜੋਤੀ ਕਿਸ ਟਿਕਾਈ ਸਾਚੀ ਸ਼ਕਤ, ਧੁਰ ਦਰਗਾਹ ਕਵਣ ਸੁਣੇ ਅਪੀਲ । ਕਵਣ ਰਾਗ ਜਗਤ ਤਿਆਗ ਕਵਣ ਸੁਣਾਏ ਕਵਣ ਕੰਠ ਬਸਨ ਬਨਵਾਰੀ, ਕਵਣ ਜ਼ਾਤੀ ਪਾਤੀ ਭੀਲ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਵਣ ਸੁ ਵੇਲਾ ਲੋਕਮਾਤ ਕਰੇ ਅਖੀਰ । ਜਗਤ ਵਕੀਲ ਵੇਖ ਵਿਚਾਰ । ਪੁਰਖ ਅਬਿਨਾਸ਼ੀ ਘਟ ਘਟ ਵਾਸੀ, ਕਵਣ ਬੰਨ੍ਹੇ ਸਤਿਜੁਗ ਧਾਰ । ਬੇਮੁਖ ਜੀਵਾਂ ਕਿਸ ਬਿਧ ਦੇਵੇ ਅੰਤਮ ਫਾਸੀ, ਗੁਰਮੁਖਾਂ ਦੇਵੇ ਸ਼ਬਦ ਹੁਲਾਰ । ਮੇਟ ਮਿਟਾਏ ਮਦਿਰਾ ਮਾਸੀ, ਕਵਣ ਹੁਕਮ ਚਲਾਏ ਵਿਚ ਸੰਸਾਰ । ਕਵਣ ਜੋਤ ਮਾਤ ਪਰਕਾਸ਼ੀ, ਆਤਮ ਖੋਲ੍ਹੇ ਵੇਖ ਬੰਦ ਕਿਵਾੜ । ਲੋਆਂ ਪੁਰੀਆਂ ਜਿਸ ਚਰਨ ਦਾਸੀ, ਖੋਲ੍ਹੇ ਭੇਵ ਸਤਾਰਾਂ ਹਾੜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਘੋੜਾ ਚਾਰੇ ਕੁੰਟ ਦੁੜਾਏ, ਧਰਤ ਮਾਤ ਤੇਰਾ ਵੇਖੇ ਇਕ ਅਖਾੜ । ਜਗਤ ਵਕੀਲ ਆਤਮ ਧਿਆਨ । ਪੰਜੇ ਚੋਰ ਘਰ ਘਰ ਸ਼ੈਤਾਨ । ਨੌਂ ਖੰਡ ਪ੍ਰਿਥਮੀ ਕਵਣ ਚੁਕਾਏ ਮੋਰ ਤੋਰ, ਕਵਣ ਦਿਵਾਏ ਨਾਮ ਧਿਆਨ । ਸੱਤਾਂ ਦੀਪਾਂ ਅੰਧ ਘੋਰ, ਸਾਚਾ ਦੀਪਕ ਨਾ ਕੋਈ ਜਗਾਏ ਰਾਜ ਰਾਜਾਨ । ਲੋਕਮਾਤ ਕਿਸ ਆਤਮ ਪਕੜੀ ਤੇਰੀ ਡੋਰ, ਏਕਾ ਕਰ ਆਤਮ ਦਰ ਧਿਆਨ । ਕਵਣ ਸਰਕਾਰ ਵੱਢੀ ਖੋਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਕਵਣ ਪਛਾਣੇ ਚਬਾਏ ਆਪਣੀ ਦਾੜ੍ਹੇ ਜੀਵ ਜੰਤ ਹਰਾਮ ਖੋਰ ।



## ★ ੧੫ ਚੇਤ ੨੦੧੨ ਬਿਕ੍ਰਮੀ ਹਰਿ ਭਗਤ ਦਵਾਰ ਜੇਠੂਵਾਲ ★

ਗੁਰ ਮੰਤਰ ਸ਼ਬਦ ਨਿਧਾਨ, ਆਤਮ ਲਾਧਿਆ ਅੰਤਰ । ਲੋਕਮਾਤ ਕਰੇ ਪਛਾਣ, ਤਨ ਬੁਝਾਏ ਪੰਜਾਂ ਬਸੰਤਰ । ਅੰਮ੍ਰਿਤ ਧਾਰ ਇਕ ਮਹਾਨ, ਜੋਤੀ ਨੂਰ ਗਗਨ ਗਗਨੰਤਰ । ਚਤੁਰਭੁਜ ਹਰਿ ਬਲਵਾਨ, ਹਰਿਜਨ ਬਣਾਏ ਸਾਚੀ ਬਣਤਰ । ਜਿਸ ਜਨ ਹੋਏ ਆਪ ਮਿਹਰਵਾਨ, ਕਾਇਆ ਮੰਦਰ ਸਚ ਧਾਮ ਰਹੰਤਰ । ਸਾਚੀ ਮਧ ਪਿਆਏ ਅੰਮ੍ਰਿਤ ਜਾਮ, ਏਕਾ ਤੋੜੇ ਹੰਕਾਰੀ ਜੰਦਰ । ਮੇਟ ਮਿਟਾਏ ਅੰਧ ਅੰਧੇਰੀ ਸ਼ਾਮ, ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਦਰ ਘਰ ਸਾਚੇ ਕੋਈ ਨਾ ਲਾਏ ਦਾਮ । ਨਾ ਕੋਈ ਮੰਗੇ ਦਾਨ, ਨਾ ਧਨ ਖਜ਼ੀਨਾ । ਕਿਸੇ ਦਿਸ

ਨਾ ਆਏ ਹੱਡ ਮਾਸ ਨਾੜੀ ਚਾਮ, ਜੋਤੀ ਨੂਰ ਹਰਿ ਪਰਬੀਨਾ । ਜੋਤ ਨਿਰੰਜਣ ਜੋਤੀ ਰਾਮ, ਗੁਰੂਆਂ ਪੀਰਾ ਦਾਨਾ ਬੀਨਾ । ਦਰਦ ਦੁੱਖ ਭੈ ਭੰਜਨ, ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਗੁਰਮੁਖ ਸਾਚੇ ਸੰਤ ਸੁਹੇਲਾ ਲੱਖ ਚੁਰਾਸੀ ਵਿਚੋਂ ਵਖ ਕੀਨਾ । ਆਤਮ ਬੋਧ ਸ਼ਬਦ ਅਗਾਧਾ । ਹਿਰਦਾ ਸੋਧ ਧੁਨ ਅਨਾਦ ਅਨਾਦਾ । ਪੁਰਖ ਅਬਿਨਾਸ਼ੀ ਵਡ ਜੋਧਨ ਜੋਧ ਆਦਿ ਜੁਗਾਦਾ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਡ ਵਡਾ ਮਾਧਵ ਮਾਧਾ । ਆਤਮ ਚੜ੍ਹ ਸਚ ਦਵਾਰ । ਹੱਥ ਫੜ ਸ਼ਬਦ ਕਟਾਰ । ਪੰਜਾਂ ਤੱਤਾਂ ਨਾਲ ਲੜ, ਮਾਨਸ ਦੇਹੀ ਨਾ ਆਏ ਹਾਰ । ਦਰ ਘਰ ਸਾਚੇ ਏਕਾ ਵੜ, ਸੋਲਾਂ ਕਲੀਆਂ ਤਨ ਸ਼ਿੰਗਾਰ । ਸਾਚਾ ਲੜ ਏਕਾ ਫੜ, ਜੋਤ ਨਿਰੰਜਣ ਹਰਿ ਨਿਰੰਕਾਰ । ਗੁਰ ਨਾਨਕ ਗੁਰ ਗੋਬਿੰਦ ਜਨ ਭਾਂਡਾ ਮਾਤ ਲਿਆ ਘੜ, ਆਦਿਨ ਅੰਤਾ ਏਕਾ ਧਾਰ । ਸਿੰਘ ਪੂਰਨ ਵਿਚ ਬੈਠਾ ਵੜ, ਸ਼ਬਦ ਰੱਖੇ ਤਿਖੀ ਧਾਰ । ਕਰੇ ਉਜਿਆਰ ਬਹੱਤਰ ਨਾੜ, ਨਾਥ ਤ੍ਰਿਲੋਕੀ ਮਾਤ ਪਤਾਲ ਅਕਾਸ਼ ਪੁਰੀਆਂ ਲੋਆਂ ਪਾਵੇ ਸਾਰ । ਸ੍ਰਿਸ਼ਟ ਸਬਾਈ ਰਿਹਾ ਝੇਕੀ, ਰਾਜੇ ਰਾਣਿਆਂ ਵਡ ਜਰਵਾਣਿਆਂ ਗੁਰੂਆਂ ਪੀਰਾਂ ਸਾਧਾਂ ਸੰਤਾਂ ਪਾਵੇ ਸਾਰ । ਕਲਜੁਗ ਬੇੜਾ ਅੰਤਮ ਅੰਤ ਬੇਮੁਹਾਣਿਆ । ਮਾਤਾ ਬਾਲ ਨਾ ਕਿਸੇ ਪਛਾਣਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਗੁਰਮੁਖ ਸਾਚੇ ਸੰਤ ਜਨਾਂ, ਦਰਸ ਅਮੋਘ ਇਕ ਵਖਾਏ, ਧੁਰ ਸੰਜੋਗ ਮੇਲ ਮਿਲਾਏ, ਦੇਵੇ ਸ਼ਬਦ ਸੋਹੰ ਸਾਚੀ ਵਸਤ ਦਸਤ ਅਸਤ ਨਿਰੰਕਾਰਿਆ । ਏਕਾ ਜੋਤੀ ਨੂਰ ਅਕਾਲਾ । ਨਾ ਕੋਈ ਵਰਨ ਨਾ ਕੋਈ ਗੋਤੀ, ਨਰ ਹਰਿ ਹਰਿ ਨਰ ਗੋਪਾਲਾ । ਗੁਰਮੁਖ ਵੇਖੇ ਪ੍ਰਭ ਸਾਚੇ ਮਾਣਕ ਮੋਤੀ, ਕਾਇਆ ਮੰਦਰ ਅੰਦਰ ਵੇਖੇ ਸਚ ਧਰਮਸਾਲਾ । ਦੁਰਮਤ ਮੈਲ ਜਾਏ ਧੋਤੀ, ਆਪ ਉਠਾਏ ਆਤਮ ਕਾਇਆ ਸੋਤੀ, ਜੋਤੀ ਅਗਨੀ ਇਕ ਜਵਾਲਾ । ਹਉਮੇ ਕੱਢੇ ਵਾਸਨਾ ਖੋਟੀ, ਗੁਰਮੁਖ ਵਿਰਲਾ ਚੜ੍ਹੇ ਸਚ ਮਹੱਲੇ ਉਪਰ ਚੋਟੀ । ਬੇਮੁਖਾਂ ਮੁਖ ਰਖਾਏ ਜੂਠੀ ਝੂਠੀ ਬੋਟੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਜਾਮਾ ਪਾਇਆ, ਸ਼ਬਦ ਖੰਡਾ ਹੱਥ ਉਠਾਇਆ, ਸੋਹੰ ਡੰਡਾ ਸੰਗ ਰਲਾਇਆ, ਬੇਮੁਖ ਜੀਵ ਪਕੜ ਪਛਾੜੇ ਕਲਜੁਗ ਕੋਟਨ ਕੋਟੀ । ਕਵਣ ਧਾਮ ਹਰਿ ਬਿਰਾਜੇ । ਕਵਣ ਰਾਮ ਕਲ ਸਾਜਨ ਸਾਜੇ । ਕਵਣ ਕਾਇਆ ਚਾਮ, ਕਵਣ ਰਖਾਏ ਮਾਤ ਲਾਜੇ । ਕਵਣ ਰਾਮ ਰਮਈਆ ਸ਼ਾਮ, ਕਵਣ ਵਖਾਣੇ ਖੇਲ ਕਲ ਕਿ ਆਜੇ । ਜੂਠੇ ਝੂਠੇ ਭੈਣਾਂ ਭਈਆ ਮਈਆ ਰਾਮ, ਵੇਲੇ ਅੰਤ ਨਾ ਰੱਖੇ ਕੋਈ ਲਾਜੇ । ਜੋਤੀ ਜੋਤ ਸਰੂਪ ਹਰਿ, ਗੁਰਮੁਖਾਂ ਪੂਰਨ ਕਰੇ ਕਾਮ, ਵੇਲੇ ਅੰਤ ਮਾਰੇ ਅਵਾਜੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਸੁਨੇਹੜਾ ਸਾਚਾ ਦੇਵੇ ਸਤਾਰਾਂ ਹਾੜੀ ਫੁਲ ਫੁਲਵਾੜੀ, ਲੋਕਮਾਤ ਸਾਚਾ ਸਾਜਨ ਸਾਜੇ । ਰਾਜ ਜੋਗ ਹਰਿ ਸ਼ਬਦ ਧਿਆਨ । ਮਿਟੇ ਕਾਮ ਕਰੋਧ ਲੋਭ ਅਭਿਮਾਨ । ਪਰਗਟ ਹੋਏ ਹਰਿ ਜੋਧਨ ਜੋਧ, ਸ਼ਬਦ ਜਣਾਏ ਹਰਿ ਬੋਧ ਅਗਾਧ, ਹਰਿ ਜੋਤੀ ਸਾਚਾ ਮੇਲ ਮਿਲਾਨ । ਏਕਾ ਨਾਦ ਧੁਨ ਉਪਜਾਏ, ਸੁਨ ਮੁਨ ਹਰਿ ਬੂਝ ਬੁਝਾਨ । ਗੁਰਮੁਖ ਸਾਚੇ ਸੰਤ ਸੁਹੇਲੇ ਚੁਣ ਵਖਾਏ, ਅੰਤਮ ਕਲ ਮਾਤ ਕਰ ਪਛਾਨ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਦੇਵੇ ਨਾਮ ਨਿਧਾਨ । ਨਾਮ ਨਿਧਾਨ ਅਨਮੁਲ ਗੁਣਵੰਤਿਆ । ਆਪੇ ਦੇਵੇ ਭਾਗ ਲਗਾਵੇ ਸਾਚੀ ਕੁਲ ਸਾਚੇ ਸੰਤਿਆ । ਲੋਕਮਾਤ ਬਣਾਵੇ ਸਾਚੀ ਬਣਤਰ, ਸਾਚਾ ਕਰੇ ਤਨ ਸ਼ਿੰਗਾਰ ਹਰਿ ਭਗਵੰਤਿਆ । ਲੱਖ ਚੁਰਾਸੀ ਵੇਖ ਵਿਚਾਰੇ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਆਪ ਬਣਾਏ

੨੦ ੦੫

ਸਾਚੀ ਬਣਤਿਆ । ਲੋਆਂ ਪੁਰੀਆਂ ਵਸੇ ਬਾਹਰ, ਜੋਤ ਅਕਾਲੀਆ । ਏਕਾ ਜੋਤੀ ਸ਼ਬਦ ਉਡਾਰ, ਵੇਖ ਵਖਾਣੇ ਕਲਜੁਗ ਤੇਰੀ ਘਟਾ ਕਾਲੀਆ । ਲੱਖ ਚੁਰਾਸੀ ਗਈ ਹਾਰ, ਪੂਰਨ ਬ੍ਰਹਮ ਨਾ ਕਰੇ ਵਿਚਾਰ, ਨਾ ਕੋਈ ਪਾਏ ਤਨ ਸ਼ਬਦ ਵਡ ਦੁਸ਼ਾਲੀਆ । ਜੋਤੀ ਜਾਮਾ ਹਰਿ ਨਿਰੰਕਾਰ, ਕ੍ਰਿਸ਼ਨਾ ਸ਼ਾਮਾ ਖੇਲ ਅਪਾਰ, ਨਾ ਹਰਿ ਪੁਰਖ ਨਾ ਹਰਿ ਨਾਰ, ਏਕਾ ਰੰਗ ਮਹਾਨਿਆ । ਸ਼ਬਦ ਸਰੂਪੀ ਸਾਚੀ ਧਾਰ । ਮਹਾਰਾਜ ਸ਼ੇਰ ਸਿੰਘ ਸਤਿਜੁਗ ਸਾਚੇ ਸੋਹੰ ਦੇਵੇ ਸੱਚੀ ਵਸਤ ਅਪਾਰ ਮਾਤ ਨਿਸ਼ਾਨੀਆ । ਸਤਿਜੁਗ ਸਾਚੇ ਕਾਜ ਰਚਾਇਆ । ਪ੍ਰਭ ਅਬਿਨਾਸ਼ੀ ਦੇਵੇ ਦਾਜ, ਸੋਹੰ ਸ਼ਬਦ ਸੰਗ ਰਲਾਇਆ । ਪਰਗਟ ਹੋਏ ਦੇਸ ਮਾਝ, ਵੇਦ ਵਿਆਸਾ ਭੇਵ ਖੁਲ੍ਹਾਇਆ । ਚਾਰ ਵਰਨਾਂ ਏਕਾ ਸਾਂਝ, ਊਚਾਂ ਨੀਚਾਂ ਭੇਵ ਮਿਟਾਇਆ । ਚਾਰੋਂ ਕੁੰਟ ਪੈਣੀ ਭਾਜ, ਦੇਵੀ ਦੇਵ ਨਾ ਹੋਏ ਸਹਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਕਲਜੁਗ ਅੰਤਮ ਜੋਤ ਧਰ, ਭਾਣਾ ਆਪਣੇ ਹੱਥ ਰਖਾਇਆ । ਨਾ ਕੋਈ ਜਾਣੇ ਜੀਵ ਜੰਤ ਸਾਧ ਸੰਤ, ਪੁਰਖ ਅਬਿਨਾਸ਼ੀ ਖੇਲ ਅਪਾਰਿਆ । ਗੁਰਮੁਖ ਸਾਚੇ ਸੰਤ ਸੁਹੇਲੇ ਮੇਲ ਮਿਲਾਵਾ ਸਾਚੇ ਕੰਤ, ਆਤਮ ਸੇਜਾ ਸਾਚਾ ਰੰਗ ਸਾਚੇ ਘਰ ਸੁਹਾ ਰਿਹਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਘੋੜੇ ਕਸ ਤੰਗ, ਲੱਖ ਚੁਰਾਸੀ ਕਰੇ ਭੰਗ, ਗੁਰਮੁਖ ਕਾਇਆ ਸਾਚੀ ਚੋਲੀ ਅੰਦਰ ਮੰਦਰ ਇਕ ਰੰਗਾ ਰਿਹਾ । ਕਾਇਆ ਚੋਲੀ ਰੰਗ ਗੁਲਾਲ । ਗੁਰਮੁਖ ਡੋਲੀ ਹਰਿ ਰਖਵਾਲ । ਆਤਮ ਪੜਦੇ ਰਿਹਾ ਖੋਲ੍ਹੀ, ਸੰਤ ਸੁਹੇਲੇ ਸਾਚੇ ਭਾਲ । ਸੋਹੰ ਸ਼ਬਦ ਸੁਣਾਏ ਏਕਾ ਬੋਲੀ, ਲੋਕਮਾਤ ਨਾ ਹੋਏ ਕੰਗਾਲ । ਹਰਿਜਨ ਬਣਾਏ ਦਰ ਘਰ ਸਾਚੇ ਏਕਾ ਗੋਲੀ, ਸਦਾ ਕਰੇ ਪ੍ਰਿਤਪਾਲ । ਸ਼ਬਦੀ ਜੋਤੀ ਕਾਇਆ ਮੌਲੀ, ਚੜ੍ਹਿਆ ਰੰਗ ਇਕ ਗੁਲਾਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਜਾਮਾ ਪਾਇਆ, ਸੋਹੰ ਦੇਵੇ ਸ਼ਬਦ ਦੁਸ਼ਾਲ । ਸੋਹੰ ਸ਼ਬਦ ਦੁਸ਼ਾਲ, ਨਾਮ ਦਸਤਾਰਿਆ । ਆਤਮ ਝੋਲੀ ਕਰੇ ਮਾਲਾ ਮਾਲ, ਬਣੇ ਆਪ ਵਰਤਾਰਿਆ । ਗੁਰਮੁਖਾਂ ਰਿਹਾ ਸੁਰਤ ਸੰਭਾਲ, ਫਲ ਲਗਾਏ ਸਾਚੇ ਡਾਲਿਆ । ਏਕਾ ਮਾਰੇ ਸਚ ਉਛਾਲ, ਰਤਨ ਅਮੋਲਕ ਹੀਰਾ ਨਾਮ ਕਾਇਆ ਗਾਗਰ ਵਡ ਵਡ ਸਾਗਰ ਆਪ ਉਪਾ ਰਿਹਾ । ਜੋਤੀ ਜਗੇ ਕਾਇਆ ਖਾਲ, ਦੀਪਕ ਸਾਚਾ ਰਿਹਾ ਬਾਲ, ਅਗਿਆਨ ਅੰਧੇਰ ਮਿਟਾ ਰਿਹਾ । ਮਸਤਕ ਨੂਰੀ ਸਾਚਾ ਥਾਲ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਏਕਾ ਰਾਗ ਜਗਤ ਤਿਆਗ ਸੁਰਤ ਵੈਰਾਗ, ਸ਼ਬਦ ਡੋਰੀ ਨਾਲ ਬੰਧਾ ਰਿਹਾ । ਸ਼ਬਦ ਡੋਰੀ ਬੰਨ੍ਹ ਕਰਤਾਰ । ਵੇਖ ਵਖਾਣੇ ਕਾਇਆ ਮੰਦਰ ਅੰਧ ਘੋਰੀ, ਅੰਦਰੇ ਅੰਦਰ ਪਾਵੇ ਸਾਰ । ਪੰਜਾਂ ਫੜੇ ਚੋਰੀ ਚੋਰੀ, ਸ਼ਬਦ ਘੋੜੇ ਹੋ ਅਸਵਾਰ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ ਦੇਵੇ ਵਸਤ ਅਪਾਰ । ਸਾਚੀ ਵਸਤ ਨਾਮ ਵਣਜਾਰਾ । ਕਲਜੁਗ ਤੇਰੀ ਅੰਤਮ ਵਾਰਾ । ਹਰਿ ਆਪ ਭੁਲਾਏ ਸਾਧ ਸੰਤ, ਆਤਮ ਭਰਿਆ ਇਕ ਹੰਕਾਰਾ । ਕਲਜੁਗ ਮਾਇਆ ਪਾਏ ਬੇਅੰਤ, ਜੂਠੀ ਝੂਠੀ ਵਹਿੰਦੀ ਧਾਰਾ । ਗੁਰਮੁਖ ਵਿਰਲੇ ਮੇਲ ਮਿਲਾਵਾ ਸਾਚੇ ਕੰਤ, ਨਿਰਮਲ ਜੋਤੀ ਜੋਤ ਅਕਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਰਪਾ ਕਰ ਸਾਚੇ ਹਰਿ, ਆਤਮ ਖੋਲ੍ਹ ਬੰਦ ਕਿਵਾੜਾ । ਖੋਲ੍ਹੇ ਬੰਦ ਕਿਵਾੜ, ਜੋਤ ਨੁਰਾਨੀਆ । ਮਾਇਆ ਪੜਦਾ ਦੇਵੇ ਪਾੜ, ਮਾਰੇ ਸ਼ਬਦ ਤੀਰ ਨਿਸ਼ਾਨੀਆ । ਨੇੜ ਨਾ ਆਏ ਪੰਚਮ ਧਾੜ, ਸੋਹੰ ਗਾਏ ਸਾਚੀ ਬਾਣੀਆ । ਹੋਏ ਸਹਾਈ ਜੰਗਲ ਜੂਹ ਉਜਾੜ ਪਹਾੜ, ਦਿਵਸ ਰੈਣ ਰੈਣ ਰੈਣਾਨੀਆ । ਕਾਇਆ ਮੰਦਰ ਅੰਦਰ ਲੱਗਾ ਸੱਚਾ ਅਖਾੜ, ਵੇਖੇ

ਖੇਲ ਹਰਿ ਭਗਵਾਨੀਆ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ ਦੇਵੇ ਸੱਚਾ ਨਾਉਂ ਕਰੇ ਨਿਆਉਂ ਵਡ ਵਡ ਦਾਨੀਆ । ਵਡ ਦਾਤਾ ਦਾਤਾ ਸੂਰ । ਗੁਰਮੁਖ ਵਿਰਲੇ ਮਾਤ ਪਛਾਤਾ, ਹਉਮੇ ਰੋਗ ਕੀਤਾ ਦੂਰ । ਆਤਮ ਬੰਧਾ ਸ਼ਬਦ ਗਾਨਾ, ਮਿਲਿਆ ਹਰਿ ਸਰਬ ਭਰਪੂਰ । ਏਕਾ ਸੁਣਿਆ ਨਾਮ ਤਰਾਨਾ, ਜੋਤੀ ਨੂਰਾ ਸਤਿ ਸਰੂਰ । ਪੁਰਖ ਅਬਿਨਾਸ਼ੀ ਇਕ ਪਛਾਨਾ, ਸਦਾ ਸੁਹੇਲਾ ਹਾਜਰ ਹਜ਼ੂਰ । ਆਤਮ ਜੋਤੀ ਨੂਰ ਉਜਾਲਾ ਕੋਟਨ ਭਾਨਾ, ਕਾਇਆ ਅੰਧੇਰਾ ਹੋਇਆ ਦੂਰ । ਆਤਮ ਸਰ ਸਰੋਵਰ ਸਚ ਇਸ਼ਨਾਨਾ, ਦੁਰਮਤ ਮੈਲ ਉਤਰੇ ਕੂੜ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ, ਏਕਾ ਬਖ਼ਸ਼ੇ ਮਸਤਕ ਸਾਚੀ ਚਰਨ ਧੂੜ । ਮਸਤਕ ਚਰਨ ਧੂੜ ਜੋਤ ਲਿਲਾਟਿਆ । ਚਤੁਰ ਬਣਾਏ ਮੂਰਖ ਮੂੜ੍ਹ, ਪੂਰ ਕਰਾਏ ਪਿਛਲਾ ਘਾਟਿਆ । ਰੰਗਣ ਰੰਗ ਚੜ੍ਹਾਏ ਏਕਾ ਗੂੜ੍ਹ, ਨੇੜੇ ਆਈ ਕਲਜੁਗ ਵਾਟਿਆ । ਰਾਜੇ ਰਾਣਿਆਂ ਪਾਏ ਜੂੜ, ਵੇਖ ਵਖਾਣੇ ਤੀਰਥ ਤਾਟਿਆ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਦਇਆ ਕਮਾਏ, ਆਪ ਕਟਾਏ ਗੇੜਾ ਆਨ ਬਾਟਿਆ । ਪਰ੍ਹਾ ਪਸੰਤੀ ਹਰਿ ਨਾਮ ਪਿਆਰ । ਅਗੰਮ ਨਿਗਮ ਆਤਮ ਧਾਰ । ਪੂਰਨ ਬ੍ਰਹਮ ਹਰਿ ਵਿਚਾਰ । ਮੇਟ ਮਿਟਾਏ ਅੰਦੇਸਾ ਭਰਮ, ਪੂਰਬ ਕਰਮ ਰਿਹਾ ਵਿਚਾਰ । ਦੂਸਰ ਨਾ ਕੋਈ ਜਾਣੇ ਵਰਨ, ਸਚ ਦਵਾਰੇ ਸਚ ਪੁਕਾਰ । ਸਚ ਉਪਜਾਈ ਮਾਨਸ ਦੇਹੀ ਸੱਚਾ ਜਨਮ, ਸੁਨ ਸਮਾਧੀ ਸਹਿਜ ਸੁਖ ਧਾਰ । ਭਗਤ ਸੁਨੇਹੜਾ ਪਰ੍ਹਾ ਪਸੰਤੀ ਕਰੇ ਵਿਚਾਰ । ਸੁਰਸਤੀ ਹੱਥ ਨਾ ਮਾਨਸ ਦੇਹੀ, ਕਰੇ ਕਰਾਏ ਇਕ ਵਿਚਾਰ । ਜੋਤੀ ਜੋਤ ਸਰੂਪ ਹਰਿ, ਅੰਦਰੇ ਅੰਦਰ ਸਾਚੇ ਮੰਦਰ ਸੁਨ ਸਮਾਧੀ ਬੋਧ ਅਗਾਧੀ ਸ਼ਬਦ ਅਨਾਦੀ ਪਾਵੇ ਸਾਚੀ ਸਾਰ । ਪਰ੍ਹਾ ਪ੍ਰੀਤਮ ਪ੍ਰੇਮ ਉਪਰ ਸੁਨੀ ਸ਼ਬਦ ਉਪਜੇ ਧੁਨ, ਨਾ ਕੋਈ ਗਣੇ ਸੁਣੇ ਸੁਣਾਰ । ਆਪੇ ਰਵਿਆ ਆਪਣੇ ਗੁਣੀ, ਨਾ ਕੋਈ ਵੇਖੇ ਕਰੇ ਵਪਾਰ । ਸਚ ਪੁਕਾਰਾ ਰਿਹਾ ਸੁਣ, ਅੰਦਰੇ ਅੰਦਰ ਕਰ ਪਿਆਰ । ਕਵਣ ਜਾਣੇ ਹਰਿ ਤੇਰੇ ਗੁਣ, ਜੋਤੀ ਨੂਰ ਖੇਲ ਅਪਾਰ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਪਰ੍ਹਾ ਪ੍ਰੇਮੀ ਰਿਹਾ ਪਾਏ ਸਾਰ । ਇਕ ਇਕੇਲਾ ਹਰਿ ਨਿਰੰਕਾਰਿਆ । ਦੂਜਾ ਰੱਖੇ ਸ਼ਬਦ ਚੇਲਾ ਵਡ ਸੰਸਾਰਿਆ । ਤੀਜੇ ਪਵਣ ਸਵਾਸੀ ਇਕ ਫੜਾਏ ਸਾਚਾ ਪਲਾ, ਪੁਰੀਆਂ ਲੋਆਂ ਪਾਏ ਸਾਰਿਆ । ਚੌਥਾ ਘਰ ਪੁਰਖ ਅਬਿਨਾਸ਼ ਏਕਾ ਮੱਲਾ, ਗੁਰੂਆਂ ਪੀਰਾਂ ਮਹੱਲ ਉਸਾਰਿਆ । ਪੰਜਵੇਂ ਵਸੇ ਨਿਹਚਲ ਧਾਮ ਅਟੱਲਾ, ਨਾ ਕੋਈ ਜਾਣੇ ਜੰਤ ਗਵਾਰਿਆ । ਛੇਵੇਂ ਦਰ ਦਵਾਰੇ ਸਾਚੇ ਖੱਲਾ, ਗੁਰਮੁਖਾਂ ਦਰਸ ਦਿਖਾਏ ਅਗੰਮ ਅਪਾਰਿਆ । ਸੱਤਵੇਂ ਜੋਤੀ ਸ਼ਬਦ ਰਲਾ, ਦੀਪਕ ਇਕ ਸਾਚਾ ਬਲਾ, ਮਿਟਾਏ ਅੰਧ ਅੰਧਿਆਰਿਆ । ਅਠਵੇਂ ਅਠਾਂ ਤੱਤਾਂ ਮਾਰੇ ਖਲਾ, ਇਕ ਮਹੱਲ ਹਰਿ ਉਸਾਰਿਆ । ਨੌਵੇਂ ਨਾਵੇਂ ਦਰ ਵੇਖ ਵਖਾਣੇ ਜਲ ਥਲਾ, ਪੁਰਖ ਅਬਿਨਾਸ਼ੀ ਨਾ ਪਾਏ ਸਾਰਿਆ । ਦਸਵੇਂ ਦਰ ਸਾਚਾ ਹਰਿ ਆਪਣਾ ਆਪ ਮਲਾ, ਸੰਤ ਅਸੰਤ ਚੜ੍ਹ ਚੜ੍ਹ ਥੱਕੇ ਕਿਸੇ ਹੱਥ ਨਾ ਆਏ ਮਦੀਨੇ ਮੱਕੇ, ਨਾ ਕੋਈ ਵੇਖੇ ਸਚ ਮਹੱਲ ਅਟੱਲ ਮੁਨਾਰਿਆ । ਦਸ ਇਕ ਗਿਆਰਾ ਸ਼ਬਦ ਧਾਰਾ, ਆਵੇ ਜਾਵੇ ਵਾਰੋ ਵਾਰਿਆ । ਦਸ ਦੋ ਬਾਰਾਂ ਜੋਤੀ ਅਕਾਰਾ, ਬਾਰਾਂ ਕਵਲਾਂ ਖੇਲ ਅਪਾਰਿਆ । ਦਸ ਤਿੰਨ ਤੇਰਾਂ ਗੁਰਸਿਖਾਂ ਦਿਸੇ ਨੇਰਨ ਨੇਰਾ, ਦੂਈ ਦਵੈਤੀ ਪੜਦਾ ਲਾਹ ਰਿਹਾ । ਦਸ ਚਾਰ ਚੌਦਾਂ ਵਸੇ ਕਾਇਆ ਹਟ, ਜਿਉਂ ਖੇਲ ਬਾਜੀਗਰ ਨਟ, ਆਪੇ ਜਾਣੇ ਘਟਾਂ ਘਟ, ਚੌਦਾਂ ਲੋਕ ਹਰਿ

ਮੰਝਧਾਰਾ । ਦਸ ਪੰਜ ਪੰਦਰ੍ਹਾਂ, ਪੁਰਖ ਅਬਿਨਾਸ਼ੀ ਤੋੜੇ ਵੱਜਾ ਹੰਕਾਰੀ ਜੰਦਰਾਂ, ਸਚ ਖੁਲ੍ਹਾਏ ਦਰ ਮਹੱਲ ਇਕ ਅਪਾਰਾ । ਦਸ ਛੇ ਸੋਲਾਂ, ਪੁਰਖ ਅਬਿਨਾਸ਼ੀ ਜੋਤ ਸਰੂਪੀ ਪਹਿਰੇ ਚੋਲਾ, ਚਾਰੋਂ ਕੁੰਟ ਕਰਾਏ ਜੈ ਜੈ ਜੈਕਾਰਿਆ । ਦਸ ਸੱਤ ਸਤਾਰਾਂ, ਪ੍ਰਭ ਅਬਿਨਾਸ਼ੀ ਏਕਾ ਭਤਾਰਾ, ਸ੍ਰਿਸ਼ਟ ਸਬਾਈ ਸੰਸਾਰੀ ਨਾਰਿਆ । ਦਸ ਅਠ ਅਠਾਰਾਂ, ਨਾ ਕੋਈ ਦੀਸੇ ਪੰਜਾਂ ਧਾੜਾ, ਜਗੇ ਜੋਤ ਬਹੱਤਰ ਨਾੜਾ, ਸੰਝ ਸਵੇਰ ਇਕ ਰਿਹਾ । ਦਸ ਨੌਂ ਉਨੀ, ਸੋਹੰ ਦੇਵੇ ਪੰਜਾਂ ਚੋਰਾਂ ਸਿਰ ਚੁੰਨੀ, ਸਾਚਾ ਹਰਿ ਖੋਲ੍ਹੇ ਦਰ ਵੇਖ ਨਰ, ਨਾ ਕੋਈ ਜਾਣੇ ਵਡ ਗਿਆਨੀ ਗੁਣੀ । ਦਸ ਦਸ ਬੀਸ, ਦਸ ਦਵਾਰੇ ਨਾ ਦੇਵ ਲੋਕ ਪਛਾਨਣ, ਕਵਣ ਘਰ ਜਾਈਏ ਕੰਤ ਸੁਹੇਲਾ ਪਾਈਏ, ਮਿਲੇ ਮੇਲ ਹਰਿ ਜੋਤੀ ਜਗਦੀਸ । ਬੀਸ ਇਕ ਇੱਕੀ, ਨਿਹਕਲੰਕ ਨਰਾਇਣ ਨਰ, ਸੋਹੰ ਧਾਰ ਰਖੇ ਤਿਖੀ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਏਕਾ ਛਤਰ ਝੁਲਾਏ ਲੋਕਮਾਤ ਮਾਰ ਝਾਤ, ਗੁਰਮੁਖ ਬਣਾ ਸਚ ਜਮਾਤ, ਅੰਤਮ ਕਲ ਸਾਚੇ ਸੀਸ । ਕਵਣ ਮਤ ਹਰਿ ਮੰਦਰ ਦਵਾਰ । ਕਵਣ ਤੋੜੇ ਆਤਮ ਵੱਜਾ ਜੰਦਰ, ਸ਼ਬਦ ਉਡਾਰ । ਕਵਣ ਰਤ ਜੋਤ ਜਗਾਏ ਅੰਦਰੇ ਅੰਦਰ, ਕਵਣ ਨਾੜੀ ਹਰਿ ਪਸਾਰ । ਕਵਣ ਪਿਤ ਨਾ ਕੋਈ ਤੀਰਥ ਨਾ ਕੋਈ ਤਟ ਮਿਲੇ ਮੇਲ ਪੁਰਖ ਭਤਾਰ । ਕਵਣ ਵੇਖੇ ਭਰਮਾਂ ਵਟ, ਸ਼ਬਦ ਮਾਰੇ ਖੰਡਾ ਦੋ ਧਾਰ । ਕਵਣ ਰਸ ਨਿੱਝਰ ਲਈਏ ਚੱਟ, ਜਗਤ ਤ੍ਰਿਸ਼ਨਾ ਉਤਰੇ ਤਨ ਬੁਖਾਰ । ਕਵਣ ਦਿਸੇ ਘਟ ਘਟ, ਰੂਪ ਰੰਗ ਰੇਖ ਭੇਖ ਨਾ ਕੋਈ ਵਿਚ ਸੰਸਾਰ । ਕਵਣ ਜੋਤੀ ਕਾਇਆ ਮਟ ਜਗੇ ਲਟ ਲਟ, ਕਵਣ ਦਵਾਰੇ ਸ਼ਬਦ ਧੁਨ ਸੁਨ ਮੁਨ ਨਾ ਕੋਇ ਸੁਨਾਰ । ਕਵਣ ਜਿਹਵਾ ਕਵਣ ਨਾਮ ਜਗਤ ਰਟ, ਆਤਮ ਖੁਲ੍ਹੇ ਬੰਦ ਕਿਵਾੜ । ਫ਼ਕੀਰ ਫ਼ਕੀਰੀ ਕਿਹੜੇ ਹੱਟ, ਚੌਦਾਂ ਲੋਕਾਂ ਕਿਹੜਾ ਪੱਟ, ਕਾਇਆ ਕਰੇ ਤਨ ਸ਼ਿੰਗਾਰ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਇਕ ਕਰੇ ਕਰਾਏ ਸੋਹੰ ਸ਼ਬਦ ਸੱਚਾ ਵਣਜ ਵਪਾਰ । ਇਕ ਇਕੇਲਾ ਇਕ ਇਕਾਂਤ । ਅੰਦਰੇ ਅੰਦਰ ਸਾਚਾ ਮੇਲਾ, ਪੀਵੇ ਪਿਆਏ ਅੰਮ੍ਰਿਤ ਬੂੰਦ ਸਵਾਂਤ । ਆਪੇ ਗੁਰ ਆਪੇ ਚੇਲਾ, ਸ਼ਬਦ ਜੋਤੀ ਏਕਾ ਨਾਤ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਕਵਣ ਦਵਾਰੇ ਆਵੇ ਜਾਵੇ ਵਿਚ ਮਾਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਏਕ ਸੋਹੰ ਸ਼ਬਦ ਚਲਾਇਆ ਸਾਚੀ ਗਾਥ । ਚੰਦ ਫ਼ਕੀਰ ਸ਼ਬਦ ਚੋਟ । ਸੋਹੰ ਵੱਜੇ ਸੱਚਾ ਤੀਰ, ਹਉਮੇ ਕੱਢੇ ਕਾਇਆ ਖੋਟ । ਸਾਧਾਂ ਸੰਤਾਂ ਆਤਮ ਭੇੜ, ਕਲਜੁਗ ਡਿਗੇ ਆਲ੍ਹਣਿਓ ਬੋਟ । ਤਨ ਮੰਦਰ ਅੰਦਰ ਲੱਗੀ ਹਉਮੇ ਪੀੜ, ਸ਼ਬਦ ਨਗਾਰਾ ਨਾ ਤਨ ਲਾਏ ਚੋਟ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਜੋਤੀ ਜਾਮਾ ਭੇਖ ਧਰ, ਗੁਰਮੁਖ ਉਧਾਰੇ ਵਿਚ ਸੰਸਾਰੇ ਵਿਚੋਂ ਕੋਟੀ ਕੋਟ ।



### ★ ੧੫ ਚੇਤ ੨੦੧੨ ਬਿਕ੍ਰਮੀ ਸੰਤ ਰਣਧੀਰ ਸਿੰਘ ਨੂੰ ਸ਼ਬਦ ਭੇਜਿਆ ਲੇਖ ਦੂਜਾ ★

ਬਹੱਤਰ ਨਾੜੀ ਉਬਲੇ ਰਤ । ਸ਼ਬਦ ਪਛਾਣੇ ਏਕਾ ਏਕ ਸੱਚਾ ਤੱਤ । ਆਪਾ ਆਪ ਵਿਚ ਮਾਤ ਜਾਨਣਾ, ਕਵਣ ਰਖਾਵੇ ਜਗਤ ਪਤ । ਸ਼ਬਦ ਪੰਘੂੜਾ ਏਕਾ ਜਾਨਣਾ, ਮਾਨਸ ਦੇਹੀ ਚੜ੍ਹਨਾ ਸਾਚੇ ਰਥ । ਜੋਤੀ ਜੋਤ ਸਰੂਪ ਹਰਿ, ਅੰਤਮ ਵੇਲੇ ਪਕੜ ਲਿਆਵਣਾ, ਮਿਲੇ ਸੀਆਂ ਸਾਢੇ ਤਿੰਨ ਹੱਥ । ਸਿੰਘ ਰਣਧੀਰ ਕਾਇਆ ਰਣ ਜਿਤ । ਵੇਖ ਵਖਾਣ ਪੁਰਖ ਅਬਿਨਾਸ਼ੀ, ਪਰਗਟ ਹੋਏ ਵਿਚ ਮਾਤ ਕਿਹੜੀ ਥਿਤ । ਗੁਰ ਪੀਰ

ਪੈਰ ਪਸਾਰ ਸੋਏ, ਕਰੇ ਕਰਾਏ ਪ੍ਰਭ ਸਾਚਾ ਹਿਤ । ਪੰਚ ਪੰਚਾਇਣ ਜਾਣੇ ਕੋਇ, ਜਿਸ ਮਿਲਿਆ ਮੇਲ ਸਾਚੇ ਪਿਤ । ਲਾੜੀ ਮੌਤ ਖਾਏ ਡੈਣ, ਆਤਮ ਹੰਕਾਰੀ ਨਿਤ ਨਵਿਤ । ਹਰਿਜਨ ਪੇਖੇ ਦਰਸ ਤੀਜੇ ਨੈਣ, ਚਾਰ ਵਰਨਾਂ ਮਿਲੇ ਏਕਾ ਸਾਚਾ ਮਿਤ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਗੁਰਮੁਖ ਸਾਚੇ ਸੰਤ ਜਨਾਂ ਸ਼ਬਦ ਕਰਾਏ ਸਾਚਾ ਹਿਤ । ਪੰਚਮ ਕਟਾਰ ਕਰਮ ਕੁਚੀਲ । ਗੁਰ ਗੋਬਿੰਦ ਕਿਉਂ ਪਹਿਨੇ ਬਸਤਰ ਨੀਲ । ਕਵਣ ਉਪਜਾਏ ਬਣਾਏ ਸਾਚੀ ਬਿੰਦ, ਕਵਣ ਤਨ ਸ਼ਿੰਗਾਰ ਕਰਾਏ ਛੈਲ ਛਬੀਲ । ਜੋਤੀ ਜੋਤ ਸਰੂਪ ਹਰਿ, ਮਾਤ ਗਰਭ ਨੌਂ ਅਠਾਰਾਂ ਦਸ ਮਾਸ ਰਖਾਏ, ਨਾ ਕੋਈ ਜਾਣੇ ਸਿਖ ਭੀਲ । ਕਵਣ ਅੰਮ੍ਰਿਤ ਪੀਏ ਦਰ । ਸਦਾ ਜੀਈਏ ਨਾ ਜਾਈਏ ਮਰ । ਮਿਲੇ ਮੇਲ ਏਕ ਹੀਈਏ, ਪੁਰਖ ਅਬਿਨਾਸ਼ੀ ਸਾਚੇ ਹਰਿ । ਸ਼ਬਦ ਬੀਜ ਸਾਚਾ ਬੀਈਏ, ਲੱਖ ਚੁਰਾਸੀ ਚੁੱਕੇ ਡਰ । ਨਾ ਕੋਈ ਪੁੱਤਰ ਨਾ ਕੋਈ ਧੀਈਏ, ਮਾਤ ਪਿਤ ਨਾ ਦੀਸੇ ਘਰ । ਕਾਇਆ ਮੰਦਰ ਕਵਣ ਰਖਾਏ ਨੀਂਏ, ਜਗਤ ਮਹੱਲ ਲਿਆ ਉਸਰ । ਜੋਤੀ ਜੋਤ ਸਰੂਪ ਹਰਿ, ਏਕਾ ਮੰਗੇ ਨਾਮ ਵਰ, ਅੰਮ੍ਰਿਤ ਦੇਣਾ ਸਾਚੇ ਸਰ । ਸਾਚੇ ਸਰ ਅੰਮ੍ਰਿਤ ਤਾਲ । ਕਵਣ ਸੁ ਵੇਲਾ ਵੱਜੇ ਉਛਾਲ । ਭਾਂਡਾ ਭਰਮ ਭੱਜੇ, ਜ਼ਾਤ ਪਾਤੀ ਤੁਟੇ ਜਗਤ ਜੰਜਾਲ । ਸ਼ਬਦ ਚੋਟ ਨਗਾਰੇ ਏਕਾ ਵੱਜੇ, ਨਾ ਕੋਈ ਸ਼ਾਹ ਨਾ ਕੰਗਾਲ । ਕੇਸਾਧਾਰੀ ਗੁਰਸਿਖ ਸਜੇ, ਫਲ ਲਗੇ ਕਾਇਆ ਡਾਲ੍ਹ । ਦੂਈ ਦਵੈਤੀ ਭਾਂਡਾਂ ਭੱਜੇ, ਗੁਰਮੁਖ ਅਵੱਲੜੀ ਚਲੇ ਚਾਲ । ਜੋਤੀ ਜੋਤ ਸਰੂਪ ਹਰਿ, ਸਚ ਭਗੌਤੀ ਮੰਗੇ ਵਰ, ਕਵਣ ਦਵਾਰੇ ਦੇਵੇ ਹਰਿ, ਦੇਣਾ ਭੇਵ ਖੁਲ੍ਹਾ । ਕੱਕਾ ਕਿਰਪਾਨ ਹੱਥ ਫੜਾਉਣੀ । ਲੁਹਾਰ ਤਰਖਾਣ ਨਾ ਕਿਸੇ ਬਣਾਉਣੀ । ਸ਼ਬਦ ਬਿਬਾਣ ਵਿਚ ਰਖਾਉਣੀ । ਕਾਇਆ ਕਲਿਆਣ ਜਿਸ ਕਰਾਉਣੀ । ਮਾਰ ਧਿਆਨ ਕਿਹੜੀ ਕੂਟੇ ਹਰਿ ਜੋਤ ਜਗਾਉਣੀ । ਜੋਤੀ ਜੋਤ ਸਰੂਪ ਹਰਿ, ਏਕਾ ਮੰਗੇ ਸਚ ਵਰ, ਸਚ ਭਗੌਤੀ ਹੱਥ ਫੜਾਉਣੀ । ਕਵਣ ਬਸਤਰ ਤਨ ਦੇਵੇ ਕੱਜ । ਕਵਣ ਕੱਕਾ ਜਗ ਰੱਖੇ ਲੱਜ । ਕਲਜੁਗ ਫਲ ਅੰਤਮ ਪੱਕਾ, ਕਿਸੇ ਲਾਉਣ ਨਾ ਦੇਵੇ ਅੱਜ ਪੱਜ । ਅੰਤਮ ਵੇਲੇ ਪੁਰਖ ਅਬਿਨਾਸ਼ੀ ਮਾਰੇ ਏਕਾ ਧੱਕਾ, ਭਰਮ ਭਾਂਡਾ ਕਲ ਜਾਏ ਭੱਜ । ਨਾ ਕੋਈ ਮਦੀਨਾ ਨਾ ਕੋਈ ਮੱਕਾ, ਨਾ ਕੋਈ ਹਾਜੀ ਕਰੇ ਹੱਜ । ਨਾ ਕੋਈ ਬੂਰਾ ਨਾ ਕੋਈ ਕੱਕਾ, ਤਖ਼ਤ ਤਾਜ ਦੇਣ ਤਜ । ਜੋਤੀ ਜੋਤ ਸਰੂਪ ਹਰਿ, ਏਕਾ ਮੰਗੇ ਸਚ ਵਰ, ਜਗਤ ਭਗਤ ਰੱਖੇ ਲਜ ।

### ★ ੧੬ ਵਿਸਾਖ ੨੦੧੨ ਬਿਕ੍ਰਮੀ ਹਰਿ ਭਗਤ ਦਵਾਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ★

ਜਨਮ ਅਨਮੋਲ, ਮਾਨਸ ਦੇਹੀ ਰਾਸ । ਪੁਰਖ ਅਬਿਨਾਸ਼ੀ ਤੋਲੇ ਪੂਰੇ ਤੋਲ, ਸਰਬ ਘਟਾਂ ਘਟ ਰੱਖੇ ਵਾਸ । ਸ਼ਬਦ ਜੈਕਾਰਾ ਸੋਹੰ ਬੋਲ, ਮਾਤ ਪਤਾਲ ਪਤਾਲ ਆਕਾਸ਼ । ਅਨਹਦ ਧੁਨੀ ਨਾਦੀ ਢੋਲ, ਰਸਨਾ ਜਿਹਵਾ ਸਵਾਸ ਸਵਾਸ । ਦੂਈ ਦਵੈਤੀ ਪੜਦੇ ਰਿਹਾ ਖੋਲ੍ਹ, ਜਿਨ ਘਰ ਆਤਮ ਰਖੇ ਵਾਸ । ਗੁਰਮੁਖ ਵਿਰਲਾ ਉਤਰੇ ਪੂਰੇ ਤੋਲ, ਲੱਖ ਚੁਰਾਸੀ ਹੋਈ ਵਿਨਾਸ । ਹਰਿਜਨ ਜਨ ਹਰਿ ਵਸੇ ਸਾਚੇ ਕੋਲ, ਗੇੜ ਚੁਕਾਏ ਗਰਭਵਾਸ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਿਵਸ ਰੈਣ ਸਦਾ ਸੁਹੇਲਾ ਦਾਸਨ ਦਾਸ । ਦਾਸਨ ਦਾਸ ਦਾਸ ਗੁਰ ਅੰਤਰ, ਸਚ ਆਤਮ ਘਰ ਨਿਵਾਸ । ਆਪ ਬੁਝਾਏ ਤਨ ਲੱਗੀ ਪੰਜਾਂ ਬਸੰਤਰ, ਭਾਗ ਲਗਾਏ ਕਾਇਆ ਪਰਭਾਸ । ਵੇਖੇ ਖੇਲ ਗਗਨ

੨੪ ੦੫

ਗਗਨੰਤਰ, ਸਚ ਮੰਡਲ ਸਾਚੀ ਰਾਸ । ਲੋਕਮਾਤ ਪੁਰਖ ਬਿਧਾਤੀ, ਜੁਗਾ ਜੁਗੰਤਰ ਵੇਖੇ ਖੇਲ ਗਗਨ ਗਗਨੰਤਰ, ਸਚ ਮੰਡਲ ਹਰਿ ਸਾਚੀ ਰਾਸ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਸੇ ਸਦਾ ਆਸ ਪਾਸ ਪਾਸ ਆਸ । ਕਾਇਆ ਸੋਹਣੀ ਰੰਗਣ ਰੰਗ ਚਲੂਲ । ਦੁਰਮਤ ਮੈਲ ਪ੍ਰਭ ਧੋਣੀ, ਪ੍ਰਭ ਅਬਿਨਾਸ਼ੀ ਨਾ ਜਾਏ ਭੂਲ । ਸੋਈ ਸੁਰਤੀ ਮਾਤ ਉਠਾਉਣੀ, ਮਿਲੇ ਮੇਲ ਕੰਤ ਕੰਤੂਹਲ । ਅਕਾਲ ਮੂਰਤੀ ਦਰ ਦਰਸ਼ਨ ਪਾਉਣੀ, ਆਪ ਚੁਕਾਏ ਅਗਲਾ ਪਿਛਲਾ ਮੂਲ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਪੰਘੂੜਾ ਏਕਾ ਦੇਵੇ ਗੁਰਮੁਖ ਸਾਚਾ ਸਚ ਦੁਲਾਰਾ ਘਰ ਸਾਚੇ ਰਿਹਾ ਝੂਲ । ਆਏ ਦਰ ਬਣ ਭਿਖਾਰੀ । ਮੰਗੇ ਵਸਤ ਨਾਮ ਅਪਾਰੀ । ਸ਼ਬਦ ਹਸਤ ਸਚ ਅਸਵਾਰੀ । ਤਨ ਬਸਤ ਸੋਹੰ ਸ਼ਬਦ ਸ਼ਿੰਗਾਰੀ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਾਰ ਕੁੰਟ ਦਹਿ ਦਿਸ਼ ਏਕਾ ਧਾਰ ਕਰ ਵਿਚਾਰ, ਵੇਖ ਵਖਾਣੇ ਵਾਰੋ ਵਾਰੀ । ਸਚ ਦਵਾਰਾ ਲਿਆ ਮਲ । ਪੁਰਖ ਭਤਾਰਾ ਜਲ ਥਲ । ਗੁਰਮੁਖ ਸਾਚਾ ਸਾਚੀ ਨਾਰਾ, ਦੀਸੇ ਨਿਹਚਲ ਧਾਮ ਅਟੱਲ । ਏਕਾ ਦੀਸੇ ਦਰ ਦਵਾਰਾ, ਜੰਗਲ ਜੂਹ ਉਜਾੜ ਪਹਾੜ ਜਲ ਥਲ । ਸੋਹੰ ਸ਼ਬਦ ਜਗਤ ਸਹਾਰਾ, ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਖੇਲ ਰਚਾਏ ਘੜੀ ਘੜੀ ਪਲ ਪਲ । ਸ਼ਬਦ ਦਲਾਲਾ ਗੁਰਮੁਖ ਉਧਾਰ । ਗੁਰ ਗੁਰ ਗੋਪਾਲਾ, ਕਲ ਪਾਵੇ ਸਾਰ । ਦੀਨ ਦਿਆਲਾ ਕਰੇ ਪ੍ਰਿਤਪਾਲਾ, ਮਾਨਸ ਦੇਹੀ ਪੂਰਬ ਕਰਮ ਵਿਚਾਰ । ਦਿਵਸ ਰੈਣ ਕਵਲ ਨੈਣਾ ਦਰ ਘਰ ਸਾਚੇ ਬਹਿਣਾ, ਅੱਠੇ ਪਹਿਰ ਰਹੇ ਖ਼ਬਰਦਾਰ । ਆਪ ਚੁਕਾਏ ਲਹਿਣਾ ਦੇਣਾ, ਸ਼ਬਦ ਪਹਿਨਾਏ ਤਨ ਗਹਿਣਾ, ਨਾਮ ਰੰਗਣ ਇਕ ਅਪਾਰ । ਝੂਠੇ ਵਹਿਣ ਜੀਵ ਨਾ ਵਹਿਣਾ, ਦਰਸ ਦਿਖਾਏ ਤੀਜੇ ਨੈਣਾ, ਆਤਮ ਖੋਲ੍ਹੇ ਬੰਦ ਕਿਵਾੜ । ਨਾਤਾ ਤੁਟੇ ਭਾਈ ਭੈਣਾਂ, ਮਿਲਿਆ ਮੇਲ ਸਾਕ ਸੱਜਣ ਸੈਣਾ, ਲੇਖਾ ਚੁੱਕੇ ਸਤਾਰਾਂ ਹਾੜ । ਲਾੜੀ ਮੌਤ ਨਾ ਖਾਏ ਡੈਣਾ, ਗੁਰਮੁਖ ਸਾਚੇ ਸਦਾ ਮਾਤ ਤੇ ਰਹਿਣਾ, ਜੋਤੀ ਨੂਰ ਜਗੇ ਬਹੱਤਰ ਨਾੜ । ਪ੍ਰਭ ਕਾ ਭਾਣਾ ਸਹਿਣਾ ਪੈਣਾ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਘਰ ਸਾਚੇ ਦੇਵੇ ਵਾੜ । ਭਾਣਾ ਪ੍ਰਭ ਬਲਵਾਨ । ਆਪਣੀ ਕਰਨੀ ਰਿਹਾ ਕਰ, ਅੱਠੇ ਪਹਿਰ ਨੌਜਵਾਨ । ਨਾ ਜਨਮੇ ਨਾ ਜਾਏ ਮਰ, ਨੇੜ ਨਾ ਆਇਣ ਪੰਜ ਸ਼ੈਤਾਨ । ਗੁਰਮੁਖ ਖੋਲ੍ਹੇ ਆਤਮ ਦਰ, ਰਾਮ ਰਹੀਮ ਰਹੀਮ ਰਹਿਮਾਨ । ਇਕ ਵਖਾਏ ਸਚ ਘਰ, ਜੋਤੀ ਨੂਰ ਸ਼ਬਦ ਨਿਸ਼ਾਨ । ਗੁਰਮੁਖ ਵਿਰਲਾ ਆਪ ਚੁਕਾਏ ਜਮ ਕਾ ਡਰ, ਧਰਮ ਰਾਏ ਹਰਿ ਫੰਦ ਕਟਾਨ । ਗੁਰਮੁਖ ਸਾਚਾ ਸਾਚੀ ਤਰਨੀ ਜਾਏ ਤਰ, ਮਿਲੇ ਮੇਲ ਸ੍ਰੀ ਭਗਵਾਨ । ਮਾਨਸ ਦੇਹੀ ਨਾ ਜਾਏ ਹਰ, ਲੇਖਾ ਚੁੱਕੇ ਵਿਚ ਜਹਾਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਾਰ ਕੁੰਟ ਦਹਿ ਦਿਸ਼ ਨੌਂ ਖੰਡ ਪ੍ਰਿਥਮੀ ਮਾਤ ਪਤਾਲ ਪਤਾਲ ਅਕਾਸ਼ ਵਰਭੰਡ ਬ੍ਰਹਿਮੰਡ ਜੇਰਜ ਅੰਡ ਉਤਭੁਜ ਸੇਹਤਜ ਇਕ ਰਖਾਏ ਆਣ । ਸ਼ਬਦ ਆਣ ਵਿਚ ਸੰਸਾਰ । ਸੋਹੰ ਬਾਣ ਤਿੱਖੀ ਧਾਰ । ਸਾਚਾ ਸ਼ਬਦ ਸੁਣਾਏ ਕਾਨ । ਮੁਨ ਰਿੱਖ ਨਾ ਕਰੇ ਪਛਾਨ । ਦੇਵੇ ਵਸਤ ਹਰਿ ਗੁਣ ਗੁਣ ਨਿਧਾਨ । ਹਰਿਜਨ ਸਾਚਾ ਦਿਵਸ ਰੈਣ ਅੱਠੇ ਪਹਿਰ ਰਹੇ ਮਸਤ, ਝੁਲਦਾ ਰਹੇ ਨਾਮ ਨਿਸ਼ਾਨ । ਸ਼ਬਦ ਚੜ੍ਹਾਏ ਸਾਚੇ ਹਸਤ, ਪੁਰੀਆਂ ਲੋਆਂ ਇਕ ਉਡਾਨ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਜੋਤੀ ਜਾਮਾ ਮਾਤ ਧਰ, ਵੇਖੇ ਖੇਲ ਜੀਵ ਜੰਤ ਜਹਾਨ । ਹਰਿ ਕਾ ਖੇਲ ਅਗੰਮ, ਭਰਮ ਭਵ ਸਾਗਰਾ । ਨਾ ਕੋਈ ਜਾਣੇ ਹਰਿ ਕਰਮ, ਨਿਰਮਲ ਨੂਰ ਉਜਾਗਰਾ । ਨਾ ਕੋਈ ਜਾਣੇ ਮਾਨਸ ਦੇਹੀ ਝੂਠੀ


੨੫ ੦੫

ਮਾਟੀ ਚਰਮ, ਸਚ ਵਣਜ ਨਾ ਕੋਇ ਕਰੇ ਸੁਦਾਗਰਾ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ ਸਾਚੀ ਜੋਤ ਇਕ ਜਗਾਏ, ਕਾਇਆ ਮਾਟੀ ਸਾਚੀ ਗਾਗਰਾ । ਜੋਤੀ ਦੀਪਕ ਕਰ ਉਜਿਆਰ । ਪੁਰਖ ਅਬਿਨਾਸ਼ੀ ਪਾਏ ਸਾਰ । ਕਲਜੁਗ ਤੇਰੀ ਅੰਤਮ ਵਾਰ । ਰੰਗ ਰੰਗੀਲਾ ਹਰਿ ਦਾਤਾਰ । ਕਰ ਕਰ ਵੇਸ ਮਾਝੇ ਦੇਸ ਸੂਹਾ ਪੀਲਾ, ਜੋਤੀ ਨਾਰ ਏਕਾ ਧਾਰ । ਏਕਾ ਧਾਰ ਗੁਰਮੁਖ ਵਿਰਲੇ ਅੰਮ੍ਰਿਤ ਜਾਮ ਸ਼ਬਦ ਪਿਆਲਾ ਪ੍ਰਭ ਦਰ ਪੀ, ਆਤਮ ਖੁਲ੍ਹੇ ਬੰਦ ਕਿਵਾੜ । ਜੋਤੀ ਅਗਨੀ ਸਾਚੀ ਲਾ ਲਾ, ਵਾ ਨਾ ਲਗੇ ਤੱਤੀ ਹਾੜ । ਏਕਾ ਨਾਮ ਸੱਚਾ ਬੀਜ ਬਿਜਾ ਲਾ, ਫਲ ਫੁਲ ਫੁਲਵਾੜੀ ਪਿਛੇ ਅਗਾੜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਘਰ ਸਾਚੇ ਮਾਣ ਦਵਾਏ ਦਇਆ ਕਮਾਏ ਬਹੱਤਰ ਨਾੜ । ਅਲੱਖ ਅਗੰਮ ਅਪਾਰ ਹਰਿ ਬੇਅੰਤਿਆ । ਸ਼ਬਦ ਰੱਖੇ ਤਿਖੀ ਧਾਰ, ਦੇਵੇ ਕਰ ਪਾਰ ਸਾਧਨ ਸੰਤਿਆ । ਆਦਿ ਅੰਤ ਏਕਾ ਕਾਰ, ਪੁਰਖ ਅਬਿਨਾਸ਼ੀ ਨਾ ਕੋਈ ਨਰ ਨਾ ਕੋਈ ਨਾਰ, ਭੇਖਾਧਾਰੀ ਜੁਗਾ ਜੁਗੰਤਿਆ । ਜਨ ਭਗਤਾਂ ਸਾਚਾ ਸੱਜਣ ਮੀਤ ਮੁਰਾਰ, ਏਕਾ ਬੰਨ੍ਹੇ ਚਰਨ ਪਿਆਰ, ਮੇਲ ਮਿਲਾਵਾ ਸਾਚੇ ਕੰਤਿਆ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਆਪੇ ਜਾਣੇ ਜੀਵ ਜੰਤਿਆ । ਜੀਵ ਜੰਤ ਹਰਿ ਕਰ ਧਿਆਨ । ਸਾਧ ਸੰਤ ਅਸੰਤ ਪਛਾਣ । ਕਲਜੁਗ ਮਾਇਆ ਪਾਏ ਬੇਅੰਤ, ਭੁੱਲੇ ਰੁੱਲੇ ਜੀਵ ਜਹਾਨ । ਜੋਤੀ ਜੋਤ ਸਰੂਪ ਹਰਿ, ਏਕਾ ਏਕ ਜਨ ਭਗਤਾਂ ਟੇਕ, ਸੋਹੰ ਸ਼ਬਦ ਰਖਾਏ ਸਾਚੀ ਆਣ । ਸੋਹੰ ਸ਼ਬਦ ਸੱਚੀ ਧੁਨਕਾਰਾ । ਦਸਮ ਦਵਾਰੀ ਵਸੇ ਬਾਹਰਾ । ਤਨ ਮੰਡਲ ਭੇਵ ਨਿਆਰਾ । ਗੁਰਮੁਖ ਸਾਚੇ ਮਾਣਕ ਮੋਤੀ ਮਾਤ ਚੁਣ, ਦਇਆ ਕਮਾਏ ਸਤਾਰਾਂ ਹਾੜਾ । ਕਵਣ ਜਾਣੇ ਹਰਿ ਤੇਰੇ ਗੁਣ, ਜੋਤ ਜਗਾਏ ਬਹੱਤਰ ਨਾੜਾ । ਸਾਧ ਸੰਤ ਲੋਕਮਾਤ ਛਾਣ ਪੁਣ, ਲਾਏ ਸੱਚਾ ਏਕਾ ਏਕ ਅਖਾੜਾ । ਜੋਤੀ ਜੋਤ ਸਰੂਪ ਹਰਿ, ਗੁਰਮੁਖ ਸਾਚੇ ਸੰਤ ਜਨਾਂ, ਪਰੇ ਹਟਾਏ ਦਇਆ ਕਮਾਏ ਪੰਚਮ ਲੱਗੀ ਮਗਰ ਝੂਠੀ ਧਾੜਾ । ਪੰਚ ਪੰਚਾਇਣ ਗੁਰਮੁਖਾਂ ਖਾਏ ਲਾੜੀ ਮੌਤ ਡੈਣ । ਸੱਚਾ ਫਲ ਫੁਲੇ ਫੁਲਵਾੜੀ, ਦਰਸ ਦਿਖਾਏ ਤੀਜੇ ਨੈਣ । ਆਪੇ ਹੋਏ ਪਿਛੇ ਅਗਾੜੀ, ਨਾਤਾ ਤੁਟਾ ਸਾਕ ਸੱਜਣ ਸੈਣ ਮਾਤ ਪਿਤ ਭਾਈ ਭੈਣ । ਗੁਰਮੁਖਾਂ ਲਾਜ ਰਖਾਏ ਚਰਨ ਛੁਹਾਈ ਦਾਹੜੀ, ਬੇਮੁਖ ਜੂਠੇ ਝੂਠੇ ਅੰਤਮ ਕਲ ਝੂਠੇ ਵਹਿਣ ਵਹਿਣ । ਗੁਰਮੁਖਾਂ ਤੋੜੇ ਆਤਮ ਦੂਈ ਦਵੈਤੀ ਜੰਦਰ, ਅੰਤ ਚੁਕਾਏ ਲਹਿਣ ਦੇਣ । ਲੱਖ ਚੁਰਾਸੀ ਦਰ ਦਰ ਭੌਂਦੇ ਬੰਦਰ, ਬੇਮੁਖਾਂ ਰਾਤ ਅੰਧੇਰੀ ਕਲਜੁਗ ਰੈਣ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਲੋਕਮਾਤ ਜੋਤ ਧਰ, ਪਰਗਟ ਹੋਏ ਨਰ ਨਰਾਇਣ । ਨਰ ਨਰਾਇਣ ਨਰ ਨਿਰੰਕਾਰਿਆ । ਘਰ ਘਰ ਖੇਲ ਅਪਰ ਅਪਾਰਿਆ । ਸਤਿਜੁਗ ਸਾਚੇ ਵਧੀ ਵੇਲ, ਸੋਹੰ ਸ਼ਬਦ ਚੜ੍ਹਿਆ ਤੇਲ, ਮਿਲੇ ਮੇਲ ਭਗਤ ਬਨਵਾਰਿਆ । ਅਚਰਜ ਖੇਲ ਹਰਿ ਸੱਜਣ ਸੁਹੇਲ, ਲੋਕਮਾਤ ਕਰਦਾ ਆਏ ਵਾਰੋ ਵਾਰਿਆ । ਆਪੇ ਕਟੇ ਕਟਾਏ ਧਰਮ ਰਾਏ ਦੀ ਜੇਲ੍ਹ, ਲੱਖ ਚੁਰਾਸੀ ਜਮ ਕੀ ਫਾਸੀ ਗੁਰਮੁਖਾਂ ਗਲੋਂ ਕਟਾ ਰਿਹਾ । ਸਦਾ ਵਸੇ ਰੰਗ ਨਵੇਲ, ਜੋਤੀ ਨੂਰ ਇਕ ਅਕਾਲ, ਸ਼ਬਦੀ ਤੂਰ ਸਰਬ ਕਲਾ ਭਰਪੂਰ, ਦਿਸ ਕਿਸੇ ਨਾ ਆ ਰਿਹਾ । ਭਗਤ ਜਨਾਂ ਹਰਿ ਆਸਾ ਮਨਸਾ ਪੂਰ, ਦਿਵਸ ਰੈਣ ਅੱਠੇ ਪਹਿਰ ਹਾਜ਼ਰ ਹਜ਼ੂਰ, ਦੀਪਕ ਜੋਤੀ ਇਕ ਜਗਾ ਰਿਹਾ । ਮਸਤਕ ਦੇਵੇ ਸਾਚੀ ਧੂੜਾ, ਚਤੁਰ ਸੁਜਾਨ ਬਣਾਏ ਅੰਞਾਣ ਮੂੜ੍ਹਾ, ਸਾਚਾ ਰਾਹ ਇਕ ਵਖਾ ਰਿਹਾ । ਰਾਜੇ ਰਾਣਿਆਂ ਪਾਏ ਜੂੜਾ, ਸ਼ਬਦ ਡੋਰੀ ਇਕ ਰਖਾ ਰਿਹਾ । ਲੱਖ ਚੁਰਾਸੀ ਛਾਣੇ ਕੂੜਾ, ਪੁਰਖ ਅਬਿਨਾਸ਼ੀ ਸਾਚਾ ਲਾਲ ਕਿਸੇ ਹੱਥ

ਨਾ ਆ ਰਿਹਾ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਾਰਾਂ ਹਾੜੀ ਲੋਕਮਾਤ ਮਾਰ ਝਾਤ ਇਕ ਇਕਾਂਤ, ਸੋਹੰ
ਸਾਚਾ ਹੱਟ ਖੁਲ੍ਹਾ ਰਿਹਾ । ਸੋਹੰ ਸਾਚਾ ਹੱਟ ਖੁਲ੍ਹਾਏ । ਏਕਾ ਦਾਤ ਸਚ ਵਸਤ ਹਰਿ ਝੋਲੀ ਪਾਏ । ਨਾ ਕੋਈ ਸ਼ਬਦ ਘੋੜ ਤੀਰ ਅਸਤ ਦਸਤ
ਕਮਾਨ, ਨਾ ਕੋਈ ਕਾਇਆ ਨਗਰ ਖੇੜਾ ਪੰਜਾਂ ਝੇੜਾ, ਪੁਰਖ ਅਬਿਨਾਸ਼ੀ ਧਾਮ ਅਵੱਲੇ ਬਸਤ, ਗੁਰਮੁਖਾਂ ਅੰਮ੍ਰਿਤ ਆਤਮ ਸਾਚਾ ਸੀਰ ਪਿਆਏ ।
ਅੱਠੇ ਪਹਿਰ ਰੱਖੇ ਮਸਤ, ਸ਼ਬਦ ਘੋੜੇ ਹਰਿ ਚੜ੍ਹਾਏ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਦਿਨ ਰਹਿ
ਗਏ ਥੋੜੇ, ਸਤਾਰਾਂ ਹਾੜੀ ਭੇਵ ਖੁਲ੍ਹਾਏ । ਕਲਜੁਗ ਵੇਲਾ ਅੰਤਮ ਗਿਆ ਮੁੱਕ । ਸਤਿਜੁਗ ਵੇਲਾ ਨੇੜੇ ਆਇਆ, ਵਕਤ ਸੁਹੇਲਾ ਗਿਆ ਢੁਕ ।
ਬੇਮੁਖਾਂ ਪ੍ਰਭ ਦਏ ਸਜਾਇਆ, ਪ੍ਰਭ ਕਾ ਭਾਣਾ ਨਾ ਜਾਏ ਰੁਕ । ਸਾਚਾ ਰਾਹ ਕਿਸੇ ਹੱਥ ਨਾ ਆਇਆ, ਜੂਠ ਝੂਠ ਮੁਖ ਪਵਾਏ ਏਕਾ ਥੁੱਕ । ਜੋਤੀ
ਜੋਤ ਸਰੂਪ ਹਰਿ, ਸ਼ਬਦ ਖੰਡਾ ਹੱਥ ਉਠਾਇਆ, ਅੰਤਮ ਵੇਲੇ ਦਏ ਵਡਿਆਇਆ, ਕਲਜੁਗ ਜੀਆਂ ਕਾਇਆ ਪਿੰਜਰ ਗਿਆ ਸੁੱਕ, ਨਾ ਹੋਏ ਕੋਇ
ਸਹਾਇਆ । ਅਜਪਾ ਜਾਪ ਜਪੇ ਜਾਪ, ਕੋਟਨ ਕੋਟ ਉਤਰੇ ਪਾਪ । ਨੇੜ ਨਾ ਆਇਣ ਤੀਨੋ ਤਾਪ । ਹਰਿਜਨ ਪਛਾਣੇ ਆਪਣਾ ਆਪ । ਨਾ
ਕੋਈ ਜਾਣੇ ਭੈਣਾਂ ਭਾਈ ਮਾਤ ਬਾਪੇ, ਕਲਜੁਗ ਪਾਪ ਰਿਹਾ ਕਾਂਪ । ਗੁਰਮੁਖ ਸਾਚੇ ਸੰਤ ਸੁਹੇਲੇ ਮੇਲੇ ਵਡ ਪਰਤਾਪ । ਜੋਤੀ ਜੋਤ ਸਰੂਪ ਹਰਿ,
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਵਸਤ ਹਰਿ ਝੋਲੀ ਪਾਏ । ਕਾਇਆ ਵਸਤ ਲਏ ਉਠਾਈ, ਸਾਚੀ ਚੋਲੀ ਰੰਗ ਰੰਗਾਏ । ਨੌਂ ਉਂਗਲ
੨੭ ਦਰ ਦਵਾਰ ਆਪੇ ਨਾਚੇ, ਕਾਇਆ ਚੋਲੀ ਰੰਗ ਰੰਗਣ, ਜੋਤੀ ਮੇਲਾ ਹਰਿ ਪਰਬੀਨ । ਸ਼ਬਦ ਚੇਲਾ ਹੋਏ ਅਧੀਨ । ਪਵਣ ਸਵਾਸੀ ਮੇਲਾ ਤੀਨ । ੨੭
ਘਨਕਪੁਰ ਵਾਸੀ ਰਸਨਾ ਚੀਨ । ਸ਼ਾਹੋ ਸ਼ਾਬਾਸ਼ੀ ਕਰੇ ਠਾਂਡਾ ਸੀਨ । ਦਿਵਸ ਰੈਣ ਨਾ ਰਹੇ ਉਦਾਸੀ, ਆਦਿ ਪੁਰਖ ਅਪਰੰਪਰ ਸਵਾਮੀ ਏਕਾ
੦੫ ਈਨ । ਕਾਇਆ ਮੰਡਲ ਝੂਠੀ ਰਾਸੀ, ਸਚ ਵਸਤ ਹਰਿ ਵੱਖਰ ਕੀਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ੦੫
ਸਚ ਵਰ, ਮਿਲੇ ਮੇਲ ਹਰਿ ਨਵ ਨਵ ਰੰਗ ਰੰਗੀਨ । ਨਵ ਨਵ ਨੌਂ ਦਵਾਰੇ । ਪੁਰਖ ਅਬਿਨਾਸ਼ੀ ਵਸੇ ਬਾਹਰੇ । ਆਤਮ ਘਰ ਸਾਚਾ ਦਰ,
ਅੰਮ੍ਰਿਤ ਸਰ ਝਿਰਨਾ ਝਿਰੇ ਅਪਰ ਅਪਾਰੇ । ਹਰਿਜਨ ਸਾਚਾ ਲਏ ਵਰ, ਚੁੱਕੇ ਡਰ ਨਾ ਜਾਏ ਮਰ, ਮਿਲੇ ਮੇਲ ਕੰਤ ਕੰਤੂਹਲਾ, ਸਾਚੀ ਤਰਨੀ
ਜਾਏ ਤਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬੋਧ ਅਗਾਧ ਸ਼ਬਦ ਨਾਦਾ, ਅਨਹਦ ਮਾਰੇ ਏਕਾ ਅਵਾਜੇ । ਗੁਰਮੁਖ ਸਾਚਾ
ਸਰ ਸਰੋਵਰ ਏਕਾ ਰਿਹਾ ਭਰ, ਕਿਸੇ ਹੱਥ ਨਾ ਆਏ ਰਾਜਨ ਰਾਜੇ । ਨਿਸ਼ਅੱਖਰ ਸਦ ਹਰਿ ਵੱਖਰ, ਪਰ੍ਹਾ ਪਸੰਤੀ ਅੰਤਮ ਕੰਤੀ, ਅਜਪਾ ਜਾਪ
ਅਜਾਪਨ ਜਾਪੇ । ਜੋਤੀ ਜੋਤ ਸਰੂਪ ਹਰਿ, ਏਕਾ ਰੰਗਣ ਨਾਮ ਰੰਗ ਅਨਮੋਲ, ਸ਼ਬਦ ਤੋਲੇ ਪੂਰੇ ਤੋਲ, ਹੋਏ ਸਹਾਈ ਮਾਈ ਬਾਪੇ । ਦਸਮ
ਦਵਾਰ ਦਹਿ ਦਿਸ਼ ਘਾਟੀ । ਸ਼ਬਦ ਸਵਾਰ ਹਰਿ ਖੇਲ ਬਾਜੀਗਰ ਨਾਟੀ । ਜੋਤ ਨਿਰੰਕਾਰ ਏਕਾ ਏਕ ਲਿਲਾਟੀ । ਅੰਮ੍ਰਿਤ ਰਸ ਨਿਝਰ ਧਾਰ,
ਸ਼ਬਦ ਖੁਲ੍ਹੇ ਸਾਚੀ ਹਾਟੀ । ਪਵਣ ਉਨੰਜਾ ਵੇਖ ਵਿਚਾਰ, ਨਾ ਕੋਈ ਦਿਸੇ ਤੀਰਥ ਤਾਟੀ । ਸੋਹੰ ਸ਼ਬਦ ਵਗੇ ਧਾਰ, ਦੂਰ ਨੇੜੇ ਨੇੜ ਨਾ ਦੂਰ
ਏਕਾ ਵਾਟੀ । ਜੋਤੀ ਸਾਇਆ ਰੰਗ ਅਪਾਰ, ਆਪੇ ਖੇਵਟ ਆਪੇ ਖੇਟੀ । ਜਨ ਭਗਤਾਂ ਬੇੜਾ ਪਾਰ ਕਿਨਾਰ, ਓਅੰਕਾਰ ਖੋਲ੍ਹੇ ਤਾਕੀ । ਏਕਾ
ਨਰ ਹਰਿ ਸੱਚੀ ਸਰਕਾਰ, ਧਰਮ ਰਾਏ ਨਾ ਮੰਗੇ ਬਾਕੀ । ਜਗੇ ਜੋਤ ਅਗੰਮ ਅਪਾਰ, ਨਾ ਕੋਈ ਬੰਦਾ ਦਿਸੇ ਖ਼ਾਕੀ । ਗੁਰਮੁਖ ਸਾਚੇ ਸੰਤ

ਜਨ ਤੇਰੇ ਦਵਾਰ, ਪੰਚ ਪੰਚਾਇਣ ਕੋਈ ਨਾ ਰਹੇ ਆਕੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣਾ ਦਰਸ ਦਿਖਾਏ, ਦਸਮ ਦਵਾਰੀ ਖੋਲ੍ਹੇ ਤਾਕੀ ।

★ ਪਹਿਲੀ ਜੇਠ ੨੦੧੨ ਬਿਕ੍ਰਮੀ ਪਿੰਡ ਜੇਠੂਵਾਲ ਜ਼ਿਲਾ ਅੰਮ੍ਰਿਤਸਰ ਹਰਿ ਭਗਤ ਦਵਾਰ ★

ਜੋਤੀ ਜਾਮਾ ਹਰਿ ਰਘੁਰਾਈਆ । ਪੂਰ ਕਰਾਏ ਆਪਣਾ ਕਾਮਾ, ਨਾ ਕੋਈ ਦੂਸਰ ਸੰਗ ਰਲਾਈਆ । ਹੱਡ ਮਾਸ ਨਾੜੀ ਨਾ ਕੋਈ ਚਾਮਾ, ਕਾਇਆ ਅੰਦਰ ਮੰਦਰ ਨਾ ਦਏ ਕੋਈ ਵਖਾਈਆ । ਕਲਜੁਗ ਹੋਈ ਅੰਧੇਰੀ ਰਾਤੀ, ਨਿਹਕਲੰਕ ਨਰਾਇਣ ਨਰ, ਪਰਗਟ ਜੋਤ ਅਚਰਜ ਖੇਲ ਵਰਤਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਬਣਤ ਰਿਹਾ ਆਪ ਬਣਾਈਆ । ਆਪਣੀ ਬਣਤ ਹਰਿ ਆਪ ਬਣਾਇੰਦਾ । ਗੁਰਮੁਖ ਸਾਚੇ ਸੰਤ ਜਗਾਇੰਦਾ । ਕਲਜੁਗ ਮਾਇਆ ਪਾਏ ਬੇਅੰਤ, ਦੁਰਮਤ ਮੈਲ ਸੰਗ ਰਲਾਇੰਦਾ । ਭਰਮ ਭੁਲਾਏ ਜੀਵ ਜੰਤ, ਭੇਦ ਅਭੇਦਾ ਅਛਲ ਅਛੇਦਾ, ਕਿਸੇ ਹੱਥ ਨਾ ਆਏ ਚਾਰ ਵੇਦਾ ਖਾਣੀ ਬਾਣੀ ਕਲਜੁਗ ਰਾਣੀ ਅੰਤਮ ਵੇਲੇ ਪਛੋਤਾਣੀ । ਅੰਜੀਲ ਕੁਰਾਨੀ ਜੀਵ ਨਿਧਾਨੀ, ਸੋਹੰ ਸ਼ਬਦ ਸੱਚਾ ਤੀਰ ਹਰਿ ਮਾਰੇ ਕਾਨੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਰੰਗਣ ਰੰਗ ਚੜ੍ਹਾਏ, ਚਾਰ ਵਰਨਾਂ ਰਿਹਾ ਸੁਣਾਏ, ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਕੋਈ ਭੁੱਲ ਨਾ ਜਾਏ, ਪਰਗਟ ਹੋਏ ਵਾਲੀ ਦੋ ਜਹਾਨੀ । ਪਹਿਲੀ ਜੇਠ ਹਰਿ ਲੇਖ ਲਿਖਈਆ । ਵਾਲੀ ਹਿੰਦ ਉਠ ਜਾਗ, ਪ੍ਰਭ ਆਪ ਚੜ੍ਹਾਏ ਸਾਚੀ ਨਈਆ । ਲੋਕਮਾਤ ਧੋਵਣ ਆਇਆ ਪਿਛਲੇ ਦਾਗ਼, ਡੋਰ ਆਪਣੇ ਹੱਥ ਰਖਈਆ । ਮਾਨਸ ਦੇਹੀ ਹੋਈ ਕਾਗ, ਮੋਤੀ ਹੰਸ ਨਾ ਕੋਈ ਚੋਗ ਚੁਗਈਆ । ਸਾਚਾ ਸੁਣਨਾ ਏਕਾ ਰਾਗ, ਸੁਰਤੀ ਸੁਰਤ ਅਕਾਲ ਮੂਰਤ ਨਾ ਕੋਈ ਭੇਖ ਰਖਈਆ । ਛੱਤੀ ਰਾਗ ਨਾ ਜਾਨਣ ਤੂਰਤ, ਕਵਣ ਦੇਸ ਜੋਤ ਪਰਵੇਸ਼, ਕਵਣ ਨਗਾਰਾ ਹਰਿ ਵਜਈਆ । ਕਲਜੁਗ ਅਵਲੱੜਾ ਧਾਰੇ ਭੇਸ, ਖੁਲ੍ਹੜੇ ਕੇਸ ਵੇਸ ਰਖਈਆ । ਲੋਆਂ ਪੁਰੀਆਂ ਦੇਸ ਪਰਦੇਸ, ਖੰਡ ਬ੍ਰਹਿਮੰਡ ਏਕਾ ਧਾਰ ਚਲਈਆ । ਸ਼ਬਦ ਫੜਾਏ ਹੱਥ ਚੰਡ ਪਰਚੰਡ, ਲੱਖ ਚੁਰਾਸੀ ਵੱਢੇ ਕੰਡ, ਬੇਮੁਖਾਂ ਕਰੇ ਖੰਡ ਖੰਡ, ਤਿਖੀ ਧਾਰ ਵਿਚ ਸੰਸਾਰ ਏਕਾ ਆਪ ਰਖਈਆ । ਜਨ ਭਗਤਾਂ ਆਤਮ ਦਰ ਦਵਾਰੇ ਚੋਬਦਾਰ, ਸ਼ਬਦ ਘੋੜੇ ਹੋ ਅਸਵਾਰ । ਗੁਰ ਗੋਬਿੰਦਾ ਵਾਲੀ ਹਿੰਦਾ ਸਰਬ ਬਖ਼ਸ਼ਿੰਦਾ, ਲੱਖ ਚੁਰਾਸੀ ਕਰੇ ਨਿਬੇੜਾ, ਗੁਰਸਿਖ ਜੋਤੀ ਜੋਤ ਅਧਾਰ । ਸ਼ਬਦ ਜੋਤੀ ਮੇਲ ਮਿਲਾਇੰਦਾ । ਵਰਨ ਗੋਤੀ ਭੇਵ ਚੁਕਾਇੰਦਾ । ਵਾਲੀ ਹਿੰਦ ਹਰਿ ਸੁਣਾਇੰਦਾ । ਅੰਤਮ ਵੇਲੇ ਰਹੇ ਨਾ ਚਿੰਦ, ਨਿਹਕਲੰਕ ਕਲ ਜਾਮਾ ਪਾਇੰਦਾ । ਪਰਗਟ ਹੋਇਆ ਵਿਚ ਹਿੰਦ, ਨੌਂ ਸੱਤ ਸੱਤ ਨੌਂ ਸਾਚਾ ਭਾਣਾ ਆਪਣਾ ਰਾਣਾ ਆਪਣੇ ਹੱਥ ਰਖਾਇੰਦਾ । ਕਲਜੁਗ ਅੰਤਮ ਵਰਤੇ ਭਾਣਾ, ਨਾ ਕੋਈ ਜਾਣੇ ਸੁਘੜ ਸਿਆਣਾ, ਗਿਆਨੀ ਧਿਆਨੀ ਵੇਦ ਪੁਰਾਨੀ, ਪੰਡਤ ਪਾਂਧੇ ਨਾ ਕੋਈ ਭੇਵ ਖੁਲ੍ਹਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਝੰਡਾ ਸੋਹੰ ਖੰਡਾ ਸ਼ਬਦ ਡੰਡਾ, ਸਤਾਰਾਂ ਹਾੜੀ ਲੋਕਮਾਤ ਲਗਾਇੰਦਾ । ਵਾਲੀ ਹਿੰਦ ਉਠ ਹੋ ਖ਼ਬਰਦਾਰ । ਗੁਰਮੁਖਾਂ ਰੱਖੇ ਸਾਇਆ ਹੇਠ, ਕਰੇ ਇਕ ਪਿਆਰ । ਕਲਜੁਗ ਜੀਵ ਭੰਨੇ ਕੌੜੇ ਰੇਠ, ਪਕੜ ਲਿਆਏ ਘੇਰ ਘਾਰ । ਪਰਗਟ ਹੋਏ ਪੰਚਮ ਜੇਠ, ਆਪ ਸਵਾਰੇ ਆਪਣੇ ਕਾਜ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ । ।

★ ਪਹਿਲੀ ਜੇਠ ੨੦੧੨ ਬਿਕ੍ਰਮੀ ਪਾਕਿਸਤਾਨ ਦੇ ਗਵਰਨਰ ਜਨਰਲ ਨੂੰ ਸ਼ਬਦ ਭੇਜਿਆ ★

ਪਾਕਿਸਤਾਨੀ ਪਾਕੀ ਪਾਕ । ਨਬੀ ਰਸੂਲਾਂ ਖੁਲ੍ਹੇ ਤਾਕ । ਸਾਚਾ ਹੱਜ ਪ੍ਰਭ ਅਬਿਨਾਸ਼ੀ ਇਕ ਦਰ ਕਬੂਲਾ, ਆਪ ਚੁਕਾਉਣਾ ਭੇਵ ਏਕਾ ਦੂਜਾ, ਨਾਤਾ ਤੁੱਟੇ ਜੂਠਾ ਝੂਠਾ ਮਾਤ ਪਿਤ ਭਾਈ ਭੈਣ ਸਾਕ । ਭੇਵ ਨਾ ਰਹੇ ਲੋਕਮਾਤ ਗੁਝਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸ਼ਬਦ ਇਕ ਰਖਾਇਆ ਸਾਚਾ ਰਾਕ । ਸਾਚਾ ਰਾਕੀ ਹਰਿ ਸੁਲਤਾਨਾ, ਚੁਕਾਉਣ ਆਇਆ ਨਬੀ ਰਸੂਲਾਂ ਬਾਕੀ । ਸਿੱਧਾ ਰੱਖੇ ਇਕ ਨਿਸ਼ਾਨਾ, ਕੋਈ ਨਾ ਅੜੇ ਬੰਦਾ ਖ਼ਾਕੀ । ਝੁੱਲੇ ਝੁਲਾਏ ਨਾਮ ਨਿਸ਼ਾਨਾ, ਜੋਤ ਨਿਰੰਜਣ ਪਾਕਨ ਪਾਕੀ । ਏਕਾ ਏਕ ਸਚ ਬਿਬਾਣਾ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨੌਂ ਖੰਡ ਪ੍ਰਿਥਮੀ ਆਪ ਵਖਾਣੇ ਏਕਾ ਏਕ ਟੇਕ ਸ਼ਬਦ ਸਾਕੀ ।

ਸਤਿਜੁਗ ਸਾਚੇ ਪ੍ਰਭ ਸਾਚਾ ਤੇਰੀ ਕਰੇ ਚੱਠ । ਜੀਵ ਜੰਤ ਸਾਧ ਸੰਤ ਨਾ ਕੋਈ ਝੂਠਾ ਨਾਚੇ, ਵੇਖ ਵਖਾਣੇ ਭਾਂਡੇ ਕਾਚੇ, ਸਤਾਰਾਂ ਹਾੜੀ ਕਰ ਇਕੱਠ । ਏਕਾ ਲਾਏ ਅਗਨ ਤਮਾਚੇ, ਉਲਟੀ ਗੇੜੇ ਗਿੜਾਏ ਸਾਚੀ ਲੱਠ । ਪਰਗਟ ਹੋਏ ਨਿਹਕਲੰਕ ਨਰਾਇਣ ਨਰ ਸਾਚੋ ਸਾਚੇ, ਸੋਹੰ ਸ਼ਬਦ ਬਣਾਏ ਸਾਚਾ ਮੱਠ । ਸਾਚਾ ਮੱਠ ਕਰ ਤਿਆਰ । ਸਾਧਾਂ ਸੰਤਾਂ ਕਰੇ ਪਿਆਰ । ਆਦਿਨ ਅੰਤਾ ਵਿਚ ਸੰਸਾਰ । ਜੀਆਂ ਜੰਤਾਂ ਦਏ ਅਧਾਰ । ਬਣਾਏ ਬਣਤਾ ਸਤਿਜੁਗ ਤੇਰੀ ਬੰਨ੍ਹ ਧਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰੇ ਕਰਾਏ ਖ਼ਬਰਦਾਰ । ਸੰਤ ਸੁਹੇਲੇ ਆਵਣ ਦਰ । ਦਰ ਘਰ ਸਾਚੇ ਮਿਲੇ ਏਕਾ ਵਰ । ਕਰਨੀ ਕੀਰਤ ਕਰਤਾ ਕਾਦਰ ਰਿਹਾ ਕਰ । ਹਉਮੇ ਕੱਢੇ ਦੂਈ ਦਵੈਤੀ ਪੀੜਤ, ਅਗਨੀ ਮੱਠ ਅੱਗੇ ਖੜ । ਬੇਮੁਖਾਂ ਅੰਤਮ ਦਿਸੀ ਭੀੜਤ, ਅਗਨ ਅਗਿਆਰੇ ਜਾਇਣ ਝੜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਹੰਕਾਰੀ ਜਗਤ ਵਿਕਾਰੀ ਦਰ ਦਰਬਾਰ ਬਾਹੋਂ ਲਏ ਫੜ । ਫੜ ਬਾਂਹ ਕਰੇ ਉਜਿਆਰ । ਨਾ ਕੋਈ ਪਿਤਾ ਨਾ ਕੋਈ ਮਾਂ, ਨਾ ਕੋਈ ਹੋਏ ਸਹਾਰ । ਨਾ ਕੋਈ ਦੇਵੇ ਠੰਡੀ ਛਾਂ, ਨਾ ਕੋਈ ਛੁਡਾਏ ਮੀਤ ਮੁਰਾਰ । ਅੱਗੋਂ ਕਿਸੇ ਨਾ ਨਿਕਲੇ ਨਾਂਹ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਬੰਨ੍ਹੇ ਆਪਣੀ ਧਾਰ । ਆਪਣੀ ਧਾਰ ਆਪ ਬਣਾਉਣੀ । ਜੋਤ ਜਵਾਲਾ ਇਕ ਜਗਾਉਣੀ । ਇਕ ਅਕਾਲਾ ਦੀਨ ਦਿਆਲਾ ਸਰਬ ਪ੍ਰਿਤਪਾਲਾ ਅਹੂਤੀ ਨਾਮ ਚੜ੍ਹਾਉਣੀ । ਸਾਧ ਸੰਤ ਸਭ ਮਾਰਨ ਛਾਲਾਂ, ਅਚਰਜ ਖੇਲ ਸਤਾਰਾਂ ਹਾੜੀ ਪ੍ਰਭ ਆਪ ਕਰਾਉਣੀ । ਫਲ ਦਿਸੇ ਕਿਹੜੇ ਸੱਚੇ ਡਾਲ੍ਹਾ, ਅੱਗਨੀ ਤਨ ਨੇੜ ਨਾ ਆਉਣੀ । ਗੁਰਮੁਖ ਮਸਤਕ ਲਾਲੋ ਲਾਲਾ, ਮਿਲਿਆ ਹਰਿ ਗੁਰ ਗੋਪਾਲਾ, ਸਾਚੀ ਰੰਗਣ ਜਿਸ ਤਨ ਚੜ੍ਹਾਉਣੀ । ਦੂਜੇ ਦਰ ਨਾ ਮੰਗੇ ਕੋਈ ਜਾਏ ਬਣ ਕੰਗਾਲਾ, ਨਿਹਕਲੰਕੀ ਸਾਧਾਂ ਸੰਤਾਂ ਕੱਢੇ ਵਿਵਾਦ, ਅਗਨੀ ਭੇਟ ਕਾਇਆ ਮਾਟੀ ਆਪ ਚੜ੍ਹਾਉਣੀ । ਸੁੰਵਾ ਦਿਸੇ ਕਾਇਆ ਖੇਤ, ਜੂਠਾ ਝੂਠਾ ਜਗਤ ਹਿਤ ਬੇਮੁਖ ਬਣਨ ਗੁਰ ਸੰਗਤ ਅੰਦਰ ਜਿਨ ਪ੍ਰੇਤ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਸਿਖਿਆ ਇਕ ਦਵਾਉਣੀ । ਸ਼ਬਦ ਭੰਡਾਰ ਅਤੁਟ ਹਰਿ ਵਰਤਾਇੰਦਾ । ਪੰਜਾਂ ਚੋਰਾਂ ਕੁੱਟ ਬਹਾਇੰਦਾ । ਤਿੱਖਾ ਤੀਰ ਇਕ ਰਖਾਇੰਦਾ । ਅੰਮ੍ਰਿਤ ਆਤਮ ਪਿਆਏ ਏਕਾ ਘੁੱਟ, ਸੋਹੰ ਧਾਰ ਵਹਾਇੰਦਾ । ਤ੍ਰੈਕੁਟੀ ਸੁਖਮਨ ਜਾਏ ਛੁੱਟ, ਸਾਚੇ ਪੌੜੇ ਆਪ ਚੜ੍ਹਾਇੰਦਾ । ਦਰ ਘਰ ਸਾਚੇ ਕਦੇ ਨਾ ਆਵੇ ਤੋਟ, ਕੋਟਨ ਕੋਟ ਦਰ ਦਵਾਰ

ਹਰਿ ਤਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖਾਲੀ ਭਾਂਡਾ ਹਰਿ ਭਰਾਇੰਦਾ । ਸ਼ਬਦ ਧੁਨੀ ਨਾਦ ਅਨਾਦਾ । ਨਾ ਕੋਈ ਜਾਣੇ ਰਿਖੀ ਮੁਨੀ, ਧਾਰ ਅਪਾਰ ਬੋਧ ਅਗਾਧਾ । ਗੁਰਮੁਖਾਂ ਆਤਮ ਛਾਣੀ ਪੁਣੀ, ਰਸਨਾ ਗਾਏ ਮਾਧਵ ਮਾਧਾ । ਹਰਿ ਪੁਕਾਰ ਘਰ ਸਾਚੇ ਸੁਣੀ, ਸ਼ਬਦ ਦੇਵੇ ਘਰ ਸਾਚੀ ਦਾਦਾ । ਵਡ ਦਾਤਾ ਸੂਰਾ ਹਰਿ ਗੁਣ ਗੁਣੀ, ਹਰਿਜਨ ਸਾਚੇ ਮਾਤ ਲਾਧਾ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਰਾਗ ਆਪ ਸੁਣਾਏ ਦਇਆ ਕਮਾਏ, ਅਨਹਤ ਅਨਾਹਦ ਨਾਦਾ । ਸਾਚਾ ਰਾਗ ਰੰਗ ਰੰਗੀਨ । ਜਗਤ ਤਿਆਗ ਵਡ ਵਡਭਾਗ, ਰਸਨਾ ਰਸ ਏਕਾ ਚੀਨ । ਸੋਈ ਆਤਮ ਜਾਏ ਜਾਗ, ਆਤਮ ਤੁੱਟੇ ਹੰਕਾਰੀ ਬੀਨ । ਪ੍ਰਭ ਅਬਿਨਾਸ਼ੀ ਹੱਥ ਪਕੜੇ ਵਾਗ, ਜੋਤ ਉਜਿਆਰੀ ਸ਼ਬਦ ਭੰਡਾਰੀ ਧੁਨ ਨਿਆਰੀ ਠਾਂਡਾ ਸੀਨ । ਪੂਰੇ ਗੁਰ ਕਿਰਪਾ ਧਾਰੀ । ਕਾਇਆ ਮਟ ਚਾਰ ਦਵਾਰੀ । ਅੰਦਰੇ ਅੰਦਰ ਵਸਤ ਅਪਾਰੀ । ਬੇਮੁਖ ਭੌਂਦੇ ਬਾਹਰ ਬੰਦਰ, ਮਾਨਸ ਦੇਹੀ ਬਾਜੀ ਹਾਰੀ । ਕੋਈ ਨਾ ਤੋੜੇ ਵੱਜਾ ਹੰਕਾਰੀ ਜੰਦਰ, ਸ਼ਬਦ ਡੰਡਾ ਦੇਵੇ ਮਾਰੀ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਾਇਆ ਡੂੰਘੀ ਕੰਦਰ ਸੁਣਾਏ ਰਾਗ ਧੁਨੀ, ਨਾਦ ਆਦਿ ਅਪਰ ਅਪਾਰੀ । ਆਦਿ ਨਾਦ ਵੱਜੇ ਜੁਗਾਦਿ । ਸੰਤ ਸਾਧ ਰਹੇ ਲਾਧ । ਬੇਅੰਤ ਬੇਅੰਤ ਬੇਅੰਤ ਸਚ ਵਸਤ ਵਸਤ ਅਸਤ ਦੇਵੇ ਦਾਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਏਕਾ ਰਸ ਰਸਨ ਰਸਾਇਣ ਆਤਮ ਸਵਾਦ । ਆਤਮ ਰਸ ਮਧੁਰ ਮਧ । ਗੁਰ ਪੂਰਾ ਹੋਏ ਵਸ, ਅੰਦਰੇ ਅੰਦਰ ਲੈਣਾ ਸੱਦ । ਪੰਚ ਪੰਚਾਇਣ ਜਾਏ ਨੱਸ, ਸ਼ਬਦ ਵੱਜੇ ਸਾਚਾ ਨਦ । ਗੁਰਮੁਖਾਂ ਮੇਲ ਮਿਲਾਏ ਹੱਸ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਲੰਘਾਏ ਹੱਦ ਬੇਹੱਦ ।

੩੦ ੦੫

## ★ ਪਹਿਲੀ ਜੇਠ ੨੦੧੨ ਬਿਕ੍ਰਮੀ ਸ਼ਾਹ ਈਰਾਨ ਨੂੰ ਸ਼ਬਦ ਭੇਜਿਆ ★

ਨੂਰ ਅਲਾਹੀ ਹਰਿ ਰਹਿਮਾਨ । ਜਗਤ ਅਲਾਹੀ ਬੇਐਬ ਮਿਹਰਵਾਨ । ਵੇਖ ਵਖਾਣੇ ਥਾਉਂ ਥਾਈਂ, ਹੁਕਮ ਸੁਣਾਏ ਸ਼ਾਹ ਈਰਾਨ । ਕੋਈ ਨਾ ਪਕੜੇ ਅੰਤਮ ਬਾਂਹੀਂ, ਮੁਲਾਂ ਸ਼ੇਖ਼ ਸਰਬ ਮਿਟ ਜਾਣ । ਖ਼ੁਦੀ ਖ਼ੁਦਾਏ ਕੋਈ ਦੀਸੇ ਨਾਹੀ, ਏਕਾ ਝੁੱਲੇ ਸ਼ਬਦ ਨਿਸ਼ਾਨ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਰਸਨਾ ਫੜ ਤੀਰ ਕਮਾਨ । ਸ਼ਾਹ ਅਰਬ ਅਰਬਾਨਿਆ । ਪ੍ਰਭ ਅਬਿਨਾਸ਼ੀ ਵੇਖ ਵੇਖ ਵਖਾਣੇ, ਮੁਲਾਂ ਕਾਜ਼ੀ ਮਣਕੇ ਤਸਬੀ ਗਾਨੀਆਂ । ਸਾਚੀ ਸਾਜਨ ਰਿਹਾ ਸਾਜੀ, ਹੁਕਮ ਸੁਣਾਵੇ ਸ਼ਾਹ ਦੁਰਾਨੀਆ । ਐਲੀ ਸ਼ਾਹ ਏਕਾ ਤਾਜੀ, ਅਹਿਮਦ ਮੁਹੰਮਦ ਆਏ ਹਾਨੀਆ । ਆਪੇ ਆਏ ਬਣ ਕੇ ਮੱਕੇ ਹਾਜੀ, ਕਾਲਾ ਭੇਸ ਦਰ ਦਰਵੇਸ਼ ਜੋਤ ਨੂਰਾਨੀਆ । ਜੋਤੀ ਜੋਤ ਸਰੂਪ ਹਰਿ, ਖੁੱਲ੍ਹੜੇ ਰੱਖੇ ਕੇਸ, ਅੰਤਮ ਵੇਲੇ ਇਹ ਨਿਸ਼ਾਨੀਆ । ਨੂਰੀ ਅਲਾਹੀ ਅੱਲਾ ਨੂਰ । ਇਕ ਇਕੱਲਾ ਸ਼ਬਦ ਤੂਰ । ਲਹਿੰਦੀ ਦਿਸ਼ਾ ਵੇਖੇ ਸਚ ਮਹੱਲਾ, ਸ਼ਬਦ ਫੜੇ ਤਿੱਖਾ ਭੱਲਾ, ਜੋਤੀ ਜਗੇ ਕੋਹਤੂਰ । ਰਸਨ ਕਮਾਨੀ ਚੜ੍ਹੇ ਚਿਲ੍ਹਾ, ਨਾਲ ਹਿਲਾਏ ਬੂਰਾ ਕੱਕਾ ਬਿਲਾ, ਪਰਗਟ ਹੋਏ ਵਡ ਦਾਤਾ ਸੂਰ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਕਲ ਜੋਤ ਧਰ, ਮੁਲਾਂ ਕਾਜ਼ੀ ਸ਼ੇਖ਼ ਸਾਰੇ ਵੇਖੇ, ਵੇਲੇ ਅੰਤ ਕਿਹੜਾ ਫ਼ਾਸੀ ਚੜ੍ਹੇ ਮਨਸੂਰ । ਮੱਕਾ

ਕਾਜੀ ਹੱਕ ਜਲਾਲ । ਵੇਖ ਵਖਾਣੇ ਦੂਰ ਦੁਰਾਡੇ ਨਿਮਾਜੀ, ਸ਼ਬਦ ਤਾਜੀ ਏਕਾ ਛਾਲ । ਸੋਹੰ ਸ਼ਬਦ ਭੇਜੇ ਭਾਜੀ, ਸਤਾਰਾਂ ਹਾੜੀ ਸੁਰਤ ਸੰਭਾਲ । ਜੋਤੀ ਜੋਤ ਸਰੂਪ ਹਰਿ, ਏਕਾ ਬਣੇ ਸਾਚਾ ਹਾਜੀ, ਜਗਤ ਅਵੱਲੜੀ ਚਲੇ ਚਾਲ । ਸ਼ਾਹ ਸੁਲਤਾਨਾਂ ਸ਼ਾਹ ਰਕਾਬ । ਏਕਾ ਹੁਕਮ ਹਰਿ ਜਨਾਬ । ਮਿਲੇ ਵਰ ਦੋ ਦੋਆਬ । ਚਾਰੋਂ ਕੁੰਟ ਆਉਣਾ ਡਰ, ਕੋਈ ਨਾ ਝੱਲੇ ਮਾਤ ਤਾਬ । ਇਕ ਖੁਲ੍ਹਾਉਣਾ ਸਾਚਾ ਦਰ, ਆਪ ਪਿਆਏ ਆਬੇ ਹਯਾਤ । ਨਾ ਜਨਮੇ ਨਾ ਜਾਏ ਮਰ, ਨਾ ਦਿਵਸ ਨਾ ਹੋਏ ਰਾਤ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਬੈਠਾ ਰਹੇ ਇਕ ਇਕਾਂਤ । ਵੇਖੇ ਖੇਲ ਦਿਸ਼ਾ ਲਹਿੰਦੀ । ਪਰਗਟ ਹੋਏ ਅਮਾਮ ਮਹਿੰਦੀ । ਕੁਰਾਨ ਅੰਜੀਲ ਇਕੱਠੀ ਹੋ ਹੋ ਬਹਿੰਦੀ । ਪ੍ਰਭ ਅਬਿਨਾਸ਼ੀ ਤਨ ਬਸਤਰ ਨੀਲ, ਪਰਗਟ ਹੋਏ ਛੈਲ ਛਬੀਲ, ਅੱਲਾ ਰਾਣੀ ਦਰ ਦਰ ਘਰ ਘਰ ਬਹਿ ਬਹਿ ਕਹਿੰਦੀ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਭਾਣਾ ਜਗਤ ਵਰਤਾਣਾ, ਸ੍ਰਿਸ਼ਟ ਸਬਾਈ ਲੋਕਮਾਤ ਇਹ ਸਹਿੰਦੀ । ਪੁਰਖ ਨਿਰੰਜਣ ਸਚ ਵਿਹਾਰ । ਲੋਕਮਾਤ ਮਾਰ ਝਾਤ, ਇਕ ਬਣਾਏ ਦਰ ਦਰਬਾਰ । ਮੇਟ ਮਿਟਾਏ ਕਲਜੁਗ ਅੰਧੇਰੀ ਰਾਤ । ਸ਼ਬਦ ਬਖ਼ਸ਼ੇ ਸਾਚੀ ਦਾਤ, ਚਰਨ ਪ੍ਰੀਤੀ ਏਕਾ ਨਾਤ । ਅੰਮ੍ਰਿਤ ਆਤਮ ਸਾਚੀ ਧਾਰ, ਲੇਖਾ ਚੁੱਕੇ ਜ਼ਾਤ ਪਾਤ । ਹੋਏ ਸਹਾਈ ਪੁਰਖ ਅਬਿਨਾਸ਼, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅਚਰਜ ਖੇਲ ਰਚਾਈਆ । ਮਾਤ ਪਿਤ ਹਰਿ ਜਗਦੀਸਾ । ਨਿਤ ਨਵਿਤ ਜਨ ਭਗਤਾਂ ਮਿਤ, ਕਰੇ ਹਿੱਤ ਬੀਸ ਇਕੀਸਾ । ਗੁਰਮੁਖ ਆਤਮ ਰਿਹਾ ਸਿਤ, ਭੇਵ ਚੁਕਾਏ ਮੂਸਾ ਈਸਾ । ਨੌਂ ਜੇਠ ਵੇਖ ਵਖਾਣੇ ਸਾਚੀ ਥਿਤ । ਮੋਰ ਮੁਕਟ ਸਿਰ ਛਤਰ ਝੁਲਾਏ, ਨਰ ਨਿਰੰਕਾਰ ਹਰਿ ਜਗਦੀਸਾ । ਹਰਿਜਨ ਮਾਨਸ ਦੇਹੀ ਲੈਣੀ ਜਿੱਤ, ਸੋਹੰ ਰਸਨਾ ਗਾਏ ਇਕ ਹਦੀਸਾ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਰਸਨਾ ਭਾਗ ਲਗਾਏ, ਨਾਲ ਰਲਾਏ ਦੰਦ ਬਤੀਸਾ । ਬੱਤੀ ਧਾਰ ਹਰਿ ਇਕੀਸਾ । ਬੀਸ ਅਪਾਰ ਰਾਗ ਛਤੀਸਾ । ਆਈ ਹਾਰ ਕੁਰਾਨ ਹਦੀਸਾ । ਹੋਏ ਖੁਆਰ ਮੂਸਾ ਈਸਾ । ਡਾਢੀ ਮਾਰ ਮਾਇਆ ਰਾਣੀ ਜੂਠਾ ਝੂਠਾ ਪੀਸਣ ਪੀਸਾ । ਨੌਂ ਦਰਵਾਜੇ ਦਰ ਦਰਬਾਰ ਕਾਇਆ ਮੰਦਰ ਮਾਨਸ ਦੇਹੀ ਭਗਤ ਸਨੇਹੀ ਕਵਣ ਕਰੇ ਕਲ ਤੇਰੀ ਰੀਸਾ । ਮਹੱਲ ਅਟੱਲ ਰਿਹਾ ਉਸਾਰ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲਿਖੇ ਲਿਖਾਏ ਲੇਖਾ ਦਰ ਘਰ ਸੱਚੇ ਦਰਬਾਰ । ਦਿੱਲੀ ਦਰਬਾਰ ਦਰ ਦਰਬਾਰੇ । ਪੁਰਖ ਅਬਿਨਾਸ਼ੀ ਕਿਰਪਾ ਧਾਰ, ਕਰੇ ਕਰਾਏ ਖ਼ਬਰਦਾਰੇ । ਸ਼ਬਦ ਫੜੇ ਤੀਰ ਕਟਾਰ, ਦਰ ਦੁਰਕਾਏ ਚੋਬਦਾਰੇ । ਜੋਤ ਸਰੂਪੀ ਸ਼ਬਦ ਉਡਾਰ, ਜੋਤੀ ਜਾਮਾ ਖੇਲ ਅਪਾਰੇ । ਏਕਾ ਨਾਮ ਭਗਤ ਅਧਾਰ, ਵੇਖ ਵਖਾਣੇ ਵਾਰੋ ਵਾਰੇ । ਆਪੇ ਜਾਣੇ ਆਪਣੀ ਸਾਰ, ਜੀਵ ਜੰਤ ਕਲ ਹੋਏ ਗਵਾਰੇ । ਪੁਰਖ ਅਬਿਨਾਸ਼ੀ ਨਾ ਕੋਈ ਨਰ ਨਾ ਕੋਈ ਨਾਰ, ਰੂਪ ਰੰਗ ਨਾ ਕੋਈ ਅਪਾਰੇ । ਪੀਤ ਪਿੰਤਬਰ ਸਚ ਦਰਬਾਰ, ਅਸਥਿਲ ਸੋਹਣ ਹਰਿ ਚੁਬਾਰੇ । ਈਸਾ ਲੇਖ ਲਿਖਾਇਆ ਐਤਵਾਰ, ਨਿਹਕਲੰਕੀ ਜਾਮਾ ਧਾਰੇ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੁਗਾ ਜੁਗੰਤਰ ਪਾਵੇ ਸਾਰੇ । ਆਪੇ ਜਾਣੇ ਸਰਬ ਘਟ ਵੱਸਿਆ । ਜੁਗਾਂ ਜੁਗੰਤਰ ਏਕਾ ਕਾਰ, ਗੁਰੂਆਂ ਪੀਰਾਂ ਰਾਹ ਸਾਚਾ ਏਕਾ ਦੱਸਿਆ । ਨਿੱਤ ਨਵਿੱਤਾ ਸਾਚੀ ਧਾਰ, ਨਾ ਕਦੇ ਰੋਵੇ ਨਾ ਕਦੇ ਹੱਸਿਆ । ਸੁੱਤਾ ਰਹੇ ਚਰਨ ਪਸਾਰ, ਲੱਛਮੀ ਚਰਨ ਕਵਲ ਏਕਾ ਝੱਸਿਆ । ਮੰਗਦੀ ਰਹੇ ਚਰਨ ਪਿਆਰ, ਲਾਲ ਸ਼ਿੰਗਾਰ ਏਕਾ ਰਸ ਰੱਸਿਆ । ਸੋਲਾਂ ਇੱਛਿਆ ਪਾਈ ਭਿੱਛਿਆ ਸ਼ਬਦ ਫੂਲਨ ਸਾਚਾ

ਹਾਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਸ਼ਬਦ ਤੀਰ ਨਿਰਾਲਾ ਜੋਤ ਅਕਾਲਾ ਦੀਨ ਦਿਆਲਾ ਲੋਕਮਾਤ ਹਰਿ ਕਸਿਆ । ਕਸੇ ਤੀਰ ਸ਼ਬਦ ਅਨਰੰਗਾ । ਲੱਖ ਚੁਰਾਸੀ ਰਿਹਾ ਚੀਰ, ਹਰਿ ਦਾਤਾ ਸੂਰਾ ਸਰਬੰਗਾ । ਸ਼ਬਦ ਡੋਰੀ ਦਸਤਗੀਰ, ਸੋਹੰ ਨਾਮ ਜਗਤ ਮਰਦੰਗਾ । ਪਕੜ ਉਠਾਏ ਸ਼ਾਹ ਹਕੀਰ, ਆਪੇ ਪਰਖੇ ਮਾੜਾ ਚੰਗਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ ਸਦਾ ਸਦਾ ਸਦਾ ਅੰਗ ਸੰਗਾ ।

## ★ ੫ ਜੇਠ ੨੦੧੨ ਬਿਕ੍ਰਮੀ ਹਰਿ ਭਗਤ ਦਵਾਰ ਪਿੰਡ ਜੇਠੂਵਾਲ ਜ਼ਿਲਾ ਅੰਮ੍ਰਿਤਸਰ ★

ਪੰਚਮ ਜੇਠ ਪੁਰਖ ਸੁਜਾਨਾ । ਗੁਰਮੁਖਾਂ ਰੱਖੇ ਸਾਇਆ ਹੇਠ, ਚਾਰੋਂ ਕੁੰਟ ਮਾਰ ਧਿਆਨਾ । ਬੇਮੁਖ ਜੀਵ ਕੌੜੇ ਰੇਠ, ਮੇਟ ਮਿਟਾਏ ਜਗਤ ਨਿਸ਼ਾਨਾ । ਪਕੜ ਪਛਾੜੇ ਵਡ ਵਡ ਸੇਠ, ਧੁਰ ਦਰਗਾਹੀ ਬੇਈਮਾਨਾ । ਨਿਹਕਲੰਕ ਨਰਾਇਣ ਨਰ, ਜੋਤੀ ਜਾਮਾ ਭੇਖ ਧਰ, ਹਰਿ ਸੱਚਾ ਸ਼ਾਹ ਸੁਲਤਾਨਾ । ਰਾਜ ਰਾਜਾਨ ਪੰਚਮ ਜੇਠਾ ਹਰਿ ਬਿਠਾ ਰਿਹਾ । ਗੁਰਮੁਖ ਸਾਚੇ ਸੰਤ ਉਧਾਰੇ, ਬੀਸ ਇਕੀਸ ਇਕੀਸ ਬੀਸ ਖੇਲ ਅਪਾਰਿਆ । ਮੇਟ ਮਿਟਾਏ ਰਾਗ ਛਤੀਸ, ਸੋਹੰ ਆਏ ਮਾਤ ਵਾਰਿਆ । ਏਕਾ ਸ਼ਬਦ ਮਾਤ ਹਦੀਸ, ਚਾਰ ਵਰਨਾਂ ਇਕ ਜੈਕਾਰਿਆ । ਏਕਾ ਛਤਰ ਸਾਚੇ ਸੀਸ, ਰਾਜ ਰਾਜਾਨਾਂ ਮਾਣ ਗਵਾ ਰਿਹਾ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਸ਼ਬਦ ਡੰਕ ਇਕ ਵਜਾ ਰਿਹਾ । ਸ਼ਬਦ ਡੰਕ ਹਰਿ ਦਾਤਾਰ । ਰਾਓ ਰੰਕ ਦਰ ਦਵਾਰੇ ਕਰੇ ਖ਼ਬਰਦਾਰ । ਗੁਰਮੁਖਾਂ ਸੁਹਾਏ ਦਵਾਰ ਬੰਕ, ਦਰ ਦਰ ਘਰ ਘਰ ਪਾਵੇ ਸਾਰ । ਪਰਗਟ ਜੋਤ ਬਾਰ ਅਨਕ, ਜੋਤੀ ਜਾਮਾ ਭੇਖ ਨਿਆਰ । ਪ੍ਰਭ ਅਬਿਨਾਸ਼ੀ ਵਾਸੀ ਪੁਰੀ ਘਨਕ, ਦੇਵੇ ਦਰਸ ਅਗੰਮ ਅਪਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਪੰਚਮ ਜੇਠਾ ਨਿਤ ਨਵਿਤਾ ਸਾਚੀ ਧਾਰ । ਰੁਤ ਬਸੰਤਾ ਫਲ ਫੁਲਵਾੜੀ । ਮਿਲੇ ਮੇਲ ਪ੍ਰਭ ਸਾਚੇ ਕੰਤਾ, ਜੰਗਲ ਜੂਹ ਉਜਾੜ ਪਹਾੜੀ । ਦੇਵੇ ਵਡਿਆਈ ਵਿਚ ਜੀਵ ਜੰਤਾ, ਸ਼ਬਦ ਘੋੜੇ ਰਿਹਾ ਚਾੜ੍ਹੀ । ਜਗਤ ਸੁਹੇਲਾ ਆਦਿਨ ਅੰਤਾ, ਦਰ ਘਰ ਸਾਚੇ ਰਿਹਾ ਵਾੜੀ । ਆਪ ਬਣਾਏ ਸਾਚੀ ਬਣਤਾ, ਗੁਰ ਸੰਗਤ ਭਾਗ ਲਗਾਏ ਦਇਆ ਕਮਾਏ ਸਤਾਰਾਂ ਹਾੜੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੱਖ ਚੁਰਾਸੀ ਫੰਦ ਕਟਾਏ, ਜੋਤ ਜਗਾਏ ਬਹੱਤਰ ਨਾੜੀ । ਬਹੱਤਰ ਨਾੜੀ ਹਰਿ ਪਰਕਾਸ਼ । ਆਪੇ ਹੋਏ ਪਿਛੇ ਅਗਾੜੀ, ਸ਼ਬਦ ਸਰੂਪੀ ਪਾਏ ਰਾਸ । ਮਸਤਕ ਭਾਗ ਗੁਰ ਚਰਨ ਛੁਹਾਈ ਦਾਹੜੀ, ਹਉਮੇ ਹੰਗਤਾ ਕਰ ਵਿਨਾਸ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਾਇਆ ਮੰਦਰ ਅੰਦਰ ਭਾਗ ਲਗਾਏ ਸਚ ਬਸੰਤੀ ਰੁੱਤ ਪਰਭਾਤ । ਆਤਮ ਰਤੀ ਰੁੱਤ ਬਹਾਰ । ਆਪ ਉਠਾਏ ਕਾਇਆ ਸੋਤੀ, ਸ਼ਬਦ ਪਹਿਨਾਏ ਗਲ ਸਾਚਾ ਹਾਰ । ਗੁਰਮੁਖ ਉਪਜਾਏ ਮਾਣਕ ਮੋਤੀ, ਪਹਿਲੀ ਚੇਤਰ ਕਰ ਤਿਆਰ । ਆਪ ਜਗਾਏ ਅੰਦਰੇ ਅੰਦਰ ਸਾਚੀ ਜੋਤੀ, ਸ਼ਬਦੀ ਪਵਣੀ ਖੇਲ ਅਪਾਰ । ਭਉ ਚੁਕਾਏ ਵਰਨ ਗੋਤੀ, ਏਕਾ ਰੰਗਣ ਰੰਗ ਚੜ੍ਹਾਏ ਸੋਹੰ ਸ਼ਬਦ ਅਪਰ ਅਪਾਰ । ਦੁਰਮਤ ਮੈਲ ਜਾਏ ਧੋਤੀ, ਹਰਿਜਨ ਆਏ ਦਰ ਸੱਚੇ ਦਰਬਾਰ । ਲੱਖ ਚੁਰਾਸੀ ਅੰਤਮ ਕਲ ਰਹੇ ਰੋਤੀ, ਵੇਲੇ ਅੰਤਮ ਆਈ ਹਾਰ । ਗੁਰਮੁਖ ਸਾਚੇ ਸੰਤ ਉਧਾਰੇ ਵਿਚੋਂ ਕੋਟਨ ਕੋਟੀ, ਏਕਾ ਬਖ਼ਸ਼ੇ ਚਰਨ ਪਿਆਰ । ਗੁਰਸਿਖ ਪਿਆਰਾ ਗੁਰਮੁਖ ਦਸਮ ਦਵਾਰੇ ਚੜ੍ਹੇ ਆਤਮ ਚੋਟੀ, ਜੋਤੀ ਨੂਰ ਕਰ ਅਕਾਰ । ਜੋਤੀ ਜੋਤ ਸਰੂਪ ਹਰਿ,

ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸ਼ਬਦ ਸੱਚਾ ਸਿਹਰਾ, ਨਾਮ ਨਿਰੰਜਣ ਸਿਰ ਦਸਤਾਰ । ਸ਼ਬਦ ਦਸਤਾਰ ਸਿਰ ਪਹਿਨਾਏ । ਖੰਡਾ ਦੋ ਧਾਰ ਸੰਗ ਰਲਾਏ । ਰੰਗਣ ਰੰਗ ਇਕ ਅਪਾਰ, ਸੋਹੰ ਭੱਠੀ ਰਿਹਾ ਚੜ੍ਹਾਏ । ਸ਼ਬਦ ਘੋੜੇ ਕਸ ਤੰਗ, ਚਾਰੋਂ ਕੁੰਟ ਰਿਹਾ ਦੁੜਾਏ । ਸ਼ਬਦ ਸਰੂਪੀ ਕਰੇ ਜੰਗਾ, ਸਾਧਾਂ ਸੰਤਾਂ ਰਿਹਾ ਹਿਲਾਏ । ਗੁਰਮੁਖਾਂ ਸਦਾ ਸਦ ਅੰਗ ਸੰਗਾ, ਨੇੜ ਨਾ ਆਏ ਤੱਤੀ ਵਾਏ । ਸੋਹੰ ਵੱਜੇ ਜਗਤ ਮਰਦੰਗਾ, ਰਾਜ ਰਾਜਾਨਾਂ ਸ਼ਾਹ ਬੁਲਾਏ । ਕਲਜੁਗ ਵੇਲਾ ਅੰਤਮ ਲੰਘਾ, ਜੂਠਾ ਝੂਠਾ ਭੁੱਖਾ ਨੰਗਾ ਕੋਈ ਨਾ ਹੋਏ ਸਹਾਏ । ਸਤਿਜੁਗ ਸਾਚੇ ਵਰ ਸਾਚਾ ਮੰਗਾ, ਪੁਰਖ ਅਬਿਨਾਸ਼ੀ ਦਇਆ ਕਮਾਏ । ਪਰਗਟ ਹੋਏ ਵਡ ਦਾਤਾ ਸੂਰਾ ਸਰਬੰਗਾ, ਸਚ ਵਸਤ ਦਾਤ ਹਰਿ ਝੋਲੀ ਪਾਏ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ ਆਤਮ ਬੇੜਾ ਬੰਨ੍ਹ ਵਖਾਏ । ਪੰਚਮ ਜੇਠਾ ਦਇਆ ਕਮਾਏ । ਗੁਰਮੁਖ ਸੋਏ, ਅਵਰ ਨਾ ਜਾਣੇ ਕੋਇ, ਘਰ ਘਰ ਜਗਾਏ । ਦੁਰਮਤ ਮੈਲ ਕਲਜੁਗ ਧੋਏ, ਨਾਮ ਰੰਗਣ ਰਿਹਾ ਰੰਗਾਏ । ਆਤਮ ਬੀਜ ਸਾਚਾ ਬੋਏ, ਸ਼ਬਦ ਕੰਗਣ ਤਨ ਪਹਿਨਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੋ ਜਹਾਨ ਝੁਲਾਏ ਸੱਚਾ ਇਕ ਨਿਸ਼ਾਨ, ਚਾਰ ਵਰਨਾਂ ਏਕਾ ਆਣ, ਸ਼ਾਹ ਸੁਲਤਾਨ ਸਰਬ ਮਿਟ ਜਾਣ, ਸਾਚਾ ਲੇਖਾ ਰਿਹਾ ਲਿਖਾਏ । ਲੇਖਾ ਲਿਖੇ ਹਰਿ ਬਨਵਾਰੀ । ਕਲਜੁਗ ਅੰਤਮ ਹਰਿ ਜੀ ਵੇਖਾ, ਚਾਰੋਂ ਕੁੰਟ ਆਈ ਹਾਰੀ । ਜੂਠਾ ਝੂਠਾ ਧਰਿਆ ਭੇਖਾ, ਭਰਮ ਭੁਲਾਏ ਜੀਵ ਗਵਾਰੀ । ਨੇਤਰ ਖੋਲ੍ਹ ਕਿਸੇ ਨਾ ਵੇਖਾ, ਜੋਤ ਨਿਰੰਜਣ ਵਡ ਬਲਕਾਰੀ । ਨਾ ਕੋਈ ਜਾਣੇ ਔਲੀਆ ਪੀਰ ਸ਼ੇਖ਼ਾ, ਕੁਰਾਨ ਅੰਜ਼ੀਲਾ ਰਹੇ ਵਿਚਾਰੀ । ਕਵਣ ਮਿਟਾਏ ਬਿਧਨਾ ਲਿਖੀ ਰੇਖਾ, ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਕਲ ਕਰੇ ਖੇਲ ਅਪਰ ਅਪਾਰੀ । ਪੰਚਮ ਜੇਠਾ ਹਰਿ ਰਘੁਰਾਈਆ । ਗੁਰਮੁਖਾਂ ਦੇਵੇ ਮਾਣ, ਸੁਖ ਸਹਿਜੇ ਸਹਿਜ ਸਮਾਈਆ । ਸੋਹੰ ਸ਼ਬਦ ਸਚ ਨਿਸ਼ਾਨ, ਸਚ ਸਿੰਘਾਸਣ ਸੰਗ ਰਲਾਈਆ । ਆਪੇ ਬੈਠ ਸੱਚੇ ਬਿਬਾਣ, ਗੁਰਮੁਖ ਸਾਚੇ ਰਿਹਾ ਚੜ੍ਹਾਈਆ । ਅੱਠੇ ਪਹਿਰ ਮਾਰ ਧਿਆਨ, ਪੂਰਬ ਲੇਖਾ ਰਿਹਾ ਚੁਕਾਈਆ । ਆਤਮ ਦੇਵੇ ਬ੍ਰਹਮ ਗਿਆਨ, ਸੋਹੰ ਤੀਰ ਤਿਖਾ ਲਾਈਆ । ਆਪੇ ਗੋਪੀ ਆਪੇ ਕਾਹਨ, ਮਾਇਆ ਪੜਦਾ ਰਿਹਾ ਗਵਾਈਆ । ਦਰ ਘਰ ਸਾਚੇ ਦੇਵੇ ਮਾਣ, ਧੁਰ ਦਰਗਾਹੀ ਜਗਤ ਮਲਾਹੀਆ । ਆਪੇ ਬਖ਼ਸ਼ੇ ਪੀਣ ਖਾਣ, ਚਰਨ ਨਾਤਾ ਹਰਿ ਬੰਨ੍ਹਾਈਆ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿ ਸੰਤ ਸੁਹੇਲਾ ਇਕ ਇਕੇਲਾ, ਦੋਹਾਂ ਸਾਚਾ ਮੇਲ ਮਿਲਾਈਆ । ਪੰਚਮ ਜੇਠ ਕਰ ਵਿਚਾਰ, ਗੁਰ ਸੰਗਤ ਘਰ ਲਿਆਈਆ । ਸ਼ਬਦ ਮਾਰੇ ਇਕ ਉਡਾਰ, ਦਰ ਦਰ ਅਲਖ ਜਗਾਈਆ । ਗੁਰਮੁਖਾਂ ਖੋਲ੍ਹੇ ਬੰਦ ਕਿਵਾੜ, ਸੋਹੰ ਸਦ ਹਰਿ ਸੁਣਾਈਆ । ਲੇਖਾ ਚੁਕਾਉਣਾ ਸਤਾਰਾਂ ਹਾੜ, ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਜੇਠ ਜਗਤ ਜੁਗਤ ਹਰਿ ਭਗਤ ਰਿਹਾ ਬਣਾਈਆ । ਜੋਗ ਜੁਗਤ ਹਰਿ ਬਣਾਏ । ਸ਼ਬਦ ਭੋਗ ਰਸਨਾ ਰਸ, ਅੰਤਮ ਮੁਕਤ ਆਪ ਕਰਾਏ । ਹਰਿ ਹਰਿ ਹਰਿ ਜਨ ਹੋਏ ਵਸ, ਏਕਾ ਸ਼ਕਤ ਨਾਮ ਧਰਾਏ । ਲੋਕਮਾਤ ਮਾਰ ਝਾਤ, ਰਾਹ ਸਾਚਾ ਜਾਏ ਦਸ, ਬੂੰਦ ਰਕਤ ਪ੍ਰਭ ਲੇਖੇ ਲਾਏ । ਆਪੇ ਜਾਣੇ ਆਪਣਾ ਵਕਤ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੂਸਰ ਕੋਈ ਭੇਵ ਨਾ ਪਾਏ । ਅਵਰ ਨਾ ਕੋਈ ਪਾਏ ਭੇਵ, ਨਾ ਜਗਤ ਪਛਾਣਿਆ । ਕਰੋੜ ਤੇਤੀਸ ਲੱਗੇ ਸੇਵ, ਸੁਰਪਤ ਰਾਜਾ ਇੰਦ ਹੋਏ ਨਿਮਾਣਿਆ । ਸ਼ਿਵ ਸ਼ੰਕਰ ਗਾਏ ਰਸਨਾ ਜਿਹਵ, ਕਲ ਵਰਤੇ ਹਰਿ ਹਰਿ

ਭਾਣਿਆ । ਬ੍ਰਹਮਾ ਚਾਰੇ ਮੁਖ ਉਠਾਏ ਗਾਏ ਅਲਖ ਅਭੇਵ, ਸਾਚੀ ਸੇਵ ਕਮਾ ਰਿਹਾ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੇ ਵਿਚ ਸਮਾਇਆ ।

### ★ ੫ ਜੇਠ ੨੦੧੨ ਬਿਕ੍ਰਮੀ ਸੰਤ ਰਣਧੀਰ ਸਿੰਘ ਨੂੰ ਸ਼ਬਦ ਭੇਜਿਆ ਗਿਆ ਪਿੰਡ ਜੇਠੂਵਾਲ ★

ਕਵਣ ਕੱਕਾ ਕਰ ਹੱਥ ਸ਼ਿੰਗਾਰ । ਕਲਜੁਗ ਫਲ ਏਕਾ ਪੱਕਾ, ਮੰਗਣ ਨਾ ਜਾਈਏ ਦਰ ਦਵਾਰ । ਕਵਣ ਦੇਵੇ ਦੋ ਜਹਾਨੀ ਪਾਰ ਧੱਕਾ, ਅੱਠੇ ਪਹਿਰ ਕਰੇ ਰਖਵਾਰ । ਕਵਣ ਕੱਕਾ ਮਾਤ ਪਿਤ ਭੈਣ ਭਾਈ ਸਕਾ, ਹੱਥ ਫੜੇ ਗੁਰ ਚਰਨ ਵਸਤ ਅਪਰ ਅਪਾਰ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਮੰਗੇ ਹੱਥ ਕੜਾ, ਨਾ ਕੋਈ ਸੀਸ ਨਾ ਕੋਈ ਧੜਾ, ਦੋਵੇਂ ਭੁਜਾਂ ਦਏ ਸਵਾਰ । ਦੋਵੇਂ ਭੁਜ ਧੁਰ ਦਰਗਾਹ । ਸਚ ਦਵਾਰਾ ਜਾਏ ਸੁਝ, ਭਰਮ ਭੁਲੇ ਜਗਤ ਨਾ । ਅੰਦਰੇ ਅੰਦਰ ਭੇਵ ਗੁਝ, ਬੰਦ ਕਿਵਾੜੀ ਖੁਲ੍ਹੇ ਨਾ । ਪੁਰਖ ਅਬਿਨਾਸ਼ੀ ਲੈਣਾ ਬੁੱਝ, ਦਿਵਸ ਸਤਾਰਾਂ ਹਾੜੀ ਭੁੱਲੇ ਨਾ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਮ੍ਰਿਤ ਆਤਮ ਏਕਾ ਪੀਈਏ ਆਦਿ ਅੰਤ ਕਦੇ ਡੁੱਲੇ ਨਾ । ਕਵਣ ਕੇਸ ਸੀਸ ਜਗਦੀਸ । ਕਵਣ ਦੇਸ ਕਵਣ ਭੇਸ, ਕਵਣ ਪੀਸਣ ਰਿਹਾ ਪੀਸ । ਕਵਣ ਨਰ ਕਵਣ ਨਰਾਇਣ, ਕਵਣ ਪੜ੍ਹਾਏ ਸ਼ਬਦ ਹਦੀਸ । ਕਵਣ ਕੇਸ ਸੀਸ ਰਿਹਾ ਧਰ, ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਵਣ ਦਵਾਰੇ ਰਹੇ ਪਰਵੇਸ਼ । ਆਤਮ ਧਿਆਨ ਕਰ ਵਿਚਾਰ । ਕਵਣ ਨਿਸ਼ਾਨ ਹਰਿ ਪੁਰਖ ਅਪਾਰ । ਕਵਣ ਇਸ਼ਨਾਨ ਕਵਣ ਦਾਨ । ਕਵਣ ਮਾਣ ਕਵਣ ਅਭਿਮਾਨ । ਕਵਣ ਜੀਆ ਕਵਣ ਦਾਨ । ਕਵਣ ਅੰਮ੍ਰਿਤ ਮਧੁ ਪੀਆ, ਕਵਣ ਚੜ੍ਹਿਆ ਇਕ ਬਿਬਾਣ । ਕਵਣ ਜੋਤੀ ਜਗੇ ਦੀਆ, ਆਪੇ ਵੇਖੇ ਕਰ ਕਰ ਹੀਆ, ਕੇਸਾਧਾਰੀ ਨਾ ਕੋਈ ਨਿਸ਼ਾਨ । ਅੰਤਮ ਅੰਤ ਕਲਜੁਗ ਸਾਢੇ ਤਿੰਨ ਹੱਥ ਸੀਆਂ, ਸੰਤ ਰਣਧੀਰ ਸਿੰਘ ਮਿਟ ਜਾਏ ਜਗਤ ਨਿਸ਼ਾਨ । ਕਵਣ ਕੰਘਾ ਬੱਤੀ ਧਾਰ । ਕਵਣ ਬਾਡੀ ਕਰੇ ਵਿਚਾਰ । ਤਿੰਨ ਸੌ ਸੱਠ ਹਾਡੀ, ਨਾੜ ਬਹੱਤਰ ਖ਼ਬਰਦਾਰ । ਦੁਰਮਤ ਮੈਲ ਰਿਹਾ ਕਾਢੀ, ਕਰੇ ਖੇਲ ਵਾਰੋ ਵਾਰ । ਜੋਤੀ ਜੋਤ ਸਰੂਪ ਹਰਿ, ਏਕਾ ਕੰਗਾ ਦਰ ਸਾਚੇ ਮੰਗਾ, ਨਾਮ ਰੰਗਾ ਸਦਾ ਅੰਗ ਸੰਗਾ ਬਣਿਆ ਸਦਾ ਰਹੇ ਪਿਆਰ । ਸਚ ਸਹਾਰਾ ਬਣੇ ਦਲਾਲ । ਪੰਚ ਉਧਾਰਾ ਹੋਏ ਰਖਵਾਲ । ਸ਼ਬਦ ਉਡਾਰਾ ਸੁਹਾਏ ਤਾਲ । ਰੂਪ ਰੰਗ ਕਲ ਵਸੇ ਬਾਹਰਾ, ਜੂਠੀ ਝੂਠੀ ਨਾ ਦਿਸੇ ਤਨ ਮਾਇਆ ਖਾਲ । ਏਕਾ ਚਲਾਏ ਸੋਹੰ ਸ਼ਬਦ ਸਾਚਾ ਨਾਹਰਾ, ਦਰ ਘਰ ਸਾਚੇ ਏਕਾ ਤਾਲ । ਚਾਰ ਵਰਨਾਂ ਇਕ ਦਵਾਰਾ, ਭਰਿਆ ਰਹੇ ਸਦ ਭੰਡਾਰਾ, ਫਲ ਲਗਾਏ ਕਾਇਆ ਡਾਲ੍ਹ । ਸਤਾਰਾਂ ਹਾੜੀ ਦਿਵਸ ਵਿਚਾਰਾ, ਮੰਗਣ ਆਉਣਾ ਬਣ ਭਿਖਾਰਾ, ਮਿਲੇ ਨਾਮ ਅਪਰ ਅਪਾਰਾ, ਦੀਪਕ ਜੋਤੀ ਦੇਵੇ ਬਾਲ । ਜੋਤ ਨਿਰੰਜਣ ਮਾਤ ਪਸਾਰਾ, ਨੇਤਰ ਅੰਜਨ ਸਚ ਵਿਹਾਰਾ, ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਤੋੜੇ ਜਗਤ ਜੰਜਾਲ । ਜਗਤ ਜੰਜਾਲਾ ਤੋੜ, ਦਇਆ ਕਮਾਇੰਦਾ । ਚਰਨ ਪ੍ਰੀਤੀ ਨਾਤਾ ਜੋੜ, ਸਾਚੀ ਡੋਰੀ ਹਰਿ ਬੰਨ੍ਹਾਇੰਦਾ । ਆਪ ਚੜ੍ਹਾਏ ਸ਼ਬਦ ਘੋੜ, ਜੋਤੀ ਜੋਤ ਨਿਰੰਤਰ ਮੇਲ ਮਿਲਾਇੰਦਾ । ਚਾਰੋਂ ਕੁੰਟ ਰਿਹਾ ਦੌੜ, ਪੱਲੂ ਕੋਇ ਨਾ ਹੱਥ ਫੜਾਇੰਦਾ ।

ਨਾ ਕੋਈ ਜਾਣੇ ਬ੍ਰਹਿਮਣ ਗੌੜ, ਸੰਬਲ ਦੇਸ ਵੇਸ ਹਰਿ ਸਮਝਾਇੰਦਾ । ਧੁਰ ਦਰਗਾਹੀ ਏਕਾ ਲਾਇਆ ਪੌੜ, ਸੋਹੰ ਡੰਡਾ ਹੱਥ ਫੜਾਇੰਦਾ । ਨਾ ਕੋਈ ਲੰਮਾ ਨਾ ਕੋਈ ਚੌੜ, ਦਸਮ ਦਵਾਰੀ ਬਾਹਰ ਕਰਾਇੰਦਾ । ਚਰਨ ਸਰਨ ਕਲ ਆਉਣਾ ਦੌੜ, ਜੋਤ ਨਿਰੰਕਾਰੀ ਮੇਲ ਮਿਲਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਸੁਹੇਲੇ ਸਾਚੇ ਘਰ ਸਾਚੇ ਦਰ ਬਹਾਇੰਦਾ । ਅੰਮ੍ਰਿਤ ਦੇਣਾ ਆਤਮ ਧਾਰ । ਤੀਜਾ ਖੁਲ੍ਹੇ ਬੰਦ ਨੈਣਾ, ਦੀਪਕ ਜੋਤੀ ਕਰ ਉਜਿਆਰ । ਪੰਚ ਸੁਹਾਉਣਾ ਸ਼ਬਦ ਗਹਿਣਾ, ਸੋਹਣਾ ਕਰ ਤਨ ਸ਼ਿੰਗਾਰ । ਦਰ ਦਵਾਰੇ ਸਾਚੇ ਬਹਿਣਾ, ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਮ੍ਰਿਤ ਮੰਗੇ ਕਾਇਆ ਰੰਗੇ ਮੂਲ ਨਾ ਮੰਗੇ, ਦਸਮ ਦਵਾਰੀ ਦੇਣੀ ਠੰਡੀ ਧਾਰ ।



### ★ ੯ ਜੇਠ ੨੦੧੨ ਬਿਕ੍ਰਮੀ ਪਲੰਘ ਸਾਹਿਬ ਸ਼ਬਦ ਸਿੰਘਾਸਣ ਕਰ ਕੇ ਰੱਖਿਆ ਪਹਾੜ ਗੰਜ ਦਿੱਲੀ ★

ਆਲਮੀਨ ਅਲ੍ਹਾ ਆਲਾ ਉਲ ਪਾਕ । ਇਕ ਇਕੱਲਾ ਸਚ ਮਹੱਲਾ, ਨੂਰੀ ਜੋਤ ਨਾ ਦੇਹੀ ਨਾ ਖਾਕ । ਨਬੀ ਰਸੂਲਾਂ ਪਾਏ ਤਰਥਲਾ, ਕੋਈ ਨਾ ਦੀਸੇ ਆਕੀ ਆਕ । ਸੋਹੰ ਸ਼ਬਦ ਫੜ ਪ੍ਰਭ ਸਾਚਾ ਭੱਲਾ, ਚਾਰੋਂ ਕੁੰਟ ਰਿਹਾ ਝਾਕ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਪਰਗਟ ਜੋਤ ਪੀਰ ਫ਼ਕੀਰਾਂ ਖੋਲ੍ਹੇ ਬੰਦ ਤਾਕ । ਨੂਰ ਅਲਾਹੀ ਰਮਜ ਰਮਜਾਨ । ਬੇਪਰਵਾਹੀ ਨਾ ਕੋਈ ਦੀਸੇ ਜਗਤ ਨਿਸ਼ਾਨ । ਜਗਤ ਮਲਾਹੀ ਰਾਮ ਰਹੀਮ ਰਹੀਮ ਰਹਿਮਾਨ । ਵੇਖ ਵਖਾਣੇ ਸਭਨੀਂ ਥਾਈਂ ਸ਼ਾਹ ਸੁਲਤਾਨ ਤਨ ਬੇਈਮਾਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਚਿੱਲਾ ਰਸਨਾ ਖਿਚੇ ਤੀਰ ਕਮਾਨ । ਮੁਲਾਂ ਸ਼ੇਖ਼ ਮੁਸਾਇਕ ਦਸਤਗੀਰਿਆਂ । ਅੰਤਮ ਅੰਤ ਦਿਸਣ ਖਾਕ, ਸ਼ਬਦ ਪਾਏ ਸਾਚਾ ਘੇਰਿਆ । ਸੋਹੰ ਡੋਰ ਹਰਿ ਪਾਏ ਨਾਕ, ਨਾ ਕਰੇ ਕਰਾਏ ਕੋਈ ਹੇਰਾ ਫੇਰਿਆ । ਏਕਾ ਜੋਤ ਨਿਰੰਜਣ ਪਾਕੀ ਪਾਕ, ਬੰਦਾ ਖਾਕੀ ਹੋਏ ਢਹਿ ਢਹਿ ਢੇਰਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਪਾਵੇ ਸਾਰ ਮੁਹੰਮਦ ਤੇਰੀ ਕਲਜੁਗ ਅੰਤਮ ਵੇਰਿਆ । ਨਿਮਸਕਾਰ ਨਿਮਸਕਾਰ ਨਿਮਸਕਾਰ ਗੁਰਮੁਖ ਗੁਰਮੁਖ ਗੁਰਮੁਖ ਦਵਾਰ । ਨਿਮਸਕਾਰ ਨਿਮਸਕਾਰ ਨਿਮਸਕਾਰ ਗੁਰ ਸੰਗਤ, ਪ੍ਰਭ ਅਬਿਨਾਸ਼ੀ ਪਹਿਰੇਦਾਰ । ਨਿਮਸਕਾਰ ਨਿਮਸਕਾਰ ਨਿਮਸਕਾਰ ਗੁਰਮੁਖ ਸਾਚੇ ਸੰਤ ਜਨਾਂ, ਪ੍ਰਭ ਬੰਨ੍ਹਣ ਆਇਆ ਸ਼ਬਦ ਡੋਰੀ ਪੰਜੇ ਯਾਰ । ਨਿਮਸਕਾਰ ਨਿਮਸਕਾਰ ਨਿਮਸਕਾਰ ਗੁਰ ਸੰਗਤ, ਜੁਗਾਂ ਜੁਗਾਂ ਦਾ ਲਹਿਣਾ ਦੇਣਾ ਦੇਣਾ ਲਹਿਣਾ ਪ੍ਰਭ ਰਿਹਾ ਕਰਜ ਉਤਾਰ । ਨਿਮਸਕਾਰ ਨਿਮਸਕਾਰ ਨਿਮਸਕਾਰ ਗੁਰ ਸੰਗਤ, ਸਚ ਸੱਚੀ ਸਰਕਾਰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਏਕ ਬੰਧਾਏ ਚਰਨ ਪਿਆਰ । ਨਿਮਸਕਾਰ ਨਿਮਸਕਾਰ ਨਿਮਸਕਾਰ ਗੁਰ ਦਵਾਰ । ਨਿਮਸਕਾਰ ਨਿਮਸਕਾਰ ਨਿਮਸਕਾਰ ਨਰ ਹਰਿ ਸੱਚੀ ਸਰਕਾਰ । ਨਿਮਸਕਾਰ ਨਿਮਸਕਾਰ ਨਿਮਸਕਾਰ ਨਾ ਜਨਮੇ ਨਾ ਜਾਏ ਮਰ, ਆਦਿ ਅੰਤ ਏਕਾ ਧਾਰ । ਨਿਮਸਕਾਰ ਨਿਮਸਕਾਰ ਨਿਮਸਕਾਰ ਆਪਣੀ ਕਰਨੀ ਰਿਹਾ ਕਰ, ਕਲਜੁਗ ਤੇਰੀ ਅੰਤਮ ਵਾਰ । ਨਿਮਸਕਾਰ ਨਿਮਸਕਾਰ ਨਿਮਸਕਾਰ ਸਾਚਾ ਤਖ਼ਤ ਤਾਜ ਮਾਤ ਰਿਹਾ ਧਰ, ਜੋਤ ਸਰੂਪੀ ਭੇਖ ਨਿਆਰ । ਨਿਮਸਕਾਰ ਨਿਮਸਕਾਰ ਨਿਮਸਕਾਰ ਜਗਤ ਸ਼ਾਹੀ ਚੁੱਕੇ ਡਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਸਿੰਘਾਸਣ ਕਰ ਤਿਆਰ । ਸ਼ਬਦ ਸਿੰਘਾਸਣ ਪ੍ਰਭ ਰਚਨ ਰਚਾਇਆ । ਜੋਤੀ ਆਸਣ ਪੁਰਖ ਅਬਿਨਾਸ਼ਣ ਲਾਇਆ । ਗੁਰ

੩੫
੦੫

ਸੰਗਤ ਹੋਈ ਦਾਸੀ ਦਾਸਨ, ਪੰਚ ਵਿਕਾਰਾਂ ਝੋਲੀ ਪਾਵਣ ਆਇਆ । ਸੋਹੰ ਜਾਪ ਜਪਾਏ ਸਵਾਸ ਸਵਾਸਨ ਮਾਤ ਪਤਾਲ ਪ੍ਰਿਥਮੀ ਅਕਾਸ਼ਨ ਏਕਾ ਰੰਗਣ ਰੰਗ ਨਾਮ ਰੰਗਾਵਣ ਆਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਧਾਮ ਸਚ ਦਵਾਰਾ ਆਪ ਸੁਹਾਇਆ । ਗੁਰ ਕਾ ਧਾਮ ਗੁਰਮੁਖ ਜ਼ਾਤੀ । ਗੁਰ ਕਾ ਨਾਮ ਨਿਰਮਲ ਬਾਤੀ । ਗੁਰ ਕਾ ਥਾਮ ਉਤਮ ਜ਼ਾਤੀ । ਗੁਰ ਕਾ ਨਾਮ ਤ੍ਰਿਸ਼ਨਾ ਭੁੱਖ ਮਿਟਾਤੀ । ਗੁਰ ਪੂਰਾ ਮਿਲੇ ਪੱਲੇ ਬੰਨ੍ਹੇ ਸੱਚਾ ਦਾਮ, ਤੋਟ ਨਾ ਆਵੇ ਦਿਵਸ ਰਾਤੀ । ਜਗੀ ਜੋਤ ਰਮਈਆ ਰਾਮ, ਨਿਹਕਲੰਕੀ ਪੁਰਖ ਬਿਧਾਤੀ । ਸੁੱਕਾ ਹਰਿਆ ਕਰੇ ਚਾਮ, ਮਿਲੇ ਮੇਲ ਕਮਲਾਪਾਤੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਵਣਜ ਕਰਾਵਣ ਆਇਆ, ਪੰਚਾਂ ਲੜ ਆਪ ਫੜਾਇਆ, ਸ਼ਬਦ ਬਖ਼ਸ਼ੇ ਸਾਚੀ ਦਾਤੀ । ਪੰਚਾਂ ਲੜ ਹਰਿ ਫੜਾਇਆ । ਪੰਚਾਂ ਅੰਦਰ ਰਿਹਾ ਲੜ, ਪੰਚਮ ਖੇਲ ਆਪ ਰਚਾਇਆ । ਪੰਚ ਪੰਚਾਇਤੀ ਰਿਹਾ ਫੜ, ਸ਼ਬਦ ਡੋਰੀ ਨਾਲ ਬੰਧਾਇਆ । ਸਾਚੇ ਘਾੜਨ ਰਿਹਾ ਘੜ, ਸ਼ਬਦ ਘੋੜਾ ਇਕ ਰਖਾਇਆ । ਆਪੇ ਅੰਦਰ ਜਾਏ ਵੜ, ਦੂਰ ਦੁਰਾਡਾ ਦਿਸ ਨਾ ਆਇਆ । ਵੇਖ ਵਖਾਣੇ ਬਹੱਤਰ ਨੜ, ਤਿੰਨ ਸੌ ਸੱਠ ਹਾਡੀ ਭੇਵ ਨਾ ਰਾਇਆ । ਸਚ ਦਵਾਰੇ ਜਾਏ ਚੜ੍ਹ, ਗੁਰ ਕਾਇਆ ਆਤਮ ਕੁੰਡਾ ਆਪੇ ਲਾਹਿਆ । ਨਾ ਕੋਈ ਸੀਸ ਨਾ ਕੋਈ ਧੜ, ਪੁਰਖ ਅਬਿਨਾਸ਼ੀ ਆਪ ਜਗਾਇਆ । ਸਚ ਦਵਾਰੇ ਗਿਆ ਵੜ, ਧੁਨੀ ਨਾਦ ਨਾਦ ਧੁਨ ਰਾਗਨ ਰਾਗ ਆਪ ਸਮਾਇਆ । ਸਚ ਮਹੱਲੇ ਅੱਗੇ ਖੜ, ਗੁਰਮੁਖ ਸਾਚੇ ਮੇਲ ਮਿਲਾਇਆ । ਏਕਾ ਅੱਖਰ ਜਾਣਾ ਪੜ੍ਹ, ਜਗਤ ਵੱਖਰ ਹਰਿ ਰਖਾਇਆ । ਕੋਇ ਨਾ ਸਕੇ ਅੱਗੇ ਅੜ, ਹਾਕਨ ਡਾਕਨ ਰਿਧ ਸਿਧ ਪ੍ਰਭ ਦਏ ਦੁਰਕਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੇ ਮੰਦਰ ਅੰਦਰੇ ਅੰਦਰ ਸ਼ਬਦ ਸਿੰਘਾਸਣ ਜੋਤੀ ਆਸਣ ਡੇਰਾ ਲਾਇਆ । ਬ੍ਰਹਮਾ ਧਾਮ ਅਟੱਲ, ਉਚ ਮੁਨਾਰਿਆ । ਆਪੇ ਵੇਖੇ ਜਲ ਥਲ, ਨਾ ਕੋਈ ਜਾਣੇ ਜੀਵ ਗਵਾਰਿਆ । ਦੀਪਕ ਜੋਤੀ ਗਿਆ ਬਲ, ਮੇਟ ਮਿਟਾਏ ਧੁੰਦੂਕਾਰਿਆ । ਭਾਗ ਲੱਗੇ ਕਾਇਆ ਖਲ, ਸਾਚੀ ਬਣਤ ਹਰਿ ਬਣਾ ਰਿਹਾ । ਗੁਰ ਸੰਗਤ ਮਿਲਿਆ ਸਾਚਾ ਫਲ, ਸੋਹੰ ਰਸਨਾ ਭੋਗ ਲਗਾ ਰਿਹਾ । ਸ਼ਬਦ ਸੁਨੇਹੜਾ ਰਿਹਾ ਘਲ, ਵਾਲੀ ਹਿੰਦ ਜਗਾ ਰਿਹਾ । ਏਕਾ ਵਸੇ ਨਿਹਚਲ ਧਾਮ ਅਟੱਲ, ਲੋਆਂ ਪੁਰੀਆਂ ਦਿਸ ਨਾ ਆ ਰਿਹਾ । ਲੋਕਮਾਤ ਵਡ ਛਲ, ਜੋਤੀ ਜਾਮਾ ਭੇਖ ਵਟਾ ਰਿਹਾ । ਚਾਰੋਂ ਤਰਫ ਪਾਏ ਤਰਥੱਲ, ਸਾਚਾ ਸਮਾਂ ਹਰਿ ਸੁਹਾ ਰਿਹਾ । ਗੁਰਮੁਖ ਸਾਚਾ ਸੰਤ ਸੁਹੇਲਾ ਸਚ ਸਿੰਘਾਸਣ ਦਰ ਘਰ ਸਾਚਾ ਲਏ ਮੱਲ, ਪ੍ਰਭ ਅਬਿਨਾਸ਼ੀ ਸਿਰ ਆਪਣਾ ਹੱਥ ਟਿਕਾ ਰਿਹਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਨਿਹਕਲੰਕ ਸਚ ਸਿੰਘਾਸਣ ਨਿਮਸਕਾਰ ਨਿਮਸਕਾਰ ਨਿਮਸਕਾਰ ਦਿੱਲੀ ਦਰਬਾਰਿਆ । ਇਕ ਇਕੱਲਾ ਮੀਤ ਜੋਤ ਨਿਰੰਕਾਰਿਆ । ਦੂਜੀ ਬੰਨ੍ਹੇ ਸ਼ਬਦ ਪ੍ਰੀਤ, ਸਚਖੰਡ ਖੇਲ ਅਪਾਰਿਆ । ਤੀਜੇ ਤ੍ਰੀਆ ਕੀਆ ਵੇਸ ਸਾਚੇ ਦੇਸ, ਓਅੰਕਾਰਾ ਰੰਗ ਅਪਾਰਿਆ । ਚੌਥੇ ਘਰ ਸਦਾ ਆਦੇਸ, ਮਿਲੇ ਮੇਲ ਕੰਤ ਪਿਆਰਿਆ । ਪੰਚਮ ਪੰਚਮ ਕੀਆ ਹਰਿ ਵੇਸ, ਪੰਚਮ ਤੱਤੀ ਤਨ ਉਸਾਰਿਆ । ਛੇਵੇਂ ਘਰ ਦਰ ਦਰਵੇਸ਼, ਰਹੇ ਹਮੇਸ਼ ਪਹਿਰੇਦਾਰਿਆ । ਸਤਵੇਂ ਸੁੱਤਾ ਉਠਿਆ ਨਰ ਨਰੇਸ਼, ਪਹਿਲੀ ਜੇਠ ਲੇਖ ਲਿਖਾ ਰਿਹਾ । ਅੱਠਵੇਂ ਵੇਖ ਵਖਾਏ ਬ੍ਰਹਮਾ ਵਿਸ਼ਨ ਮਹੇਸ਼ ਗਣੇਸ਼, ਇੰਦ ਇੰਦਰਾਸਣ ਸਿੰਘ ਸਿੰਘਾਸਣ ਸ਼ਿਵ ਸ਼ੰਕਰ ਗਗਨ ਮੰਡਲ ਚੰਦ ਸੂਰਜ ਤਾਰਿਆ । ਨੌਵੇਂ ਨੌਂ ਨੌਂ ਜੇਠ ਗੁਰਮੁਖ ਰਖੇ ਸਾਇਆ ਹੇਠ, ਨੌਂ ਖੰਡ ਪ੍ਰਿਥਮੀ ਵੰਡ ਵੰਡਾ ਰਿਹਾ । ਵਾਲੀ ਹਿੰਦ ਨਾਲ ਉਠਾਉਣਾ । ਬਿਰਲਾ ਸੇਠ, ਭਾਂਡਾ ਭੱਜੇ ਕੌੜਾ ਰੇਠ,

ਨਾ ਹੋਏ ਕੋਈ ਸਹਾਰਿਆ । ਪਰਗਟ ਹੋਏ ਜੇਠਾ ਜੇਠ, ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਸਿੰਘਾਸਣ ਨੀਂਹ ਰਖਾ ਰਿਹਾ । ਸਚ ਸਿੰਘਾਸਣ ਪਾਈ ਵੰਡ । ਪ੍ਰਭ ਅਬਿਨਾਸ਼ੀ ਨੌਂ ਜੇਠ ਪਕੜ ਉਠਾਏ ਰਾਜੇ ਰਾਣੇ ਵਡ ਵਡ ਸੇਠ ਵਿਚ ਬ੍ਰਹਿਮੰਡ । ਗੁਰਮੁਖ ਚਲਾਏ ਆਪਣੇ ਭਾਣੇ, ਤਨ ਕਾਇਆ ਰੱਖੇ ਸਦਾ ਠੰਡ । ਹਰਿਜਨ ਹਰਿ ਰੰਗ ਸਾਚਾ ਮਾਣੇ, ਹੋਏ ਸਹਾਈ ਨਾ ਦੇਵੇ ਕੰਡ । ਏਕਾ ਝੁੱਲੇ ਸ਼ਬਦ ਨਿਸ਼ਾਨੇ, ਸੋਹੰ ਖੰਡਾ ਸ਼ਬਦ ਸਚਖੰਡ । ਲੱਖ ਚੁਰਾਸੀ ਝੂਠੀ ਤਾਣੀ, ਆਤਮ ਅੰਧੀ ਹੋਈ ਰੰਡ । ਤਖ਼ਤ ਤਾਜ ਪ੍ਰਭ ਆਪ ਸੁਹਾਨੇ, ਵੇਖ ਵਖਾਣੇ ਉਤਭੁਜ ਸੇਹਤਜ ਜੇਰਜ ਅੰਡ । ਗੁਰਮੁਖਾਂ ਪਹਿਨਾਏ ਚਿੱਟੇ ਬਾਣੇ, ਇਕ ਇਕ ਕਰਾਈ ਸਾਚੀ ਵੰਡ । ਆਪਣੀ ਕਰਨੀ ਆਪੇ ਜਾਣੇ, ਮੇਟ ਮਿਟਾਏ ਭੇਖ ਪਖੰਡ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਸ਼ਬਦ ਉਠਾਏ ਚੰਡ ਪਰਚੰਡ । ਸ਼ਬਦ ਸਿੰਘਾਸਣ ਹਰਿ ਸੁਹਾਇਆ । ਜੋਤੀ ਜੋਤ ਜੋਤ ਪਰਕਾਸ਼ਨ, ਨੌਂ ਅਠਾਰਾਂ ਦਹਿ ਦਸ ਮਾਸ, ਗਰਭ ਨਾ ਡੇਰਾ ਲਾਇਆ । ਜੋਤੀ ਜੋਤ ਜੋਤ ਅਬਿਨਾਸ਼ਣ, ਸੁਰਤ ਮਨ ਨਾ ਕਿਸੇ ਬੰਨ੍ਹਾਇਆ । ਆਪੇ ਵਸੇ ਅਕਾਸ਼ ਅਕਾਸ਼ਨ, ਧਰਤ ਰੂਪ ਰੰਗ ਵੇਖ ਨਾ ਰਾਇਆ । ਆਪੇ ਜਪੇ ਜਪਾਏ ਸਵਾਸ ਸਵਾਸਨ, ਜੀਵ ਜੰਤ ਕਲ ਦਿਸ ਨਾ ਆਇਆ । ਆਪੇ ਜਾਣੇ ਆਪਣੀ ਰਾਸ ਰਾਸਨ, ਨਾਮ ਉਦਾਸਣ ਤੀਰ ਚਲਾਇਆ । ਆਪੇ ਰੱਖੇ ਘਟ ਘਟ ਵਾਸਨ, ਪ੍ਰਭਾਸਨ ਅੰਦਰ ਡੇਰਾ ਲਾਇਆ । ਗੁਰ ਸੰਗਤ ਹਰਿ ਹਰਿ ਦਾਸ ਦਾਸਨ, ਸਾਚੀ ਸੇਵਾ ਕਰਦਾ ਆਇਆ । ਰਸਨ ਤਜਾਏ ਮਦਿਰਾ ਮਾਸਨ, ਅੰਮ੍ਰਿਤ ਮੇਵਾ ਨਾਮ ਖਵਾਇਆ । ਇਕ ਸੁਣਾਏ ਸਾਚਾ ਭਾਸ਼ਨ, ਸੋਹੰ ਜੈ ਜੈ ਜੈਕਾਰ ਕਰਾਇਆ । ਮੁਕੰਦ ਮਨੋਹਰ ਹਰਿ ਜੀ ਦਾਸਨ, ਨੈਣਾਂ ਬੈਣਾ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਭਾਣਾ ਆਪ ਸੁਹਾਇਆ । ਦਰ ਦਰਬਾਰ ਤਖ਼ਤ ਸੁਲਤਾਨ । ਜੋਤੀ ਨੂਰ ਇਕ ਅਕਾਲ ਸ੍ਰੀ ਭਗਵਾਨ । ਸੋਹੰ ਸ਼ਬਦ ਸੀਸ ਦਸਤਾਰ ਨੌਜਵਾਨ । ਨੌਂ ਖੰਡ ਪ੍ਰਿਥਮੀ ਪਾਵੇ ਸਾਰੇ, ਵਡ ਜੋਧਾ ਬਲੀ ਬਲਵਾਨ । ਰਾਜ ਰਾਜਾਨਾਂ ਕਰੇ ਖਵਾਰ ਮਾਰੇ ਮਾਰ । ਸ਼ਬਦੀ ਖੇਲ ਅਪਰ ਅਪਾਰ । ਗੁਰਮੁਖਾਂ ਬੇੜਾ ਕਰ ਤਿਆਰ । ਵਿਚ ਸੰਸਾਰ ਚਲੇ ਕਲ ਅਵੱਲੜੀ ਚਾਲ । ਆਪੇ ਚੁੱਕੇ ਬਣ ਕੁਹਾਰ ਪਹਿਲੀ ਵਾਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਸਿੰਘਾਸਣ ਕਰ ਤਿਆਰ । ਤਖ਼ਤ ਤਾਜ ਜਗਤ ਜਗਦੀਸਾ । ਰੱਖੇ ਲਾਜ ਗੁਰ ਚਰਨ ਮਸਤਕ ਲੱਗਾ ਸਾਚਾ ਸੀਸਾ । ਆਪ ਸਵਾਰੇ ਆਪਣਾ ਕਾਜ ਸ਼ਬਦ ਜਗਾਏ ਚੀਨਾ ਰੂਸਾ । ਕਰੇ ਖੇਲ ਦੇਸ ਮਾਝ, ਫੜ ਹਿਲਾਏ ਈਸਾ ਮੂਸਾ । ਚਾਰ ਵਰਨਾਂ ਏਕਾ ਸਾਂਝ, ਸੋਹੰ ਸ਼ਬਦ ਸਚ ਹਦੀਸਾ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਸਿੰਘਾਸਣ ਜੋਤ ਬਿਰਾਜੇ, ਨਾਮ ਛਤਰ ਝੁੱਲੇ ਸੀਸਾ । ਨਾਮ ਛਤਰ ਝੁੱਲੇ ਅਪਾਰ । ਨਾ ਕੋਈ ਲਾਏ ਹਰਿ ਜੀ ਮੁੱਲੇ, ਗੁਰਮੁਖ ਕਲੀਆਂ ਬਸੰਤ ਬਹਾਰ । ਪਰਗਟ ਹੋਇਆ ਵਲੀਆ ਛਲੀਆ, ਜੋਧਾ ਬਲੀਆ ਭੇਖ ਨਿਆਰ । ਨਰ ਨਰਾਇਣ ਅਟੱਲ ਅਟੱਲੀਆ, ਸ਼ਬਦ ਸੁਨੇਹੜਾ ਗਲੀ ਗਲੀਆਂ, ਗੁਰਮੁਖਾਂ ਕਰੇ ਖ਼ਬਰਦਾਰ । ਨਾ ਕੋਈ ਜਾਣੇ ਸ਼ਾਹ ਸੁਲਤਾਨ ਐਲੀ ਅਲੀਆ, ਅਹਿਮਦ ਮੁਹੰਮਦ ਸੁੱਤੇ ਪੈਰ ਪਸਾਰ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਸਿੰਘਾਸਣ ਆਪ ਬਿਰਾਜੇ, ਜੋਤੀ ਨੂਰ ਨੂਰੋਂ ਕਰ ਅਕਾਰ । ਨੂਰੋਂ ਕਰ ਅਕਾਰ ਨੂਰ ਨੁਰਾਨਿਆ । ਕੀਆ ਸ਼ਬਦ ਵਿਹਾਰ ਵਿਚ ਜਹਾਨਿਆ । ਚਿੱਟਾ ਅਸਵ ਦਰ ਦਰਬਾਰ, ਹਰਿ ਸੁਲਤਾਨਿਆ । ਚਾਰੇ ਕੁੰਟਾਂ ਰਿਹਾ ਵਿਚਾਰ, ਹੱਥੀਂ ਬੰਨ੍ਹੇ ਮੌਲੀ ਗਾਨਿਆ । ਗੁਰਮੁਖਾਂ ਆਪ ਉਠਾਏ ਪ੍ਰਭ ਸਾਚਾ

ਯਾਰ, ਖਾਲੀ ਹੱਥ ਹਰਿ ਸਮਰਥ ਵਾਲੀ ਦੋ ਜਹਾਨਿਆ । ਫੜ ਫੜ ਬਾਹੋਂ ਜਾਏ ਤਾਰ, ਪੈਜ ਸਵਾਰ, ਲੱਖ ਚੁਰਾਸੀ ਫੰਦ ਕਟਾਨਿਆ । ਨੌਂ
ਅਠਾਰਾਂ ਵਕਤ ਵਿਚਾਰ ਬੰਨ੍ਹੇ ਧਾਰ, ਹਰਿ ਜੋਤੀ ਮੇਲ ਮਿਲਾਨਿਆ । ਸਮਰਥ ਪੁਰਖ ਸਦਾ ਨਿਮਸਕਾਰ ਨਿਮਸਕਾਰ ਨਿਮਸਕਾਰ, ਜਿਸ ਜਨ ਭੇਵ
ਚੁਕਾਇਆ ਆਵਣ ਜਾਨਿਆ । ਸੋਲਾਂ ਇਛਿਆ ਸੋਲਾਂ ਧਾਰ । ਪ੍ਰਭ ਮੰਗੇ ਸਾਚੀ ਭਿਛਿਆ, ਗੁਰਮੁਖ ਸਾਚੇ ਕਰ ਤਿਆਰ । ਮਾਤ ਕਰਨ ਆਇਆ
ਰਛਿਆ, ਸ਼ਬਦ ਬੰਨ੍ਹ ਸੱਚੀ ਦਸਤਾਰ । ਦਿੱਲੀ ਦਰਬਾਰ ਸਾਚੀ ਸਿਖਿਆ, ਗੁਰ ਮੰਤਰ ਨਾਮ ਇਕ ਅਧਾਰ । ਧੁਰ ਦਰਗਾਹੀ ਲੇਖ ਸਾਚਾ ਲਿਖਿਆ,
ਲੋਕਮਾਤ ਬੰਨ੍ਹੇ ਸਾਚੀ ਧਾਰ । ਲੱਖ ਚੁਰਾਸੀ ਦਿਸੇ ਮਿਥਿਆ, ਅੰਤਮ ਜਾਏ ਬਾਜੀ ਹਾਰ । ਨੌਂ ਜੇਠ ਸਾਚੀ ਵਾਰ ਥਿਤਿਆ, ਸੱਤ ਦੀਪ ਨੌਂ ਖੰਡ
ਨੌਂ ਸੱਤ ਸੋਲਾਂ ਪ੍ਰਭ ਕਰ ਵਿਚਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰ ਸੰਗਤ ਤੇਰੇ ਦਰ ਦਵਾਰੇ ਬਣਿਆ ਰਹੇ ਨਾਮ ਭਿਖਾਰ । ਨੌਂ
ਸਤ ਕਾਇਆ ਘਟ ਜੂਠੇ ਚੌਦਾਂ ਹਟ । ਦਸਵੇਂ ਘਰ ਤੀਰਥ ਤਟ । ਸਾਚਾ ਸਰ ਜੋਤੀ ਲਟ । ਮਿਲੇ ਹਰਿ ਢਾਏ ਵੱਟ । ਆਪਣੀ ਕਰਨੀ ਰਿਹਾ
ਕਰ, ਗੁਰਮੁਖ ਲਾਹਾ ਲੈਣਾ ਖੱਟ । ਸਾਚੀ ਤਰਨੀ ਜਾਇਣ ਤਰ, ਨਿਝਰ ਰਸ ਸਾਚਾ ਚਟ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਲਾਂ
ਕਲੀਆਂ ਤਨ ਸ਼ਿੰਗਾਰੇ, ਸੋਲਾ ਇਛਿਆ ਪਾਰ ਕਿਨਾਰੇ, ਦੋਏ ਹੱਥੀਂ ਮੇਟੇ ਫੱਟ । ਸੋਲਾਂ ਸੋਲਾਂ ਸੋਲਵੀਂ ਧਾਰ । ਪ੍ਰਭ ਅਬਿਨਾਸ਼ੀ ਕਿਰਪਾ ਕਰ,
ਪੂਰਬ ਕਰਮ ਰਿਹਾ ਵਿਚਾਰ । ਜੋਤੀ ਜਾਮਾ ਭੇਖ ਅਪਾਰ, ਰਚਨ ਰਚਾਏ ਵਿਚ ਸੰਸਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਪਰਸਾਦਿ
੩੮ ਪਰਸਾਦਿ ਸ਼ਬਦ ਕਲ ਕਰ ਤਿਆਰ । ਸ਼ਬਦ ਪਰਸਾਦਿ ਹਰਿ ਬਣਾਉਣਾ । ਆਦਿ ਜੁਗਾਦਿ ਜੁਗਾਦਿ ਆਦਿ ਸੰਗਤ ਸਾਧ ਸੰਗ ਰਲਾਉਣਾ । ਵਿਚ ੩੮
ਬ੍ਰਹਿਮਾਦ ਅਨਾਥ ਸਿਰ ਦੇ ਕਰ ਹਾਥ ਆਪ ਬਚਾਉਣਾ । ਮਸਤਕ ਲੇਖ ਲਿਖ ਲਿਖ ਮਾਥ, ਸਿੰਘ ਬਲੀਆ ਨਾਲ ਰਲਾਉਣਾ । ਆਪ ਚੜ੍ਹਾਏ
੦੫ ਸ਼ਬਦ ਰਾਥ, ਸਗਲਾ ਸਾਥ ਆਪ ਨਿਭਾਉਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਗਲ ਵਸੂਰੇ ਜਾਇਣ ਲਾਥ, ਜੋਤੀ ਜਾਮਾ ਦਰਸ਼ਨ ੦੫
ਪਾਉਣਾ । ਸੋਲਾਂ ਕਲਾ ਕਲਾ ਪ੍ਰਭ ਧਾਰੇ । ਗੁਰਮੁਖ ਸਾਚੇ ਸੰਤ ਜਨਾਂ, ਏਕਾ ਦੇਵੇ ਸ਼ਬਦ ਹੁਲਾਰੇ । ਸਾਚਾ ਦੇਵੇ ਨਾਮ ਧੰਨਾ, ਅੰਦਰੇ ਅੰਦਰ
ਜੈ ਜੈ ਜੈਕਾਰੇ । ਜਾਗ ਜਾਗ ਤਿਆਗ ਸੁਣ ਕੰਨਾਂ, ਸਿੰਙੀ ਨਾਦ ਨਾ ਕੋਈ ਵਿਚਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੰਗੇ ਮੰਗ ਤਨ
ਕਾਇਆ ਅੰਗ ਕਰੇ ਖੇਲ ਵਿਚ ਸੰਸਾਰੇ । ਪਾਰਬ੍ਰਹਮ ਜਨ ਪਾਰ ਕਿਨਾਰਾ, ਨਾ ਕੋਈ ਵੇਖ ਵਖਾਣਦਾ । ਜੁਗਾ ਜੁਗੰਤਰ ਧਰਮ ਨਿਆਰਾ, ਏਕਾ
ਏਕ ਸਰੂਪ ਜਾਣਦਾ । ਮਾਨਸ ਦੇਹੀ ਸਚ ਕਰਮ ਵਿਚਾਰਾ, ਮਾਰੇ ਸ਼ਬਦ ਤੀਰ ਸੱਚਾ ਬ੍ਰਹਮ ਗਿਆਨ ਦਾ । ਪੁਰੀ ਘਨਕ ਲਏ ਅਵਤਾਰਾ, ਮਹਾਰਾਜ
ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰੇ ਖੇਲ ਵਾਲੀ ਦੋ ਜਹਾਨ ਦਾ । ਵਾਲੀ ਦੋ ਜਹਾਨ ਹੱਕ ਜਲਾਲਿਆ । ਚਾਰ ਵਰਨਾਂ ਸੱਚਾ ਰਾਹ ਰਿਹਾ ਤੱਕ,
ਸੋਹੰ ਸ਼ਬਦ ਫੜ ਨਿਸ਼ਾਨਿਆ । ਮਾਇਆ ਰਾਣੀ ਫਲ ਗਿਆ ਪੱਕ, ਭੁੱਲੇ ਰੁਲੇ ਜਗਤ ਨਿਧਾਨਿਆ । ਰਾਜਨ ਰਾਜ ਸ਼ਾਹ ਸੁਲਤਾਨਾਂ ਸ਼ਬਦ ਨਕੇਲ
ਪਾਏ ਨੱਕ, ਹਰਿ ਕਲੰਦਰ ਖੇਲ ਮਹਾਨਿਆ । ਆਪੇ ਐਲੀ ਸ਼ਾਹ ਮੌਲਾਨਾ ਹੱਕ, ਨੂਰ ਨੁਰਾਨੀ ਹਰਿ ਮੌਲਾਨਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ
ਭਗਵਾਨ, ਆਪੇ ਜਾਣੇ ਆਪਣੇ ਭਾਣਿਆ । ਐਨਲ ਹੱਕ ਹੱਕ ਹਕੂਕ । ਚਾਰ ਯਾਰੀ ਗਈ ਥੱਕ, ਜਗਤ ਮਲਾਹ ਨਾ ਸੁਣੇ ਕੋਈ ਕੂਕ । ਕਲਜੁਗ
ਫਲ ਗਿਆ ਪੱਕ, ਨਾ ਕੋਈ ਜਾਣੇ ਸ਼ਾਹ ਤਬਰੂਕ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸ਼ਬਦ ਏਕਾ ਮਾਰੇ

ਸਾਚੀ ਫੂਕ । ਸ਼ਾਹ ਈਰਾਨਾ ਮਸਤ ਦੀਵਾਨਾ । ਨੂਰ ਅਲਾਹੀ ਬੰਨ੍ਹੇ ਗਾਨਾ । ਵੇਖ ਵਖਾਣੇ ਥਾਉਂ ਥਾਈਂ, ਇਕ ਰਖਾਏ ਨਾਮ ਨਿਸ਼ਾਨਾ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰੇ ਖੇਲ ਵਾਲੀ ਦੋ ਜਹਾਨਾਂ । ਈਰਾਨ ਸ਼ਾਹ ਅੰਤਮ ਹੋਣਾ ਮਾਤ ਵੈਰਾਨ, ਜਬਰਾਈਲ ਗਲ ਪਾਏ ਫਾਹ । ਨਾਤਾ ਤੁਟੇ ਪੀਣ ਖਾਣ, ਨਾ ਕੋਈ ਸਹਾਈ ਪਿਤਾ ਮਾਂ । ਏਕਾ ਝੁੱਲੇ ਜਗਤ ਨਿਸ਼ਾਨ, ਦੂਸਰ ਕੋਈ ਦਿਸੇ ਨਾ । ਸਤਾਰਾਂ ਹਾੜੀ ਲੇਖ ਮਹਾਨ, ਪ੍ਰਭ ਪਾਏ ਸਾਚੇ ਹਿੱਸੇ, ਪੀਰ ਫ਼ਕੀਰ ਫ਼ਕੀਰ ਪੀਰ ਕੋਈ ਭੁੱਲੇ ਨਾ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਚਾਰੋਂ ਕੁੰਟ ਬੇਮੁਖ ਜੀਵਾਂ ਦਿਸੇ ਨਾ । ਸ਼ਾਹ ਈਰਾਨ ਸੰਗ ਅਰਾਕਾਨੀ । ਪਕੜ ਉਠਾਏ ਹਰਿ ਦੁਰਾਨੀ । ਸੋਹੰ ਸੱਚਾ ਤੀਰ ਚਲਾਏ, ਸ਼ਬਦ ਮਾਰੇ ਤਿੱਖੀ ਕਾਨੀ । ਪੀਰ ਫ਼ਕੀਰ ਵਹੀਰ ਕਰਾਏ, ਵੇਖ ਵਖਾਏ ਹਰਿ ਦਿਲ ਦਾਨੀ । ਜੂਠੇ ਝੂਠੇ ਚੀਰ ਲੁਹਾਏ ਹੱਥ ਨਾ ਕਿਸੇ ਆਵੇ ਪਾਣੀ । ਏਕਾ ਰੰਗ ਅਖ਼ੀਰ ਵਖਾਏ, ਸੋਹੰ ਸ਼ਬਦ ਮਾਤ ਕੁਰਬਾਨੀ । ਨੀਲੇ ਬਸਤਰ ਤਨ ਛੁਹਾਏ, ਨਬੀ ਰਸੂਲਾਂ ਸੱਚਾ ਬਾਨੀ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਖਲਕ ਖ਼ੁਦਾਏ ਖ਼ਲਕ ਵਖਾਏ ਸਰਬ ਬਾਨੀ । ਜਗਤ ਖਾਣੀ ਫਨਾਹਉਲ ਫਿਲੇ, ਏਕਾ ਚਲੇ ਸਾਚੀ ਬਾਨੀ । ਸੋਹੰ ਸ਼ਬਦ ਰਸਨਾ ਚਾੜ੍ਹੇ ਚਿੱਲੇ, ਪਾਵੇ ਸਾਰ ਵਿਚ ਬੈਰਾਨੀ । ਗੁਰਮੁਖਾਂ ਵਖਾਏ ਤੀਜਾ ਤਿਲੇ, ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਜਾਣੇ ਆਪਣੀ ਖੇਲ ਮਹਾਨੀ । ਸਤਿ ਪੁਰਖ ਸਤਿਵਾਦ ਸਤਿ ਸਤਿ ਸਤਵੰਤਿਆ । ਪੂਰਨ ਬ੍ਰਹਮ ਅਨਾਦ ਪੂਰਨ ਭਗਵੰਤਿਆ । ਜੋਤ ਨਿਰੰਜਣ ਜੁਗਾਦਿ ਆਦਿ ਆਦਿਨ ਅੰਤਿਆ । ਸ਼ਬਦ ਚਲਾਏ ਬੋਧ ਅਗਾਧ ਅੰਤ ਗਣੰਤਿਆ । ਹਰਿਜਨ ਰਸਨਾ ਲਏ ਅਰਾਧ, ਮਿਲੇ ਮਾਣ ਵਿਚ ਜੀਵ ਜੰਤਿਆ । ਦਰ ਘਰ ਸਾਚੇ ਏਕਾ ਬ੍ਰਹਮ ਗਿਆਨ, ਚਰਨ ਪ੍ਰੀਤੀ ਹਰਿ ਭਗਵੰਤਿਆ । ਮਸਤਕ ਧੂੜੀ ਕਲ ਇਸ਼ਨਾਨ, ਕਾਇਆ ਗੂੜੀ ਚਾੜ੍ਹੇ ਰੰਗਣ ਵਾਲੀ ਦੋ ਜਹਾਨ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੇਲ ਮਿਲਾਵਾ ਸਾਚੇ ਕੰਤਿਆ । ਕੰਤ ਸੁਹਾਗੀ ਨਾਰ ਪੁਰਖ ਸੁਜਾਨਿਆ । ਸ਼ਬਦ ਪਹਿਨਾਏ ਤਨ ਕਟਾਰ, ਅਸਤਰ ਸ਼ਸਤਰ ਆਪ ਸਜਾਨਿਆ । ਦਰ ਦਰਵਾਜੇ ਏਕਾ ਪਹਿਰਦਾਰ, ਦਿਵਸ ਰੈਣ ਰੈਣ ਦਿਵਸ ਸਾਚਾ ਹੁਕਮ ਸੁਣਾਨਿਆ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਦਵਾਰਾ ਏਕਾ ਏਕ ਵਖਾਨਿਆ । ਏਕਾ ਏਕ ਵਖਾਣ ਇਕ ਅਕਾਲਿਆ । ਗੁਰਮੁਖ ਸਾਚੇ ਨੇਤਰ ਲੈਣਾ ਵੇਖ, ਜੋਤ ਜਵਾਲਿਆ । ਅੰਤਮ ਮਿਟਣੇ ਜਾਣ ਔਲੀਏ ਪੀਰ ਸ਼ੇਖ਼, ਰਾਜੇ ਰਾਣਿਆਂ ਕੱਢੇ ਦਵਾਲਿਆ । ਆਪੇ ਲਿਖਣਹਾਰਾ ਧੁਰ ਦਰਗਾਹੀ ਸਾਚੇ ਲੇਖ, ਨਾ ਕੋਈ ਜਾਣੇ ਸ਼ਾਹ ਕੰਗਾਲਿਆ । ਮਸਤਕ ਲਾਏ ਸਾਚੀ ਮੇਖ, ਦੀਪਕ ਜੋਤੀ ਸਾਚੀ ਬਾਲੀਆ । ਜੋਤੀ ਜਾਮਾ ਧਰਿਆ ਭੇਖ, ਸੋਹੰ ਰਖਿਆ ਸ਼ਬਦ ਸੁਖਾਲਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਸਾਚੀ ਘਾਲਣ ਆਪੇ ਘਾਲਿਆ । ਸਾਚੀ ਘਾਲਨ ਰਿਹਾ ਘਾਲ । ਗੁਰਮੁਖ ਵਣਜਾਰਾ ਸਾਚੀ ਮਾਲਨ, ਸ਼ਬਦ ਪਹਿਨਾਏ ਸਾਚਾ ਹਾਰ । ਧੁਰ ਦਰਗਾਹੀ ਹਰਿ ਦਲਾਲਨ, ਏਕਾ ਦੇਵੇ ਨਾਮ ਅਪਾਰ । ਮਿਲੇ ਮੇਲ ਜੋਤ ਅਕਾਲਨ, ਸ਼ਬਦ ਸਵਾਲਨ ਗੁਰਮੁਖ ਵਿਚਾਰ । ਦੋ ਜਹਾਨੀ ਆਪੇ ਪਾਲਣ, ਏਕਾ ਵੱਜੇ ਸੱਚਾ ਤਾਲਣ, ਛੱਤੀ ਰਾਗਾਂ ਵਸੇ ਬਾਹਰ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਜਾਣੇ ਆਪਣੀ ਸਾਰ ।

## ★ ੯ ਜੇਠ ੨੦੧੨ ਬਿਕ੍ਰਮੀ ਡਾ. ਰਾਜਿੰਦਰ ਪਰਸ਼ਾਦਿ ਰਾਸ਼ਟਰਪਤੀ ਲਈ ਸ਼ਬਦ ਲਿਖਾਇਆ ਦਿੱਲੀ ★

ਸ਼ਬਦ ਤਾਜ ਜਗਦੀਸ ਛਤਰ ਝੁਲਾਰਿਆ । ਰੰਗਣ ਰੰਗ ਬੀਸ ਇਕੀਸ, ਸ੍ਰਿਸ਼ਟ ਸਬਾਈ ਜਾਏ ਪੀਸ, ਸੋਹੰ ਸਾਚਾ ਜੈ ਜੈਕਾਰਿਆ । ਮਿਟਦੀ ਜਾਏ ਕੁਰਾਨ ਹਦੀਸ, ਨਾ ਕੋਈ ਗਾਏ ਰਾਗ ਛਤੀਸ, ਵੇਦ ਪੁਰਾਨੀ ਆਈ ਹਾਰਿਆ । ਕਵਣ ਕਰੇ ਪ੍ਰਭ ਤੇਰੀ ਰੀਸ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਸਿੰਘਾਸਣ ਤਖ਼ਤ ਬਿਰਾਜ ਸਾਜਨ ਸਾਜ ਕਲ ਕਿ ਆਜ ਆਪਣੀ ਬਣਤ ਬਣਾ ਰਿਹਾ । ਸਾਜਨ ਸਾਜ ਸਾਜੇ ਸਗਲ ਰਘੁਨਾਥ । ਆਪੇ ਜਾਣੇ ਤਖ਼ਤ ਤਾਜੇ, ਕਵਣ ਰਾਜ ਕਵਣ ਰਾਜੇ, ਕਵਣ ਨਿਭਾਏ ਸਾਚਾ ਸਾਥ । ਕਵਣ ਪਿਤ ਰੱਖੇ ਲਾਜੇ, ਕਵਣ ਮਸਤਕ ਲੇਖ ਲਿਖੇ ਮਾਤ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਏਕ ਰਖਾਏ ਸਾਥ । ਰਾਜ ਜੋਗ ਜੋਗ ਤਪੀਸ਼ਰ । ਦਰਸ ਅਮੋਘ ਹਰਿ ਰਖੀਸ਼ਰ । ਹਉਮੇ ਰੋਗ ਜਗਤ ਮੁਨੀਸ਼ਰ । ਧੁਰ ਸੰਜੋਗ ਏਕਾ ਈਸ਼ਰ । ਮਾਇਆ ਲਗਾ ਕਰਮ ਵਿਜੋਗ, ਜੋਤੀ ਜੋਤ ਸਰੂਪ ਹਰਿ, ਸਾਚਾ ਦੇਵੇ ਇਕ ਵਰ, ਆਤਮ ਖੋਲ੍ਹਣਾ ਬੰਦ ਦਰ, ਰਾਜ ਰਾਜਾਨੇ ਸ਼ਾਹ ਭਬੀਖਣ । ਸ਼ਾਹ ਭਬੀਖਣ ਬਲ ਬੁਧ ਧਾਰ । ਕਵਣ ਰਾਮਾ ਕਵਣ ਰਾਵਣ ਕਵਣ ਬਧ ਕਰੇ ਸੰਸਾਰ । ਕਵਣ ਜੋਤੀ ਕਵਣ ਜਾਮਾ ਕਵਣ ਕਵਲ ਕੀਆ ਅਕਾਰ । ਕਵਣ ਮਾਣਕ ਮੋਤੀ ਤਨ ਕਰਾਏ ਸ਼ਿੰਗਾਰ । ਕਵਣ ਉਠਾਏ ਕਾਇਆ ਸੋਤੀ, ਕਵਣ ਪਹਿਨਾਏ ਤਨ ਸ਼ਬਦ ਹਾਰ । ਕਵਣ ਜਗਾਏ ਆਤਮ ਜੋਤੀ, ਕਵਣ ਮੇਲ ਮਿਲਾਏ ਸੀਤਾ ਰਾਮ ਰਾਮ ਅਵਤਾਰ । ਕਵਣ ਨਾਮ ਕਵਣ ਜਗੇ ਜੋਤੀ, ਕਵਣ ਭਿਬੂਤੀ ਵਿਚ ਸੰਸਾਰ । ਕਵਣ ਸਮਗਰੀ ਵਿਚ ਕਾਇਆ ਨਗਰੀ ਕਵਣ ਹੋਏ ਪਹਿਰੇਦਾਰ । ਕਵਣ ਧਾਰ ਵਿਚ ਮਾਤ ਉਜਗਰੀ, ਕਵਣ ਪ੍ਰੀਤ ਨਗਰ ਪ੍ਰਭ ਚਰਨ ਦਵਾਰ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਮੇਲ ਮਿਲਾਏ ਵਿਛੜੇ ਯਾਰ । ਤ੍ਰੇਤਾ ਜੁਗ ਤ੍ਰੀਆ ਵੇਸ । ਪ੍ਰਭ ਅਬਿਨਾਸ਼ੀ ਧਾਰੇ ਭੇਸ । ਰੂਪ ਰੰਗ ਨਾ ਕੋਈ ਵਖਾਏ, ਮੁੱਛ ਦਾਹੜੀ ਨਾ ਦਿਸੇ ਕੇਸ । ਆਪਣਾ ਸੰਗ ਆਪ ਨਿਭਾਏ ਜੋਤ ਨਿਰੰਜਣ ਮਾਝੇ ਦੇਸ । ਗੁਰਮੁਖ ਸੋਏ ਆਪ ਜਗਾਏ, ਨਾੜ ਬਹੱਤਰ ਹੋ ਪਰਵੇਸ਼ । ਆਪ ਆਪਣੇ ਰੰਗ ਰੰਗਾਏ, ਕੋਈ ਨਾ ਜਾਣੇ ਬ੍ਰਹਮਾ ਵਿਸ਼ਨ ਮਹੇਸ਼ ਗਣੇਸ਼ । ਦਰ ਦਰਬਾਰਾ ਇਕ ਰਖਾਏ ਚਾਰ ਵਰਨਾਂ ਦੇਵੇ ਮਾਣੇ ਗਊ ਗਰੀਬਾਂ ਸਦ ਹਮੇਸ਼ । ਸੋਏ ਉਠਾਏ ਰਾਜੇ ਰਾਣੇ, ਭੁੱਲੇ ਨਾਮ ਗੁਣ ਨਿਧਾਨੇ, ਮਿਟਦੀ ਜਾਏ ਆਤਮ ਰੇਖ । ਇਕ ਚੜ੍ਹਾਏ ਸ਼ਬਦ ਬਿਬਾਣੇ ਸੋਹੰ ਦੇਵੇ ਪੀਣੇ ਖਾਣੇ, ਸਤਿ ਪੁਰਖ ਹਰਿ ਸਦਾ ਆਦੇਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜੋਤ ਸਰੂਪ ਹਰਿ, ਆਪੇ ਨਰ ਆਪੇ ਦਰ ਦਰਵੇਸ਼ । ਦਰ ਦਰਵੇਸ਼ ਦੂਰ ਦੁਰਾਨਿਆ । ਧਰ ਧਰ ਆਇਆ ਕਾਲਾ ਭੇਖ, ਵੇਖ ਵਖਾਣੇ ਸ਼ਾਹ ਸੁਲਤਾਨਿਆ । ਆਪੇ ਜਾਣੇ ਆਪਣੀ ਰੇਖ, ਨਾ ਕੋਈ ਕਰੇ ਪਛਾਨਿਆ । ਪੰਡਤ ਪਾਂਧੇ ਰਹੇ ਵੇਖ, ਪਰਾਗ ਕਾਂਸ਼ੀ ਮਾਰ ਧਿਆਨਿਆ । ਨਾ ਕੋਈ ਜਾਣੇ ਔਲੀਆ ਪੀਰ ਸ਼ੇਖ਼, ਪੜ੍ਹ ਪੜ੍ਹ ਥੱਕੇ ਅੰਜੀਲ ਕੁਰਾਨਿਆ । ਹਰਿ ਭਗਤ ਸੁਹੇਲਾ ਲਏ ਵੇਖ, ਨੇਤਰ ਖੋਲ੍ਹੇ ਅੰਧ ਅੰਧਿਆਨਿਆ । ਜੋਤੀ ਜਾਮਾ ਧਾਰਿਆ ਭੇਖ, ਨਿਹਕਲੰਕ ਸ੍ਰੀ ਭਗਵਾਨਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਿਲੇ ਮੇਲ ਵਾਲੀ ਹਿੰਦ ਹਰਿ ਸਰਬ ਬਖ਼ਸ਼ਿੰਦ, ਦੇਵੇ ਵਿਚ ਜਹਾਨ ਚਤੁਰ ਸੁਘੜ ਸਿਆਨਿਆ । ਚਤੁਰ ਸੁਘੜ ਸਿਆਣ ਹਰਿ ਸੁਰਜੀਤਿਆ । ਨੌਂ ਖੰਡ ਪ੍ਰਿਥਮੀ ਇਕ ਮੈਦਾਨ, ਅਚਰਜ ਚਲੇ ਮਾਤ ਰੀਤਿਆ । ਸੋਹੰ ਝੁਲਾਏ ਸ਼ਬਦ ਨਿਸ਼ਾਨ, ਚਾਰ ਵਰਨਾਂ ਏਕਾ ਰੀਤਿਆ । ਬੈਠਾ ਰਹੇ ਸ਼ਬਦ

ਬਬਾਣ, ਕਿਸੇ ਹੱਥ ਨਾ ਆਏ ਮੰਦਰ ਗੁਰਦਵਾਰੇ ਮਸੀਤਿਆ । ਉਡਦਾ ਰਹੇ ਨਾਮ ਉਡਾਨ , ਲੱਖ ਚੁਰਾਸੀ ਹਰਿ ਹਰਿ ਜੀਤਿਆ । ਆਪੇ ਜਾਣੇ ਆਪਣੀ ਆਣ, ਅੰਮ੍ਰਿਤ ਮਧੁ ਏਕਾ ਰਸਨ ਪੀਤਿਆ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਅੱਖਰ ਅੱਖ ਵਖਾਏ, ਯਾਦ ਕਰਾਏ ਵੇਲਾ ਬੀਤਿਆ । ਰੱਖਣਾ ਯਾਦ ਸੁਣੀ ਫਰਿਯਾਦ, ਧੁਰ ਦਰਬਾਰ ਸੱਚੀ ਸਰਕਾਰਿਆ । ਏਕਾ ਜੋਤੀ ਸਾਚੀ ਦਾਦ, ਲਹਿਣਾ ਦੇਣਾ ਵਾਰੋ ਵਾਰਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਆਤਮ ਵੇਖ ਸਚ ਘਰ ਸਚ ਦਵਾਰੇ ਲੈਣਾ ਲਾਧਿਆ । ਸ਼ਬਦ ਵਸਤ ਨਾਮ ਅਨਮੋਲ, ਏਕਾ ਮੰਗਣ ਕੀੜਾ ਹਸਤ, ਦਿਵਸ ਰੈਣ ਰੱਖੇ ਮਸਤ, ਸੋਹੰ ਅੱਖਰ ਲੈਣਾ ਬੋਲ । ਆਪੇ ਦੇਵੇ ਸਾਚੇ ਘਰ ਆਤਮ ਦਸਤ, ਗੁਰਮੁਖ ਉਤਰੇ ਪੂਰੇ ਤੋਲ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੀ ਜੈ, ਸਦਾ ਸਦ ਵਸੇ ਕੋਲ । ਰਸਨਾ ਬੋਲ ਸ਼ਬਦ ਜੈਕਾਰਾ । ਰਸਨਾ ਕਰਨਾ ਸੱਚਾ ਘੋਲ, ਮਦਿਰਾ ਮਾਸ ਆਤਮ ਵਿਕਾਰਾ । ਵੱਜੇ ਮਰਦੰਗ ਸੱਚਾ ਢੋਲ, ਕਾਇਆ ਤਨ ਇਕ ਨਗਾਰਾ । ਪ੍ਰਭ ਅਬਿਨਾਸ਼ੀ ਪੜਦੇ ਦੇਵੇ ਖੋਲ੍ਹ, ਬਣਿਆ ਰਹੇ ਸਦ ਲਿਖਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਏਕ ਮੰਗਣਾ ਨਰ ਹਰਿ ਸੱਚਾ ਦਵਾਰਾ । ਰਸਨਾ ਰਸ ਸ਼ਬਦ ਗੁਣ ਗੀਤ । ਭਾਗ ਲੱਗੇ ਕਾਇਆ ਮਾਟੀ ਜਗਤ ਮਸੀਤ । ਮਿਲੇ ਵਸਤ ਸਾਚੀ ਹਾਟੀ, ਨਰ ਨਰਾਇਣਾ ਰਾਖੇ ਚੀਤ । ਦੁਰਮਤ ਮੈਲ ਰੋਗ ਸੋਗ ਰਿਹਾ ਕਾਟੀ, ਆਪੇ ਕਰੇ ਪਤਤ ਪੁਨੀਤ । ਗੁਰ ਚਰਨ ਸਰਨ ਏਕਾ ਏਕ ਤੀਰਥ ਤਾਟੀ, ਕਾਇਆ ਰੱਖੇ ਠੰਡੀ ਸੀਤ । ਲੋਕਮਾਤ ਮਾਨਸ ਦੇਹੀ ਚੜ੍ਹਨਾ ਔਖੀ ਘਾਟੀ, ਅਚਰਜ ਚਲਾਈ ਹਰਿ ਜੀ ਰੀਤ । ਅੰਮ੍ਰਿਤ ਪੀਣਾ ਕਾਇਆ ਬਾਟੀ, ਲੋਕਮਾਤ ਰਹਿਣਾ ਸਦਾ ਸੁਰਜੀਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹਣਾ ਗਾਉਣਾ ਏਕਾ ਏਕ ਸੁਹਾਗੀ ਗੀਤ । ਮਾਇਆ ਮਮਤਾ ਰਿਹਾ ਭੱਜ । ਸਤਾਰਾਂ ਹਾੜੀ ਸਭ ਦੇ ਪੜਦੇ ਦੇਵੇ ਕੱਜ । ਸ਼ਬਦ ਸਿੰਘਾਸਣ ਹਰਿ ਬਿਰਾਜੇ, ਜੋਤੀ ਜਾਮਾ ਪਹਿਨੇ ਸੱਜ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਇਆ ਮਧ ਕਰੇ ਦੱਜ । ਸ਼ਬਦ ਦਾਨ ਗੁਰੂ ਗੁਰ ਮੰਤ । ਮਿਲੇ ਮੇਲ ਲਿਖਿਆ ਧੁਰ, ਗੁਰਮੁਖ ਸਾਚੇ ਸਾਚੇ ਸੰਤ । ਚਰਨ ਕਵਲ ਜਨ ਜਾਏ ਜੁੜ, ਪੰਚ ਪੰਚਾਇਣ ਹੋਏ ਭਸਮੰਤ । ਆਪ ਚੜ੍ਹਾਏ ਸਾਚੇ ਘੋੜ, ਰੀਤ ਅਵੱਲੜੀ ਆਦਿ ਅੰਤ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੇਲ ਮਿਲਾਵਾ ਸਾਚੇ ਕੰਤ ।

### ★ ੯ ਜੇਠ ੨੦੧੨ ਬਿਕ੍ਰਮੀ ਲਛਮਣ ਸਿੰਘ ਦਰਸ਼ਨ ਸਿੰਘ ਦੇ ਗ੍ਰਿਹ ਪਹਾੜ ਗੰਜ ਨਵੀਂ ਦਿੱਲੀ ★

ਆਦਿ ਸ਼ਬਦ ਗੁਰ ਮੰਤਰ, ਜਪ ਤਪ ਅਭਿਆਸਿਆ । ਸਰਬ ਜੀਆਂ ਹਰਿ ਜਾਣੇ ਅੰਤਰ, ਜੰਗਲ ਜੂਹ ਉਜਾੜ ਪਹਾੜ ਪਰਭਾਸਿਆ । ਸਰਬ ਜੀਆਂ ਹਰਿ ਜਾਣੇ ਅੰਤਰ, ਮਾਤ ਪਤਾਲ ਅਕਾਸਿਆ । ਸਾਚੇ ਧਾਮ ਕਾਇਆ ਮੰਦਰ ਜੋਤ ਨਿਰੰਜਣ, ਦੀਪਕ ਜੋਤੀ ਇਕ ਪਰਕਾਸ਼ਿਆ । ਹਰਿਜਨ ਮੇਲ ਮਿਲਾਵਾ ਜੁਗਾ ਜੁਗੰਤਰ, ਪੁਰਖ ਅਬਿਨਾਸ਼ੀ ਦਾਸਨ ਦਾਸਿਆ । ਮਾਨਸ ਦੇਹੀ ਬਣਾਏ ਸਾਚੀ ਬਣਤਰ, ਪਵਣ ਚਲਾਏ ਸਵਾਸ ਸਵਾਸਿਆ । ਕਾਇਆ ਮੰਡਲ ਸਚ ਗਗਨੰਤਰ, ਵੇਖ ਵਖਾਣੇ ਪ੍ਰਿਥਮੀ ਅਕਾਸਿਆ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ

ਬਣਾਏ ਸਾਚੀ ਰਾਸਿਆ । ਸਾਚੀ ਬਣਤ ਰਾਮ ਰਾਮ ਰਹੀਮਾ । ਜੀਵ ਜੰਤ ਸਾਧ ਸੰਤ ਨਾ ਪਾਵੇ ਅੰਤ ਗੁਣੀ ਗਨੀਮਾ । ਲੱਖ ਚੁਰਾਸੀ ਮਾਇਆ ਪਾਈ ਕਲ ਬੇਅੰਤ, ਕਰੇ ਮੇਲ ਰੂਸਾ ਚੀਨਾ । ਨਾ ਕੋਈ ਜਾਣੇ ਦੇਵ ਦੰਤ, ਹਰਿ ਸਾਚਾ ਕੰਤ ਜਾਮਾ ਧਾਰੀ ਜੋਤ ਪਰਬੀਨਾ । ਗੁਰਮੁਖ ਕਾਇਆ ਰੰਗ ਬਸੰਤ, ਮਿਲੇ ਮੇਲ ਪ੍ਰਭ ਠਾਂਡਾ ਸੀਨਾ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚਾ ਸੰਤ ਸੁਹੇਲਾ ਇਕ ਅਕੇਲਾ ਲੱਖ ਚੁਰਾਸੀ ਵੱਖ ਕੀਨਾ । ਲੱਖ ਚੁਰਾਸੀ ਕੀਨਾ ਵੱਖਰ । ਸੋਹੰ ਜਾਪ ਜਪਾਇਆ ਏਕਾ ਸਾਚਾ ਅੱਖਰ । ਹਉਮੇ ਕਾਇਆ ਤਾਪ ਗਵਾਇਆ, ਬਜਰ ਕਪਾਟੀ ਪਾੜੀ ਪੱਥਰ । ਨਾਮ ਨਿਸ਼ਾਨਾ ਇਕ ਲਗਾਇਆ, ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖ ਲਿਖਾਏ ਰੋੜੀ ਸੱਖਰ । ਰੋੜੀ ਸੱਖਰ ਨੂਰ ਜਲਾਲ । ਪ੍ਰਭ ਅਬਿਨਾਸ਼ੀ ਕਿਰਪਾ ਕਰੇ ਆਪੇ ਵੇਖੇ ਹੱਕ ਹਲਾਲ । ਨੂਰ ਨੁਰੰਤਰ ਏਕਾ ਕਰ, ਜਲਵਾ ਜੋਤੀ ਸਚ ਜਲਾਲ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚਾ ਮਾਣਕ ਮੋਤੀ, ਨਿਰਮਲ ਕਾਇਆ ਜਗੇ ਜੋਤੀ, ਭਾਗ ਲਗਾਏ ਖਾਣੀ ਖਾਣ । ਸੁਲਤਾਨ ਸ਼ਾਹ ਸ਼ਾਹ ਸੁਲਤਾਨ ਰਹਿਮਾਨ । ਪਰਗਟ ਹੋਏ ਬੇਪਰਵਾਹ ਵਾਲੀ ਦੋ ਜਹਾਨ । ਦੂਸਰ ਕੋਈ ਦਿਸੇ ਨਾ ਜੂਠੇ ਝੂਠੇ ਘਰ ਘਰ ਬੈਠ ਦਰ ਦਵਾਰੇ ਪੜ੍ਹਨ ਕੁਰਾਨ । ਹੋਇਆ ਅੰਤ ਨਾ ਕੋਈ ਪੁੱਤਰ ਨਾ ਕੋਈ ਮਾਂ, ਪੰਜੇ ਲੱਗੇ ਮਗਰ ਸ਼ੈਤਾਨ । ਕੋਈ ਨਾ ਦੇਵੇ ਠੰਡੀ ਛਾਂ, ਸ਼ਾਹ ਨਵਾਬਾ ਜਗਤ ਬੇਈਮਾਨ । ਧੁਰ ਦਰਗਾਹੀ ਇਕ ਖਤਾਬਾ, ਆਬੇ ਹਯਾਤ ਦੇਵੇ ਦੋਆਬਾ, ਵੇਖ ਵਖਾਣੇ ਇਕ ਨਿਸ਼ਾਨ । ਸਤਿ ਸਤਿ ਨਾ ਝੱਲੇ ਤਾਬਾ, ਹੋਈ ਵੈਰਾਨੀ ਬੇ ਬੇ ਆਬਾ, ਕਿਸੇ ਨਾ ਦਿਸੇ ਮੱਕਾ ਕਾਅਬਾ, ਨਾ ਕੋਈ ਜਾਣੇ ਜੀਵ ਜਹਾਨ । ਨੂਰ ਅਲਾਹੀ ਹੱਕ ਜਨਾਬਾ, ਬੇਪਰਵਾਹੀ ਨਾਮ ਰਬਾਬਾ, ਸੋਹੰ ਵਜਾਏ ਪਵਣ ਮਸਾਣ । ਸ਼ਬਦ ਘੋੜੇ ਚਰਨ ਰਕਾਬਾ, ਜੋਤੀ ਜੋੜੇ ਦੇਸ ਮਾਝਾ, ਭਗਤ ਜਨਾਂ ਹਰਿ ਰੱਖੇ ਲਾਜਾ, ਪਰਗਟ ਹੋਏ ਵਿਚ ਮੈਦਾਨ । ਆਪ ਆਪਣਾ ਸਾਜਨ ਸਾਜਾ, ਨੌਂ ਖੰਡ ਪ੍ਰਿਥਮੀ ਸਵਾਰੇ ਕਾਜਾ, ਸੱਤਾਂ ਦੀਪਾਂ ਵੰਡ ਵੰਡਾਨ । ਛਤਰ ਛੋਹੇ ਸੀਸ ਤਾਜਾ, ਬੀਸ ਇਕੀਸ ਜਨ ਰੱਖੇ ਲਾਜਾ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਵਿਸ਼ਨੂੰ ਭਗਵਾਨ । ਸਾਚਾ ਮੁੱਲਾਂ ਸਚ ਮਸੀਤ । ਕਾਇਆ ਕੁਲਾ ਚੇਤਨ ਨੀਤ । ਆਬੇ ਹਯਾਤੀ ਅੰਮ੍ਰਿਤ ਡੁਲ੍ਹਾ, ਨਾ ਕੋਈ ਜਾਣੇ ਸ਼ਾਹ ਹਕੀਕ । ਵਣਜ ਵਪਾਰਾ ਜੂਠਾ ਝੂਠਾ ਤੋਲ ਤੁੱਲਾ, ਨਾ ਕੋਈ ਦਿਸੇ ਧੁਰ ਦਰਗਾਹੀ ਸਚ ਰਫ਼ੀਕ । ਸ਼ੇਖ਼ ਮੁਲਾਣਾ ਰਿਹਾ ਭੁੱਲਾ, ਨੂਰ ਅਲਾਹੀ ਕਵਣ ਤੌਫ਼ੀਕ । ਦਰ ਦਰਬਾਰਾ ਏਕਾ ਖੁੱਲ੍ਹਾ, ਅਮਾਮ ਮਹਿੰਦੀ ਰੱਖ ਉਡੀਕ । ਨੂਰ ਅਲਾਹੀ ਸਾਚਾ ਮੁੱਲਾ, ਕਲਜੁਗ ਅੰਤਮ ਇਕ ਤਾਰੀਕ । ਜੂਠਾ ਝੂਠਾ ਕਾਇਆ ਕੁੱਲਾ, ਪੰਜੇ ਚੋਰ ਲੜਨ ਸ਼ਰੀਕ । ਸ਼ਬਦ ਨਿਸ਼ਾਨ ਏਕਾ ਝੁੱਲਾ, ਸੋਹੰ ਅੱਖਰ ਨਾ ਦਿਸੇ ਬਰੀਕ । ਦਰ ਦਰ ਘਰ ਘਰ ਪਾਵੇ ਮੁੱਲਾ, ਕਾਇਆ ਮੰਦਰ ਹਰਿ ਵਸਨੀਕ । ਗੁਰਮੁਖ ਵਿਰਲਾ ਚਰਨ ਪ੍ਰੀਤੀ ਘੋਲ ਘੁੱਲਾ, ਆਪੇ ਪਰਖੇ ਹਰਿ ਜੀ ਨੀਤ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕੰਤ ਕੰਤੂਹਲ ਕਾਇਆ ਮੰਦਰ ਅੰਦਰ ਵੇਖੇ ਕਾਅਬਾ ਕਵਣ ਮਸੀਤ । ਕਵਣ ਕਾਅਬਾ ਕਰੇ ਧਿਆਨ । ਕਵਣ ਦੋਆਬਾ ਮੇਟ ਮਿਟਾਏ ਪੰਜ ਸ਼ੈਤਾਨ । ਕਵਣ ਜਨਾਬਾ ਦਰਸ ਦਿਖਾਏ ਸਚ ਹਦੀਸਾ ਇਕ ਕੁਰਾਨ । ਕਵਣ ਰਬਾਬਾ ਤਨ ਵਜਾਏ, ਸਾਚਾ ਸ਼ਬਦ ਕੰਨ ਸੁਨਾਣ । ਕਵਣ ਪੁਨ ਪਾਪ ਸਵਾਬਾ, ਜਗਤ ਖ਼ੁਦਾਏ ਮੇਲ ਮਿਲਾਏ ਰਹੀਮ ਰਹਿਮਾਨ । ਕਵਣ ਨਵਾਬ ਸਿਰ ਤਾਜ ਰਖਾਏ, ਨੂਰ ਅਲਾਹੀ ਕਵਣ ਪਛਾਣ । ਜੋਤੀ

੪੨ ੦੫

ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰੇ ਖੇਲ ਜਗਤ ਮਹਾਨ । ਸਚ ਮਸੀਤੀ ਹੱਕ ਮਸੱਲਾ ।
ਨਾਮ ਰੀਤੀ ਤੱਤ ਮਹੱਲਾ । ਪਤਤ ਪੁਨੀਤੀ ਮਾਟੀ ਖਾਕੀ ਕਾਇਆ ਕੰਦਰ ਸਦੀ ਚੌਧਵੀ ਅੰਤਮ ਬੀਤੀ, ਮੇਟ ਮਿਟਾਏ ਹਰਿ ਬਿਸਮਿੱਲਾ । ਸਤਿਜੁਗ
ਚਲੇ ਸਾਚੀ ਰੀਤੀ ਸੋਹੰ ਚੜ੍ਹਨਾ ਸ਼ਬਦ ਚਿਲ੍ਹਾ । ਚਾਰ ਵਰਨਾਂ ਇਕ ਪ੍ਰੀਤੀ, ਨਾ ਕੋਈ ਦਿਸੇ ਅਹਿਮਦ ਮੁਹੰਮਦ ਈਸਾ ਮੂਸਾ ਬੂਰਾ ਕੱਕਾ ਬਿਲਾ ।
ਹਿੰਦੂ ਸਿੱਖ ਈਸਾਈ ਭਾਈ ਏਕਾ, ਦਰ ਏਕਾ ਘਰ ਊਚਾ ਟਿੱਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਵਰਨ
ਅਵਰਨਾ ਮੇਟ ਮਿਟਾਏ । ਵੇਦ ਪੁਰਾਨਾ ਅੰਤ ਕਰਾਏ । ਵੇਦ ਵਿਆਸਾ ਗਿਆ ਲਿਖਾਏ । ਜਗਤ ਭਰਵਾਸਾ ਗਿਆ ਦਵਾਏ । ਕਲਜੁਗ ਤੇਰਾ
ਅੰਤ ਤਮਾਸਾ ਪੁਰਖ ਅਬਿਨਾਸ਼ੀ ਵੇਖਣ ਆਏ । ਦਰ ਦਰ ਘਰ ਘਰ ਮਦਿਰਾ ਮਾਸੀ, ਪੂਰਨ ਆਸਾ ਗੁਰਮੁਖ ਵਿਰਲਾ ਮਾਤ ਕਰਾਏ । ਚਰਨ
ਕਵਲ ਕਵਲ ਚਰਨ ਹਰਿ ਸਚ ਭਰਵਾਸਾ, ਸ਼ਬਦ ਡੋਰੀ ਨਾਲ ਬੰਧਾਏ । ਹਰਿ ਜਨ ਜਨ ਹਰਿ ਜਿਉਂ ਕੰਚਨ ਪਾਸਾ, ਨਾਮ ਸੁਹਾਗਾ ਉਪਰ ਲਾਏ ।
ਆਪੇ ਧੋਏ ਕਾਇਆ ਦਾਗ਼ਾ, ਸੰਤ ਮਨੀ ਸਿੰਘ ਲੜ ਫੜਾਏ । ਖੇਲ ਕਰਾਏ ਕੋਲ ਵਾਗਾ, ਸਤਾਰਾਂ ਹਾੜੀ ਭੇਵ ਚੁਕਾਏ । ਜਗਤ ਲਗਾਏ ਤ੍ਰਿਸਨਾ
ਆਗਾ, ਕਲਜੁਗ ਜੀਵ ਨਾ ਕੋਇ ਬੁਝਾਏ । ਪੁਰਖ ਅਬਿਨਾਸ਼ੀ ਸੋਇਆ ਜਾਗਾ, ਗੁਰਮੁਖ ਸਾਚੇ ਲਏ ਜਗਾਏ । ਇਕ ਸੁਣਾਏ ਸਾਚਾ ਰਾਗਾ,
ਸੋਹੰ ਅੱਖਰ ਹਰਿ ਰਘੁਰਾਏ । ਆਪਣੇ ਹੱਥ ਰੱਖੇ ਵਾਗਾਂ, ਕਲਜੁਗ ਰਥ ਰਿਹਾ ਚਲਾਏ । ਹਰਿਜਨ ਸਾਚੇ ਵਡ ਵਡਭਾਗਾ, ਦਰ ਦਵਾਰੇ ਦਰਸ਼ਨ
ਪਾਏ । ਸੋਹੰ ਬੰਨ੍ਹੇ ਤਨ ਸਾਚਾ ਧਾਗਾ, ਆਦਿ ਅੰਤ ਜੀਵ ਜੰਤ ਕਦੇ ਤੁਟ ਨਾ ਜਾਏ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ

ਭਗਵਾਨ, ਸਾਚੀ ਸੇਵਾ ਵਡ ਦੇਵੀ ਦੇਵਾ ਅਲੱਖ ਅਭੇਵਾ ਜੋਤ ਨਿਰੰਜਣ ਦਰਦ ਦੁੱਖ ਭੰਜਨ ਆਪਣੀ ਸੇਵਾ ਆਪ ਲਗਾਏ । ਕਰੋੜ ਤੇਤੀਸਾ ਦੇਵੀ
ਦੇਵ । ਰਸਨਾ ਗਾਇਨ ਹਰਿ ਬਤੀਸਾ, ਦਿਵਸ ਰੈਣ ਅੰਮ੍ਰਿਤ ਫਲ ਸਾਚਾ ਖਾਇਣ ਸਾਚਾ ਮੇਵ । ਗਣ ਗੰਧਰਬ ਨਾ ਜਾਣੇ ਰਾਗ ਛਤੀਸਾ, ਬੀਸ
ਇਕੀਸਾ ਅਭੇਦ ਅਭੇਵ । ਨਾ ਕੋਈ ਜਾਣੇ ਮੂਸਾ ਈਸਾ, ਕੋਈ ਨਾ ਕਥੇ ਰਸਨਾ ਜਿਹਵ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ
ਭਗਵਾਨ, ਨਿਹਕਲੰਕ ਨਰਾਇਣ ਨਰ, ਆਪੇ ਜਾਣੇ ਆਪਣਾ ਭੇਵ । ਕਰੋੜ ਤੇਤੀਸਾ ਇੰਦ ਇੰਦਰਾਸਨ । ਪੁਰਖ ਅਬਿਨਾਸ਼ੀ ਘਟ ਘਟ ਵਾਸੀ
ਆਪੇ ਵੇਖੇ ਮਾਰ ਧਿਆਨ । ਸਾਚੀ ਜੋਤ ਮਾਤ ਪਰਕਾਸ਼ੀ, ਪੁਰੀਆਂ ਲੋਆਂ ਇਕ ਬਬਾਣ । ਨਾ ਕੋਈ ਜਾਣੇ ਜੀਵ ਅਭਿਨਾਸ਼ੀ, ਸਾਚੀ ਕਰਨੀ
ਹਰਿ ਕਰਾਨ । ਆਪੇ ਲਾਹੇ ਤਨ ਉਦਾਸੀ, ਸ਼ਬਦ ਮਾਰੇ ਸੱਚਾ ਬਾਣ । ਪਕੜ ਉਠਾਏ ਪੰਡਤ ਕਾਂਸ਼ੀ, ਚਾਰ ਵੇਦਾਂ ਕਰ ਵਖਾਨ । ਗੁਰਮੁਖ
ਸਾਚੇ ਮਾਨਸ ਦੇਹੀ ਹੋਈ ਰਹਿਰਾਸੀ ਆਪੇ ਕਰੇ ਹਰਿ ਪਛਾਣ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਦੇਵੇ ਸੋਹੰ
ਸ਼ਬਦ ਸੱਚਾ ਜੀਆ ਦਾਨ । ਜੋਗ ਰਾਜ ਰਾਜ ਜੋਗ ਦਿੱਲੀ ਦਰਬਾਰਿਆ । ਪੁਰਖ ਅਬਿਨਾਸ਼ੀ ਲੈਣਾ ਖੋਜ, ਵਡ ਵਡ ਵਡ ਵਿਚ ਸੰਸਾਰਿਆ ।
ਕਾਇਆ ਮੰਦਰ ਅੰਦਰ ਭੇਵ ਗੋਝ, ਹਰਿਜਨ ਵਿਰਲਾ ਪਾਵੇ ਸਾਰਿਆ । ਚਾਰ ਵਰਨਾਂ ਸੱਚਾ ਬੋਝ, ਮਾਤ ਚੁਕਣਾ ਬਣ ਸਹਾਰਿਆ । ਜੋਤੀ ਜੋਤ
ਸਰੂਪ ਹਰਿ, ਸਾਚਾ ਲੇਖਾ ਆਪ ਲਿਖਾ ਰਿਹਾ । ਦਿੱਲੀ ਦਰਬਾਰ ਦਿੱਲੀ ਦਲੀਲ । ਸੱਚੀ ਸਰਕਾਰ ਜਗਤ ਵਕੀਲ । ਕਰ ਵਿਚਾਰ ਹਰਿ ਛੈਲ
ਛਬੀਲ । ਬੰਨ੍ਹੇ ਧਾਰ ਪਹਿਰ ਬਸਤਰ ਨੀਲ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਏਕ ਦਰਗਾਹ ਸਾਚੀ

ਅੰਤਮ ਅੰਤ ਸੁਣੇ ਅਪੀਲ । ਜੋਗ ਰਾਜ ਹਰਿ ਫ਼ਰਮਾਣ । ਜਗਤ ਤਿਆਗ ਕਰ ਹਰਿ ਧਿਆਨ । ਚਰਨ ਕਵਲ ਕਵਲ ਚਰਨ ਪ੍ਰਭ ਸਾਚੇ ਲਾਗ, ਆਪ ਬਿਠਾਏ ਸ਼ਬਦ ਬਬਾਣ । ਸੋਈ ਆਤਮ ਜਾਏ ਜਾਗ, ਆਤਮ ਉਪਜੇ ਬ੍ਰਹਮ ਗਿਆਨ । ਮਾਇਆ ਡੱਸਣੀ ਕਲਜੁਗ ਨਾਗ, ਸ਼ਾਹ ਸੁਲਤਾਨ ਵਿਚ ਜਹਾਨ ਅੰਤਮ ਖ਼ਾਕ ਮਿਲ ਜਾਣ । ਹੰਸ ਬਣਾਏ ਹਰਿ ਜੀ ਕਾਗ, ਮਾਣਕ ਮੋਤੀ ਸੋਹੰ ਚੋਗ ਹਰਿ ਦਰ ਸਾਚੇ ਖਾਣ । ਪੁਰਖ ਅਬਿਨਾਸ਼ੀ ਹੱਥ ਆਪਣੇ ਪਕੜੇ ਵਾਗ, ਭਰਮ ਭੁਲੇਖੇ ਜਗਤ ਲੇਖੇ ਤਨ ਮੰਦਰ ਸਰਬ ਮਿਟ ਜਾਣ । ਆਪੇ ਵੇਖੇ ਬਿਧਨਾ ਲਿਖੀ ਰੇਖੇ, ਪੂਰਬ ਕਰਮਾਂ ਮਾਰ ਧਿਆਨ । ਕਿਸੇ ਹੱਥ ਨਾ ਆਏ ਔਲੀਏ ਪੀਰ ਸ਼ੇਖ਼ੇ, ਪੜ੍ਹ ਪੜ੍ਹ ਥੱਕੇ ਜਗਤ ਕੁਰਾਨ । ਜੋਤੀ ਜਾਮਾ ਧਾਰੇ ਭੇਖੇ, ਪੁਰਾਨ ਅਠਾਰਾਂ ਕਰਨ ਗਿਆਨ । ਸ੍ਰਿਸ਼ਟ ਸਬਾਈ ਆਪੇ ਵੇਖੇ, ਵੇਦ ਪੁਕਾਰਨ ਹਰਿ ਮਿਹਰਵਾਨ । ਆਪੇ ਜਾਣੇ ਆਪਣੇ ਲੇਖੇ, ਖਾਣੀ ਬਾਣੀ ਹੋਏ ਹੈਰਾਨ । ਗੁਰਮੁਖ ਸਾਚਾ ਲੋਚਨ ਭਗਤ ਨੈਣ ਨੇਤਰ ਤੀਜੇ ਵੇਖੇ, ਸੁਰਤ ਸੁਰਤੀ ਅਕਾਲ ਮੂਰਤੀ ਏਕਾ ਏਕ ਧਰਮ ਨਿਸ਼ਾਨ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ । ਰਾਜ ਜੋਗ ਦਿੱਲੀ ਦਰਬਾਰਾ । ਪ੍ਰਭ ਅਬਿਨਾਸ਼ੀ ਕਿਰਪਾ ਕਰ, ਜੋਤੀ ਨੂਰ ਸਾਚਾ ਧਰ, ਆਪੇ ਵੇਖੇ ਅੰਦਰ ਬਾਹਰ ਗੁਪਤ ਜਾਹਿਰਾ । ਸਚ ਭੰਡਾਰੇ ਰਿਹਾ ਭਰ, ਚਾਰ ਵਰਨ ਸੁਣਾਏ ਏਕਾ ਨਾਅਰਾ । ਜਗਤ ਖੁਲ੍ਹਾਏ ਸਾਚਾ ਦਰ, ਊਚਾਂ ਨੀਚਾਂ ਏਕਾ ਧਾਰਾ । ਸਾਚੀ ਕਰਨੀ ਰਿਹਾ ਕਰ, ਪਾਰਬ੍ਰਹਮ ਬ੍ਰਹਮ ਰੂਪ ਅਪਾਰਾ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਵਸੇ ਘਰ ਸਾਚੇ ਹੱਸੇ, ਏਕਾ ਰਾਹ ਸ੍ਰਿਸ਼ਟ ਸਬਾਈ ਦੱਸੇ, ਜੋਤ ਨਿਰੰਜਣ ਕਰ ਉਜਿਆਰਾ । ਰਾਸ਼ਟਰਪਤ ਪਤ ਪਰਮੇਸ਼ਵਰ ਜਾਨ । ਜੋਗ ਰਾਜ ਰਾਜ ਜੋਗ ਜਗਤ ਤੱਤ ਕਰ ਧਿਆਨ । ਆਪੇ ਦੇ ਸਮਝਾਵੇ ਮਤ, ਮਿਲੇ ਮੇਲ ਕਮਲਾਪਾਤ, ਲੇਖਾ ਲਿਖੇ ਸ੍ਰੀ ਭਗਵਾਨ । ਮਾਨਸ ਦੇਹੀ ਸਾਚਾ ਰਾਥ, ਆਪ ਚੜ੍ਹਾਏ ਹਰਿ ਸਮਰਥ, ਸ਼ਬਦ ਸਰੂਪੀ ਪਕੜੇ ਨੱਥ, ਉਡੇ ਉਡਾਏ ਵਿਚ ਬਿਬਾਣ । ਅੰਤਮ ਸੀਆਂ ਸਾਢੇ ਤਿੰਨ ਹੱਥ, ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਜੋਤੀ ਜਾਮਾ ਭੇਖ ਧਰ, ਕਰੇ ਖੇਲ ਬਲੀ ਬਲਵਾਨ । ਰਾਜ ਇੰਦਰ ਪਰਸਾਦਿ ਹਰਿ ਦਵਾਰ । ਸ਼ਬਦ ਦਾਦ ਕਰ ਪਿਆਰ । ਮਿਲੇ ਮੇਲ ਮੋਹਣ ਮਾਧਵ ਮਾਧ ਹਰਿ ਕ੍ਰਿਸ਼ਨ ਮੁਰਾਰ । ਲਾਜ ਰੱਖਦਾ ਆਇਆ ਆਦਿ ਜੁਗਾਦਿ, ਜਿਉਂ ਭਬੀਖਨ ਰਾਮ ਅਵਤਾਰ । ਅੰਤਮ ਵੇਲਾ ਲੈਣਾ ਸਾਧ, ਪਰਗਟ ਹੋਏ ਚਵੀਆ ਅਵਤਾਰ । ਜੁਗ ਤ੍ਰੇਤਾ ਰੱਖਣਾ ਯਾਦ ਸਾਚਾ ਕੀਆ ਕੌਲ ਇਕਰਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੇਲਾ ਮੇਲ ਮਿਲਾਉਣਾ ਸਾਚੀ ਥਿਤ ਵਕਤ ਵਿਚਾਰ । ਮਿਲੇ ਮੇਲ ਹਰਿ ਨਿਰੰਕਾਰਿਆ । ਸ਼ਬਦ ਜੋਤੀ ਚਾੜ੍ਹੇ ਤੇਲ, ਨਾਰ ਸੁਹਾਗਣ ਕੰਤ ਪਿਆਰਿਆ । ਅਚਰਜ ਵੇਖ ਪਾਰਬ੍ਰਹਮ ਕਲ ਖੇਲ, ਸੋਹੰ ਖੰਡਾ ਪਾਏ ਵੰਡਾ ਨਵ ਖੰਡਾਂ ਅਪਰ ਅਪਾਰਿਆ । ਵਿਚ ਬ੍ਰਹਿਮੰਡਾਂ ਮੇਟ ਮਿਟਾਏ ਜਗਤ ਪਖੰਡਾ, ਗੁਰਮੁਖਾਂ ਰੱਖੇ ਸੀਨਾ ਠੰਡਾ, ਅੰਮ੍ਰਿਤ ਬਖ਼ਸ਼ੇ ਸਾਚੀ ਧਾਰਿਆ । ਚਾਰੋਂ ਕੁੰਟ ਚੰਡ ਪਰਚੰਡਾ, ਨਾ ਕੋਈ ਦੀਸੇ ਜੀਵ ਘਮੰਡਾ, ਰਾਜਾ ਰਾਣਾ ਸ਼ਾਹ ਸੁਲਤਾਨਾ ਹੱਥੀ ਬੰਨ੍ਹੇ ਮੌਤ ਗਾਨਾ, ਚਾਰੋਂ ਕੁੰਟਾਂ ਜਗਤ ਹੰਕਾਰਿਆ । ਏਕਾ ਝੁੱਲੇ ਜਗਤ ਨਿਸ਼ਾਨਾ, ਰਸਨਾ ਖਿੱਚੇ ਤੀਰ ਕਮਾਨਾ, ਸੋਹੰ ਚਿੱਲਾ ਹਰਿ ਚੜ੍ਹਾ ਰਿਹਾ । ਕਰੇ ਖੇਲ ਵਾਲੀ ਦੋ ਜਹਾਨਾਂ, ਆਪੇ ਵਰਤੇ ਆਪਣਾ ਭਾਣਾ, ਤਖ਼ਤ ਤਾਜ ਸਾਜ ਬਾਜ ਝੂਠੀ ਸ਼ਾਹੀ ਬੇਪਰਵਾਹੀ ਜਗਤ ਮਲਾਹੀ ਜਗਤ ਫੰਦ ਕਟਾ ਰਿਹਾ । ਅੰਦਰ ਮੰਦਰ ਕਾਇਆ ਕੰਦਰ ਲੈਣਾ ਵੇਖ । ਮਾਇਆ ਮਮਤਾ ਵੱਜਾ

ਜੰਦਰ, ਭਰਮ ਭੁਲਾਇਆ ਜਗਤ ਭੁਲੇਖ । ਉਚਾ ਟਿੱਲਾ ਗੋਰਖ ਮਛੰਦਰ, ਮੂੰਡ ਮੁੰਡਾਨਿਆ ਨਾ ਮਿਟੀ ਰੇਖ । ਆਪੇ ਜਾਣੇ ਹਰਿ ਸੁਗਰੀਵ ਬਾਨਰ ਬੰਦਰ, ਨੇਤਰ ਲੋਇਣ ਲੈਣਾ ਵੇਖ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰੇ ਅਵੱਲੜਾ ਵੇਸ । ਮਾਇਆ ਮਧ ਤਨ ਤਿਆਗ । ਪੁਰਖ ਅਬਿਨਾਸ਼ੀ ਅੰਦਰੇ ਅੰਦਰ ਲੈਣਾ ਸੱਦ, ਕਾਇਆ ਮੰਦਰ ਲਾਉਣਾ ਭਾਗ । ਇਕ ਵਜਾਉਣਾ ਸਾਚਾ ਨਾਦ, ਜਗਤ ਬੁਝਾਏ ਤ੍ਰਿਸਨਾ ਅੱਗ, ਕੂੜੀ ਮਾਇਆ ਹੋਈ ਹਦ, ਮਾਇਆ ਮਮਤਾ ਮੋਹ ਲੱਗਾ ਦਾਗ਼ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਵਿਰਲੇ ਮੇਲਾ ਕੰਤ ਸੁਹਾਗ । ਨਾ ਕੋਈ ਸੇਠ ਨਾ ਜਗਤ ਸਠਾਣੀਆ । ਲਾੜੀ ਮੌਤ ਭੰਨੇ ਕੌੜੇ ਰੇਠ, ਨਾ ਕੋਈ ਜਾਣੇ ਵਡਾ ਸ਼ਾਹ ਬਾਣੀਆ । ਗੁਰਮੁਖਾਂ ਰਖੇ ਪ੍ਰਭ ਸਾਇਆ ਹੇਠ, ਰੱਖੇ ਨਾਮ ਗੁਣਵੰਤ ਹਰਿ ਗੁਣ ਨਿਧਾਨਿਆ । ਲੇਖ ਲਿਖਾਏ ਨਵ ਜੇਠ, ਕਾਇਆ ਮੰਦਰ ਆਪ ਵਰੋਲੇ, ਸੋਹੰ ਸ਼ਬਦ ਫੜ ਆਪ ਮਧਾਣੀਆ । ਉਠ ਉਠ ਉਠ ਜਾਗ ਬਿਰਲੇ ਸੇਠ, ਛਡਣੇ ਪੈਣੇ ਅੰਤਮ ਹਾਣੀਆਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਇਕ ਸੁਣਾਏ ਸੋਹੰ ਸੱਚਾ ਸ਼ਬਦ ਧੁਰ ਦਰਗਾਹੀ ਸਾਚੀ ਬਾਣੀਆ । ਭਾਰਤ ਖੰਡ ਹਰਿ ਮਾਣ ਦਵਾਉਣਾ । ਸਾਚੀ ਕਰੇ ਆਪ ਵੰਡ, ਧਰਮ ਨਿਸ਼ਾਨ ਆਪ ਬਨਾਉਣਾ । ਸੱਤਾਂ ਰੰਗਾਂ ਦੇਵੇ ਗੰਢ, ਸਤਾਂ ਦੀਪਾਂ ਲੇਖ ਲਿਖਾਉਣਾ । ਸੋਹੰ ਸ਼ਬਦ ਫੜ ਖੰਡਾ, ਸਾਚੀ ਵੰਡ ਵੰਡਾਉਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਾਰਾਂ ਹਾੜੀ ਦਿਵਸ ਸੁਹਾਉਣਾ । ਰੰਗ ਸੱਤ ਸਤਿ ਨਿਸ਼ਾਨ । ਵਾਲੀ ਹਿੰਦ ਕਰ ਧਿਆਨ । ਪ੍ਰਭ ਆਪ ਮਿਟਾਏ ਸਗਲੀ ਚਿੰਦ, ਸ਼ਬਦ ਬਿਠਾਏ ਵਿਚ ਬਿਬਾਣ । ਹਰਿਜਨ ਸਾਚੇ ਸਾਚੀ ਬਿੰਦ ਅੰਮ੍ਰਿਤ ਆਤਮ ਕਰ ਇਸ਼ਨਾਨ । ਸਰਨ ਸਰਨਾਏ ਹਰਿ ਮਰਗਿੰਦ, ਧਰਮ ਰਖਾਏ ਏਕਾ ਤਾਨ । ਸ੍ਰਿਸ਼ਟ ਸਬਾਈ ਮੇਟੇ ਸਗਲੀ ਚਿੰਦ, ਸ਼ਬਦ ਬਿਠਾਏ ਵਿਚ ਬਿਬਾਣ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ । ਸਾਚਾ ਝੰਡਾ ਹਰਿ ਰੰਗਾਇੰਦਾ । ਕਲਜੁਗ ਤੇਰਾ ਅੰਤਮ ਕੰਢਾ, ਪਾਰ ਕਿਨਾਰਾ ਆਪ ਵਖਾਇੰਦਾ । ਆਪ ਉਠਾਏ ਸਾਧ ਸੰਤ, ਸਾਹ ਸ਼ਹਾਨਾ ਹੁਕਮ ਸੁਣਾਇੰਦਾ । ਕਵਣ ਜਗਾਏ ਜੀਵ ਜੰਤ, ਮਾਇਆਧਾਰੀ ਭਰਮ ਭੁਲਾਇੰਦਾ । ਧਾਰ ਅਵੱਲੜੀ ਆਦਿ ਅੰਤ, ਸਾਚੀ ਕਾਰ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਧਰਮ ਨਿਸ਼ਾਨਾ ਇਕ ਬਿਬਾਣ ਚਾਰ ਵਰਨਾਂ ਇਕ ਧਿਆਨਾ, ਸਾਚੀ ਬਣਤ ਬਣਾਇੰਦਾ । ਸ਼ਬਦ ਬਿਬਾਣੇ ਗਿਆ ਚੜ੍ਹ । ਸੱਤਾਂ ਰੰਗਾਂ ਰੰਗੇ ਲੜ । ਗੁਰਮੁਖਾਂ ਸਦਾ ਅੰਗ ਸੰਗੇ ਸਾਚੇ ਘਾੜਨ ਰਿਹਾ ਘੜ । ਦਰ ਦਵਾਰਾ ਨਾ ਕੋਈ ਮੰਗੇ, ਸ਼ਾਹ ਸੁਲਤਾਨਾ ਲਏ ਫੜ । ਕਾਇਆ ਚੋਲੀ ਨਾਮ ਰੰਗੇ, ਕੋਟ ਕਿਲ੍ਹੇ ਉਤੇ ਚੜ੍ਹ । ਸ਼ਬਦ ਘੋੜੇ ਕਸੇ ਤੰਗੇ, ਪਾਰ ਕਿਨਾਰਾ ਵਹਿੰਦੇ ਹੜ੍ਹ । ਪਰਗਟ ਹੋਇਆ ਵਡ ਦਾਤਾ ਸੂਰਾ ਸਰਬੰਗੇ, ਜੂਠੇ ਝੂਠੇ ਲੱਖ ਚੁਰਾਸੀ ਲਏ ਫੜ । ਮਾਨਸ ਦੇਹੀ ਨਾ ਹੋਏ ਭੰਗੇ, ਗੁਰਮੁਖ ਸਾਚਾ ਸੰਤ ਜਨ ਸੋਹੰ ਅੱਖਰ ਜਗਤ ਵਖਰ ਜਾਏ ਪੜ੍ਹ । ਨਾਮ ਝੰਡਾ ਸੋਹੰ ਡੰਡਾ ਕਰ ਧਿਆਨ । ਆਪੇ ਵੇਖੇ ਜੇਰਜ ਅੰਡਾਂ, ਕਰੇ ਕਰਾਏ ਸਚ ਪਛਾਨ । ਭਾਣਾ ਵਰਤੇ ਵਿਚ ਵਰਭੰਡ, ਸੋਹੰ ਝੁੱਲੇ ਸਚ ਨਿਸ਼ਾਨ । ਨਾਮ ਨਿਰੰਜਣ ਏਕਾ ਖੰਡਾ, ਕਦੇ ਨਾ ਰੱਖੇ ਵਿਚ ਮਿਆਨ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਆਪਣੀ ਕਿਰਪਾ ਦੇਵੇ ਕਰ, ਸਤਾਰਾਂ ਹਾੜੀ ਖੇਲ ਮਹਾਨ । ਨਿਰਗੁਣ ਰੂਪ ਅਪਾਰ ਸਚ ਘਰ ਵਾਸਿਆ । ਨਿਰਗੁਣ ਰੂਪ ਅਗੰਮ ਅਪਾਰ, ਵੇਖ ਵਖਾਣੇ ਸਚ ਮੰਡਲ ਸਾਚੀ ਰਾਸਿਆ । ਨਿਰਗੁਣ ਰੂਪ ਅਗੰਮ,

ਹੱਡ ਮਾਸ ਨਾੜੀ ਨਾ ਕੋਈ ਚੰਮ, ਆਵੇ ਜਾਵੇ ਨਾ ਵਿਚ ਗਰਭਾਸਿਆ । ਨਿਰਗੁਣ ਰੂਪ ਅਗੰਮ, ਕਰੇ ਕਰਾਏ ਆਪਣਾ ਕਾਮ, ਹਰਿ ਸਾਜਨ
ਸਾਚਾ ਸ਼ਾਹੋ ਸ਼ਾਬਾਸਿਆ । ਨਿਰਗੁਣ ਰੂਪ ਅਗੰਮ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਨੂਰ ਕਰ ਪਰਕਾਸ਼, ਗੁਰਮੁਖ ਕਾਇਆ ਮੰਦਰ
ਅੰਦਰ ਕਰੇ ਵਾਸਿਆ । ਨਿਰਗੁਣ ਰੂਪ ਅਗੰਮ, ਨਾ ਕੋਈ ਨੇਤਰ ਨੀਰ ਵਹਾਏ ਛੰਮ ਛੰਮ, ਹਰਖ਼ ਸੋਗ ਸੋਗ ਹਰਖ਼ ਕਦੇ ਨਾ ਆਸੀਆ । ਨਾ
ਮਰੇ ਨਾ ਜਾਏ ਜੰਮ, ਨਾ ਕੋਈ ਮਾਤਾ ਗੋਦ ਉਠਾਸੀਆ । ਨਾ ਕੋਈ ਪਵਣ ਸਵਾਸੀ ਲਏ ਦਮ, ਆਪ ਆਪਣੇ ਵਿਚ ਸਮਾਸੀਆ । ਜੋਤੀ ਜੋਤ
ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਮੰਦਰ ਅੰਦਰ ਹਰਿ ਸਾਚਾ ਡੇਰਾ ਰਿਹਾ ਲਗਾਸੀਆ । ਨਿਰਗੁਣ ਰੂਪ ਅਗੰਮ,
ਹਰਿ ਬਲਵਾਨਿਆ । ਨਿਰਗੁਣ ਰੂਪ ਅਗੰਮ ਜੀਵ ਨਿਧਾਨਿਆ । ਨਿਰਗੁਣ ਰੂਪ ਅਗੰਮ, ਸਚ ਧੁਰ ਫ਼ਰਮਾਨਿਆ । ਨਿਰਗੁਣ ਰੂਪ ਅਗੰਮ,
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਰਖਾਏ ਆਪਣੀ ਆਨਿਆ । ਏਕਾ ਆਣ ਜਗਤ ਰਖਾਈਆ । ਗੁਰਮੁਖਾਂ ਕਰ ਪਛਾਣ, ਸੋਈ
ਕਾਇਆ ਆਪ ਜਗਾਈਆ । ਅੱਸੂ ਤਿੰਨ ਮਾਰ ਧਿਆਨ, ਜੋਤੀ ਮੇਲ ਹਰਿ ਮਿਲਾਈਆ । ਸ਼ਬਦ ਫੜਾਏ ਇਕ ਨਿਸ਼ਾਨ, ਚਾਰ ਵਰਨਾਂ ਇਕ
ਜਣਾਈਆ । ਸੋਹੰ ਸਾਚਾ ਬ੍ਰਹਮ ਗਿਆਨ, ਏਕਾ ਦੂਜਾ ਭਉ ਮਿਟਾਈਆ । ਆਤਮ ਤੇਜ ਕੋਟਨ ਭਾਨ, ਮਸਤਕ ਜੋਤੀ ਇਕ ਰਖਾਈਆ । ਨਾਮ
ਨਿਰੰਜਣ ਪੀਣ ਖਾਣ, ਤ੍ਰਿਸਨਾ ਭੁੱਖ ਜਗਤ ਮਿਟਾਈਆ । ਦਰ ਘਰ ਸਾਚੇ ਮਿਲੇ ਮਾਣ, ਨਰ ਨਰਾਇਣ ਸਰਨ ਰਖਾਈਆ । ਸਰਬ ਘਟਾ ਘਟ
ਜਾਣੀ ਜਾਣ, ਆਪ ਆਪਣੀ ਬਣਤ ਬਣਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਬਲੀ ਬਲਵਾਨ, ਸਤਾਰਾਂ ਹਾੜੀ ਫਲ ਫੁਲਵਾੜੀ
ਮਾਤ ਸੱਚੀ ਲਗਾਈਆ । ਫਲ ਫੁਲਵਾੜੀ ਮਾਤ ਲਗਾਏ । ਸਤਾਰਾਂ ਹਾੜੀ ਦਇਆ ਕਮਾਏ । ਰਾਜੇ ਰਾਣਿਆਂ ਰਿਹਾ ਤਾੜੀ, ਸ਼ਬਦ ਖੰਡਾ ਹੱਥ
ਉਠਾਏ । ਬੇਮੁਖਾਂ ਕਿਸਮਤ ਆਈ ਮਾੜੀ, ਭਾਡਾਂ ਭਰਮ ਭੰਨ ਵਖਾਏ । ਗੁਰਮੁਖਾਂ ਸ਼ਬਦ ਘੋੜੇ ਰਿਹਾ ਚਾੜ੍ਹੀ, ਦਰ ਦਵਾਰੇ ਬੰਕ ਸੁਹਾਏ । ਜੋਤੀ
ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਅੰਕ ਅੰਕ ਚਲਾਏ । ਏਕਾ ਅੰਕ ਅੰਕ ਅਕਾਰਾ । ਦਵਾਰ ਬੰਕ ਹਰਿ ਪੁਰਖ
ਅਪਾਰਾ । ਨਾ ਕੋਈ ਜਾਣੇ ਰਾਓ ਰੰਕ, ਸ਼ਾਹ ਸੁਲਤਾਨ ਰਹੇ ਪੁਕਾਰਾ । ਜੋਤ ਸਰੂਪੀ ਲਾਏ ਤਨਕ, ਅੱਸੂ ਤਿੰਨ ਖੇਲ ਨਿਆਰਾ । ਮਿਲੇ ਵਡਿਆਈ
ਰਾਜੇ ਜਨਕ, ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਦਵਾਰੇ ਪਾਵੇ ਸਾਰਾ । ਦਰ ਦਵਾਰਾ ਦੇਵੇ ਛਾਨ । ਨਰ
ਨਿਰੰਕਾਰਾ ਮਾਰ ਧਿਆਨ । ਜੋਤ ਉਜਿਆਰਾ ਵਿਚ ਸੰਸਾਰਾ, ਸਾਚਾ ਦੇਵੇ ਜੀਆ ਦਾਨ । ਦਸ ਤੀਸ ਵਕਤ ਵਿਚਾਰਾ, ਬੀਸ ਇਕੀਸ ਛਤਰ ਝੁਲਾਰਾ,
ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ । ਤੀਸ ਦਸ ਦਸ ਤੀਸ ਰਾਜ ਜੁਗੀਸ਼ਰ ਮਿਲਣਾ ਹੱਸ । ਜਗਤ ਤਪੀਸ਼ਰ ਹੋਏ
ਵਸ । ਜਗਤ ਵਿਕਾਰਾ ਆਤਮ ਹੰਕਾਰਾ, ਦਰ ਦਵਾਰੇ ਦੇਣਾ ਰਸ । ਸ਼ਬਦ ਵਪਾਰਾ ਕਰ ਪਿਆਰਾ ਪਹਿਲੀ ਵਾਰਾ, ਸਾਚੇ ਪੌੜੇ ਚੜ੍ਹਨਾ ਹੱਸ,
ਮਿਲੇ ਮੇਲ ਪੁਰਖ ਭਤਾਰਾ, ਬਣੇ ਗੁਰਮੁਖ ਸਾਚੀ ਨਾਰਾ, ਸਚ ਸਿੰਘਾਸਣ ਰਿਹਾ ਦੱਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ
ਨਰ, ਜੋਤੀ ਜਾਮਾ ਮਾਤ ਧਰ, ਰੰਕ ਰਾਜਾਨਾ ਕਰੇ ਵਸ । ਬੀਸ ਦਸ ਦਸ ਦਸ ਬੀਸਾ । ਕਰੇ ਖੇਲ ਹਰਿ ਜਗਦੀਸਾ । ਦੋਹਾਂ ਧਿਰਾਂ ਏਕਾ
ਮੇਲ ਸ਼ਬਦ ਜਪਾਏ ਸੰਗ ਬਤੀਸਾ । ਧਰਮ ਰਾਏ ਦੀ ਕਟੇ ਜੇਲ੍ਹ, ਅੰਤਮ ਖੇਲ ਬੀਸ ਇਕੀਸਾ । ਆਪੇ ਵਸੇ ਰੰਗ ਨਵੇਲ, ਜੋਤੀ ਜੋਤ ਸਰੂਪ

੪੬
੦੫

ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਾ ਕੋਈ ਕਰੇ ਮਾਤ ਰੀਸਾ । ਮਿਲੇ ਮੇਲ ਸਾਚੇ ਮਿਹਰਬਾਨ । ਝੇੜਾ ਚੁੱਕੇ ਅਵਣ ਗਵਣ । ਅੰਮ੍ਰਿਤ ਮੇਘ ਬਰਸੇ ਸਵਣ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਇਕ ਚਲਾਏ ਅੰਮ੍ਰਿਤ ਆਤਮ ਠੰਡੀ ਪਵਣ । ਸੰਤ ਮਨੀ ਸਿੰਘ ਤੇਰੀ ਮਤ । ਪੁਰਖ ਅਬਿਨਾਸ਼ੀ ਰੱਖੇ ਪਤ । ਕਾਇਆ ਬੀਜ ਬੀਜੇ ਸਤਿ । ਬਹੱਤਰ ਨਾੜੀ ਨਾ ਉਬਲੇ ਰਤ । ਗੁਰਮੁਖਾਂ ਲਾਜ ਰਖਾਏ ਚਰਨ ਛੁਹਾਈ ਦਾਹੜੀ, ਆਪੇ ਬਖ਼ਸ਼ੇ ਧੀਰਜ ਯਤ । ਦੂਈ ਦਵੈਤੀ ਪੜਦਾ ਪਾੜੀ, ਆਤਮ ਤੀਰਥ ਖੋਲ੍ਹੇ ਸਾਚਾ ਹਟ । ਕਿਸੇ ਹੱਥ ਨਾ ਆਏ ਜੰਗਲ ਜੂਹ ਉਜਾੜ ਪਹਾੜੀ, ਪੁਰਖ ਅਬਿਨਾਸ਼ੀ ਮੇਲ ਮਿਲਾਇਆ, ਮੰਦਰ ਅੰਦਰ ਕਾਇਆ ਮੱਟ । ਸਾਚਾ ਕੰਗਣ ਤਨ ਪਹਿਨਾਇਆ, ਜੋਤ ਨਿਰੰਜਣ ਲਟ ਲਟ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਜੀਆਂ ਬਿਧ ਆਪੇ ਜਾਣੇ ਸਦਾ ਵਸੇ ਘਟ ਘਟ । ਸੰਤ ਮਨੀ ਸਿੰਘ ਸੰਤ ਸੁਹੇਲਾ । ਜੁਗਾਂ ਜੁਗਾਂ ਦੇ ਵਿਛੜੇ ਕਲ ਆਪ ਮਿਲਾਇਆ ਆਪਣਾ ਮੇਲਾ । ਗੁਰਮੁਖਾਂ ਉਜਲ ਕਰੇ ਮੁਖੜੇ, ਧਰਮ ਰਾਏ ਦੀ ਛੁੱਟੇ ਜੇਲ੍ਹਾ । ਉਜਲ ਕਰਾਏ ਮਾਤ ਮੁਖੜੇ ਗੁਰਮੁਖਾਂ ਹੋਏ ਵਕਤ ਸੁਹੇਲਾ । ਮੇਟ ਮਿਟਾਏ ਤ੍ਰਿਸਨਾ ਭੁੱਖੜੇ, ਆਪ ਸੁਹਾਇਆ ਸਾਚਾ ਵੇਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੰਤ ਮਨੀ ਸਿੰਘ ਸਤਿਗੁਰ ਸਾਚੇ ਸ਼ਬਦ ਚੜ੍ਹਾਇਆ ਗੁਰ ਸਾਚੇ ਤੇਲਾ । ਸੰਤ ਮਨੀ ਸਿੰਘ ਬੱਧੀ ਡੋਰ । ਲੋਕਮਾਤ ਅੰਧੇਰ ਘੋਰ । ਦਿਨ ਦਿਹਾੜੇ ਲੁੱਟੀ ਜਾਇਣ ਬੇਮੁਖਾਂ ਅੰਦਰ ਪੰਜੇ ਚੋਰ । ਮੂੰਹ ਦੇ ਭਾਰ ਸੁਟੀ ਜਾਂਦੇ, ਵਢਣ ਕੰਡਾ ਹਰਾਮ ਖੋਰ । ਗੁਰਮੁਖ ਅੰਮ੍ਰਿਤ ਆਤਮ ਰਸ ਚੱਟੀ ਜਾਂਦੇ, ਪ੍ਰਭ ਆਪ ਚੁਕਾਏ ਮੋਰ ਤੋਰ । ਸਾਚਾ ਲਾਹਾ ਦਰ ਸਾਚੇ ਖਟੀ ਜਾਦੇ, ਸੰਗ ਸੁਹੇਲਾ ਗੁਰ ਸੰਗਤ ਸੰਗ ਰਿਹਾ ਤੋਰ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹੋਏ ਸਹਾਈ ਹਰਿ ਰਘੁਰਾਈ ਵੇਲੇ ਅੰਤ ਅੰਧ ਘੋਰ । ਸੰਤ ਮਨੀ ਸਿੰਘ ਰਖੇ ਲਾਜ । ਸ਼ਬਦ ਪਹਿਨਾਇਆ ਦਇਆ ਕਮਾਇਆ ਸਿਰ ਸੱਚਾ ਤਾਜ । ਲਿਖਿਆ ਲੇਖਾ ਲੇਖੇ ਲਾਇਆ, ਭਰਮ ਭੁਲੇਖਾ ਦੂਰ ਕਰਾਇਆ, ਸ਼ਬਦ ਸਰੂਪੀ ਮਾਰੇ ਅਵਾਜ । ਸਾਚੀ ਮੇਖ ਮਸਤਕ ਲਾਇਆ, ਜੋਤੀ ਭੇਖ ਦਇਆ ਕਮਾਇਆ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਵਿਚੋਲਾ ਇਕ ਰਖਾਇਆ, ਗੁਰਮੁਖਾਂ ਸਵਾਰੇ ਆਪੇ ਕਾਜ । ਆਤਮ ਅੰਦਰ ਸਾਚੇ ਮੰਦਰ, ਮਿਲਿਆ ਮੇਲ ਕਮਲਾਪਾਤ । ਜਗਤ ਤਰਨੀ ਗਏ ਤਰ, ਲੇਖਾ ਚੁੱਕੇ ਆਦਿ ਜੁਗਾਦਿ । ਮਾਨਸ ਦੇਹੀ ਮਿਲੇ ਵਰ, ਸੋਹੰ ਸ਼ਬਦ ਸਾਚੀ ਦਾਤ । ਸੰਤ ਮਨੀ ਸਿੰਘ ਸੁਹਾਏ ਦਰ, ਇਕ ਵਜਾਏ ਸਾਚਾ ਨਾਦ । ਚਰਨ ਸਰਨ ਜਨ ਜਾਏ ਪੜ੍ਹ, ਪੁਰਖ ਅਬਿਨਾਸ਼ੀ ਜਾਏ ਲਾਧ । ਵੇਲਾ ਅੰਤ ਅੰਤ ਸੰਤ ਪ੍ਰਭ ਲਏ ਬਾਂਹੋਂ ਫੜ, ਸ਼ਬਦ ਜਣਾਏ ਬੋਧ ਅਗਾਧ । ਸਾਚੇ ਪੌੜੇ ਜਾਣਾ ਚੜ੍ਹ, ਮਿਲੇ ਮੇਲ ਮਾਧਵ ਮਾਧ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਿਵਸ ਰੈਣ ਰਸਨ ਰਸਾਇਣੀ ਲੈਣਾ ਅਰਾਧ । ਰਸਨਾ ਗਾਓ ਗੁਣ ਗੁਣਵੰਤਾ । ਦਰਸ਼ਨ ਪਾਉਣਾ ਦੁੱਖ ਰੋਗ ਗਵਾਉਣਾ ਪੂਰਨ ਭਗਵੰਤਾ । ਕਾਇਆ ਰੰਗਣ ਰੰਗ ਰੰਗਾਉਣਾ, ਆਤਮ ਕਾਇਆ ਸੇਜ ਬਹਾਉਣਾ, ਮਿਲੇ ਵਡਿਆਈ ਜੀਵ ਜੰਤਾ । ਚੰਦ ਨੌਚੰਦਾ ਆਪ ਚੜ੍ਹਾਉਣਾ, ਬੰਧਨ ਬੰਦੀ ਤੋੜ ਦਰ ਦਰਸ਼ਨ ਪਾਉਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਸ਼ਬਦ ਲੜ ਇਕ ਫੜਾਉਣਾ । ਸ਼ਬਦ ਪੱਲੂ ਲੜ ਫੜਾਏ । ਆਤਮ ਦਰ ਦਵਾਰੇ ਅੱਗੇ ਖੜ, ਸੰਤ ਮਨੀ ਸਿੰਘ ਸੰਗ ਰਲਾਏ । ਸਾਚੇ ਅੰਦਰ ਜਾਏ ਵੜ, ਜੋਤ ਸਰੂਪੀ ਡਗਮਗਾਏ । ਜੋਤੀ

ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਦਰ ਘਰ ਘਰ ਸਾਚੇ, ਹਰਿ ਹਰਿ ਹਰਿ ਹਿਰਦੇ ਵਾਚੇ, ਸਾਚੋ ਸਾਚੇ ਦਰਸ ਦਿਖਾਏ ।

### ★ ੧੦ ਜੇਠ ੨੦੧੨ ਬਿਕ੍ਰਮੀ ਅਵਤਾਰ ਸਿੰਘ ਨਿਰੰਕਾਰੀ ਨੂੰ ਮਿਲੇ ਤੇ ਨਿਰੰਕਾਰ ਦੀ ਪੁਛ ਕੀਤੀ ਪਰ ਅਗੋਂ ਕੋਈ ਉਤਰ ਨਾ ਮਿਲਿਆ ਦਿੱਲੀ ★

ਨਿਰੰਕਾਰ ਨਿਰੰਕਾਰ ਨਿਰੰਕਾਰ ਕਿਸ ਵਸੇ ਟਿਕਾਣਾ । ਨਿਰੰਕਾਰ ਨਿਰੰਕਾਰ ਨਿਰੰਕਾਰ ਕਵਣ ਰੱਖੇ ਬਿਬਾਣਾ । ਨਿਰੰਕਾਰ ਨਿਰੰਕਾਰ ਨਿਰੰਕਾਰ ਕਵਣ ਜੋਤੀ ਹਵਣ ਕਰਾਨਾ । ਨਿਰੰਕਾਰ ਨਿਰੰਕਾਰ ਨਿਰੰਕਾਰ ਕਵਣ ਵਰਨ ਕਵਣ ਗੋਤੀ, ਕਵਣ ਪਾਰਬ੍ਰਹਮ ਕਵਣ ਸਰਬ ਸਮਾਣਾ । ਨਿਰੰਕਾਰ ਨਿਰੰਕਾਰ ਨਿਰੰਕਾਰ ਕਵਣ ਸਚ ਘਰ ਕਵਣ ਧਾਮ ਕਵਣ ਪਹਿਨੇ ਤਨ ਬਾਣਾ । ਨਿਰੰਕਾਰ ਨਿਰੰਕਾਰ ਨਿਰੰਕਾਰ ਕਵਣ ਕਰਮ ਕਵਣ ਅਹਾਰ ਪੀਣਾ ਖਾਣਾ । ਨਿਰੰਕਾਰ ਨਿਰੰਕਾਰ ਨਿਰੰਕਾਰ ਕਵਣ ਹੱਡ ਮਾਸ ਨਾੜੀ ਚਰਮ ਕਵਣ ਬੋਲੇ ਬੋਲ ਸ਼ਬਦ ਮਹਾਨਾ । ਨਿਰੰਕਾਰ ਨਿਰੰਕਾਰ ਨਿਰੰਕਾਰ ਕਰ ਅਕਾਰ ਵੇਖ ਸੰਸਾਰ ਜੋਤ ਅਧਾਰ ਸ਼ਬਦ ਗੁੰਜਾਰ ਪਵਣ ਅਸਵਾਰ ਤ੍ਰੈਲੋਆਂ ਵਰਤੇ ਆਪਣਾ ਭਾਣਾ । ਜੋਤੀ ਜੋਤ ਸਰੂਪ ਹਰਿ, ਏਕਾ ਪੁੱਛੇ ਸਚ ਘਰ ਕਵਣ ਨਿਰੰਕਾਰ ਮਾਤ ਪਛਾਣਾ । ।



### ★ ੧੦ ਜੇਠ ੨੦੧੨ ਬਿਕ੍ਰਮੀ ਬਿਸ਼ਨ ਸਿੰਘ ਦੇ ਗ੍ਰਿਹਿ ਗੁੜਗਾਉਂ ★

ਨਵ ਜੇਠ ਨੌਂ ਸਤਿ ਮੇਲ । ਅਠ ਨੌਂ ਪ੍ਰਭ ਸਾਚਾ ਖੇਲ । ਸਤਿ ਹਰਿ ਰੰਗ ਨਵੇਲ । ਏਕਾ ਦਰ ਮਿਲੇ ਵਰ, ਪ੍ਰਭ ਅਬਿਨਾਸ਼ੀ ਸੱਜਣ ਸੁਹੇਲ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਥਾਨ ਸੁਹਾਇਆ ਬੈਠ ਅਕੇਲ । ਥਾਨ ਸੁਹਾਇਆ ਧਾਮ ਇਕੱਲਾ । ਆਪ ਸੁਹਾਏ ਸਾਚਾ ਘਰ ਇਕ ਮਹੱਲਾ । ਸ਼ਬਦ ਮਿਲੇ ਆਤਮ ਵਰ, ਆਪ ਫੜਾਏ ਏਕਾ ਪੱਲਾ । ਭਰਮ ਭੁਲੇਖਾ ਚੁੱਕੇ ਡਰ, ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਗਤ ਚਲੇ ਚਾਲ ਅਵੱਲਾ । ਨੌਂ ਸਤ ਸਤਿ ਦਵਾਰ । ਪ੍ਰਭ ਅਬਿਨਾਸ਼ੀ ਕਿਰਪਾ ਧਾਰ । ਸ਼ਬਦ ਸਿੰਘਾਸਣ ਕਰ ਵਿਚਾਰ । ਆਸਣ ਲਾਏ ਬੈਠ ਦਾਤਾਰ । ਲੱਖ ਚੁਰਾਸੀ ਦਾਸ ਦਾਸਨ, ਮੰਗੇ ਭਿਖਿਆ ਵਾਰੋ ਵਾਰ । ਹਰਿਜਨ ਮੇਲ ਸ਼ਾਹੋ ਸ਼ਾਬਾਸਨ, ਆਪਣੀ ਕਿਰਪਾ ਰਿਹਾ ਧਾਰ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਬੇੜਾ ਕਰ ਤਿਆਰ । ਸਚ ਸਿੰਘਾਸਣ ਰਾਜ ਦਰਬਾਨਾ । ਪੁਰਖ ਅਬਿਨਾਸ਼ੀ ਖੇਲ ਮਹਾਨਾ । ਘਨਕਪੁਰ ਵਾਸੀ ਜੋਤ ਟਿਕਾਨਾ । ਜਗਤ ਪਰਕਾਸ਼ੀ ਹਰਿ ਹੋਏ ਮਿਹਰਵਾਨਾ । ਜਨ ਭਗਤਾਂ ਲਾਹੇ ਮਨ ਉਦਾਸੀ, ਨੂਰੀ ਨੂਰ ਨੂਰ ਉਪਾਨਾ । ਪਕੜ ਉਠਾਏ ਮਦਿਰਾ ਮਾਸੀ, ਵਾਲੀ ਹਿੰਦ ਆਪ ਸਮਝਾਨਾ । ਧਰਮ ਰਾਏ ਗਲ ਪਾਏ ਫਾਸੀ, ਵੇਲੇ ਅੰਤ ਨਾ ਕਿਸੇ ਛੁਡਾਨਾ । ਲੱਖ ਚੁਰਾਸੀ ਕਰਦੀ ਹਾਸੀ, ਦਾਸਨ ਦਾਸੀ ਨਾ ਕੋਈ ਵਖਾਨਾ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨਾ । ਸਚ ਦਵਾਰ ਦਰ ਦਵਾਰਿਆ । ਨੌਂ ਸੱਤ ਵੇਖੇ ਵਾਰੋ ਵਾਰ ਖੇਲ ਅਪਰ ਅਪਾਰਿਆ । ਧੀਰਜ

ਮਤ ਰਖਾਵੇ ਤਨ, ਏਕਾ ਮਤ ਸਾਚਾ ਸਤਿ ਸਰਬ ਸੰਸਾਰਿਆ । ਸ਼ਬਦ ਸਿੰਘਾਸਣ ਇਕ ਬਣਾਇਆ ਰਥ, ਲੱਖ ਚੁਰਾਸੀ ਜਾਏ ਮਥ, ਰਾਜ ਰਾਜਾਨਾ ਪਾਏ ਨਥ, ਬੈਠ ਹਰਿ ਸੱਚੀ ਸਰਕਾਰਿਆ । ਲੇਖਾ ਆਪਣਾ ਜਾਣੇ ਅਕਥ, ਏਕਾ ਰੱਖੇ ਸ਼ਬਦ ਵੱਥ, ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿ ਸਤਿ ਸਤਿ ਕਰੇ ਵਰਤਾਰਿਆ । ਨੌਂ ਸਤ ਸਤਿਗੁਰ ਭਾਏ । ਸਤ ਨੌਂ ਹਰਿ ਦਇਆ ਕਮਾਏ । ਨੌਂ ਸਤ ਹਰਿ ਖੇਲ ਰਚਾਏ । ਸੱਤ ਨੌਂ ਹਰਿ ਜੋਤ ਡਗਮਗਾਏ । ਨੌਂ ਸੱਤ ਏਕਾ ਰਤ ਏਕਾ ਤੱਤ ਏਕਾ ਸ਼ਬਦ ਧਾਰ ਰਖਾਏ । ਸੱਤ ਨੌਂ ਏਕਾ ਪੁਛੇ ਨਾਮ ਵੱਤ, ਵੱਖਰ ਅਖਰ ਇਕ ਰਖਾਏ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਸਿੰਘਾਸਣ ਇਕ ਸੁਹਾਏ । ਨੌਂ ਸੱਤ ਸਤਿਗੁਰ ਦੀਨਾ । ਸੱਤ ਨੌਂ ਹਰਿ ਪਰਬੀਨਾ । ਨੌਂ ਸਤਿ ਕਰੇ ਕਰਾਏ ਆਪ ਅਧੀਨਾ । ਸਤ ਨੌਂ ਵੇਖ ਵਖਾਣੇ ਰੂਸਾ ਚੀਨਾ । ਨੌਂ ਸੱਤ ਸਚ ਸਿੰਘਾਸਣ ਸ਼ਾਹ ਸੁਲਤਾਨਾਂ ਛੀਨਾ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਜਾਣੇ ਦਾਨਾ ਬੀਨਾ । ਨੌਂ ਸਤ ਸਤਿਗੁਰ ਓਟ । ਸੱਤ ਨੌਂ ਵੱਜੇ ਸੋਹੰ ਸ਼ਬਦ ਸਾਚੀ ਚੋਟ । ਨੌਂ ਸੱਤ ਚਾਰੋਂ ਕੁੰਟ ਰਹੇ ਰੋ, ਹਉਮੇ ਲਗਾ ਕਾਇਆ ਖੋਟ । ਨੌਂ ਸਤ ਇਕ ਵਖਾਏ ਏਕਾ ਥਾਓ, ਜੋਤ ਪਰਕਾਸ਼ ਪੁਰਖ ਅਬਿਨਾਸ਼ ਵੇਖ ਵਖਾਣੇ ਦਇਆ ਕਮਾਏ, ਕਰੇ ਕਰਾਏ ਸਚ ਨਿਆਉਂ । ਨੌਂ ਸਤ ਸੱਚੀ ਸਰਕਾਰ । ਨੌਂ ਸੱਤ ਬੰਨ੍ਹੇ ਏਕਾ ਏਕ ਸੱਚੀ ਧਾਰ । ਸਤ ਨੌਂ ਲੈਣਾ ਵੇਖ, ਵਾਲੀ ਹਿੰਦ ਕਰ ਵਿਚਾਰ । ਨੌਂ ਸੱਤ ਜੋਤੀ ਜਾਮਾ ਧਾਰੇ ਭੇਖ, ਸ਼ਬਦ ਫੜ ਹੱਥ ਕਟਾਰ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਸਚ ਸਿੰਘਾਸਣ ਇਕ ਸੁਹਾਏ, ਨੌਂ ਸੱਤ ਸੰਗ ਰਲਾਏ, ਅੱਠ ਨੌਂ ਰੰਗ ਚੜ੍ਹਾਏ, ਸਤਿ ਸਤਿਵਾਦੀ ਆਪ ਵਖਾਏ, ਕਰੇ ਖੇਲ ਅਪਰ ਅਪਾਰ । ਕਵਣ ਮੁੱਲ ਕਵਣ ਤੰਦ । ਕਵਣ ਕੁਲ ਚੜ੍ਹੇ ਚੰਦ । ਕਵਣ ਤੋਲ ਜਾਏ ਤੁਲ, ਖ਼ੁਸ਼ੀ ਹੋਏ ਬੰਦ ਬੰਦ । ਕਵਣ ਹਰਿ ਕਾਇਆ ਜਾਏ ਮਵਲ, ਮਿਟੇ ਅੰਧੇਰ ਆਤਮ ਅੰਧ । ਕਵਣ ਧਾਮ ਮਿਲੇ ਵਡਿਆਈ ਉਪਰ ਧਵਲ, ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਆਪ ਸਦਾ ਬਖ਼ਸ਼ਿੰਦ । ਕਵਣ ਕੂਟ ਕਵਣ ਦਵਾਰਾ । ਸ਼ਬਦ ਤੀਰ ਰਿਹਾ ਛੂਟ, ਸਚ ਸਿੰਘਾਸਣ ਹਰਿ ਅਵਤਾਰਾ । ਕਵਣ ਪੰਘੂੜਾ ਰਿਹਾ ਝੂਟ, ਨਰ ਨਰਾਇਣ ਵਿਚ ਸੰਸਾਰਾ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨੌਂ ਸੱਤ ਸੱਤ ਨੌਂ ਸ਼ਬਦ ਚਲਾਏ ਤਿੱਖਾ ਆਰਾ । ਹਰਿ ਤਖ਼ਤ ਅਪਾਰ ਆਪ ਬਿਰਾਜਿਆ । ਆਪ ਬੈਠ ਸੱਚੀ ਸਰਕਾਰ, ਲੋਆਂ ਪੁਰੀਆਂ ਕਰੇ ਕਾਜਿਆ । ਸ਼ਬਦ ਰੱਖੇ ਚੋਬਦਾਰ ਵਾਜਾਂ ਮਾਰੇ ਲੱਖ ਚੁਰਾਸੀ ਸਾਚਾ ਸਾਜਣ ਸਾਜਿਆ । ਜਨ ਭਗਤਾਂ ਕਰੇ ਖ਼ਬਰਦਾਰ, ਪਰਗਟ ਹੋਏ ਹਰਿ ਨਿਰੰਕਾਰ, ਸਾਚੇ ਘੋੜੇ ਹੋ ਅਸਵਾਰ ਚਿੱਟੇ ਤਾਜਿਆ । ਦੀਪਾਂ ਖੰਡਾਂ ਵੇਖੇ ਵਾਰੋ ਵਾਰ, ਪਾਏ ਵੰਡਾਂ ਕਰ ਖੁਆਰ, ਮੱਕਾ ਕਾਅਬਾ ਵੇਖੇ ਹਾਜਨ ਹਾਜਿਆ । ਵੇਦ ਪੁਰਾਨਾਂ ਰਿਹਾ ਵਿਚਾਰ, ਬ੍ਰਹਮ ਗਿਆਨਾ ਕਿਹੜੀ ਧਾਰ, ਸ਼ਬਦ ਨਿਸ਼ਾਨ ਕਵਣ ਸੰਸਾਰ ਕਵਣ ਰਖਾਏ ਭਗਤ ਲਾਜਿਆ । ਖਾਣੀ ਬਾਣੀ ਕਰੇ ਪੁਕਾਰ, ਅੰਜੀਲ ਕੁਰਾਨੀ ਹਾਹਾਕਾਰ, ਸੋਹੰ ਬਾਣੀ ਅਪਰ ਅਪਾਰ, ਸਤਿਜੁਗ ਸਾਚੇ ਮਿਲਿਆ ਦਾਜਿਆ । ਭਰਮ ਭੁੱਲਾ ਸਰਬ ਸੰਸਾਰ, ਅੰਮ੍ਰਿਤ ਡੁੱਲਾ ਨਿਝਰ ਧਾਰ, ਬੇਮੁਖ ਰੁਲਾ ਅੰਧ ਅੰਧਿਆਰ, ਸੋਇਆ ਮਾਤ ਅੰਤ ਨਾ ਜਾਗਿਆ । ਨਿਹਕਲੰਕ ਲਏ ਅਵਤਾਰ, ਵਾਲੀ ਹਿੰਦ ਸੱਚੀ ਸਰਕਾਰ, ਮਿਲਣਾ ਮੇਲ ਸਾਚੇ ਯਾਰ, ਕਰੇ ਵੇਸ ਦੇਸ ਮਾਝਿਆ । ਕਰਿਆ ਵੇਸ ਦੇਸ ਹਰਿ ਮਾਝ । ਗੁਰਮੁਖ ਸਾਚੇ ਵਿਚ ਪਰਵੇਸ਼,

ਜੁਗਾ ਜੁਗੰਤਰ ਰੱਖੇ ਸਾਂਝ । ਤਿਸ ਸਾਹਿਬ ਕੋ ਸਦਾ ਆਦੇਸ, ਲੋਕਮਾਤ ਮਾਰ ਝਾਤ, ਚਾਰ ਕੁੰਟ ਕਰਾਏ ਭਾਜ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੱਖ ਚੁਰਾਸੀ ਘਰ ਘਰ ਦਿਸੇ, ਬੇਮੁਖ ਜੀਵ ਨਾਰ ਦੁਹਾਗਣ ਹੋਈ ਬਾਂਝ । ਸਾਚਾ ਹੁਕਮ ਧੁਰ ਫ਼ਰਮਾਣ । ਲੋਕਮਾਤ ਚੁੱਕੇ ਬਾਕੀ, ਵੇਖੇ ਪਰਖੇ ਆਪੇ ਆਣ । ਭਗਤ ਦਵਾਰਾ ਖੁਲ੍ਹੇ ਤਾਕੀ, ਕੋਇ ਨਾ ਦਿਸੇ ਅਗੇ ਆਕੀ, ਮਿਟਦੇ ਜਾਣ ਬੰਦੇ ਖਾਕੀ, ਨਾ ਕੋਈ ਦੀਸੇ ਜੰਤ ਸ਼ੈਤਾਨ । ਏਕਾ ਏਕ ਪਾਕਨ ਪਾਕੀ, ਲਿਖਾਏ ਲੇਖ ਭਵਿਖਤ ਵਾਕੀ, ਨਾਤਾ ਤੁਟੇ ਮਧ ਸਾਕੀ, ਸ਼ਬਦ ਰਖਾਏ ਸਾਚੀ ਆਣ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਦਰ ਘਰ ਸਾਚੇ ਦਰਸ਼ਨ ਕਰ, ਭਰਮ ਭੁਲੇਖੇ ਸਰਬ ਮਿਟ ਜਾਣ । ਸਾਚਾ ਹੁਕਮ ਹਰਿ ਸੁਣਾਏ । ਗੁਰਮੁਖ ਸੋਇਆ ਮਾਤ ਜਗਾਏ । ਦੁਰਮਤ ਮੈਲ ਤਨ ਮੰਦਰ ਅੰਦਰ ਧੋਇਆ, ਸੁਰਤ ਸ਼ਬਦ ਸ਼ਬਦ ਸੁਰਤ ਮੇਲ ਮਿਲਾਏ । ਹਰਿ ਬਿਨ ਅਵਰ ਨਾ ਜਾਣੇ ਕੋਇਆ, ਸਾਚਾ ਸੱਜਣ ਸੁਹੇਲ ਆਪ ਅਖਵਾਏ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣਾ ਰੰਗ ਰੰਗਾਏ । ਪ੍ਰਭ ਅਬਿਨਾਸ਼ੀ ਚਤੁਰ ਸੁਜਾਨਾ । ਘਟ ਘਟ ਵਾਸੀ ਖੇਲ ਮਹਾਨਾ । ਘਨਕਪੁਰ ਵਾਸੀ ਲੋਕਮਾਤ ਦੇਵਣ ਆਇਆ ਸ਼ਬਦ ਸੱਚਾ ਨਿਸ਼ਾਨਾ । ਮੇਲੇ ਮੇਲ ਸ਼ਾਹੋ ਸ਼ਾਬਾਸ਼ੀ, ਵਾਲੀ ਹਿੰਦ ਸ੍ਰੀ ਭਗਵਾਨਾ । ਕਲਜੁਗ ਮਿਟੇ ਜ਼ਾਤ ਪਾਤੀ, ਊਚਾਂ ਨੀਚਾਂ ਇਕ ਗਿਆਨਾ । ਹਿੰਦੂ ਮੁਸਲਿਮ ਸਿੱਖ ਈਸਾਈ ਇਕ ਬਿਧ ਨਾਤੀ, ਧਰਮ ਝੰਡਾ ਇਕ ਰਖਾਨਾ । ਦੂਈ ਦਵੈਤੀ ਮਿਟੇ ਕਲਜੁਗ ਰੈਣ ਅੰਧੇਰੀ ਰਾਤੀ, ਦੀਪਕ ਜੋਤ ਇਕ ਸਾਚਾ ਚੰਦ ਚੜ੍ਹਾਨਾ । ਸੋਹੰ ਦੇਵੇ ਅੰਮ੍ਰਿਤ ਬੂੰਦ ਸੁਵਾਂਤੀ, ਦੂਈ ਦਵੈਤੀ ਹਉਮੇ ਰੋਗ ਗਵਾਨਾ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਾਰ ਵਰਨਾਂ ਏਕਾ ਸਰਨਾ ਏਕਾ ਰੰਗਣ ਰੰਗ ਰੰਗਾਨਾ । ਚਾਰ ਵਰਨਾਂ ਹਰਿ ਦਇਆ ਕਮਾਏ । ਵਰਨ ਬਰਨ ਕੋਈ ਰਹਿਣ ਨਾ ਪਾਏ । ਏਕਾ ਸਰਨ ਹਰਿ ਰਘੁਰਾਏ ਜੂਠੇ ਝੂਠੇ ਮਾਨਸ ਦੇਹੀ ਹਰਨ, ਅੰਤਮ ਅੰਤ ਕੋਈ ਸਾਰ ਨਾ ਪਾਏ । ਮਾਇਆ ਲੂਠੇ ਅੰਤਮ ਡਰਨ, ਕਲਜੁਗ ਅੰਧੇਰਾ ਰਿਹਾ ਛਾਏ । ਬੇਮੁਖਾਂ ਹੱਥ ਫੜੇ ਠੂਠੇ, ਨਾਮ ਭਿਖ ਨਾ ਕੋਈ ਪਾਏ । ਗੁਰਮੁਖ ਮਾਨਸ ਰੰਗ ਅਨੂਠੇ, ਪੁਰਖ ਅਬਿਨਾਸ਼ੀ ਸਾਚਾ ਤੁਠੇ, ਸਤਾਰਾਂ ਹਾੜ੍ਹੀ ਦਇਆ ਕਮਾਏ । ਲੁਕਿਆ ਰਹਿਣ ਨਾ ਦੇਵੇ ਕੋਈ ਗੁੱਠੇ, ਆਪ ਬੰਨ੍ਹਾਏ ਏਕਾ ਮੁੱਠੇ, ਧਰਮ ਰਾਏ ਘਰ ਬੇਮੁਖ ਟੰਗੇ ਪੁੱਠੇ, ਬਾਂਹੋਂ ਫੜ ਫੜ ਆਪੇ ਕੁੱਠੇ, ਅੰਤਮ ਅੰਤ ਨਾ ਕੋਈ ਛੁਡਾਏ । ਹਰਿਜਨ ਸਾਚੇ ਜੁਗਾਂ ਜੁਗੰਤਰ ਗਏ ਰੁਠੇ, ਵੇਲੇ ਅੰਤਮ ਮੇਲ ਮਿਲਾਏ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਆਪ ਆਪਣੀ ਦਇਆ ਕਮਾਏ । ਚਾਰ ਵਰਨਾਂ ਏਕਾ ਰਾਹ । ਸਾਚੀ ਸਰਨਾ ਹਰਿ ਜਗਤ ਮਲਾਹ । ਆਪ ਚੁਕਾਏ ਮਰਨਾ ਡਰਨਾ, ਸ਼ਬਦ ਫੜਾਏ ਸਾਚੀ ਬਾਂਹ । ਸਾਚੀ ਤਰਨੀ ਹਰਿਜਨ ਤਰਨਾ, ਦਰਗਾਹ ਸਾਚੀ ਦੇਵੇ ਥਾਂ । ਆਪ ਆਪਣੇ ਜਿਹਾ ਕਰਨਾ, ਅੰਤਮ ਜੋਤੀ ਜੋਤ ਮਿਲਾ । ਪੁਰਖ ਅਬਿਨਾਸ਼ੀ ਸਾਚੀ ਸਰਨਾ, ਹੋਏ ਸਹਾਈ ਬਣੇ ਪਿਤਾ ਮਾਂ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਇਕ ਜਪਾਏ ਸਾਚਾ ਨਾਂ । ਸਾਚਾ ਨਾਂ ਨੌਂ ਦਵਾਰ । ਕਲਜੁਗ ਅੰਤਮ ਕਰੇ ਖੁਆਰ । ਸਾਧ ਸੰਤ ਵੇਖ ਵਖਾਣੇ ਰਾਜੇ ਰਾਣੇ ਠੱਗ ਚੋਰ ਯਾਰ । ਗੁਰਮੁਖ ਸਾਚੇ ਸੁਘੜ ਸਿਆਣੇ, ਆਪ ਉਠਾਏ ਪਹਿਰੇਦਾਰ । ਏਕਾ ਦੇਵੇ ਨਾਮ ਨਿਧਾਨੇ, ਸਤਿ ਸਰੋਵਰ ਕਰ ਪਿਆਰ । ਸਾਚੇ ਮੰਦਰ ਧਾਮ ਬਹਾਨੇ । ਕਿਰਪਾ ਕਰੇ ਅਪਰ ਅਪਾਰ । ਨਾਮ ਰੰਗੀਲਾ ਬੰਨ੍ਹੇ

ਗਾਨੇ, ਹੱਥੀਂ ਮਹਿੰਦੀ ਪ੍ਰੇਮ ਪਿਆਰ । ਝੁਲਦੇ ਰਹਿਣ ਮਾਤ ਨਿਸ਼ਾਨੇ, ਜੁਗਾਂ ਜੁਗੰਤਰ ਵਾਰੋ ਵਾਰ । ਕਰੇ ਖੇਲ ਹਰਿ ਮਹਾਨੇ, ਕਲਜੁਗ ਤੇਰੀ ਅੰਤਮ ਵਾਰ । ਆਪੇ ਚਲੇ ਚਲਾਏ ਆਪਣੇ ਭਾਣੇ, ਨਾ ਕੋਈ ਜਾਣੇ ਜੰਤ ਗਵਾਰ । ਵੇਖ ਵਖਾਣੇ ਤਖ਼ਤ ਸ਼ਾਹ ਸੁਲਤਾਨੇ, ਘਰ ਘਰ ਪੈਂਦੀ ਦਿਸੇ ਮਾਰ । ਏਕਾ ਸਰਨ ਨਿਹਕਲੰਕ ਬਲੀ ਬਲਵਾਨੇ, ਜੋਤੀ ਜਾਮਾ ਭੇਖ ਨਿਆਰ । ਸੋਹੰ ਮਾਰੇ ਤੀਰ ਨਿਸ਼ਾਨੇ, ਵੇਖ ਵਖਾਣੇ ਦਿੱਲੀ ਦਰਬਾਰ । ਗੁਰਮੁਖ ਵਿਰਲਾ ਹਰਿ ਰੰਗ ਸਾਚਾ ਮਾਣੇ, ਬੇਮੁਖ ਸੋਏ ਪੈਰ ਪਸਾਰ । ਪਰਗਟ ਹੋਏ ਵਾਲੀ ਦੋ ਜਹਾਨੇ, ਸ਼ਬਦ ਖੰਡਾ ਸਾਚਾ ਡੰਡਾ ਰੱਖੇ ਤਿਖੀ ਧਾਰ । ਕਲਜੁਗ ਤੇਰਾ ਅੰਤਮ ਕੰਢਾ, ਆਪੇ ਪਾਏ ਹਰਿ ਜੀ ਵੰਡਾ ਨਾ ਕੋਈ ਜਾਣੇ ਨਰ ਨਾਰ । ਗੁਰਮੁਖਾਂ ਰੱਖੇ ਸੀਨਾ ਠੰਡਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਮ੍ਰਿਤ ਬਰਖੇ ਅੰਦਰੇ ਅੰਦਰ ਨਿਝਰ ਧਾਰ । ਚਾਰ ਵਰਨਾਂ ਕਰ ਪਿਆਰ । ਸਾਚੀ ਸਰਨਾ ਹਰਿ ਦਵਾਰ । ਏਕਾ ਏਕ ਹਰਿ ਸਾਚੇ ਕਰਨਾ, ਊਚਾਂ ਨੀਚਾਂ ਭੇਵ ਨਿਵਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਕਲਜੁਗ ਤੇਰੀ ਅੰਤਮ ਵਾਰ । ਏਕਾ ਏਕ ਕਰਾਏ ਸ਼ਬਦ ਜਣਾਈਆ । ਕਰੇ ਖੇਲ ਆਪ ਰਘੁਰਾਏ, ਸਾਚੀ ਬਣਤ ਰਿਹਾ ਬਣਾਈਆ । ਚਾਰ ਵਰਨਾਂ ਰਾਜ ਰਾਜਾਨਾਂ ਸ਼ਾਹ ਸੁਲਤਾਨਾ ਰਿਹਾ ਮਾਣ ਗਵਾਈਆ । ਆਪੇ ਵਰਤੇ ਆਪਣਾ ਭਾਣਾ, ਸਾਚਾ ਲੇਖਾ ਲੇਖ ਲਿਖਾਣਾ, ਸਤਾਰਾਂ ਹਾੜੀ ਦਿਵਸ ਸੁਹਾਈਆ । ਨੌਵਾਂ ਸੱਤਾਂ ਭੇਵ ਖੁਲ੍ਹਾਉਣਾ, ਅੱਠਾਂ ਨੌਵਾਂ ਦੇਣਾ ਬ੍ਰਹਮ ਗਿਆਨਾ, ਸੱਤਾਂ ਰੰਗਣ ਰੰਗਾਈਆ । ਕਰੇ ਖੇਲ ਸ੍ਰੀ ਭਗਵਾਨਾ, ਜੋਤੀ ਨੂਰ ਪਹਿਨੇ ਬਾਣਾ, ਕਾਇਆ ਮੰਦਰ ਦੇਹ ਤਜਾਈਆ । ਸਚ ਝੁਲਾਏ ਇਕ ਨਿਸ਼ਾਨਾ, ਭਾਰਤ ਖੰਡੀ ਵੰਡ ਕਰਾਨਾ, ਸਾਚੀ ਡੰਡੀ ਮਾਤ ਚਲਾਨਾ, ਸਾਚਾ ਮਾਰਗ ਰਿਹਾ ਵਖਾਈਆ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਸਚ ਦਵਾਰਾ ਰਿਹਾ ਖੁਲ੍ਹਾਈਆ । ਸਚ ਦਵਾਰਾ ਜਾਣਾ ਖੁੱਲ੍ਹ । ਕਲਜੁਗ ਤੇਰੀ ਅੰਤਮ ਵਾਰ, ਪ੍ਰਭ ਅਬਿਨਾਸ਼ੀ ਪਾਏ ਸਾਚਾ ਮੁੱਲ । ਵੇਖ ਵਖਾਣੇ ਜੀਵ ਜੰਤ ਸਾਧ ਸੰਤ ਦੁਹਾਗਣ ਨਾਰ, ਗੁਰਮੁਖ ਭਾਗ ਲਗਾਏ ਕਿਹੜੀ ਕੁਲ । ਕਵਣ ਸਰ ਸਾਜਨ ਮੀਤ ਮੁਰਾਰ, ਕਵਣ ਤਨ ਪਹਿਨਾਏ ਸ਼ਬਦ ਸਾਚੇ ਸੋਹਣੇ ਫੁੱਲ । ਕਵਣ ਕਰੇ ਘਰ ਸਾਚੇ ਸ਼ਬਦ ਸ਼ਿੰਗਾਰ ਵਿਚ ਸੰਸਾਰ ਪਹਿਲੀ ਵਾਰ, ਦੇਵੇ ਨਾਮ ਵਸਤ ਇਕ ਅਨਮੁਲ । ਸਚ ਭੰਡਾਰਾ ਰਿਹਾ ਖੁਲ੍ਹ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਸਾਚਾ ਖੰਡਾ ਹੱਥ ਉਠਾ ਸੋਹੰ ਡੰਡਾ ਉਪਰ ਲਾ, ਗੁਰਮੁਖ ਸਾਚੇ ਪੂਰੇ ਤੋਲ ਜਾਣਾ ਤੁਲ । ਪੂਰਾ ਤੋਲ ਤੋਲਣ ਆਇਆ । ਸੋਹੰ ਬੋਲਾ ਛੰਦ ਲਿਖਾਇਆ । ਗੁਰ ਸੰਗਤ ਤੇਰਾ ਬਣਿਆ ਗੋਲਾ, ਜੋਤੀ ਜਾਮਾ ਭੇਖ ਵਟਾਇਆ । ਧੁਰ ਦਰਗਾਹੀ ਸਾਚਾ ਮਾਹੀ ਗੁਰ ਸੰਗਤ ਤੇਰਾ ਸਚ ਵਿਚੋਲਾ, ਪੁਰਖ ਅਬਿਨਾਸ਼ੀ ਬਣ ਕੇ ਆਇਆ । ਜੂਠਾ ਝੂਠਾ ਛੱਡਿਆ ਕਾਇਆ ਚੋਲਾ, ਰੰਗਣ ਰੰਗ ਕੋਈ ਦਿਸ ਨਾ ਆਇਆ । ਇਕ ਦਵਾਰ ਸਾਚਾ ਖੋਲ੍ਹਾ, ਨੌਂ ਦਵਾਰ ਬੰਦ ਕਰਾਇਆ । ਦਸਵੇਂ ਅੰਦਰ ਘਰ ਸਾਚੇ ਮੰਦਰ ਸੋਹੰ ਕੁੰਡਾ ਆਪੇ ਲਾਹਿਆ । ਆਪੇ ਵੇਖੇ ਨੇਤਰ ਪੇਖੇ ਲਾਏ ਹਾਰ ਸ਼ਿੰਗਾਰ ਤਨ ਕਲੀਆਂ ਸੋਲਾਂ, ਸੋਲਾਂ ਸਿੱਖਾਂ ਮਾਣ ਦਵਾਇਆ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਿੱਲੀ ਦਰਬਾਰ ਕਰ ਤਿਆਰ, ਸਚ ਸਿੰਘਾਸਣ ਡੇਰਾ ਲਾਇਆ । ਨੌਂ ਜੇਠ ਨੌਂ ਦਰ ਦਵਾਰੇ, ਪ੍ਰਭ ਅਬਿਨਾਸ਼ੀ ਸਾਚੇ ਵੇਖ ਕਿਰਪਾ ਧਾਰੇ, ਚਿੱਟੇ ਅਸਵ ਚੜ੍ਹੇ ਤਾਜੇ । ਚਾਰੋਂ ਕੁੰਟ ਰਿਹਾ ਭਾਜੇ । ਦਰ ਦਰ ਘਰ ਘਰ ਆਏ ਜਾਏ ਭਗਤ ਜਨਾਂ ਹਰਿ ਰੱਖੇ ਲਾਜੇ । ਥਾਨ ਬੰਕ ਦਵਾਰ ਸੁਹਾਏ, ਪ੍ਰਭ ਅਬਿਨਾਸ਼ੀ ਦਇਆ

ਕਮਾਏ, ਗੁਰਮੁਖ ਸਾਚੇ ਮਾਤ ਉਠਾਏ ਰੱਖਣ ਆਇਆ ਲਾਜੇ । ਸੋਲਾਂ ਇਛਿਆ ਪੂਰ ਕਰਾਏ, ਸਾਚੀ ਭਿਛਿਆ ਝੋਲੀ ਪਾਏ, ਅੰਤਮ ਰਛਿਆ ਆਪ ਕਰਾਏ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਦੂਸਰ ਕੋਇ ਨਾ ਕਰੇ ਕਾਜੇ । ਸਾਚੀ ਭਿਛਿਆ ਪਾਏ ਬਣਤ ਬਣਾਇੰਦਾ । ਪੂਰਨ ਇਛਿਆ ਆਪ ਕਰਾਏ, ਸਾਚੀ ਸਿਖਿਆ ਮਾਤ ਦਵਾਇੰਦਾ । ਲੇਖਾ ਲਿਖਿਆ ਲੇਖੇ ਲਾਏ, ਮਾਨਸ ਜਨਮ ਸੁਫਲ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਬਣਤ ਆਪੇ ਆਪ ਬਣਾਇੰਦਾ । ਸਾਚੀ ਬਣਤ ਆਪ ਬਣਾਉਣੀ । ਸਤਾਰਾਂ ਹਾੜੀ ਖ਼ੁਸ਼ੀ ਮਨਾਉਣੀ । ਸਾਚੀ ਚੋਲੀ ਇਕ ਰੰਗਾਉਣੀ । ਚੁਰਾਸੀ ਕਲੀਆਂ ਨਾਲ ਸਵਾਉਣੀ । ਸਾਚੀ ਧਾਰਾ ਆਪ ਬਨਾਉਣੀ । ਨੌਂ ਦਸ ਲੇਖ ਲਿਖਾਉਣੀ । ਗਿਆਰਾਂ ਕਰੇ ਵਖ, ਆਪੇ ਜਾਣੇ ਜਗਤ ਅੜਾਉਣੀ । ਬੀਸ ਇਕੀਸਾ ਹਰਿ ਪਰਤਖ, ਧਾਰ ਅਵੱਲੜੀ ਇਕ ਚਲਾਉਣੀ । ਸ਼ਬਦ ਹਦੀਸਾ ਨਾ ਕੋਈ ਦਏ ਲੱਖ, ਵੱਖਰ ਵੱਖਰ ਚਾਲ ਚਲਾਉਣੀ । ਚਾਰੇ ਕੁੰਟਾਂ ਲਏ ਰੱਖ, ਵੇਖ ਵਖਾਣੇ ਹਰਿ ਪਰਤਖ, ਪੂਰਬ ਪੱਛਮ ਉਤਰ ਦੱਖਣ ਸਾਚੀ ਸੇਵਾ ਆਪ ਕਮਾਉਣੀ । ਚੁਰਾਸੀ ਕਲੀਆਂ ਤਨ ਸ਼ਿੰਗਾਰ । ਆਪੇ ਕਟੇ ਜਮ ਕੀ ਫਾਸੀ, ਧਰਮ ਰਾਏ ਨਾ ਮਾਰੇ ਮਾਰ । ਕਰੇ ਖੇਲ ਘਨਕਪੁਰ ਵਾਸੀ, ਸੰਤ ਮਨੀ ਸਿੰਘ ਲੇਖ ਲਿਖਾਇਆ ਅਪਰ ਅਪਾਰ । ਭਗਤ ਜਨਾਂ ਹੋਏ ਦਾਸਨ ਦਾਸੀ, ਮੰਗਦਾ ਰਹੇ ਬਣ ਭਿਖਾਰ । ਨਿਰਗੁਣ ਸਰਗੁਣ ਸ਼ਾਹੋ ਸ਼ਾਬਾਸ਼ੀ, ਕਿਸੇ ਹੱਥ ਨਾ ਆਏ ਵਿਚ ਸੰਸਾਰ । ਗੁਰਮੁਖ ਸਾਚੇ ਸੰਤ ਜਨਾਂ ਮਾਨਸ ਜਨਮ ਕਰੇ ਰਹਿਰਾਸੀ, ਪੂਰਬ ਕਰਮ ਰਿਹਾ ਵਿਚਾਰ । ਦਰ ਦੁਰਕਾਰੇ ਮਦਿਰਾ ਮਾਸੀ, ਸ਼ਬਦ ਖੰਡਾ ਮਾਰੇ ਮਾਰ । ਪਕੜ ਉਠਾਏ ਪੰਡਤ ਕਾਸ਼ੀ, ਮਗਰ ਲਗਾਏ ਡੰਡਾ ਭਾਰ । ਪਰਾਗ ਅਯੁਧਿਆ ਹੋਏ ਉਦਾਸੀ, ਜੋਤ ਨਿਰੰਜਣ ਕਲ ਉਜਿਆਰ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੱਖ ਚੁਰਾਸੀ ਬੇੜਾ ਬੰਨ੍ਹੇ, ਗੁਰਮੁਖ ਵਿਰਲਾ ਚੜ੍ਹੇ ਸਾਚਾ ਚੰਨੇ, ਕਿਰਪਾ ਕਰ ਸਾਚਾ ਹਰਿ, ਅੰਤਮ ਕਲ ਬੇੜਾ ਕਰੇ ਪਾਰ । ਦਰ ਦਵਾਰਾ ਏਕ ਹੈ ਥਾਨ ਸੁਹਾਇਆ । ਨਰ ਨਿਰੰਕਾਰਾ ਏਕ ਹੈ ਭਗਤ ਜਨ ਟੇਕ ਮਾਣ ਰਖਾਇਆ । ਕਰੇ ਕਰਾਏ ਬੁਧ ਬਿਬੇਕ, ਕਲਜੁਗ ਮਾਇਆ ਨਾ ਲਾਏ ਸੇਕ, ਨਿਰਮਲ ਕਾਇਆ ਆਪ ਰਖਾਇਆ । ਸਾਚੇ ਮੰਦਰ ਬੈਠਾ ਰਿਹਾ ਵੇਖ, ਜੋਤੀ ਜਾਮਾ ਧਰਿਆ ਭੇਖ, ਨੂਰ ਨਿਰੰਜਣ ਇਕ ਰਘੁਰਾਇਆ । ਆਪੇ ਲਿਖੇ ਸਾਚੇ ਲੇਖ, ਮਿਟਦੀ ਜਾਏ ਬਿਧਨਾ ਰੇਖ, ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣਾ ਰੰਗ ਕਰ ਕਰ ਸਾਚਾ ਸੰਗ ਰਿਹਾ ਚੜ੍ਹਾਇਆ । ਸਾਚਾ ਰੰਗ ਚਾੜ੍ਹੇ ਤਨ, ਸੋਹੰ ਭੱਠੀ ਹਰਿ ਚੜ੍ਹਾਈਆ । ਗੁਰਸਿਖ ਕਦੇ ਨਾ ਡੁਲੇ ਮਨ, ਯਤੀ ਹਠੀ ਆਪ ਰਖਾਈਆ । ਧਰਮ ਰਾਏ ਨਾ ਦੇਵੇ ਡੰਨ, ਕਲਜੁਗ ਭਾਂਡਾ ਦੇਵੇ ਭੰਨ, ਗੁਰ ਸੰਗਤ ਸਾਰੀ ਕਰ ਇਕੱਠੀ, ਸਾਚੀ ਬਣਤ ਰਿਹਾ ਬਣਾਈਆ । ਜੋਤੀ ਅਗਨੀ ਲਾਏ ਮੱਠੀ, ਲੱਖ ਚੁਰਾਸੀ ਏਕਾ ਭੱਠੀ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਤੇਰੀ ਅੰਤਮ ਧਰਮ ਰਾਏ ਤੇਰੀ ਗੋਲੀ ਝੂਠੀ ਚੋਲੀ ਅੰਤਮ ਰਿਹਾ ਭਰਾਈਆ । ਬੇਹੰਗ ਸਰਬੰਗ ਰੰਗ ਚੜ੍ਹਾਨਿਆ । ਮਰਦੰਗ ਤੰਗ ਅੰਗ ਸੰਗ ਸਾਚਾ ਆਪ ਰਖਾਨਿਆ । ਭੁੱਖ ਨੰਗ ਮਿਟੇ ਮਾਤ, ਦਰ ਦਵਾਰਾ ਸਤਿਗੁਰ ਸਾਚੇ ਸਤਿਜੁਗ ਏਕਾ ਮੰਗਿਆ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਰਪਾ ਕਰ, ਲੋਆਂ ਪੁਰੀਆਂ ਪਾਰ ਕਿਨਾਰਾ ਲੋਕਮਾਤ ਆਇਆ ਲੰਘਿਆ । ਪਾਰ ਕਿਨਾਰਾ ਦੱਸੇ ਰਾਹ । ਗੁਰ ਦਸਮੇਸ਼ ਲਿਖਾਰਾ ਸਾਚੇ ਨਾਂ । ਸੰਬਲ ਦੇਸ ਖੇਲ ਅਪਾਰਾ, ਕਲਜੁਗ ਜੀਵਾਂ ਦਿਸੇ ਨਾ । ਜੋਤ

ਨਿਰੰਜਣ ਕਰ ਪਸਾਰਾ, ਆਏ ਕਿਸੇ ਹਿਸੇ ਨਾ । ਪੁਰਖ ਅਬਿਨਾਸ਼ੀ ਸਾਚੀ ਧਾਰਾ, ਦੂਸਰ ਉਤੇ ਵਿਸੇ ਨਾ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਝੂਠੇ ਪੀਸਣ ਪੀਸੇ ਨਾ । ਸੰਬਲ ਦੇਸ ਸਤਿਗੁਰ ਭਾਏ । ਸੱਸਾ ਸਹਿਜੇ ਸਹਿਜ ਸਮਾਏ । ਵਲੀਆ ਵਲ ਛਲ ਕਰਾਏ, ਅਛਲ ਅਛਲੀਆ ਭੇਵ ਨਾ ਰਾਏ । ਜੋਤ ਲਿਲਾਟੀ ਦਿਸ ਨਾ ਆਏ । ਔਖੀ ਘਾਟੀ ਸਰਬ ਭੁਲਾਏ । ਕਾਇਆ ਮਾਟੀ ਖੇਲ ਰਚਾਏ । ਚੌਦਾਂ ਲੋਕਾਂ ਏਕਾ ਹਾਟੀ, ਏਕਾ ਵਸਤ ਨਾਮ ਟਿਕਾਏ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਸੰਬਲ ਵਾਸਾ ਸਦ ਰਖਾਏ । ਸੱਸਾ ਸੁਰਤੀ ਸੁਰਤ ਗਿਆਨਾ । ਅੱਠੇ ਪਹਿਰ ਰੱਖੇ ਵਾਸ, ਚਤੁਰਭੁਜ ਸ੍ਰੀ ਭਗਵਾਨਾ । ਗੁਰਮੁਖ ਵਿਰਲੇ ਮਾਤ ਲਾਧਾ, ਕਿਰਪਾ ਕਰੇ ਜਿਸ ਮਹਾਨਾ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰ ਦਸਮੇਸ਼ ਸੰਬਲ ਦੇਸ ਆਪ ਆਪਣਾ ਵਾਸ ਰਖਾਨਾ । ਸੰਬਲ ਦੇਸ ਨਗਰ ਅਪਾਰ, ਨਾ ਕੋਈ ਜਾਣੇ ਦੀਪ ਲੋ । ਖੰਡ ਮੰਡਲ ਪਤਾਲ, ਹਰਿ ਬਿਨ ਅਵਰ ਨਾ ਜਾਣੇ ਕੋ । ਗਿਆਨੀ ਧਿਆਨੀ ਵਡ ਵਿਦਵਾਨੀ ਪੜ੍ਹ ਪੜ੍ਹ ਥੱਕੇ ਭਾਲ, ਸੰਬਲ ਦੇਸ ਪ੍ਰਭ ਨਿਰੰਜਣ ਸੋ । ਜੋਤੀ ਰੱਖੇ ਸਾਚੇ ਥਾਲ, ਬਬਾ ਬਸਤਰ ਪਹਿਰੇ, ਨਾ ਸਕੇ ਕੋਈ ਧੋ । ਨਾ ਕੋਈ ਜਾਣੇ ਨੀਲਾ ਸੂਹਾ ਪੀਲਾ ਭੂਸ਼ਨ ਲਾਲ, ਲੱਖ ਚੁਰਾਸੀ ਅੰਤਮ ਕਲ ਰਹੀ ਰੋ । ਕਿਸੇ ਨਾ ਦਿਸੇ ਧੁਰ ਦਰਗਾਹੀ ਸਚ ਦਲਾਲ, ਗੁਰਮੁਖਾਂ ਦੁਰਮਤ ਮੈਲ ਰਿਹਾ ਧੋ । ਅੰਮ੍ਰਿਤ ਨੁਹਾਏ ਸਾਚੇ ਤਾਲ, ਸੋਹੰ ਰਸ ਰਿਹਾ ਚੋ । ਦਸਮ ਦੁਆਰੀ ਮਾਰ ਉਛਾਲ, ਸੁਨ ਅਗੰਮ ਨਾ ਜਾਣੇ ਕੋ । ਕਵਣ ਸੁ ਵੇਲਾ ਵੱਜੇ ਤਾਲ, ਤੁਰੀਆ ਦੇਸ ਵੇਸ ਪ੍ਰਭ ਆਏ ਹੋ । ਨਿਸ਼ਅੱਖਰ ਵਖਰ ਓਅੰਕਾਰਾ, ਆਪਣੀ ਧਾਰਾ ਆਪੇ ਰਿਹਾ ਪਰੋ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚਖੰਡ ਦਵਾਰਾ ਸਤਿ ਪੁਰਖ ਅਨਾਦਾ, ਲੱਖ ਚੁਰਾਸੀ ਏਕਾ ਬੀਜ ਰਿਹਾ ਬੋ । ਗੁਰਮੁਖ ਸਾਚਾ ਸਚ ਸਰਨਾਏ ਸਰਨ ਸਰਨ ਸਰਨ ਹਰਿ ਸਾਚੀ ਲਾਗਾ । ਮਿਲੇ ਮਾਤ ਦਾਤ ਇਕ ਵਡਿਆਏ, ਸਿਰ ਮਸਤਕ ਮਸਤਕ ਸਿਰ ਚਰਨ ਧੂੜੀ ਸਾਚੀ ਪਾਗਾ । ਲੋਕਮਾਤ ਹਰਿ ਲਾਜ ਰਖਾਏ, ਲੇਖੇ ਲਾਏ ਕੱਚਾ ਤਾਗਾ । ਸ਼ਬਦ ਡੋਰੀ ਬੰਧ ਬੰਧਾਏ, ਮਿਲਿਆ ਮੇਲ ਹਰਿ ਕੰਤ ਸੁਹਾਗਾ । ਦੋ ਜਹਾਨੀ ਵਿਛੜ ਕਦੇ ਨਾ ਜਾਏ, ਹੱਥ ਆਪਣੇ ਰੱਖੇ ਵਾਗਾਂ । ਚਾਰੋਂ ਕੁੰਟਾਂ ਰਿਹਾ ਫਿਰਾਏ, ਚਰਨ ਸਰਨਾਈ ਸਾਚੀ ਲਾਗਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਦਸਤਾਰ ਕਰ ਤਿਆਰ ਕਰ ਪਿਆਰ ਜਗਤ ਵਿਹਾਰ ਗਿਆਰਾਂ ਜੇਠ ਸੀਸ ਧਰਾਏ । ਸੀਸ ਸੋਹੇ ਦਸਤਾਰ ਹਰਿ ਮਿਹਰਬਾਨਿਆ । ਨਾਮ ਤੋੜਾ ਕਰ ਸ਼ਿੰਗਾਰ, ਕਰੇ ਖੇਲ ਵਿਚ ਜਹਾਨਿਆ । ਜੋਤੀ ਜੋੜਾ ਨਰ ਨਿਰੰਕਾਰ, ਤੁਟੇ ਮਾਣ ਅਭਿਮਾਨਿਆ । ਜੋਤੀ ਕਲਗੀ ਤਿੱਖੀ ਧਾਰ, ਦਰ ਸਾਚੇ ਹੋਏ ਪਰਵਾਨਿਆ । ਮਰੇ ਨਾ ਜਨਮੇ ਜਨਮੇ ਨਾ ਮਰੇ ਵਾਰੋ ਵਾਰ, ਮਿਲੇ ਮੇਲ ਸ੍ਰੀ ਭਗਵਾਨਿਆ । ਲੱਖ ਚੁਰਾਸੀ ਉਤਰੇ ਪਾਰੇ ਸਦਾ ਸੋਹੇ ਬੰਕ ਦਵਾਰ, ਕਿਰਪਾ ਕਰੇ ਸਾਚੇ ਹਰੇ ਦਰ ਦਰੇ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨਿਆ ।।

### ★ ੧੧ ਜੇਠ ੨੦੧੨ ਬਿਕ੍ਰਮੀ ਕੇਅਰ ਸਿੰਘ ਦੇ ਗ੍ਰਿਹਿ ਮੇਰਠ ਛਾਉਣੀ ★

ਪਾਰਬ੍ਰਹਮ ਸਰਨਾਏ ਕਰਮ ਨਿਵਾਰਿਆ । ਪਾਰਬ੍ਰਹਮ ਸਰਨਾਏ ਧਰਮ ਅਪਾਰਿਆ । ਪਾਰਬ੍ਰਹਮ ਸਰਨਾਏ ਭਰਮ ਵਿਚਾਰਿਆ । ਪਾਰਬ੍ਰਹਮ

ਸਰਨਾਏ ਜਨਮ ਸਵਾਰਿਆ । ਪਾਰਬ੍ਰਹਮ ਸਰਨਾਏ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵੇ ਦਰਸ ਅਗੰਮ ਅਪਾਰਿਆ । ਪਾਰਬ੍ਰਹਮ ਸਰਨਾਏ ਭਰਮ ਭਉ ਕਟਿਆ । ਪਾਰਬ੍ਰਹਮ ਸਰਨਾਏ ਇਕ ਸੁਹਾਏ ਸਾਚਾ ਥਾਉਂ, ਚਰਨ ਪ੍ਰੀਤੀ ਰਸਨਾ ਰਸ ਸਾਚਾ ਚੱਟਿਆ । ਪਾਰਬ੍ਰਹਮ ਸਰਨਾਏ ਮਿਲੇ ਮੇਲ ਅਗੰਮ ਅਥਾਹੋ, ਲਾਹਾ ਲੋਕਮਾਤ ਕਲ ਖੱਟਿਆ । ਪਾਰਬ੍ਰਹਮ ਸਰਨਾਏ ਹੋਏ ਸਹਾਈ ਬੇਪਰਵਾਹੋ, ਜੋਤੀ ਦੇਵੇ ਕਾਇਆ ਸਾਚਾ ਹੱਟਿਆ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸ਼ਬਦ ਪਹਿਨਾਏ ਤਨ ਸਾਚਾ ਪਟਿਆ । ਪਾਰਬ੍ਰਹਮ ਸਰਨਾਏ ਹਰਿ ਰਖਵਾਰਿਆ । ਪਾਰਬ੍ਰਹਮ ਸਰਨਾਏ ਲਹਿਣਾ ਦੇਣਾ ਮਾਤ ਚੁਕਾ ਰਿਹਾ । ਪਾਰਬ੍ਰਹਮ ਸਰਨਾਏ ਸ਼ਬਦ ਗਹਿਣਾ ਤਨ ਪਹਿਨਾ ਰਿਹਾ । ਪਾਰਬ੍ਰਹਮ ਸਰਨਾਏ ਸਾਚੇ ਨੈਣਾ ਦਰਸ ਦਿਖਾ ਰਿਹਾ । ਪਾਰਬ੍ਰਹਮ ਸਰਨਾਏ ਝੂਠੇ ਵਹਿਣਾ ਫੰਦ ਕਟਾ ਰਿਹਾ । ਪਾਰਬ੍ਰਹਮ ਸਰਨਾਏ ਦਰਗਾਹ ਸਾਚੀ ਧਾਮ ਬਹਿਣਾ, ਏਕਾ ਰਾਹ ਵਖਾ ਰਿਹਾ । ਪਾਰਬ੍ਰਹਮ ਸਰਨਾਏ ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੇ ਬੇੜੇ ਆਪ ਚੜ੍ਹਾ ਰਿਹਾ । ਪਾਰਬ੍ਰਹਮ ਸਰਨਾਏ ਸ਼ਬਦ ਜਣਾਈਆ । ਪਾਰਬ੍ਰਹਮ ਸਰਨਾਏ ਸਾਚੇ ਮਾਰਗ ਲਾਈਆ । ਪਾਰਬ੍ਰਹਮ ਸਰਨਾਏ ਕਾਇਆ ਗਾਗਰ ਕਰ ਉਜਾਗਰ ਸਾਚੀ ਮਾਟੀ ਖੋਲ੍ਹੇ ਹਾਟੀ ਜੋਤ ਲਿਲਾਟੀ ਇਕ ਜਗਾਈਆ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਰੰਗਣ ਇਕ ਚੜ੍ਹਾਈਆ । ਪਾਰਬ੍ਰਹਮ ਸਰਨਾਏ ਹਉਮੇ ਰੋਗ ਨਿਵਾਰਿਆ । ਪਾਰਬ੍ਰਹਮ ਸਰਨਾਏ ਸੋਹੰ ਸ਼ਬਦ ਸਾਚੀ ਚੋਗ, ਰਸਨਾ ਭੋਗ ਲਗਾ ਰਿਹਾ । ਪਾਰਬ੍ਰਹਮ ਸਰਨਾਏ ਕਲਜੁਗ ਕਟੇ ਜਗਤ ਵਿਜੋਗ, ਧੁਰ ਸੰਜੋਗੀ ਮੇਲ ਮਿਲਾ ਰਿਹਾ । ਪਾਰਬ੍ਰਹਮ ਸਰਨਾਏ ਏਕਾ ਬਖ਼ਸ਼ੇ ਦਰਸ ਅਮੋਘ, ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੇ ਰੰਗ ਸਮਾ ਰਿਹਾ । ਪਾਰਬ੍ਰਹਮ ਸਰਨਾਏ ਭਗਤ ਉਧਾਰਿਆ । ਪਾਰਬ੍ਰਹਮ ਸਰਨਾਏ ਸਭਨੀਂ ਥਾਈਂ ਕਲ ਕਲਜੁਗ ਅੰਤਮ ਵਾਰਿਆ । ਨਾ ਕੋਈ ਪਿਤਾ ਨਾ ਕੋਈ ਮਾਏ, ਭੈਣ ਭਰਾਏ ਝੂਠ ਪਸਾਰਿਆ । ਹੋਏ ਸਹਾਈ ਸਭਨੀਂ ਥਾਈਂ, ਨਰ ਨਿਰੰਜਣ ਨਰ ਨਿਰੰਕਾਰਿਆ । ਸਦਾ ਦੇਵੇ ਠੰਡੀ ਛਾਈਂ, ਮਾਨਸ ਦੇਹੀ ਸੁਫਲ ਕਰਾ ਰਿਹਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਫੜ ਫੜ ਬਾਂਹੋਂ ਪਾਰ ਕਰਾ ਰਿਹਾ । ਪਾਰਬ੍ਰਹਮ ਸਰਨਾਏ ਮੇਲ ਮਿਲਾਇਆ । ਪਾਰਬ੍ਰਹਮ ਸਰਨਾਏ ਸੋਹੰ ਸਾਚਾ ਤੇਲ ਚੜ੍ਹਾਇਆ । ਪਾਰਬ੍ਰਹਮ ਸਰਨਾਏ ਦਰਸ ਦਿਖਾਏ ਇਕ ਅਕੇਲ ਵੇਖ ਵਖਾਣੇ ਰੰਗ ਨਵਨਿਆ । ਪਾਰਬ੍ਰਹਮ ਸਰਨਾਏ ਲੱਖ ਚੁਰਾਸੀ ਕਟੇ ਜੇਲ੍ਹ, ਭਾਂਡਾ ਭਰਮ ਭਉ ਭੰਨਿਆ । ਪਾਰਬ੍ਰਹਮ ਸਰਨਾਏ ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਕਲਜੁਗ ਜੀਵਾਂ ਦਿਸ ਨਾ ਆਏ ਨੇਤਰ ਹੀਣ ਆਤਮ ਅੰਨ੍ਹਿਆ । ਪਾਰਬ੍ਰਹਮ ਸਰਨਾਏ ਚੋਜ ਵਡਾਨਿਆ । ਪਾਰਬ੍ਰਹਮ ਸਰਨਾਏ ਸ੍ਰਿਸ਼ਟ ਸਬਾਈ ਖੋਜ ਗੁਰਮੁਖ ਭਾਲੇ ਸੁਘੜ ਸਿਆਣਿਆ । ਪਾਰਬ੍ਰਹਮ ਸਰਨਾਏ ਆਤਮ ਭੇਵ ਚੁਕਾਏ ਗੂਝੇ, ਚਲੇ ਚਲਾਏ ਆਪਣੇ ਭਾਣਿਆ । ਪਾਰਬ੍ਰਹਮ ਸਰਨਾਏ ਰਾਜ ਰਾਜਾਨਿਆ । ਪਾਰਬ੍ਰਹਮ ਸਰਨਾਏ ਮਿਲੇ ਵਡਿਆਈ ਦੋ ਜਹਾਨਿਆ । ਪਾਰਬ੍ਰਹਮ ਸਰਨਾਏ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਬੰਨ੍ਹੇ ਸ਼ਬਦ ਹੱਥੀਂ ਗਾਨਿਆ । ਪਾਰਬ੍ਰਹਮ ਸਰਨਾਈ ਦੂਸਰ ਨਾ ਕੋਈ ਦਿਸੇ ਐਰ ਗੈਰਿਆ । ਪਾਰਬ੍ਰਹਮ ਸਰਨਾਈ ਗੁਰਮੁਖ ਸਾਚੇ ਸੰਤ ਜਨਾਂ ਹੋਏ ਸਹਾਈ ਅੱਠੇ ਪਹਰਿਆ । ਪਾਰਬ੍ਰਹਮ ਸਰਨਾਈ ਸਾਚਾ ਦੇਵੇ ਨਾਮ ਧਨਾ, ਆਤਮ ਜੋਤੀ ਸਾਚੀ ਖੈਰਿਆ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਉਧਾਰੇ, ਕਰ ਕਰ ਆਪਣੀ ਮਿਹਰਿਆ । ਮਿਹਰਵਾਨ ਮਿਹਰਵਾਨ

ਹਰਿ ਭਗਵਾਨਿਆ । ਜੀਆ ਦਾਨ ਜੀਆ ਦਾਨ ਸਾਧਨ ਸੰਤਿਆ । ਗੁਣ ਨਿਧਾਨ ਗੁਣ ਨਿਧਾਨ ਕਰ ਪਛਾਣ ਦੇਵੇ ਮਾਣ ਗੁਰਮੁਖ ਸਾਚੇ ਸਤਿ ਸਤਵੰਤਿਆ । ਆਪ ਕਟਾਏ ਆਵਣ ਜਾਣ, ਵਿਚ ਬਿਠਾਏ ਸ਼ਬਦ ਬਿਬਾਣ, ਥਾਉਂ ਥਾਈਂ ਮਾਣ ਰਖੰਤਿਆ । ਜੋਤੀ ਜੋਤ ਸਰੂਪ ਹਰਿ, ਝੁਲਦਾ ਰਹੇ ਨਾਮ ਨਿਸ਼ਾਨ, ਆਪੇ ਜਾਣੇ ਆਪਣੀ ਆਣ, ਜੁਗਾਂ ਜੁਗੰਤਿਆ । ਨਾਤਾ ਤੁਟੇ ਪੀਣ ਖਾਣ, ਗੁਰਮੁਖ ਸਾਚੇ ਕਰ ਪਛਾਣ, ਲੱਖ ਚੁਰਾਸੀ ਆਈ ਹਾਨ, ਹਰਿਜਨ ਮੇਲ ਮਿਲਾਏ ਆਤਮ ਸਾਚੇ ਕੰਤਿਆ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਰੰਗਣ ਰੰਗ ਰੰਗਾਏ, ਸਦਾ ਰੱਖੇ ਰੁੱਤ ਬਸੰਤਿਆ । ਰੁੱਤ ਬਸੰਤੀ ਰੰਗ ਚਲੂਲ । ਮਿਲੇ ਮੇਲ ਪ੍ਰਭ ਸਾਚੇ ਕੰਤੀ, ਹਰਿਜਨ ਮਾਤ ਨਾ ਜਾਏ ਭੂਲ । ਨਾ ਹੋਏ ਵਿਛੋੜਾ ਆਦਿਨ ਅੰਤੀ, ਸਾਚਾ ਸ਼ਬਦ ਚੜ੍ਹਾਏ ਕਾਇਆ ਮੰਦਰ ਅੰਦਰ ਫੂਲ । ਆਪ ਬਣਾਏ ਸਾਚੀ ਬਣਤੀ, ਕਿਰਪਾ ਕਰ ਸਾਚਾ ਹਰਿ, ਮੇਲ ਮਿਲਾਵਾ ਕੰਤ ਕੰਤੂਹਲ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਚੁਕਾਏ ਲਹਿਣਾ ਦੇਣਾ ਪਿਛਲਾ ਮੂਲ । ਪਿਛਲਾ ਮੂਲ ਚੁਕਾਏ ਦਇਆ ਕਮਾਇੰਦਾ । ਗੁਰਮੁਖ ਸੋਏ ਲਏ ਜਗਾਏ ਚਰਨ ਲਗਾਇੰਦਾ । ਆਤਮ ਭਿਛਿਆ ਏਕਾ ਪਾਏ, ਦੂਸਰ ਕਿਸੇ ਦਿਸ ਨਾ ਆਇੰਦਾ । ਪੂਰਨ ਸਿਖਿਆ ਇਕ ਰਖਾਏ, ਜਗਤ ਇਛਿਆ ਭਰਮ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਧੁਰ ਦਰਗਾਹੀ ਲਿਖਿਆ ਲੇਖਾ ਲੋਕਮਾਤ ਪੂਰ ਕਰਾਇੰਦਾ । ਲਿਖਿਆ ਲੇਖ ਧੁਰ ਦਰਗਾਹ ਨਿਰੰਕਾਰਿਆ । ਲੋਕਮਾਤ ਗੁਰਸਿਖ ਵੇਖੇ, ਦਰ ਦਰ ਘਰ ਘਰ ਆਏ ਪੁਕਾਰਿਆ । ਕਲਜੁਗ ਅੰਤਮ ਮਿਟੇ ਰੇਖ, ਕੂੜੇ ਕੁੜਿਆਰਾ ਧੁੰਦੂਕਾਰਿਆ । ਹਰਿਜਨ ਨੇਤਰ ਲਿਆ ਵੇਖ, ਚਾਰੋਂ ਕੁੰਟ ਹੋਏ ਖਵਾਰਿਆ । ਜੋਤੀ ਜਾਮਾ ਧਰਿਆ ਭੇਖ, ਜਨ ਭਗਤਾਂ ਹੋਏ ਸਹਾਰਿਆ । ਸਚ ਫੁਲਵਾੜੀ ਰਿਹਾ ਵੇਖ, ਸਤਾਰਾਂ ਹਾੜੀ ਫਲ ਲਗਾ ਰਿਹਾ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੱਖ ਚੁਰਾਸੀ ਤੋੜੇ ਬੰਧਨ ਭਰਮਾਂ ਕੰਧ ਆਪੇ ਆਪ ਮਿਟਾ ਰਿਹਾ । ਸੁਰਤੀ ਸੁਰਤ ਗਿਆਨ, ਸੁਰਤ ਜਣਾਈਆ । ਸੁਰਤੀ ਸੁਰਤ ਗਿਆਨ, ਆਪਣਾ ਆਪ ਦਵਾਈਆ । ਅਕਾਲ ਮੂਰਤ ਮਾਰ ਧਿਆਨ, ਅੰਦਰੇ ਅੰਦਰ ਖੇਲ ਰਚਾਈਆ । ਸਾਚੀ ਕਰ ਹਰਿ ਪਛਾਣ, ਸਾਚੇ ਮਾਰਗ ਫੜ ਕੇ ਲਾਈਆ । ਅਜਪਾ ਜਪ ਨਾਮ ਨਿਧਾਨ, ਆਪਣਾ ਆਪੇ ਰਿਹਾ ਜਪਾਈਆ । ਤ੍ਰੈਕੁਟੀ ਵੇਖੇ ਖੇਲ ਮਹਾਨ, ਕਾਲੀ ਧਾਰ ਹਰਿ ਰਘੁਰਾਈਆ । ਨਿਰਗੁਣ ਨਿਰਗੁਣ ਕਰ ਵਿਚਾਰ, ਪੰਚ ਧਾਰੇ ਰਾਹ ਵਖਾਈਆ । ਕਿਰਪਾ ਕਰ ਅਪਰ ਅਪਾਰ, ਸੁਖਮਨ ਨਾੜੀ ਪੂਰਾ ਕਰਮ ਕਮਾਏ ਈੜਾ ਪਿੰਗਲਾ ਪਹਿਰੇਦਾਰ, ਤੀਜਾ ਨੈਣ ਸੇਵ ਕਮਾਈਆ । ਆਪੇ ਕਰੇ ਆਪਣੀ ਕਾਰ, ਸੁਰਤੀ ਸੀਰਤ ਸੁਰਤ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਅਵਣ ਗਵਣ ਮਾਇਆ ਭਵਣ ਆਪੇ ਪਾਰ ਕਰਾਈਆ । ਆਪੇ ਕਰੇ ਪਾਰ ਦਰਦ ਨਿਵਾਰਿਆ । ਸ਼ਬਦੀ ਬਖ਼ਸ਼ੇ ਸਾਚੀ ਧਾਰ, ਅੰਮ੍ਰਿਤ ਦੇਵੇ ਠੰਡੀ ਧਾਰਿਆ । ਕਾਇਆ ਨਾਤਾ ਤੁੱਟੇ ਅਧ ਵਿਚਕਾਰ, ਮਿਲੇ ਮੇਲ ਦਸਮ ਦਵਾਰਿਆ । ਪੁਰਖ ਅਬਿਨਾਸ਼ੀ ਹੋ ਤਿਆਰ, ਗੁਰਮੁਖਾਂ ਕਰੇ ਮੇਲ ਸਾਚੇ ਸਚ ਘਰ ਬਾਹਰਿਆ । ਹਰਿ ਸੱਚਾ ਮੀਤ ਮੁਰਾਰ, ਗੁਰਮੁਖ ਨਾਰੀ ਕੰਤ ਭਤਾਰਿਆ । ਸਚ ਸੁਹਾਗਣ ਇਕ ਪਿਆਰ, ਮਾਣੇ ਰੰਗ ਸਹਿਜ ਸੁਖ ਧਾਰਿਆ । ਜੋਤੀ ਨੂਰ ਕਰ ਅਕਾਰ, ਮੇਟ ਮਿਟਾਏ ਅੰਧ ਅੰਧਿਆਰ, ਸਾਚਾ ਨਾਉਂ ਇਕ ਉਪਾ ਰਿਹਾ । ਨਾ ਕੋਈ ਦੀਸੇ ਪੰਚਮ ਯਾਰ, ਨਾ ਕੋਈ ਕਰੇ ਸੁਰਤ ਖੁਆਰ, ਏਕਾ ਏਕ ਜੋਤੀ ਜੋਤ ਸਰੂਪ ਹਰਿ, ਆਪਣਾ ਆਪ ਵਖਾ ਰਿਹਾ । ਦਸਮ ਦਵਾਰਾ ਏਕਾ ਏਕ । ਸਚ


੫੫ ੦੫

ਘਰ ਬਾਹਰਾ ਹਰਿ ਵਸੇਖ । ਜੋਤ ਨਿਰੰਕਾਰਾ ਭਗਤਨ ਟੇਕ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਾਇਆ ਮੰਦਰ ਅੰਦਰ ਕੀਆ ਬਿਬੇਕ । ਦਸਵਾਂ ਦਰ ਸ਼ਬਦ ਧੁਨਕਾਰਾ, ਖੋਜੇ ਖੋਜ ਬੋਧ ਅਗਾਧਾ ਸਾਚੀ ਧਾਰ ਇਕ ਅਪਾਰ ਨਿਕਲੇ ਬਾਹਰ । ਦਸਮ ਦਵਾਰੀ ਗੁਰਮੁਖ ਵਿਰਲੇ ਲਾਧਾ, ਸੁੰਨ ਮੰਡਲ ਹਰਿ ਪਾਵੇ ਸਾਰ । ਜੋਤੀ ਜੋਤ ਸਰੂਪ ਹਰਿ, ਆਪੇ ਵੇਖੇ ਆਪੇ ਰੇਖੇ ਆਪੇ ਪੇਖੇ, ਨਾ ਕੋਈ ਪੁਰਖ ਨਾ ਕੋਈ ਨਾਰ । ਸੁੰਨ ਮੰਡਲ ਅਗੰਮ ਅਗਾਧ । ਜੀਵ ਜੰਤ ਨਾ ਕੋਈ ਜਾਣੇ ਸਾਧ । ਏਕਾ ਏਕ ਇਕ ਬੇਅੰਤ, ਕੋਟਨ ਕੋਟ ਨਿਸ਼ ਅੱਖਰ ਪ੍ਰਭ ਰਹੇ ਅਰਾਧ । ਜੋਤੀ ਸ਼ਬਦੀ ਹੋਏ ਵੱਖਰ, ਲੋਕਮਾਤ ਮਿਲੇ ਸਾਚੀ ਦਾਦ । ਜੋਤੀ ਜੋਤ ਸਰੂਪ ਹਰਿ, ਆਪੇ ਵਸੇ ਆਪਣੇ ਘਰ, ਗੁਰਮੁਖ ਵਿਰਲਾ ਲਏ ਲਾਧ । ਸੁੰਨ ਮੰਡਲ ਹਰਿ ਖੇਲ ਨਿਆਰਾ । ਸ਼ਬਦੀ ਜੋਤੀ ਦੋਏ ਧਾਰਾ । ਸ਼ਬਦ ਥੱਲੇ ਵਹਿੰਦੀ ਧਾਰ ਡੂੰਘੀ ਗਾਰਾ । ਜੋਤੀ ਉਪਰ ਕਰ ਉਜਿਆਰ ਓਅੰਕਾਰ ਤੁਰੀਆ ਦੇਸ ਕਰੇ ਵੇਸ, ਆਪੇ ਆਪਣਾ ਕਰ ਪਸਾਰਾ । ਆਪੇ ਆਪਣੇ ਵਿਚ ਪਰਵੇਸ਼ । ਆਪੇ ਜਾਣੇ ਸਾਚਾ ਦੇਸ । ਗੁਣਵੰਤ ਗੁਣਵੰਤ ਗੁਣਵੰਤ ਸਹਿਜ ਸੁੱਖ ਧਾਰਾ, ਸਾਚੇ ਘਰ ਨਰ ਨਰੇਸ਼ । ਅੱਠੇ ਪਹਿਰ ਰਹੇ ਹਮੇਸ਼ । ਨਾ ਕੋਈ ਦੀਸੇ ਦਰ ਦਰਵੇਸ਼ । ਮੁੱਛ ਦਾਹੜੀ ਨਾ ਕੋਈ ਦਿਸੇ ਕੇਸ । ਨਾ ਕੋਈ ਕਾਇਆ ਤਨ ਮਨ, ਨਾ ਕੋਈ ਦਿਸੇ ਬ੍ਰਹਮਾ ਵਿਸ਼ਨ ਮਹੇਸ਼ ਗਣੇਸ਼ । ਨਾ ਕੋਈ ਛਪਰੀ ਨਾ ਕੋਈ ਛੰਨ, ਨਾ ਕੋਈ ਨੇਤਰ ਨਾ ਕੋਈ ਅੰਨ੍ਹ, ਨਾ ਕੋਈ ਮੁਖ ਨਾ ਕੋਈ ਕੰਨ, ਨਾ ਕੋਈ ਕਰੇ ਕਿਸੇ ਆਦੇਸ । ਨਾ ਕੋਈ ਸੂਰਜ ਨਾ ਕੋਈ ਚੰਨ, ਨਾ ਕੋਈ ਮੰਡਲ ਤਾਰਾ ਕਰੇ ਧੰਨ ਧੰਨ, ਨਾ ਕੋਈ ਬੇੜਾ ਰਿਹਾ ਬੰਨ੍ਹ, ਨਾ ਕੋਈ ਦਿਸੇ ਨਰ ਨਰੇਸ਼ । ਜੋਤੀ ਜੋਤ ਸਰੂਪ ਹਰਿ, ਆਪੇ ਵਸੇ ਸਚ ਘਰ, ਖੁਲ੍ਹਾ ਰੱਖੇ ਸਚ ਦਰ, ਵਡ ਵਡ ਵਡ ਕੇਸ਼ਵ ਕੇਸ਼ । ਸਤਿਗੁਰ ਪੁਰਖ ਸੁਜਾਨ ਸਾਚਾ ਮੀਤੜਾ । ਸਤਿਗੁਰ ਪੁਰਖ ਸੁਜਾਨ ਦੇਵੇ ਆਤਮ ਬ੍ਰਹਮ ਗਿਆਨ, ਕਾਇਆ ਧੋਵੇ ਕਾਲਾ ਚੀਥੜਾ । ਸਤਿਗੁਰ ਚਤੁਰ ਸੁਜਾਨ ਏਕਾ ਦੇਵੇ ਨਾਮ ਨਿਸ਼ਾਨ, ਕਾਇਆ ਚੋਲਾ ਰੱਖੇ ਠੰਡਾ ਸੀਤੜਾ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ ਕਲ ਮਿਲਿਆ ਸਾਚਾ ਮੀਤੜਾ । ਮਿਲਿਆ ਮੀਤ ਹਰਿ ਦਾਤਾਰ । ਕਾਇਆ ਠੰਡੀ ਸੀਤ, ਪ੍ਰਭ ਚਰਨ ਦਵਾਰ । ਮਾਨਸ ਦੇਹੀ ਲੈਣੀ ਜੀਤ, ਲੱਖ ਚੁਰਾਸੀ ਉਤਰੀ ਪਾਰ । ਅਚਰਜ ਚਲੇ ਕਲਜੁਗ ਰੀਤ, ਭੁੱਲੇ ਰੁਲੇ ਜੀਵ ਗਵਾਰ । ਨਾ ਕੋਈ ਮੰਦਰ ਗੁਰੂਦਵਾਰਾ ਮਸੀਤ, ਜੋਤੀ ਜਾਮਾ ਭੇਖ ਨਿਆਰ । ਆਪੇ ਪਰਖੇ ਸਾਚੀ ਨੀਤ, ਗੁਰਮੁਖਾਂ ਵੇਖੇ ਕਰ ਪਿਆਰ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਿਰ ਰੱਖ ਹੱਥ ਸਮਰਥ ਕਰਤਾਰ । ਹਰਿ ਸ਼ਬਦ ਹਿਰਦੇ ਤੱਤ, ਭਗਤ ਜਨ ਜਾਣਿਆ । ਬਹੱਤਰ ਨਾੜੀ ਉਬਲੇ ਰਤ, ਫਿਰੇ ਨਾਮ ਮਧਾਨਿਆ । ਏਕਾ ਕੱਢੇ ਸਚ ਤੱਤ, ਜੋਤੀ ਨੂਰ ਹਰਿ ਮਹਾਨਿਆ । ਪਰਗਟ ਹੋਏ ਕਮਲਾਪਾਤ, ਨੇਤਰ ਲੋਚਣ ਨੈਣ ਮੁੰਧਾਨਿਆ । ਅੰਤਮ ਰੱਖੇ ਮਾਤ ਪਤ, ਆਪੇ ਹੋਏ ਸੁਘੜ ਸਿਆਨਿਆ । ਸ਼ਬਦ ਅਧਾਰਾ ਧੀਰਜ ਧੀਰ ਯਤ, ਨਾ ਕੋਈ ਜਾਣੇ ਖਾਣੀ ਬਾਣੀਆ । ਪੁਰਖ ਅਬਿਨਾਸ਼ੀ ਹਰਿਜਨ ਜਨ ਹਰਿ ਦੇ ਸਮਝਾਵੇ ਮਤ, ਰਾਗ ਛਤੀਸਾ ਦੰਦ ਬੱਤੀਸਾ ਨਾ ਕੋਈ ਜਾਣੇ ਵੇਦ ਪੁਰਾਨੀਆ । ਸੋਹੰ ਸ਼ਬਦ ਸਾਚਾ ਰਥ, ਕਲ ਤੇਰੀ ਅੰਤ ਨਿਸ਼ਾਨੀਆ । ਨਰ ਨਰਾਇਣਾ ਰਿਹਾ ਮਥ, ਜੂਠੇ ਝੂਠੇ ਜੀਵ ਨਾਦਾਨਿਆ । ਕਲਜੁਗ ਮਾਇਆ ਹੋਈ ਸੱਥ, ਘਰ ਘਰ ਪਾਵਣ ਵੈਣ ਸਵਾਣੀਆ । ਸ਼ਬਦ ਮਧਾਣਾ ਰਿਹਾ ਮਥ, ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਵੇਖ ਵਖਾਣੇ ਰਾਜੇ ਰਾਣੀਆ । ਰਾਜ ਰਾਜਾਨਾਂ

ਪਾਵੇ ਸਾਰ, ਜੋਤ ਜਗਾਇੰਦਾ । ਸ਼ਬਦ ਰਖੇ ਤਿਖੀ ਧਾਰ, ਵਿਚ ਸੰਸਾਰ ਖੇਲ ਰਚਾਇੰਦਾ । ਆਪੇ ਸੂਰਬੀਰ ਸਰਦਾਰ, ਜੋਧਾ ਬਲੀਆ ਆਪ ਅਖਵਾਇੰਦਾ । ਅਸਤਰ ਸ਼ਸਤਰ ਨਾ ਕੋਈ ਰਖਾਇੰਦਾ । ਲੱਖ ਚੁਰਾਸੀ ਵਲੀਆ ਛਲੀਆ, ਵਸੇ ਨਿਹਚਲ ਧਾਮ ਅਟਲੀਆ, ਗੁਰਮੁਖਾਂ ਅੰਮ੍ਰਿਤ ਆਤਮ ਸੀਰ ਪਿਆਇੰਦਾ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਏਕਾ ਤੀਰ ਚਾਰ ਕੁੰਟ ਆਪ ਚਲਾਇੰਦਾ । ਸ਼ਬਦ ਨਿਰਾਲਾ ਤੀਰ ਹਰਿ ਚਲਾਇੰਦਾ । ਕੋਈ ਨਾ ਦੇਵੇ ਕਿਸੇ ਧੀਰ, ਪੀਰ ਫ਼ਕੀਰ ਮੁਖ ਛੁਪਾਇੰਦਾ । ਮਾਇਆ ਰਾਣੀ ਝੂਠੇ ਪਹਿਨੇ ਬਸਤਰ ਚੀਰ, ਦੁਰਮਤ ਮੈਲ ਨਾ ਕੋਈ ਗਵਾਇੰਦਾ । ਅੱਠੇ ਪਹਿਰ ਹਉਮੇ ਲੱਗੀ ਰਹੇ ਪੀੜ, ਅੰਮ੍ਰਿਤ ਜਾਮ ਨਾ ਕੋਈ ਮੁਖ ਚੁਆਇੰਦਾ । ਕਲਜੁਗ ਅੰਤਮ ਆਈ ਭੀੜ, ਹੋਏ ਸਹਾਈ ਨਾ ਕੋਈ ਛੁਡਾਇੰਦਾ । ਧਰਮ ਰਾਏ ਰਿਹਾ ਅੰਤ ਪੀੜ, ਲਾੜੀ ਮੌਤ ਮਗਰ ਲਗਾਇੰਦਾ । ਨਾ ਕੋਈ ਵੇਖੇ ਹਸਤ ਕੀੜ, ਊਚਾਂ ਨੀਚਾਂ ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਹਰਿ ਭਗਵਾਨਾ ਵਿਚ ਜਹਾਨਾਂ ਏਕਾ ਧਾਰ ਵਹਾਇੰਦਾ । ਆਪੇ ਜਾਣੇ ਆਪਣੀ ਆਣਾ, ਜੋਤ ਸਰੂਪੀ ਪਹਿਰੇ ਬਾਣਾ, ਇਕ ਚੜ੍ਹਾਏ ਸਚ ਨਿਸ਼ਾਨਾ, ਸਾਚੀ ਰੰਗਣ ਰੰਗ ਰੰਗਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਜੋਤੀ ਜਾਮਾ ਭੇਖ ਧਰ, ਕਲਜੁਗ ਅੰਤਮ ਵੇਸ ਕਰ, ਹਰਿ ਦਿਸ ਕਿਸੇ ਨਾ ਆਇੰਦਾ । ਕਲਜੁਗ ਅੰਤਮ ਵੇਸ ਵੇਸ ਨਿਰਾਲੀਆ । ਗੁਰਮੁਖ ਸਾਚੇ ਵਿਚ ਪਰਵੇਸ਼, ਜੋਤ ਨਿਰੰਜਣ ਇਕ ਅਕਾਲੀਆ । ਪਰਗਟ ਹੋਏ ਮਾਝੇ ਦੇਸ, ਗੁਰ ਗੋਬਿੰਦਾ ਲੇਖ ਲਿਖਾ ਲਿਆ । ਆਪੇ ਬਣੇ ਨਰ ਨਰੇਸ਼, ਸੰਬਲ ਦੇਸ ਭਾਗ ਲਗਾ ਲਿਆ । ਜੋਤੀ ਜਾਮਾ ਸ੍ਰੀ ਦਸਮੇਸ, ਨਾ ਕੋਈ ਜਾਣੇ ਸ਼ਿਵ ਸ਼ੰਕਰ ਗਣੇਸ਼, ਬ੍ਰਹਮਾ ਇੰਦਰ ਦਰ ਬਹਾ ਲਿਆ । ਤਿਸ ਸਾਹਿਬ ਕੋ ਸਦਾ ਆਦੇਸ, ਜੋਤੀ ਜੋਤ ਸਰੂਪ ਹਰਿ, ਦੀਪਕ ਜੋਤੀ ਲੋਕਮਾਤ ਏਕਾ ਬਾਲਿਆ । ਏਕਾ ਜੋਤੀ ਕਰ ਪਰਕਾਸ਼, ਅੰਧੇਰਾ ਕੱਟਿਆ । ਜਨ ਭਗਤਾਂ ਕਰੇ ਬੰਦ ਖੁਲਾਸ, ਸੋਹੰ ਸ਼ਬਦ ਪਹਿਨਾਏ ਤਨ ਸਾਚਾ ਪਟਿਆ । ਆਪੇ ਵੇਖ ਵਖਾਣੇ ਪ੍ਰਿਥਮੀ ਆਕਾਸ਼, ਰੱਖੇ ਘਟ ਘਟ ਵਾਸ, ਦੂਈ ਦਵੈਤੀ ਮੇਟੇ ਫਟਿਆ । ਆਦਿ ਅੰਤ ਨਾ ਹੋਏ ਵਿਨਾਸ, ਪੁਰਖ ਅਬਿਨਾਸ਼ੀ ਸਦ ਅਬਿਨਾਸ਼, ਭਾਗ ਲਗਾਏ ਕਾਇਆ ਚੋਲੇ ਸਾਚੇ ਮੱਟਿਆ । ਭਗਤ ਜਨਾਂ ਸਦ ਹੋਇਆ ਦਾਸ, ਨਿਜ ਘਰ ਆਤਮ ਰਖੇ ਵਾਸ, ਸ਼ਬਦ ਚਲਾਏ ਸਵਾਸ ਸਵਾਸ, ਆਤਮ ਸਰ ਸਚ ਸਰੋਵਰ ਇਕ ਇਸ਼ਨਾਨ ਕਰਾਏ ਸਾਚੇ ਤੀਰਥ ਤਟਿਆ । ਸਚ ਮੰਡਲ ਹਰਿ ਸਾਚੀ ਰਾਸ, ਆਪੇ ਵਸੇ ਆਸ ਪਾਸ ਨਾ ਹੋਏ ਉਦਾਸ, ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਰਸਨਾ ਨਾਉਂ ਜਿਸ ਜਨ ਰਟਿਆ । ਰਸਨਾ ਨਾਉਂ ਗਹਿਰ ਗੰਭੀਰਾ । ਹੋਏ ਸਹਾਈ ਸਭਨੀ ਥਾਉਂ, ਠੰਡਾ ਕਰੇ ਮਾਤ ਸਰੀਰਾ । ਗੁਰਮੁਖ ਬਣਾਏ ਹੰਸ ਕਾਉਂ, ਅੰਮ੍ਰਿਤ ਦੇਵੇ ਠੰਡਾ ਨੀਰਾ । ਆਪੇ ਪਿਤਾ ਆਪੇ ਮਾਉਂ, ਨਾ ਕੋਈ ਦੀਸੇ ਭਾਈ ਭੈਣ ਵੀਰਾ । ਦਰ ਘਰ ਸਾਚੇ ਮੇਲ ਪੁਰਖ ਅਬਿਨਾਸ਼ੀ ਅਗੰਮ ਅਥਾਹੋ ਵੇਲੇ ਅੰਤ ਕਟੇ ਭੀੜਾ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ ਸੋਹੰ ਸ਼ਬਦ ਸੀਸ ਬੰਨ੍ਹੇ ਚੀਰਾ । ਸੋਹੰ ਸੱਚਾ ਚੀਰ ਤਨ ਸ਼ਿੰਗਾਰਿਆ । ਕਾਇਆ ਮਾਟੀ ਭਾਂਡਾ ਕੱਚਾ, ਨਾ ਕੋਈ ਜਾਣੇ ਜੀਵ ਗਵਾਰਿਆ । ਆਪੇ ਢਾਲੇ ਸਾਚਾ ਸੰਚਾ, ਅਭੇਦ ਅਭੇਦਾ ਭੇਵ ਨਿਵਾਰਿਆ । ਕਲਜੁਗ ਮਾਇਆ ਅਗਨੀ ਏਕਾ ਮੱਚਾ, ਏਕਾ ਭੁੱਲਾ ਹਰਿ ਨਿਰੰਕਾਰਿਆ । ਦਰ ਦਰ ਘਰ ਘਰ ਜੂਠੇ ਝੂਠੇ ਨੱਚਾ, ਕਾਇਆ ਹੋਏ ਨਾ ਠੰਡੀ ਠਾਰਿਆ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ

ਸਾਚੇ ਸੰਤ ਜਨਾਂ ਏਕਾ ਦੇਵੇ ਸੋਹੰ ਨਾਮ ਅਪਰ ਅਪਾਰਿਆ । ਸੋਹੰ ਸ਼ਬਦ ਨਾਮ ਅਮੋਲਾ । ਪੁਰਖ ਅਬਿਨਾਸ਼ੀ ਅੰਤਮ ਕਲ ਆਪੇ ਬਣਿਆ ਮਾਤ ਤੋਲਾ । ਨਾ ਕੋਈ ਕਰੇ ਵਲ ਛਲ, ਚਾਰ ਵਰਨ ਸੁਣਾਏ ਏਕਾ ਢੋਲਾ । ਪ੍ਰਭ ਕਾ ਭਾਣਾ ਨਾ ਜਾਏ ਟਲ, ਸਚ ਦਵਾਰਾ ਏਕਾ ਖੋਲ੍ਹਾ । ਨਾ ਜਨਮੇ ਨਾ ਜਾਏ ਮਰ, ਨਾ ਕੋਈ ਪੜਦਾ ਨਾ ਕੋਈ ਉਹਲਾ । ਹਰਿਜਨ ਹਰਿ ਸਰਨਾਈ ਜਾਏ ਪੜ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਾਇਆ ਮੰਦਰ ਅੰਦਰ ਸਾਚੇ ਚੋਲਾ । ਕਾਇਆ ਮੰਦਰ ਅੰਦਰ ਚੋਲਾ, ਰੰਗ ਰੰਗਾਨਿਆ । ਪੁਰਖ ਅਬਿਨਾਸ਼ੀ ਅੰਦਰੇ ਅੰਦਰ ਪੜਦਾ ਖੋਲ੍ਹਾ, ਕਰੇ ਖੇਲ ਦਾਨਾ ਬੀਨਿਆ । ਸ਼ਬਦ ਸਰੂਪੀ ਨਿਰਗੁਣ ਬੋਲਾ, ਸਰਗੁਣ ਹੋਏ ਮਸਕੀਨਿਆ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੀ ਜੋਤ ਧਰ, ਸਚ ਵਸਤ ਇਕ ਦਾਤ ਦਰ ਸਾਚੇ ਦੇਨਿਆ । ਦੇਵੇ ਵਸਤ ਅਮੋਲ ਨਾਮ ਅਪਾਰਿਆ । ਸਦਾ ਸਦਾ ਸਦ ਵਸੇ ਕੋਲ, ਇਕ ਕਰਾਏ ਸਾਚਾ ਵਣਜ ਵਪਾਰਿਆ । ਦੂਈ ਦਵੈਤੀ ਪੜਦੇ ਰਿਹਾ ਖੋਲ੍ਹ, ਆਪ ਸੁਹਾਏ ਬੰਕ ਦਵਾਰਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਾਦ ਧੁਨ ਧੁਨ ਨਾਦ ਏਕਾ ਏਕ ਵਜਾ ਰਿਹਾ । ਨਾਦ ਧੁਨ ਧੁਨ ਨਾਦ ਵੱਜੇ ਤਨ ਅੰਦਰ । ਆਪੇ ਤੋੜੇ ਮੁਨ ਸੁੰਨ, ਕਾਮ ਕਰੋਧ ਹੰਕਾਰੀ ਜਿੰਦਰ । ਗੁਰਮੁਖ ਸਾਚੇ ਲਏ ਚੁਣ, ਬੇਮੁਖ ਭੌਂਦੇ ਦਰ ਦਰ ਘਰ ਘਰ ਬੰਦਰ । ਧੁਰ ਦਰਗਾਹੀ ਪੁਕਾਰ ਰਿਹਾ ਸੁਣ, ਜੰਗਲ ਜੂਹ ਉਜਾੜ ਪਹਾੜ ਡੂੰਘੀ ਕੰਦਰ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਗੁਰਮੁਖ ਉਧਾਰੇ ਕਿਰਪਾ ਧਾਰੇ ਦਰਸ ਦਿਖਾਏ ਅੰਦਰੇ ਅੰਦਰ । ਅੰਦਰੇ ਅੰਦਰ ਹਰਿ ਨਿਵਾਸਾ । ਕਾਇਆ ਮੰਦਰ ਪੁਰਖ ਅਬਿਨਾਸ਼ਾ । ਗੁਰਮੁਖ ਸਾਚੇ ਸੰਤ ਸੁਹੇਲੇ, ਆਪ ਕਰਾਏ ਆਪਣੇ ਮੇਲੇ, ਚਰਨ ਕਵਲ ਉਪਰ ਧਵਲ ਦਏ ਭਰਵਾਸਾ । ਜੋਤੀ ਸ਼ਬਦੀ ਰਿਹਾ ਤੇਲ, ਆਪ ਉਲਟਾਏ ਨਾਭ ਕਵਲ ਅੰਮ੍ਰਿਤ ਬੂੰਦ ਮੁਖ ਚੁਆਏ, ਆਪ ਮਿਟਾਏ ਤ੍ਰਿਸਨਾ ਆਗਾ । ਪੁਰਖ ਅਬਿਨਾਸ਼ੀ ਦਇਆ ਕਮਾਏ, ਨਿਝਰ ਰਸ ਰਿਹਾ ਚੁਆਏ, ਹਿਰਦੇ ਵਸ ਜੋਤ ਜਗਾਏ, ਆਦਿ ਅੰਤ ਨਾ ਕਦੇ ਵਿਨਾਸਾ । ਵਰਨ ਗੋਤ ਹਰਿ ਭੇਵ ਮਿਟਾਏ । ਊਚ ਨੀਚ ਰਾਓ ਰੰਕ ਰਾਜ ਰਾਜਾਨ ਸ਼ਾਹ ਸੁਲਤਾਨ ਏਕਾ ਧਾਮ ਸੁਹਾਏ । ਆਪੇ ਵੇਖੇ ਮਾਤ ਤਮਾਸ਼ਾ, ਏਕਾ ਸੱਚਾ ਨਾਮ ਜਪਾਏ । ਜੋਤ ਸਰੂਪੀ ਡਗਮਗਾਏ । ਕਲਜੁਗ ਜੀਵਾਂ ਆਤਮ ਤ੍ਰਿਸਨਾ ਅੱਗ ਬੁਝਾਏ । ਸੋਹੰ ਸ਼ਬਦ ਸਾਚਾ ਤੱਗ ਪਕੜ ਸ਼ਾਹ ਰਗ ਤਨ ਛੁਹਾਏ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਵਡ ਦਾਤਾ ਸੂਰਾ ਸਰਬਗ, ਆਪ ਆਪਣੀ ਦਇਆ ਕਮਾਏ । ਵਡ ਸੂਰਾ ਸਰਬਗ ਹਰਿਜਨ ਮੀਤ ਮੁਰਾਰਿਆ । ਗੁਰਮੁਖ ਸਾਚੇ ਤੇਰੇ ਲੇਖੇ ਲਾਏ ਪਗ, ਚਲ ਆਏ ਗੁਰ ਚਰਨ ਦਵਾਰਿਆ । ਸੋਹੰ ਸ਼ਬਦ ਮੁਖ ਲਗਾਏ ਸਾਚਾ ਸਗ, ਖ਼ੁਸ਼ੀ ਮਨਾਏ ਸੌ ਸੌ ਵਾਰਿਆ । ਚਰਨ ਕਵਲ ਪ੍ਰੀਤੀ ਜਾਏ ਲਗ, ਆਵਣ ਜਾਵਣ ਗੇੜ ਕਟਾ ਰਿਹਾ । ਜੋਤ ਲਿਲਾਟੀ ਜਾਏ ਮਘ, ਕਾਇਆ ਮਾਟੀ ਔਖੀ ਘਾਟੀ ਆਪ ਚੜ੍ਹਾ ਰਿਹਾ । ਸੋਹੰ ਚੋਗ ਚੁਗਾਏ, ਗੁਰਮੁਖ ਹੰਸ ਬਣਾਏ ਕਗ, ਸਾਚੇ ਧਾਮ ਆਪ ਸੁਹਾ ਰਿਹਾ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੂਰਨ ਕਾਮ ਆਪਣਾ ਆਪ ਕਰਾ ਰਿਹਾ । ਪੂਰਨ ਕਰੇ ਕਾਮ ਵਡ ਸੰਸਾਰਿਆ । ਇਕ ਜਪਾਏ ਸਾਚਾ ਨਾਮ, ਚਾਰ ਵਰਨਾਂ ਦਏ ਉਧਾਰਿਆ । ਮਾਨਸ ਦੇਹੀ ਸੱਚਾ ਧਾਮ, ਸੋਹੰ ਸ਼ਬਦ ਏਕਾ ਧਾਰੇ ਆ ਰਿਹਾ । ਸੁੱਕਾ ਹਰਿਆ ਕਰੇ ਚਾਮ, ਮੇਲ ਮਿਲਾਏ ਸਾਚੇ ਰਾਮ, ਜੋਤੀ ਦੀਪਕ ਇਕ ਟਿਕਾ । ਮੇਟ ਮਿਟਾਏ ਅੰਧੇਰੀ ਸ਼ਾਮ, ਅੰਮ੍ਰਿਤ ਪਿਆਏ

ਸਾਚਾ ਜਾਮ, ਆਤਮ ਸੇਜਾ ਹਰਿ ਸੁਹਾ ਰਿਹਾ । ਨਾ ਕੋਈ ਲਾਏ ਮਾਤ ਦਾਮ, ਪੁਰਖ ਅਬਿਨਾਸ਼ੀ ਏਕਾ ਧਾਮ ਸਾਚੇ ਪੌੜੇ ਆਪ ਚੜ੍ਹਾ ਰਿਹਾ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵੇਲੇ ਅੰਤ ਸਾਧ ਸੰਤ ਜੁਗਾ ਜੁਗੰਤ ਹਰਿ ਭਗਵੰਤ ਦਰ ਘਰ ਸਾਚੇ ਮੇਲੇ ਆਪ ਮਿਲਾ ਰਿਹਾ । ਮਿਲੇ ਮੇਲ ਹਰਿ ਭਗਵਾਨ, ਜੋਤ ਨਿਰੰਕਾਰਿਆ । ਏਕਾ ਬਣੇ ਸੱਜਣ ਸੁਹੇਲ, ਨਰ ਹਰਿ ਹਰਿ ਨਰ ਸੱਚੀ ਸਰਕਾਰਿਆ । ਨਾ ਕੋਈ ਜਾਣੇ ਪ੍ਰਭ ਕਾ ਖੇਲ, ਕਵਣ ਕੂਟੇ ਲਏ ਝੂਟੇ, ਸ਼ਬਦ ਨਿਰਾਲਾ ਤੀਰ ਛੂਟੇ, ਜੋਤੀ ਨੂਰ ਕਰ ਅਕਾਰਿਆ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਆਪੇ ਵੇਖੇ ਸਚ ਘਰ, ਗੁਰਮੁਖ ਮੰਗੇ ਨਾਮ ਵਰ, ਦੇਂਦਾ ਰਹੇ ਵਾਰੋ ਵਾਰਿਆ । ਮੰਗੇ ਨਾਮ ਵਰ ਭਗਤ ਉਧਾਰਿਆ । ਆਤਮ ਖੋਲ੍ਹੇ ਬੰਦ ਦਰ, ਪੁਰਖ ਅਬਿਨਾਸ਼ੀ ਪੈਜ ਸਵਾਰਿਆ । ਇਕ ਨੁਹਾਏ ਸਚ ਸਰ, ਅੰਮ੍ਰਿਤ ਤਾਲ ਹਰਿ ਸੁਹਾ ਰਿਹਾ । ਅਠ ਸਠ ਤੀਰਥ ਸੱਚੀ ਜਲ ਧਾਰਾ, ਨਿਝਰ ਆਪ ਵਹਾ ਰਿਹਾ । ਦੀਪਕ ਜੋਤੀ ਆਤਮ ਜਾਏ ਬਲ, ਕਾਇਆ ਅੰਧੇਰ ਮਿਟਾ ਰਿਹਾ । ਮਾਨਸ ਦੇਹੀ ਸਾਚਾ ਫਲ, ਸੋਹੰ ਮੇਵ ਇਕ ਖਵਾ ਰਿਹਾ । ਆਪੇ ਵੇਖੇ ਜਲ ਥਲ, ਉਜਾੜ ਪਹਾੜ ਬੂਝ ਬੁਝਾ ਰਿਹਾ । ਨਾ ਕੋਈ ਵੇਖੇ ਘੜੀ ਪਲ, ਅੱਜ ਕੱਲ ਖੇਲ ਰਚਾ ਰਿਹਾ । ਦੂਈ ਦਵੈਤੀ ਮੇਟੇ ਸਲ, ਸਾਚਾ ਮਾਰਗ ਇਕ ਚਲਾ ਰਿਹਾ । ਫਲ ਲਗਾਏ ਕਾਇਆ ਡਾਲ੍ਹ, ਅੰਮ੍ਰਿਤ ਮੇਘ ਆਪ ਬਰਸਾ ਰਿਹਾ । ਆਪੇ ਵਸੇ ਨਿਹਚਲ ਧਾਮ ਅਟੱਲ, ਦਿਸ ਕਿਸੇ ਨਾ ਆ ਰਿਹਾ । ਜਗਤ ਭੁਲਾਏ ਕਰ ਕਰ ਵਲ ਛਲ, ਗੁਰਮੁਖ ਸੋਏ ਮਾਤ ਜਗਾ ਰਿਹਾ । ਹਰਿਜਨ ਸਚ ਦਵਾਰਾ ਲੈਣਾ ਮੱਲ, ਪੁਰਖ ਅਬਿਨਾਸ਼ੀ ਦਰਸ ਦਿਖਾ ਰਿਹਾ । ਸਚ ਸੁਨੇਹੜਾ ਰਿਹਾ ਘੱਲ, ਸੋਹੰ ਅੱਖਰ ਵਖਰ ਜਗਤ ਰਖਾ ਰਿਹਾ । ਨਾ ਕੋਈ ਵੇਖੇ ਡੂੰਘੀ ਡੱਲ, ਕਾਇਆ ਮੰਦਰ ਹਰਿ ਸੁਹਾ ਰਿਹਾ । ਸਚ ਦਵਾਰੇ ਆਉਣਾ ਚੱਲ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਮਾਣਕ ਮੋਤੀ, ਜਗਦੀ ਰਹੇ ਮਾਤ ਜੋਤੀ, ਦੁਰਮਤ ਮੈਲ ਕਾਇਆ ਧੋਤੀ, ਇਕ ਇਕਲੌਤੀ ਜੋਤੀ ਨਾਰ ਮਿਲਾ ਰਿਹਾ । ਇਕ ਇਕਲੌਤੀ ਜੋਤੀ ਨਾਰ । ਗੁਰਮੁਖ ਸਾਚੇ ਸੰਤ ਸੁਹੇਲੇ ਆਪ ਬਣਾਏ ਸਚ ਭਤਾਰ । ਆਪਣਾ ਖੇਲ ਆਪੇ ਖੇਲੇ, ਸੋਲਾਂ ਕਰੇ ਤਨ ਸ਼ਿੰਗਾਰ । ਆਪੇ ਗੁਰ ਆਪੇ ਚੇਲੇ, ਸ਼ਬਦ ਸਰੂਪੀ ਵਾਜਾਂ ਰਿਹਾ ਮਾਰ । ਸੋਹੰ ਚੜ੍ਹਾਏ ਦਇਆ ਕਮਾਏ ਸਾਚਾ ਤੇਲੇ, ਨਾਮ ਮਹਿੰਦੀ ਅਪਰ ਅਪਾਰ । ਧਰਮ ਪਾਏ ਸਾਚੀ ਵੇਲੇ, ਧਰਤ ਮਾਤ ਕਰ ਵਿਹਾਰ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਜਾਣੇ ਆਪਣੀ ਸਾਰ । ਆਪੇ ਜਾਣੇ ਆਪਣੀ ਸਾਰ, ਸਰਬ ਘਟ ਵਸਿਆ । ਜਨ ਭਗਤਾਂ ਪਾਏ ਸਾਰ, ਕਰ ਵਿਚਾਰ ਹਰਿ ਦਾਤਾਰ, ਨਰ ਨਿਰੰਕਾਰ ਰਾਹ ਏਕਾ ਸਾਚਾ ਦੱਸਿਆ । ਕਲਜੁਗ ਜੀਵ ਠੱਗ ਚੋਰ ਯਾਰ, ਮਾਨਸ ਦੇਹੀ ਆਈ ਹਾਰ, ਪੰਚਾਂ ਮੇਟੇ ਮੀਤ ਮੁਰਾਰ, ਮਨ ਵਿਕਾਰਾ ਤੀਰ ਕਸਿਆ । ਹਰਿਜਨ ਹੋਇਆ ਖ਼ਬਰਦਾਰ, ਮਿਲਿਆ ਹਰਿ ਸੱਚਾ ਸਰਦਾਰ, ਤਨ ਪਹਿਨਾਏ ਨਾਮ ਕਟਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿਜਨ ਜਨ ਹਰਿ ਹਿਰਦੇ ਵਸਿਆ । ਸ਼ਬਦ ਕਟਾਰ ਤਨ ਪਹਿਨਾਈ, ਪੁਰਖ ਅਬਿਨਾਸ਼ੀ ਰੱਖੇ ਤਿੱਖੀ ਧਾਰ । ਪੰਚ ਚੋਰ ਦੇਣ ਦੁਹਾਈ, ਨਾ ਕੋਈ ਹੋਏ ਮੀਤ ਮੁਰਾਰ । ਅੱਗੇ ਹੋ ਨਾ ਕੋਈ ਛੁਡਾਈ, ਸੋਹੰ ਸ਼ਬਦ ਪਹਿਰੇਦਾਰ । ਆਪੇ ਜਾਗੇ ਰਿਹਾ ਜਗਾਈ, ਮਿਲੇ ਮੇਲ ਸੱਚੀ ਸਰਕਾਰ । ਬੰਦ ਕਿਵਾੜਾ ਆਪ ਖੁਲ੍ਹਾਈ, ਜੋਤੀ ਜਗੇ ਇਕ ਨਿਰੰਕਾਰ । ਦਸਮ ਦਵਾਰੀ ਵੇਖ ਵਿਚਾਰ । ਸਚ ਸਿੰਘਾਸਣ ਹਰਿ ਰਘੁਰਾਈ, ਨਾ ਕੋਈ ਪੁਰਖ ਨਾ ਕੋਈ ਨਾਰ । ਰੂਪ ਰੰਗ ਰੇਖ ਭੇਖ

੫੯

ਅਪਾਰ । ਨਾ ਕੋਈ ਔਲੀਆ ਪੀਰ ਸ਼ੇਖ਼, ਨਾ ਕੋਈ ਦਿਸੇ ਸੰਤ ਮੀਤ ਯਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਦੱਸੇ ਏਕਾ ਰਾਹ, ਮਿਲੇ ਮੇਲ ਹਰਿ ਕੰਤ ਭਤਾਰ । ਦਸਮ ਦਵਾਰੀ ਖੋਲ੍ਹ ਬੂਝ ਬੁਝਾਇੰਦਾ । ਪੁਰਖ ਅਬਿਨਾਸ਼ੀ ਜੋਤੀ ਕੁਆਰੀ, ਗੁਰਮੁਖ ਵਿਰਲਾ ਮਾਤ ਪਰਨਾਇੰਦਾ । ਜੀਆ ਜੰਤਾਂ ਸਾਧਾਂ ਸੰਤਾਂ ਮਾਨਸ ਦੇਹੀ ਬਾਜੀ ਹਾਰੀ, ਸਾਚਾ ਧਾਮ ਨਾ ਕੋਈ ਸੁਹਾਇੰਦਾ । ਚਾਰੋਂ ਕੁੰਟ ਝੂਠੀ ਯਾਰੀ, ਗੁਰਮੁਖ ਵਿਰਲਾ ਜਿਸ ਮਿਲਿਆ ਕੰਤ ਭਤਾਰੀ, ਸਾਚੀ ਸੇਜਾ ਆਪ ਬਹਾਇੰਦਾ । ਬੇਮੁਖ ਦਰ ਦਰ ਹੋਏ ਖੁਆਰੀ, ਹਰਿ ਹਰਿ ਸਾਚਾ ਰਿਹਾ ਦੁਰਕਾਰੀ, ਨਾਮ ਭਿਛਿਆ ਕੋਈ ਨਾ ਪਾਇੰਦਾ । ਗੁਰਮੁਖਾਂ ਕਰੇ ਪਿਆਰੇ ਮੇਲ ਮਿਲਾਏ ਵਾਰੋ ਵਾਰੀ, ਪਰਗਟ ਹੋਏ ਵਡ ਸੰਸਾਰੀ, ਸਾਚੀ ਦਇਆ ਕਮਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਵਡ ਜੋਧਾ ਬਲਕਾਰੀ, ਆਦਿ ਅੰਤ ਨਾ ਜਾਏ ਹਾਰੀ, ਸਾਚੀ ਧਾਰ ਆਪ ਚਲਾਇੰਦਾ । ਹਰਿ ਮੂਰਤ ਅਪਾਰ, ਹਰਿ ਉਪਜਾਈਆ । ਹਰਿ ਮੂਰਤ ਅਪਾਰ, ਦਿਸ ਕਿਸੇ ਨਾ ਆਈਆ । ਹਰਿ ਮੂਰਤ ਅਪਾਰ, ਵੇਖ ਵਿਚਾਰ ਸਾਚਾ ਨਾਦ ਰਿਹਾ ਵਜਾਈਆ । ਆਸਾ ਮਨਸਾ ਪੂਰ ਆਪ, ਸਦਾ ਸਦਾ ਹੋਏ ਸਹਾਈਆ । ਕਲਜੁਗ ਪਾਪ ਰਿਹਾ ਕਾਂਪ, ਚਾਰੋਂ ਕੁੰਟ ਦਏ ਦੁਹਾਈਆ । ਕੋਈ ਨਾ ਜਪੇ ਸਾਚਾ ਜਾਪ, ਠੱਗੀ ਯਾਰੀ ਗਈ ਆਪਣਾ ਭੇਖ ਵਟਾਈਆ । ਨਾ ਕੋਈ ਮਾਰੇ ਤੀਨੋ ਤਾਪ, ਕਲਜੁਗ ਮਾਇਆ ਅਗਨੀ ਏਕਾ ਲਾਈਆ । ਪੁਰਖ ਅਬਿਨਾਸ਼ੀ ਵਡ ਪਰਤਾਪ, ਧਰਮ ਰਾਏ ਲੇਖਾ ਪੁੱਛੇ ਕੱਢ ਕੇ ਵਹੀਆ । ਨਾ ਕੋਈ ਸਹਾਈ ਹੋਏ ਮਾਈ ਬਾਪ, ਨਾ ਕੋਈ ਲਾਏ ਪਾਰ ਕਿਨਾਰੇ ਕਾਇਆ ਡੋਲੇ ਝੂਠੀ ਨਈਆ । ਗੁਰਮੁਖਾਂ ਉਤਰੇ ਜਗਤ ਸੰਤਾਪ, ਏਕਾ ਜਪਿਆ ਸਾਚਾ ਜਾਪ, ਸੋਹੰ ਨਾਮ ਹਰਿ ਦਵਈਆ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਏਕ ਜਗਤ ਟੇਕ ਸਚ ਰੱਖੀ ਸੱਚੀ ਸਰਨਾਈਆ । ਸਚ ਸੱਚੀ ਸਰਨਾਏ ਚਰਨ ਗੁਰ ਪੂਰਿਆ । ਮਿਲੇ ਮਾਤ ਵਡਿਆਈ, ਆਸਾ ਮਨਸਾ ਪ੍ਰਭ ਸਾਚਾ ਪੂਰਿਆ । ਸਾਚੇ ਘਰ ਵੱਜੇ ਵਧਾਈ, ਪੰਜੇ ਗਾਇਣ ਚਾਈਂ ਚਾਈਂ, ਏਕਾ ਵਜੇ ਸ਼ਬਦ ਸਾਚੀ ਤੂਰਿਆ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਜਾਮਾ ਧਾਰੇ, ਸਰਬ ਕਲਾ ਭਰਪੂਰਿਆ । ਸਰਬ ਕਲਾ ਭਰਪੂਰ ਜੋਤ ਜਗਾਈਆ । ਪੰਚਾਂ ਸ਼ਬਦਾਂ ਏਕਾ ਨੂਰ, ਏਕਾ ਡੋਰੀ ਪੰਚ ਬੰਧਾਈਆ । ਏਕਾ ਜੋਤੀ ਹਰਿ ਹਜ਼ੂਰ, ਕਾਇਆ ਸੋਤੀ ਜਿਸ ਉਠਾਈਆ । ਜਗਤ ਨਾਤਾ ਦਿਸੇ ਕੂੜੋ ਕੂੜ, ਅੰਤ ਹੋਏ ਨਾ ਕੋਈ ਸਹਾਈਆ । ਗੁਰ ਪੂਰੇ ਚਰਨ ਮਸਤਕ ਸਾਚੀ ਧੂੜ, ਕਲਜੁਗ ਲਾਹੇ ਕਾਲਖ ਛਾਹੀਆ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਰੰਗ ਚੜ੍ਹਾਏ ਗੂੜ੍ਹ, ਉਤਰ ਕਦੇ ਨਾ ਜਾਈਆ । ਸਾਚਾ ਰੰਗ ਚੜ੍ਹਾਏ ਭੱਠੀ ਚਾੜ੍ਹਿਆ । ਦੂਸਰ ਦਰ ਮੰਗਣ ਨਾ ਜਾਏ, ਪੁਰਖ ਅਬਿਨਾਸ਼ੀ ਗੁਰ ਸੰਗਤ ਕਰੇ ਇਕੱਠੀ ਸਤਾਰਾਂ ਹਾੜਿਆ । ਆਪ ਬਹਾਏ ਸਾਚੇ ਥਾਈਂ, ਦੂਰ ਦੁਰਾਡੀ ਆਈ ਨੱਠੀ, ਆਤਮ ਹੱਠੀ ਇਕ ਰਖਾਈਆ । ਕਲਜੁਗ ਉਲਟੀ ਗੇੜੇ ਲੱਠੀ, ਸ਼ਬਦ ਵੇਲਣੇ ਰਿਹਾ ਪਿੜਾਈਆ । ਜੋਤੀ ਜੋਤ ਸਰੂਪ ਹਰਿ, ਮਾਣ ਗਵਾਏ ਅੱਠ ਸੱਠੀ, ਸਾਚਾ ਜਾਮ ਇਕ ਪਿਲਾਈਆ । ਅੱਠ ਸੱਠ ਸੱਠ ਅੱਠ ਜਗਤ ਇਸ਼ਨਾਨਾ । ਗੁਰਮੁਖ ਦਰ ਘਰ ਸਾਚੇ ਆਏ ਨੱਠ, ਮਿਲੇ ਨਾਮ ਇਕ ਬਿਬਾਣਾ । ਮਾਨਸ ਦੇਹੀ ਨਾ ਹੋਏ ਭੱਠ, ਸ਼ਬਦ ਬੰਨ੍ਹੇ ਤਨ ਸਾਚਾ ਗਾਨਾ । ਕਾਇਆ ਮੰਦਰ ਸਾਚਾ ਮੱਠ, ਜੋਤੀ ਜਗੇ ਇਕ ਭਗਵਾਨਾ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਰੱਖੇ ਸੋਹੰ ਸੱਚਾ ਤੀਰ ਨਿਸ਼ਾਨ । ਮਿਲੇ ਨਾਮ ਅਪਾਰ

ਹਰਿ ਭੰਡਾਰਿਆ । ਦੇਵਣ ਆਇਆ ਵਿਚ ਸੰਸਾਰ ਕਰਮ ਵਿਚਾਰ, ਕਲਜੁਗ ਤੇਰੀ ਅੰਤਮ ਵਾਰਿਆ । ਚਾਰੇ ਕੁੰਟਾਂ ਆਈ ਹਾਰ, ਧਰਤ ਮਾਤ ਕਰੇ ਪੁਕਾਰ, ਈਸਾ ਮੂਸਾ ਭੁੱਲੇ ਮੁਹੰਮਦੀ ਯਾਰ, ਗ੍ਰੰਥੀ ਪੰਥੀ ਦੇਣ ਦੁਹਾਈਆ । ਪੰਡਤ ਪਾਂਧੇ ਹੋਏ ਖੁਆਰ, ਆਤਮ ਅੰਧੇ ਭਰੇ ਹੰਕਾਰ, ਕਲਜੁਗ ਜੀਵ ਜਾਇਣ ਬਾਂਧੇ, ਧਰਮ ਰਾਏ ਮਾਰੇ ਡਾਹਢੀ ਮਾਰ, ਨਾ ਹੋਏ ਕੋਈ ਸਹਾਰਿਆ । ਦਿਵਸ ਰੈਣ ਪਛਤਾਉਂਦੇ ਪਾ ਪਾ ਵੈਣ ਧਰਤ ਮਾਤ ਪਿਆਰੀ ਆਪ ਸੁਣਾਉਂਦੇ, ਨਾ ਕੋਈ ਕਰੇ ਪਾਰ ਕਿਨਾਰਿਆ । ਕਲਜੁਗ ਜੀਵ ਥੱਕੇ ਮਾਂਦੇ, ਗੁਰਮੁਖ ਅੱਠੇ ਪਹਿਰ ਦਿਵਸ ਰੈਣ ਧਿਆਉਂਦੇ, ਸਿਰ ਰੱਖ ਹੱਥ ਕਰਤਾਰਿਆ । ਅਵਣ ਗਵਣ ਆਉਂਦੇ ਜਾਂਦੇ, ਤ੍ਰੈਭਵਣ ਵੇਸ ਵਟਾਉਂਦੇ, ਲੱਖ ਚੁਰਾਸੀ ਗੇੜ ਅਪਾਰਿਆ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਕਲ ਜੋਤ ਧਰ, ਬਣ ਨਾਮ ਸਚ ਵਰਤਾਰਿਆ । ਨਾਮ ਭੰਡਾਰਾ ਖੋਲ੍ਹ, ਹਰਿ ਵਰਤਾਇੰਦਾ । ਸੋਹੰ ਸ਼ਬਦ ਜੈਕਾਰ ਬੋਲ, ਢੋਲ ਵਜਾਇੰਦਾ । ਚਾਰ ਵਰਨਾਂ ਤੋਲੇ ਏਕਾ ਤੋਲ, ਜ਼ਾਤ ਪਾਤੀ ਭੇਵ ਚੁਕਾਇੰਦਾ । ਮਿਲੇ ਵਸਤ ਨਾਮ ਅਨਮੋਲ, ਪੜਦਾ ਕਾਇਆ ਖੋਲ੍ਹ ਵਖਾਇੰਦਾ । ਜਗਾਏ ਜੋਤ ਕਾਇਆ ਚੋਲ, ਦਰਸ ਆਪ ਵਖਾਇੰਦਾ । ਸਦਾ ਸਦਾ ਹਰਿ ਵਸੇ ਕੋਲ, ਮਾਇਆ ਪੜਦਾ ਆਪੇ ਪਾਇੰਦਾ । ਪੂਤ ਸਪੂਤਾ ਕਰੇ ਸੱਚੇ ਚੋਲ੍ਹ, ਸਾਚੀ ਗੋਦ ਆਪ ਉਠਾਇੰਦਾ । ਕਲਜੁਗ ਕਾਲ ਕਾਲਾ ਵਡ ਅਵਧੂਤਾ, ਕਾਲਾ ਵੇਸ ਤਨ ਰਖਾਇੰਦਾ । ਨਾ ਕੋਈ ਤਾਣਾ ਨਾ ਕੋਈ ਸੂਤਾ, ਕਲਜੁਗ ਮਾਇਆ ਪਾਏ ਪੇਟਾ, ਝੂਠਾ ਜਾਲ ਵਿਛਾਇੰਦਾ । ਨਾ ਕੋਈ ਪਿਤਾ ਨਾ ਕੋਈ ਬੇਟਾ, ਨਾ ਕੋਈ ਖੇਵਟ ਨਾ ਕੋਈ ਖੇਟਾ, ਬੇੜਾ ਕੋਈ ਨਾ ਪਾਰ ਕਰਾਇੰਦਾ । ਗੁਰਮੁਖ ਸਾਚਾ ਪੁਰਖ ਅਬਿਨਾਸ਼ੀ ਸ਼ਬਦ ਦੁਸ਼ਾਲੇ ਸਚ ਲਪੇਟਾ, ਸਾਚੀ ਦਇਆ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਸੱਚਾ ਨਾਮ ਇਕ ਵਣਜਾਰਾ, ਭਗਤ ਅਧਾਰਾ ਆਪੇ ਆਪ ਰਖਾਇੰਦਾ । ਨਾਮ ਵਰਤਾਰਾ ਵੰਡ ਗੰਢ ਬੰਨ੍ਹਾਇੰਦਾ । ਗੁਰਮੁਖਾਂ ਆਤਮ ਪਾਏ ਠੰਡ, ਸਾਚਾ ਧਾਮ ਸੁਹਾਇੰਦਾ । ਦੋ ਜਹਾਨੀ ਨਾ ਦੇਵੇ ਕੰਡ, ਸ਼ਬਦ ਹੱਥ ਚੰਡ ਪਰਚੰਡ ਫੜਾਇੰਦਾ । ਕਲਜੁਗ ਮੇਟੇ ਭੇਖ ਪਖੰਡ, ਜੂਠੇ ਝੂਠੇ ਡੰਨ ਲਗਾਇੰਦਾ । ਗੁਰਮੁਖ ਵਿਰਲਾ ਨਾਰ ਸੁਹਾਗਣ ਲੱਖ ਚੁਰਾਸੀ ਦਿਸੇ ਰੰਡ, ਆਤਮ ਸੇਜਾ ਮੀਤ ਮੁਰਾਰਾ ਨਰ ਨਿਰੰਕਾਰਾ ਨਾ ਕੋਈ ਬਹਾਇੰਦਾ । ਕਲਜੁਗ ਮੇਟ ਭੇਖ ਪਖੰਡ, ਜੂਠੇ ਝੂਠੇ ਡੰਨ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਵਰਤਾਰਾ ਵਿਚ ਸੰਸਾਰਾ ਆਪੇ ਆਪ ਅਖਵਾਇੰਦਾ । ਦਰਸ਼ਨ ਮਿਲੇ ਅਨਮੋਲ ਸੇਜ ਸੁਹਾਵਣੀ । ਪ੍ਰਭ ਵਸੇ ਸਦਾ ਕੋਲ, ਨੈਣ ਮੁੰਧਾਵਣੀ । ਦਰਸ ਦਿਖਾਏ ਤੀਜੇ ਲੋਇਣ, ਪੂਰ ਕਰਾਏ ਭਾਵਨੀ । ਗੁਰਮੁਖ ਲੋਕਮਾਤ ਨਾ ਸੋਇਣ, ਸੁਰਤੀ ਸੁਰਤ ਆਪ ਜਗਾਵਣੀ । ਤਨ ਮਨ ਬੀਜ ਸਾਚਾ ਬੋਇਣ, ਸਦ ਪੱਕੀ ਰਹੇ ਹਾੜੀ ਸਾਵਣੀ । ਦੁਰਮਤ ਮੈਲ ਪਾਪਾਂ ਧੋਇਣ, ਰਸਨਾ ਗਾਇਣ ਰਾਮ ਰਾਮਨੀ । ਏਕਾ ਹਲ ਸਾਚਾ ਜੋਇਣ, ਧਰਮ ਸਤਿ ਬੈਲ ਬਨਾਵਣੀ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਘਰ ਸਾਚੇ ਦਰ ਕਿਰਪਾ ਕਰ ਦੀਪਕ ਜੋਤੀ ਬਿਨ ਵਰਨ ਗੋਤੀ ਆਪਣੀ ਆਪ ਜਗਾਵਣੀ । ਹੋਏ ਦਰਸ ਅਮੋਲ ਦਰ ਅਮੋਘਿਆ । ਆਤਮ ਕੁੰਡਾ ਰਿਹਾ ਖੋਲ੍ਹ, ਮਿਲਿਆ ਮੇਲ ਲਿਖਿਆ ਲੇਖ ਧੁਰ ਸੰਜੋਗਿਆ । ਸ਼ਬਦ ਤਰਾਨਾ ਰਿਹਾ ਬੋਲ, ਰਸਨਾ ਰਸ ਹੋਇਆ ਵਸ ਏਕਾ ਬੋਲ ਸਾਚਾ ਬੋਲਿਆ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੀ ਕਿਰਪਾ ਕਰ, ਸਾਚਾ ਦੇਵੇ ਨਾਮ ਵਰ, ਦਰਸ ਦਿਖਾਏ ਦਇਆ ਕਮਾਏ, ਕਾਇਆ ਮੰਦਰ ਸਾਚੇ ਚੋਲਿਆ । ਮਿਲੇ ਦਰਸ ਅਪਾਰ, ਰੁੱਤ ਸੁਹੰਦੜੀ । ਮਿਟੇ ਹਰਸ ਸੰਸਾਰ,

ਹਰਿ ਬਖ਼ਸ਼ੰਦੜੀ । ਰੰਗ ਮਾਣੇ ਸਚ ਭਤਾਰ, ਸੋਭਾਵੰਤੀ ਨਾਰ ਖੇਲ ਖਿਲੰਦੜੀ । ਨਿਰਮਲ ਜੋਤੀ ਕਰ ਅਕਾਰ, ਆਪੇ ਵੇਖੇ ਜੀਆ ਧਾਰ, ਕਵਣ ਸੁੱਤਾ ਪੈਰ ਪਸਾਰ, ਆਤਮ ਸੇਜਾ ਇਕ ਅਵੱਲੜੀ । ਜੋਤੀ ਜਾਮਾ ਹਰਿ ਨਿਰੰਕਾਰ, ਲੋਆਂ ਪੁਰੀਆਂ ਏਕਾ ਧਾਰ, ਗੁਰਮੁਖਾਂ ਪਾਏ ਘਰ ਘਰ ਸਾਰ, ਜੋਤ ਅਕਾਲਣ ਜਗਤ ਦਲਾਲਣ ਇਕ ਇਕੱਲੜੀ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਬਣ ਕੇ ਆਇਆ ਸਾਚੀ ਮਾਲਣ, ਜਨ ਭਗਤਾਂ ਕਰੇ ਰੱਖਵਾਲਣ, ਸੋਹੰ ਸ਼ਬਦ ਫੜ ਹੱਥ ਸਾਚੀ ਤੱਕੜੀ । ਕਵਣ ਘਰ ਕਿਸ ਮਿਲੀਏ ਦਵਾਰ । ਕਵਣ ਦਰ ਮਿਲੇ ਪੁਰਖ ਭਤਾਰ । ਕਵਣ ਤਰਨੀ ਜਾਏ ਤਰ, ਕਲਜੁਗ ਬੇੜਾ ਉਤਰੇ ਪਾਰ । ਹਰਿ ਸਰਨੀ ਜਾਏ ਪੜ, ਨਾ ਜਨਮੇ ਨਾ ਜਾਏ ਮਰ, ਏਕਾ ਵਸੇ ਸਚ ਘਰ ਦਰ ਨਰ ਸੱਚੇ ਦਰਬਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਸੰਤ ਸੁਹੇਲੇ, ਲੋਕਮਾਤ ਇਕ ਅਕੇਲੇ, ਧੁਰਦਰਗਾਹੀ ਸਾਚੇ ਮੇਲੇ, ਫੜ ਫੜ ਬਾਂਹੋਂ ਲਾਏ ਪਾਰ । ਆਏ ਦਰ ਸਚ ਦਰਵਾਜੇ । ਜੋਤੀ ਜਾਮਾ ਗਰੀਬ ਨਿਵਾਜੇ । ਰਮਈਆ ਰਾਮਾ ਆਪਣੇ ਸਾਜਨ ਆਪੇ ਸਾਜੇ । ਕਾਹਨਾ ਕ੍ਰਿਸ਼ਨਾ ਘਨਈਆ ਸ਼ਾਮਾ ਜੁਗਾ ਜੁਗੰਤਾ ਹਰਿ ਭਗਵੰਤਾ ਭਗਤ ਜਨਾਂ ਹਰਿ ਰੱਖੇ ਲਾਜੇ । ਸਾਚਾ ਰੱਖੇ ਨਾਮ ਦਮਾਮਾ, ਪੂਰਨ ਕਰੇ ਆਪਣਾ ਕਾਮਾ, ਗਰੀਬ ਨਿਮਾਣਿਆਂ ਪੜਦੇ ਕਾਜੇ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਕਲਜੁਗ ਤੇਰੀ ਅੰਤਮ ਵਰ, ਪਰਗਟ ਹੋਏ ਦੇਸ ਮਾਝੇ । ਮਾਝੇ ਦੇਸ ਸਦ ਦਵਾਰਾ । ਵੇਦ ਵਿਆਸ ਬਣੇ ਲਿਖਾਰਾ । ਨਿਹਕਲੰਕੀ ਲਏ ਅਵਤਾਰਾ । ਸ਼ਬਦ ਡੰਕੀ ਅਪਰ ਅਪਾਰਾ । ਚਾਰ ਵਰਨਾਂ ਕਰੇ ਪਿਆਰਾ । ਵੇਦ ਪੁਰਾਨਾਂ ਪਾਵੇ ਸਾਰਾ । ਖਾਣੀ ਬਾਣੀ ਅੰਜੀਲ ਕੁਰਾਨੀ ਹਾਹਾਕਾਰਾ । ਜੀਵ ਸ਼ੈਤਾਨੀ ਵਡ ਵਿਦਵਾਨੀ ਬ੍ਰਹਮ ਗਿਆਨੀ ਆਤਮ ਅੰਧੇ ਮਦਿਰਾ ਮਾਸੀ ਗੰਦੇ, ਜੂਠੇ ਝੂਠੇ ਲੱਗੇ ਧੰਦੇ, ਵਿਸਰਿਆ ਨਰ ਹਰਿ ਹਰਿ ਨਰ ਸੱਚੀ ਸਰਕਾਰਾ । ਗੁਰਮੁਖ ਸਾਚੇ ਚੰਦ ਨੌਚੰਦੇ, ਖ਼ੁਸ਼ੀ ਕਰਾਏ ਬੰਦ ਬੰਦੇ, ਆਪ ਉਠਾਏ ਆਪਣੇ ਕੰਧੇ, ਭਵਜਲ ਬੇੜਾ ਪਾਰ ਉਤਾਰਾ । ਸਦਾ ਸਦਾ ਸਦ ਬਖ਼ਸ਼ਿੰਦੇ, ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਪਰਗਟ ਹੋਏ ਬੀਸ ਇਕੀਸਾ ਹਰਿ ਜਗਦੀਸਾ ਛਤਰ ਸੀਸਾ ਚਵੀਆਂ ਅਵਤਾਰਾ । ਜਗਤ ਜਗਦੀਸ ਛਤਰ ਝੁੱਲੇ ਏਕਾ ਸੀਸ । ਰਾਗ ਛਤੀਸ ਮੇਟ ਮਿਟਾਏ ਕੁਰਾਨ ਹਦੀਸ । ਲੱਖ ਚੁਰਾਸੀ ਜਾਏ ਪੀਸ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਸੱਚਾ ਜਾਪ ਜਪਾਏ, ਸੋਹੰ ਸ਼ਬਦ ਦੰਦ ਬਤੀਸ । ਪ੍ਰਭ ਅਬਿਨਾਸ਼ੀ ਕਿਰਪਾ ਧਾਰ, ਭਰੇ ਭੰਡਾਰਿਆ । ਮੰਗਣ ਆਏ ਦਰ ਦਵਾਰ ਸੱਚੀ ਸਰਕਾਰ, ਮਾਨਸ ਦੇਹੀ ਨਾ ਆਏ ਹਾਰਿਆ । ਲੱਖ ਚੁਰਾਸੀ ਕਰੇ ਪਾਰ, ਧਰਮ ਰਾਏ ਦੀ ਤੁਟੇ ਫਾਸੀ ਸ਼ਬਦ ਪਹਿਨਾਏ ਸੱਚਾ ਹਾਰ, ਕਿਰਪਾ ਕਰ ਦਰਦ ਨਿਵਾਰਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੁੱਲੇ ਰੁੱਲੇ ਜੰਤ ਗਵਾਰਿਆ । ਆਏ ਬਣ ਭਿਖਾਰ ਨਰ ਨਰ ਨਾਰਿਆ । ਪ੍ਰਭ ਅਬਿਨਾਸ਼ੀ ਪਾਏ ਸਾਰ, ਬਿਰਧ ਬਾਲ ਜਵਾਨ ਏਕਾ ਧਾਰਿਆ । ਅੰਮ੍ਰਿਤ ਮੁਖ ਚੁਆਏ ਮਹਾਨ, ਸ਼ਬਦ ਵਜੇ ਤੀਰ ਨਿਸ਼ਾਨ, ਸੱਚਾ ਦੇਵੇ ਪੀਣ ਖਾਣ, ਏਕਾ ਨਾਉਂ ਨਰ ਨਿਰੰਕਾਰਿਆ । ਹਰਿਜਨ ਸਾਚੇ ਰਸਨਾ ਗਾਣ, ਅਮਰਾਪਦ ਮਾਤ ਕਲ ਪਾਣ, ਮਿਲੇ ਮੇਲ ਗੁਣ ਨਿਧਾਨ, ਜੋਤੀ ਦੀਪਕ ਕਰ ਉਜਿਆਰਿਆ । ਲੱਖ ਚੁਰਾਸੀ ਪੁਣ ਛਾਣ, ਸ਼ਬਦ ਬੈਠ ਸਚ ਬਿਬਾਣ, ਲੋਆਂ ਪੁਰੀਆਂ ਇਕ ਉਡਾਣ, ਸਾਚੇ ਧਾਮ ਹਰਿ ਸੁਹਾ ਰਿਹਾ । ਆਪ ਚੁਕਾਏ ਜਮ ਕੀ ਕਾਨ, ਦਰਗਾਹ ਸਾਚੀ ਮਾਣ ਤਾਣ, ਰਸਨਾ ਰਾਗ ਏਕਾ

ਗਾਨ, ਮਿਲੇ ਮੇਲ ਸ੍ਰੀ ਭਗਵਾਨਿਆ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਮ੍ਰਿਤ ਆਤਮ ਮੁਖ ਚੁਆਏ, ਏਕਾ ਸੁਖ ਮਾਤ ਉਪਜਾਏ, ਬਿਰਧ ਬਾਲ ਜਵਾਨਿਆ । ਬਿਰਧ ਬਾਲ ਜਵਾਨ ਬੱਤੀ ਧਾਰਿਆ । ਦੇਵੇ ਨਾਮ ਏਕਾ ਰਤੀ, ਲੱਗੇ ਵਾ ਮਾਤ ਨਾ ਤੱਤੀ, ਆਪੇ ਦੇ ਸਮਝਾਵੇ ਮਤੀ, ਸੋਹੰ ਸ਼ਬਦ ਪੈਜ ਸਵਾਰਿਆ । ਮੇਲ ਮਿਲਾਨਾ ਸਾਚੇ ਪਤੀ, ਦੀਪਕ ਜੋਤੀ ਜਗੇ ਬੱਤੀ, ਆਤਮ ਸੇਜਾ ਸੁੱਤਾ ਜਤੀ, ਸੋਹਣੇ ਕੁੰਡਲ ਨੈਣ ਮੁਕਟ ਮਧੁਰ ਬੈਨ ਭੇਖ ਵਟਾ ਰਿਹਾ । ਆਪੇ ਜਾਣੇ ਮਿਤ ਗਤੀ, ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਲੇਖਾ ਲੇਖ ਲਿਖਾਏ, ਜਗਤ ਭੁਲੇਖਾ ਆਪ ਗਵਾ ਰਿਹਾ । ਜਗਤ ਭੁਲੇਖਾ ਜਾਏ ਚੁੱਕ, ਘਰ ਸਾਚਾ ਇਕ ਵਖਾਇੰਦਾ । ਆਪ ਨਿਵਾਰੇ ਤ੍ਰਿਸ਼ਨਾ ਭੁੱਖ, ਉਲਟਾ ਰੁਖ਼ ਗਰਭਵਾਸ ਕਟਾਇੰਦਾ । ਤਨ ਮੰਦਰ ਕਟੇ ਹਉਮੇ ਦੁੱਖ, ਇਕ ਉਪਜਾਏ ਸਾਚਾ ਸੁਖ, ਸ਼ਬਦ ਸਾਚੀ ਚੋਗ ਚੁਗਾਇੰਦਾ । ਮਾਨਸ ਦੇਹੀ ਸਚ ਮਨੁਖ, ਘਰ ਘਰ ਧੂੰਏ ਰਹੇ ਧੁਖ, ਪੁਰਖ ਅਬਿਨਾਸ਼ੀ ਘਟ ਘਟ ਵਾਸੀ, ਕਵਣ ਕੂਟੇ ਜੋਤ ਜਗਾਇੰਦਾ । ਗੁਰਮੁਖਾਂ ਸੁਫਲ ਕਰਾਏ ਮਾਤ ਕੁੱਖ, ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਮ੍ਰਿਤ ਜਾਮ ਰਸਨਾ ਭੋਗ ਇਕ ਲਵਾਇੰਦਾ । ਅੰਮ੍ਰਿਤ ਆਤਮ ਚਰਨ ਪਿਆਰ । ਅੰਤਮ ਵੇਲਾ ਮੋਖ ਦਵਾਰ । ਸੱਜਣ ਸੁਹੇਲਾ ਹਰਿ ਨਿਰੰਕਾਰ । ਇਕ ਇਕੇਲਾ ਫਿਰੇ ਦੁਹੇਲਾ ਵਿਚ ਸੰਸਾਰ । ਆਪੇ ਵੇਖੇ ਗੁਰਮੁਖ ਚੇਲਾ, ਸ਼ਬਦੀ ਜੋਤੀ ਪਹਿਰੇਦਾਰ । ਸਾਚੇ ਅੰਦਰ ਸਾਚਾ ਮੇਲਾ, ਮੇਲ ਮਿਲਾਵਾ ਸਚ ਭਤਾਰ । ਅਚਰਜ ਖੇਲ ਪ੍ਰਭ ਕਲ ਖੇਲਾ, ਕਲਜੁਗ ਰੈਣ ਅੰਧ ਅੰਧਿਆਰ । ਹਰਿਜਨ ਸੁਹਾਇਆ ਸਾਚਾ ਵੇਲਾ, ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਖੋਲ੍ਹੇ ਬੰਦ ਕਿਵਾੜ । ਆਤਮ ਖੁਲ੍ਹੇ ਕਿਵਾੜ, ਸ਼ਬਦ ਧੁਨਕਾਰਿਆ । ਗੁਰਮੁਖਾਂ ਕਰੇ ਖ਼ਬਰਦਾਰ, ਨੇੜੇ ਆਏ ਸਤਾਰਾਂ ਹਾੜਿਆ । ਰਾਜੇ ਰਾਣੇ ਰਹੇ ਵਿਚਾਰ, ਕਵਣ ਉਠਾਏ ਅਗੰਮੀ ਧਾੜਿਆ । ਸਾਧ ਸੰਤ ਹਾਹਾਕਾਰ, ਮਗਰ ਲਗਾਏ ਮੌਤ ਲਾੜਿਆ । ਗੁਰਮੁਖ ਸਾਚੇ ਸ਼ਬਦ ਘੋੜੀ ਚਾੜ, ਖਿਚ ਲਿਆਏ ਚਰਨ ਦਵਾਰਿਆ । ਆਪੇ ਹੋਏ ਪਿਛੇ ਅਗਾੜ, ਅੱਠੇ ਪਹਿਰ ਰਹੇ ਖ਼ਬਰਦਾਰਿਆ । ਹੋਏ ਸਹਾਈ ਬਹੱਤਰ ਨਾੜ, ਪੁਰਖ ਅਬਿਨਾਸ਼ੀ ਸਾਜਣ ਮੀਤ ਮੁਰਾਰਿਆ । ਦਰ ਘਰ ਸਾਚੇ ਦੇਵੇ ਵਾੜ, ਸਿੰਘ ਜਗਦੀਸਾ ਮਹੱਲ ਉਸਾਰਿਆ । ਪ੍ਰਭ ਘਾੜਨ ਘੜੇ ਅਪਾਰ, ਨੌਂ ਦਵਾਰੇ ਵੇਖ ਵਖਾ ਰਿਹਾ । ਦਸਵਾਂ ਰੱਖੇ ਬੰਦ ਕਿਵਾੜ, ਗੁਰੂਆਂ ਪੀਰਾਂ ਆਪ ਹਿਲਾ ਰਿਹਾ । ਗੁਰਮੁਖਾਂ ਚੜ੍ਹਨਾ ਤੇਲ ਸਤਾਰਾਂ ਹਾੜ, ਜੋਤੀ ਨਾਰੀ ਲਾੜੀ ਹਰਿ ਸ਼ਿੰਗਾਰਿਆ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਾਰ ਚੁਫੇਰੇ ਪਾਏ ਘੇਰੇ, ਪਹਿਲੀ ਵੇਰੇ ਨਾ ਲਾਏ ਦੇਰੇ, ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਸ਼ਬਦ ਖੰਡਾ ਸੋਹੰ ਡੰਡਾ ਪਾਏ ਵੰਡਾਂ ਵਿਚ ਵਰਭੰਡਾਂ, ਲੋਆਂ ਪੁਰੀਆਂ ਰਿਹਾ ਲਲਕਾਰਿਆ । ਲੋਆਂ ਪੁਰੀਆਂ ਰਿਹਾ ਲਲਕਾਰ । ਪ੍ਰਭ ਅਬਿਨਾਸ਼ੀ ਅੰਤਮ ਪਾਏ ਮਾਤ ਸਾਰ । ਪਰਗਟ ਹੋਏ ਘਨਕਪੁਰ ਵਾਸੀ, ਬ੍ਰਹਮੇ ਵੇਦ ਵਖਾਣੇ ਚਾਰ । ਆਪੇ ਜਾਣੇ ਆਪਣਾ ਭੇਦ, ਭੇਵ ਅਭੇਦ ਸੱਚੀ ਸਰਕਾਰ । ਕਰੇ ਅਛਲ ਅਛੱਲ ਅਛੇਦਾ, ਕਲ ਕਲੰਦਰ ਤੇਰੀ ਅੰਤਮ ਵਾਰ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੁਰੀਆਂ ਲੋਆਂ ਅਕਾਰ । ਖੰਡ ਮੰਡਲ ਬ੍ਰਹਿਮੰਡ ਵਰਭੰਡ ਕਰ ਅਕਾਰ ਦਏ ਸੁਧਾਰ ਨੌਂ ਸਤ ਸਤ ਨੌਂ ਖੰਡ ਖੰਡ ਤੇਜ ਪਰਚੰਡ ਅੰਡ ਡੰਡ ਬੇਹੰਡ ਵੱਢੇ ਕੰਡ ਠੱਗ ਚੋਰ ਯਾਰਿਆ । ਗੁਰਮੁਖਾਂ ਪੱਲੇ ਬੰਨੇ ਨਾਮ ਗੰਢ, ਦਸਮ ਦਵਾਰੀ ਰੱਖੇ ਠੰਡ, ਕਲਜੁਗ ਔਧ ਗਈ

ਹੰਢ, ਸਤਿਜੁਗ ਸਾਚਾ ਕਰ ਉਜਿਆਰਿਆ । ਨਾ ਕੋਈ ਦੀਸੇ ਭੇਖ ਪਖੰਡ, ਨਾ ਕੋਈ ਰੋਵੇ ਰੰਡ, ਨਾ ਕੋਈ ਪੂਜੇ ਕਰੀਰ ਜੰਡ, ਵੇਖ ਵਖਾਣੇ ਜੇਰਜ ਉਤਭੁਜ ਸੇਹਤਜ ਅੰਡ, ਸੋਹੰ ਸ਼ਬਦ ਚਲਾਏ ਸਾਚੀ ਬਾਣੀਆ । ਨੌਂ ਖੰਡ ਪ੍ਰਿਥਮੀ ਸਤਿਜੁਗ ਕਰਾਈ ਸਾਚੀ ਵੰਡ, ਲੱਖ ਚੁਰਾਸੀ ਭਰੇ ਪਾਣੀਆ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਖੇਲ ਆਪੇ ਜਾਣੇ ਕਰੇ ਕਰਾਏ ਚਲੇ ਚਲਾਏ ਵਿਚ ਵਰਭੰਡ । ਵਰਭੰਡ ਖੇਲ ਅਪਾਰ ਹਰਿ ਸਿਰ ਤਾਜਿਆ । ਮੇਟ ਮਿਟਾਏ ਭੇਖ ਪਖੰਡ, ਚਿੱਟੇ ਅਸਵ ਚੜ੍ਹੇ ਤਾਜਿਆ । ਚਰਨ ਛੁਹਾਇਆ ਪਹਾੜ ਗੰਜ, ਸ਼ਬਦ ਲਿਖਾਇਆ ਦਿੱਲੀ ਰਾਜਿਆ । ਵੇਖਣਾ ਖੇਲ ਸਾਲ ਪੰਜ, ਨਾ ਕੋਈ ਮੁਹਾਣਾ ਨਾ ਕੋਈ ਵੰਞ, ਨਾ ਕੋਈ ਪੜਦਾ ਕਾਜਿਆ । ਲੱਖ ਚੁਰਾਸੀ ਨਾਰ ਬੰਝ, ਜਗਤ ਨਾਤਾ ਤੁਟੇ ਨਾ ਕੋਈ ਦਿਸੇ ਸਾਂਝਿਆ । ਨੇਤਰ ਨੀਰ ਵਰੋਲੇ ਅੰਝ, ਨਾ ਕੋਈ ਸਵੇਰ ਨਾ ਕੋਈ ਸੰਞ, ਨਾ ਕੋਈ ਦੀਸੇ ਸਾਜ ਬਾਜਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਜੋਤੀ ਜਾਮਾ ਭੇਖ ਧਰ, ਪਰਗਟ ਹੋਏ ਦੇਸ ਮਾਝਿਆ । ਮਾਝਾ ਦੇਸ ਵਡ ਬਲਕਾਰਿਆ । ਗੁਰਮੁਖ ਸਾਚੇ ਵਿਚ ਪਰਵੇਸ਼, ਸਦਾ ਸਦਾ ਕਰ ਆਦੇਸ਼, ਵਲੀਆ ਛਲੀਆ ਖੇਲ ਅਪਾਰਿਆ । ਆਪੇ ਨਰ ਆਪੇ ਨਰੇਸ਼, ਆਪੇ ਜੋਤੀ ਆਪੇ ਗੁਰ ਆਪੇ ਸ਼ਬਦ ਸ੍ਰੀ ਦਸਮੇਸ਼ ਵਡ ਬਲਕਾਰਿਆ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਜੋਤੀ ਜਾਮਾ ਭੇਖ ਧਰ, ਵੇਖੇ ਖੇਲ ਕਲਜੁਗ ਤੇਰੀ ਅੰਤਮ ਵਾਰਿਆ । ਕਲਜੁਗ ਵੇਲਾ ਅੰਤ ਪਛਾਣ । ਪਰਗਟ ਹੋਏ ਹਰਿ ਭਗਵੰਤ, ਇਕ ਝੁਲਾਏ ਸ਼ਬਦ ਨਿਸ਼ਾਨ । ਖਿੱਚ ਲਿਆਏ ਸਾਧ ਸੰਤ, ਭੁੱਲੇ ਬੈਠੇ ਬੇਈਮਾਨ । ਕਲਜੁਗ ਮਾਇਆ ਪਾਏ ਬੇਅੰਤ, ਸ਼ਾਹ ਸੁਲਤਾਨ ਹੋਏ ਹੈਰਾਨ । ਗੁਰਮੁਖਾਂ ਮੇਲ ਮਿਲਾਇਆ ਸਾਚੇ ਕੰਤ, ਕਿਰਪਾ ਕਰ ਮਹਾਨ । ਆਤਮ ਜੋਤੀ ਨੂਰ ਸਵਾਇਆ, ਭਾਂਡਾ ਭਰਮ ਹਰਿ ਭੰਨ੍ਹਾਇਆ, ਏਕਾ ਦੀਆ ਸਾਚਾ ਦਾਨ । ਕਾਇਆ ਚੋਲਾ ਰੰਗ ਵਖਾਇਆ, ਸਾਚਾ ਗੋਲਾ ਦਰ ਬਹਾਇਆ, ਸ਼ਬਦ ਚੋਲਾ ਇਕ ਦਵਾਇਆ, ਆਪ ਉਠਾਇਆ ਨਾਮ ਬਿਬਾਣ । ਪੜਦਾ ਉਹਲਾ ਦੂਰ ਕਰਾਇਆ । ਸਰਬ ਕਲਾ ਭਰਪੂਰ, ਹਰਿ ਹਜ਼ੂਰ ਨੇਰਨ ਨੇਰ ਕਰ ਕਰ ਮਿਹਰ, ਗੁਰਮੁਖਾਂ ਹਰਿ ਆਪ ਤਰਾਇਆ । ਸ਼ਬਦ ਡੋਰੀ ਬੰਨ੍ਹੇ ਘੇਰ, ਕਲਜੁਗ ਅੰਤਮ ਕਰੇ ਚੋਰੀ ਸਿੰਘ ਸ਼ੇਰ, ਸ਼ੇਰ ਦਲੇਰ, ਆਪਣਾ ਭਾਣਾ ਆਪਣੇ ਹੱਥ ਰਖਾਇਆ । ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜਾਮਾ ਭੇਖ ਧਰ, ਗੁਰਮੁਖ ਸਾਚੇ ਵਿਚ ਸਮਾਇਆ । ਗੁਰਮੁਖ ਸਾਚੇ ਵਿਚ ਸਮਾਏ, ਭੇਵ ਛੁਪਾਇੰਦਾ । ਨਿਰਮਲ ਜੋਤੀ ਇਕ ਜਗਾਏ, ਦਿਸ ਕਿਸੇ ਨਾ ਆਇੰਦਾ । ਗਿਆਨ ਬਿਬੇਕੀ ਬੁਧ ਕਰਾਏ ਏਕਾ ਏਕੀ, ਭਗਤਾਂ ਟੇਕੀ ਸਾਚੀ ਬਣਤ ਬਣਾਇੰਦਾ । ਤਨ ਨਾ ਲਗੇ ਮਾਇਆ ਸੇਕੀ, ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੀ ਕਿਰਪਾ ਕਰ, ਕਾਇਆ ਮੰਦਰ ਅੰਦਰ ਸਾਚਾ ਆਸਣ ਪੁਰਖ ਅਬਿਨਾਸ਼ਣ ਸ਼ਾਹੋ ਸ਼ਾਬਾਸ਼ਣ ਆਪੇ ਆਪ ਲਗਾਇੰਦਾ । ਸਾਚਾ ਆਸਣ ਧਾਮ ਨਿਆਰਾ । ਨਾ ਕੋਈ ਜਾਣੇ ਜੀਵ ਗਵਾਰਾ । ਜੋਤੀ ਜ਼ਾਤਾ ਦੀਪ ਉਜਿਆਰਾ । ਕਮਲਾਪਾਤੀ ਪੁਰਖ ਨਿਰੰਕਾਰਾ । ਅੰਦਰ ਅੰਦਰ ਮਾਰੇ ਝਾਤੀ, ਲਹਿਣਾ ਦੇਣਾ ਚੁੱਕੇ ਬਾਕੀ, ਨਾ ਕੋਈ ਮਾਤ ਅਧਾਰਾ । ਏਕਾ ਚੜ੍ਹਿਆ ਸ਼ਬਦ ਰਾਕੀ, ਨਾ ਕੋਈ ਜਾਣੇ ਬੰਦਾ ਖਾਕੀ, ਗੁਰਮੁਖਾਂ ਮਿਲਿਆ ਸਾਚਾ ਸਾਕੀ, ਅੰਮ੍ਰਿਤ ਦੇਵੇ ਸਾਚੀ ਧਾਰਾ । ਬੰਦ ਦਵਾਰੇ ਖੋਲ੍ਹੇ ਤਾਕੀ, ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ ਦੇਵੇ ਦਰਸ ਰੂਪ ਅਗੰਮ ਅਪਾਰਾ । ਰੂਪ ਅਗੰਮ ਅਪਾਰ ਨਾ

ਕੋਈ ਜਣਾਇੰਦਾ । ਹੱਡ ਮਾਸ ਨਾੜੀ ਨਾ ਕੋਈ ਦੀਸੇ ਚਾਮ, ਪੰਜ ਤੱਤ ਨਾ ਕੋਈ ਧਰਾਇੰਦਾ । ਨਾ ਮਰੇ ਨਾ ਪਏ ਜੰਮ, ਨਾ ਨੀਰ ਵਹਾਏ ਛੰਮ ਛੰਮ, ਮਾਤਾ ਗੋਦ ਨਾ ਕੋਈ ਸੁਹਾਇੰਦਾ । ਨਾ ਕੋਈ ਪਵਣ ਸਵਾਸੀ ਲਏ ਦਮ, ਨਾ ਕੋਈ ਹੱਥੀਂ ਕਰੇ ਕੰਮ, ਦਿਸ ਕਿਸੇ ਨਾ ਆਇੰਦਾ । ਜਨ ਭਗਤਾਂ ਬੇੜਾ ਰਿਹਾ ਬੰਨ੍ਹ, ਸ਼ਬਦ ਵਸਾਏ ਸਾਚੇ ਤਨ, ਏਕਾ ਕੰਨ ਸੁਣਾਇੰਦਾ । ਭਾਂਡਾ ਭਰਮ ਪ੍ਰਭ ਦਏ ਭੰਨ, ਧਰਮ ਰਾਏ ਨਾ ਲਾਏ ਡੰਨ ਗੁਰਮੁਖ ਸਾਚਾ ਸਾਚਾ ਚੰਨ ਲੋਕਮਾਤ ਚੜ੍ਹਾਇੰਦਾ । ਕਲਜੁਗ ਜੀਵ ਆਤਮ ਅੰਨ੍ਹ, ਜੂਠਾ ਝੂਠਾ ਮਾਲ ਧਨ, ਪੰਜੇ ਚੋਰ ਲਾਇਣ ਸੰਨ੍ਹ, ਬਾਂਹੋਂ ਪਕੜ ਨਾ ਕੋਈ ਹਟਾਇੰਦਾ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ ਜੋਤ ਜਗਾਏ ਸਾਚੇ ਤਨ, ਅੰਧ ਅਗਿਆਨ ਮਿਟਾਇੰਦਾ । ਅੰਧ ਅਗਿਆਨ ਮਿਟੇ ਨਿਸ਼ਾਨਾ । ਚਰਨ ਧਿਆਨ ਸ੍ਰੀ ਭਗਵਾਨਾ । ਦੇਵੇ ਮਾਣ ਵਾਲੀ ਦੋ ਜਹਾਨਾਂ । ਸ਼ਬਦ ਆਣ ਇਕ ਰਖਾਨਾ । ਸੋਹੰ ਬੰਨ੍ਹੇ ਸਾਚਾ ਗਾਨਾ । ਝੁਲਦਾ ਰਹੇ ਜਗਤ ਨਿਸ਼ਾਨਾ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਡ ਰਾਜਨ ਰਾਜ ਸ਼ਾਹ ਸੁਲਤਾਨਾ ।

### ★ ੧੨ ਜੇਠ ੨੦੧੨ ਬਿਕ੍ਰਮੀ ਰੇਸ਼ਮ ਸਿੰਘ ਦੇ ਗ੍ਰਿਹ ਮੇਰਠ ਛਾਉਣੀ ★



ਮਨਮਤ ਜਗਤ ਵਪਾਰ, ਸ੍ਰਿਸ਼ਟ ਸਬਾਈਆ । ਮਨਮਤ ਬੇਮੁਹਾਰ, ਦਿਸ ਕਿਸੇ ਨਾ ਆਈਆ । ਮਨਮਤ ਨਾ ਕੋਈ ਸਕੇ ਵਿਚਾਰ, ਉਲਟੀ ਧਾਰਾ ਇਕ ਰਖਾਈਆ । ਮਨਮਤ ਤਨ ਮੰਦਰ ਕਰੇ ਖੁਆਰ, ਭਰਮ ਭੁਲੇਖੇ ਰਹੀ ਭੁਲਾਈਆ । ਮਨਮਤ ਕਲਜੁਗ ਵਾਸਾ ਅੰਦਰੇ ਅੰਦਰ, ਕੂੜ ਭਰਵਾਸਾ ਰਹੀ ਦਵਾਈਆ । ਮਨਮਤ ਕਰੇ ਅੰਧੇਰ ਕਾਇਆ ਕੰਦਰ, ਝੂਠਾ ਜੰਦਾ ਰਹੀ ਲਗਾਈਆ । ਜੋਤੀ ਜੋਤ ਸਰੂਪ ਹਰਿ, ਅਚਰਜ ਮਾਇਆ ਕਲ ਵਰਤਾਈਆ । ਮਨਮਤ ਮਤ ਪਰਧਾਨ । ਕਿਸੇ ਨਾ ਰੱਖੇ ਕੋਈ ਪਤ, ਚਾਰੋਂ ਕੁੰਟ ਜੀਵ ਸ਼ੈਤਾਨ । ਆਤਮ ਧੀਰਜ ਤੁਟਾ ਸਤਿ, ਦਿਵਸ ਰੈਣ ਬੇਈਮਾਨ । ਜੂਠੀ ਝੂਠੀ ਉਬਲੇ ਰਤ, ਮਾਇਆ ਝੂਠਾ ਪੀਣ ਖਾਣ । ਸ੍ਰਿਸ਼ਟ ਸਬਾਈ ਲੱਥੀ ਸਥ, ਜੂਠਾ ਝੂਠਾ ਪਵਣ ਮਸਾਣ । ਪੰਚ ਪੰਚਾਇਣੀ ਰਿਹਾ ਮਥ, ਲੋਭ ਹੰਕਾਰਾ ਫੜ ਵਦਾਨ । ਗੁਰਮੁਖ ਵਿਰਲਾ ਚੜ੍ਹੇ ਸਾਚੇ ਰਥ, ਜਿਸ ਕਿਰਪਾ ਕਰੇ ਆਪ ਭਗਵਾਨ । ਜਗਤ ਵਸੂਰੇ ਜਾਇਣ ਲਥ, ਦਰ ਘਰ ਸਾਚੇ ਦਰਸ਼ਨ ਪਾਣ । ਲੇਖਾ ਚੁਕੇ ਸੀਆਂ ਸਾਢੇ ਤਿੰਨ ਹੱਥ, ਅੰਤਮ ਅੰਤ ਨਾ ਫੇਰ ਪਛਤਾਣ । ਜੋਤੀ ਜਾਮਾ ਹਰਿ ਸਮਰਥ, ਆਪੇ ਗੋਪੀ ਆਪੇ ਕਾਹਨ । ਆਪ ਚਲਾਏ ਆਪਣੀ ਰਥ, ਸੋਹੰ ਸ਼ਬਦ ਸਚ ਨਿਸ਼ਾਨ । ਪਰਗਟ ਹੋਏ ਜਿਉਂ ਰਾਮਾ ਘਰ ਦਸਰਥ, ਸ਼ਬਦ ਫੜੇ ਤੀਰ ਕਮਾਨ । ਰਾਜ ਰਾਜਾਨਾਂ ਪਾਏ ਨਥ, ਬਲੀ ਬਲਵਾਨਾ ਵਿਚ ਮੈਦਾਨ । ਏਕਾ ਸੋਹੰ ਸੁਰਤੀ ਭੱਥ, ਰਸਨਾ ਚਿੱਲਾ ਤੀਰ ਕਮਾਨ । ਪੁਰਖ ਅਬਿਨਾਸ਼ੀ ਅਕਥਨਾ ਅਕਥ, ਪਰਗਟ ਹੋਏ ਵਾਲੀ ਦੋ ਜਹਾਨ । ਜੋਤੀ ਜੋਤ ਸਰੂਪ ਹਰਿ, ਕਲਜੁਗ ਦਿਤਾ ਇਕ ਵਰ, ਮਨਮਤ ਹੋਈ ਜਗਤ ਪਰਧਾਨ । ਮਨਮਤ ਵਡ ਗਵਾਰਨ, ਬੇਮੁਖਾਂ ਕਲ ਪਰਨਾਈਆ । ਨਾ ਕੋਈ ਜਾਣੇ ਸਾਚੀ ਧਾਰਨ, ਜੂਠਾ ਝੂਠਾ ਵਣਜ ਕਰਾਈਆ । ਨਾ ਕੋਈ ਸਕੇ ਪੈਜ ਸਵਾਰਨ, ਆਤਮ ਹੰਕਾਰਨ ਇਕ ਰਖਾਈਆ । ਆਪੇ ਜਾਣੇ ਆਪਣੀ ਕਾਰਨ, ਕਲਜੁਗ ਕਾਲਾ ਵੇਸ ਵਟਾਈਆ । ਚਾਰੋਂ ਕੁੰਟ ਸ਼ਾਹ

ਸਵਾਰਨ, ਭੌਂਦੀ ਫਿਰਦੀ ਵਾਹੋ ਦਾਹੀਆ । ਗੁਰਮੁਖ ਸਾਚੇ ਦਰ ਦੁਰਕਾਰਨ, ਦਰ ਦਵਾਰਾ ਲੰਘ ਨਾ ਪਾਈਆ । ਦੂਰੋਂ ਜੋੜ ਕਰੇ ਨਿਮਸਕਾਰਨ, ਪ੍ਰਭ ਸ਼ਬਦ ਖੰਡਾ ਰਿਹਾ ਵਖਾਈਆ । ਆਪੇ ਮਾਰੇ ਸਾਚੀ ਮਾਰਨ, ਤੀਰ ਨਿਸ਼ਾਨਾ ਇਕ ਲਗਾਈਆ । ਸੋਹੰ ਸ਼ਬਦ ਜੈ ਜੈਕਾਰਨ, ਗੁਰਸਿਖ ਕਾਇਆ ਮੰਦਰ ਭਾਗ ਲਗਾਈਆ । ਇਕ ਵਖਾਏ ਪਾਰ ਕਿਨਾਰਨ, ਸ਼ਬਦ ਬੇੜੇ ਰਿਹਾ ਚੜ੍ਹਾਈਆ । ਜੋਤੀ ਨੂਰ ਕਰ ਉਜਿਆਰਨ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਲੇਖਾ ਰਿਹਾ ਲਿਖਾਈਆ । ਮਨਮਤ ਜਗਤ ਲਲਕਾਰਨ, ਨੌਜਵਾਨਿਆ । ਆਪੇ ਵੇਖੇ ਸ਼ਾਹ ਸਵਾਰਨ, ਜੀਵ ਜੰਤ ਜੰਤ ਨਿਧਾਨਿਆ । ਘਰ ਘਰ ਬੈਠੇ ਸਰਬ ਵਿਚਾਰਨ, ਦਰ ਦਵਾਰਾ ਕਿਸੇ ਨਾ ਸਾਚਾ ਮਾਣਿਆ । ਵੇਲੇ ਅੰਤਮ ਆਏ ਹਾਰਨ, ਨਾ ਕੋਈ ਕਿਸੇ ਛੁਡਾਣਿਆ । ਗੁਰਮਤ ਹੋਏ ਮਾਤ ਉਜਿਆਰਨ, ਵਡ ਝੁਲਾਏ ਨਾਮ ਨਿਸ਼ਾਨਿਆ । ਭਗਤ ਸੁਹੇਲਾ ਪਾਏ ਸਾਰਨ, ਸਾਚਾ ਮੇਲਾ ਵਾਲੀ ਦੋ ਜਹਾਨਿਆ । ਨਾ ਕੋਈ ਕਰੇ ਮਾਤ ਉਧਾਰਨ, ਅੰਮ੍ਰਿਤ ਬਰਖੇ ਸਾਚਾ ਸਾਵਣ, ਧਾਰ ਠੰਡੀ ਠਾਰ ਰਖਾਨਿਆ । ਨੇੜ ਨਾ ਆਏ ਕਾਮਨੀ ਕਾਮਨ, ਪੁਰਖ ਅਬਿਨਾਸ਼ੀ ਧੁਰ ਦਰਗਾਹੀ ਸੱਚਾ ਜਾਮਨ, ਠੰਡੀ ਛਾਏਂ ਏਕਾ ਰਾਹ ਸਚ ਵਖਾਨਿਆ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਸੁਨੇਹੜਾ ਆਪੇ ਦੇਵੇ ਗੁਰਮਤ ਕਰੇ ਪਰਧਾਨਿਆ । ਗੁਰਮਤ ਕਰ ਪਰਵਾਨ, ਨਿਮਸਕਾਰਦੀ । ਪ੍ਰਭ ਅਬਿਨਾਸ਼ੀ ਦੀਆ ਜੀਆ ਦਾਨ, ਜਨ ਭਗਤਾਂ ਵਾਜਾਂ ਮਾਰਦੀ । ਪਰਗਟ ਹੋਇਆ ਨੌਜਵਾਨ, ਪੁਰਖ ਅਬਿਨਾਸ਼ੀ ਵਿਚ ਜਹਾਨ, ਗੁਰਮੁਖਾਂ ਤਨ ਬਸਤਰ ਅਸਤਰ ਸ਼ਬਦ ਸ਼ਿੰਗਾਰਦੀ । ਵੇਖਣ ਆਏ ਬਣ ਕੇ ਕਾਹਨ, ਸੰਗ ਰਖਾਏ ਧਰਮ ਨਿਸ਼ਾਨ, ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰੇ ਖੇਲ ਅਪਰ ਅਪਾਰਦੀ । ਹਰਿ ਸਰਨ ਸੱਚੀ ਦਰਗਾਹ, ਸਚ ਟਿਕਾਣਿਆ । ਹਰਿ ਸਰਨ ਤੁਟੇ ਜਮ ਕਾ ਫਾਹ, ਮਿਲੇ ਸ਼ਬਦ ਸੱਚਾ ਬਬਾਣਿਆ । ਹਰਿ ਸਰਨ ਗੁਰਮੁਖ ਵਿਰਲੇ ਮਿਲਦਾ ਥਾਂ, ਬੰਧਨ ਬੰਦੀ ਬੰਦ ਕਟਾਨਿਆ । ਹਰਿ ਸਰਨ ਗੁਰਮੁਖ ਬਣਾਏ ਹੰਸ ਕਾਂ, ਸ਼ਬਦ ਸਾਚੀ ਚੋਗ ਚੁਗਾ ਰਿਹਾ । ਹਰਿ ਸਰਨ ਦਰਗਹਿ ਸਾਚੀ ਦੇਵੇ ਥਾਂ, ਆਵਣ ਜਾਵਣ ਗੇੜ ਕਟਾ ਰਿਹਾ । ਹਰਿ ਸਰਨ ਪੁਰਖ ਅਬਿਨਾਸ਼ੀ ਪਕੜੇ ਬਾਂਹ, ਤ੍ਰੈਭਵਨ ਪਾਰ ਕਰਾ ਰਿਹਾ । ਹਰਿ ਸਰਨ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਨੂਰ ਮੇਲ ਮਿਲਾ ਰਿਹਾ । ਗੁਰਮਤ ਗੁਰ ਦਰ ਹੋਏ ਪਰਧਾਨਿਆ । ਕਲਜੁਗ ਮਿਟੇ ਅੰਧੇਰੀ ਸ਼ਾਮਨ, ਜੋਤੀ ਚਮਕੇ ਗੁਰਸਿਖ ਦਾਮਨ, ਕਰੇ ਪਰਕਾਸ਼ ਕੋਟਨ ਭਾਨਿਆ । ਵੇਖੇ ਨਾਮ ਨਿਰੰਜਣ ਇਕ ਨਿਸ਼ਾਨਣ, ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮਤ ਗੁਰਮੁਖ ਧਾਰ । ਸਚ ਕਰਾਏ ਵਣਜ ਵਪਾਰ । ਸੋਲਾਂ ਕਲੀਆਂ ਤਨ ਸ਼ਿੰਗਾਰ । ਲੱਖ ਚੁਰਾਸੀ ਉਤਰੇ ਪਾਰ, ਨਾਤਾ ਤੁੱਟੇ ਕਾਮ ਕਰੋਧ ਲੋਭ ਮੋਹ ਹੰਕਾਰ । ਸ਼ਬਦ ਤੀਰ ਨਿਰਾਲਾ ਛੁਟੇ, ਪੰਜਾਂ ਚੋਰਾਂ ਫੜ ਫੜ ਕੁਟੇ, ਸਾਚੇ ਅੰਦਰੋ ਕੱਢੇ ਬਾਹਰ । ਤਨ ਨਗਾਰੇ ਸ਼ਬਦ ਲਗਾਏ ਏਕਾ ਚੋਟੇ, ਆਪੇ ਪਰਖੇ ਖਰੇ ਖੋਟੇ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ । ਦਰਗਾਹ ਸਾਚੀ ਸਚ ਸੱਚੇ ਦਰਬਾਰਿਆ । ਗੁਰਮਤ ਗੁਰ ਕੀ ਰੀਤ, ਚਰਨ ਪਿਆਰਿਆ । ਨਾ ਕੋਈ ਮੰਦਰ ਨਾ ਮਸੀਤ, ਅੰਦਰੇ ਅੰਦਰ ਜਨ ਨਿਮਸਕਾਰਿਆ । ਅਚਰਜ ਚਲੇ ਚਲਾਏ ਮਾਤ ਰੀਤ, ਅੱਖਰ ਵੱਖਰ ਬਣਤ ਬਣਾ ਰਿਹਾ । ਮਾਨਸ ਦੇਹੀ ਰੱਖੇ ਠੰਡੀ ਸੀਤ, ਰਸਨਾ ਜਿਹਵਾ ਜਿਹਵਾ ਰਸਨਾ ਏਕਾ ਗੀਤ ਸੁਹਾ ਰਿਹਾ । ਆਪੇ ਪਰਖੇ ਘਰ ਘਰ ਨੀਤ, ਭਰਮ ਭੁਲੇਖਾ ਦੂਰ ਕਰਾ ਰਿਹਾ । ਗੁਰਮੁਖ ਸਾਚਾ ਸੰਤ ਸੁਹੇਲਾ ਮਾਨਸ ਦੇਹੀ ਜਾਏ ਜੀਤ, ਕਲਜੁਗ ਬੇੜਾ ਪਾਰ

ਕਰਾ ਰਿਹਾ । ਮਿਲੇ ਮੇਲ ਹਰਿ ਸਾਚਾ ਮੀਤ, ਲੱਖ ਚੁਰਾਸੀ ਗੇੜ ਆਪ ਕਟਾ ਰਿਹਾ । ਕਲਜੁਗ ਔਧ ਰਹੀ ਬੀਤ, ਸਤਿਜੁਗ ਸਾਚੇ ਜਨਮ ਦਵਾ ਰਿਹਾ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਦਵਾਰਾ ਗੁਰ ਗੁਰ ਅੰਦਰ ਜੋਤੀ ਨੂਰਾ ਡੂੰਘੀ ਕੰਦਰ ਕਾਇਆ ਮੰਦਰ ਆਪ ਸੁਹਾ ਰਿਹਾ । ਗੁਰਮਤ ਗੁਰ ਦਰ ਆਈ, ਹਰਿ ਹਰਿ ਮਿਹਰਵਾਨਿਆ । ਗੁਰਮਤ ਰਿਹਾ ਸਮਝਾਈ, ਗੁਰਮੁਖ ਵੇਖਣ ਵਿਚ ਜਹਾਨਿਆ । ਦਰ ਘਰ ਜਾਇਣ ਚਾਈਂ ਚਾਈਂ, ਬੈਠ ਸ਼ਬਦ ਵਿਚ ਬਿਬਾਣਿਆ । ਪਕੜ ਉਠਾਏ ਫੜ ਕੇ ਬਾਂਹੀਂ, ਨਾਮ ਜਪਾਏ ਸ੍ਰੀ ਭਗਵਾਨਿਆ । ਸਦਾ ਰਖਾਏ ਠੰਡੀ ਛਾਈ, ਏਕਾ ਰਾਹ ਸਚ ਵਖਾਨਿਆ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਸੁਨੇਹੜਾ ਆਪੇ ਦੇਵੇ ਗੁਰਮੁਖ ਕਰੇ ਪਰਵਾਨਿਆ । ਹਰਿਜਨ ਅਪਾਰ ਵਿਚ ਸੰਸਾਰਿਆ । ਮਾਨਸ ਜਨਮ ਪੈਜ ਸਵਾਰ, ਪਾਰ ਉਤਾਰਿਆ । ਖੁਲ੍ਹੇ ਬੰਦ ਕਿਵਾੜ, ਸਹਿਜੇ ਸਹਿਜ ਸਾਚੇ ਸ਼ਬਦ ਤਨ ਸ਼ਿੰਗਾਰਿਆ । ਸ਼ਬਦ ਸੁਨੇਹੜਾ ਰਿਹਾ ਭੇਜ, ਸ਼ਿਵ ਸ਼ੰਕਰ ਬ੍ਰਹਮਾ ਇੰਦਰ ਆਪ ਜਗਾ ਰਿਹਾ । ਜੋਤੀ ਜਾਮਾ ਚਮਕੇ ਤੇਜ, ਸ਼ਬਦ ਸਿੰਘਾਸਣ ਡੇਰਾ ਲਾ ਰਿਹਾ । ਸੋਹੰ ਫੜਿਆ ਸਾਚਾ ਨੇਜ, ਅਸ਼ਟਭੁਜ ਇਹ ਸਮਝਾ ਰਿਹਾ । ਧਰਤ ਮਾਤ ਬਣਾਉਣੀ ਸਾਚੀ ਸੇਜ, ਲੱਖ ਚੁਰਾਸੀ ਗੋਦੀ ਵਿਚ ਬਿਠਾ ਰਿਹਾ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਕਲਜੁਗ ਤੇਰੀ ਬਣਤ ਬਣਾ ਰਿਹਾ । ਹਰਿ ਚਰਨ ਸਰਨਾਏ ਮਨ ਬੈਰਾਗਿਆ । ਮਿਲਿਆ ਮੇਲ ਹਰਿ ਹਰਿ ਰਾਏ, ਸੋਇਆ ਮੋਇਆ ਤਨ ਉਠ ਜਾਗਿਆ । ਹੋਇਆ ਮੇਲਾ ਸਾਚੇ ਥਾਈ, ਏਕਾ ਸੁਣਿਆ ਸਾਚਾ ਰਾਗਿਆ । ਨਾ ਕੋਈ ਦੀਸੇ ਪਿਤਾ ਮਾਈ, ਚਰਨ ਕਵਲ ਕਵਲ ਚਰਨ ਹਰਿ ਸਾਚੇ ਲਾਗਿਆ । ਨਾ ਕੁਛ ਪੀਏ ਨਾ ਕੁਛ ਖਾਏ, ਮਿਲਿਆ ਮੇਲ ਕੰਤ ਸੁਹਾਗਿਆ । ਇਕ ਜਪਾਇਆ ਸਾਚਾ ਨਾਂਏ, ਨਾ ਕਦੇ ਸੋਏ ਸਦਾ ਜਾਗਿਆ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਰਨ ਸਰਨ ਸਰਨ ਚਰਨ ਹਰਿ ਜਨ ਆਏ ਭਾਗਿਆ । ਹਰਿ ਚਰਨ ਸਰਨਾਈ, ਮਿਲੇ ਮਾਤ ਵਡਿਆਈ, ਲਿਖਿਆ ਲੇਖ ਧੁਰ ਸੰਜੋਗਿਆ । ਬੇਮੁਖ ਕਰੇ ਕਿਆ ਚਤੁਰਾਈ, ਪ੍ਰਭ ਲਾਇਆ ਹਉਮੇ ਰੋਗਿਆ । ਨਾ ਕੋਈ ਜਾਣੇ ਜੀਵ ਗੁਸਾਂਈ, ਕਵਣ ਦੇਵੇ ਦਰਸ ਅਮੋਘਿਆ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਸਾਚਾ ਮੇਲਾ ਇਕ ਅਕੇਲਾ ਵਕਤ ਸੁਹੇਲਾ, ਆਪੇ ਗੁਰ ਆਪੇ ਚੇਲਾ, ਸਾਚਾ ਰਸ ਆਤਮ ਘਰ ਬੈਠ ਹਰਿ ਆਪਣਾ ਆਪ ਭੋਗਿਆ । ਸਾਚਾ ਭੋਗ ਸ਼ਬਦ ਹੁਲਾਸ । ਨਿਜ ਘਰ ਆਤਮ ਸਾਚਾ ਵਾਸ । ਪੂਰ ਕਰਾਏ ਆਪਣਾ ਕਾਮਾ, ਹੋਏ ਪਰਕਾਸ਼ ਵਿਚ ਪਰਭਾਸ । ਸੋਹੰ ਵੱਜੇ ਇਕ ਦਮਾਮਾ, ਕਾਇਆ ਮੰਡਲ ਸੋਹਣੀ ਰਾਸ । ਚਾਰ ਕੁੰਟ ਹੱਡ ਮਾਸ ਨਾੜੀ ਚਾਮਾ, ਨਾ ਕੋਈ ਜਾਣੇ ਕਵਣ ਦਵਾਰੇ ਵਸੇ ਪਵਣ ਸਵਾਸ । ਕਵਣ ਘਰ ਵਸੇਰਾ ਸਾਚੇ ਰਾਮਾ, ਕਵਣ ਤਨ ਦਏ ਬਨਵਾਸ । ਕਵਣ ਕੂਟੇ ਸ਼ਬਦ ਘੇਰਾ, ਮਨ ਵੈਰਾਗ ਨਾ ਹੋਏ ਉਦਾਸ । ਕਵਣ ਸੁ ਵੇਲਾ ਸੰਞ ਸਵੇਰਾ, ਅਗਿਆਨ ਅੰਧੇਰਾ ਜਾਏ ਵਿਨਾਸ । ਕਵਣ ਚੁਕਾਏ ਮੇਰਾ ਤੇਰਾ, ਇਕ ਵਖਾਏ ਪ੍ਰਿਥਮੀ ਅਕਾਸ਼ । ਕਵਣ ਢਾਹੇ ਭਰਮਾਂ ਡੇਰਾ, ਪੰਜਾਂ ਚੋਰਾਂ ਕਰੇ ਨਾਸ । ਕਵਣ ਗੁਰ ਕਵਣ ਚੇਰਾ, ਕਵਣ ਹੋਇਆ ਰਹੇ ਦਾਸ । ਕਵਣ ਵਸਾਏ ਕਾਇਆ ਖੇੜਾ, ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਗੁਰਮੁਖ ਸਾਚੇ ਸੰਤ ਜਨਾਂ ਹੋਇਆ ਰਹੇ ਸਦ ਦਾਸਨ ਦਾਸ । ਹਰਿ ਚਰਨ ਸਰਨਾਈ ਜਨਮ ਸੁਹੇਲਿਆ । ਪ੍ਰਭ ਅਬਿਨਾਸ਼ੀ ਦਇਆ ਕਮਾਈ, ਮੇਲਾ ਮੇਲਿਆ । ਪੂਰਬ ਲਹਿਣਾ ਦੇਣਾ ਰਿਹਾ ਚੁਕਾਈ, ਕਲਜੁਗ ਆਇਆ

੬੭ ੦੫

ਅੰਤਮ ਵੇਲਿਆ । ਦਰ ਦਵਾਰੇ ਕੱਟਣ ਆਇਆ ਜਮ ਕੀ ਫਾਹੀ, ਅਚਰਜ ਖੇਲ ਪ੍ਰਭੂ ਕਲ ਖੇਲਿਆ । ਗੁਰਮੁਖ ਉਠਾਏ ਫੜ ਫੜ ਬਾਂਹੀਂ, ਵਸਾਏ ਧਾਮ ਇਕ ਨਵੇਲਿਆ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਰਨ ਪ੍ਰੀਤੀ ਸਚ ਧਿਆਨਾ । ਸ਼ਬਦੀ ਜੋਤੀ ਮੇਲ ਭਗਵਾਨਾ, ਵਰਨ ਗੋਤੀ ਨਾ ਕੋਈ ਨਿਸ਼ਾਨਾ, ਸਾਚੇ ਦਰ ਰਿਹਾ ਸੁਹਾਈ । ਹਰਿ ਚਰਨ ਸਰਨਾਈ ਪੁਰਖ ਅਗੰਮਿਆ । ਭੇਵ ਰਹੇ ਨਾ ਰਾਈ, ਦੇ ਮਤ ਰਿਹਾ ਸਮਝਾਈ, ਕਲਜੁਗ ਜੀਵਾਂ ਅੰਨ੍ਹਿਆਂ । ਜ਼ਾਤੀ ਪਾਤੀ ਭੇਵ ਚੁਕਾਈ, ਪੁਰਖ ਬਿਧਾਤੀ ਦਇਆ ਕਮਾਈ, ਅੰਮ੍ਰਿਤ ਬੂੰਦ ਸਵਾਂਤੀ ਇਕ ਪਿਆਈ, ਭਾਂਡਾ ਭਰਮ ਪ੍ਰਭ ਭੰਨਿਆ । ਨਾ ਕੋਈ ਜਾਣੇ ਹਿੰਦੂ ਮੁਸਲਿਮ ਸਿੱਖ ਈਸਾਈ । ਜ਼ਾਤ ਕੁਜ਼ਾਤੀ ਕਲਜੁਗ ਤੇਰੀ ਅੰਧੇਰੀ ਰਾਤੀ, ਧਰਤ ਮਾਤੀ ਰਿਹਾ ਮਿਟਾਈ । ਏਕਾ ਬੰਨ੍ਹੇ ਚਰਨ ਨਾਤੀ, ਰੱਖੇ ਪਤ ਕਮਲਾਪਾਤੀ, ਏਕਾ ਘਰ ਏਕਾ ਜੀਆ, ਏਕਾ ਦੀਆ ਏਕਾ ਹੀਆ, ਏਕਾ ਨੀਆ ਏਕਾ ਬੀਆ, ਲੱਖ ਚੁਰਾਸੀ ਰਿਹਾ ਉਪਾਈ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਸੁਹੇਲੇ ਚਰਨ ਸਰਨ ਸਰਨ ਗੁਰ ਚਰਨ ਇਕ ਰਖਾਈ । ਹਰਿ ਚਰਨ ਸਰਨਾਈ ਭਰਮ ਚੁਕਾਇਆ । ਮਿਲਿਆ ਮੇਲ ਸਾਚੇ ਮਾਹੀ, ਧਰਮ ਧਰਾਇਆ । ਜ਼ਾਤ ਪਾਤ ਕੋਈ ਦੀਸੇ ਨਾਹੀ, ਵਰਨ ਅਵਰਨਾਂ ਨਜ਼ਰੀ ਆਇਆ । ਕਲਜੁਗ ਧੋਣ ਆਇਆ ਛਾਹੀ, ਅੰਮ੍ਰਿਤ ਜਲ ਇਕ ਰਖਾਇਆ । ਲੇਖਾ ਲਿਖੇ ਫੜ ਫੜ ਬਾਂਹੀਂ, ਧਰਮ ਰਾਏ ਦਰ ਬਹਾਇਆ । ਦੇਵੇ ਵਰ ਬੇਪਰਵਾਹੀ, ਤਖ਼ਤ ਸਿੰਘਾਸਣ ਡੇਰਾ ਲਾਇਆ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਭਾਣਾ ਸਾਚਾ ਰਾਣਾ ਸਰਬ ਥਾਈਂ ਰਿਹਾ ਵਰਤਾਇਆ । ਹਰਿ ਚਰਨ ਸਰਨਾਈ ਧਰਮ ਦਵਾਰਿਆ । ਪੂਰਬ ਕਰਮ ਵਿਚਾਰ, ਬਣਤ ਬਣਾ ਰਿਹਾ । ਦਰ ਘਰ ਸਾਚੇ ਪਾਏ ਸਾਰ, ਧਰਮ ਰਾਏ ਕਰੇ ਖ਼ਬਰਦਾਰ, ਚਿਤਰ ਗੁਪਤ ਸੰਗ ਰਖਾ ਰਿਹਾ । ਲੇਖਾ ਲਿਖਣਾ ਸਚ ਦਰਬਾਰ, ਲਹਿਣਾ ਦੇਣਾ ਨਾ ਕੋਈ ਕਰਨਾ ਮਾਤ ਉਧਾਰ, ਸਾਚਾ ਹੁਕਮ ਸੁਣਾ ਰਿਹਾ । ਲੱਖ ਚੁਰਾਸੀ, ਆਪਣਾ ਭਾਰ ਆਪ ਉਠਾਉਣਾ । ਕੂੜ ਕੁਟੰਬਾ ਨਾਤਾ ਤੁੱਟੇ, ਸ਼ਬਦ ਨਿਰਾਲਾ ਤੀਰ ਛੁੱਟੇ, ਅੱਗੇ ਹੋ ਨਾ ਕਿਸੇ ਬਚਾਉਣਾ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਸਰਨਾਈ ਇਕ ਰਖਾਈ, ਦਰ ਦਰਬਾਰਾ ਇਕ ਖੁਲ੍ਹਾਉਣਾ । ਹਰਿ ਚਰਨ ਸਰਨਾਈ ਸਚ ਦਰਬਾਰਿਆ । ਆਪਣੀ ਕਰਨੀ ਰਿਹਾ ਕਰ, ਜੁਗਾ ਜੁਗੰਤਰ ਵਾਰੋ ਵਾਰਿਆ । ਨਾ ਜਨਮੇ ਨਾ ਜਾਏ ਮਰ, ਜੋਤੀ ਜਾਮਾ ਭੇਖ ਨਿਆਰਿਆ । ਨਾ ਕੋਈ ਤੀਰਥ ਤਟ ਬਣਾਏ ਸਾਚਾ ਸਰ, ਸ਼ਬਦ ਰਾਗ ਨਾ ਕੋਈ ਗਾ ਰਿਹਾ । ਡੰਡੇ ਪੌੜੇ ਨਾ ਜਾਏ ਚੜ੍ਹ, ਸ਼ਬਦ ਘੋੜਾ ਇਕ ਰਖਾ ਰਿਹਾ । ਜਨ ਭਗਤ ਦਵਾਰੇ ਅੱਗੇ ਖੜ੍ਹ, ਸਵੱਛ ਸਰੂਪੀ ਦਰਸ ਦਿਖਾ ਰਿਹਾ । ਦਸਮ ਦਵਾਰੀ ਵੇਖ ਵਖਾਣੇ ਕਾਇਆ ਕੋਟ ਕਿਲ੍ਹਾ ਗੜ੍ਹ, ਜੂਠੇ ਝੂਠੇ ਪਹਿਰੇਦਾਰੀ ਕਰੇ ਅਕਾਰਿਆ । ਜੋਤੀ ਜਗੇ ਅੰਦਰੇ ਅੰਦਰ, ਸ਼ਬਦ ਨਾਦ ਇਕ ਵਜਾ ਰਿਹਾ । ਆਪੇ ਵਸੇ ਪਿੱਛੇ ਅਗਾੜੀ, ਨਾ ਕੋਈ ਮਾਸ ਨਾ ਕੋਈ ਨਾੜੀ, ਜੋਤ ਨਿਰੰਜਣ ਕਰ ਅਕਾਰਾ, ਹਰਿ ਵਰਤਾਰਾ ਸਰੂਪ ਸਰੂਪਾ ਵਡਾ ਭੂਪਾ ਏਕਾ ਭੇਖ ਵਟਾ ਰਿਹਾ । ਹੋਏ ਪਰਕਾਸ਼ ਕਾਇਆ ਅੰਧ ਕੂਪਾ, ਨਾ ਕੋਈ ਜੋਤ ਸੁਗੰਧੀ ਨਾ ਕੋਈ ਵਖਾਏ ਦੀਪ ਧੂਪ, ਏਕਾ ਏਕ ਏਕ ਆਪਣੀ ਜੋਤੀ ਡਗਮਗਾ ਰਿਹਾ । ਚਾਰੋਂ ਕੁੰਟ ਨਾ ਲਗੇ ਸੇਕ, ਸੀਤਲ ਧਾਰ ਹਰਿ ਕਰਤਾਰ ਨਿਝਰ ਧਾਰ ਆਪਣੀ ਆਪ ਬਹਾ ਰਿਹਾ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਨ ਚਰਨ ਚਰਨ ਸਰਨ ਗੁਰਮੁਖਾਂ ਚੁਕਾਏ

ਮਰਨ ਡਰਨ ਡਰਨ ਮਰਨ ਤਾਲ ਤਲਵਾੜਾ ਬਹੱਤਰ ਨਾੜਾ ਰਾਗ ਛਤੀਸ ਦੰਦ ਬਤੀਸ ਨਾ ਕੋਈ ਸੁਣਾ ਰਿਹਾ । ਨਾ ਕੋਈ ਗਾਏ ਰਾਗ ਰਾਗਨੀ, ਮਿਲੇ ਮੇਲ ਹਰਿ ਕੰਤ ਸੁਹਾਗਣੀ । ਸਾਚੀ ਸੂਰਤ ਸ਼ਬਦ ਤੂਰਤ ਅਕਾਲ ਮੂਰਤ ਜੋਤ ਨਿਰੰਜਣ ਸਦਾ ਜਾਗਣੀ । ਨਾ ਕੋਈ ਦੀਸੇ ਅੰਧ ਅੰਧਿਆਰ ਜੂਠ ਝੂਠ ਨਾ ਕੂੜ ਕੂੜਤ, ਏਕਾ ਰੰਗ ਪ੍ਰਭ ਸਾਚਾ ਸੰਗ ਪਤਤ ਪਾਵਨੀ । ਸਚ ਦਵਾਰਾ ਜਾਏ ਲੰਘ, ਵੱਜੇ ਨਾਮ ਸ਼ਬਦ ਇਕ ਮਰਦੰਗ, ਅੱਗੇ ਦੀਸੇ ਘਰ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਗੇ ਜੋਤ ਦਮਕ ਦਾਮਨੀ । ਦਸਮ ਦਵਾਰਾ ਪਾਰ ਕਰਾਈਆ । ਸੋਹੰ ਧਾਰਾ ਇਕ ਵਖਾਈਆ । ਆਪੇ ਵੇਖੇ ਵੇਖ ਵਖਾਣੇ ਸ਼ਬਦ ਅਸਵਾਰਾ, ਦੂਸਰ ਕੋਈ ਦਿਸ ਨਾ ਆਈਆ । ਅੱਖਰ ਵੱਖਰ ਨਿਸ਼ਅੱਖਰ, ਅਗਣਤ ਗਣੀ ਨਾ ਜਾਈਆ । ਸਤਿ ਪੁਰਖ ਨਿਰੰਜਣ ਜੋਤੀ ਧਾਰਾ ਸ਼ਬਦ ਕੀਆ ਬਾਹਰਾ ਵੱਖਰ ਸੋਹੰ ਨਾਮ ਰਖਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਸਚ ਸੁਗਾਤ ਵਡ ਕਰਾਮਾਤ, ਲੋਕਮਾਤ ਮਾਰ ਝਾਤ ਸਤਿਜੁਗ ਸਾਚੇ ਤੇਰੀ ਝੋਲੀ ਪਾਈਆ । ਸੋਹੰ ਵਸੇ ਘਰ ਨਿਆਰ । ਜੀਵ ਜੰਤ ਨਾ ਪਾਏ ਸਾਰ । ਜੋਤ ਨਿਰੰਜਣ ਇਕ ਅਕਾਰ । ਸੁਨ ਮੰਡਲ ਪਸਰ ਪਸਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਵਹਾਏ ਦਸਮ ਦਵਾਰੀ ਸਾਚੀ ਧਾਰ । ਈਸ਼ਰ ਜੋਤੀ ਪੂਤ ਸਪੂਤਾ ਜਾਪ ਸੋਹੰ ਸਚ ਰਖਾਇਆ । ਸੋ ਪਿਤਾ ਹੰ ਪੂਤ ਅਖਵਾਇਆ । ਨਾਮ ਧਾਰ ਏਕਾ ਦੂਤ, ਇਕ ਦੂਜੇ ਦਾ ਲੜ ਫੜਾਇਆ । ਨਾ ਕੋਈ ਦਿਸੇ ਦਿਸ਼ਾ ਕੂਟ, ਇਕ ਹੁਲਾਰਾ ਰਿਹਾ ਝੂਟ, ਪ੍ਰਭ ਅਬਿਨਾਸ਼ੀ ਰਿਹਾ ਝੁਲਾਇਆ । ਜੋਤੀ ਖਿਟਾ ਗਿਆ ਫੂਟ, ਸੋਹੰ ਪਰਗਟ ਬਾਹਰ ਆਇਆ । ਦਸਮ ਦਵਾਰੀ ਪੜਦਾ ਗਿਆ ਛੂਟ, ਕਾਇਆ ਮੰਦਰ ਡੇਰਾ ਲਾਇਆ । ਹਾਟੀ ਮਾਟੀ ਪੰਜ ਭੂਤ, ਨਿਰਗੁਣ ਰੂਪ ਹਰਿ ਸਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਅੰਦਰ ਸਾਚੇ ਦਰ ਆਪ ਆਪਣਾ ਰਾਗ ਸੁਣਾਇਆ । ਕਿਰਤ ਕਰਮ ਪ੍ਰਭ ਕੱਟ ਚਰਨ ਦਵਾਰਿਆ । ਦੁੱਖਾਂ ਰੋਗਾਂ ਚਿੰਤਾ ਸੋਗਾਂ ਜੜ੍ਹ ਪੱਟ, ਕਰ ਤਨ ਸ਼ਿੰਗਾਰਿਆ । ਕਾਇਆ ਮੰਦਰ ਖੋਲ੍ਹ ਸਾਚਾ ਹੱਟ, ਮਿਲੇ ਵਸਤ ਇਕ ਅਪਾਰਿਆ । ਸਦਾ ਵਸੇ ਘਟ ਘਟ, ਜੋਤੀ ਜਗੇ ਲਟ ਲਟ, ਝੂਠਾ ਮੇਟੇ ਅੰਧ ਅੰਧਿਆਰਿਆ । ਹਉਮੇ ਰੋਗ ਮੇਟੇ ਫਟ, ਸਾਚਾ ਲਾਹਾ ਲਈਏ ਖੱਟ, ਰਸਨਾ ਰਸ ਆਤਮ ਚੱਟ, ਸੋਮਾ ਵਗੇ ਨਿਝਰ ਧਾਰਿਆ । ਭਾਗ ਲਗੇ ਕਾਇਆ ਮਟ, ਪੰਜੇ ਚੋਰ ਝੂਠੇ ਭੱਟ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਾਨਸ ਦੇਹੀ ਮਿਲੇ ਸਾਚਾ ਸਰ, ਗੁਰਮੁਖ ਤਾਰੀ ਇਕ ਲਗਾ ਰਿਹਾ । ਆਏ ਦਰ ਦਵਾਰ ਬਣ ਭਿਖਾਰਿਆ । ਕਿਰਪਾ ਕਰ ਹਰਿ ਨਿਰੰਕਾਰ ਕਾਇਆ ਰੋਗ ਚਿੰਤਾ ਸੋਗ ਰਸਨਾ ਭੋਗ ਲਗਾ ਰਿਹਾ । ਚਰਨ ਪ੍ਰੀਤੀ ਧਰ ਪਿਆਰ ਵਿਚ ਸੰਸਾਰ ਮਿਲੇ ਜੋਤ ਸ਼ਬਦ ਅਪਾਰਿਆ । ਏਕਾ ਰਸ ਲਈਏ ਭੋਗ, ਝੂਠਾ ਮਿਟੇ ਜਗਤ ਵਿਜੋਗ, ਲਿਖਿਆ ਹਰਿ ਸੱਚਾ ਸੰਜੋਗ ਕਰਮ ਜਰਮ ਜਰਮ ਕਰਮ ਸਾਚੇ ਲੇਖੇ ਲਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੰਗਣ ਆਏ ਇਕ ਦਰ, ਨਾ ਕੋਈ ਦੂਸਰ ਹੋਰ ਅਖਵਾ ਰਿਹਾ । ਆਏ ਦਰ ਦਰ ਸਵਾਲੀ । ਜੋਤ ਨਿਰੰਤਰ ਆਪ ਬੁਝਾਏ ਤਨ ਬਸੰਤਰ, ਦਿਵਸ ਰੈਣ ਕਰੇ ਰਖਵਾਲੀ । ਆਤਮ ਜੋਤੀ ਨੂਰ ਨੁਰੰਤਰ, ਆਪੇ ਜਾਣੇ ਆਤਮ ਅੰਤਰ, ਕਲਜੁਗ ਘਟਾ ਰੈਣ ਕਾਲੀ । ਕਾਇਆ ਮੰਦਰ ਗਗਨ ਗਗਨੰਤਰ, ਆਪ ਸੁਹਾਏ ਥਾਨ ਥਨੰਤਰ, ਦੀਪਕ ਜੋਤੀ ਇਕ ਜਵਾਲੀ । ਦਰਗਾਹ ਸਾਚੀ ਹਰਿਜਨ ਬਣਾਏ ਸਾਚੀ ਬਣਤਰ, ਸੋਹੰ ਸ਼ਬਦ ਜਗ ਸਾਚਾ ਮੰਤਰ, ਦੇਵੇ ਹਰਿ ਕਿਰਪਾ ਕਰ ਵਾਲੀ ਦੋ ਜਹਾਨੀ । ਜੋਤੀ ਜੋਤ ਸਰੂਪ ਹਰਿ,

ਆਪ ਆਪਣੀ ਜੋਤ ਧਰ, ਹਰਿ ਸੰਗਤ ਦੇਵੇ ਸਾਚਾ ਵਰ, ਏਕਾ ਏਕ ਹਰਿ ਹਰਿ ਨਾਮ ਨਿਸ਼ਾਨੀ । ਗੁਰ ਸੰਗਤ ਬਣੇ ਮਾਤ ਬਰਾਤ । ਏਕਾ ਮੰਗੇ ਵਸਤ ਦਸਤ ਨਾਮ ਦਾਤ । ਦਿਵਸ ਰੈਣ ਤੀਜੇ ਨੈਣ ਰਹਿਣ ਮਸਤ, ਸਾਚਾ ਨਾਤਾ ਪੁਰਖ ਅਬਿਨਾਸ਼ੀ ਪੁਰਖ ਬਿਧਾਤ । ਸੋਹੰ ਘੋੜਾ ਸਾਚਾ ਹਸਤ, ਨਾ ਕੋਈ ਦੀਸੇ ਤਨ ਬਸਤ, ਅੱਠੇ ਪਹਿਰ ਮਾਰੇ ਝਾਤ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ ਹਉਮੇ ਕਾਇਆ ਰੋਗ ਗਵਾਏ, ਤਨ ਮੰਦਰ ਕਰੇ ਠੰਡਾ ਸਾਂਤ । ਸਾਂਤਕ ਸਾਂਤ ਸਤਿ ਸਰੂਰਾ । ਦਰ ਘਰ ਆਇਆ ਦਇਆ ਕਮਾਏ, ਆਸਾ ਮਨਸਾ ਹਰਿ ਜੀ ਪੂਰਾ । ਚਰਨ ਸਰਨ ਸਰਨਾਏ, ਜਗਤ ਰੋਗਾ ਹੋਏ ਦੂਰਾ । ਚਲੇ ਚਲਾਏ ਆਪਣੇ ਭਾਣੇ ਜਗਤ ਵਿਛੋੜਾ ਦੂਰ ਕਰਾਏ, ਰੰਗਣ ਰੰਗ ਚੜ੍ਹਾਏ ਗੂੜਾ । ਸਾਚਾ ਕੰਗਣ ਤਨ ਪਹਿਨਾਏ, ਆਪਣੀ ਰੰਗਣ ਆਪ ਵਖਾਏ, ਲਾਲ ਦੁਸ਼ਾਲਾ ਸੋਹੰ ਕੰਗਣ ਸ਼ਬਦ ਸਾਚਾ ਚੂੜਾ । ਗੁਰ ਗੋਪਾਲਾ ਦੀਨ ਦਿਆਲਾ ਸਦ ਰਖਵਾਲਾ ਗੁਰਮੁਖ ਸਾਚੇ ਚਤੁਰ ਸੁਜਾਨ ਬਣਾਏ, ਮਨਮੁਖ ਮੂਗਧ ਮੂੜ੍ਹਾ । ਏਕਾ ਤੀਰ ਨਿਸ਼ਾਨ ਰਖਾਏ, ਬਜਰ ਕਪਾਟੀ ਪਾਰ ਕਰਾਏ, ਸਾਚੀ ਹਾਟੀ ਮਾਤ ਵਖਾਏ, ਜੋਤ ਲਿਲਾਟੀ ਦੀਪ ਜਗਾਏ, ਔਖੀ ਘਾਟੀ ਆਪ ਚੜ੍ਹਾਏ, ਕਾਇਆ ਮਾਟੀ ਹੋਏ ਰੁਸ਼ਨਾਏ, ਜਗਤ ਵਿਕਾਰਾ ਦਿਸੇ ਕੂੜਾ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿ ਸੰਗਤ ਹਰਿ ਦਰ ਭਿਖਾਰ, ਪ੍ਰਭ ਅਬਿਨਾਸ਼ੀ ਕਿਰਪਾ ਕਰ, ਦੇਵੇ ਵਰ ਨਾਮ ਨਿਰੰਜਣ ਸਾਚਾ ਅੰਜਨ ਗੁਰ ਚਰਨ ਪ੍ਰੀਤੀ ਮਸਤਕ ਸਾਚੀ ਧੂੜਾ । ਹਰਿ ਭਾਣਾ ਸਦਾ ਅਟੱਲ, ਗੁਰਮੁਖ ਵਿਚਾਰਿਆ । ਏਕਾ ਰਹੇ ਆਪ ਅਚਲ, ਵਸੇ ਜਲ ਥਲ ਅੰਤ ਨਾ ਪਾਰਾਵਾਰਿਆ । ਸ਼ਬਦ ਸੁਨੇਹੁੜਾ ਅੰਦਰੇ ਅੰਦਰ ਰਿਹਾ ਘੱਲ, ਕਾਇਆ ਮਾਟੀ ਸਚ ਮਹੱਲ ਏਕਾ ਹਰਿ ਉਸਾਰਿਆ । ਜੋਤੀ ਜੋਤ ਸਰੂਪ ਹਰਿ, ਗੁਰਮੁਖ ਸਾਚੇ ਸੰਤ ਜਨਾਂ ਸਾਚੇ ਮਾਰਗ ਆਪ ਚਲਾ ਰਿਹਾ । ਸਚ ਬੇਨੰਤੀ ਗੁਰ ਚਰਨ ਦਵਾਰ । ਗੁਰਮੁਖ ਕਾਇਆ ਭਾਗਾਂ ਵੰਤੀ, ਸੁਣੇ ਪੁਕਾਰ ਹਰਿ ਦਾਤਾਰ । ਏਕਾ ਧਾਰ ਜੀਵ ਜੰਤੀ ਸਾਧ ਸੰਤੀ, ਨਾਮ ਬਸੰਤੀ ਰੰਗ ਅਪਾਰ । ਜੋਤੀ ਜੋਤ ਸਰੂਪ ਹਰਿ, ਜਗਤ ਪਿਤਾ ਦਾਤਾ ਜਗਦੀਸ਼ਰ ਆਪੇ ਬੰਨ੍ਹੇ ਸਾਚੀ ਧਾਰ । ਸਾਚੀ ਧਾਰ ਪ੍ਰਭ ਮਾਤ ਬਣਾਉਣੀ । ਕਲਜੁਗ ਭਰਮ ਅੰਧੇਰੀ ਰਾਤ, ਝੂਠੀ ਮਾਇਆ ਅੰਤ ਮਿਟਾਉਣੀ । ਚਰਨ ਕਵਲ ਕਵਲ ਚਰਨ ਹਰਿ ਹਿਰਦੇ ਸਾਚਾ ਨਾਤ, ਸਾਚੀ ਬਣਤ ਆਪ ਬਣਾਉਣੀ । ਨਾ ਕੋਈ ਵਾਰ ਨਾ ਕੋਈ ਥਿਤ, ਨਾ ਕੋਈ ਦਿਵਸ ਨਾ ਕੋਈ ਰਾਤ, ਏਕਾ ਕਾਰ ਆਪ ਕਰਾਉਣੀ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਜਗਤ ਰੀਤੀ ਆਪ ਅਤੀਤੀ ਏਕਾ ਏਕ ਰਖਾਉਣੀ । ਕਾਇਆ ਮੰਦਰ ਸਚ ਟਿਕਾਣਾ । ਦੂਸਰ ਨਾ ਕੋਈ ਮਾਤ ਪਛਾਣਾ । ਹਡ ਮਾਸ ਨਾੜੀ ਪਿੰਜਰ ਲਹੂ ਮਿਝ ਗਾਰ ਬਨਾਣਾ । ਜੋਤੀ ਜੋਤ ਸਰੂਪ ਹਰਿ, ਆਪੇ ਵਸੇ ਸਚ ਘਰ, ਸਾਚੀ ਸੇਜਾ ਆਸਣ ਲਾਣਾ । ਆਤਮ ਸੇਜਾ ਸਚ ਸਿੰਘਾਸਣ ਕਰ ਤਿਆਰ ਪੁਰਖ ਅਬਿਨਾਸ਼ੀ ਸੱਚਾ ਸੁਨੇਹੜਾ ਏਕਾ ਭੇਜਾ, ਸਾਚਾ ਭਾਣਾ ਦਰ ਪ੍ਰਵਾਣਾ ਵਿਚ ਸੰਸਾਰ । ਲਹਿਣਾ ਦੇਣਾ ਆਪ ਚੁਕਾਏ ਜਿਉਂ ਲੇਖੇ ਲਾਏ ਜਨ ਜਨ ਮੇਜਾ, ਧਰਮੀ ਧਾਰ ਇਕ ਰਖਾਏ । ਆਪੇ ਜਾਣੇ ਲਹਿਜਾ ਫਹਿਜਾ, ਭਖ ਭੋਜ ਏਕਾ ਰੰਗ ਰੰਗਾਏ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਸਿੰਘਾਸਣ ਏਕਾ ਬੈਠ, ਸ਼ਬਦ ਭੋਗ ਰਸਨ ਰਸ ਲਾਏ । ਸ਼ਬਦ ਭੋਗ ਰਸਨ ਰਸ ਸਵਾਦ । ਹਰਿ ਹਰਿਜਨ ਸਾਚੀ ਕਾਰ ਆਦਿ ਜੁਗਾਦਿ । ਜਗਤ ਮੰਦਰ ਝੂਠਾ ਜੂਠਾ ਪਿਆਰ, ਕਾਇਆ ਅੰਦਰ ਵੇਖ ਬ੍ਰਹਿਮਾਦ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ


੭੦ ੦੫

ਸਿੰਘ ਵਿਸ਼ਨੂੰ ਭਗਵਾਨ, ਮਿਲੇ ਮੇਲ ਘਰ ਸਾਚੇ ਮਾਧਵ ਮਾਧ । ਘਰ ਸਾਚੇ ਹਰਿ ਬਿਰਾਜਿਆ । ਸੇਵਕ ਸੇਵਾ ਪੂਰਨ ਕਰ, ਕਰੇ ਕਰਾਏ ਸਾਚੇ ਕਾਜਿਆ । ਜਗਤ ਵਿਕਾਰਾ ਗੁਰ ਅੱਗੇ ਧਰ, ਦਰ ਦਵਾਰਾ ਸਾਚਾ ਸਾਜਣ ਸਾਜਿਆ । ਸ਼ਬਦ ਭੰਡਾਰਾ ਦੇਵੇ ਭਰ, ਜੋਤ ਨਿਰੰਜਣ ਰੱਖੇ ਲਾਜਿਆ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਾਇਆ ਘਰ ਸਾਚੇ ਦਰ, ਦੇਵੇ ਵਰ ਚੁੱਕੇ ਡਰ, ਧੁਰ ਦਰਗਾਹੀ ਆਏ ਭਾਜਿਆ । ਕਾਇਆ ਮੰਦਰ ਹਰਿ ਵਸੇਰਾ । ਨਾ ਕੋਈ ਦਿਸੇ ਦੂਜਾ ਅੰਦਰ, ਪ੍ਰਭ ਅਬਿਨਾਸ਼ੀ ਨੇਰਨ ਨੇਰਾ । ਤੀਜਾ ਖੋਲ੍ਹੇ ਮਾਇਆ ਜੰਦਰ, ਚੌਥੇ ਕਰੇ ਹੱਕ ਨਿਬੇੜਾ । ਪੰਚਮ ਜੋਤ ਪਰਕਾਸ਼ ਕਰੇ ਡੂੰਘੀ ਕੰਦਰ, ਮੇਟ ਮਿਟਾਏ ਅੰਧ ਅੰਧੇਰਾ । ਸੱਤਵੇਂ ਸਤਿ ਸਰੂਪ ਸਤਿ ਪਰਕਾਸ਼, ਆਤਮ ਘਰ ਸਾਚੇ ਦਰ, ਆਪੇ ਤਾਰੇ ਕਰ ਪਿਆਰੇ ਗੁਰ ਘਰ ਸਾਚੇ ਕਰ ਕਰ ਮਿਹਰਾਂ । ਆਤਮ ਦਰ ਖੋਲ੍ਹੇ ਤਾਕੀ । ਪ੍ਰਭ ਅਬਿਨਾਸ਼ੀ ਬੈਠਾ ਸਾਕੀ । ਲਹਿਣਾ ਦੇਣਾ ਆਪ ਚੁਕਾਏ, ਮਾਨਸ ਦੇਹੀ ਰਹਿੰਦੀ ਬਾਕੀ । ਅੰਮ੍ਰਿਤ ਸਾਚਾ ਜਾਮ ਪਿਆਏ, ਕਰੇ ਕਾਇਆ ਪਾਕੀ । ਸੋਹੰ ਸਾਚਾ ਜਾਪ ਜਪਾਏ, ਨੇੜ ਨਾ ਆਏ ਹਾਕਨ ਡਾਕੀ । ਕਲ ਕਲੰਦਰ ਦੂਰ ਕਰਾਏ, ਪਰਗਟ ਹੋਏ ਦਰਸ ਦਿਖਾਏ, ਸ਼ਬਦ ਚੜ੍ਹਾਏ ਸਾਚੇ ਰਾਕੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਨਾ ਕੋਈ ਜਾਣੇ ਬੰਦਾ ਖਾਕੀ । ਜਗਤ ਪਿਤ ਜਗਦੀਸ਼ਰ ਹਰਿ ਬ੍ਰਹਿਮਾਦਿਆ । ਜੋਗੀ ਜਪੀ ਤਪੀ ਤਪੀਸ਼ਰ, ਮੁਨ ਰਿਸ਼ੀ ਨਾ ਕਰੇ ਪਹਿਚਾਨਿਆ । ਜੋਤੀ ਮਿਲਿਆ ਪ੍ਰਭ ਏਕਾ ਏਕ ਟੇਕ ਵਖਾਨਿਆ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿਜਨ ਮੇਲਾ ਜਗਤ ਅਕੇਲਾ, ਦਰ ਘਰ ਸਾਚੇ ਦਰ ਸਾਚਾ ਮੇਲਾ ਆਪ ਕਰਾਨਿਆ । ਮਿਲੇ ਮੇਲ ਪੁਰਖ ਨਿਰੰਜਣ, ਭਰਮ ਭਉ ਚੁੱਕਿਆ । ਨੇਤਰ ਨੂਰ ਨਿਰਾਲਾ ਨਾਮ ਅੰਜਨ, ਜੂਠਾ ਝੂਠਾ ਫਲ ਕਾਇਆ ਸੁੱਕਿਆ । ਅੰਮ੍ਰਿਤ ਆਤਮ ਧਾਰ ਨਿਝਰ ਗੁਰਮੁਖ ਪੀ, ਭੰਡਾਰਾ ਨਾਮ ਕਦੇ ਨਾ ਮੁਕਿਆ । ਭਗਤ ਜਗਤ ਦਵਾਰੇ ਸੋਹੰ ਸ਼ਬਦ ਸਿਖਿਆ, ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਸਾਚਾ ਭਾਣਾ ਰਿਹਾ ਕਰ, ਹਰਿਜਨ ਸੁਹੇਲਾ ਦੇਵੇ ਵਰ, ਨਾ ਰੋਕੇ ਕਿਸੇ ਰੋਕਿਆ । ਨੌਂ ਦਵਾਰੇ ਦਰ ਦਰ ਵੇਖ । ਕਵਣ ਦਵਾਰੇ ਪੁਰਖ ਅਬਿਨਾਸ਼ੀ ਨੌਂ ਅਠਾਰੇ ਦਹਿ ਦਸ ਮਾਸੇ ਲਿਖੇ ਲੇਖ । ਕਵਨ ਕਰੇ ਜੋਤ ਪਰਕਾਸ਼ੇ ਆਤਮ ਲਾਹੇ ਚਿੰਤਾ ਉਦਾਸੀ, ਸੰਤ ਸੁਹੇਲਾ ਲਗਾਏ ਸਾਚੀ ਮੇਖ । ਕਾਇਆ ਮਾਟੀ ਅੰਮ੍ਰਿਤ ਰਸ ਚਾਟੀ, ਸਚ ਮੰਡਲ ਹਰਿ ਸਾਚੀ ਰਾਸ । ਪਾਰਬ੍ਰਹਮ ਪੁਰਖ ਅਬਿਨਾਸ਼ੀ, ਜੋਤੀ ਜਾਮਾ ਧਰਿਆ ਭੇਖ । ਸਾਚਾ ਸ਼ਬਦ ਸਵਾਸ ਸਵਾਸ, ਧਰਮ ਰਾਏ ਦੇਵੇ ਫਾਸੀ, ਮੇਟ ਮਿਟਾਏ ਬਿਧਨਾ ਲਿਖੀ ਰੇਖ । ਜੋਤੀ ਜੋਤ ਸਰੂਪ ਹਰਿ, ਸਾਚੇ ਨੇਤਰ ਕਾਇਆ ਖੇਤਰ ਅੰਦਰੇ ਅੰਦਰ ਰਿਹਾ ਵੇਖ । ਅੰਦਰੇ ਅੰਦਰ ਹਰਿ ਵਖਾਨਾ । ਜੋਤ ਸਰੂਪੀ ਖੇਲ ਮਹਾਨਾ । ਏਕਾ ਸ਼ਬਦ ਸਚ ਤਰਾਨਾ । ਏਕਾ ਨਾਮ ਗੁਣ ਨਿਧਾਨਾ । ਏਕਾ ਕਾਮ ਸ੍ਰੀ ਭਗਵਾਨਾ । ਏਕਾ ਜਾਮ ਅਮਰਾਪਦ ਆਤਮ ਅੰਮ੍ਰਿਤ ਸਾਚੀ ਧਾਰ ਸਚ ਪਿਆਨਾ । ਹਰਿਜਨ ਜਨ ਹਰਿ ਦਵਾਰੇ ਸਦ ਸਾਚਾ ਬੰਨ੍ਹੇ ਗਾਨਾ । ਇਕ ਉਪਜਾਏ ਤੂਰਤ ਨਾਦ, ਅਨਾਦ ਅਨਾਹਦ ਸੰਗ ਰਲਾਨਾ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਰੰਗਣ ਸ਼ਬਦ ਕੰਗਣ ਸਾਚਾ ਤੰਦਨ ਤਨ ਬੰਧਾਨਾ । ਸ਼ਬਦ ਤੰਦ ਬੰਧ ਕਰਤਾਰ । ਕਾਇਆ ਮੰਦਰ ਅੰਦਰ ਝੂਠਾ ਅੰਧ, ਨੌਂ ਚੰਦ ਨਾ ਜਾਣੇ ਜੀਵ ਗਵਾਰ । ਮਦਿਰਾ ਮਾਸ ਲਾਏ ਗੰਦ, ਰਸਨਾ ਨਾ ਗਾਏ ਬੱਤੀ ਦੰਦ, ਨਰ ਨਾਰੀ ਹਰਿ ਸਾਚਾ ਪੁਰਖ ਭਤਾਰ । ਭਰਮ ਭੁਲੇਖਾ ਦੂਈ ਦਵੈਤੀ ਭਾਂਡਾ ਭੰਨ ਅਧ ਵਿਚਕਾਰ ।

ਮਾਣ ਮੋਹ ਭਰਮ ਹੰਕਾਰੀ ਵੱਜਾ ਜੰਦਰ, ਨਾ ਕੋਈ ਖੋਲ੍ਹੇ ਬੰਦ ਕਿਵਾੜ । ਪੁਰਖ ਅਬਿਨਾਸ਼ੀ ਸਦਾ ਸਦ ਬਖ਼ਸ਼ਿੰਦਾ, ਹਰਿਜਨ ਸਾਚੇ ਦਰ ਘਰ ਸਾਚੇ ਦੇਵੇ ਵਾੜ । ਇਕ ਉਪਜਾਏ ਪਰਮਾਨੰਦ, ਸ਼ਬਦ ਘੋੜੇ ਦੇਵੇ ਚਾੜ੍ਹ । ਜਗਤ ਵਖਾਏ ਝੂਠਾ ਅੰਧ, ਅੰਤਮ ਵੇਲੇ ਮੌਤ ਲਾੜ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ ਪੰਚ ਪੰਚਾਇਣ ਆਪ ਚਬਾਏ ਆਪਣੀ ਦਾੜ੍ਹ । ਪੰਚ ਪੰਚਾਇਣ ਚੁੱਕੇ ਡਰ । ਆਤਮ ਵੇਖੇ ਸਾਚਾ ਘਰ । ਨਾ ਜਨਮੇ ਨਾ ਜਾਏ ਮਰ । ਤਾਲ ਸੁਹਾਵਾ ਅੰਮ੍ਰਿਤਸਰ । ਤੀਰਥ ਵਰੇ ਪੂਰੇ ਤੋਲੇ ਸਾਚਾ ਝਿਰਨਾ ਰਿਹਾ ਝਿਰ । ਗੁਰਮੁਖ ਪੂਰਾ ਕਦੇ ਨਾ ਡੋਲਿਆ, ਪੁਰਖ ਅਬਿਨਾਸ਼ੀ ਘਟ ਘਟ ਵਾਸੀ ਸ਼ਬਦ ਧਾਰ ਕਰ ਪਿਆਰ ਅੰਦਰੇ ਅੰਦਰ ਆਪੇ ਬੋਲੇ । ਸਤਿ ਪੁਰਖ ਨਿਰੰਜਣ ਖੇਲ ਅਪਾਰ । ਮੇਲ ਮਿਲਾਵਾ ਹਰਿਜਨ ਸਾਚਾ ਮੀਤ ਮੁਰਾਰ, ਭਾਗ ਲਗਾਏ ਕਾਇਆ ਚੋਲੇ । ਹਉਮੇ ਰੋਗ ਰਿਹਾ ਨਿਵਾਰ, ਸਾਚਾ ਬਖ਼ਸ਼ੇ ਨਾਮ ਅਧਾਰ, ਭਰੇ ਰਹਿਣ ਸਦ ਭੰਡਾਰ, ਦਰ ਦਵਾਰਾ ਨਰ ਨਿਰੰਕਾਰਾ ਏਕਾ ਖੋਲ੍ਹੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਆਦਿ ਅੰਤ ਜੁਗਾ ਜੁਗੰਤ ਦੇਵੇ ਮਤ ਸਦਾ ਰਿਹਾ ਸਮਝਾ, ਗੁਰਮੁਖ ਸਦਾ ਮਾਤ ਨਾ ਡੋਲੇ । ਹਰਿ ਕਾ ਸ਼ਬਦ ਬਿਬਾਣ, ਜਗਤ ਉਡਾਨਿਆ । ਚਾਰੋਂ ਕੁੰਟਾਂ ਕਰੇ ਧਿਆਨ, ਸ੍ਰੀ ਭਗਵਾਨਿਆ । ਮੇਟ ਜਾਏ ਝੂਠ ਨਿਸ਼ਾਨ, ਛੱਪਰ ਛੰਨਿਆ । ਕਰੇ ਖੇਲ ਸ੍ਰੀ ਭਗਵਾਨ, ਵਿਚ ਜਹਾਨਿਆ । ਇਕ ਉਪਜਾਏ ਨਾਮ ਨਿਧਾਨ, ਨੌਂ ਖੰਡੀਂ ਖੇਲ ਕਰਾਨਿਆ । ਸਚ ਝੁਲਾਏ ਹਰਿ ਨਿਸ਼ਾਨ, ਰੰਗੇ ਰੰਗ ਨਵਨਿਆ । ਲੇਖਾ ਲਿਖੇ ਆਪ ਮਿਹਰਵਾਨ, ਸੱਤਾਂ ਦੀਪਾਂ ਭੇਵ ਖੁਲ੍ਹਾਨਿਆ । ਸੋਹੰ ਖੰਡਾ ਰਸਨਾ ਤੀਰ ਕਮਾਨ, ਆਪ ਚੜ੍ਹਾਏ ਵਾਲੀ ਦੋ ਜਹਾਨਿਆ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬੇਮੁਖ ਜੀਵਾਂ ਦਿਸ ਨਾ ਆਏ, ਕਲਜੁਗ ਆਤਮ ਅੰਨ੍ਹਿਆ । ਹਰਿ ਸ਼ਬਦ ਅਪਾਰ, ਜਗਤ ਪਸਾਰਿਆ । ਪ੍ਰਭ ਅਬਿਨਾਸ਼ੀ ਜਾਣੇ ਸਾਰ, ਵਿਚ ਸੰਸਾਰਿਆ । ਲੱਖ ਚੁਰਾਸੀ ਕਰਮ ਵਿਚਾਰ, ਜੋਤ ਨਿਰੰਕਾਰਿਆ । ਭਰਮੇ ਭੁੱਲਾ ਜੀਵ ਗਵਾਰ, ਮਾਇਆ ਰਾਣੀ ਪੈਰ ਪਸਾਰਿਆ । ਨਾ ਮਿਲਿਆ ਮੀਤ ਮੁਰਾਰ, ਮਾਨਸ ਦੇਹੀ ਪਾਸਾ ਆਇਆ ਹਾਰਿਆ । ਗੁਰਮੁਖ ਵਿਰਲੇ ਬਖ਼ਸ਼ੇ ਚਰਨ ਧਿਆਨ, ਆਤਮ ਜੋਤੀ ਦੇਵੇ ਨੂਰ ਅਕਾਰਿਆ । ਅੰਮ੍ਰਿਤ ਬਖ਼ਸ਼ੇ ਠੰਡੀ ਧਾਰ, ਸੋਹੰ ਜਾਮ ਪਿਆ ਰਿਹਾ । ਮਰੇ ਨਾ ਜੰਮੇ ਵਾਰੋ ਵਾਰ, ਲੱਖ ਚੁਰਾਸੀ ਫੰਦ ਕਟਾ ਰਿਹਾ । ਭਗਤ ਸੁਹੇਲਾ ਉਤਰੇ ਪਾਰ, ਚਰਨ ਪ੍ਰੀਤੀ ਇਕ ਬੰਧਾ ਰਿਹਾ । ਧੁਰ ਦਰਗਾਹੀ ਸਾਚਾ ਮੇਲਾ, ਆਪਣਾ ਰੰਗ ਆਪ ਰੰਗਾ ਰਿਹਾ । ਆਪਣਾ ਖੇਲ ਪ੍ਰਭ ਆਪੇ ਖੇਲਾ, ਨੌਂ ਸੱਤੀ ਬਣਤ ਬਣਾ ਰਿਹਾ । ਆਪੇ ਗੁਰ ਆਪੇ ਚੇਲਾ, ਆਪੇ ਨਾਰ ਸਾਚਾ ਪਤੀ ਕੰਤ ਸੁਹਾਗੀ ਸਾਚਾ ਗੀਤ ਸੁਣਾ ਰਿਹਾ । ਸੋਹੰ ਸ਼ਬਦ ਚੜ੍ਹਾਏ ਸਾਚਾ ਤੇਲਾ ਧਰਮ ਰਾਏ ਦੀ ਕਟੇ ਜੇਲ੍ਹਾ, ਸਾਚਾ ਰਥ ਹਰਿ ਸਮਰਥ ਜਗਤ ਅਕਥ ਇਕ ਚਲਾ ਰਿਹਾ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਘੋੜਾ ਜੋਤੀ ਜੋੜਾ, ਚਾਰੋਂ ਕੁੰਟ ਆਪ ਦੁੜਾ ਰਿਹਾ । ਹਰਿ ਹਰਿ ਸ਼ਬਦ ਬਿਬਾਣ ਜਗਤ ਜੈਕਾਰਿਆ । ਦਰ ਦਰ ਘਰ ਘਰ, ਵੇਖੇ ਰਾਜ ਰਾਜਾਨ, ਸ਼ਾਹ ਸੁਲਤਾਨ ਮਾਤ ਹੰਕਾਰਿਆ । ਪਕੜ ਉਠਾਏ ਨੌਜਵਾਨ ਬੇਈਮਾਨ, ਮਾਰੇ ਤੇਜ ਨਾਮ ਕਟਾਰਿਆ । ਏਕਾ ਰੱਖੇ ਸੋਹੰ ਆਣ, ਮੇਟ ਮਿਟਾਏ ਪੀਣ ਖਾਣ, ਅੰਜੀਲ ਕੁਰਾਨਾਂ ਵਕਤ ਚੁਕਾ ਰਿਹਾ । ਆਪੇ ਜਾਣੇ ਆਪਣੀ ਆਣ, ਨਾ ਕੋਈ ਜਾਣੇ ਵੇਦ ਪੁਰਾਨ, ਪੰਡਤ ਪਾਂਧੇ ਆਤਮ ਆਂਧੇ ਭਰਮੇ ਹਰਿ ਭੁਲਾ ਰਿਹਾ । ਇਕ ਝੁਲਾਏ ਸਚ ਨਿਸ਼ਾਨ, ਲੇਖਾ ਲਿਖੇ ਆਪ ਭਗਵਾਨ,

ਚਾਰ ਵਰਨਾਂ ਏਕਾ ਸਰਨਾ ਊਚ ਨੀਚ ਭੇਵ ਚੁਕਾ ਰਿਹਾ । ਪਰਗਟ ਹੋਏ ਵਾਲੀ ਦੋ ਜਹਾਨ, ਜਨ ਭਗਤਾਂ ਕਰੇ ਮਾਤ ਪਛਾਣ, ਸ਼ਬਦ ਦਾਤ ਵਡ ਕਰਾਮਾਤ ਆਤਮ ਝੋਲੀ ਹਰਿ ਭਰਾ ਰਿਹਾ । ਹਰਿਜਨ ਤੇਰੀ ਉਤਮ ਜ਼ਾਤ, ਚਰਨ ਪ੍ਰੀਤੀ ਸਾਚਾ ਨਾਤ, ਕਲਜੁਗ ਮਿਟੇ ਅੰਧੇਰੀ ਰਾਤ, ਸੋਹੰ ਸਾਚਾ ਚੰਦ, ਮਸਤਕ ਦੀਪਕ ਆਪ ਜਗਾ ਰਿਹਾ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੇ ਗਗਨ ਰਹੇ ਮਗਨ ਜੋਤ ਨਿਰੰਜਣ ਨਰ ਨਰਾਇਣ ਏਕਾ ਨੈਣ ਖੁਲ੍ਹਾ ਰਿਹਾ । ਹਰਿ ਹਰਿ ਸ਼ਬਦ ਬਿਬਾਣ ਗੁਰਮੁਖ ਪਿਆਰਿਆ । ਦਰ ਘਰ ਸਾਚੇ ਪਾਵੇ ਸਾਰ, ਪ੍ਰਭ ਅਬਿਨਾਸ਼ੀ ਬਖ਼ਸ਼ੇ ਨਾਮ ਅਧਾਰਿਆ । ਏਕਾ ਦੇਵੇ ਵਸਤ ਅਪਾਰ, ਪੰਜਾਂ ਚੋਰਾਂ ਕਰੇ ਖੁਆਰ, ਬੇੜਾ ਦਿਸੇ ਪਾਰ ਕਿਨਾਰਿਆ । ਮਾਨਸ ਦੇਹੀ ਨਾ ਆਏ ਹਾਰ, ਸਾਚਾ ਸ਼ਬਦ ਤਨ ਸ਼ਿੰਗਾਰ, ਕੰਗਣ ਰੰਗਣ ਇਕ ਚੜ੍ਹਾ ਰਿਹਾ । ਪੁਰਖ ਬਿਧਾਤਾ ਗੁਰਮੁਖ ਸਾਚੀ ਨਾਰ, ਮਾਣੇ ਰੰਗ ਸਚ ਭਤਾਰ, ਸੋਲਾਂ ਕਲੀਆਂ ਆਤਮ ਸੇਜਾ ਹਰਿ ਵਿਛਾ ਰਿਹਾ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿ ਸ਼ਬਦ ਬਿਬਾਣਾ ਵਿਚ ਜਹਾਨਾ ਏਕਾ ਏਕ ਬਣਾ ਰਿਹਾ । ਹਰਿ ਹਰਿ ਸ਼ਬਦ ਬਿਬਾਣ ਇਕ ਬਣਾਇੰਦਾ । ਜਨ ਭਗਤਾਂ ਦੇਵੇ ਸਾਚਾ ਮਾਣ ਵਿਚ ਜਹਾਨ, ਚਰਨ ਧਿਆਨ ਇਕ ਰਖਾਇੰਦਾ । ਆਤਮ ਜੋਤੀ ਬ੍ਰਹਮ ਗਿਆਨ, ਕਲਜੁਗ ਭੁੱਲੇ ਜੀਵ ਨਿਧਾਨ, ਗੁਰਮੁਖ ਸਾਚੇ ਹਰਿ ਜਗਾਇੰਦਾ । ਅੰਮ੍ਰਿਤ ਆਤਮ ਦੇਵੇ ਪੀਣ ਖਾਣ, ਦਰ ਘਰ ਸਾਚਾ ਏਕਾ ਰੰਗਣ ਰੰਗ ਚੜ੍ਹਾਇੰਦਾ । ਦਰ ਦਵਾਰੇ ਸਾਚਾ ਮਾਣ, ਝੁੱਲਦਾ ਰਹੇ ਨਾਮ ਨਿਸ਼ਾਨ, ਸਾਚਾ ਲੇਖਾ ਆਪ ਲਿਖਾਇੰਦਾ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਗਤ ਜਗਦੀਸ਼ੇ ਤੇਰੇ ਸੀਸੇ ਇਕ ਨਿਸ਼ਾਨ ਰਖਾਇੰਦਾ । ਇਕ ਨਿਸ਼ਾਨਾ ਦੇਵੇ ਰੱਖ । ਪੁਰਖ ਅਬਿਨਾਸ਼ੀ ਅਲੱਖਣਾ ਅਲੱਖ । ਗੁਰਮੁਖ ਸਾਚਾ ਸੰਤ ਸੁਹੇਲਾ ਲੱਖ ਚੁਰਾਸੀ ਵਿਚੋਂ ਕੀਨਾ ਵੱਖ । ਪੁਰੀ ਸ਼ਿਵ ਘਰ ਸਾਚਾ ਮੇਲਾ, ਮੇਲ ਮਿਲਾਏ ਹਰਿ ਪਰਤਖ । ਵਧਾਈ ਜਾਏ ਮਾਤ ਵੇਲਾ, ਪ੍ਰਭ ਅਬਿਨਾਸ਼ੀ ਲਏ ਪਤਿ ਰਖ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਗੁਰ ਆਪੇ ਚੇਲਾ, ਦੂਸਰ ਕਿਸੇ ਨਾ ਆਏ ਹੱਥ । ਜਗਤ ਜਗਦੀਸ਼ੇ ਕਰ ਜਗਤ ਧਿਆਨ । ਛਤਰ ਝੁਲਾਏ ਪ੍ਰਭ ਸਾਚੇ ਸੀਸੇ, ਸ਼ਬਦ ਬਿਠਾਏ ਵਿਚ ਬਿਬਾਣ । ਵੇਖ ਵਖਾਣੇ ਮੂਸਾ ਈਸੇ, ਰਾਜ ਰਾਜਾਨਾਂ ਸ਼ਾਹ ਸੁਲਤਾਨ । ਨਾ ਕੋਈ ਪੜ੍ਹਾਏ ਕੁਰਾਨ ਹਦੀਸੇ, ਗ੍ਰੰਥੀ ਪੰਥੀ ਸਰਬ ਮਿਟ ਜਾਣ । ਕਲਜੁਗ ਜੂਠੀ ਝੂਠੀ ਚੱਕੀ ਪੀਸਣ ਪੀਸੇ, ਜੂਠੇ ਝੂਠੇ ਜੀਵ ਸ਼ੈਤਾਨ । ਚੁੱਕੇ ਭੇਵ ਬੀਸ ਇਕੀਸੇ, ਕਰੇ ਖੇਲ ਸ੍ਰੀ ਭਗਵਾਨ । ਧਰੀਂ ਨੀਂਹ ਜਗਤ ਜਗਤ ਜਗਦੀਸ਼ੇ, ਨੌਂ ਦਰ ਸੱਚੇ ਦਰਬਾਨ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੱਤਾਂ ਨੌਂਵਾਂ ਨੌਂਵਾਂ ਸਤਾਂ ਆਪ ਝੁਲਾਏ ਸੋਹੰ ਸ਼ਬਦ ਇਕ ਨਿਸ਼ਾਨ । ਸਚ ਨਿਸ਼ਾਨਾ ਹਰਿ ਝੁਲਾਉਣਾ । ਕਰ ਧਿਆਨ ਹਰਿ ਮਿਹਰਵਾਨ, ਸਾਚਾ ਲੇਖਾ ਮਾਤ ਲਿਖਾਉਣਾ । ਨਾ ਕੋਈ ਜਾਣੇ ਜੀਵ ਜੰਤ ਨਿਧਾਨ, ਸਾਧ ਸੰਤ ਨਾ ਕਰਨ ਪਛਾਣ, ਰੰਗਣ ਰੰਗ ਸਤਿ ਰੰਗਾਉਣਾ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬੀਸ ਇਕੀਸ ਜਗਤ ਜਗਦੀਸ ਏਕਾ ਊਚਾ ਰਾਹ ਵਖਾਉਣਾ । ਉਚਾ ਭੇਵ ਬੀਸ ਇਕੀਸ । ਨਾ ਕੋਈ ਦੀਸੇ ਹੱਡ ਮਾਸ ਨਾੜੀ ਚੰਮਾ, ਛਤਰ ਝੁੱਲੇ ਪ੍ਰਭ ਸਾਚੇ ਸੀਸ । ਨਾ ਕੋਈ ਪਵਣ ਸਵਾਸ ਲਏ ਦਮਾਂ, ਨਾ ਕੋਈ ਕਰੇ ਮਾਤ ਰੀਸ । ਮਾਤ ਪਿਤ ਨਾ ਕਿਸੇ ਜੰਮਾ, ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਾ ਕੋਈ ਰਖਾਏ ਨੇਤਰ ਮੁਖ ਕਾਇਆ ਸੁਖ ਦੰਦ ਬਤੀਸ । ਬੀਸ ਇਕੀਸ ਹਰਿ ਨਿਸ਼ਾਨ । ਰਾਗ ਛਤੀਸ ਮੇਟ

ਮਿਟਾਨ । ਇਕ ਇਕ ਇਕ ਇਕੀਸ, ਰਾਮ ਰਾਜ ਰਾਜ ਰਾਮ ਮੇਟ ਮਿਟਾਏ ਸ਼ਾਹ ਅਬਲੀਸ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲਾੜੀ ਮੌਤ ਆਪ ਉਠਾਏ, ਮਗਰ ਲਗਾਏ ਸੰਗ ਮੁਹੰਮਦ ਚਾਰ ਯਾਰ ਐਲੀ ਸ਼ਾਹ ਜਿੰਨ ਖਵੀਸ । ਐਲੀ ਸ਼ਾਹ ਅਲੀ ਉਲਮਾਨ । ਸਾਚਾ ਰਾਮ ਰਹੀਮ ਰਹਿਮਾਨ । ਬੇਪਰਵਾਹ ਆਲਮੁਨ ਆਲਮਾਨ । ਐਲੀ ਸ਼ਾਹ ਜਿੰਨ ਖਵੀਸ ਸਭਨੀ ਥਾਂ ਝੁੱਲੇ ਝੁਲਾਏ ਇਕ ਨਿਸ਼ਾਨ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ । ਸਤਿ ਪੁਰਖ ਨਿਰੰਜਣ ਧੰਨ, ਸ਼ਬਦ ਅਮੋਲਿਆ । ਸਤਿ ਪੁਰਖ ਨਿਰੰਜਣ ਧੰਨ, ਆਦਿ ਅੰਤ ਕਦੇ ਨਾ ਡੋਲਿਆ । ਸਤਿ ਪੁਰਖ ਨਿਰੰਜਣ ਧੰਨ, ਏਕਾ ਘਰ ਸਾਚੇ ਦਰ ਸਚ ਜੈਕਾਰਾ ਬੋਲਿਆ । ਸਤਿ ਪੁਰਖ ਅਪਾਰ ਆਪੇ ਕਰੇ ਜਗਤ ਵਿਹਾਰਾ, ਦਰ ਦਵਾਰਾ ਏਕਾ ਖੋਲਿਆ । ਸਤਿ ਪੁਰਖ ਅਪਾਰ ਲੋਆਂ ਪੁਰੀਆਂ ਧਾਰ ਰਿਹਾ ਬੰਨ੍ਹ, ਪੂਰੇ ਤੋਲ ਤੋਲਣਹਾਰਾ ਏਕਾ ਤੋਲ ਸਾਚਾ ਤੋਲਿਆ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਆਪਣੀ ਕਰਨੀ ਆਪੇ ਕਰ, ਭੇਵ ਛੁਪਾਏ ਕਾਇਆ ਚੋਲਿਆ । ਸਤਿ ਪੁਰਖ ਨਿਰੰਜਣ ਧੰਨ, ਅਗੰਮ ਅਪਾਰਾ । ਸਤਿ ਪੁਰਖ ਅਪਾਰ ਨਾ ਮਰੇ ਨਾ ਜਾਏ ਜੰਮ, ਰੂਪ ਰੰਗ ਨਾ ਕਿਸੇ ਵਿਚਾਰਾ । ਸਤਿ ਪੁਰਖ ਅਪਾਰਾ ਹੱਡ ਮਾਸ ਨਾੜੀ ਨਾ ਦਿਸੇ ਚੰਮ, ਨਾ ਦਿਸੇ ਕੋਟ ਉਸਾਰਿਆ । ਸਤਿ ਪੁਰਖ ਅਪਾਰ ਨਾ ਦਿਸੇ ਕਿਸੇ ਛੱਪਰੀ ਛੰਨ, ਮੰਦਰ ਮਹੱਲ ਨਾ ਕੋਈ ਉਸਾਰਿਆ । ਸਤਿ ਪੁਰਖ ਅਪਾਰ ਕਲਜੁਗ ਜੀਵ ਭੁੱਲੇ ਨਿਧਾਨ, ਅਵਣ ਗਵਣ ਨਾ ਕੋਈ ਕਟਾ ਰਿਹਾ । ਸਤਿ ਪੁਰਖ ਅਪਾਰ ਖੰਡ ਵਰਭੰਡ ਬ੍ਰਹਿਮੰਡ ਏਕਾ ਧਾਰ ਬਧੀ, ਏਕਾ ਰੰਗ ਰੰਗਾ ਰਿਹਾ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਵੇਖ ਵਖਾਣੇ ਰਾਜੇ ਰਾਣੇ ਸ਼ਾਹ ਸੁਲਤਾਨੇ ਬਣਤ ਬਣਾ ਰਿਹਾ । ਬਣਤ ਬਣਾਏ ਹਰਿ ਭਗਵਾਨਾ । ਕਰੇ ਖੇਲ ਮਾਤ ਮਹਾਨਾ । ਜੋਤੀ ਨੂਰ ਇਕ ਰਖਾਨਾ । ਸ਼ਬਦ ਤੀਰ ਇਕ ਉਠਾਨਾ । ਰਸਨਾ ਚਿੱਲੇ ਆਪ ਚੜ੍ਹਾਨਾ । ਵੇਖ ਵਖਾਏ ਉਚੇ ਟਿੱਲੇ ਜੰਗਲ ਜੂਹ ਉਜਾੜ ਪਹਾੜਾਂ ਬੇਮੁਖ ਚਬਾਏ ਆਪਣੀ ਦਾੜ੍ਹ, ਮਗਰ ਲਗਾਏ ਮੌਤ ਲਾੜ, ਨਾ ਕੋਈ ਜਾਣੇ ਅਗੰਮੀ ਧਾੜ, ਆਪਣਾ ਭਾਣਾ ਆਪਣੇ ਹੱਥ ਰਖਾਨਾ । ਧਰਮ ਰਾਏ ਖੋਲ੍ਹੇ ਬੰਦ ਕਿਵਾੜ, ਬੇਮੁਖ ਜੀਵਾਂ ਦੇਵੇ ਵਾੜ, ਦਰ ਦਵਾਰਾ ਇਕ ਵਖਾਨਾ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਆਪਣਾ ਖੇਲ ਆਪਣੇ ਹੱਥ ਰਖਾਨਾ । ਮਗਰ ਲਗਾਏ ਮੌਤ ਲਾੜ, ਨਾ ਕੋਈ ਜਾਣੇ ਅਗੰਮੀ ਧਾੜ, ਆਪਣਾ ਭਾਣਾ ਆਪਣੇ ਹੱਥ ਰਖਾਨਾ । ਧਰਮ ਰਾਏ ਖੋਲ੍ਹੇ ਬੰਦ ਕਿਵਾੜ, ਬੇਮੁਖ ਜੀਵਾਂ ਦੇਵੇ ਵਾੜ, ਦਰ ਦਵਾਰਾ ਇਕ ਵਖਾਨਾ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਆਪਣਾ ਖੇਲ ਆਪਣੇ ਹੱਥ ਰਖਾਨਾ । ਨਿਰਗੁਣ ਰੂਪ ਅਪਾਰ, ਨੂਰ ਨੁਰਾਨਿਆ । ਸਰਗੁਣ ਖੇਲ ਕਰਤਾਰ, ਭੇਖਾ ਭੇਖ ਵਿਚ ਜਹਾਨਿਆ । ਨਿਰਗੁਣ ਰੂਪ ਅਪਾਰ, ਨਰ ਨਰਾਇਣ ਨਾ ਕਿਸੇ ਪਛਾਨਿਆ । ਨਿਰਗੁਣ ਰੂਪ ਅਪਾਰ, ਕਾਇਆ ਜੋਤੀ ਜਗੇ ਇਕ ਭਗਵਾਨਿਆ । ਨਿਰਗੁਣ ਰੂਪ ਅਪਾਰ, ਆਪੇ ਜਾਣੇ ਆਪਣੀ ਸਾਰ, ਆਦਿ ਅੰਤ ਨਾ ਕਿਸੇ ਵਖਾਨਿਆ । ਨਿਰਗੁਣ ਰੂਪ ਅਪਾਰ ਸ਼ਬਦ ਮਿਲੇ ਵਸਤ ਅਪਾਰ, ਦੇਵੇ ਹਰਿ ਕਿਰਪਾ ਕਰ ਵਾਲੀ ਦੋ ਜਹਾਨਿਆ । ਦੋਹਾਂ ਘਰਾਂ ਇਕ ਪਿਆਰ, ਆਪੇ ਨਾਰੀ ਪੁਰਖ ਭਤਾਰ, ਸਾਚੀ ਸੇਜਾ ਪੈਰ ਪਸਾਰ, ਸੁੱਤਾ ਰਹੇ ਗੁਣ ਨਿਧਾਨਿਆ । ਨਿਰਗੁਣ ਰੂਪ ਅਪਾਰ, ਭਗਤ ਅਮੋਲਿਆ । ਸਰਗੁਣ ਰੂਪ ਅਪਾਰ, ਪੁਰਖ ਅਬਿਨਾਸ਼ੀ ਅੰਦਰੇ ਅੰਦਰ ਬੋਲਿਆ । ਨਿਰਗੁਣ ਰੂਪ ਅਪਾਰ, ਭੇਵ ਕਿਸੇ ਨਾ ਖੋਲ੍ਹਿਆ । ਸਰਗੁਣ ਰੂਪ ਅਪਾਰ ਜੋਤੀ ਜਗੇ ਅਪਰ ਅਪਾਰ, ਦਸਮ ਦਵਾਰੀ ਪੜਦਾ

ਖੋਲ੍ਹਿਆ । ਨਿਰਗੁਣ ਰੂਪ ਅਪਾਰ, ਸਰਗੁਣ ਬੰਨ੍ਹੇ ਸਾਚੀ ਧਾਰ, ਸ਼ਬਦ ਜੋਤੀ ਵਿਚ ਟਿਕਾਏ, ਆਪ ਆਪਣੀ ਦਇਆ ਕਮਾਏ, ਦੂਸਰ ਕਿਸੇ ਦਿਸ ਨਾ ਆਏ, ਗੁਰਮੁਖਾਂ ਪੜਦਾ ਆਪੇ ਖੋਲ੍ਹਿਆ । ਨਿਰਗੁਣ ਰੂਪ ਅਪਾਰ ਸਦਾ ਨਿਰਵੈਰਿਆ । ਨਾ ਕੋਈ ਜਾਣੇ ਜੰਤ ਗਵਾਰ, ਨਾ ਕੋਈ ਕਰੇ ਸੰਤ ਅਧਾਰ, ਝੂਠੇ ਵਹਿਣ ਜਗਤ ਵਹਾ ਰਿਹਾ । ਨਰ ਨਰਾਇਣ ਪਾਵੇ ਸਾਰ, ਦਰ ਘਰ ਸਾਚੇ ਏਕਾ ਬਹਿਣ, ਮਿਲੇ ਮੇਲ ਕੰਤ ਭਤਾਰ । ਦਰਸ ਵੇਖੇ ਤੀਜੇ ਨੈਣਾ, ਆਤਮ ਖੋਲ੍ਹੇ ਬੰਦ ਕਿਵਾੜ, ਨਾਤਾ ਤੁਟੇ ਭਾਈ ਭੈਣਾਂ, ਤੱਤੀ ਵਾ ਨਾ ਲਗੇ ਹਾੜ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚਾ ਸ਼ਬਦ ਤਨ ਪਹਿਨਾਏ, ਨੇੜ ਨਾ ਆਏ ਮੌਤ ਲਾੜ । ਸਾਚਾ ਸ਼ਬਦ ਤਨ ਸ਼ਿੰਗਾਰ । ਮਿਲੇ ਧਨ ਵਸਤ ਅਪਾਰ । ਮਿਟੇ ਜਨ ਵਿਚ ਸੰਸਾਰ । ਕੋਇ ਨਾ ਲਾਏ ਮਾਤ ਸੰਨ੍ਹ, ਨਾ ਕੋਈ ਲੁੱਟੇ ਚੋਰ ਯਾਰ । ਧਰਮ ਰਾਏ ਨਾ ਲਾਏ ਡੰਨ, ਮਿਲੇ ਮੇਲ ਪੁਰਖ ਭਤਾਰ । ਸੁੱਕਾ ਹਰਿਆ ਹੋਏ ਤਨ, ਜੋਤੀ ਨੂਰ ਇਕ ਉਜਿਆਰ । ਬੇਮੁਖ ਜੀਵ ਹੋਏ ਅੰਨ੍ਹ, ਦਰ ਘਰ ਸਾਚੇ ਨਾ ਪਾਇਣ ਸਾਰ । ਆਤਮ ਹੋਈ ਖਨ ਖਨ, ਪਰਗਟ ਹੋਏ ਨਿਹਕਲੰਕ ਅਵਤਾਰ । ਗੁਰਮੁਖ ਰਸਨਾ ਕਹੇ ਧੰਨ ਧੰਨ, ਸੋਹੰ ਸ਼ਬਦ ਚਾਰ ਵਰਨਾਂ ਇਕ ਜੈਕਾਰ । ਹਰਿਜਨ ਆਤਮ ਜਾਏ ਮੰਨ, ਭਰਮ ਭੁਲੇਖਾ ਦਏ ਨਿਵਾਰ । ਭਾਂਡਾ ਭਰਮ ਪ੍ਰਭ ਦੇਵੇ ਭੰਨ, ਸ਼ਬਦ ਹਥੌੜਾ ਏਕਾ ਮਾਰ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਕਲਜੁਗ ਤੇਰੀ ਅੰਤਮ ਵਾਰ, ਸ਼ਬਦ ਘੋੜੇ ਹੋ ਅਸਵਾਰ । ਸ਼ਬਦ ਘੋੜਾ ਹਰਿ ਨਿਰੰਕਾਰਿਆ । ਮਿਲਿਆ ਜੋਤੀ ਜੋੜਾ ਖੇਲ ਅਪਾਰਿਆ । ਧੁਰ ਦਰਗਾਹੀ ਏਕਾ ਪੌੜਾ, ਪੁਰੀਆਂ ਲੋਆਂ ਬਾਹਰ ਰਖਾ ਰਿਹਾ । ਨਾ ਕੋਈ ਜਾਣੇ ਲੰਮਾ ਚੌੜਾ, ਗਿਣਤੀ ਗਣਤ ਨਾ ਕੋਈ ਗਿਣਾ ਰਿਹਾ । ਨਾ ਕੋਈ ਅੰਮ੍ਰਿਤ ਆਤਮ ਰਸ ਮਿੱਠਾ ਕੌੜਾ ਦਸਮ ਦਵਾਰੀ ਬੰਦ ਰਖਾ ਰਿਹਾ । ਭਗਤ ਜਨਾਂ ਤਨ ਲੱਗੀ ਔੜਾ, ਪੁਰਖ ਅਬਿਨਾਸ਼ੀ ਸਾਚਾ ਬਹੁੜਾ, ਭੇਵ ਖੁਲ੍ਹਾਏ ਬ੍ਰਾਹਮਣ ਗੌੜਾ, ਅੰਮ੍ਰਿਤ ਮੇਘ ਬਰਸਾ ਰਿਹਾ । ਧੁਰ ਦਰਗਾਹੀ ਆਇਆ ਦੌੜਾ, ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਨੌਂ ਖੰਡ ਪ੍ਰਿਥਮੀ ਪਾਏ ਵੰਡ, ਸ਼ਬਦ ਉਠਾਏ ਚੰਡ ਪਰਚੰਡ ਹੱਥ ਕਰਤਾਰਿਆ । ਲੱਖ ਚੁਰਾਸੀ ਪਾਏ ਵੰਡ, ਸੰਤ ਸੁਹੇਲੇ ਕਰੇ ਖ਼ਬਰਦਾਰ । ਰੰਕ ਰਾਜਾਨਾਂ ਵੱਢੇ ਕੰਡ, ਤਿੱਖੀ ਰੱਖੇ ਹਰਿ ਜੀ ਧਾਰ । ਵੇਲੇ ਅੰਤ ਵੱਢੇ ਕੰਡ, ਮਦਿਰਾ ਮਾਸੀ ਕਰੇ ਖੁਆਰ । ਕਰੇ ਖੇਲ ਵਿਚ ਵਰਭੰਡ, ਜੋਤ ਨਿਰੰਜਣ ਨਰ ਨਿਰੰਕਾਰ । ਕਲਜੁਗ ਔਧ ਗਈ ਹੰਢ, ਕਰਮ ਧਰਮ ਪ੍ਰਭ ਰਿਹਾ ਵਿਚਾਰ । ਘਰ ਘਰ ਦੀਸੇ ਨਾਰ ਰੰਡ, ਨਾ ਕੋਈ ਸੁਹਾਗਣ ਕੰਤ ਭਤਾਰ । ਮੇਟ ਮਿਟਾਏ ਭੇਖ ਪਖੰਡ, ਸਾਚਾ ਖੋਲ੍ਹੇ ਇਕ ਦਵਾਰ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਕਲਜੁਗ ਤੇਰੀ ਅੰਤਮ ਵਾਰ, ਆਪੇ ਜਾਣੇ ਆਪਣੀ ਸਾਰ । ਜਾਣੇ ਆਪਣੀ ਸਾਰ ਸਹਿਜ ਸੁਖਦਾਇਆ । ਕਲਜੁਗ ਕਰਮ ਵਿਚਾਰ, ਭੇਵ ਕਿਸੇ ਨਾ ਪਾਇਆ । ਬੇਮੁਖ ਜੀਵ ਕੰਤ ਵਿਭਚਾਰ, ਨਾਰੀ ਹਰਿ ਭੁਲਾਇਆ । ਚਾਰੋਂ ਕੁੰਟ ਦੁਸ਼ਟ ਦੁਰਾਚਾਰ, ਮਦਿਰਾ ਮਾਸ ਰਸਨ ਆਹਾਰ, ਸ਼ਬਦ ਸ਼ਿੰਗਾਰ ਨਾ ਤਨ ਕਰਾਇਆ । ਚਿੱਟੇ ਅਸਵ ਹੋ ਅਸਵਾਰ, ਲੋਕਮਾਤ ਲਏ ਅਵਤਾਰ, ਸਾਚੀ ਬੰਨ੍ਹੇ ਏਕਾ ਧਾਰ, ਏਕਾ ਰਾਹ ਦਏ ਵਖਾਇਆ । ਸਾਚੀ ਬੰਨ੍ਹੇ ਧਾਰ ਜਗਤ ਵਡਿਆਈਆ । ਚਾਰ ਵਰਨਾਂ ਇਕ ਪਿਆਰ, ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਏਕਾ ਧਾਮ ਵਖਾਈਆ । ਹਉਮੇ ਹੰਗਤਾ ਰੋਗ ਨਿਵਾਰ, ਆਤਮ ਭਰੇ ਸ਼ਬਦ ਭੰਡਾਰ, ਸਚ ਦਵਾਰਾ ਇਕ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਕਲਜੁਗ ਤੇਰੀ ਅੰਤਮ ਵਰ, ਆਪ ਆਪਣੀ ਕਿਰਪਾ

ਕਰ, ਗੁਰਮੁਖ ਸਾਚੇ ਸੰਤ ਜਨਾਂ ਬੰਦ ਕੁਆੜੀ ਆਪੇ ਆਪ ਖੁਲ੍ਹਾਈਆ । ਖੁਲ੍ਹੇ ਬੰਦ ਕੁਆੜ ਜੋਤ ਪਰਕਾਸ਼ਿਆ । ਜਗੇ ਜੋਤ ਬਹੱਤਰ ਨਾੜ, ਮਿਟੇ ਉਦਾਸੀਆ । ਦਰ ਘਰ ਸਾਚੇ ਦੇਵੇ ਵਾੜ, ਹਰਿ ਸਾਚਾ ਸ਼ਾਹੋ ਸ਼ਾਬਾਸੀਆ । ਬਜਰ ਕਪਾਟੀ ਦੇਵੇ ਪਾੜ, ਕਿਰਪਾ ਕਰੇ ਪੁਰਖ ਅਬਿਨਾਸ਼ੀਆ । ਕਲਜੁਗ ਮਾਇਆ ਦੇਵੇ ਸਾੜ, ਗਲੋਂ ਕਟੇ ਜਮ ਕੀ ਫਾਸੀਆ । ਸ਼ਬਦ ਘੋੜੀ ਦੇਵੇ ਚਾੜ੍ਹ, ਹੱਥ ਫੜੇ ਆਪਣੇ ਰਾਸਿਆ । ਨੇੜ ਨਾ ਆਏ ਪੰਚ ਧਾੜ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਕਰੇ ਬੰਦ ਖੁਲ੍ਹਾਸਿਆ । ਕਰ ਬੰਦ ਖੁਲਾਸ ਭਗਤ ਭਗਵਾਨਿਆ । ਮਾਨਸ ਜਨਮ ਰਹਿਰਾਸ, ਪੁਰੀਆਂ ਲੋਆਂ ਵੇਖ ਵਖਾਣੇ ਪ੍ਰਿਥਮੀ ਅਕਾਸਿਆ । ਪ੍ਰਿਥਮੀ ਅਕਾਸ ਵਿਚ ਪਰਭਾਸ ਆਦਿਨ ਅੰਤਾ ਗੁਰਮੁਖ ਸਾਚੇ ਵਿਚ ਸਵਾਸ ਸ਼ਬਦ ਪਿਆਸ, ਪ੍ਰਭ ਆਤਮ ਤ੍ਰਿਖਾ ਬੁਝਾਨਿਆ । ਜਗਤ ਭੁਲੇਖਾ ਕਰੇ ਵਿਨਾਸ, ਮਿਲਾਏ ਮੇਲ ਸਾਚੇ ਕੰਤਿਆ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਆਪੇ ਜਾਣੇ ਵੇਖ ਵਖਾਣੇ ਗਊ ਗ਼ਰੀਬ ਰਾਜੇ ਰਾਣੇ ਸ਼ਾਹ ਸੁਲਤਾਨੇ ਵਿਚ ਜਹਾਨੇ ਸ਼ਬਦ ਉਡਾਨ ਸਾਚੇ ਧਾਮ ਵਿਚ ਵਸੰਨਿਆ । ਸਚ ਧਾਮ ਅਸਥੂਲ ਹਰਿ ਬਨਵਾਰਿਆ । ਨਾ ਕੋਈ ਪਾਵਾ ਨਾ ਕੋਈ ਚੂਲ, ਸ਼ਬਦ ਸਿੰਘਾਸਣ ਡੇਰਾ ਲਾ ਰਿਹਾ । ਨਾ ਕੋਈ ਆਦਿ ਅੰਤ ਜਾਏ ਭੂਲ, ਦੀਪਕ ਜੋਤੀ ਇਕ ਜਗਾ ਰਿਹਾ । ਕਰਨੀ ਕਰੇ ਕੰਤ ਕੰਤੂਹਲ, ਦੂਸਰ ਹੋਰ ਨਾ ਕੋਈ ਰਖਾ ਰਿਹਾ । ਲੱਖ ਚੁਰਾਸੀ ਗਈ ਭੂਲ, ਪ੍ਰਭ ਜੋਤੀ ਭੇਖ ਵਟਾ ਰਿਹਾ । ਕਲਜੁਗ ਕੁਕਰਮ ਗਿਆ ਫੂਲ, ਜੂਠਾ ਝੂਠਾ ਮਹਿਕ ਮਹਿਕਾ ਰਿਹਾ । ਸੋਹੰ ਸ਼ਬਦ ਫੜ ਤ੍ਰਿਸੂਲ, ਪੱਤ ਡਾਲ੍ਹੀ ਆਪ ਤੁੜਾ ਰਿਹਾ । ਆਪੇ ਵਸੇ ਧਾਮ ਅਸਥੂਲ, ਸ਼ਬਦ ਜੋਤੀ ਖੇਲ ਖਿਲਾ ਰਿਹਾ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਗੁਰਮੁਖ ਸਾਚੇ ਸੰਤ ਸੁਹੇਲੇ ਸਾਚੇ ਮੇਲੇ ਆਪਣੇ ਆਪ ਕਰਾ ਰਿਹਾ । ਸ਼ਬਦ ਖੋਜ ਬ੍ਰਹਿਮਾਦ ਬ੍ਰਹਿਮੰਡ ਅਪਾਰਿਆ । ਆਪੇ ਜਾਣੇ ਆਦਿ ਜੁਗਾਦਿ, ਜੁਗਾ ਜੁਗੰਤ ਖੇਲ ਅਪਾਰਿਆ । ਸਾਧ ਸੰਤ ਵਜਾਇਣ ਨਾਦ, ਇਕ ਸਹਾਰਾ ਹਰਿ ਰਖਾ ਲਿਆ । ਕਰਨੀ ਕਰੇ ਮਾਧਵ ਮਾਧ, ਆਪਣਾ ਭਾਣਾ ਆਪਣੇ ਹੱਥ ਰਖਾ ਲਿਆ । ਸਾਚਾ ਸ਼ਬਦ ਰੱਖਣਾ ਯਾਦ, ਨੌਂ ਖੰਡ ਵੰਡ ਵਿਚ ਵਰਭੰਡ ਹਰਿ ਕਰਾ ਰਿਹਾ । ਧਰਤ ਮਾਤ ਮੰਗੇ ਸਾਚੀ ਦਾਦ, ਪੁਰਖ ਅਬਿਨਾਸ਼ੀ ਲਏ ਲਾਧ, ਸਾਚਾ ਧਰਮ ਕਵਣ ਸੁਹਾ ਰਿਹਾ । ਚਲੇ ਕਥਾ ਬੋਧ ਅਗਾਧ ਨਾ ਕੋਈ ਰਸਨਾ ਸਕੇ ਅਰਾਧ, ਨਿਸ਼ਅੱਖਰ ਵੱਖਰ ਸਾਚਾ ਧਾਮ ਸੁਹਾ ਰਿਹਾ । ਕੋਈ ਇੱਟ ਨਾ ਲਾਏ ਪੱਥਰ, ਛੱਤ ਮੁਨਾਰਾ ਚਾਰ ਦਵਾਰਾ ਉਚ ਅਟੱਲ ਮਹੱਲ ਨਾ ਕੋਈ ਬਣਾ ਰਿਹਾ । ਨਾ ਕੋਈ ਲਾਏ ਪ੍ਰੇਮ ਗਾਰਾ, ਰਾਜ ਰਾਜਾਨਾਂ ਨਾ ਕਰੇ ਵਿਚਾਰਾ, ਸ਼ਾਹ ਸੁਲਤਾਨਾਂ ਚੁੱਕਿਆ ਭਾਰਾ, ਹੌਲਾ ਭਾਰ ਨਾ ਕੋਈ ਕਰਾ ਰਿਹਾ । ਵੇਲਾ ਅੰਤ ਨਾ ਕੋਈ ਸਹਾਰਾ, ਨਾ ਕੋਈ ਸਹਾਈ, ਸੰਗ ਮੁਹੰਮਦ ਚਾਰ ਯਾਰਾ, ਈਸਾ ਮੂਸਾ ਮੁਖ ਛੁਪਾ ਰਿਹਾ । ਖਾਣੀ ਬਾਣੀ ਕਰੇ ਉਧਾਰਾ, ਵੇਦ ਪੁਰਾਨਾਂ ਚੁੱਕੇ ਨਾਅਰਾ, ਕੁਰਾਨ ਅੰਜੀਲਾ ਜੋਤੀ ਤੀਲਾ ਛੈਲ ਛਬੀਲਾ ਇਕ ਲਗਾ ਰਿਹਾ । ਆਲ ਵਰਲਡ ਨਾ ਕੋਈ ਮੰਦਰ ਨਾ ਕੋਈ ਟੀਲਾ, ਗਾਡ ਖ਼ੁਦਾਈ ਇਕ ਵਸੀਲਾ, ਸਾਚਾ ਧਾਮ ਸੁਹਾ ਰਿਹਾ । ਨਾ ਕੋਈ ਰੰਗਣ ਰੰਗਾਏ ਸੂਹਾ ਪੀਲਾ ਲਾਲ ਕਾਲਾ ਚਿੱਟਾ ਨੀਲਾ, ਸਤਿ ਸਵਰਨੀ ਰੰਗ ਕਰਾ ਰਿਹਾ । ਆਪੇ ਕਰੇ ਆਪਣਾ ਮੇਲਾ, ਪੁਰਖ ਅਬਿਨਾਸ਼ੀ ਰੰਗ ਰੰਗੀਲਾ, ਜੋਤੀ ਜੋਤ ਸਰੂਪ ਹਰਿ, ਏਕ ਧਾਮ ਲੇਖਾ ਲਿਖਤ, ਸਾਚੇ ਲੇਖੇ ਆਪ ਲਿਖਾ ਰਿਹਾ । ਸਾਚਾ ਮੰਦਰ ਸਚ ਦਵਾਰ । ਜੋਤੀ ਜਗੇ ਅੰਦਰੇ ਅੰਦਰ, ਸਾਚੇ ਸ਼ਬਦ ਰਹੇ ਧੁਨਕਾਰ । ਜੂਠੇ ਝੂਠੇ ਭੌਂਦੇ ਬੰਦਰ, ਨਰ ਹਰਿ ਨਾ ਵੇਖਣ ਸੱਚੀ

੭੬
੦੫

ਸਰਕਾਰ । ਨੈਣ ਲੋਚਣ ਲੋਇਣ ਦਰਸ ਨਾ ਪੇਖਣ, ਅੰਦਰ ਮੰਦਰ ਧੁੰਆਂਧਾਰ । ਨਾ ਕੋਈ ਜਾਣੇ ਔਲੀਆ ਪੀਰ ਸ਼ੇਖ਼ਨ, ਪੰਡਤ ਪਾਂਧੇ ਗ੍ਰੰਥੀ ਪੰਥੀ ਨਾ ਪਾਇਣ ਸਾਰ । ਧਰਮ ਮੰਦਰ ਪ੍ਰਭ ਲਾਏ ਮੇਖਨ, ਨੌਂ ਖੰਡ ਪ੍ਰਿਥਮੀ ਇਕ ਦਵਾਰ । ਆਪ ਲਿਖਾਏ ਸਾਚੇ ਲੇਖਨ, ਵਿਚ ਵਰਭੰਡੀ ਖੇਲ ਅਪਾਰ । ਜੋਤੀ ਜਾਮਾ ਧਾਰੇ ਭੇਖਨ, ਏਕਾ ਨਗਰੀ ਸਚ ਸਮਗਰੀ ਸਾਚਾ ਭੂਪ ਸਤਿ ਸਰੂਪ ਨਰ ਹਰਿ ਸੱਚੀ ਸਰਕਾਰ । ਲੱਖ ਚੁਰਾਸੀ ਮਿਟਾਏ ਅੰਧ ਅੰਧਿਆਰਾ ਅੰਧ ਕੂਪ, ਦੀਪਕ ਜੋਤੀ ਕਰ ਉਜਿਆਰ । ਨਾ ਕੋਈ ਰੰਗ ਨਾ ਕੋਈ ਰੂਪ, ਜੋਤੀ ਜੋਤ ਸਰੂਪ ਹਰਿ, ਸਾਚਾ ਮੰਦਰ ਲੋਕਮਾਤ ਮਾਰ ਝਾਤ, ਇਕ ਇਕਾਂਤ ਕਰੇ ਸਚ ਤਿਆਰ । ਸਾਚਾ ਹਾਲ ਇਕ ਬਣਾਉਣਾ । ਅੰਮ੍ਰਿਤ ਤਾਲ ਵਿਚ ਰਖਾਉਣਾ । ਪ੍ਰੇਮ ਜਾਲ ਚੌਗਿਰਦ ਵਖਾਉਣਾ । ਸ਼ਾਹ ਕੰਗਾਲ ਇਕ ਦਰ ਬਹਾਉਣਾ । ਆਪੇ ਤੋੜੇ ਜਗਤ ਜੰਜਾਲ, ਸਾਚਾ ਮਾਰਗ ਇਕ ਰਖਾਉਣਾ । ਦੀਪਕ ਜੋਤੀ ਮਸਤਕ ਥਾਲ, ਗਗਨ ਗਗਨੰਤਰ ਬਣਤ ਬਣਾਉਣਾ । ਜਗਤ ਅਵੱਲੜੀ ਚਲੇ ਚਾਲ, ਜੈ ਹਿੰਦ ਭੇਵ ਕਿਸੇ ਨਾ ਪਾਉਣਾ । ਸਾਚਾ ਵੰਡੇ ਧਨ ਮਾਲ, ਪੱਲ ਗੰਢ ਇਕ ਰਖਾਉਣਾ । ਫ਼ਲ ਲਗਾਏ ਸਾਚੇ ਡਾਲ੍ਹ, ਸ਼ਾਹ ਸੁਲਤਾਨ ਸੀਸ ਝੁਕਾਉਣਾ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਆਪੇ ਵੇਖੇ ਸਚ ਘਰ, ਸਚ ਟਿਕਾਣਾ ਵਿਚ ਮਾਤ ਬਣਾਉਣਾ । ਸਚ ਟਿਕਾਣਾ ਵਿਚ ਮਾਤ ਬਣਾਏ । ਸ਼ਬਦ ਕਨਾਤ ਚਾਰ ਕੁੰਟ ਲਗਾਏ । ਚਾਰ ਵਰਨਾਂ ਇਕ ਜਮਾਇਤ, ਊਚ ਨੀਚ ਪ੍ਰਭ ਭੇਵ ਚੁਕਾਏ । ਸਾਚਾ ਨਾਤਾ ਭੈਣ ਭਰਾਤ, ਦੂਈ ਦਵੈਤੀ ਰੋਗ ਗਵਾਏ । ਨਾ ਕੋਈ ਪੁੱਛੇ ਮਾਤ ਵਾਤ, ਸ਼ਾਹ ਫ਼ਕੀਰ ਇਕ ਥਾਂ ਰਹਾਏ । ਆਪੇ ਬਣੇ ਪਿਤਾ ਮਾਤ, ਸ਼ਬਦ ਸਾਚਾ ਸੀਰ ਪਿਆਏ । ਬੈਠਾ ਦਿਸੇ ਇਕ ਇਕਾਂਤ, ਸਚ ਸਿੰਘਾਸਣ ਡੇਰਾ ਲਾਏ । ਲੋਆਂ ਪੁਰੀਆਂ ਵੇਖੇ ਮਾਰ ਝਾਤ, ਦਿਸ ਕਿਸੇ ਨਾ ਆਏ । ਆਪਣੇ ਰੰਗ ਸਦ ਵਸੇ ਕਮਲਾਪਾਤ, ਪਤ ਪਤਵੰਤਾ ਸਾਚੀ ਕਰਨੀ ਰਿਹਾ ਕਰਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਧਾਮ ਆਪ ਸੁਹਾਏ । ਸਾਚਾ ਧਾਮ ਸ਼ਬਦ ਤੱਤ । ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਦੇ ਸਮਝਾਵੇ ਮਤ । ਗ਼ਰੀਬ ਨਿਮਾਣਾ ਗਲੇ ਲਗਾਏ, ਬਹੱਤਰ ਨਾੜੀ ਨਾ ਉਬਲੇ ਰਤ । ਨਾਮ ਰੰਗਣ ਇਕ ਚੜ੍ਹਾਏ, ਆਤਮ ਰੱਖੇ ਧੀਰਜ ਯਤ । ਸਾਚਾ ਧਾਮ ਹਰਿ ਸੁਹਾਏ, ਲੋਕਮਾਤ ਚਲਾਵੇ ਸਾਚੇ ਰਥ । ਬੇਮੁਖ ਜੂਠੇ ਝੂਠੇ ਬੰਨ੍ਹਣ ਦਾਅਵੇ, ਅੰਤਮ ਸੀਆਂ ਆਵੇ ਸਾਢੇ ਤਿੰਨ ਹੱਥ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਜਾਣੇ ਆਪਣੀ ਗਥ । ਜੁਗ ਜੁਗ ਧਾਰੇ ਭੇਖ, ਵੇਸ ਵਟਾਇੰਦਾ । ਨਾ ਕੋਈ ਜਾਣੇ ਔਲੀਆ ਪੀਰ ਸ਼ੇਖ਼, ਸਾਚੇ ਲੇਖੇ ਆਪ ਲਿਖਾਇੰਦਾ । ਸ੍ਰਿਸ਼ਟ ਸਬਾਈ ਰਿਹਾ ਵੇਖ, ਦਿਸ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਲੱਖ ਚੁਰਾਸੀ ਕਾਇਆ ਮੰਦਰ ਆਪਣਾ ਆਪ ਟਿਕਾਇੰਦਾ । ਕਾਇਆ ਮੰਦਰ ਹਰਿ ਉਜਿਆਰ । ਅੰਦਰੇ ਅੰਦਰ ਖੇਲ ਅਪਾਰ । ਦਰ ਦਰ ਘਰ ਘਰ ਭੌਂਦੇ ਬੰਦਰ, ਨਰ ਨਿਰੰਜਣ ਨਾ ਪਾਇਣ ਸਾਰ । ਨਾ ਕੋਈ ਤੋੜੇ ਆਤਮ ਵੱਜਾ ਹੰਕਾਰੀ ਜੰਦਰ, ਹਰਿ ਸ਼ਬਦ ਨਾ ਜਾਣੇ ਸਚ ਪਿਆਰ । ਜੋਤੀ ਜੋਤ ਸਰੂਪ ਹਰਿ, ਜੁਗਾ ਜੁਗੰਤ ਆਦਿ ਅੰਤ ਸਾਧ ਸੰਤ ਪੂਰਨ ਭਗਵੰਤ ਕਰੇ ਕਰਾਏ ਜੈ ਜੈਕਾਰ । ਜੈ ਜੈਕਾਰ ਹਰਿ ਰਘੁਨਾਥ । ਸਚ ਵਿਹਾਰਾ ਭਗਤਾਂ ਸਾਥ । ਪਾਰਬ੍ਰਹਮ ਪ੍ਰਭ ਪਾਏ ਸਾਰ, ਸ਼ਬਦ ਚੜ੍ਹਾਏ ਸਾਚੇ ਰਾਥ । ਖੇਲ ਅਗੰਮ ਨਾ ਪਾਏ ਸਾਰ, ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਚਲਾਏ ਸੋਹੰ ਸਾਚੀ ਗਾਥ । ਸੋਹੰ ਸ਼ਬਦ ਜਗਤ ਵਰਤੰਤ । ਰਸਨਾ ਗਾਏ ਭਗਤ ਪੂਰਨ ਸੰਤ । ਆਤਮ ਰਸ ਏਕਾ ਪਾਏ, ਹੱਸ ਹੱਸ ਪ੍ਰਭ ਦਰਸ਼ਨ ਪਾਏ, ਜਿਹਵਾ

ਗੁਣ ਏਕਾ ਗਾਏ, ਮੇਲ ਮਿਲਾਵਾ ਸਾਚੇ ਕੰਤ । ਨਿਥਾਉਂ ਨਿਥਾਵਿਆਂ ਮਾਣ ਰਖਾਏ, ਫੜ ਫੜ ਬਾਂਹੋਂ ਪਾਰ ਲਗਾਏ, ਸਾਚੀ ਕਾਰ ਆਦਿ ਅੰਤ । ਚਰਨ ਪਿਆਰ ਦਿਸਾਏ, ਸਾਚੀ ਰੀਤ ਚਲਾਏ, ਲੱਖ ਚੁਰਾਸੀ ਪਰਖੇ ਨੀਤ ਸਚ ਸੁਨੇਹੜਾ ਇਕ ਸੁਣਾਏ, ਸੋਏ ਉਠਾਏ ਜੀਵ ਜੰਤ । ਜੋਤੀ ਜਾਮਾ ਭੇਖ ਵਟਾਏ, ਰਮਈਆ ਰਾਮਾ ਹਰਿ ਰਘੁਰਾਏ, ਆਪ ਬਣਾਏ ਆਪਣੀ ਬਣਤ । ਜੁਗ ਜੁਗ ਵਟਾਏ ਭੇਖ ਗ਼ਰੀਬ ਨਿਵਾਜਿਆ । ਸ੍ਰਿਸ਼ਟ ਸਬਾਈ ਰਿਹਾ ਵੇਖ, ਸਾਚਾ ਸਾਜਨ ਸਾਜਿਆ । ਆਪ ਲਿਖਾਏ ਲੇਖ ਅਲਖਣਾ ਲੇਖ, ਕਰੇ ਵੇਸ ਦੇਸ ਕਲ ਮਾਝਿਆ । ਜੋਤੀ ਜਾਮਾ ਹਰਿ ਪਰਵੇਸ, ਸ਼ਬਦ ਘੋੜਾ ਰੱਖੇ ਸਾਚਾ ਤਾਜਿਆ । ਸਦ ਪੁਰਖ ਸਦਾ ਆਦੇਸ, ਵਡ ਵਡ ਸ਼ਾਹੋ ਰਾਜਨ ਰਾਜਿਆ । ਨਰ ਹਰਿ ਹਰਿ ਨਰ ਵਡਾ ਨਰ ਨਰੇਸ਼, ਤ੍ਰੈਲੋਆਂ ਸਵਾਰੇ ਕਾਜਿਆ । ਭਗਤ ਭਗਵੰਤ ਵਡ ਮਰਗੇਸ਼, ਦੇਵੇ ਸ਼ਬਦ ਸੱਚਾ ਸੀਸ ਤਾਜਿਆ । ਵੇਖ ਵਖਾਣੇ ਬ੍ਰਹਮਾ ਵਿਸ਼ਨ ਮਹੇਸ਼, ਸ਼ਿਵ ਸ਼ੰਕਰ ਕੱਲ ਕਿ ਆਜਿਆ । ਸੁਰਪਤ ਰਾਜਾ ਇੰਦ ਕਰੋੜ ਤੇਤੀਸ, ਬੀਸ ਇਕੀਸਾ ਰੱਖੇ ਲਾਜਿਆ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਆਪੇ ਕਰੇ ਕਰਾਏ ਆਪਣਾ ਕਾਜਿਆ । ਬੀਸ ਇਕੀਸਾ ਹਰਿ ਜਗਦੀਸਾ, ਅਚਰਜ ਕਲ ਕਲਾ ਕਲ ਧਾਰਿਆ । ਏਕਾ ਛਤਰ ਝੁੱਲੇ ਪ੍ਰਭ ਸਾਚੇ ਸੀਸਾ, ਵਡ ਛਲ ਕਰੇ ਵਿਚ ਸੰਸਾਰਿਆ । ਮਾਇਆ ਜੂਠਾ ਝੂਠਾ ਪੀਸਣ ਪੀਸਾ, ਹੱਥ ਫੜੀ ਜੂਠ ਝੂਠ ਬਹਾਰੀਆ । ਤੁਟੇ ਮਾਣ ਕੁਰਾਨ ਹਦੀਸਾ, ਨਾ ਕੋਈ ਜਾਣੇ ਅੰਜੀਲਾ ਵੇਦ ਪੁਰਾਨਾ ਚੁਕੇ ਭੇਵ ਰਾਗ ਛਤੀਸਾ, ਦੰਦ ਬੱਤੀਸਾ ਨਾ ਕੋਈ ਵਖਾਨਿਆ । ਏਕਾ ਸ਼ਬਦ ਜਗਤ ਹਦੀਸਾ, ਚਾਰ ਵਰਨਾਂ ਸੋਹੰ ਸੱਚੀ ਬਾਣੀਆ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਪਕੜ ਉਠਾਏ ਰਾਜਨ ਰਾਜ ਸ਼ਾਹ ਸੁਲਤਾਨ ਬਲਕਾਨਿਆ । ਸ਼ਬਦ ਅਵਾਜ਼ ਇਕ ਲਗਾਏ । ਸੀਸ ਤਾਜ ਕਿਸੇ ਰਹਿਣ ਨਾ ਪਾਏ । ਚਾਰੋਂ ਕੁੰਟ ਪੈਣੀ ਭਾਜ, ਵੇਲੇ ਅੰਤ ਨਾ ਕੋਈ ਸਹਾਏ । ਪੁਰਖ ਅਬਿਨਾਸ਼ੀ ਦਰ ਦਵਾਰੇ ਏਕਾ ਸ਼ਾਤ, ਵੇਲੇ ਅੰਤ ਪੂਰਨ ਸੰਤ ਲਏ ਬਚਾਏ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਆਪਣਾ ਭਾਣਾ ਸਾਚਾ ਰਾਣਾ ਆਪਣੇ ਹੱਥ ਰਖਾਏ । ਹਰਿ ਕਰਤਾਰ ਸਰਬ ਕਲਾ ਸਮਰਥ, ਵਰਤੇ ਵਰਤਾਵੇ ਵਿਚ ਸੰਸਾਰ । ਰਾਜ ਰਾਜਾਨਾਂ ਪਾਏ ਨਥ, ਸ਼ਬਦ ਡੋਰੀ ਇਕ ਅਪਾਰ । ਬੇਮੁਖਾਂ ਫੜ ਕੇ ਰਿਹਾ ਮਥ, ਕਲਜੁਗ ਅੰਤਮ ਕਰਨ ਵਿਚਾਰ । ਗੁਰਮੁਖਾਂ ਸਗਲ ਵਸੂਰੇ ਜਾਇਣ ਲਥ, ਕਰ ਦਰਸ ਹਰਿ ਨਿਰੰਕਾਰ । ਪ੍ਰਭ ਸ਼ਬਦ ਚੜ੍ਹਾਏ ਸਾਚੇ ਰਥ, ਸਤਿਜੁਗ ਸਾਚੇ ਬੰਨ੍ਹੀ ਧਾਰ । ਦੇਵੇ ਨਾਮ ਵਸਤ ਅਨਮੋਲ ਵੱਥ, ਬਰਨ ਅਠਾਰਾਂ ਜੈ ਜੈਕਾਰ । ਮਹਿੰਮਾ ਜਗਤ ਸਦਾ ਅਕੱਥ, ਗੁਰ ਗੋਪਾਲਾ ਦੀਨ ਦਿਆਲਾ ਸਰਬ ਰਖਵਾਲਾ ਕਰੇ ਕਰਾਏ ਆਪਣੀ ਕਾਰ । ਜੋਤੀ ਜੋਤ ਸਰੂਪ ਹਰਿ, ਧੁਰ ਦਰਗਾਹੀ ਸਚ ਦਲਾਲਾ ਇਕ ਕਰਾਏ ਲੋਕਮਾਤ ਮਾਰ ਝਾਤ ਪੁਰਖ ਬਿਧਾਤ ਸ਼ਬਦ ਸਾਚਾ ਵਣਜ ਵਪਾਰ । ਸਾਚਾ ਵਣਜ ਨਾਮ ਵਪਾਰਾ । ਜਨ ਭਗਤਾਂ ਕਰੇ ਨਾਮ ਪਿਆਰਾ । ਆਦਿਨ ਅੰਤ ਵਿਚ ਸੰਸਾਰ ਜੁਗਾ ਜੁਗੰਤ ਵਿਚ ਸੰਸਾਰ ਆਪ ਬਣਾਏ ਸਾਚੀ ਬਣਤਾ, ਪੁਰਖ ਪੁਰਖੋਤਮ ਅਲਖ ਨਿਰੰਜਣ ਦਿਵਸ ਰੈਣ ਇਕ ਸਹਾਰਾ । ਨਾ ਕੋਈ ਜਾਣੇ ਜੀਵ ਜੰਤ, ਕਰੇ ਖੇਲ ਸਾਚਾ ਕੰਤ, ਨੌਂ ਖੰਡ ਪ੍ਰਿਥਮੀ ਏਕਾ ਧਾਰਾ । ਹਉਮੇ ਰੋਗ ਕਰੇ ਭਸਮੰਤ, ਧੁਰ ਸੰਜੋਗ ਨਿਭਾਏ ਅੰਤ, ਸੋਹੰ ਭੋਗ ਲਗਾਏ ਆਤਮ ਸਾਚਾ ਤੱਤ ਧੁਨੀ ਜੈ ਜੈਕਾਰਾ । ਜੋਤੀ ਜੋਤ ਸਰੂਪ ਹਰਿ, ਆਪੇ ਵਸੇ ਸਚ ਘਰ, ਸ਼ਬਦ ਰੱਖੇ ਇਕ ਬਿਬਾਣਾ । ਸ਼ਬਦ ਧੁਨੀ ਜੈ ਜੈਕਾਰ । ਸਚ ਦਵਾਰੇ ਆਪੇ ਸੁਣੀ, ਆਪੇ ਖੋਲ੍ਹੇ ਬੰਦ ਕਿਵਾੜ । ਆਪ ਉਠਾਏ ਰਿਖੀ ਮੁਨੀ, ਮੇਟ ਮਿਟਾਏ ਧੂੰਆਂਧਾਰ । ਸੰਤ ਸੁਹੇਲੇ

ਜਾਏ ਚੁਣੀ, ਦਸਮ ਦਵਾਰੇ ਕਰ ਪਿਆਰ । ਸ਼ਬਦ ਪਹਿਨਾਏ ਸਿਰ ਸਾਚੀ ਚੁੰਨੀ, ਰੱਖੇ ਪਤਿ ਵਿਚ ਸੰਸਾਰ । ਪੁਰਖ ਬਿਧਾਤਾ ਵਡ ਗੁਣ ਗੁਣੀ, ਸੁਣੇ ਸੁਣਾਏ ਸ਼ਬਦ ਅਪਾਰ । ਬੇਮੁਖਾਂ ਚੋਟੀ ਜਾਏ ਮੁੰਨੀ, ਕਲਜੁਗ ਅੰਤਮ ਕਰ ਖੁਆਰ । ਨਾ ਕੋਈ ਦੀਸੇ ਈਸਾ ਮੂਸਾ ਮੁਹੰਮਦੀ ਸੁੰਨੀ, ਪੰਡਤ ਪਾਧੇ ਏਕਾ ਧਾਰ । ਗ੍ਰੰਥੀ ਪੰਥੀ ਜਾਏ ਭੁੰਨੀ, ਪਰਗਟ ਹੋਏ ਨਿਹਕਲੰਕ ਨਰਾਇਣ ਨਰ ਅਵਤਾਰ । ਲੱਖ ਚੁਰਾਸੀ ਵਸੇ ਜੂਨੀ, ਨੌਂ ਦਸ ਗਿਆਰਾਂ ਬੀਸ ਤੀਸ ਚਾਰ ਖੇਲ ਅਪਾਰ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਸੰਤ ਸੁਹੇਲੇ ਕਰਾਏ ਮੇਲੇ ਆਪ ਬਣਾਏ ਸਚ ਸੱਚੀ ਸਰਕਾਰ । ਨਰ ਹਰਿ ਸੱਚੀ ਸਰਕਾਰ ਸਚ ਦਰਬਾਰਿਆ । ਆਦਿ ਅੰਤ ਨਾ ਜਾਏ ਹਾਰ, ਜਨ ਭਗਤਾਂ ਰੱਖੇ ਸਾਚਾ ਪਿਆਰ, ਨਾ ਕੋਈ ਪਹਿਨੇ ਬਸਤਰ ਸ਼ਸਤਰ ਤੇਜ਼ ਕਟਾਰ, ਸ਼ਬਦ ਖੰਡਾ ਅਪਰ ਅਪਾਰਿਆ । ਦੂਸਰ ਰੱਖੇ ਨਾ ਕੋਈ ਪਹਿਰੇਦਾਰ, ਚਾਰ ਕੁੰਟ ਦਹਿ ਦਿਸ਼ਾ ਵੇਖ ਵਖਾ ਰਿਹਾ । ਏਕਾ ਏਕ ਜਨ ਭਗਤਾਂ ਰੱਖੇ ਮੀਤ ਮੁਰਾਰ, ਸ਼ਬਦ ਸੁਨੇਹੜਾ ਇਕ ਦਵਾ ਰਿਹਾ । ਵਕਤ ਚੁਕਾਏ ਸੰਗ ਮੁਹੰਮਦ ਚਾਰ ਯਾਰ, ਈਸਾ ਮੂਸਾ ਭਰਮ ਭੁਲਾ ਰਿਹਾ । ਕੋਈ ਨਾ ਜਾਣੇ ਨਰ ਨਾਰ, ਸਚ ਹਦੀਸਾ ਨਾ ਕੋਈ ਪੜ੍ਹਾ ਰਿਹਾ । ਵਰਨ ਅਵਰਨਾਂ ਕਰਨ ਵਿਚਾਰ, ਇਕ ਜਗਦੀਸਾ ਜੋਤ ਜਗਾ ਰਿਹਾ । ਧਰਨੀ ਧਰਨਾਂ ਵਡ ਬਲਕਾਰ, ਛਤਰ ਸੀਸਾ ਇਕ ਝੁਲਾ ਰਿਹਾ । ਸੋਹੰ ਖੰਡਾ ਤਿੱਖੀ ਧਾਰ, ਪ੍ਰਭ ਆਪਣੇ ਹੱਥ ਉਠਾ ਰਿਹਾ । ਵੇਖ ਵਖਾਣੇ ਬੰਕ ਰਾਜ ਦਵਾਰ, ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਖ਼ਬਰਦਾਰ ਕਰਾ ਰਿਹਾ । ਭਾਣਾ ਮੰਨਣਾ ਅੰਤ ਕਰਤਾਰ, ਨੇਤਰ ਨੈਣਾ ਹਰਿ ਵਖਾ ਰਿਹਾ । ਜੂਠਾ ਝੂਠਾ ਚੁੱਕਣਾ ਪਏ ਭਾਰ, ਧਰਮ ਰਾਏ ਰਾਹ ਤਕਾ ਰਿਹਾ । ਕੋਈ ਨਾ ਹੋਏ ਅੱਗੇ ਸਹਾਰ, ਮਾਇਆ ਧੰਦਾ ਭਰਮ ਭੁਲਾ ਰਿਹਾ । ਭੈਣ ਭਾਈ ਨਾ ਦੀਸੇ ਕੋਈ ਭਤਾਰ, ਮਾਤ ਪਿਤਾ ਨਾ ਕੋਈ ਛੁਡਾ ਰਿਹਾ । ਬੇਮੁਖਾਂ ਅੰਤਮ ਪੈਂਦੀ ਮਾਰ, ਜਮ ਰਾਜਾ ਲੇਖ ਚੁਕਾ ਰਿਹਾ । ਗੁਰਮੁਖਾਂ ਬਖ਼ਸ਼ੇ ਚਰਨ ਪਿਆਰ, ਸਾਚਾ ਮਾਰਗ ਇਕ ਵਖਾ ਰਿਹਾ । ਸਾਚਾ ਨਾਮ ਜਗਤ ਜੈਕਾਰ ਸ਼ਬਦ ਨਿਸ਼ਾਨ ਇਕ ਝੁਲਾ ਰਿਹਾ । ਵੇਖ ਵਖਾਣੇ ਵਾਰੋ ਵਾਰ, ਅੰਤਮ ਮੇਲਾ ਹਰਿ ਮਿਲਾ ਰਿਹਾ । ਜਮਨ ਕਿਨਾਰਾ ਸਚ ਕਰਤਾਰ, ਜੋਤੀ ਮੰਦਰ ਹਰਿ ਬਣਾ ਰਿਹਾ । ਪਰਗਟ ਹੋਏ ਵਿਚ ਸੰਸਾਰ, ਸੱਤਾਂ ਦੀਪਾਂ ਰਾਹ ਵਖਾ ਰਿਹਾ । ਮਾਨ ਸਰੋਵਰ ਇਕ ਜਲ ਧਾਰ, ਅੰਮ੍ਰਿਤ ਧਾਰਾ ਹਰਿ ਵਹਾ ਰਿਹਾ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਆਪੇ ਗੁਰ ਆਪੇ ਚੇਲੇ, ਧੁਰ ਦਰਗਾਹੀ ਮਾਤ ਮੇਲੇ, ਵਸੇ ਧਾਮ ਇਕ ਇਕੇਲੇ, ਸਾਚਾ ਰੰਗ ਰੰਗਾ ਰਿਹਾ । ਹਰਿ ਕਾ ਖੇਲ ਅਗੰਮ, ਵਡ ਸੰਸਾਰਿਆ । ਹਰਿ ਕਾ ਖੇਲ ਅਗੰਮ, ਭੇਵ ਕੋਈ ਨਾ ਪਾ ਰਿਹਾ । ਲੋਕਮਾਤ ਏਕਾ ਸਚ ਧਰਮ, ਸਾਚਾ ਝੰਡਾ ਆਪ ਝੁਲਾ ਰਿਹਾ । ਨਾ ਕੋਈ ਲਾਏ ਉਤੇ ਦਮ, ਸੋਹੰ ਡੰਡਾ ਉਪਰ ਲਗਾ ਰਿਹਾ । ਜੋਤੀ ਜੋਤ ਸਰੂਪ ਹਰਿ, ਲੇਖਾ ਲਿਖੇ ਹਰਿ, ਨਵ ਖੰਡ ਵੇਖ ਵਖਾਣੇ ਚਤੁਰਭੁਜ ਵਿਚ ਬ੍ਰਹਿਮੰਡਾਂ, ਉਤਭੁਜ ਸੇਹਤਜ ਜੇਰਜ ਅੰਡਾਂ, ਪੜਦਾ ਉਹਲਾ ਨਾ ਕੋਈ ਰਖਾ ਰਿਹਾ । ਕਲਜੁਗ ਕਾਲਾ ਅੰਤਮ ਕੰਢਾ, ਸ਼ਬਦ ਸਰੂਪੀ ਫੜਿਆ ਖੰਡਾ, ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਏਕਾ ਏਕ ਕਰਾ ਰਿਹਾ । ਸ਼ਬਦ ਖੰਡਾ ਹਰਿ ਦੋ ਧਾਰ । ਮੇਟ ਮਿਟਾਏ ਜਗਤ ਪਖੰਡਾਂ, ਤੋੜੇ ਮਾਣ ਸਰਬ ਹੰਕਾਰ । ਵੱਢੀ ਜਾਏ ਸਭ ਦੀਆਂ ਕੰਡਾਂ, ਨਾ ਕੋਈ ਮਾਤ ਅਟਕਾ ਰਿਹਾ । ਆਤਮ ਹੋਈ ਸਰਬ ਘਮੰਡਾਂ, ਜੋਤੀ ਜੋਤ ਸਰੂਪ ਹਰਿ, ਏਕਾ ਦੇਵੇ ਨਾਮ ਡੰਡਾ, ਨਾ ਕੋਈ ਕਿਸੇ ਛੁਡਾ ਰਿਹਾ । ਜੀਵ ਅਲਨੇਕ ਕਮਚ ਖੇਲ ਖ਼ੁਦਾਇਆ ।


੭੯ ੦੫

ਨਾ ਕੋਈ ਜਾਣੇ ਸ਼ਾਹ ਤਬਰੇਜ਼, ਸ਼ਮਸ ਸਬਰਾਇਆ । ਸ਼ਬਦ ਸੁਨੇਹੜਾ ਨੂਰ ਮੁਹੰਮਦ ਰਿਹਾ ਜਗਾਇਆ । ਵੇਖ ਵਖਾਣੇ ਸ਼ਾਹ ਅੰਗਰੇਜ਼, ਨੰਗੀ ਫਰੰਗੀ ਪਿੱਠ ਕਰਾਇਆ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਭਾਰਤ ਖੰਡ ਵਿਚ ਬ੍ਰਹਿਮੰਡ ਨੌਂ ਖੰਡ ਧਾਮ ਸੁਹਾਇਆ । ਧਾਮ ਸੁਹਾਇਆ ਨੂਰ ਅਲਾਹੀ, ਅਲ੍ਹਾ ਨੂਰ । ਜਗਤ ਮਲਾਹੀ ਹਰਿ ਭਰਪੂਰ । ਦਰ ਘਰ ਸਾਚੇ ਇਕ ਮਲਾਹੀ, ਗ਼ਰੀਬ ਨਿਵਾਜ਼ਾ ਹਾਜ਼ਰ ਹਜ਼ੂਰ । ਵੇਖ ਵਖਾਣੇ ਸਭਨੀਂ ਥਾਈਂ, ਨਾ ਕੋਈ ਜਾਣੇ ਨੇੜੇ ਦੂਰ । ਜੂਠੀ ਝੂਠੀ ਮਿਟਣੀ ਸ਼ਾਹੀ, ਆਪੇ ਕਰੇ ਚੂਰੋ ਚੂਰ । ਚਾਰੇ ਯਾਰਾਂ ਪਾਏ ਫਾਹੀ, ਸ਼ਬਦ ਸਰੂਪੀ ਰਿਹਾ ਘੂਰ, ਜੋਤੀ ਜੋਤ ਸਰੂਪ ਹਰਿ, ਏਕਾ ਮੰਗੇ ਨਾਮ ਰਸ, ਰਸ ਨਾਮ ਹਯਾਤ ਆਬ, ਆਬ ਹਯਾਤ ਸਤਿ ਸਰੂਰ ।ਹੱਕ ਹਲਾਲ ਵਿਚ ਜਹਾਨ । ਜਲਵਾ ਜਲਾਲ ਹਰਿ ਰਹਿਮਾਨ । ਸਚ ਹਦੀਸਾ ਸ਼ਬਦ ਕੁਰਾਨ । ਏਕਾ ਮੰਦਰ ਏਕਾ ਅੰਦਰ, ਏਕਾ ਦੀਪਕ ਏਕਾ ਜੋਤੀ ਏਕਾ ਥਾਨ । ਏਕਾ ਹਾਜ਼ੀ ਏਕਾ ਕਾਅਬਾ । ਪਰਗਟ ਹੋਏ ਦੋ ਦੋਆਬਾ । ਕੋਈ ਨਾ ਝੱਲੇ ਮਾਤ ਤਾਬਾ । ਕਾਲਾ ਵੇਸ ਮੁਖ ਨਕਾਬਾ । ਚਿੱਟੇ ਅਸਵ ਚਰਨ ਰਕਾਬਾ । ਜੋਤੀ ਜੋਤ ਸਰੂਪ ਹਰਿ, ਏਕਾ ਰਾਗ ਆਪ ਸੁਣਾਏ, ਜਗਤ ਸੁਣਾਏ ਸਾਚਾ ਰਾਗਾ । ਨੂਰ ਨੁਰੰਤਰ ਨੂਰ ਜਹਾਨ । ਸ਼ਬਦ ਬਸੰਤਰ ਜਗਤ ਬੇਈਮਾਨ । ਵੇਖ ਵਖਾਏ ਗਗਨ ਗਗਨੰਤਰ, ਸਚ ਹਦੀਸਾ ਅੰਜ਼ੀਲ ਕੁਰਾਨ । ਹੱਕ ਹਕੀਕਾ ਸ਼ਾਹ ਰਫ਼ੀਕਾ, ਕਵਣ ਮੰਤਰ ਜਗਤ ਤੌਫੀਕਾ ਕਰ ਧਿਆਨ । ਆਪੇ ਪਾਕਨ ਪਾਕੀ ਪੀਕਾ, ਰਸਨਾ ਰਸ ਮਾਇਆ ਫੀਕਾ, ਮਹਿਬਾਨ ਬੀਦੋ ਮਿਹਰ ਮਿਹਰਬਾਨ । ਜੋਤ ਸਰੂਪੀ ਨੀਕਨ ਨੀਕਾ, ਸ਼ਬਦ ਕਰਾਏ ਇਕ ਵਸਨੀਕਾ, ਰਹਿਮਤ ਰਹੀਮ ਰਹਿਮਾਨ । ਆਪੇ ਜਾਣੇ ਭੇਵ ਜੀ ਕਾ, ਜੋਤੀ ਜੋਤ ਸਰੂਪ ਹਰਿ, ਸਾਚੇ ਮੰਦਰ ਕਰ ਧਿਆਨ ।

ਜੋਤ ਅਗੰਮ ਅਥਾਹ ਬੇਪਰਵਾਹੀਆ । ਆਪੇ ਜਾਣੇ ਆਪਣਾ ਰਾਹ, ਸ੍ਰਿਸ਼ਟ ਸਬਾਈ ਬਣੇ ਮਲਾਹ, ਸਚ ਦਵਾਰਾ ਰਿਹਾ ਖੁਲ੍ਹਾਈਆ । ਚਾਰ ਵਰਨਾਂ
੦੫ ਏਕਾ ਥਾਂ, ਪੁਰਖ ਅਬਿਨਾਸ਼ੀ ਏਕਾ ਨਾਮ ਬੇਐਬ ਪਰਵਰਦਿਗਾਰ, ਲੋਕਮਾਤ ਬਣੇ ਸਹਾਰਾ, ਦੂਸਰ ਕੋਈ ਦਿਸ ਨਾ ਆਈਆ । ਏਕਾ ਏਕ ਜਗਤ ਜੈਕਾਰਾ, ਸ਼ਬਦ ਭਗਤ ਮੋਖ ਦਵਾਰਾ, ਦੂਸਰ ਹੋਰ ਨਾ ਕੋਈ ਸਹਾਰਿਆ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਖ਼ੁਦੀ ਖ਼ੁਦਾਈ, ਝੂਠੇ ਬੰਦੇ ਆਤਮ ਅੰਧੇ ਕਰਮ ਵਿਜੋਗੀ ਅਨਰਸ ਭੋਗੀ, ਭਰਮ ਭੁਲੇਖਾ ਰਿਹਾ ਮਿਟਾਈਆ । ਭਰਮ ਭੁਲੇਖਾ ਚੁੱਕੇ ਚਰਨ ਦਵਾਰਿਆ । ਜੋਤੀ ਤੀਰ ਏਕਾ ਛੁੱਟੇ, ਸ਼ਬਦ ਵੱਜੇ ਕਾੜ ਕਾੜਿਆ । ਲੱਖ ਚੁਰਾਸੀ ਚੋਗ ਨਿਖੁੱਟੇ, ਵਗੇ ਵਾਹ ਤੱਤੀ ਹਾੜਿਆ । ਬੇਮੁਖਾਂ ਜੜ੍ਹ ਆਪੇ ਪੁੱਟੇ, ਧਰਤ ਮਾਤ ਬਣੇ ਅਖਾੜਿਆ । ਸ਼ਬਦ ਸਰੂਪੀ ਫੜ ਫੜ ਕੁੱਟੇ, ਮੌਤ ਘੋੜੀ ਰਿਹਾ ਚਾੜ੍ਹਿਆ । ਧਰਮ ਰਾਏ ਦਰ ਅੰਤਮ ਸੁਟੇ, ਆਪ ਚਬਾਏ ਆਪਣੀ ਦਾੜਿਆ । ਜਨ ਭਗਤਾਂ ਪਿਆਏ ਅੰਮ੍ਰਿਤ ਏਕਾ ਘੁੱਟੇ, ਲੱਖ ਚੁਰਾਸੀ ਨਾਤਾ ਛੁੱਟੇ, ਦਰ ਘਰ ਸਾਚੇ ਦੇਵੇ ਵਾੜਿਆ । ਸ਼ਬਦ ਪੰਘੂੜਾ ਸਾਚਾ ਝੂਟੇ, ਸਚ ਹੁਲਾਰਾ ਇਕ ਦਵਾ ਰਿਹਾ । ਜੋਤੀ ਜੋਤ ਸਰੂਪ ਹਰਿ, ਸਚ ਸਿੰਘਾਸਣ ਤਖ਼ਤ ਬਿਰਾਜੇ, ਜੋਤ ਸਰੂਪੀ ਕਰੇ ਕਾਜੇ, ਭਗਤ ਜਨਾਂ ਕਲ ਰੱਖੇ ਲਾਜੇ, ਸਰਗੁਣ ਨਿਰਗੁਣ ਦੋਵੇਂ ਭੇਖ ਵਖਾ ਰਿਹਾ । ਨਿਰਗੁਣ ਸਰਗੁਣ ਜਗਤ ਭੇਖ ਅਵਲੱੜਾ । ਗੁਰਮੁਖਾਂ ਵਿਰਲਾ ਨੇਤਰ ਲਏ ਵੇਖ, ਜੋਤ ਸਰੂਪ ਹਰਿ ਇਕੱਲੜਾ । ਆਤਮ ਦਰ ਦਵਾਰੇ ਲੱਗੀ ਸਾਚੀ ਮੇਖ, ਨਾਮ ਜੋਤੀ ਦੀਪਕ ਏਕਾ ਬਲੜਾ । ਆਪ ਮਿਟਾਏ ਬਿਧਨਾ ਲਿਖੀ ਰੇਖ, ਗੁਰਮੁਖਾਂ ਆਤਮ ਦਰ ਦਵਾਰੇ ਅਗੇ ਖਲੜਾ । ਕਲਜੁਗ ਜੀਵ ਰਹੇ ਵੇਖ, ਚਾਰੋਂ ਕੁੰਟ ਪਏ ਤਰਥਲੱੜਾ । ਪਕੜ ਪਛਾੜੇ ਫੜ ਫੜ ਵਡ ਔਲੀਏ ਪੀਰ ਸ਼ੇਖ਼, ਸ਼ਬਦ ਅੰਧੇਰ

ਏਕਾ ਝੁਲੜਾ । ਨਾ ਕੋਈ ਦੀਸੇ ਵਡ ਸੇਠ ਕੌੜਾ ਰੇਠ, ਮਾਇਆਧਾਰੀ ਕਰ ਖੁਆਰੀ ਵੇਲੇ ਅੰਤਮ ਹਰਨ ਦੰਮੜਾ । ਮਿਟਦੀ ਜਾਏ ਚਾਰ ਯਾਰੀ, ਪੰਚਮ ਤੇਜ਼ ਸੱਚੀ ਸਰਦਾਰੀ, ਧੁਨੀ ਨਾਦ ਨਾਦ ਧੁਨ ਅਗੰਮ ਅਪਾਰੀ । ਏਕਾ ਰਾਗ ਹਰਿ ਸੁਣਾਏ, ਜਗਤ ਤਿਆਗ ਰਾਹ ਵਖਾਏ, ਸੰਤ ਸੁਹੇਲੇ ਆਪ ਜਗਾਏ, ਆਪ ਕਰਾਏ ਆਪਣੇ ਮੇਲੇ, ਸ਼ਬਦ ਫੜਾਏ ਸਾਚਾ ਪਲੜਾ । ਸ਼ਬਦ ਪਲਾ ਹੱਥ ਫੜਾਇੰਦਾ । ਇਕ ਇਕਲਾ ਆਪੇ ਖੇਲੇ, ਜੰਗਲ ਜੂਹ ਉਜਾੜ ਪਹਾੜ ਜਲ ਥਲ ਸਰਬ ਥਾਈਂ ਆਪ ਸਮਾਇੰਦਾ । ਜੋਤੀ ਖੇਲ ਘੜੀ ਘੜੀ ਪਲ ਪਲਾ, ਇੰਦਲੋਕ ਸ਼ਿਵਲੋਕ ਬ੍ਰਹਮਲੋਕ ਸਚਖੰਡੀ ਬਣਤ ਬਣਾਇੰਦਾ । ਪੁਰੀਆਂ ਲੋਆਂ ਇਕ ਕਰਮ, ਸੱਤਾਂ ਦੀਪਾਂ ਸਤਿ ਧਰਮ, ਉਚ ਮੁਨਾਰਾ ਸ਼ਬਦ ਜੈਕਾਰਾ, ਹਰਿ ਗਿਰਧਾਰਾ ਵਿਚ ਸੰਸਾਰਾ ਪਹਿਲੀ ਵਾਰਾ ਲੋਕਮਾਤ ਉਪਜਾਇੰਦਾ । ਮੇਟ ਮਿਟਾਏ ਧੁੰਦੂਕਾਰਾ, ਦੀਪਕ ਜੋਤੀ ਕਰ ਉਜਿਆਰਾ, ਸ਼ਬਦ ਜੈਕਾਰਾ ਇਕ ਲਗਾਇੰਦਾ । ਜਨ ਭਗਤਾਂ ਦੱਸੇ ਰਾਹ ਨਿਆਰਾ, ਢੋਲ ਮਰਦੰਗ ਨਾ ਕੋਈ ਰਖਾਇੰਦਾ । ਕਰੇ ਖੇਲ ਅਪਰ ਅਪਾਰਾ, ਵਰਨਾਂ ਬਰਨਾਂ ਵਸੇ ਬਾਹਰਾ, ਕਰੇ ਕਰਾਏ ਸਿਰਜਣਹਾਰਾ, ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਸਾਚਾ ਧਾਮ ਨੌਂ ਦਵਾਰਾ ਪਸਰ ਪਸਾਰ, ਜੂਠਾ ਝੂਠਾ ਮੋਹ ਚੁਕਾਇੰਦਾ । ਚੁੱਕੇ ਮੋਹ ਜਗਤ ਜੰਜ਼ਾਲ । ਮਾਇਆ ਰਾਣੀ ਝੂਠਾ ਧਰੋ, ਜੀਵ ਜੰਤ ਹੋਏ ਕੰਗਾਲ । ਦਰ ਦਰ ਘਰ ਘਰ ਬੈਠੇ ਰਹੇ ਰੋ, ਨਾ ਕੋਈ ਕਰੇ ਮਾਤ ਸੰਭਾਲ । ਕਰੇ ਵਿਹਾਰਾ ਛੱਬੀ ਪੋਹ, ਕਲਜੁਗ ਅੰਤਮ ਅੰਤ ਇਕ ਸੁਹਾਏ, ਅੰਮ੍ਰਿਤ ਆਤਮ ਕਾਇਆ ਸਾਚਾ ਤਾਲ । ਜੋਤੀ ਜੋਤ ਸਰੂਪ ਹਰਿ, ਹਰਿਜਨ ਜਨ ਹਰਿ ਸੰਤ ਪਿਆਰੇ ਫ਼ਲ ਲਗਾਏ ਕਾਇਆ ਡਾਲ੍ਹ । ਕਾਇਆ ਡਾਲ੍ਹ ਫੁਲ ਫੁਲਵਾੜੀ । ਲੱਗਣਾ ਫਲ ਸਤਾਰਾਂ ਹਾੜੀ । ਜਗੇ ਜੋਤ ਬਹੱਤਰ ਨਾੜੀ । ਸ਼ਬਦ ਘੋੜੇ ਸਾਚੇ ਚਾੜ੍ਹੀ । ਸਦਾ ਰਹੇ ਪਿਛੇ ਅਗਾੜੀ । ਬਜਰ ਕਪਾਟੀ ਰਿਹਾ ਪਾੜੀ । ਨੇੜ ਨਾ ਆਏ ਮੌਤ ਲਾੜੀ । ਪੰਜਾਂ ਚੋਰਾਂ ਰਿਹਾ ਸਾੜੀ । ਜੋਤੀ ਜੋਤ ਸਰੂਪ ਹਰਿ, ਕਾਇਆ ਮੰਦਰ ਭਾਗ ਲਗਾਏ, ਅੰਦਰੇ ਅੰਦਰ ਜੋਤ ਜਗਾਏ, ਸ਼ਬਦ ਸਰੂਪੀ ਡੰਕ ਵਜਾਏ, ਹੋਏ ਸਹਾਏ ਜੰਗਲ ਜੂਹ ਉਜਾੜ ਪਹਾੜੀ । ਨਾਮ ਕਪੜ ਅਪਰ ਅਪਾਰ । ਆਪੇ ਮਾਈ ਆਪੇ ਬੱਪੜ, ਪੁਰਖ ਬਿਧਾਤਾ ਮਤਿ ਮੁਰਾਰ । ਕੋਟਨ ਕੋਟ ਤਾਰੇ ਪੱਪੜ, ਜੋਤ ਜਗਾਏ ਨਰ ਨਿਰੰਕਾਰ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੀ ਕਿਰਪਾ ਧਾਰ । ਸਾਚਾ ਸੂਤਰ ਸਾਚਾ ਤੰਦ । ਜੋਤੀ ਜਾਮਾ ਸ਼ਬਦ ਅਨੰਦ । ਪੂਰਨ ਕਰੇ ਕਾਮਾ ਅੰਤਮ ਕਲਜੁਗ ਵਜਾਏ ਸ਼ਬਦ ਦਮਾਮਾ, ਬੇਮੁਖਾਂ ਭਰਮਾਂ ਢਾਹੇ ਕੰਧ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਵੇਖੇ ਮਾਤ ਸੱਚੇ ਚੰਦ । ਸੂਰਜ ਚੰਦ ਚੰਦ ਪਰਕਾਸ਼ । ਸਰਬ ਬ੍ਰਹਿਮੰਡ ਹਰਿ ਮਰਗਿੰਦ ਜਗਤ ਗੁਣਤਾਸ । ਜਗਤ ਮਿਟਾਏ ਜੂਠੀ ਝੂਠੀ ਕੰਧ, ਸਚ ਬ੍ਰਹਮ ਸਗਲ ਰਹਿਰਾਸ । ਸ਼ਬਦ ਸਰੂਪੀ ਪਾਏ ਫੰਦ, ਪਕੜ ਪਕੜ ਪਕੜ ਉਠਾਏ ਹੱਡ ਨਾੜੀ ਤਨ ਮਾਸ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਕਰੇ ਬੰਦ ਖੁਲਾਸ । ਸ਼ਬਦ ਸੂਤਰ ਨਾਮ ਤਾਰ । ਪੁਰਖ ਅਬਿਨਾਸ਼ੀ ਖਿਚੇ ਮਾਤ, ਕਲਜੁਗ ਤੇਰੀ ਅੰਤਮ ਵਾਰ । ਗੁਰਮਖਾਂ ਬੰਨ੍ਹੇ ਸਾਚਾ ਨਾਤ, ਦੇਵੇ ਗੰਢ ਅਪਰ ਅਪਾਰ । ਆਤਮ ਰੱਖੇ ਜਗਤ ਜ਼ਾਤ, ਸਦਾ ਸੁਹੇਲਾ ਰਖੇ ਠੰਡ । ਮੇਟ ਮਿਟਾਏ ਅੰਧੇਰੀ ਰਾਤ, ਆਪ ਕਰਾਏ ਸਾਚੀ ਵੰਡ । ਕਲਜੁਗ ਅੰਤਮ ਪੁੱਛੇ ਵਾਤ, ਮੇਟ ਮਿਟਾਏ ਭੇਖ ਪਖੰਡ । ਕਰੇ ਖੇਲ ਨੌਂ ਸਾਤ, ਦੀਪਾਂ ਲੋਆਂ ਪਾਏ ਵੰਡ, ਚੰਦ ਮੰਡਲ ਹਰਿ ਸਚ ਬਰਾਤ । ਵੇਖ ਵਖਾਏ ਖੰਡ ਖੰਡ ਜੋਤੀ ਜਾਮਾ

ਖੇਲ ਬਿਧਾਤ । ਬੇਮੁਖਾਂ ਦੇਵੇ ਅੰਤਮ ਦੰਡ, ਗੁਰਮੁਖਾਂ ਅੰਮ੍ਰਿਤ ਬੂੰਦ ਸਵਾਂਤ । ਮਿਲੇ ਵਡਿਆਈ ਵਿਚ ਵਰਭੰਡ, ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਵੇਖੇ ਵੇਖ ਵਖਾਣੇ, ਉਤਭੁਜ ਸੇਤਜ ਜੇਰਜ ਅੰਡ । ਸਾਚਾ ਸੂਤਰ ਰੰਗ ਰੰਗੀਲਾ । ਜੋਤੀ ਨੂਰਾ ਛੈਲ ਛਬੀਲਾ । ਆਪੇ ਜਾਣੇ ਲਾਲ ਸੁਨਿਹਰੀ ਸੂਹਾ ਚਿੱਟਾ ਪੀਲਾ ਨੀਲਾ ਕਾਲਾ । ਧਾਰ ਲਹਿਰੀ ਵੇਖ ਵਖਾਣੇ ਉਚਾ ਟੀਲਾ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿ ਸੁਵਰਨੀ ਏਕਾ ਕਰਨਾ ਚਾਰ ਵਰਨਾਂ ਏਕਾ ਏਕ ਸਾਚਾ ਸੂਤਰ ਸਾਚੀ ਤੰਦੀ । ਕਲਜੁਗ ਅੰਤਮ ਅੰਤ ਜਨ ਭਗਤਾਂ ਕਟਾਏ ਬੰਦ ਬੰਦੀ । ਵੇਖ ਵਖਾਣੇ ਸਾਧ ਸੰਤ, ਕਵਣ ਦਵਾਰੇ ਚੰਦ ਨੌਚੰਦੀ । ਲੋਕਮਾਤ ਬਣਾਏ ਆਪਣੀ ਬਣਤ, ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟ ਸਬਾਈ ਹੋਈ ਅੰਧੀ । ਸਾਚਾ ਸੂਤਰ ਧਾਰੀ ਸਤਿ । ਪੁਰਖ ਅਬਿਨਾਸ਼ੀ ਕਰਮ ਵਿਚਾਰੀ, ਦੇ ਸਮਝਾਵੇ ਮਤ । ਲੱਖ ਚੁਰਾਸੀ ਜਾਵੇ ਹਾਰੀ, ਕੋਈ ਨਾ ਜਾਣੇ ਮਿਤ ਗਤ । ਚਾਰੋਂ ਕੁੰਟ ਕੂੜ ਕੁੜਿਆਰੀ, ਨਾ ਕੋਈ ਜਾਣੇ ਧੀਰਜ ਜਤ । ਮਾਇਆ ਰਾਣੀ ਹੈਂਸਿਆਰੀ, ਰਹਿਣ ਨਾ ਦੇਵੇ ਕਿਸੇ ਪਤਿ । ਨਾ ਕੋਈ ਪੁਰਖ ਨਾ ਕੋਈ ਨਾਰੀ, ਏਕਾ ਭੁੱਲਾ ਕਮਲਾਪਤ । ਭਰਮੇ ਭੁਲੇ ਜੀਵ ਗਵਾਰੀ, ਜੂਠੀ ਝੂਠੀ ਉਬਲੇ ਰਤ । ਜਨ ਭਗਤ ਸੋਹਣ ਚਰਨ ਦਵਾਰੀ, ਆਪ ਚੜ੍ਹਾਏ ਸਾਚੇ ਰਥ । ਪੂਰਬ ਕਰਮ ਰਿਹਾ ਵਿਚਾਰੀ, ਜਗਤ ਜੰਜਾਲਾ ਮਾਤ ਮਥ । ਦਰ ਘਰ ਸਾਚੇ ਪੈਜ ਸਵਾਰੀ, ਸੋਹੰ ਪਾਈ ਸਾਚੀ ਨੱਥ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਹਿੰਮਾ ਜਗਤ ਜੁਗ ਅਕਥ । ਸਾਚਾ ਤੰਦਨ ਬੰਧੇ ਡੋਰ । ਲੱਖ ਚੁਰਾਸੀ ਤੁਟੇ ਫੰਦਨ, ਆਪੇ ਪਕੜੇ ਪੰਜੇ ਚੋਰ । ਨਿਝਰ ਰਸ ਇਕ ਪਰਮਾਨੰਦਨ, ਕਾਇਆ ਅੰਮ੍ਰਿਤ ਅੰਧੇਰ ਘੋਰ । ਪੁਰਖ ਅਬਿਨਾਸ਼ੀ ਸਦਾ ਬਖ਼ਸ਼ੰਦਨ, ਹਰਿਜਨ ਚੁਕਾਏ ਮੋਰ ਤੋਰ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਸੂਤਰ ਸਾਚਾ ਵਟ, ਆਪੇ ਦੇਵੇ ਘਟ ਘਟ, ਦੂਸਰ ਨਾਹੀ ਦਿਸੇ ਹੋਰ ।

### ★ ੧੩ ਜੇਠ ੨੦੧੨ ਬਿਕ੍ਰਮੀ ਮਾਤਾ ਬਿਸ਼ਨ ਕੌਰ ਦੇ ਗ੍ਰਿਹਿ ਪਿੰਡ ਜੇਠੂਵਾਲ ★

ਸ਼ਬਦ ਜੋਗ ਅਪਾਰ ਵਿਚ ਜਹਾਨਿਆ । ਸ਼ਬਦ ਜੋਗ ਅਪਾਰ, ਪੁਰਖ ਸੁਜਾਨਿਆ । ਸ਼ਬਦ ਜੋਗ ਅਪਾਰ, ਜੀਵ ਨਿਧਾਨਿਆ । ਸ਼ਬਦ ਜੋਗ ਅਪਾਰ, ਹਉਮੇ ਰੋਗ ਮੇਟ ਮਿਟਾਨਿਆ । ਸ਼ਬਦ ਜੋਗ ਅਪਾਰ, ਮਿਟੇ ਜਗਤ ਵਿਜੋਗ ਸ੍ਰੀ ਭਗਵਾਨਿਆ । ਸ਼ਬਦ ਜੋਗ ਅਪਾਰ, ਜਨ ਭਗਤਾਂ ਮਿਲੇ ਲਿਖਿਆ ਧੁਰ ਸੰਜੋਗ, ਨਾ ਕੋਈ ਦੂਸਰ ਵੰਡ ਵੰਡਾਨਿਆ । ਸ਼ਬਦ ਜੋਗ ਅਪਾਰ, ਹਰਿਜਨ ਜਨ ਹਰਿ ਰਸਨਾ ਚੁਗੇ ਸਾਚੀ ਚੋਗ, ਹੰਸ ਕਾਗ ਕਾਗ ਹੰਸ ਪ੍ਰਭ ਆਪ ਬਣਾਨਿਆ । ਸ਼ਬਦ ਜੋਗ ਅਪਾਰ, ਵਿਚ ਸੰਸਾਰ ਜੁਗੋ ਜੁਗ ਪੁਰਖ ਅਬਿਨਾਸ਼ੀ ਬੰਨ੍ਹੇ ਧਾਰ, ਪਾਰਬ੍ਰਹਮ ਖੇਲ ਮਹਾਨਿਆ । ਸ਼ਬਦ ਜੋਗ ਅਪਾਰ, ਗੁਣਾਂ ਗੁਣਵੰਤਿਆ । ਸ਼ਬਦ ਜੋਗ ਅਪਾਰ, ਏਕਾ ਮੇਲ ਪੂਰਨ ਭਗਵੰਤਿਆ । ਸ਼ਬਦ ਜੋਗ ਅਪਾਰ, ਪੁਰਖ ਅਬਿਨਾਸ਼ੀ ਦੇਵੇ ਕਰ ਪਿਆਰ, ਗੁਰਮੁਖ ਸਾਚੇ ਮੰਨਿਆ । ਸ਼ਬਦ ਜੋਗ ਅਪਾਰ, ਏਕਾ ਵਹੇ ਸਾਚੀ ਧਾਰ, ਰੂਪ ਰੰਗ ਨਾ ਕੋਈ ਵਖਾਨਿਆ । ਸ਼ਬਦ ਜੋਗ ਅਪਾਰ, ਪੰਜਾਂ ਚੋਰਾਂ ਰਿਹਾ ਮਾਰ, ਏਕਾ ਖੰਡਾ ਹੱਥ ਰਖਾਨਿਆ । ਸ਼ਬਦ ਜੋਗ ਅਪਾਰ, ਕੂੜ ਕੁੜਿਆਰਾ ਕੱਢੇ ਬਾਹਰ, ਸਾਚੀ

ਜੋਤੀ ਕਰ ਅਕਾਰ, ਨਿਰਮਲ ਬਾਤੀ ਦਸਮ ਦਵਾਰ, ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਕਲਜੁਗ ਤੇਰੀ ਅੰਤਮ ਵਾਰ, ਵੇਖ ਵਖਾਣੇ ਰਾਜੇ ਰਾਣੇ, ਸੁਘੜ ਸਿਆਣੇ ਹਰਿ ਭਗਵਾਨੇ, ਨਾ ਕੋਈ ਜਾਣੇ ਜੀਵ ਜੰਤ ਗਵਾਰ ਅੰਞਿਆ । ਸ਼ਬਦ ਜੋਗ ਅਪਾਰ, ਨਾਮ ਰੰਗਤਿਆ । ਸ਼ਬਦ ਜੋਗ ਅਪਾਰ, ਪੂਰਨ ਕਰੇ ਕਾਮ, ਇਕ ਬਹਾਏ ਸਾਚੇ ਧਾਮ, ਸਾਚੀ ਖੋਜ ਖੁਜੰਤਿਆ । ਸ਼ਬਦ ਜੋਗ ਅਪਾਰ, ਸੁੱਕਾ ਹਰਿਆ ਕਰੇ ਚਾਮ, ਨਾ ਕੋਈ ਲਾਏ ਮਾਤ ਦਾਮ, ਪੂਰਨ ਬੂਝ ਬੁਝੰਤਿਆ । ਸ਼ਬਦ ਜੋਗ ਅਪਾਰ, ਏਕਾ ਏਕ ਹਰਿ ਕਾ ਨਾਮ, ਮੇਟ ਮਿਟਾਏ ਅੰਧੇਰੀ ਸ਼ਾਮ, ਸਚ ਪਰਕਾਸ਼ ਮਾਤ ਪਤਾਲ ਅਕਾਸ਼ ਆਪ ਕਰੰਤਿਆ । ਸ਼ਬਦ ਜੋਗ ਅਪਾਰ, ਆਪੇ ਰਖੇ ਆਪਣੀ ਧਾਰ, ਜੁਗਾ ਜੁਗੰਤਰ ਵਾਰੋ ਵਾਰ, ਭਾਣਾ ਰਾਣਾ ਆਪਣੇ ਹੱਥ ਰਖੰਤਿਆ । ਸ਼ਬਦ ਜੋਗ ਅਪਾਰ, ਧੁਨੀ ਧੁਨਕਾਰਿਆ । ਸ਼ਬਦ ਜੋਗ ਅਪਾਰ, ਗੁਰਮੁਖ ਵਿਰਲਾ ਪਾਏ ਸਾਰ, ਜਿਸ ਜਨ ਹਰਿ ਸਾਚਾ ਕੰਨ ਸੁਣੰਤਿਆ । ਸ਼ਬਦ ਜੋਗ ਅਪਾਰ, ਮਾਇਆ ਮਮਤਾ ਰਿਹਾ ਮਾਰ, ਭਾਂਡਾ ਭਰਮ ਰਿਹਾ ਨਿਵਾਰ, ਏਕਾ ਦਰ ਦਵਾਰ ਆਪ ਦਸੰਤਿਆ । ਸ਼ਬਦ ਜੋਗ ਅਪਾਰ, ਤਿੱਖੀ ਰੱਖੇ ਹਰਿ ਜੀ ਧਾਰ, ਕਲਜੁਗ ਤੇਰੀ ਅੰਤਮ ਵਾਰ, ਕਰਮ ਧਰਮ ਧਰਮ ਕਰਮ ਲੱਖ ਚੁਰਾਸੀ ਰਿਹਾ ਵਿਚਾਰ । ਸ਼ਬਦ ਜੋਗ ਅਪਾਰ, ਹਰਿਜਨ ਪਾਇਆ । ਸ਼ਬਦ ਜੋਗ ਅਪਾਰ, ਹਰਿਜਨ ਨਾ ਲਾਏ ਡੰਨ, ਪ੍ਰਭ ਅਬਿਨਾਸ਼ੀ ਬੇੜਾ ਰਿਹਾ ਬੰਨ੍ਹ, ਤਨ ਮੰਦਰ ਅੰਦਰ ਆਪ ਟਿਕਾਇਆ । ਸ਼ਬਦ ਜੋਗ ਅਪਾਰ, ਅੰਦਰੇ ਅੰਦਰ ਨਾ ਕੋਈ ਵੇਖੇ ਕਲਜੁਗ ਜੀਵ ਕਾਇਆ ਡੂੰਘੀ ਕੰਦਰ, ਲੱਖ ਚੁਰਾਸੀ ਭੌਂਦੀ ਫਿਰਦੀ ਬੰਦਰ, ਨਾਮ ਅਮੋਲਾ ਹਰਿ ਨਿਰੋਲਾ ਸਾਚੇ ਧਾਮ ਟਿਕਾਇਆ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਲੋਕਮਾਤ ਹਰਿ ਜੋਤ ਧਰ, ਗੁਰਮੁਖ ਸਾਚੇ ਸੰਤ ਜਨਾਂ ਭੇਵ ਅਭੇਦਾ ਅਛਲ ਅਛੇਦਾ ਵਡ ਦੇਵੀ ਦੇਵ ਆਪਣਾ ਆਪ ਵਖਾਇਆ । ਸ਼ਬਦ ਜੋਗ ਅਪਾਰ, ਜੋਗ ਨਿਰਾਲਿਆ । ਗੁਰਮੁਖ ਵਿਰੋਲੇ ਕਰ ਵਿਚਾਰ, ਕਲਜੁਗ ਕਾਲੇ ਵਿਚੋਂ ਪਾ ਲਿਆ । ਅੰਮ੍ਰਿਤ ਆਤਮ ਪੀਏ ਸਾਚੀ ਧਾਰ, ਸਾਚਾ ਧਾਮ ਸੁਹਾ ਲਿਆ । ਸ਼ਬਦ ਵਿਚੋਲਾ ਮੀਤ ਮੁਰਾਰ, ਦੋਹਾਂ ਮੇਲਾ ਆਪ ਮਿਲਾ ਰਿਹਾ । ਜੋਤ ਨਿਰੰਜਣ ਕਰ ਅਕਾਰ, ਮੁਖੜਾ ਸਾਚਾ ਆਪ ਵਖਾ ਲਿਆ । ਸ਼ਬਦ ਖ਼ੁਸ਼ੀ ਕਰੇ ਅਪਾਰ, ਘਰ ਸਾਚੇ ਦੀਪਕ ਬਾਲਿਆ । ਨਾ ਕੋਈ ਦੀਸੇ ਠੱਗ ਚੋਰ ਯਾਰ, ਏਕਾ ਏਕ ਮੇਲ ਪੁਰਖ ਬਿਧਾਤਾ, ਨਾ ਕੋਈ ਦੀਸੇ ਹੋਰ ਪਿਆਰਾ, ਏਕਾ ਧਾਰਾ ਆਪ ਵਹਾ ਰਿਹਾ । ਨਾ ਕੋਈ ਦੀਸੇ ਮੀਤ ਮੁਰਾਰ, ਹਰਿਜਨ ਹਰਿ ਹਰਿ ਵਿਚ ਸਮਾ ਲਿਆ । ਨਾ ਕੋਈ ਦੀਸੇ ਅੰਦਰ ਬਾਹਰ, ਨੂਰੋ ਨੂਰ ਇਕ ਉਜਾਲਿਆ । ਨਾ ਕੋਈ ਦਿਸੇ ਪਾਰ ਕਿਨਾਰ, ਆਰ ਪਾਰ ਨਾ ਕੋਈ ਵਖਾ ਲਿਆ । ਨਾ ਕੋਈ ਦੀਸੇ ਮਹੱਲ ਮੁਨਾਰ ਅਚਲ ਅਟੱਲ ਧਾਮ ਆਪ ਸੁਹਾ ਲਿਆ । ਰੂਪ ਰੰਗ ਨਾ ਕਰੇ ਕੋਈ ਵਿਚਾਰ, ਸਤਿ ਸਰੂਪੀ ਸਤਿ ਸਮਾ ਲਿਆ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਲੋਕਮਾਤ ਹਰਿ ਜੋਤ ਧਰ, ਲੱਖ ਚੁਰਾਸੀ ਦੇਵੇ ਜਮ ਕੀ ਫਾਸੀ, ਗੁਰਮੁਖ ਵਿਰਲਾ ਮਾਤ ਬਚਾ ਲਿਆ । ਸ਼ਬਦ ਜੋਗ ਅਪਾਰ ਸਚ ਘਰ ਵਸੰਦੜਾ । ਗੁਰਮੁਖ ਵਿਰਲਾ ਪਾਏ ਸਾਰ, ਜਿਸ ਜਨ ਨਾਉਂ ਹਰਿ ਸਾਚਾ ਆਪ ਬਖ਼ਸ਼ੰਦੜਾ । ਪੂਰਬ ਕਰਮ ਕਰ ਵਿਚਾਰ, ਹਰਿ ਦਾਤਾਰ ਸ਼ਬਦ ਜੋਗ ਬਾਣਾ ਤਨ ਪਹਿਨੰਦੜਾ । ਰੰਗਣ ਰੰਗੇ ਰੰਗ ਅਪਾਰ, ਪਹਿਲੀ ਵਾਰ ਨਾ ਦਾਗ਼ ਕੋਈ ਰਖੰਦੜਾ । ਆਪੇ ਰਿਹਾ ਪੈਜ ਸਵਾਰ, ਨਾ ਕੋਈ ਜਾਣੇ ਨਰ ਨਾਰ, ਸਰਨ ਚਰਨ ਚਰਨ ਸਰਨ ਰਖੰਦੜਾ । ਧਰਮ ਰਾਏ ਨਾ ਮਾਰੇ ਮਾਰ, ਲੱਖ ਚੁਰਾਸੀ ਉਤਰੇ ਪਾਰ, ਏਕਾ ਦਿਸੇ ਦਰ ਦਵਾਰ,

ਸਾਚਾ ਧਾਮ ਆਪ ਸੁਹੰਦੜਾ । ਦਰਸ ਅਮੋਘਾ ਹਰਿ ਦਾਤਾਰ ਆਵਣ ਜਾਵਣ ਕਟੇ ਰੋਗਾ, ਮਿਲੇ ਮੇਲ ਧੁਰ ਸੰਜੋਗਾ, ਆਤਮ ਸੇਜ ਸਾਚਾ ਰਸ ਏਕਾ ਭੋਗਾ, ਗੁਰਮੁਖ ਸਾਚੇ ਸੰਤ ਜਨ ਏਕਾ ਦਰ ਆਪ ਸੁਹਾਏ ਤਨ ਮੰਦਰ ਅੰਦਰ ਡੇਰਾ ਲਾਏ, ਦੀਪਕ ਜੋਤੀ ਇਕ ਜਗਾਏ, ਸਾਚੀ ਕਾਰ ਕਰੰਦੜਾ । ਸ਼ਬਦ ਜੋਗ ਅਪਾਰ ਵਸਤ ਅਮੋਲਿਆ । ਗੁਰਮੁਖ ਦੇਵੇ ਆਤਮ ਵਸਤ, ਸਾਚਾ ਕੁੰਡਾ ਆਪੇ ਖੋਲਿਆ । ਅੱਠੇ ਪਹਿਰ ਰਹੇ ਮਸਤ, ਸਦਾ ਸਦਾ ਹਰਿ ਵਸੇ ਕੋਲਿਆ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ ਭਾਗ ਲਗਾਏ ਕਾਇਆ ਚੋਲਿਆ । ਕਾਇਆ ਚੋਲੀ ਰੰਗ ਕਰਤਾਰ । ਚੁਕੇ ਡੋਲੀ ਵਿਚ ਸੰਸਾਰ । ਦਰ ਘਰ ਸਾਚੇ ਸ਼ਬਦ ਗੋਲੀ, ਅੰਦਰੇ ਅੰਦਰ ਆਤਮ ਜੋਤੀ ਤਨ ਮੰਦਰ ਖਿੜੀ ਸਚ ਗੁਲਜ਼ਾਰ । ਆਪ ਉਲਟਾਏ ਨਾਭ ਕਵਲੀ, ਨਾ ਕੋਈ ਜਾਣੇ ਧਾਰ ਸਵਲੀ, ਦਸਮ ਦਵਾਰਾ ਆਤਮ ਬਵਲੀ, ਏਕਾ ਦਿਸੇ ਸਾਚੀ ਧਾਰ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ, ਏਕਾ ਟੇਕ ਕਰੇ ਬੁੱਧ ਬਿਬੇਕ, ਕਲਜੁਗ ਮਾਇਆ ਨਾ ਲਾਏ ਸੇਕ, ਸਾਚਾ ਬਖ਼ਸ਼ੇ ਚਰਨ ਪਿਆਰ । ਮੰਮਾ ਮਾਤ ਬਣਤ ਬਣਾਈ । ਸਾਚੇ ਸੰਤ ਦਇਆ ਕਮਾਈ । ਆਦਿ ਅੰਤ ਜੁਗਾ ਜੁਗੰਤ ਰੀਤੀ ਨੀਤੀ ਆਪ ਚਲਾਈ । ਆਪੇ ਜਾਣੇ ਅਗਲੀ ਪਿਛਲੀ ਬੀਤੀ, ਸਾਚੀ ਬਣਤ ਬਣਦੀ ਆਈ । ਮੰਮੇ ਮੁਕਤੀ ਸਾਚੀ ਰੀਤੀ, ਜੋਤੀ ਜੋਤ ਸਰੂਪ ਹਰਿ, ਅਚਰਜ ਲੀਲ੍ਹਾ ਮਾਤ ਵਰਤਾਈ । ਮੰਮਾ ਮਿਲਿਆ ਪੁਰਖ ਸੁਜਾਨ । ਪਾਣਾ ਨਾਮ ਗੁਣ ਨਿਧਾਨ । ਸਾਚਾ ਜਾਮ ਪੀਣ ਖਾਣ । ਸਾਚਾ ਧਾਮ ਪੂਰਨ ਕਾਮ । ਹਰਿਜਨ ਧਿਆਨ ਆਪੇ ਜਾਣੇ ਜਾਣੀ ਜਾਣ ਕਰ ਪਛਾਣ ਵਿਚ ਜਹਾਨ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੱਮਾ ਮੁਕਤਾ ਮੂਰਤ ਭਗਵਾਨ । ਮੰਮਾ ਮਾਤ ਦੇਵੇ ਮਤ । ਸੱਸਾ ਸਤਿਗੁਰ ਰਖੇ ਪਤਿ । ਸਾਹਿਬ ਸੱਚੇ ਏਕਾ ਮਤ । ਕਾਇਆ ਮਾਟੀ ਝੂਠੀ ਕਚ । ਅੰਤਮ ਵੇਲੇ ਜਾਏ ਮਚ । ਜੂਠੇ ਝੂਠੇ ਪੰਜੇ ਚੋਰ ਰਹੇ ਨੱਚ । ਪੁਰਖ ਅਬਿਨਾਸ਼ੀ ਸੱਚੋ ਸੱਚ । ਜੋਤੀ ਜੋਤ ਸਰੂਪ ਹਰਿ, ਸ਼ਬਦ ਅਭੇਦਾ ਆਪੇ ਬੋਲੇ, ਸ਼ਬਦ ਅਭੇਦ ਆਪੇ ਖੋਲ੍ਹੇ, ਸਾਧ ਸੰਤ ਜਾਇਣ ਮੱਚ । ਲੱਗੇ ਅੱਗ ਕਾਇਆ ਚੋਲੇ । ਪੁਰਖ ਅਬਿਨਾਸ਼ੀ ਕਰੇ ਖੇਲ ਹੌਲੇ ਹੌਲੇ । ਸ਼ਬਦ ਜੋਤੀ ਜੋਤੀ ਸ਼ਬਦ ਅੰਦਰੇ ਅੰਦਰ ਜਾਏ ਰਚ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਸਤਿ ਸਤਿਗੁਰ ਸਾਜਣ ਮੀਤਾ ਪਰਖੇ ਨੀਤਾ, ਵੇਖ ਵਖਾਣੇ ਸਚ ਤੋਲੇ । ਤੱਤਾ ਤੁਰੀਆ ਵੱਜਾ ਨਾਦ । ਤੂਰਤ ਤੂਰਾ ਬੋਧ ਅਗਾਧ । ਵਡ ਦਾਤਾ ਸੂਰਾ ਰੱਖਣਾ ਯਾਦ । ਸੁਣ ਸੁਣੇ ਫਰਿਆਦ, ਪ੍ਰਭ ਬਖ਼ਸ਼ੇ ਸਾਚੀ ਦਾਦ । ਮਿਲੇ ਮੇਲ ਮਾਧਵ ਮਾਧ । ਸੰਤ ਸੁਹੇਲੇ ਰਹੇ ਅਰਾਧ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਆਪ ਲਏ ਲਾਧ । ਸਤੋ ਸਤਿ ਸਤਿ ਵਖਾਨਾ । ਪੁਰਖ ਅਬਿਨਾਸ਼ੀ ਬੀਨਾ ਦਾਨਾ । ਆਪੇ ਜਾਣੇ ਆਪ ਪਛਾਣੇ ਪੀਣਾ ਖਾਣਾ । ਰਾਜ ਰਾਜਾਨ ਸ਼ਾਹ ਸੁਲਤਾਨ ਵਿਚ ਜਹਾਨ ਨਾ ਕਰੇ ਪਛਾਣਾ । ਅਸੰਤ ਸੰਤ ਅੰਦਰੇ ਅੰਦਰ ਜਗਤ ਗਿਆਨਾ । ਆਪੇ ਜਾਣੇ ਪੁਰਖ ਅਬਿਨਾਸ਼ੀ ਸਾਚਾ ਕੰਤ ਕਵਣ ਬਿਧ ਕਵਣ ਰਿਧ, ਸਾਚੀ ਦੇਗ਼ ਆਪ ਚੜ੍ਹਾਨਾ । ਜੇਠ ਅਠ ਕਾਰਜ ਸਿਧ, ਦਾਸੀ ਰਹੇ ਨੌਂ ਨਿਧ, ਪੁਰਖ ਅਬਿਨਾਸ਼ੀ ਖੇਲ ਮਹਾਨਾ । ਜਨ ਭਗਤਾਂ ਆਤਮ ਰਿਹਾ ਵਿਧ, ਸਾਚਾ ਤੀਰ ਇਕ ਚਲਾਣਾ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਜਾਣੇ ਜਾਣ ਪਛਾਣੇ, ਕਵਣ ਪਕਵਾਨ ਹਰਿ ਪਕਵਾਨਾ । ਮਸਤੂਆਣੇ ਲੱਗੀ ਮੇਖ । ਚਰਨੀ ਡਿੱਗੇ ਰਾਜਾ

ਰਾਣਾ, ਧੁਰ ਦਰਗਾਹੀ ਲਿਖਿਆ ਲੇਖ । ਚਾਰ ਵਰਨਾਂ ਚਰਨ ਧਿਆਨਾ ਇਕ ਬਿਬਾਣਾ, ਨਾ ਕੋਈ ਦੀਸੇ ਔਲੀਆ ਪੀਰ ਸ਼ੇਖ਼ । ਆਪੇ ਤਣੇ ਸਾਚਾ ਤਾਣਾ, ਜੂਠਾ ਝੂਠਾ ਵਿਚ ਫਸਾਨਾ, ਕਲਜੁਗ ਮਿਟਾਏ ਅੰਤਮ ਰੇਖ । ਜੋਤੀ ਦੀਪਕ ਇਕ ਜਗਾਣਾ, ਨਾਮ ਪਕਵਾਨ ਹਰਿ ਪਕਵਾਨਾ, ਗੁਰਮੁਖਾਂ ਦੇਵੇ ਜੀਆ ਦਾਨ । ਆਤਮ ਬ੍ਰਹਮ ਕਰ ਧਿਆਨ, ਸੱਚਾ ਜੋਗ ਪੀਣ ਖਾਣ । ਧੀਰਜ ਯਤ ਆਤਮ ਸਤਿ ਦੇ ਮਤ ਆਪ ਸਮਝਾਣਾ, ਬਹੱਤਰ ਨਾੜੀ ਨਾ ਉਬਲੇ ਰਤ, ਮਿਲੇ ਮੇਲ ਕਮਲਾਪੱਤ, ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣਾ ਜਾਣੀ ਜਾਣ । ਰੰਗ ਸਤ ਸਤਿ ਅਪਾਰ । ਪਾਰਬ੍ਰਹਮ ਬ੍ਰਹਮ ਪਾਰ ਜੋਤੀ ਅਕਾਰ । ਸਚ ਕਰਮ ਜਗਤ ਧਰਮ ਰਿਹਾ ਪੈਜ ਸਵਾਰ । ਨਾ ਕੋਈ ਵੇਖ ਵਖਾਣੇ ਵਰਨ ਬਰਨ, ਏਕਾ ਏਕ ਦਰ ਦਵਾਰ । ਏਕਾ ਰੰਗ ਕਰੇ ਏਕਾ ਸਰਨ, ਪੁਰਖ ਅਬਿਨਾਸ਼ੀ ਸਾਚੀ ਕਾਰ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਰੰਗਣ ਰੰਗ ਰੰਗਾਏ ਚਲੂਲਾ ਨਾਮ ਅਪਾਰ । ਨਾਮ ਰੰਗਣ ਰੰਗ ਰੰਗੀਲਾ । ਸ਼ਬਦ ਕੰਗਣ ਤਨ ਪਹਿਨਾਏ, ਜੋਤੀ ਨੂਰਾ ਛੈਲ ਛਬੀਲਾ । ਪ੍ਰੇਮ ਮਹਿੰਦੀ ਹੱਥੀਂ ਲਾਏ, ਅਮਾਮ ਮਹਿੰਦੀ ਨਾਂ ਰਖਾਏ, ਤਨ ਛੁਹਾਏ ਚੋਲਾ ਨੀਲਾ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਾਮ ਨਿਧਾਨਾ ਅੰਮ੍ਰਿਤ ਰਸ ਗੁਰਮੁਖ ਸਾਚੇ ਮੁਖ ਚੁਆਏ । ਆਤਮ ਮਦਿ ਸਾਚਾ ਰਸ, ਦਰ ਘਰ ਸਾਚੇ ਸਾਚੀ ਕਾਰ । ਨਾਮ ਰੰਗ ਰੰਗ ਅਪਾਰ । ਸਤਿਜੁਗ ਸਾਚੇ ਮੰਗੀ ਮੰਗ, ਸਤਿ ਸਤਿਵਾਦੀ ਮੰਗੀ ਧਾਰ । ਕਲਜੁਗ ਔਧ ਗਈ ਲੰਘ, ਜੋਤ ਸਰੂਪੀ ਕਰ ਵਿਚਾਰ । ਲੱਖ ਚੁਰਾਸੀ ਭੁੱਖ ਨੰਗ, ਅੰਤਮ ਦੱਬੇ ਪਾਪਾਂ ਭਾਰ । ਸ਼ਬਦ ਘੋੜੇ ਕਸ ਤੰਗ, ਲੋਆਂ ਪੁਰੀਆਂ ਕਰੇ ਖ਼ਬਰਦਾਰ । ਬੇਮੁਖ਼ ਭੱਜਣ ਕਾਚੀ ਵੰਗ, ਗੁਰਮੁਖ ਸਾਚੇ ਉਤਰੇ ਪਾਰ । ਹੋਏ ਸਹਾਈ ਅੰਗ ਸੰਗ, ਰੰਗਣ ਰੰਗ ਇਕ ਅਪਾਰ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੱਤਾਂ ਦੀਪਾਂ ਏਕਾ ਸੰਗ ਏਕਾ ਰੰਗ ਨਰ ਹਰਿ ਸੱਚੀ ਸਰਕਾਰ । ਸਾਚਾ ਰੰਗ ਹਰਿ ਵਿਚਾਰੇ । ਦਸਮ ਦਵਾਰੀ ਪਾਰ ਲੰਘ, ਸੁਨ ਅਗੰਮ ਪਾਏ ਸਾਰੇ । ਸ਼ਬਦ ਘੋੜੇ ਕਸ ਤੰਗ, ਓਅੰਕਾਰ ਵੇਖ ਵਿਚਾਰੇ । ਓਅੰਕਾਰਾ ਧਾਰਾ ਜਾਏ ਲੰਘ, ਸਚਖੰਡ ਜੋਤ ਅਕਾਰੇ । ਨਾ ਕੋਈ ਵੱਜੇ ਸ਼ਬਦ ਤਾਲ ਮਰਦੰਗ, ਰਾਗ ਰਾਗਨੀ ਨਾ ਕੋਈ ਪੁਕਾਰੇ । ਨਾ ਕੋਈ ਦੂਜਾ ਦਿਸੇ ਸੰਗ, ਅਲਖ ਨਿਰੰਜਣ ਅਗੰਮ ਅਪਾਰੇ । ਆਪੇ ਵਸੇ ਆਪਣੇ ਰੰਗ, ਰੰਗ ਅਨੂਪਾ ਨਰ ਹਰਿ ਸੱਚੀ ਸਰਕਾਰੇ । ਆਪੇ ਜਾਣੇ ਆਪਣਾ ਸੰਗ, ਲੋਕਮਾਤ ਮਾਰ ਝਾਤ ਪੁਰਖ ਅਬਿਨਾਸ਼ੀ ਪਾਵੇ ਸਾਰੇ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਰੰਗਣ ਰੰਗ ਇਕ ਅਪਾਰੇ । ਰੰਗ ਰਾਗ ਰਾਗ ਘਰ ਸੁਲਤਾਨ । ਗੁਰ ਗੁਰਮੁਖ ਸੋਇਆ ਜਾਏ ਜਾਗ । ਸ਼ਬਦ ਬੰਨ੍ਹੇ ਤਨ ਸਾਚਾ ਤਾਗ । ਮਿਲੇ ਮੇਲ ਕੰਤ ਸੁਹਾਗ, ਸਾਚਾ ਬਖ਼ਸ਼ੇ ਜੀਆ ਦਾਨ । ਮੇਟ ਮਿਟਾਏ ਤ੍ਰਿਸਨਾ ਆਗ, ਹੱਥ ਰੱਖੇ ਆਪਣੇ ਵਾਗ, ਹਰਿਜਨ ਸਾਚੇ ਵਡ ਵਡਭਾਗ, ਚਰਨ ਧੂੜ ਧੂੜ ਚਰਨ ਬਖ਼ਸ਼ ਸੱਚਾ ਇਸ਼ਨਾਨ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਰੰਗਣ ਰੰਗ ਸਤਿ ਰੰਗਾਏ, ਲੋਕਮਾਤ ਝੁਲਾਏ ਸੱਚਾ ਇਕ ਨਿਸ਼ਾਨ । ਝੁੱਲੇ ਨਿਸ਼ਾਨਾ ਰੰਗ ਸੱਤ । ਸੱਤਾਂ ਦੀਪਾਂ ਦੇਵੇ ਮਤ । ਗੁਰਮੁਖਾਂ ਬੰਧਾਏ ਚਰਨ ਪ੍ਰੀਤਾਂ, ਤਨ ਮੰਦਰ ਅੰਦਰ ਨਾ ਉਬਲੇ ਰਤ । ਇਕ ਸੁਣਾਏ ਸੁਹਾਗੀ ਗੀਤ, ਸੋਹੰ ਸ਼ਬਦ ਧੀਰਜ ਯਤ । ਚਰਨ ਪ੍ਰੀਤੀ ਬੰਨ੍ਹੇ ਨਾਤ, ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਰੰਗਣ ਰੰਗ ਰੰਗਾਏ, ਪਚ ਬੰਧਾਏ ਏਕਾ ਤੱਤ ।

ਸਾਚਾ ਰੰਗ ਨਾਮ ਮਜੀਠੀ । ਪੁਰਖ ਅਬਿਨਾਸ਼ੀ ਕੀਆ ਸੰਗ, ਜੋਤੀ ਅਗਨੀ ਦਏ ਮੱਠੀ । ਵਡ ਦਾਤਾ ਸੂਰਾ ਸਰਬੰਗ, ਹਰਿਜਨ ਵਿਰਲਾ ਮਾਤ ਵੇਖੇ ਆਤਮ ਹਠੀ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਰੰਗ ਇਕ ਚੜ੍ਹਾਏ, ਆਪ ਆਪਣੀ ਦਇਆ ਕਮਾਏ, ਸਤਾਰਾਂ ਹਾੜੀ ਫੁਲ ਫੁਲਵਾੜੀ ਗੁਰ ਸੰਗਤ ਕਰ ਇਕੱਠੀ । ਰੰਗ ਰੰਗੀਲਾ ਰੰਗ ਜਗਦੀਸ । ਸੂਹਾ ਪੀਲਾ ਲਾਲ ਜੋਤ ਪਰਵੇਸ਼ । ਆਪੇ ਜਾਣੇ ਆਪਣਾ ਹੀਲਾ, ਦਸਮ ਦਵਾਰੀ ਵਸੇ ਦੇਸ ਪਰਦੇਸ । ਸ਼ਬਦੀ ਜੋਤੀ ਧਾਰੀ ਨੀਲਾ, ਨਰ ਨਿਰੰਜਣ ਵਡ ਨਰੇਸ਼ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਰੰਗ ਇਕ ਰੰਗਾਏ, ਕਰੇ ਖੇਲ ਮਾਝੇ ਦੇਸ । ਰੰਗ ਸੱਤ ਸਤਿ ਨਿਸ਼ਾਨਾ । ਧਰਮ ਰਥ ਸ੍ਰੀ ਭਗਵਾਨਾ । ਸੱਤਾਂ ਦੀਪਾਂ ਪਾਏ ਨੱਥ, ਲੱਖ ਚੁਰਾਸੀ ਜਾਏ ਮਥ ਵਾਲੀ ਦੋ ਜਹਾਨਾਂ । ਜਗਤ ਮਹਿੰਮਾ ਚਲੇ ਚਲਾਏ ਆਪ ਅਕਥ, ਨਾ ਕੋਈ ਜਾਣੇ ਜੀਵ ਨਿਧਾਨਾ । ਸਰਬ ਕਲਾ ਆਪੇ ਸਮਰਥ । ਆਪ ਬਣਾਏ ਲੋਆਂ ਪੁਰੀਆਂ ਇਕ ਬਿਬਾਣਾ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਾਰਬ੍ਰਹਮ ਸ੍ਰੀ ਭਗਵਾਨਾ । ਸੱਤ ਰੰਗ ਸ਼ਬਦ ਧਾਰ । ਲਿਖੇ ਲੇਖ ਹਰਿ ਦਾਤਾਰ । ਨੌਂ ਖੰਡ ਪ੍ਰਿਥਮੀ ਏਕਾ ਨੇਤਰ ਵੇਖ, ਕਾਇਆ ਦੀਪਕ ਕਰ ਉਜਿਆਰ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਰੰਗੇ ਰੰਗ ਨਿਰਗੁਣ ਗੁਣ ਨਿਰਧਾਰ । ਸ਼ਬਦ ਰੰਗ ਨੌਂ ਦਵਾਰ । ਨੌਂ ਦਵਾਰ ਜਗਤ ਭਿਖਾਰ । ਜਗਤ ਭਿਖਾਰ ਜੀਵ ਗਵਾਰ । ਜੀਵ ਗਵਾਰ ਅੰਧ ਅੰਧਿਆਰ । ਅੰਧ ਅੰਧਿਆਰ ਏਕਾ ਏਕ ਵਿਸਰਿਆ ਹਰਿ

੮੬ ਨਿਰੰਕਾਰ । ਹਰਿ ਨਿਰੰਕਾਰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਰੰਗ ਆਪ ਰੰਗਾਏ, ਸਾਚੀ ਬੰਨ੍ਹੇ ਮਾਤ ਧਾਰ । ਰੰਗ ਸਤਿ ਆਪੇ ੮੬

੦੫ ਵਟਿਆ । ਆਪੇ ਜਾਣੇ ਆਪਣੀ ਸਾਰ, ਪ੍ਰਭ ਘਟ ਘਟ ਖੇਲੇ ਖੇਲ ਅਪਰ ਅਪਾਰ, ਜਿਉਂ ਖੇਲ ਬਾਜੀਗਰ ਨਟ ਨਟਿਆ । ਸ਼ਬਦ ਨਿਸ਼ਾਨਾ ਕਰ ਤਿਆਰਾ, ਕਰੇ ਖੇਲ ਜਗਤ ਝੱਟ ਪਟਿਆ । ਰਾਜਾ ਰਾਣਾ ਰਹੇ ਖ਼ਬਰਦਾਰ, ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਇਕ ਖੁਲ੍ਹਾਏ ਸਾਚਾ ਹੱਟਿਆ । ਰੰਗਣ ਰੰਗ ਨਾਮ ਅਨਮੋਲ । ਸ੍ਰੀ ਭਗਵਾਨ ਕਰ ਧਿਆਨ, ਲੋਕਮਾਤ ਤੋਲੇ ਪੂਰੇ ਤੋਲ । ਨਾ ਕੋਈ ਜਾਣੇ ਚਤੁਰ ਸੁਘੜ ਸਿਆਣ, ਦਸਮ ਦਵਾਰੀ ਪ੍ਰਭ ਅਬਿਨਾਸ਼ੀ ਵਸੇ ਕੋਲ । ਜਨ ਭਗਤਾਂ ਰਖੇ ਮਾਤ ਮਾਣਾ । ਆਪੇ ਵਰਤੇ ਆਪਣਾ ਭਾਣਾ, ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸ਼ਬਦ ਚਾਰ ਕੁੰਟ ਦਹਿ ਦਿਸ਼ਾ ਇਕ ਵਜਾਏ ਸਾਚਾ ਢੋਲ । ਸ਼ਬਦ ਨਗਾਰਾ ਢੋਲ ਅੰਤ ਕਲ ਵਜਿਆ । ਜੋਤੀ ਨੂਰ ਅਕਾਰਾ ਹਰਿ ਨਿਰੰਕਾਰਾ, ਲੋਕਮਾਤ ਕਲ ਗੱਜਿਆ । ਸ਼ਬਦ ਫੜ ਤੇਜ਼ ਕਟਾਰਾ, ਚਿੱਟੇ ਅਸਵ ਹੋ ਅਸਵਾਰਾ, ਬਸਤਰ ਤਨ ਛੁਹਾਏ ਕੇਸਰੀ, ਦਰ ਦਵਾਰੇ ਸਾਚੇ ਸੱਜਿਆ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਜੋਤੀ ਜਾਮਾ ਭੇਖ ਧਰ, ਆਪ ਆਪਣਾ ਵੇਖ ਘਰ, ਆਪੇ ਪੜਦਾ ਕਜਿਆ । ਆਏ ਦਰ ਦਵਾਰ ਦਰ ਪਰਵਾਨਿਆ । ਕਿਰਪਾ ਕਰ ਹਰਿ ਨਿਰੰਕਾਰ, ਦੇਵੇ ਮਾਣ ਵਿਚ ਜਹਾਨਿਆ । ਸਾਚਾ ਸ਼ਬਦ ਤਨ ਸ਼ਿੰਗਾਰ, ਅੰਮ੍ਰਿਤ ਸੀਰ ਸਾਚਾ ਪੀਣਾ ਖਾਣਿਆ । ਫੜ ਫੜ ਬਾਂਹੋਂ ਰਿਹਾ ਤਾਰ, ਆਪੇ ਜਾਣੇ ਆਪਣਾ ਭਾਣਿਆ । ਮਾਨਸ ਜਨਮ ਨਾ ਜਾਏ ਹਾਰ, ਲੇਖਾ ਲਿਖੇ ਗੁਣ ਨਿਧਾਨਿਆ । ਸਤਾਰਾਂ ਹਾੜੀ ਕਾਰਜ ਦਏ ਸਵਾਰ, ਗੁਰ ਸੰਗਤ ਵਾਲੀ ਦੋ ਜਹਾਨਿਆ । ਲੱਖ ਚੁਰਾਸੀ ਉਤਰੇ ਪਾਰ, ਮਿਲੇ ਮੇਲ ਜੋਤ ਭਗਵਾਨਿਆ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,

ਗੁਰਮੁਖ ਸਾਚੇ ਆਪੇ ਆਪ ਕਰੇ ਪਛਾਨਿਆ । ਹਰਿ ਨਗਰ ਅਪਾਰ ਸ਼ਬਦ ਦਵਾਰਿਆ । ਆਪਣਾ ਆਪ ਰਿਹਾ ਉਸਾਰ, ਨਾ ਕੋਈ ਰਖੇ ਸੰਗ ਮੀਤ ਮੁਰਾਰਿਆ । ਆਪੇ ਬੰਨ੍ਹੇ ਆਪਣੀ ਧਾਰ, ਸਾਚੀ ਜੋਤੀ ਆਪ ਸੁਹਾ ਰਿਹਾ । ਦਹਿ ਦਿਸ਼ਾ ਪੈਜ ਸਵਾਰ, ਦ੍ਰਿਸ਼ਟ ਆਪਣੀ ਵਿਚ ਸਮਾ ਰਿਹਾ । ਆਪੇ ਆਪ ਹਰਿ ਨਿਰੰਕਾਰ, ਜੋਤੀ ਜੋਤ ਸਰੂਪ ਹਰਿ, ਆਪਣੀ ਬਣਤ ਬਣਾ ਰਿਹਾ । ਆਪਣੀ ਬਣਤ ਬਣਾਏ ਆਪ ਅਮੋਲਿਆ । ਨਾ ਕੋਈ ਜਾਣੇ ਸਾਧ ਸੰਤ, ਸਚ ਦਵਾਰਾ ਕਿਹੜਾ ਖੋਲ੍ਹਿਆ । ਆਪੇ ਬਣੇ ਆਪਣਾ ਕੰਤ, ਨਾਰ ਸੁਹਾਗਣ ਆਪੇ ਆਪਾ ਤੋਲਿਆ । ਆਪੇ ਜਾਣੇ ਆਪਣਾ ਘਰ, ਨਿਸ਼ ਅੱਖਰ ਵੱਖਰ ਪਰਾ ਪਸੰਤੀ ਆਪੇ ਆਪ ਬੋਲਿਆ । ਸਚ ਸੁਗੰਧੀ ਸ਼ਬਦ ਝਕੋਲਿਆ । ਆਪੇ ਵੜੇ ਆਪਣੀ ਬੰਦੀ ਕਿਸੇ ਹੱਥ ਨਾ ਆਏ ਫੋਲਿਆ । ਜੋਤੀ ਜੋਤ ਸਰੂਪ ਹਰਿ, ਲੱਖ ਚੁਰਾਸੀ ਕਾਇਆ ਮੰਦਰ ਅੰਦਰ ਆਪੇ ਬੋਲਿਆ । ਗੁਰਮੁਖ ਚਰਨ ਦਵਾਰ, ਜਨਮ ਸੁਹੇਲਿਆ । ਗੁਰਮੁਖ ਚਰਨ ਦਵਾਰ, ਬੇੜਾ ਕਰੇ ਪਾਰ ਕਾਲ ਕਾਲੰਦਿਆ । ਗੁਰਮੁਖ ਚਰਨ ਦਵਾਰ, ਆਪੇ ਦਿਸਾਏ ਆਪਣੀ ਧਾਰ, ਹਰਿ ਆਪੇ ਖੋਜ ਖੁਜੰਤਿਆ । ਗੁਰਮੁਖ ਚਰਨ ਦਵਾਰ, ਆਪੇ ਅੰਦਰ ਆਪੇ ਬਾਹਰ, ਪ੍ਰਭ ਆਪੇ ਸੁਨ ਆਪੇ ਬੋਲ ਬੁਲੰਤਿਆ । ਗੁਰਮੁਖ ਚਰਨ ਦਵਾਰ, ਮਿਲੇ ਮੇਲ ਹਰਿ ਮੀਤ ਮੁਰਾਰ, ਗੁਰ ਪੂਰੇ ਚਿਤ ਚਿਤਵੰਤਿਆ । ਗੁਰਮੁਖ ਚਰਨ ਦਵਾਰ, ਪ੍ਰਭ ਕਰੇ ਤਨ ਸ਼ਿੰਗਾਰ, ਮਾਨਸ ਜਨਮ ਨਾ ਆਏ ਹਾਰ, ਲੱਖ ਚੁਰਾਸੀ ਪਾਰ ਕਰੰਤਿਆ । ਗੁਰਮੁਖ ਚਰਨ ਦਵਾਰ, ਨਾ ਕੋਈ ਠਗ ਚੋਰ ਯਾਰ, ਪੰਚਾਂ ਤੱਤਾਂ ਰਿਹਾ ਦੁਰਕਾਰ, ਸ਼ਬਦ ਖੰਡਾ ਇਕ ਰਖੰਤਿਆ । ਗੁਰਮੁਖ ਸਾਚਾ ਚਰਨ ਦਵਾਰ, ਪ੍ਰਭ ਅਬਿਨਾਸ਼ੀ ਪਾਏ ਸਾਰ, ਘਟ ਵਾਸੀ ਬ੍ਰਹਮ ਵਿਚਾਰ, ਆਪ ਕਟਾਏ ਜਮ ਕੀ ਫਾਸੀ, ਜੂਠੇ ਝੂਠੇ ਫੰਦ ਕਟੰਤਿਆ । ਗੁਰਮੁਖ ਸਾਚਾ ਚਰਨ ਦਵਾਰ, ਪੁਰਖ ਅਬਿਨਾਸ਼ੀ ਬਖ਼ਸ਼ੇ ਇਕ ਪਿਆਰ, ਸਾਚਾ ਮੇਲਾ ਸਚ ਦਵਾਰ, ਹਰਿ ਲਾਧਾ ਢੂੰਡ ਢੂੰਡਤਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਗੁਰਮੁਖ ਸਾਚੇ ਸੰਤ ਸੁਹੇਲੇ ਆਪੇ ਮੇਲੇ, ਪੂਰਨ ਜੋਤ ਭਗਤ ਭਗਵੰਤਿਆ ।

### ★ ਪਹਿਲੀ ਹਾੜ ੨੦੧੨ ਬਿਕ੍ਰਮੀ ਨਿਸ਼ਾਨ ਸਾਹਿਬ ਵਾਸਤੇ ਲਿਖਤ ਹੋਈ ਜੇਠੂਵਾਲ ★

ਬਰਸ ਮਾਸ ਦਿਵਸ ਰੈਣ ਵਾਰ ਥਿਤ । ਘੜੀ ਪਲ ਜਲ ਥਲ ਹਰਿ ਅਟਲ, ਵੇਖ ਵਖਾਣੇ ਨਿਤ ਨਵਿਤ । ਵਲ ਛਲ ਕਲ ਪਰਬਲ, ਚਾਰ ਕੁੰਟਾਂ ਵੇਖ ਵਖਾਣੇ ਸ੍ਰਿਸ਼ਟ ਸਬਾਈ ਰਿਹਾ ਜਿੱਤ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਆਪੇ ਜਾਣੇ ਆਪਣੀ ਥਿਤ । ਵਾਰ ਥਿਤ ਥਿਤ ਵਾਰ ਦਿਹਾੜਾ । ਪੁਰਖ ਅਬਿਨਾਸ਼ੀ ਆਪ ਲਿਖਾਏ, ਕਲਜੁਗ ਲੇਖਾ ਪਹਿਲੀ ਹਾੜਾ । ਰੰਕ ਰਾਜਾਨਾਂ ਕੱਢੇ ਭੁਲੇਖਾ, ਸ਼ਬਦ ਸਿੰਘਾਸਣ ਸਚ ਅਖਾੜਾ । ਜੀਵ ਜੰਤ ਸਾਧ ਸੰਤ ਰਹੇ ਵੇਖੀ ਵੇਖਾ, ਆਪੇ ਵੇਖੇ ਬਹੱਤਰ ਨਾੜਾ । ਸ਼ਬਦ ਸਿੰਘਾਸਣ ਲੋਕਮਾਤ ਲਾਈ ਸਾਚੀ ਮੇਖਾ, ਜ਼ਿਮੀ ਅਸਮਾਨੀ ਤੁੱਟੇ ਪਾੜਾ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਗੁਰਮੁਖਾਂ ਦੇਵੇ ਮਾਤ ਵਡਿਆਈ । ਸ਼ਬਦ ਸਿੰਘਾਸਣ ਤੇਰੀ ਸਾਚੀ ਬਣਤ ਬਣਾਈ । ਛੱਬੀ ਪੋਹ ਸ਼ਬਦ ਮਿਆਨੋ ਖੰਡਾ ਧੂ ਸਚ ਕਿਰਪਾਨ ਹੱਥ ਉਠਾਈ । ਲੱਖ ਚੁਰਾਸੀ ਰਹੀ ਰੋ, ਗੁਰਮੁਖਾਂ ਦੁਰਮਤ ਮੈਲ ਰਿਹਾ ਧੋ, ਪਹਿਲੀ ਹਾੜ ਖ਼ੁਸ਼ੀ ਮਨਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰ ਸੰਗਤ ਤੇਰੀ ਸਾਚੀ ਭੇਟਾ, ਜਗਤ ਜਗਦੀਸਾ ਸਾਚਾ ਬੇਟਾ ਰਿਹਾ ਭੇਟ ਚੜ੍ਹਾਈ ।

ਚੜ੍ਹਿਆ ਭੇਟਾ ਹੀਰਾ ਲਾਲ । ਸਾਧ ਸੰਗਤ ਤੇਰਾ ਤਾਣਾ ਪੇਟਾ, ਏਕਾ ਹਰਿ ਬਣਿਆ ਮਾਤ ਦਲਾਲ । ਸਚ ਸਿੰਘਾਸਣ ਖੇਵਟ ਖੇਟਾ, ਇਕ ਸੁਹਾਇਆ ਅੰਮ੍ਰਿਤ ਤਾਲ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ ਹੋਏ ਸਦਾ ਰਖਵਾਲ । ਸ਼ਬਦ ਸਿੰਘਾਸਣ ਕਰ ਤਿਆਰ । ਪ੍ਰਭ ਅਬਿਨਾਸ਼ੀ ਕਿਰਪਾ ਧਾਰ । ਪਹਿਲੀ ਹਾੜ ਖੇਲ ਅਪਾਰ । ਗੁਰਮੁਖਾਂ ਕਰੇ ਸ਼ਬਦ ਵਾੜੀ, ਚਾਰੋਂ ਕੁੰਟਾਂ ਲਾਵੇ ਪਾਰ । ਨੇੜ ਨਾ ਆਏ ਮੌਤ ਲਾੜੀ, ਚਾਰੋਂ ਕੁੰਟਾਂ ਸ਼ਬਦ ਅਸਵਾਰ । ਆਪੇ ਹੋਏ ਪਿਛੇ ਅਗਾੜੀ, ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਕਰੇ ਮਾਤ ਵਪਾਰ । ਸ਼ਬਦ ਸਿੰਘਾਸਣ ਹਰਿ ਹਰਿ ਧਾਮਾ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਪੂਰ ਕਰਾਏ ਆਪਣਾ ਕਾਮਾ । ਮਾਨਸ ਦੇਹੀ ਜਗਤ ਵਿਨਾਸਣ, ਅੰਤਮ ਕਲ ਕੋਈ ਨਾ ਦਾਮਾ । ਏਕਾ ਜੋਤ ਪੁਰਖ ਅਬਿਨਾਸ਼ਣ, ਜੂਠਾ ਝੂਠਾ ਚਾਮਾ । ਆਪੇ ਵੇਖੇ ਵੇਖ ਵਖਾਣੇ ਪ੍ਰਿਥਮੀ ਅਕਾਸ਼ਨ, ਕਵਣ ਦਵਾਰੇ ਵੱਜੇ ਸਚ ਦਮਾਮਾ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਅੰਤ ਜੁਗਾ ਜੁਗੰਤ ਏਕਾ ਏਕ ਏਕ ਨਿਹਕਾਮਾ । ਸ਼ਬਦ ਸਿੰਘਾਸਣ ਮਾਤ ਅਪਾਰ । ਕਰੇ ਕਰਾਏ ਹਰਿ ਰਘੁਰਾਏ ਪਹਿਲੀ ਵਾਰ । ਸਤਿਜੁਗ ਤ੍ਰੇਤਾ ਦਿਸ ਨਾ ਆਏ, ਦੁਆਪਰ ਲੇਖਾ ਨਾ ਕੋਈ ਲਿਖਾਏ, ਕਲਜੁਗ ਬੰਨ੍ਹੇ ਸਾਚੀ ਧਾਰ । ਵੇਦ ਅਥਰਬਣ ਪਾਏ ਭੁਲੇਖਾ, ਕਵਣ ਗੁਰ ਵਰਤੇ ਵਿਚ ਸੰਸਾਰ । ਕੁਰਾਨ ਅੰਜੀਲਾਂ ਮਿਟਿਆ ਔਲੀਆ ਪੀਰ ਸ਼ੇਖ਼ਾ, ਵੇਲੇ ਅੰਤਮ ਆਏ ਹਾਰ । ਗ੍ਰੰਥੀ ਪੰਥੀ ਉਲਟੀ ਰੇਖਾ, ਜੋਤੀ ਭੇਖਾ ਹਰਿ ਨਿਰੰਕਾਰ । ਪੰਡਤ ਪਾਂਧੇ ਰਹੇ ਵੇਖੀ ਵੇਖਾ, ਤਟ ਕਿਨਾਰੇ ਰਹੇ ਧਿਆਨ ਮਾਰ । ਧਰਤ ਮਾਤ ਤੇਰੀ ਲਿਖੀ ਰੇਖਾ, ਪੁਰਖ ਅਬਿਨਾਸ਼ੀ ਪਾਏ ਸਾਰ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਲੋਕਮਾਤ ਜੋਤ ਧਰ ਲਏ ਅਵਤਾਰ । ਲੋਕਮਾਤ ਲਏ ਅਵਤਾਰਾ, ਬਣਤ ਬਣਾਈਆ । ਪੁਰਖ ਅਬਿਨਾਸ਼ੀ ਸਾਚੀ ਧਾਰਾ, ਸਾਚੀ ਗਣਤ ਰਿਹਾ ਗਿਣਾਈਆ । ਨਾ ਕੋਈ ਕਰੇ ਮਾਤ ਅਧਾਰਾ, ਧਰਤ ਮਾਤ ਦਰ ਕੁਰਲਾਈਆ । ਕਲਜੁਗ ਝੂਠ ਪਸਾਰਾ, ਅੰਤਮ ਵਾਰ ਲੱਖ ਚੁਰਾਸੀ ਮਦਿਰਾ ਮਾਸੀ ਦਏ ਦੁਹਾਈਆ । ਨਾ ਕੋਈ ਪੁਰਖ ਨਾ ਕੋਈ ਨਾਰਾ, ਨਾ ਕੋਈ ਮੀਤ ਨਾ ਮੁਰਾਰਾ, ਨਾ ਕੋਈ ਸਾਜਣ ਨਾ ਕੋਈ ਪਿਆਰਾ, ਨਾਤਾ ਤੁਟੇ ਭੈਣਾਂ ਭਾਈਆ । ਨਾ ਕੋਈ ਮੰਦਰ ਨਾ ਦਵਾਰਾ, ਨਾ ਕੋਈ ਦਿਸੇ ਸ਼ਾਹ ਅਸਵਾਰਾ, ਨਾ ਕੋਈ ਹੋਏ ਸਹਾਈਆ । ਨਾ ਕੋਈ ਅੰਦਰ ਤੋੜੇ ਜੰਦਰ, ਦੀਪਕ ਜੋਤ ਨਾ ਕੋਈ ਜਗਾਈਆ । ਕਲਜੁਗ ਵਹਿਣ ਡੂੰਘੀ ਕੰਦਰ, ਭਰਮੇ ਭੁੱਲੀ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਧਰਤ ਮਾਤ ਰਹੀ ਕੁਰਲਾਈਆ । ਧਰਤ ਮਾਤ ਦਏ ਦੁਹਾਈ, ਦਰ ਭਗਵੰਤਿਆ । ਵੇਲੇ ਅੰਤਮ ਹੋ ਸਹਾਈ, ਲਾਜ ਰਖਾਏ ਜੁਗਾ ਜੁਗੰਤਿਆ । ਵੇਖ ਵਖਾਣੇ ਥਾਉਂ ਥਾਈਂ, ਜੂਠੇ ਝੂਠੇ ਜੀਵ ਜੰਤਿਆ । ਕੋਈ ਨਾ ਪਕੜੇ ਕਿਸੇ ਬਾਂਹੀਂ, ਮੇਲ ਮਿਲਾਵਾ ਸਾਚੇ ਕੰਤਿਆ । ਦਰ ਆਈ ਚਾਈਂ ਚਾਈਂ, ਮੇਰੀ ਪੂਰਨ ਆਸ ਕਰਾਈ ਪੂਰਨ ਭਗਵੰਤਿਆ । ਸਦਾ ਰੱਖੀ ਠੰਡੀਆਂ ਛਾਈਂ, ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਦਾਸਨ ਦਾਸ ਸਰਬ ਅਖਵੰਤਿਆ । ਆਈ ਦਰ ਕਰੇ ਪੁਕਾਰ, ਮਾਤ ਧਰਤ ਦਏ ਦੁਹਾਈਆ । ਪ੍ਰਭ ਅਬਿਨਾਸ਼ੀ ਕਿਰਪਾ ਧਾਰ ਕਰ ਵਿਚਾਰ, ਕਲਜੁਗ ਤਿਖੀ ਧਾਰ ਰਖਾਈਆ । ਬੇਮੁਖ ਭੁੱਲੇ ਜੀਵ ਗਵਾਰ, ਜੂਠਾ ਝੂਠਾ ਚੁੱਕਿਆ ਭਾਰ, ਸਾਚਾ ਰਾਹ ਨਾ ਕੋਈ ਵਖਾਈਆ । ਏਕਾ ਮਾਰ ਹਰਿ ਵਦਾਨ, ਰੰਕ ਰਾਜਾਨ ਜੀਵ ਸ਼ੈਤਾਨ ਵਡ ਗੁਮਰਾਹੀਆ । ਨਾਮ ਫੜ ਤੇਜ਼ ਕਟਾਰ,

੮੮ ੦੫

ਮਾਰੀ ਜਾਈਂ ਵਾਰੋ ਵਾਰ, ਸ਼ਬਦ ਘੋੜੇ ਹੋ ਅਸਵਾਰ, ਦਹਿ ਦਿਸ਼ਾ ਫੋਲ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਕਲਜੁਗ ਕਰਮ ਗਿਆ ਹਰ, ਧਰਤ ਮਾਤ ਰਹੀ ਕੁਰਲਾਈਆ । ਧਰਤ ਮਾਤ ਦਰ ਪੁਕਾਰ, ਧਾਹਾਂ ਮਾਰਦੀ । ਪ੍ਰਭ ਅਬਿਨਾਸ਼ੀ ਕਿਰਪਾ ਧਾਰ, ਸੱਤ ਸਾਗਰਾਂ ਹੋਈ ਪਾਰ, ਡੂੰਘੀ ਲਹਿਰ ਨਾ ਕੋਈ ਤਾਰਦੀ । ਨਾ ਕੋਈ ਵੇਖੇ ਗਹਿਰ ਗੰਭੀਰ, ਸਾਚੀ ਖੇਲ ਸੱਚੇ ਕਰਤਾਰ ਦੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਵਣ ਜਲ ਜਲ ਕਵਣ ਸਮਰਥ ਰਥ ਰਥ ਸਮਰਥ ਖੇਲ ਅਪਰ ਅਪਾਰ ਦੀ । ਦਇਆ ਨਿਧ ਨਿਧ ਦਇਆ ਦਾਤੀ । ਆਪੇ ਜਾਣੇ ਆਪਣੀ ਬਿਧ ਸ੍ਰੀ ਭਗਵਾਨ ਬਵੰਜਾ ਕਰੋੜ ਸ੍ਰਿਸ਼ਟ ਜੋ ਜਨ ਰਚਾਈ ਕਰ ਕਰ ਸਿਧ । ਕਲਜੁਗ ਬਲ ਧਾਰੇ ਕਿਰਪਾ ਆਪ ਕਰੇ, ਆਪੇ ਕਰੇ ਆਪ ਪਛਾਣ । ਜੋਤੀ ਜੋਤ ਸਰੂਪ ਹਰਿ, ਜੁਗਾ ਜੁਗੰਤ ਜੋਤ ਧਰ, ਭੇਖਾ ਭੇਖੀ ਭੇਖ ਧਰ । ਸਚ ਸਿੰਘਾਸਣ ਸਚ ਦਵਾਰਾ । ਸਚ ਘਰ ਦਰਸ ਪੁਰਖ ਅਗੰਮ ਅਗੰਮ ਅਪਾਰਾ । ਜਨ ਭਗਤਾਂ ਸਦਾ ਦਾਸਨ ਦਾਸ, ਆਵੇ ਜਾਵੇ ਵਾਰੋ ਵਾਰਾ । ਵਰਤੇ ਵਰਤਾਵੇ ਪ੍ਰਿਥਮੀ ਅਕਾਸ਼, ਮਾਤ ਪਤਾਲ ਸਾਚੀ ਧਾਰਾ । ਸ਼ਬਦ ਚਲਾਏ ਇਕ ਸਵਾਸ, ਮੇਟ ਮਿਟਾਏ ਧੁੰਦੂਕਾਰਾ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਸਿੰਘਾਸਣ ਜਗਤ ਅਪਾਰਾ । ਸ਼ਬਦ ਸਿੰਘਾਸਣ ਹਰਿ ਨਿਰੰਕਾਰ । ਚਾਰੋਂ ਕੁੰਟ ਸ਼ਬਦ ਸਰੂਪੀ ਇਕ ਦਵਾਰ । ਆਪੇ ਵੇਖੇ ਵੇਖ ਵਖਾਣੇ ਸਚ ਸੁਲਤਾਨਾ ਹਰਿ ਮਿਹਰਬਾਨਾ ਸਚ ਘਰ ਕਵਣ ਦਰਬਾਰ । ਜੋਤੀ ਨੂਰ ਇਕ ਮਹਾਨਾ । ਸ਼ਬਦ ਤਾਜ ਸਚ ਸੁਹਾਣਾ । ਨਾਮ ਨਿਰੰਜਣ ਪਹਿਰੇਦਾਰ ।
੮੯ ਜੋਤੀ ਜੋਤ ਸਰੂਪ ਹਰਿ, ਆਪ ਆਪਣਾ ਵੇਖੇ ਘਰ, ਆਪੇ ਜਾਣੇ ਆਪਣੀ ਕਾਰ । ਸਚ ਸਿੰਘਾਸਣ ਸਹਿਜ ਸੁਖ ਭਰਿਆ । ਜੋਤੀ ਜਾਮਾ ਸ਼ਬਦ ੮੯
੦੫ ਦਮਾਮਾ, ਆਪ ਆਪਣਾ ਕਾਰਜ ਕਰਿਆ । ਲੱਖ ਚੁਰਾਸੀ ਏਕਾ ਤਾਮਾ, ਸਚ ਭੰਡਾਰਾ ਹਰਿ ਜੀ ਭਰਿਆ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ ਆਪ ਮਿਟਾਏ ਲੱਖ ਚੁਰਾਸੀ ਡਰਿਆ । ਸ਼ਬਦ ਸਿੰਘਾਸਣ ਮਾਣ ਰਖਾਏ । ਲੋਕਮਾਤ ਮਾਰ ਝਾਤ, ਹਰਿ ਦਏ ਵਡਿਆਏ । ਚਾਰ ਵਰਨਾਂ ਇਕ ਜਮਾਤ, ਨਾ ਕੋਈ ਜਾਣੇ ਜ਼ਾਤ ਪਾਤ, ਏਕਾ ਦਿਵਸ ਏਕਾ ਰਾਤ, ਏਕਾ ਨਾਮ ਹਰਿ ਸੁਣਾਏ । ਏਕਾ ਪਿਤ ਏਕਾ ਮਾਤ, ਏਕਾ ਸ਼ਬਦ ਏਕਾ ਦਾਤ, ਏਕਾ ਕੰਤ ਪ੍ਰਭ ਸਾਚਾ ਜੀਵ ਜੰਤ, ਨਰ ਹਰਿ ਹਰਿ ਨਰ ਆਪ ਅਖਵਾਏ । ਜੋਤੀ ਜਾਮਾ ਭੇਖ ਬੇਅੰਤ, ਵੇਖ ਵਖਾਣੇ ਸਾਧ ਸੰਤ, ਦੂਸਰ ਕੋਈ ਭੇਵ ਨਾ ਪਾਏ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਸਿੰਘਾਸਣ ਡੇਰਾ ਲਾਏ । ਸ਼ਬਦ ਸਿੰਘਾਸਣ ਡੇਰਾ ਹਰਿ ਸੁਲਤਾਨਿਆ । ਗੁਰਮੁਖਾਂ ਮਿਲਿਆ ਮੇਲ ਵਿਚ ਜਹਾਨਿਆ । ਆਪ ਚੁਕਾਏ ਮੇਰ ਤੇਰ, ਸਤਾਰਾਂ ਹਾੜੀ ਮਹਾਨਿਆ । ਸ਼ਬਦ ਸਰੂਪੀ ਪਾਏ ਘੇਰਾ, ਚਾਰੋਂ ਕੁੰਟ ਰਾਜਾਨਿਆ । ਖਿਚੀ ਆਏ ਚੇਲਾ ਗੁਰ ਗੁਰ ਚੇਲਾ ਗੁਣ ਨਿਧਾਨਿਆ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਸਿੰਘਾਸਣ ਏਕਾ ਏਕ ਮਹਾਨਿਆ । ਸਚ ਸਿੰਘਾਸਣ ਹਰਿ ਸੁਹਾਏ, ਤਖ਼ਤ ਬਿਰਾਜਿਆ । ਦੂਸਰ ਕੋਈ ਨਾ ਦੀਸੇ ਥਾਏਂ, ਜੋਤ ਜਗਾਏ ਦੇਸ ਮਾਝਿਆ । ਘਰ ਘਰ ਉਡਦੇ ਦਿਸਣ ਕਾਏ, ਮਾਣ ਗਵਾਏ ਰਾਜਨ ਰਾਜਿਆ । ਸ਼ਬਦ ਡੋਰੀ ਪਾਏ ਫਾਹੇ, ਵੇਖੇ ਖੇਲ ਕਲ ਕਿ ਆਜਿਆ । ਆਪੇ ਲੇਖਾ ਲਿਖੇ ਸਾਚਾ ਨਾਏਂ, ਸਾਚੇ ਸਾਜਨ ਰਿਹਾ ਸਾਜਿਆ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਸਿੰਘਾਸਣ ਜੋਤ ਬਿਰਾਜਿਆ । ਜੋਤ ਬਿਰਾਜੇ ਸ਼ਬਦ ਉਡਾਨ । ਦੇਸ ਮਾਝੇ ਹਰਿ ਭਗਵਾਨ ।

ਧਰਤ ਮਾਤ ਤੇਰਾ ਰਚਿਆ ਕਾਜੇ, ਕੰਤ ਸੁਹਾਗੀ ਵਾਲੀ ਦੋ ਜਹਾਨ । ਆਪੇ ਰੱਖੇ ਮਾਤ ਲਾਜੇ, ਅੱਠੇ ਪਹਿਰ ਧਿਆਨ । ਸ਼ਬਦ ਘੋੜੇ ਚਿੱਟੇ ਤਾਜੇ, ਸੋਲਾਂ ਕਲੀਆਂ ਪਾਏ ਪਲਾਨ । ਸੱਤਾਂ ਦੀਪਾਂ ਸਾਜਨ ਸਾਜੇ, ਇਕ ਝੁਲਾਏ ਸਚ ਨਿਸ਼ਾਨ । ਨੌਂ ਖੰਡ ਪ੍ਰਿਥਮੀ ਰਾਜ ਰਾਜਾਨ, ਪੁਰੀਆਂ ਲੋਆਂ ਬੰਧ ਬੰਧਾਨ । ਮਾਤ ਪਤਾਲ ਅਕਾਸ਼ ਅਕਾਸ਼ੇ, ਖੰਡ ਬ੍ਰਹਿਮੰਡ ਏਕਾ ਆਣ । ਆਪ ਆਪਣਾ ਸਾਜਨ ਸਾਜੇ, ਏਕਾ ਰੱਖੇ ਜਗਤ ਮਾਣ । ਜਨ ਭਗਤਾਂ ਮਾਰੇ ਆਤਮ ਅਵਾਜੇ, ਸ਼ਬਦ ਜੋਤੀ ਖੇਲ ਮਹਾਨ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਇਕ ਰਖਾਏ ਤ੍ਰੈਲੋਕੀ ਮਾਣ । ਸਚ ਸਿੰਘਾਸਣ ਹਰਿ ਭਗਵਾਨਾ । ਜੋਤੀ ਜਾਮਾ ਖੇਲ ਮਹਾਨਾ । ਸ਼ਬਦ ਦਮਾਮਾ ਇਕ ਵਜਾਨਾ । ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਇਕ ਟਿਕਾਨਾ । ਨਾਮ ਨਿਧਾਨਾ ਚਤੁਰ ਸੁਜਾਨਾ ਸ੍ਰਿਸ਼ਟ ਸਬਾਈ ਵੰਡ ਵੰਡਾਨਾ । ਲੋਆਂ ਪੁਰੀਆਂ ਮਾਰ ਧਿਆਨਾ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਜਾਣੇ ਆਪਣਾ ਖੇਲ ਮਹਾਨਾ । ਲੋਆਂ ਪੁਰੀਆਂ ਮਾਰ ਧਿਆਨ, ਬਣਤ ਬਣਾਇੰਦਾ । ਬ੍ਰਹਮੇ ਛੱਡਣੀ ਪਈ ਦੁਕਾਨ, ਜਨ ਭਗਤ ਉਪਜਾਇੰਦਾ । ਸ਼ਿਵ ਸ਼ੰਕਰ ਹੋਏ ਹੈਰਾਨ, ਪੁਰਖ ਅਬਿਨਾਸ਼ੀ ਭੇਖ ਵਟਾਇੰਦਾ । ਇੰਦ ਇੰਦਰਾਸਣ ਕਰੇ ਪਛਾਣ, ਕਰੋੜ ਤੇਤੀਸਾ ਮੁਖ ਭਵਾਇੰਦਾ । ਸ਼ਬਦ ਸਿੰਘਾਸਣ ਹਰਿ ਮਿਹਰਬਾਨ, ਲੋਕਮਾਤ ਚਿਖਾ ਬਣਾਇੰਦਾ । ਗੁਰਮੁਖਾਂ ਦੇਵੇ ਜੀਆਂ ਦਾਨ, ਬੇਮੁਖਾਂ ਅਗਨੀ ਭੇਟ ਚੜ੍ਹਾਇੰਦਾ । ਪਹਿਲੀ ਹਾੜ ਦਿਵਸ ਮਹਾਨ, ਲੇਖਾ ਲੇਖ ਲੇਖ ਚੁਕਾਇੰਦਾ । ਆਪ ਬਣਾਏ ਧਰਮ ਨਿਸ਼ਾਨ, ਵਾਲੀ ਦੋ ਜਹਾਨ ਦਇਆ ਕਮਾਇੰਦਾ । ਭਰਮੇ ਭੁੱਲੇ ਰਾਜ ਰਾਜਾਨ, ਸ਼ਾਹ ਸੁਲਤਾਨ ਭੇਵ ਨਾ ਪਾਇੰਦਾ । ਪੁਰਖ ਅਬਿਨਾਸ਼ੀ ਖੇਲ ਮਹਾਨ, ਏਕਾ ਏਕ ਸ਼ਬਦ ਬਿਬਾਣ, ਚਾਰੋਂ ਕੁੰਟਾਂ ਸਦ ਉਡਾਨ, ਦਿਸ ਕਿਸੇ ਨਾ ਆਇੰਦਾ । ਕਾਇਆ ਰਥ ਇਕ ਮਹਾਨ, ਵਿਚ ਸਮਰਥ ਬੇਪਛਾਣ, ਪਕੜੇ ਨੱਥ ਜੀਵ ਨਿਧਾਨ, ਦਹਿ ਦਿਸ਼ਾ ਆਪ ਫਿਰਾਇੰਦਾ । ਕਲਜੁਗ ਸੀਆਂ ਸਾਢੇ ਤਿੰਨ ਹੱਥ, ਕਰ ਦਰਸ ਸਗਲ ਵਸੂਰੇ ਜਾਇਣ ਲਥ, ਸਿੰਘ ਮਨਜੀਤ ਸਦਾ ਅਤੀਤ ਇਕ ਨਿਸ਼ਾਨ ਅਟੱਲ ਰਖਾਇੰਦਾ । ਜਗਤ ਜਗਦੀਸ਼ ਮਹਿੰਮਾ ਅਕਥ, ਰਾਜ ਰਾਜਾਨਾਂ ਜਾਏ ਮਥ, ਸ੍ਰਿਸ਼ਟ ਸਬਾਈ ਹੋਈ ਸਥ , ਨਾ ਕੋਈ ਕਿਸੇ ਛੁਡਾਇੰਦਾ । ਜੋਤੀ ਜੋਤ ਸਰੂਪ ਹਰਿ, ਸ਼ਬਦ ਸਿੰਘਾਸਣ ਜੋਤ ਧਰ, ਸਾਚੀ ਰਚਨਾ ਆਪ ਰਚਾਇੰਦਾ । ਰਚਨ ਰਚਾਏ ਆਤਮ ਮੂਲ । ਗੁਰਮੁਖ ਮਾਤ ਨਾ ਜਾਏ ਭੂਲ । ਸ਼ਬਦ ਦਾਤ ਪ੍ਰਭ ਸਾਚੀ ਦਏ, ਸੋਹੰ ਨਾਮ ਇਕ ਤ੍ਰਿਸੂਲ । ਕਲਜੁਗ ਅੰਤਮ ਆਇਆ ਕੰਢੇ, ਵੇਖ ਵਖਾਣੇ ਪ੍ਰਭ ਵਿਛੜੇ ਗੁਰਮੁਖ ਸਾਚੇ ਕੰਤ ਕੰਤੂਹਲ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਰੰਗਣ ਰੰਗ ਚੜ੍ਹਾਏ, ਸ਼ਬਦ ਨਿਸ਼ਾਨਾ ਮਾਤ ਬਣਾਏ, ਸਾਚਾ ਰੰਗ ਹਰਿ ਚਲੂਲ । ਰੰਗਣ ਰੰਗ ਰੰਗ ਅਪਾਰੀ । ਧੁਰ ਦਰਗਾਹੀ ਆਪ ਲਲਾਰੀ । ਕਲਜੁਗ ਤੇਰਾ ਵੇਖ ਭੇਖ, ਕਰੇ ਖੇਲ ਪ੍ਰਭ ਵਡ ਸੰਸਾਰੀ । ਸਾਚੇ ਲੋਚਣ ਲੈਣਾ ਵੇਖ, ਕਵਣ ਕਲ ਵਰਤੇ ਉਪਰ ਧਰਤੇ, ਕਵਣ ਕਰੇ ਖੇਲ ਨਿਆਰੀ । ਕਰੇ ਖੇਲ ਪ੍ਰਭ ਵਡ ਸੰਸਾਰੀ । ਸਾਚੇ ਲੋਚਨ ਰਿਹਾ ਵੇਖ, ਕਵਣ ਕਰਤੇ ਖੇਲ ਪਿਆਰੀ । ਆਪ ਲਿਖਾਏ ਸਾਚਾ ਲੇਖ, ਕਲਜੁਗ ਤੇਰੀ ਉਖੜੇ ਮੇਖ, ਧਰਤ ਮਾਤ ਦਰ ਆਏ ਪੁਕਾਰੀ । ਜੋਤੀ ਜਾਮਾ ਧਰਿਆ ਭੇਖ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਘੋੜੇ ਚਿੱਟੇ ਅਸਵ, ਸਾਚੇ ਦਰ ਕਰੇ ਤਿਆਰੀ । ਸਾਚਾ ਦਰ ਪਹਿਲਾ ਘਰ । ਪੁਰਖ ਅਬਿਨਾਸ਼ੀ ਦੇਵੇ ਵਰ । ਜੋਤ ਨਿਰੰਜਣ ਪਾਰ ਉਤਾਰੇ, ਲਛਮੀ ਫੂਲਨ ਬਰਖਾ ਕਰ । ਚਰਨ ਕਵਲ ਸਰਨਾਈ ਪੜ । ਸਾਚਾ ਰਾਹ ਏਕਾ ਫੜ । ਦੂਜੇ ਘਰ ਜਾਏ ਵਾੜੇ,

ਸ਼ਬਦ ਉਠਾਏ ਸਾਚੀ ਧਾੜ । ਜੋਤ ਨਿਰੰਜਣ ਲਾਏ ਜੜ । ਆਪ ਆਪਣੇ ਅੱਗੇ ਖੜ । ਜੋਤੀ ਜੋਤ ਸਰੂਪ ਹਰਿ, ਤੀਜੇ ਦਵਾਰੇ ਹਰਿ ਨਿਰੰਕਾਰੇ ਸ਼ਬਦ ਪਸਾਰੇ ਆਪੇ ਆਪ ਜਾਏ ਵੜ । ਤੀਜਾ ਦਰ ਦਰ ਦਰਵੇਸ਼ । ਪਵਣ ਪੁਕਾਰੇ ਸਚ ਪਰਵੇਸ਼ । ਸ਼ਬਦ ਹੁਲਾਰੇ ਵੇਸ ਅਨੇਕ । ਠੰਡੀ ਠਾਰੇ ਸਦ ਬਿਬੇਕ । ਓਅੰਕਾਰੇ ਏਕਾ ਏਕ ਸੁਨ ਅਗੰਮ ਨਾ ਲਾਵੇ ਸੇਕ । ਜੋਤੀ ਸ਼ਬਦੀ ਪਏ ਜੰਮ, ਏਕਾ ਮਾਤਾ ਪਿਤਾ ਹਰਿ ਵਸੇਖ । ਦਸਮ ਦਵਾਰੀ ਧਾਰ ਭੰਨ, ਚੌਥੇ ਘਰ ਰੱਖੇ ਟੇਕ । ਕੋਈ ਨਾ ਲਾਏ ਚੋਰ ਸੰਨ, ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਚੌਥੇ ਘਰ ਆਪੇ ਵੜ, ਸ੍ਰਿਸ਼ਟ ਸਬਾਈ ਰਿਹਾ ਵੇਖ । ਚੌਥੇ ਘਰ ਬੰਦ ਕਿਵਾੜ । ਆਪੇ ਵੇਖੇ ਪਹਿਲੀ ਹਾੜ । ਗੁਰਮੁਖ ਸਾਚੇ ਸੰਤ ਸੁਹੇਲੇ ਸ਼ਬਦ ਡੰਡੇ ਰਿਹਾ ਤਾੜ । ਮਾਨਸ ਦੇਹੀ ਏਕਾ ਵਰ, ਮੈਲੇ ਕਾਇਆ ਚੋਲੇ ਦੇਵੇ ਪਾੜ । ਲੇਖਾ ਚੁਕੇ ਗੁਰ ਚੇਲੇ, ਜੂਠੀ ਝੂਠੀ ਮੁੱਕੇ ਧਾੜ । ਹੋਏ ਸਹਾਈ ਅੰਤਮ ਵੇਲੇ, ਦਰਸ ਦਿਖਾਏ ਸਤਾਰਾਂ ਹਾੜ । ਅਚਰਜ ਖੇਲ ਹਰਿ ਜੀ ਖੇਲੇ, ਬੇਮੁਖਾਂ ਸਾੜੇ ਨਾੜ ਨਾੜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਗੁਰਮੁਖ ਸਾਚੇ ਸੰਤ ਸੁਹੇਲੇ ਦਰ ਘਰ ਸਾਚੇ ਦੇਵੇ ਵਾੜ । ਦਰ ਘਰ ਸਾਚਾ ਸਚ ਟਿਕਾਣਾ । ਪੰਚਮ ਕਰ ਦਰਸ, ਆਪੇ ਚਤੁਰ ਸੁਘੜ ਸਿਆਣਾ । ਜੋਤੀ ਜੋਤ ਸਰੂਪ ਹਰਿ, ਇਕ ਵਖਾਏ ਸਚ ਘਰ, ਛੇਵੇਂ ਘਰ ਰਹੇ ਵੱਖਰ, ਰੇਖ ਭੇਖ ਕੋਈ ਦਿਸ ਨਾ ਆਣਾ । ਅੱਖਰ ਵੱਖਰ ਹਰਿ ਨਿਰੰਕਾਰ । ਸਾਚਾ ਲੇਖਾ ਲਿਖੇ ਕਾਇਆ ਮੰਦਰ ਸਾਚੇ ਪੱਥਰ, ਬਜਰ ਕਪਾਟ ਦੇਵੇ ਪਾੜ । ਲੱਖ ਚੁਰਾਸੀ ਲੱਭੀ ਸੱਥਰ, ਲੇਖ ਚੁੱਕੇ ਕਲਜੁਗ ਮੁੱਕੇ ਸਤਾਰਾਂ ਹਾੜ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਦਵਾਰੇ ਅਟੱਲ ਮੁਨਾਰੇ ਹਰਿਜਨ ਪਿਆਰੇ ਦੇਵੇ ਵਾੜ । ਸਚ ਦਵਾਰਾ ਸਤਿ ਸਤਿਵਾਦੀ । ਪੁਰਖ ਅਪਾਰਾ ਬੋਧ ਅਗਾਧੀ । ਸ਼ਬਦ ਧਾਰਾ ਮਾਧਵ ਮਾਧੀ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਰੰਗੇ ਰੰਗ ਛੈਲ ਛਬੀਲਾ, ਆਪੇ ਜਾਣੇ ਆਪਣਾ ਹੀਲਾ, ਪਵਣੀ ਸ਼ਬਦੀ ਸ਼ਬਦੀ ਪਵਣੀ ਨਾਦੀ । ਪਵਣ ਸ਼ਬਦ ਪਵਣ ਨਾਦ ਸੁਨ । ਬੋਧ ਅਗਾਧ ਅਗਾਧ ਬੋਧ, ਵੇਖ ਵਖਾਏ ਰਿਖ ਮੁਨ । ਵਡ ਜੋਧਨ ਜੋਧ ਹਿਰਦਾ ਸੋਧ, ਗੁਰਮੁਖ ਸਾਚੇ ਮਾਤ ਚੁਣ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣਾ ਧਾਮ ਸੁਹਾਏ, ਦੂਸਰ ਕਿਸੇ ਦਿਸ ਨਾ ਆਏ, ਸੰਤ ਸੁਹੇਲੇ ਭੁੱਲੇ ਰੁੱਲੇ ਵਿਚ ਅਗੰਮ ਸੁੰਨ । ਪਹਿਲੀ ਹਾੜ ਸ਼ਬਦ ਨਿਸ਼ਾਨ । ਹਰਿ ਆਪ ਝੁਲਾਏ ਵਿਚ ਜਹਾਨ । ਨੌਂ ਖੰਡ ਪ੍ਰਿਥਮੀ ਗੁਣ ਨਿਧਾਨ । ਸੱਤਾਂ ਦੀਪਾਂ ਹਰਿ ਮਿਹਰਵਾਨ । ਆਪੇ ਜੋਤ ਨਿਰੰਜਣ ਆਪ ਅਕਾਰਿਆ । ਆਪੇ ਜਗਤ ਮਜਨ ਆਪੇ ਵਡ ਸੰਸਾਰਿਆ । ਆਪ ਦੁੱਖ ਭੈ ਭੰਜਨ, ਸਗਲ ਪਸਾਰਿਆ । ਆਪੇ ਆਪ ਪੜਦੇ ਕੱਜਣ, ਆਪੇ ਅੰਦਰ ਆਪੇ ਬਾਹਰਿਆ । ਆਪੇ ਆਪ ਸਾਚਾ ਸੱਜਣ, ਆਪੇ ਗੁਪਤ ਆਪੇ ਜਾਹਰਿਆ । ਜੋਤੀ ਜੋਤ ਸਰੂਪ ਹਰਿ, ਅੱਖਰ ਵੱਖਰ ਖੇਲ ਅਪਾਰਿਆ । ਆਪੇ ਗੋਬਿੰਦ ਦਾਤਾ ਰਾਮ, ਆਪੇ ਭੇਖ ਵਟੰਤਿਆ । ਹਰਿ ਆਪੇ ਜਗਤ ਭਗਤ ਸਾਚਾ ਨਾਮ, ਹਰਿ ਆਪੇ ਖੋਜ ਖੁਜੰਤਿਆ । ਹਰਿ ਆਪੇ ਅੰਮ੍ਰਿਤ ਆਤਮ ਮਧ, ਹਰਿ ਆਪੇ ਸਾਚਾ ਰਸ ਪਿਅੰਤਿਆ । ਹਰਿ ਆਪੇ ਪਵਣੀ ਸ਼ਬਦੀ ਨਦ, ਹਰਿ ਆਪੇ ਨਾਦ ਅਨਾਹਦ ਸਾਚਾ ਰਾਗ ਸੁਣੰਤਿਆ । ਆਪੇ ਬੋਧ ਅਗਾਧ ਅਗਾਧ ਬੋਧ, ਹਰਿ ਆਪੇ ਜੋਤ ਜਗੰਤਿਆ । ਹਰਿ ਆਪੇ ਸ੍ਰਿਸ਼ਟ ਸਬਾਈ ਸੋਧਨ ਸੋਧ, ਸ਼ਬਦ ਨਿਸ਼ਾਨਾ ਇਕ ਰਖੰਤਿਆ । ਹਰਿ ਆਪੇ ਗੁਣੀਆ ਵਡ ਵਡ ਬੋਧ, ਭੇਵ ਅਭੇਦ ਆਪ ਅਖਵੰਤਿਆ । ਜੋਤੀ ਜੋਤ

ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਾ ਕੋਈ ਜਾਣੇ ਸਾਧਨ ਸੰਤਿਆ । ਆਪੇ ਰਾਮ ਰਹੀਮ, ਬੇਐਬ ਪਰਵਰਦਿਗਾਰਿਆ । ਆਪੇ ਗੁਣੀ ਗਨੀਮ ਵਡ ਨਸੀਮ, ਨੁਕਤਾ ਮੀਮ ਨਾ ਕਿਸੇ ਵਿਚਾਰਿਆ । ਲੱਖ ਚੁਰਾਸੀ ਤੇਰੀ ਤਰਮੀਮ, ਆਪ ਕਰਾਏ ਜਿਉਂ ਅਰਜਨ ਭੀਮ, ਖੇਲ ਕਰਾਏ ਜਿਉਂ ਕ੍ਰਿਸ਼ਨ ਮੁਰਾਰਿਆ । ਰਚਨ ਰਚੇ ਰੂਸਾ ਚੀਨੀ, ਆਪੇ ਭੰਨੇ ਹੰਕਾਰੀ ਬੀਨੀ, ਯੁਰਾਪੀਨੀ ਵਡ ਹੰਕਾਰਿਆ । ਵੇਖ ਵਖਾਣੇ ਮੁਹੰਮਦੀ ਦੀਨੀ, ਨੂਰ ਅਲਾਹੀ ਏਕਾ ਈਨੀ, ਬੇਪਰਵਾਹੀ ਖੇਲ ਮਚਾ ਰਿਹਾ । ਨਾਤਾ ਛੁੱਟੇ ਖਾਣ ਪੀਣੀ, ਮੁਹੰਮਦ ਰਸੂਲਾਂ ਹੋਏ ਅਧੀਨੀ, ਕਾਲਾ ਵੇਸ ਦਰ ਦਰਵੇਸ ਆਪਣਾ ਆਪ ਸੁਹਾ ਰਿਹਾ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਸਾਚੀ ਰੰਗਣ ਰੰਗ ਰੰਗਾ ਰਿਹਾ । ਆਪੇ ਰਘੁਪਤ ਰਘੁਨਾਥਿਆ । ਸ੍ਰਿਸ਼ਟ ਸਬਾਈ ਸਗਲਾ ਪਤ, ਆਪੇ ਜਾਣੇ ਅਗਲੀ ਪਿਛਲੀ ਗਾਥਿਆ । ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਦੇ ਸਮਝਾਵੇ ਮਤ, ਵੇਲਾ ਆਏ ਫੇਰ ਨਾ ਮਾਤਿਆ । ਨਾ ਕੋਈ ਦੇਵੇ ਧੀਰਜ ਜਤ, ਆਤਮ ਜੋਤੀ ਸਾਚਾ ਸਤਿ, ਸ਼ਬਦ ਮਿਲੇ ਨਾ ਸਾਚਾ ਰਾਥਿਆ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਅੰਤਮ ਵਖਾਏ ਸੀਆਂ ਸਾਢੇ ਤਿੰਨ ਹੱਥ । ਆਪੇ ਆਪ ਆਪ ਪਰਵਾਨਾ । ਧੁਰ ਦਰਗਾਹੀ ਸ਼ਬਦ ਨਿਸ਼ਾਨਾ । ਜਗਤ ਚਲਾਏ ਤੀਰ ਭਗਵਾਨਾ । ਦੂਸਰ ਕੋਈ ਰਹਿਣ ਨਾ ਪਾਏ, ਮੇਟ ਮਿਟਾਏ ਪੁਰਖ ਸੁਜਾਨਾ । ਸਾਚੀ ਬਣਤ ਰਿਹਾ ਬਣਾਏ, ਲੇਖ ਲਿਖੇ ਨਾਮ ਮਹਾਨਾ । ਚਾਰ ਵਰਨਾਂ ਇਕ ਥਾਂ ਬਹਾਏ, ਸ਼ਬਦ ਨਿਸ਼ਾਨ ਇਕ ਰਖਾਨਾ । ਵਰਨ ਅਵਰਨਾਂ ਆਪ ਹੋ ਜਾਏ, ਵੇਦ ਪੁਰਾਨਾਂ ਦਿਸ ਨਾ ਆਨਾ । ਜੋਤੀ ਜਾਮਾ ਭੇਖ ਵਟਾਏ, ਖਾਣੀ ਬਾਣੀ ਹੋਈ ਹੈਰਾਨਾ । ਨਿਹਕਲੰਕੀ ਜਾਮਾ ਪਾਏ, ਕੁਰਾਨ ਅੰਜੀਲ ਖੇਲ ਸ਼ੈਤਾਨਾ । ਸੋਹੰ ਸਾਚਾ ਡੰਕ ਵਜਾਏ, ਸੱਤਾਂ ਦੀਪਾਂ ਵੰਡ ਵੰਡਾਨਾ । ਲੇਖਾ ਲੇਖ ਭਵਿਖਤ ਲਿਖਾਏ, ਆਪ ਆਪਣੇ ਸੰਗ ਸਮਾਨਾ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਸਚ ਨਿਸ਼ਾਨ ਇਕ ਝੁਲਾਨਾ । ਸਚ ਨਿਸ਼ਾਨ ਹਰਿ ਬਨਵਾਰਿਆ । ਨੌਂ ਖੰਡ ਪ੍ਰਿਥਮੀ ਇਕ ਬਿਬਾਣ, ਉਡਾਏ ਸ਼ਬਦ ਸਾਚੀ ਉਡਾਰਿਆ । ਰੰਕ ਰਜਾਨਾਂ ਏਕਾ ਆਣ, ਕਰੇ ਖੇਲ ਅਪਰ ਅਪਾਰਿਆ । ਨੌਂ ਦਰ ਵੇਖੇ ਸਰਬ ਤਜ ਜਾਣ, ਮਦਿਰਾ ਮਾਸ ਨਾ ਕਰੇ ਕੋਈ ਅਹਾਰਿਆ । ਭਾਂਡੇ ਹੰਕਾਰੀ ਸਰਬ ਭੱਜ ਜਾਣ, ਵੱਜੇ ਸ਼ਬਦ ਚੋਟ ਨਗਾਰਿਆ । ਰਾਜ ਤਾਜ ਸ਼ਾਹ ਤਜ ਜਾਣ, ਨਾ ਕੋਈ ਕਰੇ ਤਨ ਸ਼ਿੰਗਾਰਿਆ । ਦਰ ਦਵਾਰ ਬੰਕ ਸਰਬ ਛੱਡ ਜਾਣ, ਨਾ ਕੋਈ ਵੇਖੇ ਪਿੱਛਾ ਅਗਾੜਿਆ । ਗੁਰਮੁਖ ਸਾਚੇ ਸੰਤ ਸੁਹੇਲੇ ਸਚ ਸਰਨਾਈ ਗੁਰ ਚਰਨ ਦਵਾਰੇ ਸਜ ਜਾਣ, ਰੱਖੇ ਲਾਜ ਚਰਨ ਛੁਹਾਈ ਦਾਹੜੀਆ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨੇਤਰ ਪੇਖੇ ਲੋਕਮਾਤ ਵੇਖੇ ਗੁਰ ਸੰਗਤ ਸਤਾਰਾਂ ਹਾੜੀ ਫੁਲ ਫੁਲਵਾੜੀਆ । ਸ਼ਬਦ ਨਿਸ਼ਾਨਾ ਰੰਗ ਆਲਮੀਨ । ਵੇਖ ਵਖਾਣੇ ਹਰਿ ਹਰਿ ਅਲਾਹੀ ਯਾ-ਮਬੀਨ । ਏਕਾ ਏਕ ਸੱਚਾ ਦਰ ਦਵਾਰ, ਰਹੀਮ ਕਰੀਮ ਸ਼ਾਹ ਨਸੀਮ ਜਾਂਨਸ਼ੀਮ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਸਚ ਨਿਸ਼ਾਨਾ ਹਰਿ ਮਿਹਰਬਾਨਾ ਇਕ ਚਲਾਏ ਜਗਤ ਪਰਬੀਨ । ਜਗਤ ਨਿਸ਼ਾਨਾ ਆਲਮੁਲ ਉਲਮਾ ਭਗਤ ਭਗਵਾਨਿਆ । ਰੰਗਨ ਰੰਗ ਰੰਗਾਨਾ । ਸਚ ਸਤਿ ਸਤਿ ਸਤਿ ਮਿਹਰਵਾਨ, ਆਪੇ ਜਾਣੇ ਚਵੀਆਂ ਤੱਤ ਜੋਤੀ ਵੱਖਰ ਸ਼ਬਦ ਪਛਾਨਾ । ਤ੍ਰੈਗੁਣ ਮਾਇਆ ਬਹੱਤਰ ਵਖ, ਤ੍ਰੈ ਤ੍ਰੈ ਵੇਸ ਅਨੇਕ ਮਹਾਨਾ । ਜੋਤੀ ਜੋਤ ਸਰੂਪ ਹਰਿ, ਲੱਖ ਚੁਰਾਸੀ ਜੋਤ ਧਰ, ਆਪੇ ਰਹੇ ਬੇਪਛਾਣਾ । ਆਪੇ ਬੇਪਛਾਣ ਸਰਬ ਪਛਾਣਦਾ । ਗੁਣਵੰਤਾ ਗੁਣ ਨਿਧਾਨ, ਸਰਬ ਜੀਆਂ ਘਟ ਆਪੇ ਜਾਣਦਾ । ਕਰੇ

ਖੇਲ ਮਾਤ ਮਹਾਨਾ, ਸਾਚਾ ਰੰਗ ਕਲਜੁਗ ਤੇਰੇ ਅੰਗ ਸੰਗ ਵੇਖ ਤਰੰਗ ਨਿਗਾਹਵਾਨ ਦਾ । ਲੱਖ ਚੁਰਾਸੀ ਅੰਤ ਕੁਰੰਗ, ਸੋਹੰ ਵਜੇ ਨਾਮ ਮਰਦੰਗ, ਮਾਨਸ ਦੇਹੀ ਹੋਏ ਭੰਗ, ਕਲਜੁਗ ਜੀਵ ਭੁੱਲੇ ਮਾਇਆ ਰੁੱਲੇ, ਭੁਲਿਆ ਰਾਹ ਬ੍ਰਹਮ ਗਿਆਨ ਦਾ । ਸਚ ਦਵਾਰਾ ਏਕਾ ਖੁਲ੍ਹੇ ਨਾ ਕੋਈ ਲਾਏ ਮੁਲੇ, ਜੋ ਮਿਲੇ ਗਊ ਗ਼ਰੀਬ ਨਿਮਾਣਾ ਸ਼ਾਹ ਸੁਲਤਾਨਾ ਏਕਾ ਕੰਡੇ ਤੁਲੇ, ਕਰੇ ਖੇਲ ਧੁਰ ਦਰਗਾਹੀ ਜਗਤ ਮਲਾਹੀ ਊਚ ਨੀਚ ਨਾ ਕੋਈ ਪਛਾਣਦਾ । ਨਿਹਕਲੰਕ ਨਰਾਇਣ ਨਰ ਲੋਕਮਾਤ ਹਰਿ ਜੋਤ ਧਰ, ਸਾਚਾ ਰੰਗ ਸਦਾ ਅਭੰਗ ਨਾ ਕੋਈ ਵਖਾਣਦਾ । ਸਚ ਦਵਾਰਾ ਖੋਲ੍ਹ ਸ਼ਬਦ ਜਣਾਈਆ । ਸ਼ਬਦ ਵਜਾਏ ਢੋਲ, ਰੰਕ ਰਾਜਾਨਾਂ ਦਏ ਸੁਣਾਈਆ । ਪੜਦੇ ਦੇਵੇ ਖੋਲ੍ਹ, ਬਜਰ ਕਪਾਟੀ ਚੀਰ ਵਖਾਈਆ । ਆਪੇ ਪੂਰੇ ਤੋਲ ਰਿਹਾ ਤੋਲ, ਸਤਾਰਾਂ ਹਾੜੀ ਨੇੜੇ ਆਈਆ । ਸਾਚਾ ਭਾਣਾ ਵੱਜਣਾ ਢੋਲ, ਪੈਣਾ ਘੋਲ ਹਰਿ ਰਸਨਾ ਰਿਹਾ ਬੋਲ, ਨੌਂ ਖੰਡ ਪ੍ਰਿਥਮੀ ਰਿਹਾ ਜਣਾਈਆ । ਝੂਠੀ ਮਾਇਆ ਕਾਇਆ ਚੋਲ, ਲੱਖ ਚੁਰਾਸੀ ਆਤਮ ਰਿਹਾ ਫੋਲ, ਦਿਸ ਕਿਸੇ ਨਾ ਆਈਆ । ਗੁਰਮੁਖਾਂ ਵਸੇ ਸਦਾ ਕੋਲ, ਪੜਦਾ ਉਹਲਾ ਨਾ ਕੋਈ ਰਖਾਈਆ । ਦੇਵੇ ਨਾਮ ਸ਼ਬਦ ਅਨਮੋਲ, ਅੰਤਮ ਤੁਲਿਆ ਪੂਰੇ ਤੋਲ, ਸੋਹੰ ਖੰਡਾ ਹੱਥ ਉਠਾਈਆ । ਸਚ ਦਵਾਰਾ ਲਿਆ ਖੋਲ੍ਹ, ਸਚ ਸਿੰਘਾਸਣ ਰਿਹਾ ਬੋਲ, ਨੌਂ ਦਵਾਰੇ ਹਰਿ ਨਿਰੰਕਾਰੇ, ਬੇਮੁਖਾਂ ਰਾਹ ਵਖਾਈਆ । ਦਸਵਾਂ ਘਰ ਅਟੱਲ ਮੁਨਾਰੇ, ਜੋਤੀ ਜਗੇ ਇਕ ਨਿਰੰਕਾਰੇ, ਸਤਾਰਾਂ ਹਾੜੀ ਵੇਖ ਅਪਾਰੇ, ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਬਣ ਭਿਖਾਰੇ, ਨਿਹਕਲੰਕ ਜੋਤ ਪਰਗਟਾਈਆ । ਬਣਾਏ ਇਕ ਨਿਸ਼ਾਨ ਅਪਾਰੇ, ਲੇਖ ਲਿਖੇ ਸੱਚੀ ਸਰਕਾਰੇ, ਝੰਡਾ ਚੜ੍ਹੇ ਵਿਚ ਸੰਸਾਰੇ, ਚਾਰੋਂ ਕੁੰਟ ਕਰੇ ਰੁਸ਼ਨਾਈਆ । ਗੁਰਮੁਖ ਬਣਾਏ ਸਾਚੇ ਲਾੜੇ, ਲੱਖ ਚੁਰਾਸੀ ਚਬਾਏ ਆਪਣੀ ਦਾੜ੍ਹੇ, ਮਗਰ ਲਗਾਏ ਸ਼ਬਦ ਧਾੜੇ, ਤੀਰ ਕਮਾਨ ਨਾ ਕੋਈ ਰਖਾਈਆ । ਨਾਮ ਗੋਲਾ ਕਾੜ ਕਾੜੇ, ਲੁਕਿਆ ਰਹੇ ਨਾ ਕੋਈ ਝਾੜੇ, ਅੰਦਰ ਬੈਠ ਨਾ ਮੁਖ ਛੁਪਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਕਲਜੁਗ ਤੇਰੀ ਅੰਤਮ ਬੋਲੀ, ਧਰਤ ਮਾਤ ਦਰ ਹੋਏ ਗੋਲੀ, ਲਾੜੀ ਮੌਤ ਉਠਾਏ ਡੋਲੀ, ਚਾਰੇ ਜੁਗ ਕਹਾਰ ਬਣਾਈਆ । ਚਾਰੇ ਜੁਗ ਬਣੇ ਕਹਾਰਾ । ਕਲਜੁਗ ਤੇਰੀ ਅੰਤਮ ਵਾਰਾ । ਨਾ ਕੋਈ ਦੇਵੇ ਕਿਸੇ ਸਹਾਰਾ । ਚਾਰੋਂ ਕੁੰਟ ਚਾਰ ਦਵਾਰ ਪਾਇਆ ਘੇਰਾ, ਨਾ ਕੋਈ ਮੀਤ ਨਾ ਮੁਰਾਰਾ । ਧਰਮ ਦਵਾਰਾ ਖੋਲ੍ਹ ਸ਼ਬਦ ਜੈਕਾਰਿਆ । ਨੌਂ ਦਵਾਰੇ ਮਾਨਸ ਦੇਹੀ ਝੂਠਾ ਭੋਗ, ਤ੍ਰੈਗੁਣ ਤਿੰਨੇ ਦਿਸ਼ਾ ਵੇਖ ਵਖਾ ਰਿਹਾ । ਦਸਵੇਂ ਘਰ ਵੱਜੇ ਢੋਲ, ਸ਼ਬਦ ਮਰਦੰਗ ਨਾ ਕੋਈ ਰਖਾ ਰਿਹਾ । ਆਪੇ ਕੁੰਡਾ ਰਿਹਾ ਖੋਲ੍ਹ, ਸਾਚੀ ਸੇਜਾ ਆਪ ਵਿਛਾ ਰਿਹਾ । ਆਪੇ ਆਪ ਰਿਹਾ ਬੋਲ, ਸੁਰਤ ਸੁਹਾਗਣ ਨਾਰ ਪਿਆਰ ਸਾਚਾ ਮੇਲ ਮਿਲਾ ਰਿਹਾ । ਬ੍ਰਹਿਮਾਦੀ ਸਦ ਕਰੇ ਚੋਲ੍ਹ ਸ਼ਬਦ ਵਿਚੋਲਾ ਇਕ ਰਖਾ ਰਿਹਾ । ਭੇਦ ਅਭੇਦਾ ਪੜਦੇ ਖੋਲ੍ਹ, ਜੋਤੀ ਮੁਖੜਾ ਨੂਰ ਵਖਾ ਲਿਆ । ਹੱਸ ਹੱਸ ਮੁਖੋਂ ਕਹੇ ਬੋਲ, ਸਚ ਸੁਹਾਗਣ ਗੁਰਮੁਖ ਨਾਰੀ ਗੁਰ ਪੂਰਾ ਕੰਤ ਮਿਲਾ ਰਿਹਾ । ਅੰਮ੍ਰਿਤ ਆਤਮ ਦੇਵੇ ਠੰਡਾ ਪਾਣੀ, ਸਾਚੇ ਤੀਰਥ ਆਪ ਨੁਹਾ ਰਿਹਾ । ਰਾਗ ਅਰਾਗਾਂ ਸਾਚੀ ਬਾਣੀ, ਏਕਾ ਏਕ ਸੁਣਾ ਰਿਹਾ । ਬਣਿਆ ਰਹੇ ਸਦਾ ਪਾਲੀ, ਬਿਰਧ ਬਾਲ ਨਾ ਕੋਈ ਵਖਾ ਰਿਹਾ । ਆਪੇ ਕਰੇ ਜਾਣ ਪਛਾਣੀ, ਦੇ ਹਲੂਣਾ ਆਪ ਜਗਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪੇ ਵਸੇ ਸਚ ਘਰ, ਨੌਂ ਦਵਾਰੇ ਬੰਦ ਕਵਾੜਿਆ । ਨੌਂ ਦਵਾਰੇ ਖੋਲ੍ਹ ਕਿਵਾੜ, ਬੇਮੁਖਾਂ ਵਖਾਏ ਸਤਾਰਾਂ ਹਾੜ । ਗੁਰਮੁਖਾਂ ਵਖਾਏ ਏਕਾ ਰਾਹ ਜਗਤ ਮਲਾਹ, ਦਰ ਘਰ ਸਾਚੇ ਦੇਵੇ ਵਾੜ । ਕੋਈ ਨਾ ਅਗੇ ਕਰੇ ਧਰਮ ਰਾਏ ਨਾ

ਪੁੱਛੇ ਮੁਖ ਉਘਾੜ । ਜਮ ਰਾਜ ਨਾ ਪਕੜੇ ਬਾਂਹੀਂ, ਗੁਰਮੁਖ ਸਾਚੇ ਸਾਚੇ ਲਾੜ । ਪਕੜ ਉਠਾਏ ਬਾਉਂ ਬਾਈਂ, ਸਾਚੇ ਘੜੇ ਘਾੜਨ ਘਾੜ । ਆਪੇ ਬਣੇ ਪਿਤਾ ਮਾਂ, ਅੰਮ੍ਰਿਤ ਹਰਿ ਮੁਖ ਚੁਆਏ ਨਾੜ ਨਾੜ । ਹੰਸ ਬਣਾਏ ਗੁਰਮੁਖ ਕਾਂ, ਪਰੇ ਹਟਾਏ ਪੰਚਮ ਧਾੜ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਿਵਸ ਵਿਚਾਰ ਸਤਾਰਾਂ ਹਾੜ । ਨੌਂ ਦਵਾਰੇ ਦਰ ਖੋਲ੍ਹੇ । ਅੰਦਰ ਬਾਹਰ ਗੁਪਤ ਜਾਹਰ ਆਪੇ ਬੋਲੇ । ਮਾਨਸ ਦੇਹੀ ਨੇਤਰ ਵੇਖੇ, ਕਵਣ ਰੰਗ ਕਾਇਆ ਚੋਲੇ । ਜੀਵ ਜੰਤ ਭਰਮ ਭੁਲੇਖੇ, ਧਰਤ ਮਈਆ ਕਲਜੁਗ ਨਈਆ ਅੰਤਮ ਡੋਲੇ । ਪੁਰਖ ਅਬਿਨਾਸ਼ੀ ਸਾਚਾ ਵੇਖੇ, ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਰੰਗ ਸ਼ਬਦ ਸੰਗ ਏਕਾ ਰੱਖਿਆ । ਨੌਂ ਦਵਾਰੇ ਜਗਤ ਦੁਕਾਨਾ । ਰਸਨਾ ਰਸ ਮੁਖ ਥੁੱਕ ਫੀਕ ਫਿਕਾਨਾ । ਅੰਤਮ ਵੇਲਾ ਗਿਆ ਢੁਕ, ਆਪਣਾ ਭਾਰ ਲੈਣਾ ਚੁੱਕ, ਮਿਲੇ ਨਾਮ ਨਾ ਸ਼ਬਦ ਬਿਬਾਣਾ । ਕਲਜੁਗ ਔਧ ਗਈ ਮੁੱਕ, ਪ੍ਰਭ ਕਾ ਭਾਣਾ ਨਾ ਸਕੇ ਰੁਕ, ਕਰੇ ਖੇਲ ਵਾਲੀ ਦੋ ਜਹਾਨਾ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਸ਼ਬਦ ਜਣਾਏ ਜਗਤ ਚਲਾਏ ਏਕਾ ਏਕ ਨਾਮ ਨਿਸ਼ਾਨਾ । ਨਾਮ ਨਿਸ਼ਾਨ ਇਕ ਰਖਾਉਣਾ । ਭਗਤ ਭਗਵਾਨ ਧਰਮ ਸੁਹਾਉਣਾ । ਸ਼ਬਦ ਬਾਣ ਮਾਰ ਧਿਆਨ ਨਾਲ ਰਖਾਉਣਾ । ਜਗਤ ਉਡਾਨ ਕਰ ਪਛਾਣ, ਚਾਰ ਕੁੰਟ ਪ੍ਰਭ ਆਪ ਕਰਾਉਣਾ । ਸੱਤਾਂ ਦੀਪਾਂ ਵੰਡ ਵੰਡਾਨ, ਸੋਹੰ ਅੱਖਰ ਕਰ ਕਰ ਵੱਖਰ ਸਾਚਾ ਲੇਖਾ ਆਪ ਲਿਖਾਉਣਾ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਸਿੰਘਾਸਣ ਆਪ ਸੁਹਾਉਣਾ । ਸਚ ਸਿੰਘਾਸਣ ਹਰਿ ਦਾਤਾਰ । ਸ਼ਬਦ ਨਿਸ਼ਾਨਾ ਅਪਰ ਅਪਾਰ । ਲੇਖਾ ਲਿਖੇ ਵਾਰੋ ਵਾਰ । ਸਤਿ ਸਤਿਵਾਦੀ ਸਤ ਰੰਗ ਸਤਿ ਪੁਰਖ ਨਿਰੰਜਣ ਸਾਚੀ ਧਾਰ । ਲੋਆਂ ਪੁਰੀਆਂ ਰਿਹਾ ਲੰਘ, ਧਰਤ ਮਾਤ ਤੇਰੀ ਸੁਣ ਪੁਕਾਰ । ਗਰੀਬ ਨਿਮਾਣਿਆਂ ਕਟੇ ਭੁੱਖ ਨੰਗ, ਲੋਕਮਾਤ ਲਏ ਅਵਤਾਰ । ਚਿੱਟੇ ਅਸਵ ਕਸੇ ਤੰਗ, ਹਰਿ ਸੂਰਬੀਰ ਸੱਚਾ ਸਰਦਾਰ । ਲੱਖ ਚੁਰਾਸੀ ਭੰਨੇ ਕਾਚੀ ਵੰਗ, ਰਾਜ ਰਾਜਾਨਾਂ ਕਰੇ ਖ਼ਬਰਦਾਰ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਸੁਨੇਹੜਾ ਏਕਾ ਘੱਲੇ, ਚਾਰ ਯਾਰੀ ਸਚ ਮਹੱਲੇ, ਅੰਤਮ ਰਹਿਣਾ ਖ਼ਬਰਦਾਰ । ਸ਼ਬਦ ਸੁਨੇਹੜਾ ਦੇਵੇ ਤੋਰ । ਪ੍ਰਭ ਅਬਿਨਾਸ਼ੀ ਕਿਰਪਾ ਕਰ ਸਾਚਾ ਹਰਿ, ਸੋਹੰ ਬੰਨ੍ਹੇ ਸਾਚੀ ਡੋਰ । ਵੇਖ ਵਖਾਣੇ ਉਚੇ ਘਰ, ਜਗਤ ਮਹੱਲਾ ਲੱਗੇ ਚੋਰ । ਵੇਲੇ ਅੰਤਮ ਜਾਣ ਹਰ, ਕਲ ਅੰਧੇਰਾ ਅੰਧ ਘੋਰ । ਕਲਜੁਗ ਅੰਤਮ ਆਉਣਾ ਡਰ, ਚਾਰ ਕੁੰਟਾਂ ਹਰਾਮ ਖੋਰ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਚੁਕਾਏ ਮੋਰ ਤੋਰ । ਸ਼ਬਦ ਸੁਨੇਹੜਾ ਮੁਹੰਮਦੀ ਯਾਰ । ਅੰਤਮ ਵੇਲਾ ਕਰ ਵਿਚਾਰ । ਚਾਰ ਯਾਰੀ ਹੋਏ ਖਵਾਰੀ, ਅੰਤਮ ਪੈਣੀ ਡਾਹਢੀ ਮਾਰ । ਅਹਿਮਦ ਮੁਹੰਮਦ ਖੇਲ ਅਪਾਰ । ਦਰ ਦਰ ਘਰ ਘਰ ਹੋਏ ਖਵਾਰ । ਬਿਰਧ ਬਾਲ ਨਾ ਪਾਏ ਸਾਰ । ਜੋਤੀ ਜੋਤ ਸਰੂਪ ਹਰਿ, ਸੰਗ ਮੁਹੰਮਦ ਭੇਖ ਕਰ, ਵੇਖ ਵਖਾਣੇ ਸ਼ਾਹ ਸੁਲਤਾਨ ਦਰ ਸਰਕਾਰ । ਸੰਗ ਮੁਹੰਮਦ ਸਗਲਾ ਸਾਥਾ । ਅਹਿਮਦ ਨੂਰ ਹਰੀ ਰਘੁਨਾਥਾ । ਸ਼ਬਦ ਭਰਪੂਰ ਅਨਹਦ ਤੂਰ ਵਸੇ ਦੂਰ ਅਕਥਨਾ ਕਾਥਾ । ਸਰਬ ਘਟਾ ਆਪੇ ਭਰਪੂਰ, ਸੱਜਣ ਸੁਹੇਲਾ ਹਾਜ਼ਰ ਹਜ਼ੂਰ, ਜਨ ਭਗਤ ਚੜ੍ਹਾਏ ਸਾਚੇ ਰਾਥਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਵੇਖੇ ਖੇਲ ਜਗਤ ਤਮਾਸ਼ਾ । ਸੰਗ ਮੁਹੰਮਦੀ ਹੋਏ ਹੈਰਾਨੀ । ਸ਼ਬਦ ਨਿਸ਼ਾਨਾ ਤੀਰ, ਪਏ ਵਹੀਰ ਅੰਜੀਲ ਕੁਰਾਨੀ । ਬਾਲਕ ਮਾਤਾ ਛੁੱਟੇ ਸੀਰ,

ਵੇਲਾ ਅੰਤ ਅੰਤ ਅਖ਼ੀਰ, ਸਚ ਹਦੀਸ ਨਾ ਕੋਈ ਪੜ੍ਹਾਨੀ । ਅਸਤਰ ਬਸਤਰ ਲੱਥੇ ਚੀਰ, ਨਾ ਕੋਈ ਸ਼ਸਤਰ ਸ਼ਾਹ ਫ਼ਕੀਰ, ਰੁਲਦੇ ਫਿਰਦੇ ਬੀਰ ਦੁਰਾਨੀ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਅੱਖਰ ਜਗਤ ਵੱਖਰ ਦੀਪ ਖੰਡ ਬ੍ਰਹਿਮੰਡ ਇਕ ਚਲਾਏ ਸੋਹੰ ਬਾਣੀ । ਸੋਹੰ ਸ਼ਬਦ ਸ਼ਬਦ ਭਗਵਾਨਿਆ । ਆਪ ਬਣਾਏ ਆਪਣੀ ਜੁਗਤ ਭੁਗਤ ਮੁਕਤ ਵਿਚ ਜਹਾਨਿਆ । ਧਰਮ ਰਖਾਏ ਸਾਚੀ ਸ਼ਕਤ, ਆਏ ਵਕਤ ਬੇਮੁਹਾਨਿਆ । ਲੱਖ ਚੁਰਾਸੀ ਬੂੰਦ ਰਕਤ, ਹੱਡ ਮਾਸ ਨਾੜੀ ਨਾ ਕਰੇ ਕੋਈ ਪਛਾਣਿਆ । ਇਕ ਵਡਿਆਈ ਨਾਮ ਭਗਤ, ਜਿਹਵਾ ਜਗਤ ਰਸਨਾ ਵਖਾਨਿਆ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਇਕ ਬਣਾਏ ਧਰਮ ਨਿਸ਼ਾਨਿਆ । ਧਰਮ ਨਿਸ਼ਾਨਾ ਪਾਏ ਵੰਡ । ਨਾਮ ਨਿਧਾਨਾ ਸਚਖੰਡ । ਵਿਚ ਜਹਾਨਾ ਪਾਈ ਠੰਡ । ਵਾਲੀ ਦੋ ਜਹਾਨਾਂ ਖੇਲ ਬ੍ਰਹਿਮੰਡ । ਆਪੇ ਹੋਏ ਬੇਪਛਾਨਾ, ਸਦ ਵੇਖੇ ਖੰਡ ਖੰਡ । ਸਿੰਘ ਜਗਦੀਸ਼ੇ ਬੰਨੇ ਗਾਨਾ, ਵੇਖ ਵਖਾਣੇ ਉਤਭੁਜ ਸੇਤਜ ਜੇਰਜ ਅੰਡ । ਚਾਰ ਵਰਨ ਹੋਏ ਪਰਧਾਨਾ, ਸੋਹੰ ਸ਼ਬਦ ਚੰਡ ਪਰਚੰਡ । ਜੋਤੀ ਜੋਤ ਸਰੂਪ ਹਰਿ, ਰਾਮ ਰਹੀਮ ਇਕ ਨਿਸ਼ਾਨਾ । ਸਚ ਨਿਸ਼ਾਨਾ ਹਰਿ ਦਾਤਾਰ । ਸਗਲ ਸਮਗਰੀ ਰਿਹਾ ਕਰ, ਪਹਿਲੀ ਗੜ੍ਹੀ ਕਰ ਤਿਆਰ । ਨਿਰਮਲ ਕਾਇਆ ਇਕ ਇਕਗਰੀ, ਲੇਖੇ ਲੱਗੀ ਪਹਿਲੀ ਵਾਰ । ਜੋਤੀ ਜੋਤ ਜੋਤ ਉਜਗਰੀ, ਨਾਮ ਰਤਨ ਰਤਨਗਰੀ, ਚਾਰੋਂ ਕੁੰਟ ਹੋਏ ਉਜਿਆਰ । ਜੋਤੀ ਜੋਤ ਸਰੂਪ ਹਰਿ, ਜਗਤ ਜਗਦੀਸ਼ਾ ਧਰਮ ਬਣਾਏ, ਸ਼ਬਦ ਨਿਸ਼ਾਨ ਕਰ ਤਿਆਰ । ਜਗਤ ਜਗਦੀਸ਼ ਤੇਰੀ ਰਤ । ਲੱਖ ਚੁਰਾਸੀ ਜੂਠੇ ਝੂਠੇ ਪੀਸਣ ਰਹੀ ਪੀਸ, ਕਲਜੁਗ ਅੰਤਮ ਦੇ ਸਮਝਾਵੇ ਮਤ । ਏਕਾ ਸ਼ਬਦ ਸਾਚਾ ਸੋਹੇ ਸੀਸ, ਚਾਰ ਵਰਨਾਂ ਜਤਾਉਣਾ ਏਕਾ ਤੱਤ । ਲੇਖਾ ਚੁੱਕੇ ਬੀਸ ਇਕੀਸ, ਆਪ ਲਿਖਾਏ ਤੇਰਾ ਸਤਿ । ਜੋਤੀ ਜੋਤ ਸਰੂਪ ਹਰਿ, ਸ਼ਬਦ ਨਿਸ਼ਾਨਾ ਮਾਤ ਧਰ, ਆਪ ਝੁਲਾਏ ਦੀਪ ਸੱਤ । ਦੀਪ ਸੱਤ ਹਰਿ ਬਲਕਾਰਿਆ । ਆਪੇ ਦੇ ਸਮਝਾਵੇ ਮਤ, ਸ਼ਬਦ ਜਗਾ ਰਿਹਾ । ਪਰਗਟ ਹੋਏ ਕਮਲਾਪਤ, ਗੁਰਮੁਖ ਸਾਚੇ ਬਣਤ ਬਣਾ ਰਿਹਾ । ਬਾਲ ਅਵਸਥਾ ਧੀਰਜ ਜਤ, ਸਾਚੀ ਰਤ ਲੇਖੇ ਲਾ ਰਿਹਾ । ਪੂਰਬ ਲਹਿਣਾ ਮਿਲਿਆ ਰਥ, ਗੁਰ ਗੋਬਿੰਦੇ ਤੇਰੀ ਵਥ, ਵਾਲੀ ਹਿੰਦੇ ਸਰਬ ਸਮਰਥ, ਲਹਿਣਾ ਦੇਣਾ ਆਪ ਚੁਕਾ ਰਿਹਾ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਸ਼ਬਦ ਨਿਸ਼ਾਨਾ ਇਕ ਬਣਾ ਰਿਹਾ । ਸ਼ਬਦ ਨਿਸ਼ਾਨਾ ਕਰ ਤਿਆਰ । ਕਲਜੁਗ ਤੇਰੀ ਅੰਤਮ ਵਾਰ । ਪੁਰਖ ਅਬਿਨਾਸ਼ੀ ਪਾਏ ਸਾਰ । ਧਰਤ ਮਾਤ ਦਏ ਹੁਲਾਰ, ਪੁਰਖ ਅਬਿਨਾਸ਼ੀ ਪਾਏ ਸਾਰ । ਚਾਰ ਕੁੰਟਾਂ ਏਕਾ ਵਾਰ । ਦਹਿ ਦਿਸ਼ਾ ਖ਼ਬਰਦਾਰ । ਚੰਦ ਸੂਰਜ ਨਿਮਸਕਾਰ । ਗਗਨ ਮੰਡਲ ਨਾਲ ਸਤਾਰ । ਪੁਰੀਆਂ ਲੋਆਂ ਬੰਨ੍ਹੇ ਧਾਰ । ਸਦੀ ਚੌਧਵੀਂ ਵੇਖ ਵਿਚਾਰ । ਸ਼ਬਦ ਸੁਨੇਹੜਾ ਰੰਗ ਅਪਾਰ । ਲੱਖ ਚੁਰਾਸੀ ਤੇਰਾ ਖੇੜਾ, ਲੋਕਮਾਤ ਰਿਹਾ ਵਿਚਾਰ । ਜ਼ਾਤੀ ਪਾਤੀ ਵਡਾ ਝੇੜਾ, ਨਾ ਕੋਈ ਵਸੇ ਨਗਰ ਖੇੜਾ, ਧਰਤ ਮਾਤ ਤੇਰਾ ਖੁਲ੍ਹਾ ਵਿਹੜਾ, ਅੰਤਮ ਹੌਲਾ ਹੋਏ ਭਾਰ । ਜਨ ਭਗਤਾਂ ਬੰਨ੍ਹੇ ਬੇੜਾ, ਬੇਮੁਖਾਂ ਲਾਏ ਸ਼ਬਦ ਉਖੇੜਾ, ਅੰਤਮ ਮਾਰੇ ਕਰ ਖਵਾਰ । ਕਰੇ ਕਰਾਏ ਹੱਕ ਨਿਬੇੜਾ, ਏਥੇ ਓਥੇ ਨਾ ਕੋਈ ਹੁਦਾਰ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਨਿਸ਼ਾਨਾ ਕਰ ਤਿਆਰ । ਸ਼ਬਦ ਨਿਸ਼ਾਨ ਉਠ ਲਲਕਾਰ, ਨਿਹਕਲੰਕ ਕਲ ਜਾਮਾ ਪਾਇਆ । ਜਨ ਭਗਤਾਂ ਹੋਏ ਪਹਿਰੇਦਾਰ, ਰੰਗਣ ਰੰਗ ਨਾਮ ਦਵਾਇਆ । ਲਾਲ ਚੋਲਾ ਤਨ ਛੁਹਾਇਆ । ਸਾਚਾ ਕੀਆ ਆਪ ਸ਼ਿੰਗਾਰ, ਲਛਮੀ ਤੇਰਾ

ਪ੍ਰੇਮ ਵਖਾਇਆ । ਕਵਲ ਫੂਲ ਹੱਥ ਲਟਕਾਇਆ । ਬੱਧੀ ਸਾਚੀ ਧਾਰ, ਸਾਚਾ ਵੇਸ ਰੰਗ ਵਟਾਇਆ । ਘਰ ਮੇਂ ਘਰ ਸਤਿ ਸਮਾਇਆ । ਲਾਲਨ ਲਾਲ ਦਿਸ ਨਾ ਆਇਆ । ਦੀਨ ਦਿਆਲ ਹਰਿ ਗੋਪਾਲ, ਸਾਚਾ ਲਾਲ ਲੇਖੇ ਲਾਇਆ । ਝੁਲਦਾ ਰਹੇ ਇਕ ਨਿਸ਼ਾਨ, ਉਚਾ ਲੰਬਾ ਨੌਜਵਾਨ, ਛੱਤੀ ਜੁਗ ਛੱਤੀ ਰਾਗਾਂ ਭੇਵ ਚੁਕਾਇਆ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਲੋਕਮਾਤ ਹਰਿ ਜੋਤ ਧਰ, ਸੱਤਾਂ ਦੀਪਾਂ ਏਕਾ ਸਾਚਾ ਧਰਮ ਰਖਾਇਆ । ਛੱਤੀ ਜੁਗ ਰਾਗ ਛਤੀਸ, ਖੇਲ ਅਪਾਰਿਆ । ਲੱਖ ਚੁਰਾਸੀ ਜੂਠਾ ਝੂਠਾ ਪੀਸਣ ਰਹੀ ਪੀਸ, ਪਰਗਟ ਹੋਏ ਹਰਿ ਰਘੁਰਾਇਆ । ਰਾਜ ਰਾਜਾਨਾਂ ਛਤਰ ਕਿਸੇ ਨਾ ਦਿਸੇ ਸੀਸ, ਲੇਖਾ ਲਿਖੇ ਵੇਖ ਵਖਾਣੇ ਸਤਾਰਾਂ ਹਾੜੀ ਦਰ ਦਵਾਰਿਆ । ਰਾਜੇ ਬਵੰਜਾ ਆਪ ਜਗਾਣਾ । ਹਰਿ ਗੋਬਿੰਦਾ ਭੇਵ ਚੁਕਾਣਾ । ਕਰਿਆ ਖੇਲ ਵਿਚ ਗਵਾਲੀਅਰ, ਆਪ ਆਪਣੇ ਲੜ ਬੰਧਾਨਾ । ਸ਼ਬਦ ਸਰੂਪੀ ਫੜ ਉਠਾਏ, ਪੰਡਤ ਨਹਿਰੂ ਕਰ ਧਿਆਨਾ । ਪ੍ਰਭ ਕਰੇ ਖੇਲ ਅਪਰ ਅਪਾਰਿਆ, ਇਕ ਝੁਲਾਏ ਧਰਮ ਨਿਸ਼ਾਨੇ, ਜਗਤ ਜਗਦੀਸ਼ੇ ਖੇਲ ਮਹਾਨੇ, ਸਾਚਾ ਧਾਮ ਆਪ ਸੁਹਾਨਾ । ਸਾਚਾ ਧਾਮ ਆਪ ਸੁਹਾਏ, ਨੌਂ ਦਰ ਦਰਵਾਜਿਆ । ਗੁਰਮੁਖਾਂ ਪੂਰਨ ਕਾਮ ਕਰਾਏ, ਗਰੀਬ ਨਿਵਾਜਿਆ । ਸੁੱਕਾ ਹਰਿਆ ਚਾਮ ਕਰਾਏ, ਜੋ ਜਨ ਆਏ ਦਰ ਦਰ ਭਾਜਿਆ । ਸਾਚਾ ਨਾਮ ਝੋਲੀ ਪਾਏ, ਵੇਲੇ ਅੰਤਮ ਰੱਖੇ ਲਾਜਿਆ । ਕਲਜੁਗ ਅੰਧੇਰੀ ਰਾਤ ਮਿਟਾਏ, ਆਤਮ ਜੋਤ ਇਕ ਜਗਾਏ, ਸੀਸ ਪਹਿਨਾਏ ਸਾਚਾ ਤਾਜਿਆ । ਨੌਂ ਖੰਡ ਪ੍ਰਿਥਮੀ ਸਰਨ ਲਗਾਏ, ਸੱਤਾਂ ਦੀਪਾਂ ਵੰਡ ਵੰਡਾਏ, ਲੋਆਂ ਪੁਰੀਆਂ ਸਾਜਨ ਸਾਜਿਆ । ਸ਼ਬਦ ਹੱਥ ਚੰਡ ਪਰਚੰਡ ਉਠਾਏ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਪਰਗਟ ਜੋਤ ਕਰ ਕਰ ਵੇਸ ਦੇਸਨ ਦੇਸ ਮਾਝਿਆ । ਮਾਝਾ ਦੇਸ ਇਕ ਇਕੱਲਾ । ਨੌਂ ਦਰਵਾਜੇ ਸਚ ਮਹੱਲਾ । ਦਸਵੇਂ ਘਰ ਸਾਜਨ ਸਾਜੇ, ਭਾਂਡਾ ਭਰਮ ਭਉ ਭਾਜੇ, ਇਕ ਵਖਾਏ ਦਇਆ ਕਮਾਏ, ਨਿਹਚਲ ਧਾਮ ਅਟੱਲਾ । ਇਕ ਸਵਾਰੇ ਆਪਣੇ ਕਾਜੇ, ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਜੋਤ ਜਗਾਏ ਘੜੀ ਘੜੀ ਪਲ ਪਲਾ । ਜੋਤ ਨਿਰੰਜਣ ਕਰ ਅਕਾਰ, ਬਣਤ ਬਣਾਈਆ । ਸ਼ਬਦ ਘੋੜੇ ਹੋ ਅਸਵਾਰ, ਲੋਕਮਾਤ ਕਰ ਕਰ ਆਇਆ ਧਾਈਆ । ਪਹਿਲੀ ਹਾੜ ਦਰਸ ਅਪਾਰ, ਸਿੰਘ ਮਨਜੀਤਾ ਤੇਰੀ ਨੀਂਹ ਰਖਾਈਆ । ਸਚ ਮਹੱਲਾ ਕਰ ਤਿਆਰ, ਲੱਖ ਚੁਰਾਸੀ ਰਿਹਾ ਵਖਾਈਆ । ਰਾਜ ਰਾਜਾਨਾਂ ਝੂਠੇ ਦਿਸਣ ਦਰ ਦਰਬਾਰ, ਜੂਠੀ ਝੂਠੀ ਵੰਡ ਵੰਡਾਈਆ । ਹਰਿਜਨ ਮਿਲੇ ਸਾਚਾ ਸ਼ਬਦ ਉਡਾਰ, ਨਾਮ ਬਿਬਾਣਾ ਇਕ ਰਖਾਈਆ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਸਾਚਾ ਧਾਮ ਰਿਹਾ ਸੁਹਾਈਆ । ਸਾਚਾ ਧਾਮ ਸੁਹਾਏ ਨੌਂ ਦਵਾਰਿਆ । ਗੁਰਮੁਖਾਂ ਜੋਤ ਜਗਾਏ, ਸਤਿ ਪੁਰਖ ਅਪਾਰਿਆ । ਵਰਨ ਗੋਤ ਭੇਵ ਮਿਟਾਏ, ਵਰਨਾਂ ਬਰਨਾਂ ਏਕਾ ਰਾਹ ਵਖਾ ਰਿਹਾ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਰੰਗਣ ਰੰਗ ਅਪਾਰਾ, ਏਕਾ ਰੰਗ ਰੰਗਾ ਰਿਹਾ । ਲਾਲ ਰੰਗ ਰੰਗ ਅਮੋਲਾ । ਪੁਰਖ ਅਬਿਨਾਸ਼ੀ ਪੜਦਾ ਖੋਲ੍ਹਾ । ਭਾਗ ਲਗਾਇਆ ਕਾਇਆ ਚੋਲਾ । ਜੋਤ ਨਿਰੰਜਣ ਗੁਪਤੀ ਬੋਲਾ । ਓਅੰਕਾਰਾ ਪੜਦਾ ਓਹਲਾ । ਧਾਰ ਸਵਰਨੀ ਜਗਤ ਵਿਚੋਲਾ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਨਿਸ਼ਾਨਾ ਕਰ ਧਿਆਨਾ ਆਪ ਬਣਾਏ ਦਇਆ ਕਮਾਏ ਸਪੂਰਨ ਕਲਾ ਸੋਲਾਂ । ਸ਼ਬਦ ਨਿਸ਼ਾਨ ਰੰਗ ਅਮੋਲਾ । ਹਰਿ ਭਗਵਾਨ ਜਗਤ ਵਿਚੋਲਾ । ਜਗਤ ਦਵਾਰਾ ਏਕਾ ਖੋਲ੍ਹਾ । ਗੁਰਮੁਖਾਂ ਬਣਿਆ ਆਪੇ ਗੋਲਾ । ਸ਼ਬਦ ਸੁਣਾਇਆ

ਸਾਚਾ ਢੋਲਾ । ਰੰਗ ਰੰਗਾਇਆ ਨੀਲਾ ਚੋਲਾ । ਨੀਲਾ ਚੋਲਾ ਸਤ ਸਵਰਨੀ ਸੰਗ ਰਲਾਇਆ, ਵਿਚ ਦਿਸਾਇਆ ਪੜਦਾ ਉਹਲਾ । ਅਗੰਮ ਅਗੰਮੀ ਭੇਵ ਖੁਲ੍ਹਾਇਆ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਬਣਿਆ ਆਲਾ ਭੋਲਾ । ਚਿੱਟਾ ਰੰਗ ਰੰਗ ਅਨੂਪ । ਦਸਮ ਦਵਾਰੀ ਸਤਿ ਸਰੂਪ । ਸਾਚਾ ਚੋਲਾ ਹਰਿ ਵਡਾ ਸ਼ਾਹੋ ਭੂਪ । ਜੋਤੀ ਜੋਤ ਸਰੂਪ ਹਰਿ, ਆਪੇ ਵਸੇ ਸਚ ਘਰ, ਨਾ ਕੋਈ ਦਿਸੇ ਰੰਗ ਰੂਪ । ਸੂਹਾ ਰੰਗ ਸਵਗਰੀ ਧਾਰ । ਸਤਿ ਪੁਰਖ ਨਿਰੰਜਣ ਆਪਣੀ ਕਰੇ ਕਾਰ । ਤਨ ਛੁਹਾਇਆ ਪੀਲਾ ਚੋਲਾ, ਸਾਚਾ ਰਾਣਾ ਸੱਚੀ ਸਰਕਾਰ । ਅਜੱਪਾ ਜਾਪ ਦਿਸ ਨਾ ਆਇਆ, ਅੱਖਰ ਵੱਖਰ ਧਾਮ ਨਿਆਰ । ਸੂਹਾ ਵੇਸ ਕਲ ਵਖਾਇਆ, ਭੇਖਾਧਾਰੀ ਭੇਖ ਅਪਾਰ । ਆਪ ਆਪਣਾ ਰੰਗ ਵਖਾਇਆ, ਲੋਕਮਾਤ ਕਰ ਵਿਚਾਰ । ਅੰਦਰੇ ਅੰਦਰ ਜੋਤ ਜਗਾਇਆ, ਜੋਤੀ ਰੰਗ ਅਪਰ ਅਪਾਰ । ਕਾਲਾ ਵੇਸ ਹਰਿ ਰਘੁਰਾਇਆ, ਦਰ ਦਰਵੇਸ ਪਹਿਰੇਦਾਰ । ਤ੍ਰੈਕੁਟੀ ਦੇਸ ਵਾਸ ਰਖਾਇਆ, ਸਰਗੁਣ ਨਿਰਗੁਣ ਪਹਿਰੇਦਾਰ । ਬ੍ਰਹਮਾ ਵਿਸ਼ਨ ਮਹੇਸ਼ ਦਿਸ ਨਾ ਆਇਆ, ਕਲਜੁਗ ਮਾਇਆ ਅਪਰ ਅਪਾਰ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਰੰਗਣ ਰੰਗ ਅਪਾਰ । ਆਦਿ ਨੀਲਾ ਸ਼ਬਦ ਸੰਗ ਛੈਲ ਛਬੀਲਾ । ਸਾਚਾ ਬਸਤਰ ਆਪ ਛੁਹਾਏ, ਤਨ ਮਨ ਪੀਲਾ । ਅਸਤਰ ਘੋੜਾ ਨਾਮ ਰਖਾਏ, ਸੋਹੰ ਦਏ ਸਾਚਾ ਟੀਲਾ । ਭੂਸ਼ਨ ਬਸਤਰ ਆਪ ਸੁਹਾਏ, ਚੁਰਾਸੀ ਕਲੀਆਂ ਕਰ ਕਰ ਹੀਲਾ । ਲੱਖ ਚੁਰਾਸੀ ਫੰਦ ਕਟਾਏ, ਛੇ ਘਰ ਵੇਸ ਅਨੇਕ ਰੰਗ ਰੰਗੀਲਾ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਰੰਗ ਸੱਤ ਕਰਾਏ ਲਾਲ ਕਾਲਾ ਚਿੱਟਾ ਨੀਲਾ, ਸ਼ਬਦ ਸੁਨਹਿਰੀ ਸੂਹਾ ਪੀਲਾ । ਕਰ ਕਰ ਰੰਗ ਸੱਤ ਸੱਤ ਅਪਾਰੀ । ਸ਼ਬਦ ਚੰਡ ਫੜੇ ਕਰ ਤਿਆਰੀ । ਨੌਂ ਖੰਡ ਪ੍ਰਿਥਮੀ ਆਈ ਵੰਡ, ਸੱਤਾਂ ਦੀਪਾਂ ਪਸਰ ਪਸਾਰੀ । ਮੇਟ ਮਿਟਾਉਣਾ ਭੇਖ ਪਖੰਡ, ਜੂਠੀ ਝੂਠੀ ਚੋਰ ਯਾਰੀ । ਬੇਮੁਖਾਂ ਦੇਣੀ ਅੰਤਮ ਕੰਡ, ਗੁਰਮੁਖਾਂ ਕਰਨਾ ਖ਼ਬਰਦਾਰੀ । ਪੱਲੇ ਬੰਨ੍ਹੇ ਨਾਮ ਗੰਢ, ਉਚਾ ਚੜ੍ਹਨਾ ਵਿਚ ਸੰਸਾਰੀ । ਬੇਮੁਖਾਂ ਲਾਏ ਕਲਜੁਗ ਦੰਡ, ਸੋਹੰ ਖੰਡਾ ਫੜ ਕਟਾਰੀ । ਰਾਜ ਰਾਜਾਨਾਂ ਵੱਢੀ ਕੰਡ, ਆਤਮ ਹੋਏ ਵਡ ਹੰਕਾਰੀ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਗਤ ਜਗਦੀਸ ਸ਼ਬਦ ਨਿਸ਼ਾਨ ਇਕ ਝੁਲਾਏ ਕਲਜੁਗ ਤੇਰੀ ਅੰਤਮ ਵਾਰੀ । ਸ਼ਬਦ ਨਿਸ਼ਾਨਾ ਹਰਿ ਕੀ ਧਾਰੀ । ਪਾਰਬ੍ਰਹਮ ਬ੍ਰਹਮਪਾਰ ਜੋਤ ਗੋਤ ਵਰਨ ਅਪਾਰੀ । ਸਚ ਕਰਮ ਜਗਤ ਧਰਮ ਖੇਲੇ ਖੇਲ ਭਗਤਨ ਮੇਲ ਜੋਧਾ ਸੂਰ ਵਡ ਬਲਕਾਰੀ । ਸੋਹੰ ਸ਼ਬਦ ਚੜ੍ਹਨਾ ਤੇਲ, ਧਰਮ ਰਾਏ ਦੀ ਕੱਟੀ ਜੇਲ, ਗੁਰਮੁਖ ਆਇਣ ਚਰਨ ਦਵਾਰੀ । ਇਕ ਵਖਾਉਣਾ ਰੰਗ ਨਵੇਲ, ਸਦਾ ਰਿਹਾ ਸੱਜਣ ਸੁਹੇਲ, ਮੀਤ ਮੁਰਾਰਾ ਪੁਰਖ ਅਪਾਰੀ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਡੰਡਾ ਸੋਹੰ ਝੰਡਾ ਪਾਏ ਵੰਡਾ, ਪਹਿਲੀ ਹਾੜੀ ਕਰ ਤਿਆਰੀ । ਸ਼ਬਦ ਝੰਡੇ ਚੜ੍ਹਿਆ ਚਾਅ । ਪੁਰਖ ਅਬਿਨਾਸ਼ੀ ਪਾਏ ਵੰਡੇ, ਸੱਤਾਂ ਦੀਪਾਂ ਬਣ ਮਲਾਹ । ਆਪੇ ਲਾਏ ਪਾਰ ਕੰਢੇ, ਊਚਾਂ ਨੀਚਾਂ ਭੇਵ ਚੁਕਾ । ਨਿਸ਼ਾਨ ਝੁਲਾਏ ਵਿਚ ਬ੍ਰਹਿਮੰਡੇ, ਸਦਾ ਰੱਖੇ ਠੰਡੀ ਛਾਂ, ਦੂਈ ਦਵੈਤੀ ਅਗਨ ਮਿਟਾ । ਝੁਲਦਾ ਰਹੇ ਵਿਚ ਵਰਭੰਡ, ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਰਿਹਾ ਬਣਾ । ਝੁੱਲੇ ਮਾਤ ਨਿਸ਼ਾਨ ਸ਼ਬਦ ਹੁਲਾਰਿਆ । ਚਾਰ ਵਰਨਾਂ ਏਕਾ ਆਣ, ਇਕ ਦਵਾਰਾ ਵਡ ਸੰਸਾਰਾ ਆਪ ਵਖਾ ਰਿਹਾ । ਗਊ ਗਰੀਬਾਂ ਰੱਖੇ ਮਾਣ, ਮੇਟ ਮਿਟਾਏ ਜੀਵ ਸ਼ੈਤਾਨ, ਰੰਕ ਰਾਜਾਨਾਂ ਸ਼ਾਹ ਸੁਲਤਾਨਾਂ

ਸਾਚਾ ਹੁਕਮ ਸੁਣਾ ਰਿਹਾ । ਅੰਤਮ ਛੱਡਣਾ ਪਏ ਜਹਾਨ, ਕਲਜੁਗ ਮਾਇਆ ਹੋਈ ਪਰਧਾਨ, ਨਾ ਕੋਈ ਦੇਵੇ ਜੀਆ ਦਾਨ, ਜੂਠਾ ਝੂਠਾ ਵਣਜ ਕਰਾ ਰਿਹਾ । ਕਲਜੁਗ ਕੂੜਾ ਕਰਮ ਪਛਾਣ, ਦੀਪਾਂ ਲੋਆਂ ਮਾਰ ਧਿਆਨ, ਪੁਰਖ ਅਬਿਨਾਸ਼ੀ ਚਤੁਰ ਸੁਜਾਨ, ਸ਼ਬਦ ਝੰਡਾ ਇਕ ਚੜ੍ਹਾ ਰਿਹਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਕਰੇ ਜਗਤ ਪਛਾਣ, ਏਕਾ ਏਕ ਇਕ ਇਕੱਲਾ ਸਚ ਮਹੱਲਾ ਸਾਚਾ ਧਾਮ ਸੁਹਾ ਰਿਹਾ । ਸ਼ਬਦ ਬਿਬਾਣਾ ਜਾਏ ਚੜ੍ਹ । ਨਾਮ ਨਿਸ਼ਾਨਾ ਅਗੇ ਖੜ । ਜਗਤ ਬਿਬਾਣਾ ਹਰਿ ਮਿਹਰਬਾਨਾ, ਆਪਣੀ ਹੱਥੀਂ ਲਏ ਫੜ । ਕਰੇ ਪਰਕਾਸ਼ ਕੋਟਨ ਭਾਨਾ, ਚਵੀ ਹੱਥ ਉਚ ਟਿਕਾਨਾ ਚਵੀਆਂ ਤੱਤਾਂ ਰਿਹਾ ਲੜ । ਪਾਰਬ੍ਰਹਮ ਬ੍ਰਹਮ ਮੇਲ ਮਿਲਾਨਾ, ਧਰਮ ਕਰਮ ਇਕ ਰਾਹ ਵਖਾਨਾ, ਸਚ ਧਰਮ ਦੀ ਲਾਏ ਜੜ੍ਹ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣਾ ਰੰਗ ਰੰਗਾਨਾ । ਦੀਪ ਸੱਤ ਸੱਤ ਹਰਿ ਰੰਗ । ਸੱਤਾਂ ਰੰਗਾਂ ਵੰਡ ਵੰਡਾਏ । ਚੌਥਾ ਘਰ ਸਾਚਾ ਦਰ ਚਿੱਟਾ ਰੰਗ ਦਏ ਅਪਰ, ਜੰਬੂ ਦੀਪ ਮਾਤ ਵਡਿਆਏ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੀਪਾਂ ਸੱਤਾਂ ਸੱਤਾਂ ਰੰਗਾਂ ਸਾਚਾ ਲੇਖਾ ਆਪ ਲਿਖਾਏ । ਸਾਚਾ ਲੇਖਾ ਲਿਖੇ ਲਿਖਾਏ ਕਰਤਾਰ । ਖੰਡਾਂ ਬ੍ਰਹਿਮੰਡਾਂ ਵਰਭੰਡਾਂ ਜਾਣੇ ਜਣਾਏ ਆਪਣੀ ਕਾਰ । ਧਾਰੀ ਭੇਖਾ ਭੇਖ ਪਖੰਡਾ, ਸੁਰਤ ਅਸੁਰਤੀ ਵਸੇ ਬਾਹਰ । ਲੱਖ ਚੁਰਾਸੀ ਸੁੱਤੀ ਦੇ ਕਰ ਕੰਡਾ, ਗੁਰਮੁਖ ਸੁਹਾਏ ਚਰਨ ਦਵਾਰ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਪਾਏ ਸਾਚੀ ਵੰਡਾ, ਰੰਗਣ ਰੰਗ ਸਤਿ ਕਰਤਾਰ । ਸੱਤ ਰੰਗ ਸਤਿਗੁਰ ਸੂਰਾ । ਮੰਗੇ ਮੰਗ ਵਡ ਵਡ ਗੁਣ ਭਰਪੂਰਾ । ਆਪੇ ਚਾੜ੍ਹੇ ਨਾਮ ਰੰਗ ਨਾਦੀ ਤੂਰੀ ਤੂਰੀ ਨਾਦ ਸਾਚੀ ਤੂਰਾ । ਬੋਧ ਅਗਾਧ ਸ਼ਬਦ ਧੁਨ ਹਰਿ ਬ੍ਰਹਿਮਾਦੀ ਸਦਾ ਵਿਸਮਾਦੀ ਹਰਿ ਵਿਸਮਾਦ । ਸ਼ਬਦ ਡੋਰੀ ਲੱਖ ਚੁਰਾਸੀ ਬਾਂਦੀ, ਖੇਲੇ ਖੇਲ ਆਦਿ ਜੁਗਾਦਿ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਗਤ ਰੰਗੀਲਾ ਸ਼ਬਦ ਅਨੀਲਾ ਮੋਹਣ ਮਾਧਵ ਮਾਧ । ਚਾਰ ਕੁੰਟ ਚਾਰ ਦਿਵਾਰ । ਚਾਰੇ ਦਿਸ਼ਾ ਵੇਖ ਵਿਚਾਰ । ਸਾਚੀ ਮਾਰੇ ਹਰਿ ਲਕਾਰ । ਢਾਈ ਹੱਥ ਏਕਾ ਧਾਰ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰ ਸੰਗਤ ਤੇਰਾ ਬੰਨ੍ਹੇ ਬੇੜਾ ਦਸ ਗਿਆਰਾਂ ਵਾਰ ਅਪਾਰ । ਢਾਈ ਹੱਥ ਚਾਰ ਦਿਵਾਰ । ਸਾਚਾ ਰਥ ਵਿਚ ਸੰਸਾਰ । ਨੱਥ ਖਸਮ ਹੱਥ, ਖਿਚੀ ਜਾਏ ਵਾਰੋ ਵਾਰ । ਪੁਰੀਆਂ ਲੋਆਂ ਜਾਏ ਮਥ, ਸਤਿਜੁਗ ਤੇਰੀ ਪੈਜ ਸਵਾਰ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਨਿਸ਼ਾਨਾ ਕਰ ਤਿਆਰ । ਸ਼ਬਦ ਨਿਸ਼ਾਨਾ ਕੂਕੇ ਪੁਕਾਰੇ । ਚਵੀ ਹੱਥ ਅਟੱਲ ਮੁਨਾਰੇ । ਸੋਹੰ ਸ਼ਬਦ ਜੈ ਜੈਕਾਰੇ । ਵਰਨ ਅਵਰਨਾ ਧਰਨੀ ਧਰਨਾ, ਆਪੇ ਵਸੇ ਨਿਹਚਲ ਧਾਮ ਅਟੱਲ ਅਚੱਲ ਉਚ ਮੁਨਾਰੇ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰੇ ਖੇਲ ਵਿਚ ਸੰਸਾਰੇ । ਨਿਹਚਲ ਧਾਮ ਅਟੱਲ, ਸ਼ਬਦ ਰੁਸ਼ਨਾਈਆ । ਨਾ ਕੋਈ ਵੇਖੇ ਡੂੰਘਾ ਜਲ ਥਲ, ਜੋਤੀ ਨੂਰ ਸਰਬ ਘਟ ਸਰਬ ਥਾਈਆ । ਕਲਜੁਗ ਅੰਤਮ ਵਰਤੇ ਕਲ, ਕਲ ਕਲੰਦਰ ਰਿਹਾ ਸ਼ੋਰ ਮਚਾਈਆ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਨਿਸ਼ਾਨਾ ਜਗਤ ਬਿਬਾਣਾ ਉਚਾ ਸੁੱਚਾ ਸੱਤਾਂ ਦੀਪਾਂ ਰਿਹਾ ਇਕ ਚੜ੍ਹਾਈਆ । ਨਾਮ ਨਿਸ਼ਾਨ ਸ਼ਬਦ ਬਿਬਾਣ । ਪੁਰਖ ਅਬਿਨਾਸ਼ੀ ਏਕਾ ਏਕ ਰਖਾਏ ਵਾਲੀ ਦੋ ਜਹਾਨ । ਲੇਖਾ ਲੇਖ ਲਿਖਤ ਭਵਿਖਤ ਕਰਾਏ, ਲੋਕਮਾਤੀ ਚਤੁਰ ਸੁਜਾਨ । ਜੋਤੀ ਜੋਤ ਸਰੂਪ ਹਰਿ,

ਜੋਤੀ ਜਾਮਾ ਭੇਖ ਧਰ, ਦੀਪਕ ਜੋਤੀ ਮਾਤ ਜਗਾਏ । ਦੀਪਕ ਜੋਤੀ ਮਾਤ ਪਰਕਾਸ਼, ਮਿਟੇ ਅੰਧੇਰਿਆ । ਆਪੇ ਜਾਣੇ ਘਟ ਘਟ ਵਾਸ, ਦਹਿ ਦਿਸ਼ ਦਸ ਮਾਸ ਆਵਣ ਜਾਵਣ ਫੇਰਿਆ । ਪੁਰੀਆਂ ਲੋਆਂ ਪਾਏ ਹਿੱਸੇ, ਨਾਦੀ ਪਵਣੀ ਸ਼ਬਦੀ ਅੰਧ ਘੇਰਿਆ । ਕਲਜੁਗ ਮਾਇਆ ਲੱਖ ਚੁਰਾਸੀ ਆਤਮ ਲਾਈ ਏਕਾ ਵਿਸੇ, ਹਉਮੇ ਰੋਗ ਜਗਤ ਵਧਾ ਰਿਹਾ । ਸਾਚਾ ਤਾਜ ਨਾ ਦਿਸੇ ਕਿਸੇ ਸੀਸੇ, ਜੂਠਾ ਝੂਠਾ ਸ਼ਾਹ ਸੁਲਤਾਨ ਸਰਬ ਅਖਵਾ ਰਿਹਾ । ਪਰਗਟ ਹੋਏ ਅਵਤਾਰ ਚੌਬੀਸੇ, ਜੋਤ ਜਗਾਏ ਜਗਤ ਜਗਦੀਸੇ, ਸ਼ਬਦ ਖੰਡਾ ਸਾਚਾ ਡੰਡਾ ਹੱਥ ਉਠਾ ਰਿਹਾ । ਭੇਖ ਚੁਕਾਏ ਮੂਸੇ ਈਸੇ ਨਾ ਕੋਈ ਸ਼ਰਅ ਕੁਰਾਨ ਹਦੀਸੇ, ਵੇਦ ਪੁਰਾਨਾਂ ਨਾ ਕੋਈ ਸੁਣਾ ਰਿਹਾ । ਮਾਇਆ ਰਾਣੀ ਕਲਜੁਗ ਦਾਨੀ ਜੂਠਾ ਝੂਠਾ ਪੀਸਣ ਪੀਸੇ, ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਲੋਕਮਾਤ ਹਰਿ ਜੋਤ ਧਰ, ਭਾਂਡਾ ਭਉ ਸਰਬ ਭੰਨਾ ਰਿਹਾ । ਭਾਂਡਾ ਭਰਮ ਪ੍ਰਭ ਦੇਵੇ ਭੰਨ, ਰਾਜੇ ਰਾਣਿਆਂ ਦੇਵੇ ਡੰਨ, ਗੁਰਮੁਖ ਸਾਚੇ ਸੰਤ ਦੁਲਾਰਿਆਂ ਏਕਾ ਸ਼ਬਦ ਸੁਣਾਏ ਕੰਨ, ਕਰਾਏ ਵਣਜ ਸੱਚਾ ਵਪਾਰਿਆ । ਸੋਹੰ ਨਾਮ ਸੱਚਾ ਮਾਲ ਧੰਨ, ਕਲਜੁਗ ਜੀਵ ਅੰਤ ਹੰਕਾਰਿਆ । ਕਲਜੁਗ ਮਾਇਆ ਅਗਨੀ ਲੱਗੀ ਤਨ, ਆਏ ਅੰਤਮ ਪਾਸਾ ਹਾਰਿਆ । ਨਾ ਕੋਈ ਦਿਸੇ ਛੱਪਰੀ ਛੰਨ, ਸਾਚਾ ਸ਼ਬਦ ਨਿਸ਼ਾਨ ਇਕ ਉਠਾ ਰਿਹਾ । ਨਾ ਕੋਈ ਜਾਣੇ ਗੰਧਰਬ ਗਨ, ਕਰੋੜ ਤੇਤੀਸਾ ਸੁਰਪਤ ਰਾਜਾ ਇੰਦ ਸੀਸ ਝੁਕਾ ਰਿਹਾ । ਪ੍ਰਭ ਅਬਿਨਾਸ਼ੀ ਬੇੜਾ ਬੰਨ, ਸ਼ਿਵ ਸ਼ੰਕਰ ਰਾਹ ਤਕਾ ਰਿਹਾ । ਜਗਤ ਜਗਦੀਸਾ ਨੂਰੀ ਜੋਤ ਮਾਤ ਚੜ੍ਹਾਇਆ ਚੰਨ, ਬਜਰ ਕਪਾਟੀ ਖੋਲ੍ਹ ਵਖਾ ਰਿਹਾ । ਕਾਇਆ ਮਾਟੀ ਸਾਚੀ ਹਾਟੀ ਏਕਾ ਤਨ, ਸਾਚੇ ਤੀਰਥ ਇਸ਼ਨਾਨ ਕਰਾ ਰਿਹਾ । ਸਤਿ ਸਰੋਵਰ ਅੰਮ੍ਰਿਤ ਆਤਮ ਅੰਨ੍ਹ, ਸਾਚਾ ਥਾਨ ਆਪ ਸੁਹਾ ਰਿਹਾ । ਦਹਿ ਦਿਸ਼ਾ ਭਰਮੇ ਝੂਠਾ ਮਨ, ਅਲਖ ਨਿਰੰਜਣ ਜੋਤ ਜਗਾ ਰਿਹਾ । ਪੰਜੇ ਚੋਰ ਨਾ ਲਾਇਣ ਸੰਨ, ਦਰਸ ਅਮੋਘ ਧੁਰ ਸੰਜੋਗ ਇਕ ਵਖਾ ਰਿਹਾ । ਗੁਰਮੁਖਾਂ ਬੇੜਾ ਰਿਹਾ ਬੰਨ੍ਹ, ਸੋਹੰ ਸਾਚੀ ਚੋਗ ਚੁਗਾ ਰਿਹਾ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਰਮ ਭੁਲੇਖਾ ਆਤਮ ਕੱਢੇ ਜਨ, ਹੰਸ ਕਾਗ ਬਣਾਏ ਚਰਨ ਦਵਾਰਿਆ । ਦੁਰਮਤ ਮੈਲ ਕਾਇਆ ਧੋ ਵਖਾਏ, ਅੰਮ੍ਰਿਤ ਪਾਏ ਠੰਡਾ ਠਾਰਿਆ । ਨਿਝਰ ਰਸ ਹੋਏ ਵਸ ਏਕਾ ਏਕ ਮੁਖ ਚੁਆਏ, ਸ਼ਾਂਤਕ ਸੀਤਲ ਧਾਰ ਆਪ ਵਹਾ ਰਿਹਾ । ਭਗਤ ਜਨਾਂ ਰਾਹ ਸਾਚਾ ਦੱਸ, ਦੂਰ ਦੁਰਾਡਾ ਆਏ ਨੱਸ, ਸ਼ਬਦ ਪੱਲਾ ਹੱਥ ਫੜਾ ਰਿਹਾ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ, ਏਕਾ ਦੇਵੇ ਨਾਮ ਧਨਾ, ਆਤਮ ਝੋਲੀ ਆਪ ਭਰਾ ਰਿਹਾ । ਜੋਤੀ ਦੇਵੇ ਸਾਚਾ ਨੂਰ । ਸਾਚਾ ਸ਼ਬਦ ਏਕਾ ਤੂਰ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਅੰਦਰੇ ਅੰਦਰ ਸਾਚੇ ਮੰਦਰ ਕਾਇਆ ਵੱਜਾ ਤੋੜੇ ਜੰਦਰ, ਏਕਾ ਬਖ਼ਸ਼ੇ ਸਤਿ ਸਰੂਰ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਏਕਾ ਵਸੇ ਦਸਵੇਂ ਘਰ, ਸਰਬ ਘਟਾਂ ਆਪੇ ਭਰਪੂਰ । ਦਸਵਾਂ ਦਰ ਹਰਿ ਕਾ ਦਵਾਰ । ਜੋਤੀ ਨੂਰ ਇਕ ਅਪਾਰ । ਸ਼ਬਦ ਚਲੇ ਤਿਖੀ ਧਾਰ । ਗੁਰਮੁਖ ਵਿਰਲਾ ਸ਼ਬਦ ਅਟੱਲ ਮਹੱਲ ਏਕਾ ਮੱਲੇ ਕਾਇਆ ਮੰਦਰ ਉਚ ਮੁਨਾਰ । ਆਪੇ ਵੇਖੇ ਜਲੇ ਥਲੇ ਘੜੀ ਘੜੀ ਪਲੇ ਪਲੇ, ਨਿਰਮਲ ਕਰਮ ਕਰ ਉਜਿਆਰ । ਆਪੇ ਉਪਰ ਆਪੇ ਥੱਲੇ, ਜੋਤੀ ਜਾਮਾ ਭੇਖ ਨਿਆਰ । ਦੀਪਕ ਜੋਤੀ ਸਾਚੀ ਬਲੇ, ਸ਼ਬਦ ਸੁਨੇਹੜਾ ਏਕਾ ਘੱਲੇ, ਨਾ ਕੋਈ ਜਾਣੇ ਜੀਵ ਗਵਾਰ । ਆਪੇ ਵਸੇ ਸਚ ਮਹੱਲੇ, ਨਿਹਚਲ ਧਾਮ ਪੁਰਖ ਅਗੋਚਰ ਅਗੰਮ ਅਪਾਰ । ਜੋਤੀ ਜੋਤ ਸਰੂਪ

ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਖੋਲ੍ਹੇ ਆਤਮ ਬੰਦ ਕਿਵਾੜ । ਖੋਲ੍ਹੇ ਬੰਦ ਕਿਵਾੜ, ਦਇਆ ਕਮਾਇੰਦਾ । ਮਿਲੇ ਵਡਿਆਈ ਸਤਾਰਾਂ ਹਾੜ, ਲੋਕਮਾਤ ਜੋਤ ਜਗਾਇੰਦਾ । ਆਪੇ ਵੇਖੇ ਚੰਗੇ ਮਾੜ, ਰਾਜ ਰਾਜਾਨ ਸ਼ਾਹ ਸੁਲਤਾਨ ਹਰਿ ਭਗਵਾਨ, ਲੇਖਾ ਲੇਖ ਲਿਖਤ ਭਵਿਖਤ ਆਪ ਲਿਖਾਇੰਦਾ । ਗੁਰਮੁਖਾਂ ਬੰਨ੍ਹੇ ਹੱਥੀਂ ਗਾਨਾ, ਝੁਲਦਾ ਰਹੇ ਜਗਤ ਨਿਸ਼ਾਨਾ, ਸੱਤਾਂ ਦੀਪਾਂ ਵੰਡ ਵੰਡਾਇੰਦਾ । ਆਪੇ ਗੋਪੀ ਆਪੇ ਕਾਹਨਾ, ਆਪੇ ਬੀਨਾ ਆਪੇ ਦਾਨਾ, ਆਪੇ ਰੂਸਾ ਆਪੇ ਚੀਨਾ, ਆਪੇ ਮੱਕੇ ਹੱਕ ਮਦੀਨਾ, ਦਿਸ ਕਿਸੇ ਨਾ ਆਇੰਦਾ । ਆਪੇ ਰੱਖੇ ਰੰਗ ਪੀਨਾ, ਆਪੇ ਰੱਖੇ ਲੱਖ ਚੁਰਾਸੀ ਅੱਖਰ ਵੱਖਰ ਦੂਜਾ ਸੀਨਾ, ਬ੍ਰਹਮਾ ਵਿਸ਼ਨ ਮਹੇਸ਼ ਤੀਨਾ ਗਣਤ ਨਾ ਗਿਣਾਇੰਦਾ । ਆਪੇ ਜਲ ਆਪੇ ਮੀਨਾ, ਜੋਤੀ ਜਾਮਾ ਹਰਿ ਪਰਬੀਨਾ, ਵੇਖ ਵਖਾਣੇ ਮੁਹੰਮਦੀ ਦੀਨਾ, ਆਪਣੀ ਖੇਲ ਆਪੇ ਆਪ ਉਪਾਇੰਦਾ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਗਤ ਨਿਸ਼ਾਨਾ ਧੁਰ ਫ਼ਰਮਾਣਾ ਲੋਕਮਾਤ ਮਾਰ ਝਾਤ ਪੁਰਖ ਬਿਧਾਤ ਏਕਾ ਵੰਡ ਵੰਡਾਇੰਦਾ । ਪੁਰਖ ਅਬਿਨਾਸ਼ੀ ਵੰਡੇ ਵੰਡ । ਕਲਜੁਗ ਔਧ ਗਈ ਹੰਢ । ਏਕਾ ਏਕ ਸ਼ਬਦ ਚਲਾਏ, ਖੋਜ ਖੁਜਾਏ ਵਿਚ ਬ੍ਰਹਿਮੰਡ । ਦੂਸਰ ਕੋਈ ਦਿਸ ਨਾ ਆਏ, ਰਾਜ ਰਾਜਾਨਾਂ ਦੇਵੇ ਦੰਡ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਜੋਤੀ ਜਾਮਾ ਭੇਖ ਧਰ, ਕਲਜੁਗ ਤੇਰੀ ਅੰਤਮ ਵਾਰ, ਚੰਡ ਵਖਾਏ ਚੰਡ ਪਰਚੰਡ । ਸ਼ਬਦ ਚੰਡੀ ਹੱਥ ਦਾਤਾਰ । ਪਾਵੇ ਵੰਡੀ ਵਿਚ ਸੰਸਾਰ । ਸਾਧ ਸੰਤ ਹੋਏ ਘਮੰਡੀ, ਜਗਤ ਪਖੰਡੀ ਕਰੇ ਕਰਾਏ ਖ਼ਬਰਦਾਰ । ਕਲਜੁਗ ਜੀਆਂ ਆਤਮ ਹੋਈ ਰੰਡੀ, ਕਿਸੇ ਨਾ ਮਿਲਿਆ ਕੰਤ ਸੁਹਾਗੀ, ਕੋਈ ਨਾ ਦੀਸੇ ਸਾਚੀ ਨਾਰ । ਮਾਤ ਪਤਾਲਾਂ ਪਾਈ ਵੰਡੀ, ਸੱਚੀ ਰੰਗਣ ਕੋਈ ਨਾ ਰੰਗੇ, ਰੰਗ ਚਲੂਲਾ ਅਪਰ ਅਪਾਰ । ਪੁਰਖ ਅਬਿਨਾਸ਼ੀ ਸੋਹੰ ਸ਼ਬਦ ਖੋਲ੍ਹੇ ਗੰਢੀ, ਦਸਮ ਦਵਾਰੇ ਪਾਏ ਵੰਡੀ, ਸਾਚੀ ਵਸਤ ਅਪਰ ਅਪਾਰ । ਸਰਗੁਣ ਨਿਰਗੁਣ ਏਕਾ ਡੰਡੀ, ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਸ਼ਬਦ ਨਿਸ਼ਾਨਾ ਇਕ ਝੁਲਾਏ, ਸਤਾਰਾਂ ਹਾੜੀ ਕਰ ਤਿਆਰ । ਚਰਨ ਦਵਾਰਾ ਸਚ ਧੰਨ, ਮਿਲੇ ਮਾਤ ਵਡਿਆਈਆ । ਪੁਰਖ ਅਬਿਨਾਸ਼ੀ ਬੇੜਾ ਰਿਹਾ ਬੰਨ੍ਹ, ਸਾਚੀ ਬਣਤ ਇਕ ਬਣਾਈਆ । ਲੇਖੇ ਲਾਏ ਕਾਇਆ ਮਾਟੀ ਸਾਚਾ ਚੰਮ, ਝੂਠੀ ਮਾਟੀ ਦੇਹ ਤਜਾਈਆ । ਪਵਣ ਸਵਾਸੇ ਦਾਨ ਪੂਰ ਕਰਾਏ ਹਰਿ ਜੀ ਕੰਮ, ਨਾ ਮਰੇ ਨਾ ਜਾਏ ਜੰਮ, ਜੋਤੀ ਜੋਤ ਸਰੂਪ ਹਰਿ, ਆਪੇ ਗਗਨ ਆਪੇ ਥੰਮ, ਦਿਵਸ ਰੈਣ ਰਹੇ ਮਘਨ, ਗੁਰਮੁਖ ਸਾਚਾ ਸਾਚੀ ਓਟ ਇਕ ਰਖਾਈਆ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤਨ ਨਗਾਰੇ ਲਗਾਏ ਚੋਟ, ਕਲਜੁਗ ਮਾਇਆ ਖੋਟ ਦਏ ਗਵਾਈਆ । ਆਪੇ ਦਰ ਪਰਵਾਨ ਚਰਨ ਦਵਾਰਿਆ । ਮਾਣ ਨਿਮਾਣਿਆਂ ਦੇਵੇ ਮਾਣ, ਸ਼ਬਦ ਬਿਬਾਣ ਵਿਚ ਬਹਾ ਰਿਹਾ । ਝੁਲਦਾ ਰਹੇ ਜਗਤ ਨਿਸ਼ਾਨ, ਸ਼ਾਹ ਸੁਲਤਾਨਾਂ ਖ਼ਾਕ ਮਿਲਾ ਰਿਹਾ । ਮਿਲਿਆ ਮੇਲ ਗੁਣ ਨਿਧਾਨ, ਕਾਇਆ ਮਾਟੀ ਲੇਖੇ ਲਾ ਰਿਹਾ । ਸੋਹੰ ਦੇਵੇ ਧੁਰ ਫ਼ਰਮਾਣ, ਅਠ ਸਠ ਤੀਰਥ ਮੇਟ ਮਿਟਾ ਰਿਹਾ । ਪਵਣੀ ਸ਼ਬਦੀ ਹਰਿ ਮਿਹਰਬਾਨ, ਅਵਣੀ ਗਵਣੀ ਪੂਰਨ ਭਵਨੀ ਆਪ ਕਰਾ ਰਿਹਾ । ਅੰਮ੍ਰਿਤ ਆਤਮ ਮੇਘ ਬਰਸੇ ਸਵਨੀ, ਸਤਿ ਸੰਤੋਖੀ ਧਾਰ ਆਪ ਵਹਾ ਰਿਹਾ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗਊ ਗਰੀਬ ਨਿਮਾਣਿਆਂ ਫੜ ਫੜ ਬਾਂਹੋਂ ਚਰਨ ਲਗਾ ਰਿਹਾ । ਫੜ ਫੜ ਚਰਨ ਲਗਾਏ, ਬੰਨ੍ਹੇ ਮਾਤ ਨਾਤ । ਪੁਰਖ ਅਬਿਨਾਸ਼ੀ ਦਇਆ ਕਮਾਏ, ਨਾ ਕੋਈ ਜਾਣੇ ਜ਼ਾਤ ਪਾਤ । ਏਕਾ

ਰੰਗਣ ਨਾਮ ਰੰਗਾਏ, ਨਰ ਨਰਾਇਣ ਕਮਲਾਪਾਤ । ਸਾਚਾ ਸੰਗ ਆਪ ਨਿਭਾਏ, ਮੇਟ ਮਿਟਾਏ ਕਲਜੁਗ ਅੰਧੇਰੀ ਰਾਤ । ਜਨ ਭਗਤਾਂ ਭੁੱਖ ਨੰਗ ਕਟਾਏ, ਆਪ ਨਿਭਾਏ ਸਗਲਾ ਸਾਥ । ਏਕਾ ਨਾਮ ਸ਼ਬਦ ਮਰਦੰਗ ਵਜਾਏ, ਸੋਹੰ ਸ਼ਬਦ ਸੱਚੀ ਗਾਥ । ਵਡ ਦਾਤਾ ਸੂਰਾ ਸਰਬੰਗ ਕਹਾਏ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਾਥ ਅਨਾਥਾ ਤ੍ਰੈਲੋਕੀ ਨਾਥ । ਦਿਆਲ ਪਾਲ ਗੁਰ ਲਾਲ ਸ਼ਬਦ ਅਧਾਰਿਆ । ਸੁਰਤ ਮਨ ਬੁਧ ਕਰੇ ਰਖਵਾਲ, ਜੋਤ ਨਿਰੰਕਾਰਿਆ । ਆਵੇ ਜਾਵੇ ਜਗਤ ਅਵੱਲੜੀ ਚਾਲ, ਪਾਰਬ੍ਰਹਮ ਬ੍ਰਹਮਪਾਰ ਖੇਲ ਨਿਆਰਿਆ । ਕਾਇਆ ਮੰਡਲ ਗਗਨ ਮਸਤਕ ਦੀਪਕ ਸੱਚਾ ਬਾਲ, ਜੋਤ ਨਿਰੰਜਣ ਸਰਬ ਅਕਾਰਿਆ । ਗੁਰਮੁਖ ਸਾਚੇ ਮਾਣਕ ਮੋਤੀ ਲੋਕਮਾਤ ਪ੍ਰਭ ਲਏ ਭਾਲ, ਦੇਵੇ ਸ਼ਬਦ ਵਸਤ ਦਸਤ ਅਪਰ ਅਪਾਰਿਆ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਸਾਚਾ ਕਰੇ ਕਰਾਏ ਵਣਜ ਵਪਾਰਿਆ । ਸਾਚਾ ਵਣਜ ਨਾਮ ਅਨਮੋਲਿਆ । ਪੁਰਖ ਅਬਿਨਾਸ਼ੀ ਕਿਰਪਾ ਧਾਰ, ਸ਼ਬਦ ਭੰਡਾਰਾ ਏਕਾ ਖੋਲ੍ਹਿਆ । ਤ੍ਰੈਗੁਣ ਮਾਇਆ ਕਰਮ ਵਿਚਾਰ, ਚਵੀਆਂ ਤੱਤਾਂ ਅੰਦਰ ਬੋਲਿਆ । ਲੋਆਂ ਪੁਰੀਆਂ ਪਾਵੇ ਸਾਰ, ਬ੍ਰਹਮਾ ਵਿਸ਼ਨ ਮਹੇਸ਼ ਗਣੇਸ਼ ਆਤਮ ਪੜਦਾ ਫੋਲਿਆ । ਇੰਦ ਇੰਦਰਾਸਣ ਦਰ ਦਵਾਰ, ਸਿੰਘ ਸਿੰਘਾਸਣ ਹਰਿ ਨਿਰੰਕਾਰ, ਸਚ ਦਵਾਰੇ ਕੁੰਡਾ ਖੋਲ੍ਹਿਆ । ਜਗੀ ਜੋਤ ਅਗੰਮ ਅਪਾਰ, ਕਲਜੁਗ ਤੇਰੀ ਅੰਤਮ ਵਾਰ, ਪਰਗਟ ਹੋਏ ਵਿਚ ਸੰਸਾਰ, ਪੂਰਾ ਤੋਲ ਹਰਿ ਜੀ ਤੋਲਿਆ । ਲੋਕਮਾਤ ਬੰਨ੍ਹੇ ਧਾਰ, ਪੂਰਬ ਕਰਮ ਇਕ ਵਿਚਾਰ, ਬਾਲ ਅੰਞਾਣੇ ਪਾਰ ਉਤਾਰ, ਆਦਿ ਅੰਤ ਕਦੇ ਨਾ ਡੋਲਿਆ । ਕਵਣ ਜਾਣੇ ਪ੍ਰਭ ਤੇਰੀ ਸਾਰ, ਸ਼ਬਦੀ ਪਵਣ ਜੋਤ ਅਧਾਰ, ਲੋਆਂ ਪੁਰੀਆਂ ਖੰਡ ਮੰਡਲ ਵਰਭੰਡ ਬ੍ਰਹਿਮੰਡ ਦੀਪਾਂ ਖੰਡਾਂ ਆਪੇ ਜਾਣੇ ਪੜਦਾ ਉਹਲਿਆ । ਲੱਖ ਚੁਰਾਸੀ ਪਾਏ ਵੰਡਾਂ, ਕਲਜੁਗ ਤੇਰਾ ਅੰਤਮ ਕੰਢਾ, ਸੋਹੰ ਸ਼ਬਦ ਸੁਣਾਏ ਏਕਾ ਸੱਚਾ ਢੋਲਿਆ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਕਲਜੁਗ ਅੰਤਮ ਜੋਤ ਧਰ, ਕਲਜੁਗ ਕਾਲਾ ਵੇਸ ਦਰ ਦਰਵੇਸ਼ ਗਲ ਛੁਹਾਏ ਕਾਲਾ ਚੋਲਿਆ । ਕਾਲੀ ਚੋਲੀ ਰੰਗ ਗੁਲਾਲ । ਧਰਮ ਰਾਏ ਤੇਰੀ ਸਾਚੀ ਡੋਲੀ, ਆਪ ਚੁਕਾਏ ਦਇਆ ਕਮਾਏ ਲੱਖ ਚੁਰਾਸੀ ਫਲ ਨਾ ਦਿਸੇ ਕਿਸੇ ਡਾਲ । ਚਾਰ ਕੁੰਟਾਂ ਦਏ ਦੁਹਾਏ, ਜੋਤ ਸਰੂਪੀ ਦਿਸ ਨਾ ਆਏ, ਮਾਇਆ ਰਾਣੀ ਹੋਏ ਬੇਹਾਲ । ਰਾਜੇ ਰਾਣੇ ਰਹੇ ਕੁਰਲਾਏ, ਸ਼ਾਹ ਸੁਲਤਾਨ ਸਾਰ ਨਾ ਪਾਏ, ਆਤਮ ਹੋਈ ਸਰਬ ਕੰਗਾਲ । ਗੁਰਮੁਖ ਸਾਚੇ ਸੁਘੜ ਸਿਆਣੇ, ਏਕਾ ਬਖ਼ਸ਼ੇ ਚਰਨ ਧਿਆਨੇ, ਧੁਰ ਦਰਗਾਹੀ ਹਰਿ ਦਲਾਲ । ਇਕ ਚੜ੍ਹਾਏ ਸ਼ਬਦ ਬਿਬਾਣੇ, ਲੋਆਂ ਪੁਰੀਆਂ ਪਾਰ ਕਰਾਏ, ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਗੁਰਮੁਖ ਸਾਚੇ ਸੰਤ ਸੁਹੇਲੇ, ਆਪ ਉਪਾਏ ਸਾਚੇ ਲਾਲ । ਸਾਚਾ ਲਾਲ ਲਾਲ ਅਮੋਲ, ਅਮੁਲ ਅਮੁਲਾ ਸੰਸਾਰਿਆ । ਪੁਰਖ ਅਬਿਨਾਸ਼ੀ ਏਕਾ ਦਰ ਏਕਾ ਘਰ ਏਕਾ ਸਰ ਏਕਾ ਵਰ ਏਕਾ ਘਰ ਰਿਹਾ ਖੋਲ੍ਹ । ਆਤਮ ਜੋਤੀ ਸ਼ਬਦ ਗੋਤੀ ਗੁਰਮੁਖ ਸਾਚੇ ਮਾਣਕ ਮੋਤੀ, ਆਪਣਾ ਤੋਲ ਰਿਹਾ ਤੋਲ । ਆਪ ਉਠਾਏ ਕਾਇਆ ਸੋਤੀ, ਦੁਰਮਤ ਮੈਲ ਜਾਏ ਧੋਤੀ, ਹਰਿ ਨਿਰੰਕਾਰਾ ਸ਼ਬਦ ਜੈਕਾਰਾ ਜੋ ਜਨ ਆਏ ਰਸਨਾ ਕਹੇ ਬੋਲ । ਸੋਹੰ ਦਸਤ ਜਗਤ ਅਸਤ ਸਦਾ ਮਸਤ, ਬਜਰ ਕਪਾਟੀ ਕਾਇਆ ਹਾਟੀ ਤੀਰਥ ਤਾਟੀ ਦੂਈ ਦਵੈਤੀ ਪੜਦਾ ਦੇਵੇ ਖੋਲ੍ਹ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਲੋਕਮਾਤ ਹਰਿ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਗੁਰਮੁਖ ਸਾਚੇ ਮਾਤ ਉਪਜਾਏ, ਧਰਤ ਮਾਤ ਤੇਰੀ ਗੋਦ ਬਿਠਾਏ ਜਿਉਂ ਸਾਗਰ ਸਾਗਰ ਕਵਲ ਕਵਲ ਕਵਲ ਫੁਲ । ਹਰਿ ਮੰਦਰ ਧਾਮ ਨਿਆਰਾ । ਨੌਂ ਦਵਾਰੇ ਵਿਚ

ਸੰਸਾਰਾ । ਜੋਤ ਨਿਰੰਜਣ ਆਸਣ ਲਾਏ, ਸ਼ਬਦ ਸਿੰਘਾਸਣ ਇਕ ਬਣਾਏ, ਪੁਰਖ ਅਬਿਨਾਸ਼ੀ ਜੋਤ ਜਗਾਏ, ਕਲਜੁਗ ਵੇਖ ਵਖਾਣੇ ਧੁੰਦੂਕਾਰਾ । ਮਾਤ ਪਤਾਲ ਪਤਾਲ ਅਕਾਸ਼ਨ ਅਕਾਸ਼ ਅਕਾਸ਼ਾ, ਵਿਚ ਪਰਭਾਸ ਡੰਕ ਸ਼ਬਦ ਵਿਸ਼ਵਾਸ ਹਰਿ ਗੁਣਤਾਸ ਰਸਨ ਸਵਾਸ ਇਕ ਚਲਾਏ ਚੌਥੇ ਘਰ ਚਾਰ ਕੁੰਟ ਚਾਰ ਦਿਵਾਰਾ । ਜੋਤੀ ਜੋਤ ਸਰੂਪ ਹਰਿ, ਸੰਬਲ ਦੇਸ ਕਰ ਕਰ ਵੇਸ, ਖੋਲ੍ਹੇ ਭੇਵ ਨੌਂ ਖੰਡ ਨੌਂ ਦਰ ਦਵਾਰਾ । ਖੋਲ੍ਹੇ ਭੇਵ ਭੇਵ ਅਭੇਦਾ । ਹਰਿ ਮੰਦਰ ਹਰਿ ਆਪ ਬਿਰਾਜੇ ਕਰੇ ਖੇਲ ਅਛਲ ਅਛੇਦਾ । ਰਾਜੇ ਰਾਣੇ ਦਿਸ ਨਾ ਆਏ, ਪੜ੍ਹ ਪੜ੍ਹ ਥੱਕੇ ਪੰਡਤ ਵੇਦਾ । ਗੁੰਥੀ ਪੰਥੀ ਹੋਏ ਹਲਕਾਏ, ਕੋਈ ਨਾ ਦੱਸੇ ਰਾਹ ਸਿਧਾ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਲੋਕਮਾਤ ਹਰਿ ਜੋਤ ਧਰ, ਗੁਰਮੁਖ ਵਿਰਲੇ ਆਤਮ ਵਿਧਾ । ਨੌਂ ਦਵਾਰੇ ਦਰ ਦਰਬਾਰ । ਕਾਇਆ ਮੰਡਲ ਖੇਲ ਅਪਾਰ । ਦਸਵਾਂ ਦਰ ਸਾਚਾ ਘਰ ਬੰਦ ਕਿਵਾੜ । ਕਲਜੁਗ ਮਾਇਆ ਰਹੀ ਸਾੜ । ਪੁਰਖ ਅਬਿਨਾਸ਼ੀ ਘਟ ਘਟ ਵਾਸੀ, ਗੁਰਮੁਖ ਸਾਚੇ ਸੰਤ ਜਨਾਂ, ਸਾਚਾ ਰਾਹ ਇਕ ਵਖਾਏ ਦਇਆ ਕਮਾਏ ਸਤਾਰਾਂ ਹਾੜ । ਲੱਖ ਚੁਰਾਸੀ ਗੇੜ ਕਟਾਏ, ਨੌਂਵੇਂ ਘਰ ਭੇੜ ਭਿੜਾਏ, ਆਪ ਚਵਾਏ ਆਪਣੀ ਦਾੜ੍ਹ । ਏਕਾ ਖੁਲ੍ਹਾ ਵਿਹੜ ਕਰਾਏ, ਜਗਤ ਨਿਬੇੜ ਆਪ ਚੁਕਾਏ, ਗੁਰਮੁਖ ਸਾਚੇ ਸੰਤ ਸੁਹੇਲੇ ਸ਼ਬਦ ਘੋੜੀ ਦੇਵੇ ਚਾੜ੍ਹ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਧੁਰ ਦਰਗਾਹੀ ਸਾਚਾ ਧਾਮ, ਜਨ ਹਰਿ ਸਾਚੇ ਦੇਵੇ ਵਾੜ । ਸਚ ਦਵਾਰਾ ਖੋਲ੍ਹ, ਨੌਂ ਦਰਵਾਜਿਆ । ਸ਼ਬਦ ਸਰੂਪੀ ਰਿਹਾ ਬੋਲ, ਲੱਖ ਚੁਰਾਸੀ ਜੋ ਜਨ ਸਾਜਿਆ । ਧਰਮ ਰਾਏ ਦਰ ਜਾਏ ਫੜਿਆ, ਵੇਲੇ ਅੰਤਮ ਸਾਰਾ ਭੱਜਿਆ । ਗੁਰਮੁਖ ਸਾਚਾ ਪ੍ਰਭ ਆਪ ਚਰਨ ਦਵਾਰੇ ਦਰ ਘਰ ਸਾਚੇ ਵੜਿਆ, ਪੰਜਾਂ ਚੋਰਾਂ ਨਾਲ ਲੜਿਆ । ਜਗਤ ਵਿਕਾਰਾ ਮਾਤ ਹੰਕਾਰਾ, ਏਕਾ ਏਕ ਸੱਚਾ ਦਰਸ ਦਿਖਾਏ ਸ਼ਾਹ ਅਸਵਾਰਾ, ਜੋਤ ਨਿਰੰਕਾਰਾ ਪਾਰਬ੍ਰਹਮ ਪ੍ਰਭ ਜੋਤ ਸਹਾਰਾ, ਵੇਲੇ ਅੰਤਮ ਰੱਖੇ ਲਜਿਆ । ਆਦਿ ਪੁਰਖ ਅਪਰੰਪਰ ਸਵਾਮੀ, ਭਗਤ ਵਛਲ ਸਦਾ ਨਿਹਕਾਮੀ, ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਵੇਲੇ ਅੰਤਮ ਸਚ ਦਵਾਰੇ ਆਏ ਭੱਜਿਆ । ਹਰਿ ਰੂਪ ਅਗੰਮ ਅਪਾਰ, ਨਾ ਕਿਸੇ ਵਿਚਾਰਿਆ । ਹਰਿ ਰੂਪ ਅਗੰਮ ਅਪਾਰ, ਲੱਖ ਚੁਰਾਸੀ ਵਿਚ ਪਸਾਰਿਆ । ਹਰਿ ਰੂਪ ਅਗੰਮ ਅਪਾਰ, ਆਤਮ ਬ੍ਰਹਮ ਪਾਰਬ੍ਰਹਮ ਰੰਗ ਅਪਰ ਅਪਾਰਿਆ । ਹਰਿ ਕਾ ਰੂਪ ਅਗੰਮ, ਏਕਾ ਨਾਮ ਸਚ ਧਰਮ ਧਰਨੀ ਧਰ ਆਪ ਅਖਵਾ ਰਿਹਾ । ਹਰਿ ਕਾ ਰੂਪ ਅਗੰਮ, ਜੋਤੀ ਜੋਤ ਸਰੂਪ ਹਰਿ, ਆਪ ਆਪਣੇ ਵਿਚ ਸਮਾ ਰਿਹਾ । ਹਰਿ ਕਾ ਰੂਪ ਅਗੰਮ, ਸ਼ਬਦ ਜਣਾਈਆ । ਹਰਿ ਕਾ ਰੂਪ ਅਗੰਮ, ਬ੍ਰਹਮ ਵਿਦਿਆ ਬ੍ਰਹਮਾ ਏਕਾ ਪਾਈਆ । ਹਰਿ ਕਾ ਰੂਪ ਅਗੰਮ, ਹਡ ਮਾਸ ਨਾੜੀ ਨਾ ਕੋਈ ਚੰਮ, ਆਦਿ ਜੁਗਾਦਿ ਵਸੇ ਸਰਬ ਥਾਈਆ । ਹਰਿ ਕਾ ਰੂਪ ਅਗੰਮ, ਨਾ ਕੋਈ ਪਵਣ ਸਵਾਸੀ ਦਮ, ਨਾ ਕੋਈ ਖਾਏ ਪੀਏ ਤਮ, ਇਕ ਅਧਾਰਾ ਹਰਿ ਰਖਾਈਆ । ਹਰਿ ਕਾ ਰੂਪ ਅਗੰਮ, ਨਾ ਨੀਰ ਵਹਾਏ ਛੰਮ ਛੰਮ, ਅੰਮ੍ਰਿਤ ਧਾਰ ਇਕ ਵਹਾਈਆ । ਹਰਿ ਕਾ ਰੂਪ ਅਗੰਮ, ਨਾ ਮਰੇ ਨਾ ਪਏ ਜੰਮ, ਪੁਰਖ ਅਬਿਨਾਸ਼ੀ ਘਟ ਘਟ ਵਾਸੀ ਸ੍ਰਿਸ਼ਟ ਸਬਾਈ ਸਰਬ ਪਿਤ ਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪੇ ਜਾਣੇ ਆਪਣੀ ਵਡਿਆਈਆ । ਹਰਿ ਕਾ ਰੂਪ ਅਗੰਮ, ਆਪ ਉਪੰਨਿਆ । ਹਰਿ ਕਾ ਰੂਪ ਅਗੰਮ, ਗੁਰਮੁਖ ਵਿਰਲੇ ਮਾਤ ਮੰਨਿਆ । ਹਰਿ ਕਾ ਰੂਪ ਅਗੰਮ, ਤਾਰਾ ਮੰਡਲ ਨਾ ਜਾਣੇ ਸੂਰਜ ਚੰਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੇ ਵਸੇ ਘਰ, ਦਰ ਦਵਾਰੇ ਗੁਰਮੁਖ ਸਾਚਾ ਏਕਾ

ਏਕ ਬੰਨ੍ਹਿਆ । ਹਰਿ ਕਾ ਰੂਪ ਅਗੰਮ, ਦਰਸ ਅਨੇਕਿਆ । ਹਰਿ ਕਾ ਰੂਪ ਅਗੰਮ, ਸ਼ਿਵ ਸ਼ੰਕਰ ਰੱਖੇ ਟੇਕਿਆ । ਹਰਿ ਕਾ ਰੂਪ ਅਗੰਮ, ਈੜਾ ਪਿੰਗਲ ਐੜਾ ਅੰਕਰ ਨਿਰਗੁਣ ਸਰਗੁਣ ਕਰੇ ਬੁਧ ਬਿਬੇਕਿਆ । ਹਰਿ ਕਾ ਰੂਪ ਅਗੰਮ, ਜੋਤੀ ਜੋਤ ਸਰੂਪ ਹਰਿ, ਨੇਤਰ ਨੈਣ ਲੋਚਨ ਗੁਰਸਿਖ ਵਿਰਲੇ ਮਾਤ ਵੇਖਿਆ । ਹਰਿ ਕਾ ਰੂਪ ਅਗੰਮ, ਰੰਗ ਚਲੂਲਿਆ । ਹਰਿ ਕਾ ਰੂਪ ਅਗੰਮ, ਵਡ ਦਾਤਾ ਦੂਲੋ ਦੂਲ੍ਹਿਆ । ਹਰਿ ਕਾ ਰੂਪ ਅਗੰਮ, ਜਨ ਭਗਤਾਂ ਬੰਧਾਏ ਚਰਨ ਨਾਤਾ ਆਦਿ ਅੰਤ ਕਦੇ ਨਾ ਭੁਲਿਆ । ਹਰਿ ਕਾ ਰੂਪ ਅਗੰਮ, ਨਾ ਕੋਈ ਰੱਖੇ ਜ਼ਾਤ ਪਾਤਾ, ਸ਼ਬਦ ਰੱਖੇ ਨਾਮ ਤ੍ਰਿਸੂਲਿਆ । ਹਰਿ ਕਾ ਰੂਪ ਅਗੰਮ, ਨਾ ਕੋਈ ਪਿਤਾ ਨਾ ਕੋਈ ਮਾਤਾ, ਊਚੋ ਊਚ ਕੰਤ ਕੰਤੂਹਲਿਆ । ਹਰਿ ਕਾ ਰੂਪ ਅਗੰਮ, ਨਾ ਕੋਈ ਸੰਞ ਸਵੇਰ ਅੰਧੇਰੀ ਰਾਤ, ਆਪੇ ਫਲਿਆ ਆਪੇ ਫੁਲਿਆ । ਹਰਿ ਕਾ ਰੂਪ ਅਗੰਮ, ਸਦਾ ਵਸੇ ਇਕ ਇਕਾਂਤਾ, ਆਪੇ ਝੂਲੇ ਸਚ ਸਿੰਘਾਸਣ ਸਾਚੇ ਝੂਲਿਆ । ਜੋਤੀ ਜੋਤ ਸਰੂਪ ਹਰਿ, ਗੁਰਮੁਖਾਂ ਦੇਵੇ ਅੰਮ੍ਰਿਤ ਆਤਮ ਬੂੰਦ ਸਵਾਂਤਾ, ਸੋਹੰ ਸ਼ਬਦ ਦਰ ਦਵਾਰੇ ਜੋ ਜਨ ਆਏ ਬੋਲਿਆ । ਆਏ ਦਰ ਦਰ ਪਰਵਾਨ । ਵੇਖ ਵਖਾਏ ਆਤਮ ਘਰ ਹਰਿਜਨ ਸਾਚੀ ਕਰ ਪਛਾਨ । ਅੰਮ੍ਰਿਤ ਨੁਹਾਏ ਸਾਚੇ ਸਰ, ਸਚ ਸਰੋਵਰ ਤੀਰਥ ਇਸ਼ਨਾਨ । ਸਾਚੀ ਕਰਨੀ ਰਿਹਾ ਕਰ, ਆਤਮ ਬਖ਼ਸ਼ੇ ਬ੍ਰਹਮ ਗਿਆਨ । ਸਾਚੇ ਸੰਤ ਜਨਾਂ ਦਰਗਾਹ ਸਾਚੀ ਦੇਵੇ ਮਾਣ । ਦਰ ਘਰ ਪੂਰਨ ਆਸ, ਸ਼ਬਦ ਵੈਰਾਗਿਆ । ਜੋਤ ਨਿਰੰਜਣ ਕਰ ਪਰਕਾਸ਼, ਅੰਧੇਰਾ ਭਾਗਿਆ । ਘਟ ਘਟ ਰੱਖੇ ਵਾਸ, ਗੁਰਮੁਖ ਸੋਇਆ ਮਾਤ ਜਾਗਿਆ । ਅੱਠੇ ਪਹਿਰ ਨਾ ਹੋਏ ਉਦਾਸ, ਸਰਨ ਚਰਨ ਚਰਨ ਸਰਨ ਗੁਰ ਪੂਰੇ ਲਾਗਿਆ । ਰਸਨਾ ਗਾਏ ਸਵਾਸ ਸਵਾਸ, ਕਲਜੁਗ ਕਾਲਖ ਧੋਏ ਕਾਲਾ ਦਾਗ਼ਿਆ । ਲੇਖੇ ਲਾਏ ਕਾਇਆ ਪਿੰਜਰ ਝੂਠਾ ਮਾਸ, ਪੁਰਖ ਅਬਿਨਾਸ਼ੀ ਹੱਥ ਪਕੜੇ ਆਪਣੇ ਵਾਗਿਆ । ਕਾਇਆ ਮੰਡਲ ਸਾਚੀ ਰਾਸ, ਮਿਲੇ ਮੇਲ ਹਰਿ ਕੰਤ ਸੁਹਾਗਿਆ । ਸ਼ਬਦ ਵਿਚੋਲਾ ਸਰਬ ਗੁਣਤਾਸ, ਮੇਟ ਮਿਟਾਏ ਬੁਝਾਏ ਤ੍ਰਿਸਨਾ ਆਗਿਆ । ਸੋਹੰ ਬੋਲਾ ਕਰ ਪਰਭਾਸ, ਏਕਾ ਸ਼ਬਦ ਰਾਗ ਅਨਰਾਗਿਆ । ਮੇਲ ਮਿਲਾਏ ਪ੍ਰਿਥਮੀ ਅਕਾਸ਼, ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਗੁਰਮੁਖ ਸਾਚੇ ਸੰਤ ਜਨਾਂ, ਹੰਸ ਬਣਾਏ ਕਾਗਿਆ । ਪੁੰਨੀ ਆਸ ਜਗਤ ਵਿਛੋੜਿਆ । ਇਕ ਵਖਾਇਆ ਸਾਚਾ ਘਰ, ਚਰਨ ਪ੍ਰੀਤੀ ਨਾਤਾ ਜੋੜਿਆ । ਇਕ ਵਖਾਇਆ ਸਾਚਾ ਘਰ, ਧਰਮ ਰਾਏ ਕਲ ਚੁੱਕੇ ਡਰ, ਵੇਲੇ ਅੰਤ ਗੁਰ ਪੂਰਾ ਮਾਤ ਬਹੁੜਿਆ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਧੁਰ ਦਰਗਾਹੀ ਜਗਤ ਮਲਾਹੀ ਬੇਪਰਵਾਹੀ ਤਿੰਨਾਂ ਲੋਕਾਂ ਲਾਏ ਏਕਾ ਪੌੜ੍ਹਿਆ । ਤਿੰਨਾਂ ਲੋਕਾਂ ਏਕਾ ਪੌੜਾ । ਨਾ ਕੋਈ ਜਾਣੇ ਲੰਮਾ ਚੌੜਾ । ਪਰਗਟ ਹੋਏ ਬ੍ਰਹਿਮਣ ਗੌੜਾ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵੇਲੇ ਅੰਤਮ ਅੰਤ ਕਾਲ ਹਰਿਜਨ ਸਾਚੇ ਮਾਤ ਬਹੁੜਾ । ਜਲ ਤਰੰਗ ਤਰੰਗ ਸੰਸਾਰ । ਜਗਤ ਉਮੰਗ ਮੰਗ ਵਿਵਹਾਰ । ਕਾਇਆ ਸੰਗ ਰੰਗ ਤਨ ਸ਼ਿੰਗਾਰ । ਸਦਾ ਅੰਗ ਸੰਗ ਸੰਗ ਨਿਰੰਕਾਰ । ਹਰਿ ਦਵਾਰਾ ਆਇਆ ਲੰਘ, ਪ੍ਰਭ ਬੇੜਾ ਕਰ ਜਾਏ ਪਾਰ । ਜਗਤ ਤ੍ਰਿਸ਼ਨਾ ਕਟੇ ਭੁੱਖ ਨੰਗ, ਏਕਾ ਨਾਮ ਰਸਨ ਅਧਾਰ । ਵਡ ਦਾਤਾ ਸੂਰਾ ਸਰਬੰਗ, ਆਪੇ ਬਖ਼ਸ਼ੇ ਆਪਣੀ ਕਿਰਪਾ ਧਾਰ । ਜੋਤੀ ਜੋਤ ਸਰੂਪ ਹਰਿ, ਸਚ ਸਿੰਘਾਸਣ ਬੈਠ ਸੱਚੀ ਸਰਕਾਰ । ਸਚ ਸਿੰਘਾਸਣ ਬੈਠ ਤਖ਼ਤ ਬਿਰਾਜਿਆ । ਨਾ ਕੋਈ ਜਾਣੇ ਸ਼ੂਦਰ ਵੈਸ਼, ਸ਼ੱਤਰੀ ਬ੍ਰਾਹਮਣ ਏਕਾ ਸਾਜਨ ਸਾਜਿਆ । ਆਪੇ ਜਾਣੇ ਦੇਸ ਵੇਸ ਵੇਸ ਪਰਵੇਸ਼, ਹਰਿਜਨ ਕਾਰਨ ਕਾਜਿਆ । ਜੋਤੀ ਜੋਤ ਸਰੂਪ ਹਰਿ,

ਸਰਨ ਸਰਨਾਈ ਆਪੇ ਰੱਖੇ ਲਾਜਨ ਲਾਜਿਆ । ਚੱਕਰਵਰਤੀ ਹਰਿ ਵਰਤ ਹਰਿ ਚਿਤ ਵਿਤ ਮਨ ਠਗੋਰਿਆ । ਰੱਖਣ ਆਇਆ ਕਲ ਲਜ ਪਤਿ, ਕਲ ਅਵਰ ਨਾ ਜਾਣੇ ਔਰਿਆ । ਦੀਨ ਦਿਆਲਾ ਸਰਨਪਤ, ਜਾਣੇ ਮਿਤ ਗਤ ਸ਼ਬਦ ਸਰੂਪੀ ਚੜ੍ਹਿਆ ਸਾਚੇ ਘੋੜਿਆ । ਚਰਨ ਪ੍ਰੀਤੀ ਬੰਨ੍ਹੇ ਨਾਤ, ਦੇ ਮਤ ਸਮਝਾਵੇ ਦਇਆ ਕਮਾਏ ਇਕ ਚੜ੍ਹਾਏ ਸਾਚੇ ਰਥ, ਧੁਰਦਰਗਾਹੀ ਆਇਆ ਦੌੜਿਆ । ਰੱਖੇ ਲਾਜ ਸੀਆਂ ਸਾਢੇ ਤਿੰਨ ਹੱਥ, ਜਗਤ ਮਹਿੰਮਾ ਕਥਾ ਅਕਥ ਬ੍ਰਾਹਮਣ ਗੌੜਿਆ । ਸਗਲ ਵਸੂਰੇ ਜਾਇਣ ਲਥ, ਨੇਤਰ ਨੀਰ ਨਾ ਚਲੇ ਅਥ, ਮਿਲੇ ਮੇਲ ਪੁਰਖ ਸਮਰਥ, ਜੋੜ ਜੁੜਿਆ ਸਾਚੇ ਜੋੜਿਆ । ਮਹਿੰਮਾ ਜਗਤ ਅਕਥਨਾ ਅਕਥ, ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਏਕ ਅਨੇਕ ਜਨ ਭਗਤਨ ਸਾਚਾ ਬਹੁੜਿਆ । ਸਚ ਮੰਡਲ ਰਾਸ ਹਰਿ ਸ਼ਾਹ ਸੁਲਤਾਨਿਆ । ਵੇਖ ਵਖਾਣੇ ਪ੍ਰਿਥਮੀ ਅਕਾਸ਼, ਸਦ ਵਸੇ ਆਸ ਪਾਸ ਖੇਲ ਮਹਾਨਿਆ । ਪਵਣ ਜੋਤੀ ਰਸਨਾ ਸ਼ਬਦ ਸਵਾਸ, ਅੱਖਰ ਵੱਖਰ ਸੋਹੰ ਸਾਚੀ ਬਾਣੀਆ । ਕਾਇਆ ਮਾਟੀ ਝੂਠੀ ਚਾਟੀ ਅੰਤਮ ਹੋਣੀ ਨਾਸ, ਨਰ ਹਰਿ ਹਰਿ ਨਰ ਕਰੇ ਕੋਈ ਪਛਾਨਿਆ । ਲੇਖੇ ਲੱਗੇ ਦਸ ਮਾਸ, ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਮ੍ਰਿਤ ਆਤਮ ਦੇਵੇ ਏਕਾ ਅੰਮ੍ਰਿਤ ਧਾਰ ਠੰਡਾ ਪਾਣੀਆ । ਕੂੜ ਕਿਰਿਆ ਕਰਮ ਵਿਚਾਰ ਮਨ ਬੌਰਾਨਿਆ । ਧ੍ਰਿਗ ਜੀਵਨ ਸੰਸਾਰ, ਮਾਨਸ ਦੇਹੀ ਆਈ ਹਾਰ, ਪਕੜੀ ਡੋਰ ਪੰਜ ਸ਼ੈਤਾਨਿਆ । ਨੇਤਰ ਨੈਣ ਵਹਿੰਦੀ ਧਾਰ, ਨਾ ਕੋਈ ਦੀਸੇ ਵੰਞ ਮੁਹਾਨਿਆ । ਚਰਨ ਪ੍ਰੀਤੀ ਇਕ ਪਿਆਰ, ਮਾਨਸ ਦੇਹੀ ਸ਼ਬਦ ਅਧਾਰ, ਮੁੱਕੇ ਰਸਨਾ ਪੀਣਾ ਖਾਨਿਆ । ਕੂੜਾ ਕਪਟ ਮਨ ਵਿਕਾਰ, ਤੀਰਥ ਤਟ ਨਾ ਭੁੱਲ ਗਵਾਰ, ਕਾਇਆ ਰਸ ਮੀਠਾ ਮਝਾਰ, ਵਸੇ ਨੇਤ ਨੇਤ ਸ੍ਰੀ ਭਗਵਾਨਿਆ । ਸਾਚਾ ਲਾਹਾ ਪ੍ਰਭ ਦਰ ਖਟ, ਸ਼ਬਦ ਸਿੰਘਾਸਣ ਸਾਚਾ ਪਟ, ਜੋਤੀ ਨੂਰ ਉਜਾਲਾ ਲਟ ਲਟ, ਭਾਂਡਾ ਭਰਮ ਭਉ ਭੰਨਾਣਿਆ । ਲੇਖਾ ਚੁੱਕੇ ਅਠ ਸਠ, ਨਾ ਕੋਈ ਸ਼ਿਵਦਵਾਲਾ ਮੱਠ, ਕਲਜੁਗ ਉਲਟੀ ਚਲੀ ਲੱਠ, ਸ੍ਰਿਸ਼ਟ ਸਬਾਈ ਹੋਈ ਭੱਠ, ਭਵਜਲ ਕੋਇ ਨਾ ਪਾਰ ਕਰਾ ਰਿਹਾ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਆਪ ਆਪਣੀ ਕਰਨੀ ਕਰ, ਸ਼ਬਦ ਨਿਸ਼ਾਨਾ ਇਕ ਝੁਲਾ ਰਿਹਾ । ਸ਼ਬਦ ਨਿਸ਼ਾਨਾ ਝੁੱਲੇ ਦਰ ਗੋਬਿੰਦਿਆ । ਜਗਤ ਬਿਬਾਣਾ ਚਲੇ ਵਾਲੀ ਹਿੰਦਿਆ । ਸੋਹੰ ਚੜ੍ਹਿਆ ਸਾਚੇ ਚਿਲੇ, ਰਸਨ ਕਮਾਨੀ ਗੁਣੀ ਗਹਿੰਦਿਆ । ਆਪੇ ਵੇਖੇ ਬੂਰੇ ਕੱਕੇ ਬਿਲੇ, ਮੇਟ ਮਿਟਾਏ ਸਗਲੀ ਚਿੰਦਿਆ । ਜਗਤ ਸਿੰਘਾਸਣ ਸਾਰੇ ਹਿਲੇ, ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਤਰਾਏ ਦਇਆ ਕਮਾਏ ਆਪ ਬਣਾਏ ਸਾਚੀ ਬਿੰਦਿਆ । ਸਲਲ ਸਲਾਨੀ ਪੁਰਖ ਅਗਣਤਿਆ । ਜਿਉਂ ਜਗਤ ਜੁਗਤ ਸੰਤ ਭਗਤ ਭਗਤ ਭਗਵੰਤਿਆ । ਮਤ ਤੱਤ ਸਤਿ ਯਤ ਪਤ ਪਤਵੰਤਿਆ । ਜੋਤੀ ਜੋਤ ਸਰੂਪ ਹਰਿ, ਸਾਚਾ ਵਰ ਏਕਾ ਹਰਿ, ਧੁਰ ਘਰ ਸੁਣੇ ਸੁਣਾਏ ਮਾਤ ਬਨੰਤੀਆ । ਮਾਤ ਬੇਨੰਤੀ ਪਰਮ ਪੁਰਖ ਸੰਜੋਗ । ਕਾਇਆ ਰੰਗ ਇਕ ਬਸੰਤੀ, ਧੁਰ ਦਰਗਾਹੀ ਸਾਚਾ ਜੋਗ । ਮਿਲੇ ਮੇਲ ਹਰਿ ਸਾਚਾ ਕੰਤੀ, ਹਉਮੇ ਚੁੱਕੇ ਕਾਇਆ ਰੋਗ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵੇ ਦਰਸ ਦਰ ਅਮੋਘ । ਅਮੋਘ ਅਮੋਘਾ ਹਰਿ ਬਲਵਾਨਾ । ਏਕਾ ਰਸ ਹਰਿਜਨ ਭੋਗਾ, ਜਗਤ ਚੁਕਾਏ ਜਮ ਕੀ ਕਾਣਾ । ਮਿਟੇ ਵਿਛੋੜਾ ਜਗਤ ਵਿਜੋਗਾ, ਮਿਲੇ ਮੇਲਾ ਹਰਿ ਮਿਹਰਵਾਨਾ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਸੁਨੇਹੜਾ ਏਕਾ ਦੇਵੇ ਧੁਰ ਦਰਗਾਹੀ ਸਚ ਨਿਸ਼ਾਨਾ । ਸਚ ਨਿਸ਼ਾਨਾ ਧਰਮ ਸਪੂਤ ।

ਹੱਥੀਂ ਗਾਨਾ ਚਾਰੇ ਕੂਟ । ਸੋਹੰ ਪੰਘੂੜਾ ਏਕਾ ਝੂਟ । ਵੇਖੇ ਪਰਖੇ ਰਾਜਾ ਰਾਣਾ , ਸੋਹੰ ਤੀਰ ਰਿਹਾ ਛੂਟ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਅੰਦਰ ਆਪੇ ਬਾਹਰ, ਆਪੇ ਮੰਦਰ ਕਾਇਆ ਖੇੜਾ, ਆਪੇ ਵੇਖੇ ਤ੍ਰੈ ਤ੍ਰੈਕੂਟ । ਤ੍ਰੈਕੂਟ ਤ੍ਰੈਲੋਕੀ ਨਾਥ । ਸਗਲ ਸਮਗਰੀ ਮਸਤਕ ਮਾਥੇ, ਜੋਤ ਅਕਗਰੀ ਹਰਿ ਰਘੁਨਾਥ । ਹਰਿਜਨ ਦਿਸੇ ਕਾਇਆ ਨਗਰੀ, ਮਿਲਿਆ ਮੇਲ ਪ੍ਰਭ ਸਾਜਨ ਸਾਥ । ਨਿਰਮਲ ਕਰਮ ਜਗਤ ਉਜਗਰੀ, ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਇਕ ਬਿਠਾਏ ਸਾਚੇ ਰਾਥ । ਜਮ ਕਾਲ ਜਮ ਤਰਾਸ ਵਡ ਬਲਕਾਰਿਆ । ਦਿਵਸ ਰੈਣ ਨੇਤਰ ਖੋਲ੍ਹ, ਵੇਖ ਵਖਾਣੇ ਪ੍ਰਿਥਮੀ ਅਕਾਸ਼, ਕਵਣ ਹੁਲਾਰਾ ਕਵਣ ਜੈਕਾਰਾ ਵਿਚ ਸੰਸਾਰਿਆ । ਕਵਣ ਵਸੇ ਰਸੇ ਕਾਇਆ ਮੰਡਲ ਉਚ ਮੁਨਾਰਿਆ । ਜੋਤੀ ਜੋਤ ਸਰੂਪ ਹਰਿ, ਆਪਣੇ ਭਾਣੇ ਆਪ ਸਮਾ ਰਿਹਾ । ਜਗਤ ਅਵੱਲੜੀ ਚਾਲ ਜਗਤ ਧਰਾਇੰਦਾ । ਪੱਲੇ ਵਸਤ ਨਾਮ ਧੰਨ ਮਾਲ, ਖਾਲੀ ਹੱਥ ਜਗਤ ਵਖਾਇੰਦਾ । ਆਦਿ ਅੰਤ ਨਾ ਹੋਏ ਕੰਗਾਲ, ਪ੍ਰਭ ਸਰਬ ਸੰਗ ਰਖਾਇੰਦਾ । ਅੰਮ੍ਰਿਤ ਆਤਮ ਨੁਹਾਏ ਸਾਚੇ ਤਾਲ, ਅਠ ਸਠ ਤੀਰਥ ਦੂਰ ਕਰਾਇੰਦਾ । ਸਾਚਾ ਸ਼ਬਦ ਸੁਣੇ ਧੁਨਕਾਰ, ਅਕਾਲ ਅਕਾਲਾ ਰਸਨ ਸੁਣਾਇੰਦਾ । ਜੋਤੀ ਜਗੇ ਕਾਇਆ ਖਾਲ, ਮਸਤਕ ਪਰਗਟੇ ਦੀਪਕ ਸੱਚੇ ਥਾਲ, ਸਰਵਣ ਨੇਤਰ ਏਕਾ ਧਾਰ ਬੰਨ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਗੁਰਮੁਖਾਂ ਦੇਵੇ ਨਾਮ ਵਰ, ਭਾਂਡਾ ਭਰਮ ਜਗਤ ਭੰਨਾਇੰਦਾ । ਜਗਤ ਅਵੱਲੜੀ ਮਸਤ ਮਸਤ ਮਤਵਾਲਿਆ । ਚੁਣੇ ਸ਼ਬਦ ਸਾਚੇ ਹਸਤ, ਜਗੇ ਜੋਤ ਜੋਤ ਜਵਾਲਿਆ । ਆਤਮ ਦਸਤ ਏਕਾ ਵਸਤ, ਅਸਤ ਬਸਤ ਤਨ ਰਖਵਾਲਿਆ । ਨੇਤਰ ਨੈਣਾਂ ਤੀਰ ਕਟਾਰ ਕਸਤ, ਰਸਨ ਕਮਾਨਾ ਇਕ ਉਠਾ ਲਿਆ । ਸੋਹੰ ਸ਼ਬਦ ਸਾਚਾ ਸਸਤ, ਤੋੜੇ ਮਾਤ ਜਗਤ ਜੰਜਾਲਿਆ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਦੇਵੇ ਇਕ ਵਰ, ਫਲ ਲੱਗੇ ਕਾਇਆ ਡਾਲਿਆ । ਜਨ ਭਗਤ ਅਵੱਲੜੀ ਚਾਲ, ਮਨ ਬੈਰਾਗਿਆ । ਏਕਾ ਹੋਏ ਪ੍ਰਿਤਪਾਲ, ਹਰਿ ਸਗਲ ਸੰਸਾਰਾ ਤਿਆਗਿਆ । ਚਰਨ ਪ੍ਰੀਤੀ ਨਿਭੇ ਨਾਲ, ਗੁਰਮੁਖ ਵਿਰਲਾ ਸੋਇਆ ਜਾਗਿਆ । ਨੇੜ ਨਾ ਆਏ ਧਰਮ ਰਾਏ ਜਮ ਕਾਲ, ਤਨ ਬੰਨ੍ਹੇ ਪੁਰਖ ਅਬਿਨਾਸ਼ ਸਾਚਾ ਤਾਗਿਆ । ਨੂਰ ਨਿਰੰਜਣ ਜੋਤ ਮਿਸਾਲ, ਅੰਧ ਅੰਧੇਰਾ ਸਾਰਾ ਭਾਗਿਆ । ਜੋਤੀ ਜੋਤ ਸਰੂਪ ਹਰਿ, ਜਨ ਭਗਤਾਂ ਦੇਵੇ ਇਕ ਵਰ, ਹੱਥ ਪਕੜੇ ਆਪਣੇ ਵਾਗਿਆ । ਹਰਿ ਭਗਤ ਅਵੱਲੜੀ ਚਾਲ, ਸ਼ਬਦ ਸੰਤੋਖਿਆ । ਸਾਚੀ ਘਾਲਨ ਰਿਹਾ ਘਾਲ, ਏਕਾ ਏਕ ਸ਼ਬਦ ਦਲਾਲ, ਆਤਮ ਦੇਵੇ ਸਾਚੀ ਵਥਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਰਾਹ ਜਗਤ ਮਲਾਹ ਆਪਣਾ ਆਪ ਵਖਾਏ ਦਇਆ ਕਮਾਏ, ਅੱਖਰ ਵੱਖਰ ਸੂਖਮ ਸੂਖਿਆ । ਸੁਰਤ ਮਤ ਮਨ ਬੁਧ ਸਰਬ ਸੰਸਾਰਿਆ । ਕਵਣ ਜਾਣੇ ਗੁਣਵੰਤੇ ਗੁਣ, ਨਾ ਕੋਈ ਜੇਵਡ ਤੁਧ, ਲੱਖ ਚੁਰਾਸੀ ਪਸਰ ਪਸਾਰਿਆ । ਮਾਨਸ ਜਨਮ ਨਾ ਕੋਈ ਕਰੇ ਕਰਾਏ ਸੁਧ, ਸਾਧ ਸੰਤ ਬੇਅੰਤ ਥੱਕੇ ਵਡ ਬਲਕਾਰਿਆ । ਪੰਚਾਂ ਦੂਤਾਂ ਲੱਗਾ ਯੁੱਧ, ਕਾਮ ਕਰੋਧ ਮੋਹ ਲੋਭ ਹੰਕਾਰਿਆ । ਪ੍ਰਭ ਕੰਚਨ ਕਾਇਆ ਕਰਨ ਆਇਆ ਸੁਧ, ਸ਼ਬਦ ਕੁਠਾਲੀ ਕਰ ਤਿਆਰਿਆ । ਤਨ ਮੰਦਰ ਅੰਦਰ ਆਪ ਉਪਜਾਏ ਨੌਂ ਨਿਧ, ਅਠਾਰਾਂ ਸਿਧਾਂ ਖੇਲ ਖਿਲਾ ਰਿਹਾ । ਸਾਚਾ ਸ਼ਬਦ ਪੀਣ ਖਾਣ ਸਾਚੀ ਰਿਧ, ਆਪੇ ਆਪ ਹੋਏ ਸਹਾਰਿਆ । ਅੰਤਮ ਕਾਰਜ ਕਰੇ ਸਿੱਧ, ਥਿਤ ਵਾਰ ਜਗਤ ਵਿਚਾਰਿਆ । ਕਲਜੁਗ ਮੇਲ ਮਿਲਾਵਾ ਅੰਤਮ ਸਾਚੀ ਬਿਧ, ਸਤਾਰਾਂ ਹਾੜੀ ਜੋਤ ਨਿਰੰਕਾਰਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੱਖ ਚੁਰਾਸੀ ਤੋੜੇ

ਫਾਸੀ, ਸ਼ਬਦ ਸਵਾਸੀ ਏਕਾ ਰਾਹ ਇਕ ਵਖਾ ਰਿਹਾ । ਲੱਖ ਚੁਰਾਸੀ ਤੋੜ ਚਰਨ ਜੁੜਨਿਆ । ਚੜ੍ਹਿਆ ਰਹੇ ਸ਼ਬਦ ਘੋੜ, ਚਾਰੋਂ ਕੁੰਟ ਸਦ ਦੁੜਨਿਆ । ਗੁਰਮੁਖਾਂ ਵਾਗਾਂ ਰਿਹਾ ਮੋੜ, ਅੰਦਰੇ ਅੰਦਰ ਹਰਿ ਵਸੰਦਿਆ । ਨਾ ਕੋਈ ਜਾਣੇ ਰਸ ਮੀਠਾ ਫੀਕਾ ਕੌੜ, ਜਨ ਭਗਤਾਂ ਹਰਿ ਆਪ ਬਖ਼ਸ਼ੰਦਿਆ । ਚਰਨ ਸਰਨ ਸਰਨ ਗੁਰ ਨੈਣ ਲੋਚਨ ਲੋਚਨ ਨੈਣ ਦੋਏ ਜੋੜ, ਅੰਤਮ ਤੋੜੇ ਵੱਜਾ ਜੰਦਿਆ । ਵੇਲੇ ਅੰਤਮ ਪਏ ਬਹੁੜ, ਆਤਮ ਢਾਹੇ ਭਰਮਾਂ ਕੰਧਿਆ । ਪਰਗਟ ਹੋਏ ਬ੍ਰਹਿਮਣ ਗੌੜ, ਸ਼ਬਦ ਨਗਾਰਾ ਇਕ ਰਖੰਦਿਆ । ਸੰਬਲ ਦੇਸ ਲੰਬਾ ਚੌੜ, ਲੇਖਾ ਲਿਖੇ ਹਰਿ ਲਿਖੰਦਿਆ । ਧੁਰ ਦਰਗਾਹੀ ਆਏ ਦੌੜ, ਗੁਰਮੁਖਾਂ ਘਟ ਘਟ ਵਾਸ ਆਦਿ ਅਬਿਨਾਸ਼ ਹਰਿ ਰਖੰਦਿਆ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਕਟੇ ਜਮ ਜਮਾਂਤਰ ਫੰਦਿਆ ।

★ ੧੬ ਹਾੜ ੨੦੧੨ ਬਿਕ੍ਰਮੀ ਮਾਤਾ ਬਿਸ਼ਨ ਕੌਰ ਦੇ ਗ੍ਰਿਹ ਪਿੰਡ ਜੇਠੂਵਾਲ ★

ਹਰਿ ਸੇਵਕ ਸੇਵਾਦਾਰ, ਸੇਵ ਕਮਾਇੰਦਾ । ਹਰਿ ਸੇਵਕ ਸੇਵਾਦਾਰ, ਗੁਰਮੁਖਾਂ ਧਰਮ ਧਰਾਇੰਦਾ । ਹਰਿ ਸੇਵਕ ਸੇਵਾਦਾਰ, ਪੂਰਬ ਕਰਮ ਆਪ ਵਿਚਾਰ, ਲੇਖਾ ਆਪ ਲਿਖਾਇੰਦਾ । ਹਰਿ ਸੇਵਕ ਸੇਵਾਦਾਰ, ਲੱਖ ਚੁਰਾਸੀ ਪਾਵੇ ਸਾਰ, ਦਿਵਸ ਰੈਣ ਨੇਤਰ ਨੈਣ ਨਾ ਕੋਈ ਭਵਾਇੰਦਾ । ਹਰਿ ਸੇਵਕ ਸੇਵਾਦਾਰ, ਜੁਗਾ ਜੁਗੰਤਰ ਲੋਕਮਾਤ ਮਾਰ ਝਾਤ, ਆਪਣੀ ਸੇਵਾ ਆਪੇ ਲਾਇੰਦਾ । ਹਰਿ ਸੇਵਕ ਸੇਵਾਦਾਰ, ਚਾਕਰ ਚਾਕਿਆ । ਹਰਿ ਸੇਵਕ ਸੇਵਾਦਾਰ, ਗੁਰਮੁਖਾਂ ਲਹਿਣਾ ਦੇਣਾ ਚੁਕਾਵਣ ਆਇਆ ਅੰਤਮ ਵੇਲੇ ਬਾਕਿਆ । ਸਦਾ ਸਦ ਸਦ ਜੋਤ ਸਰੂਪੀ ਜਾਮਾ ਧਾਰ, ਗੁਰਮੁਖ ਸਾਚੇ ਵਿਚ ਪਸਾਰ, ਦਿਸ ਨਾ ਆਏ ਕਾਇਆ ਮਾਟੀ ਝੂਠੀ ਖਾਕਿਆ । ਸੋਲਾਂ ਕਰੇ ਤਨ ਸ਼ਿੰਗਾਰ, ਸੋਲਾਂ ਹਾੜੀ ਕਰ ਵਿਚਾਰ, ਪਰਗਟ ਹੋਏ ਸ਼ਬਦ ਅਧਾਰ, ਦਰ ਘਰ ਖੋਲ੍ਹੇ ਤਾਕੀਆ । ਪਵਣ ਉਨੰਜਾ ਸਿਰ ਝੁਲਾਰ, ਛਤਰ ਬਵੰਜਾ ਲੇਖ ਲਿਖਾਰ, ਲੇਖਾ ਲਿਖੇ ਆਪ ਇਕਵੰਜਾ, ਗੁਰ ਨਾਨਕ ਤੇਰਾ ਬਣਿਆ ਸਾਕੀਆ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਏਕਾ ਏਕ ਪਾਕਨ ਪਾਕੀਆ । ਹਰਿ ਸੇਵਕ ਸੇਵਾਦਾਰ, ਜਗਤ ਬਣਾਇੰਦਾ । ਹਰਿ ਸੇਵਕ ਸੇਵਾਦਾਰ, ਗੁਰਮੁਖਾਂ ਦੇਵੇ ਸਾਚੀ ਮੁਕਤ, ਏਕਾ ਰਾਹ ਵਖਾਇੰਦਾ । ਹਰਿ ਸੇਵਕ ਸੇਵਾਦਾਰ, ਆਪ ਆਪਣੀ ਬਖ਼ਸ਼ੇ ਸ਼ਕਤ, ਪੂਰਨ ਭਗਤ ਏਕਾ ਰੈਣ ਏਕਾ ਦਿਵਸ ਪੂਰੇ ਪੂਰ ਕਰਾਇੰਦਾ । ਲੇਖੇ ਲਾਏ ਬੂੰਦ ਰਕਤ, ਪਿਤਾ ਪੂਤ ਪਿਤ ਮਾਤਾ ਹਰਿ ਲੇਖੇ ਲਾਇੰਦਾ । ਹਰਿ ਸੇਵਕ ਸੇਵਾਦਾਰ, ਗੁਰਮੁਖਾਂ ਹੋਏ ਪਹਿਰੇਦਾਰ, ਇਕ ਇਕੇਲਾ ਛੈਲ ਛਬੀਲਾ ਖਿਚ ਲਿਆਏ ਚਰਨ ਦਵਾਰੇ, ਸਾਚਾ ਵੇਲਾ ਆਪ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਭਗਤਨ ਸੇਵਾ ਮੰਗੇ ਵਰ, ਸ਼ਬਦ ਡੰਡਾ ਹੱਥ ਉਠਾਇੰਦਾ । ਹਰਿ ਸੇਵਕ ਸੇਵਾਦਾਰ ਖ਼ਬਰਦਾਰ ਮਿਲੇ ਗੁਰਮੁਖਾਂ ਕਰੇ ਪਿਆਰ, ਨੇੜ ਨਾ ਆਵਣ ਪੰਜੇ ਠੱਗ ਚੋਰ ਯਾਰ, ਮਿਲੇ ਚਰਨ ਪ੍ਰੀਤੀ ਦੱਸੇ ਸਾਚੀ ਧਾਰ, ਕਲਜੁਗ ਵੇਲਾ ਅੰਤਮ ਘੋਰ । ਪਰਗਟ ਹੋਏ ਵਿਚ ਸੰਸਾਰ, ਲੱਖ ਚੁਰਾਸੀ ਪਕੜੇ ਆਪਣੇ ਹੱਥ ਡੋਰ । ਆਪੇ ਪੁਰਖ ਆਪੇ ਨਾਰ, ਪੁਰਖ ਅਬਿਨਾਸ਼ੀ ਖੇਲ ਅਪਾਰ ਜੋਤ ਨਿਰੰਜਣ ਖੇਲ ਨਿਆਰ ਹੈ । ਹਰਿ ਸੇਵਕ ਸੇਵਾਦਾਰ, ਪੂਰਨ ਕਰੇ ਆਪਣੀ ਕਾਰ, ਸਤਾਰਾਂ ਹਾੜੀ ਸਚ ਵਿਹਾਰ, ਗੁਰ ਸੰਗਤ ਤੇਰੇ ਚਾਰ ਚੁਫੇਰ ਹੈ ।

ਹਰਿ ਸੇਵਕ ਸੇਵਾਦਾਰ, ਸਦਾ ਸਦ ਜਾਗਿਆ । ਗੁਰਮੁਖਾਂ ਦੇਵੇ ਸ਼ਬਦ ਅਧਾਰ, ਆਤਮ ਲਾਹੇ ਤ੍ਰਿਸ਼ਨਾ ਆਗਿਆ । ਭਿੰਨੜੀ ਰੈਣ ਸ਼ਬਦ ਕਟਾਰ, ਮਾਰੀ ਜਾਏ ਵਾਰੋ ਵਾਰ, ਗੁਰਮੁਖਾਂ ਧੋਏ ਪਿਛਲੇ ਦਾਗਿਆ । ਸਤਿ ਪੁਰਖ ਨਿਰੰਜਣ ਏਕਾ ਗੁਰਮੁਖ ਸਾਚੀ ਧਾਰ ਸੁਹਾਗਣ ਨਾਰ, ਚਰਨ ਸਰਨ ਜੋ ਜਨ ਲਾਗਿਆ । ਮਿਲੇ ਮੇਲ ਕੰਤ ਭਤਾਰ, ਨਾ ਕੋਈ ਦੂਸਰ ਮੀਤ ਮੁਰਾਰ, ਏਕਾ ਏਕ ਹੰਸ ਬਣਾਏ ਕਾਗਿਆ । ਸਤਾਰਾਂ ਹਾੜੀ ਦਿਵਸ ਵਿਚਾਰ, ਗੁਰਮੁਖ ਸਾਚੇ ਦਰ ਘਰ ਸਾਚੇ ਜਾਏ ਵਾੜੀ । ਨੌਂ ਦਵਾਰੇ ਖੋਲ੍ਹ ਦਵਾਰ ਜਿਮੀਂ ਅਸਮਾਨਾਂ ਤੁੱਟੇ ਪਾੜ, ਦਸਵੇਂ ਦਿਸੇ ਹਰਿ ਨਿਰੰਕਾਰ, ਕਲਜੁਗ ਤੇਰੀ ਕਟੇ ਹਾੜੀ । ਫੜ ਫੜਾਏ ਸ਼ਬਦ ਕਟਾਰ, ਗੁਰਮੁਖ ਸੁਹੇਲੇ ਸ਼ਬਦ ਘੋੜੇ ਜਾਏ ਚਾੜ੍ਹੀ । ਨੌਂ ਦਵਾਰੇ ਰੱਖੇ ਬਾਹਰ । ਆਪੇ ਫਿਰੇ ਪਿੱਛੇ ਅਗਾੜੀ । ਜੋਤ ਸਰੂਪੀ ਨਰ ਨਿਰੰਕਾਰ, ਨੇੜ ਨਾ ਆਏ ਮੌਤ ਲਾੜੀ । ਲੱਖ ਚੁਰਾਸੀ ਉਤਰੇ ਪਾਰ, ਲੱਗਿਆ ਫਲ ਗੁਰ ਸੰਗਤ ਵਾੜੀ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਮੰਗੇ ਸਤਿ ਨਾਮ ਨਾਮ ਸਤਿ ਸਤਾਰਾਂ ਹਾੜੀ । ਏਕਾ ਲਾਲ ਕਵਲ ਕਵਲ ਅਮੋਲਿਆ । ਦੂਸਰ ਨਾਹੀ ਉਪਰ ਧਵਲ, ਲੋਕਮਾਤ ਕਿਸੇ ਨਾ ਤੋਲਿਆ । ਸ਼ਿਆਮ ਰੰਗ ਨਾ ਜਾਦੇ ਸਵਲ, ਅਸ਼ਟਭੁਜ ਭੇਵ ਕਿਸੇ ਨਾ ਖੋਲ੍ਹਿਆ । ਪੁਰਖ ਅਬਿਨਾਸ਼ੀ ਘਟ ਘਟ ਵਾਸੀ, ਜੋਤ ਨਿਰੰਜਣ ਕਲ ਪਰਕਾਸ਼ੀ, ਹਰਿਜਨ ਸਾਚੇ ਸੰਤ ਸੁਹੇਲੇ ਤੇਰੇ ਅੰਦਰੇ ਅੰਦਰ ਆਪੇ ਬੋਲਿਆ । ਹਰਿ ਸੇਵਕ ਸੇਵਾਦਾਰ, ਸੁਰਤ ਸੰਭਾਲਿਆ । ਨਿਤ ਨਵਿਤਾ ਸਾਚਾ ਪਿਆਰ, ਸ਼ਬਦ ਤੋੜੇ ਜਗਤ ਜੰਜਾਲਿਆ । ਆਪੇ ਜਾਣੇ ਆਪਣੀ ਕਾਰ, ਆਪੇ ਹੋਏ ਜਗਤ ਦਲਾਲਿਆ । ਪੰਜਾਂ ਚੋਰਾਂ ਰਿਹਾ ਮਾਰ, ਫਲ ਲਗਾਏ ਕਾਇਆ ਡਾਲ੍ਹਿਆ । ਹਉਮੇ ਹੰਗਤਾ ਰੋਗ ਨਿਵਾਰ, ਸ਼ਬਦ ਪਹਿਨਾਏ ਤਨ ਦੁਸ਼ਾਲਿਆ । ਜੋਤ ਸਰੂਪੀ ਕਰ ਉਜਿਆਰ, ਦੀਪਕ ਸਾਚਾ ਏਕਾ ਬਾਲਿਆ । ਸਾਚਾ ਮੇਲ ਪੁਰਖ ਭਤਾਰ, ਸਾਚੀ ਸੇਜਾ ਕੰਤ ਬਹਾਲਿਆ । ਅੱਠੇ ਪਹਿਰ ਸੁੱਤਾ ਰਹੇ ਪੈਰ ਪਸਾਰ, ਬੇਮੁਖਾਂ ਨਾਲ ਕਦੇ ਨਾ ਬੋਲਿਆ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਗੁਰਮੁਖ ਸਾਚੇ ਮੰਦਰ ਤੇਰੇ ਅੰਦਰ ਦਰ ਘਰ ਸਾਚੇ ਆਪੇ ਆਪ ਬੋਲਿਆ । ਹਰਿ ਸੇਵਕ ਸੇਵਾਦਾਰ, ਕਾਇਆ ਗੜ੍ਹ ਹੈ । ਹਰਿ ਸੇਵਕ ਸੇਵਾਦਾਰ, ਉਚ ਮਹੱਲ ਅਟੱਲ ਆਪੇ ਵੇਖੇ ਉਪਰ ਚੜ੍ਹ ਹੈ । ਸਾਚਾ ਦਰ ਇਕ ਦਵਾਰ, ਨਿਰਮਲ ਜਲ ਨਾ ਦਿਸੇ ਉਪਰ ਥਲ ਹੈ । ਨਾ ਕੋਈ ਕਰੇ ਵਲ ਛਲ, ਨਾ ਕੋਈ ਜਾਣੇ ਘੜੀ ਪਲ, ਏਕਾ ਦੀਪਕ ਰਿਹਾ ਬਲ, ਜੰਗਲ ਜੂਹ ਨਾ ਕੋਈ ਉਜਾੜ ਹੈ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਆਪ ਆਪਣੀ ਕਿਰਪਾ ਕਰ, ਗੁਰਮੁਖਾਂ ਮੇਟੇ ਦੂਈ ਸਲ, ਏਕਾ ਦਸੇ ਸਾਚੀ ਧਾਰ ਹੈ । ਜੀਉ ਪਿੰਡ ਤਨ ਸਾਜ, ਸੇਵ ਕਮਾਇੰਦਾ । ਤ੍ਰੈਗੁਣ ਮਾਇਆ ਰੱਖੇ ਲਾਜ, ਸਾਚੀ ਸਾਜਣ ਆਪੇ ਸਾਜ ਬਣਤ ਬਣਾਇੰਦਾ । ਮਨ ਮਤ ਬੁਧ ਦੇਵੇ ਸੱਚਾ ਦਾਜ, ਕਾਇਆ ਕਾਜ ਆਪ ਰਚਾਇੰਦਾ । ਨਿਰਗੁਣ ਜੋਤੀ ਰੱਖੇ ਲਾਜ, ਸ਼ਬਦ ਮੋਤੀ ਤਨ ਪਹਿਨਾਇੰਦਾ । ਸਰਗੁਣ ਸੱਚਾ ਸ਼ਬਦ ਤਾਜ, ਨਿਰਗੁਣ ਅਨਹਦ ਸਾਚੀ ਅਵਾਜ ਇਕ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਸਰਗੁਣ ਭੇਖ ਕਰ ਮਨਮੁਖਾਂ ਮਾਰ ਖਪਾਇੰਦਾ । ਜੀਉ ਪਿੰਡ ਤਨ ਸਾਜ ਅਗਨ ਉਧਾਰਿਆ । ਅਪ ਤੇਜ਼ ਵਾਏ ਪ੍ਰਿਥਮੀ ਅਕਾਸ਼, ਸਰਬ ਪਸਾਰਿਆ । ਨਿਰਗੁਣ ਜੋਤੀ ਰੱਖੇ ਵਾਸ, ਸਰਗੁਣ ਉਧਾਰਿਆ । ਪਵਣ ਚਲਾਏ ਇਕ ਸਵਾਸ, ਦਮਾਂ ਦਮ ਖੇਲ ਅਪਾਰਿਆ । ਨਿਜ ਮੰਦਰ ਅੰਦਰ ਰੱਖੇ ਵਾਸ, ਪ੍ਰੀਤੀ ਨੀਤੀ ਅਪਰ ਅਪਾਰਿਆ । ਆਪੇ ਹੋਇਆ ਰਹੇ ਦਾਸ, ਪੰਚਾਂ ਦੇਵੇ ਕਲ ਸਰਦਾਰਿਆ । ਕਾਇਆ ਸੁੰਞੀ ਜਗਤ ਪਰਭਾਸ, ਏਕਾ ਹੋਇਆ ਅੰਧ

੧੦੮ ੦੫

ਅੰਧਿਆਰਿਆ । ਜਨ ਭਗਤਾਂ ਮਾਨਸ ਦੇਹੀ ਕਰੇ ਰਾਸ, ਗਗਨ ਅਕਾਸ਼ ਖੇਲ ਅਪਾਰਿਆ । ਸੱਤਾਂ ਲੋਕਾਂ ਰੱਖੇ ਵਾਸ, ਸੱਤਾਂ ਚਰਨਾ ਹੇਠ ਲਤਾੜਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੋਤ ਜਗਾਏ ਨਾੜੀ ਨਾੜਿਆ । ਜੀਉ ਪਿੰਡ ਤਨ ਖੇਤ, ਮਨ ਬੌਰਾਨਿਆ । ਕਲਜੁਗ ਮਾਇਆ ਲਗਾ ਹੇਤ, ਜੀਵ ਸ਼ੈਤਾਨਿਆ । ਗੁਰਮੁਖਾਂ ਲਿਖਿਆ ਲੇਖ ਹਰਿ ਮਹੀਨੇ ਚੇਤ, ਆਪੇ ਆਪ ਕਰ ਪਛਾਨਿਆ । ਸਾਢੇ ਤਿੰਨ ਹੱਥ ਰੱਖੇ ਨੀਂਹ, ਸੋਹੰ ਨਾਮ ਸਚ ਪੈਮਾਨਿਆ । ਕਲਜੁਗ ਚੜ੍ਹੀ ਦੁਪਹਿਰ ਜੇਠ, ਸਾਇਆ ਹੇਠ ਨਾ ਕੋਈ ਰਖਾਨਿਆ । ਮਾਇਆ ਭੁੱਲੇ ਰਾਜੇ ਰਾਣੇ ਵਡ ਵਡ ਸੇਠ, ਨਰ ਹਰਿ ਨਾ ਕਿਸੇ ਪਛਾਨਿਆ । ਅੰਤਮ ਭੰਨੇ ਕੌੜੇ ਰੇਠ, ਬੇਮੁਖ ਭੁੰਨੇ ਜਿਉਂ ਭਠਿਆਲੇ ਦਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖਾਂ ਦੇਵੇ ਨਾਮ ਵਰ, ਜੀਉ ਪਿੰਡ ਜਿਸ ਪਛਾਨਿਆ । ਜੀਉ ਪਿੰਡ ਜਲ ਧਾਰ, ਕਵਲ ਪਰਕਾਸ਼ਿਆ । ਮਾਨਸ ਦੇਹੀ ਪੈਜ ਸਵਾਰ, ਰਸਨਾ ਜਪਿਆ ਹਰਿ ਸਵਾਸਿਆ । ਲੱਖ ਚੁਰਾਸੀ ਆਰ ਪਾਰ, ਗੇੜਾ ਮੁੱਕੇ ਗਰਭ ਵਾਸਿਆ । ਨੌਂ ਦਰ ਦਰਵਾਜੇ ਰੱਖੇ ਬਾਹਰ, ਹਰਿਜਨ ਮਿਲਿਆ ਸ਼ਾਹੋ ਸ਼ਾਬਾਸਿਆ । ਦਸਵੇਂ ਖੋਲ੍ਹੇ ਬੰਦ ਕਿਵਾੜ, ਸਾਚਾ ਮੰਡਲ ਸਾਚੀ ਰਾਸਿਆ । ਸਤਾਰਾਂ ਹਾੜੀ ਦਿਵਸ ਅਪਾਰ, ਪੁਰਖ ਅਬਿਨਾਸ਼ੀ ਗੁਰ ਸੰਗਤ ਤੇਰਾ ਹੋਏ ਦਾਸਨ ਦਾਸਿਆ । ਨਾਤਾ ਤੁਟੇ ਜੂਠੇ ਝੂਠੇ ਮੀਤ ਮੁਰਾਰ ਯਾਰ, ਏਕਾ ਏਕ ਨਾਤਾ ਹੋਏ ਸਹਾਈ ਪ੍ਰਿਥਮੀ ਅਕਾਸਿਆ । ਏਕਾ ਪੁਰਖ ਏਕਾ ਨਾਰ, ਸ੍ਰਿਸ਼ਟ ਸਬਾਈ ਹੋਏ ਖਵਾਰ, ਨਾ ਕੋਈ ਜਾਣੇ ਪੁਰਖ ਬਿਧਾਤਿਆ । ਹਰਿਜਨ ਜਨ ਹਰਿ ਅੰਤਮ ਕਲ ਉਤਰੇ ਪਾਰ, ਪਾਰਬ੍ਰਹਮ ਜਿਸ ਮਾਤ ਪਛਾਨਿਆ । ਜੀਉ ਪਿੰਡ ਤਨ ਸਾਜ, ਮੰਦਰ ਉਸਾਰਿਆ । ਕਲਜੁਗ ਰੱਖਣ ਆਇਆ ਲਾਜ, ਜੋਤੀ ਜਾਮਾ ਭੇਖ ਅਪਾਰਿਆ । ਪਰਗਟ ਹੋਏ ਦੇਸ ਮਾਝ, ਚਾਰ ਵਰਨਾਂ ਰੱਖੇ ਸਾਂਝ, ਜ਼ਾਤੀ ਪਾਤੀ ਕਮਲਾਪਾਤੀ ਆਪ ਗੁਵਾ ਰਿਹਾ । ਦਰ ਦਰ ਮੰਗੇ ਹਰਿ ਭਿਖਾਰ, ਚਰਨ ਪ੍ਰੀਤੀ ਵਸਤ ਅਪਾਰ, ਸਤਿਜੁਗ ਸਾਚੇ ਤੇਰੀ ਧਾਰ, ਕਰੇ ਖੇਲ ਅਲੱਖਨਾ ਲਾਖਿਆ । ਸਤਾਰਾਂ ਹਾੜੀ ਸ਼ਬਦ ਉਡਾਰ, ਲੋਆਂ ਪੁਰੀਆਂ ਹੋਏ ਬਾਹਰ, ਜਨ ਭਗਤਾਂ ਕਰੇ ਕਰਾਏ ਬੰਦ ਖੁਲਾਸਿਆ । ਨੌਂ ਦਵਾਰੇ ਸਚ ਦਰਬਾਰ, ਸ਼ਬਦ ਸਿੰਘਾਸਣ ਕਰ ਤਿਆਰ, ਆਸਣ ਲਾਏ ਜੋਤ ਪਰਕਾਸ਼ਿਆ । ਕਾਇਆ ਮੰਦਰ ਮਹੱਲ ਅਪਾਰ, ਚੌਦਾਂ ਲੋਕ ਰਿਹਾ ਉਸਾਰ, ਜੀਵ ਜੰਤ ਨਾ ਪਾਏ ਸਾਰ, ਨਾ ਕੋਈ ਜਾਣੇ ਆਸ ਪਾਸਿਆ । ਅਤਲ ਵਿਤਲ ਸ਼ਤਲ ਸਰਕਾਰ, ਸਾਚਾ ਦੇਸ ਬਲ ਦਵਾਰ, ਬਾਵਨ ਜਾਮਾ ਪੁਰਖ ਅਬਿਨਾਸ਼ਿਆ । ਤਲਾਤਲ ਮਹਾਤਲ ਬੰਨ੍ਹੇ ਧਾਰ, ਰਸਾਤਲ ਗੁਣ ਆਪ ਵਿਚਾਰ, ਲੋਕ ਪਤਾਲ ਰੱਖੇ ਵਾਸਿਆ । ਬਾਸ਼ਕ ਸੇਜਾ ਹਰਿ ਨਿਰੰਕਾਰ, ਸਹੰਸਰ ਮੁਖ ਛਤਰ ਝੁਲਾਰ, ਦੋਏ ਸਹੰਸਰ ਜਿਹਵਾ ਵਿਚਾਰ, ਜੋਤੀ ਜੋਤ ਸਰੂਪ ਹਰਿ, ਸਾਚੀ ਜੋਤ ਕਰੇ ਪਰਕਾਸ਼ਿਆ । ਗੁਰ ਗੁਰ ਸੰਗਤ ਚਰਨ ਦਵਾਰ, ਮਨ ਬੌਰਾਨਿਆ । ਪ੍ਰਭ ਅਬਿਨਾਸ਼ੀ ਕਿਰਪਾ ਧਾਰ, ਚਿਤ ਵਿਤ ਕਰ ਸਰਬ ਧਿਆਨਿਆ । ਗੁਰ ਮੰਤਰ ਸ਼ਬਦ ਅਪਰ ਅਪਾਰ, ਸੋਹੰ ਰਸਨਾ ਰਸ ਵਖਾਨਿਆ । ਗੁਰ ਚਰਨ ਪ੍ਰੀਤੀ ਸਾਚਾ ਜੰਤਰ, ਚਰਨ ਧੂੜ ਜਗਤ ਅਸ਼ਨਾਨਿਆ । ਮਾਨਸ ਦੇਹੀ ਆਪ ਬਣਾਏ ਸਾਚੀ ਬਣਤਰ, ਕਾਲੀ ਕੂਟ ਨਾ ਦਿਸ਼ਾ ਵਖਾਨਿਆ । ਵੇਖ ਵਖਾਏ ਗਗਨ ਗਗਨੰਤਰ, ਸਰਬ ਘਟਾਂ ਘਟ ਜਾਣੀ ਜਾਣਿਆ । ਸਰਬ ਧਾਮ ਪ੍ਰਭ ਸਦਾ ਰਹੰਤਰ, ਗੁਰਮੁਖ ਵਿਰਲੇ ਮਾਤ ਪਛਾਨਿਆ । ਰਸਨਾ ਜਿਹਵਾ ਜਿਹਵਾ ਜਪ ਗੁਰ ਮੰਤਰ, ਕਥਨਾ ਕਥ ਕਥੀ ਵਖਾਨਿਆ । ਬੇਮੁਖ ਭੌਂਦੇ ਦੇਸ ਦੇਸੰਤਰ, ਮੰਦਰ ਅੰਦਰ ਸ੍ਰੀ ਭਗਵਾਨਿਆ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰ ਸੰਗਤ

ਰੋਗ ਸੋਗ ਗਵਾਏ, ਜਗਤ ਵਿਜੋਗ ਅੰਤ ਚੁਕਾਏ, ਤਨ ਮਨ ਬੰਨ੍ਹੇ ਸ਼ਬਦ ਸਾਚਾ ਗਾਨਿਆ । ਤਨ ਮਨ ਬੰਨ੍ਹੇ ਸ਼ਬਦ ਗਾਨਾ । ਭਰਮ ਭੁਲੇਖਾ ਕੱਢੇ ਜਨ, ਸਾਚਾ ਰਾਗ ਕੰਨ ਸੁਣਾਨਾ । ਦੇਵੇ ਵਸਤ ਨਾਮ ਮਾਲ ਧੰਨ, ਠੱਗ ਚੋਰ ਨਾ ਕਿਸੇ ਉਠਾਨਾ । ਕਲਜੁਗ ਜੀਵ ਮਾਇਆ ਅੰਨ੍ਹ, ਬ੍ਰਹਮਪਾਰ ਨਾ ਕਿਸੇ ਪਛਾਨਾ । ਜੂਠਾ ਝੂਠਾ ਭਾਰ ਲਿਆ ਬੰਨ੍ਹ, ਵੇਲੇ ਅੰਤ ਨਾ ਕੋਇ ਉਠਾਨਾ । ਧਰਮ ਰਾਏ ਦਰ ਦੇਵੇ ਡੰਨ, ਕੁੰਭੀ ਨਰਕ ਨਿਵਾਸ ਰਖਾਨਾ । ਗੁਰਮੁਖ ਸਾਚੇ ਸਾਚਾ ਜਨ, ਚਰਨ ਕਵਲ ਕਵਲ ਚਰਨ ਗੁਰ ਕਰ ਧਿਆਨਾ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਇਛਿਆ ਪੂਰ ਕਰਾਏ, ਹਉਮੇ ਹੰਗਤਾ ਰੋਗ ਮਿਟਾਏ, ਕਿਰਪਾ ਕਰ ਸ੍ਰੀ ਭਗਵਾਨਾ । ਆਦਿ ਪੁਰਖ ਅਨਾਦ ਅਨਾਹਦ ਬਾਣੀਆ । ਲੇਖਾ ਲਿਖਿਅ ਆਦਿ ਜੁਗਾਦਿ, ਹਰਿ ਵਡਾ ਸ਼ਾਹ ਸ਼ਾਹਾਨੀਆ । ਵੇਖ ਵਖਾਣੇ ਸਰਬ ਬ੍ਰਹਿਮਾਦ, ਬ੍ਰਹਮਾ ਵਿਸ਼ਨ ਮਹੇਸ਼ ਅੰਡਜ ਜੇਰਜ ਉਤਭੁਜ ਸੇਤਜ ਚਾਰੇ ਖਾਣੀਆ । ਪੁਰੀਆਂ ਲੋਆਂ ਲਏ ਲਾਧ, ਦੀਪਾਂ ਖੰਡਾਂ ਵੰਡ ਵੰਡਾਨਿਆ । ਅਗੰਮ ਅਗੰਮੜਾ ਮਾਧਵ ਮਾਧ, ਆਪੇ ਜਾਣੇ ਆਪਣੀ ਬਾਣੀਆ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਕਲਜੁਗ ਚੁਕਾਏ ਤੇਰੀ ਅੰਤਮ ਕਾਣੀਆਂ । ਆਦਿ ਪੁਰਖ ਅਗੰਮ, ਬੋਧ ਅਗਾਧਿਆ । ਮਾਤਾ ਕੁੱਖ ਨਾ ਪਏ ਜੰਮ, ਪਵਣ ਸਵਾਸੀ ਲਏ ਨਾ ਦਮ, ਨਾ ਕਰੇ ਕਿਸੇ ਅਰਾਧਿਆ । ਹੱਡ ਮਾਸ ਨਾੜੀ ਨਾ ਦਿਸੇ ਚੰਮ, ਆਪਣਾ ਆਪ ਆਪੇ ਸਾਧਿਆ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਸ਼ਬਦ ਚਲਾਏ ਸ਼ਬਦ ਲਿਖਾਏ ਖੁਲ੍ਹੇ ਭੇਵ ਬੋਧ ਅਗਾਧਿਆ । ਹਰਿ ਪੁਰਖ ਅਪਾਰ, ਦਇਆ ਵੰਤਿਆ । ਪੂਰਨ ਬ੍ਰਹਮ ਰਿਹਾ ਵਿਚਾਰ, ਹਰਿਜਨ ਸਾਚੇ ਸਾਧਨ ਸੰਤਿਆ । ਮਾਨਸ ਦੇਹੀ ਕਰਮ ਵਿਚਾਰ, ਮਿਲਾਏ ਮੇਲ ਨਰ ਹਰਿ ਕੰਤਿਆ । ਜੂਠਾ ਝੂਠਾ ਧਵਲੇ ਭਾਰ, ਮਾਤ ਧਰਤ ਕਰੇ ਬੇਨੰਤੀਆ । ਕਲਜੁਗ ਤਪਿਆ ਅੰਗਿਆਰ, ਝੂਠਾ ਡੌਰੂ ਇਕ ਵਜੰਤਿਆ । ਪਰਗਟ ਹੋ ਵਿਚ ਸੰਸਾਰ, ਲੱਖ ਚੁਰਾਸੀ ਖੋਜ ਖੁਜੰਤਿਆ । ਜਨ ਭਗਤਾਂ ਖੋਲ੍ਹੇ ਬੰਦ ਕਿਵਾੜ, ਜਗਤ ਵਿਕਾਰੀ ਤਾਲਾ ਇਕ ਜੁੜੰਤਿਆ । ਲੋਕਮਾਤੀ ਆਈ ਹਾਰ, ਸਤਾਰਾਂ ਹਾੜੀ ਭੇਖ ਧਾਰ ਗੁਣੀ ਗੁਣਵੰਤਿਆ । ਜੀਆਂ ਜੰਤਾਂ ਸੁਣ ਪੁਕਾਰ, ਸਚ ਦਰ ਸੱਚੀ ਸਰਕਾਰ, ਆਪ ਆਪਣੀ ਬੂਝ ਬੁਝੰਤਿਆ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਲੇ ਚਲਾਏ ਆਪਣੀ ਚਾਲੰਤਿਆ । ਚੜ੍ਹਿਆ ਦਿਵਸ ਸੁਭਾਗ, ਸੰਤ ਸਿੱਖ ਗੁਰ ਜਾਗਿਆ । ਪ੍ਰਭ ਅਬਿਨਾਸ਼ੀ ਹੱਥ ਆਪਣੇ ਪਕੜੇ ਵਾਗ, ਸਰਨ ਸਰਨਾਈ ਜੋ ਜਨ ਲਾਗਿਆ । ਆਪ ਬੁਝਾਏ ਆਤਮ ਤ੍ਰਿਸਨਾ ਆਗ, ਜਗਤ ਵਿਕਾਰਾ ਜਾਏ ਭਾਗਿਆ । ਸਤਾਰਾਂ ਹਾੜੀ ਮੇਲ ਕੰਤ ਸੁਹਾਗ, ਧੋਵਣ ਆਇਆ ਕਾਇਆ ਦਾਗਿਆ । ਸੋਹੰ ਸੁਣਨਾ ਸਾਚਾ ਰਾਗ, ਸੁਨ ਅਗੰਮੋ ਆਇਆ ਭਾਗ, ਜੋਤੀ ਸਾਇਆ ਵਿਚ ਬ੍ਰਹਿਮਾਦ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਸੋਇਆ ਮਾਤ ਜਾਗਿਆ । ਚੜ੍ਹਿਆ ਦਿਵਸ ਸੁਭਾਗ, ਹਰਿ ਜਨ ਸਾਕੀਆ । ਪੁਰਖ ਅਬਿਨਾਸ਼ੀ ਜਾਮਾ ਧਾਰੇ, ਲੋਕਮਾਤ ਚੁਕਾਏ ਲਹਿਣਾ ਦੇਣਾ ਬਾਕੀਆ । ਸ਼ਬਦ ਸੁਨੇਹੜਾ ਦੇਵੇ ਵਰ, ਕਦੇ ਨਾ ਜਨਮੇ ਨਾ ਜਾਏ ਮਰ, ਸਾਚਾ ਜਾਮ ਪਿਆਏ ਬਣ ਬਣ ਸਾਚਾ ਸਾਕੀਆ । ਅੱਖਰ ਵੱਖਰ ਨਾਮ ਜਪਾਏ, ਬਜਰ ਕਪਾਟੀ ਤੋੜੇ ਪੱਥਰ ਸ਼ਬਦ ਸਥਰ ਹੱਥ ਉਠਾਏ, ਬੰਦ ਕਿਵਾੜੀ ਖੋਲ੍ਹੇ ਤਾਕੀਆ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਏਕਾ ਏਕ ਰਖਾਏ ਸ਼ਬਦ ਸਾਚਾ ਰਾਕੀਆ । ਸ਼ਬਦ ਰਾਕੀ ਹਰਿ ਸੁਲਤਾਨ । ਲੱਖ ਚੁਰਾਸੀ ਜੂਨ ਖਾਕੀ, ਆਤਮ ਜੋਤੀ ਹਰਿ ਭਗਵਾਨ । ਕੋਇ ਨਾ ਦਿਸੇ ਮਾਤ

੧੦੯ ੦੫

ਆਕੀ, ਹਰਿ ਜੋਧਾ ਸੂਰਾ ਵਡ ਬਲਵਾਨ । ਏਕ ਏਕ ਪਾਕਨ ਪਾਕੀ, ਲੱਖ ਚੁਰਾਸੀ ਜੰਤ ਸ਼ਬਦ ਆਣ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਹਰਿ ਹਰਿ ਜਨ ਸਾਚੇ ਰਸਨਾ ਗਾਣ । ਸਚਖੰਡ ਪਰਧਾਨ ਸਚ ਸਵਾਮੀ । ਏਕਾ ਏਕ ਹਰਿ ਨਿਸ਼ਾਨ, ਸਦਾ ਸਦਾ ਸਦਾ ਨਿਹਕਾਮੀ । ਸ਼ਬਦ ਉਡੇ ਨਾਮ ਉਡਾਣ । ਘਟ ਘਟ ਘਟ ਅੰਤਰਜਾਮੀ । ਕੋਈ ਨਾ ਸੁਝੇ ਪੀਣ ਖਾਣ, ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਰਹੇ ਆਪਣਾ ਹਾਣੀ । ਸਚਖੰਡ ਸਿਕਦਾਰ ਹਰਿ ਨਿਰਵੈਰਿਆ । ਆਪੇ ਜਾਣੇ ਆਪਣੀ ਧਾਰ, ਚਿਤ ਵਿਤ ਗੁਪਤ ਗਹਿਰ ਗੰਭੀਰਿਆ । ਪੁਰਖ ਅਗੰਮ ਅਗੰਮੜੀ ਕਾਰ, ਸੁਨ ਅਗੰਮ ਕਰਾਏ ਚੇਰੀਆ । ਪੱਲੇ ਨਾਮ ਧੰਨ ਨਾ ਕੋਈ ਦੰਮ, ਇਕ ਸੁਹਾਏ ਮੰਦਰ ਅਚਲ ਅਟੱਲ ਸੋਹੰ ਸੱਚਾ ਦੇਸ ਸੁਨਹਰਿਆ । ਨਾ ਕੋਈ ਮਾਤ ਵਲ ਛਲ, ਕਲਜੁਗ ਵਹਿਣ ਝੂਠਾ ਵਹਿ ਰਿਹਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਵੇਖੇ ਜਲ ਥਲ ਚਾਰ ਕੁੱਟਾਂ ਜੂਠਾ ਝੂਠਾ ਵਰਤੇ ਕਹਰਿਆ । ਸਚਖੰਡ ਸਚ ਧਾਰ ਸ਼ਬਦ ਪਰਵਾਨਿਆ । ਨਾ ਕੋਈ ਦਿਸੇ ਠੱਗ ਯਾਰ, ਨਾ ਕੋਈ ਜੰਤ ਜੀਵ ਬੇਮੁਹਾਨਿਆ । ਨਾ ਕੋਈ ਦੀਸੇ ਪਿਤਾ ਪੂਤ ਸੰਗ ਮਾਂ, ਨਾ ਕੋਈ ਦਿਸੇ ਹਾਣੀ ਹਾਣੀਆਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਜਾਣੇ ਭੇਵ ਸਰਬ ਪਰਾਨੀਆਂ । ਸਚਖੰਡ ਸਚ ਭੂਮ ਹਰਿ ਉਪਜਾਇਆ । ਪੁਰਖ ਅਬਿਨਾਸ਼ੀ ਰਿਹਾ ਝੂਮ, ਏਕਾ ਸੇਜਾ ਆਪ ਵਿਛਾਇਆ । ਲਛਮੀ ਚਰਨ ਰਹੀ ਚੂਮ, ਲਾਲ ਭੂਸ਼ਨ ਰੰਗ ਰੰਗਾਇਆ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਸਾਚੇ ਮੰਡਲ ਸਾਚੀ ਰਾਸ ਬਣਾਇਆ । ਸਚਖੰਡ ਜੋਤ ਜੋਤ ਅਮੋਲਿਆ । ਸਚਖੰਡ ਪ੍ਰਭ ਜੋਤ ਵਰਨ ਗੋਤ ਨਾ ਕੋਇ ਬੋਲਿਆ । ਸਚਖੰਡ ਸਗਲ ਸਮਗਰੀ ਏਕਾ ਆਹਾਰ, ਦੂਸਰ ਫੋਲਣ ਨਾਹੀ ਫੋਲਿਆ । ਸਚਖੰਡ ਅਗੰਮੜੀ ਜੋਤ, ਨਾ ਕੋਈ ਰਾਗ ਦਿਸੇ ਢੋਲਿਆ । ਜੋਤੀ ਜੋਤ ਸਰੂਪ ਹਰਿ, ਆਪੇ ਵਸੇ ਸਚ ਘਰ, ਸਚ ਦਵਾਰਾ ਏਕਾ ਖੋਲ੍ਹਿਆ । ਸਚਖੰਡ ਸਚ ਸਲਾਹ ਹਰਿ ਰਘੁਨਾਥਿਆ । ਸਾਚੀ ਪੁਰੀ ਭਗਤ ਮਲਾਹ, ਧੁਰ ਦਰਗਾਹ ਦਿਤਾ ਸੱਚਾ ਸਾਥਿਆ । ਇਕ ਵਖਾਏ ਸਾਚਾ ਰਾਹ, ਗਲੋਂ ਕਟੇ ਚੁਰਾਸੀ ਫਾਹ, ਲੇਖਾ ਲਿਖੇ ਮਸਤਕ ਮਾਥਿਆ । ਗੁਰਮੁਖ ਸਾਚੇ ਦਏ ਬਹਾ, ਵੇਖ ਵਖਾਣੇ ਥਾਉਂ ਥਾਂ, ਤ੍ਰੈਲੋਕੀ ਨਾਥਿਆ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਲੇਖਾ ਆਪੇ ਜਾਣੇ, ਲੇਖ ਲਿਖਾਏ ਮਸਤਕ ਸਾਚੇ ਮਾਥਿਆ ।

★ ੧੭ ਹਾੜ ੨੦੧੨ ਬਿਕ੍ਰਮੀ ਗੁਰ ਸੰਗਤ ਦੀ ਚੁਰਾਸੀ ਕੱਟੀ ਅਤੇ ਨਿਰਵਿਘਨ ਲੰਗਰ ਚਲਾਇਆ ਗਿਆ । ਸਾਰੇ ਰਾਜੇ ਮਹਾਰਾਜਿਆਂ ਅਤੇ ਜਗਤ ਗੁਰੂਆਂ, ਸੰਤਾਂ ਨੂੰ ਸ਼ਬਦ ਭਾਜੀ ਫੇਰ ਕੇ ਸੱਦਿਆ ਗਿਆ ਮਗਰ ਇਸ ਦਿਨ ਉਤੇ ਨਾ ਆਏ । ਕੇਵਲ ਸੰਤ ਲਾਭ ਸਿੰਘ, ਭਗਵਾਨ ਸਿੰਘ ਸੈਦਪੁਰੋਂ ਆਏ ਬਾਕੀ ਸਾਰੀ ਹਰਿ ਸੰਗਤ ਸੀ ।
ਸੱਤ ਰੰਗ ਦਾ ਨਿਸ਼ਾਨ ਸਾਹਿਬ ਦਾ ਝੰਡਾ ਚੜ੍ਹਾਇਆ । ਜਿਸ ਦੇ ਉਤੇ ਸੱਤਾਂ ਦੀਪਾਂ ਦੇ ਨਾਮ ਲਿਖੇ ਹੋਏ ਹਨ ।
ਜੋ ਸੱਤ ਰੰਗ ਜੋਤ ਦੇ ਪਰਕਾਸ਼ ਨੂੰ ਦੱਸਦੇ ਹਨ । ਝੰਡਾ ਸਾਢੇ ਤਿੰਨ ਤਿੰਨ ਹੱਥ ਚਾਰੋਂ ਤਰਫ ਹੈ ।

ਨਿਸ਼ਾਨ ਸਾਹਿਬ ਚਵੀਂ ਹੱਥ ਉਚਾ ਹੈ । ਇਹ ਕਾਕਾ ਜਗਦੀਸ਼ ਸਿੰਘ ਦੀ ਸਸਕਾਰ ਵਾਲੀ ਜਗ੍ਹਾ ਬਣਾਇਆ ਹੈ ।
ਹਰਿ ਸੰਗਤ ਸਤਾਰਾਂ ਹਾੜ ਨੂੰ ਇਕੱਠੀ ਸੀ ਤੇ ਵਿਹਾਰ ਕੀਤਾ ਗਿਆ ਸੀ ।
ਨਿਹਕਲੰਕ ਨਰਾਇਣ ਨਰ ਜੋਤ ਸਰੂਪੀ ਖੇਲ ਕਰ ਰਿਹਾ ਹੈ ਜੀ ।
ਸ਼ਬਦ ਦੀ ਧਾਰਾ ਨਾਲ ਸਰਬ ਜਗਾ ਰਿਹਾ ਹੈ । ਸ਼ਬਦ ਦੀ ਧਾਰ ਨਾਲ ਸਰਬ ਮਿਟਾ ਰਿਹਾ ਹੈ ।
ਸ਼ਬਦ ਦੇ ਅਧਾਰ ਨਾਲ ਪਾਰ ਕਰਾ ਰਿਹਾ ਹੈ । ਗੁਰਮੁਖ ਵਿਚ ਜੋਤ ਪਰਵੇਸ਼ ਹੈ ।
ਆਪੇ ਗੋਬਿੰਦ ਦਸ ਦਸਮੇਸ ਹੈ । ਭੇਖਾਧਾਰੀ ਦਰ ਦਰਵੇਸ ਹੈ ।
ਸ਼ਬਦ ਸਿੰਘਾਸਣ ਹਰਿ ਹਮੇਸ਼ ਹੈ । ਹਰਿ ਸੰਗਤ ਵਡਿਆਈ ਮਾਤ ।
ਨੌਂ ਦਰਵਾਜੇ ਦਾ ਜਗਤ ਦਵਾਰ ਬਣਾਇਆ ਹੈ । ਦਸਵੇਂ ਆਪਣਾ ਡੇਰਾ ਆਪੇ ਲਾਇਆ ਹੈ ।
ਲਿਖ ਲੇਖ ਸਰਬ ਸੁਣਾਇਆ ਹੈ । ਪ੍ਰਭ ਜੋਤੀ ਖੇਲ ਰਚਾਇਆ ਹੈ ।
ਕਲਜੁਗ ਦੀ ਮਾਇਆ ਅਤੇ ਹੰਕਾਰ ਨੇ ਕਿਸੇ ਗੁਰ ਗੱਦੀਦਾਰ ਅਤੇ ਸਾਧ ਸੰਤ ਨੂੰ ਸੁਰਤ ਨਹੀਂ ਆਉਣ ਦਿਤੀ । ★



★ ੧੭ ਹਾੜ ਨੂੰ ਇਹਨਾਂ ਨੂੰ ਸ਼ਬਦ ਭੇਜ ਕੇ ਸਦਿਆ ਗਿਆ ਸੀ, ਪ੍ਰਤੂੰ ਆਏ ਨਹੀਂ ਸਨ । ਉਨ੍ਹਾਂ ਦੇ ਨਾਮ ਇਹ ਹਨ :—
ਡਾ: ਰਾਜਿੰਦਰ ਪ੍ਰਸ਼ਾਦ, ਪ੍ਰਧਾਨ ਮੰਤ੍ਰੀ ਪੰਡਤ ਜਹਾਵਰ ਲਾਲ ਨਹਿਰੂ,
ਮਹਾਰਾਜਾ : ਪਟਿਆਲਾ ; ਫਰੀਦਕੋਟ ; ਸੰਗਰੂਰ ; ਕਪੂਰਥਲਾ ; ਬਿਰਲਾ ਸੇਠ, ਚੀਫ ਜੱਜ, ਸੰਤ ਕਿਰਪਾਲ ਸਿੰਘ ਦਿੱਲੀ, ਸਵਾਮੀ ਮਹਿਤਾ ਜੀ ਆਗਰਾ, ਗੁਰਚਰਨ ਸਿੰਘ ਸਤਿਸੰਗ ਬਿਆਸ, ਸੰਤ ਮਿਹਰ ਸਿੰਘ ਜਲੰਧਰ, ਲਾਭ ਸਿੰਘ ਫ਼ਕੀਰ ਚੰਦ ਹੁਸ਼ਿਆਰਪੁਰ, ਸੰਤ ਰਣਧੀਰ ਸਿੰਘ ਲੁਧਿਆਣਾ, ਗੁਰਬਖ਼ਸ਼ ਸਿੰਘ ਅਡੀਟਰ ਪ੍ਰੀਤ ਲੜੀ । ★

★ ੧੭ ਹਾੜ ੨੦੧੨ ਬਿਕ੍ਰਮੀ ਹਰਿ ਭਗਤ ਦਵਾਰ ਜੇਠੂਵਾਲ ★

ਦਇਆਵਾਨ ਦਇਆਧਾਰ, ਦਇਆਧਾਰ ਦਇਆ ਕਮਾਇੰਦਾ । ਪੂਰਨ ਜੋਤ ਹਰਿ ਭਗਵਾਨ, ਮਾਤ ਜਗਾਇੰਦਾ । ਇਕ ਝੁਲਾਏ ਧਰਮ ਨਿਸ਼ਾਨ, ਸਾਚੀ ਰੰਗਣ ਰੰਗ ਰੰਗਾਇੰਦਾ । ਸੱਤਾਂ ਦੀਪਾਂ ਏਕਾ ਆਣ, ਸਾਚੇ ਸੰਤ ਹਰਿ ਬਣਾਇੰਦਾ । ਗੁਰ ਸੰਗਤ ਮੰਗਣ ਆਇਆ ਦਾਨ, ਬਾਲ ਨਿਧਾਨੇ ਮੰਗ ਮੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਸਤਾਰਾਂ ਹਾੜੀ ਗੁਰ ਸੰਗਤ ਮਾਤ ਫੁਲ ਫੁਲਵਾੜੀ ਆਪਣੀ ਹੱਥੀਂ ਮਾਤ ਲਗਾਇੰਦਾ । ਗੁਰ ਸੰਗਤ ਫੁਲ ਫੁਲਵਾੜੀ, ਮਾਤ ਉਪਾਈਆ । ਸ਼ਬਦ ਕਰੇ ਵਾੜੀ, ਚਾਰੇ

ਕੁੰਟਾਂ ਵਿਆਹਵਣ ਆਇਆ ਮੌਤ ਲਾੜੀ, ਗੁਰ ਸੰਗਤ ਲਾੜਾ ਇਕ ਰਖਾਈਆ । ਸ਼ਬਦ ਘੋੜੇ ਰਿਹਾ ਚਾੜ੍ਹੀ, ਡੋਰ ਆਪਣੇ ਹੱਥ ਰਿਹਾ ਉਠਾਈਆ । ਦਰਗਾਹ ਸਾਚੀ ਰਿਹਾ ਵਾੜੀ, ਲੱਖ ਚੁਰਾਸੀ ਫੰਦ ਕਟਾਈਆ । ਕਲਜੁਗ ਤੇਰੀ ਅੰਤਮ ਵਾਰੀ, ਦਰ ਦਰਵੇਸ਼ਾ ਹਰਿ ਰਘੁਰਾਈਆ । ਲੱਖ ਚੁਰਾਸੀ ਮਾਤ ਖੁਆਰੀ, ਪੁਰੀਆਂ ਲੋਆਂ ਖੇਲ ਰਚਾਈਆ । ਬ੍ਰਹਮਾ ਚਾਰੇ ਮੁਖ ਰਿਹਾ ਉਘਾੜੀ, ਵੇਖ ਵਖਾਣੇ ਜੰਗਲ ਜੂਹ ਪਹਾੜੀ, ਲੋਕਮਾਤ ਕਿਹੜੀ ਕੂਟ ਹੋਏ ਰੁਸ਼ਨਾਈਆ । ਸਿੰਘ ਪਾਲ ਪਕੜ ਉਠਾਏ ਫੜ ਕੇ ਦਾਹੜੀ, ਨਿਹਕਲੰਕ ਕਲ ਜੋਤ ਜਗਾਈਆ । ਗੁਰ ਸੰਗਤ ਦੇਣ ਆਇਆ ਵਰ, ਸਾਚੀ ਬਣਤ ਆਪ ਬਣਾਈਆ । ਧਰਮ ਰਾਏ ਤੇਰਾ ਚੁੱਕੇ ਡਰ, ਪ੍ਰਭ ਆਪਣੇ ਲੜ ਬੰਧਾਈਆ । ਸ਼ਬਦ ਸਿੰਘਾਸਣ ਊਪਰ ਖੜ, ਸਚਖੰਡ ਦਰਵਾਜਾ ਰਿਹਾ ਖੁਲ੍ਹਾਈਆ । ਨੌਂ ਦਵਾਰੇ ਕਰੇ ਬੰਦ, ਗੁਰਮੁਖਾਂ ਦਸਵੇਂ ਬੂਝ ਬੁਝਾਈਆ । ਇਕ ਨੁਹਾਉਣਾ ਪ੍ਰਭ ਆਤਮ ਸਾਚੇ ਸਰ, ਅੰਦਰ ਮੰਦਰ ਮੈਲ ਗਵਾਈਆ । ਸਿੰਘ ਮਨਜੀਤਾ ਗਿਆ ਤਰ, ਸਾਚਾ ਦਰ ਆਪ ਸੁਹਾਈਆ । ਜਗਤ ਜਗਦੀਸੇ ਮਿਲੇ ਵਰ, ਸ਼ਬਦ ਨਿਸ਼ਾਨਾ ਰਿਹਾ ਝੁਲਾਈਆ । ਗੁਰ ਸੰਗਤ ਨਾ ਜਨਮੇ ਨਾ ਜਾਏ ਮਰ, ਸਤਾਰਾਂ ਹਾੜੀ ਮਿਲੀ ਵਡਿਆਈਆ । ਆਤਮ ਝੋਲੀ ਸਭ ਦੀ ਰਿਹਾ ਭਰ, ਆਤਮ ਜੋਤ ਇਕ ਜਗਾਈਆ । ਸਾਚੀ ਕਰਨੀ ਰਿਹਾ ਕਰ, ਦੂਸਰ ਬਣੇ ਨਾ ਕੋਈ ਸਹਾਈਆ । ਸਾਧ ਸੰਗਤ ਜਾਏ ਤਰ, ਜੋ ਸਰਨੀ ਆਏ ਸੀਸ ਝੁਕਾਈਆ । ਜਗਤ ਵਿਕਾਰੀ ਸ਼ਬਦ ਡੰਡਾ ਰਿਹਾ ਛੜ, ਪੁਰਖ ਅਬਿਨਾਸ਼ੀ ਆਪਣੇ ਹੱਥ ਉਠਾਈਆ । ਅੰਦਰੇ ਅੰਦਰ ਪੰਜਾਂ ਤੱਤਾਂ ਨਾਲ ਰਿਹਾ ਲੜ, ਆਪੇ ਬੂਝ ਬੁਝਾਈਆ । ਤੋੜਨ ਆਇਆ ਕਿਲ੍ਹਾ ਹੰਕਾਰੀ ਗੜ੍ਹ, ਸਚ ਮਹੱਲ ਉਪਰ ਚੜ੍ਹ, ਆਪੇ ਕੁੰਡਾ ਲਾਹੀਆ । ਦਰ ਦਰਵੇਸ਼ ਅੱਗੇ ਖੜ, ਨਰ ਨਰੇਸ਼ਾ ਬਾਂਹੋਂ ਫੜ, ਬ੍ਰਹਮਾ ਵਿਸ਼ਨ ਮਹੇਸ਼ਾ ਰਹੇ ਸੀਸ ਝੁਕਾਈਆ । ਸੋਹੰ ਅੱਖਰ ਜਾਣਾ ਪੜ੍ਹ, ਨਾ ਕੋਈ ਸੀਸ ਨਾ ਕੋਈ ਧੜ, ਦਸਮ ਦਵਾਰੀ ਬਾਹਰ ਰਖਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰ ਸੰਗਤ ਤਨ ਚਾੜ੍ਹੇ ਰੰਗਤ, ਹਰਿ ਬਨਵਾਰੀ ਵਣਜ ਵਪਾਰੀ ਭੇਖ ਭਿਖਾਰੀ ਭੇਖ ਵਟਾਈਆ । ਕਾਇਆ ਚੋਲੀ ਰੰਗ ਚਲੂਲ ਹਰਿ ਚੜ੍ਹਾਇਆ । ਲੇਖਾ ਚੁਕਾਏ ਅਗਲਾ ਪਿਛਲਾ ਮੂਲ, ਸਾਚਾ ਸੰਗ ਆਪ ਨਿਭਾਇੰਦਾ । ਆਪੇ ਕੰਤ ਹਰਿ ਕੰਤੂਹਲ, ਸੋਹੰ ਫੁਲ ਭੇਟ ਚੜ੍ਹਾਇੰਦਾ । ਸ਼ਬਦ ਪੰਘੂੜਾ ਲੈਣਾ ਝੂਲ, ਹਰਿ ਸਾਚਾ ਆਪ ਝੁਲਾਇੰਦਾ । ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਗਤ ਨਿਸ਼ਾਨਾ ਧੁਰ ਦਰਗਾਹੀ ਇਕ ਬਿਬਾਣਾ ਲੋਕਮਾਤ ਆਪ ਚੜ੍ਹਾਇੰਦਾ । ਸ਼ਬਦ ਬਿਬਾਣਾ ਕਰ ਤਿਆਰ । ਪੁਰਖ ਅਬਿਨਾਸ਼ੀ ਬੰਨ੍ਹੇ ਧਾਰ । ਕਲਜੁਗ ਤੇਰੀ ਅੰਤਮ ਵਾਰ । ਸਤਿਜੁਗ ਸਾਚਾ ਖ਼ਬਰਦਾਰ । ਦਰ ਦਵਾਰੇ ਆਏ ਸਾਚੇ, ਜੋਤ ਸਰੂਪੀ ਜਾਮਾ ਧਾਰ । ਵੇਖ ਵਖਾਣੇ ਭਾਂਡਾ ਕਾਚਾ, ਲੱਖ ਚੁਰਾਸੀ ਹਰਿ ਠਠਿਆਰ । ਹਰਿਜਨ ਸਾਚਾ ਸਾਜਣ ਸਾਜਾ, ਮੰਗਣ ਆਇਆ ਦਰ ਭਿਖਾਰ । ਏਕਾ ਅੱਖਰ ਹਿਰਦੇ ਵਾਚਾ, ਮਿਲਿਆ ਮੇਲ ਹਰਿ ਨਿਰੰਕਾਰ । ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਲੇਖਾ ਆਪ ਚੁਕਾਏ ਬੈਠ ਸਚ ਸੱਚੇ ਦਰਬਾਰ ।

## ★ ੧੭ ਹਾੜ ੨੦੧੨ ਬਿਕ੍ਰਮੀ ਨਿਸ਼ਾਨ ਸਾਹਿਬ ਚੜ੍ਹਾਨ ਸਮੇਂ ਹਰਿ ਭਗਤ ਦਵਾਰ ਜੇਠੂਵਾਲ ★

੧੧੩ ੦੫

ਨਿਰਵੈਰ ਨਿਰਵੈਰ ਨਿਰਵੈਰ ਨਿਰਵੈਰਿਆ । ਨਿਰਵੈਰ ਨਿਰਵੈਰ ਨਿਰਵੈਰ ਜੋਤ ਨਿਰੰਜਣ ਇਕ ਪਸਰ ਪਸਾਰਿਆ । ਨਿਰਵੈਰ ਨਿਰਵੈਰ ਨਿਰਵੈਰ ਚਾਰ ਵਰਨਾਂ ਦੇਵੇ ਏਕਾ ਮਜਨ, ਭੇਵ ਚੁੱਕੇ ਐਰ ਗੈਰਿਆ । ਨਿਰਵੈਰ ਨਿਰਵੈਰ ਨਿਰਵੈਰ ਸਾਚਾ ਏਕਾ ਸੱਜਣ, ਜਗਤ ਚੁਕਾਏ ਮੇਰ ਤੇਰਿਆ । ਨਿਰਵੈਰ ਨਿਰਵੈਰ ਨਿਰਵੈਰ ਜਨ ਭਗਤਾਂ ਪੜਦੇ ਆਇਆ ਕੱਜਣ, ਕਲ ਕਰ ਕਰ ਆਪਣੀ ਮਿਹਰਿਆ । ਨਿਹਕਲੰਕ ਨਰਾਇਣ ਨਰ, ਏਕਾ ਧਾਰ ਸ਼ਬਦ ਅਪਾਰ ਵਿਚ ਸੰਸਾਰ ਬਹਾ ਰਿਹਾ । ਨਿਹਕਲੰਕ ਨਿਹਕਲੰਕ ਨਿਹਕਲੰਕ ਪੁਰਖ ਅਕਾਲਿਆ । ਸ਼ਬਦ ਡੰਕ ਰਾਓ ਰੰਕ ਬਣੇ ਮਾਤ ਦੁਲਾਲਿਆ । ਆਪ ਸੁਹਾਏ ਥਾਨ ਬੰਕ, ਜੋਤ ਜਗਾਏ ਅੰਞਾਣੇ ਬਾਲਿਆ । ਮਿਲੇ ਮੇਲ ਵਡਿਆਈ ਜਿਉਂ ਭਗਤ ਜਨਕ, ਸਾਚੀ ਰੰਗਣ ਰੰਗ ਰੰਗਾ ਰਿਹਾ । ਆਤਮ ਜੋਤੀ ਲਾਏ ਤਨਕ, ਗੁਰ ਸੰਗਤ ਮੇਲ ਮਿਲਾ ਰਿਹਾ । ਹਰਿ ਕਰੇ ਨਿਮਸਕਾਰ ਬਾਰ ਅਨਕ, ਗੁਰ ਸੰਗਤ ਪੂਰਾ ਹਰਿ ਦਰ ਘਰ ਸਾਚੇ ਪਾ ਲਿਆ । ਦੂਜੇ ਦਰ ਨਾ ਹੋਏ ਮੰਗਤ, ਸਾਧ ਸੰਤ ਗੁਰ ਪੀਰ ਮੰਦਰ ਮਸਜਿਦ ਗੁਰਦਵਾਰਾ ਸ਼ਿਵਦਵਾਲਾ ਹੋਏ ਖਾਲੀਆ । ਏਕਾ ਏਕ ਪੁਰਖ ਅਪਾਰਾ, ਸ਼ਬਦ ਸਰੂਪੀ ਰੰਗ ਅਪਾਰਾ, ਦੋ ਜਹਾਨੀ ਹੋਏ ਦਲਾਲਿਆ । ਜਨ ਭਗਤਾਂ ਬਣੇ ਮਾਤ ਸਹਾਰਾ, ਸੋਹੰ ਦੇਵੇ ਸ਼ਬਦ ਨਗਾਰਾ, ਤਨ ਮੰਦਰ ਵਿਚ ਟਿਕਾ ਲਿਆ । ਵਜਦਾ ਰਹੇ ਵਾਰੋ ਵਾਰ, ਚਾਰੋਂ ਦਿਸ਼ਾ ਨਾ ਕੋਈ ਵਿਚਾਰਾ, ਅਨਹਦ ਡੰਡਾ ਹਰਿ ਉਠਾ ਲਿਆ । ਸਤਿ ਸਰੰਗੀ ਸਤਿਆ ਤਾਰਾਂ, ਛੱਤੀ ਰਾਗਾਂ ਵਸੇ ਬਾਹਰਾ, ਵੇਦ ਪੁਰਾਨਾਂ ਭੇਵ ਨਾ ਪਾ ਲਿਆ । ਵੇਲਾ ਚੁਕਿਆ ਚਾਰ ਯਾਰਾ, ਈਸਾ ਮੂਸਾ ਏਕਾ ਰੰਗ ਰੰਗਾ ਰਿਹਾ । ਖਿੜੀ ਰਹੇ ਮਾਤ ਗੁਲਜਾਰਾ, ਅੰਮ੍ਰਿਤ ਬਰਖੇ ਨਿਝਰ ਧਾਰਾ, ਸੁਰਪਤ ਰਾਜਾ ਇੰਦ ਪ੍ਰਭ ਸਾਚੀ ਸੇਵਾ ਲਾ ਲਿਆ । ਸਾਚਾ ਕੀਆ ਭੇਟ ਦੁਲਾਰਾ, ਲਹੂ ਮਿਝ ਬਣਾਇਆ ਗਾਰਾ, ਸਾਢੇ ਤਿੰਨ ਹੱਥ ਮਹੱਲ ਉਸਾਰਾ, ਗੁਰ ਸੰਗਤ ਸੇਵ ਕਮਾ ਰਿਹਾ । ਪ੍ਰਭ ਬੰਨ੍ਹੇ ਆਪਣੀ ਧਾਰਾ, ਨਿਹਕਲੰਕੀ ਖੇਲ ਅਪਾਰਾ, ਗੁਰ ਗੋਬਿੰਦ ਜੋ ਲਿਖਾ ਲਿਆ । ਜਨ ਭਗਤਾਂ ਬਣੇ ਸਹਾਰਾ, ਖਿਚ ਲਿਆਏ ਚਰਨ ਦਵਾਰਾ, ਨਾ ਕੋਈ ਨਰ ਨਾ ਕੋਈ ਨਾਰਾ, ਏਕਾ ਰੰਗਣ ਹਰਿ ਰੰਗਾ ਰਿਹਾ । ਚੋਬਦਾਰ ਸੱਚੀ ਸਰਕਾਰਾ, ਅੱਠੇ ਪਹਿਰ ਦੇਵੇ ਪਹਿਰਾ, ਸ਼ਬਦ ਡੰਡਾ ਹੱਥ ਉਠਾ ਲਿਆ । ਲੋਕਮਾਤ ਲਏ ਅਵਤਾਰਾ, ਲੱਖ ਚੁਰਾਸੀ ਹੋਈ ਖਵਾਰਾ, ਰਬ ਰਬਵਾਹੀ ਰਾਹ ਨਿਆਰਾ, ਪ੍ਰਭ ਸਾਚਾ ਹੁਕਮ ਸੁਣਾ ਰਿਹਾ । ਆਪ ਸੁਹਾਏ ਦਵਾਰ ਬੰਕਾ, ਜੋਤ ਜਗਾਏ ਬਾਰ ਅਨਕਾ, ਸ਼ਬਦ ਵਜਾਏ ਸਾਚਾ ਡੰਕਾ, ਸਾਧਾਂ ਸੰਤਾਂ ਆਪ ਹਿਲਾ ਰਿਹਾ । ਕਰੇ ਖੇਲ ਬਾਰ ਅਨਕਾ, ਬੇਮੁਖ ਮੂਰਖ ਮੁਗਧ ਤਾਰੇ ਜਿਉਂ ਦਵਾਰੇ ਗਨਕਾ, ਗੁਰ ਸੰਗਤ ਸਾਚੀ ਰੰਗਤ ਇਕ ਚੜ੍ਹਾ ਰਿਹਾ । ਨਿਹਕਲੰਕ ਨਰਾਇਣ ਨਰ, ਲੋਕਮਾਤ ਹਰਿ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਸਾਚਾ ਨਾਮ ਇਕ ਨਿਰੰਜਣ, ਸਾਚੀ ਅਲਖ ਜਗਾ ਰਿਹਾ । ਅਲਖ ਨਿਰੰਜਣ ਆਪ ਦਾਤਾਰ । ਦਾਤਾ ਦਰਦ ਦੁੱਖ ਭੈ ਭੰਜਨ, ਸ੍ਰਿਸ਼ਟ ਸਬਾਈ ਮੀਤ ਮੁਰਾਰ । ਗੁਰਮੁਖ ਸਾਚੇ ਦਰ ਬਹਾਏ ਦਇਆ ਕਮਾਏ ਅੰਮ੍ਰਿਤ ਧਾਰ ਇਕ ਪਿਆਏ, ਲੱਖ ਚੁਰਾਸੀ ਕੀਨੀ ਬਾਹਰ । ਦਰ ਘਰ ਸਾਚੇ ਮੇਲ ਕਰਾਏ, ਆਤਮ ਸਰ ਇਸ਼ਨਾਨ ਕਰਾਏ, ਦੁਰਮਤ ਮੈਲ ਮਾਤ ਗਵਾਏ, ਭਵਜਲ ਬੇੜਾ ਕਰ ਜਾਏ ਪਾਰ । ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਬੇੜਾ ਕਰ ਤਿਆਰ । ਸਾਚਾ ਬੇੜਾ ਕਰ ਤਿਆਰ, ਕੰਧ ਉਠਾਇੰਦਾ । ਕਲਜੁਗ ਡਿਗਾ ਮੂੰਹ

ਦੇ ਭਾਰ, ਸਰਗੁਣ ਕੋਈ ਨਾ ਪਕੜ ਉਠਾਇੰਦਾ । ਨਿਰਗੁਣ ਰੂਪ ਹਰਿ ਕਰਤਾਰ, ਜੋਤੀ ਜਾਮਾ ਭੇਖ ਵਟਾਇੰਦਾ । ਤਿੰਨਾਂ ਲੋਕਾਂ ਨਰ ਸੱਚੀ ਸਰਕਾਰ, ਪੁਰੀਆਂ ਲੋਆਂ ਭਾਰ ਉਠਾਇੰਦਾ । ਜਨ ਭਗਤਾਂ ਸਾਚਾ ਮੀਤ ਮੁਰਾਰ, ਜਗਤ ਨਿਸ਼ਾਨਾ ਇਕ ਉਠਾਇੰਦਾ । ਗੁਣਵੰਤਾ ਗੁਣ ਰਿਹਾ ਵਿਚਾਰ, ਪੂਰਬ ਲਹਿਣਾ ਮਾਤ ਚੁਕਾਇੰਦਾ । ਸੋਲਾਂ ਕਰੇ ਕਰਾਏ ਤਨ ਸ਼ਿੰਗਾਰ, ਪ੍ਰੇਮ ਮਹਿੰਦੀ ਹੱਥ ਰੰਗਾਇੰਦਾ । ਸ਼ਬਦ ਵਟਣਾ ਅਪਰ ਅਪਾਰ, ਗੀਤ ਸੁਹਾਗੀ ਸੋਹੰ ਗਾਇੰਦਾ । ਆਪੇ ਪੁਰਖ ਆਪੇ ਨਾਰ, ਗੁਰਮੁਖ ਲਾੜਾ ਇਕ ਤਿਆਰ ਕਰਾਇੰਦਾ । ਸਤਾਰਾਂ ਹਾੜੀ ਦਿਵਸ ਵਿਚਾਰ, ਚਿੱਟੀ ਕੁੱਲੀ ਭਾਗ ਲਗਾਇੰਦਾ । ਮਾਨਸ ਜਨਮ ਨਾ ਆਏ ਹਾਰ, ਸਿੰਘ ਮਨਜੀਤਾ ਰਾਹ ਵਖਾਇੰਦਾ । ਸੋਲਾਂ ਮੱਘਰ ਹੋ ਤਿਆਰ, ਗੁਰ ਸੰਗਤ ਆਪਣਾ ਲੜ ਫੜਾਇੰਦਾ । ਪਿੱਛੇ ਆਉਣਾ ਵਾਰੋ ਵਾਰ, ਨਾ ਕਰਨਾ ਕੋਈ ਹੁਦਾਰ, ਸਾਚਾ ਧਾਮ ਇਕ ਵਖਾਇੰਦਾ । ਮਿਲਿਆ ਮੇਲ ਪੁਰਖ ਭਤਾਰ, ਆਤਮ ਹੋਈ ਠੰਡੀ ਠਾਰ, ਸਾਚੇ ਸੋਮੇ ਤਾਰੀ ਲਾਇੰਦਾ । ਕਿਰਪਾ ਕਰੇ ਨਰ ਨਿਰੰਕਾਰ, ਦੇਵੇ ਵਰ ਸਗਲ ਪਸਾਰ, ਪੁਰੀ ਇੰਦਰ ਰਾਹ ਵਖਾਇੰਦਾ । ਸ਼ਬਦ ਸਿੰਘਾਸਣ ਕਰ ਤਿਆਰ, ਏਕਾ ਜੋਤ ਮਾਤ ਪਰਕਾਸ਼ ਭੇਖ ਪਖੰਡਾ ਦਏ ਨਿਵਾਰ, ਸਾਚੀ ਧਾਰ ਬੰਨ੍ਹਾਇੰਦਾ । ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਕਰਮ ਆਪੇ ਆਪ ਕਰਾਇੰਦਾ । ਪੁਰਖ ਅਗੰਮ ਅਗੰਮੜਾ, ਜਗਤ ਅਗੰਮੜੀ ਕਾਰ । ਨਾ ਕੋਈ ਮਾਤ ਪਿਤ ਨਾ ਕੋਈ ਪਿਤਾ ਮਾਈ ਅੰਮੜਾ, ਜੋਤ ਨਿਰੰਜਣ ਇਕ ਅਕਾਰ । ਹੱਡ ਮਾਸ ਨਾ ਕੋਈ ਚੰਮੜਾ, ਆਪ ਆਪਣਾ ਰਿਹਾ ਉਸਾਰ । ਜੋਤੀ ਜੋਤ ਸਰੂਪ ਹਰਿ, ਆਦਿ ਪੁਰਖ ਅਪਰੰਪਰ ਸਵਾਮੀ ਏਕਾ ਏਕ ਇਕ ਅਕਾਰ । ਏਕਾ ਏਕ ਅਕਾਲਿਆ । ਦੂਜੀ ਨਾ ਕੋਈ ਰੱਖੇ ਟੇਕ, ਸਾਚਾ ਸ਼ਬਦ ਨਾਲ ਉਠਾ ਲਿਆ । ਤੀਜੇ ਕਦੇ ਨਾ ਲਗੇ ਸੇਕ, ਪਵਣ ਸਵਾਸ ਸੇਵਾ ਲਾ ਲਿਆ । ਚੌਥੇ ਘਰ ਸਦਾ ਬਿਬੇਕ, ਪੀਣਾ ਖਾਣਾ ਹਰਿ ਚੁਕਾ ਲਿਆ । ਪੰਚਮ ਆਪੇ ਰਿਹਾ ਵੇਖ, ਦੂਸਰ ਸੰਗ ਨਾ ਕੋਈ ਵਖਾ ਲਿਆ । ਛੇਵੇਂ ਛੱਪਰ ਮਾਇਆ ਟੇਕ, ਗਗਨ ਪਤਾਲਾਂ ਸਰਬ ਉਠਾ ਲਿਆ । ਸੱਤਵੇਂ ਸਤਿ ਪੁਰਖ ਨਿਰੰਜਣ ਸਦਾ ਆਦੇਸ, ਨਾ ਮਰੇ ਨਾ ਕਦੇ ਜਿਵਾ ਲਿਆ । ਸਤਿ ਪੁਰਖ ਨਿਰੰਜਣ ਸਤਿ ਸਤਿ ਸਤਿਵਾਦਿਆ । ਜੁਗਾ ਜੁਗੰਤਰ ਜੀਵ ਜੰਤ ਬਣਾਏ ਬਣਤ, ਦੇ ਮਤ ਸ਼ਬਦ ਸਿਖਾ ਲਿਆ । ਨਾੜੀ ਬਹੱਤਰ ਨਾ ਉਬਲੇ ਰਤ, ਸਾਚੇ ਵਤ ਨਾਮ ਬਿਜਾ ਲਿਆ । ਵੇਲੇ ਅੰਤਮ ਰੱਖੇ ਪਤਿ, ਸਿਰ ਆਪਣਾ ਹੱਥ ਰਖਾ ਲਿਆ । ਆਪੇ ਜਾਣੇ ਮਿਤ ਗਤ, ਕਲਜੁਗ ਕਾਲੇ ਕਰਮ ਕਮਾ ਲਿਆ । ਸ਼ਬਦ ਬਣਾਏ ਸਾਚਾ ਰਥ, ਰਥ ਰਥਵਾਹੀ ਆਪ ਅਖਵਾ ਲਿਆ । ਸੱਤਾਂ ਦੀਪਾਂ ਪਕੜੇ ਨੱਥ, ਸ਼ਬਦ ਡੋਰੀ ਹੱਥ ਰਖਾ ਲਿਆ । ਪ੍ਰਭ ਦੇਵਣ ਆਇਆ ਵਟ, ਸੋਹੰ ਵਟਨਾ ਅੱਗੇ ਲਾ ਲਿਆ । ਆਪੇ ਜਾਣੇ ਘਟ ਘਟ, ਭੇਵ ਕਿਸੇ ਨਾ ਪਾ ਲਿਆ । ਲੱਖ ਚੁਰਾਸੀ ਭੌਂਦੀ ਤੀਰਥ ਤਟ, ਕਾਇਆ ਮਟ ਨਾ ਜੋਤ ਜਵਾਲਿਆ । ਸਤਾਰਾਂ ਹਾੜੀ ਖੁਲ੍ਹਾਏ ਸਾਚਾ ਹੱਟ, ਕਾਇਆ ਮੰਦਰ ਇਕ ਖੁਲ੍ਹਾ ਲਿਆ । ਨਾ ਕੋਈ ਖੇਲ ਬਾਜੀਗਰ ਨਟ, ਜੋਤ ਨਿਰੰਜਣ ਜਾਮਾ ਪਾ ਲਿਆ । ਗੁਰਮੁਖਾਂ ਤਨ ਪਹਿਨਾਏ ਏਕਾ ਪਟ, ਗੁਰਮੁਖਾਂ ਮੇਲ ਹਰਿ ਦਵਾਰਿਆ । ਸਾਚਾ ਲਾਹਾ ਜਾਣ ਖੱਟ, ਲੱਖ ਚੁਰਾਸੀ ਫੰਦ ਕਟਾ ਲਿਆ । ਤਨ ਨਗਾਰੇ ਇਕ ਲਗਾਏ ਸੋਹੰ ਸ਼ਬਦ ਸਾਚੀ ਸੱਟ, ਸਾਚਾ ਤਾਲ ਇਕ ਵਜਾ ਰਿਹਾ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਗੁਰ ਸੰਗਤ ਸਾਚੀ ਦੇਵੇ ਵਰ, ਦਰ ਆਏ ਦਰਸ਼ਨ ਪਾ ਲਿਆ । ਦਰ ਦਵਾਰੇ ਆਏ ਦਰਸ਼ਨ ਪਾਇਆ । ਕਾਇਆ ਮੰਦਰ ਸੋਹੇ ਚੁਬਾਰੇ, ਨਰ ਹਰਿ

ਸਾਚਾ ਵਿਚ ਵਸਾਇਆ । ਮਾਇਆ ਜੰਦੇ ਲਾਹੇ ਭਾਰੇ, ਸੋਹੰ ਡੰਡਾ ਹੱਥ ਰਖਾਇਆ । ਜੋਤੀ ਜਗੇ ਅਗੰਮ ਅਪਾਰੇ, ਮਦਿਰਾ ਮਾਸ ਜਿਸ ਤਜਾਇਆ । ਸਤਾਰਾਂ ਹਾੜੀ ਦਿਵਸ ਵਿਚਾਰੇ, ਨਿਹਕਲੰਕ ਡੰਕ ਵਜਾਇਆ । ਮਨ ਤਨ ਹੰਕਾਰੇ, ਦੁਰਮਤ ਮੈਲ ਦਏ ਗਵਾਇਆ । ਪਰਗਟ ਹੋਏ ਵਿਚ ਸੰਸਾਰੇ, ਪੜਦਾ ਉਹਲਾ ਆਪ ਚੁਕਾਏ ਗੁਰ ਗੋਬਿੰਦਾ ਬਣਿਆ ਲਿਖਾਰੇ, ਸੰਬਲ ਦੇਸ ਡੇਰਾ ਲਾਇਆ । ਜੀਵ ਜੰਤ ਨਾ ਪਾਏ ਸਾਰੇ, ਹਰਿ ਮੰਦਰ ਪੜ੍ਹ ਪੜ੍ਹ ਥੱਕੇ ਭਰਮ ਭੁਲਾਇਆ । ਆਪੇ ਡੋਬੇ ਆਪੇ ਤਾਰੇ, ਜੁਗਾ ਜੁਗੰਤਰ ਖੇਲ ਅਪਾਰੇ, ਜਨ ਭਗਤਾਂ ਦੇਵੇ ਨਾਮ ਸਹਾਰੇ, ਸਾਚਾ ਵੰਞ ਨਾਮ ਲਗਾਇਆ । ਕਲਜੁਗ ਬੇੜਾ ਅੰਤ ਕਿਨਾਰੇ, ਪ੍ਰਭ ਅਬਿਨਾਸ਼ੀ ਡੋਬੇ ਮੰਝਧਾਰੇ, ਉਲਟਾ ਗੇੜਾ ਰਿਹਾ ਦਵਾਇਆ । ਗੁਰ ਸੰਗਤ ਸੌਣਾ ਪੈਰ ਪਸਾਰੇ, ਪੁਰਖ ਅਬਿਨਾਸ਼ੀ ਪਹਿਰੇਦਾਰ, ਧਰਮ ਰਾਏ ਨਾ ਆਏ ਦਵਾਰ, ਲੱਖ ਚੁਰਾਸੀ ਸਿਹਰਾ ਲਾਇਆ । ਜਗੇ ਜੋਤ ਅਗੰਮ ਅਪਾਰੇ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣਾ ਕਰਮ ਕਮਾਇਆ । ਗੁਰ ਪੂਰਾ ਕਰਮ ਕਮਾਏ ਕਰੇ ਵਿਚਾਰਿਆ । ਜਨ ਭਗਤਾਂ ਦਇਆ ਕਮਾਏ, ਮਿਲੇ ਵਡਿਆਏ ਵਿਚ ਸੰਸਾਰਿਆ । ਸਾਚਾ ਮਾਰਗ ਰਿਹਾ ਵਖਾਏ, ਮਾਨਸ ਦੇਹੀ ਅਪਰ ਅਪਾਰਿਆ । ਲੱਖ ਚੁਰਾਸੀ ਹੱਥ ਨਾ ਆਏ, ਲੇਖਾ ਲਿਖੇ ਵਾਰੋ ਵਾਰਿਆ । ਗੁਰਮੁਖਾਂ ਮੇਲ ਹਰਿ ਰਘੁਰਾਏ, ਜਮ ਕਾ ਜੇੜਾ ਆਪ ਕਟਾ ਰਿਹਾ । ਵੇਲੇ ਅੰਤ ਹੋਏ ਸਹਾਏ, ਸਾਚੇ ਬੇੜੇ ਫੜ ਚੜ੍ਹਾ ਰਿਹਾ । ਦਰਸ ਦਿਖਾਏ ਥਾਉਂ ਥਾਏਂ, ਦੂਰ ਨੇੜਾ ਨਾ ਕੋਈ ਵਖਾ ਰਿਹਾ । ਫੜ ਫੜ ਬਾਂਹੋਂ ਰਾਹੇ ਪਾਏ, ਲੋਆਂ ਪੁਰੀਆਂ ਪੈਰਾਂ ਹੇਠ ਝਸਾ ਰਿਹਾ । ਦਰਗਾਹ ਸਾਚੀ ਮਾਣ ਦਵਾਏ, ਸਚ ਸਿੰਘਾਸਣ ਡੇਰਾ ਲਾਏ, ਜੋਤ ਨਿਰੰਜਣ ਇਕ ਰਘੁਰਾਏ, ਗੁਰਮੁਖ ਸਾਚੇ ਮਾਣਕ ਮੋਤੀ ਸਾਚਾ ਹਾਰ ਬਣਾ ਰਿਹਾ । ਕਲਜੁਗ ਅੰਤਮ ਜਗੇ ਜੋਤੀ, ਨਾ ਕੋਈ ਵਰਨ ਨਾ ਕੋਈ ਗੋਤੀ, ਗੁਰਮੁਖਾਂ ਉਠਾਏ ਕਾਇਆ ਸੋਤੀ, ਸ਼ਬਦ ਡੰਡਾ ਮਗਰ ਲਗਾ ਰਿਹਾ । ਦੁਰਮਤ ਮੈਲ ਗਈ ਧੋਤੀ, ਬਾਤੀ ਜੋਤ ਇਕ ਇਕਲੌਤੀ, ਇੰਦ ਇੰਦਰਾਸਣ ਸੇਵ ਕਮਾ ਰਿਆ । ਕਰੋੜ ਛਿਆਨਵੇਂ ਸਤਾਰਾਂ ਹਾੜੀ ਰੋਤੀ, ਛੱਡ ਸਿੰਘਾਸਣ ਇੰਦਰ ਮੁਖ ਭੁਵਾ ਰਿਹਾ । ਲੋਕਮਾਤ ਕਲਜੁਗ ਜੋਤੀ, ਲੋਆਂ ਪੁਰੀਆਂ ਧਾਰ ਬੰਨ੍ਹਾ ਰਿਹਾ । ਲੋਆਂ ਪੁਰੀਆਂ ਬੰਨ੍ਹੇ ਧਾਰ, ਵਡ ਸੰਸਾਰਿਆ । ਬ੍ਰਹਮੇ ਕਰਮ ਵਿਚਾਰ, ਪੁਰਖ ਅਬਿਨਾਸ਼ੀ ਪਾਏ ਸਾਰ, ਅੰਤਮ ਆਇਆ ਪਾਰ ਕਿਨਾਰਿਆ । ਵੇਦ ਵਖਾਣੇ ਮੁਖੜੇ ਚਾਰ, ਕਲਜੁਗ ਸਹਿਣੇ ਪਏ ਦੁੱਖੜੇ, ਛੱਡਣੀ ਪਈ ਸੱਚੀ ਸਿਕਦਾਰ, ਨਾ ਦੇਵੇ ਕੋਈ ਸਹਾਰਿਆ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਲੋਕਮਾਤ ਹਰਿ ਜੋਤ ਧਰ, ਸਾਚਾ ਕਰਮ ਆਪ ਕਮਾ ਰਿਹਾ । ਸਾਚਾ ਕਰਮ ਕਮਾਏ, ਸਹਿਜ ਸੁਖ ਵਾਸਿਆ । ਕਲਜੁਗ ਗਿਆ ਧਰਮ ਗਵਾਏ, ਗੁਰਮੁਖਾਂ ਮਨ ਰਹੇ ਉਦਾਸੀਆ । ਠੱਗ ਚੋਰ ਯਾਰ ਚਾਰੋਂ ਕੁੰਟ ਫਿਰਨ ਹਲਕਾਏ, ਗੁਰ ਮੰਦਰ ਅੰਦਰ ਮਦਿਰਾ ਮਾਸੀਆ । ਸਾਚਾ ਨਾਉਂ ਨਾ ਦਿਸੇ ਕਿਸੇ ਥਾਏਂ, ਏਕਾ ਭੁੱਲਿਆ ਪੁਰਖ ਅਬਿਨਾਸ਼ੀਆ । ਨਾ ਕੋਈ ਪਿਤਾ ਨਾ ਕੋਈ ਮਾਏ, ਨਾ ਕੋਈ ਜਾਣੇ ਸ਼ਾਹ ਸ਼ਾਬਾਸੀਆ । ਜਨ ਭਗਤਾਂ ਦੇਵੇ ਠੰਡੀ ਛਾਏ, ਕਰੇ ਬੰਦ ਖੁਲਾਸੀਆ । ਵੇਲੇ ਅੰਤਮ ਹੋਏ ਸਹਾਏ, ਮਾਨਸ ਜਨਮ ਕਰੇ ਰਹਿਰਾਸੀਆ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਜੋਤ ਜਗਾਏ ਮਾਤ ਪਤਾਲ ਪ੍ਰਿਥਮੀ ਅਕਾਸ਼ਿਆ । ਮਾਤ ਪਤਾਲ ਅਕਾਸ਼, ਸਰਬ ਵਿਆਪਿਆ । ਨੌਂ ਅਠਾਰਾਂ ਮਾਤ ਗਰਭ ਦਸ ਦਸ ਮਾਸ, ਆਪੇ ਜਾਣੇ ਆਪਣਾ ਜਾਪਿਆ । ਮਾਨਸ ਦੇਹੀ ਪਵਣ ਸੁਵਾਸ, ਰਸਨਾ ਗਾਏ ਹਰਿ ਸੁਵਾਸਿਆ । ਕਲਜੁਗ ਮਾਇਆ ਕਰੇ ਨਾਸ, ਪਰਗਟ ਹੋਏ ਘਨਕਪੁਰ ਵਾਸੀਆ । ਸਚ ਮੰਡਲ ਘਰ ਸਾਚੀ ਰਾਸ,

ਮਿਲੇ ਮੇਲ ਸ਼ਾਹੋ ਸ਼ਾਬਾਸਿਆ । ਪੂਰਨ ਕਰੇ ਹਰਿ ਜੀ ਆਸ, ਹਉਮੇ ਰੋਗ ਚਿੰਤ ਗੁਵਾਸਿਆ । ਸਦ ਵਸੇ ਆਸ ਪਾਸ, ਨਰ ਨਰਾਇਣਾ ਰਹੇ ਦਾਸਿਆ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਪਵਣ ਉਨੰਜਾ ਛਤਰ ਝੁਲਾਸਿਆ । ਸਾਚਾ ਛਤਰ ਝੁਲਾਏ ਹਰਿ ਜਗਦੀਸ਼ਰਾ । ਕਲਜੁਗ ਤੇਰੀ ਔਧ ਵਿਹਾਏ, ਨਾ ਕੋਈ ਜਾਣੇ ਤਪੀ ਤਪੀਸ਼ਰਾ । ਸਾਧ ਸੰਤ ਸਰਬ ਭੁਲਾਏ, ਭੇਵ ਨਾ ਪਾਏ ਮੁਨ ਰਿਖ ਰਿਖੀਸ਼ਰਾ । ਪ੍ਰਭ ਅਬਿਨਾਸ਼ੀ ਜੋਤ ਜਗਾਏ, ਆਦਿ ਅੰਤ ਹਰਿ ਸਾਚਾ ਈਸ਼ਰਾ । ਵੇਸ ਅਨੇਕਾ ਡੇਰਾ ਲਾਏ, ਜੋਤ ਸਰੂਪੀ ਹਰਿ ਭੇਵ ਨਾ ਪਾਏ, ਬ੍ਰਹਮਾ ਵਿਸ਼ਨ ਮਹੇਸ਼ਰਾ । ਬ੍ਰਹਮਾ ਵਿਸ਼ਨ ਮਹੇਸ਼ ਜਗਤ ਨਾ ਜਾਣਿਆ । ਆਪੇ ਵਸੇ ਆਪਣੇ ਦੇਸ, ਗੁਰਮੁਖ ਵਿਰਲੇ ਮਾਤ ਪਛਾਣਿਆ । ਜੁਗਾ ਜੁਗੰਤਰ ਧਾਰੇ ਭੇਸ, ਨਿਰਗੁਣ ਸਰਗੁਣ ਖੇਲ ਅਪਾਰਿਆ । ਪਰਗਟ ਹੋਏ ਮਾਝੇ ਦੇਸ, ਗੁਰ ਗੋਬਿੰਦਾ ਲੇਖ ਲਿਖਾ ਰਿਹਾ । ਕਾਇਆ ਨਗਰੀ ਸੰਬਲ ਦੇਸ, ਹਰਿ ਸੁਹਾ ਲਿਆ । ਨਾ ਕੋਈ ਜਾਣੇ ਰਿਖੀ ਰਖੇਸ਼, ਲਿਖਿਆ ਲੇਖਾ ਪੂਰ ਕਰਾ ਰਿਹਾ । ਮੇਟ ਮਿਟਾਏ ਔਲੀਏ ਪੀਰ ਸ਼ੇਖ਼, ਸ਼ਬਦ ਡੰਡਾ ਹੱਥ ਉਠਾ ਰਿਹਾ । ਸ੍ਰਿਸ਼ਟ ਸਬਾਈ ਰਿਹਾ ਵੇਖ, ਹਰਿ ਆਪਣਾ ਆਪ ਛੁਪਾ ਰਿਹਾ । ਗੁਰਮੁਖ ਵਿਰਲੇ ਤੀਜੇ ਨੇਤਰ ਲੈਣ ਵੇਖ, ਜਿਸ ਬਜਰ ਕਪਾਟੀ ਖੁਲ੍ਹਾ ਰਿਹਾ । ਮੇਟ ਮਿਟਾਏ ਬਿਧਨਾ ਲਿਖੀ ਰੇਖ, ਸਤਾਰਾਂ ਹਾੜੀ ਹਠ ਕਮਾ ਰਿਹਾ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਲੋਕਮਾਤ ਹਰਿ ਜੋਤ ਧਰ, ਸੰਬਲ ਦੇਸ ਮੁਖ ਛੁਪਾ ਰਿਹਾ । ਸੰਬਲ ਸਾਚਾ ਦੇਸ ਸਤਿਗੁਰ ਜਾਣਿਆ । ਸਸਾ ਸਹਿਜ ਸੁਭਾਏ, ਪੂਰਨ ਹਰਿ ਪਛਾਣਿਆ । ਦੂਸਰ ਕਿਸੇ ਨਾ ਥਾਏਂ, ਕਲਜੁਗ ਭੁਲੇ ਜੀਵ ਅੰਞਾਣਿਆ । ਜੋਤ ਨਿਰੰਜਣ ਇਕ ਰਘੁਰਾਏ, ਸਾਚੇ ਮੰਦਰ ਰਿਹਾ ਜਗਾਏ, ਅਟੱਲ ਮਹੱਲ ਅਚੱਲ ਆਪੇ ਵਸੇ ਸਚ ਟਿਕਾਣਿਆ । ਨਿਹਕਲੰਕ ਨਰਾਇਣ ਨਰ, ਜੋਤੀ ਜਾਮਾ ਭੇਖ ਧਰ, ਸੰਬਲ ਦੇਸ ਵੇਸ ਕਰ, ਕਰੇ ਖੇਲ ਮਹਾਨਿਆ । ਸੰਬਲ ਦੇਸ ਤੇਰੀ ਵੰਡ, ਪ੍ਰਭ ਆਪ ਕਰਾਈ ਭਾਰਤ ਖੰਡ । ਸਦੀ ਚੌਧਵੀਂ ਦੇਵੇ ਦੰਡ । ਲੱਖ ਚੁਰਾਸੀ ਟੁੱਟੀ ਗੰਢ । ਸ਼ਬਦ ਫੜੀ ਹੱਥ ਚੰਡ ਪਰਚੰਡ । ਬੇਮੁਖ ਜੀਵ ਨਾਰ ਦੁਹਾਗਣ, ਚਾਰੋਂ ਕੁੰਟ ਦਿਸੇ ਰੰਡ । ਗੁਰਮੁਖ ਸਾਚੇ ਨਾਰ ਸੁਭਾਗਣ, ਪੁਰਖ ਅਬਿਨਾਸ਼ੀ ਸਾਚਾ ਨਾਮ ਰਿਹਾ ਵੰਡ । ਕਲਜੁਗ ਰੈਣ ਅੰਧੇਰ ਘੋਰ, ਗੁਰਮੁਖ ਸਾਚੇ ਸੰਤ ਸੁਹੇਲੇ ਜਾਗਣ, ਪ੍ਰਭ ਆਪ ਉਠਾਏ ਲੱਖ ਚੁਰਾਸੀ ਬੰਨ੍ਹੀ ਪੰਡ । ਪੁਰਖ ਅਬਿਨਾਸ਼ੀ ਚਰਨੀ ਲਾਗਣ, ਬਾਲ ਜੁਵਾਨੀ ਨਾ ਜਾਏ ਹੰਢ । ਪੂਰਨ ਹੋਇਣ ਮਾਤ ਭਾਗਣ, ਪੱਲੇ ਬੰਨ੍ਹਣ ਨਾਮ ਗੰਢ । ਨਿਹਕਲੰਕ ਨਰਾਇਣ ਨਰ, ਲੋਕਮਾਤ ਹਰਿ ਜੋਤ ਧਰ, ਸ਼ਬਦ ਖੰਡਾ ਹੱਥ ਫੜ, ਮੇਟ ਮਿਟਾਏ ਭੇਖ ਪਖੰਡ । ਭੇਖ ਪਖੰਡ ਹਰਿ ਮਿਟਾਵਣਾ । ਰਾਜਾ ਰਾਣਾ ਪਕੜ ਉਠਾਵਣਾ । ਸਾਚਾ ਸ਼ਬਦ ਇਕ ਚਲਾਵਣਾ । ਚਾਰੇ ਵਰਨਾਂ ਰਾਹ ਵਖਾਵਣਾ । ਏਕਾ ਸਾਚੀ ਸਰਨਾ ਆਪ ਸਮਝਾਵਣਾ । ਆਪੇ ਚੁੱਕੇ ਮਰਨਾ ਡਰਨਾ, ਪ੍ਰਭ ਸਮਰਥ ਸਿਰ ਹੱਥ ਟਿਕਾਵਣਾ । ਆਪੇ ਜਾਣੇ ਕਰਨੀ ਕਰਨਾ, ਦੂਸਰ ਭੇਵ ਕਿਸੇ ਨਾ ਪਾਵਣਾ । ਨਿਹਕਲੰਕ ਨਰਾਇਣ ਨਰ, ਸੰਬਲ ਦੇਸ ਜੋਤ ਧਰ, ਸ਼ਬਦ ਡੰਕ ਵਜਾਵਣਾ । ਸੰਬਲ ਦੇਸ ਤੇਰੀ ਹੱਦ । ਕਾਇਆ ਮੰਦਰ ਵੱਜੇ ਨਦ । ਗੁਰਮੁਖ ਸਾਚੇ ਸੰਤ ਰਿਹਾ ਸਦ । ਬੇਮੁਖ ਘਰ ਘਰ ਪੀਂਦੇ ਮਧ । ਦਇਆਵਾਨ ਦਇਆ ਨਿਧ ਦਾਤਾ ਭਾਗ ਲਗਾਏ ਦਇਆ ਕਮਾਏ ਵਿਸ਼ਨੂੰ ਵੰਸੀ ਵਡ ਸਰਬੰਸੀ, ਭਗਤ ਜਨਾਂ ਸਾਚੀ ਦੇਵੇ ਵਡਿਆਈ ਵਿਚ ਸਹੰਸੀ, ਬੇਮੁਖ ਮਿਟਾਏ ਜਿਉਂ ਕਾਹਨਾ ਕੰਸੀ, ਸ਼ਬਦ ਡੋਰੀ ਬੰਨ੍ਹਾਏ ਬੰਧ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੋਕਮਾਤ ਹਰਿ ਜੋਤ ਧਰ, ਸੰਬਲ ਦੇਸ ਵੇਸ ਕਰ, ਗੁਰਮੁਖਾਂ ਵਖਾਏ

ਚੌਥਾ ਪਦ । ਸੰਬਲ ਨਗਰ ਅਪਾਰ, ਚਾਰ ਦੁਆਰਿਆ । ਨਿਰਮਲ ਜੋਤੀ ਇਕ ਅਕਾਲਾ, ਵੇਖ ਨਾ ਸਕੇ ਕੋਈ ਸੰਸਾਰਿਆ । ਸਾਚਾ ਭਰਿਆ ਅੰਮ੍ਰਿਤ ਸਾਗਰ ਡੂੰਘੀ ਗਾਗਰ, ਦਸਵੇਂ ਮਹੱਲ ਆਪ ਟਿਕਾ ਰਿਹਾ । ਵੇਖੇ ਰੰਗ ਰਤੀ ਰਤਨਾਗਰ, ਨਿਰਮਲ ਹੋਏ ਕਰਮ ਉਜਾਗਰ, ਦਰ ਦਵਾਰੇ ਦਰਸ਼ਨ ਪਾ ਲਿਆ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਸੰਬਲ ਦੇਸ ਜੋਤ ਧਰ, ਜੋਤੀ ਜਾਮਾ ਭੇਖ ਵਟਾ ਰਿਹਾ । ਸੰਬਲ ਦੇਸ ਸੁਰਤ ਸੰਭਾਲ । ਗੁਰਮੁਖ ਲੱਭੇ ਸਾਚੇ ਲਾਲ । ਬੇਮੁਖਾਂ ਪੈਰਾਂ ਹੇਠ ਦੱਬੇ, ਸ਼ਬਦ ਘੋੜਾ ਮਾਰੇ ਛਾਲ । ਲੱਖ ਚੁਰਾਸੀ ਨਾਲ ਫਬੇ, ਆਪੇ ਸ਼ਾਹ ਆਪੇ ਕੰਗਾਲ । ਗੁਰਮੁਖ ਸਾਚੇ ਮਾਣਕ ਮੋਤੀ ਲੱਭੇ, ਲੱਖ ਚੁਰਾਸੀ ਵਿਚੋਂ ਭਾਲ । ਪਰਗਟ ਹੋਏ ਦਰਸ ਦਿਖਾਏ ਝੱਬੇ, ਧੁਰ ਦਰਗਾਹੀ ਸਚ ਦਲਾਲ । ਅੰਮ੍ਰਿਤ ਚੋਏ ਕਾਇਆ ਨੱਭੇ, ਖਿੜੇ ਫੁਲ ਇਕ ਗੁਲਾਲ । ਗੁਰ ਸੰਗਤ ਪਾਰ ਲੰਘਾਈ ਪੁਰਖ ਅਬਿਨਾਸ਼ੀ ਸਤਾਰਾਂ ਹਾੜੀ, ਰੰਗ ਰੰਗਾਇਆ ਇਕੋ ਲਾਲ । ਸਾਚਾ ਰੰਗ ਲਾਲ ਰੰਗਾਇਆ । ਏਕਾ ਸਾਚਾ ਲਾਲ ਭੇਟ ਚੜ੍ਹਾਇਆ । ਸਿੰਘ ਮਨਜੀਤਾ ਅੱਗੇ ਲਾਇਆ । ਗੁਰ ਸੰਗਤ ਤੇਰਾ ਰਾਹ ਬਣਾਇਆ । ਆਪੇ ਆਇਆ ਬਣ ਕੇ ਮੰਗਤ, ਫੜ ਕੇ ਬਾਂਹੋਂ ਅੱਗੇ ਲਾਇਆ । ਜਨ ਭਗਤਾਂ ਕਟੇ ਭੁੱਖ ਨੰਗਤ, ਸਚ ਵਸਤ ਹਰਿ ਝੋਲੀ ਪਾਇਆ । ਧੰਨ ਕਮਾਈ ਧੰਨ ਰੰਗਣ, ਗੁਰ ਸੰਗਤ ਸਾਚਾ ਖੇੜਾ ਆਪ ਵਸਾਇਆ । ਨਿਹਕਲੰਕ ਨਰਾਇਣ ਨਰ, ਲੋਕਮਾਤ ਹਰਿ ਜੋਤ ਧਰ, ਸੰਬਲ ਦੇਸ ਵੇਸ ਹਰਿ ਰੰਗਣ ਲਾਲ ਹਰਿ ਰੰਗਾਇਆ । ਰੰਗਣ ਲਾਲ ਰੰਗ ਅਮੋਲਾ । ਪੁਰਖ ਅਬਿਨਾਸ਼ੀ ਸਾਚਾ ਤੋਲ ਤੋਲਾ । ਸੋਹੰ ਰੱਖੇ ਸਾਚਾ ਬੋਲਾ । ਲੋਆਂ ਪੁਰੀਆਂ ਕੁੰਡਾ ਖੋਲ੍ਹਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਸੰਬਲ ਦੇਸ ਵੇਸ ਕਰ, ਜੋਤ ਸਰੂਪੀ ਪਾਇਆ ਚੋਲਾ । ਸੋਹੰ ਸ਼ਬਦ ਖੰਡਾ ਦੋ ਧਾਰਿਆ । ਕਲਜੁਗ ਉਠਿਆ ਨੌਜਵਾਨ, ਚਾਰੋਂ ਕੁੰਟਾਂ ਰਿਹਾ ਲਲਕਾਰਿਆ । ਫੜ ਫੜ ਮਾਰੇ ਬੇਈਮਾਨ, ਨਿਹਕਲੰਕੀ ਜਾਮਾ ਧਾਰਿਆ । ਨਾ ਕੋਈ ਦਿਸੇ ਜੀਵ ਸ਼ੈਤਾਨ, ਮਾਨਸ ਦੇਹੀ ਜਗਤ ਹੰਕਾਰਿਆ । ਜੂਠੀ ਝੂਠੀ ਕਰੇ ਬੰਦ ਦੁਕਾਨ, ਕਾਇਆ ਮੰਦਰ ਖੋਲ੍ਹੇ ਇਕ ਮਕਾਨ, ਦੀਪਕ ਜੋਤੀ ਸਚ ਟਿਕਾ ਰਿਹਾ । ਕਲਜੁਗ ਤੇਰੀ ਲਾਹੁਣ ਆਇਆ ਮਕਾਣ, ਸੋਹੰ ਬਣਿਆ ਇਕ ਨਿਸ਼ਾਨ, ਹਰਿ ਸਾਚਾ ਆਪ ਬਣਾ ਰਿਹਾ । ਨਿਹਕਲੰਕ ਨਰਾਇਣ ਨਰ, ਸੰਬਲ ਦੇਸ ਵੇਸ ਕਰ, ਲਾਲ ਰੰਗ ਹਰਿ ਰੰਗਾ ਰਿਹਾ । ਰੰਗ ਰੰਗ ਰੰਗੀਨ, ਰੰਗ ਅਪਾਰਿਆ । ਆਪੇ ਜਾਣੇ ਹਰਿ ਪਰਬੀਨ, ਲੋਕ ਤੀਨ ਖੇਲ ਰਚਾ ਰਿਹਾ । ਅੰਤਮ ਸੀਆਂ ਹੱਥ ਸਾਢੇ ਤੀਨ, ਮਾਇਆ ਝੂਠਾ ਭਰਮ ਭੁਲਾ ਰਿਹਾ । ਸ੍ਰਿਸ਼ਟ ਸਬਾਈ ਭੰਨੇ ਹੰਕਾਰੀ ਬੀਨ, ਮੁਹੰਮਦੀ ਦੀਨ ਆਪ ਜਗਾ ਰਿਹਾ । ਲੋਆਂ ਪੁਰੀਆਂ ਰਿਹਾ ਛੀਨ, ਬ੍ਰਹਮਾ ਸ਼ਿਵ ਸੀਸ ਝੁਕਾ ਰਿਹਾ । ਕਰੇ ਖੇਲ ਬਰਸ ਹਰਿ ਤੀਨ, ਸਾਚੇ ਘੋੜੇ ਜੀਨ ਕਸਾ ਰਿਹਾ । ਸਾਚਾ ਮਾਰਗ ਜਗਤ ਮਹੀਨ, ਗੁਰਮੁਖ ਵਿਰਲਾ ਸੁਰਤ ਚੜ੍ਹਾ ਰਿਹਾ । ਪਾਏ ਦਰਸ਼ਨ ਹਰਿ ਪਰਬੀਨ, ਅੰਦਰੇ ਅੰਦਰ ਜੋ ਧਿਆ ਰਿਹਾ । ਲੱਖ ਚੁਰਾਸੀ ਵਿਚੋਂ ਹਰਿ ਹਰਿ ਆਪੇ ਵੱਖਰ ਕੀਨ, ਜੋਤੀ ਸਿੱਖ ਹਰਿ ਭਿਖਾਰਿਆ । ਨਿਹਕਲੰਕ ਨਰਾਇਣ ਨਰ, ਲੋਕਮਾਤ ਹਰਿ ਜੋਤ ਧਰ, ਸੋਹੰ ਅੱਖਰ ਵੱਖਰ ਮਾਤ ਪੜ੍ਹਾ ਰਿਹਾ । ਸੋਹੰ ਅੱਖਰ ਪੜ੍ਹ, ਮਾਣ ਵਡਿਆਈਆ । ਧੁਰ ਦਰਗਾਹੇ ਲਾਉਣੀ ਜੜ੍ਹ, ਝੂਠਾ ਝੇੜਾ ਮਾਤ ਗਵਾਈਆ । ਸਾਚੇ ਪੌੜੇ ਜਾਣਾ ਚੜ੍ਹ, ਉਚੇ ਡੰਡੇ ਹੱਥ ਰਖਾਈਆ । ਪੰਜਾਂ ਚੋਰਾਂ ਨਾਲ ਲੜ, ਦਰ ਦਵਾਰੇ ਦਏ ਦੁਰਕਾਈਆ । ਸਚ ਦਵਾਰੇ ਅੱਗੇ ਖੜ, ਦੋਏ ਜੋੜ ਭੁੱਲ ਬਖ਼ਸ਼ਾਈਆ । ਜਗੇ ਜੋਤ ਬਹੱਤਰ ਨਾੜ,

ਮਦਿਰਾ ਮਾਸ ਜੋ ਦਏ ਤਜਾਈਆ । ਝੂਠਿਆ ਤੱਤਾਂ ਰਿਹਾ ਫੜ, ਸ਼ਬਦ ਡੋਰੀ ਹੱਥ ਰਖਾਈਆ । ਨਾ ਕੋਈ ਸੀਸ ਨਾ ਕੋਈ ਧੜ, ਸੰਬਲ ਦੇਸ ਡੇਰਾ ਲਾਈਆ । ਜਨ ਭਗਤਾਂ ਦਰ ਦਵਾਰੇ ਅੱਗੇ ਖੜ, ਸਾਚੀ ਸੇਵਾ ਰਿਹਾ ਕਮਾਈਆ । ਨਿਹਕਲੰਕ ਨਰਾਇਣ ਨਰ, ਲੋਕਮਾਤ ਹਰਿ ਜੋਤ ਧਰ, ਚਾਰ ਵਰਨਾਂ ਇਕ ਦਰ, ਸਾਚਾ ਮਾਤ ਖੁਲ੍ਹਾਈਆ । ਖੁਲ੍ਹੇ ਸਾਚਾ ਦਰ, ਮਾਤ ਨਿਰੰਕਾਰਿਆ । ਆਪੇ ਵੇਖੇ ਮਾਰ ਝਾਤ, ਬੇਮੁਖ ਭੁੱਲੇ ਨੌਂ ਦਵਾਰਿਆ । ਕਲਜੁਗ ਰੈਣ ਅੰਧੇਰੀ ਰਾਤ, ਮਾਇਆ ਰਾਣੀ ਪਸਰ ਪਸਾਰਿਆ । ਕੋਈ ਨਾ ਪੁੱਛੇ ਅੰਤਮ ਵਾਤ, ਚਾਰੋਂ ਕੁੰਟ ਪਾਸਾ ਹਾਰਿਆ । ਗੁਰ ਪੂਰਾ ਦੇਵੇ ਸ਼ਬਦ ਦਾਤ, ਆਪੇ ਬਣੇ ਪਿਤਾ ਮਾਤ, ਗੁਰ ਸੰਗਤ ਤੇਰਾ ਮਾਤ ਸਹਾਰਿਆ । ਗੁਰ ਚਰਨ ਪ੍ਰੀਤੀ ਨਿਭੇ ਸਾਚਾ ਨਾਤ, ਗੁਰ ਸੰਗਤ ਸਾਚੀ ਇਕ ਜਮਾਇਤ, ਸੋਹੰ ਅੱਖਰ ਇਕ ਪੜ੍ਹਾ ਰਿਹਾ । ਮਿਲੇ ਮੇਲ ਕਮਲਾਪਾਤ, ਨਿਹਕਲੰਕ ਨਰਾਇਣ ਨਰ, ਲੋਕਮਾਤ ਹਰਿ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਗੁਰਮੁਖ ਸਾਚੇ ਸੰਤ ਜਨਾਂ ਆਪਨੀ ਗੋਦ ਉਠਾ ਰਿਹਾ । ਆਪਨੀ ਗੋਦ ਉਠਾਏ, ਦਇਆ ਕਮਾਇੰਦਾ । ਅੰਮ੍ਰਿਤ ਸਾਚਾ ਸੀਰ ਪਿਆਏ, ਹਉਮੇ ਰੋਗ ਗਵਾਇੰਦਾ । ਨੇਤਰ ਨੀਰ ਨਾ ਕੋਇ ਵਹਾਏ, ਝੂਠੀ ਮਾਟੀ ਕਾਇਆ ਹਾਟੀ, ਝੂਠਾ ਨਾਤਾ ਜਗਤ ਤੁੜਾਇੰਦਾ । ਸੋਹੰ ਸ਼ਬਦ ਤਨ ਚੀਰ ਪਹਿਨਾਏ, ਆਪ ਆਪਨੀ ਦਇਆ ਕਮਾਏ, ਸਾਚਾ ਰਾਹ ਵਖਾਇੰਦਾ । ਕਲਜੁਗ ਵੇਲਾ ਅੰਤ ਅਖ਼ੀਰ, ਏਕਾ ਸੋਹੰ ਸ਼ਬਦ ਤੀਰ ਚਲਾਏ, ਚਾਰੋਂ ਕੁੰਟ ਵਹੀਰ ਕਰਾਏ, ਨਾ ਆਏ ਕੋਈ ਕਿਸੇ ਬਚਾਇੰਦਾ । ਭਗਤ ਜਨਾਂ ਪ੍ਰਭ ਹੋਏ ਸਹਾਏ, ਆਪ ਆਪਨੀ ਸਰਨ ਲਗਾਏ, ਸਤਾਰਾਂ ਹਾੜੀ ਖ਼ੁਸ਼ੀ ਮਨਾਏ, ਰੀਤ ਆਪਨੀ ਆਪ ਚਲਾਇੰਦਾ । ਜਗਤ ਨੀਤੀ ਭਗਤ ਰੀਤਿਆ । ਕਿਸੇ ਹੱਥ ਨਾ ਆਏ ਮੰਦਰ ਮਸੀਤੀ, ਵੇਲਾ ਸਾਚਾ ਬੀਤਿਆ । ਗੁਰਮੁਖ ਵਿਰਲੇ ਮਾਨਸ ਦੇਹੀ ਜੀਤੀ, ਕਾਇਆ ਕਰੇ ਠੰਡੀ ਸੀਤੀ, ਅੰਮ੍ਰਿਤ ਜਾਮ ਏਕਾ ਪੀਤਿਆ । ਲੋਕਮਾਤ ਰਹੇ ਅਤੀਤੀ, ਨਿਹਕਲੰਕ ਨਰਾਇਣ ਨਰ, ਲੋਕਮਾਤ ਹਰਿ ਜੋਤ ਧਰ, ਜਨ ਭਗਤਾਂ ਦੇਵੇ ਇਕ ਵਰ, ਕਾਇਆ ਕਰੇ ਪਤਤ ਪੁਨੀਤਿਆ । ਦੇਵੇ ਵਰ ਦਰਬਾਨਾ, ਦਰ ਦਵਾਰਿਆ । ਹੋਏ ਆਪ ਮਿਹਰਬਾਨ, ਨਰ ਹਰਿ ਸੱਚੀ ਸਰਕਾਰਿਆ । ਏਕਾ ਸ਼ਬਦ ਨਿਸ਼ਾਨ, ਨਾ ਕੋਈ ਦੂਸਰ ਮਾਤ ਲਟਕਾ ਰਿਹਾ । ਸਤਾਰਾਂ ਹਾੜੀ ਬਣੇ ਬਿਬਾਣ, ਪੁਰਖ ਅਬਿਨਾਸ਼ੀ ਕਰੇ ਧਿਆਨ, ਸਤਿਜੁਗ ਤੇਰੀ ਬਣੇ ਸ਼ਾਨ, ਸਾਚਾ ਸਮਾਂ ਆਪ ਸੁਹਾ ਰਿਹਾ । ਆਪੇ ਗੋਪੀ ਆਪੇ ਕਾਹਨ, ਆਪੇ ਰਾਮ ਰਹੀਮਾ ਆਪ ਰਹਿਮਾਨ, ਆਪੇ ਦੀਨ ਆਪੇ ਇਸਲਾਮ, ਭਰਮ ਭੁਲੇਖਾ ਸਰਬ ਚੁਕਾ ਰਿਹਾ । ਪੂਰਨ ਕਰੇ ਆਪਨੇ ਕਾਮ, ਨਾ ਕੋਈ ਲਾਏ ਹਰਿ ਜੀ ਦਾਮ, ਸਾਚੀ ਰੀਤੀ ਜਗਤ ਵਖਾ ਰਿਹਾ । ਨੌਂ ਦਵਾਰ ਇਕ ਮਕਾਨ । ਪੁਰਖ ਅਬਿਨਾਸ਼ੀ ਸਾਜਨ ਸਾਜੇ, ਪੰਜ ਬਿਠਾਏ ਵਿਚ ਸ਼ੈਤਾਨ । ਭਗਤ ਜਨਾਂ ਦਰ ਸਾਚਾ ਜਾਗੇ, ਪਹਿਰਾ ਦੇਵੇ ਸ੍ਰੀ ਭਗਵਾਨ । ਕਲਜੁਗ ਵੇਲਾ ਅੰਤਮ ਪੜਦਾ ਕਾਜੇ, ਹੋਏ ਸਹਾਈ ਰੱਖੇ ਲਾਜੇ, ਸੋਹੰ ਦੇਵੇ ਸਾਚਾ ਦਾਨ । ਲੱਖ ਚੁਰਾਸੀ ਚੁੱਕੇ ਝੇੜਾ ਪੁਰਖ ਅਬਿਨਾਸ਼ੀ ਕਰੇ ਨਿਬੇੜਾ, ਪਰਗਟ ਜੋਤ ਦੇਸ ਮਾਝੇ, ਆਪ ਆਪਣਾ ਸਾਜਨ ਸਾਜੇ, ਭਰਮ ਭੁਲੇਖੇ ਸਰਬ ਭੁਲਾਈਆ । ਨਿਹਕਲੰਕ ਨਰਾਇਣ ਨਰ, ਲੋਕਮਾਤ ਹਰਿ ਜੋਤ ਧਰ, ਸੰਬਲ ਦੇਸ ਵੇਸ ਕਰ, ਸਾਚਾ ਧਾਮ ਆਪ ਸੁਹਾਈਆ । ਸਾਚਾ ਧਾਮ ਸੁਹਾਏ, ਜੋਤ ਪਰਕਾਸ਼ਿਆ । ਏਕਾ ਸਾਚਾ ਨਾਮ ਵਖਾਏ, ਵਰਨ ਅਵਰਨਾਂ ਬਣਤ ਬਣਾਏ, ਆਦਿ ਪੁਰਖ ਅਬਿਨਾਸ਼ਿਆ । ਸਾਚੀ ਕਰਨੀ ਕਿਰਤ ਕਮਾਏ, ਅੰਮ੍ਰਿਤ ਸਾਚਾ ਸੀਰਤ ਪਿਆਏ, ਨੇਤਰ ਨੀਰ ਪ੍ਰੇਮ ਵਹਾਨਿਆ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ,

੧੧੮ ੦੫

ਸੰਬਲ ਦੇਸ ਵੇਸ ਕਰ, ਰੰਗਣ ਰੰਗ ਲਾਲ ਰੰਗਾਨਿਆ । ਲਾਲ ਰੰਗ ਕਰ ਤਿਆਰ । ਭਗਤ ਜਨਾਂ ਪ੍ਰਭ ਪਾਵੇ ਸਾਰ । ਦਰ ਘਰ ਸਾਚੇ ਸਾਚੀ ਨਾਰ, ਸਾਚੀ ਸੇਵਾ ਅੰਮ੍ਰਿਤ ਮੇਵਾ, ਰਸਨਾ ਜਿਹਵਾ ਗੁਣ ਵਿਚਾਰ । ਕੌਸਤਕ ਮਨੀਆ ਸਾਚਾ ਥੇਵਾ, ਬ੍ਰਹਮ ਪਾਰਬ੍ਰਹਮ ਮੇਲ ਭਤਾਰ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਆਪੇ ਜਾਣੇ ਆਪਣੀ ਕਾਰ । ਲਾਲ ਰੰਗ ਹਰਿ ਰੰਗ ਰਤਿਆ । ਜਨ ਭਗਤਾਂ ਨਿਭਾਏ ਸਾਚਾ ਸੰਗ, ਇਕ ਰਖਾਏ ਸਾਚਾ ਨਤਿਆ । ਹੋਏ ਸਹਾਈ ਅੰਗ ਸੰਗ, ਚਰਨ ਪ੍ਰੀਤ ਨਿਭਾਏ ਨਤਿਆ । ਦੂਜਾ ਦਰ ਨਾ ਲੈਣਾ ਮੰਗ, ਸ਼ਬਦ ਧੀਰਜ ਦੇਵੇ ਜਤਿਆ । ਸ਼ਬਦ ਘੋੜੇ ਕਸੇ ਤੰਗ, ਸੋਹੰ ਚਲਾਏ ਸਾਚਾ ਰਥਿਆ । ਲੋਆਂ ਪੁਰੀਆਂ ਰਿਹਾ ਲੰਘ, ਲੱਖ ਚੁਰਾਸੀ ਕਲਜੁਗ ਮਥਿਆ । ਵਡ ਦਾਤਾ ਸੂਰਾ ਸਰਬੰਗ, ਮਹਿੰਮਾ ਜਗਤ ਅਕਥਨਾ ਕਥਿਆ । ਜਨ ਭਗਤਾਂ ਅੰਮ੍ਰਿਤ ਆਤਮ ਦੇਵੇ ਗੰਗ, ਲੇਖਾ ਚੁੱਕੇ ਸਾਢੇ ਤਿੰਨ ਹੱਥਿਆ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਨਿਹਕਲੰਕ ਨਰਾਇਣ ਨਰ, ਰੰਗ ਲਾਲ ਅਪਾਰ ਸਾਚੀ ਵਥਿਆ । ਰੰਗ ਲਾਲ ਅਪਾਰ ਧਾਮ ਅਸਥੂਲ ਹੈ । ਅਸੁੱਤੇ ਆਦਿ ਪਰਕਾਸ਼, ਨਾ ਕੋਈ ਜਾਣੇ ਮੂਲ ਹੈ । ਏਕਾ ਏਕ ਪੁਰਖ ਅਬਿਨਾਸ਼, ਜੀਵ ਜੰਤ ਨਾ ਜਾਏ ਭੂਲ ਹੈ । ਨਾ ਕੋਈ ਜਾਣੇ ਪ੍ਰਿਥਮੀ ਅਕਾਸ਼, ਲੇਖੇ ਗਿਣੇ ਨਾ ਧਰਤ ਧਵਲ ਧੂਲ ਹੈ । ਰੰਗਣ ਲਾਲ ਰੰਗ ਕਰੇ ਆਪੇ ਕੰਤ ਕੰਤੂਹਲ ਹੈ । ਲਾਲ ਰੰਗ ਅਪਾਰ, ਲਖਨ ਲਖਿਆ । ਸ਼ਬਦ ਘੋੜੇ ਹਰਿ ਅਸਵਾਰ, ਦਹਿ ਦਿਸ਼ਾ ਕਿਸੇ ਨਾ ਦਿਸਿਆ । ਲੱਖ ਚੁਰਾਸੀ ਖਾਲੀ ਹੋਏ ਭੰਡਾਰ, ਕਾਇਆ ਭਾਂਡੇ ਹੋਏ ਸਖਿਆ । ਕਾਇਆ ਮੰਦਰ ਰਿਹਾ ਵਿਚਾਰ, ਚਿਤਰ ਗੁਪਤੀ ਲੇਖਾ ਲਿਖਿਆ । ਪਤਾਲ ਅਕਾਸੀ ਇਕ ਉਡਾਰ, ਸੱਤਾਂ ਦੀਪਾਂ ਪਾਏ ਹਿਸਿਆ । ਲੱਖਣ ਦੀਪ ਤੇਰੀ ਧਾਰ, ਜੂਠਾ ਝੂਠਾ ਪੀਸਣ ਪੀਸਿਆ । ਕਲਜੁਗ ਕਾਇਆ ਗਈ ਹਾਰ, ਮਾਇਆ ਲੱਗੀ ਤਨ ਵਿਸਿਆ । ਪੁਰਖ ਅਬਿਨਾਸ਼ੀ ਜਾਮਾ ਧਾਰ, ਮੇਟ ਮਿਟਾਏ ਕੁਰਾਨ ਹਦੀਸਿਆ । ਸ਼ਬਦ ਚਲਾਏ ਅਪਰ ਅਪਾਰ, ਸਾਚਾ ਧਰਮ ਬੀਸ ਇਕੀਸਿਆ । ਸਾਚਾ ਸ਼ਬਦ ਛਤਰ ਝੁਲਾਰ, ਏਕਾ ਏਕ ਜਗਤ ਜਗਦੀਸਿਆ । ਰਾਓ ਰੰਕਾਂ ਕਰੇ ਖ਼ਬਰਦਾਰ, ਆਏ ਹਾਰ ਵਿਚ ਉਨੀਸਿਆ । ਕੋਈ ਨਾ ਦਿਸੇ ਮੀਤ ਮੁਰਾਰ, ਸੰਮਤ ਅਠਾਰਾਂ ਪੀਸਣ ਪੀਸਿਆ । ਨਾਰੀ ਛੱਡੇ ਕੰਤ ਭਤਾਰ, ਸੰਮਤ ਸਤਾਰਾਂ ਖਾਲੀ ਖੀਸਿਆ । ਸੋਲਾਂ ਕਰੇ ਖੇਲ ਅਪਾਰਾ, ਉਠੇ ਸ਼ਾਹ ਜਗਤ ਅਬਨੂਸੀਆ । ਪੰਦਰਵੇਂ ਪੰਦਰਾਂ ਕਰਮਾਂ ਧਾਰ, ਚੌਦਾਂ ਲੋਕ ਕਿਸੇ ਨਾ ਦਿਸਿਆ । ਸੰਬਲ ਦੇਸ ਵੇਸ ਅਪਾਰ, ਜੋਤੀ ਜਾਮਾ ਹਰਿ ਜਗਦੀਸਿਆ । ਚੌਦਾਂ ਤਬਕਾਂ ਰਿਹਾ ਵਿਚਾਰ, ਸੰਗ ਮੁਹੰਮਦ ਚਾਰ ਯਾਰ, ਨਾ ਕੋਈ ਕਰੇ ਕਰਾਏ ਮਾਤ ਰੀਸਿਆ । ਤੇਰਾਂ ਮੇਲ ਸਾਚੇ ਯਾਰ, ਸੰਤ ਭਬੀਖਨ ਵਿਚ ਸੰਸਾਰ, ਰਾਜ ਇੰਦਰ ਹਰਿ ਜਗਾ ਰਿਹਾ । ਜਾਏ ਦਰ ਦਰਬਾਰ, ਕਰੇ ਖੇਲ ਅਪਰ ਅਪਾਰ, ਵਾਲੀ ਹਿੰਦ ਆਪ ਸੁਣਾ ਰਿਹਾ । ਚਾਰ ਵਰਨਾਂ ਏਕਾ ਪਿਆਰ, ਨਿਹਕਲੰਕੀ ਖੇਲ ਅਪਾਰ, ਸਾਚਾ ਡੰਕ ਇਕ ਵਖਾ ਰਿਹਾ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਲੋਕਮਾਤ ਹਰਿ ਜੋਤ ਧਰ, ਸਾਲ ਬਾਰ੍ਹਵੇਂ ਬਾਰਾਂ ਵੇਸ ਮਾਝੇ ਦੇਸ ਬਾਰਾਂ ਬੀਸ ਹਰਿ ਜਗਦੀਸ ਰਾਗ ਛਤੀਸ ਆਪਣਾ ਭੇਵ ਛੁਪਾ ਰਿਹਾ । ਭੇਵ ਛੁਪਾਏ ਹਰਿ ਜਗਦੀਸਾ । ਸ਼ਬਦ ਗਾਏ ਰਾਗ ਛਤੀਸਾ । ਸੋਹੰ ਧਿਆਏ ਦੰਦ ਬਤੀਸਾ । ਸ਼ਕਤ ਵਖਾਏ ਬੀਸ ਇਕੀਸਾ । ਬੂੰਦ ਰਕਤ ਜਨ ਲੇਖੇ ਲਾਏ, ਸ਼ਬਦ ਸਰੂਪੀ ਈਸਾ ਮੂਸਾ । ਨਿਹਕਲੰਕ ਨਰਾਇਣ ਨਰ, ਲੋਕਮਾਤ ਹਰਿ ਜੋਤ ਧਰ, ਜਨ ਭਗਤਾਂ ਦੇਵੇ ਸਾਚਾ ਰਸ ਏਕਾ । ਸਾਲ

ਬਾਰਵਾਂ ਬੀਸ ਬਾਰਾਂ । ਗੁਰ ਸੰਗਤ ਮਿਲਿਆ ਮੀਤ ਮੁਰਾਰਾ । ਸਾਚੀ ਚਾੜ੍ਹੇ ਨਾਮ ਰੰਗਤ, ਹੋਏ ਸਹਾਈ ਅੰਗਦ ਇਕ ਵਖਾਏ ਸਚ ਦਵਾਰਾ । ਮਾਨਸ ਦੇਹੀ ਨਾ ਹੋਏ ਭੰਗਤ, ਦਰ ਘਰ ਮਾਣੀ ਸਾਚੀ ਸੰਗਤ, ਮਿਲਿਆ ਦਰਸ ਪੁਰਖ ਅਪਾਰਾ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਸਾਲ ਬਾਰ੍ਹਵੇਂ ਖੇਲ ਕਰ, ਬਾਰਾਂ ਬਾਰਾਂ ਭਰਮ ਨਿਵਾਰਾ । ਬਾਰਾਂ ਬਾਰਾਂ ਚੌਬੀਸ, ਹਰਿ ਜਗਦੀਸਾ । ਛਤਰ ਝੁੱਲੇ ਜਗਦੀਸ, ਬੀਸ ਇਕੀਸਾ । ਸ੍ਰਿਸ਼ਟ ਸਬਾਈ ਰਿਹਾ ਪੀਸ, ਕਿਸੇ ਨਾ ਦੀਸਾ । ਨਿਹਕਲੰਕ ਨਰਾਇਣ ਨਰ, ਸੰਬਲ ਦੇਸ ਵੇਸ ਕਰ, ਕਰੇ ਕਰਾਏ ਆਪਣੀ ਰੀਸਾ । ਲੱਖਣ ਦੀਪ ਲੇਖਾ ਲਿਖ, ਲਿਖ ਲਿਖ ਲੇਖ ਪੁਚਾਈਆ । ਸਾਚੀ ਸਿਖਿਆ ਲੈਣੀ ਸਿਖ, ਧਰਮ ਯੁਧ ਹਰਿ ਰਘੁਰਾਈਆ । ਸਚ ਦਵਾਰੇ ਮਿਲਦੀ ਭਿਖ, ਨਾਮ ਵਸਤ ਇਕ ਰਖਾਈਆ । ਜਗਤ ਤ੍ਰਿਸਨਾ ਮਿਟੇ ਤ੍ਰਿਖ, ਆਤਮ ਭੁੱਖ ਗਵਾਈਆ । ਕਿਸੇ ਹੱਥ ਨਾ ਆਵੇ ਮੁਨ ਰਿਖ, ਜੰਗਲ ਜੂਹ ਉਜਾੜ ਪਹਾੜਾਂ ਡੇਰਾ ਲਾਈਆ । ਜਨ ਭਗਤਾਂ ਲੇਖਾ ਰਿਹਾ ਲਿਖ, ਸਤਾਰਾਂ ਹਾੜੀ ਮੇਲ ਮਿਲਾਈਆ । ਨਿਹਕਲੰਕ ਨਰਾਇਣ ਨਰ, ਲੋਕਮਾਤ ਹਰਿ ਜੋਤ ਧਰ, ਲੱਖ ਚੁਰਾਸੀ ਫੰਦਨ ਫੰਦ ਕਟਾਈਆ । ਲੱਖ ਚੁਰਾਸੀ ਫੰਦ ਕਟਾਏ । ਲੱਖ ਚਾਰ ਮਾਨਸ ਦੇਹੀ ਆਪ ਆਪਣੇ ਕੰਠ ਲਗਾਏ । ਨੌਂ ਲੱਖ ਪ੍ਰਭ ਕੀਨੇ ਵੱਖ, ਅੰਦਰ ਜਲ ਰਿਹਾ ਡੁਬਾਏ । ਦਸ ਲੱਖ ਪ੍ਰਭ ਰਿਹਾ ਰੱਖ, ਜੇਰਜ ਖਾਣੀ ਆਪ ਟਿਕਾਏ । ਗਿਆਰਾਂ ਲੱਖ ਹਰਿ ਪਰਤਖ, ਢਿਡ ਭਾਰ ਰਿਹਾ ਰਿੜ੍ਹਾਏ । ਬੀਸ ਲੱਖ ਬਨਾਸਪਤ ਪਤ, ਅਬਿਨਾਸ਼ ਹਰਿ ਰਿਹਾ ਲਗਾਏ । ਤੀਸ ਲੱਖ ਲੇਖਾ ਲਿਖ, ਚਾਰ ਪਾਏ ਉਪਰ ਟਿਕਾਏ । ਲੱਖ ਚੁਰਾਸੀ ਦੇਵੇ ਸਿੱਖ, ਜੋਤ ਨਿਰੰਜਣ ਵਿਚ ਸਮਾਏ । ਕਲਜੁਗ ਮੰਗਣ ਆਇਆ ਭਿਖ, ਜੋਤ ਸਰੂਪੀ ਜਾਮਾ ਪਾਏ । ਨਿਹਕਲੰਕ ਨਰਾਇਣ ਨਰ, ਸੰਬਲ ਦੇਸ ਵੇਸ ਕਰ, ਦਰ ਦਵਾਰਾ ਇਕ ਵਖਾਏ । ਇਕ ਦਵਾਰਾ ਦਰ, ਸਚ ਦਰਬਾਰਿਆ । ਨੌਂ ਦਵਾਰੇ ਵਰ, ਸ਼ਬਦ ਸ਼ਿੰਗਾਰਿਆ । ਦਸਵੇਂ ਸਾਚਾ ਸਰ, ਪਰਦਾ ਉਹਲਾ ਆਪ ਹਟਾ ਰਿਹਾ । ਭਰਮ ਭੁਲੇਖਾ ਦੂਰ ਕਰ, ਜੋਤ ਨਿਰੰਜਣ ਡਗਮਗਾ ਰਿਹਾ । ਇਕ ਵਖਾਏ ਸਾਚਾ ਘਰ, ਆਤਮ ਸੇਜਾ ਆਸਣ ਲਾ ਰਿਹਾ । ਮਿਲੇ ਮੇਲ ਹਰਿ ਨਾਰੀ ਨਰ, ਸੁਹਾਗੀ ਕੰਤ ਆਪ ਅਖਵਾ ਰਿਹਾ । ਨਾ ਜਨਮੇ ਨਾ ਜਾਏ ਮਰ, ਲੱਖ ਚੁਰਾਸੀ ਬਣਤ ਬਣਾ ਰਿਹਾ । ਨਿਹਕਲੰਕ ਨਰਾਇਣ ਨਰ, ਜਨ ਭਬੀਖਣ ਦੇਵੇ ਸਾਚਾ ਵਰ, ਲੱਖ ਚੁਰਾਸੀ ਜਮ ਕੀ ਫਾਸੀ ਧਰਮ ਰਾਏ ਭਾਰ ਉਠਾ ਰਿਹਾ । ਧਰਮ ਰਾਏ ਕਲ ਕਰੇ ਵਿਚਾਰ । ਕਵਣ ਕਰੇ ਕਲ ਖ਼ਬਰਦਾਰ । ਸੰਬਲ ਦੇਸ ਆਵੇ ਡਰ, ਪਰਗਟ ਹੋਏ ਨਿਹਕਲੰਕ ਨਰਾਇਣ ਨਰ ਅਵਤਾਰ । ਗੁਰ ਸੰਗਤ ਦੇਵੇ ਵਰ, ਸਤਾਰਾਂ ਹਾੜੀ ਦਿਵਸ ਵਿਚਾਰ । ਸਾਚੇ ਪੌੜੇ ਜਾਣੇ ਚੜ੍ਹ । ਦਸਮ ਦਵਾਰੀ ਮੱਲ ਦਵਾਰ । ਪੁਰਖ ਅਬਿਨਾਸ਼ੀ ਅਗੇ ਖੜ, ਏਕਾ ਦੇਵੇ ਸ਼ਬਦ ਹੁਲਾਰ । ਗੁਰ ਸੰਗਤ ਲੜ ਲਿਆ ਫੜ, ਲੱਖ ਕਲੀਆਂ ਰੰਗ ਕਰਤਾਰ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਅੰਮ੍ਰਿਤ ਬਰਖੇ ਕਿਰਪਾ ਧਾਰ । ਲਾਲ ਰੰਗ ਰੰਗ ਲਾਲ । ਭਗਤ ਖ਼ਜ਼ੀਨਾ ਧੁਰ ਦਰਗਾਹੀ ਸਚ ਦਲਾਲ । ਆਪੇ ਆਪ ਆਪ ਪਰਬੀਨਾ, ਏਕਾ ਨਾਮ ਵਸਤ ਧੰਨ ਮਾਲ । ਚੋਰ ਠੱਗ ਕਿਸੇ ਨਾ ਛੀਨਾ, ਤੋੜੇ ਅੰਤਮ ਜਗਤ ਜੰਜ਼ਾਲ । ਨਾ ਕੋਈ ਵੇਖੇ ਮਜ਼੍ਹਬ ਦੀਨਾਂ, ਕਲਜੁਗ ਚਲੇ ਅਵੱਲੜੀ ਚਾਲ । ਗੁਰਮੁਖ ਹੋਏ ਨਾ ਕਿਸੇ ਅਧੀਨਾ, ਗਗਨ ਮਸਤਕ ਦੀਪਕ ਜੋਤੀ ਸਾਚੇ ਥਾਲ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਰੰਗਣ ਲਾਲ ਵੇਸ ਕਰ, ਸ਼ਬਦ ਨਿਸ਼ਾਨਾ ਉਤੇ ਕੀਨਾ ਚੜ੍ਹੇ ਸ਼ਬਦ ਬਿਬਾਣ । ਚੜ੍ਹੇ ਸ਼ਬਦ ਬਿਬਾਣ ਵਿਚ ਅਕਾਸਿਆ । ਸਾਢੇ ਤਿੰਨ ਹੱਥ ਕਲਜੁਗ


੧੨੦ ੦੫

ਤੇਰਾ ਇਕ ਨਿਸ਼ਾਨ, ਆਪ ਉਠਾਏ ਪੁਰਖ ਅਬਿਨਾਸ਼ਿਆ । ਗੁਰਮੁਖ ਸਾਚे ਸੰਤਾਂ ਕਰੇ ਪਛਾਣ, ਤਿੰਨਾਂ ਲੋਆਂ ਰੱਖੇ ਵਾਸਿਆ । ਉਤੋਂ ਵੇਖੇ ਮਾਰ ਧਿਆਨ, ਸੱਤਵੇਂ ਘਰ ਸਹਿਜ ਸੁਭਾਸਿਆ । ਸੱਤਵਾਂ ਰੰਗ ਹਰਿ ਭਗਵਾਨ, ਲਛਮੀ ਭੂਸ਼ਨ ਲਾਲ ਗੁਲਾਸਿਆ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਲੱਖਣ ਦੀਪ ਕਰੇ ਉਦਾਸਿਆ । ਸ਼ਬਦ ਨਿਸ਼ਾਨਾ ਕਰਿਆ, ਤੀਰ ਉਠਾਇੰਦਾ । ਗੁਰਮੁਖ ਵਿਰਲਾ ਤਰਿਆ, ਸਰਨੀ ਪੜਿਆ ਸੀਸ ਨਿਵਾਇੰਦਾ । ਸਾਚਾ ਘਾੜਨ ਹਰਿ ਜੀ ਘੜਿਆ, ਸਾਧ ਸੰਤ ਕਿਸੇ ਨਾ ਫੜਿਆ । ਰਾਜਾ ਰਾਣਾ ਕੋਈ ਨਾ ਲੜਿਆ, ਚਾਰੋਂ ਕੁੰਟ ਕਲਜੁਗ ਪਾਪੀ ਦੜਿਆ, ਨਿਹਕਲੰਕ ਖੰਡਾ ਉਠਾਇੰਦਾ । ਜੂਠਾ ਝੂਠਾ ਪਾਪ ਸੜਿਆ, ਕਲਜੁਗ ਤੇਰਾ ਮੂਧਾ ਠੂਠਾ, ਦਰ ਦਰਬਾਰੋਂ ਗਿਆ ਰੂਠਾ, ਤੇਰਾ ਲੜ ਕਿਸੇ ਨਾ ਫੜਿਆ । ਧਰਮ ਰਾਏ ਦਰ ਟੰਗਿਆ ਪੁੱਠਾ, ਨਿਹਕਲੰਕ ਨਰਾਇਣ ਨਰ, ਸੰਬਲ ਦੇਸ ਵੇਸ ਕਰ, ਸਚ ਨਿਸ਼ਾਨਾ ਏਕਾ ਫੜਿਆ । ਸ਼ਬਦ ਨਿਸ਼ਾਨ ਧੰਨ, ਸ਼ਬਦ ਸੰਦੇਸੜਾ । ਰੰਕ ਰਾਜਾਨਾਂ ਲੈਣਾ ਮੰਨ, ਪੁਰਖ ਅਬਿਨਾਸ਼ੀ ਸਾਚਾ ਵੇਸੜਾ । ਸ਼ਾਹ ਸੁਲਤਾਨਾਂ ਦੇਵੇ ਡੰਨ, ਭਾਂਡਾ ਭਰਮ ਦੇਵੇ ਭੰਨ, ਸੋਹੰ ਸਾਚਾ ਫੜਿਆ ਤੇਸੜਾ । ਗੁਰ ਸੰਗਤ ਸੁਣ ਲੈ ਕੰਨ, ਸੋਹੰ ਅੱਖਰ ਮਨ ਦੇਵੇ ਬੰਨ੍ਹ, ਓਅੰ ਸੋਹੰ ਏਕਾ ਏਕ ਨੇਤਰ ਵੇਖੜਾ । ਹਰਿਆ ਕਾਇਆ ਕਰੇ ਤਨ, ਸਤਿਜੁਗ ਚੜ੍ਹੇ ਸਾਚਾ ਚੰਨ, ਬੇਮੁਖਾਂ ਕੱਢੇ ਭਰਮ ਭੁਲੇਖੜਾ । ਗੁਰਮੁਖ ਤੇਰੀ ਕਮਾਈ, ਧੰਨ ਤੇਰੀ ਵਡਿਆਈ । ਧੰਨ ਜਨ ਭਗਤ ਤੇਰੀ ਵਡਿਆਈ । ਧੰਨ ਹਰਿ ਸੰਤ ਹਰਿ ਸੰਤ ਹਰਿ ਸੰਤ ਤੇਰੀ ਸੇਵ ਕਮਾਈ । ਧੰਨ ਦਰ ਦਵਾਰੇ ਅਗੇ ਖੜ, ਨਿਹਕਲੰਕ ਜੋਤ ਜਗਾਈ । ਲੋਕਮਾਤ ਕਰੇ ਰੁਸ਼ਨਾਈ । ਦੇ ਮਤ ਰਿਹਾ ਸਮਝਾਈ । ਇੰਦ ਇੰਦਰਾਸਣ ਗਿਆ ਤਜਾਈ । ਸ਼ਿਵ ਸ਼ੰਕਰ ਪਾਏ ਦੁਹਾਈ । ਬ੍ਰਹਮਾ ਰਿਹਾ ਸੀਸ ਝੁਕਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਨਿਸ਼ਾਨਾ ਰਿਹਾ ਵਖਾਈ । ਸ਼ਬਦ ਨਿਸ਼ਾਨਾ ਦੂਰ ਉਚ ਮੁਨਾਰਿਆ । ਸਰਬ ਗੁਣਾਂ ਭਰਪੂਰ, ਚੜ੍ਹਿਆ ਵਿਚ ਸੰਸਾਰਿਆ । ਸੱਤ ਰੰਗਣ ਜੋਤੀ ਨੂਰ, ਕਾਇਆ ਮੰਦਰ ਮਹੱਲ ਮੁਨਾਰਿਆ । ਅੱਠੇ ਪਹਿਰ ਇਕ ਸਰੂਰ, ਜਨ ਭਗਤ ਸਚ ਦੁਲਾਰਿਆ । ਕਲਜੁਗ ਮਾਇਆ ਕੀਨੀ ਦੂਰ, ਏਕਾ ਏਕ ਚਰਨ ਪਿਆਰਿਆ । ਪ੍ਰਭ ਸਾਚਾ ਹਾਜਰ ਹਜ਼ੂਰ, ਗੁਰ ਸੰਗਤ ਤੇਰੇ ਦਰ ਦਵਾਰਿਆ । ਆਸਾ ਮਨਸਾ ਰਿਹਾ ਪੂਰ ਲੱਖ ਚੁਰਾਸੀ ਫੰਦ ਕਟਾ ਰਿਹਾ । ਬੇਮੁਖਾਂ ਕਲ ਦਿਸੇ ਦੂਰ, ਮਦਿਰਾ ਮਾਸ ਜਾਮ ਪਿਆ ਰਿਹਾ । ਹਰਿਜਨ ਸੁਣਾਏ ਸ਼ਬਦ ਤੂਰ, ਅਨਹਦ ਰਾਗ ਇਕ ਵਖਾ ਰਿਹਾ । ਜੋਤੀ ਜਗੇ ਨੂਰ ਨੁਰੰਤਰ ਕਾਇਆ ਮੰਦਰ ਹੋਏ ਉਜਾਲਾ ਜਿਉਂ ਕੋਹਤੂਰ, ਭੇਦ ਅਭੇਦਾ ਭੇਵ ਛੁਪਾ ਰਿਹਾ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਲੋਕਮਾਤ ਜੋਤ ਧਰ, ਕਲਜੁਗ ਕਾਲਾ ਵੇਸ ਕਰ, ਜਨ ਭਗਤਾਂ ਦਰ ਦਰਵੇਸ਼ ਅਲਖ ਅਲਖ ਅਲਖ, ਗੁਰਮੁਖ ਤੇਰੀ ਅਲਖ ਜਗਾ ਰਿਹਾ । ਅਲਖ ਜਗਾਏ ਅਲਖਣਾ ਲੇਖ ਹਰਿ ਜਗਦੀਸ । ਗੁਰਮੁਖ ਸਾਚਾ ਕੀਨਾ ਵਖ, ਚਾਰੋਂ ਕੁੰਟ ਭੌਂਦੇ ਲੱਖ, ਛਤਰ ਨਾ ਝੁੱਲੇ ਕਿਸੇ ਸੀਸ । ਕਾਇਆ ਭਾਂਡੇ ਹੋਏ ਸਖ, ਕੋਇ ਸਕੇ ਨਾ ਕਲਜੁਗ ਰੱਖ, ਜੂਠਾ ਝੂਠਾ ਪੀਸਣ ਪੀਸ । ਪਰਗਟ ਹੋਏ ਹਰਿ ਪਰਤਖ, ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਕਰੇ ਖੇਲ ਬੀਸ ਇਕੀਸ । ਸ਼ਬਦ ਨਿਸ਼ਾਨਾ ਜਗਤ ਹਰਿ, ਖੁਲ੍ਹੇ ਭਗਤ ਦਵਾਰਿਆ । ਗੁਰਮੁਖਾਂ ਮਿਲੇ ਨਾਮ ਵਰ, ਪ੍ਰਭ ਭਰੇ ਸ਼ਬਦ ਭੰਡਾਰਿਆ । ਸਚ ਸਮਗਰੀ ਮਾਤ ਧਰ, ਕਰੇ ਕਰਾਏ ਵਣਜ ਵਪਾਰਿਆ । ਜੋਤ ਇਕਗਰੀ ਨਰ ਹਰਿ, ਆਪੇ ਸੁਣੇ ਪੁਕਾਰਿਆ । ਲੱਖ ਚੁਰਾਸੀ ਚੁੱਕੇ ਡਰ, ਸਾਚੀ ਤਰਨੀ ਜਾਏ ਤਰ, ਗੁਰਮੁਖ ਸਾਚਾ

ਸਰਨੀ ਸੀਸ ਝੁਕਾ ਰਿਹਾ । ਨਿਹਕਲੰਕ ਨਰਾਇਣ ਨਰ, ਲੋਕਮਾਤ ਹਰਿ ਜੋਤ ਧਰ, ਗੁਰ ਸੰਗਤ ਤੇਰਾ ਏਕਾ ਭਾਰ ਆਪਣੇ ਸੀਸ ਉਠਾ ਰਿਹਾ । ਗੁਰ ਸੰਗਤ ਤੇਰਾ ਭਾਰ, ਆਪਣੇ ਸੀਸ ਉਠਾਇਆ । ਗੁਰ ਸੰਗਤ ਕਲਜੁਗ ਵੇਲਾ ਅੰਤਮ ਅੰਤ ਸਦਾ ਰਹਿਣਾ ਤਿਆਰ, ਸਚ ਸੁਨੇਹੜਾ ਰਿਹਾ ਪੁਜਾਇਆ । ਜੂਠਾ ਝੂਠਾ ਕਲਜੁਗ ਜੀਵ, ਮੀਤ ਮੁਰਾਰ ਕੋਈ ਦਿਸ ਨਾ ਆਇਆ । ਭੈਣ ਭਾਈ ਝੂਠਾ ਹਿਤ, ਪੁਰਖ ਅਬਿਨਾਸ਼ੀ ਰਾਖੋ ਚਿਤ, ਸਦਾ ਸੁਹੇਲਾ ਹੋਏ ਸਹਾਇਆ । ਨਾ ਕੋਈ ਮਾਤ ਨਾ ਕੋਈ ਪਿਤ, ਮਾਇਆ ਮਮਤਾ ਜਗਤ ਬੰਧਾਇਆ । ਕਾਇਆ ਅੰਮ੍ਰਿਤ ਆਤਮ ਤਨ, ਸੋਹੰ ਸਾਚਾ ਬੀਜ ਬਿਜਾਇਆ । ਲੱਗੇ ਫਲ ਸਤਾਰਾਂ ਹਾੜੀ, ਸਾਚੀ ਬਣਤ ਅੰਮ੍ਰਿਤ ਮੇਵਾ ਹਰਿ ਲਗਾਇਆ । ਲੇਖ ਲਿਖਾਇਆ ਮਹੀਨੇ ਚੇਤ, ਇਕ ਰਖਾਇਆ ਕਾਇਆ ਖੇਤ, ਸਾਚਾ ਹੱਲ ਹਰਿ ਚਲਾਇਆ । ਪੁਰਖ ਅਬਿਨਾਸ਼ੀ ਚੇਤਨ ਚੇਤ, ਜਨ ਭਗਤਾਂ ਕਰੇ ਸਾਚਾ ਹੇਤ, ਬੇਮੁਖ ਜਾਨਣ ਜਿਨ ਪ੍ਰੇਤ, ਸਿੰਘ ਪੂਰਨ ਦੇ ਵਿਚ ਸਮਾਇਆ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਸ਼ਬਦ ਸੁਨੇਹੜਾ ਸਾਚਾ ਘੱਲ, ਜੰਗਲ ਜੂਹ ਉਜਾੜ ਪਹਾੜ, ਜਲ ਥਲ ਸਰਬ ਰਿਹਾ ਜਗਾਇਆ । ਸਿੰਘ ਪੂਰਨ ਪਰਵੇਸ਼ ਜਗਤ ਦਸਮੇਸ਼ਿਆ । ਪੁਰਖ ਨਿਰੰਜਣ ਕਰੋ ਆਦੇਸ, ਸਦ ਵਸੇ ਕਾਇਆ ਦੇਸ, ਗੁਰਮੁਖ ਵਿਰਲੇ ਵੇਖਿਆ । ਨਾ ਕੋਈ ਮੁੱਛ ਦਾਹੜੀ ਨਾ ਕੇਸ, ਆਦਿ ਪੁਰਖ ਰਹੇ ਹਮੇਸ਼, ਨਿਰਗੁਣ ਰੂਪ ਸਰਬ ਸਮਾ ਰਿਹਾ । ਕਲਜੁਗ ਕਾਇਆ ਕਾਲਾ ਵੇਸ, ਗੁਰ ਦਸਮੇਸ ਉਚ ਪੀਰ ਆਪ ਕਹਾ ਰਿਹਾ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਜੋਤੀ ਜਾਮਾ ਭੇਖ ਧਰ, ਅੰਤ ਨਿਬੇੜਾ ਜਗਤ ਝੇੜਾ ਧਰਤ ਮਾਤ ਤੇਰਾ ਖੁਲ੍ਹਾ ਵਿਹੜਾ, ਆਪਣੀ ਹੱਥੀਂ ਆਪ ਕਰਾ ਰਿਹਾ । ਧਰਤ ਮਾਤ ਤੇਰਾ ਖੁਲ੍ਹਾ ਵਿਹੜਾ, ਹਰਿ ਸਾਚਾ ਆਪ ਕਰਾਇੰਦਾ । ਕਲਜੁਗ ਤੇਰਾ ਅੰਤ ਨਿਬੇੜਾ, ਕਾਇਆ ਖੇੜਾ ਸਰਬ ਢਾਹਿੰਦਾ । ਪੰਜਾਂ ਤੱਤਾਂ ਚੁੱਕੇ ਝੇੜਾ, ਮਾਇਆ ਬੇੜਾ ਆਪ ਡੁਬਾਇੰਦਾ । ਸੋਹੰ ਲਾਏ ਇਕ ਉਖੇੜਾ, ਲੋਆਂ ਪੁਰੀਆਂ ਜੜ੍ਹ ਉਖੜਾਇੰਦਾ । ਆਪੇ ਦੇਵੇ ਉਲਟਾ ਗੇੜਾ, ਲੱਖ ਚੁਰਾਸੀ ਭੇੜ ਭੇੜਾ, ਸਾਚੀ ਸੁਧ ਨਾ ਕਿਸੇ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਜੋਤੀ ਜਾਮਾ ਭੇਖ ਧਰ, ਆਪ ਆਪਣੀ ਬਣਤ ਬਣਾਇੰਦਾ । ਬਣੀ ਬਣਤ ਬਲਕਾਰ, ਹਰਿ ਭਗਵਾਨਿਆ । ਉਠਿਆ ਹੋ ਤਿਆਰ, ਸਤਾਰਾਂ ਹਾੜੀ ਦਿਵਸ ਵਿਚਾਰ, ਚਾਰੋਂ ਕੁੰਟ ਕਰੇ ਧਿਆਨਿਆ । ਚਿੱਟੇ ਅਸਵ ਹੋ ਅਸਵਾਰ, ਜਨ ਭਗਤਾਂ ਪਹਿਰੇਦਾਰ, ਰਾਜੇ ਰਾਣੇ ਕਰੇ ਖ਼ਬਰਦਾਰ, ਸਾਧ ਸੰਤ ਪਛਾਣੇ ਗੁਣ ਨਿਧਾਨਿਆ । ਕਵਣ ਜਿਹਵਾ ਕਵਣ ਮੰਤ, ਕਵਣ ਸੁਹੇਲਾ ਸਾਚਾ ਸੰਤ, ਕਵਣ ਦਰ ਮੇਲਾ ਜੀਵ ਜੰਤ, ਗੁਣ ਅਵਗੁਣ ਰਿਹਾ ਵਿਚਾਰਿਆ । ਲੱਖ ਚੁਰਾਸੀ ਭੁੱਲੀ ਜੀਵ ਜੰਤ, ਕਿਸੇ ਨਾ ਮੇਲਾ ਸਾਚੇ ਕੰਤ, ਜੂਠਾ ਝੂਠਾ ਮਾਇਆ ਲੂਠਾ, ਕਲਜੁਗ ਜੀਵ ਭਰੇ ਹੰਕਾਰਿਆ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਜੋਤੀ ਜਾਮਾ ਭੇਖ ਧਰ, ਸਾਚਾ ਵੇਸ ਗੁਰ ਦਸਮੇਸ ਕਰੇ ਖੇਲ ਅਪਾਰਿਆ । ਨੀਲਾ ਘੋੜਾ ਹਰਿ ਸ਼ਿੰਗਾਰ, ਸ਼ਬਦ ਅਸਮਾਨਿਆ । ਕਲਜੁਗ ਜੀਵ ਲੱਭਣ ਗੁਵਾਰ, ਵਿਚ ਜਹਾਨਿਆ । ਪੁਰਖ ਅਗੰਮ ਅਗੰਮੜਾ ਨੀਲੀ ਛੱਤ ਆਇਆ ਪਾੜ, ਵਾਲੀ ਦੋ ਜਹਾਨਿਆ । ਧੁਰ ਦਰਗਾਹੀ ਸਾਚਾ ਲਾੜ, ਧਰਤ ਮਾਤ ਤੇਰਾ ਵੇਖੇ ਇਕ ਅਖਾੜ, ਸੱਤਾਂ ਦੀਪਾਂ ਵੰਡ ਵੰਡਾਨਿਆ । ਲੁਕਿਆ ਰਹੇ ਨਾ ਕੋਈ ਝਾੜ, ਆਪ ਚਬਾਏ ਆਪਣੀ ਦਾੜ੍ਹ, ਸ਼ਬਦ ਸਰੂਪੀ ਲਿਆਏ ਧਾੜ, ਨਾ ਕੋਈ ਵੇਖੇ ਪਠਾਣੀਆ । ਨਾਮ ਗੋਲਾ ਕਾੜ ਕਾੜ, ਬਜਰ ਕਪਾਟੀ

ਰਿਹਾ ਪਾੜ, ਜੋਤੀ ਅਗਨੀ ਰਿਹਾ ਸਾੜ, ਮੇਟ ਮਿਟਾਏ ਜਗਤ ਨਿਸ਼ਾਨਿਆ । ਖ਼ੁਸ਼ੀ ਮਨਾਏ ਸਤਾਰਾਂ ਹਾੜ, ਜਗੀ ਜੋਤ ਬਹੱਤਰ ਨਾੜ, ਗੁਰਮੁਖ ਸਾਚੇ ਸੰਤ ਜਨਾਂ ਸਾਚੀ ਬਣਤ ਬਣਾਨਿਆ । ਬਣਤ ਬਣਾਏ ਮਾਤ, ਸਗਲਾ ਸਾਥਿਆ । ਮਿਲਿਆ ਮੇਲ ਹਰਿ ਕਮਲਾਪਾਤ, ਚੜ੍ਹੇ ਚੜ੍ਹਾਏ ਸ਼ਬਦ ਸਾਚੇ ਰਾਥਿਆ । ਚਰਨ ਪ੍ਰੀਤੀ ਬੰਨ੍ਹੇ ਨਾਤ, ਮਸਤਕ ਤਿਲਕ ਸੋਹੰ ਮਾਥਿਆ । ਨਾ ਕੋਈ ਪੁੱਛੇ ਜ਼ਾਤ ਪਾਤ, ਤ੍ਰੈਲੋਕੀ ਨਾਥ ਹਰਿ ਰਘੁਨਾਥਿਆ । ਸਗਲ ਸਹਾਈ ਏਕਾ ਸਾਥ, ਆਪੇ ਰੱਖੇ ਦੇ ਕਰ ਹਾਥ, ਹਰਿਜਨ ਸਾਚਾ ਆਪ ਪਛਾਨਿਆ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਸੰਬਲ ਦੇਸ ਵੇਸ ਕਰ, ਗੌੜ ਬ੍ਰਹਿਮਣ ਗੌੜ ਉਤਮ ਰੱਖੇ ਜਾਤਿਆ । ਗੌੜ ਬ੍ਰਹਿਮਣ ਬ੍ਰਹਿਮਣ ਗੌੜ, ਗੌੜੀ ਗੌੜ ਕਿਸੇ ਨਾ ਜਾਨਿਆ । ਸਰਬ ਸਹਾਈ ਰਿਹਾ ਦੌੜ, ਵੇਦ ਵਿਆਸਾ ਹੁਕਮ ਕਿਸੇ ਨਾ ਜਾਣਿਆ । ਕਲਜੁਗ ਮਾਇਆ ਲੱਗੀ ਕੌੜ, ਗਿਆਨੀ ਧਿਆਨੀ ਹੋਏ ਨਿਧਾਨਿਆ । ਨਾ ਕੋਈ ਵੇਖੇ ਸਾਚਾ ਪੌੜ, ਪੰਡਤ ਪਾਂਧੇ ਪੜ੍ਹ ਪੜ੍ਹ ਥੱਕੇ ਵੇਦ ਪੁਰਾਨਿਆ । ਕਲਜੁਗ ਰੀਠਾ ਦਿਸੇ ਕੌੜ, ਕਿਸੇ ਹੱਥ ਨਾ ਆਏ ਅੰਜ਼ੀਲ ਕੁਰਾਨਿਆ । ਪਰਗਟ ਹੋਏ ਬ੍ਰਹਿਮਣ ਗੌੜ, ਸਾਚਾ ਬ੍ਰਹਮ ਪਾਰਬ੍ਰਹਮ ਨਿਸ਼ਾਨਿਆ । ਸਾਚਾ ਬ੍ਰਹਮ ਪੂਰਨ ਜਾਣ । ਪਾਰਬ੍ਰਹਮ ਕਰ ਮਾਤ ਧਿਆਨ । ਸਾਚਾ ਧਰਮ ਜਗਤ ਨਿਸ਼ਾਨ । ਮਿਟੇ ਵਰਮ ਬੇਈਮਾਨ । ਪੂਰਨ ਕਰਮ ਇਕ ਭਗਵਾਨ । ਮਾਨਸ ਦੇਹੀ ਸਾਚਾ ਚਰਮ, ਲੇਖੇ ਲਾਉਣਾ ਵਿਚ ਜਹਾਨ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਸੰਬਲ ਦੇਸ ਵੇਸ ਕਰ, ਗੌੜ ਬ੍ਰਹਿਮਣ ਭੇਖ ਧਰਾ ਲਿਆ । ਹਾਟੀ ਏਕਾ ਸੌਦਾ ਵਿਚ ਦੁਕਾਨ । ਏਕਾ ਹਟ ਇਕ ਦੁਕਾਨ ਇਕ ਮਕਾਨਿਆ । ਏਕਾ ਪਟ ਸ਼ਬਦ ਨਿਸ਼ਾਨ, ਝੁਲਦਾ ਰਹੇ ਵਿਚ ਜਹਾਨ, ਹਰਿ ਭਗਵਾਨ ਏਕਾ ਤੀਰਥ ਏਕਾ ਤਟ ਏਕਾ ਨਿਰਮਲ ਸਾਚਾ ਮਟ, ਕਾਇਆ ਅੰਦਰ ਹਰਿ ਭਗਵਾਨਿਆ । ਦੁਰਮਤ ਮੈਲ ਰਿਹਾ ਕੱਟ, ਦੂਈ ਦਵੈਤੀ ਮੇਟੇ ਫਟ, ਸ਼ਬਦ ਪੱਟੀ ਬੰਨ੍ਹੇ ਝੱਟ, ਗੌੜ ਬ੍ਰਹਿਮਣ ਹਰਿ ਮਿਹਰਬਾਨਿਆ । ਜੋਤੀ ਜਾਮਾ ਖੇਲ ਬਾਜੀਗਰ ਨਟ, ਕਲਜੁਗ ਜੀਵ ਕਿਸੇ ਨਾ ਪਛਾਨਿਆ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਜੋਤੀ ਜਾਮਾ ਭੇਖ ਧਰ, ਆਪੇ ਪਹਿਰੇ ਆਪਣਾ ਬਾਣਿਆ । ਗੌੜ ਬ੍ਰਹਿਮਣ ਗੌੜ, ਗੁਰਮਤ ਵਿਚਾਰਿਆ । ਰਸਨਾ ਕਿਸੇ ਨਾ ਦੱਸੇ ਲੰਮਾ ਚੌੜ, ਨਾ ਕੋਈ ਪਾਵੇ ਸਾਰਿਆ । ਰਸਨਾ ਰਸ ਫੀਕਾ ਦਿਸੇ ਕੌੜ, ਪੂਰਨ ਬ੍ਰਹਮ ਨਾ ਕੋਈ ਵਿਚਾਰਿਆ । ਜਨ ਭਗਤਾਂ ਅੰਦਰ ਲੱਗੀ ਔੜ, ਪਾਰਬ੍ਰਹਮ ਕਿਰਪਾ ਕਲ ਧਾਰਿਆ । ਜੋਤੀ ਜਾਮਾ ਆਇਆ ਦੌੜ, ਸੰਬਲ ਨਗਰੀ ਆਸਣ ਲਾ ਲਿਆ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਜੋਤੀ ਜਾਮਾ ਭੇਖ ਧਰ, ਆਪੇ ਪਹਿਰੇ ਆਪਣਾ ਬਾਣਿਆ । ਸਚ ਸਮਗਰੀ ਸਾਚੀ ਰਾਸ । ਗੌੜ ਬ੍ਰਹਿਮਣ ਰੱਖੇ ਪਾਸ । ਪਾਰਬ੍ਰਹਮ ਪੁਰਖ ਅਬਿਨਾਸ਼ । ਏਕਾ ਬ੍ਰਹਮ ਹਰਿ ਹੋਇਆ ਦਾਸ । ਸਾਚਾ ਧਰਮ ਜਗਤ ਸਾਬਾਸ । ਪੂਰਨ ਕਰਮ ਮੰਡਲ ਹਰਿ ਰਾਸ । ਜੋਤੀ ਜੋਤ ਸਰੂਪ ਹਰਿ, ਸੰਬਲ ਦੇਸ ਵੇਸ ਕਰ, ਗੌੜ ਬ੍ਰਹਿਮਣ ਭੇਖ ਧਰ, ਆਪੇ ਵਸੇ ਆਸ ਪਾਸ । ਗੌੜ ਬ੍ਰਹਿਮਣ ਗੁਣੀ ਗਹੀਰਾ । ਪਾਰਬ੍ਰਹਮ ਸਤਿ ਸਰੀਰਾ । ਕਿਸੇ ਦਿਸ ਨਾ ਆਏ ਨਾੜੀ ਚਰਮ, ਆਪੇ ਦੱਸੇ ਧੀਰਜ ਧੀਰਾ । ਆਪੇ ਜਾਣੇ ਆਪਣਾ ਕਰਮ, ਆਪੇ ਜਾਣੇ ਆਦਿ ਅੰਤ ਅਖੀਰਾ । ਲੱਖ ਚੁਰਾਸੀ ਭੁੱਲੀ ਭਰਮ, ਕਿਹੜੀ ਕੂਟੇ ਚੁੱਕੇ ਬੀੜਾ । ਨਿਹਕਲੰਕ ਨਰਾਇਣ ਨਰ, ਲੋਕਮਾਤ ਹਰਿ ਜੋਤ ਧਰ, ਚਾਰੇ ਵਰਨ ਇਕ ਕਰਾਏ ਆਪੇ ਜਾਣੇ ਹਸਤ ਕੀੜਾ । ਹਸਤ ਕੀੜ ਪ੍ਰਭ ਜਾਣ ਉਚ ਸਮੇਰਿਆ । ਜਨ ਭਗਤਾਂ ਬੰਨ੍ਹੇ ਬੀੜ, ਨਾ ਲਾਏ ਦੇਰ, ਕਲ ਕੱਟਣ ਆਇਆ ਭੀੜਿਆ । ਸਿੰਘ ਸ਼ੇਰ

ਹਰਿ ਹਰਿ ਸ਼ੇਰ ਦਲੇਰਿਆ । ਲੱਖ ਚੁਰਾਸੀ ਪਈ ਭੀੜ, ਹਰਿ ਆਪ ਭੁਲਾਏ ਕਰ ਕਰ ਹੇਰਾ ਫੇਰਿਆ । ਧਰਮ ਰਾਏ ਦਰ ਰਿਹਾ ਪੀੜ, ਜੂਠੇ ਝੂਠੇ ਦਰ ਦਰ ਘੇਰਿਆ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਕਲਜੁਗ ਕਰੇ ਅੰਤ ਨਿਬੇੜਿਆ । ਗੌੜ ਬ੍ਰਹਿਮਣ ਸਾਚਾ ਗਾਓ । ਕਾਇਆ ਮੰਦਰ ਤਿੰਨ ਸੌ ਸੱਠ ਹਾਡੀ, ਕਲਜੁਗ ਖੇਤੀ ਵੱਢਣ ਆਇਆ ਬਣਕੇ ਸਾਚਾ ਬਾਡੀ । ਗੁਰਮੁਖਾਂ ਲਾਡ ਲਡਾਵਣ ਆਇਆ, ਸਾਚੀ ਗੋਦ ਉਠਾਵਣ ਆਇਆ, ਲੱਖ ਚੁਰਾਸੀ ਵਿਚੋਂ ਰਿਹਾ ਕਾਢੀ । ਸਚ ਸਿੰਘਾਸਣ ਡੇਰਾ ਲਾਵਣ ਆਇਆ, ਪੁਰਖ ਅਬਿਨਾਸ਼ੀ ਚਾਰ ਵਰਨਾਂ ਚਾਰੋਂ ਕੁੰਟਾਂ ਏਕਾ ਘੇਰਾ ਪਾਵਣ ਆਇਆ, ਲੱਖ ਚੁਰਾਸੀ ਰਹੀ ਫਾਡੀ । ਨਿਹਕਲੰਕ ਨਰਾਇਣ ਨਰ, ਲੋਕਮਾਤ ਹਰਿ ਜੋਤ ਧਰ, ਗੌੜ ਬ੍ਰਹਿਮਣ ਵੇਸ ਕਰ, ਅੰਤ ਨਿਬੇੜਾ ਇਕ ਕਰਾਇਆ । ਗੌੜ ਬ੍ਰਹਿਮਣ ਉਤਮ ਗੋਤ । ਧੁਰ ਦਰਗਾਹੀ ਸਾਚਾ ਜਾਮਨ, ਪੁਰਖ ਅਬਿਨਾਸ਼ੀ ਨਿਰਮਲ ਜੋਤ । ਨੇੜ ਨਾ ਆਏ ਕਾਮਨੀ ਕਾਮਨ, ਦੁਰਮਤ ਮੈਲ ਰਿਹਾ ਧੋਤ । ਕਲਜੁਗ ਤੇਰੀ ਅੰਧੇਰੀ ਸ਼ਾਮਨ, ਗੁਰਮੁਖ ਉਠਾਏ ਦਇਆ ਕਮਾਏ, ਸਤਾਰਾਂ ਹਾੜੀ ਕੋਈ ਨਾ ਜਾਣੇ ਸੋਤ । ਨਿਹਕਲੰਕ ਕਲ ਜਾਮਾ ਪਾਏ, ਲੱਖ ਚੁਰਾਸੀ ਫੰਦ ਕਟਾਏ, ਸ਼ਬਦ ਸਿਹਰਾ ਸੀਸ ਗੁੰਦਾਏ, ਬੀਸ ਇਕੀਸ ਦਇਆ ਕਮਾਏ, ਰਾਗ ਛਤੀਸ ਨਾ ਕੋਈ ਗਾਏ, ਕੁਰਾਨ ਅੰਜ਼ੀਲਾਂ ਵਕਤ ਚੁਕਾਏ, ਵੇਦ ਪੁਰਾਨਾਂ ਕੋਈ ਨਾ ਥਾਏਂ, ਸਾਚਾ ਹੁਕਮ ਸੁਣਾਇੰਦਾ । ਹੋਇਆ ਵਕਤ ਅਖ਼ੀਰ, ਪੀਰ ਫ਼ਕੀਰਿਆ । ਕਲਜੁਗ ਲੱਥਾ ਚੀਰ, ਨਾ ਦੇਵੇ ਕੋਈ ਧੀਰਿਆ । ਹਉਮੇ ਲੱਗੀ ਕਲਜੁਗ ਪੀੜ, ਅੱਠੇ ਪਹਿਰ ਤਨ ਪੀੜਿਆ । ਗੁਰਮੁਖ ਵਿਰਲਾ ਬੰਨ੍ਹੇ ਬੀੜ, ਆਏ ਦਰ ਘਤ ਵਹੀਰਿਆ । ਏਕਾ ਰੰਗਨ ਹਸਤ ਕੀੜ, ਅੰਮ੍ਰਿਤ ਦੇਵੇ ਸਾਚਾ ਸੀਰਿਆ । ਜਨ ਭਗਤਾਂ ਕੱਟਣ ਆਇਆ ਭੀੜ, ਕਰ ਕਰ ਆਪਣੀ ਮਿਹਰਿਆ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਲੱਖ ਚੁਰਾਸੀ ਲਾਹੇ ਚੀਰਿਆ । ਲੱਖ ਚੁਰਾਸੀ ਲੱਥੇ ਚੀਰ, ਦਏ ਦੁਹਾਈਆ । ਭੈਣ ਭਰਾਵਾਂ ਤੁਟੇ ਨਾਤ, ਨਾ ਹੋਏ ਕੋਈ ਸਹਾਈਆ । ਬਾਲਕ ਮਾਤਾ ਛੁੱਟੇ ਸੀਰ, ਦੁੱਧਾਂ ਬਨੀ ਵਹਾਈਆ । ਕਲਜੁਗ ਤੇਰਾ ਵਕਤ ਅਖੀਰ, ਨਾ ਕੋਈ ਜਾਣੇ ਸ਼ਾਹ ਫ਼ਕੀਰ, ਸ਼ਾਹ ਸੁਲਤਾਨਾਂ ਵਿਚ ਜਹਾਨਾਂ, ਰਾਜ ਰਾਜਾਨਾਂ ਦਿਸ ਨਾ ਆਈਆ । ਰਾਜ ਰਾਜਾਨ ਸੋਏ ਪੈਰ ਪਸਾਰਿਆ । ਪਰਗਟ ਹੋਏ ਵਾਲੀ ਦੋ ਜਹਾਨ, ਜੋਤੀ ਜਾਮਾ ਭੇਖ ਨਿਆਰਿਆ । ਸ਼ਬਦ ਚੜ੍ਹਾਏ ਇਕ ਨਿਸ਼ਾਨ, ਸੱਤਾਂ ਰੰਗਾਂ ਅਪਰ ਅਪਾਰਿਆ । ਸੱਤਾਂ ਦੀਪਾਂ ਪਾਏ ਵੰਡ, ਵੇਖ ਵਖਾਣੇ ਨੌਂ ਖੰਡ, ਵਿਚ ਵਰਭੰਡ ਜੋਤ ਨਿਰੰਕਾਰਿਆ । ਸੋਹੰ ਫੜੇ ਚੰਡ ਪਰਚੰਡ, ਆਪੇ ਕਰੇ ਖੰਡ ਖੰਡ, ਚਾਰੋਂ ਕੁੰਟ ਨਾਰ ਰੰਡ, ਸੁਹਾਗੀ ਕੰਤ ਨਾ ਕੋਈ ਹੰਢਾ ਰਿਹਾ । ਕਲਜੁਗ ਮਿਟੇ ਭੇਖ ਪਖੰਡ, ਅੰਤਮ ਔਧ ਗਈ ਹੰਢ, ਪ੍ਰਭ ਅਬਿਨਾਸ਼ੀ ਸਾਚਾ ਝੰਡਾ ਆਪ ਝੁਲਾ ਰਿਹਾ । ਸਾਚੇ ਝੰਡੇ ਜਗਤ ਨਿਸ਼ਾਨੇ । ਗੁਰਮੁਖਾਂ ਬੰਨ੍ਹੇ ਨਾਮ ਗਾਨੇ । ਮਿਲਿਆ ਮੇਲ ਗੁਣ ਨਿਧਾਨੇ, ਸੋਹੰ ਸ਼ਬਦ ਧੁਰ ਪਰਵਾਨੇ, ਲੇਖ ਲਿਖਾਇਆ ਘਰ ਬਹਾਨੇ, ਪਹਿਲੀ ਚੇਤ ਸ੍ਰੀ ਭਗਵਾਨੇ, ਲੱਖ ਚੁਰਾਸੀ ਫੰਦ ਕਟਾ ਰਿਹਾ । ਆਪ ਆਪਣੇ ਸੰਗ ਸਮਾਨੇ, ਦੂਸਰ ਕੋਈ ਭੇਵ ਨਾ ਜਾਣੇ, ਨਿਹਕਲੰਕ ਨਰਾਇਣ ਨਰ, ਲੋਕਮਾਤ ਜੋਤ ਧਰ, ਗੌੜ ਬ੍ਰਾਹਮਣ ਵੇਸ ਕਰ, ਸਾਚਾ ਖੇੜਾ ਆਪ ਵਸਾਇਆ । ਇੰਦਰ ਆਇਆ ਦਵਾਰ ਬਣ ਸਵਾਲੀਆ । ਪ੍ਰਭ ਅਬਿਨਾਸ਼ੀ ਕਿਰਪਾ ਧਾਰ, ਇੰਦਰਲੋਕ ਕਰ ਰਖਵਾਲੀਆ । ਹਰਿਜਨ ਸਾਚੇ ਸ਼ਾਹੋ ਸ਼ਾਬਾਸ, ਲੋਆਂ ਪੁਰੀਆਂ ਬਣਿਆ ਪਾਲੀਆ । ਮੰਗਣਾ ਏਕਾ ਦਰ ਦਵਾਰ, ਦੋ ਜਹਾਨੀ ਨਰ ਹਰਿ ਵਾਲੀਆ । ਤਖ਼ਤ ਸਿੰਘਾਸਣ ਇਕ ਤਿਆਰ, ਓਥੇ ਦਿਸੇ

੧੨੪ ੦੫

ਕਰਨਾ ਖਾਲੀਆ । ਦਰ ਦਵਾਰੇ ਰੋਵੇ ਧਾਹਾਂ ਮਾਰ, ਭੁੱਲ ਗਈਆਂ ਅਪੱਛਰਾਂ ਨਿਤ ਨਵਾਲੀਆ । ਵੇਲਾ ਅੰਤਮ ਆਏ ਹਾਰ, ਬਣੇ ਜਗ ਕਾਲਖ ਕਾਲੀਆ । ਕਰੋੜ ਤੇਤੀਸਾ ਸੁਣੇ ਪੁਕਾਰ, ਦੇਵੇ ਵਰ ਸ਼ਬਦ ਸੁਖਾਲੀਆ । ਸੋਹੰ ਰਸਨਾ ਲੈਣਾ ਉਚਾਰ, ਮਿਲੇ ਮੇਲ ਸੱਚੇ ਬਨਵਾਲੀਆ । ਆਉਣਾ ਮਾਤ ਸੱਚੇ ਦਰਬਾਰ, ਬੀਸ ਇਕੀਸ ਜੋਤ ਨਿਰਾਲੀਆ । ਝੁੱਲੇ ਛਤਰ ਸੱਚੀ ਸਰਕਾਰ, ਕੌਸਤਕ ਮਣੀਆ ਸਾਚੀ ਡਾਲ੍ਹੀਆ । ਸੋਹੰ ਖਿੜੇ ਸੱਚੀ ਗੁਲਜਾਰ, ਚਾੜ੍ਹੇ ਰੰਗ ਲਾਲ ਗੁਲਾਲੀਆ । ਹਰਿਜਨ ਭਰਿਆ ਰਹੇ ਭੰਡਾਰ, ਸਾਚੀ ਵਸਤ ਨਾ ਹੋਏ ਖਾਲੀਆ । ਸ਼ਬਦ ਤੂਰਤ ਇਕ ਅਪਾਰ, ਮੂਰਤ ਨੂਰਤ ਇਕ ਅਕਾਲੀਆ । ਅਗਾਧ ਬੋਧ ਸ਼ਬਦ ਅਧਾਰ, ਸਾਚਾ ਤੋਲ ਆਪੇ ਤੋਲੀਆ । ਕਰਨਾ ਵਣਜ ਸੱਚਾ ਵਪਾਰ, ਚਰਨ ਪ੍ਰੀਤੀ ਘੋਲ ਘੋਲੀਆ । ਇੰਦ ਇੰਦਰਾਸਣ ਵੇਖ ਵਿਚਾਰ, ਪੁਰੀ ਇੰਦਰ ਅੰਤਮ ਡੋਲੀਆ । ਸਤਾਰਾਂ ਹਾੜੀ ਦਏ ਹੁਲਾਰ, ਮੇਘ ਮਾਲਾ ਲਏ ਝਕੋਲੀਆ । ਬਰਸੇ ਮੇਘ ਕਿਰਪਾ ਧਾਰ, ਕਲਜੁਗ ਮਾਇਆ ਹਰਿ ਜੀ ਤੋਲੀਆ । ਗੁਰਮੁਖ ਧੂੜ ਨਾ ਮਿਲੇ ਦੁਸ਼ਟ ਦੁਰਾਚਾਰ, ਨਿਹਕਲੰਕ ਮਾਰੇ ਬੋਲੀਆ । ਗੁਰ ਸੰਗਤ ਸਾਚੀ ਉਤਰੀ ਪਾਰ, ਆਏ ਦਰ ਰੰਗਣ ਚੋਲੀਆ । ਮਾਨਸ ਦੇਹੀ ਪੈਜ ਸਵਾਰ, ਕਾਇਆ ਕੁੰਡਾ ਆਪੇ ਖੋਲ੍ਹਿਆ । ਛੋਟਾ ਮੁੰਡਾ ਕਰ ਤਿਆਰ, ਸ਼ਬਦ ਪਾਇਆ ਸਾਚੀ ਡੋਲੀਆ । ਸਿੰਘ ਮਨਜੀਤਾ ਨਰ ਨਿਰੰਕਾਰ, ਚਰਨ ਬਹਾਏ ਸਾਚੀ ਗੋਲੀਆ । ਪੁਰੀ ਇੰਦਰ ਬਣੇ ਸਿਕਦਾਰ, ਕਰੇ ਖ਼ੁਸ਼ੀ ਅਮੁਲ ਅਮੋਲੀਆ । ਸ਼ਬਦ ਮਿਲਿਆ ਅਪਰ ਅਪਾਰ, ਕਰੋੜ ਤੇਤੀਸਾ ਰਿਹਾ ਬੋਲੀਆ । ਨਿਹਕਲੰਕ ਲਏ ਅਵਤਾਰ, ਸੰਬਲ ਦੇਸ ਕਾਇਆ ਚੋਲੀਆ । ਗੌੜ ਬ੍ਰਾਹਮਣ ਖ਼ਬਰਦਾਰ, ਪਾਰਬ੍ਰਹਮ ਵਿਚ ਵਚੋਲਿਆ । ਲੋਕਮਾਤ ਸਾਚਾ ਯਾਰ, ਆਪ ਉਠਾਵਣ ਆਇਆ ਹਰਿਜਨ ਡੋਲੀਆ । ਆਪੇ ਬਣ ਸੱਚੀ ਸਰਕਾਰ, ਆਪਣਾ ਤੋਲ ਆਪੇ ਤੋਲਿਆ । ਚਰਨ ਉਠਾਏ ਪਹਿਲੀ ਵਾਰ, ਇੰਦ ਇੰਦਰਾਸਣ ਅੰਤਮ ਡੋਲਿਆ । ਵੇਖੇ ਨੇਤਰ ਖੋਲ੍ਹ ਉਘਾੜ, ਪੁਰਖ ਅਬਿਨਾਸ਼ੀ ਕਲਾ ਸੋਲਿਆ । ਚਾਰੇ ਕੁੰਟਾਂ ਦਏ ਉਜਾੜ, ਗੁਰਮੁਖ ਵਿਰਲਾ ਗਾਏ ਸੋਹੰ ਸੱਚਾ ਢੋਲਿਆ । ਪਰਗਟ ਹੋਏ ਉਪਰ ਪਹਾੜ, ਸਾਚਾ ਪੱਥਰ ਉਚ ਉਠੋਲਿਆ । ਗੌੜ ਬ੍ਰਾਹਮਣ ਹਰਿ ਨਿਰੰਕਾਰ, ਸਮੇਰੂ ਪਰਬਤ ਰਿਹਾ ਪਾੜ, ਬਜਰ ਕਪਾਟ ਕਾਇਆ ਚੜ੍ਹ ਖੋਲ੍ਹਿਆ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਮੰਦਰ ਸਾਚੇ ਹਰਿ ਜੀ ਬੋਲਿਆ । ਇੰਦ ਇੰਦਰਾਸਣ ਬਣ ਭਿਖਾਰ, ਚਰਨ ਨਿਮਸਕਾਰਿਆ । ਮੰਗਣ ਆਏ ਹਰਿ ਦਵਾਰ, ਕਲਜੁਗ ਤੇਰੀ ਅੰਤਮ ਵਾਰਿਆ । ਪਾਈ ਭਿਛਿਆ ਅਪਰ ਅਪਾਰ, ਨਾਮ ਝੋਲੀ ਹਰਿ ਭਰਾ ਰਿਹਾ । ਦੇਵੀ ਦੇਵਾ ਕਰਮ ਵਿਚਾਰ, ਸੁਰਪਤ ਸਾਚਾ ਚਰਨ ਲਗਾ ਰਿਹਾ । ਅਲਖ ਅਭੇਵ ਜੋਤ ਨਿਰੰਕਾਰ, ਅੰਮ੍ਰਿਤ ਮੇਵਾ ਖਵਾ ਰਿਹਾ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਸਾਚੀ ਸੇਵਾ ਆਪ ਲਗਾ ਰਿਹਾ । ਸਾਚੀ ਸੇਵਾ ਆਪ ਲਗਾਏ, ਇੰਦਰ ਰਾਜਿਆ । ਗੁਰਮੁਖ ਵੇਖ ਥਾਉਂ ਥਾਏਂ, ਆਪ ਸਵਾਰੇ ਆਪਣੇ ਕਾਜਿਆ । ਸਦਾ ਰੱਖੇ ਠੰਡੀ ਛਾਏਂ, ਸਤਾਰਾਂ ਹਾੜੀ ਰੱਖੇ ਲਾਜਿਆ । ਅੰਮ੍ਰਿਤ ਤੀਰਥ ਹਰਿ ਨੁਹਾਏ, ਕਲਜੁਗ ਕਾਇਆ ਭਾਂਡਾ ਭਾਜਿਆ । ਨਰ ਹਰਿ ਸੱਚੀ ਸਰਨਾਏ, ਪੁਰੀ ਇੰਦਰ ਆਏ ਭਾਜਿਆ । ਸਾਚੀ ਸੇਵਾ ਲਾਏ ਮੇਘ ਬਰਸਾਇੰਦਾ । ਗੁਰਸਿਖਾਂ ਮਿਲੇ ਅੰਮ੍ਰਿਤ ਮੇਵਾ, ਦੇਵੀ ਦੇਵਾ ਆਪ ਅਖਵਾਇੰਦਾ । ਸਾਚੀ ਮਣੀ ਮਸਤਕ ਥੇਵਾ, ਰਵ ਸਸ ਪਰਕਾਸ਼ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਸਾਚੇ ਦੇਵਾ ਸੇਵਾ ਲਾਇੰਦਾ । ਦੇਵਤ ਸੇਵਾ ਦਰ ਪਰਵਾਨ । ਕਿਰਪਾ ਕਰੇ ਹਰਿ ਭਗਵਾਨ । ਅੰਮ੍ਰਿਤ ਮੇਘ ਧਰਮ ਨਿਸ਼ਾਨ ।

੧੨੫ ੦੫

੧੨੬
੦੫

ਸ਼ਬਦ ਤੇਗ ਨੌਜਵਾਨ । ਲੱਖ ਚੁਰਾਸੀ ਏਕਾ ਆਣ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਗੌੜ ਬ੍ਰਾਹਮਣ ਪੁਰਖ ਸੁਜਾਨ । ਗੌੜ ਬ੍ਰਾਹਮਣ ਰੰਗ ਗੂੜ੍ਹਾ । ਲਾੜੀ ਮੌਤ ਹੱਥੀਂ ਪਾਏ ਏਕਾ ਚੂੜਾ । ਗੁਰਮੁਖ ਤੇਰੇ ਦਰ ਨਾ ਆਏ, ਦਿਵਸ ਰੈਣੀ ਮੰਗੇ ਧੂੜਾ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਸਰਬ ਕਲਾ ਆਪੇ ਭਰਪੂਰਾ । ਸਰਬ ਕਲਾ ਭਰਪੂਰ, ਬ੍ਰਾਹਮਣ ਬ੍ਰਹਿਮਿਆ । ਆਪੇ ਜੋਤੀ ਨੂਰ ਸਚ ਕਰਮਿਆ । ਆਪੇ ਸ਼ਬਦ ਅਨਹਦ ਤੂਰ, ਆਪੇ ਸ਼ਬਦ ਸਵਾਸਾ ਦਮਿਆ । ਆਪੇ ਪਵਣ ਸਤਿ ਸੰਤੋਖੀ ਤੂਰ । ਕਾਇਆ ਮੰਦਰ ਅੰਦਰ ਝੂਠੇ ਚੰਮਿਆ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਸੰਬਲ ਦੇਸ ਜੋਤ ਧਰ, ਗੌੜ ਬ੍ਰਾਹਮਣ ਆਪੇ ਆਪ ਜੰਮਿਆ । ਗੌੜ ਬ੍ਰਾਹਮਣ ਪਿਆ ਜੰਮ । ਗਗਨ ਪਤਾਲਾਂ ਹਿਲੇ ਥੰਮ । ਇੰਦਰ ਰੋਵੇ ਛੰਮ ਛੰਮ । ਪੂਰ ਕਰਾਏ ਪ੍ਰਭ ਆਪਣੇ ਕੰਮ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਸੰਬਲ ਦੇਸ ਵੇਸ ਕਰ, ਸ਼ਬਦ ਸਰੂਪੀ ਲਾਏ ਦਮ । ਸ਼ਬਦ ਸਰੂਪ ਦਮ ਕਲ ਸਵਾਸਿਆ । ਆਪੇ ਵਸੇ ਕਾਇਆ ਚੰਮ, ਵੇਖ ਵਖਾਣੇ ਪ੍ਰਿਥਮੀ ਅਕਾਸਿਆ । ਨਾ ਕੋਈ ਖ਼ੁਸ਼ੀ ਨਾ ਕੋਈ ਗ਼ਮ, ਰੋਣਾ ਧੋਣਾ ਨਾ ਕੋਈ ਹਾਸਿਆ । ਨਾ ਪ੍ਰਭ ਰੋਵੇ ਛੰਮ ਛੰਮ, ਨਾ ਹੋਏ ਵੈਰਾਗੀ ਜੰਗਲ ਜੂਹ ਉਜਾੜ ਪਹਾੜ ਪਰਭਾਸਿਆ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਲੋਕਮਾਤ ਹਰਿ ਜੋਤ ਧਰ, ਬ੍ਰਾਹਮਣ ਗੌੜਾ ਲੇਖ ਲਿਖਾਸਿਆ । ਕਾਇਆ ਮੰਦਰ ਪੁਰਖ ਸੁਜਾਨ । ਦੀਪਕ ਜਗਿਆ ਡੂੰਘੀ ਕੰਦਰ, ਪਰਗਟ ਹੋਇਆ ਹਰਿ ਭਗਵਾਨ । ਹਰਿ ਜੂ ਆਇਆ ਹਰਿ ਹਰਿ ਮੰਦਰ, ਆਪੇ ਕਰੇ ਸਚ ਪਛਾਨ । ਕਲਜੁਗ ਮਾਇਆ ਤੋੜੇ ਜੰਦਰ, ਅੱਠੇ ਪਹਿਰ ਮਾਰ ਧਿਆਨ । ਲੱਖ ਚੁਰਾਸੀ ਭੌਂਦੀ ਬੰਦਰ, ਭੇਵ ਨਾ ਪਾਏ ਸ੍ਰੀ ਭਗਵਾਨ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਸੰਬਲ ਦੇਸ ਜੋਤ ਧਰ, ਗੌੜ ਬ੍ਰਹਿਮਣ ਇਕ ਨਿਸ਼ਾਨ । ਗੌੜ ਬ੍ਰਹਿਮਣ ਇਕ ਨਿਸ਼ਾਨਾ । ਜੋਤ ਸਰੂਪੀ ਹਰਿ ਭਗਵਾਨਾ । ਵਡਾ ਸ਼ਾਹੋ ਭੂਪੀ, ਨਾ ਕੋਈ ਰੰਗ ਨਾ ਕੋਈ ਰੂਪੀ, ਜੋਤ ਨਿਰੰਤਰ ਸਤਿ ਸਰੂਪੀ, ਆਪੇ ਕਰੇ ਭਗਤ ਪਛਾਨਾ । ਲੱਖ ਚੁਰਾਸੀ ਅੰਧ ਕੂਪੀ, ਜੂਠਾ ਝੂਠਾ ਪਵਣ ਧੂਪੀ, ਸਚ ਸੰਗ ਨਾ ਕੋਈ ਰਖਾਨਾ । ਨਿਹਕਲੰਕ ਨਰਾਇਣ ਨਰ, ਲੋਕਮਾਤ ਹਰਿ ਜੋਤ ਧਰ, ਗੌੜ ਬ੍ਰਹਿਮਣ ਵੇਸ ਕਰ, ਗੁਰਮੁਖਾਂ ਬੰਨ੍ਹਣ ਆਇਆ ਗਾਨਾ । ਗੁਰਮੁਖਾਂ ਬੰਨ੍ਹੇ ਗਾਨਾ ਨਾਮ ਨਿਸ਼ਾਨਾ । ਮਿਲੇ ਮੇਲ ਸ੍ਰੀ ਭਗਵਾਨਾ । ਮਿਟੇ ਆਵਣ ਜਾਣਾ, ਸਾਚਾ ਮਿਲੇ ਨਾਮ ਦਾਨਾ । ਧੁਰ ਦਰਗਾਹੀ ਸੋਹੰ ਬਾਣੀਆ । ਸਤਿਜੁਗ ਝੁੱਲੇ ਸਤਿ ਨਿਸ਼ਾਨਿਆ । ਸੱਤਾਂ ਦੀਪਾਂ ਰੰਗ ਰੰਗਾਏ, ਤਖ਼ਤੋਂ ਲਾਹੇ ਰਾਜੇ ਰਾਣਿਆ । ਪਰਗਟ ਹੋਏ ਬੇਪਰਵਾਹੇ ਜਗਤ ਮਲਾਹੇ, ਨਿਹਕਲੰਕ ਨਰਾਇਣ ਨਰ, ਸੰਬਲ ਦੇਸ ਵੇਸ ਕਰ, ਇਕ ਉਠਾਏ ਤੀਰ ਕਮਾਨਿਆ । ਰਸਨ ਉਠਾਏ ਕਮਾਨ, ਸੋਹੰ ਚਿੱਲਾ ਹਰਿ ਚੜ੍ਹਾਇੰਦਾ । ਪੁਰਖ ਅਬਿਨਾਸ਼ੀ ਨੌਜਵਾਨ, ਉਚ ਟਿੱਲਾ ਜਗਤ ਤੁਲਾਇੰਦਾ । ਲੋਆਂ ਪੁਰੀਆਂ ਮਾਰ ਧਿਆਨ, ਸ਼ਿਵ ਸ਼ੰਕਰ ਪਕੜ ਜਗਾਇੰਦਾ । ਕਲਜੁਗ ਝੁਲਿਆ ਇਕ ਨਿਸ਼ਾਨ, ਸਚ ਹੁਲਾਰਾ ਹਰਿ ਨਿਰੰਕਾਰਾ ਆਪਣਾ ਆਪ ਦਵਾਇੰਦਾ । ਸੋਹੰ ਚਲੇ ਇਕ ਜੈਕਾਰਾ, ਚਾਰ ਵਰਨਾਂ ਇਕ ਅਧਾਰਾ, ਏਕਾ ਪੱਲਾ ਹਰਿ ਫੜਾਇੰਦਾ । ਕਲਜੁਗ ਭੁੱਲ ਨਾ ਜੀਵ ਗਵਾਰਾ, ਮਾਇਆ ਰੁਲ ਨਾ ਬਣ ਹੰਕਾਰਾ, ਅੰਤਮ ਛੱਡਣਾ ਪਏ ਸੰਸਾਰਾ, ਜੂਠਾ ਝੂਠਾ ਮੋਹ ਵਿਕਾਰਾ, ਨਾ ਕੋਈ ਪੁਰਖ ਨਾ ਕੋਈ ਨਾਰਾ, ਏਕਾ ਸਾਜਣ ਮੀਤ ਮੁਰਾਰਾ, ਨਰ ਨਿਰੰਕਾਰਾ ਆਪ ਅਖਵਾਇੰਦਾ । ਕਾਇਆ ਮੰਦਰ ਸਚ ਦਵਾਰਾ, ਅੰਦਰੇ ਅੰਦਰ ਖੇਲ ਅਪਾਰਾ, ਚੌਦਾਂ ਹੱਟਾਂ

ਵਣਜ ਵਣਜਾਰਾ, ਨਾਮ ਦਾਮ ਏਕਾ ਵਣਜ ਕਰਾਇੰਦਾ । ਅੰਤਮ ਕਰੇ ਪੱਲਾ ਭਾਰਾ, ਸ਼ਬਦ ਭੱਲਾ ਹੋਏ ਰਖਵਾਰਾ, ਕਲਜੁਗ ਪਾਏ ਡੂੰਘੀ ਡੱਲਾ, ਸਤਿਜੁਗ ਸੁੱਟੇ ਮੂੰਹ ਦੇ ਭਾਰਾ, ਨਾ ਕੋਈ ਮਾਤ ਉਠਾਇੰਦਾ । ਧਰਤ ਮਾਤ ਕਰੇ ਪੁਕਾਰਾ, ਕਲਜੁਗ ਪੂਤ ਹੋਇਆ ਹੈਂਸਿਆਰਾ, ਪੁਰਖ ਅਬਿਨਾਸ਼ੀ ਭੁੱਲਿਆ ਤੇਰਾ ਇਕ ਦਵਾਰਾ, ਜੂਠਾ ਝੂਠਾ ਵਣਜ ਕਰਾਇੰਦਾ । ਪੁਰਖ ਅਬਿਨਾਸ਼ੀ ਪਾਵੇ ਸਾਰਾ, ਜੋਤ ਸਰੂਪੀ ਜਾਮਾ ਧਾਰਾ, ਸੰਬਲ ਦੇਸ ਹਰਿ ਵਿਚਾਰਾ, ਪੂਰਨ ਖੇੜਾ ਹਰਿ ਵਸਾਇੰਦਾ । ਵਸਿਆ ਕਾਇਆ ਨਗਰ ਖੇੜਾ, ਨਗਰ ਦਵਾਰਕਾ । ਜਨ ਭਗਤਾਂ ਬੰਨ੍ਹੇ ਬੇੜਾ, ਵੇਲਾ ਨਰ ਹਰਿ ਸੱਚੀ ਸਰਕਾਰ ਦਾ । ਕਲਜੁਗ ਲਾਏ ਇਕ ਉਖੇੜਾ, ਬੇੜਾ ਡੋਬੇ ਪਾਪ ਅਪਰਾਧ ਦਾ । ਪੰਜ ਪੰਜਾਇਨੀ ਚੁੱਕੇ ਝੇੜਾ, ਅੰਤਮ ਕਰੇ ਹਕ ਨਬੇੜਾ, ਸਾਚਾ ਹੁਕਮ ਸੱਚੀ ਸਰਕਾਰ ਦਾ । ਲੱਖ ਚੁਰਾਸੀ ਉਲਟਾ ਗੇੜਾ, ਧਰਤ ਮਾਤ ਤੇਰਾ ਖੁਲ੍ਹਾ ਵਿਹੜਾ, ਹਰਿ ਸਾਚਾ ਖੇਲ ਖਿਲਾਰਦਾ । ਹਰਿ ਸਾਚੀ ਖੇਲੇ ਖੇਲ, ਚਾਰ ਕੁੰਟ ਦਹਿ ਦਿਸ਼ਾ ਰਾਸਿਆ । ਜਨ ਭਗਤਾਂ ਕਰੇ ਮੇਲ, ਘਨਕਪੁਰ ਵਾਸਿਆ । ਸੋਹੰ ਸ਼ਬਦ ਚੜ੍ਹਾਏ ਤੇਲ, ਮਾਨਸ ਜਨਮ ਕਰੇ ਕਲ ਰਾਸਿਆ । ਜੋਤੀ ਜਾਮਾ ਰੰਗ ਨਵੇਲ, ਵੇਖ ਵਖਾਣੇ ਅਕਾਸ ਅਕਾਸਿਆ । ਆਪੇ ਗੁਰ ਆਪੇ ਚੇਲ, ਆਪੇ ਸੱਜਣ ਹਰਿ ਸੁਹੇਲ, ਆਪੇ ਕਰੇ ਬੰਦ ਖੁਲ੍ਹਾਸਿਆ । ਆਪੇ ਮੀਤਾ ਆਪੇ ਚੀਤਾ ਆਪੇ ਪ੍ਰੀਤਾ ਸੱਜਣ ਸੁਹੇਲਾ ਆਪੇ ਕੁਰਾਨ ਆਪੇ ਗੀਤਾ, ਆਪੇ ਖਾਣੀ ਆਪੇ ਬਾਣੀ ਇਕ ਚਲਾਏ ਜਗਤ ਰੀਤਾ, ਆਪੇ ਜਾਣੇ ਵੇਦ ਪੁਰਾਨਿਆ । ਆਪੇ ਅੰਮ੍ਰਿਤ ਆਤਮ ਮਧ ਪੀਤਾ, ਆਪੇ ਕਰੇ ਠੰਡੀ ਸੀਤਾ, ਸਾਚਾ ਰਾਹ ਇਕ ਵਖਾਨਿਆ ।
੧੨੭ ਲੱਖ ਚੁਰਾਸੀ ਪਰਖਣ ਆਇਆ ਨੀਤਾ, ਸੋਹੰ ਫੜੀ ਹੱਥ ਮਧਾਣੀਆ । ਨਾਮ ਲਾਏ ਬੱਤੀ ਇਕ ਪਲੀਤਾ, ਕਲਜੁਗ ਵੇਲਾ ਅੰਤਮ ਬੀਤਾ, ਘਰ ੧੨੭
ਘਰ ਰੋਂਦੀ ਦਿਸੇ ਸਵਾਣੀਆ । ਕਲਜੁਗ ਮਾਇਆ ਹੋਏ ਵਿਛੋੜਾ ਜਿਉਂ ਰਾਮਾ ਸੀਤਾ, ਸ਼ਬਦ ਬੀੜਾ ਹਨੂਮੰਤ ਉਠਾਨਿਆ । ਮਿਲੇ ਮੇਲ ਰਘੁਵੰਸ
੦੫ ਕੰਤ, ਚਾਰੋਂ ਕੁੰਟ ਸਾਚੀ ਸ਼ਬਦ ਸੁਣਾਏ ਬਾਣੀਆ । ਜੋਤੀ ਜੋਤ ਸਰੂਪ ਹਰਿ, ਸੰਬਲ ਦੇਸ ਜੋਤ ਧਰ, ਗੌੜ ਬ੍ਰਹਿਮਣ ਕਰੇ ਪਛਾਣਿਆ । ਗੌੜ ੦੫
ਬ੍ਰਹਿਮਣ ਲੈਣਾ ਲੱਭ । ਅੰਮ੍ਰਿਤ ਚੋਣਾ ਕਵਲ ਨਭ । ਕਲਜੁਗ ਮਾਇਆ ਦੇਣੀ ਦੱਬ । ਪੁਰਖ ਅਬਿਨਾਸ਼ੀ ਸਾਚੀ ਸਾਇਆ, ਅੱਠੇ ਪਹਿਰ ਨਜ਼ਰੀ ਆਇਆ, ਭਰਮ ਭੁਲੇਖਾ ਦੂਰ ਕਰਾਇਆ, ਪਰਦਾ ਉਹਲਾ ਬਾਹਰ ਕਢਾਇਆ, ਪਰਗਟ ਹੋਏ ਦਰਸ ਦਿਖਾਇਆ, ਅੰਦਰੇ ਅੰਦਰ ਜੋਤ ਨਿਰੰਜਨ ਇਕ ਜਗਾਇਆ, ਅੰਮ੍ਰਿਤ ਪਿਆਲਾ ਇਕ ਪਿਆਇਆ, ਗੁਰਮੁਖ ਸਾਚੇ ਏਕਾ ਮਧ । ਅੱਠੇ ਪਹਿਰ ਇਕ ਰਖਾਇਆ, ਸਾਚਾ ਸ਼ਬਦ ਤੁਰੀਆ ਤੂਰਤ ਉਪਜੇ ਨਦ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਦੇਵੇ ਨਾਮ ਦਾਜ । ਆਈ ਮਾਤ ਦਾਤ, ਜੋਤ ਨਿਰੰਕਾਰਿਆ । ਸੋਹੰ ਸ਼ਬਦ ਵਡ ਕਰਾਮਾਤ, ਵਜਾਏ ਡੰਕ ਅਪਰ ਅਪਾਰਿਆ । ਆਪ ਚਲਾਏ ਸਾਚੀ ਗਾਥ, ਲੋਕ ਪਰਲੋਕ ਰੰਗ ਅਪਾਰਿਆ । ਸਚ ਸਿੰਘਾਸਣ ਹਰਿ ਰਘੁਨਾਥ, ਕਰਨੀ ਇਕ ਕਰਾ ਰਿਹਾ । ਸ਼ਬਦ ਘੋੜਾ ਰੱਖਿਆ ਸਾਥ, ਨੀਲਾ ਜੋੜਾ ਜੋੜ ਜੁੜਾ ਰਿਹਾ । ਸਤਿਜੁਗ ਟਿਕਾ ਸੋਹੰ ਮਾਥ, ਨਾਮ ਤੂਰਾ ਆਪ ਵਜਾ ਰਿਹਾ । ਪ੍ਰੇਮੀ ਜੋੜਾ ਅਕਥਨ ਅਕਾਥ, ਸਾਚੇ ਚਰਨ ਆਪ ਛੁਹਾ ਰਿਹਾ । ਬ੍ਰਹਿਮਣ ਗੌੜ ਸਗਲਾ ਸਾਥ, ਸਾਚਾ ਪੌੜਾ ਇਕ ਲਗਾ ਰਿਹਾ । ਲੱਖ ਚੁਰਾਸੀ ਕਿਸੇ ਨਾ ਆਵੇ ਹਾਥ, ਆਦਿ ਅੰਤ ਨਾ ਕੋਈ ਬਤਾ ਰਿਹਾ । ਹਰਿਜਨ ਚੜ੍ਹਾਏ ਸਾਚੇ ਰਾਥ, ਰਥ ਰਥਵਾਹੀ ਆਪ ਅਖਵਾ ਰਿਹਾ । ਕਲਜੁਗ ਵਾਗਾਂ ਪਕੜੇ ਹਾਥ, ਸਤਿਜੁਗ ਪੌੜਾ ਆਪ ਚੜ੍ਹਾ ਰਿਹਾ । ਸਗਲ ਵਸੂਰੇ

ਜਾਇਣ ਲਾਥ, ਰੀਠਾ ਕੌੜਾ ਹਰਿ ਭੰਨਾ ਰਿਹਾ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਨੀਲੀ ਛੱਤੇ ਪੌੜਾ ਲਾ ਰਿਹਾ । ਨੀਲੀ ਛੱਤੇ ਲਾਏ ਸੰਨ, ਹਰਿ ਰਘੁਵੰਸਿਆ । ਨੀਲਾ ਘੋੜਾ ਕਸੇ ਤੰਗ, ਮੰਗੇ ਮੰਗ ਸਰਬ ਸਰਬੰਸਿਆ । ਮਾਇਆ ਰੀਠੇ ਦੇਵੇ ਭੰਨ, ਕੋਟਨ ਕੋਟ ਮਾਤ ਸਹੰਸਿਆ । ਗੁਰਮੁਖਾਂ ਸੀਤਲ ਕਰੇ ਤਨ, ਅੰਮ੍ਰਿਤ ਲਿਆਏ ਸਾਚਾ ਕਾਸਿਆ । ਜੋਤੀ ਜੋਤ ਸਰੂਪ ਹਰਿ, ਸੰਬਲ ਦੇਸ ਵੇਸ ਕਰ, ਆਪੇ ਜਾਣੇ ਆਪਣਾ ਸਰਬੰਸਿਆ । ਸੰਬਲ ਦੇਸ ਕਰ ਤਿਆਰੀ, ਜੋਤੀ ਜਾਮਾ ਭੇਖ ਵਟਾਇੰਦਾ । ਸ਼ਬਦ ਘੋੜਾ ਹਰਿ ਨਿਆਰੀ, ਸੋਲਾਂ ਕਲੀਆਂ ਆਸਣ ਲਾਇੰਦਾ । ਪੁਰਖ ਅਬਿਨਾਸ਼ੀ ਖੇਲ ਅਪਾਰੀ, ਨੀਲੀ ਧਾਰੀ ਇਕ ਰੰਗਾਇੰਦਾ । ਕੰਚਨ ਵੇਸ ਰੰਗ ਮਦਾਰੀ, ਰੰਗਣ ਰੰਗ ਹਰਿ ਰੰਗਾਇੰਦਾ । ਵੇਖੇ ਰੰਗ ਕਬੇਰ ਭੰਡਾਰੀ, ਭਾਣਾ ਹਰਿ ਵਰਤਾਇੰਦਾ । ਕਲਜੁਗ ਮਾਇਆ ਹੈਂਸਿਆਰੀ, ਜੀਆਂ ਜੰਤਾਂ ਤਿਖੀ ਆਰੀ, ਮਨ ਤਨ ਸਚ ਰਿਹਾ ਪਾੜੀ, ਧਰਮ ਧੀਰ ਨਾ ਕੋਈ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਨੀਲੇ ਘੋੜੇ ਤੰਗ ਕਸਾਇੰਦਾ । ਪੰਚਮ ਜੇਠ ਖੇਲ ਰਚਾਈ । ਸ਼ਬਦ ਘੋੜੇ ਮੰਗ ਮੰਗਾਈ । ਚਿੱਟਾ ਅਸਵ ਨਾਉਂ ਰਖਾਈ । ਲੋਆਂ ਪੁਰੀਆਂ ਰਿਹਾ ਜਗਾਈ । ਸਤਾਰਾਂ ਹਾੜੀ ਜਗਤ ਬਰਾਤ, ਨੀਲਾ ਘੋੜਾ ਵੇਖਣ ਆਈ ਚਾਈਂ ਚਾਈਂ । ਕਲਜੁਗ ਤੇਰੀ ਅੰਧੇਰੀ ਰਾਤ, ਕੋਈ ਨਾ ਦੇਵੇ ਬੂੰਦ ਸਵਾਂਤ, ਸਾਧ ਸੰਤ ਰੋਂਦੇ ਥਾਉਂ ਥਾਈਂ । ਪੁਰਖ ਅਬਿਨਾਸ਼ੀ ਸਾਚਾ ਨਾਤ, ਹਰਿਜਨ ਮੇਲਾ ਕਮਲਾਪਾਤ, ਵੇਲੇ ਅੰਤਮ ਪਕੜੇ ਬਾਹੀਂ । ਜੋਤੀ ਜੋਤ ਸਰੂਪ ਹਰਿ, ਸੰਬਲ ਦੇਸ ਵੇਸ ਕਰ, ਸਾਚੀ ਸੇਜਾ ਰਿਹਾ ਵਿਛਾਈ । ਸਾਚੀ ਸੇਜਾ ਆਸਣ ਲਾਇੰਦਾ । ਪ੍ਰੇਮ ਜੋੜਾ ਪੈਰੀਂ ਪਾਉਣਾ । ਆਦਿ ਨੀਲਾ ਸੰਗ ਰਖਾਉਣਾ । ਜੁਗਾਦਿ ਪੀਲਾ ਤਨ ਛੁਹਾਉਣਾ । ਕਮਰ ਕਸ ਦੰਗ ਵਖਾਉਣਾ । ਚੁਰਾਸੀ ਲੱਖ ਹੱਥ ਵਖਾਉਣਾ । ਰਾਜਾ ਰਾਣਾ ਫੜ ਫੜ ਢਾਹੁਣਾ । ਸੁਘੜ ਸਿਆਣਾ ਦਿਸ ਨਾ ਆਉਣਾ । ਜੂਠਿਆਂ ਝੂਠਿਆਂ ਭੰਨ ਵਖਾਉਣਾ । ਈਸਾ ਮੂਸਾ ਭੇੜ ਭਿੜਾਉਣਾ । ਮੰਗ ਮੁਹੰਮਦ ਸੰਗ ਰਲਾਉਣਾ । ਰੂਸਾ ਚੀਨਾ ਨਾਲ ਨਚਾਉਣਾ । ਦੇ ਮਤ ਆਪ ਸਮਝਾਉਣਾ । ਸਰਬ ਕਲਾ ਆਪੇ ਬਖ਼ਸ਼ਿੰਦ, ਆਪੇ ਮਾਰੇ ਕੱਢੇ ਜਿੰਦ, ਆਪ ਪਛਾਣੇ ਸਾਚੀ ਬਿੰਦ, ਭਗਤ ਜਨਾਂ ਹਰਿ ਸਾਚਾ ਮਾਣ ਦਵਾਉਣਾ । ਲੱਖ ਚੁਰਾਸੀ ਕਰੇ ਨਿੰਦ, ਗੁਰਮੁਖ ਸਾਚੇ ਵਗੇ ਅੰਮ੍ਰਿਤ ਧਾਰ ਸਾਗਰ ਸਿੰਧ, ਸਤਾਰਾਂ ਹਾੜੀ ਸਾਚੇ ਤੀਰਥ ਸਰ ਸਰੋਵਰ ਇਕ ਇਸ਼ਨਾਨ ਕਰਾਉਣਾ । ਨਿਹਕਲੰਕ ਨਰਾਇਣ ਨਰ, ਸੰਬਲ ਦੇਸ ਵੇਸ ਕਰ, ਜੋਤੀ ਜਾਮਾ ਭੇਖ ਧਰ, ਲੱਖ ਚੁਰਾਸੀ ਧਰਮ ਰਾਏ ਦੀ ਦੇਵੇ ਫਾਸੀ, ਗੁਰਮੁਖਾਂ ਫੰਦ ਆਪ ਕਟਾਉਣਾ । ਧਰਮ ਰਾਏ ਪ੍ਰਭ ਦੇਵੇ ਮਤ, ਲੇਖਾ ਇਕ ਲਿਖਾਇੰਦਾ । ਸੰਤ ਜਨਾਂ ਦਾ ਧੀਰਜ ਯਤ, ਆਪਣੀ ਹੱਥੀਂ ਆਪ ਰਖਾਇੰਦਾ । ਸੋਹੰ ਦੇਵੇ ਸਾਚਾ ਤੱਤ, ਪੰਜਾਂ ਤੱਤਾਂ ਨਸ਼ਟ ਕਰਾਇੰਦਾ । ਰਸਨਾ ਚਰਖਾ ਲੈਣਾ ਕੱਤ, ਸਾਚਾ ਸੂਤਰ ਸਰਬ ਵਟਾਇੰਦਾ । ਸ਼ਬਦ ਵਿਚੋਲੇ ਪਾਉਣੀ ਨੱਥ, ਹਰਿ ਸਮਰਥ ਆਪ ਸਮਝਾਇੰਦਾ । ਸਗਲ ਵਸੂਰੇ ਜਾਇਣ ਲੱਥ, ਜੋ ਜਨ ਆਏ ਦਰਸ਼ਨ ਪਾਇੰਦਾ । ਅੰਤਮ ਸੀਆਂ ਸਾਢੇ ਤਿੰਨ ਹੱਥ, ਰੰਕ ਰਾਜਾਨਾ ਸ਼ਾਹ ਸੁਲਤਾਨਾ ਸਿੰਘ ਮਨਜੀਤਾ ਸਦਾ ਅਤੀਤਾ, ਦੇ ਮਤ ਮਾਤ ਸਮਝਾਇੰਦਾ । ਮਾਤ ਪਿਤ ਕਲ ਛੱਡਣਾ ਨਾਤਾ, ਏਕਾ ਮਿਲਿਆ ਪੁਰਖ ਬਿਧਾਤਾ, ਉਤਮ ਵੇਖੇ ਹਰਿ ਜਨ ਜ਼ਾਤਾ, ਨਾਮ ਧਨ ਧਨ ਨਾਮ ਜਿਸ ਸਚ ਘਰ ਉਪਜਾਤਾ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵੰਡਣ ਆਇਆ ਸੋਹੰ ਸ਼ਬਦ ਸਚ ਸੁਗਾਤਾ । ਸੋਹੰ ਸ਼ਬਦ ਪ੍ਰਭ ਵੰਡੇ, ਵਰਭੰਡ ਸਮਾਇਆ ।

੧੨੮ ੦੫

ਕਾਇਆ ਅੰਦਰ ਸਰਬ ਬ੍ਰਹਿਮੰਡੇ, ਚੌਦਾਂ ਲੋਕ ਭੇਵ ਨਾ ਰਾਇਆ । ਦਸਮ ਦਵਾਰੀ ਸਾਚੇ ਝੰਡੇ, ਅੰਮ੍ਰਿਤ ਪੌਹਲ ਨਾ ਕੋਈ ਖੰਡੇ, ਦੂਸਰ ਵੰਡ ਨਾ ਕੋਈ ਰਖਾਇਆ । ਅੱਗੇ ਹੋ ਕੋਈ ਨਾ ਵੰਡੇ, ਨਾ ਕੋਈ ਜਾਣੇ ਸਤਿ ਸਰੋਵਰ ਦੇ ਕੰਢੇ, ਡੂੰਘਾ ਤਾਲ ਦਿਸ ਕਿਸੇ ਨਾ ਆਇਆ । ਗੁਰਮੁਖ ਵਿਰਲਾ ਮਾਰੇ ਛਾਲ, ਪੁਰਖ ਅਬਿਨਾਸ਼ੀ ਜਿਸ ਦਾ ਹੋਏ ਦਲਾਲ, ਤੀਰਥ ਨੁਹਾਉਣਾ ਸਾਚੇ ਤਾਲ, ਪਰਗਟ ਹੋਏ ਗੌੜ ਬ੍ਰਾਹਮਣ, ਭਗਤ ਜਨਾਂ ਦਾ ਸਾਚਾ ਜਾਮਨ, ਸਾਚੇ ਮੰਦਰ ਹਰਿ ਸੁਹਾਇਆ । ਨਿਹਕਲੰਕ ਨਰਾਇਣ ਨਰ, ਸੂਹਾ ਵੇਸ ਮਾਤ ਕਰ, ਓਅੰਕਾਰ ਸਾਚਾ ਦੇਸ ਵਸਾਇਆ । ਹਰਿ ਹਰਿ ਵਸਿਆ ਦੇਸ ਓਅੰਕਾਰਿਆ । ਤੁਰੀਆ ਹਰਿ ਕਾ ਵੇਸ, ਨਾ ਕੋਈ ਲਿਖੇ ਲੇਖ ਲਿਖਾਰਿਆ । ਆਪੇ ਧਾਰੇ ਆਪਣਾ ਭੇਸ, ਰੂਪ ਰੰਗ ਨਾ ਕੋਈ ਵਿਚਾਰਿਆ । ਦੀਪਕ ਲੋਅ ਕਰਮ ਵਿਸੇਖ, ਜੋਤ ਨਿਰੰਜਣ ਹਰਿ ਪਰਵੇਸ, ਮਾਝੇ ਦੇਸ ਖੇਲ ਅਪਾਰਿਆ । ਪਕੜ ਉਠਾਏ ਬ੍ਰਹਮਾ ਵਿਸ਼ਨ ਮਹੇਸ਼, ਗਣਪਤ ਦੇਵੇ ਸ਼ਬਦ ਇਕ ਹੁਲਾਰਿਆ । ਪਾਰਬ੍ਰਹਮ ਸਦਾ ਆਦੇਸ, ਨਮੋ ਨਮੋ ਨਮੋ ਨਿਮਸਕਾਰਿਆ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਸੰਬਲ ਦੇਸ ਵੇਸ ਕਰ, ਗੌੜ ਬ੍ਰਾਹਮਣ ਨਾਮ ਉਚਾਰਿਆ । ਜਗਤ ਤ੍ਰਿਸਨਾ ਭੇਖ ਹਰਿ ਮਿਟਾਇੰਦਾ । ਦਰ ਦਵਾਰੇ ਏਕਾ ਸਿਖ, ਅੰਮ੍ਰਿਤ ਆਤਮ ਜਾਮ ਪਿਆਇੰਦਾ । ਉਜਲ ਕਰੇ ਮਾਤ ਕੁੱਖ, ਸਾਚਾ ਸੁਖ ਇਕ ਵਖਾਇੰਦਾ । ਝੂਠੀ ਕਾਇਆ ਨਾ ਲੱਗੇ ਦੁੱਖ, ਹਰਿਜਨ ਰਸਨਾ ਜੋ ਗਾਇੰਦਾ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਸੂਹਾ ਵੇਸ ਨਰ ਨਰੇਸ਼ ਆਪਣਾ ਆਪ ਵਟਾਇੰਦਾ । ਓਅੰਕਾਰਾ ਇਕ ਅਕਾਲਾ । ਸੂਹਾ ਵੇਸ ਸਚ ਮਹੱਲਾ । ਸੁਨ ਅਗੰਮ ਅਗੰਮ ਸੁਨ ਆਪੇ ਜਾਣੇ ਥਲ ਥਲਾ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਦਰ ਦਵਾਰਾ ਏਕਾ ਮਹੱਲਾ । ਜਗਤ ਸਵਾਲੀ ਦਰ ਮੰਗੇ ਭਿਖਿਆ । ਕਾਇਆ ਮੰਦਰ ਖਾਲੀ, ਘਰ ਲੇਖਾ ਸਾਚਾ ਕਿਸੇ ਨਾ ਲਿਖਿਆ । ਸਚ ਦਵਾਰੇ ਆਵੇ ਡਰ, ਜਗਤ ਲੱਗੀ ਤ੍ਰਿਸਨਾ ਤ੍ਰਿਖਿਆ । ਮੰਗੇ ਜਗਤ ਜਗਿਆਸੂ ਵਰ, ਪੁਰਖ ਅਬਿਨਾਸ਼ੀ ਪਾਏ ਸਾਚੀ ਭਿਖਿਆ । ਜੋਤੀ ਜੋਤ ਸਰੂਪ ਹਰਿ, ਲੇਖਾ ਲਿਖਤ ਆਪੇ ਲਿਖਿਆ । ਮੰਗਣ ਵਰ ਦਰ ਬਣ ਸਵਾਲੀਆ । ਦੂਜਾ ਦਿਸੇ ਨਾ ਕੋਈ ਸੰਗ, ਦਰ ਘਰ ਸਾਚਾ ਦਿਸੇ ਖਾਲੀਆ । ਬਾਲ ਜਵਾਨੀ ਰਹੀ ਲੰਘ, ਅੰਤ ਬੁਢੇਪਾ ਮਾਰੇ ਤਾਲੀਆ । ਮਾਇਆ ਮਮਤਾ ਵਹਿਣ ਗੰਗ, ਕਾਇਆ ਰੰਗ ਜਗਤ ਦਰ ਮਾਲੀਆ । ਜੋਤੀ ਜੋਤ ਸਰੂਪ ਹਰਿ, ਸਾਚਾ ਦੇਵੇ ਇਕ ਵਰ, ਜਗਤ ਜਗਿਆਸੂ ਦਰ ਜਾਏ ਨਾ ਖਾਲੀਆ । ਸਾਚੀ ਸਿਕ ਸਿੱਖ ਗੁਰ ਆਸ । ਆਪੇ ਲੇਖਾ ਰਿਹਾ ਲਿਖ, ਮਾਤ ਪਤਾਲ ਪ੍ਰਿਥਮੀ ਅਕਾਸ਼ । ਦਰ ਦਵਾਰੇ ਮੰਗੀ ਭਿਖ, ਹੱਡ ਨਾੜੀ ਪਿੰਜਰ ਮਾਸ । ਤ੍ਰਿਸਨਾ ਮਮਤਾ ਲੱਗੀ ਵਿਸ ਰਸਨ ਸਵਾਸ । ਜੋਤੀ ਜੋਤ ਸਰੂਪ ਹਰਿ, ਸਾਚਾ ਦੇਵੇ ਇਕ ਵਰ, ਕਾਇਆ ਖੇੜਾ ਹੋਇਆ ਨਾਸ । ਕਾਇਆ ਖੇੜਾ ਮਹੱਲ ਮੁਨਾਰਾ । ਅੰਤਮ ਬੰਨ੍ਹੇ ਬੇੜਾ, ਹਰਿਜਨ ਆਏ ਚਲ ਦਵਾਰਾ । ਬਖ਼ਸ਼ੇ ਦਾਤ ਚੁੱਕੇ ਝੇੜਾ, ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਕਿਸ਼ਨਾ ਸੁਖਲਾ ਕਰੇ ਵਿਚਾਰਾ । ਕਿਸ਼ਨਾ ਸੁਖਲਾ ਪਖ ਪਰਧਾਨ । ਕਿਸ਼ਨਾ ਵੇਖੇ ਮਾਰ ਧਿਆਨ । ਅੰਧ ਅੰਧੇਰਾ ਸੁੰਞ ਮਸਾਣ । ਦਰ ਦਵਾਰੇ ਪਾਇਆ ਫੇਰਾ, ਆਸਾ ਪੁੰਨੀ ਵਿਚ ਜਹਾਨ । ਜੋਤੀ ਜੋਤ ਸਰੂਪ ਹਰਿ, ਏਕਾ ਦੇਵੇ ਸਾਚਾ ਵਰ, ਸਾਚਾ ਬੰਧਨ ਬੰਧ ਬੰਧਾਨ । ਬੰਧੇ ਨਾਤਾ ਜਗਤ ਬਿਧਾਤ । ਸਤਿ ਸਪੂਤਾ ਬਖ਼ਸ਼ੇ ਦਾਤ, ਆਪੇ ਵੇਖੇ ਵੇਖ ਵਖਾਣੇ ਦਹਿ ਦਿਸ਼ ਚਾਰੇ ਕੂਟ ਉਤਰ ਪੂਰਬ ਪੱਛਮ ਦੱਖਣ ਦਿਵਸ ਰਾਤ । ਨਾਮ ਲਗਾਏ ਏਕਾ ਝੂਟਾ ਨਾ ਕੋਈ ਸਵੇਰ ਨਾ ਕੋਈ ਸੰਞ, ਨਾ ਕੋਈ ਜਾਣੇ ਕਲ ਪਰਭਾਤ ।

ਲੋਕਮਾਤ ਲੱਗੇ ਬੂਟਾ, ਹਰਿ ਜੀ ਬਖ਼ਸ਼ੇ ਸਾਚੀ ਦਾਤ । ਜੋਤੀ ਜੋਤ ਸਰੂਪ ਹਰਿ, ਏਕਾ ਦੇਵੇ ਸਚ ਵਰ, ਜਗਤ ਜਗਿਆਸੂ ਪੁੱਛੇ ਵਾਤ । ਕਾਇਆ ਬੂਟਾ ਲੱਗੇ ਫਲ । ਸਚ ਦਵਾਰੇ ਆਏ ਚਲ । ਕਿਰਪਾ ਕਰ ਹਰਿ ਗਿਰਧਾਰੇ ਰਕਤ ਬੂੰਦੀ ਮਾਰ ਉਛਲ । ਹੱਡ ਮਾਸ ਨਾੜੀ ਕਰ ਉਜਿਆਰੇ, ਕਰੇ ਪਰਕਾਸ਼ ਕਾਇਆ ਡੂੰਘੀ ਡਲ । ਨੌਂ ਅਠਾਰਾਂ ਧਾਮ ਅਟੱਲ । ਆਪੇ ਵੇਖੇ ਕਾਇਆ ਖਲ । ਦਸਵੇਂ ਮਾਤ ਪੂਤ ਅਪਾਰੇ, ਜਗਤ ਸੁਰਤ ਹਿਲਿਆ ਨਾਲ । ਮਾਇਆ ਰਾਣੀ ਪੈਰ ਪਸਾਰੇ, ਆਪਣਾ ਮੂਲ ਗਵਾਇਆ ਕਲ । ਜੋਤੀ ਜੋਤ ਸਰੂਪ ਹਰਿ, ਸਾਚਾ ਦੇਵੇ ਇਕ ਵਰ, ਜੋਤੀ ਜੋਤ ਕਰ ਉਜਿਆਰੇ । ਪੂਤ ਸਪੂਤਾ ਉਪਜੇ ਲੱਖ । ਨੌਂ ਅਠਾਰਾਂ ਉਲਟਾ ਰੁਖ । ਸ਼ਬਦ ਅਧਾਰਾ ਉਜਲ ਮੁਖ । ਜੀਵ ਗਵਾਰਾ ਜਗਤ ਸੁਖ । ਪਾਰਬ੍ਰਹਮ ਜਨ ਪਾਏ ਸਾਰਾ, ਮਾਨਸ ਦੇਹੀ ਉਜਲ ਮੁਖ । ਭਰਮ ਭੁੱਲਾ ਜਗਤ ਗਵਾਰਾ, ਘਰ ਘਰ ਧੂੰਏ ਰਹੇ ਧੁਖ । ਦਰ ਦਰ ਮੰਗੇ ਜਗਤ ਦਵਾਰਾ, ਜਗਤ ਬੂਟਾ ਰਿਹਾ ਸੁੱਕ । ਅੰਮ੍ਰਿਤ ਫਲ ਲੱਗੇ ਕਾਇਆ ਡਾਲਾ, ਜੋਤੀ ਜੋਤ ਸਰੂਪ ਹਰਿ, ਏਕਾ ਦੇਵੇ ਨਾਮ ਵਰ, ਇਕ ਅਕੋਤਰ ਉਪਜੇ ਕੁੱਖ । ਮਾਤ ਸੁਲੱਖਣੀ ਕੁੱਖ ਮਾਤ । ਪੁਰਖ ਅਬਿਨਾਸ਼ ਨਾ ਖਾਲੀ ਰੱਖਣੀ, ਸਾਚੀ ਦੇਵੇ ਵਸਤ ਦਾਤ । ਲੇਖਾ ਲਿਖੇ ਅਲਖ ਅਲਖਣੀ, ਨਾ ਕੋਈ ਪੁੱਛੇ ਜ਼ਾਤ ਪਾਤ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗਤ ਨਾਤਾ ਮਾਤ ਬੰਧਾਏ, ਪੂਤ ਸਪੂਤਾ ਬਖ਼ਸ਼ੇ ਦਾਤ । ਇਕ ਅਕੋਤਰ ਇਕ ਅਕਾਲ । ਨਾਮ ਦੇਵੇ ਸਾਚਾ ਸੋਤਰ, ਨੇਤਰ ਖੋਲ੍ਹ ਦੀਨ ਦਿਆਲ । ਸਦਾ ਸੁਹੇਲਾ ਅਗੰਮ ਅਗੋਚਰ, ਪਾਰਬ੍ਰਹਮ ਪੁਰਖ ਕਿਰਪਾਲ । ਜੋਤੀ ਜੋਤ ਸਰੂਪ ਹਰਿ, ਏਕਾ ਏਕ ਏਕਾ ਬਖ਼ਸ਼ੇ ਲਾਲ । ਏਕਾ ਏਕ ਏਕਾ ਧਾਰੀ । ਹਰਿਜਨ ਮੰਗੇ ਸਾਚੀ ਟੇਕ, ਉਜਲ ਮੁਖ ਵਡ ਸੰਸਾਰੀ । ਕਾਇਆ ਸੁਲਖਣੀ ਬੁਧ ਬਿਬੇਕ, ਸ਼ਬਦ ਸਰੂਪੀ ਫੇਰੇ ਆਰੀ । ਕਲਜੁਗ ਮਾਇਆ ਨਾ ਲੱਗੇ ਸੇਕ, ਹਉਮੇ ਰੋਗ ਰਿਹਾ ਨਿਵਾਰੀ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੁਫਲ ਕੁੱਖ ਮਾਤ ਕਰਾਏ, ਹਉਮੇ ਦੁਖੜਾ ਰੋਗ ਨਿਵਾਰੀ । ਖਾਲੀ ਕੁੱਖ ਦੁੱਖ ਮਿਟੇ ਸੰਤਾਪ । ਆਪ ਮਿਟਾਏ ਜਗਤ ਤ੍ਰਿਸਨਾ ਭੁੱਖ, ਹਰਿਜਨ ਬਣਾਏ ਮਾਈ ਬਾਪ । ਸਾਚੀ ਸਿਖਿਆ ਰਹੇ ਸਿਖ, ਹਰਿ ਕਿਰਪਾ ਕਰੇ ਆਪੇ ਆਪ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਆਪ ਬਣਾਏ ਵਡਾ ਵਡ ਪਰਤਾਪ । ਮਿਲਿਆ ਨਾਮ ਪੂਤ ਅਤਿ ਦਾਨ । ਕਲਜੁਗ ਮਾਇਆ ਮਮਤਾ ਮਧ, ਕਲਜੁਗ ਭਰਮ ਨਾ ਭੁੱਲ ਜੀਵ ਨਿਧਾਨ । ਪੁਰਖ ਅਬਿਨਾਸ਼ੀ ਦਰ ਘਰ ਸਾਚੇ ਸੱਦ, ਮੰਗੇ ਦਾਨ ਹੋ ਹੈਰਾਨ । ਧੁਨ ਸ਼ਬਦ ਨਾਦ ਨਾ ਵੱਜੇ ਨਦ, ਨਾ ਸੁਨ ਮੰਡਲ ਹੋਏ ਵੈਰਾਨ । ਜੋਤੀ ਜੋਤ ਸਰੂਪ ਹਰਿ, ਸਾਚਾ ਦੇਵੇ ਇਕ ਵਰ, ਸੰਤ ਸੁਹੇਲੇ ਕਰ ਪਛਾਨ । ਗੁਰਮੁਖ ਉਠ ਉਠ ਜਾਗ, ਹਰਿ ਜਗਾਇੰਦਾ । ਕਲ ਕਾਇਆ ਧੋ ਦਾਗ਼, ਪ੍ਰਭ ਅੰਮ੍ਰਿਤ ਜਲ ਲਿਆਇੰਦਾ । ਹਰਿਜਨ ਸਾਚਾ ਸੁਣ ਰਾਗ, ਕਲਜੁਗ ਮਾਇਆ ਮਾਤ ਤਿਆਗ, ਪੂਰਨ ਹੋਏ ਵਡ ਵਡਭਾਗ, ਮਾਨਸ ਦੇਹੀ ਲੇਖੇ ਲਾਇੰਦਾ । ਗੁਰਮੁਖ ਉਠ ਉਠ ਜਾਗ ਵੇਲਾ, ਵਕਤ ਸੁਹੇਲਾ ਮਿਲਣਾ ਕੰਤ ਸੁਹਾਗ । ਆਪੇ ਗੁਰ ਆਪੇ ਚੇਲਾ, ਕਲ ਤੇਰਾ ਸੁਹਾਇਆ ਬਾਗ । ਦਰਗਾਹ ਸਾਚੀ ਸਾਚਾ ਮੇਲਾ, ਆਪੇ ਵਸੇ ਇਕ ਅਕੇਲਾ, ਦਿਵਸ ਰੈਣ ਰਿਹਾ ਜਾਗ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਗੁਰਮੁਖ ਸਾਚੇ ਸੰਤ ਜਨਾਂ ਆਪ ਬੁਝਾਵਣ ਆਇਆ ਕਲਜੁਗ ਤ੍ਰਿਸਨਾ ਆਗ । ਕਲਜੁਗ ਤ੍ਰਿਸਨਾ ਅੱਗ ਜਗਤ ਜਲਾਇਆ । ਗੁਰਮੁਖ ਸਾਚੇ ਜਾਗ, ਆਪ ਬਣਾਏ ਹੰਸ ਕਾਗ, ਸੋਹੰ ਚੋਗ ਸਚ ਰਖਾਇਆ । ਬਾਸ਼ਕ ਸੇਜਾ ਸੋਹੇ ਨਾਗ, ਲਛਮੀ

ਮਨ ਹੋਏ ਵੈਰਾਗ, ਸੀਤਲ ਸ਼ਬਦ ਆਇਆ । ਰੰਗ ਰੰਗੀਲਾ ਮੋਹਣ ਮਾਧਵ ਮਾਧ, ਸਾਚੀ ਸੇਵਾ ਆਪ ਸਵਾਇਆ । ਕਾਇਆ ਰੰਗਣ ਸੂਹਾ ਪੀਲਾ ਆਦਿ, ਪੁਰਖ ਅਨਾਦੀ ਜੁਗਾ ਜੁਗੰਤਰ ਬਣਤ ਬਣਾਇਆ । ਅੰਮ੍ਰਿਤ ਜਾਮ ਆਤਮ ਰਸ ਪੀ ਲਾ, ਹਉਮੇ ਦੇਵੇ ਰੋਗ ਗਵਾਇਆ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਵਰਨ ਅਵਰਨਾ ਆਪ ਅਖਵਾਇਆ । ਵਰਨ ਅਵਰਨਾ ਆਪ ਰੰਗ ਰਾਤਾ । ਸ੍ਰਿਸ਼ਟ ਸਬਾਈ ਏਕਾ ਸਰਨਾ, ਏਕਾ ਜੋਤ ਪੁਰਖ ਬਿਧਾਤਾ । ਆਪੇ ਜਾਣੇ ਜੰਮਣ ਮਰਨਾ, ਕਲਜੁਗ ਜੀਵ ਨਾ ਕਿਸੇ ਪਛਾਤਾ । ਪਰਗਟ ਹੋਏ ਧਰਨੀ ਧਰਨਾ, ਤਰਨੀ ਤਰਨਾ ਉਤਮ ਜ਼ਾਤਾ । ਨਿਹਕਲੰਕ ਸਾਚੀ ਸਰਨਾ, ਚਾਰ ਵਰਨਾਂ ਬਣਾਏ ਇਕ ਜਮਾਤਾ । ਚਾਰ ਵਰਨ ਇਕ ਦਵਾਰ । ਸਚ ਦਵਾਰੇ ਆਪੇ ਪਾਏ ਹਰਿ ਜੀ ਸਾਰ, ਲੋਕਮਾਤ ਖ਼ਬਰਦਾਰਿਆ । ਨੌਂ ਦਵਾਰੇ ਵੇਖੇ ਮਾਰ ਝਾਤ, ਮਾਇਆ ਰਾਣੀ ਪਸਰ ਪਸਾਰਿਆ । ਕਲਜੁਗ ਜੀਵ ਅੰਧੇਰੀ ਰਾਤ, ਮਾਇਆ ਮਮਤਾ ਤਨ ਜਲਾ ਰਿਹਾ । ਸ਼ਬਦ ਮਿਲੇ ਨਾ ਸਾਚੀ ਦਾਤ, ਸਚ ਦਵਾਰਾ ਬੰਦ ਰਖਾ ਰਿਹਾ । ਜਨ ਭਗਤਾਂ ਪੁੱਛਣ ਆਇਆ ਵਾਤ, ਸ਼ਬਦ ਹਥੌੜਾ ਨਾਲ ਉਠਾ ਰਿਹਾ । ਨਰ ਨਰਾਇਣ ਕਮਲਾਪਾਤ, ਅੰਦਰੇ ਅੰਦਰ ਮਾਰੇ ਝਾਤ, ਤ੍ਰੈ ਧਾਤਾਂ ਕੁਫਲ ਤੁੜਾ ਰਿਹਾ । ਹਰਿਜਨ ਮਿਲੇ ਤ੍ਰੈਲੋਕੀ ਨਾਥ, ਜੋਤ ਨਿਰੰਜਣ ਸਾਚੀ ਮਾਤ, ਸੋਹੰ ਸ਼ਬਦ ਤਿਲਕ ਲਗਾ ਰਿਹਾ । ਸਤਿਜੁਗ ਚਲੇ ਸਾਚੀ ਗਾਥ, ਏਕਾ ਸ਼ਬਦ ਸਾਚਾ ਰਾਥ, ਗੁਰਮੁਖ ਸਾਚੇ ਆਪ ਚੜ੍ਹਾ ਰਿਹਾ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਲੇਖਾ ਲਿਖ ਲਿਖ ਜਾਣੇ ਭਵਿਖਤ ਵਾਕ, ਸਾਚਾ ਲੇਖਾ ਆਪ ਲਿਖਾ ਰਿਹਾ । ਵਡਭਾਗੀ ਵਡਭਾਗ ਭਰਮ ਭਉ ਚੁੱਕਿਆ । ਸੋਈ ਆਤਮ ਗਈ ਜਾਗ, ਹਰਿਆ ਹੋਇਆ ਤਨ ਕਾਇਆ ਸੁੱਕਿਆ । ਕਲਜੁਗ ਕਾਲਾ ਰਿਹਾ ਭਾਗ, ਦਾਣਾ ਪਾਣੀ ਮਾਤ ਮੁਕਿਆ । ਸਤਿਜੁਗ ਸਾਚਾ ਰਿਹਾ ਜਾਗ, ਵੇਲਾ ਸੁਹੇਲਾ ਆਏ ਢੁਕਿਆ । ਗੁਰਮੁਖ ਹੰਸ ਬਣਾਏ ਕਾਗ, ਬੇਮੁਖ ਖਪਾਏ ਧਰਤ ਮਾਤ ਭਾਰ ਚੁਕਿਆ । ਜੋਤੀ ਜੋਤ ਸਰੂਪ ਹਰਿ, ਦੋਹਾਂ ਮੇਲਾ ਇਕ ਘਰ, ਲੇਖਾ ਚੁੱਕੇ ਖਾਣਾ ਪੀਣਾ ਪਾਣੀ ਹੁੱਕਿਆ । ਕਲਜੁਗ ਕਾਲੀ ਧਾਰ ਦਏ ਦੁਹਾਈਆ । ਸਤਿਜੁਗ ਸਾਚਾ ਹੋ ਤਿਆਰ, ਦੂਰ ਦੁਰਾਡਾ ਰਿਹਾ ਤਕਾਈਆ । ਕਲਜੁਗ ਕਾਲਾ ਕਰਮ ਵਿਚਾਰ, ਚਾਰੇ ਕੁੰਟਾਂ ਕਾਲੀ ਛਾਹੀਆ । ਸਤਿਜੁਗ ਸਾਚਾ ਦੋਏ ਜੋੜ ਕਰੇ ਨਿਮਸਕਾਰ, ਪ੍ਰਭ ਸਤਿਜੁਗ ਸਾਚੀ ਦਇਆ ਕਮਾਈਆ । ਦੋਹਾਂ ਵਿਚੋਲਾ ਹਰਿ ਨਿਰੰਕਾਰ, ਪਰਪੰਚ ਖੇਲ ਵਖਾਈਆ । ਧਰਤ ਮਾਤ ਦੱਬੀ ਭਾਰ, ਦਿਵਸ ਰੈਣ ਦਏ ਦੁਹਾਈਆ । ਸਤਿਜੁਗ ਸਾਚੇ ਕਰ ਪਿਆਰ, ਦੁਖੀ ਮਾਂ ਤੇਰੀ ਕੁਰਲਾਈਆ । ਗੋਦੀ ਕਰਨੀ ਠੰਡੀ ਠਾਰ, ਗੀਤ ਸੁਹਾਗੀ ਇਕ ਸੁਣਾਈਆ । ਹਰਿ ਕਿਰਪਾ ਕਰੇ ਅਪਾਰ, ਸੋਹੰ ਵਸਤ ਝੋਲੀ ਪਾਈਆ । ਗੁਰਮੁਖਾਂ ਕਰ ਤਨ ਸ਼ਿੰਗਾਰ, ਸੋਲਾਂ ਕਲੀਆਂ ਨਾਲ ਗੁੰਦਾਈਆ । ਆਪ ਕਰੇ ਆਪਣੀ ਕਾਰ, ਵੇਖਣ ਜਾਏ ਥਾਉਂ ਥਾਈਆ । ਪਕੜ ਉਠਾਏ ਨਰ ਨਾਰ, ਬਿਰਧ ਜਵਾਨਾਂ ਦੇ ਮਤ ਰਿਹਾ ਸਮਝਾਈਆ । ਪੁਰਖ ਅਬਿਨਾਸ਼ੀ ਹੋਏ ਪਹਿਰੇਦਾਰ, ਅੱਠੇ ਪਹਿਰ ਤੇਰਾ ਸਿਕਦਾਰ, ਲੋਕਮਾਤ ਬਣੇ ਸੱਚੀ ਸਰਕਾਰ, ਸਦ ਸਦ ਸ਼ਬਦ ਤਾਜ ਸਿਰ ਰਖਾਈਆ । ਸੰਤ ਸੁਹੇਲੇ ਕਰਨੇ ਖ਼ਬਰਦਾਰ, ਫੂਲਨ ਬਰਖਾ ਹਰਿ ਜੀ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਸਾਚਾ ਸਚ ਦੁਲਾਰਾ ਸ਼ਬਦ ਹਲੂਣੇ ਰਿਹਾ ਜਗਾਈਆ । ਸ਼ਬਦ ਹਲੂਣਾ ਮਾਰ ਹਰਿ ਜਗਾਇੰਦਾ । ਕਲਜੁਗ ਭਾਰ ਵਧਿਆ ਦੂਣਾ, ਨਾ ਕੋਇ ਸਿਰ ਉਠਾਇੰਦਾ । ਜਗਤ ਭਾਂਡਾ ਹੋਇਆ ਊਣਾ, ਸ਼ਬਦ ਦਾਤ ਨਾ ਕੋਈ ਭਰਾਇੰਦਾ ।

੧੩੧
੦੫

ਜੋਤੀ ਜੋਤ ਸਰੂਪ ਹਰਿ, ਕਲਜੁਗ ਤੇਰਾ ਵੇਖੇ ਘਰ, ਕਵਣ ਨਾਰੀ ਕਵਣ ਨਰ, ਕਵਣ ਸਿੰਘਾਸਣ ਤਨ ਸੁਹਾਇੰਦਾ । ਕਲਜੁਗ ਸੱਚਾ ਵੇਖ ਵਿਚਾਰੇ । ਪ੍ਰਭ ਅਬਿਨਾਸ਼ੀ ਕਿਰਪਾ ਧਾਰੇ । ਮੰਦਰ ਮਹੱਲ ਅਚੱਲ ਅਟੱਲ ਮੁਨਾਰੇ । ਆਪੇ ਵੇਖੇ ਜਲ ਥਲ, ਜੰਗਲ ਜੂਹ ਉਜਾੜ ਪਹਾੜੇ । ਜੂਠੇ ਝੂਠੇ ਮਾਇਆ ਲੂਠੇ ਜਾਮਾਧਾਰੀ ਭੇਖਾਧਾਰੀ ਗੁਰਦਵਾਰੇ ਮੰਦਰ ਅੰਦਰ ਹਾਹਾਕਾਰੇ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਸਾਚੀ ਬੰਨ੍ਹੇ ਮਾਤ ਧਾਰੇ । ਕਲਜੁਗ ਕਾਲਾ ਮੁਖ, ਲੱਗੀ ਛਾਹੀਆ । ਲੱਖ ਚੁਰਾਸੀ ਲੱਗਾ ਦੁੱਖ, ਨਾ ਕੋਈ ਦਏ ਮਿਟਾਈਆ । ਸਤਿਜੁਗ ਸਾਚਾ ਸੁਖਣਾ ਰਿਹਾ ਸੁੱਖ, ਪ੍ਰਭ ਅਬਿਨਾਸ਼ੀ ਦਇਆ ਕਮਾਈਆ । ਜਨ ਭਗਤਾਂ ਕਰੇ ਉਜਲ ਮੁਖ, ਸੋਹੰ ਸਾਚਾ ਜਾਮ ਪਿਆਈਆ । ਮਾਤ ਗਰਭ ਨਾ ਹੋਏ ਉਲਟਾ ਰੁਖ, ਸਤਾਰਾਂ ਹਾੜੀ ਖ਼ੁਸ਼ੀ ਮਨਾਈਆ । ਲੱਖ ਚੁਰਾਸੀ ਮਿਟੀ ਤ੍ਰਿਸਨਾ ਭੁੱਖ, ਸਚ ਦਵਾਰੇ ਰਿਹਾ ਬਹਾਈਆ । ਜੋਤੀ ਜੋਤ ਸਰੂਪ ਹਰਿ, ਗੁਰ ਸੰਗਤ ਦੇਵੇ ਇਕ ਵਰ, ਆਪ ਆਪਣਾ ਲੜ ਫੜਾਈਆ । ਕਲਜੁਗ ਕੂੜੀ ਰੇਖ ਭੇਖਿਆ । ਪੁਰਖ ਅਬਿਨਾਸ਼ੀ ਰਿਹਾ ਵੇਖ, ਜੋਤੀ ਜਾਮਾ ਧਰਿਆ ਭੇਸਿਆ । ਸਤਿਜੁਗ ਸਾਚਾ ਮੰਗੇ ਟੇਕ, ਪੁਰਖ ਅਬਿਨਾਸ਼ੀ ਕਰੇ ਬੁਧ ਬਿਬੇਕ, ਲੋਕਮਾਤ ਲੱਗੇ ਨਾ ਕੋਈ ਸੇਕਿਆ । ਜੋਤੀ ਜੋਤ ਸਰੂਪ ਹਰਿ, ਸਾਚਾ ਦੇਵੇ ਇਕ ਵਰ, ਏਕੰਕਾਰ ਹਰਿ ਨਿਰੰਕਾਰ ਜੋਤ ਨਿਰੰਜਣ ਇਕ ਅਕਾਰਾ, ਆਦਿਨ ਅੰਤਾ ਏਕਮ ਏਕਿਆ । ਸਤਿਜੁਗ ਸਾਚਾ ਇਕ, ਇਕ ਇਕੱਲਾ ਹੈ । ਕਲਜੁਗ ਕਾਲਾ ਵੇਸ, ਚਾਰੋਂ ਕੁੰਟ ਪਿਆ ਤਰਥੱਲਾ ਹੈ । ਸਤਿਜੁਗ ਸਾਚੇ ਸਾਚੀ ਟੇਕ, ਪ੍ਰਭ ਮਿਲਿਆ ਇਕ ਮਹੱਲਾ ਹੈ । ਕਲਜੁਗ ਪਾਪੀ ਰਿਹਾ ਵੇਖ, ਚਾਰ ਚੁਫੇਰੇ ਵਲਾ ਛਲਾ ਹੈ । ਜੋਤੀ ਜੋਤ ਸਰੂਪ ਹਰਿ, ਦੋਹਾਂ ਦੇਵੇ ਇਕ ਵਰ, ਸੋਹੰ ਸ਼ਬਦ ਸਾਚਾ ਜਲਾ ਥਲਾ ਹੈ । ਸੋਹੰ ਸ਼ਬਦ ਭੱਲਾ ਹਰਿ ਨਿਰੰਕਾਰਿਆ । ਨਾ ਕੋਈ ਜਾਣੇ ਜੀਵ ਗਵਾਰਿਆ । ਸਤਿਜੁਗ ਮੇਟੇ ਦੂਈ ਦਵੈਤੀ ਸਲਾ, ਕਲਜੁਗ ਝੂਠੇ ਸੀਨਾ ਪਾੜਿਆ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਦੋਹਾਂ ਦੇਵੇ ਇਕ ਵਰ, ਸਚ ਦਵਾਰੇ ਸਤਾਰਾਂ ਹਾੜਿਆ । ਕਲਜੁਗ ਕਲ ਮਿਲੇ ਵਰ, ਹੋਏ ਅੰਤ ਜੁਦਾਈਆ । ਚਾਰੋਂ ਕੁੰਟ ਆਉਣਾ ਡਰ, ਰੈਣ ਅੰਧੇਰੀ ਛਾਈਆ । ਲੱਖ ਚੁਰਾਸੀ ਜਾਣੀ ਮਰ, ਪ੍ਰਭ ਸਾਚਾ ਭੇੜ ਭਿੜਾਈਆ । ਗੁਰਮੁਖ ਵਿਰਲਾ ਜਾਏ ਤਰ, ਜਿਸ ਆਪਣਾ ਲੜ ਫੜਾਈਆ । ਅੰਮ੍ਰਿਤ ਨੁਹਾਏ ਸਾਚੇ ਸਰ, ਸਾਚਾ ਤਾਲ ਹਰਿ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਗੁਰਮੁਖ ਸਾਚੇ ਸੰਤ ਜਨ ਕਾਗੋਂ ਹੰਸ ਬਣਾਈਆ । ਗੁਰਮੁਖ ਸਾਚੇ ਮਾਣਕ ਮੋਤੀ । ਏਕਾ ਲੇਖਾ ਰਿਹਾ ਲਿਖਾਏ, ਨਾ ਕੋਈ ਵਰਨ ਨਾ ਕੋਈ ਗੋਤੀ । ਆਤਮ ਘਰ ਦੀਪਕ ਇਕ ਜਗਾਏ, ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਜੋ ਦਰ ਮੰਗੇ ਨਾਮ ਵਰ, ਦੁਰਮਤ ਮੈਲ ਜਾਏ ਧੋਤੀ । ਸਤਿਜੁਗ ਸਾਚੇ ਖ਼ੁਸ਼ੀ ਮਨਾਈ । ਪ੍ਰਭ ਅਬਿਨਾਸ਼ੀ ਭਿਛਿਆ ਪਾਈ । ਸੋਹੰ ਸ਼ਬਦ ਵੱਜੀ ਵਧਾਈ । ਰਾਗ ਰਾਗਾਂ ਰਿਹਾ ਸੁਣਾਈ । ਅਨਹਦ ਨਾਦਾ ਧੁਨ ਉਪਜਾਈ । ਰਸਨਾ ਸ਼ਬਦ ਏਕਾ ਗਾਈ । ਮਿਲਿਆ ਸ਼ਬਦ ਬੋਧ ਅਗਾਧਾ, ਲੋਆਂ ਪੁਰੀਆਂ ਕਰੇ ਰੁਸ਼ਨਾਈ । ਕਿਰਪਾ ਕਰੇ ਆਪ ਰਘੁਰਾਈ ਮਾਧਵ ਮਾਧਾ, ਭਿੰਨੜੀ ਰੈਣ ਨਾਲ ਰਲਾਈ । ਹਰਿਜਨ ਹਰਿ ਸਾਧਨ ਸਾਧਾ, ਲੋਕਮਾਤ ਸਾਚੀ ਕਰਨ ਆਇਆ ਕੁੜਮਾਈ । ਜੋਤੀ ਜੋਤ ਸਰੂਪ ਹਰਿ, ਗੁਰਮੁਖ ਸਾਚੇ ਤੇਰੀ ਆਤਮ ਜੋਤੀ ਪੁਰਖ ਨਿਰੰਜਣ ਏਕਾ ਆਪ ਵਿਆਹੀ । ਗੁਰਮੁਖ ਜੋਤੀ ਆਤਮ ਨਾਰੀ, ਪ੍ਰਭ ਸਾਚੇ ਆਪ ਵਿਆਹੀਆ । ਸੋਹੰ ਦੇਵੇ ਸ਼ਬਦ ਸ਼ਿੰਗਾਰੀ, ਸਾਚਾ ਗਹਿਣਾ ਤਨ ਪਹਿਨਾਈਆ । ਧਰਮ ਰਾਏ ਦੀ ਧੀ ਕਵਾਰੀ, ਲਾੜੀ ਮੌਤ

ਦਏ ਦੁਹਾਈਆ । ਲੱਖ ਚੁਰਾਸੀ ਵੇਖੇ ਨੈਣ ਉਘਾੜੀ, ਸਾਚਾ ਲਾੜਾ ਦਿਸ ਨਾ ਆਈਆ । ਗੁਰਮੁਖਾਂ ਹਰਿ ਫਿਰੇ ਪਿੱਛੇ ਅਗਾੜੀ, ਸੀਸ ਸਿਹਰਾ ਸਾਚਾ ਲਾਈਆ । ਚਾਰੋਂ ਕੁੰਟ ਕਰੇ ਵਾੜੀ, ਪਹਿਰੇਦਾਰ ਇਕ ਅਖਵਾਈਆ । ਜਗੇ ਜੋਤ ਬਹੱਤਰ ਨਾੜੀ, ਕਾਇਆ ਮੰਦਰ ਉਜਿਆਰ ਕਰਾਈਆ । ਕਿਰਪਾ ਕਰੇ ਸਤਾਰਾਂ ਹਾੜੀ, ਗੁਰ ਸੰਗਤ ਮਿਲੇ ਵਧਾਈਆ । ਖਿੜਿਆ ਫੁਲ ਸੱਚੀ ਫੁਲਵਾੜੀ, ਰੱਖੇ ਲਾਜ ਗੁਰ ਚਰਨ ਛੁਹਾਈ ਦਾਹੜੀ, ਕਲਜੁਗ ਸਾਚਾ ਮਾਣ ਦਵਾਈਆ । ਗੁਰਮੁਖ ਚਾੜ੍ਹੇ ਸਾਚੀ ਘੋੜੀ, ਆਤਮ ਡੋਰ ਆਪਣੇ ਹੱਥ ਰਖਾਈਆ । ਸਾਚੇ ਘਰ ਰਿਹਾ ਵਾੜੀ, ਪੰਚਮ ਕੁੰਡਾ ਆਪੇ ਲਾਹੀਆ । ਛੇਵੇਂ ਘਰ ਸ਼ਬਦ ਅਪਾਰੀ, ਧੁਨੀ ਸਾਚਾ ਰਾਗ ਸੁਣਾਈਆ । ਸੱਤਵੇਂ ਘਰ ਜੋਤ ਨਿਰੰਕਾਰੀ, ਸਚ ਸਿੰਘਾਸਣ ਆਪ ਸੁਹਾਈਆ । ਅਚਰਜ ਖੇਲ ਹਰਿ ਅਪਾਰੀ, ਦੂਸਰ ਕੋਇ ਦਿਸ ਨਾ ਆਈਆ । ਲੋਆਂ ਪੁਰੀਆਂ ਕਰ ਉਸਾਰੀ, ਚੌਦਾਂ ਹਟ ਜਾਲ ਬਣਾਈਆ । ਬ੍ਰਹਮਾ ਦੇਵੇ ਜੋਤ ਨਿਰੰਕਾਰੀ, ਚਾਰੇ ਮੁਖੜੇ ਨਾਲ ਲਗਾਈਆ । ਸਾਚੇ ਵੇਦਾਂ ਰਿਹਾ ਉਚਾਰੀ, ਚਾਰੇ ਜੁਗਾਂ ਧਾਰ ਬਣਾਈਆ । ਨਾਰਦ ਸੁਤ ਕਰੇ ਪਿਆਰੀ, ਧਰਮ ਰਾਏ ਦੀ ਧੀ ਕਵਾਰੀ, ਵੇਲੇ ਅੰਤਮ ਦਏ ਦੁਹਾਈਆ । ਪੁਰਖ ਅਬਿਨਾਸ਼ੀ ਕਿਰਪਾ ਕਰ, ਏਕਾ ਬਖ਼ਸ਼ ਫੂਲਨ ਸਾਚੀ ਖਾਰੀ, ਹਰਿ ਆਪਣੇ ਸੀਸ ਉਠਾਈਆ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ ਦੇਵੇ ਵਰ, ਬੇਮੁਖਾਂ ਵਾਰੋ ਵਾਰੀ ਤੇਰੀ ਗੋਦ ਦਏ ਬਿਠਾਈਆ । ਨਿਹਕਲੰਕ ਕਲ ਜਾਮਾ ਪਾਇਆ । ਏਕਾ ਸਾਚਾ ਰਾਹ ਵਖਾਇਆ । ਲਾੜੀ ਮੌਤ ਨਾਲ ਰਲਾਇਆ । ਜੂਠੇ ਝੂਠੇ ਮਾਇਆ ਲੂਠੇ ਰਾਜੇ ਰਾਣੇ ਸ਼ਾਹ ਸੁਲਤਾਨੇ ਹੱਥੀਂ ਬੰਨ੍ਹੇ ਗਾਨੇ, ਪਾਪਾਂ ਮਹਿੰਦੀ ਆਪ ਰੰਗਾਇਆ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਆਪੇ ਦੇਵੇ ਸਰਬ ਵਰ, ਆਪ ਆਪਣਾ ਦਰਸ ਦਿਖਾਇਆ । ਲਾੜੀ ਮੌਤ ਕਰੇ ਸਲਾਹ । ਕਲਜੁਗ ਕਿਹੜਾ ਬਣੇ ਮਲਾਹ । ਝੂਠਾ ਚਪੂ ਦੇਵੇ ਲਾ । ਵੰਞ ਮੁਹਾਣਾ ਇਕ ਬਣਾ । ਰਾਜਾ ਰਾਣਾ ਲਏ ਬਨ੍ਹਾ । ਸੁਘੜ ਸਿਆਣਾ ਦਏ ਭੁਲਾ । ਮੁੱਲਾਂ ਸ਼ੇਖ਼ ਸ਼ੇਖ਼ ਮੁਲਾਣਾ ਮੁੱਛਾਂ ਦਾਹੜੀ ਦਏ ਕਟਾ । ਆਪੇ ਵੇਖੇ ਅੰਧਾ ਕਾਣਾ, ਨੇਤਰ ਦੋਵੇਂ ਬੰਦ ਕਰਾ । ਕਲਜੁਗ ਤੇਰਾ ਸਾਚਾ ਘਾਣ ਏਕਾ ਪਾਣਾ, ਲੱਖ ਚੁਰਾਸੀ ਬਣਤ ਬਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲਾੜੀ ਮੌਤ ਦੇਵੇ ਵਰ, ਸਤਾਰਾਂ ਹਾੜੀ ਹੁਕਮ ਸੁਣਾ । ਲਾੜੀ ਮੌਤ ਤੂੰ ਮੁਟਿਆਰ । ਪਹਿਲੇ ਵੇਖ ਮੁਹੰਮਦੀ ਯਾਰ । ਸਾਚਾ ਸੰਗ ਕਰ ਤਿਆਰ । ਮੰਗੀ ਮੰਗ ਦਰ ਨਿਆਰ । ਰੰਗੀ ਰੰਗ ਸ਼ਬਦ ਕਟਾਰ । ਸੰਗੀ ਸੰਗ ਬੀਰ ਬੇਤਾਲੇ, ਲੱਖ ਇਕ ਅੱਸੀ ਹਜ਼ਾਰ । ਕਲ ਕਾਲਕਾ ਖੱਪਰ ਉਠਾਏ, ਖ਼ੁਸ਼ੀ ਮਨਾਏ ਵਾਰੋ ਵਾਰ । ਜਗੇ ਜੋਤ ਇਕ ਜਵਾਲੇ, ਅਸ਼ਟਭੁਜ ਸਿੰਘ ਅਸਵਾਰ । ਸਿੰਘ ਸਿੰਘਾਸਣ ਈਸੇ ਮੂਸੇ ਹੋਏ ਖਵਾਰ । ਆਪੇ ਤੋੜੇ ਜਗਤ ਜੰਜਾਲੇ, ਪਰਗਟ ਹੋਏ ਸੱਚੀ ਸਰਕਾਰ । ਗੁਰਮੁਖ ਵੇਖੇ ਜਗਤ ਕੰਗਾਲੇ, ਰਸਨਾ ਨਾਉਂ ਰਿਹਾ ਵਿਚਾਰ । ਕਰੇ ਕਰਾਏ ਆਪ ਪ੍ਰਿਤਪਾਲੇ, ਅੱਠੇ ਪਹਿਰ ਸਦਾ ਚਲੇ ਨਾਲੇ । ਚਲੇ ਚਲਾਏ ਅਵੱਲੜੀ ਚਾਲੇ । ਸਾਚਾ ਦੇਵੇ ਸ਼ਬਦ ਦੁਸ਼ਾਲ, ਨੇੜ ਨਾ ਆਏ ਕਾਲ ਮਹਾਂਕਾਲ, ਸਾਚੇ ਘਰ ਆਪ ਵਸਾ ਲੇ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਨਿਹਕਲੰਕ ਨਰਾਇਣ ਨਰ, ਗੁਰਮੁਖਾਂ ਦੱਸੇ ਰਾਹ ਸੁਖਾਲੇ । ਜਗਤ ਵਖਾਏ ਰਾਹ, ਭਗਤ ਭਗਵਾਨਿਆ । ਹਰਿ ਦਾਤਾ ਬੇਪਰਵਾਹ, ਕਲ ਚਤੁਰ ਸੁਘੜ ਸਿਆਣਿਆ । ਲੱਖ ਚੁਰਾਸੀ ਪਾਏ ਫਾਹ, ਤੋੜੇ ਮਾਣ ਸਰਬ ਅਭਿਮਾਨਿਆ । ਅੱਗੇ ਕੋਈ ਨਾ ਕਰੇ ਨਾ, ਸੋਹੰ ਫੜਿਆ ਤੀਰ ਕਮਾਨਿਆ । ਗਊ ਗਰੀਬਾਂ ਪਕੜੇ ਬਾਂਹ, ਤਖ਼ਤੋਂ ਲਾਹੇ ਰਾਜੇ ਰਾਣਿਆ ।

ਸੰਤ ਸੁਹੇਲਾ ਰੱਖੇ ਠੰਡੀ ਛਾਂ, ਦਰ ਘਰ ਸਾਚੇ ਦੇਵੇ ਮਾਣਿਆ । ਆਪੇ ਪਿਤਾ ਆਪੇ ਮਾਂ, ਗੁਣਵੰਤਾ ਗੁਣ ਨਿਧਾਨਿਆ । ਘਰ ਘਰ ਕਲਜੁਗ ਆਪ ਉਡਾਏ ਕਾਂ, ਨਰ ਹਰਿ ਨਾ ਕਿਸੇ ਪਛਾਣਿਆ । ਬੇਮੁਖ ਥਾਉਂ ਥਾਂ, ਬੇੜਾ ਡੋਬੇ ਬੇਮੁਹਾਣਿਆ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਗੁਰਮੁਖ ਸਾਚੇ ਸੰਤ ਜਨਾਂ ਸਾਚਾ ਦੇਵੇ ਨਾਮ ਨਿਸ਼ਾਨਿਆ । ਸਾਚਾ ਦੇਵੇ ਨਾਮ ਨਿਸ਼ਾਨ, ਜਗਤ ਨਿਸ਼ਾਨਿਆ । ਕਿਰਪਾ ਕਰੇ ਆਪ ਭਗਵਾਨ, ਦੇਵੇ ਦਾਨ ਵਡ ਵਡ ਦਾਨਿਆ । ਝੁੱਲਣਾ ਏਕਾ ਮਾਤ ਨਿਸ਼ਾਨ, ਸੱਤਾਂ ਦੀਪਾਂ ਪੁਰਖ ਸੁਜਾਨਿਆ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਆਪਣੀ ਕਿਰਪਾ ਰਿਹਾ ਕਰ, ਨਾ ਕੋਈ ਜਾਣੇ ਭੇਵ ਵਡ ਵਡ ਦਾਨਿਆ । ਸਤਿਜੁਗ ਸਚ ਨਿਸ਼ਾਨ, ਧਰਮ ਜੈਕਾਰਿਆ । ਸ੍ਰਿਸ਼ਟ ਸਬਾਈ ਇਕ ਬਿਬਾਣ, ਪ੍ਰਭ ਸਾਚਾ ਆਪ ਉਡਾ ਰਿਹਾ । ਚਾਰੇ ਕੁੰਟਾਂ ਮਾਰ ਧਿਆਨ, ਸ਼ਬਦ ਏਕਾ ਇਕ ਦਵਾ ਰਿਹਾ । ਆਪ ਰਖਾਏ ਏਕਾ ਆਣ, ਦੂਸਰ ਹੋਰ ਨਾ ਕੋਈ ਤਕਾ ਰਿਹਾ । ਸਾਚਾ ਸ਼ਬਦ ਦੇਵੇ ਪੀਣ ਖਾਣ, ਆਤਮ ਤ੍ਰਿਸ਼ਨਾ ਭੁੱਖ ਮਿਟਾ ਰਿਹਾ । ਸਰਬ ਘਟਾਂ ਘਟ ਜਾਣੀ ਜਾਣ, ਘਟ ਮੰਦਰ ਹਰਿ ਸਮਾ ਰਿਹਾ । ਇਕ ਦਵਾਰ ਇਕ ਭਗਵਾਨ, ਇਕ ਹੁਲਾਰਾ ਸਚ ਜਹਾਨ, ਪੀਣ ਖਾਣ ਨਾ ਕੋਈ ਵਖਾ ਰਿਹਾ । ਧੁਨ ਨਾਦ ਅਨਾਹਦ ਬਾਨ, ਦਸਮ ਦਵਾਰੀ ਆਪ ਚਲਾ ਰਿਹਾ । ਸਰਗੁਣ ਨਿਰਗੁਣ ਇਕ ਵਖਾਣ, ਤ੍ਰੈਕੁਟੀ ਦੇਸ ਵੇਸ ਇਕ ਕਰਾ ਰਿਹਾ । ਆਪੇ ਜਾਣੇ ਨਰ ਨਰੇਸ਼, ਅਜੱਪਾ ਜਾਪ ਨਾ ਕੋਈ ਕਰਾ ਰਿਹਾ । ਹਿਰਦੇ ਕੋਲ ਹਰਿ ਪਰਵੇਸ਼, ਅੱਠੀਂ ਤੱਤੀਂ ਫਲ ਲਗਾ ਰਿਹਾ । ਅੱਠੇ ਪਹਿਰ ਅੱਠੇ ਵੇਸ, ਸਾਚਾ ਭੇਖ ਆਪ ਛੁਪਾ ਰਿਹਾ । ਨਾ ਕੋਈ ਜਾਣੇ ਨਰ ਨਰੇਸ਼, ਅੰਦਰੇ ਅੰਦਰ ਲੇਖ ਲਿਖਾ ਰਿਹਾ । ਆਪੇ ਬ੍ਰਹਮਾ ਵਿਸ਼ਨ ਗਣੇਸ਼, ਵਿਸ਼ਨ ਭਿਖਾਰੀ ਆਪ ਅਖਵਾ ਰਿਹਾ । ਆਪੇ ਧਾਰੇ ਰਾਮਾ ਭੇਸ, ਕਾਹਨਾ ਕ੍ਰਿਸ਼ਨਾ ਜੋਤ ਜਗਾ ਰਿਹਾ । ਕਲਜੁਗ ਭੁੱਲੇ ਜੀਵ ਦਸਮੇਸ਼, ਦਰ ਦਵਾਰੇ ਕਿਹੜੇ ਸਮਾ ਰਿਹਾ । ਨਾ ਕੋਈ ਮੁੱਛ ਦਾਹੜੀ ਨਾ ਕੇਸ, ਸੱਤਵੇਂ ਘਰ ਸਾਚਾ ਹਰਿ ਜੋਤੀ ਜੋਤ ਡਗਮਗਾ ਰਿਹਾ । ਆਪੇ ਨਰ ਆਪੇ ਨਰੇਸ਼, ਆਪੇ ਜਾਣੇ ਆਪਣਾ ਵੇਸ, ਬਸਤਰ ਭੂਸ਼ਨ ਨਾ ਕੋਈ ਪਹਿਨਾ ਰਿਹਾ । ਸਾਚੀ ਸੇਜਾ ਹਰਿ ਪਰਵੇਸ਼, ਸ਼ਬਦ ਸਿੰਘਾਸਣ ਡੇਰਾ ਲਾ ਰਿਹਾ । ਤਾਰਾ ਮੰਡਲ ਕਰੇ ਆਦੇਸ, ਸਪਤ ਰਿਖੀ ਸੰਗ ਸੁਹਾ ਰਿਹਾ । ਧਰੂ ਦਰਬਾਨਾ ਦਰਵੇਸ਼, ਸਤਿ ਸਵਰਨੀ ਰੰਗ ਏਕਾ ਚੜ੍ਹਾ ਰਿਹਾ । ਸਚ ਦਵਾਰੇ ਆਪ ਪਰਵੇਸ਼, ਮਹਿੰਮਾ ਅਗਣਤ ਨਾ ਕੋਈ ਗਿਣਾ ਰਿਹਾ । ਆਪੇ ਰਿਖੀ ਰਿਖੇਸ਼ਰ ਰੇਖ, ਲੇਖਾ ਲਿਖਤ ਨਾ ਕੋਈ ਰਖਾ ਰਿਹਾ । ਨਿਰਗੁਣ ਧਾਰੇ ਜੋਤੀ ਭੇਖ, ਸਰਗੁਣ ਭਰਮ ਭੁਲੇਖੇ ਭੁਲਾ ਰਿਹਾ । ਗੁਰਮੁਖ ਵਿਰਲੇ ਨੇਤਰ ਨੈਣ ਲੈਣਾ ਵੇਖ, ਸਾਚੀ ਦਿਸ਼ਾ ਜਿਸ ਖੁਲ੍ਹਾ ਰਿਹਾ । ਮਸਤਕ ਲਿਖੇ ਸਾਚੇ ਲੇਖ, ਜੋਤ ਨਿਰੰਜਣ ਦੇਸ ਵਸਾ ਰਿਹਾ । ਜਪਲੋਕ ਰਿਹਾ ਹਰਿ ਵਸੇਖ, ਤਪ ਤਪੀਸਾ ਇਕ ਕਰਾ ਰਿਹਾ । ਸਤਿਲੋਕ ਜੋਤ ਹਮੇਸ਼, ਵਰਭੰਡ ਬ੍ਰਹਿਮੰਡ ਭੇਵ ਨਾ ਪਾ ਰਿਹਾ । ਜੋਤੀ ਨੂਰ ਵੰਡੇ ਖੰਡ ਖੰਡ, ਲੋਕਮਾਤ ਤੇਰੀ ਵੰਡ, ਸੋਲਾਂ ਕਲਾ ਵੰਡ ਵੰਡਾ ਰਿਹਾ । ਨਵਾਂ ਸੱਤਾਂ ਭੇਖ ਪਖੰਡ, ਕਲਜੁਗ ਅੰਤਮ ਵੇਖ ਵਖਾ ਰਿਹਾ । ਸੁਨ ਅਗੰਮੀ ਚੰਡ ਪਰਚੰਡ, ਸ਼ਬਦ ਸਾਰ ਜੋਤੀ ਧਾਰ, ਸੋਹੰ ਖੰਡਾ ਆਪ ਪਰਗਟਾ ਰਿਹਾ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਆਪਣੀ ਵੰਡ ਆਪ ਵੰਡਾ ਰਿਹਾ । ਵੇਦ ਵਿਆਸੇ ਪਾਈ ਵੰਡ, ਨਿਹਕਲੰਕ ਕਲ ਜਾਮਾ ਧਾਰਿਆ । ਬੇਮੁਖ ਜੀਵਾਂ ਆਉਦੀ ਕੰਡ, ਜਨ ਭਗਤਾਂ ਹੋਏ ਆਪ ਸਹਾਰਿਆ । ਧਰੇ ਜਗਤ ਭੇਖ ਪਖੰਡ, ਜੀਵ ਜੰਤ ਸਦ ਗਵਾਰਿਆ । ਆਤਮ ਹੋਈ ਸਰਬ ਰੰਡ, ਮਾਨਸ

੧੩੪
੦੫

ਦੇਹੀ ਜਨ ਹੰਕਾਰਿਆ । ਪ੍ਰਭ ਅਬਿਨਾਸ਼ੀ ਤੋੜੇ ਸਰਬ ਘਮੰਡ, ਰਾਜ ਰਾਜਾਨਾਂ ਵਿਚ ਦਰਬਾਰਿਆ । ਕਲਜੁਗ ਔਧ ਗਈ ਹੰਢ, ਕਰੇ ਖੇਲ ਹਰਿ ਗਿਰਧਾਰਿਆ । ਗੁਰਮੁਖਾਂ ਪੱਲੇ ਬੰਨ੍ਹੇ ਨਾਮ ਗੰਢ, ਸਚ ਕਰਾਏ ਆਪ ਵਣਜ ਵਪਾਰਿਆ । ਆਪੇ ਵਸੇ ਉਤਭੁਜ ਸੇਤਜ ਜੇਰਜ ਅੰਡ, ਖਾਣੀ ਬਾਣੀ ਸਰਬ ਹੰਕਾਰਿਆ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਕਲਜੁਗ ਤੇਰਾ ਕਰਮ ਵਿਚਾਰਿਆ । ਕਵਣ ਕੂਟ ਕਵਣ ਦਵਾਰਾ, ਹਰਿ ਜੋਤੀ ਜੋਤ ਜਗਾ ਰਿਹਾ । ਕਵਣ ਤਨ ਸ਼ਬਦ ਨਗਾਰਾ, ਹਰਿ ਏਕਾ ਚੋਟ ਲਗਈਆ ਹੈ । ਕਵਣ ਮਨ ਤਨ ਅਫਾਰਾ, ਹਰਿ ਭਾਂਡਾ ਭੱਜਿਆ । ਕਵਣ ਜਨ ਮੰਗੇ ਮੰਗ ਦਰ ਦਵਾਰਾ, ਪੂਰਨ ਇਛਿਆ ਆਪ ਕਰਈਆ ਹੈ । ਕਵਣ ਧਨ ਪੱਲੇ ਬੰਨ੍ਹ, ਹਰਿਜਨ ਉਤਰੇ ਪਾਰ ਕਿਨਾਰਾ ਹੈ । ਲੋਕਮਾਤ ਨਾ ਲੱਗੇ ਸੰਨ੍ਹ, ਦਰਗਾਹ ਸਾਚੀ ਦਏ ਸਹਾਰਾ ਹੈ । ਲੱਖ ਚੁਰਾਸੀ ਦੇਵੇ ਡੰਨ, ਪਰਗਟ ਹੋਏ ਹਰਿ ਦਾਤਾਰਾ ਹੈ । ਗੁਰਮੁਖਾਂ ਬੇੜਾ ਰਿਹਾ ਬੰਨ੍ਹ, ਕਲ ਬਣਿਆ ਆਪ ਲਿਖਾਰਾ ਹੈ । ਸਤਿਜੁਗ ਚੜ੍ਹਾਏ ਸਾਚਾ ਚੰਦ, ਸੋਹੰ ਝੰਡਾ ਅਪਰ ਅਪਾਰਾ ਹੈ । ਸੱਤਾਂ ਦੀਪਾਂ ਡੋਰੀ ਰਿਹਾ ਬੰਨ੍ਹ, ਲੱਖਣ ਕਰੌਂਚ ਪੁਸ਼ਕਰ ਜੰਬੂ ਖੇਲ ਨਿਆਰਾ ਹੈ । ਜੋਤੀ ਜੋਤ ਸਰੂਪ ਹਰਿ, ਆਪੇ ਵਰਤੇ ਵਿਚ ਸੰਸਾਰਾ ਹੈ । ਜੰਬੂ ਦੀਪ ਜੋਤ ਜਗਈਆ । ਸਾਤ ਸਮੁੰਦਰ ਇਕ ਚਲਾਏ, ਹਰਿ ਜੂ ਸਾਚੀ ਨਈਆ । ਸਤਬਰਤ ਜਿਉਂ ਦਇਆ ਕਮਾਏ, ਮਹਾਂਪਰਲੋ ਵੇਖ ਵਖਈਆ । ਕਲਜੁਗ ਨਈਆ ਡਗਮਗਾਏ, ਨਾ ਕੋਈ ਪਾਰ ਲੰਘਈਆ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਅੰਤਮ ਧੱਕਾ ਇਕ ਲਗਈਆ । ਕਲਜੁਗ ਬੇੜਾ ਹੋਏ ਤਿਆਰ, ਅੰਤਮ ਕਲ ਕਲ ਵਾਰਿਆ । ਲੱਖ ਚੁਰਾਸੀ ਚੁਕਿਆ ਭਾਰ, ਨਾ ਮਿਲੇ ਕੋਈ ਸਹਾਰਿਆ । ਅੰਤਮ ਡੁੱਬਣਾ ਵਿਚ ਅੰਧਕਾਰ, ਕਿਸੇ ਨਾ ਦਿਸੇ ਪਾਰ ਕਿਨਾਰਿਆ । ਜੂਠੇ ਝੂਠੇ ਮੀਤ ਮੁਰਾਰ, ਜਗਤ ਨਾਤਾ ਜੀਵ ਸੰਸਾਰਿਆ । ਅੰਤਮ ਹੋਣਾ ਪਏ ਖਵਾਰ, ਜੂਏ ਬਾਜੀ ਮਾਨਸ ਹਾਰਿਆ । ਜੋਤੀ ਜੋਤ ਸਰੂਪ ਹਰਿ, ਗੁਰਮੁਖ ਸਾਚੇ ਸੰਤ ਜਨਾਂ, ਆਪੇ ਦੇਵੇ ਨਾਮ ਅਪਾਰਿਆ । ਨਾਮ ਅਪਾਰਾ ਅਮੋਲ, ਹਰਿ ਅਮੋਲਿਆ । ਬਜਰ ਕਪਾਟੀ ਪੜਦੇ ਰਿਹਾ ਖੋਲ੍ਹ, ਪੂਰਾ ਤੋਲ ਹਰਿ ਜੀ ਤੋਲਿਆ । ਅੱਠੇ ਪਹਿਰ ਕਰੇ ਕਲੋਲ, ਵਸੇ ਕਾਇਆ ਸੱਚੇ ਢੋਲ, ਬੇਮੁਖਾਂ ਨਾਲ ਕਦੇ ਨਾ ਬੋਲਿਆ । ਗੁਰਮੁਖ ਆਤਮ ਅੰਦਰ ਲੈਣਾ ਫੋਲ, ਸਾਚਾ ਲਾਲ ਕਿਉਂ ਰੋਲ ਵਰੋਲਿਆ । ਸ਼ਬਦ ਨਗਾਰਾ ਵੱਜੇ ਢੋਲ, ਹਰਿ ਜੀ ਵਸੇ ਸਦਾ ਕੋਲਿਆ । ਜੋਤੀ ਜੋਤ ਸਰੂਪ ਹਰਿ, ਗੁਰਮੁਖਾਂ ਦਿਸੇ ਇਕ ਘਰ, ਨਾ ਕੋਈ ਰੱਖੇ ਪੜਦਾ ਉਹਲਿਆ । ਇਕ ਦਵਾਰਾ ਹਰਿ ਨਿਰੰਕਾਰਾ ਵਸਤ ਅਪਾਰਿਆ । ਹਰਿਜਨ ਮੰਗੇ ਬਣ ਭਿਖਾਰਾ, ਦੇਵੇ ਵਰ ਸੱਚੀ ਸਰਕਾਰਿਆ । ਆਤਮ ਜੋਤ ਕਰ ਉਜਿਆਰਾ, ਸਦ ਬਖ਼ਸ਼ੇ ਸਾਚੀ ਧਾਰਿਆ । ਆਪ ਵਖਾਏ ਪਾਰ ਕਿਨਾਰਾ, ਦਰਗਾਹ ਸਾਚੀ ਸਚ ਮਹੱਲ ਮੁਨਾਰਿਆ । ਜੋਤ ਨਿਰੰਜਣ ਖੇਲ ਅਪਾਰਾ, ਆਪੇ ਬਣੇ ਸਰਬ ਸਹਾਰਾ, ਨਾ ਕੋਈ ਜਾਣੇ ਜੰਤ ਗਵਾਰਾ, ਮਿਲਿਆ ਮੇਲ ਕੰਤ ਭਤਾਰਾ, ਕਲਜੁਗ ਤੇਰੀ ਅੰਤਮ ਵਾਰਾ, ਹਰਿ ਸਾਚਾ ਮੀਤ ਮੁਰਾਰਿਆ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਕਲਜੁਗ ਅੰਤਮ ਭੇਖ ਧਰ, ਸਚ ਨਿਸ਼ਾਨ ਇਕ ਵਖਾ ਰਿਹਾ । ਸਚ ਨਿਸ਼ਾਨਾ ਜਾਏ ਝੁੱਲ, ਹਰਿ ਸਾਚਾ ਆਪ ਝੁਲਾਇੰਦਾ । ਕਲਜੁਗ ਤੇਰਾ ਪੈਣਾ ਮੁੱਲ, ਵੇਖ ਵਖਾਣੇ ਸਾਰੀ ਕੁਲ, ਸਾਚਾ ਲੇਖਾ ਆਪ ਲਿਖਾਇੰਦਾ । ਬੇਮੁਖਾਂ ਅੰਮ੍ਰਿਤ ਆਤਮ ਗਿਆ ਡੁੱਲ, ਕਿਸੇ ਹੱਥ ਨਾ ਆਏ ਪਾਣੀ ਚੁਲ, ਦਰ ਦਵਾਰੇ ਆਪ ਫਿਰਾਇੰਦਾ । ਜਗਤ ਅੰਧੇਰ ਜਾਣਾ ਝੁੱਲ, ਜੂਠੇ ਝੂਠੇ ਜਾਣੇ ਰੁਲ, ਇਕ ਉਖੇੜਾ ਹਰਿ ਲਗਾਇੰਦਾ । ਗੁਰਮੁਖ ਵਿਰਲੇ ਸੰਤ ਸੁਹੇਲੇ ਸਾਚੇ

ਤੋਲ ਜਾਣਾ ਤੁਲ, ਸੋਹੰ ਕੰਡਾ ਹਰਿ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਲੋਕਮਾਤ ਹਰਿ ਜੋਤ ਧਰ, ਗੁਰਮੁਖ ਸਾਚੇ ਸੰਤ ਜਨਾਂ ਬੇੜਾ ਪਾਰ ਕਰਾਇੰਦਾ । ਆਦਿ ਨਮੋ ਆਦਿ ਨਮੋ ਆਦਿ ਨਮੋ ਜਗਤ ਗੁਰਦੇਵ ਸਵਾਮੀ ਆਦਿ ਨਮੋ । ਪਾਰਬ੍ਰਹਮ ਸਰਬ ਤਨੋ । ਗਿਆਨਵਾਨ ਗੁਣਵੰਤ ਸੋਭਾ ਤਨ ਸ਼ਿੰਗਾਰ ਕਨੋ । ਭਰਿਆ ਮਾਤ ਨਾਮ ਭੰਡਾਰ, ਵਣਜ ਕਰਾਏ ਹਰਿਜਨੋ । ਵੇਸ ਅਨੇਕ ਹਰਿ ਦਾਤਾਰ, ਬੇੜਾ ਆਪਣਾ ਆਪ ਬੰਨ੍ਹੋ । ਰੈਣ ਸਬਾਈ ਮੰਗਲਾਚਾਰ, ਲੱਗਾ ਭਾਗ ਕਾਇਆ ਤਨ ਤਨੋ । ਸਚ ਦਵਾਰਾ ਚਰਨ ਭਿਖਾਰ, ਸਾਚਾ ਨਾਤਾ ਪੁਰਖ ਬਿਧਾਤਾ, ਧਰਮ ਰਾਏ ਦਾ ਤੋੜ ਡੰਨੋ । ਨਰ ਹਰਿ ਸਾਚਾ ਸਚ ਪਛਾਤਾ, ਉਤਮ ਵੇਖੀ ਜ਼ਾਤਾ ਪਾਤਾ, ਹਰਿ ਦਵਾਰੇ ਦੋਏ ਪਾਲ ਚੋਬਦਾਰ ਸਚ ਗਨੋ । ਆਦਿ ਨਮੋ ਅਨਭੇਵ ਦੇਵ ਸਵਾਮੀਆ । ਕਥਨੀ ਕਥ ਨਾ ਰਸਨਾ ਸੇਵਿਆ । ਹਰਿਜਨ ਪੂਰਨ ਘਾਲ ਸਾਚੀ ਘਾਲੀ, ਦਰਗਾਹ ਸਾਚੀ ਮਿਲੇ ਧਾਮ ਬਿਸਰਾਮਿਆ । ਅੰਮ੍ਰਿਤ ਆਤਮ ਸਾਚਾ ਮੇਵ, ਫਲ ਖਵਾਏ ਆਪ ਬਦਾਮਿਆ । ਜੋਤੀ ਜੋਤ ਸਰੂਪ ਹਰਿ, ਸ਼ਬਦ ਉਜਿਆਰਾ ਆਪ ਕਰ, ਪਵਣ ਹੁਲਾਰਾ ਸਰਬ ਪਛਾਨਿਆ । ਆਦਿ ਸ਼ਬਦ ਸੁਨੇਹੜਾ ਦੇਵੇ ਸਾਧਨ ਸੰਤਿਆ । ਆਪੇ ਨਰ ਸੱਚਾ ਨਰੇਸ਼, ਕੰਤ ਕੰਤੂਲਾ ਸਾਚਾ ਕੰਤਿਆ । ਜੋਤੀ ਜੋਤ ਸਰੂਪ ਹਰਿ, ਗੁਰਮੁਖ ਸਾਚੇ ਸੰਤ ਜਨਾਂ ਸਾਚਾ ਰੰਗਣ ਰੰਗ ਰੰਗਾਏ, ਮਾਤ ਵਖਾਏ ਏਕਾ ਬਸੰਤਿਆ । ਸਾਚਾ ਰੰਗ ਬਸੰਤ, ਹਰਿ ਇਕ ਚੜ੍ਹਾਈਆ । ਕਲਜੁਗ ਭੁੱਲੇ ਮਾਇਆ ਰੁਲੇ ਜੀਵ ਜੰਤ, ਨੌਂ ਦਵਾਰੇ ਹੋਏ ਹਲਕਾਈਆ । ਗੁਰ ਦਰ ਮੰਦਰ ਸਚ ਅਪਾਰਾ, ਏਕਾ ਵਸਿਆ ਹਰਿ ਨਿਰੰਕਾਰਾ, ਬੇਮੁਖਾਂ ਪੜਦਾ ਦਏ ਖੁਲ੍ਹਾਈਆ । ਦਸਵੇਂ ਘਰ ਜੋਤ ਉਜਿਆਰਾ, ਨੌਂ ਦਵਾਰੇ ਖੋਲ੍ਹੇ ਬਾਰਾ, ਪਹਿਲਾ ਤੱਤ ਆਪ ਵਿਚਾਰਾ । ਦੂਜੀ ਮਤ ਸਰਬ ਸੁਖ ਨਾਰਾ । ਤੀਜੇ ਰਤ ਅਗਨੀ ਧਾਰਾ । ਚੌਥੇ ਵਤ ਪੁਰਖ ਅਪਾਰਾ । ਪੰਜਵੇ ਸਤਿ ਪੁਰਖ ਨਿਰੰਜਣ, ਵੇਖੇ ਵਿਗਸੇ ਕਰ ਵਿਚਾਰਾ । ਜੋਤੀ ਜੋਤ ਸਰੂਪ ਹਰਿ, ਭਗਤ ਜਨਾਂ ਦੱਸੇ ਵਸੇ ਘਰ, ਬੇਮੁਖਾਂ ਕਰੇ ਬੰਦ ਕਿਵਾੜਾ । ਆਦਿ ਗੁਰ ਆਦਿ ਗੁਰ ਆਦਿ ਗੁਰ ਗੁਰ ਮੰਤਰ ਗੁਰ ਨਾਉਂ । ਮੇਲ ਮਿਲਾਏ ਪਾਰਬ੍ਰਹਮ ਸਚ ਥਾਉਂ । ਲਿਖਿਆ ਲੇਖ ਹਰਿਜਨ ਧੁਰ, ਚਰਨ ਪ੍ਰੀਤੀ ਜਾਏ ਜੁੜ, ਬੇੜਾ ਪਾਰ ਕਰਾਏ ਫੜ ਫੜ ਬਾਂਹੋਂ । ਆਪ ਚੜ੍ਹਾਏ ਸ਼ਬਦ ਘੋੜਾ ਪੁਰਖ ਅਬਿਨਾਸ਼ੀ ਆਤਮ ਰਥ, ਜੋਤੀ ਜੋਤ ਸਰੂਪ ਹਰਿ, ਸਰਬ ਗਤਾਂ ਗਤ ਆਪੇ ਜਾਣੇ ਵਡ ਦਾਤਾ ਬੇਪਰਵਾਹੋ । ਸ਼ਬਦ ਮੌਲਾਨਾ ਮੌਲਾਣਿਆ । ਸ਼ਬਦ ਸਿੰਘਾਸਣ ਸਾਚਾ ਥਾਉਂ, ਲੋਕਮਾਤ ਆਪ ਪਛਾਨਿਆ । ਗੁਰਮੁਖ ਸਾਚਾ ਸੰਤ ਦੁਲਾਰਾ ਆਪ ਬਿਠਾਏ ਵਿਚ ਗੁੜਗਾਉਂ, ਦੇਵੇ ਸ਼ਬਦ ਨਾਮ ਨਿਸ਼ਾਨਿਆ । ਕਰਨ ਆਇਆ ਠੰਡੀ ਛਾਂਓ, ਏਕਾ ਏਕ ਹਰਿ ਭਗਵਾਨਿਆ । ਗੁਰ ਗੋਬਿੰਦਾ ਤੇਰਾ ਨਾਉਂ, ਪਰਗਟ ਹੋਏ ਵਿਚ ਜਹਾਨਿਆ । ਚਾਲੀ ਮੁਕਤੇ ਆਪ ਉਪਾਏ, ਜਗਤ ਸਾਚਾ ਹਰਿ ਕਰੇ ਪਛਾਨਿਆ । ਨਿਹਕਲੰਕ ਨਰਾਇਣ ਨਰ, ਆਪਣੇ ਭਾਣੇ ਸਦ ਸਮਾਨਿਆ । ਗੁਰ ਗੋਬਿੰਦ ਗੁਰ ਲੇਖ ਲਿਖਾਇਆ । ਲਿਖਿਆ ਲੇਖ ਸਰਬ ਮਿਟਾਇਆ । ਸਰਸਾ ਤੇਰੀ ਕੀਆ ਭੇਟ, ਕਲਜੁਗ ਜੀਆਂ ਹੱਥ ਨਾ ਆਇਆ । ਨਿਹਕਲੰਕ ਖੇਵਟ ਖੇਟ, ਆਪੇ ਬੇੜਾ ਲਏ ਤਰਾਇਆ । ਕਲਜੁਗ ਕਹਿਰ ਵਰਤੇ ਉਪਰ ਧਰਤੇ, ਸਵਾ ਪਹਿਰ ਮਹੀਨਾ ਜੇਠ ਲਿਖਾਇਆ । ਜੋਤੀ ਜੋਤ ਸਰੂਪ ਹਰਿ, ਸਾਚਾ ਲਿਖਿਆ ਲਿਖਤ ਭਵਿਖਤਾਂ ਆਪੇ ਰਿਹਾ ਵਖਾਇਆ । ਲਿਖਿਆ ਲੇਖ ਲੇਖ ਕੁਰਾਨ, ਸਿੰਘ ਸਾਵਣ ਕੀਤੀ ਆਪ ਪਛਾਣ, ਸਚ ਮਹੱਲੇ ਇਕ ਟਿਕਾਇਆ । ਕਰ ਧਿਆਨ ਵੇਲੇ ਅੰਤ ਨਿਹਕਲੰਕ ਜਾਮਾ ਪਾਇਆ । ਹਾਕਨ ਡਾਕਨ ਸਿਰ ਮੁੰਡਵਾਇਆ । ਵੇਖ ਵਖਾਣੇ

ਮਾਰ ਧਿਆਨ, ਚੌਥੀ ਕੂਟੇ ਆਪ ਦਬਾਇਆ । ਸੋਹੰ ਅੱਖਰ ਵਿਚ ਲਿਖਾਇਆ । ਸਿੰਘ ਜੈਮਲ ਜੋ ਆਪ ਸਮਝਾਇਆ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਸਾਲ ਸਤਾਰਵੇਂ ਦਇਆ ਕਮਾਏ, ਆਪਣੀ ਹੱਥੀਂ ਦਏ ਕਢਾਇਆ । ਸਾਲ ਸਤਾਰਵੇਂ ਲੇਖ ਸਤਾਰਾ । ਕੋਟਨ ਵਿਚੋਂ ਇਕ ਹਜਾਰਾ । ਇਕ ਹਜਾਰਾ ਹਰਿ ਦਵਾਰਾ । ਵੇਖ ਵਖਾਣੇ ਬਿਆਸ ਕਿਨਾਰਾ । ਸਾਚਾ ਝੰਡਾ ਆਪ ਉਠਾਏ, ਸੋਹੰ ਡੰਡਾ ਨਾਲ ਲਗਾਏ, ਵਰਭੰਡੀ ਵਰਭੰਡ ਸਮਾਏ, ਨਿਹਕਲੰਕ ਨਰਾਇਣ ਨਰ, ਲੋਕਮਾਤ ਹਰਿ ਜੋਤ ਧਰ, ਆਪਣੀ ਰਚਨਾ ਰਿਹਾ ਚਲਾਏ । ਗੁਰ ਗੋਬਿੰਦ ਲੇਖ ਲਿਖਾਇਆ । ਦਿਨ ਘੜੀ ਇਹ ਸਮਝਾਇਆ । ਭਾਣਾ ਮੰਨਣਾ ਸਿਰ ਤੇ ਆਇਆ । ਪੁਰਖ ਅਬਿਨਾਸ਼ੀ ਘਟ ਘਟ ਵਾਸੀ, ਆਤਮ ਅੰਦਰ ਡੇਰਾ ਲਾਇਆ । ਪੁਰੀ ਅਨੰਦ ਹੋਏ ਉਦਾਸੀ, ਨਗਰ ਖੇੜਾ ਭੇਵ ਨਾ ਪਾਇਆ । ਪਰਗਟ ਹੋਏ ਘਨਕਪੁਰ ਵਾਸੀ, ਸੰਬਲ ਦੇਸ ਆਪ ਸੁਹਾਇਆ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਆਪਣਾ ਲੇਖਾ ਆਪੇ ਆਪ ਲਿਖਾਇਆ, ਸਾਚਾ ਲੇਖ ਲਿਖਈਆ । ਸੰਗਤ ਬਤਾਈ ਨੰਦ ਜੀ, ਪੁੱਛੇ ਰੀਤ । ਕਵਣ ਗੁਰੂ ਹੈ ਗੁਰ ਗੋਬਿੰਦੇ, ਕਵਣ ਬਣਾਇਆ ਸਾਚਾ ਮੀਤ । ਕਵਣ ਪਰਗਟ ਹੋਏ ਵਿਚ ਸਾਚੀ ਹਿੰਦੇ, ਕਵਣ ਸੁਣਾਏ ਸਾਚਾ ਗੀਤ । ਕਵਣ ਕਾਇਆ ਕਵਣ ਸੇਜ, ਕਵਣ ਕਾਅਬਾ ਆਸਣ ਲਾਇਆ, ਕਵਣ ਅਲ੍ਹਾ ਹੱਕ ਜਨਾਬਾ, ਕਵਣ ਵਜਾਏ ਤਨ ਰਬਾਬਾ, ਕਵਣ ਪਰਖੇ ਸਾਚੀ ਨੀਤ । ਜੋਤੀ ਜੋਤ ਸਰੂਪ ਹਰਿ, ਕਵਣ ਜੋਤ ਹੋਏ ਮਹਿਤਾਬਾ, ਕਾਇਆ ਕਰੇ ਠੰਡੀ ਸੀਤ । ਨੰਦ ਚੰਦ ਚੰਦ ਸੁਤ ਦੁਲਾਰੇ । ਗੁਰ ਗੋਬਿੰਦਾ ਬਚਨ ਉਚਾਰੇ । ਜੋਤੀ ਜਾਮਾ ਭੇਖ ਨਿਆਰੇ । ਛੱਡਣਾ ਦੇਸ ਕਾਇਆ ਪਿੰਡ, ਪਰਗਟ ਹੋਣਾ ਵਿਚ ਘਵਿੰਡ, ਝੰਡਾ ਝੁੱਲੇ ਵਿਚ ਸੰਸਾਰੇ । ਗੁਰਮੁਖਾਂ ਭਾਗ ਲਗਾਏ, ਜੋਤੀ ਨੂਰ ਕਰ ਅਕਾਰੇ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਸਰਸਾ ਤੇਰੀ ਭੇਟ ਕਰਾਏ, ਆਪ ਚਲਿਆ ਪਾਰ ਕਿਨਾਰੇ । ਸਰਸਾ ਤੇਰੀ ਭੇਟ ਚੜ੍ਹਾਈ । ਗੁਰ ਗੋਬਿੰਦੇ ਲਿਖਤ ਕਰਾਈ । ਨਿਹਕਲੰਕ ਲਏ ਪਰਗਟਾਈ । ਸਾਚਾ ਸ਼ਬਦ ਜੋਤੀ ਲਏ ਲਿਖਾਈ । ਬੀਸ ਇਕੀਸਾ ਭੇਵ ਖੁਲ੍ਹਾਈ । ਲਿਖਿਆ ਲੇਖ ਲਏ ਵਖਾਈ । ਨਿਹਕਲੰਕ ਨਰਾਇਣ ਨਰ, ਸੰਬਲ ਦੇਸ ਵੇਸ ਕਰ, ਚਾਰੇ ਕੁੰਟਾਂ ਰਿਹਾ ਸੁਣਾਈ । ਸੰਬਲ ਦੇਸ ਸਾਚਾ ਰਾਜ । ਸਾਚੀ ਪੁਰੀ ਸਾਚਾ ਤਾਜ । ਸੋਹੰ ਸ਼ਬਦ ਮਾਰੇ ਅਵਾਜ਼ । ਕਲਜੁਗ ਅੰਤਮ ਰਚਿਆ ਕਾਜ । ਸਾਚਾ ਸਾਜਨ ਰਿਹਾ ਸਾਜ । ਚਾਰੋਂ ਕੁੰਟ ਕਰਾਏ ਭਾਜ । ਜਨ ਭਗਤਾਂ ਰੱਖਣ ਆਇਆ ਲਾਜ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਦੋ ਜਹਾਨਾਂ ਸਾਚਾ ਵਾਲੀ ਏਕਾ ਆਪਣੀ ਰੱਖੇ ਸਾਂਝ । ਗੁਰ ਗੋਬਿੰਦ ਖ਼ੁਸ਼ੀ ਮਨਾਈ । ਏਕਾ ਚੋਲਾ ਰੰਗ ਬਸੰਤੀ, ਵੇਲੇ ਅੰਤਮ ਤਨ ਛੁਹਾਈ । ਪਰਗਟ ਹੋਏ ਜੋਤ ਭਗਵੰਤੀ, ਭੇਸਾ ਵੇਸਾ ਦਏ ਖੁਲ੍ਹਾਈ । ਆਪੇ ਕਾਹਨਾ ਆਪੇ ਕੰਤੀ, ਜਗਤ ਬਣਾਏ ਸਗਲ ਬਣਤੀ, ਜੋਗੀ ਜੁਗਤਾ ਸਾਚੀ ਭੁਗਤਾ ਆਪਣੀ ਆਪੇ ਆਪ ਬਣਾਈ । ਨਿਹਕਲੰਕ ਨਰਾਇਣ ਨਰ, ਸੰਬਲ ਦੇਸ ਵੇਸ ਕਰ, ਨਿਰਮਲ ਜੋਤੀ ਰਿਹਾ ਜਗਾਈ । ਸੰਬਲ ਦੇਸ ਸਾਜਨ ਸਾਜਿਆ । ਗੌੜ ਬ੍ਰਹਿਮਣ ਮਾਰੇ ਅਵਾਜ਼, ਪੁਰਖ ਅਬਿਨਾਸ਼ੀ ਗਰੀਬ ਨਿਵਾਜਿਆ । ਦਰ ਘਰ ਸਾਚੇ ਆਉਣਾ ਭਾਜ, ਸਿਰ ਰਖੌਣਾ ਸਾਚਾ ਤਾਜਿਆ । ਜਨ ਭਗਤਾਂ ਰੱਖਣੀ ਮਾਤ ਲਾਜ, ਆਪ ਸਵਾਰੇ ਆਪਣਾ ਕਾਜਿਆ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਪਰਗਟ ਹੋਏ ਦੇਸ ਮਾਝਿਆ । ਸੰਬਲ ਦੇਸ ਸਚ ਸਮਾਇਆ । ਕਾਇਆ ਕੱਚ ਕਿਸੇ ਦਿਸ ਨਾ ਆਇਆ । ਜੋਤ ਨਿਰੰਜਣ ਰਹੀ ਮੱਚ, ਲੋਕਮਾਤ ਹਰਿ

ਖੇਲ ਰਚਾਇਆ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਸ਼ਬਦ ਸਿੰਘਾਸਣ ਜੋਤ ਸਰੂਪੀ ਡੇਰਾ ਲਾਇਆ । ਸੰਬਲ ਦੇਸ ਸਾਚਾ ਡੇਰਾ । ਗੁਰਮੁਖਾਂ ਤਨ ਪਾਏ ਘੇਰਾ । ਕਦੇ ਨਾ ਹੋਏ ਅੰਧੇਰੀ ਰੈਣ, ਅੱਠੇ ਪਹਿਰ ਸੰਞ ਸਵੇਰਾ । ਲਾੜੀ ਮੌਤ ਨਾ ਖਾਏ ਡੈਣ, ਪੁਰਖ ਅਬਿਨਾਸ਼ੀ ਪਾਇਆ ਫੇਰਾ । ਪੁਰਖ ਅਬਿਨਾਸ਼ੀ ਰਸਨਾ ਕਿਸੇ ਨਾ ਸਕੇ ਕਹਿਣ, ਬੇਮੁਖਾਂ ਭੁਲਾਇਆ ਕਰ ਕਰ ਹੇਰਾ ਫੇਰਾ । ਲੱਖ ਚੁਰਾਸੀ ਡੁੱਬੀ ਵਹਿਣ, ਕਲਜੁਗ ਮਾਇਆ ਪਾਇਆ ਘੇਰਾ । ਜਨ ਭਗਤਾਂ ਚੁਕਾਏ ਲੈਣ ਦੇਣ, ਆਪੇ ਤਾਰੇ ਕਰ ਕਰ ਮਿਹਰਾ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਸੰਬਲ ਦੇਸ ਵੇਸ ਕਰ, ਜਗਤ ਭੁਲਾਏ ਕਰ ਕਰ ਹੇਰਾ ਫੇਰਾ । ਸੰਬਲ ਦੇਸ ਸੰਬਲ ਦਰ । ਸੰਬਲ ਦਰ ਨਰ ਨਰੇਸ਼ । ਨਰ ਹਰਿ ਨਰਾਇਣ ਅਵੱਲੜਾ ਭੇਸ । ਅਵੱਲੜਾ ਦੇਸ ਅਵੱਲੜਾ ਭੇਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਗੁਰ ਗੁਰ ਦਸਮੇਸ । ਸੰਬਲ ਦੇਸ ਸਾਫ ਮੈਦਾਨਿਆ । ਜੂਠਾ ਝੂਠਾ ਨਾ ਕੋਈ ਦਿਸੇ ਰੁਖ, ਮਾਇਆ ਲੂਠਾ ਬਾਲਕ ਨਾਹੀ ਕੁੱਖ, ਏਕਾ ਜੋਤ ਸ੍ਰੀ ਭਗਵਾਨਿਆ । ਦਿਸ ਨਾ ਆਏ ਉਜਲ ਮੁਖ, ਨਾ ਕੋਈ ਜਾਣੇ ਪੰਚ ਸ਼ੈਤਾਨਿਆ । ਗੁਰਮੁਖ ਸਾਚੇ ਸੁਖਣਾ ਰਹੇ ਸੁਖ, ਕਲਜੁਗ ਵਸੂਰਾ ਉਤਰੇ ਦੁੱਖ, ਪਰਗਟ ਹੋਏ ਵਾਲੀ ਦੋ ਜਹਾਨਿਆ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਸਾਚਾ ਦੇਸ ਆਪ ਪਛਾਨਿਆ । ਸੰਬਲ ਦੇਸ ਸਾਢੇ ਤਿੰਨ ਹੱਥ, ਜੋਤ ਨਿਰੰਜਣ ਆਪ ਜਗਾਈਆ । ਜਗਤ ਚਲਾਇਆ ਸਾਚਾ ਰਥ, ਸ਼ਬਦ ਘੋੜਾ ਰਿਹਾ ਜੁਆਈਆ । ਹੱਥ ਆਪਣੇ ਰੱਖੇ ਨੱਥ, ਲੋਆਂ ਪੁਰੀਆਂ ਰਿਹਾ ਦੌੜਾਈਆ । ਪਤਾਲ ਅਕਾਸ਼ ਚੜ੍ਹਨਾ ਨੱਠ, ਜੀਵਾਂ ਜੰਤਾਂ ਦਿਸ ਨਾ ਆਈਆ । ਆਪਣੀ ਲਖਣੀ ਰਿਹਾ ਲੱਖ, ਜੋਤੀ ਜੋਤ ਸਰੂਪ ਹਰਿ, ਸਰਬ ਕਲਾ ਆਪੇ ਸਮਰਥ, ਸੰਬਲ ਦੇਸ ਚਾਰ ਦਵਾਰੇ ਸਾਢੇ ਤਿੰਨ ਹੱਥ ਸੀਆਂ ਆਪ ਦਿਖਾਈਆ । ਸੰਬਲ ਦੇਸ ਸਾਢੇ ਤਿੰਨ ਹੱਥ ਸੀਆਂ, ਆਪ ਰਖਾਈ ਹਰਿ ਜੀ ਨੀਹਾਂ, ਨਾ ਕੋਈ ਜਾਣੇ ਜੰਤ ਗਵਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਗੌੜ ਬ੍ਰਹਿਮਣ ਕਰ ਪਿਆਰ । ਗੌੜ ਬ੍ਰਹਿਮਣ ਹਰਿ ਮਿਲਾਇਆ । ਕਾਇਆ ਮੰਦਰ ਵਿਚ ਸਮਾਇਆ । ਸ਼ਬਦ ਸਿੰਘਾਸਣ ਡੇਰਾ ਲਾਇਆ । ਫੜ ਕੇ ਬਾਂਹੋਂ ਆਪ ਸਵਾਇਆ । ਸੁਰਤੀ ਸ਼ਬਦੀ ਸ਼ਬਦੀ ਸੁਰਤੀ ਏਕਾ ਮੇਲਾ ਆਪ ਮਿਲਾਇਆ । ਗਿਆਨ ਬੋਧ ਬੋਧ ਅਗਾਧਾ, ਪੁਰਖ ਅਬਿਨਾਸ਼ੀ ਸਾਚਾ ਨਾਦਾ, ਏਕਾ ਸ਼ਬਦ ਹੱਥ ਫੜਾਇਆ । ਭੇਵ ਖੁਲ੍ਹਾਏ ਹਰਿ ਬ੍ਰਹਿਮਾਦਾ, ਏਕਾ ਦੇਵੇ ਸਾਚੀ ਦਾਦਾ, ਸਾਚਾ ਭੇਵ ਰਿਹਾ ਖੁਲ੍ਹਾਇਆ । ਆਪੇ ਪਿਤਾ ਆਪੇ ਦਾਦਾ, ਮਾਤ ਪਿਤ ਨਾ ਕੋਈ ਅਖਵਾਇਆ । ਨਿਹਕਲੰਕ ਨਰਾਇਣ ਨਰ, ਜੋਤੀ ਜਾਮਾ ਭੇਖ ਧਰ, ਸੰਬਲ ਦੇਸ ਵੇਸ ਕਰ, ਗੌੜ ਬ੍ਰਹਿਮਣ ਇਹ ਸਮਝਾਇਆ । ਗੌੜ ਬ੍ਰਾਹਮਣ ਬ੍ਰਹਮ ਪਛਾਨ । ਪਾਰਬ੍ਰਹਮ ਕਰ ਵੇਖ ਧਿਆਨ । ਸਾਚਾ ਧਰਮ ਧਰਮ ਨਿਸ਼ਾਨ । ਦੂਈ ਦਵੈਤੀ ਮਿਟੇ ਭਰਮ, ਇਕ ਉਠਾਉਣੀ ਤੀਰ ਕਮਾਨ । ਕਲਜੁਗ ਜੀਵਾਂ ਵੇਖੇ ਕਰਮ, ਥਾਉਂ ਥਾਈਂ ਬੇਈਮਾਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਜੋਤੀ ਜਾਮਾ ਭੇਖ ਧਰ, ਪਰਗਟ ਹੋਏ ਸ੍ਰੀ ਭਗਵਾਨ । ਬ੍ਰਾਹਮਣ ਗੌੜਾ ਸ਼ਬਦ ਕਟਾਰ । ਸਾਢੇ ਤਿੰਨ ਹੱਥ ਲੰਬਾ ਚੌੜਾ, ਕਲਜੁਗ ਤੇਰੀ ਅੰਤਮ ਵਾਰ ਉਚ ਮੁਨਾਰ ਲੋਆਂ ਪੁਰੀਆਂ ਪਾਵੇ ਸਾਰ । ਚਾਰੋਂ ਕੁੰਟ ਰਿਹਾ ਦੌੜਾ, ਅੰਦਰ ਗੁਪਤ ਜਾਹਰ । ਆਪੇ ਵੇਖੇ ਮਿੱਠਾ ਕੌੜਾ, ਕਰੇ ਕਰਾਏ ਖ਼ਬਰਦਾਰ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਸ਼ਬਦ ਖੰਡਾ ਕਰ ਤਿਆਰ । ਸ਼ਬਦ ਖੰਡਾ ਕਰ ਤਿਆਰ, ਹਰਿ ਸਾਚੀ ਬਣਤ ਬਣਾਇੰਦਾ ।

ਚਾਰੋਂ ਕੁੰਟਾਂ ਵੇਖ ਵਖਾਣ, ਦਿਸ ਕਿਸੇ ਨਾ ਆਇੰਦਾ । ਸਾਚੇ ਘਰ ਸੱਚੀ ਸਰਕਾਰ, ਆਪਣਾ ਲੇਖਾ ਆਪ ਗਿਣਾਇੰਦਾ । ਕਲਜੁਗ ਵੇਖੇ ਠੱਗ ਚੋਰ ਯਾਰ, ਤਿਖੀ ਧਾਰ ਆਪ ਵਹਾਇੰਦਾ । ਨਿਹਕਲੰਕ ਨਰਾਇਣ ਨਰ ਅਵਤਾਰ, ਪਾਰ ਕਿਨਾਰਾ ਪਹਿਲੀ ਵਾਰਾ ਏਕਾ ਏਕ ਵਖਾਇੰਦਾ । ਕਲਜੁਗ ਤੇਰਾ ਪਾਰ ਕਿਨਾਰਾ । ਹਰਿ ਜੀ ਸਾਚੇ ਆਪ ਵਿਚਾਰਾ । ਸੰਬਲ ਦੇਸ ਕਰ ਉਤਾਰਾ । ਸਾਚੀ ਨਗਰੀ ਵਿਚ ਮਰਦੰਗ ਢੋਲ ਏਕਾ ਸਚ ਨਗਾਰਾ । ਨਿਹਕਲੰਕ ਨਰਾਇਣ ਨਰ, ਜੋਤੀ ਜਾਮਾ ਭੇਖ ਧਰ, ਨੌਂ ਖੰਡ ਪ੍ਰਿਥਮੀ ਪਾਵੇ ਸਾਰਾ । ਸੰਬਲ ਦੇਸ ਉਚ ਮੁਨਾਰਾ । ਪ੍ਰਭ ਅਬਿਨਾਸ਼ੀ ਜਾਮਾ ਪਾਇਆ, ਕੀਆ ਖੇਲ ਅਪਰ ਅਪਾਰਾ । ਆਪ ਆਪਣਾ ਵਿਚ ਟਿਕਾਇਆ, ਲੋਆਂ ਪੁਰੀਆਂ ਵਸੇ ਬਾਹਰਾ । ਨੌਂ ਦਰਵਾਜੇ ਬੰਦ ਰਖਾਇਆ, ਦਸਵੇਂ ਭੇਦ ਅਪਰ ਅਪਾਰਾ । ਬੇਮੁਖ ਜੀਵਾਂ ਜੂਠਿਆਂ ਝੂਠਿਆਂ, ਮਾਇਆ ਰਾਣੀ ਝੂਠੇ ਧੰਦੇ ਲਾਇਆ । ਨਿਹਕਲੰਕ ਨਰਾਇਣ ਨਰ, ਲੋਕਮਾਤ ਹਰਿ ਜੋਤ ਧਰ, ਸੰਬਲ ਦੇਸ ਵੇਸ ਕਰ, ਗੌੜ ਬ੍ਰਹਿਮਣ ਏਕਾ ਨਾਮ ਜੋੜ ਜੁੜਾਇਆ । ਗੌੜ ਬ੍ਰਾਹਮਣ ਜੁੜਿਆ ਜੋੜਾ । ਪੁਰਖ ਅਬਿਨਾਸ਼ੀ ਇਕ ਲਿਆਇਆ ਸ਼ਬਦ ਘੋੜਾ । ਫੜ ਫੜ ਬਾਹੋਂ ਰਿਹਾ ਚੜ੍ਹਾਇਆ, ਜਗਤ ਮਲਾਹੀ ਆਪੇ ਦਰ ਦਵਾਰ ਬੌਹੜਾ । ਨਿਹਕਲੰਕ ਨਰਾਇਣ ਨਰ, ਆਪੇ ਪਰਖੇ ਮਿਠਾ ਕੌੜਾ । ਸੰਬਲ ਦੇਸ ਸੁਰਤ ਸੰਭਾਲੀਆ । ਪੁਰਖ ਅਬਿਨਾਸ਼ੀ ਦਇਆ ਕਮਾਏ, ਆਪ ਜਗਾਏ ਜੋਤ ਅਕਾਲੀਆ । ਗੁਰਮੁਖ ਸਾਚੇ ਸੰਤ ਜਨਾਂ ਦੇ ਮਤ ਸਮਝਾਏ, ਕਲਜੁਗ ਰੈਣ ਘਟਾ ਕਾਲੀਆ । ਫੜ ਫੜ ਬਾਹੋਂ ਮਾਰਗ ਪਾਏ, ਧਰੂ ਬਾਲਕ ਅਨਾਥ ਸਮਝਾਏ, ਚਲਦਾ ਰਹੇ ਅਵੱਲੜੀ ਚਾਲੀਆ । ਪਰਗਟ ਹੋਏ ਦਰਸ ਦਿਖਾਏ, ਮਨ ਅੰਤਰ ਮੰਤਰ ਸ਼ਬਦ ਜਣਾਏ, ਹਰਿ ਦੱਸੇ ਰਾਹ ਸੁਖਾਲੀਆ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਫਲ ਲਗਾਏ ਕਾਇਆ ਸਾਚੀ ਡਾਲੀਆ । ਲੱਗਾ ਫਲ ਕਾਇਆ ਡਾਲ੍ਹ । ਪੁਰਖ ਅਬਿਨਾਸ਼ੀ ਜਗਤ ਦਲਾਲ । ਘਨਕਪੁਰ ਵਾਸੀ ਜੋਤ ਵਿਸਾਲ । ਗੁਰਮੁਖ ਸਾਚੇ ਲੱਭੇ ਲਾਲ । ਜੋਤ ਨਿਰੰਜਣ ਮਾਤ ਪਰਕਾਸ਼ੀ, ਰੱਖੇ ਦੀਪਕ ਸਾਚੇ ਥਾਲ । ਨਿਹਕਲੰਕ ਨਰਾਇਣ ਨਰ, ਲੋਕਮਾਤ ਹਰਿ ਜੋਤ ਧਰ, ਲੱਖ ਚੁਰਾਸੀ ਵੇਖ ਵਖਾਣੇ ਆਪੇ ਚਲੇ ਨਾਲ ਨਾਲ । ਲੱਖ ਚੁਰਾਸੀ ਹਰਿ ਸਮਾਇਆ । ਕਲਜੁਗ ਜੀਵਾਂ ਦਿਸ ਨਾ ਆਇਆ । ਸ਼ਬਦ ਸਰੂਪੀ ਡੰਕ ਵਜਾਇਆ । ਆਪ ਉਠਾਏ ਰਾਓ ਰੰਕ, ਸ਼ਬਦ ਸੁਨੇਹੜਾ ਆਪ ਪੁਜਾਇਆ । ਪਰਗਟ ਹੋਏ ਵਾਸੀ ਪੁਰੀ ਘਨਕ, ਪੜਦਾ ਉਹਲਾ ਰਹੇ ਨਾ ਰਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਾਲੀ ਹਿੰਦ ਦੇ ਮਤ ਰਿਹਾ ਸਮਝਾਇਆ । ਵਾਲੀ ਹਿੰਦ ਕਰ ਧਿਆਨ । ਸ਼ਬਦ ਝੰਡਾ ਵਿਚ ਮੈਦਾਨ । ਨੌਂ ਖੰਡਾਂ ਕਰੇ ਆਪ ਪਛਾਨ । ਰਾਜ ਰਾਜਾਨਾਂ ਵੱਢੇ ਕੰਡਾਂ, ਹਰਿ ਹਰਿ ਵਾਲੀ ਦੋ ਜਹਾਨ । ਕਰੇ ਖੇਲ ਵਿਚ ਵਰਭੰਡਾ, ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ । ਸਚ ਭਗਤ ਭਗਵਾਨ ਆਪ ਪਛਾਨਿਆ । ਰਾਜ ਰਾਜਾਨਾਂ ਏਕਾ ਆਣ, ਦੇਵੇ ਮਾਣ ਮਾਣ ਨਿਮਾਨਿਆ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਭਾਣਾ ਆਪੇ ਜਾਣਿਆ । ।



੧੩੯ ੦੫

## ★ ੧੮ ਹਾੜ ੨੦੧੨ ਬਿਕ੍ਰਮੀ ਹਰਿ ਭਗਤ ਦਵਾਰ ਜੇਠੂਵਾਲ ★

ਗੁਰਮੁਖ ਸਾਚਾ ਪਾਰਜ਼ਾਤ, ਉਤਮ ਜ਼ਾਤ ਰਖਾਇੰਦਾ । ਪਰਗਟ ਹੋਏ ਵਿਚ ਮਾਤ, ਮਾਤਾ ਪਿਤਾ ਮੋਹ ਚੁਕਾਇੰਦਾ । ਸ਼ਬਦ ਮੰਗੇ ਨਾਮ ਦਾਤ, ਏਕਾ ਝੋਲੀ ਅੱਗੇ ਡਾਹਿੰਦਾ । ਚਰਨ ਪ੍ਰੀਤੀ ਸਾਚਾ ਨਾਤ, ਪੁਰਖ ਬਿਧਾਤਾ ਵਰ ਮੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਗੁਰਮੁਖ ਸਾਚੇ ਸੰਤ ਦੁਲਾਰ, ਸਾਚੇ ਮੇਵੇ ਅੰਮ੍ਰਿਤ ਫਲ, ਲੋਕਮਾਤ ਆਪ ਉਪਜਾਇੰਦਾ । ਪਾਰਜ਼ਾਤ ਪ੍ਰਭ ਪਾਏ ਮੁੱਲ, ਸਾਚੇ ਹੱਟ ਵਣਜ ਵਣਜਾਰਿਆ । ਸ਼ਬਦ ਕੰਡੇ ਜਾਏ ਤੁੱਲ, ਕਦੇ ਨਾ ਪਾਸਾ ਆਵੇ ਹਾਰਿਆ । ਉਪਰ ਚੋਟੀ ਸਾਚਾ ਫੁੱਲ, ਖਿਲੇ ਕਵਲ ਗੁਲਜਾਰਿਆ । ਭਾਗ ਲੱਗੇ ਸਾਚੀ ਕੁਲ, ਪਰਗਟ ਹੋਏ ਵਿਚ ਸੰਸਾਰਿਆ । ਸ਼ਬਦ ਭੰਡਾਰਾ ਰਿਹਾ ਖ਼ੁਲ੍ਹ, ਬਣੇ ਆਪ ਹਰਿ ਵਰਤਾਰਿਆ । ਕਲਜੁਗ ਮਾਇਆ ਰਹੀ ਰੁੱਲ, ਚਾਰੋਂ ਕੁੰਟ ਹਾਹਾਕਾਰਿਆ । ਦੀਪਕ ਸਾਚਾ ਹੋਇਆ ਗੁੱਲ, ਦਹਿ ਦਿਸ਼ਾ ਧੁਨਕਾਰਿਆ । ਅੰਮ੍ਰਿਤ ਆਤਮ ਮਿਲੇ ਨਾ ਚੁੱਲ, ਅੱਠ ਸੱਠ ਤੀਰਥ ਰਹੇ ਪੁਕਾਰਿਆ । ਲੱਖ ਚੁਰਾਸੀ ਰਹੀ ਭੁੱਲ, ਅਭੁੱਲ ਹਰਿ ਨਾ ਪਾਵੇ ਸਾਰਿਆ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਗੁਰਮੁਖ ਸਾਚੇ ਮਾਤ ਉਪਾ ਰਿਹਾ । ਗੁਰਮੁਖ ਉਪਜੇ ਮਾਤ, ਸ਼ਬਦ ਜਣਾਈਆ । ਬੈਠਾ ਰਹੇ ਇਕ ਇਕਾਂਤ, ਜਿਸ ਜਨ ਸਾਚੀ ਬਣਤ ਬਣਾਈਆ । ਨਾ ਕੋਈ ਦਿਵਸ ਨਾ ਕੋਈ ਰਾਤ, ਸਵੇਰ ਸੰਝ ਰਖਾਈਆ । ਅੰਮ੍ਰਿਤ ਦੇਵੇ ਬੂੰਦ ਸਵਾਂਤ, ਸੱਚਾ ਦਰ ਨਾਲ ਇਕ ਵਖਾਈਆ । ਮਾਨਸ ਦੇਹੀ ਉਤਮ ਜ਼ਾਤ, ਅੰਤਮ ਵੇਲੇ ਲੇਖੇ ਲਾਈਆ । ਲੱਖ ਚੁਰਾਸੀ ਤੁੱਟੇ ਨਾਤ, ਵੇਲੇ ਅੰਤਮ ਨਾ ਪੁੱਛੇ ਵਾਤ, ਆਪ ਆਪਣਾ ਮੁਖ ਭਵਾਈਆ । ਜੋਤੀ ਜੋਤ ਸਰੂਪ ਹਰਿ, ਗੁਰਮੁਖ ਸਾਚੇ ਸੰਤ ਜਨ, ਏਕਾ ਮਾਤ ਰਿਹਾ ਉਪਜਾਈਆ । ਗੁਰਮੁਖ ਸਾਚਾ ਹਰਿ ਦੁਲਾਰਿਆ । ਮਿਲਿਆ ਮੇਲ ਪੁਰਖ ਅਬਿਨਾਸ਼ੀ, ਕਰਾਏ ਵਣਜ ਸਾਚਾ ਵਣਜਾਰਿਆ । ਆਪ ਬਣਾਏ ਮਾਤ ਸ਼ਬਦ ਪੱਕਾ ਟਿੱਲਾ ਹਰਿ ਨਿਆਰਿਆ । ਵੇਖ ਵਖਾਣੇ ਜੀਵ ਜੰਤ, ਸਾਧ ਸੰਤ ਕਰੇ ਵਿਚਾਰਿਆ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਪਰਗਟ ਹੋਏ ਵਿਚ ਸੰਸਾਰਿਆ । ਪੁਰੀਆਂ ਲੋਆਂ ਅੱਧ ਵਿਚਕਾਰਿਆ । ਉਪਰ ਥੱਲੇ ਨਾ ਕੋਇ ਵਖਾ ਰਿਹਾ । ਨੌਵਾਂ ਖੰਡਾਂ ਕਰੇ ਵਿਚਾਰ, ਜੰਬੂ ਦੀਪ ਵੇਖ ਵਖਾ ਰਿਹਾ । ਨਿਹਕਲੰਕ ਨਰਾਇਣ ਨਰ, ਲੋਕਮਾਤ ਹਰਿ ਜੋਤ ਧਰ, ਸ਼ਬਦ ਘੇਰਾ ਏਕਾ ਪਾ ਰਿਹਾ । ਸ਼ਬਦ ਘੇਰਾ ਡੋਰ ਬੰਧਾਈਆ । ਨਾ ਕੋਈ ਛੱਡੇ ਗੁਰ ਚੇਰਾ, ਅੰਡਜ ਜੇਰਜ ਵੇਖ ਵਖਾਈਆ । ਆਪ ਚੁਕਾਏ ਤੇਰਾ ਮੇਰਾ, ਨਾ ਲਾਏ ਦੇਰਾ ਖੇਲ ਰਚਾਈਆ । ਪਰਗਟ ਹੋਏ ਸਿੰਘ ਸ਼ੇਰ ਦਲੇਰਾ, ਲੋਕਮਾਤ ਵੱਜੇ ਵਧਾਈਆ । ਨਿਹਕਲੰਕ ਨਰਾਇਣ ਨਰ, ਸੋਹੰ ਫਾਹੀ ਇਕ ਲਗਾਈਆ । ਸੋਹੰ ਫਾਹੀ ਫਸਿਆ ਫਾਸ । ਗੁਰਮੁਖ ਸਾਚੇ ਸੰਤ ਸੁਹੇਲੇ, ਹਰਿ ਹਰਿ ਸਾਚਾ ਹੋਇਆ ਦਾਸ । ਸਚ ਦਵਾਰੇ ਸਾਚੇ ਮੇਲੇ, ਏਕਾ ਘਰ ਪ੍ਰਿਥਮੀ ਅਕਾਸ਼ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਆਪੇ ਜਾਣੇ ਸ਼ਬਦ ਸਵਾਸ । ਸਾਚਾ ਘਰ ਸ਼ਬਦ ਢੰਡੋਰਿਆ । ਮਿਲਿਆ ਵਰ ਗੁਰਮੁਖ ਸਾਚਾ ਜਾਏ ਤਰ, ਸਰ ਸਰੋਵਰ ਦੂਸਰ ਤਰੇ ਨਾ ਕੋਈ ਹੋਰਿਆ । ਆਪਣੀ ਕਰਨੀ ਜਾਏ ਕਰ, ਪ੍ਰਭ ਅਬਿਨਾਸ਼ੀ ਖੇਲ ਅਪਰ ਕਰ ਕਰ ਆਪਣੀ ਮਿਹਰਿਆ । ਨਿਹਕਲੰਕ ਨਰਾਇਣ ਨਰ, ਲੋਕਮਾਤ ਹਰਿ ਜੋਤ ਧਰ, ਦਰ ਘਰ ਸਾਚੇ ਸ਼ਬਦ ਸਰੂਪੀ ਲਾਏ ਸਾਚਾ ਡੇਰਿਆ । ਸਾਚਾ ਡੇਰਾ ਹਰਿ ਅਸਥਾਨ ਹੈ । ਨੌਂ ਦਵਾਰੇ ਹਰਿ ਮਕਾਨ ਹੈ । ਕਲਜੁਗ ਜੀਵ ਆਪ ਵਸਾਏ, ਲੋਕਮਾਤ ਕਰੀ ਪਛਾਣ ਹੈ । ਦਸਵੇਂ ਕੁੰਡਾ ਬੈਠਾ ਲਾਹੇ, ਸਾਧ

ਸੰਤ ਹੋਏ ਹੈਰਾਨ ਹੈ । ਛੋਟਾ ਮੁੰਡਾ ਰਿਹਾ ਜਗਾਏ, ਜੰਗਲ ਜੂਹ ਉਜਾੜ ਪਹਾੜ ਉਚੇ ਟਿੱਲੇ ਸਭ ਅਸਥਾਨ ਹੈ । ਜੋਤੀ ਜੋਤ ਸਰੂਪ ਹਰਿ, ਆਪੇ ਵਸੇ ਸਾਚਾ ਰਾਹ ਦੱਸੇ, ਹਰਿ ਹਰਿ ਸੱਚਾ ਮਿਹਰਬਾਨ ਹੈ । ਨੌਂ ਦਵਾਰੇ ਦਰ ਦਰਵਾਜਾ, ਲੱਖ ਚੁਰਾਸੀ ਤੇਰਾ ਹਰਿ ਸਾਜਨ ਲਿਆ ਸਾਜ । ਧਰਮ ਰਾਏ ਹੱਥ ਫੜੇ ਫਾਸੀ, ਕਰਦਾ ਫਿਰੇ ਆਪਣਾ ਕਾਜ । ਅੰਤ ਮਿਟਣੇ ਮਦਿਰਾ ਮਾਸੀ, ਸਿਰ ਨਾ ਦਿਸੇ ਕਿਸੇ ਤਾਜ । ਆਪ ਬਚਾਏ ਸ਼ਬਦ ਸਵਾਸੀ, ਪਰਗਟ ਹੋਏ ਦੇਸ ਮਾਝ । ਮਾਨਸ ਜਨਮ ਕਰੇ ਰਹਿਰਾਸੀ, ਹਰਿਜਨ ਸਾਚੇ ਰੱਖੇ ਲਾਜ । ਨਿਹਕਲੰਕ ਨਰਾਇਣ ਨਰ, ਸ਼ਬਦ ਸਰੂਪੀ ਸਾਚੇ ਮੰਦਰ, ਏਕਾ ਮਾਰੇ ਆਪਣੀ ਅਵਾਜ਼ । ਸਚ ਮਹੱਲ ਅਟੱਲ ਨੌਂ ਦਵਾਰਿਆ । ਕਲਜੁਗ ਮਾਇਆ ਹੋਈ ਪਰਬਲ, ਪ੍ਰਭ ਕਾ ਭਾਣਾ ਨਾ ਜਾਏ ਟਲ, ਚਾਰੋਂ ਕੁੰਟ ਵੇਖ ਵਿਚਾਰਿਆ । ਆਪੇ ਵੇਖੇ ਜਲ ਥਲ ਘੜੀ ਘੜੀ ਪਲ ਪਲ, ਸਾਗਰ ਸਿੰਧ ਡੂੰਘੀ ਕਾਰ ਹੈ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਸੱਤਾਂ ਦੀਪਾਂ ਬਣਤ ਬਣਾ ਰਿਹਾ । ਸੱਤਾਂ ਦੀਪਾਂ ਹਰਿ ਜਣਾਈਆ । ਲੱਖਣ ਲੇਖਾ ਰਿਹਾ ਚੁਕਾਈਆ । ਕਰੋਚ ਸੁਣਾਇਆ ਆਪ ਰਘੁਰਾਈ ਹੈ । ਪੁਸ਼ਕਰ ਰੋਏ ਦਏ ਦੁਹਾਈਆ । ਜੰਬੂ ਦੀਪ ਅੱਧਵਿਚਕਾਰੀ ਹੈ । ਸਾਨ ਸੁਰਤੀ ਸਰਬ ਭਵਾਈ ਹੈ । ਸਲਮਲ ਮਨਮੁਖ ਸਰਬ ਗਵਾਈ ਹੈ । ਕੁਸ਼ਾ ਦੀਪ ਨਗਨ ਉਠ ਧਾਈ ਹੈ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਤ੍ਰੈ ਤ੍ਰੈ ਵੇਸਾ ਬ੍ਰਹਮਾ ਵਿਸ਼ਨ ਮਹੇਸ਼ ਗਣੇਸ਼ਾ ਦਰ ਦਰਵੇਸਾ ਰਿਹਾ ਬੁਲਾਈਆ । ਵੇਖ ਵਖਾਣੇ ਹਰਿ ਦੀਪ ਲੋਅ ਪਤਾਲਿਆ । ਸੱਤ ਪਤਾਲਾ ਖੋਲ੍ਹੇ ਦਰ, ਅਤਲ ਵਿਤਲ ਸਿਤਲ ਤੇਰੀ ਘਾਲਿਆ । ਰਾਜੇ ਬਲ ਮੰਗਿਆ ਬਲ, ਸਿਤਲ ਦੇਸ ਹੋਏ ਪਰਵਾਨਿਆ । ਤਲਾਤਲ ਚੜ੍ਹੇ ਤੇਲ ਅਪਾਰ, ਮਾਤ ਵੱਜੇ ਡੰਕ ਅਪਾਰ, ਰਸਾਤਲ ਧੂੰਆਧਾਰ ਮਹਾਨਿਆ । ਸੱਤਵੇਂ ਕਰੇ ਆਪ ਵਿਚਾਰ, ਲੋਕ ਪਤਾਲੀ ਕਰੇ ਚਾਲੀ ਬਾਸ਼ਕ ਸੇਜਾ ਹੋਈ ਤਿਆਰ, ਸਹੰਸਰ ਮੁਖੜੇ ਆਪ ਧੁਆ ਰਿਹਾ । ਸਾਂਗੋ ਪਾਂਗੀ ਲਾਲ ਦੁਸ਼ਾਲੀ, ਚਾਰ ਯੋਜਨ ਖੇਲ ਨਿਰਾਲੀ, ਸਚ ਸਿੰਘਾਸਣ ਆਪ ਸਵਾਰਿਆ । ਲੱਛਮੀ ਪ੍ਰੇਮ ਰੱਖੇ ਫਲ ਡਾਲ੍ਹੀ, ਹਰਿ ਜੀ ਰੱਖੇ ਹੱਥੀਂ ਖਾਲੀ, ਅਸਤ ਬਸਤ ਸ਼ਸਤ, ਨਾ ਤੀਰ ਕੋਈ ਉਠਾ ਰਿਹਾ । ਧਰਤ ਮਾਤ ਦੀ ਕਰੇ ਦਲਾਲੀ, ਕਲਜੁਗ ਬਣ ਕੇ ਆਏ ਹਾਲੀ, ਹਰਿ ਸਾਚਾ ਹੱਲ ਬਣਾ ਰਿਹਾ । ਕਲਜੁਗ ਸਤਿਜੁਗ ਬੈਲ ਬਣਾ ਲੀ । ਸ਼ਬਦ ਹੱਲ ਇਕ ਉਠਾ ਲੀ, ਸੋਹੰ ਫਾਲਾ ਤਿੱਖਾ ਲਾ ਰਿਹਾ । ਪਹਿਲੀ ਰਹਿਲ ਆਪ ਮਿਲਾ ਲੀ, ਮੱਕਾ ਮਦੀਨਾ ਕਰੇ ਖਾਲੀ, ਪਿੱਛੋਂ ਲਲਕਾਰਾ ਏਕਾ ਲਾ ਰਿਹਾ । ਫਲ ਨਾ ਦਿਸੇ ਕਿਸੇ ਡਾਲ੍ਹੀ, ਚਾਰੇ ਕੁੰਟਾਂ ਹੋਈਆ ਖਾਲੀ, ਜਗੇ ਜੋਤ ਇਕ ਅਕਾਲੀ, ਨੂਰ ਅਲਾਹੀ ਭੇਖ ਵਟਾ ਲਿਆ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਸੱਤ ਪਤਾਲਾਂ ਵੇਖ ਵਖਾ ਰਿਹਾ । ਸੱਤੇ ਲੋਕ ਮਾਰੇ ਧਿਆਨ । ਭੂ ਲੋਕ ਆਪ ਭਗਵਾਨ । ਸਾਚੇ ਖੰਡ ਕਵਣ ਅਸਥਾਨ । ਦੁਵਰਲੋਕ ਵੇਖੇ ਸ਼ਬਦ ਬਿਬਾਣ । ਸਵਰਗਲੋਕ ਹਰਿ ਮਿਹਰਵਾਨ । ਮਹਰਲੋਕ ਧਰਮ ਨਿਸ਼ਾਨ । ਜਵਲੋਕ ਅਕਲ ਕਲ ਧਾਰ । ਤਪਲੋਕ ਸਪਤਮ ਵੇਖੇ ਸਤਿ ਪੁਰਖ ਦਾ ਸਚ ਨਿਸ਼ਾਨ । ਸਤਿਲੋਕ ਜੋਤ ਮਹਾਨ । ਗੁਰਮੁਖ ਵਿਰਲਾ ਨੇਤਰ ਪੇਖੇ, ਲਾਲ ਗੁਲਾਲਾ ਰੰਗ ਮਹਾਨ । ਦੂਸਰ ਕਿਸੇ ਨਾ ਦਿਸੇ ਰੇਖੇ, ਭਰਮੇ ਭੁੱਲੇ ਜੀਵ ਨਿਧਾਨ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਚੌਦਾਂ ਲੋਕਾਂ ਸਾਚੇ ਅੰਦਰ ਇਕ ਵਖਾਏ ਸ਼ਬਦ ਨਿਸ਼ਾਨ । ਸ਼ਬਦ ਨਿਸ਼ਾਨਾ ਨਾਮ ਡੋਰੀ, ਪੁਰਖ ਅਬਿਨਾਸ਼ੀ ਪਾਈਆ । ਲੱਖ ਚੁਰਾਸੀ ਕੋਲੋਂ ਕਰੇ ਚੋਰੀ, ਕਲਜੁਗ ਰੈਣ ਅੰਧੇਰ ਘੋਰੀ ਦਿਸ ਕਿਸੇ ਨਾ ਆਈਆ । ਚੜ੍ਹਿਆ ਫਿਰੇ ਸ਼ਬਦ ਘੋੜੀ,

ਚਾਰੋਂ ਕੁੰਟ ਰਿਹਾ ਦੌੜੀ, ਸੋਹੰ ਖੰਡਾ ਹੱਥ ਉਠਾਈਆ । ਪੁਰੀਆਂ ਲੋਆਂ ਲਾਏ ਪੌੜੀ, ਧੁਰ ਦਰਗਾਹੀ ਸਾਚੀ ਪੁਰੀ, ਇੰਦਰ ਬ੍ਰਹਮਾ ਸ਼ਿਵ ਰਿਹਾ ਜਗਾਈਆ । ਬਵੰਜਾ ਕਰੋੜ ਜੋਜਨ ਪ੍ਰਿਥਮੀ ਲੰਬੀ ਚੌੜੀ, ਚਾਰੋਂ ਕੁੰਟ ਘੇਰਾ ਪੁਰਖ ਅਬਿਨਾਸ਼ੀ ਰਿਹਾ ਪਾਈਆ । ਕਲਜੁਗ ਅੰਤਮ ਕਰੇ ਨਿਬੇੜਾ, ਭਰਮਾਂ ਢਾਹੇ ਕਲਜੁਗ ਡੇਰਾ, ਗੁਰਮੁਖ ਵਸਾਏ ਕਾਇਆ ਖੇੜਾ, ਦੀਪਕ ਜੋਤੀ ਇਕ ਜਗਾਈਆ । ਨੌਂ ਦਰਵਾਜੇ ਖੁੱਲ੍ਹਾ ਵਿਹੜਾ, ਕਵਣ ਕਰੇ ਹੱਕ ਨਿਬੇੜਾ, ਦਸਵੇਂ ਦਰ ਨਾ ਬੂਝ ਬੁਝਾਈਆ । ਪੰਜਾਂ ਤੱਤਾਂ ਰਹੇ ਝੇੜਾ, ਅੱਠੇ ਪਹਿਰ ਮਹੱਲ ਅੰਧੇਰਾ, ਡੂੰਘੀ ਕੰਦਰ ਕਾਇਆ ਮੰਦਰ ਸਾਚਾ ਰਾਹ ਨਾ ਕੋਈ ਵਖਾਈਆ । ਸ਼ਬਦ ਹਥੌੜਾ ਤੋੜੇ ਜੰਦਰ, ਜੋਤ ਨਿਰਾਮਲ ਅੰਦਰੇ ਅੰਦਰ ਸਾਚਾ ਦੀਪਕ ਡਗਮਗਾਈਆ । ਆਪ ਸੁਹਾਏ ਸਾਚਾ ਮੰਦਰ, ਜੋਤੀ ਜੋਤ ਸਰੂਪ ਹਰਿ, ਸਾਚੀ ਜੋਤ ਕਰੇ ਰੁਸ਼ਨਾਈਆ । ਸਾਚੀ ਜੋਤ ਹੋਏ ਪਰਕਾਸ਼, ਅੰਧੇਰ ਵਿਨਾਸਿਆ । ਹਰਿਜਨ ਮਿਲਿਆ ਪੁਰਖ ਅਬਿਨਾਸ਼, ਦਰ ਘਰ ਸਾਚੇ ਹੋਏ ਦਾਸਨ ਦਾਸਿਆ । ਮਾਇਆ ਮਮਤਾ ਕੀਨੀ ਨਾਸ, ਅੰਮ੍ਰਿਤ ਧਾਰਾ ਮੁਖ ਚੁਆਸਿਆ । ਆਪ ਬਣਾਏ ਕਾਇਆ ਰਾਸ, ਸਾਚਾ ਮੰਡਲ ਪ੍ਰਿਥਮੀ ਅਕਾਸਿਆ । ਸ਼ਬਦ ਉਪਜਾਏ ਪਵਣ ਸਵਾਸ, ਨਿੱਜ ਘਰ ਆਤਮ ਰੱਖੇ ਵਾਸਿਆ । ਜੋਤੀ ਜੋਤ ਸਰੂਪ ਹਰਿ, ਸਾਚੇ ਮੰਦਰ ਜੋਤ ਧਰ, ਆਪੇ ਵੇਖੇ ਜਗਤ ਤਮਾਸ਼ਿਆ । ਜਗਤ ਤਮਾਸ਼ਾ ਵੇਖ, ਹਰਿ ਬਣਤ ਬਣਾਈਆ । ਘਰ ਘਰ ਦਰ ਦਰ ਦਿਸੇ ਭੇਖ, ਸਾਚਾ ਲੇਖ ਨਾ ਕੋਈ ਲਿਖਾਈਆ । ਜੂਠੇ ਝੂਠੇ ਪੰਡਤ ਪਾਂਧੇ ਮਸਤਕ ਲਾਉਂਦੇ ਰੇਖ, ਤੀਜੇ ਲੋਚਨ ਦਰ ਦਵਾਰਾ ਨਾ ਲਿਆ ਵੇਖ, ਦਿਬਦ੍ਰਿਸ਼ਟ ਨਾ ਕਿਸੇ ਖੁਲ੍ਹਾਈਆ । ਬਗਲ ਕੁਰਾਨੀ ਮੁੱਲਾਂ ਸ਼ੇਖ਼, ਜੂਠੇ ਝੂਠੇ ਵਣਜ ਕਰਾਈਆ । ਉਚੇ ਮੰਦਰ ਚੜ੍ਹ ਚੜ੍ਹ ਰਹੇ ਵੇਖ, ਵੱਜੇ ਟਲ ਹੋਏ ਧੁਨਕਾਈਆ । ਜੋਤੀ ਜੋਤ ਸਰੂਪ ਹਰਿ, ਆਪੇ ਕਰੇ ਵਲ ਛਲ, ਪੰਡਤ ਪਾਂਧੇ ਰਿਹਾ ਭੁਲਾਈਆ । ਪੰਡਤ ਪਾਂਧੇ ਭੁੱਲੇ ਵਡ ਮੌਲਾਨਿਆ । ਕਲਜੁਗ ਮਾਇਆ ਰੁੱਲੇ ਨਰ ਹਰਿ ਨਾ ਕਿਸੇ ਪਛਾਨਿਆ । ਲੱਗੀ ਅੱਗ ਕਾਇਆ ਕੁਲੇ, ਅੱਠੇ ਪਹਿਰ ਹੋਏ ਹਲਕਾਨਿਆ । ਗੁਰਮੁਖ ਵਿਰਲੇ ਪੂਰੇ ਤੋਲ ਤੁਲੇ, ਦਰ ਸਾਚੇ ਹੋਏ ਨਿਮਾਨਿਆ । ਸਤਾਰਾਂ ਹਾੜੀ ਆਏ ਦਰ ਦਵਾਰੇ ਸਾਚੇ ਭੁੱਲੇ, ਦਰਗਾਹ ਸਾਚੀ ਕਰੇ ਹਰਿ ਪਰਵਾਨਿਆ । ਸ਼ਬਦ ਭੰਡਾਰਾ ਸਾਚਾ ਖੁੱਲ੍ਹੇ, ਦੇਵੇ ਦਰਸ ਸ੍ਰੀ ਭਗਵਾਨਿਆ । ਕੋਇ ਨਾ ਲਾਏ ਹਰਿ ਜੀ ਮੁਲੇ, ਹਰਿਜਨ ਆਪਣਾ ਆਪ ਪਛਾਨਿਆ । ਕਲਜੁਗ ਬੂਟੇ ਕਾਇਆ ਹੁੱਲੇ, ਫਲ ਨਾ ਦਿਸੇ ਕਿਸੇ ਡਾਲ੍ਹਿਆ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਜੋਤੀ ਜਾਮਾ ਭੇਖ ਧਰ, ਗੁਰਮੁਖ ਸਾਚਾ ਸੰਤ ਸੁਹੇਲਾ ਸੁਘੜ ਸਿਆਣਾ ਆਪ ਵਖਾਏ ਆਪਣਾ ਭਾਣਿਆ । ਆਪੇ ਜਾਣੇ ਆਪਣਾ ਭਾਣਾ, ਕਵਣ ਭੇਖ ਵਟਾਈਆ । ਭਰਮ ਭੁਲੇਖੇ ਰਾਜਾ ਰਾਣਾ, ਸੰਤ ਅਭਿਆਸੀ ਸਾਰ ਨਾ ਪਾਈਆ । ਚਾਰ ਯਾਰੀ ਬੇਮੁਹਾਣਾ, ਸਾਚੀ ਹਦੀਸ ਹਰਿ ਜਗਦੀਸ ਨਾ ਕੋਈ ਕਿਸੇ ਪੜ੍ਹਾਈਆ । ਏਕਾ ਸੁਝੇ ਪੀਣਾ ਖਾਣਾ, ਮਾਇਆ ਮਮਤਾ ਹੋਈ ਹਲਕਾਈਆ । ਗੁਰਮੁਖ ਸਾਚਾ ਸੰਤ ਸੁਹੇਲਾ ਸਾਚੇ ਧਾਮ ਸਹਾਉਣਾ, ਸਾਚੀ ਓਟ ਇਕ ਰਖਾਈਆ । ਹੋਏ ਸਹਾਈ ਮਾਣ ਨਿਮਾਨਾ, ਸ਼ਬਦ ਨਗਾਰੇ ਚੋਟ ਲਗਾਈਆ । ਗਿਆ ਵੇਲਾ ਅੰਤ ਪਛਤਾਣਾ, ਨਿਹਕਲੰਕ ਰਿਹਾ ਜਗਾਈਆ । ਆਪੇ ਕਰੇ ਪੁਣ ਛਾਣਾ, ਲੱਖ ਚੁਰਾਸੀ ਸੋਹੰ ਕੰਡੇ ਉਤੇ ਰਿਹਾ ਤੁਲਾਈਆ । ਫੜ ਫੜ ਵੇਖੇ ਅੰਨ੍ਹਾ ਕਾਣਾ, ਪਾਏ ਨਾਮ ਸੱਚਾ ਮਧਾਣਾ, ਰਿੜਕੇ ਛਾਛ ਹਰਿ ਰਘੁਰਾਈਆ । ਆਪੇ ਵਰਤੇ ਆਪਣਾ ਭਾਣਾ, ਕਿਸੇ ਹੱਥ ਨਾ ਆਏ ਦਾਣਾ, ਪੀਣਾ ਖਾਣਾ ਆਪ ਚੁਕਾਈਆ । ਕਲਜੁਗ ਵਰਤੇ ਆਪਣਾ ਭਾਣਾ, ਕਿਸੇ ਹੱਥ ਨਾ ਆਏ ਨਾਮ ਨਿਸ਼ਾਨਾ, ਚਲਿਆ ਤੀਰ ਬੇਮੁਹਾਣਾ, ਸ਼ਬਦ ਨਿਸ਼ਾਨਾ

ਹਰਿ ਲਗਾਈਆ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਨਿਹਕਲੰਕ ਨਰਾਇਣ ਨਰ, ਗੁਰਮੁਖ ਸਾਚੇ ਸੰਤ ਜਨਾਂ ਲੋਕਮਾਤ ਦਏ ਵਡਿਆਈਆ । ਧੰਨ ਕਮਾਈ ਸੰਤ ਜਨ, ਸਦ ਵਸੇ ਦਵਾਰਿਆ । ਧੰਨ ਕਮਾਈ ਭਗਤ ਜਨ, ਮਨ ਮੰਨੇ ਵਿਚ ਸੰਸਾਰਿਆ । ਧੰਨ ਕਮਾਈ ਸੰਤ ਜਨ, ਸ਼ਬਦ ਡੋਰੀ ਕਾਇਆ ਬੰਨ੍ਹੇ, ਪੰਚਾਂ ਚੋਰਾਂ ਖੇਲ ਅਪਾਰਿਆ । ਧੰਨ ਕਮਾਈ ਭਗਤ ਜਨ, ਆਪ ਕਢਾਏ ਝੂਠੇ ਜਨੇ, ਵੇਖੇ ਖੇਲ ਸੱਚੀ ਸਰਕਾਰਿਆ । ਧੰਨ ਕਮਾਈ ਸੰਤ ਜਨ, ਸਾਚਾ ਸ਼ਬਦ ਸੁਣ ਕੰਨੇ, ਸਾਚਾ ਰਾਗ ਗਾ ਰਿਹਾ । ਧੰਨ ਕਮਾਈ ਭਗਤ ਜਨ, ਆਪੇ ਤੋੜੇ ਮਨਮਾਣੇ, ਬਜਰ ਕਪਾਟੀ ਭੇਵ ਖੁਲ੍ਹਾ ਰਿਹਾ । ਧੰਨ ਕਮਾਈ ਸੰਤ ਜਨ, ਧੰਨ ਕਮਾਈ ਭਗਤ ਜਨ, ਦੋਹਾਂ ਅੰਦਰ ਸਾਚੇ ਮੰਦਰ ਆਪਣੀ ਜੋਤ ਜਗਾ ਰਿਹਾ । ਧੰਨ ਕਮਾਈ ਭਗਤ ਜਨ, ਆਤਮ ਜੋਤ ਨਿਰਾਲੀਆ । ਧੰਨ ਕਮਾਈ ਭਗਤ ਜਨ, ਮਿਲਿਆ ਮੇਲ ਹਰਿ ਭਗਵਾਨਿਆ । ਧੰਨ ਕਮਾਈ ਸੰਤ ਜਨ, ਦੀਪਕ ਜੋਤੀ ਕਰ ਉਜਿਆਰ, ਮਸਤਕ ਗਗਨ ਜੋਤ ਨਿਰਾਲੀਆ । ਧੰਨ ਕਮਾਈ ਭਗਤ ਜਨ, ਦੋਹਾਂ ਕਰੇ ਕਰਾਏ ਹਰਿ ਰਖਵਾਲੀਆ । ਧੰਨ ਕਮਾਈ ਸੰਤ ਜਨ, ਸ਼ਬਦ ਪਰਾਨ ਹੈ । ਧੰਨ ਕਮਾਈ ਭਗਤ ਜਨ, ਆਤਮ ਬ੍ਰਹਮ ਗਿਆਨ ਹੈ । ਧੰਨ ਕਮਾਈ ਸੰਤ ਜਨ, ਸਾਚਾ ਰਖੇ ਇਕ ਨਿਸ਼ਾਨ ਹੈ । ਧੰਨ ਕਮਾਈ ਭਗਤ ਜਨ, ਦੋਹਾਂ ਮੇਲ ਹਰਿ ਭਗਵਾਨ ਹੈ । ਧੰਨ ਕਮਾਈ ਸੰਤ ਜਨ, ਮਿਲੇ ਨਾਮ ਵਸਤ ਅਮੋਲਿਆ । ਧੰਨ ਕਮਾਈ ਭਗਤ ਜਨ, ਸਾਚਾ ਤੋਲ ਮਾਤ ਤੋਲਿਆ । ਧੰਨ ਕਮਾਈ ਸੰਤ ਜਨ, ਕਾਇਆ ਮੰਦਰ ਕੁੰਡਾ ਖੋਲ੍ਹਿਆ । ਧੰਨ ਕਮਾਈ ਭਗਤ ਜਨ, ਦੋਹਾਂ ਵੇਸ ਆਪੇ ਕਰ, ਵੇਖ ਵਖਾਣੇ ਕਾਇਆ ਚੋਲਿਆ । ਕਾਇਆ ਚੋਲਾ ਰੰਗ ਅਪਾਰਾ, ਆਪੇ ਰੱਖੇ ਸ਼ਬਦ ਵਿਚੋਲਾ, ਦੋਹਾਂ ਧਿਰਾਂ ਮੇਲ ਮਿਲਾ ਰਿਹਾ । ਬਜਰ ਕਪਾਟੀ ਪੜਦਾ ਖੋਲ੍ਹਾ, ਤੀਜੇ ਨੈਣ ਦਰਸ ਦਿਖਾ ਰਿਹਾ । ਆਪੇ ਬਨਿਆ ਭੋਲਾ ਭਾਲਾ, ਗੁਰਮੁਖ ਸਾਚੇ ਸੰਤ ਸੁਹੇਲੇ, ਚਾਰੋਂ ਕੁੰਟ ਕਰਾਏ ਮੇਲੇ, ਆਪ ਆਪਣੀ ਬਣਤ ਬਣਾ ਰਿਹਾ । ਜੋਤੀ ਜੋਤ ਸਰੂਪ ਹਰਿ, ਜਨ ਭਗਤਾਂ ਦੇਵੇ ਨਾਮ ਵਰ, ਸਾਚੀ ਰੰਗਣ ਨਾਮ ਚੜ੍ਹਾ ਰਿਹਾ । ਹਰਿ ਘਟ ਨਿਰੰਜਣ ਏਕ ਸਰਬ ਪਸਾਰਿਆ । ਪਾਰਬ੍ਰਹਮ ਜਨ ਸਾਚੀ ਟੇਕ, ਸੱਚਾ ਧਰਮ ਇਕ ਵਖਾ ਰਿਹਾ । ਕਾਇਆ ਨਿਰਮਲ ਬੁਧ ਬਿਬੇਕ, ਮਾਇਆ ਸੇਕ ਦੂਰ ਕਰਾ ਰਿਹਾ । ਅਠੇ ਪਹਿਰ ਰਿਹਾ ਵੇਖ, ਜੋਤੀ ਜਾਮਾ ਭੇਖ ਵਟਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪੇ ਵਸੇ ਸਚ ਘਰ, ਸਚ ਟਿਕਾਣਾ ਸ਼ਬਦ ਬਿਬਾਣਾ ਆਪਣਾ ਆਪ ਰਖਾ ਰਿਹਾ । ਸ਼ਬਦ ਬਿਬਾਣੇ ਚਾੜ੍ਹ ਦਇਆ ਕਮਾਇੰਦਾ । ਆਪੇ ਵੇਖੇ ਰਾਜੇ ਰਾਣੇ, ਗਊ ਗਰੀਬ ਨਿਮਾਣੇ ਗਲੇ ਲਗਾਇੰਦਾ । ਹਰਿਜਨ ਸਾਚੇ ਸੁਘੜ ਸਿਆਣੇ, ਬੇਮੁਖ ਜੀਵ ਬੇਮੁਹਾਣੇ, ਪੱਲੂ ਨਾਮ ਨਾ ਕੋਈ ਫੜਾਇੰਦਾ । ਦਰਗਾਹ ਸਾਚੀ ਦੇਵੇ ਮਾਣੇ, ਚਲੇ ਚਲਾਏ ਆਪਣੇ ਭਾਣੇ, ਦਿਸ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੇ ਵਸੇ ਘਰ, ਜੋਤੀ ਜਾਮਾ ਭੇਖ ਵਟਾਇੰਦਾ । ਜੋਤੀ ਜਾਮਾ ਭੇਖ ਨਿਆਰਿਆ । ਪਰਗਟ ਹੋਏ ਰਮਈਆ ਰਾਮਾ, ਕਲਜੁਗ ਤੇਰੀ ਅੰਤਮ ਵਾਰਿਆ । ਇਕ ਵਜਾਏ ਸ਼ਬਦ ਦਮਾਮਾ, ਚਾਰੋਂ ਕੁੰਟਾਂ ਆਪ ਸੁਣਾ ਰਿਹਾ । ਲੱਖ ਚੁਰਾਸੀ ਆਪੇ ਵੇਖੇ ਕਾਇਆ ਚਾਮਾ, ਸਾਚਾ ਧਾਮ ਵੇਖ ਵਖਾ ਰਿਹਾ । ਗੁਰਮੁਖ ਪੱਲੇ ਬੱਧਾ ਨਾਮ ਦਾਮਾ, ਧਰਮ ਰਾਏ ਫੰਦ ਕਟਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੇ ਵਸੇ ਘਰ, ਦੂਸਰ ਕਿਸੇ ਦਿਸ ਨਾ ਆ ਰਿਹਾ । ਵਸੇ ਸਾਚੇ ਘਰ, ਸਚ ਟਿਕਾਣਿਆ । ਆਪਣੀ ਕਰਨੀ ਰਿਹਾ ਕਰ, ਬੈਠਾ ਰਹੇ ਸ਼ਬਦ ਬਿਬਾਣਿਆ । ਹਰਿਜਨ ਸਰਨੀ ਜਾਏ ਪੜ੍ਹ, ਕਿਸੇ ਦਿਸ ਨਾ

ਆਏ ਸੁਘੜ ਸਿਆਨਿਆ । ਨਾ ਕੋਈ ਸੀਸ ਨਾ ਕੋਈ ਧੜ, ਬਾਲੀ ਬੁਧ ਨਾ ਨੌਜਵਾਨਿਆ । ਸਾਚੇ ਮੰਦਰ ਬੈਠਾ ਚੜ੍ਹ, ਜੋਤ ਨਿਰੰਜਣ ਡਗਮਗਾਨਿਆ । ਕਾਇਆ ਤੋੜੇ ਕਿਲ੍ਹਾ ਹੰਕਾਰੀ ਗੜ੍ਹ, ਸੋਹੰ ਫੜ ਤੀਰ ਕਮਾਨਿਆ । ਲੱਖ ਚੁਰਾਸੀ ਨਾਲ ਰਿਹਾ ਲੜ, ਅੱਠੇ ਪਹਿਰ ਮਾਰ ਧਿਆਨਿਆ । ਗੁਰਮੁਖ ਸਾਚੇ ਸੰਤ ਸੁਹੇਲੇ ਕਾਇਆ ਵੱਖਰ ਜੋਤ ਦਿਵਾਨਿਆ । ਜਗੇ ਜੋਤ ਬਹੱਤਰ ਨਾੜ, ਮਿੱਟੇ ਅੰਧੇਰ ਸਰਬ ਕਿਛ ਜਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੇ ਵਸੇ ਘਰ, ਨਰ ਹਰਿ ਸ੍ਰੀ ਭਗਵਾਨਿਆ । ਨਰ ਹਰਿ ਸ੍ਰੀ ਭਗਵਾਨ, ਸਰਬ ਸਮਰਥ ਹੈ । ਜਨ ਭਗਤਾਂ ਦੇਵੇ ਜੀਆ ਦਾਨ, ਹਰਿ ਰਖੇ ਦੇ ਕਰ ਹੱਥ ਹੈ । ਅੰਮ੍ਰਿਤ ਸਰ ਸਰੋਵਰ ਕਰਾਏ ਆਤਮ ਇਕ ਇਸ਼ਨਾਨ ਹੈ । ਸਗਲ ਵਸੂਰੇ ਜਾਇਣ ਲਥ ਹੈ । ਆਪ ਬਿਠਾਏ ਸ਼ਬਦ ਬਿਬਾਣ, ਸੋਹੰ ਚਲਾਏ ਸਾਚਾ ਰਥ ਹੈ । ਲੋਆਂ ਪੁਰੀਆਂ ਇਕ ਉਡਾਨ, ਲੱਖ ਚੁਰਾਸੀ ਪਾਏ ਨੱਥ ਹੈ । ਕਰੋੜ ਤੇਤੀਸ ਚਤੁਰ ਸੁਜਾਨ, ਸੁਰਪਤ ਰਾਜਾ ਰਿਹਾ ਮਥ ਹੈ । ਲੇਖੇ ਮੁੱਕੇ ਅੰਤ ਜਹਾਨ, ਕਲਜੁਗ ਸੀਆਂ ਸਾਢੇ ਤਿੰਨ ਹੱਥ ਹੈ । ਜੋਤੀ ਜੋਤ ਸਰੂਪ ਹਰਿ, ਆਪ ਆਪਣੇ ਵਸੇ ਘਰ, ਮਹਿੰਮਾ ਜਗਤ ਅਕਥਨਾ ਅਕਥ ਹੈ । ਮਹਿੰਮਾ ਅਕਥ ਅਕਥ ਅਕਥ ਕਹਾਣੀਆ । ਸ੍ਰਿਸ਼ਟ ਸਬਾਈ ਰਿਹਾ ਮਥ, ਰਾਜ ਮਹੱਲਾ ਉਚ ਅਟੱਲਾ, ਰਾਜੇ ਛੱਡਣ ਰਾਣੀਆਂ । ਪਰਗਟ ਹੋਏ ਜਿਉਂ ਰਾਮਾ ਘਰ ਦਸਰਥ, ਹੰਕਾਰੀ ਰਾਵਣ ਮਾਰੇ ਕਾਨੀਆ । ਏਕਾ ਏਕ ਚਲਾਏ ਸਾਚੀ ਗਥ, ਸਤਿਜੁਗ ਸਾਚੇ ਤੇਰੀ ਸਾਚੀ ਬਾਣੀਆ । ਜਨ ਭਗਤਾਂ ਦੇਵੇ ਆਤਮ ਘਰ ਸਾਚੀ ਵੱਥ, ਅੰਮ੍ਰਿਤ ਮਧੁ ਏਕਾ ਰਸ ਪਾਣੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੇ ਵਸੇ ਘਰ, ਨਾ ਕੋਈ ਜਾਣੇ ਵੇਦ ਪੁਰਾਨੀਆ । ਜੀਵ ਜੰਤ ਨਾ ਪਾਏ ਸਾਰ, ਮਾਇਆ ਭਰਮ ਭੁਲਾਇਆ । ਕਲਜੁਗ ਭੁੱਲੇ ਨਾਮ ਅਧਾਰ, ਝੂਠੀ ਤ੍ਰਿਸਨਾ ਮੋਹ ਵਧਾਇਆ । ਦਰ ਦਰ ਘਰ ਘਰ ਭੌਂਦੇ ਫਿਰਦੇ ਦੁਸ਼ਟ ਦੁਰਾਚਾਰ, ਪ੍ਰਭ ਅਬਿਨਾਸ਼ੀ ਸਾਰ ਨਾ ਪਾਇਆ । ਗੁਰਮੁਖ ਵਿਰਲਾ ਜਾਣੇ ਨਰ ਹਰਿ ਸੱਚੀ ਸਰਕਾਰ, ਆਤਮ ਸੇਜਾ ਡੇਰਾ ਲਾਇਆ । ਏਕਾ ਬੈਠੇ ਮਲ ਦਵਾਰ, ਪਹਿਰੇਦਾਰ ਸਦਾ ਅਖਵਾਇਆ । ਜੋਤ ਨਿਰੰਜਣ ਕਰ ਅਕਾਰ, ਸ਼ਬਦ ਧਾਰਾ ਆਪ ਚਲਾਇਆ । ਅੰਮ੍ਰਿਤ ਬਰਖੇ ਨਿੱਝਰ ਧਾਰ, ਸ਼ਬਦ ਘੋੜੇ ਹੋ ਅਸਵਾਰ, ਚੌਦਾਂ ਲੋਕਾਂ ਹੱਟ ਖੁਲ੍ਹਾਇਆ । ਆਪੇ ਬੰਨ੍ਹੇ ਆਪਣੀ ਧਾਰ, ਦੂਸਰ ਨਾ ਕੋਈ ਸੰਗ ਰਲਾਇਆ । ਨਿਹਕਲੰਕੀ ਜਾਮਾ ਧਾਰ, ਸ਼ਬਦ ਡੰਕ ਰਿਹਾ ਵਜਾਇਆ । ਚਾਰੋਂ ਕੁੰਟਾਂ ਕਰੇ ਖ਼ਬਰਦਾਰ, ਸ਼ਾਹ ਸੁਲਤਾਨ ਰਿਹਾ ਜਗਾਇਆ । ਕਲਜੁਗ ਅੰਤਮ ਪੈਣੀ ਮਾਰ, ਨਾ ਹੋਏ ਕੋਈ ਸਹਾਇਆ । ਜੂਠੀ ਝੂਠੀ ਮਾਇਆ ਧਾਰ, ਕਲਜੁਗ ਭੁਲੇ ਨਾਰੀ ਨਾਰ, ਜਗਤ ਵਿਕਾਰਾ ਮੋਹ ਵਧਾਇਆ । ਮਾਤ ਪਿਤ ਭੈਣ ਭਾਈ ਸਾਕ ਸੱਜਣ ਕੋਈ ਨਾ ਪਾਏ ਸਾਰ, ਵੇਲੇ ਅੰਤਮ ਮੁਖ ਛੁਪਾਇਆ । ਆਪੇ ਹੋਏ ਸਹਾਏ ਦਇਆ ਕਮਾਏ ਮੀਤ ਮੁਰਾਰ, ਗੁਰਮੁਖ ਸਾਚੇ ਸਾਚਾ ਪੱਲੂ ਆਪਣਾ ਹੱਥ ਫੜਾਇਆ । ਕਲਜੁਗ ਘੋਰ ਅੰਧੇਰ ਘਲੂ, ਕਾਲੀ ਰੈਣ ਵੇਖ ਡੈਣ, ਲਾੜੀ ਮੌਤ ਰਾਹ ਵਖਾਇਆ । ਬੇਮੁਖ ਜੀਆਂ ਆਪ ਚੁਕਾਏ ਲੈਣ ਦੇਣ, ਚਾਰੋਂ ਕੁੰਟ ਝੂਠੇ ਵਹਿਣ, ਸਾਚਾ ਵਣਜ ਵਪਾਰ ਨਾ ਕਿਸੇ ਕਰਾਇਆ । ਨਾਤਾ ਛੁਟੇ ਭਾਈ ਭੈਣ, ਨਾ ਕੋਈ ਦੀਸੇ ਸਾਕ ਸੈਣ, ਦੂਰ ਨੇੜਾ ਦਿਸ ਕਿਸੇ ਨਾ ਆਇਆ । ਪੰਜਾਂ ਤੱਤਾਂ ਰਿਹਾ ਛੜ, ਅੰਤਮ ਉਜੜੇ ਕਾਇਆ ਖੇੜਾ, ਸਾਚਾ ਗੇੜਾ ਨਾ ਕਿਸੇ ਕਟਾਇਆ । ਪੁਰਖ ਅਬਿਨਾਸ਼ੀ ਕਰੇ ਨਿਬੇੜਾ, ਭਗਤ ਜਨਾਂ ਹਰਿ ਬੰਨ੍ਹੇ ਬੇੜਾ, ਦਰ ਦਵਾਰੇ ਦਇਆ ਕਮਾਇਆ । ਨਿਹਕਲੰਕ ਨਰਾਇਣ ਨਰ, ਲੋਕਮਾਤ ਹਰਿ ਜੋਤ ਧਰ, ਭਗਤ ਸੁਹੇਲਾ ਆਪ ਅਖਵਾਇਆ । ਨਿਰਗੁਣ ਰੂਪ ਅਗੰਮ, ਭੇਵ ਅਪਾਰਿਆ ।

ਸਰਗੁਣ ਰੂਪ ਮਾਤ ਪਏ ਜੰਮ, ਕਿਰਪਾ ਕਰੇ ਆਪ ਗਿਰਧਾਰਿਆ । ਨਿਰਗੁਣ ਰੂਪ ਅਗੰਮ, ਨਾ ਕੋਈ ਹੱਡ ਮਾਸ ਨਾ ਨਾੜੀ ਚੰਮ, ਆਪਣਾ ਆਪ ਕਰੇ ਅਕਾਰਿਆ । ਸਰਗੁਣ ਰੂਪ ਰੱਖੇ ਸਹਾਰਾ ਦਮ, ਪਵਣ ਸਵਾਸੀ ਵਿਚ ਟਿਕਾ ਰਿਹਾ । ਜੋਤੀ ਜੋਤ ਸਰੂਪ ਹਰਿ, ਨਿਰਗੁਣ ਸਰਗੁਣ ਖੇਲ ਕਰ, ਆਪਣੀ ਰਚਨਾ ਆਪ ਰਚਾ ਰਿਹਾ । ਨਿਰਗੁਣ ਨਿਰਾਹਾਰ ਸਦਾ ਨਿਰਵੈਰਿਆ । ਸਰਗੁਣ ਪਾਏ ਸਾਰ, ਕਾਇਆ ਮੰਦਰ ਅੰਦਰ ਡੂੰਘੀ ਕੰਦਰ ਆਪੇ ਬਹਿ ਰਿਹਾ । ਬਾਹਰ ਲਾਏ ਤੀਜਾ ਜੰਦਰ, ਨਾ ਕੁਫਲ ਕੋਈ ਖੁਲ੍ਹਾ ਰਿਹਾ । ਉਚੇ ਟਿੱਲੇ ਫਿਰ ਫਿਰ ਥੱਕੇ ਲੱਭਦੇ ਫਿਰਨ ਗੋਰਖ ਮਛੰਦਰ, ਸਾਚਾ ਰਾਹ ਨਾ ਕਿਸੇ ਵਖਾ ਲਿਆ । ਨਿਰਗੁਣ ਜੋਤ ਜਗੇ ਨਿਰਾਲਮ, ਸੰਤ ਸੁਹੇਲੇ ਸਾਚੇ ਤੇਰੇ ਅੰਦਰ ਦੀਪ ਨਿਰਾਲਾ ਆਪ ਜਗਾ ਰਿਹਾ । ਲੱਖ ਚੁਰਾਸੀ ਭੌਂਦੀ ਬੰਦਰ, ਨਰ ਹਰਿ ਸ੍ਰੀ ਨਿਜ ਘਰ ਸਾਚੇ ਕਿਸੇ ਨਾ ਪਾ ਲਿਆ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜਾਮਾ ਵੇਸ ਕਰ, ਗੁਰਮੁਖ ਸਾਚੇ ਸੰਤ ਜਨਾਂ ਆਤਮ ਅੰਦਰ ਸਾਚੀ ਸੇਜਾ ਆਪਣਾ ਡੇਰਾ ਲਾ ਲਿਆ । ਸਾਚੀ ਸੇਜਾ ਹਰਿ ਬਣਾਈਆ । ਨਿਰਗੁਣ ਰਚਨਾ ਆਪ ਰਚਾਈਆ । ਸਰਗੁਣ ਰੂਪ ਦਿਸ ਨਾ ਆਈਆ । ਨਿਰਗੁਣ ਨਿਰਾਹਾਰ ਸਾਚੀ ਸੇਜਾ ਆਪੇ ਸੁੱਤਾ, ਦੋਵੇਂ ਭੁੱਜਾ ਰਿਹਾ ਉਠਾਈਆ । ਜੋਤੀ ਜੋਤ ਸਰੂਪ ਹਰਿ, ਨਿਰਗੁਣ ਸਰਗੁਣ ਭੇਖ ਕਰ ਆਪਣਾ ਭੇਵ ਰਿਹਾ ਛੁਪਾਈਆ । ਨਿਰਗੁਣ ਸਰਗੁਣ ਭੇਖ ਕਰ ਆਪਣਾ ਭੇਵ ਰਿਹਾ ਛੁਪਾਈਆ । ਨਿਰਗੁਣ ਸਚ ਮਕਾਨ ਚਤਰਭੁਜ ਸ੍ਰੀ ਭਗਵਾਨ । ਆਪਣਾ ਭੇਵ ਰੱਖੇ ਗੁੱਝ ਨੌਂ ਦਵਾਰੇ ਝੂਠ ਮਕਾਨ ਹਰਿ ਦਵਾਰਾ ਜਾਏ ਸੁਝ, ਅੱਖਰ ਵੱਖਰ ਕਰ ਪਛਾਨ । ਜੋਤੀ ਜੋਤ ਸਰੂਪ ਹਰਿ, ਆਪੇ ਵਸੇ ਸਚ ਘਰ, ਗੁਰਮੁਖ ਵਿਰਲਾ ਸੰਤ ਜਨ ਨਿਸ਼ਅੱਖਰ ਪਾਵੇ ਸਾਚੀ ਖਾਨ । ਨਿਸ਼ਅੱਖਰ ਹਰਿ ਕਾ ਦਵਾਰਿਆ । ਆਪੇ ਵਸੇ ਸਦ ਵੱਖਰ, ਦਿਸ ਕਿਸੇ ਨਾ ਆ ਰਿਹਾ । ਬਜ਼ਰ ਕਪਾਟੀ ਵਡਾ ਪੱਥਰ, ਸਰਗੁਣ ਕਿਸੇ ਮਾਤ ਨਾ ਪਾੜਿਆ । ਤੀਜੇ ਨੇਤਰ ਅੰਮ੍ਰਿਤ ਧਾਰ ਨਾ ਵਗੇ ਅੱਥਰ, ਸਾਚਾ ਸੀਰ ਨਾ ਕੋਈ ਪਿਆ ਰਿਹਾ । ਲੱਖ ਚੁਰਾਸੀ ਲੱਬੀ ਸੱਥਰ, ਕਲਜੁਗ ਗੂੜ੍ਹੀ ਨੀਂਦ ਸਵਾ ਰਿਹਾ । ਜੋਤੀ ਜੋਤ ਸਰੂਪ ਹਰਿ, ਗੁਰਮੁਖ ਸਾਚੇ ਸੰਤ ਜਨਾਂ, ਏਕਾ ਦੇਵੇ ਨਾਮ ਧਨਾ, ਸੋਹੰ ਸ਼ਬਦ ਸਿਖਾ ਰਿਹਾ । ਸੋਹੰ ਅੱਖਰ ਲੈਣਾ ਪੜ੍ਹ । ਕਲਜੁਗ ਜੰਜਾਲਾ ਹੋਏ ਵੱਖਰ, ਸਾਚੇ ਪੌੜੇ ਜਾਣਾ ਚੜ੍ਹ । ਪੁਰਖ ਅਬਿਨਾਸ਼ੀ ਘਟ ਘਟ ਵਾਸੀ, ਅੰਦਰੇ ਅੰਦਰ ਸਾਚੇ ਮੰਦਰ ਧੁਰ ਦਰਗਾਹੀ ਬਾਂਹੋਂ ਲਏ ਫੜ । ਜੋਤੀ ਜੋਤ ਸਰੂਪ ਹਰਿ, ਨਿਰਗੁਣ ਜੋਤੀ ਵੇਸ ਕਰ, ਨਾ ਕੋਈ ਦਿਸਾਏ ਸੀਸ ਨਾ ਕੋਈ ਧੜ, ਨਾ ਕੋਈ ਸੀਸਾ, ਜੋਤ ਨਿਰੰਜਣ ਹਰਿ ਜਗਦੀਸਾ । ਨਾ ਕੋਈ ਗਾਏ ਰਾਗ ਛਤੀਸਾ । ਨਾ ਕੋਈ ਰਖਾਏ ਦੰਦ ਬਤੀਸਾ । ਨਾ ਕੋਈ ਪੜ੍ਹੇ ਪੜ੍ਹਾਏ ਕੁਰਾਨ ਹਦੀਸਾ । ਨਾ ਕੋਈ ਜਾਣੇ ਈਸਾ ਮੂਸਾ । ਜੋਤ ਨਿਰਜੰਣ ਦੀਨ ਦਿਆਲਾ ਸਦਾ ਕਿਰਪਾਲਾ, ਸ਼ਬਦ ਵਖਾਏ ਸਾਚਾ ਸੀਸਾ । ਨਿਹਕਲੰਕ ਨਰਾਇਣ ਨਰ, ਜੋਤੀ ਜਾਮਾ ਭੇਖ ਧਰ, ਅੰਮ੍ਰਿਤ ਆਤਮ ਖੋਲ੍ਹੇ ਸਾਚਾ ਦਰ, ਦੂਸਰ ਕੋਇ ਨਾ ਕਰੇ ਰੀਸਾ । ਸੋਹੰ ਸ਼ਬਦ ਧਾਰ ਵਹਾਇੰਦਾ । ਬਜਰ ਕਪਾਟੀ ਜਾਏ ਪਾੜ, ਤੀਰਥ ਤਾਟੀ ਪਾਰ ਕਰਾਇੰਦਾ । ਕਾਇਆ ਅੰਦਰ ਖੋਲ੍ਹੇ ਸਾਚੀ ਹਾਟੀ, ਚੌਦਾਂ ਹੱਟਾਂ ਰਾਹ ਵਖਾਇੰਦਾ । ਦੁਰਮਤ ਮੈਲ ਰਿਹਾ ਕਾਟੀ, ਗੁਰਮੁਖ ਕਾਇਆ ਆਪਣੇ ਹੱਥੀਂ ਆਪ ਧਵਾਇੰਦਾ । ਬੇਮੁਖਾਂ ਖੇਲ ਦਿਸੇ ਬਾਜੀਗਰ ਨਾਟੀ, ਨਾਟਕ ਨਟੂਆ ਖੇਵਟ ਖੇਟਾ, ਆਪਣੀ ਆਪ ਕਾਰ ਕਰਾਇੰਦਾ । ਭਗਤ ਜਨਾਂ ਹਰਿ ਮਾਂ ਪਿਉ ਬੇਟਾ, ਸਾਚੇ ਸੂਤਰ ਤਨ ਲਪੇਟਾ, ਸ਼ਬਦ ਦੁਸ਼ਾਲਾ ਇਕ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਏਕਾ ਦੇਵੇ ਸੱਚਾ ਨਾਮ ਧਨ, ਆਦਿ ਜੁਗਾਦਿ ਨਾ ਹੋਏ ਕੰਗਾਲਾ

ਜਗਤ ਮਾਇਆ ਪਰੇ ਹਟਾਇੰਦਾ । ਸੋਹੰ ਅੱਖਰ ਸਾਚੀ ਧਾਰ, ਸੁਨ ਅਗੰਮੋ ਆਈ ਪਾਰ, ਪ੍ਰਭ ਅਬਿਨਾਸ਼ੀ ਆਪ ਟਿਕਾਏ ਦਸਮ ਦਵਾਰੀ ਕਿਰਪਾ ਧਾਰ ਡਗਮਗਾਏ, ਧੁਨੀ ਨਾਦ ਅਨਾਹਦ ਧਾਰਾ ਰੰਗ ਸਫੇਦੀ ਇਕ ਰਖਾਏ । ਅੰਮ੍ਰਿਤ ਸੁਹਾਏ ਸਾਚਾ ਤਾਲ, ਗੁਰਮੁਖ ਸਾਚੇ ਸੰਤ ਜਨਾਂ ਬਾਂਹੋਂ ਪਕੜ ਦਇਆ ਕਮਾਏ । ਆਪ ਲਵਾਏ ਆਪਣੀ ਛਾਤੀ, ਝੂਠੀ ਕਾਇਆ ਹੋਣੀ ਕਾਗ, ਹਰਿ ਨਾ ਮਿਲਿਆ ਕੰਤ ਸੁਹਾਗ, ਦੁਰਮਤ ਮੈਲ ਨਾ ਕੋਇ ਧਵਾਏ । ਭਗਤ ਜਨਾਂ ਹਰਿ ਪਕੜੇ ਵਾਗ, ਮਾਇਆ ਰਾਣੀ ਲਾਹੇ ਦਾਗ਼, ਸਤਿ ਪੁਰਖ ਨਿਰੰਜਣ ਦਇਆ ਕਮਾਏ । ਸ਼ਬਦ ਜਣਾਏ ਅਜਪਾ ਜਾਪ, ਰਹੇ ਵਿਸਮਾਦ ਰਸਨਾ ਮੁਖ ਨਾ ਕੋਈ ਹਿਲਾਏ । ਆਪ ਉਪਜਾਏ ਸਾਚਾ ਨਾਦ, ਵੇਖ ਵਖਾਣੇ ਹਰਿ ਬ੍ਰਿਹਮਾਦ, ਸੋਹੰ ਦੇਵੇ ਸਾਚਾ ਵਰ, ਸਤਿ ਪੁਰਖ ਨਿਰੰਜਣ ਮੇਲ ਮਿਲਾਏ । ਆਦਿ ਪੁਰਖ ਅਪਰੰਪਰ ਆਦਿ, ਆਪ ਜਗਾਏ ਸੰਤ ਸਾਧ, ਸ਼ਬਦ ਹਲੂਣਾ ਰਿਹਾ ਲਗਾਏ । ਸੋਹੰ ਸੁਰਤੀ ਸੁਰਤ ਧਿਆਨ, ਅਕਾਲ ਮੂਰਤੀ ਇਕ ਗਿਆਨ, ਨਾਦ ਤੂਰਤੀ ਸਚ ਨਿਸ਼ਾਨ, ਭਗਤ ਜਨਾਂ ਹਰਿ ਆਸਾ ਪੂਰਤੀ, ਸ਼ਬਦ ਨਿਸ਼ਾਨਾ ਬ੍ਰਹਮ ਗਿਆਨ । ਜੋਤੀ ਜੋਤ ਸਰੂਪ ਹਰਿ, ਸੋਹੰ ਅੱਖਰ ਦੱਸੇ ਵੱਖਰ ਦਸਮ ਦਵਾਰੀ ਬਾਹਰ ਉਡਾਨ । ਸੋਹੰ ਅੱਖਰ ਹਰਿ ਉਪਜਾਇਆ ਏ । ਜੋਤੀ ਸਾਇਆ ਇਕ ਰਖਾਇਆ ਏ । ਸਾਚੀ ਧਾਰਾ ਆਪ ਵਹਾਇਆ ਏ । ਦਸਮ ਦਵਾਰੀ ਡੇਰਾ ਲਾਇਆ ਏ । ਚੌਥਾ ਪਦ ਰਾਹ ਵਖਾਇਆ ਏ । ਗੁਰਮੁਖ ਸਾਚੇ ਸੰਤ ਸੁਹੇਲੇ, ਸਦ ਸਾਚਾ ਥਾਨ ਆਪ ਸੁਹਾਇਆ ਏ । ਸ਼ਬਦ ਵੱਜੇ ਅਨਾਹਦ ਨਦ ਨਾ ਸਿੰਙੀ ਨਾਦ ਸੁਣਾਇਆ ਏ । ਅੰਮ੍ਰਿਤ ਆਤਮ ਮਿਲੇ ਮਧ, ਸੁਹਾਵਾਂ ਤਾਲ ਭਰਾਇਆ ਏ । ਪੁਰਖ ਅਬਿਨਾਸ਼ੀ ਦਿਸ ਨਾ ਆਏ ਲੰਮਾ ਚੌੜਾ ਉਚਾ ਕੱਦ, ਅੰਦਰੇ ਅੰਦਰ ਸਮਾਇਆ ਏ । ਪੰਜੇ ਚੋਰਾਂ ਰਿਹਾ ਬਧ, ਸਾਚਾ ਖੰਡਾ ਹੱਥ ਉਠਾਇਆ ਏ । ਦਸਮ ਦਵਾਰੀ ਸਾਚੀ ਹਦ, ਨੌਂ ਦਵਾਰੇ ਬਾਹਰ ਰਖਾਇਆ ਏ । ਜੋਤੀ ਜੋਤ ਸਰੂਪ ਹਰਿ, ਗੁਰਮੁਖ ਸਾਚੇ ਸੰਤ ਜਨਾਂ ਏਕਾ ਅੱਖਰ ਸਾਚਾ ਨਾਉਂ ਅਗੰਮ ਅਥਾਹੋ ਬੇਪਰਵਾਹੋ ਸਾਚਾ ਰਾਹ ਵਖਾਇਆ ਏ । ਸਾਚਾ ਨਾਉਂ ਹਰਿ ਭਗਵਾਨ । ਸਦਾ ਰਖੇ ਠੰਡੀ ਛਾਂ, ਜੀਵ ਜੰਤ ਵਿਚ ਜਹਾਨ । ਆਪੇ ਹੋਏ ਪਿਤਾ ਮਾਂ, ਜੰਗਲ ਜੂਹ ਉਜਾੜ ਪਹਾੜ ਬੀਆਬਾਨ । ਹੰਸ ਬਣਾਏ ਗੁਰਮੁਖ ਕਾਂ, ਸ਼ਬਦ ਉਡਾਏ ਇਕ ਉਡਾਨ । ਜੋਤੀ ਜੋਤ ਸਰੂਪ ਹਰਿ, ਸੋਹੰ ਹੰਸਾ ਹੰਸ ਸਰਬੰਸਾ, ਮਾਣਕ ਮੋਤੀ ਚੋਗ ਚੁਗਾਨ । ਮਾਣਕ ਮੋਤੀ ਚੋਗ ਨਿਆਰੀ । ਪ੍ਰਭ ਅਬਿਨਾਸ਼ੀ ਕਿਰਪਾ ਕਰ, ਸੰਤ ਜਨਾਂ ਦੇ ਲਿਆਏ ਦਵਾਰੀ । ਆਪ ਆਪਣਾ ਦੇਵੇ ਵਰ, ਪੰਚ ਪੰਚਾਇਣ ਕਰੇ ਖ਼ਬਰਦਾਰੀ । ਸਾਚੀ ਤਰਨੀ ਜਾਏ ਤਰ, ਮਿਲੇ ਮੇਲ ਨਰ ਹਰਿ ਸੱਚੀ ਸਰਕਾਰ, ਨਾ ਜਨਮੇ ਨਾ ਜਾਏ ਮਰ, ਆਦਿ ਅੰਤ ਏਕਾ ਏਕ ਏਕੰਕਾਰੀ । ਜੋਤੀ ਜੋਤ ਸਰੂਪ ਹਰਿ, ਗੁਰਮੁਖ ਸਾਚਾ ਸੰਤ ਜਨਾਂ, ਸਚ ਦਵਾਰੇ ਰਿਹਾ ਪੁਕਾਰੀ । ਸਚ ਦਵਾਰੇ ਰਿਹਾ ਪੁਕਾਰ, ਹਰਿ ਭਗਤ ਆਪ ਜਗਾਇੰਦਾ । ਸ਼ਬਦ ਸਿੰਘਾਸਣ ਹਰਿ ਦਾਤਾਰ, ਆਲਸ ਨਿੰਦਰਾ ਨਾ ਕੋਈ ਰਖਾਇੰਦਾ । ਜੋਤ ਸਰੂਪੀ ਸਤਿ ਅਕਾਰ, ਦਸ ਅੰਦਰੇ ਵੇਖ ਵਖਾਇੰਦਾ । ਸ਼ਬਦ ਖੰਡਾ ਫੜ ਕਟਾਰ, ਪੰਚਮ ਸੀਸ ਹਰਿ ਜਗਦੀਸ ਆਪ ਕਟਾਇੰਦਾ । ਪੰਚਾਂ ਤਨ ਸ਼ਿੰਗਾਰ ਕਰਾਇੰਦਾ । ਵਿਚ ਬੈਠ ਸੱਚੀ ਸਰਕਾਰ, ਨਾ ਕੋਈ ਠੱਗ ਨਾ ਕੋਈ ਚੋਰ ਯਾਰ, ਨਾ ਕੋਈ ਭੇਖਾਧਾਰੀ ਵਿਚਾਰ ਸਚ ਨਿਆਉਂ ਆਪਣਾ ਆਪ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਗੁਰਮੁਖ ਸਾਚੇ ਸੰਤ ਜਨਾਂ ਸਵੱਛ ਸਰੂਪੀ ਪਰਗਟ ਹੋਏ ਦਰਸ ਦਿਖਾਇੰਦਾ । ਸਤਿ ਸਰੂਪ ਸਾਚੀ ਸੇਜਾ ਆਪ ਸੁਹਾਈ । ਨਾ ਕੋਈ ਰੰਗ ਨਾ ਕੋਈ ਰੂਪ, ਸ਼ਬਦ ਡੰਕ ਰਿਹਾ ਵਜਾਈ ।


੧੪੬
੦੫

ਕਿਸੇ ਦਿਸ ਨਾ ਆਏ ਕਾਇਆ ਮੰਦਰ ਅੰਧ ਕੂਪ, ਕਵਣ ਨਗਾਰਾ ਰਿਹਾ ਵਜਾਈ । ਜੂਠਾ ਝੂਠਾ ਦਰ ਦਰ ਘਰ ਘਰ ਮੰਦਰ ਦੇਵੇ ਧੂਪ, ਸਚ ਸੁਗੰਧੀ ਆਤਮ ਰਸ ਕਿਸੇ ਹੱਥ ਨਾ ਆਈ । ਚਾਰੋਂ ਕੁੰਟ ਵਾ ਗੰਦੀ, ਬੇਮੁਖ ਜੀਵਾਂ ਆਤਮ ਅੰਧੀ, ਬੇਮੁਖ ਜੀਵਾਂ ਆਤਮ ਹੋਈ ਹਲਕਾਈਆ । ਜੂਠੇ ਝੂਠੇ ਕਾਇਆ ਮਾਇਆ ਲੂਠੇ, ਨਾ ਕੋਈ ਤੋੜੇ ਕਾਇਆ ਬੰਧੀ, ਨਾ ਹੋਏ ਕੋਈ ਸਹਾਈਆ । ਗੁਰਮੁਖ ਸਾਚਾ ਸੰਤ ਸੁਹੇਲਾ ਚੜ੍ਹਿਆ ਚੰਦ ਨੌਂ ਚੰਦੀ, ਵਿਚ ਅਕਾਸ਼ਾਂ ਰਿਹਾ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਗੁਰਮੁਖ ਸਾਚੇ ਸੰਤ ਜਨਾਂ, ਆਪੇ ਕਟੇ ਦਸ ਦਸ ਮਾਸ ਲੇਖਾ ਆਪ ਚੁਕਾਈਆ । ਕਲਜੁਗ ਮਿਲਿਆ ਅੰਤ ਹਰਿ ਆਪ, ਮਾਇਆ ਪਾਪ ਰਿਹਾ ਕਾਂਪ, ਨਿਹਕਲੰਕ ਨਰਾਇਣ ਨਰ, ਆਪ ਆਪਣੀ ਕਿਰਪਾ ਕਰ, ਆਪ ਵਖਾਏ ਆਪਣਾ ਆਪ । ਸੋਹੰ ਗਾਉਣਾ ਦਿਵਸ ਰੈਣ, ਚੜ੍ਹਦੇ ਮੁਖ ਲੋਇਣ ਨੈਣ, ਉਤਰੇ ਭੁਖ ਮਿਟੇ ਕਾਇਆ ਦੁੱਖ, ਸਗਲ ਵਸੂਰੇ ਜਾਇਣ ਲਥ, ਨਾਤਾ ਤੁਟੇ ਮਾਤ ਕੁੱਖ, ਉਲਟਾ ਹੋਏ ਨਾ ਫੇਰ ਰੁਖ਼, ਲਾੜੀ ਮੌਤ ਨਾ ਖਾਏ ਡੈਣ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਦਰਸ ਦਿਖਾਏ ਸਾਚੇ ਨੈਣ । ਸੋਹੰ ਰਸਨਾ ਰਸ ਸਹਿਜ ਸੁਭਾਇਆ । ਪੰਚਮ ਪਹਿਰ ਗਾਉਣਾ ਹੱਸ, ਕਲਜੁਗ ਵੇਲਾ ਅੱਜੇ ਬਕਾਇਆ । ਸਾਚਾ ਰਾਹ ਰਿਹਾ ਦਸ, ਪੰਚਮ ਲੇਖਾ ਆਪਣਾ ਆਪ ਮੁਕਾਇਆ । ਦੁਸ਼ਟ ਦੂਤ ਸਭ ਜਾਇਣ ਨਸ, ਨੌਂ ਅਠਾਰਾਂ ਦਏ ਦੁਰਕਾਇਆ । ਸਾਚਾ ਤੀਰ ਏਕਾ ਕਸ, ਦਰ ਦਵਾਰਾ ਦਏ ਖੁਲ੍ਹਾਇਆ । ਸਤਿ ਪੁਰਖ ਨਿਰੰਜਣ ਅੰਦਰ ਵਸ, ਸਾਚਾ ਦਰਸ ਦਏ ਦਿਖਾਇਆ । ਮਿਟੇ ਰੈਣ ਅੰਧੇਰੀ ਮਸ, ਸਾਚੀ ਰਾਸ ਹਰਿ ਵਖਾਇਆ । ਜੋਤੀ ਜੋਤ ਸਰੂਪ ਹਰਿ, ਸਵਾ ਪਹਿਰ ਕਰੇ ਮਿਹਰ ਨਾ ਲਾਏ ਦੇਰ, ਦੀਪਕ ਜੋਤੀ ਦਏ ਜਗਾਇਆ । ਸਵਾ ਪਹਿਰ ਜਪਣਾ ਜਪ । ਚੜ੍ਹਦੇ ਮੁਖ ਰਖਣਾ ਆਪ । ਮਾਰ ਮੁਕਾਏ ਦਇਆ ਕਮਾਏ ਤੀਨੋ ਤਪ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਗਰੋਂ ਲਾਹੇ ਮਾਇਆ ਨਾਗਨ ਡੱਸਣੀ ਸੱਪ । ਸਵਾ ਪਹਿਰ ਰਸਨਾ ਗਾਉਣਾ । ਪੰਚਮ ਪਹਿਰ ਸਿੰਘਾਸਣ ਲਾਉਣਾ । ਸ਼ਬਦ ਸਵਾਸ ਨਾਲ ਚਲਾਉਣਾ । ਮੈਂ ਤੂੰ ਹਰਿ ਭੇਵ ਚੁਕਾਉਣਾ । ਤੂੰ ਮੈਂ ਇਕ ਥਾਂ ਵਸਾਉਣਾ । ਮੈਂ ਤੂੰ ਤੂੰ ਮੈਂ ਏਕਾ ਧਾਮ ਜੋਤ ਨਿਰੰਜਣ ਸਚ ਸਿੰਘਾਸਣ ਸਾਚੇ ਅੰਦਰ ਮੰਦਰ ਬਿਸਰਾਮ ਸਵਾ ਪਹਿਰ ਏਕਾ ਲਹਿਰ, ਕਾਇਆ ਮੰਦਰ ਸਾਚੇ ਸ਼ਹਿਰ, ਦੀਪਕ ਜੋਤੀ ਇਕ ਜਗਾਉਣਾ । ਜਗਤ ਮਾਇਆ ਨਾ ਵਿਆਪੇ ਕਹਿਰ, ਪ੍ਰਭ ਅਬਿਨਾਸ਼ੀ ਆਪੇ ਵਰਤੇ ਆਪਣੀ ਮਿਹਰ, ਹੋਏ ਸਹਾਈ ਸੰਗ ਬਣਾਵਣਾ । ਜੋਤੀ ਜੋਤ ਸਰੂਪ ਹਰਿ, ਜਨ ਭਗਤਾਂ ਦੇਵੇ ਸਚ ਵਰ, ਸਾਚਾ ਮਾਰਗ ਮਾਤ ਵਖਾਉਣਾ । ਸਵਾ ਪਹਿਰ ਸਦਾ ਸੁਖਦਾਇਆ । ਉਜਲ ਕਰੇ ਮਾਤ ਕੁੱਖ, ਹਰਿਜਨ ਸਾਚੇ ਰਸਨਾ ਗਾਇਆ । ਅੰਦਰੇ ਧੁੰਏ ਰਹੇ ਧੁਖ, ਜੋਤ ਪਰਕਾਸ਼ ਨਾ ਕੋਇ ਕਰਾਇਆ । ਗੁਰਮੁਖ ਸਾਚੇ ਸਾਚੀ ਸਿਖਨਾ ਲੈਣੀ ਸਿਖ, ਮਨ ਤਨ ਕਾਇਆ ਭੇਟ ਚੜ੍ਹਾਇਆ । ਪੁਰਖ ਅਬਿਨਾਸ਼ੀ ਇਕ ਵਖਾਲ ਉਤਮ ਮੁਖ ਆਤਮ ਸੇਜਾ ਕਰ ਤਿਆਰ, ਉਤੇ ਫੂਲਨ ਰੱਖੇ ਹਾਰ, ਦੋਏ ਜੋੜ ਕਰੇ ਨਿਮਸਕਾਰ, ਮੈਂ ਨਾਰ ਤੂੰ ਕੰਤ ਭਤਾਰ ਸਿਰ ਤੇ ਦੇਣਾ ਇਕ ਪਿਆਰ, ਸਾਚੀ ਸੇਜਾ ਚਰਨ ਛੁਹਾਇਆ । ਆਪੇ ਅੰਦਰ ਆਪੇ ਬਾਹਰ, ਆਪੇ ਗੁਪਤ ਆਪੇ ਜਾਹਰ, ਜੋਤ ਨਿਰੰਜਣ ਅਲਖ ਅਲਖ ਘਰ ਸਾਚੇ ਰਿਹਾ ਜਗਾਇਆ । ਲੱਖ ਚੁਰਾਸੀ ਵਿਚੋਂ ਕੀਨਾ ਵੱਖ, ਵੇਲੇ ਅੰਤ ਹੋਏ ਸਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਵਲ ਨਾਭੀ ਲਏ ਫੜ, ਅੰਮ੍ਰਿਤ ਧਾਰ ਮੁਖ ਚੁਆਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਤੇਰੀ ਅੰਤਮ ਵਾਰੀ, ਏਕਾ ਦੇਵੇ ਵਡਿਆਇਆ । ਆਪੇ ਸੁਰਤੀ ਆਪ ਗਿਆਨ ।

ਆਪੇ ਆਪ ਅਕਾਲ ਮੂਰਤੀ ਚਤੁਰਭੁੱਜ ਸ੍ਰੀ ਭਗਵਾਨ । ਆਪੇ ਨਾਦ ਅਨਾਹਦ ਤੂਰਤੀ, ਆਪੇ ਖਾਣੀ ਆਪੇ ਬਾਣੀ ਆਪੇ ਚਾਰ ਵੇਦ ਪੁਰਾਨ । ਆਪੇ ਕੁਰਾਨ ਅੰਜੀਲ ਕੁਰਾਨੀ, ਆਪੇ ਰਾਜਾ ਆਪੇ ਰਾਣੀ, ਆਪ ਸੁਹੇਲਾ ਸਾਚਾ ਹਾਣੀ, ਆਪੇ ਦਾਤਾ ਆਪੇ ਦਾਨੀ, ਆਪੇ ਹੋਏ ਠੰਡਾ ਪਾਣੀ, ਆਪੇ ਹੋਏ ਮਨੂਆ ਮਾਨੀ, ਆਪੇ ਤਾਣਾ ਰਿਹਾ ਵਿਛਾਈਆ । ਦੇਂਦਾ ਰਹੇ ਡੰਨਾ, ਆਪੇ ਬਣੇ ਜਾਣੀ ਜਾਣ, ਆਪ ਰਾਗ ਸੁਨਾਏ ਕੰਨਾ, ਆਪੇ ਹੋਏ ਪਛੋਤਾਣੀ । ਆਪੇ ਭਾਂਡਾ ਭਰਮ ਦੇਵੇ ਭੰਨ, ਆਪੇ ਜੋਤ ਸਾਚੀ ਬਾਣੀ । ਸਾਚੇ ਮੰਦਰ ਆਪ ਜਗਾਣੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੇ ਵਸੇ ਘਰ, ਦੂਰ ਨਾ ਜਾਣੇ ਕੋਈ ਨਿਸ਼ਾਨੀ । ਆਪੇ ਮਾਤਾ ਆਪੇ ਪਿਤਾ, ਆਪੇ ਪੁਰਖ ਬਿਧਾਤਾ । ਆਪੇ ਕਰੇ ਸਾਚਾ ਹਿਤਾ । ਨਿਤ ਨਵਿਤਾ ਨਾ ਕੋਈ ਵੇਖੇ ਪਰਖੇ ਜ਼ਾਤਾ ਪਾਤਾ । ਆਪੇ ਜਾਣੇ ਗਤ ਮਿਤਾ । ਆਪੇ ਜਾਣੇ ਲਹਿਣਾ ਦੇਣਾ ਧੁਰ ਦਰਗਾਹੀ ਜੋ ਜਨ ਦਿਤਾ । ਆਪੇ ਦੇਵੇ ਸ਼ਬਦ ਸ਼ਿੰਗਾਰ, ਆਪੇ ਕਾਇਆ ਮੰਦਰ ਖੇਤ ਸਿਤਾ । ਬਹੱਤਰ ਨਾੜੀ ਆਪ ਚਲਾਏ ਝੂਠੀ ਰਤਾ । ਆਪੇ ਹੱਲ ਚਲਾਇਆ ਏ, ਆਪੇ ਧੀਆ ਆਪੇ ਪੁਤਾ । ਆਪੇ ਪੰਖੀ ਪੰਛੀ ਆਪੇ ਕੀਟ ਹਸਤ ਸਮਾਤਾ । ਜੋਤੀ ਜੋਤ ਸਰੂਪ ਹਰਿ, ਆਪੇ ਦਿਵਸ ਆਪੇ ਰੈਣ, ਆਪੇ ਨੇਤਰ ਆਪੇ ਨੈਣ, ਆਪੇ ਭਾਈ ਆਪੇ ਭੈਣ, ਆਪੇ ਕੰਤ ਆਪੇ ਨਾਰੀ ਏਕਾ ਰੱਖੇ ਸਾਚਾ ਨਾਤਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੇ ਵਸੇ ਘਰ, ਬੈਠਾ ਰਹੇ ਇਕ ਇਕਾਂਤ ਹੈ । ਇਕ ਇਕੱਲਾ ਹਰਿ ਨਿਰੰਕਾਰਾ ਹੈ । ਏਕਾ ਵਸੇ ਸਚ ਮਹੱਲਾ, ਜੋਤੀ ਨੂਰ ਕਰੇ ਉਜਿਆਰਾ ਹੈ । ਨਿਰਗੁਣ ਖੇਲ ਅਪਰ ਅਪਾਰਾ, ਆਪੇ ਜਾਣੇ ਆਪਣੀ ਧਾਰਾ, ਸੱਜਣ ਸੁਹੇਲਾ ਵਸੇ ਨਿਹਚਲ ਧਾਮ ਅਟੱਲਾ ਹੈ । ਅਗੰਮ ਅਗੋਚਰ ਅਲਖ ਅਪਾਰਾ, ਲੱਖ ਚੁਰਾਸੀ ਜੋਤ ਅਧਾਰਾ, ਸ੍ਰਿਸ਼ਟ ਸਬਾਈ ਹਰਿ ਪਸਾਰਾ, ਲੋਆਂ ਪੁਰੀਆਂ ਦਏ ਸਹਾਰਾ ਹੈ । ਆਪੇ ਜਾਣੇ ਪਾਰ ਕਿਨਾਰਾ, ਸੱਤ ਸਾਗਰਾਂ ਪਾਣੀ ਖਾਰਾ, ਆਪੇ ਪਰਬਤ ਵਡ ਸਮੇਰੂ ਆਪੇ ਦਏ ਹੁਲਾਰਾ ਹੈ । ਜੋਤੀ ਜੋਤ ਸਰੂਪ ਹਰਿ, ਸਚ ਸਿੰਘਾਸਣ ਆਪ ਬਿਰਾਜੇ ਨਾ ਕੋਈ ਰੱਖੇ ਚੋਬਦਾਰਾ ਹੈ । ਸਚ ਸਿੰਘਾਸਣ ਹਰਿ ਸਰਕਾਰ । ਨਾ ਕੋਈ ਰੱਖੇ ਚੋਬਦਾਰ । ਲੋਆਂ ਪੁਰੀਆਂ ਪਸਰ ਪਸਾਰ । ਖੰਡ ਬ੍ਰਹਿਮੰਡ ਰੱਖੇ ਵਾਸਾ, ਸ਼ਬਦ ਉਡਾਰੀ ਇਕ ਉਡਾਰ । ਜੋਤੀ ਜੋਤ ਸਰੂਪ ਹਰਿ, ਦੀਪਾਂ ਖੰਡਾਂ ਪਾਏ ਵੰਡਾਂ ਕਲਜੁਗ ਤੇਰੀ ਅੰਤਮ ਵਾਰ । ਸ਼ਬਦ ਉਠਾਏ ਚੰਡ ਪਰਚੰਡਾਂ, ਬੇਮੁਖ ਜੀਵਾਂ ਵੱਢੇ ਕੰਡਾਂ ਪਾਏ ਵੰਡਾਂ, ਰਾਜ ਰਾਜਾਨਾਂ ਕਰੇ ਖ਼ਬਰਦਾਰ । ਮੇਟ ਮਿਟਾਏ ਭੇਖ ਪਖੰਡਾ, ਸੋਹੰ ਫੜਿਆ ਹੱਥ ਵਿਚ ਡੰਡਾ, ਚਾਰੋਂ ਕੁੰਟਾਂ ਮਾਰੇ ਵਾਰੋ ਵਾਰ । ਸ੍ਰਿਸ਼ਟ ਸਬਾਈ ਸਦਾ ਸੁਹੇਲਾ, ਕਦੇ ਨਾ ਹੋਵੇ ਰੰਡ, ਗੁਰਮੁਖ ਸਾਚਾ ਸੋਭਾਵੰਤੀ ਨਾਰ । ਗੁਰਮੁਖ ਸਾਚੇ ਸੰਤ ਜਨਾਂ ਏਕਾ ਦੇਵੇ ਸ਼ਬਦ ਨਾਮ ਨਾਮ ਸ਼ਬਦ ਜਗਤ ਵਿਹਾਰ । ਸ਼ਬਦ ਵਿਹਾਰ ਜਨ ਕਮਾਈਆ । ਪਰਗਟ ਕਰ ਸੱਚੀ ਸਰਕਾਰ, ਸਾਚਾ ਹੁਕਮ ਆਪਣਾ ਆਪ ਸੁਣਾਈਆ । ਨਾ ਕੋਈ ਰੱਖਣਾ ਚੋਬਦਾਰ, ਜੋਤ ਸਰੂਪ ਪਹਿਰੇਦਾਰ ਬਣਾਈ ਜਾ । ਨੇੜ ਨਾ ਆਏ ਠੱਗ ਚੋਰ ਯਾਰ, ਸ਼ਬਦ ਡੰਡਾ ਨਾਲ ਰਖਾਈ ਜਾ । ਕਾਮ ਕਾਮਨੀ ਦਏ ਦੁਰਕਾਰ, ਲੋਭ ਮਮਤਾ ਪਰੇ ਹਟਾਈ ਜਾ । ਹੰਕਾਰ ਵਿਕਾਰਾ ਕਰੇ ਖੁਆਰ, ਚੰਡ ਪਰਚੰਡਾ ਆਪ ਚਲਾਈ ਜਾ । ਜੋਤੀ ਜੋਤ ਸਰੂਪ ਹਰਿ, ਏਕਾ ਵਸੇ ਸਚ ਘਰ, ਦੂਸਰ ਆਸ ਸਭ ਤਜਾਈ ਜਾ । ਜਗਤ ਆਸਾ ਦੇਣੀ ਤਜ । ਸ਼ਬਦ ਸਿੰਘਾਸਣ ਚੜ੍ਹਨਾ ਭੱਜ । ਅੰਮ੍ਰਿਤ ਭਰ ਕਟੋਰਾ ਪੀਣਾ ਰਜ । ਕਲਜੁਗ ਰੈਣ ਅੰਧੇਰੀ ਘੋਰ, ਦਰ ਦਵਾਰੇ ਬਹਿਣਾ ਸਜ । ਸ਼ਬਦ ਸਰੂਪੀ ਪਾਏ ਡੋਰ, ਪ੍ਰਭ ਪੜਦੇ ਰਿਹਾ ਕੱਜ । ਜਗਤ ਚੁਕਾਏ ਮੋਰ ਤੋਰ, ਜਨ ਭਗਤਾਂ ਰੱਖਣ ਆਇਆ


੧੪੮ ੦੫

ਲੱਜ । ਜੋਤੀ ਜੋਤ ਸਰੂਪ ਹਰਿ, ਕਲਜੁਗ ਅੰਤਮ ਵੇਖੇ ਘਰ ਘਰ, ਬੇਮੁਖ ਜੀਵਾਂ ਲਾਉਣ ਨਾ ਦੇਵੇ ਅਜ ਪਜ । ਸਾਧ ਸੰਤ ਫਿਰਨ ਹਲਕਾਏ, ਭਰਮ ਭੁਲਾਏ ਜੀਵ ਜੰਤ, ਸਾਚਾ ਰਾਹ ਨਾ ਕਿਸੇ ਵਖਾਇਆ । ਗੁਰਮੁਖ ਵਿਰਲੇ ਮੇਲ ਮਿਲਾਵਾ ਸਾਚੇ ਕੰਤ, ਆਤਮ ਸੇਜਾ ਜਿਸ ਸਵਾਇਆ । ਮਿਲਿਆ ਮੇਲ ਪੂਰਨ ਭਗਵੰਤ, ਕਲਜੁਗ ਤ੍ਰਿਸਨਾ ਦਏ ਮਿਟਾਇਆ । ਧੰਨ ਕਮਾਈ ਤੇਰੀ ਸੰਤ, ਸਾਚਾ ਰਾਹ ਇਕ ਪੁਛਾਇਆ । ਮਿਲੇ ਵਡਿਆਈ ਵਿਚ ਜੀਵ ਜੰਤ, ਲੱਖ ਚੁਰਾਸੀ ਫੰਦ ਕਟਾਇਆ । ਚੜ੍ਹਿਆ ਰੰਗ ਤਨ ਬਸੰਤ, ਖਿੜੀ ਗੁਲਜਾਰ ਤਨ ਮਹਿਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਫੂਲਨ ਬਰਖਾ ਰਿਹਾ ਲਾਇਆ । ਫੂਲਨ ਬਰਖਾ ਹਰਿ ਬਰਸਾਇੰਦਾ । ਗੁਰਮੁਖ ਸਾਚੇ ਸੰਤ ਜਨਾਂ ਸਾਚੇ ਮਾਰਗ ਲਾਇੰਦਾ । ਏਕਾ ਦੇਵੇ ਮਾਲ ਧੰਨਾ, ਸੋਹੰ ਸੁਣਨਾ ਰਾਗ ਕੰਨਾ, ਆਲਸ ਨਿੰਦਰਾ ਸਾਰੀ ਲਾਹਿੰਦਾ । ਜੋਤ ਜਗਾਏ ਹਰਿ ਜਨਾ, ਆਤਮ ਜਿੰਦਰਾ ਆਪ ਤੁੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦੇਵੇ ਨਾਮ ਵਰ, ਆਤਮ ਭੰਡਾਰਾ ਨਰ ਨਿਰੰਕਾਰਾ ਗੁਰਮੁਖ ਪਿਆਰਾ ਆਪ ਭਰਾਇੰਦਾ । ਦਏ ਭੰਡਾਰਾ ਭਰ, ਹਰਿ ਭਰਪੂਰਿਆ । ਦਰ ਘਰ ਸਾਚੇ ਸਾਚਾ ਵਰ, ਆਸਾ ਮਨਸਾ ਪੂਰਿਆ । ਇਕ ਵਖਾਏ ਸਾਚਾ ਘਰ, ਅਗੇ ਖੜਾ ਹਾਜਰ ਹਜ਼ੂਰਿਆ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬੇਮੁਖਾਂ ਕਲ ਦਿਸੇ ਦੂਰਿਆ । ਸੁਰਤ ਸ਼ਬਦ ਗਿਆਨ ਧਿਆਨ ਭਗਵਾਨਿਆ । ਜੋਗੀ ਜੁਗਤ ਨਿਸ਼ਾਨ, ਸਾਚਾ ਨਾਮ ਗੁਣ ਨਿਧਾਨਿਆ । ਪੂਰਨ ਬ੍ਰਹਮ ਸਾਚੀ ਖਾਣ, ਵੇਦ ਵਖਾਣ ਸ੍ਰੀ ਭਗਵਾਨਿਆ । ਆਪੇ ਤਾਣ ਕਾਇਆ ਮਾਣ, ਦੇਵਣਹਾਰ ਚਤੁਰ ਸੁਜਾਨਿਆ । ਉਪਰ ਧਵਲੇ ਮਾਰ ਧਿਆਨ, ਸੰਤ ਸਤਿਗੁਰ ਆਪ ਪਛਾਨਿਆ । ਚਾਰ ਵਰਨਾਂ ਵੇਦ ਵਖਾਣ, ਗਿਆਨ ਬੋਧ ਗੁਰੂ ਕਰ ਮਾਨਿਆ । ਏਕਾ ਉਠੇ ਨਾਮ ਤਰਾਨ, ਵਜੇ ਨਾਦ ਧੁਨੀ ਧੁਨਕਾਨਿਆ । ਹਰਿਜਨ ਸਾਚੇ ਰਸਨਾ ਗਾਨ, ਪਾਰਬ੍ਰਹਮ ਸਦ ਸਦ ਮਾਨਿਆ । ਦਰ ਘਰ ਸਾਚੇ ਇਕ ਪਛਾਣ, ਜੋਤੀ ਜੋਤ ਸਰੂਪ ਹਰਿ, ਰੰਗ ਨਵੇਲ ਆਪ ਵਖਾਨਿਆ । ਵਸੇ ਰੰਗ ਨਵੇਲ ਕੋਟ ਬ੍ਰਹਿਮੰਡਿਆ । ਸ੍ਰਿਸ਼ਟ ਸਬਾਈ ਏਕਾ ਟੇਕ, ਦੀਪਾਂ ਲੋਆਂ ਵਡ ਵਡ ਖੰਡਿਆ । ਆਪੇ ਆਪ ਰਿਹਾ ਵੇਖ, ਤਟ ਬਿਆਸਾ ਆਰ ਪਾਰ ਦੋਵੇਂ ਕੰਢਿਆ । ਕਵਣ ਬਿਧਾਤਾ ਲਿਖੇ ਰੇਖ, ਕਵਣ ਨਾਤਾ ਜੋੜੇ ਟੁੱਟੀ ਗੰਢਿਆ । ਕਵਣ ਨੇਤਰ ਰਿਹਾ ਪੇਖ, ਕਵਣ ਚੜ੍ਹਿਆ ਹਰਿ ਸਾਚੇ ਡੰਡਿਆ । ਕਵਣ ਧਾਰੀ ਬੈਠਾ ਭੇਖ, ਜੂਠਾ ਝੂਠਾ ਫੜਿਆ ਹੱਥ ਵਿਚ ਝੰਡਿਆ । ਕਵਣ ਰੱਖੇ ਬੁਧ ਵਿਸੇਖ, ਕਵਣ ਹੋਇਆ ਆਤਮ ਅੰਧਿਆ । ਜੋਤੀ ਜੋਤ ਸਰੂਪ ਹਰਿ, ਸ਼ਬਦ ਨਿਸ਼ਾਨਾ ਰਿਹਾ ਵੇਖ, ਚਾਰੋਂ ਕੁੰਟ ਦਹਿ ਦਿਸ਼ ਵਿਚ ਵਰਭੰਡਿਆ । ਆਰ ਪਾਰ ਬਿਆਸ ਕਿਨਾਰਿਆ । ਕਵਣ ਪ੍ਰਿਥਮੀ ਕਵਣ ਅਕਾਸ਼, ਕਵਣ ਦੇਵੇ ਮਾਤ ਸਹਾਰਿਆ । ਕਵਣ ਸੁਹੇਲਾ ਸਾਚਾ ਮੇਲਾ ਦਾਸਨ ਦਾਸ, ਕਵਣ ਗੁਰ ਚੇਲਾ ਕਵਣ ਮੀਤ ਮੁਰਾਰਿਆ । ਕਵਣ ਚੜ੍ਹਾਏ ਸ਼ਬਦ ਸਰੂਪੀ ਕਾਇਆ ਸਾਚਾ ਤੋਲਾ, ਕਵਣ ਨਾਰੀ ਪੁਰਖ ਭਤਾਰਿਆ । ਆਪੇ ਜਾਣੇ ਆਪਣਾ ਖੇਲਾ, ਕਲਜੁਗ ਹੋਇਆ ਵਕਤ ਦੁਹੇਲਾ, ਸਤਿ ਪੁਰਖ ਨਿਰੰਜਣ ਘਟ ਘਟ ਸਰਬ ਪਸਾਰਿਆ । ਤਟ ਕਿਨਾਰਾ ਇਕ ਬਿਆਸ । ਕਾਇਆ ਮੰਦਰ ਵਿਚ ਪਰਭਾਸ । ਅੰਦਰੇ ਅੰਦਰ ਸਾਚੀ ਰਾਸ । ਡੂੰਘੀ ਕੰਦਰ ਜੋਤ ਅਬਿਨਾਸ਼ । ਇਕ ਹੰਕਾਰੀ ਵੱਜਾ ਜੰਦਰ, ਕਾਲ ਕੂਟ ਨਾ ਹੋਏ ਰਾਸ । ਜੋਤੀ ਜੋਤ ਸਰੂਪ ਹਰਿ, ਆਪੇ ਵੇਖੇ ਸ਼ਬਦ ਸਵਾਸ । ਸ਼ਬਦ ਸਵਾਸਾ ਕਵਣ ਮਹੱਲ, ਕਵਣ ਸੁਹਾਏ ਸਚ ਮੁਨਾਰਿਆ । ਕਵਣ ਵਸੇ ਨਿਹਚਲ ਧਾਮ ਅਟੱਲ, ਕਵਣ ਵੇਖੇ ਧਾਮ ਨਿਆਰਿਆ । ਕਵਣ ਕਰੇ

ਕਰਾਏ ਵਲ ਛਲ, ਦੀਪਕ ਜੋਤੀ ਰਿਹਾ ਬਲ, ਆਦਿ ਅੰਤ ਨਾ ਕਦੇ ਹਾਰਿਆ । ਕਾਇਆ ਮੰਦਰ ਵਲ ਛਲ, ਦੂਈ ਦਵੈਤੀ ਅੰਦਰ ਸਲ, ਮਾਇਆ ਵਰਤੇ ਕਲਜੁਗ ਕਲ, ਏਕਾ ਪੜਦਾ ਹਰਿ ਰਖਾ ਰਿਹਾ । ਅੰਮ੍ਰਿਤ ਸੋਮਾ ਸਾਚਾ ਜਲ, ਸ਼ਬਦ ਸਰੂਪੀ ਵੱਗੇ ਹੱਲ, ਇਕ ਲਗਾਏ ਨਾਮ ਫਲ, ਸਾਚਾ ਬੀਜ ਆਪ ਬਿਜਾ ਰਿਹਾ । ਚਾਰ ਵਰਨਾਂ ਜਾਣਾ ਰਲ, ਸਚ ਦਵਾਰਾ ਲੈਣਾ ਮਲ, ਸ਼ਬਦ ਸੁਨੇਹੜਾ ਰਿਹਾ ਘੱਲ, ਨਿਹਕਲੰਕੀ ਡੰਕ ਵੱਜਾ ਰਿਹਾ । ਦਰਸ ਦਿਖਾਏ ਘੜੀ ਘੜੀ ਪਲ ਪਲ, ਨਾ ਕੋਈ ਜਾਣੇ ਅਜ ਕਲ, ਦਵਾਰ ਬੰਕ ਇਕ ਸੁਹਾ ਰਿਹਾ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਏਕਾ ਅੰਕ ਆਪ ਚਲਾ ਰਿਹਾ । ਸ਼ਬਦ ਸੁਨੇਹੜਾ ਘਲ, ਜਗਤ ਜਗਾਇੰਦਾ । ਪ੍ਰਭ ਕਾ ਭਾਣਾ ਨਾ ਜਾਏ ਟਲ, ਰਾਜ ਰਾਜਾਨਾਂ ਆਪ ਹਿਲਾਇੰਦਾ । ਸ਼ਬਦ ਡੰਡਾ ਲਾਹੇ ਖੱਲ, ਲੱਖ ਚੁਰਾਸੀ ਸੁਰਤ ਭਵਾਇੰਦਾ । ਪਰਗਟ ਹੋਏ ਕਲ, ਕਲ ਆਪਣੀ ਆਪ ਵਰਤਾਇੰਦਾ । ਸਚ ਦਵਾਰਾ ਲੈਣਾ ਮਲ, ਜੋਤੀ ਦੀਪਕ ਇਕ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਸੰਤ ਸੁਹੇਲੇ ਕਰ ਕਰ ਮੇਲੇ ਇਕ ਇਕੇਲੇ ਧਾਮ ਬਹਾਇੰਦਾ । ਹੋਇਆ ਮੇਲ ਮੇਲ ਭਗਵਾਨਿਆ । ਚਤੁਰਭੁਜ ਰਾਜ ਬੰਕ ਬੰਕ ਰਾਜ ਸਾਚਾ ਮੰਦਰ ਆਪ ਸੁਹਾਨਾ । ਰੰਗੇ ਰੰਗ ਸਾਚੀ ਧਾਰ ਵਿਚ ਸੰਸਾਰ ਪਹਿਲੀ ਵਾਰ ਖੇਲ ਰਚਾਨਾ । ਨੌਂ ਖੰਡ ਪ੍ਰਿਥਮੀ ਵੇਖੇ ਮਾਰ ਧਿਆਨਾ । ਸੋਲਾਂ ਕਲੀਆਂ ਤਨ ਸ਼ਿੰਗਾਰ, ਅੱਠੇ ਪਹਿਰ ਖ਼ਬਰਦਾਰ, ਵੇਖ ਵਖਾਣੇ ਮੀਤ ਮੁਰਾਰ, ਠੱਗ ਚੋਰ ਕਿਹੜੀ ਧਾਰ, ਸ਼ਬਦ ਖੰਡਾ ਹੱਥ ਉਠਾਨਾ । ਆਪੇ ਪੁਰਖ ਆਪੇ ਨਾਰ, ਆਪੇ ਕੰਤ ਸੁਹਾਗੀ ਸਾਚਾ ਯਾਰ, ਸਾਚੀ ਸੇਜਾ ਆਸਣ ਲਾਣਾ । ਕਲਜੁਗ ਭੁੱਲ ਨਾ ਜੀਵ ਗਵਾਰ, ਪਰਗਟ ਹੋਇਆ ਹਰਿ ਕਰਤਾਰ, ਸੋਲਾਂ ਕਲੀਆਂ ਕਰ ਸ਼ਿੰਗਾਰ, ਨਿਹਕਲੰਕ ਬਲੀ ਬਲਵਾਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਝੁਲਾਏ ਸ਼ਬਦ ਸਰੂਪੀ ਜਗਤ ਨਿਸ਼ਾਨਾ । ਝੁੱਲੇ ਸ਼ਬਦ ਜਗਤ ਨਿਸ਼ਾਨ, ਪਰਗਟ ਹੋਏ ਹਰਿ ਭਗਵਾਨ, ਜਨ ਭਗਤਾਂ ਦੇਵੇ ਨਾਮ ਦਾਨ, ਸਾਚੀ ਭਿਛਿਆ ਆਪੇ ਪਾਇੰਦਾ । ਸ਼ਬਦ ਸੁਣਾਏ ਸਾਚਾ ਕਾਨ, ਆਪੇ ਵੇਖੇ ਮਾਰ ਧਿਆਨ, ਰਾਜ ਰਾਜਾਨਾਂ ਸ਼ਾਹ ਸੁਲਤਾਨ ਵੇਖ ਵਖਾਇੰਦਾ । ਵਾਲੀ ਹਿੰਦ ਉਠ ਨੌਜਵਾਨਾ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇ ਮਤ ਆਪ ਸਮਝਾਇੰਦਾ । ਭਾਰਤ ਖੰਡ ਸਚ ਦੁਲਾਰੇ ਨੇਤਰ ਵੇਖ ਨੈਣ ਖੋਲ੍ਹ, ਮਸਤਕ ਲੇਖਾ ਅਪਰ ਅਪਾਰੇ । ਪ੍ਰਭ ਅਬਿਨਾਸ਼ੀ ਰਿਹਾ ਬੋਲ, ਕਿਹੜੀ ਕੂਟੇ ਲਏ ਝੂਟੇ, ਪਾਰਬ੍ਰਹਮ ਜੋਤ ਨਿਰੰਕਾਰੇ । ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਜੀਆਂ ਹਰਿ ਇਕ ਅਧਾਰੇ । ਇਕ ਅਧਾਰਾ ਇਕ ਅਕਾਲਿਆ । ਸਚ ਪਸਾਰਾ ਸਰਬ ਸਮਾ ਲਿਆ । ਵਡ ਸੰਸਾਰਾ ਖੇਲ ਨਿਰਾਲਿਆ । ਉਚ ਚਬਾਰਾ ਇਕ ਬਣਾ ਲਿਆ । ਨੌਂ ਦਵਾਰਾ ਹਰਿ ਰਖਾ ਲਿਆ । ਸਿੰਘ ਜਗਦੀਸਾ ਭੇਟ ਚੜ੍ਹਾ ਲਿਆ । ਸਾਚੀ ਸੇਵਾ ਹਰਿ ਜੀ ਲਾ ਲਿਆ । ਸਾਧਾਂ ਸੰਤਾਂ ਪੜਦਾ ਉਹਲਾ, ਸਾਚਾ ਕੰਤਾ ਵਿਚ ਸਮਾ ਲਿਆ । ਦਸਮ ਦਵਾਰੀ ਆਸਣ ਲਾ ਲਿਆ । ਨਿਹਕਲੰਕ ਨਰਾਇਣ ਨਰ, ਰੰਗ ਰੰਗੀਲਾ ਖੇਲ ਰਚਾ ਲਿਆ । ਨੌਂ ਦਵਾਰੇ ਖੋਲ੍ਹ, ਰਚਨ ਰਚਾਇੰਦਾ । ਦਸਵੇਂ ਰਿਹਾ ਬੋਲ, ਢੋਲ ਵਜਾਇੰਦਾ । ਜਨ ਭਗਤਾਂ ਤੋਲੇ ਪੂਰੇ ਤੋਲ, ਸ਼ਬਦ ਕੰਡਾ ਹੱਥ ਉਠਾਇੰਦਾ । ਕਲਜੁਗ ਕਰਨ ਆਇਆ ਚੋਹਲ, ਦੇਵੇ ਵਸਤ ਨਾਮ ਅਨਮੋਲ, ਧੁਰ ਦਰਗਾਹੀ ਆਪ ਲਿਆਇੰਦਾ । ਗੁਰੂਆਂ ਪੀਰਾਂ ਪਿਆ ਘੋਲ, ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹੋਏ ਦਲਾਲਾ ਕਲਜੁਗ ਰਖਵਾਲਾ, ਅਕਾਲ ਅਕਾਲਾ ਦੀਨ ਦਿਆਲਾ, ਜਗਤ ਝੇੜਾ ਕਰੇ ਨਿਬੇੜਾ, ਸਚ ਨਿਆਉਂ

੧੫੧ ੦੫

ਸਭਨੀਂ ਥਾਉਂ ਆਪਣਾ ਆਪ ਕਰਾਇੰਦਾ । ਕਰੇ ਸਚ ਨਿਆਉਂ ਸ਼ਬਦ ਅਧਾਰਿਆ । ਪੁਰਖ ਅਬਿਨਾਸ਼ੀ ਅਗੰਮ ਅਥਾਹੋ, ਵੇਖ ਵਖਾਣੇ ਕਵਣ ਦਵਾਰੇ ਠੰਡੀ ਛਾਉਂ, ਸਾਚਾ ਦਰਸ ਪਛਾਨਿਆ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਆਪੇ ਜਾਣੇ ਜਾਣ ਪਛਾਣੇ, ਸੰਤ ਜਨਾਂ ਦਾ ਪੀਣਾ ਖਾਣਿਆ । ਸੰਤ ਜਨਾਂ ਹਰਿ ਬਿਰਧ ਰਖਾਇਆ । ਅਠੇ ਪਹਿਰ ਇਕ ਅਧਾਰ, ਏਕਾ ਅੱਖਰ ਨਾਮ ਪੜ੍ਹਾਇਆ । ਜੀਆਂ ਜੰਤਾਂ ਉਧਾਰ, ਦਰ ਦਵਾਰੇ ਇਹ ਸਮਝਾਇਆ । ਆਪੇ ਰਿਹਾ ਪੈਜ ਸਵਾਰ, ਦਿਸ ਕਿਸੇ ਨਾ ਆਇਆ । ਸ਼ਬਦ ਸਿੰਘਾਸਣ ਜਗਤ ਮਝਾਰ, ਜੋਤ ਨਿਰੰਜਣ ਡੇਰਾ ਲਾਇਆ । ਇਕ ਅਕਾਲਾ ਓਅੰਕਾਰ, ਦੂਜਾ ਕੋਈ ਨਾ ਯਾਰ ਬਣਾਇਆ । ਸਾਚੇ ਸ਼ਬਦ ਰੱਖੇ ਪਿਆਰ, ਸਾਚੀ ਦਾਤ ਮਾਤ ਦਵਾਇਆ । ਪਵਣ ਘੋੜੇ ਕਰ ਅਸਵਾਰ, ਸਿੱਧਾ ਰਾਹ ਇਕ ਵਖਾਇਆ । ਨਾਮ ਲਾਇਆ ਡੰਡਾ ਭਾਰ, ਪੁਰੀਆਂ ਲੋਆਂ ਆਪ ਮਿਟਾਇਆ । ਕਲਜੁਗ ਕਾਲਾ ਅੰਧ ਅੰਧਿਆਰ, ਕਾਲਾ ਵੇਸ ਮਾਤ ਵਟਾਇਆ । ਜੋਤੀ ਜਾਮਾ ਧਰਿਆ ਭੇਸ, ਕਾਇਆ ਮੰਦਰ ਹਰਿ ਆਪਣਾ ਆਪ ਛੁਪਾਇਆ । ਜੋਤੀ ਜੋਤ ਸਰੂਪ ਹਰਿ, ਆਪੇ ਵਸੇ ਸਚ ਦਰ, ਭੇਵ ਕਿਸੇ ਨਾ ਰਾਇਆ । ਸ਼ਬਦ ਘੋੜਾ ਕਰ ਤਿਆਰ, ਲੋਕਮਾਤ ਦੁੜਾਇੰਦਾ । ਜੋਤ ਨਿਰੰਜਣ ਹੋ ਅਸਵਾਰ, ਚਾਰੇ ਕੁੰਟਾਂ ਪਾਵੇ ਸਾਰ, ਦੂਰ ਦੁਰਾਡਾ ਲਡਾਏ ਲਾਡਾ, ਜਨ ਭਗਤਾਂ ਬੇੜਾ ਆਪ ਉਠਾਇੰਦਾ । ਲੱਖ ਚੁਰਾਸੀ ਸਾਚਾ ਵਾਚਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚਾ ਬੇੜਾ ਮਾਤ ਬੰਨ੍ਹਾਇੰਦਾ । ਬੇੜਾ ਕਰੇ ਪਾਰ, ਪੁਰਖ ਅਬਿਨਾਸ਼ੀ ਕਿਰਪਾ ਧਾਰ, ਸੋਹੰ ਚੱਪੂ ਨਾਮ ਲਗਾਏ, ਖਿੱਚੀ ਜਾਏ ਵਾਰੋ ਵਾਰ । ਹੱਦ ਬਿਆਸਾ ਆਪ ਟਪਾਏ, ਸਾਚੇ ਸਾਗਰ ਡੂੰਘੀ ਧਾਰ । ਹਰਿਜਨ ਸਾਚੇ ਸੰਤ ਸਰਨਾਏ, ਆਪੇ ਬਖ਼ਸ਼ੇ ਕਰ ਪਿਆਰ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਲੋਕਮਾਤ ਹਰਿ ਜੋਤ ਧਰ, ਕਲਜੁਗ ਤੇਰੀ ਅੰਤਮ ਵਾਰ । ਆਪ ਉਠਾਏ ਸਾਚੇ ਸੰਤ, ਚੋਟ ਰਿਹਾ ਲਗਾਈਆ । ਵੇਖ ਵਖਾਣੇ ਜੀਵ ਜੰਤ, ਭਰਮ ਭੁਲੇਖਾ ਦੂਰ ਕਰਾਈਆ । ਕਵਣ ਦਵਾਰੇ ਰੰਗ ਬਸੰਤ, ਫੂਲਨ ਬਰਖਾ ਕਿਸ ਦਰ ਲਾਈਆ । ਜੋਤੀ ਜੋਤ ਸਰੂਪ ਹਰਿ, ਸਾਲ ਪੰਦਰਵੇਂ ਕਰੇ ਖੇਲ, ਜਮਨ ਕਿਨਾਰਾ ਸਾਚਾ ਮੇਲ, ਸੋਈ ਸੁਰਤੀ ਆਤਮ ਗਿਆਨੀ ਬਣ ਧਿਆਨੀ ਜੋਗੀ ਅਭਿਆਸੀ ਜਪੀ ਤਪੀ ਸਾਰੇ ਲਏ ਉਠਾਈਆ । ਜਪ ਜਪ ਆਦਿ ਜੁਗਾਦਿ । ਏਕਾ ਤਪ ਬੋਧ ਅਗਾਧ । ਸੋਹੰ ਛੱਡੇ ਸਾਚਾ ਸੱਪ, ਸ਼ਬਦ ਵਜਾਏ ਸਾਚਾ ਨਾਦ । ਜੋਤੀ ਜੋਤ ਸਰੂਪ ਹਰਿ, ਆਪ ਆਪਣਾ ਭੇਖ ਧਰ, ਗੁਰਮੁਖ ਵਿਰਲਾ ਮਾਤ ਲਾਧ । ਸਾਲ ਪੰਦਰਵੇਂ ਸੁਰਤ ਗਿਆਨ ਸਰਬ ਭੁਲਾਇੰਦਾ । ਸਾਚਾ ਝੁੱਲੇ ਸ਼ਬਦ ਨਿਸ਼ਾਨ ਹਰਿ ਭਗਵਾਨ ਦੇ ਗਿਆਨ ਸਾਚਾ ਸੰਤ ਸਮਝਾਇੰਦਾ । ਅੰਤਮ ਛੱਡਣੀ ਪਏ ਦੁਕਾਨ, ਏਕਾ ਰਾਹ ਧੁਰ ਦਰਗਾਹ ਜਗਤ ਮਲਾਹ ਆਪ ਅਖਵਾਇੰਦਾ । ਪਕੜ ਉਠਾਏ ਥਾਉਂ ਥਾਂ, ਕੋਈ ਨਾ ਅਗੋਂ ਕਰੇ ਨਾ, ਸਾਚਾ ਹੁਕਮ ਸੁਣਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ, ਆਪਣਾ ਮੇਲ ਮਿਲਾਇੰਦਾ । ਬਿਆਸ ਕਿਨਾਰਾ ਤੁੱਟੇ ਤੱਟ । ਸ਼ਬਦ ਤੀਰ ਏਕਾ ਛੁੱਟੇ, ਦੁਰਮਤ ਮੈਲ ਰਿਹਾ ਕਟ । ਬੇਮੁਖਾਂ ਜੜ੍ਹ ਆਪੇ ਪੁਟੇ, ਗੁਰਮੁਖਾਂ ਤਨ ਪਹਿਨਾਏ ਸ਼ਬਦ ਸਾਚਾ ਪਟ । ਜੋਤੀ ਜੋਤ ਸਰੂਪ ਹਰਿ, ਚਾਰ ਵਰਨਾਂ ਖੁਲ੍ਹਾਏ ਸਾਚਾ ਹੱਟ । ਸਾਚਾ ਹੱਟ ਵਣਜ ਵਪਾਰਿਆ । ਮੰਗਣ ਆਉਣਾ ਚਲ ਦਵਾਰਿਆ । ਆਪੇ ਜਾਣੇ ਘਟ ਘਟ, ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਵੇਖ ਵਖਾਣੇ ਸਰਬ ਕਿਛ ਜਾਣੇ, ਭੇਦ ਅਭੇਦਾ ਆਪਣਾ ਮੁਖ ਛੁਪਾ ਰਿਹਾ । ਨਾ ਕੋਈ ਗਾਏ ਚਾਰੇ ਵੇਦਾ, ਪੁਰਾਨ ਅਠਾਰਾਂ ਅਛਲ ਅਛੇਦਾ, ਚਾਰ ਲੱਖ ਹਜਾਰ ਸਤਾਰਾਂ

ਸਲੋਕ ਲਿਖਾਏ, ਆਪ ਸੁਣਾਏ ਨਾਰਦ ਮੁਨ ਰਿਹਾ ਸਮਝਾਏ, ਨਿਹਕਲੰਕ ਕਲ ਜਾਮਾ ਪਾਏ ਪੁਰਖ ਅਬਿਨਾਸ਼ੀ ਮਾਧਵ ਮਾਧਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਜੀਆਂ ਕਲ ਦੇਵੇ ਦਾਦਾ । ਲੱਥਣ ਤਨ ਚੀਰ, ਰਾਜੇ ਰਾਣਿਆ । ਕਿਸੇ ਮਨ ਆਏ ਧੀਰ, ਕਿਸੇ ਸੁਘੜ ਸਿਆਣਿਆ । ਫਿਰਨ ਜੰਗਲ ਵਾਂਗ ਫ਼ਕੀਰ, ਛੱਡਣੇ ਪੈਣੇ ਹਾਣੀ ਹਾਣੀਆ । ਕਿਸੇ ਮਿਲੇ ਨਾ ਅੰਮ੍ਰਿਤ ਨੀਰ, ਲੱਖ ਚੁਰਾਸੀ ਬੇਮੁਹਾਣਿਆ । ਕਲਜੁਗ ਅੰਤਮ ਪੈਣੀ ਭੀੜ, ਲੇਖਾ ਮੰਗੇ ਨਰ ਹਰਿ ਸੱਚਾ ਬਾਣੀਆ । ਸ਼ਬਦ ਵੇਲਣੇ ਰਿਹਾ ਪੀੜ, ਲੱਖ ਚੁਰਾਸੀ ਪਾਏ ਘਾਣ ਘਾਣੀਆ । ਆਪੇ ਬੰਨ੍ਹੇ ਆਪਣੀ ਬੀੜ, ਵੇਦ ਪੁਰਾਨੀ ਖਾਣੀ ਬਾਣੀਆ । ਨਾ ਕੋਈ ਜਾਣੇ ਹਸਤ ਕੀੜ, ਮੁੱਛ ਦਾਹੜੀ ਨਾ ਕੋਈ ਪਛਾਣੀਆ । ਨਿਹਕਲੰਕ ਨਰਾਇਣ ਨਰ, ਕਲਜੁਗ ਅੰਤਮ ਰਿੜਕਣ ਆਇਆ ਸੋਹੰ ਸ਼ਬਦ ਰਖਾਏ ਮਧਾਣੀਆ । ਸੋਹੰ ਸ਼ਬਦ ਸਚ ਮਧਾਣੀ । ਆਪੇ ਰਿੜਕੇ ਚਾਰੇ ਖਾਣੀ ਚਾਰੇ ਬਾਣੀ । ਗੁਰਮੁਖ ਸਾਚੇ ਸੰਤ ਵਰੋਲੇ, ਉਪਰ ਮੱਖਣ ਛਾਛ ਨਿਮਾਣੀ । ਪੂਰੇ ਤੋਲ ਹਰਿ ਜੀ ਤੋਲੇ, ਅੰਮ੍ਰਿਤ ਪਾਏ ਠੰਡਾ ਪਾਣੀ । ਸਚ ਦਵਾਰਾ ਏਕਾ ਖੋਲ੍ਹੇ, ਚਾਰ ਵਰਨਾਂ ਸੱਚਾ ਸ਼ਾਹ ਬੇਪਰਵਾਹ, ਸ੍ਰਿਸ਼ਟ ਸਬਾਈ ਏਕਾ ਰਾਣੀ । ਨਿਹਕਲੰਕ ਨਰਾਇਣ ਨਰ, ਸਤਿਜੁਗ ਸਾਚਾ ਮਾਤ ਧਰ, ਸੋਹੰ ਅੱਖਰ ਕਰ ਕਰ ਵੱਖਰ ਦੇ ਮਤ ਸਮਝਾਏ ਸਾਚੀ ਬਾਣੀ । ਸਤਿਜੁਗ ਸਾਚਾ ਮਾਤ ਧਰਿਆ, ਸੋਹੰ ਸ਼ਬਦ ਚਲਾਇੰਦਾ । ਆਪ ਆਪਣਾ ਆਪੇ ਵਰਿਆ, ਦੂਸਰ ਰਾਹ ਨਾ ਕੋਈ ਵਖਾਇੰਦਾ । ਸ਼ਬਦ ਘੋੜੀ ਹਰਿ ਜੀ ਚੜ੍ਹਿਆ, ਸੋਹੰ ਸਿਹਰਾ ਆਪ ਰਖਾਇੰਦਾ । ਆਪੇ ਜਾਣੇ ਘਾੜਨ ਘੜਿਆ, ਜੋਤੀ ਜੋਤ ਸਰੂਪ ਹਰਿ, ਏਕਾ ਰਸ ਸਾਚਾ ਭੋਗ, ਗੁਰਮੁਖ ਸਾਚੀ ਆਤਮ ਕਰਿਆ । ਸਾਚਾ ਭੋਗ ਰਸਨ ਰਸਾਇਣ, ਗੁਰਮੁਖ ਸਾਚੇ ਸਾਚੇ ਘਰ ਕਰ ਆਪਣਾ ਵੇਸਾ ਮਿਟਾਏ ਚਿੰਤਾ ਸੋਗ । ਹਉਮੇ ਚੁਕੇ ਜਗਤ ਵਿਜੋਗ । ਏਕਾ ਰਸ ਆਤਮ ਤ੍ਰਿਸ਼ਨਾ ਦਏ ਮਿਟਾਇਆ, ਹਉਮੇ ਕਟੇ ਧੁਰ ਸੰਜੋਗ । ਆਪਣਾ ਮੇਲ ਆਪ ਮਿਲਾਇਆ । ਮਿਲਿਆ ਮੇਲ ਨਰ ਹਰਿ ਸਰਬੰਗਿਆ, ਵਡ ਦਾਤੇ ਜੋਧੇ ਬਲਕਾਰਿਆ । ਦੁਸ਼ਟ ਸੰਘਾਰੇ ਕਿਰਪਾ ਧਾਰੇ ਜਿਉਂ ਕਾਹਨਾ ਕੰਸਾ, ਮਾਰੇ ਵਡ ਵਡ ਹੰਕਾਰਿਆ । ਆਪ ਪਰਗਟਾਏ ਵਿਚ ਸਹੰਸਾ, ਬੇਮੁਖਾਂ ਕਰੇ ਮਾਤ ਖੁਆਰਿਆ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਜੋਤੀ ਜਾਮਾ ਭੇਖ ਨਿਆਰਿਆ । ਜੋਤੀ ਜਾਮਾ ਜਗਤ ਦਲਾਲਾ । ਕਰੇ ਖੇਲ ਗੁਰ ਗੋਪਾਲਾ । ਭਗਤ ਜਨਾਂ ਦਾ ਸੱਜਣ ਸੁਹੇਲਾ, ਧਰਮ ਰਾਏ ਦੀ ਕਟੇ ਜੇਲ੍ਹਾ, ਅੱਠੇ ਪਹਿਰ ਹੋਏ ਰਖਵਾਲਾ । ਪਾਰਬ੍ਰਹਮ ਅਚਰਜ ਖੇਲ ਦੀਪਕ ਜੋਤੀ ਕਰੇ ਉਜਾਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੱਖ ਚੁਰਾਸੀ ਚਾੜ੍ਹੇ ਫਾਸੀ, ਕੱਢਣ ਆਇਆ ਮਾਤ ਦਵਾਲਾ । ਮਾਤਲੋਕ ਮਤ ਏਕ ਆਪ ਬਣਾਇੰਦਾ । ਗੁਰਮੁਖ ਵਿਰਲਾ ਜਾਣੇ ਸਤਿ, ਸਤ ਲੋਕ ਸਤਿ ਸਰੂਪੀ ਹਰਿ ਸਮਾਇੰਦਾ । ਜਗਤ ਵਖਾਣੇ ਸੁਣ ਸੁਣ ਗਾਏ ਜਗਤ ਸਲੋਕ, ਦਰ ਦਵਾਰਾ ਕੋਈ ਸਹਾਇੰਦਾ । ਕਾਲ ਅਕਾਲਾ ਸ੍ਰਿਸ਼ਟ ਸਬਾਈ ਰਿਹਾ ਝੋਕ, ਹੋਏ ਰਖਵਾਲ ਨਾ ਕੋਈ ਛੁਡਾਇੰਦਾ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਸਚ ਦਲਾਲਾ ਆਪ ਅਖਵਾਇੰਦਾ । ਕਲਜੁਗ ਕਲ ਹੋ ਤਿਆਰ, ਪ੍ਰਭ ਦਰ ਸੀਸ ਝੁਕਾਇਆ । ਪ੍ਰਭ ਅਬਿਨਾਸ਼ੀ ਕਿਰਪਾ ਧਾਰ, ਦਰ ਦਵਾਰਾ ਮੰਗਣ ਆਇਆ । ਜੂਠਾ ਝੂਠਾ ਕਲ ਵਿਹਾਰ, ਮੂੰਹ ਥੁੱਕਾਂ ਨਾਲ ਭਰਾਇਆ । ਕੋਈ ਨਾ ਦੀਸੇ ਸੱਜਣ ਮੀਤ ਮੁਰਾਰ, ਚਾਰ ਯਾਰੀ ਮੁਖ ਭਵਾਇਆ । ਨਾਤਾ ਤੁੱਟੇ ਕੰਤ ਭਤਾਰ, ਸਤਿ ਧਰਮ ਦਿਸ ਨਾ ਆਇਆ । ਆਪੇ ਵੇਖੇ ਕਰ ਵਿਚਾਰ, ਚਾਰੋਂ ਕੁੰਟ ਕਲ ਹਲਕਾਇਆ । ਧਰਤ ਮਾਤ ਰੋਵੇ ਧਾਹਾਂ ਮਾਰ, ਪੂਤ ਕਪੂਤਾ ਕਾਹਨੂੰ

ਜਾਇਆ । ਪ੍ਰਭ ਅਬਿਨਾਸ਼ੀ ਸੁਣ ਪੁਕਾਰ, ਪਾਪਾਂ ਭਾਰ ਨਾ ਜਾਏ ਉਠਾਇਆ । ਕਲਜੁਗ ਕਰਨੀ ਕਿਰਤ ਰਿਹਾ ਵਿਚਾਰ, ਵੇਲਾ ਅੰਤਮ ਨੇੜੇ ਆਇਆ । ਆਏ ਦਰ ਸੱਚੇ ਦਰਬਾਰ, ਨਿਹਕਲੰਕ ਸੁਣ ਫਰਿਯਾਦ ਗਲ ਆਪਣੇ ਪੱਲੂ ਪਾਇਆ । ਵੇਲਾ ਆਪਣਾ ਰੱਖਣਾ ਯਾਦ, ਸਾਚੀ ਵਸਤ ਜਾਂ ਝੋਲੀ ਪਾਇਆ । ਸੰਗ ਮੁਹੰਮਦ ਨਾਲ ਦਿਤੀ ਦਾਦ, ਚੌਧਵੀਂ ਸਦੀ ਤਿਲਕ ਲਗਾਇਆ । ਭੇਵ ਖੋਲ੍ਹ ਬੋਧ ਅਗਾਧ, ਵੇਲਾ ਅੰਤਮ ਤੇਰਾ ਆਇਆ । ਸ਼ਬਦ ਸੱਚਾ ਸੋਹੰ ਨਾਦ, ਜਗਤ ਭੁਲੇਖਾ ਦਏ ਕਢਾਇਆ । ਜਨ ਭਗਤਾਂ ਦੇਵੇ ਨਾਮ ਦਾਦ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਤੇਰਾ ਲੇਖਾ ਰਿਹਾ ਲਿਖਾਇਆ । ਕਲਜੁਗ ਆਏ ਦਰ ਦਏ ਦੁਹਾਈਆ । ਪ੍ਰਭ ਅਬਿਨਾਸ਼ੀ ਦੇ ਜਾ ਵਰ, ਕਾਲੀ ਕਮਲੀ ਹੋਈ ਸ਼ਾਹੀਆ । ਚਾਰੋਂ ਕੁੰਟ ਆਉਣਾ ਡਰ, ਧਰਮ ਰਾਏ ਪਾਏ ਗਲ ਵਿਚ ਫਾਹੀਆ । ਗੁਰਮੁਖ ਵਿਰਲਾ ਜਾਏ ਤਰ, ਜਿਸ ਤੇਰੀ ਓਟ ਰਖਾਈਆ । ਆਪਣੀ ਕਰਨੀ ਰਿਹਾ ਕਰ, ਸੋਲਾਂ ਕਲਾ ਜੋਤ ਰਘੁਰਾਈਆ । ਲੱਖ ਚੁਰਾਸੀ ਪਾਵਣ ਆਇਆ ਨੱਥ, ਅੰਤਮ ਆਪੇ ਜਾਏ ਮਥ, ਨਾ ਹੋਏ ਕੋਈ ਸਹਾਈਆ । ਸਦੀ ਚੌਧਵੀਂ ਹੋਈ ਸਥ, ਗੁਰਮੁਖ ਚੜ੍ਹਿਆ ਸੋਹੰ ਰਥ ਪ੍ਰਭ ਆਪ ਚੜ੍ਹਾਈਆ । ਸਗਲ ਵਸੂਰੇ ਜਾਇਣ ਲਥ, ਦਰਸ ਦਿਖਾਏ ਹਰਿ ਸਮਰਥ, ਮੰਦਰ ਅੰਦਰ ਡੇਰਾ ਲਾਈਆ । ਜਨ ਭਗਤਾਂ ਦੇਵੇ ਨਾਮ ਵਥ, ਆਤਮ ਜੋਤ ਜਗਾਈਆ । ਮਹਿੰਮਾ ਜਗਤ ਸਦਾ ਅਕੱਥ, ਵੇਦ ਪੁਰਾਨਾਂ ਸਾਰ ਨਾ ਪਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜਾਮਾ ਭੇਖ ਧਰ, ਸਾਚੀ ਜੋਤ ਮਾਤ ਪਰਗਟਾਈਆ । ।


੧੫੩

## ★ ੧੯ ਹਾੜ ੨੦੧੨ ਬਿਕ੍ਰਮੀ ਹਰਿ ਭਗਤ ਦਵਾਰ ਜੇਠੂਵਾਲ ★

ਕਲਜੁਗ ਸਾਲਸ ਆਪ ਪ੍ਰਭ, ਸਾਚਾ ਹੁਕਮ ਸੁਣਾਇੰਦਾ । ਕਲਜੁਗ ਸਾਲਸ ਆਪ ਪ੍ਰਭ, ਲੇਖਾ ਲੇਖ ਘਰ ਘਰ ਵੇਖ, ਆਪੇ ਆਪ ਲਿਖਾਇੰਦਾ । ਕਲਜੁਗ ਸਾਲਸ ਆਪ ਪ੍ਰਭ, ਜੂਠਾ ਝੂਠਾ ਭੇਖ ਪਰਦਾ ਉਹਲਾ ਨਾ ਕੋਈ ਰਖਾਇੰਦਾ । ਕਲਜੁਗ ਸਾਲਸ ਆਪ ਪ੍ਰਭ, ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਹੁਕਮ ਧੁਰ ਫ਼ਰਮਾਣ ਸਚ ਦਰਬਾਰੇ ਆਪ ਸੁਣਾਇੰਦਾ । ਸਚ ਫ਼ਰਮਾਣ ਧੁਰ ਸੁਣਾ ਰਿਹਾ । ਲੱਖ ਚੁਰਾਸੀ ਪਾਵੇ ਆਣ ਵਿਚ ਸੰਸਾਰਿਆ । ਅੰਤਮ ਝੁੱਲਣਾ ਇਕ ਨਿਸ਼ਾਨ, ਹਰਿ ਨਿਰੰਕਾਰਿਆ । ਲੋਆਂ ਪੁਰੀਆਂ ਇਕ ਉਡਾਨ, ਆਵੇ ਜਾਵੇ ਵਾਰੋ ਵਾਰਿਆ । ਜਗਤ ਜਗਦੀਸ ਹਰਿ ਮਿਹਰਵਾਨ, ਅੱਠੇ ਪਹਿਰ ਨੌਜਵਾਨ ਮਾਰੀ ਜਾਏ ਰਾਜੇ ਰਾਣਿਆ । ਹੱਥ ਫੜੇ ਫੜਾਏ ਤੀਰ ਕਮਾਨ, ਉਨੀ ਹਾੜੀ ਵਡ ਬਲਵਾਨ, ਸ਼ਬਦ ਤੀਰ ਤੇਜ ਕਟਾਰ ਗੁਣ ਨਿਧਾਨਿਆ । ਖਾਲੀ ਕਦੀ ਨਾ ਜਾਵੇ ਵਾਰ, ਸਦੀ ਚੌਧਵੀਂ ਚੌਥੇ ਸਿੰਘਾਸਣ ਆਸਣ ਕਰ, ਆਪ ਆਪਣਾ ਖੇਲ ਰਚਾ ਲਿਆ । ਸਾਚਾ ਹੁਕਮ ਧੁਰ ਫ਼ਰਮਾਣ, ਪੁਰਖ ਅਬਿਨਾਸ਼ੀ ਲੈ ਕੇ ਆਇਆ । ਲੋਕਮਾਤ ਮਾਰ ਧਿਆਨ, ਗੁਰ ਸੰਗਤ ਬਹਿ ਸਮਝਾਵਣ ਆਇਆ । ਫੜ ਫੜ ਬਾਂਹੋਂ ਰਾਹੇ ਪਾਵਣ ਆਇਆ । ਇਕ ਵਖਾਏ ਨਾਮ ਬਿਬਾਣ, ਕਲਜੁਗ ਮਾਇਆ ਜੂਠੀ ਝੂਠੀ ਛਾਇਆ ਗਲੋਂ ਕੱਫਣੀ ਕਾਲੀ ਲਾਹਵਣ ਆਇਆ । ਨਾਮ ਰੰਗਣ ਰੰਗ ਰੰਗਾਇਆ । ਮੋਹਣ ਮਾਧੋ ਜੋਤ ਨਿਰੰਜਣ ਸਾਚਾ ਰੰਗ ਰੰਗਾਵਣ ਆਇਆ । ਝੂਠੀ ਦੇਹੀ ਕਾਇਆ ਮਾਟੀ, ਕੱਚਾ ਚੰਮਾ ਰੰਗ ਕਸੁੰਭੜਾ ਹਰਿ ਅਚਮੜਾ, ਨਾ ਕੋਈ ਲਾਏ ਪੈਸਾ ਦਮੜਾ, ਆਪਣੀ ਹੱਥੀਂ ਆਪ ਚੜ੍ਹਾਵਣ ਆਇਆ । ਨਾ ਕੋਈ ਮਾਈ ਪਿਤ

ਅੰਮੜਾ, ਜੋਤੀ ਜਾਮਾ ਸ੍ਰੀ ਭਗਵਾਨਾ, ਨਿਹਕਲੰਕ ਨਰਾਇਣ ਨਰ, ਇਕ ਅਕੇਲਾ ਸੱਜਣ ਸੁਹੇਲਾ, ਸ੍ਰਿਸ਼ਟ ਸਬਾਈ ਕਰਿਆ ਮੇਲਾ, ਸਾਚਾ ਖੇਲ ਖਿਲਾਵਣ ਆਇਆ । ਸੱਚਾ ਹੁਕਮ ਸੱਚੀ ਸਰਕਾਰ, ਪ੍ਰਭ ਅਬਿਨਾਸ਼ੀ ਵੰਡਣ ਆਇਆ । ਅੰਮ੍ਰਿਤ ਸਾਚਾ ਜਾਮ ਪਿਆਇਆ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਸਾਚਾ ਹੁਕਮ ਧੁਰ ਫ਼ਰਮਾਣ, ਗੁਰ ਸੰਗਤ ਤੇਰਾ ਲੇਖਾ ਆਪ ਲਿਖਾਇਆ । ਆਇਆ ਧੁਰ ਫ਼ਰਮਾਣ ਹਰਿ ਸੁਣਾਇੰਦਾ । ਸੋਲਾਂ ਕਲਾ ਹਰਿ ਜੁਆਨ, ਸੱਤਾਂ ਵੰਡ ਵੰਡਾਇੰਦਾ । ਆਪੇ ਕਰੇ ਆਪ ਪਛਾਣ, ਨਾ ਕੋਈ ਜਾਣੇ ਜੀਵ ਅੰਞਾਣ, ਸਾਧਾਂ ਸੰਤਾਂ ਭੇਵ ਛੁਪਾਇੰਦਾ । ਆਪੇ ਜਾਣੇ ਜਾਣੀ ਜਾਣ, ਭਾਣਾ ਆਪਣੇ ਹੱਥ ਰਖਾਇੰਦਾ । ਕਲਜੁਗ ਤੇਰਾ ਨਾਮ ਨਿਸ਼ਾਨ, ਕਾਲਾ ਵੇਸ ਝੂਠ ਦੁਕਾਨ, ਪੈਰਾਂ ਹੇਠ ਦਬਾਇੰਦਾ । ਉਪਰ ਮਾਰ ਧਿਆਨ, ਚੜ੍ਹਿਆ ਲਾਲ ਰੰਗ ਮਹਾਨ, ਸਤਿਜੁਗ ਸਾਚੇ ਤੇਰੀ ਆਣ, ਜਨ ਭਗਤਾਂ ਆਪ ਸੁਣਾਇੰਦਾ । ਆਪੇ ਦੇਵੇ ਜੀਆ ਦਾਨ, ਕਿਰਪਾ ਕਰ ਸ੍ਰੀ ਭਗਵਾਨ, ਮਸਤਕ ਧੂੜੀ ਇਕ ਲਗਾਇੰਦਾ । ਜਨ ਭਗਤਾਂ ਆਸਾ ਮਨਸਾ ਪੂਰੀ, ਆਪੇ ਖੜਾ ਹਾਜ਼ਰ ਹਜ਼ੂਰੀ, ਦੂਸਰ ਕੋਈ ਦਿਸ ਨਾ ਆਇੰਦਾ । ਜੋਤ ਨਿਰੰਜਣ ਏਕਾ ਨੂਰੀ । ਕਾਇਆ ਮੰਦਰ ਪਰਬਤ ਕੋਹਤੂਰੀ, ਸਾਚਾ ਦੀਪਕ ਆਪਣੀ ਹੱਥੀਂ ਹਰਿ ਸਮਰਥੀ ਉਚੇ ਟਿੱਲੇ ਆਪ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਗੁਰਮੁਖ ਸਾਚੇ ਸੰਤ ਜਨਾਂ ਸਾਚੇ ਪੌੜੇ ਆਪ ਚੜ੍ਹਾਇੰਦਾ । ਸਾਚੇ ਪੌੜੇ ਜਾਣਾ ਚੜ੍ਹ । ਪ੍ਰਭ ਅਬਿਨਾਸ਼ੀ ਸਾਚੇ ਘਾੜਨ ਰਿਹਾ ਘੜ । ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੋਆਂ ਪੁਰੀਆਂ ਰਿਹਾ ਲੜ । ਸ਼ਬਦ ਨਿਸ਼ਾਨਾ ਕਰ ਤਿਆਰ, ਧਰਤ ਮਾਤ ਉਤੇ ਰਖਾਇਆ ਏ । ਸੋਹੰ ਸ਼ਬਦ ਬਿਬਾਣ ਵਿਚ ਸੰਸਾਰ, ਪ੍ਰਭ ਸਾਚੇ ਆਪ ਚੜ੍ਹਾਇਆ ਏ । ਕ੍ਰਿਸ਼ਨਾ ਕਾਹਨਾ ਰਿਹਾ ਫੜ, ਜੋਤ ਨਿਰੰਜਣ ਕਰ ਉਜਿਆਰ, ਦਵਾਰ ਬੰਕ ਸੁਹਾਇਆ ਏ । ਰਾਜ ਰਾਜਾਨਾਂ ਕਰੇ ਖ਼ਬਰਦਾਰ, ਏਕਾ ਸ਼ਬਦ ਸੱਚਾ ਜੈਕਾਰ, ਜਗਤ ਭੁਲੇਖਾ ਰਿਹਾ ਮਿਟਾਇਆ ਏ । ਓਅੰਕਾਰਾ ਇਕ ਅਕਾਰ, ਜੋਤ ਨਿਰੰਜਣ ਸਾਚੀ ਧਾਰ, ਸੋਹੰ ਸ਼ਬਦ ਇਕ ਅਪਾਰ, ਚਾਰ ਵਰਨਾਂ ਨਾਤ ਬੰਨ੍ਹਾਇਆ ਏ । ਹਉਮੇ ਰਿਹਾ ਰੋਗ ਨਿਵਾਰ, ਚਿੰਤਾ ਸੋਗ ਦਰ ਦੁਰਕਾਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਰੰਗ ਚੜ੍ਹਾਇਆ ਏ ।



★ ੧੯ ਹਾੜ ੨੦੧੨ ਬਿਕ੍ਰਮੀ ਪੰਡਤ ਜਹਾਵਰ ਲਾਲ ਨਹਿਰੂ ਨੂੰ ਸ਼ਬਦ ਭੇਜਿਆ ਕਿ ਬਵੰਜਾ ਰਾਜਿਆਂ ਨੂੰ ਖ਼ਬਰ ਦੇ ਦੇ ਕਿ ਜੋਤ ਸਰੂਪ ਤੇ ਸ਼ਬਦ ਦੀ ਧਾਰ ਦੇ ਹੁਕਮ ਨਾਲ ਸ੍ਰਿਸ਼ਟੀ ਨੂੰ ਖੈ ਕਰਨਾ ਹੈ ★

ਗੁਰ ਮੰਤਰ ਪਰਧਾਨ ਪਰਧਾਨ ਪਰਧਾਨਿਆ । ਕਾਇਆ ਮੰਦਰ ਮਾਰ ਧਿਆਨ, ਕਵਣ ਸਿੰਘਾਸਣ ਹਰਿ ਭਗਵਾਨਿਆ । ਧਰਮ ਦਵਾਰੇ ਕਵਣ ਨਿਸ਼ਾਨ, ਕਵਣ ਝੁਲਾਏ ਵਿਚ ਜਹਾਨਿਆ । ਕਵਣ ਰਖਾਏ ਆਪਣੀ ਆਣ, ਕਰੇ ਖੇਲ ਵਿਚ ਜਹਾਨਿਆ । ਕਵਣ ਦੇਵੇ ਜੀਆ ਦਾਨ, ਮਿਹਰਬਾਨ ਮਿਹਰਬਾਨ ਮਿਹਰਬਾਨਿਆ । ਕਵਣ ਦਾਤਾ ਪੁਰਖ ਬਿਧਾਤਾ ਲੱਖ ਚੁਰਾਸੀ ਫੰਦ ਕਟਾਨ, ਰਾਜ ਜੋਗ ਜੋਗ ਰਾਜ ਜਿਸ ਪਛਾਨਿਆ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਸ਼ਬਦ ਸੁਨੇਹੜਾ ਘਲ, ਨੇਤਰ ਖੋਲ੍ਹ ਮਾਤ ਪੜ੍ਹਨਾ ਕਲਜੁਗ ਜੀਵ ਜਗਤ ਨਿਧਾਨਿਆ । ਸ਼ਬਦ ਸੁਨੇਹੜਾ

ਹਰਿ ਦਾਤਾਰ । ਲੇਖਾ ਲਿਖੇ ਸੱਚੀ ਸਰਕਾਰ । ਪੰਡਤ ਨਹਿਰੂ ਹੋਣਾ ਮਾਤ ਖ਼ਬਰਦਾਰ । ਪੁਰਖ ਅਬਿਨਾਸ਼ੀ ਜਾਮਾ ਪਾਇਆ, ਵਿਚ ਵਿਚੋਲਾ ਪੰਤ ਰਖਾਇਆ, ਡੰਡਾ ਲਾਇਆ ਅੱਧਵਿਚਕਾਰ । ਦੇਸ ਬਵੰਜਾ ਲੇਖ ਲਿਖਾਇਆ । ਸਾਚਾ ਹੁਕਮ ਰਿਹਾ ਸੁਣਾਇਆ । ਜੋਤੀ ਜਾਮਾ ਧਰਿਆ ਭੇਖ, ਸੰਬਲ ਦੇਸ ਹਰਿ ਸਮਾਇਆ । ਗੌੜ ਬ੍ਰਹਿਮਣ ਲੈਣਾ ਵੇਖ, ਪਰਗਟ ਹੋਏ ਡੰਕ ਵਜਾਇਆ । ਸਾਚਾ ਪਤਰ ਧੁਰ ਦਰਗਾਹੀ ਲੇਖ, ਮਤ ਬੁਧ ਕਿਸੇ ਸਾਰ ਨਾ ਪਾਇਆ । ਆਪੇ ਜਾਣੇ ਆਪਣੀ ਟੇਕ, ਬੁਧ ਬਿਬੇਕ ਕੋਈ ਦਿਸ ਨਾ ਆਇਆ । ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਅੰਤਮ ਤੁਟੀ ਰੇਖ, ਸੀਸ ਤਾਜ ਕਿਸੇ ਰਹਿਣ ਨਾ ਪਾਇਆ । ਨੇਤਰ ਨੈਣ ਲੈਣਾ ਵੇਖ, ਅੱਠ ਅੱਠ ਤ੍ਰੈ ਰੰਗ ਰੰਗਾਇਆ । ਜੋਤੀ ਜੋਤ ਸਰੂਪ ਹਰਿ, ਸਾਚਾ ਹੁਕਮ ਧੁਰ ਫ਼ਰਮਾਣਾ, ਸਚ ਦਵਾਰੇ ਰਿਹਾ ਘਲਾਇਆ । ਸ਼ਬਦ ਮੰਤਰ ਨਾਮ ਪਰਧਾਨ । ਪਰਧਾਨ ਮੰਤਰੀ ਇਕ ਧਿਆਨ । ਏਕਾ ਓਟ ਪੁਰਖ ਅਬਿਨਾਸ਼ੀ ਚਰਨ ਧਿਆਨ । ਸ਼ਬਦ ਨਗਾਰੇ ਵੱਜੇ ਚੋਟ, ਉਠੇ ਨਰ ਹਰਿ ਬਲੀ ਬਲਵਾਨ । ਲਸ਼ਕਰ ਫੌਜਾਂ ਹੋਣ ਅਸਵਾਰ ਕੋਟਨ ਕੋਟ, ਝੁੱਲੇ ਸੱਚਾ ਇਕ ਨਿਸ਼ਾਨ । ਨਾਮ ਪਿਆਲਾ ਪੀਣਾ ਅੰਦਰ ਆਤਮ ਘੋਟ, ਦਰ ਘਰ ਸਾਚੇ ਲੈਣਾ ਦਾਨ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਸ਼ਬਦ ਸੁਨੇਹੜਾ ਦੇਵੇ ਵਰ, ਕਲਜੁਗ ਸੌਣਾ ਨਾ ਬਣ ਨਿਧਾਨ । ਸ਼ਬਦ ਮੰਤਰ ਜਗਤ ਪਰਧਾਨ । ਪਾਰਬ੍ਰਹਮ ਦਰ ਸਚ ਗਿਆਨ । ਨੌਂ ਖੰਡ ਪ੍ਰਿਥਮੀ ਦੀਸੇ ਕੱਚ, ਸੱਤਾਂ ਦੀਪਾਂ ਝੂਠ ਦੁਕਾਨ । ਮਾਇਆ ਮਾਟੀ ਪੁਤਲੇ ਰਹੇ ਨੱਚ, ਕੋਈ ਸ਼ਾਹ ਕੋਈ ਕੰਗਾਲ । ਇਕ ਦਵਾਰਾ ਸਾਚੋ ਸਾਚ, ਪੁਰਖ ਅਬਿਨਾਸ਼ੀ ਧੁਰ ਦਲਾਲ । ਜੋਤੀ ਜੋਤ ਸਰੂਪ ਹਰਿ, ਸ਼ਬਦ ਸੁਨੇਹੜਾ ਦੇਵੇ ਵਰ, ਜਗਤ ਅਵੱਲੜੀ ਚਲੇ ਚਾਲ । ਸ਼ਬਦ ਜਵਾਨ ਵਿਚ ਜਹਾਨ ਸਦਾ ਬਲਕਾਰਿਆ । ਆਪੇ ਉਠੇ ਵੇਖੇ ਮਾਰ ਧਿਆਨ, ਚਾਰੋਂ ਕੁੰਟਾਂ ਸਰਬ ਹੰਕਾਰਿਆ । ਫੜੇ ਸ਼ਬਦ ਤੀਰ ਕਮਾਨ, ਚਿਲੇ ਤੀਰ ਏਕਾ ਚਾੜ੍ਹਿਆ । ਸੱਤਾਂ ਦੀਪਾਂ ਇਕ ਨਿਸ਼ਾਨ, ਆਪ ਉਠਾਏ ਸ੍ਰੀ ਭਗਵਾਨ, ਧੁਰ ਦਰਗਾਹੀ ਸਾਚਾ ਲਾੜਿਆ । ਪੁਰੀਆਂ ਲੋਆਂ ਰੱਖੇ ਆਣ, ਦਰਗਾਹ ਸਾਚੀ ਏਕਾ ਮਾਣ, ਆਪੇ ਵੇਖੇ ਮਾਤ ਅਖਾੜਿਆ । ਚਵੀ ਹੱਥ ਵਿਚ ਜਹਾਨ, ਸਾਚਾ ਰਥ ਇਕ ਨਿਧਾਨ, ਲੱਖ ਚੁਰਾਸੀ ਤੋੜੇ ਮਾਣ, ਕਰੇ ਖੇਲ ਆਪ ਭਗਵਾਨਿਆ । ਜੋਤੀ ਜੋਤ ਸਰੂਪ ਹਰਿ, ਏਕਾ ਦੇਵੇ ਨਾਮ ਵਰ, ਦੂਸਰ ਭੇਵ ਕਿਸੇ ਨਾ ਜਾਣਿਆ । ਆਏ ਲੇਖ ਧੁਰ ਫ਼ਰਮਾਣ, ਅੰਤ ਵਿਚਾਰਨਾ । ਮਾਇਆ ਭੁਲ ਨਾ ਬਣ ਨਾਦਾਨ, ਦੂਸਰ ਦਿਸੇ ਨਾ ਕੋਇ ਸਵਾਰਨਾ । ਚਤੁਰਭੁਜ ਗੁਣ ਨਿਧਾਨ, ਕਾਲੀ ਛੱਤੀਂ ਪਾੜਾ ਲਾਵਣਾ । ਦੇਵੇ ਜੋਤ ਏਕਾ ਰਤੀ, ਵਿਚੋਂ ਆਤਮ ਕੱਢੇ ਵਾਸਨਾ ਤੱਤੀ, ਆਪ ਫੜਾਏ ਆਪਣਾ ਦਾਮਨਾ । ਜੋਤੀ ਜੋਤ ਸਰੂਪ ਹਰਿ, ਧਾਰ ਬਵੰਜਾ ਵੇਖ ਕਰ, ਸਚ ਵਿਚੋਲਾ ਆਪ ਬਨਾਵਣਾ । ਜਗਤ ਵਿਚੋਲਾ ਆਪ ਬਨਾਵਣਾ । ਜਗਤ ਵਿਚੋਲਾ ਆਪ ਬਣਾਇਆ । ਪੰਡਤ ਨਹਿਰੂ ਦੇਵੀ ਦੇਵ, ਸਾਚੀ ਸੇਵਾ ਹਰਿ ਜੀ ਲਾਇਆ । ਰਸਨਾ ਜਿਹਵਾ ਲਿਖ ਲਿਖ , ਲੇਖਾ ਹੁਕਮ ਸੁਣਾਇਆ । ਪਰਗਟ ਹੋਏ ਅਲੱਖ ਨਿਰੰਜਣ ਆਪੇ ਆਪ ਅਭੇਵ, ਸਾਚਾ ਅੰਜਨ ਨੇਤਰ ਪਾਇਆ । ਮੁਖ ਲਗਾਇਆ ਸਾਚਾ ਸ਼ਬਦ ਏਕਾ ਮੇਵ, ਕਿਲ੍ਹਾ ਕੋਟ ਗੜ੍ਹ ਬੰਕ ਦਵਾਰ ਉਚਾ ਟਿੱਲਾ ਆਪੇ ਢਾਹਿਆ । ਸ਼ਬਦ ਕਰਾਇਆ ਇਕ ਜੈਕਾਰ, ਨਾਮ ਦਰਵਾਜਾ ਚਾਰ ਵਰਨਾਂ ਵਿਚ ਸੰਸਾਰਾ ਏਕਾ ਲਾਇਆ । ਊਚਾਂ ਨੀਚਾਂ ਭੇਵ ਨਿਵਾਰ, ਗਰੀਬ ਨਿਵਾਜਾ ਮਾਤ ਆਇਆ । ਜਿਸ ਜਨ ਤੇਰਾ ਸਾਜਨ ਸਾਜਾ, ਸੰਬਲ ਦੇਸ ਡੇਰਾ ਲਾਇਆ । ਗੌੜ ਬ੍ਰਾਹਮਣ ਰੱਖਿਆ ਨਾਉਂ, ਗੁਰਮੁਖ ਸਾਚੇ ਵਿਚ ਸਮਾਇਆ । ਉਚਾ ਟਿੱਲਾ

ਵਡ ਪਹਾੜਾ, ਕਾਇਆ ਪਰਬਤ ਬਜਰ ਕਪਾਟੀ ਆਪੇ ਪਾਟੀ, ਸਾਚੀ ਚੋਟੀ ਆਸਣ ਲਾਇਆ । ਜੋਤੀ ਜੋਤ ਸਰੂਪ ਹਰਿ, ਕਲਜੁਗ ਮਾਇਆ ਨਾਲ ਰਲਾਈ, ਲੱਖ ਚੁਰਾਸੀ ਮਾਤ ਬਣਾਈ, ਝੂਠਾ ਸੀਰ ਪਿਆਵਣ ਆਇਆ । ਗੁਰਮੁਖਾਂ ਦੇਵੇ ਅੰਮ੍ਰਿਤ ਰਸ ਧੁਰ ਦਰਗਾਹੀ ਸਾਚਾ ਮਾਹੀ, ਸੋਹੰ ਮੁੰਮਾ ਨਾਲ ਲਿਆਇਆ । ਨਿਹਕਲੰਕ ਨਰਾਇਣ ਨਰ, ਲੋਕਮਾਤ ਹਰਿ ਜੋਤ ਧਰ, ਸਚ ਸੁਨੇਹੜਾ ਸ਼ਬਦ ਸੁਣਾਇਆ । ਪੰਡਤ ਪਾਂਧੇ ਲੈਣੇ ਸੱਦ । ਕਵਣ ਦਵਾਰਾ ਵੇਖ ਵਖਾਇਣ, ਕਿਸ ਘਰ ਸਾਚੇ ਵੱਜੇ ਨਦ । ਗੌੜ ਬ੍ਰਾਹਮਣ ਕਵਣ ਪਛਾਣੇ, ਕਵਣ ਸੁਣਾਏ ਵਾਜਾ ਰਾਗ ਅਨਹਦ । ਰਾਜੇ ਰਾਣੇ ਦਰ ਬੁਲਾਣੇ, ਖੋਲ੍ਹੇ ਭੇਵ ਭੇਦ ਅਭੇਦਾ ਕਿਹੜੀ ਪਰਗਟ ਹੋਇਆ ਯੱਦ । ਜੋਤੀ ਜੋਤ ਸਰੂਪ ਹਰਿ, ਸੰਬਲ ਦੇਸ ਵੇਸ ਕਰ, ਗੌੜ ਬ੍ਰਾਹਮਣ ਪੀਵੇ ਮਧ । ਗੌੜ ਬ੍ਰਾਹਮਣ ਸਦਾ ਮਤਵਾਲਾ ਹੈ । ਲੋਕਮਾਤ ਰੱਖਣ ਆਇਆ ਧਰਮ, ਸ੍ਰਿਸ਼ਟ ਸਬਾਈ ਆਪ ਰਖਵਾਲਾ ਹੈ । ਬ੍ਰਹਮ ਪਾਰਬ੍ਰਹਮ ਸਦਾ ਮਤਵਾਲਾ ਹੈ । ਰਾਜੇ ਰਾਣਿਆਂ ਵੇਖੇ ਕਰਮ, ਕਲਜੁਗ ਕੱਢੇ ਅੰਤ ਦਵਾਲਾ ਹੈ । ਜੂਠਾ ਝੂਠਾ ਦਿਸੇ ਮਾਟੀ ਚਰਮ, ਕਾਇਆ ਭਾਂਡਾ ਸਭ ਦਾ ਖਾਲੀ ਹੈ । ਨਾ ਕੋਈ ਜਾਣੇ ਸਾਚੇ ਵਰਮ, ਗ੍ਰੰਥੀ ਪੰਥੀ ਪੰਡਤ ਪਾਂਧੇ ਝੂਠੀ ਲੈਂਦੇ ਰਹੇ ਦਲਾਲੀ ਹੈ । ਗੌੜ ਬ੍ਰਾਹਮਣ ਪਰਗਟ ਹੋਏ ਸੰਬਲ ਦੇਸ, ਹਰਿ ਜੀ ਸੋਇਆ ਕਲਜੁਗ ਰੈਣ ਘਟਾ ਕਾਲੀ ਹੈ । ਕਲਜੁਗ ਘਟਾ ਕਾਲੀ, ਰਾਜ ਰਾਜਾਨਿਆ । ਏਕਾ ਏਕ ਜੋਤ ਜਵਾਲੀ, ਅਸ਼ਟਭੁਜ ਸਰਬ ਰਖਵਾਲੀ, ਦੂਤਾਂ ਦੁਸ਼ਟਾਂ ਆਪ ਸੰਘਾਰਿਆ । ਆਪੇ ਹੋਏ ਹੱਥੀਂ ਖਾਲੀ, ਗਦਾ ਚੱਕਰ ਸੰਖ ਤੀਰ ਕਟਾਰ ਕਛ ਨਾ ਕੋਈ ਉਠਾਈ, ਚਲੇ ਚਾਲ ਨਿਰਾਲੀਆ । ਉਠਨਾ ਜਾਗ ਜਾਗ ਜਾਗ ਵਡ ਵਡ ਵਡ ਸਰਦਾਰ ਕਛ ਮਛ ਪ੍ਰਭ ਆਪ ਵਜਾਏ ਲੋਕਮਾਤ ਸਾਚੀ ਤਾਲੀਆ । ਜੋਤੀ ਜੋਤ ਸਰੂਪ ਹਰਿ, ਸ਼ਬਦ ਘੋੜੇ ਉਪਰ ਚੜ੍ਹ, ਵੇਖਣ ਆਇਆ ਕਵਣ ਦਵਾਰੇ ਅੰਮ੍ਰਿਤ ਫਲ ਲੱਗਾ ਸਾਚੀ ਡਾਲ੍ਹੀ ਹੈ । ਸਾਚੀ ਸੇਵਾ ਹਰਿ ਲਗਾਈ, ਆਤਮ ਬ੍ਰਹਮ ਵਿਚਾਰਨਾ । ਬਵੰਜਾ ਦੇਸ ਲੇਖ ਲਿਖਾਈ, ਪਰਗਟ ਹੋਏ ਹਰਿ ਰਘੁਰਾਈ, ਸਾਚਾ ਡੰਕ ਇਕ ਵਜਾਵਣਾ । ਸੰਬਲ ਦੇਸ ਭੇਵ ਖੁਲ੍ਹਾਈ, ਗੌੜ ਬ੍ਰਾਹਮਣ ਵੱਜੇ ਵਧਾਈ, ਦੇ ਮਤ ਸਰਬ ਸਮਝਾਵਣਾ । ਨਾ ਕੋਈ ਜਾਣੇ ਊਚਾ ਨੀਚਾ ਹਿੰਦੂ ਮੁਸਲਿਮ ਸਿਖ ਈਸਾਈ ਏਕਾ ਧਾਰ ਵਹਾਵਣਾ । ਚਾਰੋਂ ਯਾਰ ਦਏ ਦੁਹਾਈ, ਪੰਚਮ ਹੋਇਆ ਸਹਿਜ ਸੁਭਾਈ, ਪੂਰਬ ਕਰਮਾਂ ਕਲ ਵਿਚਾਰਨਾ । ਆਪੇ ਵੇਖੇ ਵੇਖ ਵਿਚਾਰੇ ਸੁਘੜ ਸਿਆਣੇ ਰਾਜੇ ਰਾਣੇ ਥਾਉਂ ਥਾਈਂ, ਭੇਦ ਅਭੇਦ ਭੇਵ ਅਪਾਰਨਾ । ਗਊ ਗਰੀਬਾਂ ਦੇਵੇ ਛਾਈਂ, ਨਿਹਕਲੰਕ ਨਰਾਇਣ ਨਰ, ਆਪੇ ਕਰੇ ਆਪਣੀ ਕਾਰਨਾ । ਨੇਤਰ ਖੋਲ੍ਹ ਪੜ੍ਹਨਾ ਅੱਖਰ, ਲਿਖਿਆ ਧੁਰ ਦਰਗਾਹੀ ਉਪਰ ਪੱਥਰ, ਲੱਖ ਚੁਰਾਸੀ ਵੇਲੇ ਅੰਤਮ ਹੋਣੀ ਸੱਥਰ, ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨਨਾ ।



### ★ ਮਹਾਰਾਜ ਪੂਰਨ ਸਿੰਘ ਅੰਦਰ ਪਰਵੇਸ਼ "ਪੂਰਨ ਜੋਤ" ਧਾਰ ਪਰਥਾਏ ਲਿਖਤ ਹੋਈ ★

ਪੱਪਾ ਪੁਰਖ ਸੁਜਾਨ ਪੁਰੀ ਬਣਾਈਆ । ਪੌੜਾ ਲਾਏ ਕਰ ਧਿਆਨ, ਉਚ ਮਹੱਲ ਇਕ ਰਖਾਈਆ । ਪੋਹ ਨਾ ਸਕੇ ਕਦੇ ਕਾਲ, ਆਦਿ ਅੰਤ ਹੋਏ ਰੁਸ਼ਨਾਈਆ । ਪੰਜਾਂ ਤੱਤਾਂ ਛੁੱਟੇ ਜਗਤ ਜੰਜਾਲ, ਸਚ ਸਿੰਘਾਸਣ ਸਦਾ ਸੁਹਾਈਆ । ਪਿਤਾ ਮਾਤ ਨਾਂ ਜਾਏ ਕਦੇ ਬਾਲ, ਨਾ ਕੋਈ

ਗੋਦ ਉਠਾਈਆ । ਪੀਤ ਪੀਤੰਬਰ ਸੋਹੇ ਸਾਚਾ ਲਾਲ, ਸਾਚੀ ਛਹਿਬਰ ਆਪ ਲਗਾਈਆ । ਪੰਡਤ ਪਾਂਧੇ ਕਰਨ ਧਿਆਨ, ਨੇਤਰ ਨੈਣ ਨਾ ਕਿਸੇ ਦਿਸਾਈਆ । ਪੰਚ ਪੰਚਾਇਣਾ ਵਸੇ ਬਾਹਰ, ਅਵੱਲੜੀ ਚਾਲ ਸਦਾ ਰਘੁਰਾਈਆ । ਪੁਰਖ ਨਿਰੰਜਣ ਜੋਤ ਅਕਾਰ, ਲੱਖ ਚੁਰਾਸੀ ਵਿਚ ਸਮਾਈਆ । ਪਾਵਣ ਆਇਆ ਅੰਤਮ ਸਾਰ, ਕਰੇ ਵੇਸ ਹਰਿ ਰਘੁਰਾਈਆ । ਪੱਪਾ ਪੂਰਨ ਪੁਰਖ ਸੁਜਾਨ, ਪੂਰੀ ਮਿਲੀ ਮਾਤ ਵਡਿਆਈਆ । ਰਾਰਾ ਰਾਮ ਰਹੀਮ ਕਰੀਮ ਸਦਾ ਉਜਾਲਿਆ । ਨਾ ਕੋਈ ਕੱਢੇ ਸਵਾਲ ਨਾ ਕੋਈ ਪੜ੍ਹੇ ਮਾਤ ਤਾਅਲੀਮ, ਸ਼ਬਦ ਅੱਖਰ ਨਾ ਕਿਸੇ ਸਿਖਾ ਲਿਆ । ਨਾ ਕੋਈ ਨਾੜੀ ਫੜੇ ਹਕੀਮ, ਬੱਤੀ ਧਾਰਾ ਭੇਵ ਨਿਰਾਲੀਆ । ਜੋਤੀ ਜੋਤ ਸਰੂਪ ਹਰਿ, ਆਪੇ ਜਾਣੇ ਆਪਣੀ ਚਾਲਿਆ । ਰਾਰਾ ਰਮਈਆ ਰਾਮ ਰਹੀਮਾ, ਦੇਵੇ ਰਿਜਕ ਸਬਾਈਆ । ਆਪੇ ਵੇਖੇ ਹੋ ਹੋ ਨੀਵਾਂ, ਦਿਸ ਕਿਸੇ ਨਾ ਆਈਆ । ਕਲਜੁਗ ਅੰਤਮ ਲੇਖਾ ਮੁੱਕੇ ਵੰਡ ਵੰਡਾਏ ਸਾਢੇ ਤਿੰਨ ਹੱਥ ਸੀਆਂ, ਰਾਜੇ ਰਾਣਿਆਂ ਰਿਹਾ ਸੁਣਾਈਆ । ਮਾਇਆ ਰਾਣੀ ਵਡ ਜਰਵਾਣੀ ਭਰਮ ਭੁਲੇਖਾ ਪਾਇਆ, ਖਾਣੀ ਬਾਣੀ ਦਏ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੋਕਮਾਤ ਹਰਿ ਜੋਤ ਧਰ, ਸਾਚਾ ਰਾਹ ਰਿਹਾ ਵਖਾਈਆ । ਦੱਸੇ ਰਾਹ ਜਗਤ ਮਹਾਨਿਆ । ਮਿਲਣਾ ਮੇਲ ਬੇਪਰਵਾਹ, ਮਾਤ ਚੁੱਕੇ ਆਵਣ ਜਾਣਿਆ । ਇਕ ਬਹਾਏ ਸਾਚੇ ਥਾਂ, ਦਰਗਾਹ ਸਾਚੀ ਦੇਵੇ ਮਾਣਿਆ । ਨਾ ਕੋਈ ਪਿਤਾ ਨਾ ਕੋਈ ਮਾਂ, ਆਪ ਆਪਣੇ ਰੰਗ ਸਮਾਣਿਆ । ਸਦਾ ਰੱਖੇ ਠੰਡੀ ਛਾਂ, ਗੁਰਮੁਖ ਸਾਚੇ ਬਾਲ ਅੰਞਾਣਿਆ । ਅੰਮ੍ਰਿਤ ਰੂਪੀ ਸਾਚੀ ਗਾਂ, ਪਿਆਵੇ ਸੀਰ ਹਰਿ ਭਗਵਾਨਿਆ । ਰਾਰਾ ਰੇਖ ਮਿਟਾਏ ਥਾਂ ਥਾਂ, ਵੇਖ ਵਖਾਣੇ ਰਾਜ ਰਜਾਨਿਆ । ਘਰ ਘਰ ਅੰਤਮ ਉਡਦੇ ਕਾਂ, ਬੇਮੁਖ ਭੁੰਨੇ ਜਿਉਂ ਭਠਿਆਲੇ ਦਾਣਿਆ । ਪੁਰਖ ਅਬਿਨਾਸ਼ੀ ਏਕਾ ਭੁੱਲਿਆ ਤੇਰਾ ਨਾਂ, ਸ੍ਰਿਸ਼ਟ ਸਬਾਈ ਵਹਿਣ ਵਹੇ ਬੇਮੁਹਾਣਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪਰਗਟ ਹੋਏ ਗੁਣ ਨਿਧਾਨਿਆ । ਨਾਮ ਨਿਰੰਜਣ ਨਰ ਨਿਰੰਕਾਰਿਆ । ਜਨ ਭਗਤਾਂ ਨੇਤਰ ਪਾਵਣ ਆਇਆ ਅੰਜਨ, ਸੋਹੰ ਸ਼ਬਦ ਅਪਰ ਅਪਾਰਿਆ । ਕਾਇਆ ਮਾਟੀ ਝੂਠੀ ਦੇਹੀ ਆਪ ਬਣਾਏ ਸਾਚਾ ਕੰਚਨ, ਸ਼ਬਦ ਕੁਠਾਲੀ ਰਿਹਾ ਚਾੜ੍ਹਿਆ । ਜੋਤੀ ਜੋਤ ਸਰੂਪ ਹਰਿ, ਲੇਖਾ ਲਿਖੇ ਨੌਂ ਦਰ ਦਰਬਾਰਿਆ । ਨੌਂ ਦਰ ਵੇਖ ਕਾਜ ਰਚਾਇਆ । ਲੱਖ ਚੁਰਾਸੀ ਤੇਰਾ ਸਾਜਨ ਸਾਜ, ਸਚ ਦਵਾਰਾ ਮਾਤ ਖੁਲ੍ਹਾਇਆ । ਭਗਤ ਜਨਾਂ ਹਰਿ ਰੱਖੇ ਲਾਜ, ਨੌਂ ਦਰ ਪੇਖੇ ਦੇ ਮਤ ਰਿਹਾ ਸਮਝਾਇਆ । ਆਪ ਆਪਣੇ ਸਵਾਰੇ ਕਾਜ, ਅੰਦਰੇ ਅੰਦਰ ਦਸਮ ਦਵਾਰੇ ਕੁੰਡਾ ਦੇਵੇ ਲਾਹਿਆ । ਜਗਤ ਜਗਦੀਸਾ ਛਤਰ ਝੁਲੇ ਸੀਸਾ, ਛੋਟਾ ਮੁੰਡਾ ਅੱਗੇ ਲਾਇਆ । ਕੋਈ ਭੇਵ ਨਾ ਪਾਵੇ ਰਾਗ ਛਤੀਸਾ, ਰਿਖ ਮੁਨ ਗਾਵਣ ਨਾਲ ਅਜੇਬਾ, ਭੇਦ ਅਭੇਦਾ ਸ਼ਾਮ ਸਫੇਦਾ ਦਿਸ ਕਿਸੇ ਨਾ ਆਇਆ । ਯੁਜਰ ਵਿਚਾਰੇ ਆਪ ਕਿਤੇਬਾ, ਵੇਦ ਅਥਰਬਣ ਰਿਹਾ ਘਬਰਾਇਆ । ਪੁਰਾਨ ਅਠਾਰਾਂ ਅਛਲ ਅਛੇਦਾ, ਗੌੜ ਬ੍ਰਾਹਮਣ ਕਿਸੇ ਬ੍ਰਹਮ ਚਿਤ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਆਪੇ ਵਸੇ ਸਚ ਘਰ, ਸੰਬਲ ਨਗਰੀ ਵਾਸ ਰਖਾਇਆ । ਪੂਰਨ ਪੁਰਖ ਸੁਜਾਨ, ਭਗਤ ਉਜਾਗਰਾ । ਪੁਰਖ ਅਬਿਨਾਸ਼ੀ ਧੁਰ ਦਰਗਾਹੀ ਲੋਕਮਾਤ ਮਾਰੇ ਧਿਆਨ, ਕਵਣ ਕਰੇ ਨਾਮ ਸੁਦਾਗਰਾ । ਸਿੰਘ ਪੂਰਨ ਦਰ ਪਰਵਾਨ, ਪ੍ਰਭ ਆਸਣ ਲਾਇਆ ਆਣ, ਲੱਖ ਚੁਰਾਸੀ ਚੁੱਕੇ ਕਾਣ, ਇਕ ਵਸਾਇਆ ਦਸ ਉਂਗਲ ਸਾਚੀ ਗਿਰਾ ਆਗਰਾ । ਜੋਤੀ ਜੋਤ ਸਰੂਪ ਹਰਿ, ਸੰਬਲ ਦੇਸ ਵੇਸ ਕਰ, ਕਰੇ ਖੇਲ ਹਰਿ ਰਤੀ ਰਤਨਾਗਰਾ । ਪੂਰਨ ਪੂਰਨ ਤਾਲ ਹਰਿ ਸੁਹਾਇਆ । ਹਰਿਜਨ ਪਹਿਲੀ ਮਾਰੇ

ਛਾਲ, ਸਚ ਸਰੋਵਰ ਇਕ ਅਸ਼ਨਾਨ ਕਰਾਇਆ । ਅਕਾਲ ਕਾਲ ਸ਼ਬਦ ਸਾਗਰਾ, ਮਸਤਕ ਦੀਪਕ ਜਗੇ ਜੋਤ ਨਿਰੰਜਣ ਹਰਿ ਰਘੁਰਾਈਆ । ਕਦੇ ਨਾ ਖਾਏ ਜਮਕਾਲ, ਧਰਮ ਰਾਏ ਦੁਹਾਇਆ । ਗੁਰਮੁਖ ਸਾਚੇ ਚਰਨ ਪ੍ਰੀਤੀ ਨਿਭੇ ਨਾਲ, ਪ੍ਰਭ ਸਾਚਾ ਮੇਵਾ ਦਏ ਖਵਾਇਆ । ਆਪੇ ਚਲੇ ਨਾਲ ਨਾਲ, ਅੱਠੇ ਪਹਿਰ ਹਰਿ ਰਖਵਾਲ, ਅੰਦਰ ਬਾਹਰ ਦਿਸ ਕਿਸੇ ਨਾ ਆਇਆ । ਕਲਜੁਗ ਚਲੇ ਅਵੱਲੜੀ ਚਾਲ, ਜੋਤੀ ਜੋਤ ਸਰੂਪ ਹਰਿ, ਸੰਬਲ ਨਗਰੀ ਵਾਸ ਰਖਾਇਆ । ਸੰਬਲ ਦੇਸ ਅਪਾਰ ਸੁਰਤ ਭੁਲਾਇੰਦਾ । ਜੋਤੀ ਨੂਰ ਇਕ ਅਕਾਰ, ਦਿਸ ਨਾ ਆਇੰਦਾ । ਮਾਇਆ ਭੁਲਾ ਸਰਬ ਸੰਸਾਰ, ਗੁਰ ਗੋਬਿੰਦਾ ਭੇਖ ਵਟਾਇੰਦਾ । ਪਰਗਟ ਹੋਏ ਆਪ ਕਰਤਾਰ, ਵਾਲੀ ਹਿੰਦ ਦਇਆ ਕਮਾਇੰਦਾ । ਸੋਲਾ ਕਰੇ ਤਨ ਸ਼ਿੰਗਾਰ, ਚਿੱਟਾ ਅਸਵ ਨਾਲ ਲਿਆਇੰਦਾ । ਸਾਚੇ ਘੋੜੇ ਹੋ ਅਸਵਾਰ, ਚਾਰੋਂ ਕੁੰਟਾਂ ਆਪ ਦੁੜਾਇੰਦਾ । ਰਾਜ ਰਾਜਾਨਾਂ ਕਰੇ ਖ਼ਬਰਦਾਰ, ਸਾਧਾਂ ਸੰਤਾਂ ਆਪ ਉਠਾਇੰਦਾ । ਪਰਗਟ ਹੋਇਆ ਸੱਚਾ ਯਾਰ, ਭਰਮ ਭੁਲੇਖਾ ਦੂਰ ਕਰਾਇੰਦਾ । ਨਾ ਕੋਈ ਵੇਖੇ ਮੁਹੰਮਦੀ ਬੇਮੁਹਾਰ, ਮਾਇਆ ਪੜਦਾ ਏਕਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਸੰਬਲ ਸਾਚਾ ਵੇਸ ਕਰ, ਆਪਣਾ ਭੇਵ ਆਪ ਛੁਪਾਇੰਦਾ । ਸੱਸਾ ਸਗਲ ਪਸਾਰ ਸਗਲ ਅਕਾਰਿਆ । ਆਪੇ ਜਾਣੇ ਆਪਣੀ ਸਾਰ, ਵਿਚ ਸੰਸਾਰਿਆ । ਕਰੇ ਕਰਾਏ ਸਚ ਵਿਹਾਰ, ਧਰਮ ਜੈਕਾਰਿਆ । ਪਵਣ ਉਨੰਜਾ ਛਤਰ ਝੁਲਾਰ, ਅੱਠੇ ਪਹਿਰ ਝੁਲਾਰਿਆ । ਬ੍ਰਹਮਾ ਵਿਸ਼ਨ ਮਹੇਸ਼ ਗਣੇਸ਼, ਅੱਠੇ ਪਹਿਰ ਕਰਨ ਆਦੇਸ, ਜੁਗਾ ਜੁਗੰਤਰ ਪਾਵੇ ਸਾਰ, ਆਵੇ ਮਾਤ ਵਾਰੋ ਵਾਰਿਆ । ਪੁਰੀਆਂ ਲੋਆਂ ਦਏ ਪਿਆਰ, ਰੱਖ ਹੱਥ ਸਮਰਥ ਪਾਰ ਉਤਾਰਿਆ । ਆਪੇ ਵਸੇ ਸਭ ਤੋਂ ਬਾਹਰ, ਸਾਚਾ ਭੇਵ ਖੇਲ ਨਿਆਰ, ਸਾਚੇ ਭਾਣੇ ਆਪ ਸਮਾ ਰਿਹਾ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੰਬਲ ਸਾਚਾ ਵੇਸ ਕਰ, ਸਾਚੇ ਘਰ ਬਹਾ ਰਿਹਾ । ਬੱਬਾ ਬੁਧ ਬਿਬੇਕ ਆਪ ਵਿਚਾਰਿਆ । ਕਲਜੁਗ ਜੀਵ ਨਾ ਆਏ ਸੁਧ, ਅੰਤਮ ਬੇਮੁਹਾਰਿਆ । ਭੇਖਾਧਾਰੀ ਲੱਭਦੇ ਫਿਰਦੇ ਦਰ ਦਰ ਘਰ ਘਰ ਨੌਂ ਨਿਧ, ਭੇਖ ਪਖੰਡਾ ਜਗਤ ਵਧਾ ਰਿਹਾ । ਧਰਮ ਨਾ ਕਰੇ ਕੋਈ ਯੁੱਧ, ਸ਼ਬਦ ਖੰਡਾ ਨਾ ਕੋਈ ਫੜਾ ਰਿਹਾ ਪੁਰਖ ਅਬਿਨਾਸ਼ੀ ਪਰਗਟ ਜੋਤ ਲੱਖ ਚੁਰਾਸੀ ਕਰਨ ਆਇਆ ਸੁਧ, ਏਕਾ ਨਾਮ ਸਬਕ ਸਿਖਾ ਰਿਹਾ । ਚਿੱਟੇ ਅਸਵ ਮਾਰ ਛਾਲ ਬਹੇ ਕੁੱਦ, ਦਿਸ ਕਿਸੇ ਨਾ ਆ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣਾ ਵੇਸ ਕਰ, ਬੁੱਧ ਬਿਬੇਕ ਆਪ ਕਰਾ ਰਿਹਾ । ਬੱਬਾ ਬਲ ਬਲ ਧਾਰ ਬਲੀ ਬਲਵਾਨਿਆ । ਵੇਖ ਵਖਾਣੇ ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਵਿਚ ਜਹਾਨਿਆ । ਚਾਰੋਂ ਕੁੰਟ ਦਿਸਣ ਬੇਈਮਾਨ, ਸ਼ਬਦ ਗਾਨਾ ਨਾਮ ਤਰਾਨਾ, ਕਿਸੇ ਨਾ ਮਾਤ ਪਛਾਣਿਆ । ਝੂਠਾ ਦਿਸੇ ਖਾਣਾ ਪੀਣਾ, ਮਾਤਲੋਕ ਦਾ ਝੂਠ ਟਿਕਾਣਾ, ਦਰ ਘਰ ਸਾਚਾ ਇਕ ਟਿਕਾਣਿਆ । ਜੋਤੀ ਜੋਤ ਸਰੂਪ ਹਰਿ, ਆਪੇ ਵਸੇ ਆਪਣੇ ਭਾਣਿਆ । ਲੱਲਾ ਲੰਗਰ ਲਵਾਏ ਲਾਲ ਅਮੋਲਿਆ । ਗੁਰ ਸੰਗਤ ਰਿਹਾ ਖਵਾਏ, ਪੂਰਾ ਤੋਲ ਆਪੇ ਤੋਲਿਆ । ਲੱਖ ਚੁਰਾਸੀ ਰਿਹਾ ਕਟਾਏ, ਨਾ ਰੱਖੇ ਰੋਲ ਘਚੋਲਿਆ । ਧਰਮ ਰਾਏ ਰਿਹਾ ਦੁਰਕਾਏ, ਲਾੜੀ ਮੌਤ ਰੱਖੇ ਪੜਦਾ ਉਹਲਿਆ । ਪਰਗਟ ਹੋਏ ਸੱਚੀ ਸਰਨਾਈ, ਗੁਰਮੁਖ ਤੇਰੇ ਅੰਦਰੇ ਅੰਦਰ ਬੋਲਿਆ । ਹੋਏ ਸਹਾਈ ਸਭਨੀਂ ਥਾਈਂ, ਜੰਗਲ ਜੂਹ ਉਜਾੜ ਪਹਾੜ ਕਿਲ੍ਹੇ ਕੋਟ ਆਪੇ ਕੁੰਡਾ ਖੋਲ੍ਹਿਆ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਆਦਿ ਅੰਤ ਕਦੇ ਨਾ ਡੋਲਿਆ । ਲੱਲਾ ਲਈ ਸੁਰਤ ਸੰਭਾਲ, ਹਰਿ ਸਿਰਜਨਹਾਰਿਆ । ਗੁਰਮੁਖਾਂ ਦੇਵੇ ਸੱਚਾ ਧਨ ਮਾਲ, ਕਰੇ ਵਣਜ ਵਪਾਰਿਆ ।

ਤੋੜੇ ਜਗਤ ਜੰਜਾਲ, ਜਮ ਕੀ ਫਾਸੀ ਦੂਰ ਕਰਾ ਰਿਹਾ । ਸਾਧ ਸੰਤ ਨਾ ਹੋਏ ਕੰਗਾਲ, ਸਾਚੀ ਝੋਲੀ ਨਾਮ ਭਰਾ ਰਿਹਾ । ਫਲ ਲਗਾਏ ਕਾਇਆ ਡਾਲ੍ਹ, ਕਲਜੁਗ ਜੂਠੇ ਝੂਠੇ ਸਿਮਲ ਰੁੱਖੜੇ ਆਪ ਵਖਾ ਰਿਹਾ । ਗੁਰਮੁਖ ਸਾਚੇ ਸੰਤ ਸੁਹੇਲੇ ਗੁਰ ਚਰਨ ਪ੍ਰੀਤੀ ਨਿਭੇ ਨਾਲ, ਆਪੇ ਮਾਲਣ ਆਪੇ ਪਾਲਣ, ਕੌਸਤਕ ਮਣੀਆ ਮਸਤਕ ਆਪ ਵਖਾ ਰਿਹਾ । ਮਸਤਕ ਟਿਕਾ ਗੁਣ ਨਿਧਾਨ । ਸੋਹੰ ਸੱਚਾ ਸਿੱਕਾ ਚਲੇ ਦੋ ਜਹਾਨ । ਪੁਰਖ ਅਬਿਨਾਸ਼ੀ ਆਪੇ ਹੋਏ ਸਭ ਤੋਂ ਨਿੱਕਾ, ਅੰਦਰ ਬੈਠਾ ਕਰੇ ਧਿਆਨ । ਕਲਜੁਗ ਜੀਵ ਰਸਨ ਵਿਕਾਰੀ, ਜੂਠਾ ਝੂਠਾ ਫਲ ਖਾਏ ਫਿਕਾ, ਅੰਮ੍ਰਿਤ ਨਾ ਜਾਣੇ ਗੁਣ ਨਿਧਾਨ । ਕਾਇਆ ਮਾਟੀ ਚਿੱਟੇ ਚਮੜੇ ਉਤੇ ਵਿੱਕਾ, ਕਾਲਾ ਦਾਗ਼ ਦਿਸਦਾ ਰਹੇ ਮਾਤ ਨਿਸ਼ਾਨ । ਗੁਰਮੁਖ ਸਾਚਾ ਸੰਤ ਸੁਹੇਲਾ ਅੱਠੇ ਪਹਿਰ ਪ੍ਰਭ ਅਬਿਨਾਸ਼ੀ ਤੇਰੇ ਮਿਲਣ ਦੀ ਰੱਖੇ ਸਿੱਕਾ, ਦੇਣਾ ਦਰਸ ਹੋ ਮਿਹਰਬਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਘਰ ਲਿਆ ਪਛਾਣ । ਸੰਬਲ ਦੇਸ ਹਰਿ ਪਰਵੇਸ਼ਿਆ । ਕਲਜੁਗ ਪਿਆ ਕਲੇਸ਼, ਘਰ ਘਰ ਵੇਖੇ ਕਾਲਾ ਵੇਸ, ਨਾ ਕੋਈ ਨਰ ਨਾ ਨਰੇਸ਼, ਨਾ ਕੋਈ ਬ੍ਰਹਮਾ ਵਿਸ਼ਨ ਮਹੇਸ਼, ਸ਼ਿਵ ਸ਼ੰਕਰ ਫਿਰੇ ਪਰਦੇਸ਼, ਘਰ ਘਰ ਮੰਨਦੇ ਪਏ ਗਣੇਸ਼, ਨਾ ਕੋਈ ਦਿਸੇ ਖੁਲ੍ਹੇ ਕੇਸ, ਚਾਰੋਂ ਕੁੰਟ ਲੱਭਦੇ ਫਿਰਦੇ ਉਚੇ ਨੀਵੇਂ ਹੋ ਹੋ ਸ੍ਰੀ ਦਸਮੇਸ, ਘਰ ਸਾਚਾ ਦਰ ਮਾਤ ਕਿਸੇ ਨਾ ਵੇਖਿਆ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਸੰਬਲ ਵੇਖੇ ਸਾਚਾ ਘਰ, ਆਏ ਆਪ ਪਰਦੇਸ । ਸੰਬਲ ਦੇਸ ਕਲਕੀ ਅਵਤਾਰਾ । ਨੀਲਾ ਘੋੜਾ ਆਪ ਸ਼ਿੰਗਾਰਾ । ਨੀਲੀ ਛੱਤੇ ਲਾਇਆ ਪਾੜਾ । ਬੇਮੁਖਾਂ ਲੁੱਟੀ ਜਾਏ ਦਿਨ ਦਿਹਾੜਾ । ਚਾਰੋਂ ਕੁੰਟ ਲੱਭਦੇ ਫਿਰਦੇ, ਜੋਤ ਸਰੂਪੀ ਪਰਗਟ ਹੋਇਆ ਕਿਹੜੀ ਕੂਟੇ ਸੱਚਾ ਲਾੜਾ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਧਰਤ ਮਾਤ ਤੇਰਾ ਵੇਖਣ ਆਇਆ ਕਲਜੁਗ ਅੰਤਮ ਵਾੜਾ । ਇਕ ਅਕਾਰੀ ਸੰਬਲ ਨਗਰੀ ਅਪਰ ਅਪਾਰੀ । ਪੁਰਖ ਅਬਿਨਾਸ਼ੀ ਲੱਗੀ ਪਿਆਰੀ । ਕਲਜੁਗ ਤੇਰੀ ਅੰਤਮ ਵਾਰੀ । ਮਾਰੀ ਸ਼ਬਦ ਛਾਲ ਉਡਾਰੀ । ਕਾਇਆ ਮੰਦਰ ਵਿਚ ਪਸਾਰੀ । ਅੰਦਰ ਕੁੰਡਾ ਬੈਠਾ ਮਾਰੀ । ਗੁਰਮੁਖਾਂ ਕਰੇ ਖ਼ਬਰਦਾਰੀ । ਬੇਮੁਖ ਰੋਂਦੇ ਧਾਹਾਂ ਮਾਰੀ । ਨਾਰ ਦੁਹਾਗਣ ਜੀਵ ਵਿਭਚਾਰੀ । ਖੁਲ੍ਹੇ ਕੇਸ ਦਰ ਭਿਖਾਰੀ । ਦਿਸ ਨਾ ਆਏ ਸ੍ਰੀ ਦਸਮੇਸ, ਜੋਤ ਨਿਰੰਜਣ ਖੇਲ ਅਪਾਰੀ । ਦਰ ਖੜੇ ਸ਼ਿਵ ਸ਼ੰਕਰ ਬ੍ਰਹਮਾ ਵਿਸ਼ਨ ਮਹੇਸ਼, ਸਾਚਾ ਜਨਮ ਦੇਵੇ ਸੱਚੀ ਸਰਦਾਰੀ । ਸਤਿ ਪੁਰਖ ਕੋ ਸਦਾ ਆਦੇਸ, ਆਪੇ ਜਾਣੇ ਆਪਣੀ ਕਾਰੀ । ਸੌ ਸਾਖੀ ਘਰ ਘਰ ਬੈਠੇ ਰਹੇ ਵੇਖ, ਸੌ ਚਾਰ ਨਾ ਪਾਵਣ ਸਾਰੀ । ਗੁਰ ਗੋਬਿੰਦੇ ਧਾਰਿਆ ਭੇਖ, ਸਰਸੇ ਤੇਰੀ ਵਹਿੰਦੀ ਧਾਰੀ । ਆਪੇ ਲਿਖਣ ਆਇਆ ਲੇਖ, ਸ੍ਰਿਸ਼ਟ ਸਬਾਈ ਤੇਰਾ ਦੂਜੀ ਵਾਰੀ । ਮੇਟ ਮਿਟਾਏ ਕਲਜੁਗ ਜੀਵਾਂ ਕਾਲੀ ਰੇਖ, ਰੱਖੇ ਹੱਥ ਸ਼ਬਦ ਆਰੀ । ਨਾ ਕੋਈ ਦਿਸੇ ਔਲੀਆ ਪੀਰ ਸ਼ੇਖ਼, ਨਾ ਝੂਠਾ ਦਿਸੇ ਹੱਟ ਬਜਾਰੀ । ਗੁਰਮੁਖ ਸਾਚਾ ਸੰਤ ਬਣਾਇਆ ਵੇਖ, ਜੋਤੀ ਜੋਤ ਸਰੂਪ ਹਰਿ, ਗੌੜ ਬ੍ਰਹਿਮਣ ਨਾਲ ਤੇਰੇ ਲਾਈ ਸੱਚੀ ਯਾਰੀ । ਸਤਿ ਬ੍ਰਹਮ ਹਰਿ ਸਮਝਾਇੰਦਾ । ਆਤਮ ਬ੍ਰਹਮ ਪਾਰਬ੍ਰਹਮ ਕਵਣ ਅਖਵਾਇੰਦਾ । ਨਾ ਕੋਈ ਜਾਣੇ ਸਾਚੇ ਧਰਮ, ਕਰਮ ਲੇਖਾ ਕਵਣ ਲਿਖਾਇੰਦਾ । ਕਵਣ ਮਿਟਾਏ ਮਾਟੀ ਚਰਮ, ਪੰਜਾਂ ਤੱਤਾਂ ਕਵਣ ਰਖਾਇੰਦਾ । ਕਵਣ ਲਗਾਏ ਉਤੇ ਮਰ੍ਹਮ, ਤਿੰਨ ਸੌ ਸੱਠ ਹਾਡੀ ਜੋਤ ਜਗਾਇੰਦਾ । ਕਵਣ ਮਿਟਾਏ ਅੰਦਰ ਭਰਮ, ਕਿਲ੍ਹਾ ਕੋਟ ਕਵਣ ਬਣਾਏ, ਕਵਣ ਅੰਤਮ ਢਾਹਿੰਦਾ । ਜੋਤੀ ਜੋਤ ਸਰੂਪ ਹਰਿ, ਸੰਬਲ ਦੇਸ ਵੇਸ ਕਰ, ਸੰਬਲ ਨਗਰੀ ਸਚ ਸਮਗਰੀ ਆਪਣੀ ਆਪ ਰਖਾਇੰਦਾ । ਸਚ ਸਮਗਰੀ ਹਰਿ

ਦਾਤਾਰ । ਸੋਹੰ ਨਗਰੀ ਅਪਰ ਅਪਾਰ । ਜੋਤ ਉਜਗਰੀ ਵਿਚ ਸੰਸਾਰ । ਗੁਰਮੁਖ ਵਿਰਲੇ ਚਰਨ ਪ੍ਰੀਤੀ ਲਗਰੀ, ਮਿਲਿਆ ਮੇਲ ਹਰਿ ਕਰਤਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੇ ਵਸੇ ਘਰ, ਆਪ ਬਣਾਏ ਸਚ ਦਰਬਾਰ । ਸਚ ਦਰਬਾਰਾ ਇਕ ਸੁਹਾਇਆ । ਸਿੰਘ ਸਿੰਘਾਸਣ ਡੇਰਾ ਲਾਇਆ । ਨੌਂ ਦਵਾਰੇ ਪੜਦਾ ਲਾਹਿਆ । ਬੰਦ ਕਵਾੜਾ ਇਕ ਰਖਾਇਆ । ਸਤਾਰਾਂ ਹਾੜੀ ਦਇਆ ਕਮਾਇਆ । ਬੇਮੁਖਾਂ ਆਤਮ ਤ੍ਰਿਸਨਾ ਅਗਨ ਰਿਹਾ ਸਾੜੀ, ਅੰਮ੍ਰਿਤ ਸਾਚਾ ਮੇਘ ਬਰਸਾਇਆ । ਸ਼ਬਦ ਘੋੜੇ ਰਿਹਾ ਚਾੜ੍ਹੀ, ਸਾਚਾ ਤਿਲਕ ਆਪ ਲਗਾਇਆ । ਆਪੇ ਹੋਏ ਪਿੱਛੇ ਅਗਾੜੀ, ਪੁਰੀਆਂ ਲੋਆਂ ਰਿਹਾ ਫਿਰਾਇਆ । ਦਰ ਘਰ ਸਾਚੇ ਜਾਏ ਵਾੜੀ, ਜੋਤ ਨਿਰੰਜਣ ਵਿਚ ਸਮਾਇਆ । ਜਗੇ ਜੋਤ ਬਹੱਤਰ ਨਾੜੀ, ਪੁਰਖ ਅਬਿਨਾਸ਼ੀ ਦਰਸ਼ਨ ਪਾਇਆ । ਜੋਤੀ ਜੋਤ ਸਰੂਪ ਹਰਿ, ਜਗਤ ਜਗਦੀਸ਼ ਤੇਰਾ ਮਹੱਲ ਅਟੱਲ, ਲੋਕਮਾਤ ਹਰਿ ਇਕ ਸੁਹਾਇਆ । ਸਚ ਮਹੱਲ ਅਪਾਰ ਨੌਂ ਦਵਾਰਿਆ । ਕਲਜੁਗ ਲੱਗਾ ਝੂਠਾ ਸਲ, ਨਾ ਦੀਸੇ ਕੋਈ ਸਹਾਰਿਆ । ਰੰਕ ਰਾਜਾਨਾਂ ਕਰੇ ਵਲ ਛਲ, ਜੂਠੀ ਝੂਠੀ ਸੱਚੀ ਸਰਕਾਰਿਆ । ਜੋਤੀ ਜੋਤ ਸਰੂਪ ਹਰਿ, ਚਾਰੋਂ ਕੁੰਟ ਵੇਖ ਵਖਾਣੇ ਇਕ ਹੰਕਾਰਾ ਜਗਤ ਵਿਕਾਰਾ ਲੋਕਮਾਤ ਪਸਾਰਿਆ । ਕਲਜੁਗ ਪਸਾਰਾ ਏਕਾ ਵਡ ਹੰਕਾਰਿਆ । ਕਲਜੁਗ ਜੀਵਾਂ ਕਾਇਆ ਰਹੇ ਸੇਕ, ਕਰੇ ਖੁਆਰਿਆ । ਕੋਈ ਨਾ ਕਰੇ ਕੰਮ ਨੇਕ, ਜੂਠਾ ਝੂਠਾ ਸਰਬ ਵਿਹਾਰਿਆ । ਹਰਿਜਨ ਵਿਰਲੇ ਸੰਤ ਸੁਹੇਲੇ ਪੁਰਖ ਅਬਿਨਾਸ਼ੀ ਤੇਰੀ ਟੇਕ, ਰਖੇ ਇਕ ਸਹਾਰਿਆ । ਸਾਚੇ ਨੇਤਰ ਰਹੇ ਵੇਖ, ਦੇਵੇ ਦਰਸ ਅਗੰਮ ਅਪਾਰਿਆ । ਲੱਖ ਚੁਰਾਸੀ ਮਿਟੇ ਲੇਖ, ਗਰਭਵਾਸ ਨਾ ਹੋਏ ਦੂਜੀ ਵਾਰਿਆ । ਜੋਤੀ ਜੋਤ ਸਰੂਪ ਹਰਿ, ਸਚ ਸਿੰਘਾਸਣ ਆਪ ਬਿਰਾਜੇ, ਸ਼ਬਦ ਘੋੜੇ ਚਿੱਟੇ ਤਾਜੇ, ਲੱਖ ਚੁਰਾਸੀ ਸਾਜਨ ਸਾਜੇ, ਆਪੇ ਵਸੇ ਬਾਹਰਿਆ । ਹਰਿ ਸੰਗਤ ਸੇਵਾਦਾਰ, ਸੇਵ ਕਮਾਇੰਦਾ । ਰਾਤੀਂ ਸੁਤਿਆਂ ਪਹਿਰੇਦਾਰ, ਚੋਰ ਯਾਰ ਆਪ ਦੁਰਕਾਇੰਦਾ । ਅੱਠੇ ਪਹਿਰ ਖ਼ਬਰਦਾਰ, ਨਿੰਦਰਾ ਆਲਸ ਮਗਰੋਂ ਲਾਹਿੰਦਾ । ਸਦਾ ਕਰਦਾ ਰਹੇ ਪਿਆਰ, ਨਾ ਰਖੇ ਕੋਈ ਅਧਾਰ, ਦੋ ਜਹਾਨੀ ਦਇਆ ਕਮਾਇੰਦਾ । ਚਲਦਾ ਰਹੇ ਮਾਤ ਭੰਡਾਰ, ਨਿਹਕਲੰਕੀ ਖੇਲ ਅਪਾਰ, ਗੁਰ ਸੰਗਤ ਤੇਰਾ ਮੀਤ ਮੁਰਾਰ, ਸਾਚਾ ਦਰ ਖੁਲ੍ਹਾਇੰਦਾ । ਸਾਚੇ ਵਿਕਣਾ ਹੱਟ ਬਜਾਰ, ਏਕਾ ਕਰਨਾ ਵਣਜ ਵਪਾਰ, ਨਾਮ ਵਸਤ ਸਾਚੀ ਦਸਤ ਫੜਾਇੰਦਾ । ਨਾ ਕੋਈ ਦੂਸਰ ਵਿਚ ਸੰਸਾਰ, ਮਾਤ ਪਿਤ ਭਾਈ ਭੈਣ ਸਾਕ ਸੱਜਣ ਸੈਣ ਝੂਠੇ ਯਾਰ, ਵੇਲੇ ਅੰਤ ਨਾ ਕੋਈ ਛੁਡਾਇੰਦਾ । ਸੋਹੰ ਸ਼ਬਦ ਫੂਲਨਹਾਰ, ਸਾਚਾ ਕਰੇ ਤਨ ਸ਼ਿੰਗਾਰ ਗਲ ਲਟਕਾਇੰਦਾ । ਦੀਪਕ ਜੋਤੀ ਕਰ ਉਜਿਆਰ, ਮੇਟ ਮਿਟਾਏ ਅੰਧ ਅੰਧਿਆਰ, ਬੈਠ ਸਚ ਸੱਚੇ ਦਰਬਾਰ, ਨੌਂ ਦਰਵਾਜੇ ਬੰਦ ਕਿਵਾੜ, ਦਸਵਾਂ ਵੇਖੇ ਇਕ ਦਵਾਰ, ਸਾਚੀ ਸੇਜਾ ਆਸਣ ਲਾਇੰਦਾ । ਖੁਸ਼ੀ ਮਨਾਈ ਸਤਾਰਾਂ ਹਾੜੀ, ਨੇੜ ਨਾ ਆਏ ਮੌਤ ਲਾੜੀ, ਦਰ ਘਰ ਸਾਚੇ ਦੇਵੇ ਵਾੜੀ, ਸ਼ਬਦ ਘੋੜੇ ਜਾਏ ਚਾੜ੍ਹੀ, ਆਵਣ ਜਾਵਣ ਗੇੜ ਕਟਾਇੰਦਾ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਗੁਰ ਸੰਗਤ ਤੇਰਾ ਸੇਵਾਦਾਰ, ਕਲਜੁਗ ਤੇਰੀ ਅੰਤਮ ਵਾਰ, ਪਹਿਰੇਦਾਰ ਅਖਵਾਇੰਦਾ । ਹੋਏ ਸੇਵਾਦਾਰ ਚਾਕਰ ਚਾਕਰਾ । ਸਦਾ ਸੁਹੇਲਾ ਕਰੇ ਕਰਾਏ ਖ਼ਬਰਦਾਰ, ਪਾਕੀ ਪਾਕ ਆਪੇ ਪਾਕਰਾ । ਹਉਮੇ ਰੋਗ ਦਏ ਨਿਵਾਰ, ਨਾ ਕੋਈ ਦਿਸੇ ਅੱਗੇ ਆਕੀ ਆਕਰਾ । ਨਾ ਕੋਈ ਗੁਰ ਨਾ ਕੋਈ ਚੇਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਦਇਆ ਕਮਾਏ, ਮਾਨਸ ਦੇਹੀ ਮੇਲ ਮਿਲਾਏ, ਕਰਮ ਕਰੇ ਉਜਾਗਰਾ । ਮਾਨਸ ਦੇਹੀ ਲੇਖੇ ਲਾਏ । ਸ਼ਬਦ ਗਹਿਣਾ ਤਨ ਪਹਿਨਾਏ । ਭਾਣਾ ਸਹਿਣਾ ਹੁਕਮ ਸੁਣਾਏ ।

ਝੂਠੇ ਵਹਿਣ ਮਾਤ ਨਾ ਵਹਿਣਾ, ਸੋਹੰ ਅੱਖਰ ਇਕ ਪੜ੍ਹਾਏ । ਦਰਸ ਦਿਖਾਏ ਨੇਤਰ ਨੈਣਾ, ਬੰਦ ਕਿਵਾੜੀ ਆਪ ਖੁਲ੍ਹਾਏ । ਪੁਰਖ ਅਬਿਨਾਸ਼ੀ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰ ਸੰਗਤ ਸਾਚੀ ਮਿਲ ਕੇ ਬਹਿਣਾ, ਸਾਚਾ ਹੁਕਮ ਸੁਣਾਏ । ਗੁਰ ਸੰਗਤ ਤੇਰਾ ਸਾਚਾ ਨਾਤਾ । ਚਾਰ ਵਰਨ ਭੈਣ ਭਰਾਤਾ । ਉਤਮ ਰੱਖੀ ਹਰਿ ਜੀ ਜ਼ਾਤਾ । ਨੇੜ ਨਾ ਆਏ ਦੂਈ ਦਵੈਤੀ ਵਡ ਕਮਜ਼ਾਤਾ । ਗੁਰਮੁਖਾਂ ਮੇਲ ਪੁਰਖ ਬਿਧਾਤਾ, ਕਾਇਆ ਮੰਦਰ ਅੰਦਰ ਮਸੀਤ ਗੁਰਦਵਾਰਾ ਏਕਾ ਜਾਤਾ । ਬੇਮੁਖ ਜੀਵਾਂ ਕਾਇਆ ਅੰਦਰ ਏਕਾ ਦਿਸੇ ਅੰਧੇਰੀ ਰਾਤਾ । ਵੇਲੇ ਅੰਤ ਬਣਤ ਬਣਾਈ, ਸਾਧ ਸੰਤ ਰਿਹਾ ਜਗਾਈ, ਬੈਠਾ ਰਹੇ ਇਕ ਇਕਾਂਤਾ । ਜੋਤੀ ਜੋਤ ਸਰੂਪ ਹਰਿ, ਗੁਰ ਸੰਗਤ ਦੇਵੇ ਇਕ ਵਰ, ਆਪ ਆਪਣੀ ਕਿਰਪਾ ਕਰ, ਵੇਲੇ ਅੰਤਮ ਪੁੱਛੇ ਵਾਤਾ । ਗੁਰ ਸੰਗਤ ਸਾਚਾ ਮਾਣ ਧੁਰ ਦਰਗਾਹੀ ਏਕਾ ਮਿਲੇ ਨਾਮ ਬਿਬਾਣ, ਹਰਿ ਸਾਚਾ ਵਿਚ ਮਲਾਹ । ਝੁਲਦਾ ਜਾਏ ਨਾਮ ਨਿਸ਼ਾਨ, ਵੇਖ ਵਖਾਣੇ ਥਾਉਂ ਥਾਂ । ਆਪ ਰਖਾਏ ਆਪਣੀ ਆਣ, ਵੇਲੇ ਅੰਤ ਹੋਏ ਸਹਾਏ, ਪਕੜ ਉਠਾਏ ਫੜ ਕੇ ਬਾਂਹ । ਗੁਰਮੁਖ ਤੇਰੀ ਵੱਧਦੀ ਜਾਏ ਸ਼ਾਨ, ਮਿਲਿਆ ਪੁਰਖ ਅਗੰਮੜਾ ਆਪੇ ਪਿਤਾ ਆਪੇ ਮਾਂ । ਨਾ ਕੋਈ ਪੱਲੇ ਰਖੇ ਦਮੜਾ, ਧੁਰ ਦਰਗਾਹੀ ਹਰਿ ਮਲਾਹ ਸਦਾ ਸੁਹੇਲਾ ਇਕ ਅਕੇਲਾ ਰੱਖੇ ਠੰਡੀ ਛਾਂ । ਨਿਹਕਲੰਕ ਨਰਾਇਣ ਨਰ, ਗੁਰ ਸੰਗਤ ਦੇਵੇ ਇਕ ਵਰ, ਰਸਨਾ ਧਿਆਉਣਾ ਹਰਿ ਹਰਿ ਸਾਚਾ ਨਾਂ । ਹਰਿ ਹਰਿ ਸੱਚਾ ਨਾਮ ਧਿਆਵਣਾ । ਆਤਮ ਘਰ ਇਕ ਵਸਾਵਣਾ । ਦਰ ਦਰਵਾਜਾ ਬੰਦ ਖੁਲ੍ਹਾਵਣਾ । ਗਰੀਬ ਨਿਵਾਜਾ ਵਿਚ ਬਹਾਵਣਾ । ਜਿਸ ਜਨ ਤੇਰਾ ਸਾਜਨ ਸਾਜਾ, ਦਰ ਘਰ ਸਾਚੇ ਦਰਸ਼ਨ ਪਾਵਣਾ । ਲਾੜੀ ਮੌਤ ਮਾਰੇ ਵਾਜਾਂ, ਅਜ ਕਲ ਭੇਵ ਕਿਸੇ ਨਾ ਪਾਵਣਾ । ਚਾਰੋਂ ਕੁੰਟ ਪੈਣ ਭਾਜਾਂ, ਹੋਏ ਸਹਾਈ ਨਾ ਕਿਸੇ ਛੁਡਾਵਣਾ । ਰਾਜੇ ਰਾਣਿਆ ਸੀਸ ਲੱਥੇ ਤਾਜਾ, ਦਰ ਦਰਬਾਨ ਨਾ ਕੋਈ ਰਖਾਵਣਾ । ਪਰਗਟੇ ਜੋਤ ਸੰਬਲ ਦੇਸ ਦੇਸ ਮਾਝਾ, ਕਾਇਆ ਨਗਰੀ ਆਸਣ ਲਾਵਣਾ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਵਾਜਾ ਧੁਨੀ ਨਾਦ ਅਨਾਹਦ ਧਾਰਾ ਇਕ ਵਜਾਵਣਾ । ਅੰਮ੍ਰਿਤ ਬਰਖੇ ਠੰਡੀ ਧਾਰ । ਦਸਮ ਦਵਾਰੀ ਤਾਲ ਸੁਹਾਵਾ, ਝਿਰੇ ਝਿਰਨਾ ਅਪਰ ਅਪਾਰ । ਵੇਖੇ ਕਵਲ ਮੁਖ ਉਘਾੜ, ਕਵਣ ਕਪਾਟੀ ਦੇਵੇ ਪਾੜ । ਸਾਚਾ ਤੀਰਥ ਸਾਚੀ ਤਾਟੀ, ਕਾਇਆ ਮੰਦਰ ਚਾਰ ਦਵਾਰ । ਨੌਂ ਦਰਵਾਜੇ ਖੁਲ੍ਹੀ ਹਾਟੀ, ਕਲਜੁਗ ਕਾਲਾ ਵਣਜ ਵਪਾਰ । ਦਸਮ ਦਵਾਰੇ ਸਚ ਪਾਟੀ, ਸ਼ਬਦ ਸ਼ਿੰਗਾਰਾ ਤਨ ਸ਼ਿੰਗਾਰ । ਅੰਮ੍ਰਿਤ ਰਸ ਗੁਰਮੁਖ ਵਿਰਲਾ ਰਿਹਾ ਚਾਟੀ, ਚਰਨ ਸਰਨ ਸਰਨ ਗੁਰ ਚਰਨ ਕਰ ਨਿਮਸਕਾਰ । ਦੁਰਮਤ ਮੈਲ ਰਿਹਾ ਕਾਟੀ, ਅੰਮ੍ਰਿਤ ਬਰਖੇ ਕਿਰਪਾ ਧਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੀ ਕਿਰਪਾ ਕਰ, ਕਲਜੁਗ ਬੇੜਾ ਲਾਏ ਪਾਰ । ਅੰਮ੍ਰਿਤ ਆਤਮ ਧਾਰ ਆਪ ਵਹਾਇੰਦਾ । ਗੁਰਮੁਖਾਂ ਕਰ ਵਿਚਾਰ, ਦਇਆ ਕਮਾਇੰਦਾ । ਮਾਨਸ ਦੇਹੀ ਜਨਮ ਸਵਾਰ, ਲੱਖ ਚੁਰਾਸੀ ਪਾਰ ਕਰਾਇੰਦਾ । ਆਦਿ ਅੰਤ ਨਾ ਜਾਏ ਹਾਰ, ਸੱਚੀ ਸਰਕਾਰ ਸਾਚੇ ਮਾਰਗ ਆਪੇ ਪਾਇੰਦਾ । ਕਾਇਆ ਕਰੇ ਠੰਡੀ ਠਾਰ, ਵਿਚ ਸੰਸਾਰ ਤਨ ਬੁਖਾਰ ਹਉਮੇ ਰੋਗ ਗਵਾਇੰਦਾ । ਅੰਮ੍ਰਿਤ ਭਰਿਆ ਹਰਿ ਭੰਡਾਰ, ਗੁਰ ਸੰਗਤ ਬਣਿਆ ਆਪ ਵਰਤਾਰ, ਸਾਚੇ ਮੁਖੜੇ ਆਪ ਚੁਆਇੰਦਾ । ਗੁਰਮੁਖਾਂ ਲਾਹੇ ਦੁੱਖੜੇ, ਸਿਰੋਂ ਭਾਰੇ ਲਾਹਿੰਦਾ । ਨਿਰਮਲ ਕਰੇ ਮਾਤ ਮੁੱਖੜੇ, ਚਰਨ ਦੁਲਾਰੇ ਸੁਫਲ ਕੁੱਖੜੇ ਉਲਟਾ ਬਿਰਛ ਨਾ ਕੋਈ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਅੰਮ੍ਰਿਤ ਧਾਰ ਵਿਚ ਸੰਸਾਰ, ਗੁਰ ਸੰਗਤ ਇਕ

ਵਖਾਇੰਦਾ । ਅੰਮ੍ਰਿਤ ਧਾਰੀ ਜੀਆ ਨੂਰ । ਭਗਤ ਜਨਾਂ ਘਰ ਸਤਿ ਸਰੂਰ । ਸਰਬ ਜੀਆਂ ਪ੍ਰਭ ਆਸਾ ਪੂਰੇ, ਬੇਮੁਖਾਂ ਹਰਿ ਦਿਸੇ ਦੂਰ । ਗੁਰਮੁਖ ਸਾਚੇ ਸੰਤ ਜਨਾਂ, ਆਪੇ ਹਾਜਰ ਹਜ਼ੂਰ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਮ੍ਰਿਤ ਸਾਚੀ ਧਾਰ ਵਹਾਏ, ਗੁਰ ਸੰਗਤ ਸਾਚੀ ਦਇਆ ਕਮਾਏ, ਸ੍ਰਿਸ਼ਟ ਸਬਾਈ ਕੂੜੋ ਕੂੜ । ਕੂੜ ਕੁੜਿਆਰੀ ਸ੍ਰਿਸ਼ਟ ਝੂਠ ਪਰਧਾਨਿਆ । ਇਕ ਇਕੱਲਾ ਸਾਚਾ ਇਸ਼ਟ, ਜੋਤ ਨਿਰੰਜਣ ਸ੍ਰੀ ਭਗਵਾਨਿਆ । ਆਪ ਖੁਲ੍ਹਾਏ ਕੂਟ ਦ੍ਰਿਸ਼ਟ ਦਇਆਵਾਨ ਦਇਆਵਾਨਿਆ । ਸੰਤ ਮੰਡਲੀ ਸੋਭਾ ਪਾਏ ਜਿਉਂ ਵਸ਼ਿਸ਼ਟ, ਮਿਲੇ ਆਣ ਦੋ ਜਹਾਨਿਆ । ਜੋਤੀ ਜੋਤ ਸਰੂਪ ਹਰਿ, ਗੁਰਮੁਖ ਸਾਚੇ ਸੰਤ ਜਨਾਂ ਅੰਮ੍ਰਿਤ ਦੇਵੇ ਆਤਮ ਦਾਨ, ਕਿਰਪਾ ਕਰ ਪੁਰਖ ਸੁਜਾਨਿਆ । ਅੰਮ੍ਰਿਤ ਫਲ ਅੰਮ੍ਰਿਤ ਮੇਵਾ, ਹਰਿਜਨ ਲਾਏ ਦਰ ਘਰ ਸਾਚੇ ਸਾਚੀ ਜਿਹਵਾ । ਅੰਮ੍ਰਿਤ ਆਤਮ ਸਰ ਸਾਚੇ ਨੁਹਾਏ, ਪੂਰਨ ਘਾਲ ਹੋਈ ਸੇਵਾ । ਪੁਰਖ ਅਬਿਨਾਸ਼ੀ ਦਇਆ ਕਮਾਏ, ਨਾਮ ਲਗਾਏ ਮਸਤਕ ਥੇਵਾ । ਰੰਗਣ ਰੰਗ ਇਕ ਚੜ੍ਹਾਏ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ । ਸਤਿਗੁਰ ਸੁਰਤ ਗਿਆਨ ਆਪ ਦਵਾਈਆ । ਮਿਲਿਆ ਚਰਨ ਧਿਆਨ, ਬਿਠਾਏ ਵਿਚ ਬਿਬਾਣ, ਪੂਰਨ ਬੂਝ ਬੁਝਾਈਆ । ਮਿਲੇ ਮੇਲ ਸ੍ਰੀ ਭਗਵਾਨ, ਵਾਹ ਵਾਹ ਗੁਰ ਜਿਸ ਬਣਤ ਬਣਾਈਆ । ਲਿਖਿਆ ਲੇਖਾ ਧੁਰ ਮਸਤਕ, ਲੇਖ ਰਿਹਾ ਲਿਖਾਈਆ । ਸਚ ਦਵਾਰੇ ਪ੍ਰੀਤੀ ਗਈ ਜੁੱੜ, ਗੁਰ ਗੋਬਿੰਦਾ ਰਿਹਾ ਧਿਆਈਆ । ਲੋਕਮਾਤ ਨਾ ਰਹੇ ਬੁੜ, ਮਨਮੁਖ ਨਿੰਦਾ ਦਏ ਤਜਾਈਆ । ਦੋਹਾ ਧਿਰਾਂ ਦਾ ਏਕਾ ਪੁੜ, ਬੇਮੁਖ ਜੀਵਾਂ ਰਹੇ ਪਿਸਾਈਆ । ਜੋਤੀ ਜੋਤ ਸਰੂਪ ਹਰਿ, ਸਾਚੀ ਰਚਨਾ ਆਪ ਰਚਾਈਆ । ਵਾਹ ਵਾਹ ਗੁਰ, ਵਾਹ ਵਾਹ ਗੁਰਦਵਾਰਿਆ । ਆਪੇ ਫੜੇ ਪੰਜੇ ਚੋਰ, ਹੱਥ ਫੜ ਸ਼ਬਦ ਕਟਾਰਿਆ । ਕਲਜੁਗ ਕਾਇਆ ਰੈਣ ਘੋਰ, ਦੀਪਕ ਕਰੇ ਆਪ ਉਜਿਆਰਿਆ । ਪੰਜ ਪੂਤ ਨਾ ਪਾਇਣ ਸ਼ੋਰ, ਆਪੇ ਹੋਏ ਪਹਿਰੇਦਾਰਿਆ । ਸਾਚੇ ਸੂਤਰ ਬੰਨ੍ਹੇ ਡੋਰ, ਸੁਰਤੀ ਖਿੱਚੇ ਦਸਮ ਦਵਾਰਿਆ । ਹਰਿਜਨ ਅਵਰ ਨਾ ਦੀਸੇ ਹੋਰ, ਜੋ ਜਨ ਪਰਸੇ ਚਰਨ ਕਮਲਾਰਿਆ । ਆਪ ਚੁਕਾਏ ਮੋਰ ਤੋਰ, ਗੁਰ ਗੋਬਿੰਦਾ ਸਾਚੀ ਰੀਤ ਵਖਾ ਰਿਹਾ । ਗੁਰ ਗੋਬਿੰਦ ਨਾਮ ਨਿਸ਼ਾਨ, ਜਗਤ ਵਡਿਆਈਆ । ਆਪ ਝੁਲਾਏ ਹਰਿ ਮਿਹਰਬਾਨ, ਸਾਚੀ ਰਿਹਾ ਬਣਤ ਬਣਾਈਆ । ਮਾਇਆ ਸੁੱਤੇ ਹੋ ਨਿਧਾਨ, ਸਾਚੀ ਸਾਰ ਕਿਸੇ ਨਾ ਪਾਈਆ । ਸਾਲ ਬਾਰਵ੍ਹੇਂ ਨੌਜਵਾਨ, ਕਮਰ ਕਸੇ ਆਪ ਕਰਾਈਆ । ਤੇਰਵ੍ਹੇਂ ਤੋਲੇ ਹਰਿ ਮਿਹਰਬਾਨ, ਨਾਨਕ ਸਾਚੀ ਰੀਤ ਚਲਾਈਆ । ਵਾਲੀ ਹਿੰਦਾ ਉਠ ਬਲਵਾਨ, ਪ੍ਰਭ ਸਾਚਾ ਮੇਲ ਰਿਹਾ ਮਿਲਾਈਆ । ਆਪੇ ਵੇਖੇ ਮਾਰ ਧਿਆਨ, ਕਿਹੜੀ ਕਾਇਆ ਕੰਦਰ ਅੰਦਰ ਵਿਚ ਟਿਕਾਈਆ । ਅੰਤਮ ਮਿਟੇ ਜਗਤ ਨਿਸ਼ਾਨ, ਰਾਜ ਦਰਬਾਰ ਨਾ ਕੋਈ ਸੰਗ ਨਿਭਾਈਆ । ਏਕਾ ਏਕ ਪੁਰਖ ਕਰਤਾਰ, ਸਭ ਦੀ ਰਿਹਾ ਪੈਜ ਸਵਾਰ, ਰੱਖੇ ਸਦਾ ਸਰਨਾਈਆ । ਮਾਨਸ ਦੇਹੀ ਨਾ ਆਏ ਹਾਰ, ਪਰਗਟ ਹੋ ਚਵੀਆਂ ਅਵਤਾਰ, ਲੱਖ ਚੁਰਾਸੀ ਵੇਖ ਵਿਚਾਰ, ਗੁਰਮੁਖ ਸਾਚੇ ਰਿਹਾ ਜਗਾਈਆ । ਆਪੇ ਕਰੇ ਆਪਣੀ ਕਾਰ, ਨਾ ਕੋਈ ਦੱਸੇ ਹੋਰ ਵਿਹਾਰ, ਸੱਤਾਂ ਦੀਪਾਂ ਬੰਨ੍ਹੇ ਧਾਰ, ਸਚ ਸਿੰਘਾਸਣ ਡੇਰਾ ਲਾਈਆ । ਸੋਲਾਂ ਕਲੀਆਂ ਕਰ ਤਿਆਰ, ਉਤੇ ਆਸਣ ਲਾਏ ਅਪਾਰ, ਸ਼ਬਦ ਘੋੜਾ ਨਾਮ ਦੁਲਾਰ, ਸਾਚਾ ਪੌੜਾ ਰਿਹਾ ਉਠਾਈਆ । ਜੋਤੀ ਜੋਤ ਸਰੂਪ ਹਰਿ, ਸੰਬਲ ਦੇਸ ਵੇਸ ਕਰ, ਆਪ ਆਪਣਾ ਭੇਖ ਧਰ, ਭਾਣਾ ਆਪਣੇ ਹੱਥ ਰਖਾਈਆ । ਨੇਤਰ ਖੋਲ੍ਹੇ ਨੈਣ ਮੁਧਾਣਾ ਹੈ । ਅੰਦਰੇ ਅੰਦਰ ਆਪੇ ਬੋਲੇ, ਆਪੇ ਸੁਘੜ ਸਿਆਣਾ ਹੈ । ਭਗਤ ਜਨਾਂ ਦਾ ਕੁੰਡਾ ਖੋਲ੍ਹੇ, ਆਪ ਵਿਛਾਏ ਸਾਚੀ

੧੬੨ ੦੫

ਸੇਜਾ, ਨਾਮ ਪਿਆਰਾ ਲੇਫ ਤਲਾਈ ਸਰਹਾਣਾ ਹੈ । ਆਦਿ ਅੰਤ ਨਾ ਕਦੇ ਡੋਲੇ, ਸਦ ਜੀਉਂਦਾ ਬੇਪੁਰਾਣਾ ਹੈ । ਆਪੇ ਵਸੇ ਪੜਦੇ ਉਹਲੇ, ਮਾਇਆ ਪੜਦਾ ਇਕ ਰਖਾਨਾ ਹੈ । ਗੁਰਮੁਖਾਂ ਹਰਿ ਸਦ ਵਸੇ ਕੋਲੇ, ਕਾਇਆ ਮੰਦਰ ਸਾਚਾ ਮੌਲੇ, ਹੋਏ ਰੁਤ ਸੁਹਾਨਾ ਹੈ । ਮਿਲੇ ਵਡਿਆਈ ਉਪਰ ਧਵਲੇ, ਬਾਸ਼ਕ ਨਾਗਾਂ ਕਰੇ ਭਾਰ ਆਪੇ ਹੌਲੇ, ਜ਼ਾਤੀ ਜੁਲਮ ਮਿਟਾਨਾ ਹੈ । ਗੁਰਮੁਖਾਂ ਘਰ ਆਏ ਕੋਲੇ, ਅੰਮ੍ਰਿਤ ਧਾਰ ਬਰਸਾਨਾ ਹੈ । ਜੋਤੀ ਜੋਤ ਸਰੂਪ ਹਰਿ, ਵੇਖੇ ਖੇਲ ਵਾਲੀ ਦੋ ਜਹਾਨਾ ਹੈ । ਆਤਮ ਰੰਗ ਗੂੜ੍ਹਾ, ਲਾਲ ਦੁਲਾਰਿਆ । ਜਨ ਭਗਤਾਂ ਹੱਥੀਂ ਪਾਵਣ ਆਇਆ ਚੂੜਾ, ਹਰਿ ਜੀ ਬਣਿਆ ਜਗਤ ਦਲਾਲਿਆ । ਨਾਲ ਲਿਆਇਆ ਇਕ ਪੰਘੂੜਾ, ਸੋਹੰ ਪਾਏ ਉਤੇ ਦੁਸ਼ਾਲਿਆ । ਪੰਜਾਂ ਤੱਤਾਂ ਨਾਤਾ ਕੂੜਾ, ਏਕਾ ਦੱਸੇ ਰਾਹ ਸੁਖਾਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਸੰਤ ਜਨਾਂ ਏਕਾ ਦੇਵੇ ਨਾਮ ਨਿਧਾਨ, ਧੁਰ ਦਰਗਾਹ ਨਾ ਹੋਏ ਕੰਗਾਲਿਆ । ਸਤਿ ਫਿਰਕੀ ਹਰਿ ਚਲਾਈਆ । ਨਾਮ ਸੂਈ ਸੱਚੀ ਲਗਾਈਆ । ਕਾਇਆ ਪਾਟੀ ਝੂਠੀ ਚੋਲੀ, ਆਪਣੀ ਹੱਥੀਂ ਰਿਹਾ ਸਵਾਈਆ । ਧਰਮ ਰਾਏ ਦੀ ਨਾ ਹੋਏ ਗੋਲੀ, ਵੇਲੇ ਅੰਤ ਰਿਹਾ ਛੁਡਾਈਆ । ਕਲਜੁਗ ਜੀਵ ਮਾਰਨ ਬੋਲੀ, ਨਿਹਕਲੰਕ ਕਿਥੇ ਜੋਤ ਜਗਾਈਆ । ਹੌਲੀ ਹੌਲੀ ਸਭ ਦੇ ਪੜਦੇ ਜਾਏ ਖੋਲ੍ਹੀ, ਅਚਰਜ ਖੇਲ ਰਚਾਈਆ । ਪੂਰੇ ਤੋਲ ਜਾਏ ਤੋਲੀ, ਸਾਚਾ ਕੰਡਾ ਧੁਰ ਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਗੁਰਮੁਖ ਸਾਚੇ ਸੰਤ ਜਨਾਂ ਦੇਵੇ ਮਾਤ ਸੱਚੀ ਵਡਿਆਈਆ । ਮਨ ਧਾਗਾ ਹਰਿ ਬੰਨ੍ਹਾਇਆ ਏ । ਉਤੇ ਲਾਇਆ ਸ਼ਬਦ ਸੁਹਾਗਾ, ਵਾਹਵਾ ਕੰਚਨ ਰੰਗ ਚੜ੍ਹਾਇਆ ਏ । ਆਪੇ ਸੋਇਆ ਮਾਤ ਜਾਗਾ, ਗੁਰ ਸਾਚੇ ਨਾਲ ਜਗਾਇਆ ਏ । ਪੁਰਖ ਅਬਿਨਾਸ਼ੀ ਚਰਨੀ ਲਾਗਾ, ਮਸਤਕ ਲੇਖ ਰਿਹਾ ਲਿਖਾਇਆ ਏ । ਹੰਸ ਬਣਾਵੇ ਹਰਿ ਜੀ ਕਾਗਾ, ਲੱਖ ਚੁਰਾਸੀ ਫੰਦ ਕਟਾਇਆ ਏ । ਹੱਥ ਆਪਣੇ ਪਕੜੇ ਵਾਗਾ, ਧੁਰ ਦਰਗਾਹੀ ਰਾਹ ਵਖਾਇਆ ਏ । ਚਾਰੇ ਕੁੰਟ ਫਿਰੇ ਸੁਹਾਗਾ, ਦਿਸ ਕਿਸੇ ਨਾ ਆਇਆ ਏ । ਲਹਿੰਦੀ ਕੂਟੇ ਵੇਖ ਵਾਗਾ, ਲਕੋਂ ਤਾਗਾ ਆਪਣੀ ਹੱਥੀਂ ਆਪ ਤੁੜਾਇਆ ਏ । ਕਾਲੀ ਨਾਗ ਕਾਲਾ ਨਾਗਾ, ਡੱਸਣ ਆਪ ਆਇਆ ਏ । ਕਲਜੁਗ ਰੈਣ ਅੰਧੇਰੀ ਮੱਸ, ਕੋਈ ਨਾ ਜਾਵੇ ਕਿਸੇ ਪਾਸੇ ਨੱਸ, ਪ੍ਰਭ ਸਾਚੇ ਘੇਰਾ ਪਾਇਆ ਏ । ਭਗਤ ਜਨਾਂ ਰਾਹ ਰਿਹਾ ਦੱਸ, ਮਸਤੂਆਣਾ ਧਾਮ ਸੁਹਾਇਆ ਏ । ਜੋਤੀ ਜੋਤ ਸਰੂਪ ਹਰਿ, ਸਾਚੀ ਜੋਤ ਆਪੇ ਧਰ, ਸੰਬਲ ਦੇਸ ਫੇਰਾ ਪਾਇਆ ਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਹੱਥੀਂ ਆਪਣਾ ਲੇਖ ਆਪ ਛੁਪਾਇਆ ਏ । ਕੋਈ ਨਾ ਜਾਣੇ ਗ੍ਰੰਥੀ ਪੰਥੀ ਪੜ੍ਹ ਪੜ੍ਹ ਥੱਕੇ, ਗੁਰ ਗੋਬਿੰਦੇ ਤੇਰਾ ਭੇਵ ਨਾ ਪਾਇਆ ਏ । ਕਿਸੇ ਹੱਥ ਨਾ ਆਏ ਮਦੀਨੇ ਮੱਕੇ, ਬੂਰੇ ਕੱਕੇ ਸਾਰੇ ਨਿਉਂ ਨਿਉਂ ਸੀਸ ਝੁਕਾਇਆ ਏ । ਚਾਰੋਂ ਕੁੰਟ ਪੈਣ ਧੱਕੇ, ਲਾੜੀ ਮੌਤ ਆਪੇ ਹੱਕੇ, ਧਰਮ ਰਾਏ ਨੇ ਹੁਕਮ ਸੁਣਾਇਆ ਏ । ਨਾਤਾ ਤੁੱਟੇ ਭਾਈ ਭੈਣ ਸੱਕੇ, ਨਾ ਕੋਈ ਕਿਸੇ ਸਹਾਇਆ ਏ । ਗੁਰਮੁਖਾਂ ਪ੍ਰਭ ਆਪਣੀ ਗੋਦ ਆਪੇ ਚੁਕੇ, ਸਾਚਾ ਪੱਲੂ ਅੱਗੇ ਡਾਹਿਆ ਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਸਤਾਰਾਂ ਹਾੜੀ ਫੁਲ ਫੁਲਵਾੜੀ ਸਾਚਾ ਬਾਗ ਲਗਾਇਆ ਏ । ਲੱਗਾ ਬਾਗ ਮਾਤ ਬਗੀਚਾ । ਨਾ ਕੋਈ ਵੇਖੇ ਊਚਾ ਨੀਚਾ । ਏਕਾ ਏਕ ਸੂਚੋ ਸੂਚਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲਗਾਏ ਏਕਾ ਸ਼ਬਦ ਪਲੀਤਾ ਏ । ਗੁਰ ਚਰਨ ਦਵਾਰੇ ਸੀਰ ਪਾਈਏ । ਜਨ ਹੋਏ ਨਿਮਾਣਾ । ਪ੍ਰਭ ਨੇਤ ਨੇਤਨ ਨੇਤ ਨੇਤ ਦਰਸਾਈਏ । ਚੁੱਕੇ ਪੀਣਾ ਖਾਣਾ । ਕਾਇਆ ਖੇਤ ਖੇਤ

ਖੇਤ ਮੇਘ ਅੰਮ੍ਰਿਤ ਬਰਸਾਈਏ, ਨਾਮ ਬੀਜੇ ਸਾਚਾ ਦਾਣਾ । ਏਥੇ ਓਥੇ ਫਿਰ ਕਿਉਂ ਤਰਸਾਈਏ, ਜੇ ਮੇਲ ਮਿਲੇ ਭਗਵਾਨਾ । ਜੋਤੀ ਜੋਤ ਸਰੂਪ ਹਰਿ, ਸਰਬ ਜੀਆਂ ਦਾ ਬੀਨਾ ਦਾਨਾ । ਕਾਇਆ ਖੇਤ ਅਪਾਰ, ਸਦਾ ਹਰਿਆਵਲਾ । ਪ੍ਰਭ ਰੁੱਤ ਸਹਾਈ ਮਹੀਨਾ ਚੇਤ, ਬਣਾਇਆ ਤਾਲ ਸੱਚਾ ਬਉਲਾ । ਅੰਮ੍ਰਿਤ ਬਰਖੇ ਸਾਚਾ ਮੇਘ, ਧਾਰ ਆਪਣੀ ਆਪ ਬਹਾਵਲਾ । ਜੋਤੀ ਜੋਤ ਸਰੂਪ ਹਰਿ, ਸਾਚਾ ਰੰਗਣ ਆਪੇ ਰੰਗੇ, ਕਰ ਕਰ ਵੇਸ ਸਦਾ ਪੀਲਾ ਸਾਵਲਾ । ਕਾਇਆ ਖੇਤ ਘੇਰਾ ਪਾਈ ਜਾ । ਆਪੇ ਵੇਖ ਸੰਞ ਸਵੇਰਾ, ਸਾਚਾ ਮਨ ਆਪ ਸਮਝਾਈ ਜਾ । ਗੁਰਮੁਖ ਸਾਚੇ ਹੋ ਦਲੇਰਾ, ਭਰਮਾ ਡੇਰਾ ਆਪੇ ਢਾਹੀ ਜਾ । ਮਾਨਸ ਜਨਮ ਨਾ ਆਏ ਦੂਜੀ ਵੇਰਾ, ਸਚ ਨਿਬੇੜਾ ਦਰ ਘਰ ਸਾਚੇ ਆਪ ਕਰਾਈ ਜਾ । ਸਾਚਾ ਮੰਦਰ ਖੁਲ੍ਹਾ ਵਿਹੜਾ, ਰਸਨਾ ਹੱਲ ਚਲਾਈ ਜਾ । ਆਪੇ ਬੰਨ੍ਹੇ ਹਰਿ ਜੀ ਬੇੜਾ, ਅੰਮ੍ਰਿਤ ਤਾਲ ਟਿਕਾਈ ਜਾ । ਵਸਦਾ ਰਹੇ ਕਾਇਆ ਨਗਰ ਖੇੜਾ, ਹਰਿ ਹਿਰਦੇ ਜੋਤ ਜਗਾਈ ਜਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦੇਵੇ ਨਾਮ ਵਰ, ਪ੍ਰੇਮ ਸੁਹਾਗਾ ਉਤੇ ਲਾਈ ਜਾ । ਪ੍ਰੇਮ ਸੁਹਾਗਾ ਲਾ ਕੇ ਜਾਣਾ । ਸਾਚਾ ਬੀਜ ਆਪੇ ਮੌਲੇ, ਦਰ ਘਰ ਸਾਚੇ ਬਹਿ ਕੇ ਖਾਣਾ । ਅੰਮ੍ਰਿਤ ਬਰਖੇ ਸਾਚੇ ਕਵਲੇ, ਸਾਚੀ ਧਾਰਾ ਮੁਖ ਚੁਆ ਕੇ ਜਾਣਾ । ਪ੍ਰਭ ਅਬਿਨਾਸ਼ੀ ਕਰਮ ਵਿਚਾਰ, ਆਪ ਆਪਣੇ ਰੰਗ ਸੁਹਾਣਾ । ਮਾਨਸ ਦੇਹੀ ਕੂੜ ਕੁੜਿਆਰ, ਸ਼ਬਦ ਸਨੇਹੀ ਦਰਸ਼ਨ ਪਾਣਾ । ਅੰਤਮ ਢਹਿਣੀ ਚਾਰ ਦਿਵਾਰ, ਸਚ ਮਕਾਨ ਨਾ ਕਿਸੇ ਬਣਾਨਾ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵੇ ਨਾਮ ਧਨ ਗੁਣਵੰਤ ਗੁਣ ਗੁਣ ਨਿਧਾਨਾ । ਘਟ ਸਾਜਨ ਪ੍ਰਭ ਆਪਣਾ, ਬਾਹਰ ਵਥ ਨਾ ਕੋਇ । ਘਟ ਸਾਜਨ ਪ੍ਰਭ ਆਪਣਾ, ਹੱਥ ਪੈਰ ਨਾ ਦਿਸੇ ਕੋਇ । ਘਟ ਸਾਜਨ ਪ੍ਰਭ ਆਪਣਾ, ਉਚਾ ਲੰਮਾ ਕਿਤਨਾ ਹੋਏ । ਘਟ ਸਾਜਨ ਪ੍ਰਭ ਆਪਣਾ, ਹਰਿ ਜਨ ਪਾਵੇ ਸੋਏ । ਸਭ ਘਟ ਮਾਰੇ ਤੀਨੋ ਤਾਪਨਾ, ਦੁੱਖ ਦਰਦ ਰਹੇ ਨਾ ਕੋਇ । ਸਦ ਰੱਖੇ ਵਡ ਵਡ ਪਰਤਾਪਨਾ, ਅਲੱਖਨਾ ਲੱਖ ਨਾ ਸਕੇ ਕੋਇ । ਜੋਤੀ ਜੋਤ ਸਰੂਪ ਹਰਿ, ਸਭ ਘਟ ਮੇਂ ਰਿਹਾ ਸੋਏ । ਸਭ ਘਟ ਸੋਇਆ ਆਪ ਪ੍ਰਭ, ਦੋਵੇਂ ਭੁਜਾ ਪਸਾਰ । ਬੇਮੁਖ ਦਰ ਦਰ ਫਿਰਦਾ ਰੋਇਆ, ਮਿਲੇ ਨਾ ਮੇਲ ਹਰਿ ਕਰਤਾਰ । ਅੰਮ੍ਰਿਤ ਮੇਘ ਕਿਸੇ ਨਾ ਚੋਇਆ, ਸੁੰਞੀ ਕਾਇਆ ਹੋਏ ਵੈਰਾਨ । ਨਾ ਜਨਮੇ ਨਾ ਕਦੇ ਮੋਇਆ, ਬੈਠਾ ਰਹੇ ਸਦ ਮੈਦਾਨ । ਜੋਤੀ ਜੋਤ ਸਰੂਪ ਹਰਿ, ਸਭ ਘਟ ਆਪਣਾ ਵਾਸ ਕਰ, ਆਪ ਕਰਾਏ ਆਪਣੀ ਪਛਾਨ । ਸਭ ਘਟਾ ਹਰਿ ਪਸਾਰਾ ਹੈ । ਕਾਇਆ ਮਟਾਂ ਖੇਲ ਨਿਆਰਾ ਹੈ । ਸ਼ਬਦ ਪਹਿਨਾਏ ਸਾਚਾ ਪਟਾ, ਕਲਜੁਗ ਮਾਇਆ ਦਰ ਦੁਰਕਾਰਾ ਹੈ । ਲੇਖਾ ਚੁੱਕੇ ਅੱਠ ਸੱਠਾ, ਕਾਇਆ ਮੰਦਰ ਸੱਚਾ ਗੁਰਦਵਾਰਾ ਹੈ । ਜੋਤੀ ਜਗੇ ਸਾਚੇ ਮੱਠਾ, ਅਗਨੀ ਲੰਬੂ ਲੱਗਾ ਭਾਰਾ ਹੈ । ਅੰਮ੍ਰਿਤ ਆਤਮ ਹੋਏ ਇਕੱਠਾ, ਦਸਮ ਦਵਾਰੀ ਚਾਰ ਦਵਾਰਾ ਹੈ । ਸੰਪਟ ਦੇਵੇ ਹਰਿ ਸਮਰਥਾ, ਧੁੰਦੂਕਾਰਾ ਖੇਲ ਨਿਆਰਾ ਹੈ । ਜੋਤੀ ਜੋਤ ਸਰੂਪ ਹਰਿ, ਕਾਇਆ ਮੰਦਰ ਜੋਤ ਧਰ, ਰੱਖੇ ਲਾਲ ਇਕ ਅੰਗਿਆਰਾ ਹੈ । ਕਾਇਆ ਮੱਠ ਭੱਠ ਤਪਾਇਆ । ਆਪੇ ਗੇੜੇ ਉਲਟੀ ਲੱਠ, ਜੀਆਂ ਜੰਤਾਂ ਹੱਠ ਗਵਾਇਆ । ਹਰਿਜਨ ਸਾਚਾ ਆਏ ਨੱਠ, ਜਿਸ ਪੂਰਬ ਲੇਖ ਲਿਖਾਇਆ । ਦਰ ਦਵਾਰੇ ਸਦਾ ਇਕੱਠ, ਗੁਰ ਮੰਤਰ ਨਾਮ ਧਿਆਇਆ । ਜੋਤੀ ਜੋਤ ਸਰੂਪ ਹਰਿ, ਕਾਇਆ ਮੰਦਰ ਜੋਤ ਧਰ, ਦੀਪਕ ਸਾਚਾ ਇਕ ਟਿਕਾਇਆ । ਦੀਪਕ ਜੋਤ ਜਗੇ ਨਿਰਾਲਾ । ਉਤੇ ਚਾਨਣ ਹੇਠਾ ਕਾਲਾ । ਪੰਜਾਂ ਚੋਰਾਂ ਰੱਖੇ ਨਾਲਨ, ਕਾਇਆ ਹਾਡੀ ਹਰਿ ਗੁਲਾਲਾ । ਭਗਤ ਜਨਾਂ ਕਰੇ


੧੬੪ ੦੫

ਪ੍ਰਿਤਪਾਲਨ, ਦੱਸੇ ਰਾਹ ਇਕ ਸੁਖਾਲਾ । ਸ਼ਬਦ ਸਰੂਪੀ ਸਾਚਾ ਮਾਲਣ, ਤਨ ਪਹਿਨਾਏ ਸਾਚੀ ਮਾਲਾ । ਨਾਮ ਉਠਾਏ ਫੂਲਨ ਖਾਰੀ, ਸ਼ਬਦ ਲਪੇਟੇ ਚਿੱਟੇ ਰੁਮਾਲਾ । ਆਪੇ ਖੋਲ੍ਹੇ ਕਾਇਆ ਮੰਦਰ ਚੌਥੇ ਪਦ ਨਿੱਕੀ ਬਾਰੀ, ਹਉਮੇ ਹੰਗਤਾ ਤੋੜੇ ਤਾਲਾ । ਸਾਚੀ ਜੋਤ ਜੋਤ ਨਿਰੰਜਣ ਇਕ ਅਕਾਰੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰ ਕਰਾਏ ਗੁਰਮੁਖ ਘਾਲਾ । ਸਭ ਘਟ ਵੱਸਿਆ ਰਾਮ ਰਾਮਾ, ਰਾਮ ਰਮਈਆ ਸਭ ਥਾਈਂ । ਕਾਇਆ ਮਾਟੀ ਝੂਠਾ ਚਾਮਾ, ਬੇਮੁਖ ਜਾਣੇ ਨਾਹੀ । ਸਚ ਦਵਾਰੇ ਇਕ ਦਮਾਮਾ, ਵੱਜੇ ਨਾਦ ਅਗੰਮ ਅਥਾਹੀ । ਸੋਨਾ ਰੂਪਾ ਨਾ ਕੋਈ ਦਿਸੇ ਤਾਂਬਾ, ਨਾ ਕੋਈ ਦਿਸੇ ਚਾਂਦੀ, ਨਾਮ ਵਸਤ ਘਰ ਸਾਚੇ ਮਾਹੀਂ । ਪੂਰ ਕਰਾਏ ਆਪਣਾ ਕਾਮਾ, ਭਗਤ ਜਨਾਂ ਹਰਿ ਪਾਰ ਕਰਾਏ ਅੰਤਮ ਫੜ ਫੜ ਬਾਹੀਂ । ਕਲਜੁਗ ਮਿਟੇ ਰੈਣ ਅੰਧੇਰੀ ਸ਼ਾਮਾ, ਜੋਤ ਜਗਾਏ ਥਾਉਂ ਥਾਈਂ । ਹਰਿਆ ਹੋਵੇ ਹਰਿ ਹਰਿ ਨਾਮਾ, ਸਾਚਾ ਫਲ ਰਿਹਾ ਲਗਾਈ । ਹਰਿ ਜਨ ਉਧਾਰੇ ਜਿਉਂ ਭਗਤ ਸੁਦਾਮਾ, ਗਊ ਗਰੀਬ ਨਿਮਾਣਿਆਂ ਸਦ ਦੇਵੇ ਠੰਡੀਆਂ ਛਾਈਂ । ਹਰ ਘਟ ਮੇਂ ਹਰਿ ਹਰਿ ਵਸੇ, ਕਲ ਦਿਸੇ ਕਿਸੇ ਨਾਹੀ । ਹਰ ਘਟ ਵਾਸਾ ਰਾਮ ਰੂਪ । ਗੁਰਮੁਖ ਸਾਚੇ ਸਚ ਭਰਵਾਸਾ, ਮਿਲਿਆ ਮੇਲ ਸਾਚਾ ਭੂਪ । ਅਠੇ ਪਹਿਰ ਦਏ ਦਿਲਾਸਾ, ਕਲਜੁਗ ਕਾਲਾ ਅੰਧ ਕੂਪ । ਸ਼ਬਦ ਸਰੂਪੀ ਕਰੇ ਹਾਸਾ, ਪਟ ਲਪੇਟੇ ਸਾਚੇ ਸੂਤ । ਲੇਖੇ ਲਾਏ ਨੌਂ ਅਠਾਰਾਂ ਦਸ ਦਸ ਮਾਸਾ, ਹਰਿ ਜਨ ਸੱਚਾ ਸਚ ਸਪੂਤ । ਹੱਥ ਫੜਾਏ ਸੋਹੰ ਸਾਚਾ ਕਾਸਾ, ਨੇੜ ਨਾ ਆਏ ਜਿਨ ਭੂਤ । ਮਾਨਸ ਜਨਮ ਕਰੇ ਰਹਿਰਾਸਾ, ਹੋਏ ਸਹਾਈ ਚਾਰੋਂ ਕੂਟ । ਆਦਿ ਅੰਤ ਨਾ ਕਦੇ ਵਿਨਾਸਾ, ਸ਼ਬਦ ਪੰਘੂੜਾ ਰਿਹਾ ਝੂਟ । ਹਰ ਘਟ ਮੇਂ ਹਰਿ ਵਸੇ, ਬੇਮੁਖ ਕੋਈ ਨਾ ਜਾਣੇ ਕਲਜੁਗ ਜੀਵ ਮਾਇਆ ਊਤ । ਤਖ਼ਤ ਤਾਜ ਦਰਬਾਰ ਸੱਚੀ ਸਰਕਾਰਿਆ । ਜਗਤ ਸਵਾਰੇ ਕਾਜ, ਭਗਤ ਰਖਾਏ ਲਾਜ, ਸਚ ਸੁਲਤਾਨਾ ਨਰ ਨਿਰੰਕਾਰਿਆ । ਗਊ ਗਰੀਬਾਂ ਰਖੇ ਲਾਜ, ਹੋਏ ਸਹਾਈ ਗਰੀਬ ਨਿਵਾਜ, ਚਾਰੇ ਵਰਨਾਂ ਇਕ ਪਿਆਰਿਆ । ਏਕਾ ਧਾਮ ਵਖਾਏ ਦਇਆ ਕਮਾਏ ਮੱਕਾ ਕਾਅਬਾ ਹਾਜਨ ਹਾਜ ਗਿਰਵਰ ਹਰਿ ਗਿਰਧਾਰਿਆ । ਮੰਦਰ ਮਠ ਸ਼ਿਵਦਵਾਲਾ ਸਾਚੀ ਸਾਜਣ ਰਿਹਾ ਸਾਜ, ਹਰਿ ਚਰਨ ਦਵਾਰ ਸੱਚੀ ਸਰਕਾਰਿਆ । ਗੁਰਦਵਾਰਾ ਮੰਦਰ ਕੰਦਰ ਆਪ ਵਖਾਏ ਕਾਇਆ ਮਹੱਲ ਅੱਟਲ ਉਚ ਮੁਨਾਰਿਆ । ਸਚ ਸਿੰਘਾਸਣ ਡੇਰਾ ਲਾਏ, ਕਲਜੁਗ ਜੀਵਾਂ ਦਿਸ ਨਾ ਆਏ, ਆਤਮ ਸੇਜਾ ਆਪ ਸੁੱਤਾ ਪੈਰ ਪਸਾਰਿਆ । ਦੀਪਕ ਜੋਤੀ ਰਿਹਾ ਜਗਾਏ, ਅਗਿਆਨ ਅੰਧੇਰ ਰਿਹਾ ਮਿਟਾਏ, ਹੋਏ ਆਪ ਮਾਤ ਉਜਿਆਰਿਆ । ਅੰਮ੍ਰਿਤ ਸਾਚਾ ਜਾਮ ਪਿਆਏ, ਆਪ ਆਪਣੀ ਦਇਆ ਕਮਾਏ, ਨਿਝਰ ਧਾਰ ਹਰਿ ਵਹਾ ਰਿਹਾ । ਕਵਲ ਨਾਭੀ ਫੁਲ ਖਿੜਾਏ, ਪਕੜ ਸ਼ਤਾਬੀ ਆਪ ਉਲਟਾਏ, ਬੂੰਦਾ ਬੂੰਦੀ ਆਪ ਕਰਾ ਰਿਹਾ । ਸਾਚੇ ਲੋਚਨ ਅੰਜਨ ਪਾਏ, ਜੋਤ ਨਿਰੰਜਣ ਆਪ ਜਗਾਏ, ਪੁਰਖ ਅਬਿਨਾਸ਼ੀ ਦਰਸ ਦਿਖਾ ਰਿਹਾ । ਸਾਚਾ ਸੱਜਣ ਆਪ ਹੋ ਜਾਏ, ਏਕਾ ਮਜਨ ਚਰਨ ਰਘੁਰਾਏ, ਜਗਤ ਭੁਲੇਖਾ ਆਪ ਮਿਟਾ ਰਿਹਾ । ਸ਼ਬਦ ਤਾਲ ਘਰ ਸਾਚੇ ਵੱਜਣ, ਮਿਲੇ ਭਗਤ ਜਨ ਸੱਜਣ, ਦਰ ਘਰ ਸਾਚੇ ਮੇਲ ਮਿਲਾ ਰਿਹਾ । ਭਰਮੀ ਭਾਂਡੇ ਸਾਰੇ ਭੱਜਣ, ਪੰਜ ਤੱਤ ਨਾ ਲਾਏ ਪਜਨ, ਪ੍ਰਭ ਅਬਿਨਾਸ਼ੀ ਪੜਦੇ ਕੱਜਣ, ਜਨ ਭਗਤਾਂ ਦਇਆ ਕਮਾ ਰਿਹਾ । ਅੰਮ੍ਰਿਤ ਪੀ ਪੀ ਦਰ ਤੇ ਰੱਜਣ, ਜੋਤੀ ਜੋਤ ਸਰੂਪ ਹਰਿ, ਘਟ ਘਟ ਰੱਖੇ ਵਾਸ, ਪਿਆਸ ਆਸ ਗੁਰਮੁਖ ਸਾਚੇ ਤੇਰੀ ਆਪ ਬੁਝਾ ਰਿਹਾ । ਮਿੱਟੇ ਪਿਆਸ ਤ੍ਰਿਸਨਾ ਅੱਗ, ਹਉਮੇ ਰੋਗ ਜਲਾਈਆ । ਮਾਇਆ ਮਮਤਾ ਨਾ ਜਾਏ ਦਗ, ਹੰਸ ਬਣਾਏ ਹਰਿ ਜੀ

੧੬੫
੦੫

ਕਗ, ਸਚ ਸਰੋਵਰ ਇਕ ਇਸ਼ਨਾਨ ਕਰਾਈਆ । ਵਡ ਦਾਤਾ ਸੂਰਾ ਸਰਬਗ, ਗੁਰਮੁਖ ਲਗਾਏ ਆਪਣੇ ਪਗ, ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਸਭ ਘਟ ਰੱਖੇ ਵਾਸ, ਦਿਸ ਨਾ ਆਈਆ । ਕਾਮ ਕਰੋਧ ਚੰਡਾਲ, ਹੰਕਾਰ ਵਿਕਾਰਿਆ । ਫਲ ਨਾ ਦਿਸੇ ਕਿਸੇ ਡਾਲ੍ਹ, ਕਲਜੁਗ ਵੇਲਾ ਜੀਵ ਗਵਾਰਿਆ । ਧਰਮ ਰਾਏ ਦੀ ਚਲੇ ਚੱਕੀ, ਪੀਸੇ ਦਾਲ ਦੋ ਫਾੜਿਆ । ਨਾ ਹੋਏ ਕੋਈ ਸਹਾਰਿਆ । ਕਲਜੁਗ ਵਾੜੀ ਅੰਤਮ ਪੱਕੀ, ਮਾਨਸ ਦੇਹੀ ਜਾਮਾ ਗਾਲਿਆ । ਸ਼ਬਦ ਸ਼ਿੰਗਾਰ ਨਾ ਤਨ ਕਰਾਇਆ, ਮਾਨਸ ਜਨਮ ਨਾ ਮਾਤ ਸੰਭਾਲਿਆ । ਲਾੜੀ ਮੌਤ ਰਹੀ ਤੱਕੀ, ਜੋਤੀ ਜੋਤ ਸਰੂਪ ਹਰਿ, ਕਿਹੜੀ ਕੂਟੇ ਕਾਇਆ ਬੂਟੇ ਆਪਣੀ ਹੱਥੀਂ ਆਪ ਉਠਾ ਰਿਹਾ । ਨਰ ਨਿਰੰਕਾਰ ਆਪ ਖੇਲ ਰਚਾਇੰਦਾ । ਜੁਗਾ ਜੁਗੰਤਰ ਵਾਰੋ ਵਾਰਾ ਭੇਖ ਵਟਾਇੰਦਾ । ਆਪੇ ਬਣੇ ਸਨਕ ਸਨੰਦਨ ਸਨਾਤਨ ਸੰਤ ਕੁਮਾਰਾ, ਨਾਮ ਵਸਤ ਰੱਖੀ ਦਸਤ, ਬਰਾਹ ਰੂਪ ਹਰਿ ਜੀ ਧਾਰਾ, ਹਰਨ ਕਸਪ ਮਾਰ ਆਪ ਸੰਘਾਰਾ, ਧਰਤੀ ਚੁੱਕ ਹਰਿ ਦਾਤਾਰ ਉਪਰ ਜਲ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਏਕਾ ਆਪਣਾ ਨਾਮ ਜਪਾਇੰਦਾ । ਯਗਯ ਪੁਰਸ਼ ਆਪ ਅਖਵਾਇਆ । ਸਾਚਾ ਯੱਗ ਆਪ ਰਚਾਇਆ । ਪੁਰਖ ਅਬਿਨਾਸ਼ੀ ਅੱਗੇ ਲੱਗ, ਆਪਣਾ ਕਾਮ ਆਪ ਸੁਹਾਇਆ । ਸ੍ਰਿਸ਼ਟ ਸਬਾਈ ਰਹੀ ਦਗ, ਕਲਜੁਗ ਵੇਲਾ ਅੰਤਮ ਆਇਆ । ਜੋਤੀ ਜੋਤ ਸਰੂਪ ਹਰਿ, ਜੋਤ ਨਿਰੰਜਣ ਭੇਖ ਧਰ, ਕਲਜੁਗ ਤੇਰੀ ਅੰਤਮ ਵਾਰੀ, ਨਿਹਕਲੰਕ ਨਰਾਇਣ ਨਰ, ਦਿਸ ਕਿਸੇ ਨਾ ਆਇਆ । ਨਾ ਕੋਈ ਜਾਣੇ ਨਾਰੀ ਨਰ, ਨਿਹਕਲੰਕ ਅਵਤਾਰ ਅੰਤਮ ਅੰਤਿਆ । ਕਰੇ ਕਰਾਏ ਆਪਣਾ ਭੇਸ, ਮਾਝੇ ਦੇਸ ਪੂਰਨ ਭਗਵੰਤਿਆ । ਨਾ ਕੋਈ ਜਾਣੇ ਨਰ ਨਰੇਸ਼, ਨਾ ਜਾਣੇ ਸਾਧਨ ਸੰਤਿਆ । ਜੋਤੀ ਜੋਤ ਸਰੂਪ ਹਰਿ, ਆਪ ਬਣਾਏ ਆਪਣੀ ਬਣਤਿਆ । ਸਾਚੀ ਬਣਤ ਹਰਿ ਬਣਾਈਆ । ਲੱਛਮੀ ਸੁੱਤੀ ਆਪ ਜਗਾਈਆ । ਸਿਰ ਤੇ ਲਈ ਲਾਲ ਚੁੰਨੀ, ਨੇਤਰ ਨੀਰ ਰਹੀ ਵਹਾਈਆ । ਬੇਮੁਖਾਂ ਚੋਟੀ ਮੁਨੀ, ਚਾਰੋਂ ਕੁੰਟ ਪਏ ਦੁਹਾਈਆ । ਗੁਰਮੁਖ ਸਾਚੇ ਛਾਣੀ ਪੁਣੀ, ਵਡ ਵਡ ਦਾਤੇ ਦੋਵੇਂ ਜੋੜ ਰਹੇ ਕੁਰਲਾਈਆ । ਨਾ ਕੋਈ ਵੇਖੇ ਜ਼ਾਤਾ ਪਾਤਾ ਊਚਾਂ ਨੀਚਾਂ ਭੇਵ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਸੁੱਤੀ ਲਛਮੀ ਇਕ ਜਗਾਈਆ । ਉਠੀ ਲਛਮੀ ਆਲਸ ਲਾਹਿਆ । ਪੁਰਖ ਅਬਿਨਾਸ਼ੀ ਇਕ ਬਹਾਇਆ । ਚਰਨ ਕਵਲ ਵਿਚ ਬਹਿ ਬਹਿ ਸਾਜਨ ਆਪਣਾ ਆਪ ਮਨਾਇਆ । ਸ਼ਬਦ ਘੋੜਾ ਕਸ ਤਾਜਨ, ਸਾਚਾ ਹੁਕਮ ਸੁਣਾਇਆ । ਵੇਖ ਵਖਾਣੇ ਰਾਜ ਰਾਜਨ, ਰੰਗ ਲਾਲ ਗੂੜ੍ਹਾ ਇਕ ਰੰਗਾਇਆ । ਪਰਗਟ ਹੋਏ ਦੇਸ ਮਾਝਨ, ਆਪ ਆਪਣਾ ਭੇਵ ਖੁਲ੍ਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣਾ ਭੇਖ ਧਰ, ਦਿਸ ਕਿਸੇ ਨਾ ਆਇਆ । ਉਤੇ ਹਰਿ ਜੀ ਲਏ ਦੁਪਟਾ, ਖੇਲ ਨਿਰਾਲੀਆ । ਲੱਖ ਚੁਰਾਸੀ ਭੰਨੇ ਕਾਇਆ ਮਟਾ, ਚਲੇ ਅਵੱਲੜੀ ਚਾਲਿਆ । ਗੁਰਮੁਖ ਸਾਚੇ ਨਿਤ ਉਧਾਰੇ ਜਿਉਂ ਭਗਤ ਜਟੇਟਾ, ਬਣਿਆ ਰਹੇ ਆਪੇ ਹਾਲੀਆ । ਨਾ ਕੋਈ ਦਿਸੇ ਤੀਰਥ ਤਟਾ, ਗੁਰਦਵਾਰ ਦਰ ਮਸਜਿਦ ਮੰਦਰ ਸਾਰੇ ਹੋਏ ਖਾਲੀਆ । ਹਰਿ ਜੀ ਵਸੇ ਘਟ ਘਟਾ, ਗੁਰਮੁਖ ਵੇਖੇ ਮਾਤ ਕਵਣ ਦਵਾਰੇ ਸਚ ਰਘੁਰਾਈਆ । ਦੂਰ ਦੁਰਾਡਾ ਮਾਰ ਝਾਤ, ਬੈਠਾ ਰਹੇ ਇਕ ਇਕਾਂਤ, ਕਲਜੁਗ ਰੈਣ ਅੰਧੇਰ ਘਟਾ ਕਾਲੀਆ । ਜੋਤੀ ਜੋਤ ਸਰੂਪ ਹਰਿ, ਸੰਬਲ ਦੇਸ ਵੇਸ ਕਰ, ਰੰਗੇ ਰੰਗ ਇਕ ਗੁਲਾਲੀਆ । ਰੰਗਣ ਰੰਗ ਲਾਲ ਰੰਗਾਇਆ ਏ । ਲੱਛਮੀ ਪੜਦਾ ਹਰਿ ਜੀ ਪਾਇਆ ਏ । ਆਪ ਬਣਾਏ ਦਰ ਦਰ ਬਰਦਾ, ਚਰਨ ਪ੍ਰੀਤੀ ਸੇਵਾ ਲਾਇਆ ਏ । ਕਿਤ ਬਿਧ ਸ੍ਰਿਸ਼ਟੀ ਮਾਤ ਧਰਦਾ, ਆਪਣੀ ਦ੍ਰਿਸ਼ਟੀ ਖੇਲ ਰਚਾਇਆ ਏ ।

ਬ੍ਰਹਮਾ ਦੇਵੇ ਏਕਾ ਇਸ਼ਟੀ, ਕਵਲ ਨਾਭੀ ਫੁੱਲ ਖਿਲਾਇਆ ਏ । ਜੋਤੀ ਜੋਤ ਸਰੂਪ ਹਰਿ, ਮੁਖ ਚਾਰੇ ਕਰ ਵਿਚਾਰੇ, ਚਹੁੰ ਜੁਗਾਂ ਭੇਵ ਖੁਲ੍ਹਾਇਆ ਏ । ਚੌਥੇ ਜੁਗ ਭੇਵ ਖੁਲ੍ਹਾਇਆ ਏ । ਬ੍ਰਹਮੇ ਲਿਖਿਆ ਵੇਦ ਅਥਰਬਨ, ਵੇਦ ਵਿਆਸਾ ਫੇਰ ਦੁਹਰਾਇਆ ਏ । ਆਪੇ ਵੇਖੇ ਪ੍ਰਿਥਮੀ ਅਕਾਸੇ, ਅਲ੍ਹੋ ਅਲ੍ਹਾ ਨੂਰ ਅਖਵਾਇਆ ਏ । ਸੰਗ ਮੁਹੰਮਦ ਹੋਇਆ ਦਾਸੇ, ਚਾਰ ਯਾਰਾ ਮਤਾ ਪਕਾਇਆ ਏ । ਪੁਰਖ ਅਬਿਨਾਸ਼ੀ ਘਟ ਘਟ ਵਾਸੇ, ਸਾਚਾ ਰਾਹ ਰਿਹਾ ਤਕਾਇਆ ਏ । ਸੰਗ ਮੁਹੰਮਦ ਚਾਰ ਯਾਰ ਕਰਨ ਵਿਚਾਰ, ਦਰ ਦਰਬਾਰਿਆ । ਨੂਰ ਅਲਾਹੀ ਕਿਰਪਾ ਧਾਰ, ਜਗਤ ਮਲਾਹੀ ਪਰ ਉਤਾਰ, ਸਾਚਾ ਬੇੜਾ ਕਰੇ ਤਿਆਰਿਆ । ਦੇਵਣਹਾਰ ਸੱਚੀ ਸਰਕਾਰ, ਦੋ ਜਹਾਨੀ ਪਹਿਰੇਦਾਰ, ਕਰੇ ਕਰਾਏ ਖ਼ਬਰਦਾਰਿਆ । ਸਾਚਾ ਚੋਲੀ ਕਰ ਤਿਆਰ, ਅਲ੍ਹਾ ਰਾਣੀ ਹੋਈ ਮੁਟਿਆਰ, ਸਾਚੀ ਡੋਲੀ ਆਪ ਬਣਾ ਰਿਹਾ । ਇਕ ਰਲਾਈ ਸਾਚੀ ਗੋਲੀ, ਜੂਠੀ ਝੂਠੀ ਇਕੋ ਬੋਲੀ, ਲੋਕਮਾਤ ਆਪ ਟਿਕਾ ਰਿਹਾ । ਪੂਰੇ ਤੋਲ ਰਿਹਾ ਤੋਲੀ, ਸਚ ਦਵਾਰਾ ਆਪੇ ਖੋਲ੍ਹੀ, ਵਾਧਾ ਘਾਟਾ ਨਾ ਕੋਈ ਰਖਾ ਰਿਹਾ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਆਪ ਸੁਣਾ ਰਿਹਾ । ਸਾਚਾ ਡੋਲਾ ਕਰ ਤਿਆਰ, ਪ੍ਰਭ ਕਿਰਪਾ ਆਪ ਕਰਾਈਆ । ਅਸਰਾਈਲ ਜ਼ਬਰਾਈਲ ਮੇਕਾਈਲ ਅਸਰਾਫ਼ੀਲ ਹੋਏ ਹੁਸ਼ਿਆਰ, ਆਪਣੀ ਕੰਧੀ ਰਹੇ ਉਠਾਈਆ । ਸਚ ਦਰਵਾਜਿਓਂ ਆਏ ਬਾਹਰ, ਲੋਕਮਾਤ ਕਰੀ ਧਾਈਆ । ਮੱਕਾ ਕਾਅਬਾ ਕਰ ਵਿਚਾਰ, ਮਿਲੇ ਮੇਲ ਜਿਥੇ ਦੋਆਬਾ, ਸਾਚਾ ਕਿਰਿਆ ਕਰਮ ਕਰਾਈਆ । ਪਿੱਛੇ ਛੱਡਿਆ ਹਰਿ ਜਨਾਬਾ, ਨਾ ਕੋਈ ਪੁੰਨ ਨਾ ਸਵਾਬਾ, ਕਰੇ ਖੇਲ ਆਪਣੀ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਗ ਮੁਹੰਮਦ ਅਲ੍ਹਾ ਰਾਣੀ ਇਕ ਪਰਨਾਈਆ । ਅਲ੍ਹਾ ਰਾਣੀ ਨੌਜਵਾਨ । ਅੱਠੇ ਪਹਿਰ ਕਰੇ ਧਿਆਨ । ਕਵਣ ਗਾਏ ਤੀਸ ਬਤੀਸ ਹਦੀਸ ਕੁਰਾਨ । ਕਵਣ ਉਪਜਾਏ ਸ਼ਾਹ ਅਬਲੀਸ ਜੀਵ ਸ਼ੈਤਾਨ । ਕਵਣ ਝੁਲਾਏ ਛਤਰ ਸੀਸ, ਮੰਗੇ ਵਰ ਸ੍ਰੀ ਭਗਵਾਨ । ਲੇਖਾ ਚੁੱਕੇ ਬੀਸ ਇਕੀਸ, ਸਾਚਾ ਦਿਤਾ ਹਰਿ ਜੀ ਦਾਨ । ਜੂਠਾ ਝੂਠਾ ਪੀਸਣ ਲੈਣਾ ਪੀਸ, ਨਿਹਕਲੰਕ ਨਰਾਇਣ ਨਰ, ਤੇਰਾ ਆਣ ਚੁਕਾਵੇ ਮਾਣ ਤਾਣ ਬਲੀ ਬਲਵਾਨ । ਜੋਤੀ ਜੋਤ ਸਰੂਪ ਹਰਿ, ਕਲਜੁਗ ਤੇਰਾ ਵਸਿਆ ਘਰ, ਅਠੇ ਪਹਿਰ ਕਰੇ ਧਿਆਨ । ਅੱਲਾ ਰਾਣੀ ਚੱਕੀ ਚਲਾਈਆ । ਪੁਰਖ ਅਬਿਨਾਸ਼ੀ ਸੇਵਾ ਲਾਈਆ । ਕਾਲਾ ਡੰਡਾ ਹੱਥ ਫੜਾਈਆ । ਮਗਰ ਲਗਾਇਆ ਸਾਚਾ ਖੰਡਾ, ਚਾਰੋਂ ਕੁੰਟਾਂ ਰਿਹਾ ਭਵਾਈਆ । ਪੀਣ ਨਾ ਦੇਵੇ ਪਾਣੀ ਠੰਡਾ, ਜਲਾਂ ਥਲਾਂ ਫਿਰੇ ਹਲਕਾਈਆ । ਆਪੇ ਖੋਲ੍ਹੇ ਆਤਮ ਗੰਢਾਂ, ਘੁੱਟ ਘੁੱਟ ਬੰਧੀਆਂ ਸ੍ਰਿਸ਼ਟ ਸਬਾਈਆ । ਹੱਥ ਉਠਾਏ ਇਕ ਪਰਚੰਡਾ, ਸੋਹੰ ਨਾਮ ਰਖਾਈਆ । ਪੁਰਖ ਅਬਿਨਾਸ਼ੀ ਪਾਈ ਵੰਡਾ, ਆਪਣੀ ਖੇਲ ਆਪ ਰਚਾਈਆ । ਅੱਲਾ ਰਾਣੀ ਪੀਸਣ ਪੀਸੇ, ਸਾਚੀ ਸੇਵ ਕਮਾਉਂਦੀਆ । ਉਮਤ ਨਬੀ ਰਸੂਲਾਂ ਇਕ ਪੜ੍ਹਾਏ ਕੁਰਾਨ ਹਦੀਸੇ, ਆਪ ਆਪਣਾ ਭੇਵ ਛੁਪਾਉਂਦੀਆ । ਛਤਰ ਨਾ ਰਹਿਣਾ ਕਿਸੇ ਸੀਸੇ, ਕਲ ਕਾਲਖ ਸ਼ਾਹੀ ਲਾਉਂਦੀਆ । ਮਿਲਣਾ ਮੇਲ ਮੂਸੇ ਈਸੇ, ਦੋਹਾਂ ਰੰਗ ਵਖਾਉਂਦੀਆ । ਕਾਲਾ ਰੰਗ ਖਾਲੀ ਖੀਸੇ, ਹੱਥ ਚਿਟਿਆ ਅਗੇ ਡਾਹੁੰਦੀਆ । ਮਿਟਣਾ ਭੇਵ ਬੀਸ ਇਕੀਸੇ, ਦਿਨ ਦਿਹਾੜੇ ਰੋ ਰੋ ਪਈ ਸੁਣਾਉਂਦੀਆ । ਅੱਲਾ ਰਾਣੀ ਰੋ ਰੋ ਧਾਹਾਂ ਮਾਰਦੀ । ਵੇਲਾ ਅੰਤਮ ਨੇੜੇ ਆਇਆ, ਮਿਟੇ ਯਾਰੀ ਸੰਗ ਮੁਹੰਮਦ ਸਾਚੇ ਯਾਰ ਦੀ । ਸਾਚੀ ਕੂਟੇ ਹੋਏ ਖੁਆਰੀ, ਕਲਜੁਗ ਤੇਰੀ ਪਹਿਲੀ ਵਾਰੀ, ਲਾੜੀ ਮੌਤ ਫੜੀ ਬਹਾਰੀ, ਪਹਿਲਾ ਫੇਰਾ ਮਾਰਦੀ । ਕੋਈ ਨਾ ਛੱਡੇ ਨਰ ਨਾਰੀ, ਉਚੇ

ਕਿਲੇ ਚਾਰ ਦਵਾਰੀ ਜੰਗਲ ਜੂਹਾਂ ਅੰਦਰ ਤਾੜਦੀ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਵੇਖ ਵਖਾਣੇ ਸਾਰੇ ਘਰ, ਖ਼ੁਸ਼ੀ ਮਨਾਈ ਦਇਆ ਕਮਾਈ, ਥਿਤ ਵਾਰ ਵਖਾਈ ਉਨੀਂ ਹਾੜ ਦੀ । ਉਨੀਂ ਹਾੜੀ ਲੇਖ ਲਿਖਾਇਆ । ਕਲਜੁਗ ਤੇਰਾ ਮੁੱਕੇ ਗੇੜ, ਝੂਠਾ ਝੇੜਾ ਰਿਹਾ ਚੁਕਾਇਆ । ਅੰਤਮ ਲੇਖਾ ਦਏ ਨਿਬੇੜ, ਸਾਚਾ ਫਤਵਾ ਇੱਕੋ ਲਾਇਆ । ਕੋਈ ਨਾ ਦੀਸੇ ਨਗਰ ਖੇੜ, ਸ਼ਬਦ ਚਿਲ੍ਹਾ ਇਕ ਚੜ੍ਹਾਇਆ । ਆਪੇ ਮਾਰੇ ਭੇੜ ਭੇੜ, ਭਰਮ ਭੁਲੇਖੇ ਆਪ ਭੁਲਾਇਆ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਕਲਜੁਗ ਕਾਲਾ ਵੇਸ ਕਰ, ਆਪ ਆਪਣਾ ਮੁਖ ਛੁਪਾਇਆ । ਆਪ ਛੁਪਾਏ ਮੁਖ ਹਰਿ ਨਿਰੰਕਾਰਿਆ । ਅੱਲਾ ਰਾਣੀ ਹੋਏ ਦੁੱਖ, ਡਿਗੇ ਮੂੰਹ ਦੇ ਭਾਰਿਆ । ਸਦੀ ਚੌਧਵੀਂ ਬੂਟਾ ਜਾਏ ਸੁੱਕ, ਹਰੀ ਦਿਸੇ ਨਾ ਕੋਈ ਕਿਆਰੀਆ । ਦਾਣਾ ਪਾਣੀ ਜਾਣਾ ਮੁੱਕ, ਨਾ ਦੇਵੇ ਕੋਈ ਹੁਦਾਰਿਆ । ਚਾਰੇ ਕੁੰਟ ਮੂੰਹ ਵਿਚ ਪੈਣਾ ਥੁੱਕ, ਹੋਏ ਬੇਮੁਹਾਰਿਆ । ਵੇਲਾ ਅੰਤਮ ਆਇਆ ਢੁੱਕ, ਪਰਗਟ ਹੋਏ ਹਰਿ ਨਿਰੰਕਾਰਿਆ । ਪ੍ਰਭ ਕਾ ਭਾਣਾ ਨਾ ਜਾਏ ਰੁੱਕ, ਚਾਰੋਂ ਕੁੰਟ ਪਾਸਾ ਹਾਰਿਆ । ਕਲਜੁਗ ਪੈਂਡਾ ਗਿਆ ਮੁੱਕ, ਅੱਗੇ ਦਿਸੇ ਡੂੰਘੀ ਗਾਰਿਆ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਆਪ ਆਪਣੀ ਕਿਰਪਾ ਕਰ, ਜੋਤ ਸਰੂਪੀ ਭੇਖ ਧਰ, ਆਪਣਾ ਆਪ ਛੁਪਾ ਰਿਹਾ । ਛੁਪਿਆ ਮੁਖ ਚੰਦ ਸਤਾਰਿਆ । ਵੇਲੇ ਅੰਤਮ ਆਈ ਹਾਰਿਆ । ਸੰਗ ਮੁਹੰਮਦ ਨਾਤਾ ਤੁੱਟਾ, ਏਕਾ ਤੀਰ ਰਸਨ ਕਮਾਣੋ ਛੁੱਟਾ, ਹੋਏ ਖੁਆਰੀ ਚਾਰ ਯਾਰਿਆ । ਕੋਈ ਨਾ ਦੇਵੇ ਆਬੇ ਹਯਾਤ, ਦੁਆਬਾ ਏਕਾ ਡਿੱਠਾ ਸਾਗਰ ਗਹਿਰ ਨਾ ਕੋਈ ਵਖਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਵੇਖੇ ਮਿਹਰ, ਕਲਜੁਗ ਤੇਰਾ ਵਰਤੇ ਕਹਿਰ, ਕਾਲਾ ਵੇਸ ਹਰਿ ਵਟਾ ਲਿਆ । ਕਾਲਾ ਵੇਸ ਦਰ ਦਰਵੇਸ ਸ਼ਾਹ ਫ਼ਕੀਰਿਆ । ਕਿਸੇ ਨਾ ਚਲੇ ਅੱਗੇ ਪੇਸ਼, ਆਪ ਮਿਟਾਏ ਨਰ ਨਰੇਸ਼, ਸ਼ਾਹ ਸੁਲਤਾਨ ਹੋਏ ਹਕੀਰਿਆ । ਜੋਤੀ ਜਾਮਾ ਧਰਿਆ ਭੇਸ ਅੱਲਾ ਰਾਣੀ ਰਹੀ ਵੇਖ, ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਮਾਝੇ ਦੇਸ ਪਾਵੇ ਫੇਰਿਆ । ਮਾਝੇ ਦੇਸ ਪਾਇਆ ਫੇਰਾ, ਰਾਣੀ ਅੱਲਾ ਮਾਤ ਘਬਰਾਈਆ । ਸੰਬਲ ਦੇਸ ਲਾਇਆ ਡੇਰਾ, ਹਾਣੀਆ ਪਾਣੀ ਪਾਣੀ ਹਾਣੀਆ ਨਾ ਦੇਵੇ ਕੋਈ ਪਿਲਾਈਆ । ਚਲੇ ਤੀਰ ਪਦ ਇਕ ਨਿਰਬਾਨੀ, ਸਾਚੀ ਰੈਣ ਇਕ ਉਠਾਈਆ । ਜੋਤੀ ਜੋਤ ਸਰੂਪ ਹਰਿ, ਮਾਝੇ ਦੇਸ ਵੇਸ ਕਰ, ਕਾਲੀ ਕਫਨੀ ਮੁਖ ਛੁਪਾਈਆ । ਕਲ ਕਲੰਦਰ ਵੇਸ ਕਲਜੁਗ ਧਾਰਿਆ । ਵੇਖ ਵਖਾਣੇ ਦਰ ਦਰਵੇਸ਼, ਮੱਕਾ ਕਾਅਬਾ ਦੋ ਦੋਆਬਾ, ਸਾਲ ਅਠਰਵੇਂ ਪੈਣਾ ਦਾਬਾ, ਪਰਗਟ ਹੋਏ ਹਰਿ ਜ਼ਨਾਬਾ, ਇਕ ਵਜਾਏ ਸ਼ਬਦ ਰਬਾਬਾ, ਸੋਹੰ ਨਗਾਰੇ ਸਾਚਾ ਗਾਣਿਆ । ਨੂਰ ਅਲਾਹੀ ਨੂਰ ਇਕ ਮਹਿਤਾਬਾ, ਆਪੇ ਆਪ ਜਾਣਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਮੇਟ ਮਿਟਾਏ ਤਹਿਸੀਲਾਂ ਥਾਣਿਆ । ਕਲਜੁਗ ਕਾਲਾ ਵੇਸ ਪ੍ਰਭ ਦਰ ਮੰਗਿਆ । ਸੰਗ ਮੁਹੰਮਦ ਏਕਾ ਏਕ ਰੰਗ ਕਾਲਾ ਮਾਤ ਰੰਗਿਆ । ਜੋਤੀ ਜਾਮਾ ਧਰਿਆ ਭੇਸ, ਪੁਰਖ ਅਬਿਨਾਸ਼ੀ ਮਾਤ ਨਾ ਸੰਗਿਆ । ਦਰ ਦਵਾਰੇ ਰਿਹਾ ਵੇਖ, ਅੱਲਾ ਨੂਰ ਕਿਹੜੀ ਕਿਲੀ ਟੰਗਿਆ । ਪੁਣੇ ਛਾਣੇ ਪੀਰ ਫ਼ਕੀਰ ਔਲੀਏ ਸ਼ੇਖ਼, ਸ਼ਬਦ ਘੋੜੇ ਕਸਿਆ ਤੰਗਿਆ । ਕਾਲੀ ਧਾਰ ਜਾਏ ਲੰਘ, ਵੱਜੇ ਨਾਮ ਸ਼ਬਦ ਮਰਦੰਗਿਆ । ਜੋਤੀ ਜਾਮਾ ਸ੍ਰੀ ਭਗਵਾਨਾ ਪਰਗਟ ਹੋਏ ਗਹਿਰ ਗੰਭੀਰ ਸਾਗਰ ਸਿੰਧ ਸਾਂਤ ਸਰੀਰਾ ਵਡ ਦਾਤਾ ਸੂਰਾ ਸਰਬੰਗਿਆ । ਲਾਲਾ ਰੰਗ ਅਪਾਰ ਜੋਤ ਜੁਵਾਲਿਆ । ਕਰੇ ਵਣਜ ਵਪਾਰ, ਬਣੇ ਮਾਤ ਦਲਾਲਿਆ । ਸੂਹਾ ਨਾਲ ਸ਼ਿੰਗਾਰ, ਸਾਚਾ

ਰੰਗਣ ਰੰਗ ਰੰਗਾ ਲਿਆ । ਅੱਲਾ ਰਾਣੀ ਹੋਈ ਮੁਟਿਆਰ, ਸਾਚਾ ਵਟਣਾ ਆਪ ਮਲਾ ਲਿਆ । ਬੀਰ ਬੇਤਾਲੇ ਕਰ ਤਿਆਰ, ਕਾਲੀ ਮਾਤ ਹੁਕਮ ਸੁਣਾ ਲਿਆ । ਚੌਸਠ ਜੋਜਨ ਚੁੱਕਣਾ ਭਾਰ, ਪਹਿਲਾ ਮਤਾ ਇਹ ਪਕਾ ਲਿਆ । ਮਗਰ ਲਗਾਏ ਰੂਸਾ ਧਾੜ, ਅੱਗਾ ਪਿਛਾ ਨਾ ਕਿਸੇ ਵਖਾ ਲਿਆ । ਤੀਰ ਤੁਫੰਗਾ ਚਲੇ ਕਾੜ ਕਾੜ, ਧਰਤ ਮਾਤ ਕਾਲਾ ਵੇਸ ਛੱਡ ਦਰਵੇਸ, ਲਾਲ ਰੰਗ ਰੰਗਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਬਣਤ ਬਣਾ ਰਿਹਾ । ਧਰਤ ਮਾਤ ਖ਼ੁਸ਼ੀ ਮਨਾਉਂਦੀ । ਅੱਠੇ ਪਹਿਰ ਪ੍ਰਭ ਧਿਆਉਂਦੀ । ਗਿਣ ਗਿਣ ਗਿਟੀਆਂ ਵਕਤ ਲੰਘਾਉਂਦੀ । ਅੱਠੇ ਪਹਿਰ ਰਹੇ ਸ਼ਰਮਾਉਂਦੀ । ਕਲਜੁਗ ਜੀਵ ਬੇਮੁਖ ਬੇਮੁਹਾਣੇ, ਲੱਜਿਆ ਮਾਤ ਨਾ ਆਉਂਦੀ । ਰਾਜੇ ਰਾਣੇ ਅੰਨ੍ਹੇ ਕਾਣੇ, ਸਚ ਸਰਕਾਰ ਨਾ ਕੋਈ ਅਖਵਾਉਂਦੀ । ਜੀਵ ਜੰਤ ਸਾਧ ਸੰਤ ਬੇਮੁਹਾਣੇ, ਮਾਇਆ ਭਰਮ ਭੁਲੇਖਾ ਪਾਉਂਦੀ । ਗੁਰਮੁਖ ਸਾਚੇ ਸੁਘੜ ਸਿਆਣੇ, ਨਿਉਂ ਨਿਉਂ ਸੀਸ ਝੁਕਾਉਂਦੀ । ਸਰਬ ਘਟਾ ਘਟ ਆਪੇ ਜਾਣੇ, ਨਿਹਕਲੰਕ ਨਰਾਇਣ ਨਰ, ਮੰਗਣ ਆਈ ਤੇਰੇ ਦਰ, ਕਾਲਾ ਵੇਸ ਆਪਣਾ ਕਰ, ਨੇਤਰ ਮੁਖੜਾ ਦੋਵੇਂ ਛੁਪਾਉਂਦੀ । ਨੇਤਰ ਮੁਖੜਾ ਦੋਵੇਂ ਗਏ ਛੱਪ । ਦਰ ਦਵਾਰੇ ਅੱਗੇ ਖਲੋਤੀ ਅੱਲਾ ਰਾਣੀ ਚੁੱਪ । ਚਾਰੋਂ ਕੁੰਟ ਅੰਧੇਰਾ ਹੋਇਆ, ਨਾ ਕੋਈ ਧੀਆ ਨਾ ਕੋਈ ਪੁੱਤ । ਜੂਠਾ ਝੂਠਾ ਝੇੜਾ ਹੋਇਆ, ਨਾ ਕੋਈ ਪਿਤਾ ਮਾਤ ਨਾ ਪੁੱਤ । ਜੋਤੀ ਜੋਤ ਸਰੂਪ ਹਰਿ, ਮੰਗਣ ਆਇਆ ਇਕ ਵਰ, ਆਪ ਆਪਣੀ ਕਿਰਪਾ ਕਰ, ਲੋਕਮਾਤ ਹਰਿ ਜੋਤ ਧਰ, ਇਕ ਉਪਜਾਏ ਸਾਚਾ ਸੁੱਤ, ਕਾਲੀ ਕਫਣੀ ਮੁਖ ਛੁਪਾਇਆ ਏ । ਅੱਲਾ ਰਾਣੀ ਪੜਦਾ ਪਾਇਆ ਏ । ਮਾਇਆਧਾਰੀ ਚਾਰੋਂ ਕੁੰਟ ਵੇਖੇ ਰੁੱਠੇ ਕੂੜੇ ਸੇਠ, ਗਊ ਗਰੀਬਾਂ ਜਿਨ੍ਹਾਂ ਸਤਾਇਆ ਏ । ਪੁਰਖ ਅਬਿਨਾਸ਼ੀ ਰੱਖੀਂ ਸਾਇਆ ਹੇਠ, ਕਲਜੁਗ ਤੇਰੀ ਅਗਨੀ ਤਨ ਤਪਾਇਆ । ਲੱਗੀ ਧੁੱਪ ਮਹੀਨਾ ਜੇਠ, ਨਾ ਹੋਏ ਕੋਈ ਸਹਾਇਆ ਏ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਦਰ ਦਵਾਰਾ ਇਕ ਖੁਲ੍ਹਾਇਆ ਏ । ਆਈ ਚਰਨ ਦਵਾਰ ਭੁੱਜਾ ਪਸਾਰਦੀ । ਪੁਰਖ ਅਬਿਨਾਸ਼ੀ ਕਿਰਪਾ ਧਾਰ, ਹੋ ਸਹਾਈ ਅਰਜ ਗੁਜਾਰਦੀ । ਬੇਮੁਖਾਂ ਪਾਇਆ ਡਾਹਢਾ ਭਾਰ, ਧਰਤ ਮਾਤ ਨਾ ਅੰਤ ਸਹਾਰਦੀ । ਮੈਂ ਪੁੱਛ ਕੇ ਆਈ ਚਾਰ ਯਾਰ, ਵੇਖੀ ਸਰਦਾਰੀ ਸੰਗ ਮੁਹੰਮਦ ਚਾਰ ਯਾਰ ਦੀ । ਘਰ ਘਰ ਦਿਸੇ ਨਰ ਨਾਰੀ, ਦੁੱਖਾਂ ਰੋਗਾਂ ਪਾਏ ਫੇਰਾ, ਹੋਏ ਪੁਕਾਰ ਹਾਹਾਕਾਰ ਦੀ । ਜੋਤੀ ਜੋਤ ਸਰੂਪ ਹਰਿ, ਮੰਗਣ ਆਈ ਇਕ ਵਰ, ਦਰ ਦਵਾਰੇ ਜੋੜ ਦੋਏ ਸਰਨ ਤੇਰੀ ਨਿਮਸਕਾਰਦੀ । ਚਰਨ ਨਿਮਸਕਾਰ ਗੁਰ ਮਿਹਰਬਾਨਿਆ । ਮੈਂ ਮੰਗਣ ਆਈ ਬਣ ਭਿਖਾਰ, ਦੇ ਮਸਤੀ ਸ਼ਾਹ ਮਸਤਾਨਿਆ । ਜੀਵ ਜੰਤ ਹੋਏ ਦੁਸ਼ਟ ਦੁਰਾਚਾਰ, ਵਿਭਚਾਰ ਨਾਰ ਸਵਾਣੀਆ । ਕਿਸੇ ਨਾ ਮਿਲਿਆ ਕੰਤ ਭਤਾਰ, ਚਾਰੇ ਕੁੰਟਾਂ ਪੁਣੀਆਂ ਛਾਣੀਆਂ । ਕੋਈ ਨਾ ਦਿਸੇ ਸੁਹਾਗਣ ਨਾਰ, ਆਤਮ ਰੰਡੀ ਬੇਮੁਹਾਣਿਆ । ਕਲਜੁਗ ਵਿਚ ਵਰਭੰਡ, ਘਰ ਘਰ ਪਈ ਭੰਡੀ, ਵੜਿਆ ਵਿਚ ਹੰਕਾਰ ਸ਼ੈਤਾਨਿਆ । ਜੋਤੀ ਜੋਤ ਸਰੂਪ ਹਰਿ, ਮੰਗਣ ਆਈ ਇਕ ਵਰ, ਆਪਣੀ ਕਿਰਪਾ ਦੇਣੀ ਕਰ, ਸਦੀ ਚੌਧਵੀਂ ਹੋਈ ਹੈਰਾਨਿਆ । ਇਕ ਮੰਗਿਆ ਹਰਿ ਦਵਾਰਾ ਹੈ । ਜਿਸ ਕੀਆ ਸਗਲ ਪਸਾਰਾ ਹੈ । ਆਦਿ ਪੁਰਖ ਨਿਰਜੰਣ ਅਗੰਮ ਅਗੰਮਾ ਕਰੇ ਕਰਾਏ ਆਪਣੀ ਕਾਰਾ ਹੈ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੱਲਾ ਰਾਣੀ ਦੇ ਸਹਾਰਾ ਹੈ । ਅੱਲਾ ਰਾਣੀ ਹੋਸ਼ ਸੰਭਾਲ, ਪ੍ਰਭ ਅਬਿਨਾਸ਼ੀ ਕਿਰਪਾ ਕਰ, ਸਾਲ ਉਨੀਸੇ ਕਰੇ ਤੇਰੀ ਸੰਭਾਲ । ਇਕ ਸੁਣਾਏ ਸ਼ਬਦ ਹਦੀਸੇ, ਸੋਹੰ ਤੇਰੀ ਗੋਦ ਬਿਠਾਏ ਇਕ ਸੱਚਾ ਲਾਲ । ਫਲ

੧੬੯ ੦੫

ਲਗਾਏ ਬੀਸ ਇਕੀਸੇ, ਬਣੇ ਆਪ ਦਲਾਲ । ਛਤਰ ਝੁੱਲੇ ਇਕ ਜਗਦੀਸੇ, ਸ੍ਰਿਸ਼ਟ ਸਬਾਈ ਹੋਏ ਕੰਗਾਲ । ਖ਼ਾਲੀ ਹੋਣੇ ਸਭ ਦੇ ਖੀਸੇ, ਰਾਜੇ ਰਾਣੇ ਹੋਇਣ ਬੇਹਾਲ । ਜੂਠਾ ਝੂਠਾ ਪੀਸਣ ਪੀਸੇ, ਪੱਲੇ ਕੋਈ ਨਾ ਦਿਸੇ ਧਨ ਮਾਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਦੇਵੇ ਸੱਚਾ ਵਰ, ਉਠ ਸਵਾਣੀ ਸੁਰਤ ਸੰਭਾਲ । ਅੱਲਾ ਰਾਣੀ ਉਠ ਸਵਾਣੀ, ਨੇਤਰ ਨੈਣ ਉਘਾੜਦੀ । ਚਾਰੋਂ ਕੁੰਟ ਉਠ ਉਠ ਵੇਖੇ, ਸੰਗ ਮੁਹੰਮਦ ਨਾ ਕੋਈ ਦਿਸੇ ਚਾਰ ਯਾਰ ਸੱਚਾ ਹਾਣੀ, ਨਿਹਕਲੰਕ ਤੇਰੇ ਚਰਨਾਂ ਏਕਾ ਧਾੜ ਧਾੜਦੀ । ਕਿਹੜੀ ਕੂਟੇ ਮਿਲਣਾ ਪਾਣੀ, ਕਿਹੜੀ ਪੜ੍ਹਨੀ ਅੰਤਮ ਬਾਣੀ, ਕਿਹੜੀ ਰਹਿਣੀ ਹਰਿ ਜੀ ਖਾਣੀ, ਅੰਡਜ ਜੇਰਜ ਉਤਭੁਜ ਸੇਤਜ ਸਾਰੇ ਵੇਖ ਵਖਾਣਦੀ । ਜੋਤੀ ਜੋਤ ਸਰੂਪ ਹਰਿ, ਏਕਾ ਵੇਖੇ ਸੱਚਾ ਘਰ, ਜੋੜ ਹੱਥਾਂ ਅਰਜ ਗੁਜਾਰਦੀ । ਪੁਰਖ ਅਬਿਨਾਸ਼ੀ ਦਏ ਦਿਲਾਸਾ । ਹੱਥ ਫੜਾਏ ਪ੍ਰੇਮ ਕਾਸਾ । ਅਚਰਜ ਖੇਲ ਇਕ ਰਚਾਉਣੀ, ਮੇਟ ਮਿਟਾਏ ਮਦਿਰਾ ਮਾਸਾ । ਸ੍ਰਿਸ਼ਟ ਸਬਾਈ ਬਣਤ ਬਣਾਉਣੀ, ਸੰਮਤ ਪੰਦਰ੍ਹਾਂ ਸੋਲਾਂ, ਸਤਾਰਾਂ ਅਠਾਰਾਂ ਵੇਖ ਤਮਾਸ਼ਾ । ਸਾਲ ਉਨੀਵੇਂ ਦੇਵੇ ਚੁੰਨੀ । ਕਵਾਰ ਕੰਨਿਆਂ ਕਦੇ ਨਾ ਆਵੇ ਹਾਰ ਪਾਸਾ, ਰਾਜੇ ਰਾਣਿਆ ਚੋਟੀ ਮੁਨੀ, ਨਾ ਕੋਈ ਜਾਣੇ ਗੁਣ ਗੁਣੀ । ਲਾਏ ਅੱਗ ਸਾਧਾਂ ਸੰਤਾਂ ਕੋਈ ਨਾ ਜਾਣੇ ਸੁਨ ਸੁਨੀ । ਨਿਹਕਲੰਕ ਨਰਾਇਣ ਨਰ, ਏਕਾ ਦੇਵੇ ਨਾਮ ਵਰ, ਸਚ ਪੁਕਾਰ ਹਰਿ ਜੀ ਸੁਣੀ । ਮਿਲਿਆ ਵਰ ਸੱਚੀ ਸਰਕਾਰ । ਖ਼ੁਸ਼ੀ ਹੋਈ ਨਾਰ ਮੁਟਿਆਰ । ਕਰੇ ਤਨ ਸੱਚਾ ਸ਼ਿੰਗਾਰ । ਮਿਲੇ ਮੇਲ ਪੁਰਖ ਭਤਾਰ । ਸਦੀ ਚੌਧਵੀਂ ਜਾਏ ਹਾਰ । ਬੀਸ ਇਕੀਸਾ ਨਰ ਨਿਰੰਕਾਰ । ਆਏ ਚਰਨ ਦਵਾਰ । ਸਾਚੀ ਸੇਵਾ ਆਪ ਲਗਾਏ, ਜੋਤੀ ਜੋਤ ਸਰੂਪ ਹਰਿ, ਸਚ ਸੁਲੱਖਣੀ ਏਕਾ ਨਾਰ । ਸਾਚੀ ਸੇਵਾ ਇਕ ਲਗਾਉਣੀ । ਚਾਰ ਕੁੰਟ ਦਹਿ ਦਿਸ਼ਾ, ਸੋਹੰ ਤਾਰ ਆਪ ਹਿਲਾਉਣੀ । ਸੱਤਾਂ ਦੀਪਾਂ ਪਾਏ ਵੰਡਾ, ਨੌਵਾ ਖੰਡਾਂ ਖੇਡ ਰਚਾਉਣੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰਾ ਕਾਲਾ ਵੇਸ ਆਪੇ ਕਰ, ਦਰ ਦਰਵੇਸ਼ ਝੂਠੀ ਚੁੰਨੀ ਮੁਖ ਤੋਂ ਲਾਹੁਣੀ । ਕਲਜੁਗ ਕਾਲਾ ਵੇਸ ਆਪ ਉਤਾਰਿਆ । ਪਰਗਟ ਹੋਏ ਮਾਝੇ ਦੇਸ, ਸਾਚਾ ਤਨ ਆਪ ਸ਼ਿੰਗਾਰਿਆ । ਜੋ ਲਿਖਿਆ ਗੁਰ ਦਸਮੇਸ, ਸਦਾ ਅਟੱਲ ਰਹੇ ਹਮੇਸ਼, ਹਰਿ ਸੁਣੇ ਸੱਚੀ ਪੁਕਾਰਿਆ । ਹਰਿ ਜੀ ਖੁਲ੍ਹੜੇ ਰੱਖੇ ਕੇਸ, ਆਪੇ ਸੱਦੇ ਦਰ ਬੁਲਾਏ ਬ੍ਰਹਮਾ ਵਿਸ਼ਨ ਮਹੇਸ਼ ਗਣੇਸ਼, ਸੁਰਪਤ ਰਾਜਾ ਇੰਦ ਦਰ ਦਵਾਰੇ ਸੀਸ ਝੁਕਾ ਲਿਆ । ਪਰਗਟ ਹੋਏ ਹਰਿ ਮਰਗਿੰਦ, ਜੋਤੀ ਜੋਤ ਸਰੂਪ ਹਰਿ, ਆਪਣੇ ਭਾਣੇ ਸਦ ਸਮਾ ਰਿਹਾ । ਸਾਚਾ ਰੰਗਣ ਹਰਿ ਰੰਗਾਇਆ । ਸੰਬਲ ਦੇਸ ਭੇਸ ਵਟਾਇਆ । ਗੌੜ ਬ੍ਰਾਹਮਣ ਸੰਗ ਰਲਾਇਆ । ਦੂਜੇ ਦਰ ਨਾ ਜਾਏ ਮੰਗਣ, ਆਪੇ ਹੋਏ ਆਪਣੇ ਅੰਗਣ, ਆਪ ਆਪਣੀ ਗੋਦ ਉਠਾਇਆ । ਸ਼ਬਦ ਘੋੜੇ ਕਸੇ ਤੰਗਨ, ਵੇਖਣ ਆਇਆ ਹਰਿ ਜੀ ਜੰਗਨ, ਨਾਮ ਮਰਦੰਗ ਇਕ ਵਜਾਇਆ । ਜਨ ਭਗਤਾਂ ਪਾਏ ਹੱਥੀਂ ਕੰਗਣ, ਨਾਮ ਮਹਿੰਦੀ ਸਾਚੀ ਰੰਗਣ, ਮਾਨਸ ਦੇਹੀ ਨਾ ਹੋਏ ਭੰਗਣ, ਜੋਤੀ ਜੋਤ ਸਰੂਪ ਹਰਿ, ਆਪ ਆਪਣਾ ਵੇਸ ਕਰ, ਸਾਚਾ ਚੋਲਾ ਇਕ ਰੰਗਾਇਆ । ਸਾਚਾ ਚੋਲਾ ਤਨ ਸ਼ਿੰਗਾਰਦਾ । ਗੁਰਮੁਖਾਂ ਨੂੰ ਅਵਾਜਾਂ ਮਾਰਦਾ । ਸ਼ਬਦ ਘੋੜਾ ਸੱਚੀ ਸਰਕਾਰ ਦਾ । ਕਲਗੀ ਤੋੜਾ ਨਰ ਹਰਿ ਨਿਰੰਕਾਰ ਦਾ । ਜੁੜਿਆ ਜੋੜਾ ਗੁਰ ਸੰਗਤ ਤੇਰੇ ਚਰਨ ਪਿਆਰ ਦਾ । ਧੁਰ ਦਰਗਾਹੀ ਆਇਆ ਦੌੜਾ, ਸਭ ਕੁੱਛ ਉਤੋਂ ਵਾਰਦਾ । ਸਿੰਘ ਮਨਜੀਤਾ ਜਗਤ ਜਗਦੀਸ਼ਾ ਸਾਚਾ ਲਾੜਾ ਘੋੜੀ ਚਾੜ੍ਹਦਾ । ਧਰਤ ਮਾਤ ਤੇਰਾ ਵੇਖੇ ਅਖਾੜਾ, ਦਿਨ ਦਿਹਾੜੇ ਡਾਕਾ ਮਾਰਦਾ । ਮੰਗਣ ਨਾ ਜਾਏ ਕੋਈ ਭਾੜਾ, ਜੋਤੀ ਜੋਤ

ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਚਾਰੋਂ ਕੁੰਟ ਉਠ ਉਠ ਵੇਖੇ, ਲੱਖ ਚੁਰਾਸੀ ਤੀਜੇ ਨੇਤਰ ਤਾੜਦਾ । ਸਾਚਾ ਘੋੜਾ ਛੈਲ ਛਬੀਲਾ ਹੈ । ਪੁਰਖ ਅਬਿਨਾਸ਼ੀ ਇਕ ਰਖਾਇਆ, ਸਾਚਾ ਰੰਗਣ ਰੰਗ ਨੀਲ ਨੀਲਾ ਹੈ । ਕਲਜੁਗ ਜੀਵਾਂ ਦਿਸ ਨਾ ਆਇਆ, ਚਾਰ ਪਾਂਓ ਨਾ ਕੋਈ ਵਸੀਲਾ ਹੈ । ਸ੍ਰਿਸ਼ਟ ਸਬਾਈ ਉਪਰ ਛਾਇਆ, ਪੁਰਖ ਅਬਿਨਾਸ਼ੀ ਸਚ ਸਿੰਘਾਸਣ ਉਪਰ ਡਾਇਆ, ਜੋਤ ਨਿਰੰਜਣ ਲੋਕਮਾਤ ਬਣੇ ਵਕੀਲਾ ਹੈ । ਸਤਵੇਂ ਆਸਣ ਚਰਨ ਉਠਾਇਆ । ਦੱਖਣ ਦਿਸ਼ਾ ਕਦਮ ਟਿਕਾਇਆ । ਚਿੱਟਾ ਅਸਵ ਨਾਲ ਰਲਾਇਆ । ਸ਼ਬਦ ਘੋੜਾ ਇਕ ਸਮਝਾਇਆ । ਦੋਹਾਂ ਧਿਰਾਂ ਦਾ ਜੁੜਿਆ ਜੋੜਾ, ਪੰਜਵੇਂ ਘਰ ਲਏ ਬਹਾਇਆ । ਭਗਤ ਜਨਾਂ ਹਰਿ ਸਾਚਾ ਬਹੁੜਾ, ਚੌਥੇ ਪਦ ਬਾਹਰ ਰਖਾਇਆ । ਧੁਰ ਦਰਗਾਹੀ ਇਕ ਲਗਾਇਆ ਸੱਚਾ ਪੌੜਾ, ਸੋਹੰ ਡੰਡਾ ਨਾਮ ਰਖਾਇਆ । ਸਚ ਵਡਿਆਈ ਤੇਰੀ ਬ੍ਰਾਹਮਣ ਗੌੜਾ, ਸੰਬਲ ਦੇਸ ਡੇਰਾ ਲਾਇਆ । ਨਾ ਕੋਈ ਜਾਣੇ ਲੰਮਾ ਚੌੜਾ, ਸਾਢੇ ਤਿੰਨ ਹੱਥ ਸਾਚਾ ਨਾਪ ਕਰਾਇਆ । ਆਪੇ ਵੇਖੇ ਮਿੱਠਾ ਕੌੜਾ, ਅੰਮ੍ਰਿਤ ਫਲ ਆਤਮ ਅੰਦਰ ਪ੍ਰਭ ਅਬਿਨਾਸ਼ੀ ਢੇਰ ਕਰਾਇਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਸਾਚਾ ਰੰਗ ਇਕ ਰੰਗਾਇਆ । ਕਾਲਾ ਰੰਗ ਅਪਰ ਅਪਾਰਾ ਹੈ । ਜਗੇ ਜੋਤ ਅਗੰਮ ਅਪਾਰਾ ਹੈ । ਚੁਰਾਸੀ ਕਲੀਆਂ ਨਾਲ ਸ਼ਿੰਗਾਰਾ ਹੈ । ਵਿਚ ਲੁਕਿਆ ਹਰਿ ਨਿਰੰਕਾਰਾ ਹੈ । ਲੱਖ ਚੁਰਾਸੀ ਵਿਚ ਪਸਾਰਾ ਹੈ । ਸਿੰਘ ਪੂਰਨ ਦਰ ਭਿਖਾਰਾ ਹੈ । ਸਚ ਤਖ਼ਤ ਸੱਚੀ ਸਰਕਾਰਾ ਹੈ । ਸ੍ਰਿਸ਼ਟ ਸਬਾਈ ਪਰਖਣਹਾਰਾ ਹੈ । ਕੋਈ ਨਾ ਜਾਣੇ ਜੀਵ ਲੋਕਾਈ, ਮਾਇਆ ਰਾਣੀ ਅੰਧ ਅੰਧਿਆਰਾ ਹੈ । ਵੈਰ ਵਰੋਧ ਘਰ ਘਰ ਰਿਹਾ ਵਧਾਈ, ਪੰਡਤ ਪਾਂਧੇ ਗਿਆਨੀ ਧਿਆਨੀ ਵੇਦ ਪੁਰਾਨੀ ਕਰਦੇ ਹਾਹਾਕਾਰਾ ਹੈ । ਪੁਰਖ ਅਬਿਨਾਸ਼ੀ ਸਾਚੇ ਮੰਦਰ ਇਕ ਰਖਾਏ ਸਾਚੀ ਬਾਣੀ, ਓਅੰਕਾਰ ਓਅੰਕਾਰ ਓਅੰਕਾਰ ਸੋਹੰ ਸਾਚੀ ਧਾਰਾ ਹੈ । ਵੇਦ ਕਰਾਇਆ ਵੇਸ ਬ੍ਰਹਮਾ ਵਿਸ਼ਨ ਮਹੇਸ਼ ਜੁਗ ਵਿਚਾਰਿਆ । ਦਰ ਘਰ ਸਾਚੇ ਹਰਿ ਪਰਵੇਸ਼, ਆਪੇ ਨਰ ਨਰਾਇਣ ਨਰੇਸ਼, ਆਪੇ ਪਰਜਾ ਆਪੇ ਸ਼ਾਹੁਕਾਰਿਆ । ਆਪੇ ਆਪਣਾ ਧਾਰੇ ਭੇਸ, ਜੋਤੀ ਜਾਮਾ ਖੇਲ ਨਿਆਰਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖਾਂ ਦੇਵੇ ਵਰ, ਅੰਮ੍ਰਿਤ ਸਾਚੀ ਧਾਰ ਪਿਆ ਰਿਹਾ । ਹਰਿ ਅੰਮ੍ਰਿਤ ਆਪ ਬਣਾਇੰਦਾ । ਵਿਚ ਸਮਾਏ ਸੋਹੰ ਜਾਪ, ਆਦਿ ਅੰਤ ਬਾਹਰ ਨਾ ਜਾਇੰਦਾ । ਮਾਰਨ ਆਇਆ ਤੀਨੋ ਤਾਪ, ਕਲਜੁਗ ਪਾਪ ਰਿਹਾ ਕਾਂਪ, ਸ਼ਬਦ ਖੰਡਾ ਹੱਥ ਉਠਾਇੰਦਾ । ਗੁਰ ਸੰਗਤ ਤੇਰਾ ਮਿਟੇ ਸਰਾਪ, ਧਰਮ ਰਾਏ ਦਾ ਟੁੱਟੇ ਫੰਦਾ, ਲੱਖ ਚੁਰਾਸੀ ਵਿੱਚੋਂ ਵਡ ਪਰਤਾਪ, ਸਤਾਰਾਂ ਹਾੜੀ ਜੋ ਜਨ ਆਏ ਦਰਸ਼ਨ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰਗਾਹ ਸਾਚੀ ਸਾਚਾ ਫਲ ਅੰਮ੍ਰਿਤ ਮੇਵਾ ਆਪ ਖੁਵਾਇੰਦਾ । ਸਾਚਾ ਅੰਮ੍ਰਿਤ ਸਚ ਦਵਾਰਿਆ । ਪ੍ਰਭ ਅਬਿਨਾਸ਼ੀ ਆਪ ਚੁਆਏ, ਜਨ ਖੋਲ੍ਹੇ ਬੰਦ ਕਵਾੜਿਆ । ਦੁਰਮਤ ਮੈਲ ਰਿਹਾ ਲਾਹੇ । ਬਜਰ ਕਪਾਟੀ ਸੀਨਾ ਪਾੜਿਆ । ਧਰਮ ਰਾਏ ਦੀ ਕਟੇ ਫਾਹੇ, ਸਾਚੇ ਘੋੜੇ ਸ਼ਬਦ ਚਾੜ੍ਹਿਆ ਹੋਏ ਸਹਾਈ ਸਭਨੀਂ ਥਾਈਂ, ਜੰਗਲ ਜੂਹ ਪਹਾੜ ਉਜਾੜਿਆ । ਆਪੇ ਪਿਤਾ ਆਪੇ ਮਾਈ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਜਨ ਆਏ ਚਰਨ ਨਿਮਸਕਾਰਿਆ । ਪ੍ਰਭ ਸਾਚੀ ਇਕ ਸਵਾਣੀ ਏ । ਸੋਹੰ ਫੜੀ ਹੱਥ ਮਧਾਣੀ ਏ । ਰਿੜਕਣ ਆਇਆ ਕਲਜੁਗ ਬਾਣੀ ਏ । ਝਿੜਕਣ ਆਇਆ ਲੱਖ ਚੁਰਾਸੀ ਬੇਮੁਹਾਣੀ ਏ । ਜੋਤੀ ਜੋਤ ਸਰੂਪ ਹਰਿ, ਹਰਿ ਅਕਥ ਕਥਾ ਕਹਾਣੀ ਏ । ਸਚ ਮਧਾਣਾ ਨਾਮ ਕੁੜ । ਦੋਹਾਂ ਪ੍ਰੀਤੀ ਗਈ ਜੁੜ । ਪ੍ਰਭ ਅਬਿਨਾਸ਼ੀ ਰਿੜਕਣ ਆਇਆ, ਸ਼ਬਦ ਸਾਚੇ

ਚੜ੍ਹ, ਘੋੜ । ਲੱਖ ਚੁਰਾਸੀ ਵੇਖਣ ਆਇਆ, ਅੰਮ੍ਰਿਤ ਆਤਮ ਆਈ ਬੁੜ । ਗੁਰਮੁਖ ਸਾਚੇ ਪਰਖਣ ਆਇਆ, ਵੇਲੇ ਅੰਤਮ ਪਈ ਲੋੜ । ਨਿਹਕਲੰਕ ਜਾਮਾ ਪਾਇਆ, ਬੀਸ ਇਕੀਸਾ ਵਿਚ ਸਮਾਇਆ, ਕਲਜੁਗ ਸਤਿਜੁਗ ਤੇਰਾ ਪੁੜ । ਸ਼ਬਦ ਮਧਾਣੀ ਛਾਛ ਵਰੋਲਦੀ । ਮੁਖੋਂ ਰੋ ਰੋ ਏਹੋ ਬੋਲਦੀ । ਬੇਮੁਖਾਂ ਦੇ ਪੜਦੇ ਖੋਲ੍ਹਦੀ । ਗੁਰਮੁਖਾਂ ਦੇ ਉਤੋਂ ਆਪਣਾ ਆਪ ਘੋਲਦੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰੇ ਤੋਲ ਮਾਤ ਤੋਲਦੀ । ਸਾਚਾ ਗੇੜਾ ਆਪ ਦਵਾਇਆ ਏ । ਜਗਤ ਝੇੜਾ ਰਿਹਾ ਮਿਟਾਇਆ ਏ । ਖਿਚ ਨੇਤਰਾ ਹੱਥੀਂ ਪਾਇਆ ਮਹੀਨੇ ਚੇਤ ਲੇਖ ਲਿਖਾਇਆ ਏ । ਲੱਖ ਚੁਰਾਸੀ ਕਾਇਆ ਖੇਤਰ ਸਭ ਛਾਣ ਵਖਾਇਆ ਏ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਏਕਾ ਅੰਮ੍ਰਿਤ ਆਪ ਬਣਾਇਆ ਏ । ਅੰਮ੍ਰਿਤ ਸਾਚਾ ਆਪ ਬਣਾਏ, ਨਾਉਂ ਰਖਾਏ ਸੀਰਾ । ਪੁਰਖ ਅਬਿਨਾਸ਼ੀ ਦਇਆ ਕਮਾਏ, ਗੁਰਮੁਖਾਂ ਕੱਟਣ ਆਇਆ ਭੀੜਾ । ਆਪ ਆਪਣਾ ਵਿਚ ਟਿਕਾਏ, ਮਾਰ ਮੁਕਾਏ ਹੰਕਾਰੀ ਕੀੜਾ । ਸ਼ਬਦ ਦ੍ਰਿਸ਼ਟੀ ਵਿਚ ਸਮਾਏ, ਜੋਤ ਉਠਾਏ ਸਾਚਾ ਬੀੜਾ । ਜੋਤੀ ਜੋਤ ਸਰੂਪ ਹਰਿ, ਚਾਰ ਵਰਨਾਂ ਇਕ ਕਰਾਏ ਸਾਚਾ ਹਰਿ, ਨਾ ਕੋਈ ਹਸਤ ਨਾ ਕੋਈ ਕੀੜਾ । ਸਾਚਾ ਅੰਮ੍ਰਿਤ ਆਪ ਬਣਾਇਆ ਏ । ਗੁਰ ਸੰਗਤ ਸਦ ਬਹਾਇਆ ਏ । ਮਾਤਲੋਕ ਬਣ ਕੇ ਆਇਆ ਮੰਗਤ, ਪੱਲੂ ਆਪਣਾ ਅੱਗੇ ਡਾਹਿਆ ਏ । ਨਾਮ ਭਿਛਿਆ ਏਕਾ ਪਾਉਣੀ, ਸਤਾਰਾਂ ਹਾੜੀ ਬਣਤ ਬਣਾਉਣੀ, ਸਾਚਾ ਹੁਕਮ ਸੁਣਾਇਆ ਏ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਅੰਮ੍ਰਿਤ ਆਤਮ ਸਾਚਾ ਸੀਰ ਚਿੱਟਾ ਦੁੱਧ ਰਖਾਇਆ ਏ । ਚਿੱਟਾ ਦੁੱਧ ਆਤਮ ਤਾਲ । ਭਗਤ ਜਨਾਂ ਕਰੇ ਆਤਮ ਸੁਧ, ਕਲਜੁਗ ਮਾਇਆ ਤੋੜ ਜੰਜਾਲ । ਸ਼ਬਦ ਘੋੜੇ ਬਹਿਣਾ ਕੁੱਦ, ਗੁਰ ਸੰਗਤ ਮਾਰੇ ਇਕੋ ਛਾਲ । ਪੰਜਾਂ ਨਾਲ ਹਰਿ ਜੀ ਕਰੇ ਯੁੱਧ, ਸੋਹੰ ਰੱਖੇ ਸਾਚੀ ਢਾਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਸੰਤ ਜਨਾਂ ਅੰਮ੍ਰਿਤ ਸਾਚਾ ਮੁਖ ਚੁਆਏ, ਦਰ ਘਰ ਸਾਚੇ ਸਾਚੇ ਲਾਲ । ਸਾਚੇ ਲਾਲ ਚਰਨ ਦਵਾਰਿਆ । ਮਿਲੇ ਨਾਮ ਸੱਚਾ ਧਨ ਮਾਲ, ਅੰਮ੍ਰਿਤ ਧਾਰਿਆ । ਦੇਵਣ ਆਇਆ ਹਰਿ ਆਪੇ ਸ਼ਾਹ ਆਪੇ ਕੰਗਾਲ, ਗੁਰਮੁਖ ਸਾਚੇ ਖਿਚ ਬਹਾਏ ਚਰਨ ਦਵਾਰਿਆ । ਭਰਿਆ ਰਹੇ ਸਰੋਵਰ ਤਾਲ, ਝਿਰਨਾ ਝਿਰੇ ਅਪਰ ਅਪਾਰਿਆ । ਆਪੇ ਹੋਏ ਵਿਚ ਦਲਾਲ, ਕਵਲ ਨਾਭੀ ਆਪ ਭਵਾ ਰਿਹਾ । ਗੁਰਮੁਖ ਸਾਚੇ ਸੰਤ ਜਨਾਂ ਆਪੇ ਰਿਹਾ ਸੁਰਤ ਸੰਭਾਲ, ਬੇਮੁਖਾਂ ਦਰ ਦੁਰਕਾ ਰਿਹਾ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਦੇ ਮਤ ਆਪ ਸਮਝਾ ਰਿਹਾ । ਹਰਿ ਅੰਮ੍ਰਿਤ ਗੁਰ ਕੀ ਧਾਰਾ । ਗੁਰ ਅੰਮ੍ਰਿਤ ਜਗਤ ਪਿਆਰਾ । ਹਰਿ ਹਰਿ ਦੇਵਣਹਾਰ ਦਾਤਾਰਾ । ਗੁਰ ਵਰਤੇ ਮਾਤ ਭੰਡਾਰਾ । ਸ਼ਬਦ ਭਾਂਡਾ ਕਲਸ ਅਪਾਰਾ । ਕਲਜੁਗ ਮਾਟੀ ਕਾਇਆ ਕੱਚਾ ਆਵਾ, ਵਿਚ ਧਰੇ ਆਪ ਗਿਰਧਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖਾਂ ਦਏ ਅਧਾਰਾ । ਅੰਮ੍ਰਿਤ ਪੀ ਪੀ ਕਲਜੁਗ ਜੀਣਾ, ਪ੍ਰਭ ਸਾਚੇ ਆਪ ਬਣਾਇਆ । ਜੂਠਾ ਝੂਠਾ ਪੀਣਾ ਖਾਣਾ, ਵੇਲੇ ਅੰਤਮ ਕੰਮ ਨਾ ਆਇਆ । ਏਕਾ ਅੰਮ੍ਰਿਤ ਸਾਚਾ ਵਰਨਾ, ਧੁਰ ਦਰਗਾਹੀ ਲੈ ਕੇ ਆਇਆ । ਦਰਗਾਹ ਸਾਚੀ ਦੇਵੇ ਮਾਣਾ, ਜਿਸ ਜਨ ਰਸਨਾ ਮੁਖ ਰਖਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਹੱਥੀਂ ਰਿਹਾ ਵਰਤਾਇਆ । ਅੰਮ੍ਰਿਤ ਹੋਏ ਤਿਆਰ, ਭਰੇ ਭੰਡਾਰਿਆ । ਗੁਰਮੁਖ ਜਾਗੇ ਸੋਏ, ਪ੍ਰਭ ਸਾਚਾ ਪਾਵੇ ਸਾਰਿਆ । ਅਵਰ ਨਾ ਜਾਣੇ ਕੋਇ, ਕਲਜੁਗ ਜੀਵ ਹੋਏ ਹੰਕਾਰਿਆ । ਦੁਰਮਤ ਮੈਲ ਪਾਪਾਂ ਧੋਏ, ਜੋ ਜਨ

ਆਏ ਚਰਨ ਦਵਾਰਿਆ । ਅੰਮ੍ਰਿਤ ਮੇਘ ਸਾਚਾ ਚੋਏ, ਕਾਇਆ ਕਰੇ ਠੰਡੀ ਠਾਰਿਆ । ਗੁਰ ਗੋਬਿੰਦਾ ਏਕਾ ਧਾਮ ਇਕੱਠੇ ਹੋਏ, ਗੁਣ ਅਵਗੁਣ ਨਾ ਕਿਸੇ ਵਿਚਾਰਿਆ । ਨਿਹਕਲੰਕ ਨਰਾਇਣ ਨਰ, ਲੋਕਮਾਤ ਹਰਿ ਜੋਤ ਧਰ, ਗੁਰ ਸੰਗਤ ਕਰੇ ਏਕਾ ਪਿਆਰਿਆ । ਉਨੀ ਹਾੜੀ ਖ਼ੁਸ਼ੀ ਮਨਾਈਆ । ਵੀਹ ਸੌ ਬਾਰਾਂ ਬਿਕ੍ਰਮੀ ਸਾਚਾ ਲੇਖ ਰਿਹਾ ਲਿਖਾਈਆ । ਬੇਮੁਖ ਜੀਵਾਂ ਭਰਮ ਭੁਲੇਖਾ, ਵੇਖੀ ਵੇਖਾ ਜਨਮ ਗਵਾਈਆ । ਭਗਤ ਜਨਾਂ ਦੀ ਲਿਖੇ ਰੇਖਾ, ਏਕਾ ਰਸਨਾ ਕਲਮ ਚਲਾਈਆ । ਨੇਤਰ ਨੈਣ ਜਿਸ ਜਨ ਵੇਖਾ, ਲੱਖ ਚੁਰਾਸੀ ਫੰਦ ਕਟਾਈਆ । ਜੋਤੀ ਜੋਤ ਸਰੂਪ ਹਰਿ, ਅੰਮ੍ਰਿਤ ਆਤਮ ਦੇਵੇ ਭਰ, ਅਤੁਟ ਭੰਡਾਰ ਰਖਾਈਆ । ਗੁਰਮੁਖਾਂ ਦੇਵੇ ਅੰਮ੍ਰਿਤ ਧਾਰ, ਹਰਿ ਨਿਰੰਕਾਰ ਕਰ ਪਿਆਰ ਹਰਿ ਕਰਤਾਰਿਆ । ਮਦਿਰਾ ਮਾਸੀ ਕਰਨ ਵਿਚਾਰ, ਮਾਨਸ ਦੇਹੀ ਆਈ ਹਾਰ, ਵੇਲੇ ਅੰਤਮ ਹੋਣ ਖੁਆਰਿਆ । ਪੁਰਖ ਅਬਿਨਾਸ਼ੀ ਬਣਿਆ ਆਪ ਵਰਤਾਰ, ਗੁਰਮੁਖਾਂ ਕਰੇ ਨਾਮ ਪਿਆਰ, ਦੇਂਦਾ ਜਾਏ ਵਾਰੋ ਵਾਰਿਆ । ਨਿਹਕਲੰਕ ਨਰਾਇਣ ਨਰ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਅਪਰ ਅਪਾਰਿਆ । ਗੁਰਮੁਖਾਂ ਅੰਮ੍ਰਿਤ ਆਤਮ ਚੋਏ, ਕਵਲ ਉਘਾੜਿਆ । ਦੁਰਮਤ ਮੈਲ ਕਲਜੁਗ ਧੋਏ, ਉਪਰ ਧਵਲ ਮਾਇਆ ਰਾਣੀ ਰਿਹਾ ਸਾੜਿਆ । ਸਾਚਾ ਅੰਮ੍ਰਿਤ ਰਿਹਾ ਮਵਲ, ਦਸਮ ਦਵਾਰੀ ਪੜਦਾ ਪਾੜਿਆ । ਖੁਲ੍ਹਿਆ ਰਹੇ ਨਾਭ ਕਵਲ, ਅੰਮ੍ਰਿਤ ਆਤਮ ਸਾਚੀ ਮਧ ਆਪ ਪਿਆਏ ਅੰਮ੍ਰਿਤ ਸਤਿ ਸਰੂਰਿਆ । ਗੁਰਮੁਖ ਸਾਚੇ ਸਦ ਭਾਏ, ਸਰਬ ਕਲਾ ਭਰਪੂਰਿਆ । ਸੋਹੰ ਸਾਚਾ ਨਾਦ ਵਜਾਏ, ਨਾਦ ਅਨਾਦਾ ਸਾਚੀ ਤੂਰਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਸੰਗਤ ਦੇਵੇ ਸਾਚਾ ਵਰ, ਆਸਾ ਮਨਸਾ ਸਰਬ ਦੀ ਪੂਰਿਆ । ਆਸਾ ਮਨਸਾ ਦਏ ਵਡਿਆਈਆ । ਹਉਮੇ ਦੁਖੜਾ ਹੋਏ ਦੂਰ, ਮਿਲੇ ਰਘੁਰਾਈਆ । ਦੀਪਕ ਜਗੇ ਜੋਤੀ ਨੂਰ, ਹੋਏ ਰੁਸ਼ਨਾਈਆ । ਵੱਜੇ ਨਾਦ ਅਨਾਹਦ ਤੂਰ, ਸਾਚਾ ਰਾਗ ਰਿਹਾ ਸੁਣਾਈਆ । ਭਰਿਆ ਰਹੇ ਤਾਲ ਭਰਪੂਰ, ਅੰਮ੍ਰਿਤ ਸਾਚਾ ਵਿਚ ਟਿਕਾਈਆ । ਬੇਮੁਖ ਜਾਨਣ ਨੇੜੇ ਦੂਰ, ਗੁਰਮੁਖਾਂ ਵਿਚ ਸਮਝਾਈਆ । ਪ੍ਰਭ ਅਬਿਨਾਸ਼ੀ ਹਾਜ਼ਰ ਹਜ਼ੂਰ, ਗੁਰ ਸੰਗਤ ਤੇਰੀ ਸਾਚੀ ਸੇਵਾ ਰਿਹਾ ਕਮਾਈਆ । ਸਾਚੀ ਸੇਵ ਕਮਾਏ, ਨੰਗੇ ਪੈਰਿਆ । ਦੇਵੀ ਦੇਵਤ ਕਰੋੜ ਤੇਤੀਸ ਜਗਾਏ ਜੋਤ, ਮਾਤ ਪਾਏ ਫੇਰਿਆ । ਸ਼ਿਵ ਸ਼ੰਕਰ ਰਸਨ ਧਿਆਏ, ਦੋਏ ਜੋੜ ਮੰਗਣ ਕਰ ਕਰ ਮਿਹਰਿਆ । ਬ੍ਰਹਮਾ ਅੱਠੇ ਨੇਤਰ ਰਿਹਾ ਉਠਾਏ, ਅੰਮ੍ਰਿਤ ਧਾਰ ਕਿਥੋਂ ਆਏ, ਮਿਲੇ ਏਕਾ ਸਤਿ ਸਰੂਰਿਆ । ਗੁਰਮੁਖਾਂ ਰਿਹਾ ਕਰਮ ਵਿਚਾਰ, ਆਪਣੀ ਕਿਰਪਾ ਧਾਰ, ਗੁਰਮੁਖ ਸਾਚੇ ਸੰਤ ਜਨਾਂ ਦੇਵੇ ਵਰ, ਆਤਮ ਦਰ ਸਾਚੇ ਘਰ, ਅੰਮ੍ਰਿਤ ਸਰ ਸੱਚਾ ਭਰਪੂਰਿਆ । ਮਦਿਰਾ ਮਾਸ ਜੋ ਰਸਨ ਲਗਾਏ । ਅੰਮ੍ਰਿਤ ਅੱਗੇ ਹੱਥ ਨਾ ਡਾਹੇ । ਨੇਤਰ ਦੋਵੇਂ ਬੰਦ ਕਰਾਏ । ਪ੍ਰਭ ਅਬਿਨਾਸ਼ੀ ਦਿਸ ਨਾ ਆਏ । ਦੋਵੇਂ ਸਰਵਣ ਲਏ ਛੁਪਾਏ । ਸੋਹੰ ਰਾਗ ਨਾ ਸੁਣਨ ਪਾਏ । ਦਸਮ ਦਵਾਰੀ ਮੁਖ ਭਵਾਏ । ਨੌਂ ਦਵਾਰਿਆ ਰਾਹ ਵਖਾਏ । ਚਾਰੋਂ ਕੁੰਟ ਫਿਰਨ ਹਲਕਾਏ । ਮਦਿਰਾ ਮਾਸ ਜਿਸ ਰਸਨ ਆਹਾਰਾ । ਦਸਮ ਦਵਾਰੀ ਵਸੇ ਬਾਹਰਾ । ਨੌਂ ਦਵਾਰੇ ਕਰੇ ਪਿਆਰ, ਕਾਮੀ ਕਰੋਧੀ ਲੋਭੀ ਕੁਸ਼ਟੀ ਭਰਿਆ ਤਨ ਹੰਕਾਰਾ । ਦੀਰਘ ਰੋਗ ਲੱਗਾ ਦ੍ਰਿਸ਼ਟੀ, ਵਿਸਰਿਆ ਕਰਤਾਰਾ । ਭਗਤ ਜਨਾਂ ਹਰਿ ਸਾਚਾ ਇਸ਼ਟੀ, ਮਿਲਿਆ ਮੇਲ ਧੁਰ ਸੰਜੋਗ, ਨਰ ਹਰਿ ਸੱਚੀ ਸਰਕਾਰਾ । ਆਦਿ ਅੰਤ ਨਾ ਹੋਏ ਵਿਜੋਗ, ਅਠੇ ਪਹਿਰ ਆਤਮ ਰਸ ਲੈਣ ਭੋਗ, ਪ੍ਰਭ ਆਪ ਵਖਾਏ ਦਰਸ ਅਮੋਘ, ਚਤੁਰਭੁਜ ਸੱਚੀ ਸਰਕਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ



੧੭੩ ੦੫

ਨਰ, ਸ੍ਰਿਸ਼ਟ ਸਬਾਈ ਇਕ ਰਖਾਏ ਸਚ ਸੱਚਾ ਦਵਾਰਾ । ਮਦਿਰਾ ਮਾਸ ਕੀਆ ਪਿਆਰ, ਜਨਮ ਗਵਾਇਆ । ਨਾਤਾ ਤੁੱਟਾ ਪੁਰਖ ਭਤਾਰ, ਨਾਰ ਦੁਹਾਗਣ ਜੀਵ ਗਵਾਰਿਆ । ਕਾਇਆ ਝੂਠੀ ਵੱਜੇ ਸਿਤਾਰ, ਸਾਚਾ ਰਾਗ ਨਾ ਕੋਈ ਅਲਾਇਆ । ਤਨ ਮਨ ਵਸੇ ਕਾਮ ਕਰੋਧ ਹੰਕਾਰ, ਪ੍ਰਭ ਅਬਿਨਾਸ਼ੀ ਨਾ ਰਸਨਾ ਗਾਇਆ । ਅੰਤਮ ਵੇਲੇ ਦੇਵੇ ਦਰ ਦੁਰਕਾਰ, ਧਰਮ ਰਾਏ ਪੱਲੂ ਗਲ ਵਿਚ ਪਾਇਆ । ਖਿਚੀ ਜਾਏ ਵਾਰੋ ਵਾਰ, ਜਮ ਰਾਜ ਕੁੰਡਾ ਲਾਹਿਆ । ਅੱਗੇ ਵੇਖੇ ਇਕ ਦਰਬਾਰ । ਚਿਤਰ ਗੁਪਤ ਲੇਖ ਲਿਖਾਇਆ । ਓਥੇ ਪੈਣੀ ਕਰਮਾਂ ਮਾਰ, ਮਾਤ ਪਿਤ ਭੈਣ ਭਾਈ ਸੱਜਣ ਸੈਣ ਨਾ ਹੋਏ ਕੋਈ ਸਹਾਇਆ । ਲੱਖ ਚੁਰਾਸੀ ਜਾਂਦੀ ਵੇਖ ਸਾਚੇ ਨੈਣ, ਫੜ ਬਾਹੋਂ ਨਾ ਕਿਸੇ ਮਾਤ ਉਠਾਇਆ । ਗੁਰਮੁਖਾਂ ਚੁਕਾਏ ਲਹਿਣਾ ਦੇਣ, ਨਿਹਕਲੰਕ ਨਰਾਇਣ ਨਰ, ਅੰਮ੍ਰਿਤ ਆਤਮ ਏਕਾ ਸੱਚਾ ਜਾਮ ਪਿਆਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਅੰਤ ਜੁਗਾ ਜੁਗੰਤ ਸਾਧ ਸੰਤ ਪੂਰਨ ਭਗਵੰਤ ਹੋਏ ਸਦਾ ਸਹਾਈ, ਆਪ ਕਰੇ ਰਖਵਾਲਿਆ । ਆਪੇ ਮਾਈ ਆਪੇ ਬਾਪ, ਆਪੇ ਕਰੇ ਕਰਾਏ ਪ੍ਰਿਤਪਾਲਿਆ । ਆਪੇ ਅੱਖਰ ਆਪੇ ਵੱਖਰ ਆਪੇ ਸੋਹੰ ਸੱਚਾ ਜਾਪ, ਆਪੇ ਰੱਖੇ ਕਾਇਆ ਭਾਂਡਾ ਖਾਲੀਆ । ਆਪੇ ਤਾਪ ਆਪੇ ਸਰਾਫ, ਆਪੇ ਚਲੇ ਚਾਲ ਨਿਰਾਲੀਆ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ, ਅੰਮ੍ਰਿਤ ਮਧ ਆਪ ਪਿਆਏ, ਸੋਹੰ ਭਰੀ ਇਕ ਪਿਆਲੀਆ । ਸੋਹੰ ਪਿਆਲੀ ਪੀ ਪੀ ਜਾਣਾ । ਸਦਾ ਜੀਣਾ ਨਾਮ ਲਿਖਾਣਾ । ਪ੍ਰਭ ਅਬਿਨਾਸ਼ੀ ਦਾਨਾ ਬੀਨਾ, ਆਪ ਆਪਣਾ ਸੰਗ ਨਿਭਾਣਾ । ਹੋਏ ਸਹਾਈ ਲੋਕਾ ਤੀਨਾ, ਦਰਗਾਹ ਸਾਚੀ ਮਾਣ ਦਵਾਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਦੇਵੇ ਜੀਆ ਦਾਨ, ਵੇਲੇ ਅੰਤਮ ਹੋਏ ਸਹਾਈ, ਦਰ ਘਰ ਸਾਚੇ ਆਪ ਬਹਾਣਾ । ਗੁਰ ਪੂਰਾ ਭੋਗ ਲਗਾਇੰਦਾ । ਗੁਰਮੁਖਾਂ ਚੁਗਾਏ ਚੋਗ, ਕਾਗ ਹੰਸ ਬਣਾਇੰਦਾ । ਕਲ ਦੇਵੇ ਦਰਸ ਅਮੋਘ, ਆਪਣੀ ਦਇਆ ਕਮਾਇੰਦਾ । ਲਿਖਿਆ ਧੁਰ ਸੰਜੋਗ, ਲਹਿਣਾ ਦੇਣਾ ਮਾਤ ਚੁਕਾਇੰਦਾ । ਕਦੇ ਨਾ ਹੋਏ ਅੰਤ ਵਿਜੋਗ, ਸਾਚਾ ਨਾਤਾ ਚਰਨ ਜੁੜਾਇੰਦਾ । ਬੇਮੁਖ ਜੀਵ ਰਹੇ ਸੋਤ, ਪ੍ਰਭ ਮਾਇਆ ਪੜਦਾ ਪਾਇੰਦਾ । ਨਾ ਕੋਈ ਵਰਨ ਨਾ ਕੋਈ ਗੋਤ, ਗੁਰ ਸੰਗਤ ਸਾਚੀ ਆਪ ਬਣਾਇੰਦਾ । ਏਕਾ ਏਕ ਨਿਰੰਜਣ ਜੋਤ, ਘਟ ਭੀਤਰ ਆਪ ਸਮਾਇੰਦਾ । ਵਰਨ ਗੋਤ ਨਾ ਕਰੇ ਵਿਚਾਰਿਆ । ਸਾਚਾ ਮਾਰਗ ਇਕ ਵਖਾ ਰਿਹਾ । ਚਾਰ ਵਰਨਾਂ ਏਕਾ ਧਾਮ ਏਕਾ ਨਾਮ ਏਕਾ ਅੰਮ੍ਰਿਤ ਏਕਾ ਜਾਮ, ਆਪਣੀ ਹੱਥੀਂ ਆਪ ਪਿਆ ਰਿਹਾ । ਕਲਜੁਗ ਮੇਟ ਮਿਟਾਏ ਅੰਧੇਰੀ ਸ਼ਾਮ, ਆਪ ਸੁਣਾਇਆ ਸਾਚਾ ਨਾਮ, ਕਲਜੁਗ ਮੇਟੇ ਭੇਖ ਤਮਾਮ, ਫੜ ਡੰਕ ਇਕ ਵਜਾ ਰਿਹਾ । ਸ਼ਬਦ ਰੱਖੇ ਇਕ ਦਮਾਮ, ਰਾਓ ਰੰਕਾਂ ਹਰਿ ਸੁਣਾ ਰਿਹਾ । ਨਿਹਕਲੰਕ ਨਰਾਇਣ ਨਰ, ਗੁਰ ਸੰਗਤ ਆਪਣੀ ਕਿਰਪਾ ਕਰ, ਗੁਰ ਪਰਸਾਦੀ ਗੁਰ ਗੁਰ ਪੂਰਾ ਸ਼ਬਦ ਪਰਸਾਦਿ ਆਪ ਵਰਤਾ ਰਿਹਾ । ਸਤਿਗੁਰ ਪੂਰਾ ਜਾਣੀਏ, ਕਲ ਸੁਰਤ ਸੰਭਾਲੇ । ਸਤਿਗੁਰ ਪੂਰਾ ਜਾਣੀਏ, ਦਿਵਸ ਰੈਣ ਹੋਏ ਰਖਵਾਲੇ । ਸਤਿਗੁਰ ਪੂਰਾ ਜਾਣੀਏ, ਦੇਵੇ ਨਾਮ ਸੱਚਾ ਧਨ ਮਾਲੇ । ਸਤਿਗੁਰ ਪੂਰਾ ਜਾਣੀਏ, ਖਾਲੀ ਭਾਂਡੇ ਭਰੇ ਪਿਆਲੇ । ਸਤਿਗੁਰ ਪੂਰਾ ਜਾਣੀਏ, ਜੋਤੀ ਜੋਤ ਸਰੂਪ ਹਰਿ, ਆਪ ਆਪਣੇ ਰੰਗ ਰੰਗਾਲੇ । ਸਾਚੀ ਰੰਗਣ ਰੰਗਣ ਆਇਆ, ਬਣ ਕੇ ਆਪ ਲਲਾਰੀ । ਭਗਤ ਜਨਾਂ ਹਰਿ ਭੁੱਖ ਨੰਗ ਕੱਟਣ ਆਇਆ, ਬਣਿਆ ਵਡ ਭੰਡਾਰੀ । ਸੋਹੰ ਨਾਮ ਰਸਨ ਸਵਾਸੀ ਜਪਾਵਣ ਆਇਆ, ਬਣਿਆ ਆਪ ਲਿਖਾਰੀ । ਕਾਇਆ ਮਾਟੀ ਨਿਰਮਲ ਜੋਤੀ ਸਾਚੇ ਮੰਦਰ ਰੱਖਣ ਆਇਆ, ਜੋਤ ਨਿਰੰਜਣ ਕਰ ਵਿਚਾਰੀ ।

ਬੇਮੁਖ ਜੀਵ ਭਾਂਡੇ ਕਾਚੇ ਕਲਜੁਗ ਅੰਤਮ ਭੰਨਣ ਆਇਆ, ਸ਼ਬਦ ਹਥੌੜਾ ਫੜਿਆ ਭਾਰੀ । ਗੁਰਮੁਖ ਲੱਭਣ ਆਇਆ, ਪੁਰਖ ਅਬਿਨਾਸ਼ੀ ਪਰਉਪਕਾਰੀ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਆਪ ਆਪਣੀ ਕਿਰਪਾ ਧਾਰੀ । ਤ੍ਰੈਗੁਣ ਮਾਇਆ ਵੇਸ ਮਾਤ ਉਪਜਾਈਆ । ਆਪ ਉਪਾਇਆ ਬ੍ਰਹਮਾ ਸ਼ਿਵ, ਵਿਸ਼ਨੂੰ ਸੰਗ ਰਲਾਈਆ । ਚਵੀਆਂ ਤੱਤਾਂ ਆਪੇ ਗਣਾ, ਬ੍ਰਹਮੇ ਦੇ ਮਤ ਰਿਹਾ ਸਮਝਾਈਆ । ਲੱਖ ਚੁਰਾਸੀ ਕਰਨੀ ਉਤਪਤ, ਸਾਚਾ ਹੁਕਮ ਰਿਹਾ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਬ੍ਰਹਮੇ ਦੇਵੇ ਇਕ ਵਡਿਆਈਆ । ਬ੍ਰਹਮੇ ਆਪਣਾ ਆਪ ਵਿਚਾਰ, ਸਰਬ ਕੁਛ ਪਛਾਣਿਆ । ਜਿਸ ਕੀਆ ਮੇਰਾ ਅਕਾਰ, ਨਰ ਹਰਿ ਸ੍ਰੀ ਭਗਵਾਨਿਆ । ਦਿਤੀ ਵਸਤ ਇਕ ਅਪਾਰ, ਤ੍ਰੈਗੁਣ ਵਸਤ ਸਰਬ ਕੁਛ ਜਾਣਿਆ । ਜੋਤੀ ਜੋਤ ਸਰੂਪ ਹਰਿ, ਆਪਣਾ ਭੇਵ ਆਪ ਛੁਪਾਨਿਆ । ਬ੍ਰਹਮੇ ਕੀਆ ਇਕ ਅਕਾਰਾ । ਮਾਇਆ ਰੂਪੀ ਸਗਲ ਪਸਾਰਾ । ਚਵੀ ਤੱਤ ਕਰ ਇਕੱਠੇ, ਇਕ ਬਣਾਇਆ ਪੁਤਲਾ ਭਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਵਸੇ ਸਭ ਤੋਂ ਬਾਹਰਾ । ਚਵੀ ਤੱਤਾਂ ਕਰੀ ਤਿਆਰੀਆ । ਖਾਲੀ ਬੁੱਤ ਮੂੰਹ ਦੇ ਭਾਰੀਆ । ਕਿਰਪਾ ਕਰੇ ਆਪ ਅਚੁਤ, ਪਾਰਬ੍ਰਹਮ ਖੇਲ ਨਿਆਰੀਆ । ਉਪਜੇ ਜਲ ਨਾ ਸਾਚਾ ਸੁੱਤ, ਬ੍ਰਹਮਾ ਕਰ ਕਰ ਥੱਕਾ ਕਾਰੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਸੁਨੇਹੜਾ ਏਕਾ ਦੇਵੇ, ਕਰੇ ਆਪ ਹੁਸ਼ਿਆਰੀਆ । ਬ੍ਰਹਮੇ ਬੁੱਤ ਬਣਾਇਆ, ਨਾ ਮਾਤ ਜਵਾ ਲਿਆ । ਆਪਣਾ ਮਾਣ ਗਵਾਇਆ, ਪੁਰਖ ਅਬਿਨਾਸ਼ੀ ਇਕ ਧਿਆ ਲਿਆ । ਪੁਰਖ ਅਬਿਨਾਸ਼ੀ ਦਇਆ ਕਮਾਇਆ, ਪੰਝੀਵਾਂ ਤੱਤ ਜੋਤੀ ਦੀਪਕ ਇਕ ਜਗਾ ਲਿਆ । ਹੱਡ ਨਾੜ ਉਬਲੀ ਰਤ, ਵਾਹ ਵਾਹ ਸੰਪਟ ਸੁਹਣੀ ਲਾ ਲਿਆ । ਵਿਚ ਰਖਾਈ ਮਨ ਮਤ, ਬੁਧੀ ਤੀਜਾ ਸਾਥ ਰਖਾ ਲਿਆ । ਸਿਰ ਮੂੰਹ ਨੱਕ ਹੱਥ, ਕੰਨਾਂ ਪੈਰਾਂ ਨਾਲ ਸਜਾ ਲਿਆ । ਸਾਚੀ ਵਸਤ ਇਕ ਟਿਕਾਈ ਹਰਿ ਸਮਰਥ, ਕਾਇਆ ਮੰਦਰ ਇਕ ਸੁਹਾ ਲਿਆ । ਪ੍ਰਭ ਕਾ ਭੇਵ ਸਦਾ ਅਕੱਥ, ਜੁਗਾ ਜੁਗੰਤਰ ਭੇਵ ਕਿਸੇ ਨਾ ਪਾ ਲਿਆ । ਆਪੇ ਰਿਹਾ ਸਭ ਨੂੰ ਮਥ, ਆਪੇ ਮਾਰੇ ਆਪ ਜਵਾ ਲਿਆ । ਸਗਲ ਵਸੂਰੇ ਜਾਇਣ ਲੱਥ, ਜਿਸ ਜਨ ਹਿਰਦੇ ਆਪ ਵਸਾ ਲਿਆ । ਸ਼ਬਦ ਚੜ੍ਹਾਏ ਸਾਚੇ ਰਥ, ਸਾਚਾ ਡੋਲਾ ਇਕ ਸਜਾ ਲਿਆ । ਪੰਜਾਂ ਚੋਰਾਂ ਪਕੜੇ ਨੱਥ, ਵਾਗਾਂ ਅੰਦਰੇ ਅੰਦਰ ਭਵਾ ਰਿਹਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੀ ਕਿਰਪਾ ਕਰ, ਆਪਣੀ ਬਣਤ ਬਣਾ ਲਿਆ । ਬ੍ਰਹਮੇ ਬਣਤ ਬਣਾਈ, ਜੋਤ ਉਪਾਈਆ । ਨਾ ਕੋਈ ਦਿਸੇ ਥਾਈਂ ਵਿਚ ਜਿਮੀਂ ਅਕਾਸੇ ਜਿਥੇ ਦਏ ਬਹਾਈ, ਉਪਰ ਜਲ ਦੇ ਰਿਹਾ ਟਿਕਾਈ, ਕਵਲ ਫੁਲ ਨਾ ਭਾਰ ਉਠਾਈਆ । ਜੋਤੀ ਜੋਤ ਸਰੂਪ ਹਰਿ, ਦੋਵੇਂ ਜੋੜ ਰਿਹਾ ਧਿਆਈਆ । ਪ੍ਰਭ ਅਬਿਨਾਸ਼ੀ ਕਿਰਪਾ ਕਰ, ਮਾਇਆ ਆਪ ਪਸਾਰੀਆ । ਧਰਤ ਮਾਤ ਜਲ ਉਪਰ ਧਰ, ਲਾਈ ਇਕ ਕਿਆਰੀਆ । ਜੁਗਾ ਜੁਗੰਤਰ ਭੇਖ ਧਰ, ਆਪੇ ਪਾਵੇ ਆਪਣੀ ਸਾਰਿਆ । ਜੀਆਂ ਜੰਤਾਂ ਵੇਖ ਹਰਿ, ਜੀਆ ਦਾਨ ਅੰਨ ਉਭਾਰਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਸਰਬ ਪਸਾਰਿਆ । ਬ੍ਰਹਮੇ ਸੇਵਾ ਲਾਈ ਬ੍ਰਹਮ ਸਮਾਇਆ । ਸ੍ਰਿਸ਼ਟ ਸਬਾਈ ਉਤਪਤ ਆਪ ਕਰਾਈ, ਵਿਚ ਆਪਣਾ ਆਪ ਟਿਕਾਇਆ । ਵਿਸ਼ਨੂੰ ਰਚਨਾ ਇਕ ਰਚਾਈ, ਦੇਵਣਹਾਰ ਦਾਤ ਅਖਵਾਇਆ । ਸ਼ਿਵ ਸ਼ੰਕਰ ਵਡਿਆਈ, ਅੰਤਮ ਸਭ ਦਾ ਲੇਖ ਮਿਟਾਇਆ । ਅੱਠੇ ਪਹਿਰ ਕਬੇਰ ਰਿਹਾ ਧਿਆਈ, ਪ੍ਰਭ ਸਾਚੀ ਸੇਵਾ ਲਾਇਆ । ਅੰਨ ਭੰਡਾਰਾ ਦਏ ਦਾਤਾਰਾ, ਸਿਰ ਆਪਣਾ ਹੱਥ ਰਖਾਇਆ । ਵੰਡਦਾ ਰਹੇ ਵਾਰੋ ਵਾਰਾ, ਜੁਗਾ ਜੁਗੰਤਰ


੧੭੫ ੦੫

ਰਚਨਾ ਆਪ ਰਚਾਈਆ । ਕਲਜੁਗ ਤੇਰੀ ਅੰਤਮ ਵਾਰਾ, ਪੁਰਖ ਅਬਿਨਾਸ਼ੀ ਕਿਰਪਾ ਧਾਰੀ ਖੰਡ ਮੰਡਲ ਬ੍ਰਹਿਮੰਡ ਵਰਭੰਡ ਲੋਆਂ ਪੁਰੀਆਂ ਰਿਹਾ ਉਲਟਾਈਆ । ਬ੍ਰਹਮਪੁਰੀ ਬ੍ਰਹਮ ਨਿਵਾਸ, ਕਲਜੁਗ ਵੇਲਾ ਅੰਤਮ ਆਇਆ । ਜੁਗ ਚੌਥੜੇ ਹੋਣਾ ਨਾਸ, ਗੁਰਮੁਖ ਸਾਚਾ ਸੰਤ ਜਗਾਇਆ । ਸ਼ਬਦ ਚਲਾਇਆ ਇਕ ਸਵਾਸ, ਸਾਚੀ ਪੁਰੀ ਧਾਮ ਬਹਾਇਆ । ਕਿਰਪਾ ਕਰੀ ਆਪ ਰਘੁਨਾਥ, ਬੀਸ ਇਕੀਸੇ ਭੇਵ ਚੁਕਾਇਆ । ਆਪ ਨਿਭਾਏ ਆਪਣਾ ਸਾਥ, ਨਿਹਕਲੰਕ ਨਰਾਇਣ ਨਰ, ਏਕਾ ਸਾਚਾ ਸ਼ਬਦ ਚਲਾਇਆ, ਲੋਆਂ ਪੁਰੀਆਂ ਰਿਹਾ ਵਖਾਇਆ । ਸੋਹੰ ਸਾਚਾ ਰਥ, ਸਾਚੀ ਖੇਲ ਰਚਾਇਆ । ਸਾਚੀ ਖੇਲ ਹਰਿ ਕਰਤਾਰ, ਜੁਗਾਂ ਜੁਗੰਤ ਵੇਸਿਆ । ਸ਼ਿਵ ਸ਼ੰਕਰ ਵੇਖੇ ਜਾਏ ਦਵਾਰ, ਜਟਾ ਜੂਟ ਧਾਰੀ ਖੁਲ੍ਹੇ ਕੇਸਿਆ । ਬਾਸ਼ਕ ਤਸ਼ਕਾਂ ਗਲ ਵਿਚ ਹਾਰ, ਏਕਾ ਸੂਤਰ ਤੇੜ ਲੰਗੋਟਿਆ । ਪੂਰਬ ਕਰਮ ਰਿਹਾ ਵਿਚਾਰ, ਕਲਜੁਗ ਵੇਲਾ ਅੰਤਮ ਆਇਆ ਖੋਟਿਆ । ਗੁਰਮੁਖ ਸਾਚਾ ਕਰ ਤਿਆਰ, ਆਪ ਚੜ੍ਹਾਏ ਉਚੇ ਪਰਬਤ ਸਚ ਸਮੇਰੂ ਚੋਟੀਆ । ਨਿਹਕਲੰਕ ਨਰਾਇਣ ਨਰ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਸੰਤ ਜਗਾਏ, ਵਿਚੋਂ ਕੋਟਨ ਕੋਟਿਆ । ਸੁਰਪਤ ਰਾਜਾ ਇੰਦ ਹੋਏ ਹੈਰਾਨਿਆ । ਪੁਰਖ ਅਬਿਨਾਸ਼ੀ ਇਕ ਉਪਜਾਏ ਸਾਚੀ ਬਿੰਦ, ਲੋਕਮਾਤ ਸਚ ਮਹਾਨਿਆ । ਕਰੋੜ ਤੇਤੀਸਾ ਕਰੇ ਨਿੰਦ ਗੁਣਵੰਤ ਨਾ ਜਾਣੇ ਗੁਣੀ ਗਹਿੰਦ, ਅੱਠੇ ਪਹਿਰ ਰਹੇ ਮਸਤਾਨਿਆ । ਹਰਿਜਨ ਸਾਚਾ ਸਾਚੀ ਬਿੰਦ, ਜੋਤੀ ਜੋਤ ਸਰੂਪ ਹਰਿ, ਸਾਚੇ ਧਾਮ ਆਪ ਸੁਹਾਨਿਆ । ਸਾਚੇ ਧਾਮ ਸੁਹਾਏ ਆਪ ਬਹਾਇੰਦਾ । ਕਰੋੜ ਤੇਤੀਸਾ ਹੁਕਮ ਚਲਾਏ, ਸੋਹੰ ਸਾਚਾ ਜਾਪ ਜਪਾਏ, ਸੁਰਪਤ ਰਾਜਾ ਇੰਦ ਏਕਾ ਰਾਹ ਵਖਾਏ, ਨਿਹਕਲੰਕ ਨਰਾਇਣ ਨਰ, ਲੋਕਮਾਤ ਹਰਿ ਜੋਤ ਧਰ, ਭੇਖ ਵਟਾਇੰਦਾ । ਜਾ ਕੇ ਸਰਨੀ ਜਾਣਾ ਪੜ, ਨਾ ਕੋਈ ਸੀਸ ਨਾ ਕੋਈ ਧੜ, ਜੋਤੀ ਖੇਲ ਰਚਾਇੰਦਾ । ਸ੍ਰਿਸ਼ਟ ਸਬਾਈ ਨਾਲ ਰਿਹਾ ਲੜ, ਉਚ ਮਹੱਲੇ ਅੰਦਰ ਚੜ੍ਹ, ਕਾਇਆ ਮੰਦਰ ਆਪੇ ਢਾਹਿੰਦਾ । ਭਗਤ ਜਨਾਂ ਦਰ ਦਵਾਰੇ ਖੜ, ਜੋਤ ਸਰੂਪੀ ਕਿਰਪਾ ਕਰ, ਸਾਚਾ ਰਾਹ ਵਖਾਇੰਦਾ । ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੁਰੀਆਂ ਲੋਆਂ ਏਕਾ ਡੰਕ ਵਜਾਇੰਦਾ । ਏਕਾ ਵੱਜੇ ਡੰਕ, ਸ਼ਬਦ ਸੁਣਾਈਆ । ਸੋਹੰ ਸੱਚਾ ਦਵਾਰ ਬੰਕ, ਗੁਰ ਪੂਰੇ ਖ਼ੁਸ਼ੀ ਮਨਾਈਆ । ਨਾ ਕੋਈ ਰਾਓ ਨਾ ਕੋਈ ਰੰਕ, ਨਾ ਕੋਈ ਸ਼ਾਹ ਨਾ ਕੋਈ ਸੁਲਤਾਨ, ਰਾਜ ਰਾਜਾਨਾਂ ਏਕਾ ਧਾਮ ਹਰਿ ਬਹਾਈਆ । ਗਰੀਬ ਨਿਮਾਣਿਆ ਦੇਵੇ ਮਾਣ, ਪੱਲਾ ਆਪਣਾ ਆਪ ਫੜਾਈਆ । ਕਲਜੁਗ ਮਿਟਣਾ ਨਿਸ਼ਾਨ, ਸੱਤਾਂ ਦੀਪਾਂ ਰੰਗ ਰੰਗਾਈਆ । ਸ੍ਰਿਸ਼ਟ ਸਬਾਈ ਹੋਈ ਵੇਖ ਹੈਰਾਨ, ਨਾ ਕੋਈ ਪਿਤਾ ਪੂਤ ਨਾ ਮਾਈਆ । ਏਕਾ ਮਿਲਿਆ ਤੀਰ ਨਿਸ਼ਾਨ, ਰਸਨਾ ਖਿੱਚ ਵਖਾਈਆ । ਸੋਹੰ ਵੱਜੇ ਮਸਤਕ ਬਾਣ, ਗੁਰਮੁਖਾਂ ਰਿਹਾ ਜੋਤ ਜਗਾਈਆ । ਆਪੇ ਬਖ਼ਸ਼ੇ ਪੀਣ ਖਾਣ, ਗੁਰ ਸੰਗਤ ਤੇਰਾ ਭੰਡਾਰ ਰਿਹਾ ਵਰਤਾਈਆ । ਆਪ ਚੁਕਾਏ ਜਮ ਕੀ ਕਾਨ, ਧਰਮ ਰਾਏ ਦਰ ਦੁਰਕਾਈਆ । ਸੰਤ ਸੁਹੇਲੇ ਮਾਤ ਪਛਾਣ, ਆਪਣੀ ਗੋਦ ਰਿਹਾ ਉਠਾਈਆ । ਗੁਰ ਪੂਰਾ ਮਿਲਿਆ ਮਿਹਰਵਾਨ, ਆਪੇ ਕਰੇ ਸਚ ਪਛਾਣ, ਭੈਣਾਂ ਭਾਈਆ ਨਾਤ ਜੁੜਾਈਆ । ਨਿਹਕਲੰਕ ਨਰਾਇਣ ਨਰ ਲੋਆਂ ਪੁਰੀਆਂ ਮਾਰ ਧਿਆਨ, ਏਕਾ ਰਾਹ ਵਖਾਈਆ । ਗੁਰ ਸੰਗਤ ਤੇਰਾ ਭੰਡਾਰ, ਸ਼ਬਦ ਖਜਾਨਿਆ । ਕਦੇ ਨਾ ਮੁੱਕੇ ਵਿਚ ਸੰਸਾਰ, ਵਧਦਾ ਜਾਏ ਅੰਤ ਜਹਾਨਿਆ । ਬੈਠੀ ਹਰਿ ਸੱਚੀ ਸਰਕਾਰ, ਜਨ ਭਗਤਾਂ ਵੇਖੇ ਖੇਲ ਪਰਧਾਨਿਆ । ਚਿੱਤਰ ਗੁਪਤ ਕਰੇ ਪੁਕਾਰ, ਬਖ਼ਸ਼ੀਂ ਹਰਿ ਸਾਚੇ ਦਰ, ਆਵੇ ਡਰ ਮੈਂ ਰਹਾਂ ਦੂਰ ਦੁਰਾਨਿਆ । ਗੁਰ ਸੰਗਤ ਤੇਰਾ

੧੭੬ ੦੫

ਵਸਦਾ ਰਹੇ ਘਰ, ਸ਼ਬਦ ਝੁੱਲਦਾ ਰਹੇ ਨਿਸ਼ਾਨਿਆ । ਹਰਿਜਨ ਸਾਚਾ ਕਦੇ ਨਾ ਜਾਏ ਮਰ, ਅੰਮ੍ਰਿਤ ਆਤਮ ਰਸ ਪਛਾਨਿਆ । ਆਪਣੀ ਕਰਨੀ ਰਿਹਾ ਕਰ, ਗੁਰ ਸੰਗਤ ਦੇਵਣ ਆਇਆ ਵਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਨਿਰੰਜਣ ਨਰ ਹਰਿ ਸਾਚਾ ਖੇਲ ਗੁਣੀ ਗੁਣਕਾਰਿਆ । ਗੁਰ ਸੰਗਤ ਲਾਈ ਸੇਵਾ ਸੋ ਪਿਆਰਿਆ । ਕਾਇਆ ਲੱਗਾ ਸੱਚਾ ਮੇਵਾ, ਨੌਂ ਅਠਾਰਾਂ ਜਿਸ ਵਿਚਾਰਿਆ । ਲੇਖਾ ਮੁੱਕਾ ਵਿਚ ਬਾਰਾਂ, ਸਾਲ ਬਾਰ੍ਹਵੇਂ ਖ਼ੁਸ਼ੀ ਮਨਾ ਰਿਹਾ । ਨਾ ਕੋਈ ਕੀਆ ਮਾਤ ਅਧਾਰਾ, ਜੁਗਾਂ ਜੁਗਾਂ ਦੇ ਵਿਛੜੇ ਅੰਤਮ ਮੇਲ ਮਿਲਾ ਰਿਹਾ । ਆਪੇ ਪਰਖੇ ਪਰਖਣਹਾਰਾ, ਨਾਮ ਘਸਵਟੀ ਇਕ ਲਗਾ ਰਿਹਾ । ਸ਼ਬਦ ਜੌਹਰੀ ਨਾਮ ਦਲਾਲਾ, ਦੀਨਾ ਬੰਧੂ ਗੁਰ ਗੋਪਾਲਾ, ਸਾਚੇ ਹੀਰੇ ਆਪ ਚਮਕਾ ਰਿਹਾ । ਅਗਨੀ ਜੋਤੀ ਇਕ ਜਵਾਲਾ, ਨਾ ਕੋਈ ਵਰਨ ਨਾ ਕੋਈ, ਸਰਬ ਜੀਆਂ ਕਰੇ ਪਿਤਪਾਲਾ, ਪਾਲਨਹਾਰ ਹਰਿ ਦਾਤਾਰ, ਸਰਬ ਜੀਆਂ ਰਿਜਕ ਸਬਾ ਰਿਹਾ । ਕਲਜੁਗ ਜੀਵ ਮਾਇਆ ਰੁੱਲੇ ਆਤਮ ਭੁਲੇ ਹੋਏ ਗਵਾਰ, ਦਰ ਦਵਾਰਾ ਇਕ ਖੁਲ੍ਹਾ ਰਿਹਾ । ਨਿਹਕਲੰਕ ਨਰਾਇਣ ਨਰ, ਗੁਰਮੁਖ ਸਾਚੇ ਸੰਤ ਜਨਾਂ ਏਕਾ ਦੇਵੇ ਨਾਮ ਧਨਾ, ਕਾਇਆ ਝੋਲੀ ਆਪ ਭਰਾ ਰਿਹਾ । ਗੁਰ ਸੰਗਤ ਤੇਰਾ ਭੰਡਾਰ, ਮੋਖ ਦਵਾਰਿਆ । ਬਣੇ ਆਪੇ ਆਪ ਵਰਤਾਰ, ਜਨ ਭਗਤਾਂ ਕਾਜ ਸਵਾਰਿਆ । ਮਾਨਸ ਦੇਹੀ ਕਦੇ ਨਾ ਆਏ ਹਾਰ, ਦਰ ਘਰ ਘਰ ਦਰ ਸਾਚੇ ਆਪ ਸੁਹਾ ਰਿਹਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰ ਸੰਗਤ ਸਾਚੀ ਆਪ ਖਵਾਏ, ਬੀਸ ਇਕੀਸਾ ਖੇਲ ਰਚਾ ਲਿਆ । ਪ੍ਰਭ ਭੱਤਾ ਆਪ ਉਠਾਇਆ ਏ । ਨਾ ਕੋਈ ਵੇਖੇ ਠੰਡਾ ਤੱਤਾ, ਮਾਤ ਧਰਤ ਰਹੀ ਸ਼ਰਮਾਇਆ ਏ । ਭਗਤ ਜਨਾਂ ਬੰਨ੍ਹਣ ਚਲਿਆ ਧੀਰਜ ਜਤਾ, ਸਾਚਾ ਨਾਤਾ ਆਪ ਬੰਧਾਇਆ ਏ । ਆਪੇ ਦੇ ਸਮਝਾਵੇ ਮਤਾਂ, ਗੁਰ ਸੰਗਤ ਤੇਰਾ ਇਕ ਭੰਡਾਰ ਸਾਂਝਾ ਆਪ ਉਠਾਇਆ ਏ । ਗੁਰ ਸੰਗਤ ਸੇਵਾ ਲਾਈਆ । ਪ੍ਰਭ ਅਬਿਨਾਸ਼ੀ ਕਿਰਪਾ ਕਰ, ਸਚ ਖਾਰੀ ਸਿਰ ਉਠਾਈਆ । ਗੁਰ ਸੰਗਤ ਕਰਦਾ ਪਿਆਰੀ, ਆਪੇ ਬਣਿਆ ਰਹੇ ਭਿਖਾਰੀ, ਅਚਰਜ ਰੀਤ ਚਲਾਈਆ । ਭੱਤਾ ਲੈ ਕੇ ਜਾਏ ਸਵਾਣੀ, ਗੁਰਮੁਖ ਵੇਖੇ ਸਾਚੇ ਹਾਣੀ, ਅੰਮ੍ਰਿਤ ਪਾਣੀ ਨਾਲ ਉਠਾਈਆ । ਲੱਖ ਚੁਰਾਸੀ ਪੁਣੀ ਛਾਣੀ, ਗੁਰਮੁਖ ਸਾਚੇ ਮਾਤ ਪਛਾਣੀ, ਲੱਖ ਚੁਰਾਸੀ ਫੰਦ ਕਟਾਈਆ । ਪ੍ਰਭ ਅਬਿਨਾਸ਼ੀ ਆਪ ਉਠਾਇਆ ਗੁਰ ਸੰਗਤ ਤੇਰਾ ਤੋਸਾ । ਅੰਮ੍ਰਿਤ ਲਿਆ ਸਾਚਾ ਜਲ ਨਾਲ ਦੁੱਧ ਲਿਆ ਕੋਸਾ, ਸਚ ਭੰਡਾਰਾ ਭਰਨੇ ਆਇਆ । ਆਪ ਚੁਕਾਇਆ ਪਿਛਲਾ ਰੋਸਾ, ਸਾਚਾ ਮੇਲਾ ਮੇਲ ਮਿਲਾਵਣ ਆਇਆ । ਸਾਚਾ ਖੇਲ ਖਿਲਾਵਣ ਆਇਆ । ਨਿਹਕਲੰਕ ਨਰਾਇਣ ਨਰ, ਆਪ ਆਪਣੀ ਕਿਰਪਾ ਕਰ, ਗੁਰ ਸੰਗਤ ਸਾਚੀ ਰਾਹ ਵਖਾਇਆ । ਪੰਚ ਪੰਚਾਇਨੀ ਵੇਖ ਵਿਚਾਰ । ਵਿਚ ਬਵੰਜਾ ਬੰਨ੍ਹੇ ਧਾਰ । ਕਲਜੁਗ ਖੇਲ ਰਿਹਾ ਵਿਚਾਰ । ਲੱਖ ਚੁਰਾਸੀ ਕੱਟਣਹਾਰਾ, ਜੋਤ ਨਿਰੰਜਣ ਕਰ ਅਕਾਰ । ਸੋਹੰ ਦੇਵੇ ਸ਼ਬਦ ਅਪਾਰ । ਕਿਸੇ ਹੱਥ ਨਾ ਆਏ ਰਿੱਖੀ ਮੁਨੀ, ਲੱਖ ਚੁਰਾਸੀ ਹੋਣੀ ਮਾਤ ਖਵਾਰ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਗੁਰ ਸੰਗਤ ਕੀਆ ਇਕ ਪਿਆਰ । ਸਚ ਭੰਡਾਰਾ ਆਪ ਵਰਤਾ ਰਿਹਾ, ਆਪੇ ਦਾਨਾ ਆਪੇ ਬੀਨਾ । ਆਪੇ ਪੀਣਾ ਆਪੇ ਖਾਣਾ । ਆਪੇ ਦੇਵੇ ਨਾਮ ਨਿਧਾਨਾ । ਆਪ ਝੁਲਾਏ ਜਗਤ ਨਿਸ਼ਾਨਾ । ਆਪੇ ਵੇਖੇ ਬੀਆਬਾਨਾ । ਆਪ ਸੁਣਾਏ ਰਾਜ ਰਾਜਾਨਾਂ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਸੰਗਤ ਦਇਆ ਕਮਾਏ ਬਿਰਧ ਬਾਲ ਜਵਾਨਾ । ਆਪੇ ਬਿਰਧ ਬਾਲ ਅੰਞਾਣਾ । ਆਪੇ ਚਤੁਰ ਸੁਘੜ ਸਿਆਣਾ । ਆਪੇ ਜੋਧਾ ਸੂਰਾ ਰਾਣਾ । ਆਪੇ


੧੭੭ ੦੫

੧੭੮ ੦੫

ਹੋਏ ਗਰੀਬ ਨਿਮਾਣਾ । ਆਪੇ ਚਤੁਰਭੁਜ ਅਖਵਾਨਾ । ਆਪੇ ਭੇਵ ਖੁਲ੍ਹਾਏ ਗੁਝ, ਸੋਹੰ ਅੱਖਰ ਇਕ ਮਹਾਨਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਸੰਗਤ ਸੇਵ ਕਰੇ ਮਹਾਨਾ । ਹਰਿ ਸਾਚਾ ਮੇਲ ਮਿਲਾਇਆ । ਗੁਰ ਚੇਲਾ ਏਕਾ ਧਾਮ ਬਹਾਇਆ । ਆਪੇ ਆਪ ਬਣਿਆ ਸੱਜਣ, ਊਚੇ ਨੀਚ ਕਰ ਬਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਰੰਗਣ ਰਿਹਾ ਚੜ੍ਹਾਇਆ । ਗੁਰ ਸੰਗਤ ਗੁਰਮਤ ਪ੍ਰਭ ਦਰ ਪਾਈਆ । ਸ਼ਬਦ ਸੰਤੋਖ ਨਾਮ ਧੀਰਜ, ਪ੍ਰੇਮ ਜਤ ਆਪੇ ਆਪ ਰਖਾਈਆ । ਕਰਮ ਤੱਤ ਸ਼ਬਦ ਮਤ ਦੇ ਆਪ ਰਿਹਾ ਸਮਝਾਈਆ । ਪੰਚਮ ਨਥ ਹਰਿ ਸਮਰਥ ਸਾਚੀ ਡੋਰੀ ਰਿਹਾ ਪਾਈਆ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰ ਸੰਗਤ ਮੇਲਾ ਇਕ ਮਿਲਾਈਆ । ਧਰਮ ਕੋਟ ਦਵਾਰ, ਹਰਿ ਚੰਦਨ ਨਾਮ ਬਾਲਿਆ । ਸ਼ਬਦ ਚੋਟ ਨਗਾਰ, ਕਾਇਆ ਮੰਦਰ ਅੰਦਰ ਰੱਖੇ ਵਾਸਿਆ । ਤੱਤ ਕਾਲ ਹੋਏ ਜੈ ਜੈਕਾਰ, ਮਾਤ ਪਤਾਲ ਅਕਾਸਿਆ । ਅੰਮ੍ਰਿਤ ਸੋਮਾ ਮੇਘ ਅਪਾਰ, ਦੇਵੇ ਹਰਿ ਦਾਸਨ ਦਾਸਿਆ । ਕਾਇਆ ਹੋਈ ਠੰਡੀ ਠਾਰ, ਜਿਸ ਜਨ ਤਜਾਇਆ ਮਦਿਰਾ ਮਾਸਿਆ । ਹਰਿਜਨ ਭਵਜਲ ਉਤਰੇ ਪਾਰ, ਲੇਖੇ ਲਾਇਆ ਰਸਨ ਸਵਾਸਿਆ । ਕੂੜ ਪਤੰਗ ਕੁਰੰਗ ਰੰਗ ਚੜ੍ਹਾਇਆ । ਕਲਜੁਗ ਕਾਲਾ ਰੰਗ, ਟੁੱਟੇ ਅੰਗ ਅੰਗ ਨਾ ਹੋਏ ਕੋਈ ਸਹਾਇਆ । ਚਾਰੋਂ ਕੁੰਟ ਭੁੱਖ ਨੰਗ, ਪ੍ਰਭ ਅਬਿਨਾਸ਼ੀ ਦਿਸੇ ਨਾਹੀ ਸੰਗ, ਮਾਇਆ ਪੜਦਾ ਹਰਿ ਜੀ ਪਾਇਆ । ਗੁਰ ਸੰਗਤ ਸਾਚੀ ਆਤਮ ਇਕ ਉਮੰਗ, ਚਿੱਟੇ ਅਸਵ ਕਸੇ ਤੰਗ, ਜਗਤ ਦਰਵਾਜਾ ਜਾਏ ਲੰਘ, ਪਰਗਟ ਹੋਏ ਦਰਸ ਦਿਖਾਇਆ । ਸਤਿ ਗੁਣ ਵਿਚਾਰ ਸਤਿ ਸੰਤੋਖਿਆ । ਜਨ ਭਗਤਾਂ ਸੁਣ ਪੁਕਾਰ, ਆਵੇ ਮਾਤ ਮਿਟਾਵੇ ਦੋਖਿਆ । ਸਾਚਾ ਗਹਿਣਾ ਤਨ ਸ਼ਿੰਗਾਰ, ਸਾਚਾ ਮਾਰਗ ਰਾਹ ਸੌਖਿਆ । ਦੇਣਾ ਦਰਸ ਹਰਿ ਕਰਤਾਰ, ਹੋਏ ਸਹਾਈ ਵੇਲੇ ਔਖਿਆ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਦੇਵੇ ਅੰਤਮ ਮੋਖਿਆ । ਮੋਖ ਮੁਕਤ ਜਗ ਰੀਤ ਆਪ ਚਲਾਇੰਦਾ । ਆਪੇ ਦਾਤਾ ਕਰਤਾ ਸ਼ਕਤ ਭੁਗਤ, ਆਪੇ ਜੋਗ ਕਮਾਇੰਦਾ । ਆਪੇ ਸਾਧੂ ਤਨ ਬੈਰਾਗੀ ਆਤਮ ਰਹੇ ਵਿਕਰਤ ਆਪੇ ਮੋਹ ਜੰਜਾਲਾ ਤੋੜ ਵਖਾਇੰਦਾ । ਆਪ ਅਮੋਲਾ ਆਪੇ ਤੋਲਾ, ਪੁਰਖ ਅਬਿਨਾਸ਼ੀ ਸਾਚੇ ਜਗਤ, ਨਾ ਦੂਸਰ ਕੋਈ ਰਹਾਇੰਦਾ । ਹਰਿਜਨ ਲੇਖੇ ਲਾਏ ਬੂੰਦ ਰਕਤ, ਕਾਇਆ ਪਿੰਜਰ ਨਾੜੀ ਚਾਮ ਆਪੇ ਲੇਖੇ ਲਾਇੰਦਾ । ਜਨ ਭਗਤਾਂ ਕਟੇ ਭੁੱਖ ਨੰਗਤ, ਸਾਚਾ ਮੇਲਾ ਸਾਧ ਸੰਗਤ, ਸਤਿਗੁਰ ਸਾਖੀ ਦਰਸ ਦਿਖਾਇੰਦਾ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਰੰਗਤ ਆਪ ਚੜ੍ਹਾਇੰਦਾ । ਸੁਰਤ ਸਵਾਣੀ ਭਰੇ ਪਾਣੀ, ਮਨ ਪਹਿਰੇਦਾਰ ਬਣਾਇਆ ਏ । ਮਾਇਆ ਰਾਣੀ ਲੱਭੇ ਹਾਣੀ, ਸਾਚਾ ਦਰ ਨਾ ਨਜ਼ਰੀ ਆਇਆ ਏ । ਜਨ ਭਗਤਾਂ ਦੇਵੇ ਸਾਚੀ ਬਾਣੀ, ਸਾਚੀ ਖਾਣੀ ਆਪ ਸਮਾਇਆ ਏ । ਜੋਤ ਨਿਰੰਜਣ ਕਰੇ ਪਛਾਣੀ, ਚਰਨ ਧਿਆਨੀ ਲਏ ਬਚਾਇਆ ਏ । ਕਲਜੁਗ ਸੁਹੰਜਣੀ ਰੈਣ ਸੁਹਾਣੀ, ਸਤਿ ਪੁਰਖ ਨਿਰੰਜਣ ਦਰਸ ਦਿਖਾਇਆ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣਾ ਰੰਗ ਰੰਗਾਇਆ ਏ । ਵਟਿਆ ਰੰਗ ਭੇਸ ਕਲ ਧਾਰੇ । ਆਪੇ ਹੋਏ ਅੰਗ ਸੰਗ, ਆਪੇ ਪੱਖਾ ਫੇਰੇ ਪਵਣ ਚਲਾਏ ਸਚ ਚੁਬਾਰੇ । ਏਕਾ ਨਾਮ ਵਜਾਏ ਸੱਚਾ ਮਰਦੰਗ, ਸੁਣੇ ਸੁਣਾਏ ਉਪਰ ਧਵਲਾਰੇ । ਸਾਕੀ ਸੱਜਣ ਸਾਚਾ ਸੰਗ, ਪਾਰਬ੍ਰਹਮ ਅਵਤਾਰੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵੇ ਨਾਮ ਅਧਾਰੇ । ਦੇਵੇ ਨਾਮ ਅਧਾਰ ਸੰਤੋਖ, ਜਤ ਧੀਰਜ ਸਾਚਾ ਥਾਪਿਆ ।

ਵੇਲੇ ਅੰਤਮ ਹੋਏ ਮੋਖ, ਰੱਖੇ ਪਤਿ ਨਾਥ ਅਨਾਥਿਆ । ਹੋਏ ਸਹਾਈ ਵੇਲੇ ਔਖ, ਪੰਜਾਂ ਤੱਤਾਂ ਸਗਲਾ ਸਾਥਿਆ । ਲੱਖ ਚੁਰਾਸੀ ਗਈ ਔਤ, ਮਿਲਿਆ ਮੇਲ ਨਾ ਹਰਿ ਰਘੁਨਾਥਿਆ । ਗੁਰਮੁਖ ਨਾਰੀ ਪਾਏ ਸਾਚਾ ਖੌਤ, ਮਸਤਕ ਟਿਕਾ ਚੜ੍ਹੇ ਸ਼ਬਦ ਸਾਚੇ ਰਾਥਿਆ । ਘਰ ਸਾਚੇ ਜਗੇ ਨਿਰਾਲਮ ਜੋਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਨਿਭਾਏ ਆਪਣਾ ਸਾਥਿਆ । ਸੰਗੀ ਸਾਥੀ ਸਗਲ ਪਸਾਰਾ, ਕੂੜੀ ਰੈਣ ਸਵਾਣੀਏ । ਅਸਤਰ ਸ਼ਸਤਰ ਘੋੜੇ ਹਾਥੀ ਤਨ ਬਸਤਰ ਨਾ ਕੋਈ ਜਾਣੇ ਜੀਵ ਪਰਾਣੀਏ । ਸ਼ਬਦ ਗੁਰ ਗੁਰੂ ਗੁਰ ਮੰਤਰ, ਹੋਏ ਸਹਾਈ ਵੇਲੇ ਅੰਤਮ, ਅੰਤਰ ਬੁੱਧ ਸਤੋ ਗੁਣ ਮਧਾਣੀਏ । ਤੱਤ ਵਿਰੋਲੇ ਸ਼ਬਦ ਵਿਚੋਲੇ ਵਸੇ ਸਰਬ ਘਟਾ ਘਟ ਅੰਦਰ, ਘਟ ਭੀਤਰ ਖੇਲ ਨਿਰਾਲੀਏ । ਆਦਿ ਅੰਤ ਨਾ ਕਦੇ ਡੋਲੇ, ਕਾਇਆ ਮੰਦਰ ਕੁੰਡਾ ਖੋਲ੍ਹੇ ਜਗੇ ਜੋਤ ਅਗੰਮ ਨਿਰਾਲੀਏ । ਹਰਿਜਨ ਕਾਇਆ ਸਾਚੀ ਮੌਲੇ, ਜੋਤੀ ਜੋਤ ਸਰੂਪ ਹਰਿ, ਕਾਇਆ ਰੰਗਣ ਰੰਗ ਰੰਗਾਇਆ ਏ । ਰੰਗੇ ਰੰਗ ਕਾਇਆ ਚੋਲੀ, ਸ਼ਬਦ ਰਤਨ ਜੁੜਾਉ । ਨਾਮ ਬਣਾਏ ਸਾਚੀ ਡੋਲੀ, ਪ੍ਰੇਮ ਲਗਾਏ ਬਾਹੂ । ਆਤਮ ਪੜਦੇ ਰਿਹਾ ਖੋਲ੍ਹੀ, ਆਤਮ ਰਾਮਾ ਵੇਖ ਵਖਾਣੇ ਥਾਉਂ ਥਾਉਂ । ਸਚ ਦਵਾਰੇ ਏਕਾ ਗੋਲੀ, ਨਾ ਕੋਈ ਰੋਕੇ ਕਥਾਹੂ । ਸਪਤ ਰਿਖੀ ਆ ਮਾਰੇ ਬੋਲੀ, ਭਗਤ ਧਰੂਆ ਵੇਖਿਆ ਥਾਉਂ । ਪੂਰੇ ਤੋਲ ਰਿਹਾ ਤੋਲੀ, ਜੋਤੀ ਜੋਤ ਸਰੂਪ ਹਰਿ, ਦੂਸਰ ਕੋ ਨਾਹੀ । ਸਪਤ ਸੁਰਿਖ ਰਿਖੀ ਰਖਵਾਰੇ । ਸਾਚੇ ਮੰਡਲ ਲੇਖਾ ਲਿਖ, ਵੇਖੇ ਖੇਲ ਹਰਿ ਅਪਾਰੇ । ਵਸ਼ਿਸ਼ਟ ਕੇਸਪ ਅਤਰੀ ਸਾਚਾ ਥਾਪਨ ਥਾਪੇ । ਗੋਤਮ ਰੱਖੇ ਸਾਚੀ ਛਤਰੀ, ਸ਼ਬਦ ਅਜਪਾ ਜਾਪੇ । ਭਾਰਦੁਵਾਜ ਮਿੱਤਰ ਮਤਲਵੀ, ਕਰੇ ਖੇਲ ਕਾਲੀ ਰਾਤੇ । ਜਗਭਦਰ ਆਪੇ ਨਾਚੇ । ਜੋਤ ਜੁਗਤ ਜੁਗਤ ਜੋਤ ਆਤਮ ਰੱਖੇ ਦਾਤੇ । ਜੋਤੀ ਜੋਤ ਸਰੂਪ ਹਰਿ, ਗੋਤਮ ਗਵਰਾ ਵੇਖੇ ਅਵਰਾ ਕਰਮ ਕਾਂਡ ਕਲ ਸਾਚੇ । ਕਰਮ ਕਾਂਡ ਕਲ ਆਇਆ ਲਿਖਣ, ਸਰਬ ਲੋਕ ਤ੍ਰੈਗੁਣੀਆ । ਜਨ ਭਗਤਾਂ ਆਇਆ ਲਾਜ ਰੱਖਣ, ਸਚ ਪੁਕਾਰ ਆਪ ਸੁਣਈਆ । ਕਲਜੁਗ ਛਾਛ ਵਰੋਲਣ ਆਇਆ ਮੱਖਣ, ਵਡ ਦਾਤਾ ਹਰਿ ਗੁਣਗਈਆ । ਚਾਰੋਂ ਕੁੰਟ ਅੰਗਿਆਰੇ ਭਖਣ, ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਆਪੇ ਆਪ ਚੁਣਈਆ । ਗੁਰਮੁਖ ਸਾਚੇ ਚੁਣ ਚੁਣ ਮੋਤੀ, ਸ਼ਬਦ ਹਾਰ ਬਣਾਇਆ ਏ । ਆਪੇ ਵੇਖੇ ਸਾਚੀ ਜੋਤੀ, ਪ੍ਰੇਮ ਸ਼ਿੰਗਾਰ ਕਰਾਇਆ ਏ । ਸੁਰਤ ਸੁਵਾਣੀ ਉਠ ਸੋਤੀ, ਰੰਗ ਰੰਗੀਲਾ ਸਾਚਾ ਪੀਹੜਾ ਨਜ਼ਰ ਨਾ ਆਇਆ ਏ । ਚਾਰੋਂ ਕੁੰਟ ਭੱਜਦੀ ਫਿਰਦੀ, ਗੁਰੂ ਦਰ ਦਵਾਰ ਨਾ ਕਿਸੇ ਵਖਾਇਆ ਏ । ਨੈਣ ਵਿਹੁਣੀ ਕਲ ਕਲ ਰੋਤੀ, ਨੇਤਰ ਨੀਰ ਵਹਾਇਆ ਏ । ਕੀ ਕਰਾਂ ਮੈਂ ਇਕ ਇਕਲੌਤੀ, ਕਲ ਕਲੰਦਰ ਘੇਰਾ ਪਾਇਆ ਏ । ਦੁਰਮਤ ਮੈਲ ਨਾ ਗਈ ਧੋਤੀ, ਨਰ ਹਰਿ ਨਾ ਦਰਸ਼ਨ ਪਾਇਆ ਏ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਗੁਰ ਮੰਤਰ ਬਣਾਏ ਬਣਤਰ, ਸਾਚਾ ਨਾਮ ਧਰਾਇਆ ਏ । ਗੁਰ ਮੰਤਰ ਨਾਮ ਧਿਆਨ, ਸ਼ਬਦ ਉਜਾਗਰਾ । ਅੰਮ੍ਰਿਤ ਜਾਮ ਪਿਆਏ ਸ਼ਾਮ, ਸੁਰਤ ਰਾਮ ਸੁਦਾਗਰਾ । ਪੂਰਨ ਦੇਵੇ ਨਾਮ, ਕਰੇ ਕਾਮ ਕਾਇਆ ਗਾਗਰਾ । ਅੰਮ੍ਰਿਤ ਦੇਵੇ ਜਾਮ ਤਾਮ, ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਰੰਗ ਰਤੀ ਰਤਨਾਗਰਾ । ਨਾਮ ਰਤੀ ਰਤਨ ਅਪਾਰਿਆ । ਦੇਵੇ ਸ਼ਬਦ ਗੁਰ ਗੁਰਮਤੀ, ਧੀਰਜ ਜਤੀ ਆਪ ਦਵਾ ਰਿਹਾ । ਚਰਨ ਪ੍ਰੀਤੀ ਨੀਤੀ ਮਾਤ ਸਤੀ, ਸਤਿ ਪੁਰਖ ਨਿਰੰਜਣ ਸਾਚਾ ਰਾਹ ਵਖਾ ਰਿਹਾ । ਕਲਜੁਗ ਵਾ ਨਾ ਲੱਗੇ ਤੱਤੀ, ਸਾਚੀ ਬੱਤੀ ਇਕ ਜਗਾ ਰਿਹਾ । ਏਕਾ ਨਰ ਕਮਲਾਪਾਤੀ, ਮਿਤੀ ਗਤੀ

ਆਪੇ ਆਪ ਜਣਾ ਰਿਹਾ । ਜੋਤੀ ਜੋਤ ਸਰੂਪ ਹਰਿ, ਨਾਮ ਤਰਾਨਾ ਹਰਿ ਸੁਣਾਨਾ, ਸ਼ਬਦ ਗਾਨਾ ਵਿਚ ਜਹਾਨਾ ਆਪਣੀ ਹੱਥੀਂ ਆਪ ਬੰਨ੍ਹਾ ਰਿਹਾ । ਬੰਨ੍ਹੇ ਡੋਰੀ ਨਾਮ ਕਰਤਾਰ । ਲੋਕਮਾਤ ਕਲ ਕਰੇ ਚੋਰੀ, ਭਗਤ ਜਨਾਂ ਦਾ ਮੀਤ ਮੁਰਾਰ । ਨਾ ਕੋਈ ਜਾਣੇ ਆਤਮ ਘੋਰੀ, ਕਵਣ ਕਰਾਏ ਹਰਿ ਜੀ ਕਾਰ । ਡੂੰਘੀ ਸਾਗਰ ਰਹੇ ਦੌੜੀ, ਜਗਤ ਵਿਚੋਲਾ ਚੁੱਭੀ ਮਾਰ । ਹੱਥ ਨਾ ਆਏ ਸਾਚੀ ਪੌੜੀ, ਉਪਰ ਨੀਚੇ ਨਾ ਅੱਧਵਿਚਕਾਰ ।ਨਾ ਕੋਈ ਜਾਣੇ ਰਾਗ ਗੌਰੀ, ਨਾ ਕੋਈ ਜਾਣੇ ਦੀਪਕ ਮਲ੍ਹਾਰ । ਮਾਇਆ ਮਮਤਾ ਕਿੰਨੀ ਲੰਮੀ ਚੌੜੀ, ਕਲਜੁਗ ਲਿਖ ਨਾ ਸਕੇ ਕੋਈ ਕਿਸੇ ਡਾਰ, ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰ ਸੰਗਤ ਬੇੜਾ ਬੰਨ੍ਹ, ਵਖਾਇਆ ਵਿਚ ਸੰਸਾਰ । ਗੁਰ ਸੰਗਤ ਗੁਰ ਕਾਜ ਰਚਾਇਆ, ਬਣਿਆ ਵਿਚੋਲਾ । ਸ਼ਬਦ ਸੁਨੇਹੜਾ ਦੇਵਣ ਆਇਆ, ਬਜਰ ਕਪਾਟੀ ਪੜਦਾ ਖੋਲ੍ਹਾ । ਹਉਮੇ ਪੀੜ ਜਗਤ ਗਵਾਵਣ ਆਇਆ ਸਾਚਾ ਤੋਲਾ । ਗੁਰ ਸੰਗਤ ਬੇੜਾ ਆਪ ਉਠਾਵਣ ਆਇਆ, ਦਰ ਦਵਾਰੇ ਹੋਇਆ ਗੋਲਾ । ਦਰਗਾਹ ਸਾਚੀ ਸਾਚਾ ਧਾਮ ਸੁਹਾਵਣ ਆਇਆ, ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਕਰਿਆ ਖੇਲ ਉਪਰ ਧਵਲਾ । ਉਪਰ ਧਰਤੀ ਧਰਮ ਦੀ ਜੜ੍ਹ, ਪ੍ਰਭ ਸਾਚੇ ਮਾਤ ਲਗਾਈਆ । ਗੁਰ ਸਾਚੇ ਘਰ ਘਰ ਫੜ, ਚਰਨ ਦਵਾਰੇ ਇਕ ਰਖਾਈਆ । ਕਾਇਆ ਤੋੜ ਹੰਕਾਰੀ ਕਿਲ੍ਹਾ ਗੜ੍ਹ, ਚੋਟ ਇਕ ਨਗਾਰੇ ਲਾਈਆ । ਉਚ ਮਹੱਲੇ ਉਤੇ ਚੜ੍ਹ, ਸ਼ਬਦ ਜੈਕਾਰਾ ਇਕ ਸੁਣਾਈਆ । ਸਚ ਦਵਾਰੇ ਜਾਏ ਵੜ, ਕਲਜੁਗ ਵੇਲਾ ਅੰਤਮ ਦਏ ਦੁਹਾਈਆ । ਪ੍ਰਭ ਅਬਿਨਾਸ਼ੀ ਬਾਂਹ ਲਏ ਫੜ, ਜਿਸ ਜਨ ਸਾਚੀ ਸੇਵ ਕਮਾਈਆ । ਸੋਹੰ ਅੱਖਰ ਜਾਣਾ ਪੜ੍ਹ, ਦੂਸਰ ਲੋੜ ਰਹੇ ਨਾ ਰਾਈਆ । ਕਾਇਆ ਮਾਟੀ ਝੂਠਾ ਧੜ, ਚਰਨ ਪ੍ਰੀਤ ਸਦ ਸਮਾਈਆ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰ ਸੰਗਤ ਤੇਰਾ ਕਲਜੁਗ ਭਾਰ ਆਪੇ ਰਿਹਾ ਉਠਾਈਆ । ਉਠਾਏ ਭਾਰ ਦਇਆ ਕਮਾਇੰਦਾ । ਹੋਏ ਸੁਵਾਣੀ ਸੀਸ ਉਠਾਏ ਦਿਸ ਨਾ ਆਇੰਦਾ । ਜਨ ਭਗਤਾਂ ਦੇਵੇ ਅੰਮ੍ਰਿਤ ਆਤਮ ਸਾਚਾ ਪਾਣੀ, ਅਤੁਟ ਭੰਡਾਰ ਇਕ ਰਖਾਇੰਦਾ । ਆਪੇ ਕਟੇ ਜਮ ਕੀ ਕਾਣੀ, ਖਾਣੀ ਬਾਣੀ ਭੇਦ ਛੁਪਾਇੰਦਾ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰ ਗੁਰ ਗੁਰ ਕਿਰਪਾ ਕਰ, ਹਰਿ ਮੰਤਰ ਨਾਮ ਜਪਾਇੰਦਾ । ਸਚ ਸਮਗਰੀ ਸਾਚੀ ਰਾਸ । ਸਦ ਪੁਰਖ ਸਦ ਰਖੇ ਵਾਸ । ਪੂਰਨ ਬ੍ਰਹਮ ਪਾਰਬ੍ਰਹਮ ਅਬਿਨਾਸ਼ । ਸਚ ਕਰਮ ਧਰਮ ਜਗਤ ਜਗਿਆਸ । ਮਾਨਸ ਜਨਮ ਭਰਮ ਕਟੇ ਜਮ ਕੀ ਫਾਸ । ਲੇਖੇ ਲੱਗੇ ਕਾਇਆ ਚਰਮ, ਜਪਤ ਜਪਤ ਸਵਾਸ ਸਵਾਸ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰ ਸੰਗਤ ਕੀਨੀ ਬੰਦ ਖੁਲਾਸ । ਬੰਦੀ ਤੋੜ ਬੰਦ ਕਟਵਾਇਆ । ਚਰਨ ਪ੍ਰੀਤੀ ਜੋੜ ਧਰਮ ਧਰਾਇਆ । ਧੁਰ ਦਰਗਾਹੀ ਵਾਗਾਂ ਮੋੜ, ਘੋੜ ਸ਼ਬਦ ਚੜ੍ਹਾਇਆ । ਕਲਜੁਗ ਅੰਤਮ ਗਿਆ ਬਹੁੜ, ਦੇ ਮਤ ਆਪ ਸਮਝਾਇਆ । ਕਾਇਆ ਭੱਜਣਾ ਰੀਠਾ ਕੌੜ, ਨਾ ਹੋਏ ਕੋਈ ਸਹਾਇਆ । ਗੁਪਤੀ ਗੁਪਤਾ ਬ੍ਰਹਿਮਣ ਗੌੜ, ਗਊ ਗਰੀਬਾਂ ਗਲੇ ਲਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣਾ ਭੇਖ ਵਟਾਇਆ । ਸੁਵਾਂਗੀ ਭੇਖੀ ਵੈਰਾਗ ਅਤੀਤਿਆ । ਨੂਰ ਨੁਰੰਤਰ ਅੰਤਰ ਵੇਖਾ, ਸਚ ਸਮਗਰੀ ਅਚਰਜ ਰੀਤਾ । ਜਗਤ ਭਿਖਾਰੀ ਦਰ ਦਵਾਰੀ ਲਿਖਿਆ ਲੇਖਾ । ਆਸਾ ਕੀਨੀ ਵਡ ਗੁਣ ਗੁਣੀ ਹੋਇਆ ਪਤਤ ਪੁਨੀਤਾ । ਸੁਣੀ ਸ਼ਬਦ ਨਾਦ ਧੁਨੀ, ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਸ਼ਬਦ ਰਖਾਏ ਮਾਣ ਅਠਾਰਾਂ ਧਿਆਏ ਗੀਤਾ । ਗੁਣ

ਗਾਵਤ ਪਾਵਤ ਨਰ ਹਰਿ ਧਰਮ ਕੁੰਡ ਕੁੰਡਿਆਲਾ । ਆਤਮ ਦਰ ਆਪ ਸਮਝਾਵਤ, ਕਲਜੁਗ ਕਾਇਆ ਖੇਲ ਨਿਰਾਲਾ । ਸਰੋਵਰ ਸਤਿ ਸਤਿ ਸਰੋਵਰ ਗੁਰਮੁਖ ਵਿਰਲਾ ਨਹਾਵਤ, ਤੋੜੇ ਜਗਤ ਜੰਜਾਲਾ । ਪਾਰਬ੍ਰਹਮ ਦਰ ਸਾਚਾ ਪਾਵਤ, ਗੁਣ ਗਾਵਤ ਗੁਣੀ ਰਸਾਲਾ । ਹਰਿ ਰਸਨਾ ਸਦ ਧਿਆਵਤ, ਚਤੁਰਭੁਜ ਹੋਏ ਰਖਵਾਲਾ । ਗੁਰਮੁਖ ਸੋਏ ਆਪ ਜਗਾਵਤ ਦੀਨਾਂ ਬੰਧੁ ਦੀਨ ਦਿਆਲਾ । ਮੋਰ ਮੁਕਟ ਸਿਰ ਨਾਮ ਸਜਾਵਟ, ਘੂੰਗਟ ਰਖੇ ਕਾਲਾ । ਤ੍ਰੈਬੈਣੀ ਤੀਰਥ ਚਰਨ ਗੁਰ ਨਹਾਵਤ, ਕਾਇਆ ਸਾਚੀ ਧਰਮਸਾਲਾ । ਪਾਰਬ੍ਰਹਮ ਪਦ ਸਾਚਾ ਪਾਵਤ, ਗੋਬਿੰਦ ਗੁਰ ਗੋਪਾਲਾ । ਤੂਰ ਅਨਾਦੀ ਧੁਨ ਨਾਦ ਵਜਾਵਤ, ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰ ਸੰਗਤ ਹੋਏ ਆਪ ਦਲਾਲਾ । ਗੁਰ ਸੰਗਤ ਗੁਣ ਵਿਚਾਰ, ਕਰਮ ਕਮਾਇਆ । ਸਾਚਾ ਧਰਮ ਵਿਚ ਸੰਸਾਰ, ਗੁਰ ਚਰਨ ਸੀਸ ਨਿਵਾਇਆ । ਭਾਂਡਾ ਭਰਮ ਭਉ ਨਿਵਾਰ, ਜਗਤ ਜਗਦੀਸ ਆਪ ਸਮਝਾਇਆ । ਲੱਖ ਚੁਰਾਸੀ ਉਤਰੀ ਪਾਰ, ਸਤਾਰਾਂ ਹਾੜੀ ਜਿਸ ਜਨ ਦਰਸ਼ਨ ਪਾਇਆ । ਆਪ ਉਠਾਇਆ ਆਪਣਾ ਭਾਰ, ਨਾ ਕੋਈ ਉਧਾਰ ਕਰਾਇਆ । ਸਾਚਾ ਨਿਆਉਂ ਸੱਚੀ ਸਰਕਾਰ, ਸਚ ਦਰਬਾਰੇ ਆਪ ਕਰਾਇਆ । ਬਣਿਆ ਆਪ ਮਾਤ ਭਿਖਾਰ, ਗੁਰਮੁਖ ਕਾਇਆ ਅੰਦਰ ਸੱਚਾ ਧਨ ਮਾਲ ਸੁਹਾਇਆ । ਕੀਰਤ ਕਰਨੀ ਕਰੀ ਵਿਚਾਰ, ਪੂਰਬ ਲਹਿਣਾ ਕਰਮ ਚੁਕਾਇਆ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਕਿਰਪਾ ਕਰ, ਵਿਹਾਰ ਗੁਰ ਸੰਗਤ ਵਿਦਾ ਕਰਾਇਆ ।



## ★ ੨੮ ਹਾੜ ੨੦੧੨ ਬਿਕ੍ਰਮੀ ਕੇਹਰ ਸਿੰਘ ਦੇ ਗ੍ਰਿਹ ਪਿੰਡ ਰਜੀਵਾਲ ★



ਕਲਜੁਗ ਕਾਲਾ ਰੂਪ, ਭੇਖ ਵਟਾਇਆ । ਪੁਰਖ ਨਿਰੰਜਣ ਸਤਿ ਸਰੂਪ, ਦਿਸ ਕਿਸੇ ਨਾ ਆਇਆ । ਲੋਕਮਾਤ ਮਹਿੰਮਾ ਅਨੂਪ, ਭੇਵ ਅਭੇਦਾ ਕਿਸੇ ਨਾ ਪਾਇਆ । ਜੋਤੀ ਜੋਤ ਸਰੂਪ ਹਰਿ, ਜੋਤ ਨਿਰੰਜਣ ਭੇਖ ਧਰ, ਕਲਜੁਗ ਕਾਲਾ ਵੇਸ, ਮਾਤ ਕਰਾਇਆ । ਕਲਜੁਗ ਕਾਲਾ ਵੇਸ ਦੂਰ ਦੁਰਾਨਿਆ । ਪੁਰਖ ਅਬਿਨਾਸ਼ੀ ਦਰ ਦਰਵੇਸ਼, ਨਾ ਕੋਈ ਜਾਣੇ ਬ੍ਰਹਮਾ ਵਿਸ਼ਨ ਮਹੇਸ਼ ਗਣੇਸ਼, ਨਾ ਕੋਈ ਜਾਣੇ ਵੇਦ ਪੁਰਾਨਿਆ । ਪੁਰਖ ਅਬਿਨਾਸ਼ੀ ਦਰ ਦਰਵੇਸ਼, ਨਾ ਕੋਈ ਜਾਣੇ ਹਰਿ ਜੀ ਭੇਸ, ਜੋਤੀ ਜਾਮਾ ਖੇਲ ਮਹਾਨਿਆ । ਆਪੇ ਨਰ ਆਪੇ ਨਰੇਸ਼, ਆਪੇ ਗੁਰ ਹਰਿ ਦਸਮੇਸ, ਆਪ ਉਠਾਏ ਸ਼ਾਹ ਸੁਲਤਾਨਿਆ । ਆਪੇ ਲੱਜਨ ਰੱਖੇ ਕੇਸ, ਬਾਲ ਜੁਵਾਨੀ ਇਕ ਵਰੇਸ, ਛਤਰ ਸਾਚਾ ਸੀਸ ਇਕ ਝੁੱਲਾ ਰਿਹਾ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਅਗਾਧ ਬੋਧ ਬੋਧ ਅਗਾਧ ਸੰਗ ਰਲਾਇਆ, ਧੁਨੀ ਨਾਦ ਸਾਚਾ ਰਾਗ ਇਕ ਅਲਾਇਆ । ਸਾਚਾ ਰਾਗ ਇਕ ਅਨਾਦ ਧੁਨ ਜੈਕਾਰਿਆ । ਆਪੇ ਹੋਏ ਰਹੇ ਵਿਸਮਾਦ, ਜਨ ਭਗਤਾਂ ਦੇਵੇ ਸਾਚੀ ਦਾਦ, ਆਤਮ ਜੋਤੀ ਨੂਰ ਜਗਾ ਰਿਹਾ । ਦਿਵਸ ਰੈਣ ਰਸਨਾ ਰਹੇ ਅਰਾਧ, ਜੁਗਾ ਜੁਗੰਤਰ ਜੋਤ ਨਿਧਾਨ । ਮਾਤ ਰਖੀਸ਼ਰ ਕਰ ਧਿਆਨ । ਭਗਤ ਤਪੀਸ਼ਰ ਸ਼ਬਦ ਨਿਸ਼ਾਨ । ਮੁਨ ਮੁਨੀਸ਼ਰ ਕਵਣ ਗਿਆਨ । ਆਤਮ ਗ੍ਰਿਹਿ ਕਵਣ ਦਰ ਕਵਣ ਘਰ ਕਵਣ ਹਰਿ ਕਵਣ ਵਸੇ ਕਿਸ ਮਕਾਨ । ਜੋਤੀ ਜੋਤ ਸਰੂਪ ਹਰਿ, ਇਕ ਵਖਾਏ ਸ਼ਬਦ ਨਿਸ਼ਾਨ । ਜੋਗ ਰਾਜ ਜਗਤ ਦਰ ਬਾਜ । ਕਵਣ ਰੱਖੇ ਮਾਤ ਲਾਜ । ਕਲਜੁਗ ਵੇਲਾ ਅੰਤਮ ਕਲ ਕਿ ਆਜ । ਜੂਠੇ ਝੂਠੇ ਮਾਇਆ ਲੂਠੇ ਸਾਜਨ ਸਾਜ ।

ਕਾਇਆ ਮੰਦਰ ਰੰਗ ਅਨੂਠੇ, ਸ਼ਬਦ ਅਵੱਲੜੀ ਵੱਜੇ ਅਵਾਜ । ਪੁਰਖ ਅਬਿਨਾਸ਼ੀ ਸਾਚਾ ਤੁੱਠੇ, ਚਰਨ ਉਠਾਏ ਦੇਸ ਮਾਝ । ਜੋਤੀ ਜੋਤ ਸਰੂਪ ਹਰਿ, ਆਪ ਸਵਾਰੇ ਆਪਣੇ ਕਾਜ । ਰਾਜ ਜੋਗ ਤਖ਼ਤ ਸੁਲਤਾਨ । ਸ਼ਬਦ ਵਿਜੋਗ ਗੁਣ ਨਿਧਾਨ । ਹਉਮੇ ਰੋਗ ਚਿੰਤਾ ਸੋਗ ਅੰਧ ਅੰਧਿਆਨ । ਏਕਾ ਏਕ ਹਰਿ ਦਰਸ ਅਮੋਘ, ਮਿਲੇ ਮੇਲ ਧੁਰ ਸੰਜੋਗ, ਚਰਨ ਕਵਲ ਕਵਲ ਚਰਨ ਸਾਚੀ ਸਰਨ ਬ੍ਰਹਮ ਗਿਆਨ । ਜੋਤੀ ਜੋਤ ਸਰੂਪ ਹਰਿ, ਆਤਮ ਦੇਵੇ ਜੀਆ ਦਾਨ । ਰਾਜ ਜੋਗ ਜਗਤ ਅਧਾਰ । ਰਸਨਾ ਰਸ ਭੋਗ ਨਾਮ ਅਪਾਰ । ਏਕਾ ਏਕ ਇਕ ਸੰਜੋਗ, ਨਰ ਨਰਾਇਣ ਪਤ ਪਤਵੰਤ ਸੰਤ ਸੱਚੀ ਸਰਕਾਰ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਕਰੇ ਕਰਾਏ ਖ਼ਬਰਦਾਰ । ਰਾਜ ਪਰਮੁਖ ਨੇਤਰ ਖੋਲ੍ਹ । ਕਵਣ ਲੱਗਾ ਕਾਇਆ ਦੁੱਖ, ਜਗਤ ਲੱਗੀ ਤ੍ਰਿਸਨਾ ਭੁੱਖ, ਅੰਤਮ ਮਿਲਿਆ ਨਾ ਰਾਜ ਸੁੱਖ, ਸਾਚਾ ਤੋਲ ਨਾ ਲਿਆ ਤੋਲ । ਮਾਤ ਗਰਭ ਉਲਟਾ ਰੁਖ, ਸੁਫਲ ਨਾ ਹੋਈ ਮਾਤ ਕੁੱਖ, ਮਾਇਆ ਰਾਣੀ ਜੂਠਾ ਝੂਠਾ ਘੋਲ । ਮਾਨਸ ਦੇਹੀ ਮਿਲੀ ਮਾਨੁਖ, ਮਨ ਮੰਦਰ ਅੰਦਰ ਸਚ ਟਿਕਾਣਾ, ਨਾਮ ਬਿਬਾਣਾ ਪੁਰਖ ਅਬਿਨਾਸ਼ੀ ਘਟ ਘਟ ਵਾਸੀ ਮਿਲਿਆ ਮੇਲ ਨਾ ਕਲਾ ਸੋਲ । ਜੂਠਾ ਝੂਠਾ ਸ਼ਾਹ ਸਾਹਾਨਾ, ਨਾ ਕੋਈ ਦੀਸੇ ਰਾਜਾ ਰਾਣਾ, ਏਕਾ ਏਕ ਸ੍ਰੀ ਭਗਵਾਨਾ, ਲੋਚਨ ਨੇਤਰ ਰਿਹਾ ਖੋਲ੍ਹ । ਸ਼ਬਦ ਵੱਜੇ ਇਕ ਨਿਸ਼ਾਨਾ, ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਪੂਰੇ ਤੋਲਨ ਰਿਹਾ ਤੋਲ । ਰਾਜ ਜੋਗ ਪਟ ਪਟਿਆਲ । ਪਾਰਬ੍ਰਹਮ ਵੇਖ ਦੀਨ ਦਿਆਲ । ਸਚ ਧਰਮ ਜਗਤ ਕਰਮ ਭਗਤ ਰਖਵਾਲ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਜਗਤ ਅਵੱਲੜੀ ਚਲੇ ਚਾਲ । ਜੋਤੀ ਜਾਮਾ ਭੇਖ ਨਿਆਰ । ਲੱਖ ਚੁਰਾਸੀ ਵੇਖੇ ਲੇਖ, ਭਗਤ ਵਛਲ ਵਛਲ ਭਗਤ ਹਰਿ ਗਿਰਧਾਰ । ਜੋਤੀ ਸ਼ਬਦ ਪਵਣ ਸਵਾਸ, ਆਤਮ ਵੇਖ ਤਨ ਸ਼ਿੰਗਾਰ ਸੱਚੀ ਸਰਕਾਰ । ਲੋਚਨ ਨੇਤਰ ਖੋਲ੍ਹ ਲੈਣਾ ਵੇਖ, ਕਵਣ ਦਵਾਰਾ ਭੇਖ ਭਿਖਾਰ । ਅੰਤਮ ਮਿਟਣੇ ਔਲੀਏ ਪੀਰ ਸ਼ੇਖ਼, ਦਸ ਦਸਮੇਸ਼ ਕਿਹੜੀ ਧਾਰ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਰਾਜ ਰਾਜਾਨਾਂ ਕਰੇ ਖ਼ਬਰਦਾਰ । ਰਾਜ ਰਾਜਾਨ ਸ਼ਾਹ ਸੁਲਤਾਨ ਵਡ ਸਿਕਦਾਰਿਆ । ਅੰਤਮ ਹੋਣਾ ਮਾਤ ਵੈਰਾਨ, ਜਗਤ ਮਿਟੇ ਝੂਠ ਨਿਸ਼ਾਨ, ਕਰੇ ਖੇਲ ਹਰਿ ਨਿਰੰਕਾਰਿਆ । ਸ਼ਬਦ ਚਲੇ ਤੀਰ ਕਮਾਨ, ਉਠੇ ਹਰਿ ਬਲੀ ਬਲਵਾਨ, ਨਾਮ ਫੜੇ ਤੇਜ ਕਟਾਰਿਆ । ਜੋਤੀ ਜੋਤ ਸਰੂਪ ਹਰਿ, ਰਾਜ ਜੋਗ ਕਰ ਵਿਚਾਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਰਗਟ ਹੋਏ ਵਿਚ ਸੰਸਾਰਿਆ । ਸ਼ਬਦ ਨਾਮ ਅਪਾਰ ਜਗ ਜਗਤ ਅਮੋਲਿਆ । ਦੇਵਣਹਾਰ ਦਾਤਾਰ ਵਿਚ ਸੰਸਾਰ, ਸ਼ਬਦ ਭੰਡਾਰਾ ਏਕਾ ਖੋਲ੍ਹਿਆ । ਗੁਰਮੁਖਾਂ ਦੇਵੇ ਵਾਰੋ ਵਾਰ ਕਰ ਪਿਆਰ, ਆਪੇ ਬਣੇ ਧੁਰ ਦਰਗਾਹੀ ਸਚ ਵਿਚੋਲਿਆ । ਫੜ ਫੜ ਬਾਂਹੋਂ ਜਾਏ ਤਾਰ, ਅੰਦਰੇ ਅੰਦਰ ਆਪੇ ਬੋਲਿਆ । ਆਪੇ ਖੋਲ੍ਹੇ ਬੰਦ ਕਵਾੜ, ਵਾ ਨਾ ਲੱਗੇ ਤੱਤੀ ਹਾੜ, ਸ਼ਬਦ ਘੋੜੇ ਦੇਵੇ ਚਾੜ੍ਹ ਆਦਿ ਅੰਤ ਕਦੇ ਨਾ ਡੋਲਿਆ । ਦਰਗਾਹ ਸਾਚੀ ਦੇਵੇ ਵਾੜ, ਬਜਰ ਕਪਾਟੀ ਦੇਵੇ ਪਾੜ, ਦਸਮ ਦਵਾਰਾ ਹਰਿ ਨਿਰੰਕਾਰ, ਸਚ ਦਵਾਰਾ ਏਕਾ ਖੋਲ੍ਹਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨ ਭਗਤਾਂ ਦੇਵੇ ਇਕ ਵਰ, ਆਪ ਚੁਕਾਏ ਅਗਲਾ ਪਿਛਲਾ ਮੂਲਿਆ । ਸ਼ਬਦ ਦਾਤ ਅਪਾਰ ਵੰਡ ਵੰਡਾਇੰਦਾ । ਆਪ ਆਪਣੀ ਕਿਰਪਾ ਧਾਰ, ਗੁਰ ਸਾਚੇ ਵੇਖ ਵਿਚਾਰ, ਸਾਚੀ ਵਸਤ ਨਾਮ ਵੰਡਿਆ, ਪੱਲੇ ਗੰਢ ਬੰਨ੍ਹਾਇੰਦਾ । ਸ਼ਬਦ ਫੜਾਏ ਚੰਡ ਪਰਚੰਡ, ਪੰਜਾਂ ਚੋਰਾਂ ਵੱਢੇ ਕੰਡ, ਸ਼ਬਦ ਨਿਸ਼ਾਨਾ ਹਰਿ ਭਗਵਾਨਾ ਏਕਾ ਏਕ ਫੜਾਇੰਦਾ । ਆਪ ਬਿਠਾਏ

੧੮੨ ੦੫

ਨਾਮ ਬਿਬਾਣਾ, ਲੋਆਂ ਪੁਰੀਆਂ ਇਕ ਉਡਾਨਾ, ਬ੍ਰਹਿਮੰਡ ਖੰਡ ਵਰਭੰਡ ਪਾਰ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਜਨ ਭਗਤਾਂ ਦੇਵੇ ਨਾਮ ਵਰ, ਜਗਤ ਪਖੰਡਾ ਆਪੇ ਮੇਟ ਮਿਟਾਇੰਦਾ । ਸ਼ਬਦ ਨਾਮ ਅਡੋਲ ਸਦਾ ਅਡੋਲਿਆ । ਜਨ ਭਗਤਾਂ ਵਸੇ ਕੋਲ, ਕਾਇਆ ਮੰਦਰ ਸਾਚੇ ਚੋਲਿਆ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਧੁਨੀ ਨਾਦ ਨਾਦ ਧੁਨ ਰਿਹਾ ਬੋਲ, ਭੇਵ ਆਪਣਾ ਆਪੇ ਖੋਲ੍ਹਿਆ । ਆਪੇ ਕਰਾਏ ਤਨ ਸ਼ਿੰਗਾਰ ਸਵਲ, ਜੋਤ ਨਿਰੰਜਣ ਰਹੀ ਮਵਲ, ਏਕਾ ਦੇਵੇ ਸ਼ਬਦ ਝਕੋਲਿਆ । ਉਲਟਾ ਕਰੇ ਨਾਭੀ ਕਵਲ, ਮਿਲੇ ਵਡਿਆਈ ਉਪਰ ਧਵਲ, ਅੰਮ੍ਰਿਤ ਬੂੰਦ ਸਵਾਂਤੀ ਆਪੇ ਆਪ ਚਵਾ ਰਿਹਾ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਜਨ ਭਗਤਾਂ ਦੇਵੇ ਨਾਮ ਵਰ, ਸਿਰ ਹੱਥ ਸਮਰਥ ਆਪਣਾ ਆਪ ਰਖਾ ਰਿਹਾ । ਨਾਮ ਵੰਤ ਗੁਣਵੰਤ ਗੁਣੀ ਨਿਧਾਨਿਆ । ਗੁਰਮੁਖ ਵਿਰਲਾ ਹੋਏ ਮਾਤ ਚਤੁਰ ਸੁਘੜ ਸਿਆਨਿਆ । ਮਿਲੇ ਵਡਿਆਈ ਵਿਚ ਜੀਵ ਜੰਤ, ਚੰਦਨ ਵਾਸ ਨਿੰਮ ਮਹਿਕਾਨਿਆ । ਮੇਲ ਮਿਲਾਵਾ ਸਾਚੇ ਕੰਤ, ਨਾਰ ਸੁਹਾਗਣ ਹਰਿ ਪਛਾਨਿਆ । ਨਾ ਹੋਏ ਵਿਛੋੜਾ ਆਦਿ ਅੰਤ, ਮਿਲਿਆ ਮੇਲ ਪਾਰਬ੍ਰਹਮ ਪੁਰਖ ਸੁਜਾਨਿਆ । ਸ਼ਬਦ ਚੜ੍ਹਾਇਆ ਸਾਚਾ ਤੇਲ, ਆਪੇ ਗੋਪੀ ਆਪੇ ਕਾਹਨਿਆ । ਆਪੇ ਵਸੇ ਸਦ ਨਵੇਲ, ਖੇਲੇ ਖੇਲ ਜ਼ਿਮੀਂ ਅਸਮਾਨਿਆ । ਜਨ ਭਗਤਾਂ ਕਟੇ ਧਰਮ ਰਾਏ ਦੀ ਜੇਲ੍ਹ, ਨਾ ਕੋਈ ਫੰਦ ਫਸਾਨਿਆ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਲੋਕਮਾਤ ਹਰਿ ਜੋਤ ਧਰ, ਸਰਬ ਸਰਬੰਸ ਵਿਸ਼ਨੂੰ ਭਗਵਾਨਿਆ । ਸ਼ਬਦ ਡੋਰੀ ਨਾਮ ਕਰਤਾਰ । ਕਲਜੁਗ ਰੈਣ ਅੰਧੇਰ ਘੋਰੀ, ਬੇਮੁਖ ਸੁੱਤੇ ਪੈਰ ਪਸਾਰ । ਗੁਰਮੁਖ ਸਾਚੇ ਕਰਨ ਚੋਰੀ, ਰਸਨਾ ਨਾਮ ਰਹੇ ਉਚਾਰ । ਏਕਾ ਮਿਲੀ ਨਾਮ ਘੋੜੀ, ਅੱਠੇ ਪਹਿਰ ਹੋਏ ਅਸਵਾਰ । ਜੋਤੀ ਜੋਤ ਸਰੂਪ ਹਰਿ, ਏਕਾ ਦੇਵੇ ਨਾਮ ਵਰ, ਹਰਿ ਜਨਾਂ ਹਰਿ ਸੱਚਾ ਪਹਿਰੇਦਾਰ । ਨਾਮ ਰੰਗ ਰੰਗ ਅਨਮੋਲ । ਲੋਕਮਾਤ ਕਟੇ ਭੁਖ ਨੰਗ, ਆਪ ਨਿਭਾਏ ਆਪਣਾ ਸੰਗ, ਦਰਸ ਦਾਨ ਜਨ ਲਏ ਮੰਗ, ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਗੁਰਮੁਖ ਸਾਚੇ ਸੰਤ ਜਨਾਂ ਹੋਏ ਸਹਾਈ ਸਦਾ ਸੁਹੇਲਾ ਅੰਗ ਸੰਗ । ਨਾਮ ਰਤਨ ਸਾਚਾ ਲਾਲ । ਗੁਰਮੁਖ ਵਿਰਲਾ ਮਾਤ ਉਪਾਏ, ਪੁਰਖ ਅਬਿਨਾਸ਼ੀ ਦਇਆ ਕਮਾਏ, ਆਪੇ ਹੋਏ ਵਿਚ ਦਲਾਲ । ਪਰਖਣਹਾਰਾ ਹਰਿ ਨਿਰੰਕਾਰਾ, ਅੰਦਰ ਬਾਹਰ ਗੁਪਤ ਜ਼ਾਹਰ ਜਗਤ ਅਵੱਲੜੀ ਚਲੇ ਚਾਲ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਜਨ ਭਗਤਾਂ ਦੇਵੇ ਨਾਮ ਵਰ, ਮਸਤਕ ਦੀਪਕ ਗਗਨ ਜੋਤੀ ਸਾਚਾ ਬਾਲ । ਹਰਿ ਜੋਤੀ ਨੂਰ ਅਪਾਰ ਸ਼ਬਦ ਅਧਾਰਿਆ । ਕਲਜੁਗ ਕਰੇ ਖੇਲ ਅਪਾਰ ਵਿਚ ਸੰਸਾਰਿਆ । ਹਰਿ ਜੋਤੀ ਨੂਰ ਅਪਾਰ, ਲੋਕਮਾਤ ਨਾ ਕਿਸੇ ਵਿਚਾਰਿਆ । ਕਲਜੁਗ ਕਰੇ ਖੇਲ ਅਪਾਰ, ਸ਼ਬਦ ਡੰਕ ਇਕ ਵਜਾ ਰਿਹਾ । ਪਕੜ ਉਠਾਏ ਸ਼ਾਹ ਸੁਲਤਾਨ ਰਾਓ ਰੰਕ ਵਾਲੀ ਦੋ ਜਹਾਨਾਂ, ਇਕ ਦਵਾਰਾ ਬੰਕ ਵਖਾ ਰਿਹਾ । ਜਨ ਭਗਤਾਂ ਬੰਨ੍ਹੇ ਹੱਥੀਂ ਨਾਮ ਗਾਨਾ, ਅੱਖਰ ਵੱਖਰ ਇਕ ਨਿਸ਼ਾਨਾ, ਚਾਰ ਕੁੰਟ ਹਰਿ ਝੁੱਲਾ ਰਿਹਾ । ਲਿਖੇ ਲੇਖ ਰੋੜੀ ਸੱਖਰ, ਪਰਗਟ ਹੋਏ ਬਜਰ ਕਪਾਟੀ ਸਾਚੇ ਪੱਬਰ, ਆਪ ਆਪਣਾ ਆਪ ਅਖਵਾ ਰਿਹਾ । ਲੱਖ ਚੁਰਾਸੀ ਲੱਬੀ ਸੱਬਰ, ਬਿਨ ਰੰਗ ਰੂਪਾ ਹਰਿ ਸਤਿ ਸਰੂਪਾ ਸਾਚੀ ਬਣਤ ਬਣਾ ਰਿਹਾ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਮਹਿੰਮਾ ਅਗਣਤ ਸਾਧ ਸੰਤ ਸੋਏ ਮਾਤ ਜਗਾ ਰਿਹਾ । ਸਾਧ ਸੰਤ ਜਗਾਏ ਦਇਆ ਕਮਾਏ, ਸ਼ਬਦ ਉਠਾਇੰਦਾ । ਸੁਰਤੀ ਸੁਰਤ ਗਿਆਨ ਦਵਾਏ, ਅਕਾਲ ਮੂਰਤ ਧਿਆਨ ਰਖਾਏ, ਫੜ ਫੜ ਬਾਹੋਂ ਆਪ ਹਿਲਾਇੰਦਾ । ਆਪ ਆਪਣਾ ਭੇਵ ਛੁਪਾਏ,

ਕਲਜੁਗ ਅੰਤਮ ਦਿਸ ਨਾ ਆਏ, ਭਰਮ ਭੁਲੇਖੇ ਆਪ ਰਖਾਇੰਦਾ । ਚਾਰੋਂ ਕੁੰਟ ਦਹਿ ਦਿਸ਼ਾ ਵਖਾਏ, ਨੌਂ ਖੰਡ ਪ੍ਰਿਥਮੀ ਹਿਸਾ ਪਾਏ, ਸਾਚਾ ਭਾਣਾ ਹਰਿ ਹਰਿ ਰਾਣਾ ਆਪਣਾ ਆਪ ਵਰਤਾਇੰਦਾ । ਜਨ ਭਗਤਾਂ ਪੂਰਨ ਇਛਿਆ ਆਪ ਕਰਾਏ, ਸਾਚੀ ਭਾਜੀ ਨਾਮ ਪਾਏ, ਸ਼ਬਦ ਨਿਸ਼ਾਨਾ ਤੀਰ ਚਲਾਇੰਦਾ । ਦੂਈ ਦਵੈਤੀ ਆਤਮ ਲਾਹੇ ਵਿਸਾ, ਸਚ ਮਹੱਲ ਉਚ ਅਟਾਰੀ ਦਸਮ ਦਵਾਰੀ ਪੁਰਖ ਅਗੰਮਾ ਦਿਸਾ, ਦੀਪਕ ਜੋਤੀ ਇਕ ਜਗਾਇੰਦਾ । ਜੋਤੀ ਜੋਤ ਸਰੂਪ ਹਰਿ, ਸ਼ਬਦ ਪਵਣ ਜੋਤ ਅਧਾਰੀ ਪਾਰਬ੍ਰਹਮ ਖੇਲ ਅਪਾਰੀ, ਸਚ ਧਰਮ ਵਡ ਸੰਸਾਰੀ, ਪੂਰਬ ਕਰਮ ਪ੍ਰਭ ਚਰਨ ਦਵਾਰੀ, ਆਤਮ ਦੁੱਖਾਂ ਆਪੇ ਲਾਹਿੰਦਾ । ਮਾਨਸ ਦੇਹੀ ਪੈਜ ਸਵਾਰੀ, ਜੋਤੀ ਜੋਤ ਸਰੂਪ ਹਰਿ, ਜਨ ਭਗਤਾਂ ਦੇਵੇ ਨਾਮ ਵਰ, ਦਰ ਦਰ ਘਰ ਘਰ ਆਪੇ ਆਪ ਸੁਹਾਇੰਦਾ । ਸ਼ਬਦ ਮਹੱਲ ਉਚ ਟਿਕਾਣਾ । ਨਾਮ ਅਟੱਲ ਵਿਚ ਜਹਾਨਾ । ਆਪੇ ਵੇਖੇ ਜਲ ਥਲ, ਜੰਗਲ ਜੂਹ ਉਜਾੜ ਪਹਾੜ ਬੀਆਬਾਨਾ । ਪ੍ਰਭ ਕਾ ਭਾਣਾ ਨਾ ਜਾਏ ਟੱਲ, ਲੱਖ ਚੁਰਾਸੀ ਆਪ ਭੁਲਾਈ ਕਰ ਕਰ ਵਲ ਛਲ । ਸਾਧ ਸੰਤ ਸ਼ਬਦ ਸੁਨੇਹੜਾ ਰਿਹਾ ਘੱਲ, ਏਕਾ ਓਟ ਹਰਿ ਸਰਨਾਈ ਹੋਏ ਸਹਾਈ । ਅੰਤਮ ਕਲ ਪਕੜ ਉਠਾਏ ਥਾਉਂ ਥਾਈਂ । ਜੋਤ ਸਰੂਪੀ ਜਲ ਥਲ, ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਜਨ ਭਗਤਾਂ ਦੇਵੇ ਇਕ ਵਰ, ਸਦਾ ਸੁਹੇਲਾ ਠੰਡੀ ਛਾਈਂ । ਸ਼ਬਦ ਸੁਹੇਲਾ ਪਵਣ ਅਸਵਾਰ । ਇਕ ਇਕੇਲਾ ਵਿਚ ਸੰਸਾਰ । ਆਪੇ ਗੁਰ ਆਪੇ ਚੇਲਾ, ਭਰਮ ਭੁਲੇਖਾ ਵਿਚ ਸੰਸਾਰ । ਕਲਜੁਗ ਅੰਤਮ ਵਕਤ ਦੁਹੇਲਾ, ਸੰਤ ਅਸੰਤ ਰਾਜ ਰਾਜਾਨ ਹੋਏ ਬੇਮੁਹਾਨ । ਅਚਰਜ ਖੇਲ ਹਰਿ ਜੀ ਖੇਲਾ, ਮਾਇਆ ਰਾਣੀ ਵਡ ਜਰਵਾਣੀ ਚਾਰੋਂ ਕੁੰਟ ਕਰੇ ਖੁਆਰ । ਜੋਤੀ ਜੋਤ ਸਰੂਪ ਹਰਿ, ਜਨ ਭਗਤਾਂ ਦੇਵੇ ਨਾਮ ਵਰ, ਜੋਤੀ ਜਾਮਾ ਭੇਖ ਧਰ, ਕਲ ਕਲੰਦਰ ਵੇਖ ਵਿਚਾਰ । ਸੰਤ ਸੁਹੇਲੇ ਸਾਜਣ ਮੀਤ, ਪਕੜ ਉਠਾਏ ਸ਼ਬਦ ਜਣਾਏ, ਵਡ ਨਿਸ਼ਾਨਾ ਇਕ ਵਖਾਏ, ਪਾਰਬ੍ਰਹਮ ਪੁਰਖ ਸੁਜਾਨਾ, ਸਦਾ ਸਦਾ ਮਨ ਰਾਖੇ ਚੀਤ । ਮੇਲ ਮਿਲਾਵਾ ਹਰਿ ਭਗਵਾਨਾ, ਕਾਇਆ ਕਰੇ ਠੰਡੀ ਸੀਤ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਜਨ ਭਗਤਾਂ ਦੇਵੇ ਨਾਮ ਵਰ, ਅਵੱਲੜੀ ਕਲ ਚਲੇ ਰੀਤ । ਤਨ ਮੰਦਰ ਮਸੀਤ ਗੁਰਦਵਾਰ, ਵਿਚ ਸੰਸਾਰਿਆ । ਗੁਰਮੁਖ ਵਿਰਲਾ ਕਰੇ ਮਾਤ ਵਿਚਾਰ, ਜਿਸ ਜਨ ਮਿਲਿਆ ਹਰਿ ਭਤਾਰਿਆ । ਮਿਲਿਆ ਮੇਲ ਦਰਸ ਅਮੋਘ ਧੁਰ ਸੰਜੋਗ, ਹਉਮੇ ਗਿਆ ਵਿਚੋਂ ਰੋਗ, ਪੁੰਨ ਪਾਪ ਲੱਥਾ ਭਾਰਾ । ਸ਼ਬਦ ਮਿਲਿਆ ਸਾਚਾ ਜੋਗ, ਆਤਮ ਰਸ ਰਸਨਾ ਭੋਗ, ਚੁੱਕੇ ਮੋਹ ਜਗਤ ਵਿਕਾਰਾ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਜਨ ਭਗਤਾਂ ਵਖਾਏ ਇਕ ਦਵਾਰਾ । ਇਕ ਦਵਾਰਾ ਹਰਿ ਨਿਰੰਕਾਰਾ । ਚਾਰ ਵਰਨ ਸਾਚੀ ਸਰਨ, ਖੁੱਲ੍ਹੇ ਹਰਨ ਫਰਨ, ਚੁੱਕੇ ਮਰਨ ਡਰਨ, ਅੱਠੇ ਪਹਿਰ ਖ਼ਬਰਦਾਰਾ । ਹਰਿ ਜਨ ਸਾਚੇ ਸਾਚੀ ਤਰਨੀ ਤਰਨ, ਪੂਰੇ ਗੁਰ ਸਰਨੀ ਪੜਨ, ਮਿਲੇ ਮੇਲ ਮੀਤ ਮੁਰਾਰਾ । ਜੋਤੀ ਜਾਮਾ ਧਰਨੀ ਧਰਨ, ਆਪ ਅਵਰਨਾ ਵਰਨੀ ਵਰਨ, ਨਰ ਹਰਿ ਸੱਚੀ ਸਰਕਾਰਾ । ਜੋਤੀ ਜੋਤ ਸਰੂਪ ਹਰਿ, ਜਨ ਭਗਤਾਂ ਦੇਵੇ ਨਾਮ ਵਰ, ਪਾਰਬ੍ਰਹਮ ਪੁਰਖ ਪਰਖੋਤਮ ਅਲੱਖ ਨਿਰੰਜਣ ਅਗੰਮ ਅਗੋਚਰ, ਵੇਸ ਅਵੇਸਾ ਨਰ ਨਰੇਸ਼ਾ ਜੋਤ ਪਰਵੇਸ਼ਾ, ਗੁਣੀ ਗੁਣਵੰਤਾ ਹਰਿ ਭਗਵੰਤਾ ਆਪੇ ਜਾਣੇ ਆਪਣੀ ਧਾਰਾ । ਆਪੇ ਜਾਣੇ ਆਪਣੀ ਧਾਰ । ਧੀਰਨ ਧੀਰਾ ਹਰਿ ਪਰਗਟ ਹੋਇਆ ਵਿਚ ਸੰਸਾਰ । ਕਲਜੁਗ ਲਾਹੇ ਕਾਲੇ ਚੀਰ, ਸ਼ਬਦ ਤੀਰ ਇਕ ਚਲਾਇੰਦਾ । ਲੇਖਾ ਚੁੱਕੇ ਪੀਰ ਹਕੀਰ ਫ਼ਕੀਰ, ਸ਼ਾਹ ਹਕੀਰ ਨਾ ਕੋਈ ਨਜ਼ਰੀ ਆਇੰਦਾ । ਬਾਲਕ ਮਾਤਾ



੧੮੪ ੦੫

ਛੁੱਟੇ ਸੀਰ, ਕਿਸੇ ਹੱਥ ਨਾ ਆਏ ਨੀਰ, ਏਕਾ ਭੀੜ ਆਪਣੀ ਆਪੇ ਪਾਇੰਦਾ । ਨਾ ਕੋਈ ਹਸਤ ਨਾ ਕੋਈ ਕੀੜ, ਲੱਖ ਚੁਰਾਸੀ ਬੰਨ੍ਹੇ ਬੀੜ, ਦੂਸਰ ਨਾ ਕੋਈ ਭੁਜਾ ਉਠਾਇੰਦਾ । ਸ਼ਬਦ ਵੇਲਨੇ ਦੇਵੇ ਪੀੜ, ਬੇਮੁਖਾਂ ਲੱਗੀ ਹਉਮੇ ਪੀੜ, ਝੂਠਾ ਰੋਗ ਨਾ ਕੋਈ ਗਵਾਇੰਦਾ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਕਲਜੁਗ ਅੰਤਮ ਵੇਸ ਕਰ, ਸੰਬਲ ਦੇਸ ਭਾਗ ਲਗਾਇੰਦਾ । ਸੰਬਲ ਦੇਸ ਜੋਤ ਉਜਿਆਰੀ । ਪਾਰਬ੍ਰਹਮ ਨਰ ਨਿਰੰਕਾਰੀ । ਕਰੇ ਖੇਲ ਅਪਰ ਅਪਾਰੀ । ਬ੍ਰਹਮ ਪਾਰ ਪਾਰਬ੍ਰਹਮ ਬ੍ਰਹਮ ਦੇਸ ਵੇਸ ਗਣੇਸ਼ ਦਰ ਦਰਵੇਸ਼ ਬ੍ਰਹਮਾ ਵਿਸ਼ਨ ਸੱਚੀ ਸਰਕਾਰੀ । ਪੁਰਖ ਨਿਰੰਜਣ ਸਦਾ ਆਦੇਸ, ਕਾਲ ਮਹਾਂਕਾਲਾ ਸ਼ਬਦ ਪਰਵੇਸ਼, ਦੀਨ ਦਿਆਲਾ ਗੋਬਿੰਦ ਗੋਬਿੰਦ ਗੁਰ ਗੋਪਾਲਾ, ਆਪ ਲਾਏ ਮਾਤ ਸੱਚੀ ਫੁਲਵਾੜੀ । ਜੋਤੀ ਜੋਤ ਸਰੂਪ ਹਰਿ, ਜਨ ਭਗਤਾਂ ਦੇਵੇ ਨਾਮ ਵਰ, ਜਗੇ ਜੋਤ ਬਹੱਤਰ ਨਾੜੀ ਜੋਤ ਜਗਾਈਆ । ਮੇਟ ਮਿਟਾਏ ਝੂਠੀ ਧਾੜੀ, ਸ਼ਬਦ ਧਾੜ ਇਕ ਉਠਾਈਆ । ਹੋਏ ਸਹਾਈ ਜੰਗਲ ਜੂਹ ਉਜਾੜ ਪਹਾੜੀ, ਦਹਿ ਦਿਸ਼ਾ ਚਾਰੋਂ ਕੁੰਟ ਵਡਿਆਈਆ । ਜਨ ਭਗਤਾਂ ਰੱਖੇ ਲਾਜ, ਚਰਨ ਪ੍ਰੀਤੀ ਗਈ ਜੁੜ, ਪੂਰਨ ਜੋਤੀ ਨਾ ਕੋਈ ਵਰਨ ਨਾ ਕੋਈ ਗੋਤੀ, ਬ੍ਰਹਮ ਬ੍ਰਹਮ ਰੂਪ ਸਮਾਈਆ । ਹਰਿਜਨ ਉਠਾਏ ਕਾਇਆ ਸੋਤੀ, ਦੁਰਮਤ ਮੈਲ ਜਾਏ ਧੋਤੀ, ਜੀਆਂ ਅੰਜਨ ਨੇਤਰ ਸੋਹੰ ਸ਼ਬਦ ਪਾਈਆ । ਲੱਖ ਚੁਰਾਸੀ ਰਹੀ ਰੋਤੀ, ਗੁਰਮੁਖ ਵਿਰਲਾ ਕੋਟਨ ਕੋਟ ਕੋਟ ਬ੍ਰਹਿਮੰਡ ਕਾਇਆ ਗੜ੍ਹ ਉਪਰ ਚੜ੍ਹ, ਸਚ ਮਹੱਲ ਅਟੱਲ ਵੇਖੇ ਜਨ ਰੁਸ਼ਨਾਈਆ । ਸ਼ਬਦ ਸਰੂਪੀ ਅੰਦਰ ਵੜ, ਭਗਤ ਜਨਾਂ ਰਿਹਾ ਫੜ, ਦਰ ਦਵਾਰੇ ਅੱਗੇ ਖੜ੍ਹ, ਦੂਰ ਨੇੜੇ ਨੇੜੇ ਦੂਰ ਕੋਈ ਰਖਾਈਆ । ਕਾਇਆ ਕੋਟ ਕਿਲ੍ਹਾ ਗੜ੍ਹ, ਨਾ ਕੋਈ ਸੀਸ ਨਾ ਕੋਈ ਧੱੜ, ਨਾ ਕੋਈ ਮੱਠ ਨਾ ਕੋਈ ਮੜ੍ਹ, ਨਾ ਕੋਈ ਅੱਖਰ ਸਕੇ ਪੜ੍ਹ, ਨਿਸ਼ਅੱਖਰ ਵੱਖਰ ਸਾਚੇ ਧਾਮ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਗੁਰਮੁਖ ਸਾਚੇ ਸੰਤ ਜਨਾਂ ਏਕਾ ਦੇਵੇ ਨਾਮ ਵਰ, ਪਾਰਜ਼ਾਤ ਕਮਲਾਪਾਤ ਅੰਮ੍ਰਿਤ ਫਲ ਸਾਚਾ ਮੇਵਾ, ਰਸਨਾ ਦਏ ਖੁਵਾਈਆ । ਪਾਰਜ਼ਾਤ ਉਤਮ ਜ਼ਾਤ, ਜਨ ਭਗਤਾਂ ਮਿਟੇ ਅੰਧੇਰੀ ਰਾਤ, ਆਪਣੇ ਭਾਣੇ ਦਇਆ ਕਮਾਏ ਆਪਣਾ ਸਾਥ । ਸਾਚਾ ਸ਼ਬਦ ਮਾਤ ਲਿਆਏ, ਲੋਕਮਾਤ ਕਲਜੁਗ ਟਿਕਾਏ, ਗੁਰਮੁਖ ਚੜ੍ਹਾਏ ਸਾਚੇ ਰਾਥ । ਕਲਜੁਗ ਬੇੜਾ ਆਪ ਉਠਾਏ, ਦੂਸਰ ਨਾ ਕੋਈ ਸੰਗ ਰਲਾਏ, ਤਟ ਤੀਰਥ ਮੇਟ ਮਿਟਾਏ, ਲੇਖਾ ਚੁੱਕੇ ਅੱਠ ਸੱਠ ਗੰਗਾ ਗੋਦਾਵਰੀ ਹੋਏ ਹਲਕਾਏ, ਸ਼ਬਦ ਤੀਰ ਇਕ ਚਲਾਏ, ਕਲਜੁਗ ਵੇਲਾ ਅੰਤ ਵਖਾਏ, ਨਾ ਕੋਈ ਜਾਣੇ ਪੂਜਾ ਪਾਠ । ਗਿਆਨੀ ਧਿਆਨੀ ਭਰਮ ਭੁਲਾਏ, ਵੇਦ ਪੁਰਾਨੀ ਸਾਰ ਨਾ ਪਾਏ, ਅੰਜੀਲ ਕੁਰਾਨੀ ਹਾਹਾਕਾਰ ਮਚਾਏ, ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਕਲਜੁਗ ਕਾਲਾ ਵੇਸ ਕਰ, ਗਣਪਤ ਗਣੇਸ਼ ਬ੍ਰਹਮਾ ਮਹੇਸ਼ ਸ਼ਿਵ ਸ਼ੰਕਰ ਨਾ ਕੋਈ ਸੀਸ ਝੁਕਾਏ । ਏਕਾ ਸੀਸ ਦਰ ਪਰਵਾਨ । ਜਗਤ ਜਗਦੀਸ ਵਡ ਮਿਹਰਵਾਨ । ਛਤਰ ਝੁੱਲੇ ਸਾਚੇ ਸੀਸ, ਬੀਸ ਇਕੀਸ ਧਰਮ ਨਿਸ਼ਾਨ । ਮੁੱਕੇ ਚੁੱਕੇ ਰਾਗ ਛਤੀਸ, ਨਾਰਦ ਮੁਨ ਸੁੰਞ ਮਸਾਣ । ਨਾ ਕੋਈ ਜਾਣੇ ਦੰਦ ਬਤੀਸ, ਕਾਇਆ ਮੰਦਰ ਇਕ ਵੈਰਾਨ । ਨਾ ਕੋਈ ਕੁਰਾਨ ਨਾ ਹਦੀਸ, ਜੀਵ ਜੰਤ ਜੰਤ ਸ਼ੈਤਾਨ । ਜੂਠੀ ਝੂਠੀ ਮਾਇਆ ਚੱਕੀ ਰਹੇ ਪੀਸ, ਭਰਮੇ ਭੁੱਲੇ ਜੀਵ ਨਿਧਾਨ । ਕਵਣ ਕਰੇ ਪ੍ਰਭ ਤੇਰੀ ਰੀਸ, ਆਦਿ ਅੰਤ ਇਕ ਨਿਸ਼ਾਨ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਆਪ ਰਖਾਏ ਲੋਆਂ ਪੁਰੀਆਂ ਖੰਡ ਬ੍ਰਹਿਮੰਡ ਵਰਭੰਡ ਏਕਾ ਆਣ । ਏਕਾ ਆਣ ਹਰਿ ਨਿਰੰਕਾਰ, ਵਿਚ ਬ੍ਰਹਿਮੰਡਿਆ । ਸ਼ਬਦ ਝੁਲਾਏ ਸਚ ਨਿਸ਼ਾਨ ਵਿਚ ਨਵ ਖੰਡਿਆ । ਪੁਰੀਆਂ ਲੋਆਂ

੧੮੫ ੦੫

ਵੰਡ ਵੰਡਾਨ, ਉਤਭੁਜ ਸੇਤਜ ਜੇਰਜ ਅੰਡਿਆ । ਸੁਰਪਤ ਰਾਜਾ ਇੰਦ ਹੋਏ ਹੈਰਾਨ, ਕਰੋੜ ਤੇਤੀਸਾ ਕਲਜੁਗ ਅੰਤਮ ਆਇਆ ਕੰਢਿਆ । ਸ਼ਿਵ ਸ਼ੰਕਰ ਕਰੇ ਮਾਤ ਧਿਆਨ, ਜਗਤ ਜਗਦੀਸਾ ਕਿਸ ਕਲ ਵੰਡਿਆ । ਬ੍ਰਹਮਾ ਨੇਤਰ ਖੋਲ੍ਹੇ ਚਾਰ ਮੁੱਖੜੇ ਬੋਲੇ, ਚਾਰ ਵਰਨਾਂ ਇਕ ਗਿਆਨ । ਭਗਤ ਸੁਹੇਲਾ ਕਿਹੜੀ ਟੁੱਟੀ ਗੰਢੇ, ਪੁਰਖ ਅਬਿਨਾਸ਼ੀ ਚਤੁਰ ਸੁਜਾਨ । ਘਟ ਘਟ ਵਾਸੀ ਕਰੇ ਪਛਾਣ, ਆਪ ਆਪਣੇ ਰੰਗ ਸਮਾਣ, ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਜੋਤੀ ਜਾਮਾ ਭੇਖ ਧਰ, ਕਲਜੁਗ ਕਾਲਾ ਵੇਸ ਦਰ ਦਰਵੇਸ਼ ਨਾ ਸਕੇ ਕੋਈ ਪਛਾਣ । ਬ੍ਰਹਮਾ ਬ੍ਰਹਮ ਗਿਆਨ, ਮਨ ਵੈਰਾਗਿਆ । ਨੇਤਰ ਖੋਲ੍ਹੇ ਮਾਰ ਧਿਆਨ, ਕਵਣ ਸੋਇਆ ਮਾਤ ਜਾਗਿਆ । ਸੋਹੰ ਫੜਿਆ ਕਸ ਨਿਸ਼ਾਨ, ਸਾਚੀ ਪੁਰੀ ਆਵੇ ਭਾਗਿਆ । ਗੁਰਮੁਖ ਸਾਚਾ ਨੌਜਵਾਨ, ਪੜ੍ਹਕੇ ਆਇਆ ਸਾਚਾ ਰਾਗਿਆ । ਨਿਹਕਲੰਕ ਬਲੀ ਬਲਵਾਨ, ਜਿਸ ਧੋਇਆ ਮਾਤ ਦਾਗ਼ਿਆ । ਇਕ ਉਠਾਏ ਰਸਨਾ ਤੀਰ ਕਮਾਨ, ਚੌਥੇ ਜੁਗ ਹੱਥ ਆਪਣੇ ਪਕੜੇ ਵਾਗਿਆ । ਪੁਰੀਆਂ ਲੋਆਂ ਸੁੰਵ ਮਸਾਣ, ਗੁਰਮੁਖ ਹੰਸ ਬਣਾਏ ਕਾਗਿਆ । ਧਰਮ ਰਾਏ ਦਰ ਸ਼ਰਮਾਣ, ਚਿਤਰ ਗੁਪਤ ਜਾਏ ਭਾਗਿਆ । ਗੁਰਮੁਖ ਜੋਧਾ ਵਡ ਬਲੀ ਬਲਵਾਨ, ਮਿਲਿਆ ਮੇਲ ਕੰਤ ਸੁਹਾਗਿਆ । ਆਪੇ ਜਾਣੇ ਜਾਣੀ ਜਾਣ, ਜਿਸ ਜਨ ਧੋਏ ਦੁਰਮਤ ਦਾਗਿਆ । ਆਤਮ ਬ੍ਰਹਮ ਕਰੇ ਪਛਾਣ, ਹੰਸ ਬਣਾਏ ਕਾਗਿਆ । ਆਪ ਚੁਕਾਏ ਜਮ ਕੀ ਕਾਨ, ਸਾਚੀ ਸਰਨੀ ਜੋ ਜਨ ਲਾਗਿਆ । ਦਰ ਘਰ ਸਾਚੇ ਦੇਵੇ ਮਾਣ, ਧੁਰ ਦਰਗਾਹੀ ਆਵੇ ਭਾਗਿਆ । ਮਿਲੇ ਮੇਲ ਜੋਤ ਸ੍ਰੀ ਭਗਵਾਨ, ਜੋਤੀ ਜੋਤ ਸਰੂਪ ਹਰਿ, ਜਨ ਭਗਤਾਂ ਦੇਵੇ ਨਾਮ ਵਰ, ਬ੍ਰਹਮਾ ਬ੍ਰਹਮਲੋਕ ਆਪੇ ਆਪ ਜਾਗਿਆ । ਸ਼ਿਵ ਸ਼ੰਕਰ ਸੁਰਤ ਜਣਾਈ, ਸ਼ਬਦ ਧੁਨਕਾਰਿਆ । ਸਾਚੇ ਦਰ ਵੱਜੀ ਵਧਾਈ, ਪ੍ਰਭ ਕਰੇ ਖੇਲ ਅਪਾਰਿਆ । ਗੁਰਮੁਖ ਉਠਾਏ ਚਾਈਂ ਚਾਈਂ, ਸਾਚਾ ਲਾੜਾ ਆਪ ਸ਼ਿੰਗਾਰਿਆ । ਸ਼ਬਦ ਘੋੜੇ ਚਾੜ੍ਹੇ ਫੜ ਕੇ ਬਾਹੀਂ, ਧੁਰ ਦਰਗਾਹੀ ਸਚ ਦੁਲਾਰਿਆ । ਆਪ ਬਹਾਏ ਥਾਉਂ ਥਾਈਂ, ਵੇਖ ਵਖਾਣੇ ਪਾਰ ਆਰ ਆਰ ਪਾਰ ਕਿਨਾਰਿਆ । ਦੇਂਦਾ ਰਹੇ ਠੰਡੀਆਂ ਛਾਈਂ, ਸ਼ਬਦ ਸਹਾਰਾ ਵਡ ਸੰਸਾਰਿਆ । ਦੂਸਰ ਕਿਸੇ ਦੀਸੇ ਨਾਹੀਂ, ਜੋਤ ਨਿਰੰਜਣ ਨੂਰ ਅਕਾਰਿਆ । ਜੋਤੀ ਜੋਤ ਸਰੂਪ ਹਰਿ, ਜਨ ਭਗਤਾਂ ਦੇਵੇ ਇਕ ਵਰ, ਸਾਚੀ ਪੁਰੀ ਆਪ ਬਹਾ ਰਿਹਾ । ਸਾਚੀ ਪੁਰੀ ਮਾਣ ਰਖਾਇਆ, ਜਨ ਭਗਤਾਂ ਨਾਮ ਬਿਬਾਣਾ ਹੈ । ਆਪ ਆਪਣਾ ਸੰਗ ਨਿਭਾਇਆ, ਦੀਪਕ ਜੋਤੀ ਆਪ ਜਗਾਣਾ ਹੈ । ਸਾਚੀ ਰੰਗਣ ਰੰਗ ਰੰਗਾਇਆ, ਕਾਲ ਮਹਾਂਕਾਲ ਆਦਿ ਅੰਤ ਨਾ ਕਦੇ ਖਾਣਾ ਹੈ । ਸ਼ਬਦ ਘੋੜੇ ਤੰਗ ਕਸਾਇਆ, ਗੁਰਮੁਖ ਸਾਚਾ ਪਕੜ ਬਹਾਇਆ, ਆਪ ਉਡਾਏ ਇਕ ਉਡਾਣਾ ਹੈ । ਸ਼ਿਵ ਸ਼ੰਕਰ ਸਾਚਾ ਹੁਕਮ ਸੁਣਾਇਆ, ਨਿਹਕਲੰਕੀ ਜਾਮਾ ਪਾਇਆ, ਦਵਾਰ ਬੰਕ ਇਕ ਸੁਹਾਇਆ, ਗੁਣਵੰਤੀ ਗੁਣ ਨਿਧਾਨਾ ਹੈ । ਗੁਰਮੁਖ ਸਾਚਾ ਸਾਚੇ ਮਾਰਗ ਲਾਇਆ, ਸਾਚੇ ਦਰ ਘਰ ਆਪ ਬਹਾਇਆ, ਧਰਮ ਝੁੱਲਾਇਆ ਇਕ ਨਿਸ਼ਾਨਾ ਹੈ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਲੋਕਮਾਤ ਹਰਿ ਜੋਤ ਧਰ, ਪੂਰਨ ਜੋਤ ਸ਼ਬਦ ਬਿਬਾਣ ਹੈ । ਪੂਰਨ ਜੋਤ ਬਲੀ ਬਲਕਾਰ, ਵਿਚ ਜਹਾਨਿਆ । ਕਰੋੜ ਤੇਤੀਸਾ ਕਰ ਵਿਚਾਰ, ਸੁਰਪਤ ਰਾਜਾ ਇੰਦ ਵਡ ਮਰਗਿੰਦ ਆਪ ਜਗਾਨਿਆ । ਜਨ ਭਗਤ ਉਪਜਾਏ ਸਾਚੀ ਬਿੰਦ, ਅੰਮ੍ਰਿਤ ਦੇਵੇ ਸਾਗਰ ਸਿੰਧ, ਨੂਰੀ ਮਸਤਕ ਜੋਤ ਮਹਾਨਿਆ । ਸਦਾ ਸਹਾਈ ਆਪ ਬਖ਼ਸ਼ਿੰਦ, ਦਰ ਘਰ ਘਰ ਦਰ ਸਾਚੇ ਕਰੇ ਪਰਵਾਨਿਆ । ਪਰਗਟ ਹੋਏ ਗੁਣੀ ਗਹਿੰਦ, ਜੋਤੀ ਜੋਤ ਸਰੂਪ ਹਰਿ, ਸ਼ਬਦ ਸਿੰਘਾਸਣ ਸਾਚੇ ਤਖ਼ਤ ਆਪ ਸੁਹਾਨਿਆ । ਸ਼ਬਦ ਤਖ਼ਤ

੧੮੬ ੦੫

ਸੁਲਤਾਨ, ਹਰਿ ਬਿਰਾਜਿਆ । ਸਦਾ ਸਦਾ ਮਿਹਰਵਾਨ, ਹਰਿਜਨ ਸੁਆਰੇ ਕਾਜਿਆ । ਜਨ ਭਗਤਾਂ ਦੇਵੇ ਜੀਆ ਦਾਨ, ਪਰਗਟ ਜੋਤ ਪ੍ਰਭ ਦੇਸ ਮਾਝਿਆ । ਅੱਠੇ ਪਹਿਰ ਬਲੀ ਬਲਵਾਨ, ਵਡ ਸ਼ਾਹੋ ਰਾਜਨ ਰਾਜਿਆ । ਚਾਰੇ ਕੁੰਟਾਂ ਇਕ ਬਿਬਾਣ, ਪੂਰਨ ਜੋਤੀ ਹਰਿ ਭਗਵਾਨ, ਸੋਹੰ ਸ਼ਬਦ ਸਾਚੇ ਤਾਜਿਆ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਜੋਤੀ ਜਾਮਾ ਭੇਖ ਧਰ, ਆਪ ਆਪਣਾ ਸਾਜਨ ਸਾਜਿਆ । ਆਪੇ ਸਾਜਨ ਸਾਜ ਜੋਤ ਜਗਾਈਆ । ਸ਼ਬਦ ਰੱਖੇ ਸੀਸ ਤਾਜ, ਜੋਤ ਰਘੁਰਾਈਆ । ਜਨ ਭਗਤਾਂ ਰੱਖਣ ਆਇਆ ਲਾਜ, ਸੋਹੰ ਉਡਾਏ ਸਾਚਾ ਬਾਜ, ਦਿਸ ਕਿਸੇ ਨਾ ਆਈਆ । ਆਪ ਸਵਾਰੇ ਆਪਣਾ ਕਾਜ, ਨਾਮ ਤੋੜਾ ਕਲ ਕਿ ਆਜ, ਸ਼ਬਦ ਘੋੜਾ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਲੋਕਮਾਤ ਹਰਿ ਜੋਤ ਧਰ, ਆਪੇ ਮੱਕਾ ਹਾਜਨ ਹਾਜਾ, ਆਪੇ ਕਾਅਬਾ ਦੋ ਦੋ ਆਬਾ, ਨਰ ਹਰਿ ਸੱਚੀ ਜਨਾਬਾ, ਕਰੇ ਖੇਲ ਵਡ ਵਡ ਵਡਿਆਈਆ । ਆਪੇ ਮੱਕਾ ਆਪੇ ਮਦੀਨਾ, ਆਪੇ ਦਾਨਾ ਆਪੇ ਬੀਨਾ, ਆਪੇ ਖੇਲ ਰਚਾਇੰਦਾ । ਆਪੇ ਰੂਸਾ ਆਪੇ ਚੀਨਾ, ਆਪੇ ਹੋਏ ਉਮਤ ਨਬੀ ਰਸੂਲਾ, ਆਪੇ ਦੀਨਾ ਆਪੇ ਅੱਲਾ, ਆਪੇ ਵਸੇ ਇਕ ਮਹੱਲਾ ਅਟੱਲ ਅਟੱਲਾ ਦਿਸ ਕਿਸੇ ਨਾ ਆਇੰਦਾ । ਆਪੇ ਵਸੇ ਜਲਾਂ ਥਲਾਂ, ਸ਼ਬਦ ਫੜਾਏ ਸਾਚਾ ਭੱਲਾ, ਸਦਾ ਰਹੇ ਅਟੱਲ ਅਟੱਲਾ, ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਵਡ ਛਲ ਛਲ ਵਡ ਮਾਇਆ ਭਰਮ ਭੁਲਾਇੰਦਾ । ਆਪੇ ਅਲ੍ਹਾ ਆਪੇ ਨੂਰ । ਆਪੇ ਸ਼ਬਦ ਸ਼ਾਹ ਸਤਿ ਸਰੂਰ । ਆਪੇ ਹਰਿ ਜਗਤ ਮਲਾਹ, ਆਪੇ ਬੇੜਾ ਭਰਿਆ ਪੂਰ । ਆਪੇ ਦੇਵੇ ਸੱਚਾ ਨਾਂ ਵਰ, ਸਤਿ ਸਰੂਰ । ਆਪੇ ਵੇਖੇ ਥਾਉਂ ਥਾਂ, ਜੋਤੀ ਨੂਰ ਕੋਹਤੂਰ । ਆਪੇ ਪਿਤਾ ਆਪੇ ਮਾਂ, ਸਦਾ ਸਦਾ ਹਾਜ਼ਰ ਹਜ਼ੂਰ । ਆਪ ਉਡਾਏ ਘਰ ਘਰ ਕਾਂ, ਆਪੇ ਨੇੜੇ ਆਪੇ ਦੂਰ । ਆਪੇ ਹੋਏ ਅੰਮ੍ਰਿਤ ਰੂਪੀ ਸੱਚੀ ਗਾਂ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦੇਵੇ ਨਾਮ ਵਰ, ਆਪੇ ਬੇੜਾ ਆਪੇ ਪੂਰ । ਆਪੇ ਵੇਦ ਪਾਠ ਪੁਰਾਨਾ । ਆਪੇ ਅੱਠ ਸੱਠ ਤੀਰਥ ਇਸ਼ਨਾਨਾ । ਆਪੇ ਵਸੇ ਘਟ ਘਟ, ਸਰਬ ਜੀਆਂ ਹਰਿ ਜਾਣੀ ਜਾਣਾ । ਗੁਰਮੁਖਾਂ ਵਸੇ ਕਾਇਆ ਹੱਟ, ਚੌਦਾਂ ਲੋਕ ਸਾਚਾ ਪੱਟ, ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਲੋਕਮਾਤ ਹਰਿ ਜੋਤ ਧਰ, ਆਪ ਬਿਠਾਏ ਸ਼ਬਦ ਬਿਬਾਣਾ । ਸ਼ਬਦ ਬਿਬਾਣਾ ਹਰਿ ਨਿਰੰਕਾਰ ਇਕ ਰਖਾਈਆ । ਗੁਰਮੁਖ ਸਾਚੇ ਹੋ ਅਸਵਾਰ, ਪਹਿਲੀ ਵਾਰ ਪਾਰ ਉਤਾਰ ਦਇਆ ਕਮਾਈਆ । ਜਾਗਰਤ ਜੋਤ ਜੋਤ ਪ੍ਰਭ ਗੁਰਮੁਖ ਸਾਚੇ ਰਿਹਾ ਮਾਤ ਜਗਾਈਆ । ਕਲਜੁਗ ਜੀਵ ਭਾਂਡੇ ਕਾਚੇ, ਦਰ ਦਰ ਘਰ ਘਰ ਝੂਠੇ ਨਾਚੇ, ਮਿਲਿਆ ਮੇਲ ਨਾ ਸਾਚੋ ਸਾਚੇ, ਸਾਚਾ ਰਾਹ ਨਾ ਕੋਈ ਵਖਾਈਆ । ਮਾਇਆ ਲਾਏ ਅਗਨ ਤਮਾਚੇ, ਰਸਨਾ ਰਸਕ ਹੋਈ ਹਲਕਾਈਆ । ਗੁਰਮੁਖ ਢਾਲੇ ਸਾਚੇ ਢਾਂਚੇ, ਹਿਰਦੇ ਅੰਤਰ ਸ਼ਬਦ ਵਾਚੇ, ਵਾਜੇ ਅਨਹਦ ਵਜਾਈਆ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਹਰਿ ਭਗਤ ਦਵਾਰਾ ਬਣ ਵਣਜਾਰਾ, ਰਿਹਾ ਅਲਖ ਜਗਾਈਆ । ਹਰਿ ਭਗਤ ਦਵਾਰ ਅਪਾਰ, ਅਲਖ ਜਗਾਇੰਦਾ । ਮਿਲੇ ਵਸਤ ਨਾਮ ਅਪਾਰ, ਦਿਸ ਕਿਸੇ ਨਾ ਆਇੰਦਾ । ਜਗਤ ਰੀਤੀ ਖੇਲ ਨਿਆਰ, ਕਾਇਆ ਸੀਤਲ ਸੀਤੀ ਧਰਮ ਜੈਕਾਰ, ਸਾਚਾ ਸ਼ਬਦ ਇਕ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਕਾਇਆ ਮੰਦਰ ਗੁਰੂਦਵਾਰਾ, ਸਚ ਮਸੀਤ ਬੈਠਾ ਰਹੇ ਪਤਤ ਪੁਨੀਤ, ਅੱਠੇ ਪਹਿਰ ਰਾਖੋ ਚੀਤ, ਗੁਰਮੁਖ ਵਿਰਲਾ ਰੱਖੇ ਚੀਤ, ਮਾਨਸ ਦੇਹੀ ਲਏ ਜਿੱਤ, ਲੱਖ ਚੁਰਾਸੀ ਫੰਦ ਕਟਾਇੰਦਾ ।

ਗੁਰ ਮੰਦਰ ਤਨ ਸਚ ਦਵਾਰਿਆ । ਅੰਦਰੇ ਅੰਦਰ ਭੇਵ ਨਿਆਰਿਆ । ਲੱਗੇ ਭਾਗ ਕਾਇਆ ਡੂੰਘੀ ਕੰਦਰ ਸ਼ਬਦ ਧੁਨਕਾਰਿਆ । ਆਪੇ ਤੋੜੇ ਵੱਜਾ ਜੰਦਰ, ਕਿਰਪਾ ਕਰ ਸਾਚਾ ਹਰਿ, ਗੁਰਮੁਖ ਸਾਚਾ ਪਾਰ ਉਤਾਰਿਆ । ਲੱਖ ਚੁਰਾਸੀ ਭੌਂਦੀ ਬੰਦਰ, ਮਿਲੇ ਮੇਲ ਨਾ ਨਰ ਹਰਿ ਸੱਚੀ ਸਰਕਾਰਿਆ । ਉਚੇ ਟਿੱਲੇ ਸਾਰੇ ਹਿਲੇ ਗੋਰਖ ਮਛੰਦਰ, ਜਟਾ ਜੂਟ ਅਵਧੂਤ ਫਿਰੇ ਹੰਕਾਰਿਆ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਆਪੇ ਕਰੇ ਸਰਬ ਪਸਾਰਿਆ । ਗੁਰ ਸੰਗਤ ਗੁਰ ਦਰ ਆਈ, ਬਹੁ ਬਹੁ ਰੰਗੀਆ । ਆਤਮ ਤ੍ਰਿਸ਼ਨਾ ਕਿਸੇ ਵਧਾਈ, ਕਾਇਆ ਰੋਗ ਰਿਹਾ ਸਤਾਈ, ਦੁੱਖੀ ਭੁੱਖੀ ਆਤਮ ਨੰਗੀਆ । ਗੁਰਮੁਖ ਵਿਰਲੇ ਆਤਮ ਵੱਜੇ ਵਧਾਈ, ਪ੍ਰਭ ਦੇਵੇ ਇਕ ਸਰਨਾਈਆ । ਮਿਲੇ ਵਸਤ ਦਸਤ ਮੂੰਹੋਂ ਮੰਗੀ, ਹਰਿਜਨ ਗਾਏ ਚਾਈਂ ਚਾਈਆ । ਹੋਏ ਸਹਾਈ ਸਭਨੀਂ ਥਾਈਂ, ਪ੍ਰਭ ਦੇਵੇ ਇਕ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਸਦਾ ਸੁਹੇਲਾ ਸੰਗ ਸੰਗੀਆ । ਤਨ ਰੋਗ ਸੋਗ ਦੁਖਦਾਇਆ ਏ । ਰਸਨਾ ਰਸ ਝੂਠਾ ਭੋਗ, ਪੁਰਖ ਨਿਰੰਜਣ ਨਾ ਰਸਨਾ ਗਾਇਆ ਏ । ਮਾਇਆ ਰਾਣੀ ਕਰਮ ਵਿਜੋਗ, ਸ਼ਬਦ ਨਾ ਚੁਗੀ ਸਾਚੀ ਚੋਗ, ਮੁਖ ਮਦਿਰਾ ਮਾਸ ਲਗਾਇਆ ਏ । ਕਵਣ ਕਟੇ ਹਉਮੇ ਰੋਗ, ਨਾਤਾ ਤੁਟਾ ਧੁਰ ਸੰਜੋਗ, ਦਰਸ ਅਮੋਘ ਕਿਸੇ ਨਾ ਪਾਇਆ ਏ । ਮਮਤਾ ਲੱਗਾ ਜਗਤ ਵਿਜੋਗ, ਸਤਿ ਪੁਰਖ ਨਿਰੰਜਣ ਸਤਿ ਸਤਿਵਾਦੀ ਅਗਾਧ ਬੋਧਾ ਨਿਰਭੈ ਨਿਰਵੈਰ ਘਰ ਸਾਚੇ ਸਦ ਨਾ ਕਿਸੇ ਬਹਾਇਆ ਏ । ਝੂਠੀ ਪੀਣੀ ਜਗਤ ਮਧ, ਰਸਨ ਵਿਕਾਰ ਚਲਾਇਆ ਏ । ਦਸਮ ਦਵਾਰੀ ਔਖੀ ਹੱਦ, ਬਾਹੋਂ ਫੜ ਨਾ ਪਾਰ ਕਿਸੇ ਕਰਾਇਆ ਏ । ਗੁਰਮੁਖ ਵਿਰਲਾ ਉਪਜੇ ਸਾਚੀ ਯੱਦ, ਜਿਸ ਸਰਬ ਕੁਟੰਬ ਤਰਾਇਆ ਏ । ਜੋਤੀ ਜੋਤ ਸਰੂਪ ਹਰਿ, ਜਨ ਭਗਤਾਂ ਦੇਵੇ ਨਾਮ ਵਰ, ਰੰਗ ਮਜੀਠੀ ਇਕ ਚੜ੍ਹਾਇਆ ਏ । ਕਾਇਆ ਰੋਗ ਜਗਤ ਸੰਤਾਪ । ਧੁਰ ਦਰਗਾਹੀ ਸਦਾ ਵਿਜੋਗ, ਮਨ ਬੌਰਾਨਾ ਵਧਿਆ ਪਾਪ । ਸਚ ਰਸ ਰਸਨ ਰਸਾਇਣੀ ਨਾ ਲਿਆ ਭੋਗ, ਅਜਪ ਅਜਪਾ ਨਾ ਜਪਿਆ ਜਾਪ । ਕਲਜੁਗ ਵੇਲਾ ਅੰਤਮ ਆਇਆ, ਜੋਤ ਨਿਰੰਜਣ ਭੇਖ ਵਟਾਇਆ, ਦੁੱਖ ਦਰਦ ਭੈ ਭੰਜਨ ਆਪ ਅਖਵਾਇਆ, ਆਪ ਕਟਾਏ ਵਡ ਸੰਤਾਪ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਆਪੇ ਜਾਣੇ ਆਪਣਾ ਆਪ । ਹੱਡ ਨਾੜੀ ਮਾਸ ਤਨ ਦੁੱਖ । ਦਰ ਘਰ ਘਰ ਦਰ ਹੋਇਆ ਵਾਸ, ਅੱਠੇ ਪਹਿਰ ਰਹੇ ਸੁਖ । ਸ਼ਬਦ ਚਲੇ ਰਸਨ ਸਵਾਸ, ਸੁਫਲ ਹੋਏ ਸਾਚਾ ਮੁਖ । ਕਾਇਆ ਅੰਦਰ ਪ੍ਰਿਥਮੀ ਅਕਾਸ, ਮਾਤ ਗਰਭ ਉਲਟਾ ਰੁਖ਼ । ਸੁੰਞਾ ਮੰਦਰ ਇਕ ਪਰਭਾਸ, ਮਾਨਸ ਦੇਹੀ ਵੇਖ ਮਾਨੁੱਖ । ਗੁਰਮੁਖ ਵਿਰਲਾ ਜਾਣੇ ਸਚ ਮੰਡਲ ਦੀ ਸਾਚੀ ਰਾਸ, ਜੂਠੇ ਝੂਠੇ ਧੂਏਂ ਰਹੇ ਧੁੱਖ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦੇਵੇ ਇਕ ਵਰ, ਆਪ ਚੁਕਾਏ ਸਗਲੇ ਦੁੱਖ । ਦੁੱਖ ਰੋਗ ਪ੍ਰਭ ਕੱਟ ਦਇਆ ਕਮਾਇੰਦਾ । ਸ਼ਬਦ ਰਖਾਏ ਹੱਟ, ਕਾਇਆ ਤਨ ਵਿਕਾਇੰਦਾ । ਨਾਮ ਲਪੇਟੇ ਏਕੇ ਪਟ, ਬੇੜਾ ਬੰਨ੍ਹ ਵਖਾਇੰਦਾ । ਰਸਨਾ ਰਸ ਹਰਿਜਨ ਲੈਣਾ ਚਟ, ਬਹੱਤਰ ਨਾੜੀ ਦਇਆ ਕਮਾਇੰਦਾ । ਸਾਚਾ ਲਾਹਾ ਲੈਣਾ ਖੱਟ, ਤਿੰਨ ਸੌ ਸੱਠ ਹਾਡੀ ਜੋੜ ਜੁੜਾਇੰਦਾ । ਆਪੇ ਵੇਖੇ ਘਟ ਘਟ, ਪਰਦਾ ਉਹਲਾ ਨਾ ਕੋਈ ਰਖਾਇੰਦਾ । ਬੇਮੁਖ ਜਾਨਣ ਖੇਲ ਬਾਜੀਗਰ ਨਟ, ਭਰਮ ਭੁਲੇਖੇ ਆਪ ਭੁਲਾਇੰਦਾ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਆਪ ਆਪਣੀ ਦਇਆ ਕਮਾਇੰਦਾ । ਕਿਸੇ ਦਿਕ ਕਿਸੇ ਤਾਪ । ਕਿਸੇ ਸਿੱਕ ਕਿਸੇ ਮਿਲੇ ਪ੍ਰਭ ਆਪ । ਨੀਕਨ ਨੀਕ ਅਜੱਪਾ ਜਾਪ । ਜੋਤੀ ਜੋਤ ਸਰੂਪ ਹਰਿ, ਆਪੇ ਜਾਣੇ ਆਪਣਾ ਵਡ ਪਰਤਾਪ ।

੧੮੯ ੦੫

ਆਪੇ ਕਰੋਧ ਪਵਣ ਸੁਵਾਸਿਆ । ਆਪੇ ਪੀਣ ਖਾਣ, ਆਪੇ ਪਵਣ ਪਾਣੀ ਧਰਾਪਿਆ । ਆਪੇ ਵੇਖੇ ਮਾਰ ਧਿਆਨ, ਅੰਗ ਅੰਗ ਸੰਗ ਸੰਗ ਰੰਗ ਅਨੂਪਿਆ । ਆਪੇ ਉਡੇ ਉਡਾਏ ਵਿਚ ਬਿਬਾਣ, ਹਰਿ ਆਪੇ ਸ਼ਾਹੋ ਵਡ ਵਡ ਭੂਪਿਆ । ਆਪੇ ਜਾਣੇ ਆਤਮ ਬ੍ਰਹਮ ਗਿਆਨ, ਕਾਇਆ ਅੰਧੇਰ ਅੰਧ ਅੰਧ ਕੂਪਿਆ । ਆਪੇ ਚਤੁਰਭੁਜ ਭਗਵਾਨ, ਆਪੇ ਹੋਏ ਬਿਨ ਰੰਗ ਰੂਪ ਰੇਖਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦੇਵੇ ਨਾਮ ਵਰ, ਸੋਹੰ ਸ਼ਬਦ ਸੱਚਾ ਧੂਪਿਆ । ਤਨ ਮਨ, ਹਿਰਦੇ ਰੋਗ ਦੁੱਖ ਦਾਇਆ ਏ । ਮਾਨਸ ਦੇਹੀ ਲੱਗਾ ਡੰਨ, ਅੱਠੇ ਪਹਿਰ ਸੁਖ ਨਾ ਆਇਆ ਏ । ਭਾਂਡਾ ਭਰਮ ਨਾ ਲਿਆ ਭੰਨ, ਸ਼ਬਦ ਨਾ ਸੁਣਿਆ ਸਾਚਾ ਕੰਨ, ਮਨ ਹੰਕਾਰ ਵਸਾਇਆ ਏ । ਤਨ ਨਾ ਚੜ੍ਹਿਆ ਸਾਚਾ ਚੰਨ, ਰਸਨ ਨਾ ਗਾਏ ਧੰਨ ਧੰਨ, ਹਉਮੇ ਰੋਗ ਸ਼ਬਦ ਜਲਾਇਆ ਏ । ਗੁਰਮੁਖ ਵਿਰਲੇ ਆਪਣਾ ਬੇੜਾ ਲੈਣਾ ਬੰਨ੍ਹ, ਭਰਮ ਭੁਲੇਖਾ ਕੱਢੇ ਜਨ, ਚਰਨ ਟੇਕ ਏਕਾ ਏਕ ਰਘੁਰਾਇਆ ਏ । ਪੰਜ ਚੋਰ ਨਾ ਲਾਇਣ ਸੰਨ੍ਹ, ਸੱਚਾ ਮਿਲੇ ਨਾਮ ਧੰਨ, ਸਾਚੇ ਮੰਦਰ ਕਾਇਆ ਅੰਦਰ ਆਪ ਟਿਕਾਇਆ ਏ । ਪੁਰਖ ਅਬਿਨਾਸ਼ੀ ਆਪੇ ਬੇੜਾ ਰਿਹਾ ਬੰਨ੍ਹ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਾਇਆ ਜਿੰਦਰ ਜਿਸ ਤੁੜਾਇਆ ਏ । ਬਾਸ਼ਕ ਸੇਜਾ ਹਰਿ ਸੁਹਾਈਆ । ਸਾਂਗੋ ਪਾਂਗ ਸੇਜ ਵਿਛਾਈਆ । ਨੈਣ ਮੁੰਧਾਰ ਸੁੱਤਾ ਰਘੁਰਾਈਆ । ਸਾਚੀ ਭੁਜਾ ਹਰਿ ਫੈਲਾਈਆ । ਲੱਛਮੀ ਚਰਨ ਝੱਸਣ ਆਈਆ । ਆਲਸ ਨਿੰਦਰਾ ਖੇਲ ਰਚਾਈਆ । ਜੋਤੀ ਜੋਤ ਸਰੂਪ ਹਰਿ, ਆਪਣੀ ਮਾਇਆ ਆਪ ਵਰਤਾਈਆ । ਲੱਛਮੀ ਕਰ ਮਨ ਵਿਚਾਰਿਆ । ਲਾਲ ਭੂਸ਼ਨ ਤਨ ਸ਼ਿੰਗਾਰ, ਬੈਠੀ ਦਰ ਸੱਚੀ ਸਰਕਾਰਿਆ । ਭੁੱਜਾਂ ਵੇਖ ਅਪਰ ਅਪਾਰ, ਬਲ ਪਰਖੇ ਕਿਹੜੀ ਧਾਰਿਆ । ਪੁਰਖ ਨਿਰੰਜਣ ਸਰਬ ਪਸਾਰ, ਕਰਨਹਾਰ ਆਪ ਅਖਵਾ ਰਿਹਾ । ਸਨਕ ਸਨੰਦਨ ਸਨਾਤਨ ਸੰਤ ਕੁਮਾਰ, ਪੂਤ ਸਪੂਤੇ ਆਪ ਜਗਾ ਰਿਹਾ । ਸਾਚਾ ਦੇਵੇ ਇਕ ਗਿਆਨ, ਏਕਾ ਸੰਗ ਮਿਲਾ ਰਿਹਾ । ਆਏ ਦਰ ਦਰਬਾਨ, ਪਾਰਖ ਅੱਗੇ ਹੋ ਅਟਕਾ ਰਿਹਾ । ਰਸਨਾ ਚਲੇ ਤੀਰ ਕਮਾਨ, ਸੰਤ ਕੁਮਾਰ ਇਹ ਸੁਣਾ ਰਿਹਾ । ਪਰਗਟ ਹੋਏ ਵਿਚ ਜਹਾਨ, ਸਚ ਦਵਾਰੇ ਜੋ ਅਟਕਾ ਰਿਹਾ । ਮਾਤਲੋਕੀ ਪੀਣ ਖਾਣ, ਧਰਤ ਮਾਤ ਗੋਦ ਉਠਾ ਰਿਹਾ । ਕਰੇ ਖੇਲ ਆਪ ਭਗਵਾਨ, ਦੂਸਰ ਭੇਵ ਨਾ ਕੋਈ ਪਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਬਣਤ ਬਣਾ ਰਿਹਾ । ਆਪ ਆਪਣੀ ਬਣਤ ਬਣਾਈਆ । ਦੋਏ ਪਾਰਖ ਮਾਤ ਉਪਜਾਈਆ । ਲੱਛਮੀ ਦੱਸੇ ਖੇਲ ਹਰਿ ਰਘੁਰਾਈਆ । ਬ੍ਰਹਮੇ ਤੁੱਟੇ ਮਾਣ ਦਏ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਸਾਚੀ ਕਾਰ ਕਰਾਈਆ । ਸਾਚਾ ਪਾਰਖ ਪੁਰਖ ਬਲਵਾਨਾ । ਧਰਤ ਮਾਤ ਮਾਤ ਧਰਤ ਆਪ ਦਬਾਈ ਦਿਸ ਨਾ ਆਈ ਵਿਚ ਜਹਾਨ, ਅਤਲ ਵਿਤਲ ਸੁਤਲ ਲੋਕ ਚਰਨਾਂ ਹੇਠ ਦਬਾਈਆ । ਤਲਾਤਲ ਰਸਤਲ ਮਹਾਤਲ ਪਾਤਾਲ ਲੋਕ ਦਏ ਦੁਹਾਈਆ । ਹਰਨ ਕਸ਼ਪ ਹਰਨ ਮਾਣ ਤਾਣ, ਸਰਬ ਜਹਾਨ ਦੇਵੇ ਮਾਣ ਗੁਵਾਈਆ । ਬ੍ਰਹਮਾ ਕਰੇ ਇਕ ਧਿਆਨ, ਪੁਰਖ ਅਬਿਨਾਸ਼ੀ ਹੋ ਮਿਹਰਵਾਨ, ਬਵੰਜਾ ਕਰੋੜ ਯੋਜਨ ਪ੍ਰਿਥਮੀ ਹਰਨ ਕਸ਼ਪ ਲੈ ਗਿਆ ਉਠਾਈਆ । ਪ੍ਰਭ ਅਬਿਨਾਸ਼ੀ ਦਇਆਧਾਰ, ਬਰਾਹ ਰੂਪ ਵਿਚ ਸੰਸਾਰ, ਵੇਖ ਵਖਾਏ ਹੰਕਾਰੀ ਵਿਕਾਰੀ ਦੁਸ਼ਟ ਦੁਰਾਚਾਰ । ਸੱਤ ਪਤਾਲਾਂ ਵੇਖ ਵਿਚਾਰੇ, ਡੂੰਘੇ ਸਾਗਰ ਕਿਹੜੀ ਗਾਰ । ਹਰਨ ਕਸ਼ਪ ਨਾਰਦ ਲਲਕਾਰੇ । ਕਵਣ ਮਾਰੇ ਵਿਚ ਸੰਸਾਰੇ । ਨਾਰਦ ਮੁਨ ਆਖ ਪੁਕਾਰੇ, ਪਰਗਟ ਹੋਇਆ ਹਰਿ ਨਿਰੰਕਾਰ । ਜੋਤੀ ਜੋਤ ਸਰੂਪ ਹਰਿ, ਆਪੇ ਜਾਣੇ ਆਪਣੀ ਕਾਰ । ਬਰਾਹ

ਰੂਪ ਹਰਿ ਵਟਾਇਆ । ਲੋਕ ਪਤਾਲ ਰੱਖਿਆ ਏਕਾ ਰਾਹ, ਸਤਵੇਂ ਅੰਦਰ ਡੇਰਾ ਲਾ, ਜਗਤ ਉਠਾਈ ਧਰਤੀ ਮਾਂ, ਜਲੇ ਜਲ ਉਪਰ ਆਪ ਲਿਆਇਆ । ਹਰਿ ਹਰਨਾਖ਼ਸ਼ ਪਕੜੇ ਬਾਂਹ, ਹੰਕਾਰ ਵਿਕਾਰਾ ਯੁੱਧ ਕਰਾਇਆ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਦੁਸ਼ਟ ਹੰਕਾਰੀ ਮਾਰੇ ਥਾਂ, ਆਪਣਾ ਬਿਰਦ ਰਖਾਇਆ । ਜੋਤੀ ਜੋਤ ਸਰੂਪ ਹਰਿ, ਦੂਜਾ ਪਾਰਖ ਆਪ ਉਪਾਇਆ । ਦੂਜਾ ਪਾਰਖ ਕਰ ਹਰਨਾਖ਼ਸ਼, ਬੁੱਧ ਅਪਰ ਅਪਾਰ । ਪ੍ਰਹਿਲਾਦ ਸੁਤ ਧਰਮ ਜੈਕਾਰ । ਸੁਹਾਈ ਰੁੱਤ ਵਿਚ ਸੰਸਾਰ । ਪਾਰਬ੍ਰਹਮ ਅਬਿਨਾਸ਼ੀ ਅਚੁੱਤ, ਹੋਇਆ ਪਹਿਰੇਦਾਰ । ਪਕੜ ਪਛਾੜੇ ਮਾਰ ਕੁੱਟ, ਨਰ ਸਿੰਘ ਰੂਪ ਅਪਰ ਅਪਾਰ । ਜਨ ਭਗਤਾਂ ਦੇਵੇ ਅੰਮ੍ਰਿਤ ਘੁਟ, ਬੇੜਾ ਕਰਿਆ ਮਾਤ ਪਾਰ । ਮਾਨਸ ਦੇਹੀ ਗਈ ਛੁੱਟ, ਸਤਿਜੁਗ ਨਾ ਦੀਸੇ ਕੋਈ ਸਹਾਰ । ਸਤਿਜੁਗ ਚੋਗ ਗਈ ਨਿਖੁੱਟ, ਤ੍ਰੇਤੇ ਮਿਲਿਆ ਇਕ ਅਧਾਰ । ਰਾਵਣ ਕੁੰਭ ਬੈਠੇ ਰੁਠ, ਰਾਮ ਰਾਮਾ ਹਰਿ ਕਰਤਾਰ । ਵੇਲੇ ਅੰਤਮ ਗਿਆ ਤੁਠ, ਮਾਰ ਮਿਟਾਏ ਖੰਡਾ ਦੋ ਧਾਰ । ਦੂਜੇ ਜਾਮੇ ਗਏ ਰੁੱਠ, ਤੀਜੇ ਮਿਲੇ ਮੀਤ ਮੁਰਾਰ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਵਿਚ ਦੁਆਪਰ ਖੇਲ ਅਪਾਰ । ਭਗਤ ਵਛਲ ਗਿਰਵਰ ਗਿਰਧਾਰ ਪਾਰਬ੍ਰਹਮ ਰੂਪ ਅਪਾਰਾ । ਆਪ ਜਾਣੇ ਆਪਣਾ ਮੇਲ, ਭਗਤ ਵਛਲ ਸੱਚੀ ਸਰਕਾਰਾ । ਅਛਲ ਅਛੱਲ ਖੇਲ ਨਿਆਰ, ਆਪੇ ਜਾਣੇ ਆਪਣੀ ਧਾਰ, ਆਪੇ ਅੰਦਰ ਆਪੇ ਬਾਹਰ, ਆਪੇ ਹੋਏ ਸਰਬ ਸਹਾਰ, ਆਪੇ ਮਾਰ ਜੁਵਾਲੇ ਰਖਣਹਾਰਾ । ਆਪੇ ਨਾਰੀ ਆਪੇ ਨਰ, ਜੋਤੀ ਜੋਤ ਸਰੂਪ ਹਰਿ, ਜੁਗਾ ਜੁਗੰਤਰ ਜੋਤ ਧਰ, ਜਗਤ ਅਵੱਲੜਾ ਭੇਸ ਕਰ, ਤੋੜੇ ਮਾਤ ਸਰਬ ਹੰਕਾਰਾ । ਮਾਣ ਹੰਕਾਰ ਸਰਬ ਗਵਾਇੰਦਾ । ਇਕ ਕਰਾਏ ਆਪਣੇ ਨਾਮ ਜੈਕਾਰ, ਦੂਸਰ ਹੋਰ ਨਾ ਕੋਈ ਅਖਵਾਇੰਦਾ । ਆਪੇ ਆਪ ਸੱਜਣ ਯਾਰ, ਸਚ ਸਿੰਘਾਸਣ ਡੇਰਾ ਲਾਇੰਦਾ । ਜਨ ਭਗਤ ਚੋਬਦਾਰ, ਛਤਰ ਸੀਸ ਜਗਦੀਸ ਇਕ ਝੁਲਾਇੰਦਾ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਮਾਇਆਧਾਰੀ ਦਰਯੋਧਨ ਹੰਕਾਰੀ ਜਗਤ ਵਿਕਾਰੀ ਏਕਾ ਘਾਇੰਦਾ । ਦਰਯੋਧਨ ਹੰਕਾਰ ਮਨ ਵਧਾਇਆ । ਮੰਗਣ ਗਿਆ ਇਕ ਵਰ, ਭਿੱਛਿਆ ਇੱਛਿਆ ਪੂਰ ਕਰਾਇਆ । ਸ਼ਬਦ ਘੋੜੇ ਕਸ ਤੰਗ, ਨਾਮ ਰਬਾਬਾ ਵੱਜੇ ਮਰਦੰਗ, ਸਾਚੀ ਰਚਨਾ ਆਪ ਰਚਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਖੇਲ ਕਰ, ਕੌਰੋ ਪਾਂਡੋ ਭੇੜ ਭਿੜਾਇਆ । ਜੁਗ ਦੁਆਪਰ ਕਰ ਤਿਆਰੀ । ਕਰੇ ਖੇਲ ਕ੍ਰਿਸ਼ਨ ਮੁਰਾਰੀ । ਭਾਈ ਭਾਈਆਂ ਨਾਤਾ ਤੁੱਟਾ, ਛੁੱਟਾ ਸਾਕ ਮੀਤ ਮੁਰਾਰੀ । ਸ਼ਬਦ ਤੀਰ ਰਸਨਾ ਛੁਟਾ, ਚਾਰੋਂ ਕੁੰਟ ਆਈ ਹਾਰੀ । ਜੋਤੀ ਜੋਤ ਸਰੂਪ ਹਰਿ, ਕਰੇ ਖੇਲ ਵਡ ਪ੍ਰਬਲ ਬਲਕਾਰੀ । ਉਠੇ ਯੋਧੇ ਵਡ ਬਲਵਾਨ, ਵਿਚ ਬਿਬਾਨਿਆ । ਵੇਖੇ ਖੇਲ ਸ੍ਰੀ ਭਗਵਾਨ, ਵਾਲੀ ਦੋ ਜਹਾਨਿਆ । ਅਰਜਨ ਹੋਇਆ ਮਨ ਗੁਮਾਨ, ਕਵਣ ਮਾਰਾਂ ਤੀਰ ਨਿਸ਼ਾਨ, ਏਕਾ ਕੁੱਲ ਦਿਸ ਦਿਸਾਨਿਆ । ਹਥੋਂ ਸੁੱਟੇ ਤੀਰ ਕਮਾਨ, ਪ੍ਰਭ ਅਬਿਨਾਸ਼ੀ ਚਰਨੀ ਡਿਗਾ ਆਣ, ਸਰਬ ਘਟਾਂ ਘਟ ਜਾਣੀ ਜਾਣ, ਦਰ ਦਵਾਰੇ ਡਿਗਾ ਆਣ, ਪੂਤ ਸਪੂਤੇ ਏਕਾ ਮਾਣ, ਧਿਰਤ ਰਾਸ਼ਟਰ ਪੂਤ ਸੁਜਾਨ, ਦੂਸਰ ਹੋਰ ਨਾ ਕੋਈ ਜਾਨਿਆ । ਦਰੋਨਾਚਾਰਜ ਗੁਰੂ ਮਿਹਰਵਾਨ, ਜਿਸਨੇ ਦੀਆ ਬ੍ਰਹਮ ਗਿਆਨ, ਅਸਅਸਥਾਮਾ ਨਾਲ ਬਲਵਾਨ, ਸਾਚਾ ਭਾਈ ਬੀਰ ਬਲਵਾਨਿਆ । ਕਰਨ ਯੋਧਾ ਮਾਰ ਧਿਆਨ, ਅੰਤਮ ਮਿਟੇ ਨਾਮ ਨਿਸ਼ਾਨ, ਕਿਰਪਾ ਕਰ ਗੁਣ ਨਿਧਾਨ, ਹੇ ਮਿਹਰਵਾਨ ਮਿਹਰਵਾਨਿਆ । ਆਪ ਬੋਲੇ ਸ੍ਰੀ ਭਗਵਾਨ, ਅਰਜਨ ਸੁਣ ਜੀਵ ਨਾਦਾਨ, ਵੇਲੇ ਅੰਤਮ ਕਾਹੂੰ ਡੋਲਿਆ । ਹਰਿ ਅਰਜਨ ਆਪ ਸਮਝਾਇੰਦਾ । ਪ੍ਰਭ ਸਾਚੇ ਰਚਨ ਰਚਾਈਆ । ਭਰਮ ਭੁਲੇਖੇ ਆਪ ਭੁਲਾਇੰਦਾ । ਮਾਇਆ

ਪੜਦਾ ਇਕ ਰਖਾਈਆ, ਜੋ ਵੇਖੇ ਦਿਸ ਨਾ ਆਇੰਦਾ । ਵੇਲੇ ਅੰਤ ਸਰਬ ਮਿਟ ਜਾਈਆ, ਆਪੇ ਜਾਣੇ ਆਪਣੇ ਲੇਖੇ, ਆਪੇ ਗਣਤ ਗਿਣਾਇੰਦਾ । ਆਪੇ ਧਾਰਿਆ ਹਰਿ ਜੀ ਭੇਖੇ, ਤੀਰ ਕਮਾਨ ਨਾ ਕੋਈ ਉਠਾਇੰਦਾ । ਆਪ ਮਿਟਾਏ ਸ੍ਰਿਸ਼ਟ ਸਬਾਈ ਰੇਖੇ, ਵਡ ਰਥਵਾਹੀ ਰਥ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪੇ ਜਾਣੇ ਆਪਣੇ ਵੇਸੇ, ਆਪਣੇ ਭਾਣੇ ਆਪ ਸਮਾਇੰਦਾ । ਆਪ ਆਪਣਾ ਕਰੇ ਅਕਾਰ, ਆਪ ਉਪਾਇੰਦਾ । ਆਪੇ ਵਰਤੇ ਵਿਚ ਸੰਸਾਰ, ਆਪੇ ਬਣਤ ਬਣਾਇੰਦਾ । ਆਪੇ ਮਾਇਆ ਰਿਹਾ ਪਸਰ ਪਸਾਰ, ਜੋਧਾ ਬੀਰ ਆਪ ਅਖਵਾਇੰਦਾ । ਆਪੇ ਰਥ ਘੋੜਾ ਪਵਣ ਅਸਵਾਰ, ਸਰਬ ਥਾਈਂ ਆਪ ਸਮਝਾਇੰਦਾ । ਚੌਦਾਂ ਲੋਕਾਂ ਵਣਜ ਵਪਾਰ, ਲੋਆਂ ਪੁਰੀਆਂ ਪਸਰ ਪਸਾਰ, ਆਪ ਬਣਾਏ ਆਪੇ ਢਾਹਿੰਦਾ । ਆਪੇ ਤੀਰ ਤੇਜ਼ ਕਟਾਰ, ਸ਼ਸਤਰ ਅਸਤਰ ਆਪ ਅਖਵਾਇੰਦਾ । ਗੁਣ ਅਵਗੁਣ ਰਿਹਾ ਵਿਚਾਰ, ਸਾਚੇ ਭਗਤ ਹੋ ਹੁਸ਼ਿਆਰ, ਪ੍ਰਭ ਮਾਇਆ ਭਰਮ ਚੁਕਾਇੰਦਾ । ਨੇਤਰ ਖੋਲ੍ਹ ਬੰਦ ਕਿਵਾੜ, ਸ੍ਰਿਸ਼ਟ ਸਬਾਈ ਚਬਾਈ ਦਾੜ੍ਹ, ਹਰਿ ਆਪਣਾ ਭੇਖ ਵਟਾਇੰਦਾ । ਕਿਸੇ ਨਾ ਦੀਸੇ ਪਿੱਛਾ ਅਗਾੜ, ਨਾ ਕੋਈ ਪੁਰੀ ਲੋਅ ਅਕਾਸ਼ ਮੰਡਲ ਧਰਤ ਖ਼ਾਕ, ਸਾਗਰ ਸਿੰਧ ਕੋਈ ਦਿਸ ਨਾ ਆਇੰਦਾ । ਨਾ ਕੋਈ ਮਹੱਲ ਅਟੱਲ ਉਚ ਤਾਕ, ਜੰਗਲ ਜੂਹ ਉਜਾੜ ਪਹਾੜ ਪਰਬਤ ਨੌਂ ਖੰਡ ਪ੍ਰਿਥਮੀ ਵਿਚ ਸਮਾਇੰਦਾ । ਨਾ ਕੋਈ ਹਸਤ ਘੋੜਾ ਨਾ ਕੋਈ ਸ਼ਾਹ ਰਾਕ, ਤੀਰ ਤੁਫੰਗ ਅੰਗ ਅੰਗ ਨਾ ਸੰਗ ਕੋਈ ਸਮਾਇੰਦਾ । ਨਗਾਰ ਧੌਂਸਾ ਨਾ ਕੋਈ ਮਰਦੰਗ, ਲੱਖ ਚੁਰਾਸੀ ਕੱਚੀ ਵੰਗ, ਪ੍ਰਭ ਆਪਣੇ ਵਿਚ ਵਖਾਇੰਦਾ । ਅੰਮ੍ਰਿਤ ਵਹੇ ਧਾਰਾ ਗੰਗ, ਕਰੋੜ ਤੇਤੀਸਾ ਇੰਦਰ ਸੰਗ, ਸ਼ਿਵ ਸ਼ੰਕਰ ਮੰਗੇ ਸਾਚੀ ਮੰਗ, ਬ੍ਰਹਮਾ ਸੀਸ ਨਿਵਾਇੰਦਾ । ਲੋਆਂ ਪੁਰੀਆਂ ਹੋਈਆਂ ਭੰਗ, ਹਰਿ ਜੀ ਵਰਤੇ ਆਪਣਾ ਰੰਗ, ਹੋਰ ਕੋਈ ਦਿਸ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਚੌਦਾਂ ਲੋਕਾਂ ਵੇਸ ਕਰ, ਸੱਤਾਂ ਸੱਤਾਂ ਵੰਡ ਕਰਾਇੰਦਾ । ਸੱਤ ਲੋਕ ਅਕਾਸ਼ ਸੱਤ ਪਾਤਾਲਿਆ । ਅਰਜਨ ਦੇਵੇ ਹਰਿ ਧਰਵਾਸ, ਜੀਵ ਜਿਵਾਲਿਆ । ਆਪੇ ਹੋਏ ਪ੍ਰਿਥਮੀ ਅਕਾਸ਼, ਆਪੇ ਹੋਏ ਘਟ ਘਟ ਵਾਸ, ਚਤਰਭੁਜ ਆਪ ਅਖਵਾ ਲਿਆ । ਆਪੇ ਹੋਏ ਦਸ ਦਸ ਮਾਸ, ਆਪੇ ਹੋਏ ਘਟ ਘਟ ਵਾਸ, ਆਦਿ ਅੰਤ ਨਾ ਜਾਏ ਵਿਨਾਸ, ਆਪੇ ਲੇਖਾ ਸ਼ਬਦ ਸਵਾਸ, ਚੰਦ ਸੂਰਜ ਅਵਤਾਰਿਆ । ਜੋਤੀ ਜੋਤ ਸਰੂਪ ਹਰਿ, ਤ੍ਰੈਗੁਣ ਮਾਇਆ ਵੇਸ ਕਰ, ਹਰਿ ਹਰਿ ਭੁਗਤ ਜੁਗਤ ਸਾਚਾ ਰਾਹ ਵਖਾ ਰਿਹਾ । ਗੁਰਦਵਾਰਾ ਇਕ ਨਿਸ਼ਾਨ ਹੈ । ਨਾ ਕੋਈ ਮੰਦਰ ਨਾ ਕੋਈ ਮਕਾਨ ਹੈ । ਆਤਮ ਧਰਮ ਬ੍ਰਹਮ ਗਿਆਨ ਹੈ । ਗੁਰ ਪੂਰੇ ਦਾ ਸਾਚਾ ਜਨਮ, ਜਿਥੇ ਉਪਜੇ ਨਾਮ ਨਿਧਾਨ ਹੈ । ਮਾਨਸ ਦੇਹੀ ਪੂਰਨ ਕਰਮ, ਜਿਸ ਮਿਲਿਆ ਬ੍ਰਹਮ ਗਿਆਨ ਹੈ । ਦੂਈ ਦਵੈਤੀ ਝੂਠਾ ਭਰਮ, ਆਪੇ ਰਾਮ ਰਹੀਮ ਰਹਿਮਾਨ ਹੈ । ਜੋਤੀ ਜੋਤ ਸਰੂਪ ਹਰਿ, ਸਤਿਜੁਗ ਸਾਚੇ ਦੇਵੇ ਜਰਮ, ਝੁੱਲੇ ਫੇਰ ਸੱਚਾ ਨਿਸ਼ਾਨ ਹੈ । ਸ਼ਬਦ ਕਿਰਪਾਨ ਤੇਜ਼ ਖੰਡਾ । ਵਿਚ ਜਹਾਨ ਉਚਾ ਡੰਡਾ । ਨਾਮ ਨਿਰਬਾਣ ਪਾਈ ਵੰਡਾ । ਗੁਣ ਨਿਧਾਨ ਵਿਚ ਬ੍ਰਹਿਮੰਡਾ । ਪੂਰਨ ਭਗਵਾਨ ਆਪ ਮੇਟ ਮਿਟਾਏ ਭੇਖ ਪਖੰਡਾ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਜੋਤੀ ਜਾਮਾ ਭੇਖ ਧਰ, ਇਕ ਉਠਾਏ ਨਾਮ ਚੰਡ ਪਰਚੰਡਾ । ਸ਼ਬਦ ਖੰਡਾ ਜਿਸ ਜਨ ਹੱਥ ਉਠਾਇਆ ਏ । ਆਤਮ ਹੋਏ ਮਾਤ ਨਾ ਰੰਡਾ, ਆਤਮ ਘਮੰਡਾ ਦੂਰ ਕਰਾਇਆ ਏ । ਸੀਤਲ ਕਾਇਆ ਪਾਏ ਠੰਡਾ, ਮਿਲੇ ਨਾਮ ਵਿਚ ਵਰਭੰਡਾ, ਬ੍ਰਹਿਮੰਡ ਖੋਜ ਖੁਜਾਇਆ ਏ । ਕਲਜੁਗ ਅੰਤਮ ਆਇਆ ਕੰਢਾ, ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਏਕਾ ਸ਼ਬਦ ਖੰਡਾ ਵਡਿਆਇਆ ਏ ।

ਸ਼ਬਦ ਖੰਡਾ ਹੱਥ ਦਾਤਾਰ, ਜਨ ਭਗਤ ਤਰਾਇੰਦਾ । ਬੇਮੁਖਾਂ ਕਰ ਖਵਾਰ, ਲੱਖ ਚੁਰਾਸੀ ਗੇੜ ਭਵਾਇੰਦਾ । ਗੁਰਮੁਖ ਸਾਚੇ ਸ਼ਬਦ ਵਣਜਾਰ, ਏਕਾ ਦੱਸੇ ਸਚ ਪਿਆਰ, ਜ਼ਾਤੀ ਪਾਤੀ ਵਰਨ ਗੋਤੀ ਭੇਵ ਚੁਕਾਇੰਦਾ । ਬ੍ਰਹਮ ਰੂਪ ਹਰਿ ਕਰਤਾਰ । ਸਾਚਾ ਧਰਮ ਵਿਚ ਸੰਸਾਰ । ਪੁਰਖ ਬਿਧਾਤੀ ਸਾਚਾ ਨਾਤੀ, ਅੰਮ੍ਰਿਤ ਦੇਵੇ ਬੂੰਦ ਸਵਾਂਤੀ, ਦਸਮ ਦਵਾਰੀ ਧਾਰ ਵਹਾਇੰਦਾ । ਹਰਿਜਨ ਮੇਲਾ ਇਕ ਇਕਾਂਤੀ, ਮਿਟੇ ਰੈਣ ਅੰਧੇਰੀ ਰਾਤੀ, ਦੀਪ ਉਜਾਲਾ ਗੁਰ ਗੋਪਾਲਾ ਏਕਾ ਏਕ ਕਰਾਇੰਦਾ । ਅੰਮ੍ਰਿਤ ਖੰਡਾ ਬਹੁ ਬਹੁ ਭਾਂਤੀ, ਕਲਜੁਗ ਪਾੜੇ ਅੰਤਮ ਛਾਤੀ, ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਤੁਠ ਮੁਠ ਆਪਣੇ ਹੱਥ ਰਖਾਇੰਦਾ । ਹਰਿ ਕਿਰਪਾਨ ਇਕ ਬਣਾਈ ਹੈ । ਤਿੱਖੀ ਧਾਰ ਆਪ ਰਖਾਈ ਹੈ । ਲੁਹਾਰ ਤਰਖਾਣ ਨਾ ਕਿਸੇ ਘੜਾਈ ਹੈ । ਗੁਰਮੁਖ ਵਿਰਲਾ ਨੌਜਵਾਨ, ਜਿਸ ਗੁਰ ਚਰਨ ਪ੍ਰੀਤੀ ਸਾਚੀ ਕਰ ਤਨ ਆਪਣੇ ਨਾਲ ਛੁਹਾਈ ਹੈ । ਧੁਰ ਦਰਗਾਹੀ ਸਾਚਾ ਦਾਨ, ਦੇਵਣਹਾਰ ਹਰਿ ਭਗਵਾਨ, ਸਾਚੀ ਕਿਰਪਾਨ ਜਿਸ ਪਰਨਾਈ ਹੈ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਆਪ ਆਪਣੀ ਜੋਤ ਧਰ, ਤੁੱਠ ਮੁੱਠ ਆਪਣੇ ਹੱਥ ਰਖਾਈ ਹੈ । ਸਰ ਅੰਮ੍ਰਿਤ ਸਰੋਵਰ ਮਾਨ ਬੰਦ ਰਖਾਇਆ । ਸਰ ਅੰਮ੍ਰਿਤ ਆਪ ਬਣਾਈ ਮਾਇਆ ਕੰਧ, ਸਾਚਾ ਰਾਹ ਕਿਸੇ ਹੱਥ ਨਾ ਆਇਆ । ਮਨਮੁਖ ਮੂਰਖ ਨਾ ਜਾਨਣ ਅੰਧ, ਸਚ ਦਵਾਰੇ ਆਪ ਟਿਕਾਇਆ । ਸਰ ਅੰਮ੍ਰਿਤ ਸਾਚਾ ਸਰ, ਆਪ ਟਿਕਾਏ ਆਪਣੇ ਘਰ, ਦਰ ਸ਼ਬਦੀ ਬੰਦ ਕਰਾਇਆ । ਗੁਰਮੁਖ ਵਿਰਲੇ ਕਿਰਪਾ ਕਰ, ਪੁਰਖ ਅਬਿਨਾਸ਼ੀ ਸਾਚਾ ਹਰਿ, ਜੋਤੀ ਜੋਤ ਸਰੂਪ ਹਰਿ, ਆਤਮ ਕੁੰਡਾ ਦੇਵੇ ਲਾਹਿਆ । ਸਰ ਅੰਮ੍ਰਿਤ ਤਾਲ ਸੁਹਾਏ, ਗਹਿਰ ਗੁਣ ਸਾਗਰਾ । ਸਾਚੇ ਧਾਮ ਆਪ ਰਖਾਏ, ਦਿਸ ਨਾ ਆਏ ਕਾਇਆ ਗਾਗਰਾ । ਮਨਮੁਖ ਜੀਵ ਫਿਰਨ ਹਲਕਾਏ, ਨਿਰਮਲ ਕਰਮ ਨਾ ਹੋਏ ਉਜਾਗਰਾ । ਗੁਰਮੁਖਾਂ ਮੇਲਾ ਸਹਿਜ ਸੁਭਾਏ, ਕਰਿਆ ਵਣਜ ਸੱਚਾ ਸੁਦਾਗਰਾ । ਬੰਦ ਕਿਵਾੜੀ ਆਪ ਖੁਲ੍ਹਾਏ, ਦੇਵੇ ਦਰਸ ਰਤੀ ਰਤਨਾਗਰਾ । ਜੋਤੀ ਜੋਤ ਸਰੂਪ ਹਰਿ, ਸਾਚਾ ਤਾਲ ਇਕ ਵਖਾਏ, ਗੁਰਮੁਖ ਨਹਾਵਣ ਤੀਰਥ ਜਾਏ, ਦੁਰਮਤ ਮੈਲ ਮਾਤ ਚੁਕਾਏ ਸਾਚੇ ਸਾਗਰਾ । ਸਰ ਅੰਮ੍ਰਿਤ ਸੁਰਤ ਸੰਭਾਲ ਧਾਰ ਅਪਾਰਿਆ । ਆਪ ਟਿਕਾਈ ਮਸਤੱਕ ਸਾਚੇ ਥਾਲ, ਜੋਤ ਨਿਰੰਕਾਰਿਆ । ਅੱਠੇ ਪਹਿਰ ਅਵੱਲੜੀ ਚਾਲ, ਕਾਇਆ ਮਾਟੀ ਝੂਠੀ ਖਾਲ, ਲੱਖ ਚੁਰਾਸੀ ਖਾਏ ਕਾਲ, ਗੁਰਮੁਖ ਸੋਹੇ ਸਚ ਦਵਾਰਿਆ । ਹਰਿਜਨ ਪਰਖੇ ਸਾਚੇ ਲਾਲ, ਧੁਰ ਦਰਗਾਹੀ ਆਪ ਦਲਾਲ, ਕਾਇਆ ਫਲ ਏਕ ਸ਼ਬਦ ਸਾਚੇ ਡਾਲ੍ਹ, ਕਰਾਏ ਵਣਜ ਸੱਚਾ ਵਪਾਰਿਆ । ਆਪੇ ਚਲੇ ਨਾਲ ਨਾਲ, ਭਗਤਨ ਹਿਤ ਕਰੇ ਸੰਭਾਲ, ਨਿੱਤ ਨਵਿੱਤਾ ਕਰੇ ਪ੍ਰਿਤਪਾਲ, ਆਦਿ ਅੰਤ ਹੋਏ ਅਧਾਰਿਆ । ਗੁਰਮੁਖ ਹੋਣ ਨਾ ਮਾਤ ਕੰਗਾਲ, ਆਪੇ ਤੋੜੇ ਜਗਤ ਜੰਜਾਲ, ਕਾਇਆ ਮੰਦਰ ਇਕ ਵਖਾਏ ਸਾਚਾ ਗੁਰ ਸੱਚੀ ਧਰਮਸਾਲ, ਦੇਵੇ ਦਰਸ ਅਗੰਮ ਅਪਾਰਿਆ । ਜੋਤੀ ਜੋਤ ਸਰੂਪ ਹਰਿ, ਦੀਪਕ ਜੋਤੀ ਇਕ ਜਗਾਏ, ਗੁਰਮੁਖ ਸਾਚੇ ਆਪ ਉਠਾਏ, ਦਇਆਨਿਧ ਦਇਆਵਾਨ ਸਾਚੀ ਭਿਛਿਆ ਝੋਲੀ ਪਾਏ, ਦੇਵੇ ਦਾਨ ਵਡ ਵਡ ਦਾਨਿਆ । ਸਰ ਅੰਮ੍ਰਿਤ ਸਤਿ ਸੰਤੋਖ ਸਰਬ ਭਰਪੂਰਿਆ । ਹਰਿਜਨ ਵਿਰਲੇ ਅੰਤਮ ਮੋਖ, ਬੇਮੁਖਾਂ ਦਰ ਦਵਾਰਾ ਦਿਸੇ ਦੂਰਿਆ । ਅੱਠੇ ਪਹਿਰ ਆਤਮ ਤ੍ਰਿਸਨਾ ਲੱਗੀ ਭੁੱਖ, ਹਉਮੇ ਲਗਾ ਰੋਗ ਜਗਤ ਵਸੂਰਿਆ । ਗੁਰਮੁਖ ਵਿਰਲੇ ਸਾਚੇ ਘਰ ਏਕਾ ਮੋਖ, ਪ੍ਰਭ ਅਬਿਨਾਸ਼ੀ ਘਨਕਪੁਰ ਵਾਸੀ ਦਿਸੇ ਹਾਜ਼ਰ ਹਜ਼ੂਰਿਆ । ਜੋਤੀ ਜੋਤ ਸਰੂਪ ਹਰਿ, ਏਕਾ ਦੇਵੇ ਸ਼ਬਦ ਨਾਦ, ਅਨਾਹਦ ਸਾਚੀ ਤੂਰਿਆ । ਅੰਮ੍ਰਿਤ ਆਤਮ ਰਸ ਆਤਮ

ਮਧ ਮਤਿਆ । ਗੁਰਮੁਖ ਵਿਰਲਾ ਲੇਵੇ ਹੱਸ, ਜਿਸ ਪਿਆਏ ਕਮਲਾਪਾਤਿਆ । ਤਨ ਵਿਕਾਰਾ ਜਾਏ ਨੱਸ, ਹਰਿਜਨ ਹੋਏ ਆਤਮ ਰਾਸਿਆ । ਰਾਹ ਸਾਚਾ ਜਾਏ ਦਸ, ਪੁਰਖ ਅਬਿਨਾਸ਼ੀ ਲੋਕਮਾਤਿਆ । ਕਾਇਆ ਨਗਰ ਖੇੜਾ ਜਾਏ ਵਸ, ਮਿਟੇ ਰੈਣ ਅੰਧੇਰੀ ਰਾਤਿਆ । ਬੇਮੁਖ ਦਰ ਤੋਂ ਜਾਏ ਨੱਸ, ਕੁਲਖਣੀ ਨਾਰ ਵਡ ਕਮਜਾਤਿਆ । ਨਰ ਹਰਿ ਹਰਿ ਹਿਰਦੇ ਜਾਏ ਵਸ, ਪਾਰਬ੍ਰਹਮ ਸਹਿਜ ਸੁਖ ਵਾਸਿਆ । ਰਸਨ ਪਿਆਏ ਅੰਮ੍ਰਿਤ ਰੂਪੀ ਬੂੰਦ ਇਕ ਸਵਾਂਤਿਆ । ਸ਼ਬਦ ਤੀਰ ਮਾਰੇ ਕਸ, ਚਰਨ ਬੰਧਾਏ ਸਾਚਾ ਨਾਤਿਆ । ਲੱਖ ਚੁਰਾਸੀ ਰਿਹਾ ਮਥ, ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਨਾ ਕੋਈ ਜਾਣੇ ਜ਼ਾਤੀ ਪਾਤੀਆ । ਅੰਮ੍ਰਿਤ ਆਤਮ ਧਾਰ ਵਹਾਇੰਦਾ । ਸਰ ਅੰਮ੍ਰਿਤ ਕਰ ਵਿਚਾਰ, ਗੁਰਮੁਖ ਵਿਰਲਾ ਤੀਰਥ ਸਾਚੇ ਮਾਤ ਨੁਹਾਇੰਦਾ । ਪੂਰਬ ਕਰਮਾਂ ਰਿਹਾ ਵਿਚਾਰ, ਜੋਤੀ ਜਾਮਾ ਭੇਖ ਨਿਆਰ, ਕਲਗੀ ਤੋੜਾ ਨਾਮ ਦਾਤਾਰ, ਸ਼ਬਦ ਘੋੜਾ ਵਿਚ ਸੰਸਾਰ, ਜੁੜਿਆ ਜੋੜਾ ਪਹਿਲੀ ਵਾਰ, ਬੇਮੁਖ ਜੀਵ ਭੇਵ ਨਾ ਪਾਇੰਦਾ । ਆਤਮ ਚਲਿਆ ਇਕ ਵਿਕਾਰ, ਹਉਮੇ ਲੱਗਾ ਸਰਬ ਹੰਕਾਰ, ਦਸਮ ਦਵਾਰੇ ਵਸੇ ਬਾਹਰ, ਨੌਂ ਦਵਾਰੇ ਖੇਲ ਰਚਾਇੰਦਾ । ਗੁਰਮੁਖ ਸਾਚੇ ਸੰਤ ਦੁਲਾਰ, ਦੇਵੇ ਦਰਸ ਅਗੰਮ ਅਪਾਰ, ਭਰਮ ਭਉ ਨਿਵਾਰ, ਦਸਮ ਦਵਾਰੀ ਭੇਵ ਚੁਕਾਇੰਦਾ । ਜੋਤੀ ਨੂਰ ਗੁਰ ਮੰਤਰ ਇਕ ਅਪਾਰ, ਪਵਣ ਜੋਤੀ ਸ਼ਬਦ ਬਸੰਤਰ, ਜਗਦੀ ਰਹੇ ਦਸਮ ਦਵਾਰ । ਇਕ ਬਣਾਏ ਆਪਣੀ ਬਣਤ, ਸ਼ਬਦ ਸਿੰਘਾਸਣ ਸੁੱਤਾ ਪੈਰ ਪਸਾਰ । ਸਰਬ ਜੀਆਂ ਬਿਦ ਜਾਣੇ ਅੰਤਰ, ਏਕਾ ਪੁਰਖ ਸਬਾਈ ਨਾਰ । ਵੇਖੇ ਵੇਖ ਵਖਾਣੇ ਸ੍ਰਿਸ਼ਟ ਸਬਾਈ ਮਾਤ ਪਤਾਲ ਅਕਾਸ਼ ਗਗਨ ਗਗਨੰਤਰ, ਲੋਆਂ ਪੁਰੀਆਂ ਪਾਵੇ ਸਾਰ । ਆਵੇ ਜਾਵੇ ਜੁਗਾ ਜੁਗੰਤਰ, ਨਾ ਕੋਈ ਜਾਣੇ ਜੰਤ ਗਵਾਰ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਆਪ ਆਪਣੀ ਕਿਰਪਾ ਕਰ, ਲੱਖ ਚੁਰਾਸੀ ਜੋਤ ਧਰ, ਸਰਬ ਘਟ ਕਾਇਆ ਮੰਦਰ ਅੰਦਰ ਕੀਟ ਹਸਤ ਪਾਵੇ ਸਾਰ । ਅੰਮ੍ਰਿਤ ਆਤਮ ਸਰ ਠੰਡੀ ਧਾਰਿਆ । ਗੁਰਮੁਖ ਵਿਰਲਾ ਪੀਵੇ ਸੀਰ, ਜਿਸ ਦੇਵੇ ਹਰਿ ਨਿਰੰਕਾਰਿਆ । ਮਨਮੁਖਾਂ ਲੱਭੇ ਕਾਇਆ ਚੀਰ, ਕੋਈ ਨਾ ਦੇਵੇ ਮਾਤ ਧੀਰ, ਬ੍ਰਹਮ ਰੂਪ ਨਾ ਕਿਸੇ ਵਿਚਾਰਿਆ । ਜੋਤੀ ਜੋਤ ਸਰੂਪ ਹਰਿ, ਅੰਮ੍ਰਿਤ ਆਤਮ ਦੇਵੇ ਸਰ, ਹਰਿਜਨ ਸਾਚੇ ਸੰਤ ਸੁਹੇਲੇ ਘਰ ਅਕੇਲੇ ਆਪੇ ਆਪ ਮੁਖ ਚਵਾ ਰਿਹਾ । ਸਰ ਅੰਮ੍ਰਿਤ ਸਰਬ ਗਿਆਨ, ਬੂਝ ਬੁਝਾਈਆ । ਤੀਜੇ ਨੈਣਾਂ ਮਾਰ ਧਿਆਨ, ਕਾਇਆ ਮਾਟੀ ਹਟ ਖੁਲ੍ਹਾਈਆ । ਸਾਚਾ ਵੱਜੇ ਤੀਰ ਨਿਸ਼ਾਨ, ਰਸਨਾ ਚਿਲੇ ਰਿਹਾ ਚੜ੍ਹਾਈਆ । ਏਕਾ ਏਕ ਸਰੋਵਰ ਮਾਨ, ਦਸਮ ਦਵਾਰੀ ਬੂਝ ਬੁਝਾਈਆ । ਭਗਤ ਜਨਾਂ ਦੀ ਸਾਚੀ ਖਾਣ, ਆਦਿ ਅੰਤ ਤੋਟ ਨਾ ਆਈਆ । ਆਪੇ ਮਧ ਆਪੇ ਰਸੀਆ ਆਪੇ ਪੀਣ ਖਾਣ, ਆਪੇ ਧਾਰਾ ਰਿਹਾ ਵਹਾਈਆ । ਆਪੇ ਸ਼ਬਦ ਆਪੇ ਸੰਤ ਸੁਹੇਲੇ ਸਾਚੇ ਸਦ ਜਗਤ ਜਗਦੀਸਾ ਰਾਗ ਛਤੀਸਾ ਸੁਨ ਮੰਡਲ ਅਗਾਧ ਬੋਧਾ ਓਅੰਕਾਰਾ ਰਿਹਾ ਸਮਝਾਈਆ । ਪਾਰਬ੍ਰਹਮ ਪੁਰਖ ਉਨੀਸਾ, ਛਤਰ ਝੁੱਲੇ ਸਾਚਾ ਸੀਸਾ, ਦੂਸਰ ਕੋਈ ਭੇਵ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਅੰਮ੍ਰਿਤ ਆਤਮ ਸਾਚੇ ਸਰ, ਏਕਾ ਹਰਿ ਸਦ ਰਖਾਈਆ । ਸਰ ਸਰੋਵਰ ਆਤਮ ਧਾਰ । ਗੁਰ ਪੂਰਾ ਕਰੇ ਸਰਬ ਵਿਚਾਰ । ਹਰਿਜਨ ਹਰਿ ਹਰਿ ਸਾਚਾ ਸੂਰਾ, ਮੰਗੇ ਮੰਗ ਬਣ ਭਿਖਾਰ । ਦੇਵੇ ਵਰ ਸਰਬ ਗੁਣ ਭਰਪੂਰਾ, ਭਰਿਆ ਰਹੇ ਦਰ ਭੰਡਾਰ । ਆਤਮ ਜੋਤੀ ਸਾਚਾ ਨੂਰਾ, ਸ਼ਬਦ ਸਿੰਘਾਸਣ ਕਰ ਤਿਆਰ । ਬੇਮੁਖਾਂ ਕਲ ਦਿਸੇ ਦੂਰਾ, ਗੁਰਮੁਖ ਸੋਏ ਸਾਚੇ ਘਰ ਆਤਮ ਦਰ ਦਵਾਰ । ਜੋਤੀ ਜੋਤ ਸਰੂਪ ਹਰਿ, ਜੋਤ ਨਿਰੰਜਣ ਭੇਖ ਕਰ, ਲੱਖ


੧੯੩ ੦੫

ਚੁਰਾਸੀ ਵੇਖ ਹਰਿ, ਆਪੇ ਕਰੇ ਆਪਣੀ ਕਾਰ । ਅੰਮ੍ਰਿਤ ਆਤਮ ਰੰਗ ਰੰਗ ਅਮੋਲਿਆ । ਗੁਰਮੁਖ ਵਿਰਲਾ ਜਾਏ ਲੰਘ, ਬੇਮੁਖ ਮਾਇਆ ਭੁਲਿਆ । ਸ਼ਬਦ ਡੋਰੀ ਨਾਮ ਪਤੰਗ, ਆਪ ਨਿਭਾਏ ਆਪਣਾ ਸੰਗ, ਨਰ ਹਰਿ ਸੱਚਾ ਕੰਤੂਹਲਿਆ । ਇਕ ਵਜਾਏ ਨਾਮ ਮਰਦੰਗ, ਅੰਮ੍ਰਿਤ ਵਹਾਏ ਸਾਚੀ ਗੰਗ, ਸ਼ਬਦ ਝੁਲਾਏ ਸਚ ਪੰਘੂੜਾ, ਗੁਰਮੁਖ ਵਿਰਲੇ ਮਾਤ ਝੂਲਿਆ । ਸੋਹੰ ਪਾਏ ਹੱਥੀਂ ਚੂੜਾ, ਕਾਇਆ ਰੰਗ ਚੜ੍ਹਾਏ ਗੂੜ੍ਹਾ, ਚਤੁਰ ਸੁਜਾਨ ਬਣਾਏ ਮੂਰਖ ਮੂੜ੍ਹਾ, ਪੁਰਖ ਅਬਿਨਾਸ਼ੀ ਦੂਲੋ ਦੂਲਿਆ । ਗੁਰਮੁਖ ਵਿਰਲਾ ਪਾਏ ਦਇਆ ਕਮਾਏ ਚਰਨ ਲਗਾਏ ਮਸਤਕ ਧੂੜਾ, ਸ੍ਰਿਸ਼ਟ ਸਬਾਈ ਨਾਤਾ ਦਿਸੇ ਕੂੜੋ ਕੂੜਾ, ਹਰਿਜਨ ਹਰਿ ਦਵਾਰੇ ਏਕਾ ਫਲਿਆ ਫੂਲਿਆ । ਜੋਤੀ ਜੋਤ ਸਰੂਪ ਹਰਿ, ਭਗਤ ਜਨਾਂ ਸਦ ਵਸੇ ਦਰ, ਅੰਮ੍ਰਿਤ ਆਤਮ ਸਾਚੇ ਸਰ, ਆਪ ਪਿਆਏ ਭਰ ਭਰ ਸਾਚੀ ਚੂਲੀਆ । ਅੰਮ੍ਰਿਤ ਆਤਮ ਘਰ ਦਸਮ ਦਵਾਰਿਆ । ਨੌਂ ਦਵਾਰੇ ਆਵੇ ਡਰ, ਮਨਮੁਖ ਮੁਗਧ ਗਵਾਰਿਆ । ਮਾਨਸ ਦੇਹੀ ਰਹੀ ਹਰ, ਪੁਰਖ ਅਬਿਨਾਸ਼ੀ ਨਾ ਤਨ ਵਿਚਾਰਿਆ । ਝੂਠੀ ਕਰਨੀ ਰਿਹਾ ਕਰ, ਮਿਲੀ ਵਸਤ ਦਸਤ ਕਾਮ ਕਰੋਧ ਲੋਭ ਮੋਹ ਹੰਕਾਰਿਆ । ਗੁਰਮੁਖ ਵਿਰਲਾ ਗੁਰ ਚਰਨ ਸਰਨ ਜਨ ਜਾਏ ਪੜ, ਤਨ ਮਨ ਅੰਦਰ ਮੰਦਰ ਖੋਲ੍ਹੇ ਬੰਦ ਕਿਵਾੜਿਆ । ਸਾਚੀ ਤਰਨੀ ਜਾਏ ਤਰ, ਲਾੜੀ ਮੌਤ ਚਬਾਏ ਆਪਣੀ ਦਾੜ੍ਹਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਵਸਾਏ ਸਾਚੇ ਘਰ, ਸਾਚੇ ਪੌੜੇ ਆਪੇ ਚਾੜ੍ਹਿਆ । ਅੰਮ੍ਰਿਤ ਸਰ ਸਰੋਵਰ ਸਚ ਮਹੱਲਿਆ । ਪੁਰਖ ਅਬਿਨਾਸ਼ੀ ਆਪ ਟਿਕਾਏ ਊਚੋ ਊਚ ਅਟਲਿਆ । ਬੇਮੁੱਖ ਜੀਵਾਂ ਦਿਸ ਨਾ ਆਏ, ਨਿਹਚਲ ਧਾਮ ਅਟਲਿਆ । ਗੁਰਮੁਖ ਵਿਰਲਾ ਸਹਿਜ ਸੁਭਾਏ ਪਾਏ, ਸਚ ਦਵਾਰਾ ਏਕਾ ਮਲਿਆ । ਨਿਝਰ ਧਾਰ ਆਪ ਵਹਾਏ, ਦੇਵੇ ਸਚ ਉਛਲਿਆ । ਕਵਲ ਨਾਭੀ ਪ੍ਰਭ ਉਲਟਾਏ, ਅੰਮ੍ਰਿਤ ਬੂੰਦ ਮੁਖ ਚੁਆਏ, ਆਪੇ ਫਲਿਆ ਆਪੇ ਫੂਲਿਆ । ਜੋਤੀ ਜੋਤ ਸਰੂਪ ਹਰਿ, ਗੁਰਮੁਖਾਂ ਦੇਵੇ ਨਾਮ ਵਰ, ਭਾਗ ਲਗਾਏ ਸਾਚੀ ਕੁਲਿਆ । ਸਰ ਅੰਮ੍ਰਿਤ ਸਹਿਜ ਸੁਖ ਦਾਨਿਆ । ਗੁਰਮੁਖਾਂ ਘਰ ਜੋਤ ਨਿਰੰਜਣ ਆਤਮ ਦਰ ਸ਼ਬਦ ਕਰਾਏ ਬ੍ਰਹਮ ਗਿਆਨਿਆ । ਇਕ ਵਖਾਏ ਸਾਚਾ ਸਰ, ਆਪ ਆਪਣੀ ਕਿਰਪਾ ਕਰ, ਧੁਰ ਦਰਗਾਹੀ ਨਾਮ ਨਿਸ਼ਾਨਿਆ । ਨਾ ਜਨਮੇ ਨਾ ਜਾਏ ਮਰ, ਜੋਤੀ ਜੋਤ ਸਰੂਪ ਹਰਿ, ਵਡ ਦਾਤਾ ਜੋਧਾ ਸੂਰਬੀਰ ਵਡ ਬਨਿਆ ਦਾਨਾ ਦਾਨਿਆ । ਦਾਨਾ ਬੀਨਾ ਹਰਿ ਦਾਤਾਰ, ਦਇਆ ਨਿਧ ਅਖਵਾਇੰਦਾ । ਹਰਿ ਜਨ ਸਾਚੇ ਕਰ ਪਿਆਰ ਕਾਰਜ ਕਰੇ ਸਿਧ, ਆਤਮ ਵਿਧ ਤੀਰ ਚਲਾਇੰਦਾ । ਪਾਰਬ੍ਰਹਮ ਬ੍ਰਹਮ ਪਾਰ ਆਦਿ ਪੁਰਖ ਅਪਰੰਪਰ ਅਕਾਲ ਮੂਰਤ ਮੂਰਤ ਅਕਾਲ ਦੀਨ ਦਿਆਲ ਵਿਚ ਸੰਸਾਰ, ਕਾਰਜ ਸਿਧ ਨੌਂ ਨਿਧ ਘਰ ਉਪਜਾਇੰਦਾ । ਪੁਰਖ ਨਿਰੰਜਣ ਅਗੰਮ ਅਪਾਰ, ਸਾਚਾ ਮਜਨ ਚਰਨ ਦਵਾਰ, ਨੇਤਰ ਅੰਜਨ ਸ਼ਬਦ ਅਪਾਰ, ਆਤਮ ਸੂਖਮ ਸਾਚਾ ਮਾਰਗ ਇਕ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਕਰੇ ਆਪਣੀ ਬਿਧ, ਵਿਛੜਿਆਂ ਮੇਲ ਮਿਲਾਇੰਦਾ । ਸਚ ਦਵਾਰਾ ਮਾਨ, ਜਲੇ ਜਲ ਥਲਿਆ । ਸਤਿ ਸਰੋਵਰ ਆਣ, ਬਲੀ ਬਲ ਬਲਿਆ । ਕਾਇਆ ਮੰਦਰ ਸੁੰਞ ਮਸਾਣ, ਆਪ ਵਖਾਏ ਵਲ ਛਲਿਆ । ਹਰਿਜਨ ਸਾਚੇ ਮਾਰ ਧਿਆਨ, ਖੇਲ ਕਰਾਏ ਉਚ ਅਟਲਿਆ । ਸਾਚੇ ਘਰ ਸੱਚਾ ਇਸ਼ਨਾਨਾ, ਸਤਿ ਸਰੋਵਰ ਏਕਾ ਮਲਿਆ । ਅੰਮ੍ਰਿਤ ਵੇਲਾ ਗੁਰ ਇਸ਼ਨਾਨ, ਦੇਵੇ ਦਰਸ ਘੜੀ ਘੜੀ ਪਲ ਪਲਿਆ । ਕਾਇਆ ਕੋਟ ਗੜ੍ਹ ਹਰਿ ਚੜ੍ਹ, ਆਪੇ ਵੇਖੇ ਸੀਸ ਧੜ, ਸੀਰ ਪਿਆਏ ਬਹੱਤਰ ਨਾੜ, ਆਪੇ ਜਾਣੀ

ਜਾਣਿਆ । ਗੁਰਮੁਖ ਸਾਚੇ ਰਿਹਾ ਫੜ, ਅੰਦਰੇ ਅੰਦਰ ਹਰਿ ਜੀ ਵੜ, ਕੂੜ ਕੁਟੰਬ ਜਗਤ ਨਿਸ਼ਾਨਿਆ । ਮਾਇਆ ਰਾਣੀ ਵਹੇ ਹੜ, ਗੁਰਮੁਖ ਵਿਰਲਾ ਏਕਾ ਅੱਖਰ ਜਾਏ ਪੜ੍ਹ, ਮਿਲੇ ਮੇਲ ਪੁਰਖ ਸੁਜਾਨਿਆ । ਸਾਚੇ ਘਾੜਨ ਰਿਹਾ ਘੜ, ਗੁਰਮੁਖਾਂ ਦਰ ਦਵਾਰੇ ਅਗੇ ਖੜ੍ਹ, ਨਾ ਕੋਈ ਜਾਣੇ ਮਾਤ ਵਿਦਵਾਨਿਆ । ਹਉਮੇ ਰੋਗ ਰਹੇ ਸੜ, ਜੋਤੀ ਜੋਤ ਸਰੂਪ ਹਰਿ, ਏਕਾ ਮਾਰੇ ਸ਼ਬਦ ਤੀਰ ਕਾਨੀਆ । ਮਾਰੇ ਸ਼ਬਦ ਤੀਰ ਨਿਸ਼ਾਨ, ਬੇਮੁਖ ਬੇਮੁਹਾਣਿਆ । ਹਰਿਜਨ ਬਖ਼ਸ਼ੇ ਚਰਨ ਧਿਆਨ, ਦਰ ਦਵਾਰਾ ਇਕ ਪਛਾਨਿਆ । ਬੇਮੁਖ ਰੋੜੇ ਵਿਚ ਜਹਾਨ, ਚੁੱਕੇ ਮਾਤ ਪੀਣਾ ਖਾਣਿਆ । ਗੁਰਮੁਖ ਝੂਲਦਾ ਰਹੇ ਨਿਸ਼ਾਨ, ਮਿਲੇ ਮੇਲ ਵਾਲੀ ਦੋ ਜਹਾਨ, ਤੁੱਟੇ ਮਾਣ ਸਾਚੇ ਰਾਣਿਆ । ਗੁਣਵੰਤ ਗੁਣੀ ਨਿਧਾਨ, ਆਦਿਨ ਅੰਤਾ ਪੁਰਖ ਸੁਜਾਨ, ਪੂਰਨ ਭਗਵੰਤਾ ਹਰਿ ਭਗਵਾਨ, ਆਪੇ ਜਾਣੇ ਆਪਣੇ ਭਾਣਿਆ । ਕਲਜੁਗ ਮਾਇਆ ਪਾਏ ਬੇਅੰਤਾ, ਜਗਤ ਸਦਾਏ ਸਾਧਨ ਸੰਤਾ, ਨਰ ਹਰਿ ਨਾ ਕਰੇ ਪਛਾਨਿਆ । ਦਰ ਦਵਾਰਾ ਦੂਰ ਨੌਂ ਦਰਵਾਜਿਆ । ਗੁਰਮੁਖ ਵਿਰਲਾ ਜਾਣੇ ਸੂਰ, ਜਿਸ ਜਨ ਦਇਆ ਕਮਾਏ ਗਰੀਬ ਨਿਵਾਜਿਆ । ਦੀਪਕ ਜੋਤੀ ਨੂਰ ਉਜਾਲਾ ਕਾਇਆ ਪਰਬਤ ਸਚ ਕੋਹਤੂਰ ਸਾਚਾ ਸਾਜਨ ਸਾਜਿਆ । ਪੁਰਖ ਅਬਿਨਾਸ਼ੀ ਘਟ ਘਟ ਵਾਸੀ, ਭਗਤ ਜਨਾਂ ਸਦ ਹਾਜ਼ਰ ਹਜ਼ੂਰ, ਏਕਾ ਮਾਤ ਮਾਰ ਝਾਤ, ਬੈਠ ਇਕਾਂਤ ਕੁਲਵੰਤ ਰੱਖਣ ਆਇਆ ਲਾਜਿਆ । ਅੰਮ੍ਰਿਤ ਦੇਵੇ ਬੂੰਦ ਸਵਾਂਤ, ਆਪੇ ਪਿਤਾ ਆਪੇ ਮਾਤ, ਏਕਾ ਬਖ਼ਸ਼ੇ ਚਰਨ ਸ਼ਬਦ ਦਾਤ, ਨਾ ਕੋਈ ਵੇਖ ਜ਼ਾਤ ਪਾਤ, ਆਪ ਸਵਾਰੇ ਆਪਣੇ ਕਾਜਿਆ । ਕਲਜੁਗ ਰੈਣ ਅੰਧੇਰੀ ਰਾਤ, ਜੋਤੀ ਜੋਤ ਸਰੂਪ ਹਰਿ, ਜਨ ਭਗਤ ਸੁਹਾਏ ਸਾਚੇ ਦਰ, ਵੇਖੇ ਖੇਲ ਕਲ ਕਿ ਆਜਿਆ । ਹਰਿ ਭਗਤ ਸੁਹੇਲਾ ਮੀਤ ਤਨ ਵਸੇਰਿਆ । ਸਤਿਜੁਗ ਚਲਾਏ ਸਾਚੀ ਰੀਤ, ਕਲਜੁਗ ਢਾਹੇ ਭਰਮਾਂ ਡੇਰਿਆ । ਕਲਜੁਗ ਪਰਖਣ ਆਇਆ ਨੀਤ, ਆਪੇ ਵੇਖੇ ਸੰਞ ਸਵੇਰਿਆ । ਸਦਾ ਸੁਹੇਲਾ ਰਾਖੇ ਚੀਤ, ਆਪ ਚੁਕਾਏ ਮੇਰਾ ਤੇਰਿਆ । ਕਲਜੁਗ ਔਧ ਰਹੀ ਬੀਤ, ਲੱਖ ਚੁਰਾਸੀ ਭੈ ਭੀਤ, ਗੁਰਮੁਖ ਵਿਰਲੇ ਮਾਨਸ ਦੇਹੀ ਜਾਣੀ ਜੀਤ, ਆਪੇ ਗੁਰ ਆਪੇ ਚੇਰਿਆ । ਆਪ ਕਰਾਏ ਕਾਇਆ ਠੰਡੀ ਸੀਤ, ਆਤਮ ਜੋਤੀ ਸਦਾ ਅਤੀਤ, ਇਕ ਕਰਾਏ ਚਰਨ ਪ੍ਰੀਤ, ਸ਼ਬਦ ਸਰੂਪੀ ਪਾਏ ਘੇਰਿਆ । ਜੋਤੀ ਜੋਤ ਸਰੂਪ ਹਰਿ, ਗੁਰਮੁਖਾਂ ਸਦਾ ਦਿਸੇ ਦਰ, ਬੇਮੁਖ ਭੁਲਾਏ ਕਰ ਕਰ ਹੇਰਾ ਫੇਰਿਆ । ਬੇਮੁਖਾਂ ਭੁਲਾਏ ਆਪ ਗੁਰ ਮੰਤਰ ਜਾਪ ਹਉਮੇ ਦੁੱਖ ਲਗਾਏ ਵਡਾ ਤਾਪ, ਨੌਂ ਦਵਾਰੇ ਰਿਹਾ ਫੇਰਿਆ । ਪੁਰਖ ਅਬਿਨਾਸ਼ੀ ਦਿਸ ਨਾ ਆਏ, ਭਰਮਾਂ ਲਾਏ ਡੇਰਿਆ । ਰਸਨਾ ਰਸ ਫਿਰਨ ਹਲਕਾਏ, ਕਾਮੀ ਕੁਸ਼ਟੀ ਹੋਏ ਚੇਰਿਆ । ਜੋਤੀ ਜੋਤ ਸਰੂਪ ਹਰਿ, ਜਨ ਭਗਤਾਂ ਦੇਵੇ ਸਚ ਵਰ, ਲੱਖ ਚੁਰਾਸੀ ਵਿਚੋਂ ਆਪ ਉਠਾਏ, ਸ਼ਬਦ ਜਣਾਏ ਕਰ ਕਰ ਆਪਣੀ ਮਿਹਰਿਆ । ਸ਼ਬਦ ਸੁਹਾਵਾ ਤਾਲ, ਦਰ ਸੁਹਾਨਿਆ । ਨੇੜ ਨਾ ਆਏ ਜਮ ਜਮ ਕਾਲ, ਦਇਆ ਕਰੇ ਹਰਿ ਦਇਆ ਵਾਨਿਆ । ਲੱਖ ਚੁਰਾਸੀ ਤੋੜੇ ਜਗਤ ਜੰਜਾਲ, ਮਿਲਾਏ ਮੇਲ ਜੋਤ ਭਗਵਾਨਿਆ । ਮਸਤਕ ਦੀਪਕ ਸਾਚਾ ਬਾਲ, ਜੋਤੀ ਨੂਰ ਸਤਿ ਸਰੂਰ, ਹਰਿ ਭਰਪੂਰ ਸਾਚਾ ਘਰ ਹਰਿ ਸੁਹਾਨਿਆ । ਸਾਚਾ ਸ਼ਬਦ ਗੁਰਮੁਖ ਵਿਰਲੇ ਫਲ ਲੱਗਾ ਕਾਇਆ ਡਾਹਣ, ਏਕਾ ਮੇਵਾ ਦੇਵੀ ਦੇਵਾ ਅਲਖ ਅਭੇਵਾ, ਦਰ ਸਾਚੇ ਆਪ ਖਵਾਨਿਆ । ਪੁਰਖ ਅਬਿਨਾਸ਼ੀ ਸਾਚੀ ਸੇਵਾ, ਰਸਨਾ ਕਾਇਆ ਸਾਚੀ ਜਿਹਵਾ, ਫੀਕਾ ਰਸ ਮੂਲ ਨਾ ਭਾਨਿਆ । ਕੌਸਤਕ ਮਨੀਆ ਲਾਏ ਥੇਵਾ, ਜੋਤੀ ਜੋਤ ਸਰੂਪ ਹਰਿ, ਸਾਚੀ ਦੇਵੇ ਸ਼ਬਦ ਨਿਸ਼ਾਨੀਆ । ਸ਼ਬਦ ਨਿਸ਼ਾਨਾ ਹਰਿ ਭਗਵਾਨ, ਆਤਮ ਦਰ ਵਖਾਇੰਦਾ । ਝੁੱਲਦਾ ਰਹੇ ਵਿਚ ਜਹਾਨ, ਬੇਮੁਖਾਂ

ਦਿਸ ਨਾ ਆਇੰਦਾ । ਗੁਰਮੁਖਾਂ ਵਖਾਏ ਆਪ ਭਗਵਾਨ, ਸਿਰ ਹੱਥ ਸਮਰਥ ਟਿਕਾਇੰਦਾ । ਪਵਣ ਉਨੰਜਾ ਹੱਥ ਬੰਨ੍ਹੇ ਗਾਨਾ, ਸਚ ਪਰਕਾਸ਼ ਕੋਟਨ ਭਾਨਾ, ਚੰਦ ਸੂਰਜ ਸੂਰਜ ਚੰਦ ਸੀਸ ਝੁਕਾਇੰਦਾ । ਗੁਰਮੁਖ ਸਾਚਾ ਵਿਚ ਚੜ੍ਹੇ ਸ਼ਬਦ ਬਿਬਾਣਾ, ਪੁਰੀਆਂ ਲੋਆਂ ਇਕ ਉਡਾਨਾ, ਧਰਮ ਰਾਏ ਮੁਖ ਭਵਾਇੰਦਾ । ਕਾਲ ਮਹਾਂਕਾਲ ਨਾ ਪਾਏ ਆਨਾ, ਤੋੜ ਜੰਜਾਲ ਪੁਰਖ ਸੁਜਾਨਾ, ਭਗਤ ਰਖਵਾਲ ਵਾਲੀ ਦੋ ਜਹਾਨਾਂ, ਦਰਗਾਹ ਸਾਚੀ ਧਾਮ ਬਹਾਇੰਦਾ । ਚਤੁਰਭੁਜ ਗੁਣ ਨਿਧਾਨਾ, ਭੇਵ ਗੁੱਝ ਆਪ ਖੁਲ੍ਹਾਨਾ, ਸਚ ਦਵਾਰਾ ਜਾਏ ਸੁੱਝ ਦਰਸ ਅਮੋਘ ਜਨ ਦਖਾਨਾ, ਏਕਾ ਰੰਗ ਸਰਬੰਗ ਸੰਗ ਅੰਗ ਆਪ ਹੋ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਭਗਤ ਸੁਹੇਲਾ ਦੇਵੇ ਵਰ, ਗੁਰੂਦਵਾਰੇ ਪਾਰ ਲੰਘ, ਦਸਮ ਦਵਾਰੀ ਆਪ ਖੁਲ੍ਹਾਇੰਦਾ । ਦਸਮ ਦਵਾਰਾ ਦੇਵੇ ਖੋਲ੍ਹ, ਵਡ ਵਡੀ ਵਡਿਆਈਆ । ਸ਼ਬਦ ਸਰੂਪੀ ਰਿਹਾ ਬੋਲ, ਸਾਰ ਕਿਸੇ ਨਾ ਪਾਈਆ । ਧੁਨੀ ਨਾਦ ਅਨਾਹਦ ਢੋਲ, ਦਿਵਸ ਰੈਣ ਰਿਹਾ ਵਜਾਈਆ । ਦਿਵਸ ਰੈਣ ਕਰੇ ਚੋਹਲ, ਕਾਇਆ ਮੰਦਰ ਰਿਹਾ ਮੌਲ, ਸਾਚਾ ਰਾਗ ਰਿਹਾ ਸੁਣਾਈਆ । ਅੰਮ੍ਰਿਤ ਚੁਆਏ ਨਾਭ ਕਵਲ, ਮਿਲੇ ਵਡਿਆਈ ਉਪਰ ਧਵਲ, ਸੁਨ ਸਮਾਧੀ ਰਿਹਾ ਗਵਾਈਆ । ਜੋਤੀ ਜੋਤ ਸਰੂਪ ਹਰਿ, ਗੁਰਮੁਖਾਂ ਦਿਸੇ ਸਾਚੇ ਘਰ, ਆਪੇ ਰਿਹਾ ਭੇਵ ਖੁਲ੍ਹਾਈਆ । ਅੰਮ੍ਰਿਤ ਆਤਮ ਰਸ, ਸ਼ਬਦ ਪਰਤਾਪਿਆ । ਹਰਿ ਹਿਰਦੇ ਜਾਏ ਵਸ, ਏਕਾ ਜਾਪ ਸੋਹੰ ਜਪ ਜਾਪਿਆ । ਆਪ ਮਿਟਾਏ ਤੀਨੋ ਤਪ, ਕਲਜੁਗ ਵੇਲਾ ਅੰਤਮ ਸੁਹਾ ਰਿਹਾ । ਮਾਇਆ ਡਸੇ ਨਾ ਨਾਗਨੀ ਸੱਪ, ਹਰਿਜਨ ਸਾਚਾ ਥਾਪਨ ਥਾਪਿਆ । ਕੋਟਨ ਕੋਟ ਉਤਾਰੇ ਪਪ, ਆਪੇ ਮਾਈ ਆਪੇ ਬਪ, ਜੋ ਜਨ ਪਛਾਣੇ ਆਪਨ ਆਪਿਆ । ਜੋਤੀ ਜੋਤ ਸਰੂਪ ਹਰਿ, ਏਕਾ ਦੇਵੇ ਨਾਮ ਵਰ, ਸੋਹੰ ਸ਼ਬਦ ਸਹਿਜ ਸੁੱਖ ਜਾਪਿਆ । ਸੋਹੰ ਅੱਖਰ ਕਰ ਵਿਚਾਰ । ਸਤਿ ਪੁਰਖ ਨਿਰੰਜਣ ਜੋਤੀ ਧਾਰ । ਸ਼ਬਦ ਦਵਾਰਾ ਵਡ ਭੰਡਾਰ । ਹਰਿਜਨ ਮੰਗੇ ਵਾਰੋ ਵਾਰ । ਦੇਵਣਹਾਰ ਸੱਚੀ ਸਰਕਾਰ । ਦੋਏ ਜੋੜ ਕਰੇ ਨਿਮਸਕਾਰ । ਹਉਮੇ ਹੰਗਤਾ ਰੋਗ ਨਿਵਾਰ । ਰਸਨਾ ਗਾਏ ਗੁਣ ਨਿਰੰਕਾਰ । ਰਸਨ ਰਸਾਇਣੀ ਕਰਮ ਉਧਾਰਿਆ, ਬ੍ਰਹਮ ਰੂਪ ਅਪਾਰਾ ਨੇਤਰ ਨੈਣੀ ਦਰਸ ਅਪਾਰ । ਗੁਰਮੁਖ ਗੁਰ ਸੰਗਤ ਸਾਚਾ ਬਹਿਣ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਕਰਾਏ ਬੇੜਾ ਪਾਰ । ਕਾਇਆ ਕੂੜਾ ਕੋਟ ਮਹੱਲ ਉਸਾਰਿਆ । ਗੁਰਮੁਖ ਵਿਰਲੇ ਵਜੇ ਸ਼ਬਦ ਚੋਟ, ਸਾਚੇ ਤਨ ਨਗਾਰਿਆ । ਜੂਠਾ ਝੂਠਾ ਕੱਢੇ ਖੋਟ, ਨਰ ਨਰਾਇਣ ਜਿਸ ਉਚਾਰਿਆ । ਕਲਜੁਗ ਜੀਵ ਆਲ੍ਹਣਿਓ ਡਿੱਗੇ ਬੋਟ, ਨਾ ਦੂਸਰ ਕੋਈ ਉਠਾ ਰਿਹਾ । ਮਾਇਆ ਰਾਣੀ ਭਰੀ ਨਾ ਪੋਟ, ਤ੍ਰਿਸ਼ਨਾ ਅੱਗ ਜਗਤ ਜਲਾ ਰਿਹਾ । ਹਰਿਜਨ ਸਾਚੇ ਏਕਾ ਏਕ ਹਰਿ ਓਟ, ਥਾਉਂ ਥਾਈਂ ਆਪ ਸੁਹਾ ਰਿਹਾ । ਜੋਤੀ ਜੋਤ ਸਰੂਪ ਹਰਿ, ਜਨ ਭਗਤਾਂ ਵਸੇ ਆਤਮ ਦਰ, ਦੁਰਮਤ ਮੈਲ ਰੋਗ ਗਵਾ ਰਿਹਾ । ਕਾਇਆ ਮੰਦਰ ਧਾਮ ਹਰਿ ਅਵੱਲੜਾ । ਹਰਿਜਨ ਸਾਚਾ ਵੇਖੇ ਸੱਦ, ਪੁਰਖ ਅਬਿਨਾਸ਼ੀ ਇਕ ਇਕੱਲੜਾ । ਆਉਣਾ ਜਾਣਾ ਚੁੱਕੇ ਡਰ, ਵਸੇ ਨਿਹਚਲ ਧਾਮ ਇਕੱਲੜਾ । ਸਾਚੀ ਤਰਨੀ ਜਾਏ ਤਰ, ਦਰ ਦਵਾਰਾ ਜਿਸ ਜਨ ਮੱਲੜਾ । ਮਾਨਸ ਦੇਹੀ ਨਾ ਆਏ ਹਾਰ, ਲੇਖੇ ਲਾਏ ਕਾਇਆ ਮਾਟੀ ਝੂਠੀ ਖਲੜਾ । ਪਾਰਬ੍ਰਹਮ ਪ੍ਰਭ ਸਰਨੀ ਪੜ, ਸ਼ਬਦ ਫੜਾਏ ਸਾਚਾ ਪਲੜਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦੇਵੇ ਨਾਮ ਵਰ, ਸੋਹੰ ਦੱਸੇ ਰਾਹ ਸੁਖੱਲੜਾ । ਏਕਾ ਰਾਹ ਜਗਤ ਮਲਾਹ, ਹਰਿ ਵਖਾਇੰਦਾ । ਬੇਪਰਵਾਹ ਅਗੰਮ ਅਥਾਹ, ਸ਼ਬਦ ਹੱਥ ਫੜਾਇੰਦਾ । ਹੋਏ ਸਹਾਈ ਸਭਨੀਂ ਥਾਂ, ਪੜਦਾ ਉਹਲਾ ਨਾ ਕੋਈ ਰਖਾਇੰਦਾ ।

੧੯੬
੦੫

੧੯੭ ੦੫

ਅੰਮ੍ਰਿਤ ਰੂਪੀ ਦੇਵੇ ਸਾਚੀ ਗਾਂ, ਅੰਮ੍ਰਿਤ ਸੀਰ ਆਪ ਪਿਆਇੰਦਾ । ਦੋ ਜਹਾਨੀ ਠੰਡੀ ਛਾਂ, ਪਾਰਜ਼ਾਤੀ ਫਲ ਖਵਾਇੰਦਾ । ਬੇਮੁਖ ਜੀਵ ਕਾਇਆ ਸੁੰਞਾ ਮੰਦਰ ਘਰ ਕਾਮ ਕਰੋਧੀ ਉਡਦੇ ਕਾਂ, ਸਾਚਾ ਘਰ ਨਾ ਕੋਈ ਦਿਸਾਇੰਦਾ । ਗੁਰਮੁਖਾਂ ਮਿਲਿਆ ਏਕਾ ਨਾਂ, ਦਰਗਾਹ ਸਾਚੀ ਸਾਚਾ ਥਾਂ, ਆਪੇ ਆਪ ਬਹਾਇੰਦਾ । ਜੋਤੀ ਜੋਤ ਸਰੂਪ ਹਰਿ, ਜਨ ਭਗਤਾਂ ਦੇਵੇ ਨਾਮ ਸੋਹੰ ਅੱਖਰ, ਜਗਤ ਬਜਰ ਕਪਾਟੀ ਵੇਖੇ ਪੱਥਰ, ਆਪੇ ਪਾਰ ਕਰਾਇੰਦਾ । ਬਜਰ ਕਪਾਟੀ ਪੱਥਰ ਪਾੜ । ਕਾਇਆ ਹਾਟੀ ਸ਼ਬਦ ਧਾਰ । ਜੋਤ ਸਰੂਪੀ ਹਰਿ ਉਜਿਆਰ । ਇਕ ਰਖਾਏ ਤੀਰਥ ਤਾਟੀ, ਕਾਇਆ ਮੰਦਰ ਔਖੀ ਘਾਟੀ, ਪਾਰਬ੍ਰਹਮ ਪਾਰ ਕਿਨਾਰ । ਦੁਰਮਤ ਮੈਲ ਰਿਹਾ ਕਾਟੀ, ਹਰਿਜਨ ਹਰਿ ਰਸ ਰਿਹਾ ਚਾਟੀ, ਦਰ ਦਵਾਰੇ ਲਾਹਾ ਖਾਟੀ, ਮਾਨਸ ਜਨਮ ਮਾਤ ਸਵਾਰ । ਜੋਤੀ ਜੋਤ ਸਰੂਪ ਹਰਿ, ਜਨ ਭਗਤਾਂ ਦੇਵੇ ਆਤਮ ਵਰ, ਸੋਹੰ ਸ਼ਬਦ ਅਪਰ ਅਪਾਰ । ਸੋਹੰ ਸ਼ਬਦ ਸ਼ਬਦ ਗੁਣ ਦਾਤਾ । ਕਾਇਆ ਮੰਦਰ ਅੰਦਰ ਰੈਣ ਅੰਧੇਰੀ ਗੁਣਵੰਤ ਅੰਤ ਨਾ ਕਿਸੇ ਪਛਾਤਾ । ਜੂਠਾ ਝੂਠਾ ਨਾਤਾ ਪਛਾਣ, ਮਾਤ ਪਿਤ ਸਾਕ ਸੱਜਣ ਸੈਣ, ਏਕਾ ਏਕ ਭਗਤ ਟੇਕ ਕਰੇ ਬੁਧ ਬਿਬੇਕ, ਪੁਰਖ ਅਬਿਨਾਸ਼ੀ ਸਚ ਬਿਧਾਤਾ । ਕਲਜੁਗ ਮਾਇਆ ਨਾ ਲੱਗੇ ਸੇਕ, ਤੀਜੇ ਨੇਤਰ ਲੈਣਾ ਵੇਖ, ਗ੍ਰੰਥੀ ਪੰਥੀ ਮਿੱਟੀ ਰੇਖ, ਭੇਵ ਕੋਈ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਜਨ ਭਗਤਾਂ ਵਸੇ ਆਤਮ ਦਰ, ਇਕ ਨੁਹਾਏ ਸਾਚੇ ਸਰ, ਸਚ ਸਰੋਵਰ ਹਰਿ ਇਸ਼ਨਾਨ ਮਾਰ ਧਿਆਨ ਆਪ ਕਰਾਇੰਦਾ । ਸਚ ਕਰਾਏ ਇਸ਼ਨਾਨ, ਦਇਆ ਕਮਾਈਆ । ਆਤਮ ਦੇਵੇ ਬ੍ਰਹਮ ਗਿਆਨ, ਨਾ ਹੋਏ ਮਾਤ ਜੁਦਾਈਆ । ਜੋਤੀ ਜਗੇ ਨੂਰ ਮਹਾਨ, ਕਰੇ ਆਪ ਸੱਚੀ ਰੁਸ਼ਨਾਈਆ । ਸ਼ਬਦ ਤੋੜਾ ਜਗਤ ਮਹਾਨ, ਚੀਰ ਸਾਚੇ ਤਨ ਪਹਿਨਾਈਆ । ਸਾਚਾ ਘੋੜਾ ਹਰਿ ਮਿਹਰਵਾਨ, ਆਪਣੀ ਹੱਥੀਂ ਵਾਗ ਗੁੰਦਾਈਆ । ਕਲਜੁਗ ਵਕਤ ਰਹਿ ਗਿਆ ਥੋੜਾ, ਬੇਮੁਖਾਂ ਰਿਹਾ ਸਮਝਾਈਆ । ਗੁਰਮੁਖਾਂ ਹਰਿ ਜੀ ਆਪੇ ਬਹੁੜਾ, ਸ਼ਬਦ ਗੋਦੀ ਰਿਹਾ ਉਠਾਈਆ । ਵੇਖਣ ਆਇਆ ਮਿਠਾ ਕੌੜਾ, ਸ਼ਬਦ ਹਥੌੜਾ ਨਾਲ ਲਿਆਈਆ । ਧੁਰ ਦਰਗਾਹੀ ਏਕਾ ਪੌੜ, ਨਾ ਕੋਈ ਜਾਣੇ ਲੰਮਾ ਚੌੜਾ, ਗਿਆਨੀ ਧਿਆਨੀ ਸੁਨ ਸਮਾਧੀ ਵੇਖ ਵੇਖ ਬੈਠੇ ਧਿਆਨ ਲਗਾਈਆ । ਆਪੇ ਪਰਗਟ ਹੋਇਆ ਬ੍ਰਹਿਮਣ ਗੌੜਾ, ਸੰਬਲ ਦੇਸ ਡੇਰਾ ਲਾਈਆ । ਸੋ ਪੁਰਖ ਲਗਾਇਆ ਸੱਸੇ ਇਕੋ ਹੋੜਾ, ਸੱਸਾ ਕਾਇਆ ਕਿਲ੍ਹਾ ਕੋਟ ਆਪ ਵਖਾਈਆ । ਆਦਿ ਪੁਰਖ ਆਇਆ ਦੌੜਾ, ਓਅੰਕਾਰ ਦੇਸ ਸਮਾਈਆ । ਓਅੰਕਾਰੇ ਕੀਆ ਅਕਾਰਾ, ਸੁਨ ਮਝਾਰਾ ਜੋਤ ਟਿਕਾਈਆ । ਸੁਨ ਅਗੰਮੀ ਸਾਚੀ ਧਾਰਾ, ਸੋਹੰ ਸਾਇਆ ਜੋਤੀ ਆਪ ਵਖਾਈਆ । ਸੋਹੰ ਉਪਜੇ ਨਰ ਨਿਰੰਕਾਰਾ, ਦਸਮ ਦਵਾਰਾ ਧੁਨ ਉਪਜਾਈਆ । ਦਸਮ ਦਵਾਰੀ ਬੰਦ ਕਵਾੜਾ, ਹਰਿ ਆਪੇ ਆਪ ਖੁਲ੍ਹਾਈਆ । ਤ੍ਰੈਕੁਟੀ ਦੇਸ ਸਚ ਬਿਜਵਾੜਾ, ਨਿਰਗੁਣ ਸਰਗੁਣ ਬਣਤ ਬਣਾਈਆ । ਅਜਪਾ ਜਪ ਬਹੱਤਰ ਨਾੜਾ, ਛੱਤੀ ਰਾਗ ਭੇਵ ਨਾ ਪਾਈਆ । ਹਿਰਦੇ ਕਵਣ ਨਾਮ ਅਖਾੜਾ, ਉਪਰ ਧਵਲ ਮਿਲੇ ਵਡਿਆਈਆ । ਜਿਮੀਂ ਅਸਮਾਨਾ ਤੁਟਾ ਪਾੜਾ, ਨਿਹਕਲੰਕੀ ਡੰਕ ਵਜਾਈਆ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਗੁਰਮੁਖਾਂ ਵਸੇ ਸਾਚੇ ਘਰ, ਬੰਕ ਦਵਾਰਾ ਆਪ ਸੁਹਾਈਆ । ਆਪ ਸੁਹਾਏ ਦਵਾਰ ਬੰਕ, ਰਾਓ ਰੰਕ ਨਾ ਕਰੇ ਵਿਚਾਰ । ਆਤਮ ਸਹਿੰਸਾ ਹਉਮੇ ਰੋਗ ਨਿਵਾਰ । ਜੋਤੀ ਦੇਵੇ ਏਕਾ ਕਣਕ, ਦਰਸ ਦਿਖਾਏ ਬਾਰ ਅਨਕ ਕਰੇ ਕਿਰਪਾ ਹਰਿ ਗਿਰਧਾਰ । ਚਰਨ ਪ੍ਰੀਤੀ ਸਾਚੀ ਤਣਕ, ਖਿੱਚੀ ਰੱਖੇ ਸਚ ਦਵਾਰ । ਆਪ ਫਿਰਾਏ ਮਨ ਕਾ ਮਣਕ, ਬੇਮੁਖ ਭੁੱਲੇ ਜੀਵ ਗਵਾਰ । ਮਿਲੇ

ਵਡਿਆਈ ਜਿਉਂ ਭਗਤ ਜਨਕ, ਦਇਆ ਕਮਾਏ ਦਰ ਦਾਤਾਰ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਜਨ ਭਗਤਾਂ ਦੱਸੇ ਸਚ ਘਰ, ਖੁਲ੍ਹਾ ਰਹੇ ਸਦਾ ਕਵਾੜ । ਜੋ ਜਨ ਜਾਣੇ ਰਾਮ ਰਮਈਆ । ਆਪ ਚੜ੍ਹਾਏ ਸਾਚੀ ਨਈਆ । ਕਲਜੁਗ ਬੇੜਾ ਪਾਰ ਕਰਈਆ । ਸਾਚਾ ਰਾਹ ਇਕ ਵਖਈਆ । ਚਾਰ ਵਰਨਾਂ ਏਕਾ ਸਰਨਾ ਭੈਣਾਂ ਭਈਆ । ਸਾਚਾ ਨਾਤਾ ਹਰਿ ਜੁੜਈਆ । ਮਿਲੇ ਮੇਲ ਪੁਰਖ ਬਿਧਾਤਾ, ਉਤਮ ਜ਼ਾਤਾ ਮੇਟ ਮਿਟਾਏ ਅੰਧੇਰੀ ਰਾਤਾ, ਅੰਧ ਅੰਧਿਆਨ ਦੂਰ ਕਰਈਆ । ਨਾ ਕੋਈ ਵੇਖੇ ਜ਼ਾਤਾ ਪਾਤਾ, ਅੰਮ੍ਰਿਤ ਦੇਵੇ ਬੂੰਦ ਸਵਾਂਤਾ, ਦੀਪਕ ਜੋਤੀ ਨਾਮ ਜਗਈਆ । ਬੈਠਾ ਰਹੇ ਇਕ ਇਕਾਂਤਾ, ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਰੋਗ ਸੋਗ ਜਗਤ ਵਿਜੋਗ, ਰਸਨਾ ਰਸ ਭੋਗ ਦੂਰ ਕਰਈਆ । ਗੁਰ ਸੰਗਤ ਗੁਰ ਸਾਚਾ ਪਾਏ । ਰੰਗਤ ਨਾਮ ਇਕ ਚੜ੍ਹਾਏ । ਦੂਜੇ ਦਰ ਨਾ ਹੋਏ ਮੰਗਤ, ਸਾਚਾ ਸੰਗ ਆਪ ਨਿਭਾਏ । ਮਾਨਸ ਦੇਹੀ ਨਾ ਹੋਏ ਭੰਗਤ, ਕਾਇਆ ਨਗਰ ਖੇੜਾ ਆਪ ਵਸਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੱਖ ਚੁਰਾਸੀ ਚੁੱਕੇ ਗੇੜਾ, ਧਰਮ ਰਾਏ ਦਰ ਫੰਦ ਕਟਾਏ । ਸਤਿਗੁਰ ਸੁਰਤੀ ਸੁਰਤ ਭਵਾਇੰਦਾ । ਦੇ ਮਤ ਆਪ ਸਮਝਾਇੰਦਾ । ਸ਼ਬਦ ਚਲਾਏ ਸਾਚਾ ਰਥ, ਸਰਬ ਕਲਾ ਸਮਰਥ, ਹਰਿਜਨ ਸਾਚਾ ਆਪ ਚੜ੍ਹਾਇੰਦਾ । ਹੱਥ ਪਕੜੇ ਆਪਣੇ ਨੱਥ, ਮਹਿੰਮਾ ਜਗਤ ਅਕਥ, ਭੇਵ ਕੋਈ ਨਾ ਪਾਇੰਦਾ । ਸਗਲ ਵਸੂਰੇ ਜਾਇਣ ਲੱਥ, ਜਗਤ ਤ੍ਰਿਸਨਾ ਰਿਹਾ ਮਥ, ਏਕਾ ਰਾਹ ਵਖਾਇੰਦਾ । ਸਤਿਗੁਰ ਪੂਰਾ ਜਿਸ ਜਨ ਰੱਖੇ ਦੇ ਕਰ ਹੱਥ, ਮਾਨਸ ਜਨਮ ਲੇਖੇ ਲਾਇੰਦਾ । ਆਪੇ ਮਤ ਆਪੇ ਗਿਆਨਾ । ਆਪੇ ਦੇਵੇ ਧੀਰਜ ਜਤ, ਏਕਾ ਦੱਸੇ ਰਾਹ ਨਿਸ਼ਾਨਾ । ਆਪੇ ਕਾਇਆ ਮੰਦਰ ਸਚ ਮਲਾਹ ਇਕ ਵਖਾਨਾ । ਸਤਿਗੁਰ ਪੂਰਾ ਸਤਿ ਸਤਿਵਾਦੀ, ਆਪ ਆਪਣੇ ਰੰਗ ਸਮਾਨਾ । ਦੇਵੇ ਮਤ ਸੁਰਤ ਸੰਭਾਲੇ, ਹਰਿਜਨ ਚਲੇ ਨਾਲ ਨਾਲ, ਸਰਬ ਜੀਆਂ ਕਰੇ ਪ੍ਰਿਤਪਾਲਾ, ਰਸਨਾ ਕਿਸੇ ਨਾ ਸਕੇ ਕਹਿਣ । ਗੁਣਵੰਤਾ ਗੁਣ ਆਪੇ ਜਾਣੇ, ਮਾਤ ਪਿਤ ਸਾਕ ਸੱਜਣ ਭਾਈ ਭੈਣ । ਆਪੇ ਤੋੜੇ ਜਗਤ ਜੰਜਾਲੇ । ਆਪੇ ਖਾਏ ਲਾੜੀ ਮੌਤ ਬਣ ਬਣ ਡੈਣ, ਆਪੇ ਸੁਰਤ ਸੰਭਾਲੇ । ਆਪ ਵਹਾਏ ਵਹਿੰਦੇ ਵਹਿਣ, ਆਪ ਆਪਣੀ ਗੋਦ ਉਠਾ ਲੇ । ਆਪੇ ਆਪ ਦਰਸ ਦਿਖਾਏ ਤੀਜੇ ਨੈਣ, ਆਪੇ ਆਪ ਮੁਖ ਭਵਾ ਲੇ । ਸਤਿਗੁਰ ਸਾਚਾ ਸਤਿ ਪੁਰਖ ਹੈ, ਜੀਵ ਜੰਤ ਸਾਧ ਸੰਤ ਸਦ ਸੁਰਤ ਸੰਭਾਲੇ । ਸ਼ਬਦ ਸੁਹੇਲਾ ਮੰਗਲਾਚਾਰ । ਧੁਰ ਦਰਗਾਹੀ ਸਾਚਾ ਮੇਲਾ ਵਿਚ ਸੰਸਾਰ । ਆਪੇ ਵਸੇ ਇਕ ਇਕੇਲਾ, ਅੰਦਰ ਬਾਹਰ ਗੁਪਤ ਜਾਹਿਰ । ਆਪੇ ਗੁਰ ਆਪੇ ਚੇਲਾ, ਮਿੱਟੇ ਭੇਵ ਦਸਮ ਦਵਾਰ । ਅਚਰਜ ਖੇਲ ਹਰਿ ਜੀ ਖੇਲਾ, ਪਾਰਬ੍ਰਹਮ ਰੂਪ ਨਿਆਰ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਆਪ ਆਪਣੀ ਕਿਰਪਾ ਕਰ, ਗੁਰਮੁਖਾਂ ਦੇਵੇ ਇਕ ਵਰ, ਸੋਹੰ ਸ਼ਬਦ ਪ੍ਰਭ ਸੱਚੀ ਦਸਤਾਰ । ਸਚ ਸ਼ਬਦ ਦਸਤਾਰ ਹਰਿ ਪਹਿਨਾਇੰਦਾ । ਕਲਜੁਗ ਅੰਤਮ ਕਰ ਪਿਆਰ, ਸਤਿਜੁਗ ਸਾਚੀ ਧਾਰ ਰਖਾਇੰਦਾ । ਆਪੇ ਨਾਰੀ ਆਪੇ ਨਾਰ, ਕਰਨਹਾਰ ਦਾਤਾਰ ਆਪੇ ਆਪ ਅਖਵਾਇੰਦਾ । ਲੱਖ ਚੁਰਾਸੀ ਪਸਰ ਪਸਾਰ, ਰੂਪ ਅਗੰਮਾ ਭੇਵ ਨਿਆਰ, ਹੱਡ ਮਾਸ ਨਾੜੀ ਚੰਮਾ ਦਿਸ ਨਾ ਆਇੰਦਾ । ਆਪੇ ਹੋਏ ਪਵਣ ਸਵਾਸੀ ਦਮਾ, ਆਪੇ ਸ਼ਬਦ ਸਰੂਪੀ ਜੰਮਾ, ਜੋਤੀ ਧਾਰਾ ਆਪ ਉਪਜਾਇੰਦਾ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਕਲਜੁਗ ਅੰਤਮ ਭੇਖ ਕਰ ਆਪਣਾ ਭਾਣਾ ਹਰਿ ਜਰਵਾਣਾ ਆਪਣੇ ਹੱਥ ਰਖਾਇੰਦਾ । ਭਾਣਾ ਹੱਥ ਸਮਰਥ ਕਰਤਾਰ । ਸ਼ਬਦ ਚਲਾਏ ਸਾਚਾ

ਰਥ, ਕਲਜੁਗ ਤੇਰੀ ਅੰਤਮ ਵਾਰ । ਸ੍ਰਿਸ਼ਟ ਸਬਾਈ ਰਿਹਾ ਮਥ, ਸ਼ਬਦ ਖੰਡਾ ਹੱਥ ਦੋ ਧਾਰ । ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਸੀਆਂ ਦਿਸੇ ਸਾਢੇ ਤਿੰਨ ਹੱਥ, ਜੂਠਾ ਝੂਠਾ ਪਸਰ ਪਸਾਰ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ, ਆਦਿ ਅੰਤ ਜੁਗਾ ਜੁਗੰਤ ਸਦਾ ਪਾਉਂਦਾ ਰਹੇ ਸਾਰ । ਆਪੇ ਪਾਏ ਸਾਰ ਸੁਰਤ ਸੰਭਾਲੀਆ । ਪੂਰਬ ਕਰਮਾਂ ਰਿਹਾ ਵਿਚਾਰ, ਜੋਤ ਨਿਰੰਜਣ ਇਕ ਅਕਾਲੀਆ । ਭਰਮੇ ਭੁੱਲਾ ਸਰਬ ਸੰਸਾਰ, ਨਾ ਕੋਈ ਮਿਲਿਆ ਸ਼ਾਹ ਦਲਾਲੀਆ । ਕਾਲੀ ਘਟਾ ਰੈਣ ਅੰਧਿਆਰ, ਛੁੱਪੇ ਚੰਦ ਸਤਿ ਸਤਿਵਾਦੀਆ । ਨਾਤਾ ਤੁਟਾ ਸੰਗ ਮੁਹੰਮਦ ਚਾਰ ਯਾਰ, ਜਗਤ ਦਵਾਰਾ ਹੋਏ ਖਾਲੀਆ । ਪੰਚ ਪੰਚਾਇਣਾ ਭੇਵ ਅਪਾਰ, ਚਲੇ ਜਗਤ ਅਵੱਲੜੀ ਚਾਲੀਆ । ਗੁਰਮੁਖ ਸਾਚੇ ਦਰਸ ਦਿਖਾਏ ਸਾਚੇ ਨੈਣਾ, ਦੋਹਾਂ ਹੱਥਾਂ ਦਿਸੇ ਖਾਲੀਆ । ਸੋਹੰ ਸ਼ਬਦ ਸਾਚਾ ਗਹਿਣਾ, ਧੁਰ ਦਰਗਾਹੀ ਸਾਚਾ ਵਾਲੀਆ । ਆਪ ਚੁਕਾਏ ਲਹਿਣਾ ਦੇਣਾ, ਗੁਰ ਗੋਬਿੰਦਾ ਲੇਖ ਲਿਖਾਈਆ । ਜਗਤ ਜਗਦੀਸਾ ਏਕਾ ਰਹਿਣਾ, ਸ੍ਰਿਸ਼ਟ ਸਬਾਈ ਸਾਚਾ ਪਾਲੀਆ । ਮਨਮੁਖਾ ਝੂਠਾ ਦੇਣ ਦੇਣਾ, ਫਲ ਦਿਸੇ ਨਾ ਕਿਸੇ ਡਾਲੀਆ । ਹਰਿਜਨ ਸਾਚੇ ਲਾਹਾ ਲੈਣਾ, ਪ੍ਰਭ ਤੋੜੇ ਜਗਤ ਜੰਜਾਲੀਆ । ਗੁਰ ਸੰਗਤ ਸਾਚੀ ਮਿਲ ਮਿਲ ਬਹਿਣਾ, ਮਿਲੇ ਮੇਲ ਪੁਰਖ ਬਨਵਾਲੀਆ । ਪ੍ਰਭ ਕਾ ਭਾਣਾ ਸਿਰ ਤੇ ਸਹਿਣਾ, ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਬਣੇ ਸ੍ਰਿਸ਼ਟ ਸਬਾਈ ਹਾਲੀ ਪਾਲੀਆ । ਜਨਮ ਕਰਮ ਪ੍ਰਭ ਹੱਥ, ਆਪੇ ਜਾਣਿਆ । ਆਪੇ ਮਥਨ ਰਿਹਾ ਮਥ, ਆਪੇ ਕਰੇ ਸਰਬ ਪਛਾਣਿਆ । ਆਪੇ ਦੇਵੇ ਮਨ ਮਤ ਬੁਧ ਸਾਚੀ ਵਥ, ਆਪੇ ਬੁਧ ਭਵਾਨਿਆ । ਜੋਤੀ ਜੋਤ ਸਰੂਪ ਹਰਿ, ਸ਼ਬਦ ਚਲਾਏ ਸਾਚਾ ਰਥ, ਸਾਚੀ ਬਿਧ ਕਰੇ ਭਗਵਾਨਿਆ । ਸਾਚੀ ਬਿਧ ਹਰਿ ਬਣਾਈਆ । ਆਪੇ ਕਰੇ ਕਾਰਜ ਸਿਧ, ਗੁਰਮੁਖ ਸਾਚੇ ਲਏ ਜਗਾਈਆ । ਨਾਮ ਨਿਧਾਨਾ ਨੌਂ ਨਿਧ, ਸਰਗੁਣ ਸੁਰਤੀ ਇਕ ਰਖਾਈਆ । ਜੋਤੀ ਜੋਤ ਸਰੂਪ ਹਰਿ, ਸਾਚਾ ਅੰਗਣ ਏਕਾ ਰੰਗਣ ਦੇ ਮਤ ਰਿਹਾ ਸਮਝਾਈਆ । ।



੧੯੯ ੦੫

### ★ ੩੦ ਹਾੜ ੨੦੧੨ ਬਿਕ੍ਰਮੀ ਨਾਜ਼ਰ ਸਿੰਘ ਦੇ ਗ੍ਰਿਹਿ ਪਿੰਡ ਨਾਥੇਵਾਲ ਜ਼ਿਲਾ ਫਿਰੋਜ਼ਪੁਰ ★

ਰਾਗ ਨਾਦ ਅਭੇਦ ਸ਼ਬਦ ਜਣਾਈਆ । ਸ਼ਬਦ ਜਣਾਈ ਚਾਰੇ ਵੇਦ, ਭੇਵ ਨਾ ਰਾਈਆ । ਪੁਰਾਨ ਅਠਾਰਾਂ ਇਕ ਕਿਤੇਬ, ਰਸਨਾ ਜਿਹਵਾ ਰਹੇ ਗਾਈਆ । ਜੋਤੀ ਜੋਤ ਸਰੂਪ ਹਰਿ, ਅਲਖ ਨਿਰੰਜਣ ਦਿਸ ਕਿਸੇ ਨਾ ਆਈਆ । ਵੇਦ ਪੁਰਾਨ ਰਸਨਾ ਗਾਏ । ਪਾਰਬ੍ਰਹਮ ਬ੍ਰਹਮ ਪਾਰ ਦਿਸ ਨਾ ਆਏ । ਵੇਖ ਵਖਾਣੇ ਮਾਨਸ ਦੇਹੀ ਸਚ ਜਨਮ, ਲੱਖ ਚੁਰਾਸੀ ਵਿਚ ਸਮਾਏ । ਜਗਤ ਭੁੱਲਾ ਮਾਇਆ ਭਰਮ, ਕਰਮ ਧਰਮ ਨਾ ਕੋਈ ਵਖਾਏ । ਹਉਮੇ ਲੱਗਾ ਰੋਗ ਜਗਤ ਵਰਮ, ਸਾਚੀ ਸਰਨ ਇਕ ਰਘੁਰਾਏ । ਜੋਤੀ ਜੋਤ ਸਰੂਪ ਹਰਿ, ਜੋਤ ਨਿਰੰਜਣ ਘਟ ਘਟ ਵਾਸ, ਨਿਜ ਆਤਮ ਰਿਹਾ ਸਮਾਏ । ਵੇਦ ਪੁਰਾਨ ਕਿਤੇਬ ਜਗਤ ਵਖਾਣਿਆ । ਅੰਜੀਲ ਕੁਰਾਨ ਹਰਿ ਪਛਾਣ, ਹਰਿ ਰੰਗ ਸਾਚਾ ਕਿਸੇ ਨਾ ਮਾਣਿਆ । ਸੋਨੀ ਮੋਨੀ ਕਰ ਧਿਆਨ, ਜਗਤ ਜਗਦੀਸ਼ਰ ਵਿਚ ਜਹਾਨ, ਡੁਬੇ ਹੋਏ ਬੇਮੁਹਾਨਿਆ । ਭਗਤ ਭਗਵੰਤੀ ਸਚ ਨਿਸ਼ਾਨ, ਜੀਆ ਜੰਤੀ ਇਕ ਨਿਸ਼ਾਨ, ਪੂਰਨ ਜੋਤ ਸ੍ਰੀ ਭਗਵਾਨ, ਪੁਰਖ ਪੁਰਖੋਤਮ ਨਾ ਕਲ ਪਛਾਨਿਆ । ਜੋਤੀ ਜੋਤ ਸਰੂਪ ਹਰਿ, ਜੋਤ ਨਿਰੰਜਣ ਮਾਤ ਧਰ, ਵੇਖੇ ਖੇਲ ਸ੍ਰੀ ਭਗਵਾਨਿਆ ।

ਅੰਜੀਲ ਕੁਰਾਨ ਕੁਰਾਨ ਅੰਜੀਲਿਆ । ਕਾਜੀ ਸ਼ੇਖ਼ ਮੁਸਾਇਕ ਮਾਰ ਧਿਆਨ, ਏਕਾ ਰੰਗ ਨਾ ਹਰਿ ਪਛਾਨਾ, ਸੂਹਾ ਪੀਲਾ ਲਾਲ ਕਾਲਿਆ । ਸੰਗ ਮੁਹੰਮਦ ਚਾਰ ਯਾਰ, ਤਿਖੀ ਰੇਖ ਵੇਖ ਭੇਖ, ਨੇਤਰ ਵੇਖ ਸ਼ਬਦ ਤੰਗ ਕਸਾ ਲਿਆ । ਜੋਤੀ ਜੋਤ ਸਰੂਪ ਹਰਿ, ਜੋਤ ਨਿਰੰਜਣ ਭੇਖ ਧਰ, ਕਲਜੁਗ ਕਾਲਾ ਵੇਸ ਦਰ ਦਰਵੇਸ਼ ਇਕ ਅਕਾਲਿਆ । ਕਲਜੁਗ ਕਾਲੀ ਰੈਣ ਅੰਜੀਲ ਕੁਰਾਨਿਆ । ਨਾਤਾ ਤੁਟਾ ਭਾਈ ਭੈਣ, ਨਰ ਨਰਾਇਣ ਨਾ ਕਿਸੇ ਪਛਾਨਿਆ । ਸ੍ਰਿਸ਼ਟੀ ਡੁੱਬੀ ਡੂੰਘੇ ਵਹਿਣ, ਨਾ ਕੋਈ ਚੁਕਾਏ ਲਹਿਣ ਦੇਣ, ਵੇਲੇ ਅੰਤ ਸਰਬ ਪਛਤਾਨਿਆ । ਲਾੜੀ ਮੌਤ ਖਾਏ ਡੈਣ, ਨਾ ਕੋਈ ਦਿਸੇ ਸਾਕ ਸੈਣ, ਰਸਨਾ ਕਿਸੇ ਨਾ ਸਕੇ ਕਹਿਣ, ਜਗੇ ਜੋਤ ਇਕ ਭਗਵਾਨਿਆ । ਗੁਰਮੁਖ ਸਾਚੇ ਸੰਤ ਸੁਹੇਲੇ ਲਾਹਾ ਦਰ ਘਰ ਸਾਚੇ ਲੈਣ, ਪੁਰਖ ਅਬਿਨਾਸ਼ੀ ਘਟ ਘਟ ਵਾਸੀ ਪਰਗਟ ਹੋਏ ਦਰਸ ਦਿਖਾਏ ਤੀਜੇ ਨੈਣ, ਦਰ ਘਰ ਸਾਚੇ ਕਰੇ ਪਰਵਾਨਿਆ । ਜੋਤੀ ਜੋਤ ਸਰੂਪ ਹਰਿ, ਜੋਤ ਨਿਰੰਜਣ ਮਾਤ ਧਰ, ਬੋਧ ਅਗਾਧ ਅਗਾਧ ਬੋਧ, ਨਾ ਕੋਈ ਰੰਗ ਨਾ ਕੋਈ ਰੂਪ, ਆਪੇ ਜਾਣੇ ਦਾਨਾ ਬੀਨਿਆ । ਅੰਜੀਲ ਕੁਰਾਨ ਕੁਰਾਨ ਅੰਜੀਲਿਆ, ਸਾਚੀ ਸਾਰ ਨਾ ਪਾਈਆ । ਸੰਗ ਮੁਹੰਮਦ ਯਾਰ ਚਾਰ ਕਰ ਖੁਆਰ, ਅੰਤਮ ਵਾਰ ਚਾਰੇ ਕੁੰਟਾ ਦਏ ਦੁਹਾਈਆ । ਪਰਗਟ ਹੋਇਆ ਹਰਿ ਨਿਰੰਕਾਰ ਵਿਚ ਸੰਸਾਰ ਸ਼ਬਦ ਫੜ ਹੱਥ ਕਟਾਰ, ਤਿਖੀ ਰੱਖੇ ਹਰਿ ਦਾਤਾਰ, ਮਾਰੀ ਜਾਏ ਵਾਰੋ ਵਾਰ, ਜੀਆਂ ਜੰਤਾਂ ਸਾਧਾਂ ਸੰਤਾਂ ਦਿਸ ਨਾ ਆਈਆ । ਲੱਖ ਚੁਰਾਸੀ ਕਰੇ ਪਾਰ, ਧਰਮ ਰਾਏ ਦਰ ਖੋਲ੍ਹੇ ਬਾਰ, ਲਾੜੀ ਮੌਤ ਕਰੇ ਸ਼ਿੰਗਾਰ, ਬੇਮੁਖਾਂ ਲਏ ਅੰਤ ਪਰਨਾਈਆ । ਪੁਰਖ ਅਬਿਨਾਸ਼ੀ ਗੁਰਮੁਖ ਸਾਚਾ ਸੰਤ ਅਪਾਰ । ਕਵਲ ਚਰਨ ਚਰਨ ਕਵਲ ਸਰਨ ਚਰਨ ਦੇਵੇ ਕਰ ਪਿਆਰ, ਬਖ਼ਸ਼ੇ ਹਰਿ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਜੋਤ ਨਿਰੰਜਣ ਭੇਖ ਕਰ, ਕਲਜੁਗ ਅੰਤਮ ਵੇਖ ਰੇਖ, ਰਚਨਾ ਰਿਹਾ ਰਚਾਈਆ । ਖਾਣੀ ਬਾਣੀ ਹਰਿ ਵਿਚਾਰਿਆ । ਜਗਤ ਰਾਣੀ ਸ਼ਬਦ ਅਧਾਰਿਆ । ਭਗਤ ਜਨਾਂ ਦਰ ਭਰੇ ਪਾਣੀ, ਪਾਰਬ੍ਰਹਮ ਪਸਰ ਪਸਾਰਿਆ । ਏਕਾ ਪਦ ਨਰ ਨਿਰਬਾਣੀ, ਕਵਲ ਧਵਲ ਅਪਰ ਅਪਾਰਿਆ । ਚਾਰੋਂ ਕੁੰਟ ਬ੍ਰਹਮ ਗਿਆਨੀ, ਸ਼ਬਦ ਗਿਆਨ ਨਾ ਕਿਸੇ ਵਿਚਾਰਿਆ । ਤਖ਼ਤ ਸੁਲਤਾਨਾ ਰਾਜ ਰਾਜਾਨਾ ਵਾਲੀ ਦੋ ਜਹਾਨੀ, ਆਪੇ ਆਪ ਭੁਲਾ ਰਿਹਾ । ਸ਼ਬਦ ਮਾਰੇ ਤੀਰ ਨਿਸ਼ਾਨੀ, ਮਾਇਆ ਮਮਤਾ ਰੋਗ ਵਧਾ ਰਿਹਾ । ਬੇਮੁਖ ਜੀਵਾਂ ਮਾਤ ਆਏ ਅੰਤਮ ਹਾਨੀ, ਕਲਜੁਗ ਕਾਲ ਅੰਧੇਰਾ ਛਾ ਰਿਹਾ । ਕਿਸੇ ਹੱਥ ਨਾ ਆਏ ਚਾਰੋਂ ਕੁੰਟ ਪਾਣੀ, ਪੁਰਖ ਅਬਿਨਾਸ਼ੀ ਖੇਲ ਵਰਤਾ ਰਿਹਾ । ਅੰਤਮ ਛਡਣੇ ਪੈਣੇ ਹਾਣੀਆਂ ਹਾਣੀ, ਸਦੀ ਬੀਸਵੀਂ ਭਰਮ ਭਉ ਗਵਾ ਰਿਹਾ । ਮਾਇਆ ਜਾਲ ਲੋਕਮਾਤ ਮਾਇਆ ਰਾਣੀ, ਲੱਖ ਚੁਰਾਸੀ ਆਪ ਪਸਾਰਿਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਏਕਾ ਰਾਹ ਜਗਤ ਵਖਾ ਰਿਹਾ । ਏਕਾ ਰਾਹ ਹਰਿ ਨਿਰੰਕਾਰ, ਸੱਚੀ ਸਰਕਾਰਿਆ । ਚਾਰ ਵਰਨਾਂ ਕਰ ਪਿਆਰ, ਵਿਚ ਸੰਸਾਰ ਸਾਚੀ ਧਾਰਾ ਆਪ ਬੰਨ੍ਹਾ ਰਿਹਾ । ਊਚਾਂ ਨੀਚਾਂ ਭੇਵ ਨਿਵਾਰ, ਰਾਜ ਰਾਜਾਨਾਂ ਕਰ ਭਿਖਾਰ, ਸ਼ਾਹ ਸੁਲਤਾਨਾਂ ਖ਼ਾਕ ਮਿਲਾ ਰਿਹਾ । ਸ਼ਬਦ ਡੰਕ ਅਪਰ ਅਪਾਰ, ਰਾਓ ਰੰਕ ਇਕ ਦਵਾਰ, ਦਰ ਦਵਾਰਾ ਇਕ ਵਖਾ ਰਿਹਾ । ਮੰਗਦੇ ਰਹਿਣ ਵਾਰੋ ਵਾਰ, ਵਹਿੰਦਾ ਰਹੇ ਕਰ ਵਿਚਾਰ, ਆਪਣੇ ਭਾਣੇ ਆਪ ਸਮਾ ਰਿਹਾ । ਆਪੇ ਪੁਰਖ ਆਪੇ ਨਾਰ, ਆਪੇ ਭਗਤ ਭਗਵੰਤਾ ਸਾਚਾ ਯਾਰ, ਮੀਤ ਮੁਰਾਰ ਆਪ ਅਖਵਾ ਰਿਹਾ । ਆਪੇ ਸੰਤ ਕੰਤ ਸਹਿਜ ਸੁੱਖ ਧਾਰ, ਸਾਚੀ ਬਣਤ ਆਪ ਬਣਾ ਰਿਹਾ । ਜੀਵ ਜੰਤਾਂ ਨਾਮ ਅਧਾਰ, ਇਕ ਇਕੰਤਾ ਨਾਮ ਸਹਾਰਿਆ । ਸੋਹੰ ਸ਼ਬਦ ਅਪਾਰ, ਪਰਗਟ ਹੋਏ


੨੦੦ ੦੫

ਵਿਚ ਸੰਸਾਰ, ਸਤਿਜੁਗ ਸਾਚੀ ਧਾਰ ਆਪ ਬਣਾ ਰਿਹਾ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਜਾਮਾ ਰਾਮਾ ਆਪਣਾ ਆਪ ਵਟਾ ਰਿਹਾ । ਸੋਹੰ ਡੰਕ ਅਪਰ ਅਪਾਰਿਆ । ਪੁਰਖ ਅਬਿਨਾਸ਼ੀ ਆਪਣਾ ਆਪ ਉਪਾ ਰਿਹਾ । ਸ਼ਬਦ ਸਿੰਘਾਸਣ ਡੇਰਾ ਲਾਇਆ । ਬਾਲ ਜਵਾਨੀ ਅਲੜ੍ਹ ਵਰੇਸ, ਸ਼ਬਦ ਖੰਡਾ ਹੱਥ ਉਠਾ ਲਿਆ । ਆਦਿ ਅੰਤ ਸਦ ਹਮੇਸ਼, ਕਲਜੁਗ ਅੰਤਮ ਤੇਰਾ ਕੰਢਾ, ਸੋਹੰ ਲਾਇਆ ਸਾਚਾ ਡੰਡਾ, ਨੌਂ ਖੰਡ ਪ੍ਰਿਥਮੀ ਪਾਏ ਵੰਡਾ, ਰਾਜ ਰਾਜਾਨਾਂ ਤੋੜ ਘਮੰਡਾ, ਚੰਡ ਪਰਚੰਡਾ ਇਕ ਚਲਾ ਰਿਹਾ । ਵੇਖ ਵਖਾਣੇ ਹਰਿ ਬ੍ਰਹਿਮੰਡਾ, ਕਲਜੁਗ ਝੂਠਾ ਭੇਖ ਪਖੰਡਾ, ਮਾਨਸ ਦੇਹੀ ਆਤਮ ਰੰਡਾ, ਕੰਤ ਸੁਹਾਗ ਵਡ ਵਡਭਾਗ ਪੁਰਖ ਅਬਿਨਾਸ਼ੀ ਕਿਸੇ ਨਾ ਪਾ ਲਿਆ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਭਗਤ ਜਨਾਂ ਤਨ ਪਾਏ ਠੰਡਾ, ਦਰਸ ਅਮੋਘਾ ਹਰਿ ਸੰਜੋਗਾ ਹਰਿ ਆਪਣਾ ਦਰਸ ਦਿਖਾ ਲਿਆ । ਸੰਬਲ ਦੇਸ ਸੁਰਤ ਸੰਭਾਲੀ, ਜੋਤ ਜਗਾਈਆ । ਆਪੇ ਸ਼ਾਹ ਆਪੇ ਕੰਗਾਲੀ, ਦਿਸ ਕਿਸੇ ਨਾ ਆਈਆ । ਸ਼ਬਦ ਸਰੂਪੀ ਵੱਜੇ ਤਾਲ, ਰਾਗਾਂ ਨਾਦਾਂ ਰਿਹਾ ਭੁਲਾਈਆ । ਜੋਤ ਸਰੂਪੀ ਗਗਨ ਥਾਲ, ਦੀਪਕ ਜੋਤੀ ਇਕ ਜਗਾਈਆ । ਜਗਤ ਅਵੱਲੜੀ ਚਲੇ ਚਾਲ, ਭਗਤ ਜਨਾਂ ਕਰੇ ਪ੍ਰਿਤਪਾਲ, ਦੇਵੇ ਨਾਮ ਸੱਚਾ ਧਨ ਮਾਲ, ਆਦਿ ਅੰਤ ਨਿਖੁੱਟ ਨਾ ਜਾਈਆ । ਆਪੇ ਰਿਹਾ ਸੁਰਤ ਸੰਭਾਲ, ਫਲ ਲਗਾਏ ਕਾਇਆ ਡਾਲ੍ਹ, ਧੁਰ ਦਰਗਾਹੀ ਸਚ ਦਲਾਲ, ਦਰਗਾਹ ਸਾਚੀ ਮੇਲ ਮਿਲਾਈਆ । ਅੰਤਕਾਲ ਨਾ ਖਾਏ ਜਮ ਕਾਲ, ਤੋੜੇ ਹਰਿ ਹਰਿ ਜਗਤ ਜੰਜਾਲ, ਦਿਵਸ ਰੈਣ ਚਲੇ ਨਾਲ ਨਾਲ, ਮਧੁਰ ਬੈਣਾ ਸਹਿਜ ਸੁਖਦਾਈਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਸੰਬਲ ਦੇਸ ਦਰ ਦਰਵੇਸ ਇਕ ਇਕੇਲਾ ਸੱਜਣ ਸੁਹੇਲਾ ਸਾਚੇ ਧਾਮ ਰਿਹਾ ਸੁਹਾਈਆ । ਸਾਚਾ ਧਾਮ ਅਵੱਲੜਾ, ਇਕ ਨਿਆਰਾ ਹੈ । ਪੁਰਖ ਅਬਿਨਾਸ਼ੀ ਏਕਾ ਮਲੜਾ, ਨਾ ਕੋਈ ਜਾਣੇ ਪਾਰ ਕਿਨਾਰਾ ਹੈ । ਭਗਤ ਜਨਾਂ ਦਰ ਦਵਾਰੇ ਅਗੇ ਖਲੜਾ, ਬਣਿਆ ਰਹੇ ਭੇਖ ਭਿਖਾਰਾ ਹੈ । ਆਪ ਫੜਾਏ ਆਪਣਾ ਪਲੜਾ, ਤਿੰਨਾਂ ਲੋਆਂ ਵਸੇ ਬਾਹਰਾ ਹੈ । ਏਕਾ ਦੇਵੇ ਨਾਮ ਦੰਮੜਾ, ਸੋਹੰ ਸਾਚਾ ਸ਼ਬਦ ਹੁਲਾਰਾ ਹੈ । ਲੇਖੇ ਲਾਏ ਕਾਇਆ ਮਾਟੀ ਚੰਮੜਾ, ਦਸਮ ਦਵਾਰੀ ਪੜਦਾ ਪਾੜਾ ਹੈ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਦੇਵੇ ਖੋਲ੍ਹ ਸ਼ਬਦ ਬੋਲ ਬੰਦ ਕਿਵਾੜਾ ਏ । ਖੋਲ੍ਹੇ ਬੰਦ ਕਿਵਾੜ ਸ਼ਬਦ ਧੁਨ ਨਾਦਿਆ । ਮਾਇਆ ਮਮਤਾ ਪੜਦੇ ਪਾਏ, ਜਾਪ ਜਪਾਏ ਬੋਧ ਅਗਾਧਿਆ । ਪਰ੍ਹੇ ਹਟਾਏ ਪੰਚਮ ਧਾੜ, ਨਰ ਨਰਾਇਣ ਰਸਨ ਜਿਸ ਅਰਾਧਿਆ । ਦਰ ਘਰ ਸਾਚੇ ਦੇਵੇ ਵਾੜ, ਸੁਰਤੀ ਸ਼ਬਦ ਸ਼ਬਦ ਮਨ ਬਾਧਿਆ । ਆਪੇ ਹੋਏ ਪਿਛਾ ਅਗਾੜ, ਗੁਰ ਪੂਰਾ ਦਾਤਾ ਸੂਰਾ ਜਿਸ ਜਨ ਲੋਕਮਾਤ ਅਰਾਧਿਆ । ਜੋਤ ਜਗਾਏ ਬਹੱਤਰ ਨਾੜ, ਸ਼ਬਦ ਤੀਰ ਕਾੜ ਕਾੜ, ਆਪੇ ਘੜੇ ਸਾਚੇ ਘਾੜ, ਦਰਸ ਦਿਖਾਏ ਖੰਡ ਬ੍ਰਹਿਮੰਡ ਹਰਿ ਬ੍ਰਹਿਮਾਦਿਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਕਰੇ ਵੇਸ ਜੁਗ ਜੁਗਾਦਿਆ । ਜੁਗਾ ਜੁਗੰਤਰ ਭੇਖ ਨਿਰੰਕਾਰ, ਸ੍ਰਿਸ਼ਟ ਸਬਾਈ ਰਿਹਾ ਵੇਖ, ਆਦਿ ਅੰਤ ਏਕੰਕਾਰਿਆ । ਆਪੇ ਲੇਖਾ ਲਿਖੇ ਲਿਖਾਏ ਰੇਖ, ਸ੍ਰਿਸ਼ਟ ਸਬਾਈ ਮੇਟ ਮਿਟਾ ਰਿਹਾ । ਜੋਤੀ ਜਾਮਾ ਧਰਿਆ ਭੇਖ, ਸ਼ਬਦ ਡੰਕ ਇਕ ਰੱਖਾ ਰਿਹਾ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਲੱਖ ਚੁਰਾਸੀ ਵੇਖ ਹਰਿ ਗੁਰਮੁਖ ਸਾਚੇ ਮਾਤ ਜਗਾ ਰਿਹਾ । ਗੁਰਮੁਖ ਧੰਨ ਕਮਾਈ, ਧਰਮ ਪਛਾਣਿਆ । ਪਾਰਬ੍ਰਹਮ ਸਚ ਸਰਨਾਈ, ਦਰ ਘਰ ਸਾਚੇ ਮਿਲੇ ਮਾਣਿਆ । ਹੋਏ ਸਹਾਈ ਸਭਨੀਂ ਥਾਈਂ, ਗਾ ਰਹੇ ਵੇਦ ਪੁਰਾਨਿਆ । ਭਗਤ ਸੁਹੇਲਾ ਪਕੜੇ ਬਾਹੀਂ,


੨੦੧ ੦੫

ਆਪ ਚਲਾਏ ਆਪਣੇ ਭਾਣਿਆ । ਦਰਗਾਹ ਸਾਚੀ ਠੰਡੀ ਛਾਈਂ, ਕਿਸੇ ਹੱਥ ਨਾ ਆਏ ਰਾਜੇ ਰਾਣਿਆ । ਜੋਤੀ ਜੋਤ ਸਰੂਪ ਹਰਿ, ਗੁਰਮੁਖ ਸਾਚੇ ਸੰਤ ਅੰਤ ਆਪੇ ਕਰੇ ਮਾਤ ਪਛਾਣਿਆ । ਧੰਨ ਕਮਾਈ ਗੁਰਮੁਖ ਵੱਜੀ ਮਨ ਵਧਾਈਆ । ਸਾਚੀ ਸਿਖਿਆ ਲੈਣੀ ਸਿਖ, ਸ਼ਬਦ ਜੋਤੀ ਮੇਲ ਮਿਲਾਈਆ । ਜਗਤ ਤ੍ਰਿਸਨਾ ਮਿਟੀ ਤ੍ਰਿਖ, ਭੁੱਖ ਰੋਗ ਸੋਗ ਗਵਾਈਆ । ਸਾਚਾ ਲੇਖਾ ਰਿਹਾ ਲਿਖ, ਧੁਰ ਸੰਜੋਗ ਮਿਲਾਈਆ । ਦੁਈ ਦੁਵੈਤੀ ਲਾਹੇ ਵਿੱਖ, ਰੰਗਣ ਰੰਗ ਨਾਮ ਚੜ੍ਹਾਈਆ । ਕਿਸੇ ਹੱਥ ਨਾ ਆਏ ਮੁਨ ਰਿਖ, ਜੰਗਲ ਜੂਹ ਉਜਾੜ ਪਹਾੜ ਭਵਾਈਆ । ਅੰਦਰੇ ਅੰਦਰ ਪਾਵੇ ਭਿੱਖ, ਨਿਸ਼ਅੱਖਰ ਵੱਖਰ ਜੋ ਜਨ ਰਿਹਾ ਗਾਈਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਗੁਰਮੁਖਾਂ ਰਾਗ ਜਗਤ ਤਿਆਗ ਏਕਾ ਏਕ ਸੁਣਾਈਆ । ਧੰਨ ਕਮਾਈ ਗੁਰਸਿਖ ਜਾਣੇ ਗੁਰ ਮੰਤਰ । ਮਿਲੇ ਵਡਿਆਈ ਵਿਚ ਮਾਤ, ਹੋਏ ਸਹਾਈ ਆਦਿ ਅੰਤਰ । ਸਾਚੇ ਦਰ ਵੱਜੇ ਵਧਾਈ, ਤਨ ਬੁਝਾਏ ਪੰਚਾਂ ਬਸੰਤਰ । ਪੁਰਖ ਅਬਿਨਾਸ਼ੀ ਸਚ ਸਰਨਾਈ, ਪਾਰ ਕਰਾਏ ਗਗਨ ਗਗਨੰਤਰ । ਦਰਗਾਹ ਸਾਚੀ ਸਾਚੇ ਥਾਈਂ, ਆਪ ਬਣਾਏ ਸਾਚੀ ਬਣਤਰ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਹਰਿਜਨ ਜਪਾਏ ਏਕਾ ਮੰਤਰ । ਏਕਾ ਮੰਤਰ ਓਅੰ ਆਦਿ । ਸੋਹੰ ਸ਼ਬਦ ਸਚ ਵਿਸਮਾਦ । ਪਾਰਬ੍ਰਹਮ ਬੋਧ ਅਗਾਧ । ਸਾਚਾ ਧਰਮ ਸੁਣ ਸ਼ਬਦ ਧੁਨ ਨਾਦ । ਲੇਖੇ ਲੱਗੇ ਮਾਨਸ ਜਨਮ, ਮਿਲੇ ਮੇਲ ਮਾਧਵ ਮਾਧ । ਪੂਰਨ ਹੋਏ ਮਾਤ ਕਰਮ, ਰਸਨ ਰਸਾਇਣ ਲਿਆ ਅਰਾਧ । ਲੇਖੇ ਲਾਏ ਮਾਟੀ ਚਰਮ, ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਮੇਟ ਮਿਟਾਏ ਵਾਦ ਵਿਵਾਦ । ਧੰਨ ਕਮਾਈ ਗੁਰਸਿਖ ਗੁਰ ਚਰਨ ਪਿਆਸਾ । ਏਕਾ ਦੇਵੇ ਹਰਿ ਸਰਨਾਈ, ਆਪੇ ਵੇਖੇ ਨੌਂ ਦਰ ਤਮਾਸ਼ਾ । ਦਸਮ ਦਵਾਰੀ ਬੂਝ ਬੁਝਾਈ, ਕਾਇਆ ਮੰਦਰ ਪ੍ਰਿਥਮੀ ਅਕਾਸ਼ਾ । ਬਜਰ ਕਪਾਟੀ ਖੋਲ੍ਹ ਵਖਾਈ, ਸਚ ਸਿੰਘਾਸਣ ਹਰਿ ਬਿਰਾਜੇ । ਸਚ ਮੰਡਲ ਦੀ ਸਾਚਾ ਰਾਸਾ, ਸਾਚਾ ਸ਼ਬਦ ਸੀਸ ਤਾਜੇ । ਨਿੱਜ ਘਰ ਸਾਚੇ ਰੱਖੇ ਵਾਸਾ, ਸਾਚਾ ਸ਼ਬਦ ਅਨਾਹਦ ਵਾਜੇ । ਪਵਣ ਸਰੂਪੀ ਮਾਰੇ ਅਵਾਜੇ, ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਭਗਤ ਜਨਾਂ ਕਲ ਰਖੇ ਲਾਜੇ । ਧੰਨ ਕਮਾਈ ਗੁਰਸਿਖ ਦਰ ਦਵਾਰਾ ਏਕਾ ਬੂਜਿਆ । ਧੰਨ ਕਮਾਈ ਗੁਰਸਿਖ, ਪੁਰਖ ਪੁਰਖੋਤਮ ਏਕਾ ਸੂਜਿਆ । ਧੰਨ ਕਮਾਈ ਗੁਰਸਿਖ, ਪੰਚਮ ਤੱਤੀ ਜਾਏ ਜੂਝਿਆ । ਭੌ ਚੁਕਾਏ ਏਕਾ ਦੂਜਿਆ । ਧੰਨ ਕਮਾਈ ਗੁਰਸਿਖ, ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਭੇਵ ਖੁਲ੍ਹਾਏ ਅੰਦਰ ਮੰਦਰ ਗੂਝਿਆ । ਅੰਦਰ ਮੰਦਰ ਭੇਵ ਨਿਆਰਾ, ਜੋਤ ਅਕਾਲੀਆ । ਸਾਚਾ ਮੰਦਰ ਗੁਰੂਦਵਾਰਾ, ਦੀਪਕ ਜੋਤੀ ਬੇਮਿਸਾਲੀਆ । ਰੂਪ ਅਗੰਮਾ ਅਪਰ ਅਪਾਰਾ, ਆਪੇ ਕਰੇ ਖੇਲ ਨਿਰਾਲੀਆ । ਸ਼ਬਦ ਧੁਨ ਅਨਾਹਦ ਧਾਰਾ, ਆਪ ਵਜਾਏ ਤਾਲ ਖੜਤਾਲੀਆ । ਅੰਮ੍ਰਿਤ ਬਰਖੇ ਠੰਡੀ ਧਾਰਾ, ਕਵਲ ਨਾਭੀ ਮੁਖ ਚਵਾਲੀਆ । ਪਾਰਬ੍ਰਹਮ ਬ੍ਰਹਮ ਪਾਏ ਸਾਰਾ, ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਮੇਟ ਮਿਟਾਏ ਅੰਦਰੇ ਅੰਦਰ ਘਟਾ ਕਾਲੀਆ । ਸਾਚੇ ਮੰਦਰ ਘਟਾ ਕਾਲੀ, ਰੈਣ ਅੰਧੇਰਿਆ । ਦੀਪਕ ਜੋਤੀ ਕਿਸੇ ਨਾ ਬਾਲੀ, ਨਾ ਕੋਈ ਜਾਣੇ ਸੰਝ ਸਵੇਰਿਆ । ਨਾ ਕੋਈ ਬਣਿਆ ਸੱਚਾ ਹਾਲੀ, ਸਾਚਾ ਬੀਜ ਕਿਸੇ ਨਾ ਕੇਰਿਆ । ਭਗਤ ਜਨਾ ਪ੍ਰਭ ਸਾਚਾ ਪਾਲੀ, ਹੋਏ ਸਹਾਈ ਅੰਤਮ ਵੇਲਿਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਚਾਰੇ ਕੁੰਟਾਂ ਵੇਖੇ ਖਾਲੀ, ਫਲ ਦਿਸੇ ਨਾ ਕਿਸੇ ਡਾਲ੍ਹੀ, ਸ਼ਬਦ ਸਰੂਪੀ ਪਾਏ ਘੇਰਿਆ । ਸ਼ਬਦ ਸਰੂਪੀ ਪਾਏ ਘੇਰਾ, ਹਰਿ ਬੰਧਨ ਬੰਧ ਬੰਧਾਇਆ ਏ । ਸ੍ਰਿਸ਼ਟ ਸਬਾਈ ਆਪ

ਭੁਲਾਏ ਕਰ ਕਰ ਹੇਰਾ ਫੇਰਾ, ਧਰਮ ਰਾਏ ਰਿਹਾ ਸਮਝਾਇਆ ਏ । ਲੱਖ ਚੁਰਾਸੀ ਹੋਏ ਪਰਭਾਸੇ ਡੇਰਾ, ਕਲਜੁਗ ਵੇਲਾ ਅੰਤਮ ਆਇਆ ਏ । ਨਾ ਕੋਈ ਦਿਸੇ ਗੁਰ ਚੇਰਾ, ਪੰਜਾਂ ਝੇੜਾ ਏਕਾ ਲਾਇਆ ਏ । ਆਪੇ ਕਰੇ ਹੱਕ ਨਿਬੇੜਾ, ਨਾ ਕੋਈ ਨਗਰ ਨਾ ਕੋਈ ਖੇੜਾ, ਭਰਮਾਂ ਡੇਰਾ ਆਪੇ ਢਾਹਿਆ ਏ । ਭਗਤ ਜਨਾਂ ਪ੍ਰਭ ਬੰਨ੍ਹੇ ਬੇੜਾ, ਇਕ ਵਖਾਏ ਖੁਲ੍ਹਾ ਵਿਹੜਾ, ਦਰਗਾਹ ਸਾਚੀ ਧਾਮ ਸੁਹਾਇਆ ਏ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਰੂਪ ਰੰਗ ਆਪਣਾ ਆਪ ਵਟਾਇਆ ਏ । ਕਰੇ ਨਿਬੇੜਾ ਹੱਕ ਨੂਰ ਜਲਾਲਿਆ । ਕਲਜੁਗ ਫਲ ਗਿਆ ਪੱਕ, ਆਪੇ ਝਾੜੇ ਉਚੇ ਡਾਲਿਆ । ਚਾਰ ਯਾਰਾਂ ਸੰਗ ਮੁਹੰਮਦ ਗਿਆ ਥੱਕ, ਸਦੀ ਚੌਧਵੀਂ ਹੋਏ ਬੇਹਾਲਿਆ । ਕਲਜੁਗ ਕਾਲਾ ਕੱਢੇ ਹੱਕ, ਪਿਛੇ ਲੱਗੇ ਸਾਚਾ ਪਾਲੀਆ । ਸ਼ਬਦ ਪਾਏ ਨਕੇਲ ਨੱਕ, ਨਾ ਕੋਈ ਵੇਖੇ ਸ਼ਾਹ ਜਲਾਲੀਆ । ਲਾੜੀ ਮੌਤ ਰਾਹ ਰਹੀ ਤੱਕ, ਕਿਹੜੀ ਕੂਟ ਹੋਵੇ ਖਾਲੀਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਆਪੇ ਵੇਖੇ ਸ਼ਾਹ ਕੰਗਾਲੀਆ । ਸ਼ਾਹ ਕੰਗਾਲ ਸੁਲਤਾਨ ਵਡ ਜਰਵਾਣਿਆ । ਕਲਜੁਗ ਕਰੇ ਅੰਤ ਬੇਹਾਲ, ਭੁੰਨੇ ਜਿਉਂ ਭਠਿਆਲੇ ਦਾਣਿਆ । ਪੱਲੇ ਕਿਸੇ ਨਾ ਦਿਸੇ ਧਨ ਮਾਲ, ਜੂਠੇ ਝੂਠੇ ਰਾਜੇ ਰਾਣਿਆ । ਵੇਲੇ ਅੰਤਮ ਖਾਏ ਕਾਲ, ਜੀਵ ਜੰਤ ਸਾਧ ਸੰਤ ਬੇਮੁਹਾਣਿਆ । ਭਗਤ ਜਨਾਂ ਕਰੇ ਪ੍ਰਿਤਪਾਲ, ਸੁਰਤੀ ਸ਼ਬਦ ਰਿਹਾ ਸੰਭਾਲ, ਦੇਵੇ ਨਾਮ ਸੱਚਾ ਪੀਣਾ ਖਾਣਿਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਗੁਰਮੁਖ ਸਾਚੇ ਸੰਤ ਜਨ ਦਰ ਦਵਾਰੇ ਏਕਾ ਮਾਣਿਆ । ਦਰ ਦਵਾਰੇ ਏਕਾ ਮਾਣ, ਸ਼ਬਦ ਬਿਬਾਣਿਆ । ਚਰਨ ਪ੍ਰੀਤੀ ਇਕ ਧਿਆਨ, ਸਾਚਾ ਨਾਮ ਜਗਤ ਉਡਾਣਿਆ । ਸਾਚਾ ਵੱਜੇ ਤੀਰ ਨਿਸ਼ਾਨ, ਤੁੱਟੇ ਮਾਣ ਭਗਤ ਅਭਿਮਾਨਿਆ । ਆਤਮ ਉਪਜੇ ਬ੍ਰਹਮ ਗਿਆਨ, ਸਤਿ ਪੁਰਖ ਨਿਰੰਜਣ ਜਿਸ ਪਛਾਣਿਆ । ਦਰ ਦਵਾਰੇ ਹੋਏ ਪਰਵਾਨ, ਰਸਨਾ ਗਾਏ ਗੁਣ ਨਿਧਾਨਿਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਗੁਰਮੁਖ ਸਾਚਾ ਵੇਖ ਨਰ, ਦਰ ਘਰ ਘਰ ਦਰ ਇਕ ਦਵਾਰਾ ਹਰਿ ਨਿਰੰਕਾਰਾ ਵਿਚ ਸੰਸਾਰਾ ਕਰੇ ਦਰ ਪਰਵਾਨਿਆ । ਉਠ ਜੀਵ ਜਾਗ, ਤਨ ਮੰਦਰ ਲੱਗੇ ਭਾਗ, ਕਲਜੁਗ ਅੰਤਮ ਵੇਲਿਆ । ਉਠ ਜੀਵ ਜਾਗ, ਸੁਣ ਸ਼ਬਦ ਸਾਚਾ ਰਾਗ, ਹਉਮੇ ਰੋਗ ਜਾਏ ਭਾਗ, ਗੁਰ ਸੰਗਤ ਮੇਲ ਸਾਚਾ ਮੇਲਿਆ । ਉਠ ਜੀਵ ਜਾਗ, ਧੋ ਕਲਜੁਗ ਕਾਲਾ ਦਾਗ਼, ਮਿਲੇ ਮੇਲ ਕੰਤ ਸੁਹਾਗ, ਸਚ ਦਵਾਰਾ ਏਕਾ ਖੋਲ੍ਹਿਆ । ਉਠ ਜੀਵ ਜਾਗ ਹੰਸ ਬਣ ਕਾਗ, ਪੁਰਖ ਅਬਿਨਾਸ਼ੀ ਪਕੜੇ ਵਾਗ, ਸੁਣਾਏ ਰਾਗ ਸੱਚਾ ਢੋਲਿਆ । ਉਠ ਜੀਵ ਜਾਗ, ਸਰਨ ਸਰਨਾਈ ਸਾਚੀ ਲਾਗ, ਤਨ ਬੰਨ੍ਹਣਾ ਸ਼ਬਦ ਤਾਗ ਮਿਲੇ ਨਾਮ ਭਗਤ ਵਿਚੋਲਿਆ । ਉਠ ਜੀਵ ਜਾਗ, ਹੋਣ ਮਾਤ ਵਡ ਵਡਭਾਗ, ਜੋਤੀ ਜੋਤ ਸਰੂਪ ਹਰਿ, ਏਕਾ ਦੇਵੇ ਨਾਮ ਵਰ, ਆਦਿ ਅੰਤ ਕਦੇ ਨਾ ਡੋਲਿਆ । ਉਠ ਜੀਵ ਜਾਗ, ਮਸਤ ਦੀਵਾਨਿਆ । ਕੁਲ ਆਪਣੀ ਲਾ ਭਾਗ, ਜਗ ਦੀਵਾਨਿਆ । ਮਾਇਆ ਡੱਸਣੀ ਝੂਠਾ ਨਾਗ, ਭਰਮੇ ਭੁੱਲਾ ਲੋਭ ਲੁਭਾਨਿਆ । ਜੋਤੀ ਜੋਤ ਸਰੂਪ ਹਰਿ, ਏਕਾ ਦੇਵੇ ਨਾਮ ਵਰ, ਗੁਰ ਸੰਗਤ ਸਾਚਾ ਮੇਲ ਮਿਲਾਨਿਆ । ਗੁਰ ਸੰਗਤ ਸਾਚਾ ਮੇਲ, ਚਰਨ ਦਵਾਰਿਆ । ਸ਼ਬਦ ਚੜ੍ਹਾਏ ਸਾਚਾ ਤੇਲ, ਬੰਨ੍ਹੇ ਗਾਨਾ ਨਾਮ ਅਪਾਰਿਆ । ਕਟੇ ਧਰਮ ਰਾਏ ਦੀ ਜੇਲ੍ਹ, ਝੁੱਲੇ ਨਾਮ ਨਿਸ਼ਾਨਾ ਵਿਚ ਸੰਸਾਰਿਆ । ਆਪੇ ਗੁਰ ਆਪੇ ਚੇਲ, ਜੋਤੀ ਪਵਣੀ ਸ਼ਬਦ ਉਡਾਰਿਆ । ਸਦਾ ਰਹੇ ਰੰਗ ਨਵੇਲ, ਕਰੇ ਖੇਲ ਦੂਸਰ ਵਾਰਿਆ । ਦਰਗਾਹ ਸਾਚੀ ਧਾਮ ਅਕੇਲ, ਜੋਤ ਨਿਰੰਜਣ ਪਸਰ ਪਸਾਰਿਆ । ਲੱਖ ਚੁਰਾਸੀ ਮਾਤ ਉਪਾਈ

ਏਕਾ ਵੇਲ, ਦਿਤੀ ਦਾਤ ਵਡ ਕਰਾਮਾਤ ਗਿਰਵਰ ਹਰਿ ਗਿਰਧਾਰਿਆ । ਉਤਮ ਰਖੀ ਏਕਾ ਜ਼ਾਤ, ਮਿਲੇ ਮੇਲ ਕਮਲਾਪਾਤ, ਵਣਜ ਸ਼ਬਦ ਸਾਚੀ ਦਾਤ ਵਡ ਬਲਕਾਰਿਆ । ਧੁਰ ਦਰਗਾਹੀ ਸਾਚਾ ਨਾਉਂ ਜਗਤ ਮਲਾਹੀ ਪੁੱਛੇ ਵਾਤ, ਬੇਪਰਵਾਹੀ ਆਪੇ ਦੇਵੇ ਬੂੰਦ ਸਵਾਂਤ, ਕਾਇਆ ਕਰੇ ਠੰਡੀ ਠਾਰਿਆ । ਮੇਟ ਮਿਟਾਏ ਅੰਧੇਰੀ ਰਾਤ, ਨਾ ਕੋਈ ਪੁੱਛੇ ਜ਼ਾਤ ਪਾਤ, ਚਾਰ ਵਰਨਾਂ ਏਕਾ ਰਾਹ ਵਖਾ ਰਿਹਾ । ਸ਼ਬਦ ਚਲਾਏ ਸਾਚੀ ਗਾਥ, ਸੋਹੰ ਸ਼ਬਦ ਸਾਚਾ ਰਾਥ, ਪਰਗਟ ਹੋਏ ਤ੍ਰੈਲੋਕੀ ਨਾਥ, ਅਕਥਨੀ ਅਕਥ ਕਥਾ ਸੁਣਾ ਰਿਹਾ । ਸਗਲ ਵਸੂਰੇ ਜਾਇਣ ਲਾਥ, ਚਰਨ ਧੂੜੇ ਸਾਚੇ ਮਾਥ, ਦੀਪਕ ਜੋਤੀ ਇਕ ਜਗਾ ਰਿਹਾ । ਅੰਤਮ ਸੀਆਂ ਸਾਢੇ ਤਿੰਨ ਹਾਥ, ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਆਖ ਸੁਣਾ ਰਿਹਾ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਆਪਣਾ ਭਾਣਾ ਆਪੇ ਆਪ ਵਰਤਾ ਰਿਹਾ । ਸਾਚਾ ਭਾਣਾ ਹਰਿ ਬਲਵਾਨ, ਆਪਣੇ ਹੱਥ ਰਖਾਇਆ ਏ । ਸੋਹੰ ਫੜਿਆ ਸ਼ਬਦ ਨਿਸ਼ਾਨ, ਨੌਂਵਾਂ ਖੰਡਾਂ ਵੇਖ ਵਖਾਇਆ ਏ । ਆਪੇ ਪਾਏ ਸਭ ਦੀ ਵੰਡਾ, ਕਲਜੁਗ ਤੇਰਾ ਅੰਤਮ ਕੰਢਾ, ਪਾਰ ਕਿਨਾਰਾ ਕਿਸੇ ਦਿਸ ਨਾ ਆਇਆ ਏ । ਲੱਖ ਚੁਰਾਸੀ ਆਤਮ ਰੰਡਾ, ਆਤਮ ਭਰਿਆ ਇਕ ਘਮੰਡਾ, ਸਿਰ ਉਠਾਈ ਪਾਪਾਂ ਪੰਡਾ, ਨਾ ਭਾਰ ਜਾਏ ਉਠਾਇਆ ਏ । ਆਪੇ ਕਰੇ ਖੰਡ ਖੰਡਾ, ਇਕ ਚਲਾਏ ਚੰਡ ਪਰਚੰਡਾ, ਮੇਟ ਮਿਟਾਏ ਭੇਖ ਪਖੰਡਾ, ਜੋਤੀ ਜਾਮਾ ਹਰਿ ਜੀ ਪਾਇਆ ਏ । ਨਿਹਕਲੰਕ ਨਰਾਇਣ ਨਰ, ਜੋਤੀ ਜਾਮਾ ਭੇਖ ਧਰ, ਮਾਝੇ ਦੇਸ ਵੇਸ ਹਰਿ, ਸੰਬਲ ਦੇਸ ਭੇਸ ਵਟਾਇਆ ਏ । ਸੰਬਲ ਰੁਤ ਸੁਹਾਈ ਸ਼ਬਦ ਜਰਵਾਣਿਆ । ਪਾਰਬ੍ਰਹਮ ਅਬਿਨਾਸ਼ੀ ਅਚੁਤ, ਆਪ ਉਠਾਏ ਰਾਜੇ ਰਾਣਿਆ । ਗੁਰਮੁਖ ਉਪਜਾਏ ਸਾਚੇ ਸੁਤ, ਚੜ੍ਹਾਏ ਸ਼ਬਦ ਸਚ ਬਿਬਾਣਿਆ । ਬੇਮੁਖ ਜੀਵਾਂ ਖਾਲੀ ਦਿਸਣ ਬੁੱਤ, ਭੁਲੇ ਨਰ ਹਰਿ ਸ੍ਰੀ ਭਗਵਾਨਿਆ । ਚਾਰੋਂ ਕੁੰਟ ਪਿਆ ਮੁਖ ਥੁੱਕ, ਵੇਲੇ ਅੰਤ ਸਰਬ ਪਛਤਾਨਿਆ । ਕਲਜੁਗ ਦਾਣਾ ਪਾਣੀ ਗਿਆ ਮੁੱਕ, ਦਰ ਘਰ ਸਾਚੇ ਨਾ ਹੋਏ ਪਰਵਾਨਿਆ । ਵੇਲਾ ਅੰਤਮ ਆਇਆ ਢੁੱਕ, ਲੱਥੇ ਤਾਜ ਰਾਜੇ ਰਾਣਿਆ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਸੰਬਲ ਦੇਸ ਜੋਤ ਧਰ, ਪਰਗਟ ਹੋਏ ਵਿਚ ਮੈਦਾਨਿਆ । ਪਰਗਟ ਹੋਏ ਵਾਲੀ ਦੋ ਜਹਾਨ, ਸ਼ਬਦ ਨਗਾਰਿਆ । ਸ਼ਬਦ ਫੜੇ ਤੀਰ ਕਮਾਨ, ਖਿਚੀ ਜਾਏ ਵਾਰੋ ਵਾਰਿਆ । ਆਪ ਉਠਾਏ ਰਾਜ ਰਾਜਾਨ, ਜੋਤ ਸਰੂਪੀ ਨੌਜਵਾਨ, ਚਿੱਟੇ ਅਸਵ ਕਸੇ ਤੰਗ, ਧਰਤ ਮਾਤ ਰੰਗੇ ਰੰਗ, ਕਰੇ ਖੇਲ ਅਪਰ ਅਪਾਰਿਆ । ਚਾਰੋਂ ਕੁੰਟ ਹੋਈ ਨੰਗ, ਕੋਈ ਨਾ ਦੀਸੇ ਅੰਗ ਸੰਗ, ਇਕ ਮੁਹੰਮਦ ਮੰਗੀ ਮੰਗ, ਸਦੀ ਚੌਧਵੀਂ ਭੇਦ ਚੁੱਕਾ ਰਿਹਾ । ਗੁਰ ਗੋਬਿੰਦਾ ਅੰਗ ਸੰਗ, ਨਾਮ ਵਜਾਏ ਇਕ ਮਰਦੰਗ, ਜੋਤੀ ਜੋਤ ਸਰੂਪ ਹਰਿ, ਸੰਬਲ ਦੇਸ ਵੇਸ ਕਰ, ਸਾਚਾ ਸੰਗ ਨਿਭਾ ਰਿਹਾ । ਸੰਬਲ ਦੇਸ ਧਾਮ ਸੁਹਾਇਆ ਏ । ਕਾਇਆ ਨਗਰੀ ਜੋਤੀ ਜਾਮਾ ਪਾਇਆ ਏ । ਗੁਰ ਗੋਬਿੰਦਾ ਵਾਲੀ ਦੋ ਜਹਾਨਾਂ, ਸ਼ਾਹ ਸੁਲਤਾਨਾਂ ਵੇਸ ਅਵੇਸਾ ਕਰ ਕਰ ਆਇਆ ਏ । ਆਪ ਮਿਟਾਏ ਸਗਲੀ ਚਿੰਦਾ, ਵਾਲੀ ਹਿੰਦਾ ਰਿਹਾ ਉਠਾਇਆ ਏ । ਆਤਮ ਤੋੜੇ ਵੱਜਾ ਜਿੰਦਾ, ਤਿਖਾ ਤੀਰ ਹੱਥ ਉਠਾਇਆ ਏ । ਗੁਰਮੁਖ ਉਪਜਾਏ ਸਾਚੀ ਬਿੰਦਾ, ਦਰਸ ਅਮੋਘਾ ਇਕ ਕਰਾਇਆ ਏ । ਲੱਖ ਚੁਰਾਸੀ ਕਰਨੀ ਨਿੰਦਾ, ਭੇਵ ਕਿਸੇ ਨਾ ਪਾਇਆ ਏ । ਵਡ ਦਾਤਾ ਗੁਣੀ ਗਹਿੰਦਾ, ਸਰਬ ਜੀਆਂ ਆਪ ਬਖ਼ਸ਼ਿੰਦਾ, ਆਦਿਨ ਅੰਤਾ ਪੂਰਨ ਭਗਵੰਤਾ, ਸਰਬ ਜੀਆਂ ਏਕਾ ਰਘੁਰਾਇਆ ਏ । ਜੋਤੀ ਜੋਤ ਸਰੂਪ ਹਰਿ, ਸੰਬਲ ਦੇਸ ਵੇਸ ਕਰ, ਸ਼ਬਦ ਨਗਾਰਾ ਇਕ ਰਖਾਇਆ ਏ । ਸ਼ਬਦ ਨਗਾਰਾ ਹਰਿ ਵਜਾਇੰਦਾ । ਚਰਨ ਟਿਕਾਇਆ ਬਿਆਸ

ਪਾਰ ਕਿਨਾਰਾ, ਦੇਸ ਮਾਲਵਾ ਆਪ ਸੁਹਾਇੰਦਾ । ਵੇਖਣ ਜਾਏ ਵਾਰੋ ਵਾਰਾ, ਰਾਣਾ ਸੰਗਰੂਰ ਹਰਿ ਜਗਾਇੰਦਾ । ਚਾਰੋਂ ਕੁੰਟਾਂ ਆਉਣੀ ਹਾਰਾ, ਨਾ ਕੋਈ ਦੀਸੇ ਮੀਤ ਮੁਰਾਰਾ, ਨਾ ਕੋਈ ਨਾਰੀ ਨਾ ਕੋਈ ਨਾਰਾ, ਸਾਚਾ ਸੰਗ ਨਾ ਕੋਈ ਨਿਭਾਇੰਦਾ । ਪਰਗਟ ਹੋਏ ਨਿਹਕਲੰਕ ਬਲੀ ਬਲਕਾਰਾ, ਤਿਖੀ ਰਖੇ ਹਰਿ ਜੀ ਧਾਰਾ, ਆਪੇ ਵੇਖੇ ਜਮਨ ਕਿਨਾਰਾ, ਵਾਲੀ ਹਿੰਦ ਆਪ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਸੰਬਲ ਦੇਸ ਵੇਸ ਹਰਿ, ਸਾਚੀ ਜੋਤ ਜਗਾਇੰਦਾ । ਜਗੀ ਜੋਤ ਨਿਰੰਕਾਰ, ਭਗਤ ਰੁਸ਼ਨਾਈਆ । ਘਰ ਘਰ ਹੋਏ ਵਿਚਾਰ, ਕੋਈ ਨਾ ਪਾਵੇ ਸਾਰ, ਗਿਆਨੀ ਧਿਆਨੀ ਪੜ੍ਹ ਪੜ੍ਹ ਥੱਕੇ ਗਏ ਹਾਰ, ਸਾਚਾ ਲੇਖ ਨਾ ਕੋਈ ਲਿਖਾਈਆ । ਪਵਣ ਘੋੜਾ ਸ਼ਬਦ ਅਸਵਾਰ, ਜੋਤੀ ਜਾਮਾ ਭੇਖ ਨਿਆਰ, ਲੋਆਂ ਪੁਰੀਆਂ ਵਸੇ ਬਾਹਰ, ਨੌਂ ਦਵਾਰੇ ਗੁਪਤ ਜਾਹਰ, ਦਸਵੇਂ ਸਦਾ ਰਹੇ ਸਮਾਈਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਕਰਿਆ ਵੇਸ ਸਾਚੇ ਦੇਸ ਨਰ ਨਰੇਸ਼ ਆਪਣਾ ਆਪ ਸੁਹਾਈਆ । ਆਪ ਸੁਹਾਇਆ ਦੇਸ ਵਣਜ ਵਣਜਾਰਿਆ । ਵੇਖ ਵਖਾਣੇ ਬ੍ਰਹਮਾ ਵਿਸ਼ਨ ਮਹੇਸ਼ ਗਣੇਸ਼ ਸਚ ਦਵਾਰੇ ਬੰਕ ਅੰਕ ਇਕ ਵਖਾ ਰਿਹਾ । ਜੋਤੀ ਜਾਮਾ ਹਰਿ ਦਸਮੇਸ਼, ਨੇਤਰ ਨੈਣ ਲੋਚਨ ਲੈਣਾ ਪੇਖ, ਸਾਚੀ ਰਚਨਾ ਹਰਿ ਰਚਾ ਰਿਹਾ । ਪਾਰਬ੍ਰਹਮ ਬ੍ਰਹਮ ਪਰਵੇਸ਼, ਰੂਪ ਅਗੰਮਾ ਅਗੰਮ ਨਰੇਸ਼, ਸਚ ਸਿੰਘਾਸਣ ਡੇਰਾ ਲਾ ਰਿਹਾ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਆਪਣਾ ਭੇਵ ਆਪੇ ਆਪ ਛੁਪਾ ਰਿਹਾ । ਕਵਣ ਫਕੀਰ ਸ਼ਾਹ ਹਕੀਰ ਕਵਣ ਵਜਾ ਤਨ ਜੰਜੀਰ । ਕਵਣ ਦਵਾਰੇ ਰਿਹਾ ਭੱਜਾ, ਅੰਮ੍ਰਿਤ ਨਾ ਮਿਲੇ ਸਾਚਾ ਸੀਰ । ਕਾਇਆ ਪੜਦਾ ਨਾ ਕਿਸੇ ਕੱਜਾ, ਦਰਸ ਨਾ ਪਾਇਆ ਗਹਿਰ ਗੰਭੀਰ । ਭਾਂਡਾ ਭਰਮ ਜਗਤ ਨਾ ਭੱਜਾ, ਹੋਇਆ ਸ਼ਾਂਤ ਨਾ ਤਨ ਸਰੀਰ । ਸਚ ਸਿੰਘਾਸਣ ਬੈਠ ਨਾ ਸਜਾ, ਮਿਲਿਆ ਮੇਲ ਨਾ ਆਤਮ ਸੇਜਾ ਸਾਚੇ ਪੀਰ । ਦੂਈ ਦਵੈਤੀ ਜਿੰਦਾ ਵੱਜਾ, ਹਉਮੇ ਲੱਗੀ ਕਾਇਆ ਪੀੜ । ਅੰਮ੍ਰਿਤ ਧਾਰ ਨਾ ਤਨ ਮਨ ਸਿੰਚਾ, ਵੇਲੇ ਅੰਤ ਨਾ ਕਟੇ ਕੋਈ ਭੀੜ । ਤ੍ਰਿਸਨਾ ਅਗਨੀ ਜਗਤ ਦਝਾ, ਆਪੇ ਵੇਖੇ ਹਸਤ ਕੀੜ । ਨੇਤਰ ਕਿਸੇ ਨਾ ਖੁਲ੍ਹੇ ਤੀਜਾ, ਨਾ ਕੋਈ ਚੜ੍ਹਿਆ ਚੋਟੀ ਇਕ ਅਖ਼ੀਰ । ਗੁਰਮੁਖ ਵਿਰਲੇ ਤਨ ਮਨ ਪ੍ਰਭ ਸ਼ਬਦ ਵਿਧਾ, ਵੇਲੇ ਅੰਤਮ ਬੰਨ੍ਹੇ ਬੀੜ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦੇਵੇ ਇਕ ਵਰ, ਤਨ ਸ਼ਬਦ ਸਾਚੇ ਚੀਰ । ਕਵਣ ਫਕੀਰ ਸ਼ਾਹ ਮੌਲਾਣਾ । ਕਵਣ ਵੇਖੇ ਸਾਚਾ ਨੀਰ, ਕਵਣ ਜੋਤੀ ਮਹਿੰਦੀ ਹੱਥੀਂ ਬੰਨ੍ਹੇ ਗਾਨਾ । ਕਵਣ ਰਸਨਾ ਖਿੱਚੇ ਤੀਰ, ਮਾਰੇ ਪੰਚਾਂ ਇਕ ਨਿਸ਼ਾਨਾ । ਜੋਤੀ ਜੋਤ ਸਰੂਪ ਹਰਿ, ਏਕਾ ਵਸੇ ਸਚ ਘਰ, ਜੋਤ ਸਰੂਪੀ ਡਗਮਗਾਨਾ । ਜਗਤ ਫਕੀਰ ਅੱਲਾ ਨੂਰ । ਤਨ ਵੇਖੇ ਚੀਰ, ਹਰਿ ਦਿਸੇ ਦੂਰ । ਕਵਣ ਘਰ ਜੋਤ ਉਜਾਲਾ, ਚੌਦਾਂ ਹੱਟਾਂ ਕੋਹਤੂਰ । ਚੌਦੀਂ ਤਬਕੀਂ ਹੋਏ ਉਜਾਲਾ, ਆਪ ਕਰਾਏ ਵਡ ਵਡ ਸੂਰ । ਭਗਤ ਜਨਾਂ ਸਦ ਹੋਏ ਰਖਵਾਲਾ, ਆਸਾ ਮਨਸਾ ਹਰਿ ਜੀ ਪੂਰ । ਮਨ ਕਾਜੀ ਤਨ ਸ਼ੇਖ਼ ਮੌਲਾਨਾ । ਕਵਣ ਦਵਾਰੇ ਬਣਿਆ ਹਾਜੀ, ਮੱਕਾ ਕਾਅਬਾ ਕਿਸ ਟਿਕਾਨਾ । ਸ਼ਬਦ ਘੋੜਾ ਕਿਹੜਾ ਮਿਲਿਆ ਤਾਜੀ, ਦਹਿ ਦਿਸ਼ਾ ਜਿਸ ਭਵਾਣਾ । ਪੰਜੇ ਚੋਰ ਮਗਰ ਲੱਗੇ ਨਿਮਾਜੀ, ਵੇਲੇ ਅੰਤ ਖਾਕ ਰੁਲਾਣਾ । ਗੁਰਮੁਖ ਵਿਰਲੇ ਸੰਤ ਜਨ ਪ੍ਰਭ ਸਾਜਨ ਸਾਚੀ ਸਾਜੀ, ਦੇਵੇ ਦਰਸ ਸ੍ਰੀ ਭਗਵਾਨਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਬਖ਼ਸ਼ੇ ਜੀਆ ਦਾਨਾ । ਸ਼ੇਖ਼ ਪੀਰ ਮੁਸਾਇਕ ਨੂਰ ਅਲਾਹੀਆ । ਸ੍ਰਿਸ਼ਟ ਸਬਾਈ ਏਕਾ ਨਾਇਕ, ਜਗਤ ਮਲਾਹੀਆ । ਨੂਰ ਅਲਾਹੀ ਪਾਕੀ

ਪਾਕ, ਲੱਖ ਚੁਰਾਸੀ ਮਾਟੀ ਖ਼ਾਕ ਅੰਤ ਖਾਕ ਮਿਲਾਇਆ । ਜੋਤੀ ਜੋਤ ਸਰੂਪ ਹਰਿ, ਸਚ ਫਕੀਰੀ ਇਕ ਘਰ, ਦੂਜਾ ਨਾ ਕੋਇ ਮੰਗੇ ਵਰ, ਮਿਲੇ ਦਰ ਰਘੁਪਤ ਰਘੁਰਾਈਆ । ਸ਼ਬਦ ਸੁਰਤ ਜਨ ਮੇਲ, ਭਰਮ ਭਉ ਕਟਿਆ । ਸੁਰਤ ਸ਼ਬਦ ਜਨ ਮੇਲ, ਵਖਾਏ ਖੇਲ ਚੌਦਾਂ ਹਟਿਆ । ਸੁਰਤ ਸ਼ਬਦ ਜਨ ਮੇਲ, ਨੁਹਾਏ ਅੰਮ੍ਰਿਤ ਆਤਮ ਸਾਚੇ ਸਰ ਤੀਰਥ ਤੱਟਿਆ । ਸੁਰਤ ਸ਼ਬਦ ਜਨ ਮੇਲ, ਜੋਤੀ ਜੋਤ ਸਰੂਪ ਹਰਿ, ਆਪੇ ਆਪ ਲਪੇਟੇ ਸਾਚੇ ਪਟਿਆ । ਸੁਰਤ ਸ਼ਬਦ ਜਨ ਮੇਲ, ਸਚ ਵਖਾਨਿਆ । ਸੁਰਤ ਸ਼ਬਦ ਜਨ ਮੇਲ, ਪਵਣ ਬਿਬਾਣ ਆਪ ਉਡਾਨਿਆ । ਸੁਰਤ ਸ਼ਬਦ ਜਨ ਮੇਲ, ਸੁਰਤੀ ਸੁਰਤ ਬੰਧ ਬੰਧਾਨਿਆ । ਸੁਰਤ ਸ਼ਬਦ ਜਨ ਮੇਲ, ਭਰਮਾਂ ਕੰਧ ਆਤਮ ਅੰਧ ਦੂਰ ਕਰਾਨਿਆ । ਸੁਰਤ ਸ਼ਬਦ ਜਨ ਮੇਲ, ਪੰਚਾਂ ਕਟੇ ਫੰਦ ਦੇਵੇ, ਦਾਨ ਸਾਚਾ ਦਾਨਿਆ । ਸੁਰਤ ਸ਼ਬਦ ਜਨ ਮੇਲ, ਸੋਹੰ ਬੰਨ੍ਹੇ ਕੱਚਾ ਤੰਦ, ਜੋਤੀ ਮੇਲ ਸ੍ਰੀ ਭਗਵਾਨਿਆ । ਸੁਰਤ ਸ਼ਬਦ ਜਨ ਮੇਲ, ਜੋਤ ਜਗਾਏ ਬੰਦ ਬੰਦ, ਬਹੱਤਰ ਨਾੜੀ ਇਕ ਟਿਕਾਨਿਆ । ਸੁਰਤ ਸ਼ਬਦ ਜਨ ਮੇਲ, ਗੁਰਮੁਖ ਚੜ੍ਹਿਆ ਸਾਚਾ ਚੰਦ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨਿਆ । ਸੁਰਤ ਸ਼ਬਦ ਜਨ ਮੇਲ, ਨਿਜ ਘਰ ਵਾਸਿਆ । ਸੁਰਤ ਸ਼ਬਦ ਜਨ ਮੇਲ, ਦੇਵਣਹਾਰ ਇਕ ਭਰਵਾਸਿਆ । ਸੁਰਤ ਸ਼ਬਦ ਜਨ ਮੇਲ, ਜੋਤੀ ਜੋਤ ਸਰੂਪ ਹਰਿ, ਆਪੇ ਵੇਖੇ ਖੇਲੇ ਖੇਲ ਜਗਤ ਤਮਾਸ਼ਿਆ । ਅੰਮ੍ਰਿਤ ਧਾਰ ਧਾਰ ਹਰਿ ਵਹਾਇੰਦਾ । ਕਿਰਪਾ ਕਰ ਕਰ ਵਿਚਾਰ, ਹਉਮੇ ਰੋਗ ਗਵਾਇੰਦਾ । ਕਾਇਆ ਭਾਂਡਾ ਕਰ ਉਜਿਆਰ, ਮਾਟੀ ਚਾਟੀ ਪੋਚ ਪੁਚਾਇੰਦਾ । ਸ਼ਬਦ ਰੱਖੇ ਅਪਰ ਅਪਾਰ, ਸਾਚੀ ਵਸਤ ਇਕ ਟਿਕਾਇੰਦਾ । ਅੰਮ੍ਰਿਤ ਦੇਵੇ ਕਰ ਪਿਆਰ, ਜੋ ਜਨ ਆਏ ਦਰ ਦਵਾਰ, ਕਾਇਆ ਰੋਗ ਜਗਤ ਸੋਗ ਸਰਬ ਮਿਟਾਇੰਦਾ । ਏਕਾ ਬਖ਼ਸ਼ੇ ਦਰਸ ਅਮੋਘ, ਸ਼ਬਦ ਚੁਗਣੀ ਸਾਚੀ ਚੋਗ, ਕਾਗ ਹੰਸ ਬਣਾਇੰਦਾ । ਲੇਖਾ ਲੇਖ ਧੁਰ ਸੰਜੋਗ, ਰਸਨ ਰਸ ਲੈਣ ਭੋਗ, ਕਲਜੁਗ ਵਿਜੋਗ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖਾਲੀ ਭੰਡਾਰੇ ਰਿਹਾ ਭਰ, ਜੋ ਜਨ ਇਕ ਧਿਆਨ ਲਗਾਇੰਦਾ । ਖਾਲੀ ਭਰੇ ਭੰਡਾਰ, ਹਰਿ ਭਗਵੰਤਿਆ । ਖੋਲ੍ਹੇ ਸਚ ਦਵਾਰ, ਆਦਿਨ ਅੰਤਿਆ । ਦੁੱਖੜੇ ਰੋਗ ਰਿਹਾ ਨਿਵਾਰ, ਕਾਇਆ ਕਰੇ ਠੰਡੀ ਠਾਰ, ਜਨ ਕਰੇ ਦੋਏ ਜੋੜ ਬੇਨੰਤੀਆ । ਮਿਲਿਆ ਮੇਲ ਸਚ ਭਤਾਰ, ਵੇਖੇ ਬੈਠ ਸੱਚੀ ਸਰਕਾਰ, ਚਾਰ ਵਰਨਾਂ ਇਕ ਸਰਦਾਰ, ਆਪੇ ਬਣਾਏ ਸਾਚੀ ਬਣਤਿਆ । ਕਾਗ ਬਣਾਏ ਹੰਸ ਉਡਾਰ, ਧੋਏ ਦਾਗ ਅੰਮ੍ਰਿਤ ਧਾਰ, ਨਾ ਕੋਈ ਜਾਣੇ ਨਰ ਨਾਰ, ਮਿਲੇ ਵਡਿਆਈ ਜੀਵ ਜੰਤਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਨਾਮ ਵਰ, ਸਾਚਾ ਧਾਮ ਆਪ ਸੁਹੰਤਿਆ । ਸਾਚਾ ਧਾਮ ਸੁਹਾਏ ਧਰਮ ਨਿਸ਼ਾਨਿਆ । ਜੋਤੀ ਰਾਮ ਜਗਾਏ ਸ੍ਰੀ ਭਗਵਾਨਿਆ । ਪੂਰਨ ਕਾਮ ਕਰਾਏ ਦੇਵੇ ਦਾਨਿਆ । ਸੁੱਕਾ ਹਰਿਆ ਕਰੇ ਚਾਮ, ਬਖ਼ਸ਼ੇ ਜੀਆ ਦਾਨਿਆ । ਗੁਰਮੁਖਾਂ ਮਿੱਟੇ ਆਤਮ ਰੈਣ ਅੰਧੇਰੀ ਸ਼ਾਮ, ਦੀਪਕ ਜੋਤੀ ਇਕ ਜਗਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵੇ ਨਾਮ ਨਿਸ਼ਾਨਿਆ । ਅੰਮ੍ਰਿਤ ਮੁਖ ਚੁਆਏ, ਰੋਗ ਮਿਟਾਇੰਦਾ । ਏਕਾ ਸੁਖ ਉਪਜਾਏ, ਸੋਗ ਗਵਾਇੰਦਾ । ਹੋਏ ਸਹਾਈ ਸਭਨੀਂ ਥਾਈਂ, ਦਿਵਸ ਰੈਣ ਸੇਵ ਕਮਾਇੰਦਾ । ਵੇਖ ਵਖਾਣੇ ਥਾਉਂ ਥਾਈਂ, ਦੂਰ ਨੇੜੇ ਆਪ ਸਮਾਇੰਦਾ । ਆਪੇ ਪਿਤਾ ਆਪੇ ਮਾਈ, ਬਾਲਕ ਸੀਰ ਆਪ ਪਿਆਇੰਦਾ । ਆਪੇ ਹੰਸ ਬਣਾਏ ਕਾਏ, ਮਾਣਕ ਮੋਤੀ ਚੋਗ ਚੁਗਾਇੰਦਾ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਾਇਆ ਰੋਗ ਚਿੰਤਾ ਸੋਗ ਰਸਨਾ ਰਸ ਭੋਗ ਆਪੇ ਆਪ ਮਿਟਾਇੰਦਾ ।।

## ★ ੩੦ ਹਾੜ ੨੦੧੨ ਬਿਕ੍ਰਮੀ ਸੰਤ ਈਸ਼ਰ ਸਿੰਘ ਕਲੇਰਾਂ ਵਾਲਿਆਂ ਨੂੰ ਸ਼ਬਦ ਭੇਜਿਆ ਗਿਆ ਤੇ ਸ਼ਬਦ ਵਿਚ ਉਤਰ ਦੀ ਮੰਗ ਕੀਤੀ ★

ਗੁਰ ਗੱਦੀ ਗੁਰ ਗੱਦੀਦਾਰ । ਤਨ ਮਨ ਕਾਇਆ ਮਾਇਆ ਬੱਧੀ, ਹੋਣਾ ਖ਼ਬਰਦਾਰ । ਕਲਜੁਗ ਵਹਿਣੀ ਏਕਾ ਨਦੀ, ਬੀਤਦੀ ਜਾਏ ਚੌਧਵੀਂ ਸਦੀ, ਨਾ ਕੋਈ ਮਿਲੇ ਮੀਤ ਮੁਰਾਰ । ਆਪੇ ਵੇਖੇ ਸੁਦੀ ਵਦੀ, ਉਤਰ ਪੂਰਬ ਪੱਛਮ ਦੱਖਣ ਦਿਸ਼ਾ ਵਿਚਾਰ । ਜੋਤੀ ਜੋਤ ਸਰੂਪ ਹਰਿ, ਸਤਿ ਸੁਹੇਲੇ ਆਇਆ ਰੱਖਣ, ਗੁਰਮੁਖ ਵਰੋਲੇ ਛਾਛ ਮੱਖਣ, ਅੰਤਮ ਪਾਏ ਸਾਚੀ ਸਾਰ । ਨੰਦ ਚੰਦ ਸੁਤ ਦੁਲਾਰ । ਅੰਧ ਬੰਧ ਕੰਧ ਵਿਚ ਸੰਸਾਰ । ਮਾਇਆ ਭੁੱਲੇ ਜਗਤ ਧੰਦ, ਨਾਮ ਨਿਰੰਜਣ ਇਕ ਵਪਾਰ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਰੱਖਣ ਆਇਆ ਸੰਤ ਅਸੰਤ ਜੀਵ ਜੰਤ ਮੂਰਖ ਮੁਗਧ ਗਵਾਰ । ਸਿੰਘ ਈਸ਼ਰ ਈਸ਼ਰ ਰੱਖ ਵਾਸ । ਜਗਤ ਜਗਦੀਸ਼ਰ ਕਿਸ ਹੋਵੇ ਪਾਸ । ਤਪੀ ਤਪੀਸ਼ਰ ਕਿਉਂ ਹੋਏ ਉਦਾਸ । ਰਿਖੀ ਰਿਖੀਸ਼ਰ ਕਲ ਬੇ ਬੇਆਸ । ਪੰਡਤ ਪਾਂਧੇ ਮੁਨੀ ਮੁਨੀਸ਼ਰ, ਮਨਮੁਖ ਤਨ ਰਹੀ ਪਿਆਸ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਆਪੇ ਵੇਖ ਵਖਾਣੇ ਅਪ ਤੇਜ਼ ਵਾਏ ਪ੍ਰਿਥਮੀ ਅਕਾਸ । ਸਾਚੇ ਸੰਤ ਸੁਤ ਦੁਲਾਰ । ਕਵਣ ਦਵਾਰੇ ਵਸੇ ਕੰਤ, ਨੇਤਰ ਖੋਲ੍ਹ ਵੇਖ ਬੰਦ ਕਿਵਾੜ । ਝੂਠੀ ਵਡਿਆਈ ਜੀਵ ਜੰਤ, ਮਾਇਆ ਅੱਗਨੀ ਲੱਗੀ ਤੱਤੀ ਹਾੜ । ਨਾ ਕੋਈ ਬਣਾਏ ਅੰਤਮ ਬਣਤ, ਬਹੱਤਰ ਨਾੜੀ ਰਿਹਾ ਸਾੜ । ਝੂਠੀ ਮਾਟੀ ਖੇਲ ਬਾਜੀਗਰ ਨਾਟੀ ਹੋਏ ਭਸਮੰਤ, ਸ਼ਬਦ ਘੋੜੇ ਨਾ ਕੋਈ ਦੇਵੇ ਚਾੜ੍ਹ, ਏਕਾ ਏਕ ਜਨ ਭਗਤ ਟੇਕ ਆਦਿ ਅੰਤ, ਦਰ ਘਰ ਸਾਚੇ ਦੇਵੇ ਵਾੜ । ਬਾਰਾਂ ਤੀਸ ਰੁੱਤ ਬਸੰਤ, ਮਿਲੇ ਮੇਲ ਸਾਚੇ ਕੰਤ, ਜੋਤੀ ਜੋਤ ਸਰੂਪ ਹਰਿ, ਇਕ ਦਿਸਾਏ ਸਾਚਾ ਲਾੜ । ਸਾਚਾ ਮੰਦਰ ਕਵਣ ਸ਼ਿੰਗਾਰ । ਸ਼ਬਦ ਅਖਾੜਾ ਵਿਚ ਸੰਸਾਰ । ਪੰਚਮ ਧਾੜਾ ਖ਼ਬਰਦਾਰ । ਆਪੇ ਵੇਖੇ ਘਾੜਨ ਘਾੜਾ, ਦਸਮ ਦਵਾਰਾ ਚਾਰ ਦਿਵਾਰ । ਜੋਤੀ ਜੋਤ ਸਰੂਪ ਹਰਿ, ਏਕਾ ਪੁੱਛੇ ਸਚ ਘਰ, ਕਵਣ ਦਵਾਰੇ ਵਸੇ ਲਾੜੀ ਲਾੜ । ਤਨ ਮੰਦਰ ਧਾਮ ਅਪਾਰਾ ਹੈ । ਏਕਾ ਪੁਰਖ ਏਕਾ ਨਾਰੀ, ਏਕਾ ਸੇਜਾ ਸੁੱਤਾ ਪੈਰ ਪਸਾਰਾ ਹੈ । ਆਪ ਵੇਖੇ ਵਾਰੋ ਵਾਰੀ, ਆਪੇ ਵਸੇ ਬਾਹਰਾ ਹੈ । ਸਿੰਘ ਈਸ਼ਰ ਫੋਲ ਤਨ ਕਿਆਰੀ, ਫਲ ਲੱਗਾ ਕਿਹੜੇ ਡਾਲ੍ਹਾ ਹੈ । ਜੋਤੀ ਜੋਤ ਸਰੂਪ ਹਰਿ, ਏਕਾ ਪੁੱਛੇ ਸਾਚਾ ਘਰ, ਕਵਣ ਸ਼ਾਹ ਕਵਣ ਕੰਗਾਲਾ ਹੈ । ਕਵਣ ਸ਼ਾਹ ਕਵਣ ਕੰਗਾਲ । ਕਵਣ ਮਲਾਹ ਜਗਤ ਦਲਾਲ । ਕਵਣ ਰਾਹ ਪ੍ਰਭ ਦਏ ਵਖਾਲ । ਕਵਣ ਥਾਂ ਨਰ ਹਰਿ ਹਰਿ ਨਰ ਰਿਹਾ ਸੁਰਤ ਸੰਭਾਲ । ਜੋਤੀ ਜੋਤ ਸਰੂਪ ਹਰਿ, ਏਕਾ ਪੁੱਛੇ ਸਾਚਾ ਘਰ, ਕਵਣ ਘੋੜਾ ਕਵਣ ਜੋੜਾ, ਚੁੱਕੀ ਰੱਖੇ ਚੌਥਾ ਪੌੜਾ, ਚੌਥੇ ਜੁਗ ਚਲੇ ਅਵੱਲੜੀ ਚਾਲ । ਚੌਥੇ ਜੁਗ ਚੌਥਾ ਪੌੜਾ । ਚਿੱਟਾ ਅਸਵ ਚੁੱਕੇ ਪੌੜਾ । ਸ਼ਾਹ ਅਸਵਾਰਾ ਹਰਿ ਨਿਰੰਕਾਰਾ । ਲੋਕਮਾਤ ਵੇਖਣ ਆਇਆ ਮਿੱਠਾ ਕੌੜਾ । ਸ਼ਬਦ ਅਪਾਰਾ ਖੰਡਾ ਦੋ ਧਾਰਾ, ਅਸਤਰ ਸ਼ਸਤਰ ਬਸਤਰ ਕਰ ਪਿਆਰ, ਵੇਖ ਵਖਾਣੇ ਏਕਾ ਥਾਂ ਲੰਬਾ ਚੌੜਾ । ਜੋਤੀ ਜੋਤ ਸਰੂਪ ਹਰਿ, ਏਕਾ ਪੁੱਛੇ ਸਚ ਘਰ, ਸੰਬਲ ਦੇਸ ਕਿਹੜਾ ਵੇਸ, ਪਰਗਟ ਹੋਏ ਕਿਸ ਘਰ ਬ੍ਰਹਿਮਣ ਗੌੜਾ । ਉਤਰ ਦੇਣਾ ਕਰ ਵਿਚਾਰ । ਲੇਖਾ ਲੇਖ ਆਏ ਸਚ ਦਰਬਾਰ । ਜੂਠਾ ਝੂਠਾ ਭੇਖ ਦਏ ਨਿਵਾਰ । ਖਾਲੀ ਦਿਸੇ ਮਾਇਆ ਠੂਠਾ, ਸ਼ਬਦ ਭਰਿਆ ਰਹੇ ਭੰਡਾਰ । ਦਸਮ ਦਵਾਰੇ ਰੰਗ ਅਨੂਠਾ, ਅੰਮ੍ਰਿਤ ਬਰਖੇ ਨਿਝਰ ਧਾਰ । ਕਵਲ ਨਾਭੀ ਹੋਏ ਪੁੱਠਾ, ਝਿਰਨਾ ਝਿਰੇ

ਵਾਰੋ ਵਾਰ । ਪੁਰਖ ਅਬਿਨਾਸ਼ੀ ਸਾਚਾ ਤੁਠਾ, ਕਰੇ ਕਰਾਏ ਖ਼ਬਰਦਾਰ । ਲੁਕਿਆ ਰਹਿਣ ਨਾ ਦੇਵੇ ਕੋਈ ਗੁਠਾ, ਸ਼ਬਦ ਹਲੂਣਾ ਰਿਹਾ ਮਾਰ । ਆਪ ਕਰਾਏ ਏਕਾ ਮੁੱਠਾ, ਚਰਨ ਟਿਕਾਇਆ ਬਿਆਸ ਪਾਰ ਕਿਨਾਰ । ਸੰਤ ਸੁਹੇਲਾ ਕੋਈ ਰਹਿਣ ਨਾ ਦੇਵੇ ਰੁੱਠਾ, ਜੁਗਾਂ ਜੁਗਾਂ ਦਾ ਵਿਛੜਿਆ ਯਾਰ । ਜੋਤੀ ਜੋਤ ਸਰੂਪ ਹਰਿ, ਏਕਾ ਪੁੱਛੇ ਸਚ ਘਰ, ਕਵਣ ਗੁਰ ਸੱਚੀ ਸਰਕਾਰ । ਉਤਰ ਦੇਣਾ ਸੁਰਤ ਸਲਾਹ । ਅਕਾਲ ਮੂਰਤ ਵਿਚ ਮਲਾਹ । ਸ਼ਬਦ ਤੂਰਤ ਦੱਸੇ ਰਾਹ । ਜੋਤੀ ਨੂਰਤ ਵੇਖੇ ਥਾਂ । ਮਾਇਆ ਰਾਣੀ ਰਹੀ ਝੂਰਤ, ਕਲਜੁਗ ਅੰਤ ਨਾ ਪਕੜੇ ਕੋਈ ਬਾਂਹ । ਬੇਮੁੱਖਾਂ ਦਰ ਦਿਸੇ ਦੂਰਤ, ਗੁਰਮੁਖਾਂ ਜਪਾਏ ਆਪਣਾ ਨਾਂ । ਜੋਤੀ ਜੋਤ ਸਰੂਪ ਹਰਿ, ਏਕਾ ਪੁੱਛੇ ਸਚ ਘਰ, ਕਵਣ ਪਿਤਾ ਕਵਣ ਮਾਂ । ਕਵਣ ਮਾਤ ਪਿਤ ਪੂਤ ਜਨ ਜਾਇਆ । ਕਵਣ ਧਾਗਾ ਸਾਚਾ ਸੂਤ, ਸਾਚਾ ਤਨ ਕਿਸ ਉਣਾਇਆ । ਕਵਣ ਮੰਦਰ ਅੰਧ ਕੂਪ, ਕਵਣ ਜੋਤੀ ਹਵਨ ਕਰਾਇਆ । ਕਵਣ ਨੂਰ ਸਤਿ ਸਰੂਪ, ਪਵਣ ਵਾਜਾ ਕਿਸ ਵਜਾਇਆ । ਜੋਤੀ ਜੋਤ ਸਰੂਪ ਹਰਿ, ਏਕਾ ਪੁੱਛੇ ਸਚ ਘਰ, ਕਵਣ ਸਿੰਘਾਸਣ ਡੇਰਾ ਲਾਇਆ । ਕਵਣ ਸਿੰਘਾਸਣ ਹਰਿ ਨਿਰੰਕਾਰ । ਜੋਤ ਸਰੂਪੀ ਆਪ ਬਿਰਾਜੇ, ਸ਼ਬਦ ਸਰੂਪੀ ਪਹਿਰੇਦਾਰ । ਪਵਣ ਸਰੂਪੀ ਮਾਰੇ ਅਵਾਜੇ, ਲੋਕਮਾਤ ਰਹਿਣਾ ਖ਼ਬਰਦਾਰ । ਆਪ ਆਪਣਾ ਸਾਜਨ ਸਾਜੇ, ਜੋਤੀ ਜਾਮਾ ਭੇਖ ਨਿਆਰ । ਤਖ਼ਤੋਂ ਲਾਹੇ ਰਾਜਨ ਰਾਜੇ, ਸ਼ਾਹ ਸੁਲਤਾਨਾਂ ਕਰੇ ਭਿਖਾਰ । ਜਨ ਭਗਤਾਂ ਦੇਵੇ ਏਕਾ ਨਾਮ ਸਾਚਾ ਦਾਜੇ । ਆਤਮ ਝੋਲੀ ਭਰੇ ਭੰਡਾਰ । ਜੋਤੀ ਜੋਤ ਸਰੂਪ ਹਰਿ, ਏਕਾ ਪੁੱਛੇ ਸਚ ਘਰ, ਕਵਣ ਦਵਾਰੇ ਜੋਤ ਨਿਰੰਕਾਰੇ, ਲੱਖ ਚੁਰਾਸੀ ਪਸਰ ਪਸਾਰ । ਜੋਤ ਨਿਰੰਕਾਰਾ ਇਕ ਅਕਾਰਿਆ । ਦੂਜਾ ਵਸੇ ਇਕ ਮਹੱਲੇ ਸ਼ਬਦ ਉਡਾਰਿਆ । ਤੀਜੇ ਪਵਣ ਸੁਨੇਹਾ ਘਲੇ, ਆਵੇ ਜਾਵੇ ਵਾਰੋ ਵਾਰਿਆ । ਚੌਥੇ ਘਰ ਮਿਲੇ ਵਰੇ, ਸੰਤ ਸੁਹੇਲੇ ਬੈਠੇ ਰਹਿਣ ਇਕੱਲੇ, ਆਪੇ ਪਾਵੇ ਸਾਰਿਆ । ਪੰਚਮ ਸ਼ਬਦ ਚੁਕਾਵੇ ਡਰੇ, ਨਾ ਜਨਮੇ ਨਾ ਮਰੇ, ਆਪੇ ਵੇਖੇ ਖੋਟੇ ਖਰੇ, ਨਾਮ ਘਸਵਟੀ ਇਕ ਰਖਾ ਰਿਹਾ । ਛੇਵੇਂ ਵੇਖੇ ਸਾਚੇ ਘਰ, ਸਤਿ ਪੁਰਖ ਨਿਰੰਜਣ ਜੋਤੀ ਹਰੇ, ਰੂਪ ਅਨੂਪਾ ਸਤਿ ਸਰੂਪਾ ਸ਼ਾਹੋ ਭੂਪਾ ਆਪ ਅਖਵਾ ਰਿਹਾ । ਸਤਵੇਂ ਸਤਿਵਾਦੀ ਪਾਰਬ੍ਰਹਮ ਬੋਧ ਅਗਾਧੀ ਸ਼ਬਦ ਨਾਦੀ, ਧੁਨੀ ਨਾਦ ਰਾਗ ਧੁਨ, ਸੁਨ ਮੁਨ ਆਪ ਖੁਲ੍ਹਾ ਰਿਹਾ । ਅਠਵੇਂ ਜੋਤ ਨਿਰੰਜਣ ਲਾਧੀ, ਅੱਠਾਂ ਤੱਤਾਂ ਆਪੇ ਬਾਧੀ, ਮਿਲੇ ਮੇਲ ਮਾਧਵ ਮਾਧੀ, ਭਾਂਡਾ ਭਰਮ ਭਉ ਭੰਨਾ ਰਿਹਾ । ਨਾਵੇਂ ਦਰ ਗਏ ਹਰ, ਆਪਣੀ ਕਰਨੀ ਰਹੇ ਭਰ, ਸਤਿ ਵਸਤ ਗੁਰਮੁਖ ਵਿਰਲੇ ਲਾਧੀ । ਦਸਮ ਦਵਾਰ ਸਚ ਸਰ, ਗੁਰਮੁਖ ਤਰਨੀ ਜਾਣਾ ਤਰ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੋਆਂ ਪੁਰੀਆਂ ਆਪੇ ਬਣਿਆ ਪਾਂਧੀ । ਫੂਲਨ ਹਾਰ ਤਨ ਸ਼ਿੰਗਾਰੇ । ਰਸਨਾ ਨਾਉਂ ਹਰਿ ਹਰਿ ਉਚਾਰੇ । ਤਿੰਨ ਸੌ ਸੱਠ ਹਾਡੀ ਰੋਗ ਨਿਵਾਰੇ । ਸ਼ਬਦ ਬਣੇ ਸਾਚਾ ਗਾਡੀ, ਕਲਜੁਗ ਬੇੜਾ ਪਾਰ ਉਤਾਰੇ । ਪਵਣ ਸਰੂਪੀ ਪਾਏ ਵਾਡੀ, ਰੋਗਾਂ ਸੋਗਾਂ ਪਾਵੇ ਸਾਰੇ । ਆਪ ਲਡਾਏ ਸਾਚੇ ਲਾਡੀ, ਇਕ ਬਹਾਏ ਦਰ ਦਵਾਰੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵੇ ਦਰਸ ਕਰ ਤਰਸ, ਅਗੰਮ ਅਗੰਮ ਅਗੰਮ ਅਪਾਰੇ । ਜਨਮ ਕਰਮ ਪ੍ਰਭ ਹੱਥ, ਲੇਖਾ ਲਿਖਤ ਆਪ ਲਿਖਾਇੰਦਾ । ਜਨਮ ਕਰਮ ਪ੍ਰਭ ਹੱਥ, ਸਾਚੀ ਪਾਏ ਨਾਮ ਭਿਖ, ਰੋਗਾਂ ਸੋਗਾਂ ਵੰਡ ਵੰਡਾਇੰਦਾ । ਜਨਮ ਕਰਮ ਪ੍ਰਭ ਹੱਥ, ਦਰ ਘਰ ਸਾਚੇ ਕੰਡ ਰੰਡ ਨਾ ਕੋਇ ਵਢਾਇੰਦਾ । ਆਪ ਚਲਾਏ ਕਾਇਆ ਰਥ, ਸਤਿ ਸਰੂਪ ਆਪ ਸਮਾਇੰਦਾ । ਜਗਤ ਵਸੂਰੇ ਜਾਇਣ ਲਥ, ਜੋ ਜਨ ਆਏ

ਦਰਸ਼ਨ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਜਿਸ ਜਨ ਆਪ ਆਪਣਾ ਦਰਸ ਦਿਖਾਇੰਦਾ । ਨੌਂ ਦਵਾਰੇ ਨੌਂ ਖੰਡ ਵੰਡੇ ਵਡ ਸੰਸਾਰਿਆ । ਆਪੇ ਪਾਈ ਮਾਤ ਵੰਡ, ਵੇਖ ਵਖਾਣੇ ਵਾਰੋ ਵਾਰਿਆ । ਪਹਿਲੇ ਦੂਜੇ ਆਈ ਕੰਡ, ਤੀਜੇ ਸਤਿ ਪਸਰ ਪਸਾਰਿਆ । ਚੌਥੇ ਪੰਜਵੇਂ ਲਾਏ ਡੰਡਾ, ਛੇਵੇਂ ਪਾਸਾ ਹਾਰਿਆ । ਸਤਵੇਂ ਆਤਮ ਹੋਈ ਰੰਡਾ, ਅਠਵੇਂ ਡਿਗੇ ਮੂੰਹ ਦੇ ਭਾਰਿਆ । ਨਾਵੇ ਹੋਏ ਖੰਡ ਖੰਡਾ, ਨਾ ਦੀਸੇ ਕੋਈ ਸਹਾਰਿਆ । ਦਸਮ ਦਵਾਰਾ ਇਕ ਬ੍ਰਹਿਮੰਡਾ, ਜੋਤ ਸਰੂਪੀ ਵਿਚ ਪਸਾਰਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਅਪਰ ਅਪਾਰਿਆ । ਨੌਂ ਦਵਾਰੇ ਦਰ ਦਵਾਰੇ । ਜੀਵ ਜੰਤ ਭੁੱਲੇ ਮਾਤ ਗਵਾਰੇ । ਰਸਨ ਹਲਕਾਏ ਹਾਹਾਕਾਰ, ਮਾਇਆ ਮਮਤਾ ਲੋਭ ਲੁਭਾਰੇ । ਮਦਿਰਾ ਮਾਸ ਇਕ ਅਹਾਰ, ਪਾਰਬ੍ਰਹਮ ਨਾ ਪਾਏ ਸਾਰੇ । ਮੋਖ ਮੁਕਤ ਜਗਤ ਭਵ ਸਾਗਰ ਤਾਰ, ਨਿਰਮਲ ਜੋਤ ਕਰ ਅਕਾਰੇ । ਗੁਰ ਮੰਤਰ ਅੰਤਰ ਸ਼ਬਦ ਅਪਾਰ, ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਆਦਿ ਪੁਰਖ ਅਪਰੰਪਰ ਸੁਵਾਮੀ ਏਕਾ ਦੇਵੇ ਸਾਚੀ ਧਾਰੇ । ਸਾਚੀ ਧਾਰ ਸ਼ਬਦ ਸੰਗੀਤ । ਵਿਚ ਸੰਸਾਰ ਚਰਨ ਕਵਲ ਹਰਿ ਸਾਚੀ ਪ੍ਰੀਤ । ਮਾਨਸ ਦੇਹੀ ਸੁਫਲ ਜਨਮ, ਜਗਤ ਰਾਸੀ ਸਾਚੀ ਨੀਤ । ਵੇਖ ਵਖਾਣੇ ਪੂਰਬ ਕਰਮ, ਹਰਿਜਨ ਸਾਚਾ ਸਾਚਾ ਮੀਤ । ਏਕਾ ਏਕ ਸਾਚਾ ਬ੍ਰਹਮ, ਏਕਾ ਗੁਰ ਕਾਇਆ ਮੰਦਰ ਅੰਦਰ ਗੁਰੂਦਵਾਰਾ ਮਸੀਤ । ਜੋਤੀ ਜੋਤ ਸਰੂਪ ਹਰਿ, ਸਦਾ ਸੁਹੇਲਾ ਰਾਖੇ ਚੀਤ । ਰਾਖੇ ਚੀਤ ਚਿਤ ਚਿਤਵੰਤਿਆ । ਸੋਹੰ ਗਾਓ ਸੁਹਾਗੀ ਗੀਤ, ਗੁਰਦੇਵ ਸੇਵ ਚਰਨ ਬੇਨੰਤੀਆ । ਕਾਇਆ ਰਹੇ ਸਦਾ ਅਤੀਤ, ਚੇਤਨ ਚੇਤ ਕਰੇ ਹਿੱਤ, ਨਿਤ ਨਵਿਤ ਨਾ ਕੋਈ ਵੇਖੇ ਵਾਰ ਥਿਤ, ਸਾਚੀ ਰੁੱਤ ਸਦਾ ਸੁਹੰਤੀਆ । ਮਾਨਸ ਦੇਹੀ ਲੈਣੀ ਜਿੱਤ, ਲੇਖੇ ਲਾਉਣੀ ਬੂੰਦ ਰਕਤ, ਮਿਲੇ ਮੇਲ ਸਾਚੇ ਕੰਤਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵੇ ਮਾਣ ਵਿਚ ਜਹਾਨ, ਸ਼ਬਦ ਆਣ ਇਕ ਰਖੰਤਿਆ । ਏਕਾ ਆਣ ਦਰ ਦਰਬਾਰਿਆ । ਚਾਰ ਵਰਨਾਂ ਬ੍ਰਹਮ ਗਿਆਨ, ਸ਼ਬਦ ਭੰਡਾਰਿਆ । ਅਠਾਰਾਂ ਬਰਨਾਂ ਮਾਰ ਧਿਆਨ, ਇਕ ਕਰਾ ਰਿਹਾ । ਸੋਹੰ ਸ਼ਬਦ ਜੋਗ ਧਿਆਨ, ਅਠਾਰਾਂ ਧਿਆਏ ਗੀਤਾ ਰਾਗ ਸੁਣਾ ਰਿਹਾ । ਚਰਨ ਕਵਲ ਹਰਿ ਭਗਵਾਨ, ਮਾਨ ਤਾਣ ਆਪ ਬੰਨ੍ਹਾ ਰਿਹਾ । ਏਕਾ ਝੁੱਲੇ ਸ਼ਬਦ ਨਿਸ਼ਾਨ, ਸੱਤਾਂ ਰੰਗਾਂ ਆਪ ਰੰਗਾ ਰਿਹਾ । ਲੱਖਣ ਦੀਪ ਵਡ ਬਲਵਾਨ, ਕਰੋਚ ਪੁਸ਼ਕਰ ਨਾਲ ਰਲਾ ਰਿਹਾ । ਜੰਬੂ ਦੀਪ ਕਰ ਪਛਾਣ, ਸਾਚਾ ਧਰਮ ਆਪ ਧਰਾ ਰਿਹਾ । ਸਾਨ ਸਵੇਤ ਕਰ ਇਸ਼ਨਾਨ, ਸਲਮਲ ਸਾਚੀ ਬਣਤ ਬਣਾ ਰਿਹਾ । ਕੁਸ਼ਾ ਦਿਸ਼ਾ ਰਿਹਾ ਵੇਖ, ਸੱਤਾਂ ਦੀਪਾਂ ਲੇਖ ਲਿਖ, ਧਰਮ ਝੰਡਾ ਇਕ ਬਣਾ ਰਿਹਾ । ਧਰਮ ਝੰਡਾ ਹਰਿ ਬਲਕਾਰ । ਸੋਹੰ ਡੰਡਾ ਨਾਉਂ ਨਿਰੰਕਾਰ । ਝੁਲਦਾ ਰਹੇ ਵਿਚ ਨਵ ਖੰਡਾ, ਬ੍ਰਹਿਮੰਡ ਰਹੇ ਪਵਣ ਹੁਲਾਰ । ਆਪੇ ਪਾਏ ਹਰਿ ਜੀ ਵੰਡਾਂ, ਸ਼ਾਹ ਸੁਲਤਾਨਾਂ ਕਰੇ ਖ਼ਬਰਦਾਰ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਸ਼ਬਦ ਸਿੰਘਾਸਣ ਆਪ ਬਿਰਾਜੇ, ਸੋਹੰ ਰੱਖੇ ਸੀਸ ਤਾਜੇ, ਛਤਰ ਝੁੱਲੇ ਦੇਸ ਮਾਝੇ, ਆਪੇ ਸੋਹੇ ਸਚ ਦਰਬਾਰ । ਸਾਚਾ ਝੰਡਾ ਧਰਮ ਰੰਗਾਇਆ । ਸੱਤਾਂ ਰੰਗਾਂ ਵੰਡੇ ਵੰਡ, ਲਾਲ ਗੁਲਾਲ ਇਕ ਚੜ੍ਹਾਇਆ । ਆਦਿ ਪੁਰਖ ਅਸੁੱਤੇ ਪਰਕਾਸ਼, ਲਾਲ ਭੂਸ਼ਨ ਇਕ ਰਖਾਇਆ । ਆਪ ਆਪਣਾ ਦਾਸਨ ਦਾਸਾ, ਆਪ ਆਪਣੇ ਵਿਚ ਸਮਾਇਆ । ਆਪ ਆਪਣੀ ਬਣਾਏ ਰਾਸਾ, ਜੋਤ ਸੁਨਹਿਰੀ ਰੰਗ ਉਪਾਇਆ । ਆਪੇ ਵੇਖੇ ਸਚ ਤਮਾਸ਼ਾ, ਓਅੰਕਾਰਾ ਦੇਸ ਸੁਹਾਇਆ । ਤੀਜੇ ਘਰ ਪਾਏ ਰਾਸਾ, ਜੋਤ ਸਰੂਪੀ ਵੇਸ ਵਟਾਇਆ । ਸਾਚਾ ਵੇਸ ਏਕਾ ਪਾਸਾ, ਸੁਨ ਅਗੰਮਾ

ਸੁਨ ਸਮਾਇਆ । ਗਗਨ ਪਤਾਲੀ ਨਾ ਕੋਈ ਦੀਸੇ ਥੰਮ੍ਹਾ, ਸੱਤਾਂ ਚੌਦਾਂ ਆਪ ਸਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੋਤੀ ਸਾਇਆ ਹਰਿ ਰਘੁਰਾਇਆ, ਸਾਚਾ ਸ਼ਬਦ ਇਕ ਉਪਾਇਆ । ਸ਼ਬਦ ਉਪਜੀ ਸਾਚੀ ਧਾਰ । ਸੁਨ ਅਗੰਮੋਂ ਹੋਈ ਪਾਰ । ਚਿੱਟਾ ਰੰਗ ਸਾਚਾ ਸੰਗ ਹਰਿ ਕਰਤਾਰ । ਸਚ ਦਵਾਰਾ ਆਈ ਲੰਘ, ਦਸਮ ਦਵਾਰੀ ਪਸਰ ਪਸਾਰ । ਦਸਮ ਦਵਾਰੀ ਮੰਗੀ ਮੰਗ, ਚਾਰੋਂ ਕੁੰਟ ਬੰਦ ਕਿਵਾੜ । ਜੋਤੀ ਜੋਤ ਸਰੂਪ ਹਰਿ, ਆਪੇ ਬੈਠਾ ਸਾਚਾ ਲਾੜ । ਦਸਮ ਦਵਾਰੀ ਹਰਿ ਟਿਕਾਣਾ । ਸ਼ਬਦ ਜੋਤ ਪਵਣ ਮਸਾਣਾ । ਵਰਨ ਗੋਤ ਨਾ ਕੋਈ ਵਖਾਣਾ । ਸਤਿ ਸਰੋਵਰ ਕਰ ਇਸ਼ਨਾਨਾ । ਹੰਸ ਚੋਗ ਚੋਗ ਹੰਸ ਸ਼ਬਦ ਮੋਤੀ ਜੋਤ ਜੋਤੀ ਇਕ ਭਗਵਾਨਾ । ਜੋਤੀ ਜੋਤ ਸਰੂਪ ਹਰਿ, ਦਸਮ ਦਵਾਰੀ ਸਚ ਘਰ, ਆਪ ਆਪਣਾ ਬੰਦ ਰਖਾਨਾ । ਰੱਖੇ ਬੰਦ ਬੰਦ ਕਿਵਾੜ । ਸ਼ਬਦ ਘੋੜਾ ਚਿੱਟਾ ਅਸਵ, ਪਰ੍ਹੇ ਹਟਾਏ ਪੰਚਮ ਧਾੜ । ਜੋਤੀ ਖੇਲ ਦਵਾਰ ਦਸਮ, ਹੱਡ ਮਾਸ ਨਾ ਕੋਈ ਨਾੜ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਹੋਏ ਅੰਦਰ ਬਾਹਰ । ਆਏ ਬਾਹਰ ਤਨ ਅਟਾਰੀ । ਜੋਤ ਨਿਰੰਜਣ ਕਰ ਪਸਾਰੀ । ਜੀਵ ਜੰਤ ਸਾਧ ਸੰਤ ਫਿਰ ਫਿਰ ਥੱਕੇ, ਵੈਦ ਹਕੀਮਾਂ ਹੱਥ ਨਾ ਆਈ ਸੱਚੀ ਨਾੜੀ । ਗੌਂਸ ਮੁਹੰਮਦ ਪੀਰ ਫ਼ਕੀਰ ਔਲੀਏ ਭੌਂਦੇ ਫਿਰੇ ਮਦੀਨ ਮੱਕੇ, ਨਾ ਕੋਈ ਵਖਾਏ ਪਿੱਛਾ ਅਗਾੜੀ । ਮਾਇਆ ਪੜਦਾ ਨਾ ਕੋਈ ਚੁੱਕੇ, ਨਾ ਕੋਈ ਚੜ੍ਹਾਏ ਸ਼ਬਦ ਘੋੜੀ । ਜੋਤੀ ਜੋਤ ਸਰੂਪ ਹਰਿ, ਨਿਰਗੁਣ ਸਰਗੁਣ ਵੇਸ ਕਰ, ਆਪੇ ਆਪ ਆਏ ਬਹੁੜੀ । ਨਿਰਗੁਣ ਰੂਪ ਅਗੰਮ ਕਿਸੇ ਨਾ ਜਾਣਿਆ । ਸਰਗੁਣ ਸਾਚਾ ਪਏ ਜੰਮ, ਸਤਿਗੁਰ ਸਾਚਾ ਮਾਤ ਵਖਾਣਿਆ । ਨਿਰਗੁਣ ਰੂਪ ਅਗੰਮ, ਨਾ ਕੋਈ ਹੱਡ ਮਾਸ ਨਾੜੀ ਚੰਮ, ਨੂਰੋ ਨੂਰ ਕਰੇ ਅਕਾਰਿਆ । ਸਰਗੁਣ ਰੂਪ ਮਾਨਸ ਦੇਹੀ ਏਕਾ ਤਮ, ਪਵਣ ਸਵਾਸੀ ਲਏ ਦਮ, ਪੰਜ ਤੱਤੀ ਬਣਤ ਬਣਾ ਰਿਹਾ । ਜੋਤੀ ਜੋਤ ਸਰੂਪ ਹਰਿ, ਨਿਰਗੁਣ ਸਰਗੁਣ ਭੇਖ ਕਰ, ਕਾਇਆ ਚੋਲਾ ਮਾਇਆ ਉਹਲਾ ਆਪਣਾ ਭੇਵ ਛੁਪਾ ਰਿਹਾ । ਕਾਇਆ ਚੋਲੀ ਹਰਿ ਬਣਾਈਆ । ਸ਼ਬਦ ਡੋਲੀ ਨਾਲ ਰਖਾਈਆ । ਆਪੇ ਬਣਿਆ ਸਾਚੀ ਗੋਲੀ, ਜੋਤੀ ਨਾਰੀ ਜਿਸ ਪਰਨਾਈਆ । ਕਾਇਆ ਕਪੜ ਪੜਦੇ ਰਿਹਾ ਖੋਲ੍ਹੀ, ਝੂਠਾ ਭਾਰ ਜੋ ਉਠਾਈਆ । ਜੋਤੀ ਜੋਤ ਸਰੂਪ ਹਰਿ, ਨਿਰਗੁਣ ਸਰਗੁਣ ਭੇਖ ਧਰ, ਜਨ ਭਗਤ ਉਧਾਰੇ ਵਾਰੋ ਵਾਰੇ ਥਾਉਂ ਥਾਈਂਆ । ਸਰਗੁਣ ਸਾਚੀ ਧਾਰ, ਸ਼ਬਦ ਅਧਾਰਿਆ । ਨਿਰਗੁਣ ਰੂਪ ਅਪਾਰ ਸਰਬ ਪਸਾਰਿਆ । ਜੋਤੀ ਜਾਮਾ ਭੇਖ ਨਿਆਰ, ਦੋਹਾਂ ਦਿਸੇ ਸਦਾ ਬਾਹਰਿਆ । ਜਨ ਭਗਤਾਂ ਮੀਤ ਮੁਰਾਰ, ਪਰਗਟ ਹੋਏ ਦਸਮ ਦਵਾਰਿਆ । ਖੜਾ ਰਹੇ ਪਹਿਰੇਦਾਰ, ਸ਼ਬਦ ਫੜ ਤੇਜ ਕਟਾਰਿਆ । ਨੇੜ ਨਾ ਆਏ ਠੱਗ ਚੋਰ ਯਾਰ, ਕਾਮ ਕਰੋਧ ਲੋਭ ਮੋਹ ਹੰਕਾਰਿਆ । ਗੁਣਵੰਤਾ ਗੁਣ ਰਿਹਾ ਵਿਚਾਰ, ਸਾਧਨ ਸੰਤਾ ਪਾਏ ਸਾਰ, ਸਾਚਾ ਦਰ ਆਪ ਸੁਹਾ ਰਿਹਾ । ਬੇਮੁੱਖ ਜੀਵ ਮਾਇਆ ਪਾਏ ਬੇਅੰਤਾ, ਭਰਮ ਭੁਲੇਖੇ ਜਗਤ ਭੁਲਾ ਰਿਹਾ । ਜੋਤੀ ਜੋਤ ਸਰੂਪ ਹਰਿ, ਸਰਗੁਣ ਨਿਰਗੁਣ ਭੇਖ ਕਰ, ਗੁਰਮੁਖ ਸੋਇਆ ਮਾਤ ਜਗਾ ਰਿਹਾ । ਗੁਰ ਪੂਰਾ ਜਾਗੇ, ਗੁਰਮੁਖ ਜਗਾਇੰਦਾ । ਜਗਤ ਗੁਰ ਜਾਗੇ, ਜਗਤ ਤ੍ਰਿਸਨਾ ਮਾਇਆ ਅਗਨ ਜਗਤ ਲਗਨ ਝੂਠਾ ਸਗਨ ਮੁਖ ਦੁੱਖ ਗਵਾਇੰਦਾ । ਲੱਖ ਚੁਰਾਸੀ ਭੌਂਦੀ ਨਗਨ, ਗੁਰਮੁਖ ਸਾਚੇ ਸੰਤ ਜਨ ਅੱਠੇ ਪਹਿਰ ਰਹਿਣ ਮਗਨ, ਦੀਪਕ ਸਾਚਾ ਸਾਚੇ ਘਰ, ਜੋਤ ਨੂਰੀ ਏਕਾ ਜਗਣ, ਸਾਚਾ ਧਾਮ ਸੁਹਾਇੰਦਾ । ਆਪ ਸੁਹਾਏ ਆਪਣੇ ਅੰਗਣ, ਦੂਜਾ ਦਰ ਨਾ ਜਾਏ ਮੰਗਣ, ਸ਼ਬਦ ਪਹਿਨਾਏ ਸਾਚਾ ਕੰਗਣ,

ਗੀਤ ਰਾਗ ਇਕ ਸੁਣਾਇੰਦਾ । ਸ਼ਬਦ ਘੋੜੇ ਕਸੇ ਤੰਗਨ, ਨਾਮ ਵਜਾਏ ਇਕ ਮਰਦੰਗਨ, ਮਾਨਸ ਦੇਹੀ ਨਾ ਹੋਏ ਭੰਗਣ, ਲੱਖ ਚੁਰਾਸੀ ਪਾਰ ਕਰਾਇੰਦਾ । ਸਦਾ ਸਹਾਈ ਅੰਗ ਸੰਗਨ, ਨਾਮ ਚੜ੍ਹਾਏ ਸਾਚੀ ਰੰਗਨ, ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਦਰਗਾਹ ਸਾਚੀ ਸਾਚੇ ਧਾਮ ਆਪ ਬਹਾਇੰਦਾ । ਦਰਗਾਹ ਸਾਚੀ ਧਾਮ ਨਿਆਰਾ, ਪਾਰਬ੍ਰਹਮ ਬ੍ਰਹਮ ਆਪ ਸੁਹਾਇਆ । ਜੋਤੀ ਨੂਰ ਕਰ ਉਜਿਆਰਾ, ਚੰਦ ਸੂਰਜ ਕੋਈ ਦਿਸ ਨਾ ਆਇਆ । ਤਾਰਾ ਮੰਡਲ ਪਾਰ ਕਿਨਾਰਾ, ਸ਼ਿਵ ਸ਼ੰਕਰ ਨਾ ਕੋਈ ਬਣਾਇਆ । ਬ੍ਰਹਮਾ ਵੇਦ ਨਾ ਕੋਈ ਸੁਣਾਇਆ । ਰਾਗ ਛਤੀਸ ਨਾ ਕੋਈ ਅਧਾਰਾ, ਸੁਰਪਤ ਰਾਜਾ ਇੰਦ ਕਰੋੜ ਤੇਤੀਸਾ ਚਰਨ ਹੇਠ ਝਸਾਇਆ । ਦੇਵੀ ਦੇਵਾ ਕਰੇ ਨਿਮਸਕਾਰਾ, ਜਗਤ ਜਗਦੀਸਾ ਬੀਸ ਇਕੀਸਾ ਹਰਿ ਸੁਹਾਇਆ ਸਚ ਮੁਨਾਰਾ, ਛਤਰ ਝੁੱਲਾਏ ਏਕਾ ਸੀਸਾ, ਨੌਂ ਖੰਡ ਪ੍ਰਿਥਮੀ ਇਕ ਹਦੀਸਾ, ਵਰਨ ਅਵਰਨੀ ਜ਼ਾਤੀ ਪਾਤੀ ਭੇਵ ਚੁਕਾਇਆ । ਨਰ ਨਰਾਇਣ ਸਾਚੀ ਸਰਨ, ਚਾਰ ਕੁੰਟ ਪਾਣੀ ਭਰਨ, ਜੋਤੀ ਜੋਤ ਸਰੂਪ ਹਰਿ, ਏਕਾ ਅੱਖਰ ਜਗਤ ਵੱਖਰ ਸੋਹੰ ਸ਼ਬਦ ਰਿਹਾ ਪੜ੍ਹਾਇਆ । ਸੋਹੰ ਅੱਖਰ ਹਰਿ ਪੜ੍ਹਾਏ । ਸਤਿਜੁਗ ਸਾਚੀ ਦਇਆ ਕਮਾਏ । ਕਲਜੁਗ ਕੂੜਾ ਰਹਿਣ ਨਾ ਪਾਏ । ਮੂਰਖ ਮੁਗਧ ਮਨਮੁਖ ਮੂੜ੍ਹਾ, ਵੇਲੇ ਅੰਤ ਸਰਬ ਮਿਟ ਜਾਏ । ਲਾੜੀ ਮੌਤ ਪਾਏ ਚੂੜਾ, ਲੱਖ ਚੁਰਾਸੀ ਅੰਤ ਵਿਆਹੇ । ਧਰਤ ਮਾਤ ਚੜ੍ਹਾਏ ਰੰਗ ਗੂੜ੍ਹਾ, ਲਾਲ ਮਹਿੰਦੀ ਹੱਥੀਂ ਲਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇ ਵਰ ਚਾਰੋਂ ਕੁੰਟਾਂ ਹੋਏ ਖਾਲੀਆ । ਜਗਤ ਅੰਧੇਰਾ ਚੁੱਕੇ ਡਰ, ਜੂਠੇ ਝੂਠੇ ਜਾਣ ਮਰ, ਆਪਣੀ ਕਰਨੀ ਲੈਣ ਭਰ, ਨਾ ਕੋਈ ਦੀਸੇ ਬਾਲ ਜਵਾਨਿਆ । ਗੁਰਮੁਖ ਸਾਚੇ ਸੰਤ ਜਨ ਸਾਚੀ ਸਰਨ ਜਾਇਣ ਪੜ੍ਹ, ਦਰ ਘਰ ਸਾਚੇ ਜਾਇਣ ਵੱੜ, ਇਕ ਫੜਾਏ ਹਰਿ ਜੀ ਲੱੜ, ਅੱਠੇ ਪਹਿਰ ਰੱਖੇ ਮਸਤਾਨਿਆ । ਕਾਇਆ ਤੋੜੇ ਕਿਲ੍ਹਾ ਹੰਕਾਰੀ ਗੜ੍ਹ, ਦਸਮ ਦਵਾਰੀ ਉਪਰ ਚੜ੍ਹ, ਪੰਜਾਂ ਚੋਰਾਂ ਲਏ ਫੜ, ਦਰ ਦਵਾਰੇ ਦੇਵੇ ਮਾਣਾ, ਗੁਰਮੁਖ ਏਕਾ ਅੱਖਰ ਜਾਏ ਪੜ੍ਹ, ਨਾ ਕੋਈ ਸੀਸ ਨਾ ਕੋਈ ਧੜ, ਦਰਸ ਦਿਖਾਏ ਅੱਗੇ ਖੜ, ਨਰ ਹਰਿ ਸ੍ਰੀ ਭਗਵਾਨਿਆ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਮੇਟ ਮਿਟਾਏ ਜਗਤ ਜੀਵ ਸ਼ੈਤਾਨਿਆ । ਗੁਰ ਸੰਗਤ ਗੁਰ ਧਾਮ ਸੁਹਾਇਆ । ਬਣ ਕੇ ਆਈ ਸਾਚੀ ਮੰਗਤ, ਰੰਗਤ ਨਾਮ ਇਕ ਚੜ੍ਹਾਇਆ । ਆਪੇ ਕਟੇ ਭੁੱਖ ਨੰਗਤ, ਹੋਏ ਸਹਾਈ ਜਿਉਂ ਨਾਨਕ ਅੰਗਦ, ਧੁਰ ਦਰਗਾਹੀ ਲੇਖਾ ਲੇਖ ਲਿਖਾਇਆ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਦਰ ਦਵਾਰਾ ਇਕ ਸੁਹਾਇਆ । ਗੁਰ ਸੰਗਤ ਹਰਿ ਸ਼ਬਦ ਭੰਡਾਰ । ਮੰਗੇ ਮੰਗ ਵਾਰੋ ਵਾਰ । ਦੇਵਣਹਾਰ ਦਾਤਾਰ ਸੱਚੀ ਸਰਕਾਰ । ਸਾਚੀ ਭਿਖਿਆ ਪ੍ਰਭ ਦਰ ਪਾਈਏ, ਨਾਓ ਨਿਰੰਜਣ ਰਸਨਾ ਗਾਈਏ, ਆਦਿ ਅੰਤ ਨਾ ਆਏ ਹਾਰ । ਅਮਰਾਪਦ ਅਮਰ ਹੋ ਜਾਈਏ, ਕਾਇਆ ਮੰਦਰ ਸਾਚੇ ਅੰਦਰ, ਪੁਰਖ ਅਬਿਨਾਸ਼ੀ ਸਦ ਗੀਤ ਸੁਹਾਗੀ ਸਾਚੇ ਗਾਈਏ । ਧੁਨੀ ਨਾਦ ਵਜਾਏ ਨਦ, ਅਨਹਦ ਰਾਗ ਸਦਾ ਰਸ ਪਾਈਏ । ਅੰਮ੍ਰਿਤ ਪਿਆਏ ਸਾਚੀ ਮੱਧ, ਦਿਵਸ ਰੈਣ ਮਸਤੀ ਮਸਤ ਹੋ ਜਾਈਏ । ਗੁਰਮੁਖ ਵਿਰਲਾ ਪਰਗਟ ਹੋਏ ਸਾਚੀ ਯੱਦ, ਕੁਲ ਕੁਲਵੰਤਾ ਭਾਗ ਲਗਾਈਏ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਆਪ ਆਪਣੇ ਰੰਗ ਰੰਗਾਈਏ । ਸਾਚੀ ਕੁਲ ਲੱਗੇ ਭਾਗ । ਗੁਰਮੁਖ ਉਪਜੇ ਜੋਤ ਚਿਰਾਗ । ਚਰਨ ਸਰਨ ਸਰਨ ਚਰਨ ਗੁਰ ਜਾਏ ਲਾਗ । ਖੁਲ੍ਹਾ ਰਹੇ ਹਰਨ ਫਰਨ, ਆਪ ਆਪਣੀ ਪਕੜੇ ਵਾਗ । ਜਗਤ ਚੁੱਕੇ ਲਹਿਣਾ ਦੇਣਾ, ਮਿਲੇ ਮੇਲ ਕੰਤ ਸੁਹਾਗ । ਜੋਤੀ ਜੋਤ ਸਰੂਪ

ਹਰਿ, ਆਪ ਆਪਣੀ ਕਿਰਪਾ ਕਰ, ਧੋਵਣ ਆਇਆ ਕਾਇਆ ਦਾਗ਼ । ਧੋਏ ਕਾਇਆ ਦਾਗ਼, ਆਏ ਦਵਾਰਿਆ । ਸ਼ਬਦ ਸੁਣਾਏ ਸਾਚਾ ਰਾਗ, ਭਰਮ ਨਿਵਾਰਿਆ । ਦਇਆ ਕਮਾਏ ਪਹਿਲੀ ਮਾਘ, ਰਾਗ ਛਤੀਸਾ ਦੰਦ ਬਤੀਸਾ ਨਾ ਕੋਈ ਸੁਣਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਮਿਟਾਏ ਤ੍ਰਿਸਨਾ ਆਗ, ਅੰਮ੍ਰਿਤ ਜਾਮ ਇਕ ਪਿਆ ਰਿਹਾ । ਅੰਮ੍ਰਿਤ ਜਾਮ ਪਿਆਏ ਠੰਡੀ ਠਾਰਿਆ । ਕੋਈ ਨਾ ਲਾਏ ਦਾਮ, ਹਰਿ ਨਿਰੰਕਾਰਿਆ । ਕਾਇਆ ਮਾਟੀ ਹਰਿਆ ਚਾਮ, ਦੇਵੇ ਦਰਸ ਅਗੰਮ ਅਪਾਰਿਆ । ਏਕਾ ਏਕ ਹਰਿ ਹਰਿ ਨਾਮ, ਦੂਸਰ ਕਰਮ ਨਾ ਕਿਸੇ ਕਾਮ, ਅੰਤਮ ਆਏ ਪਾਸਾ ਹਾਰਿਆ । ਜੋਤੀ ਜੋਤ ਸਰੂਪ ਹਰਿ, ਗੁਰਮੁਖਾਂ ਦੇਵੇ ਨਾਮ ਵਰ, ਬਣ ਬਣ ਆਏ ਦਰ ਭਿਖਾਰਿਆ । ਬਣਿਆ ਦਰ ਭਿਖਾਰ, ਖੇਲ ਅਪਾਰਿਆ । ਮੰਗੇ ਮੰਗ ਅਪਾਰ, ਪਹਿਲੀ ਵਾਰਿਆ । ਝੋਲੀ ਪਾਉਣਾ ਨਾਮ ਪਿਆਰ, ਭਰਿਆ ਰਹੇ ਸਦਾ ਭੰਡਾਰਿਆ । ਫਲ ਲੱਗੇ ਕਾਇਆ ਡਾਲ੍ਹ, ਜੋਤੀ ਨੂਰ ਹੋਏ ਉਜਿਆਰਿਆ । ਫੜ ਫੜ ਬਾਹੋਂ ਰਿਹਾ ਤਾਰ, ਦਰ ਘਰ ਆਏ ਪੈਜ ਸਵਾਰਿਆ । ਸ਼ਬਦ ਸਰੂਪੀ ਰਿਹਾ ਵਾਜਾਂ ਮਾਰ, ਦਿਸ ਨਾ ਆਏ ਅੰਦਰ ਬਾਹਰਿਆ । ਆਪੇ ਰਿਹਾ ਕਾਜ ਸਵਾਰ, ਕਦੇ ਗੁਪਤ ਕਦੇ ਜਾਹਰਿਆ । ਸਾਚੀ ਕੁੱਲ ਹਰਿ ਵਿਚਾਰ, ਕਲਜੁਗ ਅੰਤਮ ਕਲਜੁਗ ਅੰਤਮ ਪਾਏ ਮੁੱਲ, ਦੂਜੀ ਵਾਰ ਡੱਲਾ ਝੱਲਾ ਭਾਗ ਲਗਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪੇ ਵੇਖੇ ਇਕ ਇਕੱਲਾ ਬਾਗ ਬਾਗੀਚਾ ਜਲਾਂ ਥਲਾਂ ਪਾਰਜ਼ਾਤੀ ਬੂਟਾ ਆਪ ਉਗਾ ਰਿਹਾ । ਝੱਲਾ ਡੱਲਾ ਗਿਆ ਡੁੱਲ੍ਹ । ਕਲਜੁਗ ਮਾਇਆ ਵਡ ਜਰਵਾਣੀ, ਜੂਠੇ ਧੰਦੇ ਗਿਆ ਰੁੱਲ । ਗੁਰ ਗੋਬਿੰਦੇ ਸ਼ਬਦ ਨਿਸ਼ਾਨੀ, ਅੰਤਮ ਪਾਏ ਸਾਚਾ ਮੁਲ । ਨਾ ਕੋਈ ਜਾਣੇ ਬ੍ਰਹਮ ਗਿਆਨੀ, ਵਿਦਵਾਨੀ ਗਏ ਮਾਇਆ ਭੁੱਲ । ਗੁਰਮੁਖ ਤੇਰੀ ਸਚ ਨਿਸ਼ਾਨੀ, ਭਾਗ ਲਗਾਇਆ ਸਾਚੀ ਕੁੱਲ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਜੋਤੀ ਜਾਮਾ ਭੇਖ ਧਰ, ਪਾਵਣ ਆਇਆ ਸਾਚਾ ਮੁਲ । ਸਾਚਾ ਪਾਏ ਮੁੱਲ ਸਾਚੇ ਲਾਲਨਾ । ਚਰਨ ਪ੍ਰੀਤੀ ਗਈ ਘੁਲ, ਲਾਏ ਫਲ ਸਾਚੇ ਡਾਲਨਾ । ਅੰਮ੍ਰਿਤ ਆਤਮ ਨਾ ਗਈ ਡੁਲ੍ਹ, ਆਪ ਸੁਹਾਏ ਸਾਚੇ ਤਾਲਨਾ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਕਰੇ ਕਰਾਏ ਸਰਬ ਪ੍ਰਿਤਪਾਲਨਾ । ਕਰੇ ਪ੍ਰਿਤਪਾਲ ਮਾਰ ਜਵਾਲਦਾ । ਆਪੇ ਹੋਏ ਪ੍ਰਿਤਪਾਲ ਸਰਬ ਘਟ ਪਾਲਦਾ । ਜੁਗਾ ਜੁਗੰਤਰ ਜਗਤ ਦਲਾਲ, ਸਾਚੀ ਘਾਲਨ ਘਾਲਦਾ । ਜਨ ਭਗਤਾਂ ਚਲੇ ਨਾਲ ਨਾਲ, ਸਦਾ ਸਦਾ ਸਦ ਸੁਰਤ ਸੰਭਾਲਦਾ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਦੇਵੇ ਖਜਾਨਾ ਨਾਮ ਧਨ ਧਨ ਨਾਮ ਸਚ ਧਨ ਮਾਲ ਦਾ । ਕਟੇ ਰੋਗ ਸੰਤਾਪ, ਜਗਤ ਵਿਆਪਿਆ । ਭੁੱਲਿਆ ਆਪਣਾ ਆਪ, ਚੜ੍ਹਿਆ ਤੀਨੋ ਤਾਪਿਆ । ਹਰਿ ਹਰਿ ਜਪਣਾ ਸਾਚਾ ਜਾਪ, ਸੋਹੰ ਸ਼ਬਦ ਵਡ ਪਰਤਾਪਿਆ । ਹੋਏ ਸਹਾਈ ਮਾਈ ਬਾਪ, ਕਲ ਕਲੇਸ਼ ਮਿਟਾਏ ਦੁੱਖ ਸਿਆਪਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਆਪ ਸਰਬ ਪਰਕਾਸ਼ਿਆ । ਬਾਰਾਂ ਤੀਸ ਕਰ ਵਿਚਾਰ । ਹੱਡ ਨਾੜ ਨਾੜੀ ਰਹੀ ਪੀਸ, ਨਾ ਪਾਵੇ ਕੋਈ ਸਾਰ । ਜੋੜ ਜੋੜਾ ਰਹੇ ਚੀਸ, ਰੋਗ ਰੋਗਾਂ ਏਕਾ ਧਾਰ । ਸ਼ਬਦ ਪੜ੍ਹਨੀ ਇਕ ਹਦੀਸ, ਇਕ ਲੱਖ ਅੱਸੀ ਹਜ਼ਾਰ ਦੇਵੇ ਮਾਰ । ਸੋਹੰ ਸ਼ਬਦ ਧਰਨਾ ਸੀਸ, ਦਰ ਘਰ ਸਾਚੇ ਦੇਵੇ ਵਾੜ । ਦੇਵੇ ਦਰਸ ਹਰਿ ਜਗਦੀਸ, ਜਗੇ ਜੋਤ ਬਹੱਤਰ ਨਾੜ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਰੋਗ ਸੋਗ ਚਿੰਤ ਮਿਟਾਏ, ਸਿਰੋਂ ਉਠਾਏ ਸੋਗ ਪਹਾੜ । ਕਿਸ਼ਨਾ ਸੁਖਲਾ ਪਖ ਵੈਰਾਨ । ਨਾ ਕੋਈ ਸਕੇ ਮਾਤ ਰੱਖ, ਕਾਇਆ ਅੰਦਰ ਬੀਆਬਾਨ । ਚਾਰੋਂ ਕੁੰਟਾਂ

ਲਾਉਂਦੇ ਭੱਖ, ਨਾ ਕੋਈ ਵੇਖੇ ਮਾਰ ਧਿਆਨ । ਕੁੱਖ ਸੁਲੱਖਣੀ ਦਿਸੇ ਸੱਖ, ਨਾ ਕੋਈ ਗੋਦ ਬਾਲ ਨਿਧਾਨ । ਪੁਰਖ ਅਬਿਨਾਸ਼ੀ ਲਏ ਰਖ, ਸੋਹੰ ਗਾਉਣਾ ਇਕ ਨਿਸ਼ਾਨ । ਪੂਤ ਸਪੂਤਾ ਹੋਏ ਪਰਤਖ, ਜਗਤ ਹਿਤ ਜੜ੍ਹ ਇਕ ਨਿਸ਼ਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਦੇਵੇ ਕਰ, ਰਸਨਾ ਗਾਏ ਨਰ ਹਰਿ ਬਲੀ ਬਲਵਾਨ । ਮਦਿਰਾ ਮਾਸ ਜਗਤ ਤਜਾਉਣਾ । ਗਰਭਵਾਸ ਹਰਿ ਭਾਗ ਲਗਾਉਣਾ । ਆਸ ਪਾਸ ਹਰਿ ਹਰਿ ਵਾਸ, ਸ਼ਬਦ ਰਾਸ ਇਕ ਵਖਾਉਣਾ । ਅਪ ਤੇਜ਼ ਵਾਏ ਪ੍ਰਿਥਮੀ ਅਕਾਸ, ਪੰਚਾਂ ਤੱਤਾਂ ਮੇਟ ਮਿਟਾਉਣਾ । ਲਿਖੇ ਲੇਖ ਦੱਸ ਦੱਸ ਮਾਸ, ਨੌਂ ਅਠਾਰਾਂ ਧਿਆਨ ਲਗਾਉਣਾ । ਜੋਤੀ ਜੋਤ ਸਰੂਪ ਹਰਿ, ਨਿੱਜ ਘਰ ਆਤਮ ਰੱਖੇ ਵਾਸ, ਪਾਰਬ੍ਰਹਮ ਬ੍ਰਹਮ ਪਾਰ ਏਕਾ ਆਸ ਪੂਰ ਕਰਾਉਣਾ । ਗੁਰਮੁਖ ਰੰਗ ਅਨੂਪ, ਮਨ ਬੈਰਾਗਿਆ । ਮੰਗੇ ਮੰਗ ਸਤਿ ਸਰੂਪ, ਮਨ ਸੋਇਆ ਮਾਤ ਜਾਗਿਆ । ਮੇਲ ਮਿਲਾਵਾ ਸ਼ਾਹੋ ਭੂਪ, ਸ਼ਬਦ ਸੁਣਾਏ ਸਾਚਾ ਰਾਗਿਆ । ਹੋਏ ਰੁਸ਼ਨਾਈ ਅੰਧ ਕੂਪ, ਅੰਧ ਅੰਧੇਰਾ ਜਾਏ ਭਾਗਿਆ । ਨਾ ਕੋਈ ਰੇਖ ਨਾ ਕੋਈ ਰੂਪ, ਮਿਲੇ ਮੇਲ ਕੰਤ ਸੁਹਾਗਿਆ । ਜੋਤੀ ਜੋਤ ਸਰੂਪ ਹਰਿ, ਚਰਨ ਪ੍ਰੀਤੀ ਦੇਵੇ ਵਰ, ਸਰਨ ਸਰਨਾਈ ਜੋ ਜਨ ਲਾਗਿਆ । ਸੋਹੰ ਸ਼ਬਦ ਅਜਪਾ ਜਾਪ । ਹਉਮੇ ਮਾਰੇ ਵਿਚੋਂ ਤਾਪ । ਕੋਟਨ ਕੋਟ ਉਤਾਰੇ ਪਾਪ । ਲੋਕਮਾਤ ਵਡ ਪਰਤਾਪ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰਸ ਦਿਖਾਏ ਆਪੇ ਆਪ । ਦਰ ਦਵਾਰੇ ਦਰਸ਼ਨ ਪਾਉਣਾ । ਪਾਰਬ੍ਰਹਮ ਪਤਿਪਰਮੇਸ਼ਵਰ ਪੁਰਖ ਅਬਿਨਾਸ਼ੀ ਘਟ ਘਟ ਵਾਸੀ ਸੋਹੰ ਸਾਚਾ ਜਾਪ ਜਪਾਉਣਾ । ਮਾਨਸ ਜਨਮ ਕਰੇ ਰਹਿਰਾਸ, ਸ਼ਬਦ ਚਲਾਏ ਸਵਾਸ ਸਵਾਸ, ਪਵਣ ਸਵਾਸੀ ਹੋਏ ਵਾਸ, ਰਸਨਾ ਰਸਕ ਰਸਕ ਗੁਣ ਗਾਉਣਾ । ਕਿਸੇ ਹੱਥ ਨਾ ਆਏ ਪੰਡਤ ਕਾਂਸੀ, ਜੋਤੀ ਜੋਤ ਸਰੂਪ ਹਰਿ, ਅਲਖ ਨਿਰੰਜਣ ਅਭੇਦ ਅਭੇਦਾ, ਚਾਰ ਵੇਦਾ ਅਛਲ ਅਛੇਦਾ ਆਪ ਆਪਣਾ ਦਰਸ ਦਿਖਾਉਣਾ । ਆਤਮ ਖ਼ੁਸ਼ੀ ਜਗਤ ਜਹਾਨ । ਸਾਚਾ ਨਾਉਂ ਸਭਨੀਂ ਥਾਉਂ, ਕਾਇਆ ਦਿਸੇ ਬੰਦ ਮਕਾਨ । ਰਸਨਾ ਗਾਓ ਅਗੰਮ ਅਥਾਹੋ, ਬੇਪਰਵਾਹੋ ਦਰ ਦਵਾਰੇ ਦੇਵੇ ਮਾਣ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਾਤ ਕੁੱਖ ਸਾਚਾ ਸੁੱਖ, ਉਲਟੇ ਰੁਖ਼ ਜਗਤ ਮਨੁਖ, ਏਕਾ ਬਖ਼ਸ਼ੇ ਚਰਨ ਧਿਆਨ । ਚਰਨ ਧਿਆਨ ਹਰਿ ਮਿਹਰਵਾਨ ਦਇਆ ਦਾਤਾਰਿਆ । ਆਤਮ ਕਰੇ ਕਾਰਜ ਸਿਧ, ਰਸਨਾ ਨਾਉਂ ਜਿਨ ਹਰਿ ਉਚਾਰਿਆ । ਸ਼ਬਦ ਤੀਰ ਨਿਰਾਲਾ ਆਤਮ ਰਿਹਾ ਵਿਧ, ਹੋਏ ਪਾਰ ਕਿਨਾਰਿਆ । ਪ੍ਰਭ ਮਿਲਣ ਦੀ ਸਾਚੀ ਬਿਧ, ਸਾਚਾ ਨਾਉਂ ਰਸਨ ਉਚਾਰਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਰਿਆ ਰੱਖੇ ਸਦ ਭੰਡਾਰਿਆ । ਅੱਠ ਤ੍ਰੈ ਲੱਗਾ ਦੁੱਖ । ਤ੍ਰੈ ਅੱਠ ਤ੍ਰਿਸ਼ਨਾ ਭੁੱਖ । ਦਰ ਦਵਾਰਾ ਹਰਿ ਨਿਰੰਕਾਰਾ ਸਾਚੀ ਸੁਖਣਾ ਆਤਮ ਸੁਖ । ਗੁਪਤ ਜਾਹਰਾ ਭਰ ਭੰਡਾਰਾ, ਜਗਤ ਮਿਟੇ ਤ੍ਰਿਸਨਾ ਭੁੱਖ । ਪਾਰਬ੍ਰਹਮ ਕਰ ਵਿਚਾਰਾ, ਸਾਚਾ ਲੇਖਾ ਦੇਣਾ ਲਿਖ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗਤ ਭਿਖਾਰੀ ਪਾਏ ਸਾਚੀ ਭਿਖ । ਮਨ ਮਤ ਚਿੱਤ ਜਗ ਮੀਤ । ਬਹੱਤਰ ਨਾੜੀ ਉਬਲੇ ਰਤ, ਕਵਣ ਰੱਖੇ ਮਾਤ ਪਤ, ਕਾਇਆ ਕਰੇ ਠੰਡੀ ਸੀਤ । ਜਗਤ ਨਾਤਾ ਬੱਝੇ ਨਤ, ਜਗਤ ਬੀਜ ਬੀਜੇ ਸਾਚੇ ਵਤ, ਮਾਨਸ ਦੇਹੀ ਜਾਏ ਜੀਤ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਦਰ ਦਵਾਰਾ ਰਿਹਾ ਭਰ, ਰਸਨ ਗਾਉਣਾ ਸੁਖ ਸਹਿਜ ਸਮਾਉਣਾ, ਸੋਹੰ ਸ਼ਬਦ ਸੁਹਾਗੀ ਗੀਤ । ਹਰਿ ਚਰਨ ਅਪਾਰ, ਗੁਰਮੁਖ ਜਾਣਿਆ । ਮਿਲੇ ਵਡਿਆਈ ਵਿਚ ਸੰਸਾਰ, ਧਰਮ ਰਾਜ ਇਕ ਵਖਾਨਿਆ । ਆਪੇ ਦਿਸੇ ਆਰ ਪਾਰ,

ਆਪੇ ਚਲੇ ਚਲਾਏ ਆਪਣੇ ਭਾਨਿਆ । ਸ਼ਬਦ ਲਗਾਏ ਇਕ ਉਡਾਰ, ਦਰ ਦਵਾਰਾ ਹਰਿ ਨਿਰੰਕਾਰਾ ਏਕਾ ਏਕ ਵਖਾਨਿਆ । ਸ਼ਬਦ ਦੱਸੇ ਸਾਚੀ ਧਾਰਾ, ਸੋਹੰ ਕਰਨਾ ਵਣਜ ਵਪਾਰਾ, ਮਾਨਸ ਦੇਹੀ ਨਾ ਆਏ ਹਾਰਾ, ਦਰ ਦਵਾਰੇ ਹੋਏ ਪ੍ਰਵਾਨਿਆ । ਕੂੜ ਕੁਟੰਬ ਜਗਤ ਪਸਾਰਾ, ਪੁਰਖ ਅਬਿਨਾਸ਼ੀ ਘਟ ਘਟ ਵਾਸੀ ਏਕਾ ਏਕ ਮੀਤ ਮੁਰਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਸਚ ਦਵਾਰਾ ਜਿਸ ਜਨ ਪਛਾਨਿਆ । ਨਾਮ ਰਸਨਾ ਮਸਤਕ ਧੂੜ । ਪ੍ਰਭ ਅਬਿਨਾਸ਼ੀ ਹਿਰਦੇ ਵਸਣਾ, ਲੱਖ ਚੁਰਾਸੀ ਕਟੇ ਜੂੜ । ਏਕਾ ਰਾਹ ਸਾਚਾ ਦੱਸਣਾ, ਚਤੁਰ ਸੁਘੜ ਸਿਆਣ ਬਣਾਏ, ਜੋ ਜਨ ਦਰ ਆਏ ਮੂੜ੍ਹ । ਤੀਰ ਨਿਰਾਲਾ ਏਕਾ ਕਸਣਾ, ਸ੍ਰਿਸ਼ਟ ਸਬਾਈ ਕੂੜੋ ਕੂੜ । ਦਰਗਾਹ ਸਾਚੀ ਬਹਿ ਬਹਿ ਹੱਸਣਾ, ਕਾਇਆ ਚੜ੍ਹੇ ਰੰਗ, ਪ੍ਰਭ ਦਰ ਮੰਗੀ ਮੰਗ, ਲਾਲ ਗੁਲਾਲੀ ਗੂੜ੍ਹੇ ਗੂੜ । ਜੋਤੀ ਜੋਤ ਸਰੂਪ ਹਰਿ, ਸਦਾ ਵਸੇ ਅੰਗ ਸੰਗ, ਏਕਾ ਬਖ਼ਸ਼ੇ ਚਰਨ ਧੂੜ । ਕਾਇਆ ਹੱਟ ਵਿਕਾਰ ਜੀਵ ਪਰਾਨੀਆ । ਕੂੜ ਕੁੜਿਆਰਾ ਮਾਰੇ ਮਾਰ, ਅੱਠੇ ਪਹਿਰ ਪੰਚ ਸ਼ੈਤਾਨਿਆ । ਪੂਰਬ ਕਰਮਾਂ ਆਈ ਹਾਰ, ਆਦਿ ਆਦਿ ਨਾ ਕਿਸੇ ਪਛਾਨਿਆ । ਕੋਇ ਨਾ ਪਾਏ ਮਾਤ ਸਾਰ, ਵੈਦ ਹਕੀਮ ਮੁਖ ਭਵਾਨਿਆ । ਪੁਰਖ ਅਬਿਨਾਸ਼ੀ ਪਾਵੇ ਸਾਰ, ਸ਼ਬਦ ਦੇਵੇ ਇਕ ਅਧਾਰ, ਰਸਨਾ ਗਾਏ ਗੁਣ ਨਿਰੰਕਾਰ, ਜੂਠਾ ਝੂਠਾ ਫੰਦ ਕਟਾਨਿਆ । ਜੋਤੀ ਜੋਤ ਸਰੂਪ ਹਰਿ, ਵੇਖ ਵਖਾਣੇ ਸੀਸ ਧੜ, ਜੋਤ ਸਰੂਪੀ ਅੰਦਰ ਵੜ, ਕੀੜ ਕੀੜਾਂ ਲਏ ਫੜ, ਹਡ ਮਾਸ ਨਾੜੀ ਜੋ ਛੁਪਾਨਿਆ । ਸ਼ਬਦ ਰਤਨ ਅਮੋਲ, ਹਰਿਜਨ ਮੰਗਿਆ । ਪ੍ਰਭ ਤੋਲੇ ਪੂਰੇ ਤੋਲ, ਦਰ ਦਵਾਰੇ ਮੁਲ ਨਾ ਸੰਗਿਆ । ਸ਼ਬਦ ਮਰਦੰਗ ਅਨਾਹਦ ਵੱਜੇ ਸਾਚਾ ਢੋਲ, ਜਗਤ ਦਵਾਰਾ ਜਾਏ ਲੰਘਿਆ । ਹਰਿਜਨ ਹਰਿ ਹਰਿ ਪੜਦੇ ਦੇਵੇ ਖੋਲ੍ਹ, ਅੰਮ੍ਰਿਤ ਆਤਮ ਸਾਚੀ ਧਾਰ ਵਹਾਏ ਗੰਗਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਨਾਮ ਵਰ, ਮਾਨਸ ਦੇਹੀ ਨਾ ਹੋਏ ਭੰਗਿਆ । ਨਾਮ ਵਿਚੋਲਾ ਜਗਤ ਬਣਾਉਣਾ । ਸੋਹੰ ਢੋਲਾ ਸਾਚਾ ਗਾਉਣਾ । ਪੁਰਖ ਅਬਿਨਾਸ਼ੀ ਵਸੇ ਕੋਲਾ, ਅੰਦਰ ਬੈਠ ਦਰਸ਼ਨ ਪਾਉਣਾ । ਭਾਗ ਲਗਾਏ ਕਾਇਆ ਚੋਲਾ, ਸਦ ਸੁਹੇਲਾ ਰਿਹਾ ਮਵਲਾ, ਗੀਤ ਗੋਬਿੰਦਾ ਰਸਨਾ ਗਾਉਣਾ । ਭਗਤ ਵਡਿਆਈ ਉਪਰ ਧਵਲਾ, ਖਿੜਿਆ ਰਹੇ ਫੁਲ ਕਵਲਾ, ਨਿਝਰ ਝਿਰਨਾ ਇਕ ਝਿਰਾਉਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਨਾਮ ਵਰ, ਨੇਤਰ ਅੰਜਨ ਨਾਮ ਨਿਰੰਜਣ ਦਰ ਦਵਾਰੇ ਸਾਚੇ ਪਾਉਣਾ । ਘਰ ਘਰ ਧੂੰਏ ਰਹੇ ਧੁੱਖ, ਮਾਨਸ ਦੇਹੀ ਨਾ ਮਿਲੇ ਸੁਖ, ਆਵਣ ਜਾਵਣ ਪਤਤ ਪਾਵਨ ਨਾ ਹਰਿ ਪਛਾਨਾ । ਮਾਨਸ ਦੇਹੀ ਮਿਟਿਆ ਸੁੱਖ, ਚਲੇ ਚਲਾਏ ਆਪਣਾ ਭਾਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦੇਵੇ ਨਾਮ ਵਰ, ਜਗਤ ਮਿਟਾਏ ਤ੍ਰਿਸ਼ਨਾ ਭੁੱਖ । ਮੰਗੋ ਮੰਗ ਦਰ ਸਵਾਲੀ । ਸਚ ਦਵਾਰਾ ਨਾ ਜਾਏ ਖਾਲੀ । ਲੱਗੇ ਫਲ ਸਾਚੀ ਡਾਲ੍ਹੀ । ਕਾਇਆ ਖੇਤ ਸਾਚਾ ਹਾਲੀ । ਚੇਤਨ ਚੇਤ ਨੇਤਨ ਨੇਤ, ਮਿਤ ਹਿਤ ਸਰਬ ਪ੍ਰਿਤਪਾਲੀ । ਕਰੇ ਖੇਲ ਨਿਤ ਨਵਿਤ, ਨਾ ਕੋਈ ਵੇਖੇ ਵਾਰ ਥਿਤ, ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗਊ ਗਰੀਬ ਨਿਮਾਣਿਆਂ ਦਰ ਦਵਾਰੇ ਦੇਵੇ ਮਾਣਿਆ, ਤੋੜੇ ਜਗਤ ਜੰਜਾਲੀ । ਗੁਣ ਅਵਗੁਣ ਪ੍ਰਭ ਦਏ ਕੱਟ । ਦੂਈ ਦਵੈਤੀ ਮੇਟੇ ਫੱਟ । ਸ਼ਬਦ ਪਹਿਨਾਏ ਸਾਚਾ ਪਟ । ਕਾਇਆ ਮੰਦਰ ਇਕ ਵਖਾਏ ਖੁਲ੍ਹਾ ਹੱਟ । ਗੁਰਮੁਖ ਸਾਚਾ ਰਸਨਾ ਗਾਏ, ਜੋਤ ਜਗਾਏ ਘਟ ਘਟ । ਪਰਗਟ ਹੋਏ ਦਰਸ ਦਿਖਾਏ, ਜੋਤੀ ਜਗੇ ਲਟ ਲਟ । ਬੰਕ

ਦਵਾਰਾ ਇਕ ਸੁਹਾਏ, ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਤੇਰੀ ਕਾਇਆ ਸਾਚੇ ਮਟ । ਚਰਨ ਪ੍ਰੀਤੀ ਹਰਿ ਜੋੜ ਜੁੜਾਇੰਦਾ । ਆਪ ਚੜ੍ਹਾਏ ਸ਼ਬਦ ਘੋੜ, ਡੋਰ ਆਪਣੇ ਹੱਥ ਰਖਾਇੰਦਾ । ਦੋ ਜਹਾਨੀ ਰਹੇ ਦੌੜ, ਸ਼ਬਦ ਸਰੂਪੀ ਲਾਏ ਪੌੜ, ਆਪੇ ਵੇਖੇ ਮਿੱਠਾ ਕੌੜ, ਦਿਸ ਕਿਸੇ ਨਾ ਆਇੰਦਾ । ਵੇਲੇ ਅੰਤਮ ਜਾਏ ਬਹੁੜ, ਜੋਤੀ ਜੋਤ ਸਰੂਪ ਹਰਿ, ਗੁਰਮੁਖ ਸਾਚੇ ਸੰਤ ਜਨ, ਆਪਣੀ ਗੋਦ ਉਠਾਇੰਦਾ । ਨੌਂ ਦਰ ਫੀਕੇ ਰਸ ਜਾਨ । ਪੁਰਖ ਅਬਿਨਾਸ਼ੀ ਨੀਕਨ ਨੀਕੇ, ਸਾਚੇ ਘਰ ਕਰ ਪਛਾਣ । ਕਰੇ ਪ੍ਰਿਤਪਾਲ ਸਰਬ ਜਨ ਜੀਅ ਕੇ, ਆਪ ਸੁਹਾਏ ਸਾਚਾ ਤਾਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵੇ ਦਾਤ ਵਡ ਕਰਾਮਾਤ, ਸ਼ਬਦ ਸਵਾਸ ਆਸ ਪਾਸ, ਪ੍ਰਿਥਮੀ ਅਕਾਸ ਕਾਇਆ ਡਾਲ੍ਹ । ਪਵਣ ਸਵਾਸੀ ਦਏ ਹੁਲਾਰਾ । ਅੰਦਰੇ ਅੰਦਰ ਥਿੜਕਨ ਭਾਰਾ । ਪੰਜਾਂ ਤੱਤਾਂ ਪਾਇਆ ਰਿੜਕਣ, ਘੇਰੀ ਰੱਖਣ ਵਾਰੋ ਵਾਰਾ । ਦਸਮ ਦਵਾਰੇ ਪਈ ਝਿਲਕਨ, ਕਾਇਆ ਲੱਥਾ ਦੁਖੜਾ ਭਾਰਾ । ਅੰਮ੍ਰਿਤ ਮੇਘ ਹਰਿ ਜੀ ਆਇਆ ਛਿੜਕਣ, ਕਾਇਆ ਸੀਤਲ ਠੰਡੀ ਠਾਰਾ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਇਆ ਕਮਾਏ ਇਕ ਵਖਾਏ ਪਾਰਬ੍ਰਹਮ ਰੂਪ ਅਗੰਮ, ਪਰਗਟ ਹੋਏ ਵਿਚ ਸੰਸਾਰਾ । ਅੰਮ੍ਰਿਤ ਆਤਮ ਏਕਾ ਘੁੱਟ । ਰੋਗਾਂ ਸੋਗਾਂ ਨਾਤਾ ਜਾਏ ਛੁੱਟ । ਦਸ ਗਿਰਹਾ ਡੂੰਘੀ ਜੜ੍ਹ ਰਿਹਾ ਪੁੱਟ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਮ੍ਰਿਤ ਦੇਵੇ ਆਤਮ ਧਾਰ ਕਰ ਪਿਆਰ, ਭਗਤ ਸੁਹੇਲਾ ਸਾਚਾ ਤੁਠ । ਸਤਿਗੁਰ ਪੂਰਾ ਜਾਣੀਏ, ਸਤਿ ਪੁਰਖ ਮਿਲਾਏ । ਪੂਰਨ ਬ੍ਰਹਮ ਪਛਾਣੀਏ, ਏਕਾ ਰੰਗ ਸਮਾਏ । ਗੁਣਵੰਤ ਹਰਿ ਗੁਣ ਨਿਧਾਨੀਏ, ਸੰਗ ਸਹਿਜ ਸੁਭਾਏ । ਪਾਣੀ ਛਾਛ ਮੂਲ ਨਾ ਛਾਣੀਏ, ਕੁੱਛ ਹੱਥ ਨਾ ਆਏ । ਸੋਹੰ ਪਾਉਣੀ ਤਨ ਮਧਾਣੀਏ, ਵਸਤ ਵਖ ਕਰ ਵਖਾਏ । ਰਸਨਾ ਗਾਏ ਏਕਾ ਬਾਣੀਏ, ਬਜਰ ਕਪਾਟੀ ਪੱਥਰ ਤੁੜਾਏ । ਮਿਲੇ ਮੇਲ ਸਾਚੇ ਹਾਣੀਏ, ਜਗਤ ਵਿਛੋੜਾ ਦਏ ਚੁਕਾਏ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਘੋੜੇ ਰਿਹਾ ਚੜ੍ਹਾਏ । ਗੁਰ ਮੰਤਰ ਗੁਰ ਕੀ ਆਣ । ਗੁਰਮੁਖ ਸਾਚਾ ਸਤਿ ਪੁਰਖ ਨਿਰੰਜਣ ਮਾਤ ਪਛਾਣ । ਨੈਣ ਲੋਚਨ ਪਾਉਣਾ ਅੰਜਨ, ਸਾਚਾ ਮਜਨ ਗੁਰ ਚਰਨ ਧਿਆਨ । ਜੋਤੀ ਜੋਤ ਸਰੂਪ ਹਰਿ, ਕਾਇਆ ਵਸੇ ਸਚ ਘਰ, ਇਕ ਜਪਾਏ ਸਾਚਾ ਨਾਮ । ਜਪਾਣਾ ਨਾਮ ਰੰਗ ਮਜੀਠ । ਕਲਜੁਗ ਮਾਇਆ ਵਿਚ ਨਾ ਤਪਣਾ, ਦਰ ਦਵਾਰਾ ਨੇਤਰ ਡੀਠ । ਆਪ ਉਤਾਰੇ ਪਿਛਲਾ ਪਪਨਾ, ਜੂਠਾ ਝੂਠਾ ਭੰਨੇ ਕੌੜਾ ਰੀਠ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਟੇਕ ਹਰਿ ਹਰਿ ਬਸੀਠ ।।

### ★ ੩੧ ਹਾੜ ੨੦੧੨ ਬਿਕ੍ਰਮੀ ਬੂੜ ਸਿੰਘ ਦੇ ਗ੍ਰਿਹਿ ਪਿੰਡ ਨਾਥੇਵਾਲ ਜ਼ਿਲਾ ਫਿਰੋਜ਼ਪੁਰ ★

ਹਰਿ ਸ਼ਬਦ ਜੈਕਾਰ, ਮਾਤ ਪਸਾਰਿਆ । ਇਕ ਇਕੱਲਾ ਰੱਖੇ ਧਾਰ, ਸਚ ਮਹੱਲਾ ਵੇਖ ਵਿਚਾਰਿਆ । ਵਸੇ ਜਲ ਥਲਾ, ਘੜੀ ਘੜੀ ਪਲ ਪਲਾ, ਆਪੇ ਜਾਣੇ ਆਰ ਪਾਰ ਕਿਨਾਰਿਆ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਕਲਜੁਗ ਕਾਲਾ ਵੇਸ ਆਪ ਆਪਣਾ ਧਾਰਿਆ । ਕਲਜੁਗ ਕਾਲੀ ਧਾਰ ਜਗਤ ਚਲਾਈਆ । ਭਰਮੇ ਭੁਲਾ ਸਰਬ ਸੰਸਾਰ, ਮਾਇਆ ਪੜਦਾ ਇਕ ਰਖਾਈਆ । ਮਾਨਸ ਦੇਹੀ ਦਿਵਸ

ਰੈਣੀ ਪੈਣੀ ਮਾਰ, ਵੇਲੇ ਅੰਤ ਨਾ ਕੋਈ ਛੁਡਾਈਆ । ਚਾਰੋਂ ਕੁੰਟ ਆਵੇ ਹਾਰ, ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਕੋਈ ਨਾ ਪਾਵੇ ਸਾਰ, ਚਾਰੋਂ ਕੁੰਟ ਦੇਣ ਦੁਹਾਈਆ । ਸੁਰਤੀ ਸ਼ਬਦ ਤਨ ਕਟਾਰ, ਹਰਿ ਨਿਰੰਕਾਰ ਆਪ ਉਠਾਈਆ । ਜਨ ਭਗਤਾਂ ਖਿਚੀ ਰੱਖੇ ਦਸਮ ਦਵਾਰ, ਨੌ ਦਵਾਰੇ ਬੰਦ ਕਰਾਈਆ । ਮਨਮੁਖ ਚਾਰੋਂ ਕੁੰਟ ਰਹੇ ਝੱਖ ਮਾਰ, ਸਾਚੀ ਵਸਤ ਹੱਥ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਸਚ ਦਵਾਰਾ ਇਕ ਖੁਲ੍ਹਾਈਆ । ਸਚ ਦਵਾਰਾ ਖੋਲ੍ਹ, ਜੋਤ ਜਗਾਇੰਦਾ । ਸ਼ਬਦ ਸੁਹਾਗੀ ਬੋਲ, ਗੀਤ ਸੁਣਾਇੰਦਾ । ਅੰਤਮ ਤੋਲੇ ਪੂਰੇ ਤੋਲ, ਚੀਤ ਪ੍ਰੀਤ ਰਖਾਇੰਦਾ । ਰਾਜ ਰਾਜਾਨਾਂ ਪੜਦੇ ਖੋਲ੍ਹ, ਮੰਦਰ ਮਸੀਤ ਨਾ ਅਤੀਤ ਕੋਈ ਵਖਾਇੰਦਾ । ਭਾਗ ਲੱਗੇ ਕਾਇਆ ਚੋਲ, ਸ਼ਬਦ ਸਰੂਪੀ ਰਿਹਾ ਬੋਲ, ਜੋਤੀ ਜੋਤ ਸਰੂਪ ਹਰਿ, ਆਪੇ ਘੜੇ ਆਪੇ ਢਾਹਿੰਦਾ । ਆਪੇ ਢਾਹੇ ਮਹੱਲ ਉਸਾਰ । ਲੱਖ ਚੁਰਾਸੀ ਗਾਹੇ, ਸ਼ਬਦ ਸੁਹਾਗਾ ਮਾਰ । ਬੇਮੁਖ ਭੁੱਲੇ ਝੂਠੇ ਰਾਹੇ, ਅੰਤਮ ਆਏ ਪਾਸਾ ਹਾਰ । ਪਰਗਟ ਹੋਏ ਬੇਪਰਵਾਹੇ, ਪੁਰਖ ਸੁਜਾਨਾ ਸਰਬ ਪਿਆਰ । ਨਾ ਕੁਛ ਖਾਏ ਨਾ ਕੁਛ ਪੀਏ ਨਾ ਦੀਸੇ ਕਿਸੇ ਥਾਏਂ, ਆਦਿ ਅੰਤ ਏਕਾ ਕਾਰ । ਨਾ ਕੋਈ ਪਿਤਾ ਨਾ ਕੋਈ ਮਾਏ, ਭੈਣ ਭਰਾਤਾ ਨਾਤਾ ਛੁੱਟਾ ਵਿਚ ਸੰਸਾਰ । ਵੇਖ ਵਖਾਣੇ ਸਭਨੀਂ ਥਾਏਂ, ਪੁਰੀਆਂ ਲੋਆਂ ਇਕ ਉਡਾਰ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਚਰਨ ਟਿਕਾਇਆ ਬਿਆਸ ਕਿਨਾਰ । ਬਿਆਸ ਕਿਨਾਰ ਮਿੱਲੀ ਵਡਿਆਈ । ਪੁਰਖ ਅਬਿਨਾਸ਼ੀ ਦਇਆ ਕਮਾਈ । ਚਰਨ ਛੁਹਾਇਆ ਹਰਿ ਰਘੁਰਾਈ । ਦਰਸ਼ਨ ਪਰਸਨ ਨੇਤਰ ਲੋਚਨ ਨੈਣ, ਵੇਖਣ ਦਰ ਘਰ ਸਾਚੇ ਆਇਆ, ਪੂਰਬ ਕਰਮਾਂ ਕਰ ਵਿਚਾਰ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਲੱਖ ਚੁਰਾਸੀ ਵੇਖ ਘਰ, ਗੁਰ ਗੋਬਿੰਦਾ ਬਣਾਇਆ ਆਪ ਲਿਖਾਰ । ਗੁਰ ਗੋਬਿੰਦ ਬਣ ਲਿਖਾਰੀ, ਲਿਖੇ ਲੇਖ ਅਪਰ ਅਪਾਰੀ । ਭੇਵ ਨਾ ਪਾਏ ਜੀਵ ਸੰਸਾਰੀ । ਆਪ ਰੁੜ੍ਹਾਏ ਸਰਸਾ ਧਾਰੀ । ਦੋ ਸਦ ਪਚਾਸ ਆਸ, ਆਪੇ ਵੇਖੇ ਪਰਖੇ ਕਰ ਵਿਚਾਰੀ । ਪਰਗਟ ਹੋਏ ਜੋਤ ਬਲੋਏ, ਦਿਸ ਨਾ ਆਏ ਦਸ ਦਸ ਮਾਸ, ਕਰੇ ਕਰਾਏ ਖ਼ਬਰਦਾਰੀ । ਜੂਨ ਅਜੂਨੀ ਹੋਏ ਨਾਸ, ਗੁਰਮੁਖ ਵਿਰਲੇ ਇਕ ਪਿਆਸ, ਪਾਰਬ੍ਰਹਮ ਹਰਿ ਜੋਤ ਨਿਰੰਕਾਰੀ । ਪਰਗਟ ਹੋਏ ਵਿਚ ਪਰਭਾਸ, ਸੰਬਲ ਦੇਸ ਰੱਖੇ ਵਾਸ, ਉਚ ਮਹੱਲ ਅਟੱਲ ਅਟਾਰੀ । ਪੰਜਾਂ ਤੱਤਾਂ ਕਰੇ ਨਾਸ, ਸ਼ਬਦ ਰੱਖੇ ਸਦਾ ਪਾਸ, ਖੰਡਾ ਤੇਜ਼ ਦੋ ਦੋ ਧਾਰੀ । ਉਡਦਾ ਰਹੇ ਵਿਚ ਅਕਾਸ਼, ਪਵਣ ਸਵਾਸੀ ਜੋਤ ਪਰਕਾਸ਼, ਸ਼ਬਦ ਸਿੰਘਾਸਣ ਕਰ ਨਿਵਾਸ, ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਕਾਲ ਕੂਟ ਵੇਖ ਹਰਿ, ਆਪੇ ਪਾਏ ਸਾਚੀ ਰਾਸ । ਗੁਰ ਗੋਬਿੰਦੇ ਕਰਮ ਕਮਾਇਆ । ਸਰਬ ਬਖ਼ਸ਼ਿੰਦੇ ਸੇਵਾ ਲਾਇਆ । ਗੁਣੀ ਗਹਿੰਦੇ ਰਾਹ ਵਖਾਇਆ । ਸਾਚੀ ਬਿੰਦੇ ਸੁਤ ਉਪਜਾਇਆ । ਆਤਮ ਮਿਟਾਏ ਸਗਲੀ ਚਿੰਦੇ, ਆਤਮ ਜਿੰਦੇ ਦਏ ਤੁੜਾਇਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਸੰਬਲ ਦੇਸ ਰਾਹ ਵਖਾਇਆ । ਗੁਰ ਗੋਬਿੰਦਾ ਲੇਖ ਲਿਖੰਤਾ । ਜੋਤੀ ਜਾਮਾ ਭੇਖ ਵਟੰਤਾ । ਰਮਈਆ ਰਾਮ ਘਨਈਆ ਸ਼ਾਮਾ, ਸ਼ਬਦ ਦਮਾਮਾ ਇਕ ਵਜੰਤਾ । ਸਦ ਪੂਰ ਕਰੇ ਕਾਮਾ, ਦੂਰ ਨੂਰ ਏਕਾ ਤਾਮਾ, ਕਰੇ ਖੇਲ ਆਦਿਨ ਅੰਤਾ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਸੰਬਲ ਦੇਸ ਵੇਸ ਹਰਿ, ਜੋਗੀ ਜੁਗ ਜੁਗਾ ਜੁਗਤਾ । ਸੰਬਲ ਦੇਸ ਸਤਿ ਪੁਰਖ ਨਿਰੰਜਣ ਜਾਗਿਆ । ਆਪੇ ਨਰ ਆਪੇ ਨਰੇਸ, ਹੱਥ ਆਪਣੇ ਪਕੜੇ ਵਾਗਿਆ । ਆਪੇ ਰੱਖੇ ਖੁਲ੍ਹੜੇ ਕੇਸ, ਛੱਡੇ ਅੰਤਮ ਮਾਝਾ ਦੇਸ, ਪਾਰ ਬਿਆਸੋਂ ਆਏ ਭਾਗਿਆ ।

ਬਾਲ ਅਵਸਥਾ ਅਲੂੜ ਵਰੇਸ, ਸਾਲ ਬਾਰ੍ਵੇਂ ਰਿਹਾ ਵੇਖ, ਕੌਣ ਸੋਇਆ ਕਵਣ ਜਾਗਿਆ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਜੋਤੀ ਜਾਮਾ ਭੇਖ ਧਰ, ਸਦੀ ਚੌਧਵੀਂ ਵੇਖ ਹਰਿ, ਛੇੜ ਛਿੜਾਏ ਖੇਲ ਰਚਾਏ ਕੋਲ ਵਾਗਿਆ । ਕੋਲ ਵਾਗਾ ਦਏ ਸੁਹਾਗਾ, ਏਕਾ ਰਾਹ ਵਖਾਈਆ । ਕਾਲ ਅਕਾਲਾ ਤੁੱਟੇ ਤਾਗਾ, ਦੀਨ ਦਿਆਲਾ ਏਕਾ ਜਾਗਾ, ਨਾਤਾ ਤੁੱਟਾ ਭੈਣਾਂ ਭਾਈਆ । ਗੁਰਮੁਖ ਵਿਰਲਾ ਮਿਲੇ ਮੇਲ ਕੰਤ ਸੁਹਾਗਾ, ਸ਼ਬਦ ਉਪਜੇ ਸਾਚਾ ਰਾਗਾ, ਦਸ ਪੰਜ ਪੰਜ ਦਸ ਆਪੇ ਰਿਹਾ ਜਗਾਈਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਅੰਦਰ ਮੰਦਰ ਸਾਰੇ ਰਿਹਾ ਢਾਹੀਆ । ਅੰਦਰ ਮੰਦਰ ਮਸਜਿਦ ਮਸੀਤ ਸ਼ਿਵਦਵਾਲੇ ਜਾਣੇ ਢੱਠ । ਸਤਿਜੁਗ ਚਲਾਏ ਅਚਰਜ ਰੀਤ, ਕਾਲ ਕੁੜਿਆਰਾ ਜਾਏ ਨੱਠ । ਪੁਰਖ ਅਬਿਨਾਸ਼ੀ ਏਕਾ ਰਹੇ ਚਰਨ ਪ੍ਰੀਤ, ਤੁੱਟੇ ਮਾਣ ਅੱਠ ਸਠ । ਗੰਗਾ ਗੋਦਾਵਰੀ ਹੋਏ ਸੀਤ, ਨਾ ਦੀਸੇ ਕੋਈ ਤੱਟ । ਇਕ ਇਕੱਲਾ ਸਚ ਮਹੱਲਾ ਬੈਠ ਪਰਖੇ ਨੀਤ, ਆਪ ਗਿੜਾਏ ਉਲਟੀ ਲੱਠ । ਸ਼ਬਦ ਗਾਉਣਾ ਸੁਹਾਗੀ ਗੀਤ, ਸੋਹੰ ਅੱਖਰ ਜਗਤ ਵੱਖਰ, ਚਾਰ ਵਰਨਾਂ ਕਰੇ ਇਕ ਇਕੱਠ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਆਪ ਆਪਣਾ ਵੇਸ ਕਰ, ਮਸਤੂਆਣੇ ਆਏ ਨੱਠ । ਮਸਤੂਆਣਾ ਧਾਮ ਸੁਹਾਉਣਾ । ਸ਼ਬਦ ਤੀਰ ਇਕ ਚਲਾਉਣਾ । ਰਾਜਾ ਰਾਣਾ ਪਕੜ ਉਠਾਉਣਾ । ਗਰੀਬ ਨਿਮਾਣਾ ਗਲੇ ਲਗਾਉਣਾ । ਤਖ਼ਤ ਤਾਜ ਇਕ ਵਖਾਉਣਾ । ਸ਼ਬਦ ਬਾਜ ਇਕ ਉਡਾਉਣਾ । ਨਾਮ ਤੋੜਾ ਸੀਸ ਲਗਾਉਣਾ । ਕਲਗੀ ਜੋੜਾ ਜੋਤ ਜਗਤ ਵਖਾਉਣਾ । ਨੀਲਾ ਘੋੜਾ ਚਿੱਟਾ ਅਸਵ ਕਲਜੁਗ ਚੌਥਾ ਪੌੜਾ ਆਪ ਵਖਾਉਣਾ ਧੁਰ ਦਰਗਾਹੀ ਆਇਆ ਦੌੜਾ, ਅਛਲ ਅਛੱਲ ਕਾਰ ਕਰਾਉਣਾ । ਸੰਬਲ ਦੇਸ ਕਰ ਕਰ ਵੇਸ, ਗੌੜ ਬ੍ਰਹਿਮਣ ਸੁਤ ਉਪਜਾਉਣਾ । ਆਪੇ ਧਾਰੇ ਆਪਣਾ ਭੇਸ, ਪਾਰਬ੍ਰਹਮ ਬ੍ਰਹਮ ਮੇਲ ਮਿਲਾਉਣਾ । ਚਰਨ ਲਗਾਏ ਨਰ ਨਰੇਸ਼, ਮਾਣ ਤਾਣ ਸਰਬ ਗਵਾਉਣਾ । ਸ਼ਬਦ ਵੇਖੇ ਧਾਰੀ ਕੇਸ, ਸਾਚੀ ਰੰਗਨ ਰੰਗ ਰੰਗਾਉਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰਾ ਇਕ ਖੁਲ੍ਹਾਉਣਾ । ਮਸਤੂਆਣਾ ਧਾਮ ਸੁਹਾਏ, ਛੋਹੇ ਚਰਨ ਹਰਿ ਰਘੁਰਾਈਆ । ਜੋਤੀ ਰਾਮਾ ਰਾਮ ਜਗਾਏ, ਆਪ ਆਪਣੀ ਦਇਆ ਕਮਾਈਆ । ਚਾਰ ਵਰਨਾਂ ਏਕਾ ਥਾਂ ਬਹਾਏ, ਊਚਾਂ ਨੀਚਾਂ ਭੇਵ ਚੁਕਾਈਆ । ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਮਾਣ ਗਵਾਏ, ਤਖ਼ਤ ਤਾਜ ਕਿਸੇ ਦਿਸ ਨਾ ਆਈਆ । ਰਾਣਾ ਸੰਗਰੂਰ ਰਿਹਾ ਜਗਾਏ, ਸ਼ਬਦ ਸਰੂਪੀ ਅੰਦਰੇ ਅੰਦਰ ਰਿਹਾ ਉਠਾਈਆ । ਜੋਤੀ ਜਾਮਾ ਰਿਹਾ ਘੂਰ, ਕਾਇਆ ਮੰਦਰ ਭੈ ਭਿਆਨਕ ਰੂਪ ਵਟਾਈਆ । ਮਾਇਆ ਤੋੜੇ ਵਿਕਾਰੀ ਵੱਜਾ ਜੰਦਰ, ਸ਼ਬਦ ਹਥੌੜਾ ਇਕ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਸਤੂਆਣਾ ਧਾਮ ਸੁਹਾਈਆ । ਮਸਤੂਆਣਾ ਧਾਮ ਸੁਹਾਣਾ, ਦੇਵੇ ਮਾਤ ਵਡਿਆਈਆ । ਜੋਤੀ ਜਾਮਾ ਹਰਿ ਜੀ ਪਾਏ, ਰਾਜ ਰਾਜਾਨਾਂ ਰਿਹਾ ਸੁਣਾਈਆ । ਆਪ ਆਪਣਾ ਕਾਮ ਕਰੇ, ਦਸ ਸਤਾਰਾਂ ਸਤਿ ਪੁਰਖ ਨਿਰੰਜਣ ਸਾਚੀ ਜੋਤ ਜਗਾਈਆ । ਆਪੇ ਵੇਖੇ ਖੇਲ ਅਠਾਰਾਂ, ਚਾਰੋਂ ਕੁੰਟ ਆਏ ਹਾਰਾ, ਪਾਸਾ ਭਾਰਾ ਨਾ ਕੋਈ ਵਖਾਈਆ । ਨਾ ਕੋਈ ਦੀਸੇ ਨਾਰੀ ਨਾਰਾ, ਨਾ ਕੋਈ ਦੀਸੇ ਮੀਤ ਮੁਰਾਰਾ, ਈਸਾ ਮੂਸਾ ਵਹਿੰਦੀ ਧਾਰਾ, ਸੰਗ ਮੁਹੰਮਦ ਚਾਰ ਯਾਰਾ, ਅੰਜੀਲ ਕੁਰਾਨਾ ਦਏ ਦੁਹਾਈਆ । ਵੇਦ ਪੁਰਾਨਾ ਧੱਕਾ ਭਾਰਾ, ਮਦੀਨਾ ਮੱਕਾ ਮੂੰਹ ਦੇ ਭਾਰਾ । ਬੂਰਾ ਕੱਕਾ ਹੋਏ ਖੁਆਰਾ, ਏਕਾ ਰਾਹ ਹਰਿ ਜੀ ਤੱਕਾ, ਚਾਰ ਵਰਨਾਂ ਇਕ ਦਵਾਰਾ । ਸਾਚਾ ਸ਼ਬਦ ਜਣਾਏ ਭਾਈ ਭੈਣ ਸਕਾ, ਗੁਰਮੁਖ ਮੰਗੇ ਬਣ ਭਿਖਾਰਾ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ


੨੧੭ ੦੫

ਭੇਖ ਧਰ, ਕਲਜੁਗ ਅੰਤਮ ਵੇਖ ਹਰਿ, ਆਪ ਸੁਹਾਏ ਦਰ ਸੱਚਾ ਦਰਬਾਰਾ । ਦਰ ਸੱਚਾ ਦਰਬਾਰ, ਆਪ ਸੁਹਾਵਣਾ । ਚਾਰ ਵਰਨਾਂ ਕਰ ਪਿਆਰ, ਏਕਾ ਰਾਹ ਵਖਾਵਣਾ । ਸ਼ਬਦ ਰੱਖੇ ਤਿੱਖੀ ਧਾਰ, ਫੜੇ ਹੱਥ ਸੱਚੀ ਸਰਕਾਰ, ਚਾਰੋਂ ਕੁੰਟ ਆਪ ਝੁੱਲਾ ਰਿਹਾ । ਰਸਨਾ ਖਿਚੇ ਤੀਰ ਕਮਾਨ, ਮੇਟ ਮਿਟਾਏ ਬੇਈਮਾਨ, ਕਲਜੁਗ ਅੰਤ ਜੀਵ ਸ਼ੈਤਾਨ, ਜੂਠਾ ਝੂਠਾ ਫੰਦ ਕਟਾਨ, ਏਕਾ ਝੁੱਲੇ ਧਰਮ ਨਿਸ਼ਾਨ । ਅੱਖਰ ਵੱਖਰ ਵਿਚ ਜਹਾਨ । ਨੌਂ ਦਵਾਰੇ ਅੰਦਰ ਵੜ, ਕਾਇਆ ਮੰਦਰ ਗੜ੍ਹ ਮਕਾਨ । ਗੁਰਮੁਖ ਵਿਰਲਾ ਜਾਏ ਚੜ੍ਹ, ਪੁਰਖ ਅਬਿਨਾਸ਼ੀ ਬਾਂਹ ਲਏ ਫੜ, ਆਪ ਬਿਠਾਏ ਵਿਚ ਬਿਬਾਣ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਸੰਬਲ ਦੇਸ ਵੇਸ ਕਰ, ਉਡੇ ਉਡਾਵੇ ਇਕ ਉਡਾਨ । ਮਸਤੂਆਣਾ ਮਸਤ ਮਸਤਾਨ ਹਰਿ ਰਖਾਇਆ । ਪਰਗਟ ਹੋਏ ਸ੍ਰੀ ਭਗਵਾਨ, ਦਿਸ ਕਿਸੇ ਨਾ ਆਇਆ । ਜੋਤੀ ਜਗੇ ਇਕ ਮਹਾਨ, ਸ਼ਬਦ ਬਿਬਾਣ ਨਾਲ ਲਿਆਇਆ । ਪੁਰਖ ਪੁਰਖੋਤਮ ਕਰ ਪਛਾਣ, ਗੁਰ ਮੰਤਰ ਗੁਰਮੁਖਾਂ ਕੰਨ ਸੁਣਾਇਆ । ਚਤੁਰਭੁਜ ਭੇਵ ਖੁਲ੍ਹਾਏ ਆਤਮ ਗੁਝ, ਸਚ ਦਵਾਰਾ ਜਾਏ ਸੁਝ, ਜਿਸ ਜਨ ਦਇਆ ਕਮਾਇਆ । ਲੱਖ ਚੁਰਾਸੀ ਰਹੀ ਭੁੱਜ, ਮਾਇਆ ਅਗਨੀ ਲੰਬੂ ਲਾਇਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਗੁਰਮੁਖ ਸਾਚੇ ਸੰਤ ਜਨਾਂ ਏਕਾ ਰਾਹ ਰਿਹਾ ਵਖਾਇਆ । ਏਕਾ ਰਾਹ ਧੁਰ ਦਰਗਾਹ ਜਗਤ ਮਲਾਹੀਆ । ਆਪ ਵਖਾਏ ਬੇਪਰਵਾਹ, ਹੋਏ ਸਹਾਈ ਸਭਨੀ ਥਾਂ, ਘਟ ਘਟ ਰਿਹਾ ਸਮਾਈਆ । ਆਪੇ ਪਿਤਾ ਆਪੇ ਮਾਂ, ਗੁਰਮੁਖ ਬਾਲ ਅੰਵਾਣਿਆਂ ਪਕੜੇ ਬਾਂਹ, ਸ਼ਬਦ ਗੋਦੀ ਰਿਹਾ ਉਠਾਈਆ । ਸ਼ਬਦ ਸੁਹੇਲਾ ਦੇਵੇ ਠੰਡੀ ਛਾਂ, ਸਾਚੀ ਸ਼ਬਦ ਚੋਗ ਚੁਗਾਈਆ । ਹੰਸ ਬਣਾਏ ਕਾਂ, ਸਤਿ ਸਰੋਵਰ ਇਕ ਇਸ਼ਨਾਨ ਕਰਾਈਆ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਬਣਤ ਆਪ ਰਿਹਾ ਬਣਾਈਆ । ਆਪਣੀ ਬਣਤ ਆਪ ਬਣਾਏ ਇਕ ਇਕੱਲਾ ਹੈ । ਦੂਸਰ ਨਾ ਕੋਈ ਪਾਏ ਸਾਰ, ਨਾ ਕੋਈ ਵੇਖੇ ਸਚ ਮਹੱਲਾ ਹੈ । ਪਾਰਬ੍ਰਹਮ ਖੇਲ ਅਪਾਰ, ਵਸੇ ਨਿਹਚਲ ਧਾਮ ਅਟੱਲਾ ਹੈ । ਜੋਤ ਨਿਰੰਜਣ ਕਰ ਅਕਾਰ, ਲੋਕਮਾਤ ਪਾਏ ਤਰਥਲਾ ਹੈ । ਸ਼ਬਦ ਫੜੇ ਹੱਥ ਕਟਾਰ, ਸੋਹੰ ਏਕਾ ਤਿੱਖਾ ਭੱਲਾ ਹੈ । ਲੋਆਂ ਪੁਰੀਆਂ ਮਾਰੀ ਜਾਏ ਵਾਰੋ ਵਾਰ, ਖੰਡ ਬ੍ਰਹਿਮੰਡ ਵਰਭੰਡ ਸੁਟੇ ਡੂੰਘੀ ਡੱਲਾ ਹੈ । ਲੱਖ ਚੁਰਾਸੀ ਵੇਖੇ ਦਰਗੇ ਕਰ ਵਿਚਾਰ, ਕਰੇ ਖੇਲ ਘੜੀ ਘੜੀ ਪਲ ਪਲਾ ਹੈ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਆਪੇ ਜਾਣੇ ਆਪਣੀ ਕਾਰ, ਸਰਬ ਥਾਈਂ ਪਸਰ ਪਸਾਰਾ ਹੈ । ਕਰੇ ਕਰਾਏ ਆਪ ਬਣਤ ਬਣਾਇੰਦਾ । ਜੁਗੋ ਜੁਗ ਲਏ ਅਵਤਾਰ, ਭੇਖ ਵਟਾਇੰਦਾ । ਸਤਿਜੁਗ ਸਾਚੇ ਬੰਨ੍ਹੇ ਧਾਰ, ਪਾਰਬ੍ਰਹਮ ਰੂਪ ਅਪਾਰ, ਖੇਲੇ ਖੇਲ ਵਿਚ ਸੰਸਾਰ, ਜੋਤੀ ਜਾਮਾ ਆਪੇ ਪਾਇੰਦਾ । ਕਲਜੁਗ ਕਾਲਾ ਕੂੜ ਕੁੜਿਆਰ, ਜੂਠੇ ਝੂਠੇ ਜੀਵ ਗਵਾਰ, ਦਰ ਦਰ ਘਰ ਘਰ ਰਹੇ ਝੱਖ ਮਾਰ, ਸਾਚਾ ਵਰ ਕੋਈ ਨਾ ਪਾਇੰਦਾ । ਮਾਇਆ ਰਾਣੀ ਪਸਰ ਪਸਾਰ, ਵਧਿਆ ਕਾਮ ਕਰੋਧ ਹੰਕਾਰ, ਦਸਮ ਦਵਾਰੀ ਚਾਰ ਦਿਵਾਰ, ਦਰ ਦਵਾਰਾ ਨਾ ਕੋਈ ਖੁਲ੍ਹਾਇੰਦਾ । ਸੰਤ ਸੁਹੇਲੇ ਗਏ ਹਾਰ, ਦਰਸ ਨਾ ਪਾਇਣ ਸਚ ਦਰਬਾਰ, ਆਪੇ ਗੁਰ ਆਪੇ ਚੇਲੇ, ਘਰ ਘਰ ਬਹਿ ਬਹਿ ਕਰਨ ਵਿਚਾਰ । ਕਵਣ ਕਰਾਏ ਘਰ ਸਾਚੇ ਮੇਲੇ, ਮਾਇਆ ਰਾਣੀ ਤਨ ਸ਼ਿੰਗਾਰ । ਭਗਤ ਜਨਾਂ ਹਰਿ ਆਪੇ ਮੇਲੇ, ਕਰਮ ਜਰਮ ਮਾਤ ਵਿਚਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਬੰਨ੍ਹੇ ਆਪਣੀ ਧਾਰ । ਬੰਨ੍ਹੇ ਆਪਣੀ ਧਾਰ ਬਣਤ ਬਣਾਈਆ । ਗੁਰਮੁਖ ਜਗਾਏ


੨੧੮
੦੫

੨੧੯
੦੫

ਸਾਚੇ ਸੰਤ, ਸਿਰ ਛਤਰ ਰਿਹਾ ਝੁਲਾਈਆ । ਆਪੇ ਜਾਣੇ ਜੀਵ ਜੰਤ, ਸਾਚਾ ਹਰਿ ਕੰਤ ਆਪ ਅਖਵਾਈਆ । ਸ਼ਬਦ ਜਿਹਵਾ ਮਣੀਆ ਮੰਤ, ਕਾਇਆ ਰੁੱਤ ਇਕ ਬਸੰਤ ਨਾਮ ਬਹਾਰ ਇਕ ਵਖਾਈਆ । ਪੰਜਾਂ ਤੱਤਾਂ ਕਰ ਭਸਮੰਤ, ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਕਲਜੁਗ ਕਾਲਾ ਵੇਸ ਹਰਿ, ਕੂੜ ਕੁੜਿਆਰਾ ਦਏ ਮਿਟਾਈਆ । ਕਲਜੁਗ ਕਾਲਾ ਵੇਖ ਰੂਪ ਵਟਾਈਆ । ਅੱਠ ਸੱਠ ਤੀਰਥ ਧਰਿਆ ਭੇਖ, ਕੋਟਨ ਕੋਟ ਚੋਟੀ ਰਹੇ ਮੁਨਾਈਆ । ਚਾਰੋਂ ਕੁੰਟ ਔਲੀਏ ਪੀਰ ਸ਼ੇਖ਼, ਬਗਲ ਕੁਰਾਨ ਰਹੇ ਉਠਾਈਆ । ਵੇਦ ਪੁਰਾਨਾਂ ਰਹੇ ਵੇਖ, ਗੀਤਾ ਗਿਆਨ ਗੋਝ ਨਾ ਪਾਈਆ । ਖਾਣੀ ਬਾਣੀ ਸਾਚਾ ਲੇਖ, ਕਲਜੁਗ ਜੀਵਾਂ ਸੁਰਤ ਭਵਾਈਆ । ਪ੍ਰਭ ਅਬਿਨਾਸ਼ੀ ਸਾਚੇ ਨੇਤਰ ਰਿਹਾ ਵੇਖ, ਗੁਰਮੁਖ ਵਿਰਲੇ ਰਿਹਾ ਜਗਾਈਆ । ਤਨ ਮਨ ਲਾਏ ਸਾਚੀ ਮੇਖ, ਏਕਾ ਸ਼ਬਦ ਹੱਥ ਰਖਾਈਆ । ਆਪ ਮਿਟਾਏ ਬਿਧਨਾ ਲਿਖੀ ਰੇਖ, ਜਿਸ ਜਨ ਦਇਆ ਕਮਾਈਆ । ਦਰ ਦਵਾਰੇ ਹੋਏ ਦਰਵੇਸ, ਪਹਿਰੇਦਾਰ ਆਪ ਹੋ ਜਾਈਆ । ਸਾਚੇ ਤਖ਼ਤ ਨਰ ਨਰੇਸ਼, ਆਤਮ ਸੇਜਾ ਬੈਠਾ ਰਹੇ ਬੇਪਰਵਾਹੀਆ । ਕਲਜੁਗ ਕਾਲਾ ਧਰਿਆ ਭੇਸ, ਮਨਮੁਖ ਜੀਵ ਸਚ ਦਵਾਰਾ ਦਿਸ ਨਾ ਆਈਆ । ਕਲਜੁਗ ਮਾਇਆ ਜਾਣ ਨਾ ਦੇਵੇ ਕਿਸੇ ਪੇਸ਼, ਗਿਆਨੀ ਧਿਆਨੀ ਦੇਣ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਕਲਜੁਗ ਅੰਤਮ ਵੇਸ ਕਰ, ਆਪਣੀ ਬਣਤ ਬਣਾਈਆ । ਬਣਤ ਬਣਾਈ ਆਪ ਹਰਿ ਵਾਲੀ ਦੋ ਜਹਾਨਿਆ । ਆਪਣੀ ਕਰਨੀ ਰਿਹਾ ਕਰ, ਨਾ ਕਰੇ ਕੋਈ ਪਛਾਨਿਆ । ਇਕ ਖੁਲ੍ਹਾਏ ਸਾਚਾ ਸਰ, ਚਾਰ ਵਰਨਾਂ ਬ੍ਰਹਮ ਗਿਆਨਿਆ । ਹਰਿਜਨ ਸਾਚੀ ਤਰਨੀ ਜਾਏ ਤਰ, ਏਕਾ ਮੰਗੇ ਨਾਮ ਵਰ, ਭਰਿਆ ਰਹੇ ਤਨ ਖਜਾਨਿਆ । ਨਾ ਜਨਮੇ ਨਾ ਜਾਏ ਮਰ, ਸਰਨ ਸਰਨਾਈ ਜਾਏ ਪੜ, ਇਕ ਵਖਾਏ ਸਾਚਾ ਘਰ, ਨੌਂ ਦਵਾਰੇ ਬੰਦ ਕਰਾਨਿਆ । ਦਸਮ ਦਵਾਰਾ ਅਪਰ ਅਪਾਰ, ਅੰਮ੍ਰਿਤ ਧਾਰ ਸਾਚਾ ਸਰ, ਗੁਰਮੁਖ ਜਾਏ ਆਪਣੇ ਘਰ, ਆਵਣ ਜਾਵਣ ਫੰਦ ਕਟਾਨਿਆ । ਲੱਖ ਚੁਰਾਸੀ ਚੁੱਕੇ ਡਰ, ਧਰਮ ਰਾਏ ਨਾ ਲਏ ਫੜ, ਚਿਤਰ ਗੁਪਤ ਜਾਏ ਦੜ, ਮਿਲੇ ਮੇਲ ਪੁਰਖ ਅਬਿਨਾਸ਼ੀ ਸ਼ਬਦ ਸਰੂਪੀ ਬਾਹੋਂ ਲਏ ਫੜ, ਨਰ ਹਰਿ ਦਵਾਰੇ ਅੱਗੇ ਖੜ, ਦਰਗਾਹ ਸਾਚੀ ਦੇਵੇ ਮਾਣਿਆ । ਸਾਚੇ ਪੌੜੇ ਜਾਣਾ ਚੜ੍ਹ, ਸਚ ਦਵਾਰੇ ਜਾਣਾ ਵੜ, ਫੜਿਆ ਲੜ ਸ੍ਰੀ ਭਗਵਾਨਿਆ । ਨਾ ਕੋਈ ਗੋਰ ਨਾ ਕੋਈ ਮੜ੍ਹ, ਏਕਾ ਅੱਖਰ ਜਾਣਾ ਪੜ੍ਹ, ਪੰਜਾਂ ਤੱਤਾਂ ਨਾਲ ਲੜ, ਅੰਤਮ ਅੰਤ ਨਾ ਕੋਈ ਸੀਸ ਨਾ ਕੋਈ ਧੜ, ਜੋਤੀ ਨੂਰ ਜੋਤ ਪਛਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੋਤੀ ਜਾਮਾ ਭੇਖ ਧਰ, ਆਪੇ ਹੋਏ ਬ੍ਰਹਮ ਗਿਆਨਿਆ । ਆਪੇ ਹੋਏ ਬ੍ਰਹਮ ਗਿਆਨੀ, ਆਪੇ ਹੋਏ ਸਨਿਆਸੀਆ । ਆਪੇ ਕਰੇ ਸਰਬ ਧਿਆਨ, ਆਪੇ ਕਰੇ ਬੰਦ ਖੁਲ੍ਹਾਸੀਆ । ਆਪੇ ਚਤੁਰਭੁਜ ਭਗਵਾਨ, ਆਪੇ ਰੂਪ ਭੇਖ ਵਟਾਸੀਆ । ਆਪੇ ਸ਼ਬਦ ਤੀਰ ਨਿਸ਼ਾਨ, ਆਪੇ ਪੁਰੀਆਂ ਲੋਆਂ ਵਾਸੀਆ । ਆਪੇ ਗੋਪੀ ਆਪੇ ਕਾਹਨ, ਆਪੇ ਸੀਤਾ ਆਪੇ ਰਾਮ, ਆਪੇ ਜੋਤੀ ਆਪੇ ਜਾਮ, ਸ਼ਬਦ ਧਾਰ ਇਕ ਵਖਾਸੀਆ । ਆਪੇ ਕਰੇ ਆਪਣਾ ਕਾਮ, ਪੱਲੇ ਕੋਈ ਨਾ ਰੱਖੇ ਦਾਮ, ਏਕਾ ਸ਼ਬਦ ਸੱਚਾ ਨਾਮ, ਚਾਰ ਵਰਨ ਸ਼ਬਦ ਸਵਾਸੀਆ । ਆਪੇ ਰਾਮ ਰਹੀਮਾ ਰਾਮ, ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਸੰਬਲ ਦੇਸ ਵੇਸ ਹਰਿ, ਪੂਰੇ ਕਰਾਏ ਆਪ ਆਪਣੀ ਆਸਿਆ । ਪੂਰ ਕਰਾਏ ਆਪਣੀ ਆਸ, ਆਪ ਸਹਾਰਿਆ । ਆਪੇ ਹੋਏ ਆਪਣਾ ਦਾਸ, ਆਪੇ ਕਰੇ ਖੇਲ ਅਪਾਰਿਆ । ਆਪੇ ਲੱਖ ਚੁਰਾਸੀ ਕਰੇ ਨਾਸ, ਆਪੇ ਆਪ ਉਪਾ ਰਿਹਾ । ਆਪੇ ਲੱਛਮੀ ਕਰੇ ਚਰਨ

ਦਾਸ, ਆਪੇ ਮਾਇਆ ਪੜਦਾ ਪਾ ਰਿਹਾ । ਆਪੇ ਜੋਤ ਪੁਰਖ ਅਬਿਨਾਸ਼, ਸਰਗੁਣ ਰੂਪ ਆਪ ਵਟਾ ਰਿਹਾ । ਆਪੇ ਸ਼ਾਹ ਸੱਚਾ ਸ਼ਾਬਾਸ, ਆਪੇ ਰੰਕਾਂ ਵਿਚ ਸਮਾ ਰਿਹਾ । ਆਪੇ ਵੇਖੇ ਪੰਡਤ ਕਾਸ਼ੀ, ਵੇਦ ਪੁਰਾਨਾਂ ਧਿਆਨ ਲਗਾ ਰਿਹਾ । ਆਪੇ ਕਰੇ ਬੰਦ ਖੁਲਾਸੀ, ਗੀਤਾ ਅਰਜਨ ਗਿਆਨ ਦਵਾ ਰਿਹਾ । ਆਪੇ ਕਟੇ ਦਹਿ ਦਸ ਮਾਸੀ, ਗਰਭਵਾਸ ਫੰਦ ਕਟਾ ਰਿਹਾ । ਆਪੇ ਮੇਟ ਮਿਟਾਏ ਮਦਿਰਾ ਮਾਸੀ, ਕਲਜੁਗ ਵੇਲਾ ਅੰਤ ਸੁਹਾ ਰਿਹਾ । ਧਰਮ ਰਾਏ ਦੀ ਪਾਵੇ ਫਾਸੀ, ਲਾੜੀ ਮੌਤ ਹੋਵੇ ਦਾਸੀ, ਸਾਚਾ ਹੁਕਮ ਆਪ ਸੁਣਾ ਰਿਹਾ । ਜਨ ਭਗਤਾਂ ਮਾਨਸ ਜਨਮ ਕਰੇ ਰਹਿਰਾਸੀ, ਸ਼ਬਦ ਸਵਾਸੀ ਆਪ ਬਚਾ ਰਿਹਾ । ਪਰਗਟ ਹੋਏ ਘਨਕਪੁਰ ਵਾਸੀ, ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਸੰਬਲ ਦੇਸ ਵੇਸ ਹਰਿ, ਅਲਖ ਨਿਰੰਜਣ ਅਲਖ ਅਲਖ ਏਕਾ ਨਾਉਂ ਅਲੱਖ ਜਗਾ ਰਿਹਾ । ਏਕਾ ਨਾਉਂ ਅਲਖ ਜਗਦੀਸ਼ । ਸ੍ਰਿਸ਼ਟ ਸਬਾਈ ਜਾਏ ਪੀਸ । ਮੇਟ ਮਿਟਾਏ ਕੁਰਾਨ ਅੰਜੀਲ ਹਦੀਸ । ਨਾ ਕੋਈ ਗਾਏ ਰਾਗ ਛਤੀਸ । ਜਿਹਵਾ ਕਥੇ ਨਾ ਦੰਦ ਬਤੀਸ । ਬੇਮੁਖ ਜੀਵ ਅੰਨ ਦਾਣਾ ਪਾਣੀ ਮੁੱਕੇ, ਕਰੇ ਖੇਲ ਬੀਸ ਇਕੀਸ । ਪਾਣੀ ਨਾ ਕਿਸੇ ਹੁੱਕੇ, ਰਾਜ ਰਾਜਾਨਾਂ ਖਾਲੀ ਖੀਸ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਸੰਬਲ ਦੇਸ ਵੇਸ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਜੋਤ ਜਗਤ ਨਿਰੰਜਣ, ਛਤਰ ਝੁੱਲਾਏ ਪੁਰਖ ਅਬਿਨਾਸ਼ੀ ਸਾਚੇ ਸੀਸ ਹਰਿ ਸ਼ਬਦ ਅਪਾਰ ਜਗਤ ਮੌਲਾਨਿਆ । ਦੇਂਦਾ ਆਏ ਵਾਰੋ ਵਾਰ, ਸ੍ਰੀ ਭਗਵਾਨਿਆ । ਆਪ ਆਪਣੀ ਕਲ ਧਾਰ, ਕਰੇ ਖੇਲ ਵਿਚ ਜਹਾਨਿਆ । ਸਾਚੇ ਸ਼ਬਦ ਕਰ ਸ਼ਿੰਗਾਰ, ਝੁੱਲਾਏ ਇਕ ਸਤਿ ਨਿਸ਼ਾਨਿਆ । ਕਲਜੁਗ ਅੰਤਮ ਵੇਖ ਵਿਚਾਰ, ਜੋਤੀ ਜੋਤ ਸਰੂਪ ਹਰਿ, ਸੋਹੰ ਬੰਨ੍ਹੇ ਸਾਚਾ ਗਾਨਿਆ । ਸੋਹੰ ਬੰਨ੍ਹੇ ਗਾਨਾ ਨਾਮ ਨਿਸ਼ਾਨਾ ਵਡ ਸੰਸਾਰਿਆ । ਝੁੱਲੇ ਵਿਚ ਜਹਾਨਾ, ਨਾ ਕੋਈ ਦੀਸੇ ਰਾਜ ਰਾਜਾਨਾਂ ਵਡ ਬਲਕਾਰਿਆ । ਆਪੇ ਵਰਤੇ ਆਪਣਾ ਭਾਣਾ, ਨਾ ਕੋਈ ਸੁਘੜ ਨਾ ਕੋਈ ਸਿਆਣਾ, ਆਪੇ ਅੰਤਮ ਆਏ ਹਾਰਿਆ । ਨਾ ਕੋਈ ਰਾਗ ਨਾ ਕੋਈ ਗਾਣਾ, ਨਾ ਕੋਈ ਪੀਣਾ ਨਾ ਕੋਈ ਖਾਣਾ, ਏਕਾ ਜੋਤ ਜਗਤ ਅਧਾਰਿਆ । ਜੋਤੀ ਜਾਮਾ ਪਹਿਰੇ ਬਾਣਾ, ਆਪੇ ਪਵਣ ਸ਼ਬਦ ਮਸਾਣਾ, ਲੱਖ ਚੁਰਾਸੀ ਪਸਰ ਪਸਾਰਿਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਆਵੇ ਜਾਵੇ ਵਾਰੋ ਵਾਰਿਆ । ਆਵੇ ਜਾਵੇ ਵਾਰੋ ਵਾਰ, ਵਡ ਸੰਸਾਰਿਆ । ਸਤਿਜੁਗ ਸਾਚੇ ਕਰ ਪਿਆਰ, ਕਲਜੁਗ ਮਿਟੇ ਕਾਲੀ ਧਾਰ, ਸਤਿ ਸਫੇਦੀ ਰੰਗ ਰੰਗਾ ਰਿਹਾ । ਸੋਹੰ ਰੱਖੇ ਤਿੱਖੀ ਧਾਰ, ਦਸਮ ਦਵਾਰੀ ਬਾਹਰ ਰਖਾ ਰਿਹਾ । ਨਾ ਕੋਈ ਜਾਣੇ ਜੰਤ ਗਵਾਰ, ਸਾਧਾਂ ਸੰਤਾਂ ਆਈ ਹਾਰ, ਏਕਾ ਭੁੱਲਿਆ ਕੰਤ ਮੁਰਾਰ, ਝੂਠੇ ਧੰਦੇ ਆਪ ਲਗਾ ਰਿਹਾ । ਗੁਰਮੁਖ ਵਿਰਲੇ ਖੋਲ੍ਹੇ ਬੰਦ ਕੁਆੜ, ਸ਼ਬਦ ਘੋੜੇ ਦੇਵੇ ਚਾੜ੍ਹ, ਜਗੇ ਜੋਤ ਬਹੱਤਰ ਨਾੜ, ਇਕ ਵਖਾਏ ਦਰ ਦਵਾਰਿਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਕਲਜੁਗ ਤੇਰੀ ਅੰਤਮ ਵਰ, ਵੇਖਣ ਆਇਆ ਧਰਤ ਮਾਤ ਤੇਰਾ ਅਖਾੜਿਆ । ਧਰਤ ਮਾਤ ਤੇਰਾ ਅਖਾੜਾ ਆਪ ਵਖਾਇੰਦਾ । ਰੰਗ ਲਾਲ ਚਾੜ੍ਹੇ ਗਾੜਾ, ਸਾਚੀ ਖੇਲ ਰਚਾਇੰਦਾ । ਵੇਖ ਵਖਾਏ ਜੰਗਲ ਜੂਹ ਉਜਾੜ ਪਹਾੜਾਂ, ਮੰਦਰ ਅੰਦਰ ਟਿੱਲੇ ਹਿਲੇ, ਆਪੇ ਅੰਤਮ ਢਾਹਿੰਦਾ । ਆਪ ਚਬਾਏ ਆਪਣੀ ਦਾੜ੍ਹਾ, ਆਪ ਉਪਾਏ ਆਪੇ ਆਪ ਮਿਟਾਇੰਦਾ । ਸਤਾਰਾਂ ਹਾੜੀ ਲੱਗੇ ਇਕ ਅਖਾੜਾ, ਚਾਰੋਂ ਕੁੰਟ ਏਕਾ ਉਠੇ ਸ਼ਬਦ ਸਰੂਪੀ ਅਗਮੀ ਧਾੜਾ, ਰੂਸਾ ਚੀਨਾ ਮੇਲ ਮਿਲਾਇੰਦਾ । ਮੱਕਾ ਮਦੀਨਾ ਹੋਏ ਉਜਾੜਾ, ਵੇਖਣ ਆਇਆ ਸਾਚਾ ਲਾੜਾ, ਲਾੜੀ ਮੌਤ ਨਾਲ ਲਿਆਇੰਦਾ । ਜੋਤੀ

ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਧਰਤ ਮਾਤ ਰੇਖ ਹਰਿ, ਆਪੇ ਆਪ ਮੇਟ ਮਿਟਾਇੰਦਾ । ਧਰਤ ਮਾਤ ਨਾ ਹੋਏ ਕੋਈ ਸਹਾਈਆ । ਚਾਰੋਂ ਕੁੰਟ ਪੈਣੀ ਮਾਰ, ਰਾਜੇ ਰਾਣੇ ਰਹੇ ਪਛਤਾਈਆ । ਲੱਖ ਚੁਰਾਸੀ ਗਈ ਹਾਰ, ਏਕਾ ਭੁੱਲਿਆ ਹਰਿ ਰਘੁਰਾਈਆ । ਨੌਂ ਖੰਡ ਪ੍ਰਿਥਮੀ ਪਾਏ ਵੰਡ, ਬੇਮੁਖ ਜੀਵਾਂ ਆਤਮ ਰੰਡ, ਅੰਤਮ ਦੇਵਣ ਆਇਆ ਕੰਡ, ਜੋਤੀ ਜੋਤ ਸਰੂਪ ਹਰਿ, ਆਪ ਆਪਣਾ ਹੁਕਮ ਸੁਣਾਈਆ । ਸਤਿਜੁਗ ਸਾਚੇ ਹੋ ਤਿਆਰ, ਪ੍ਰਭ ਸਾਚਾ ਹੁਕਮ ਸੁਣਾਇੰਦਾ । ਕਲਜੁਗ ਮਿਟੇ ਚਾਰ ਯਾਰ, ਪੰਚਮ ਬਾਣਾ ਹਰਿ ਪਹਿਨਾਇੰਦਾ । ਪੰਜਾਂ ਤੱਤਾਂ ਛੱਡ ਪਿਆਰ, ਏਕਾ ਧਾਰ ਹਰਿ ਵਹਾਇੰਦਾ । ਸੋਹੰ ਅੱਖਰ ਅਪਰ ਅਪਾਰ, ਜਗਤ ਵੱਖਰ ਇਕ ਵਖਾਇੰਦਾ । ਪਕੜ ਉਠਾਏ ਰੋੜੀ ਸੱਖਰ, ਲੇਖਾ ਆਪਣਾ ਆਪ ਲਿਖਾਇੰਦਾ । ਆਪੇ ਪਾੜੇ ਬਜਰ ਕਪਾਟੀ ਪੱਥਰ, ਆਪਣੀ ਦਇਆ ਕਮਾਇੰਦਾ । ਲੱਖ ਚੁਰਾਸੀ ਹੋਣੀ ਸੱਖਰ, ਕੋਈ ਦਿਸ ਨਾ ਆਇੰਦਾ । ਮਾਵਾਂ ਪੁੱਤਰ ਛੱਡਣ ਰੋ ਰੋ ਅੱਥਰ, ਨਾ ਕੋਈ ਕਿਸੇ ਬਚਾਇੰਦਾ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਕਲਜੁਗ ਤੇਰੀ ਅੰਤਮ ਵਰ, ਆਪਣੀ ਬਣਤ ਬਣਾਇੰਦਾ । ਮਾਲਵਾ ਮਾਲ ਹਰਿ ਉਪਾਇਆ ਏ । ਗੁਰ ਗੋਬਿੰਦੇ ਇਹ ਲਿਖਾਇਆ ਏ । ਵੇਲੇ ਅੰਤਮ ਹੋਏ ਸਹਾਇਆ ਏ । ਆਪਣਾ ਲੇਖਾ ਆਪਣੀ ਹੱਥੀਂ ਲਿਖਾਇਆ ਏ । ਆਪੇ ਆਪ ਸਰਸੇ ਵਿਚ ਅੰਤ ਰੁੜ੍ਹਾਇਆ ਏ । ਨਾ ਕੋਈ ਮਿਲੇ ਕਲ ਨਿਸ਼ਾਨੀ, ਰੋ ਰੋ ਥੱਕੇ ਭੌਂ ਭੌਂ ਅੱਕੇ, ਸਾਚਾ ਰਾਹ ਦਿਸ ਨਾ ਆਇਆ ਏ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਸੰਬਲ ਦੇਸ ਨਗਰ ਸੁਹਾਇਆ ਏ । ਸਾਚਾ ਨਗਰ ਆਪ ਸੁਹਾਇਆ । ਜੋਤ ਸਰੂਪੀ ਆਸਣ ਲਾਇਆ । ਸ਼ਬਦ ਵੱਜੇ ਸਾਚੀ ਚੋਟੇ, ਲੱਖ ਚੁਰਾਸੀ ਕੱਢੇ ਖੋਟੇ, ਸਾਚਾ ਲੇਖਾ ਰਿਹਾ ਮੁਕਾਇਆ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਜੋਤੀ ਜਾਮਾ ਭੇਖ ਧਰ, ਆਪਣਾ ਆਪ ਰਿਹਾ ਛੁਪਾਇਆ । ਗੁਰ ਗੋਬਿੰਦ ਬਾਗ ਲਗਾਇਆ ਏ । ਅੰਤਮ ਵੇਖਣ ਆਪੇ ਆਇਆ ਏ । ਕਰੇ ਖੇਲ ਖੇਲ ਕਲ ਖੇਲਾ, ਮਿਲਿਆ ਮੇਲ ਗੁਰੂ ਚੇਲਾ, ਸੱਜਣ ਸੁਹੇਲਾ ਆਪ ਅਖਵਾਇਆ ਏ । ਆਪ ਸੁਹਾਏ ਅੰਤਮ ਵੇਲਾ, ਸ਼ਬਦ ਸਰੂਪੀ ਚਾੜ੍ਹੇ ਸੱਚਾ ਤੇਲਾ, ਨਾਮ ਮਹਿੰਦੀ ਰੰਗਣ ਰੰਗ ਰੰਗਾਇਆ ਏ । ਚਾਰੋਂ ਕੁੰਟ ਉਮਤ ਨਬੀ ਰਸੂਲ ਦੀ, ਇਕ ਦੂਜੇ ਦੇ ਨਾਲ ਖਹਿੰਦੀ, ਕੁਰਾਨ ਅੰਜੀਲ ਇਕੱਠੀ ਹੋ ਹੋ ਬਹਿੰਦੀ, ਬੂਰੇ ਕੱਕੇ ਮਤਾ ਪਕਾਇਆ ਏ । ਕਰੇ ਖੇਲ ਦਿਸ਼ਾ ਲਹਿੰਦੀ, ਸਾਚਾ ਹੁਕਮ ਹਰਿ ਸੁਣਾਇਆ ਏ । ਮਾਝਾ ਦੇਸ ਕਰੇ ਵੇਸ, ਜੋਤੀ ਜਾਮਾ ਧਰਿਆ ਭੇਸ, ਦਿਸ ਕਿਸੇ ਨਾ ਆਇਆ ਏ । ਨਿਹਕਲੰਕ ਨਰਾਇਣ ਨਰ, ਜੋਤੀ ਜਾਮਾ ਭੇਖ ਧਰ, ਹਰਿ ਜਨ ਸਾਚੇ ਵਿਚ ਸਮਾਇਆ ਏ । ਦਿਸ਼ਾ ਲਹਿੰਦੀ ਖੇਲ ਕਰਾਏ । ਉਮਤ ਨਬੀ ਰਸੂਲ ਦੀ, ਏਕਾ ਗਾਹੇ ਗਹਿੰਦੀ, ਸ਼ਬਦ ਗੇੜਾ ਆਪ ਦਵਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣਾ ਵੇਖੇ ਘਰ, ਦਿਸ ਕਿਸੇ ਨਾ ਆਏ । ਨਾ ਦਿਸੇ ਕਲ ਪਾਏ ਹਿਸੇ, ਸਾਚੀ ਵੰਡ ਵੰਡਾਇੰਦਾ । ਮਾਝੇ ਦੇਸ ਪੀਸਣ ਪੀਸੇ, ਮੰਡਪ ਮਾੜੀ ਕੋਈ ਦਿਸ ਨਾ ਆਇੰਦਾ । ਬੇਮੁਖ ਜੀਵਾਂ ਲਾਹੇ ਆਤਮ ਵਿਸੇ, ਕਾਇਆ ਭਾਂਡਾ ਭੰਨ ਹੰਕਾਰ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਚਰਨ ਪਾਰ ਬਿਆਸੋਂ ਆਪ ਉਠਾਇੰਦਾ । ਮਾਝਾ ਦੇਸ ਹੋਏ ਵੈਰਾਨ । ਨੇਤਰ ਖੋਲ੍ਹ ਗੁਰਮੁਖ ਵੇਖੇ ਮਾਰ ਧਿਆਨ । ਸ਼ਬਦ ਸਰੂਪੀ ਆਪੇ ਬੋਲੇ, ਕੋਈ ਨਾ ਦਿਸੇ ਇਕ ਨਿਸ਼ਾਨ, ਪੂਰੇ ਤੋਲ ਹਰਿ ਜੀ ਤੋਲੇ, ਉਰਾਰ ਬਿਆਸਾ ਬੀਆਬਾਨ । ਗੁਰਮੁਖ ਸਾਚਾ ਕਦੇ ਨਾ ਡੋਲੇ, ਏਕਾ ਮਿਲੇ ਸ਼ਬਦ ਨਿਸ਼ਾਨ । ਭਾਗ ਲੱਗੇ ਕਾਇਆ ਚੋਲੇ, ਆਤਮ ਉਪਜੇ ਬ੍ਰਹਮ ਗਿਆਨ ।

ਪੁਰਖ ਅਬਿਨਾਸ਼ੀ ਦਇਆ ਕਮਾਏ ਆਪ ਬਿਠਾਏ ਸ਼ਬਦ ਡੋਲੇ, ਇਕ ਉਡਾਏ ਸਚ ਉਡਾਨ । ਗੁਰਮੁਖ ਚਲਾਏ ਹੌਲੇ ਹੌਲੇ, ਬਣਿਆ ਰਹੇ ਕਾਹਨੀ ਕਾਹਨ । ਜੋਤ ਸਰੂਪੀ ਆਤਮ ਮੌਲੇ, ਸ਼ਬਦ ਸਰੂਪੀ ਪੀਣ ਖਾਣ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਆਪੇ ਕਰੇ ਜਗਤ ਪਛਾਨ । ਮਾਝੇ ਦੇਸ ਟੁਟੇ ਨਾਤਾ । ਕਰੇ ਖੇਲ ਪੁਰਖ ਬਿਧਾਤਾ । ਗੁਰਮੁਖ ਸਾਚੇ ਸਾਚਾ ਮੇਲ, ਇਕ ਕਿਨਾਰਾ ਬਿਆਸ ਵਿਖਾਤਾ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਨਾ ਕੋਈ ਵੇਖੇ ਜ਼ਾਤਾ ਪਾਤਾ । ਮਾਝਾ ਦੇਸ ਦੇਣਾ ਤਜ । ਮੱਕੇ ਮਦੀਨੇ ਮੁੱਕੇ ਹੱਜ । ਦਿਸ਼ਾ ਲਹਿੰਦੀ ਲਾਉਣ ਨਾ ਦੇਵੇ ਕਿਸੇ ਅੱਜ ਪੱਜ । ਗੁਰਮੁਖ ਵਿਰਲੇ ਸੰਤ ਸੁਹੇਲੇ ਦਰ ਦਰ ਪੜਦੇ ਲਏ ਕਜ । ਬਿਆਸ ਕਿਨਾਰਾ ਕਰੇ ਮੇਲੇ ਅੰਤਮ ਵੇਲੇ ਰਖੇ ਲਜ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਗਤ ਵਿਕਾਰਾ ਦੇਵੇ ਤਜ । ਚਰਨ ਪਾਰ ਬਿਆਸਾ ਹਰਿ ਟਿਕਾਉਣਾ ਏ । ਦੋ ਦੋਆਬਾ ਕਰੇ ਬੰਦ ਖੁਲਾਸਾ, ਤੀਜੇ ਆਬੇਹਯਾਤ ਪਿਆਉਣਾ ਏ । ਚੌਥੇ ਦਰ ਸਚ ਜਣਾਇਆ ਕਾਇਆ ਕਾਸਾ, ਮੱਕਾ ਕਾਅਬਾ ਆਪ ਵਖਾਉਣਾ ਏ । ਛੱਤੀ ਰਾਗਾਂ ਇਕ ਰਬਾਬਾ, ਸੋਹੰ ਤਾਰ ਵਜਾਉਣਾ ਏ । ਸ਼ਬਦ ਸਿੰਘਾਸਣ ਆਪ ਬਿਰਾਜੇ ਸ਼ਾਹ ਨਵਾਬਾ, ਰਾਜ ਰਾਜਾਨਾਂ ਸੀਸ ਝੁਕਾਉਣਾ ਏ । ਚਿੱਟਾ ਅਸਵ ਰੱਖੇ ਤਾਜਾ, ਚੌਥਾ ਪੌੜਾ ਜਿਸ ਉਠਾਉਣਾ ਏ । ਸੱਜਾ ਚਰਨ ਦਏ ਰਕਾਬਾ, ਸ਼ਾਹ ਅਸਵਾਰ ਆਪ ਅਖਵਾਉਣਾ ਏ । ਵੇਖ ਵਖਾਣੇ ਹਰਿ ਦੋਆਬਾ, ਮਾਲਕ ਮਾਲਵਾ ਆਪ ਅਖਵਾਉਣਾ ਏ । ਪਹਿਲਾ ਚਰਨ ਛੁਹਾਏ ਆਏ ਨਾਭਾ, ਰਾਣਾ ਸੰਗਰੂਰ ਫੇਰ ਉਠਾਉਣਾ ਏ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਸਤੂਆਣੇ ਭਾਗ ਲਗਾਉਣਾ ਏ । ਮਸਤੂਆਣੇ ਲਗੇ ਭਾਗ, ਵੱਜੇ ਜਗਤ ਵਧਾਈਆ । ਮਨਮੁਖ ਜੀਵਾਂ ਲਗੇ ਆਗ, ਗੁਰਮੁਖਾਂ ਸ਼ਬਦ ਜਣਾਈਆ । ਜੋਤੀ ਦੀਪਕ ਜਗੇ ਚਿਰਾਗ, ਚਾਰੋਂ ਕੁੰਟ ਹੋਏ ਰੁਸ਼ਨਾਈਆ । ਰਾਜ ਰਾਜਾਨੇ ਆਵਣ ਭਾਗ, ਦਰ ਦਵਾਰੇ ਭੁੱਲ ਰਹੇ ਬਖ਼ਸ਼ਾਈਆ । ਵਕਤ ਸੁਹਾਏ ਅਠਾਰਾਂ ਮਾਘ, ਜੋਤੀ ਭੇਵ ਹਰਿ ਖੁਲ੍ਹਾਈਆ । ਆਪ ਆਪਣੇ ਹੱਥ ਪਕੜੇ ਵਾਗ, ਸ੍ਰਿਸ਼ਟ ਸਬਾਈ ਰਿਹਾ ਭਵਾਈਆ । ਭਗਤ ਜਨਾਂ ਤਨ ਧੋਵੇ ਦਾਗ਼, ਅੰਮ੍ਰਿਤ ਆਤਮ ਮੇਘ ਬਰਖਾਈਆ । ਦਰ ਦਵਾਰੇ ਹੰਸ ਬਣਾਏ ਕਾਗ, ਸ਼ਬਦ ਚੋਗ ਇਕ ਚੁਗਾਈਆ । ਹਰਿਜਨ ਵਿਰਲਾ ਚਰਨੀ ਜਾਏ ਲਾਗ, ਮਨਮੁਖਾਂ ਗੂੜ੍ਹੀ ਨੀਂਦ ਸਵਾਈਆ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਆਪ ਆਪਣਾ ਭੇਖ ਧਰ, ਆਪਣੀ ਰਚਨ ਰਚਾਈਆ । ਸਾਚੀ ਰਚਨ ਰਚਾਏ, ਰੰਗ ਅਪਾਰਿਆ । ਰਾਜੇ ਰਾਣਿਆਂ ਬਚਨ ਸੁਣਾਏ, ਨਾਲ ਕਰਾਏ ਰੰਗ ਨਿਆਰਿਆ । ਗੁਰ ਸੰਗਤ ਸੰਗ ਰਲਾਏ, ਜਾਏ ਜਮਨ ਕਿਨਾਰਿਆ । ਪਾਰ ਕਿਨਾਰਾ ਡੇਰਾ ਲਾਏ, ਸ਼ਬਦ ਸਰੂਪੀ ਖੇਲ ਰਚਾਏ, ਵਾਲੀ ਹਿੰਦ ਆਪ ਉਠਾਏ ਦੇਵੇ ਦਰਸ ਅਗੰਮ ਅਪਾਰਿਆ । ਭੱਜਾ ਆਵੇ ਵਾਹੋ ਦਾਹੀ ਨਿਹਕਲੰਕੀ ਦਰ ਪਛਾਨੇ, ਜੋਤ ਸਰੂਪੀ ਦਿਸ ਨਾ ਆਏ, ਮਾਨਸ ਦੇਹੀ ਦਿਸੇ ਪਾਸਾ ਹਾਰਿਆ । ਗਲ ਪੱਲੂ ਏਕਾ ਪਾਏ, ਰੋ ਰੋ ਨੇਤਰ ਨੀਰ ਵਹਾਏ, ਕਾਇਆ ਖੇਤਰ ਕਵਣ ਦਿਸਾਏ, ਕਵਣ ਕਰੇ ਸਾਚੀ ਕਾਰਿਆ । ਮਹੀਨਾ ਚੇਤਰ ਬਣਤ ਬਣਾਏ, ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਦੇਵੇ ਸ਼ਬਦ ਉਡਾਰਿਆ । ਮਹੀਨੇ ਚੇਤ ਦਏ ਚਿਤਾਰ । ਜੋਤ ਸਰੂਪੀ ਸ਼ਬਦ ਭੂਪੀ, ਅਨਹਦ ਵਜਾਏ ਸਾਚੀ ਤਾਰ । ਹੋਏ ਪਰਕਾਸ਼ ਕਾਇਆ ਕੋਟ ਅੰਧ ਕੂਪੀ, ਦਰਸ਼ਨ ਪਾਏ ਪੁਰਖ ਨਿਰੰਜਣ


੨੨੨ ੦੫

ਜੋਤ ਅਕਾਰ । ਨਜ਼ਰੀ ਆਏ ਸਤਿ ਸਰੂਪੀ, ਇਕ ਇਕੱਲਾ ਹਰਿ ਦਵਾਰ । ਤੁੱਟੇ ਮਾਣ ਸ਼ਾਹੋ ਭੂਪੀ, ਦਰ ਦਵਾਰੇ ਬਣੇ ਭਿਖਾਰ । ਖਾਲੀ ਦਿਸਣ ਚਾਰ ਕੂਟੀ, ਕਾਇਆ ਮੰਦਰ ਨਾ ਕੋਈ ਭੰਡਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਹਲੂਣਾ ਦੇਵੇ ਮਾਰ । ਸ਼ਬਦ ਹਲੂਣਾ ਇਕ ਲਗਾਉਣਾ ਏ । ਵਾਲੀ ਹਿੰਦ ਆਪ ਜਗਾਉਣਾ ਏ । ਅੰਦਰ ਵੜ ਸ਼ਬਦ ਸਰੂਪੀ ਹਰਿ ਜੀ ਫੜ, ਏਕਾ ਰਾਹ ਵਖਾਉਣਾ ਏ । ਵਾਲੀ ਹਿੰਦ ਆਪ ਜਗਾਉਣਾ ਏ । ਕਾਇਆ ਕਿਲੇ ਕੋਟ ਉਪਰ ਚੜ੍ਹ, ਭਾਂਡਾ ਭਰਮ ਹੰਕਾਰ ਭੰਨਾਉਣਾ ਏ । ਦਸਮ ਦਵਾਰੀ ਅੱਗੇ ਖੜ, ਜੋਤੀ ਦਰਸ ਦਿਖਾਉਣਾ ਏ । ਪੰਜਾਂ ਤੱਤਾਂ ਨਾਲ ਲੜ, ਏਕਾ ਅੱਖਰ ਸ਼ਬਦ ਪੜ੍ਹਾਉਣਾ ਏ । ਸਾਚਾ ਤਨ ਮਨ ਲਏ ਫੜ, ਸੋਹੰ ਸੋ ਪੁਰਖ ਨਿਰੰਜਣ ਏਕਾ ਏਕ ਵਖਾਉਣਾ ਏ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਲਿਖਿਆ ਲੇਖ ਧੁਰ ਫ਼ਰਮਾਣ ਹੱਥੀਂ ਇਕ ਫੜਾਉਣਾ ਏ । ਲਿਖਿਆ ਧੁਰ ਫ਼ਰਮਾਣ, ਦੋ ਜਹਾਨਿਆ । ਸਪਤ ਰੰਗਾਂ ਇਕ ਨਿਸ਼ਾਨ, ਲੇਖਾ ਲਿਖੇ ਨੈਣ ਮੁਧਾਨਿਆ । ਦੀਪਾਂ ਲੋਆਂ ਏਕਾ ਆਣ, ਨੌਆਂ ਖੰਡਾਂ ਬੂਝ ਬੁਝਾਨਿਆ । ਨੌਂ ਦਵਾਰੇ ਵੇਖ ਦਰਵਾਜਿਆ । ਕਲਜੁਗ ਕਾਲੀ ਰੇਖ, ਜੋਤੀ ਧਾਰੇ ਵੇਸ ਦੇਸ ਮਾਝਿਆ । ਸ੍ਰਿਸ਼ਟ ਸਬਾਈ ਰਿਹਾ ਵੇਖ, ਆਪ ਸਵਾਰੇ ਆਪਣਾ ਕਾਜਿਆ । ਨਰ ਨਿਰੰਜਣ ਅਵੱਲੜਾ ਭੇਸ, ਸ਼ਬਦ ਘੋੜੇ ਚਿੱਟੇ ਤਾਜਿਆ । ਸਰਬ ਸੁਨੇਹੜੇ ਰਿਹਾ ਭੇਜ, ਸ਼ਬਦ ਸਰੂਪੀ ਮਾਰੇ ਅਵਾਜਿਆ । ਏਕਾ ਹਰਿ ਵਿਛਾਈ ਸਾਚੀ ਸੇਜ, ਗੁਰਮੁਖ ਸੰਤ ਸੁਹੇਲਾ ਆਏ ਭਾਜਿਆ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਆਦਿ ਅੰਤ ਜੁਗਾ ਜੁਗੰਤ ਜਨ ਭਗਤਾਂ ਰੱਖੇ ਲਾਜਿਆ । ਨੌਂ ਦਵਾਰੇ ਵੇਖ ਮਨ ਡੁਲਾਇੰਦਾ । ਕਲਜੁਗ ਮਿਟਦੀ ਜਾਏ ਰੇਖ, ਸਰਬ ਸੁਹਾਇੰਦਾ । ਨਾ ਕੋਈ ਜਾਣੇ ਧਾਰੀ ਕੇਸ, ਭਰਮ ਭੁਲਾਇੰਦਾ । ਭੁਲੇ ਵਡ ਵਡ ਨਰ ਨਰੇਸ਼, ਗਣਪਤ ਗਣੇਸ਼ ਨਾ ਕੋਈ ਮੰਨਾਇੰਦਾ । ਸ਼ਾਹ ਸੁਲਤਾਨਾਂ ਕੋਈ ਨਾ ਚਲੇ ਪੇਸ਼, ਦਰ ਦਰਵੇਸ਼ ਆਪ ਅਖਵਾਇੰਦਾ । ਅੱਠੇ ਪਹਿਰ ਹਰਿ ਹਮੇਸ਼, ਆਦਿ ਅੰਤ ਸਦਾ ਰਹਾਇੰਦਾ । ਕਿਸੇ ਹੱਥ ਨਾ ਆਏ ਗੁਰ ਦਸਮੇਸ਼, ਨੌਂ ਦਵਾਰੇ ਧੱਕੇ ਖਾਇੰਦਾ । ਆਪੇ ਜਾਣੇ ਆਪਣਾ ਵੇਸ, ਸਾਚੇ ਘਰ ਆਸਣ ਲਾਇੰਦਾ । ਬਾਲ ਅਵਸਥਾ ਅਲ੍ਹੜ ਵਰੇਸ, ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਆਪਣਾ ਭਾਣਾ ਸਾਚਾ ਰਾਣਾ ਆਪਣੇ ਹੱਥ ਰਖਾਇੰਦਾ । ਨੌਂ ਦਵਾਰੇ ਦਰ ਦਰਵਾਜਿਆ । ਗੁਰਮੁਖਾਂ ਵਖਾਏ ਏਕਾ ਘਰ, ਲੋਕਮਾਤ ਸਾਜਨ ਸਾਜਿਆ । ਲੱਖ ਚੁਰਾਸੀ ਚੁੱਕੇ ਡਰ, ਲਿਖਿਆ ਲੇਖ ਹਰਿ ਜੀ ਮਾਝਿਆ । ਬੇਮੁਖ ਦਰ ਤੋਂ ਜਾਇਣ ਡਰ, ਨਾ ਕੋਈ ਹਾਜੀ ਨਾ ਕੋਈ ਹਾਜੀਆ । ਏਕਾ ਦੇਵੇ ਅੰਮ੍ਰਿਤ ਆਤਮ ਸਾਚਾ ਸਰ, ਜਨ ਭਗਤਾਂ ਪੜਦਾ ਕਾਜਿਆ । ਨਾ ਜਨਮੇ ਨਾ ਜਾਏ ਮਰ, ਸਦਾ ਸਹਾਈ ਰੱਖੇ ਲਾਜਿਆ । ਅੰਦਰੇ ਅੰਦਰ ਬੈਠਾ ਵੜ, ਇਕ ਕਰਾਏ ਆਪ ਵਖਾਏ ਕਾਇਆ ਹਾਜਿਆ । ਪੰਜਾਂ ਚੋਰਾਂ ਰਿਹਾ ਫੜ, ਨਾ ਕੋਈ ਸੀਸ ਨਾ ਕੋਈ ਧੜ, ਨਾ ਕੋਈ ਪੁੰਨ ਨਾ ਕੋਈ ਸਵਾਬਿਆ । ਉਚ ਮਹੱਲੇ ਬੈਠਾ ਚੜ੍ਹ, ਨਾ ਕੋਈ ਨਾੜੀ ਨਾ ਕੋਈ ਨੜ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੇ ਅੰਦਰ ਮੰਦਰ ਵਿਚੋਂ ਭਾਜਿਆ ।

ਬਲਵੰਤ ਕੰਤ ਦਰ ਹਾਲ ਸੁਣਾਇਆ । ਦਸਮ ਦਵਾਰੀ ਚਾਰ ਦਰ ਉਤਰ ਪੂਰਬ ਪੱਛਮ ਦੱਖਣ ਚਾਰੇ ਦਿਸ਼ਾ ਮੁਖ ਰਖਾਇਆ । ਭਗਤਨ

੨੨੩ ੦੫

ਛਾਛ ਵਰੋਲੇ ਮੱਖਣ, ਕਲਜੁਗ ਅੰਤਮ ਆਇਆ ਰੱਖਣ, ਸਾਚਾ ਭੇਵ ਰਿਹਾ ਖੁਲ੍ਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਰੰਗਣ ਰੰਗ ਰੰਗਾਇਆ । ਦੱਖਣ ਦਿਸ਼ਾ ਕਵਣ ਦਵਾਰ । ਕਵਣ ਦਿਸੇ ਪਹਿਰੇਦਾਰ । ਲੋਕਮਾਤ ਜਿਸ ਆਏ ਹਿਸੇ, ਆਵੇ ਜਾਵੇ ਅੰਦਰ ਬਾਹਰ । ਹੋਰ ਕਿਸੇ ਜਗਤ ਨਾ ਦਿਸੇ, ਡੂੰਘੀ ਭਵਰੀ ਅੰਧ ਅੰਧਿਆਰ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੱਖਣ ਦਿਸ਼ਾ ਪਹਿਲਾ ਹਿਸਾ, ਏਕਾ ਬੁਝੇ ਸਚ ਦਵਾਰ । ਉਤਰ ਉਤਰ ਦੇਣਾ ਮੋੜ । ਕਵਣ ਦਵਾਰੇ ਸ਼ਬਦ ਘੋੜ । ਨਰ ਨਿਰੰਕਾਰੇ ਚਰਨ ਪ੍ਰੀਤੀ ਨਿਭੇ ਤੋੜ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਉਤਰ ਪੁਛੇ ਸਚ ਘਰ, ਕਵਣ ਜੁੜਾਏ ਸਾਚਾ ਜੋੜ । ਪੂਰਬ ਪੂਰਬ ਕਰ ਵਿਚਾਰ । ਤੀਜੇ ਦਰ ਕਵਣ ਵਸੇ ਹਰਿ, ਕਿਸ ਵੇਲੇ ਖੋਲ੍ਹੇ ਬੰਦ ਕਿਵਾੜ । ਗੁਰਮੁਖ ਤਰਨੀ ਰਿਹਾ ਤਰ, ਅਗਨ ਨਾ ਲਗੇ ਤੱਤੀ ਹਾੜ । ਨਾ ਜਨਮੇ ਨਾ ਜਾਏ ਮਰ, ਨੇੜ ਨਾ ਆਏ ਮੌਤ ਲਾੜ । ਕਵਣ ਸਰੂਪ ਹਰਿ ਸ਼ਾਹੋ ਭੂਪ, ਗੁਰਮੁਖਾਂ ਫੜੇ ਸਾਚਾ ਲੜ । ਪੱਛਮ ਦਿਸ਼ਾ ਪੁਸ਼ਕਰ ਬਾਣ । ਅੰਦਰੇ ਅੰਦਰ ਮਾਰ ਧਿਆਨ । ਕਾਇਆ ਦਿਸੇ ਅੰਧੇਰੀ ਕੰਦਰ, ਕਵਣ ਝੁਲੇ ਸਚ ਨਿਸ਼ਾਨ । ਨਰਕ ਸੁਰਗ ਸੁਰਗ ਨਰਕ ਕਿਹੜੀ ਕੂਟੇ ਹੋਣ ਗਰਕ, ਧੂੰਆਂਧਾਰ ਪਵਣ ਮਸਾਣ । ਕਵਣ ਜਾਏ ਸਿਧੀ ਸੜਕ, ਗੁਰਮੁਖ ਆਤਮ ਨਾ ਜਾਏ ਅੜਕ, ਬੈਠੀ ਰਹੀ ਵਿਚ ਬਿਬਾਣ । ਉਤਰ ਦੇਣਾ ਹੋ ਨਿਧੜਕ, ਸ਼ਬਦ ਖੋਜੀ ਨਿਕਲੇ ਰੜਕ, ਕਵਣ ਸੁਣੇ ਸ਼ਬਦ ਗਿਆਨ । ਜੋਤੀ ਜੋਤ ਸਰੂਪ ਹਰਿ, ਚਾਰ ਦਵਾਰੇ ਖੇਲ ਅਪਾਰੇ, ਚਾਰੇ ਦਿਸ਼ਾ ਵੇਖ ਵਿਚਾਰੇ, ਉਪਰ ਨੀਚੇ ਸੁੰਞ ਮਸਾਣ । ਚਾਰ ਦਿਸ਼ਾ ਚਾਰ ਦਿਵਾਰੀ । ਸਚ ਮਹੱਲਾ ਰਿਹਾ ਉਸਾਰੀ । ਆਪੇ ਵਸੇ ਇਕ ਇਕੱਲਾ, ਸੁੱਤਾ ਰਹੇ ਚਰਨ ਪਸਾਰੀ । ਅੰਦਰੇ ਅੰਦਰ ਜਲਾ ਥਲਾ ਜੰਗਲ ਜੂਹ ਉਜਾੜ ਪਹਾੜੀ । ਸ਼ਬਦ ਬੋਲੇ ਸਾਚਾ ਹੱਲਾ, ਜਗੇ ਜੋਤ ਬਹੱਤਰ ਨਾੜੀ । ਕਵਣ ਫੜਾਏ ਹਰਿ ਜੀ ਪੱਲਾ, ਆਪੇ ਫਿਰੇ ਪਿਛੇ ਅਗਾੜੀ । ਦੀਪਕ ਜੋਤੀ ਕੈਸੇ ਬਲਾ, ਪੱਕੀ ਫਸਲ ਹਾੜੀ । ਮਾਇਆ ਪਰਛਾਵਾਂ ਕੈਸੇ ਢਲਾ, ਮਾਇਆ ਮਮਤਾ ਅੱਗਨੀ ਸਾੜੀ । ਸਚ ਦਵਾਰਾ ਏਕਾ ਮੱਲਾ, ਚੇਤਨ ਸੜ੍ਹਾ ਨਾਲ ਰੱਲਾ, ਪਰ੍ਹੇ ਹਟਾਈ ਪੰਚਮ ਧਾੜੀ । ਉਤਰੇ ਪਾਰ ਡੂੰਘੀ ਡੱਲਾ, ਲਗੇ ਭਾਗ ਕਾਇਆ ਕੁੱਲਾ, ਸ਼ਬਦ ਸੁਨੇਹੜਾ ਘੱਲਾ, ਤੀਜਾ ਲੋਇਣ ਮਾਤ ਉਘਾੜੀ । ਦੂਈ ਦਵੈਤੀ ਮੇਟੇ ਸਲਾ, ਵਸੇ ਨਿਹਚਲ ਧਾਮ ਅਚੱਲਾ, ਆਪ ਅਪਰੰਪਰ ਅਛਲ ਅਛੱਲਾ, ਜੋਤੀ ਜੋਤ ਸਰੂਪ ਹਰਿ, ਆਪੇ ਪੁੱਛੇ ਸਚ ਦਰ, ਗੁਰਮੁਖ ਕਿਰਪਾ ਦੇਣੀ ਕਰ, ਸਚ ਦਵਾਰਾ ਹਰਿ ਨਿਰੰਕਾਰਾ ਅੰਦਰ ਬਾਹਰ ਗੁਪਤ ਜਾਹਿਰ ਆਪ ਆਪਣੀ ਚਾਲ ਚਲਾ । ਚੇਤਨ ਸੜ੍ਹਾ ਕੀ ਰੰਗ ਵਟਾਏ । ਕਵਣ ਦੇ ਸਮਝਾਏ ਮਤਾ, ਕਵਣ ਸ਼ਬਦ ਜਣਾਏ । ਕਵਣ ਖੁਵਾਏ ਏਕਾ ਭੱਤਾ, ਕਵਣ ਜਲ ਮੁਖ ਲਗਾਏ । ਕਵਣ ਏਕਾ ਦੇਵੇ ਤਾਮ ਤੱਤਾ, ਬਹੱਤਰ ਨਾੜੀ ਨਾ ਉਬਲੇ ਰਤਾ, ਕਵਣ ਕਾਮ ਆਪ ਕਰਾਏ । ਕਵਣ ਦੀਸੇ ਸਾਚੀ ਛੱਤਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੇ ਵਸੇ ਘਰ, ਕਵਣ ਦਵਾਰੇ ਹਰਿ ਨਿਰੰਕਾਰੇ ਚੇਤਨ ਸੜ੍ਹਾ ਸੀਸ ਨਿਵਾਏ । ਅਗਨੀ ਸਰੂਪ ਨਾ ਅਗਨੀ ਤੱਤ । ਹਰਿ ਵਡਾ ਸ਼ਾਹੋ ਭੂਪ ਸੀਤਲ ਸਤਿ । ਆਪੇ ਜਾਣੇ ਰੰਗ ਰੂਪ, ਆਪੇ ਜਾਣੇ ਆਪਣਾ ਨਤ । ਚੇਤਨ ਸੜ੍ਹਾ ਫੇਰੇ ਅੰਧਕੂਪ, ਨਾ ਕੋਈ ਸਮਝਾਏ ਦੇ ਦੇ ਮਤਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੇ ਵਸੇ ਘਰ, ਬ੍ਰਹਿਮੰਡ ਖੰਡ ਸਦਾ ਸਮਰਥਾ । ਦਸਮ ਦਵਾਰਾ ਡੂੰਘਾ ਤਾਲ । ਕਵਣ ਦਵਾਰੇ ਵੱਜੇ ਛਾਲ । ਗੁਰਮੁਖ ਵਿਰੋਲੇ ਕਿਹੜਾ ਲਾਲ । ਪਿਛਲਾ ਚੁੱਕੇ ਜਗਤ ਝੇੜਾ, ਅਗੇ ਮਿਲੇ ਇਕ ਦਲਾਲ ।

ਨਾਤਾ ਤੁੱਟੇ ਕਾਇਆ ਖੇੜਾ, ਦੀਪਕ ਜੋਤੀ ਜਗੇ ਥਾਲ । ਕਵਣ ਦਵਾਰੇ ਦਿਸੇ ਖੁਲ੍ਹਾ ਵਿਹੜਾ, ਚੇਤਨ ਸਤ੍ਰਾ ਲਏ ਭਾਲ । ਦਸਮ ਦਵਾਰੀ ਹੋਏ ਨਿਬੇੜਾ, ਨਾ ਕੋਈ ਕਾਲ ਨਾ ਮਹਾਂਕਾਲ । ਜੋਤੀ ਜੋਤ ਸਰੂਪ ਹਰਿ, ਏਕਾ ਵਸੇ ਸਚ ਘਰ, ਦਸਮ ਦਵਾਰੀ ਹਰਿ ਨਿਰੰਕਾਰੀ ਘਰ ਬਾਹਰੀ ਕਿਹੜੀ ਚਲੇ ਅਵੱਲੜੀ ਚਾਲ । ਅਵੱਲੜੀ ਚਾਲ ਕਵਣ ਰਖਾਈਆ । ਸ਼ਬਦ ਸਰੂਪੀ ਮਾਰੇ ਛਾਲ, ਦਸਮ ਦਵਾਰੀ ਬਾਹਰ ਹੋ ਜਾਈਆ । ਕਵਣ ਲਏ ਗੋਦ ਉਠਾਲ, ਮਾਤ ਪਿਤ ਕਵਣ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਕਵਣ ਧਾਮ ਸਚ ਸਿੰਘਾਸਣ ਆਸਣ ਡੇਰਾ ਲਾਈਆ । ਕਵਣ ਮੋਰੀ ਦਸਮ ਦਵਾਰ । ਕਵਣ ਸਾਜਣ ਮੀਤ ਮੁਰਾਰ । ਕਵਣ ਘਰ ਮਿਲੇ ਭੁਜਾ ਪਸਾਰ । ਲਹਿਣਾ ਦੇਣਾ ਜਾਏ ਚੁੱਕ । ਨੌਂ ਦਵਾਰੇ ਜਾਇਣ ਰੁੱਕ । ਦਸਮ ਦਵਾਰੇ ਲੈ ਜਾਣਾ ਚੁਕ । ਕਾਇਆ ਡਾਲ੍ਹ ਜਾਏ ਸੁੱਕ । ਅੰਮ੍ਰਿਤ ਮਾਰੇ ਇਕ ਉਛਾਲ, ਚਰਨ ਚੁੰਮੇ ਨੀਚੇ ਝੁੱਕ । ਜੋਤੀ ਜੋਤ ਸਰੂਪ ਹਰਿ, ਰਾਹ ਵਿਚ ਨਾ ਜਾਏ ਰੁਕ । ਆਪ ਆਪਣੀ ਗੋਦ ਉਠਾਉਣਾ । ਦਰਗਾਹ ਸਾਚੀ ਧਾਮ ਬਹਾਉਣਾ । ਕਾਇਆ ਲੇਖੇ ਚਾਮ ਲਗਾਉਣਾ । ਅੰਮ੍ਰਿਤ ਆਤਮ ਸਾਚਾ ਜਾਮ ਪਿਆਉਣਾ । ਪੂਰਨ ਹੋਏ ਮਾਤ ਕਰਮ, ਕਲਜੁਗ ਕਾਲਾ ਭੇਸ ਮਿਟਾਉਣਾ । ਜੋਤੀ ਜੋਤ ਸਰੂਪ ਹਰਿ, ਏਕ ਮੰਗੇ ਸਚ ਵਰ, ਸੁਨ ਅਗੰਮੀ ਪਾਰ ਕਰਾਉਣਾ । ਸੁਨ ਅਗੰਮੀ ਕਰ ਵਿਚਾਰ । ਕਾਇਆ ਦਿਸੇ ਮਾਤ ਨਿਕੰਮੀ, ਮਰੇ ਜੀਵੇ ਮਰ ਮਰ ਜੰਮੀ, ਮਾਤ ਗਰਭ ਹੋਏ ਦੁਖਿਆਰ । ਗਗਨ ਪਤਾਲੀ ਹਿਲੇ ਥੰਮ੍ਹੀ, ਧਰਤ ਮਾਤ ਕਰੀ ਪੁਕਾਰ । ਆਪੇ ਬਣਨਾ ਸਾਚੀ ਅੰਮੀ, ਆਤਮ ਸੀਰ ਦੇਣਾ ਠੰਡਾ ਠਾਰ । ਜੋਤੀ ਜੋਤ ਸਰੂਪ ਹਰਿ, ਏਕਾ ਮੰਗੇ ਸਚ ਵਰ, ਸਦਾ ਖੁਲ੍ਹਾ ਰਹੇ ਬੰਦ ਕਿਵਾੜ । ਮੰਗੀ ਮੰਗ ਅਪਰ ਅਪਾਰੀ, ਕਿਰਪਾ ਕਰ ਗੁਰਮੁਖ ਪਿਆਰਿਆ । ਲੋਕਮਾਤ ਨਾ ਆਏ ਹਾਰੀ, ਮਿਟੇ ਦੁੱਖ ਸਰਬ ਸੰਸਾਰਿਆ । ਨਿਰਮਲ ਜੋਤ ਕਰ ਅਕਾਰੀ, ਤ੍ਰਿਸਨਾ ਭੁੱਖ ਜਾਏ, ਮਿਲੇ ਨਾਮ ਸ਼ਬਦ ਅਧਾਰਿਆ । ਪੰਜਾਂ ਮਿਟੇ ਚੋਰ ਯਾਰੀ, ਸ਼ਬਦ ਮਿਲੇ ਇਕ ਉਡਾਰੀ, ਲੋਆਂ ਪੁਰੀਆਂ ਕਰੇ ਬਾਹਰਿਆ । ਲੇਖ ਲਿਖਾਉਣਾ ਪਹਿਲੀ ਵਾਰੀ, ਮੰਗੇ ਵਰ ਹਰਿ ਨਿਰੰਕਾਰੀ, ਨਿਭੇ ਨਾਲ ਸੱਚੀ ਯਾਰੀ, ਉਠਾਏ ਇਕ ਸੱਚੀ ਉਡਾਰੀਆ । ਕਵਣ ਵਾਹਿਗੁਰੂ ਕਵਣ ਅਕਾਲ । ਕਵਣ ਗੁਰੂ ਜਗਤ ਦਲਾਲ । ਬਲਵੰਤ ਅੰਤ ਅੰਤ ਅੰਤ ਭਸਮੰਤ, ਫਲ ਨਾ ਦਿਸੇ ਡਾਲ੍ਹ । ਸ਼ਬਦ ਲਿਖਾਉਣਾ ਸਾਚਾ ਛੰਤ, ਲੋਕਮਾਤ ਨਾ ਬਣ ਕੰਗਾਲ । ਮਹਿੰਮਾ ਗਣਤ ਸਦਾ ਅਗਣਤ, ਹਿੱਤ ਚਿੱਤ ਨਿੱਤ ਨਵਿਤ ਦੀਨਾ ਬੰਧੂ ਦੀਨ ਦਿਆਲ ਕਿਰਪਾਲ । ਆਪ ਬਣਾਉਣਾ ਆਪਣਾ ਮਿਤ, ਵੇਖ ਵਖਾਉਣੀ ਵਾਰ ਥਿੱਤ, ਆਪ ਆਪਣੀ ਸੁਰਤ ਸੰਭਾਲ । ਜੋਤੀ ਜੋਤ ਸਰੂਪ ਹਰਿ, ਆਪੇ ਵਸੇ ਸਚ ਘਰ, ਨਾ ਕੋਈ ਖਾਏ ਕਾਲ ਜੰਜਾਲ ਮਹਾਂਕਾਲ । ਆਪੇ ਜੋਤ ਆਪ ਅਕਾਲਾ । ਨਾ ਕੋਈ ਵਰਨ ਨਾ ਕੋਈ ਗੋਤ, ਦੀਨਾਂ ਨਾਥ ਦੀਨ ਦਿਆਲਾ । ਨਾ ਕੋਈ ਦੋਧ ਨਾ ਕੋਈ ਪੋਤ, ਜੁਗਾ ਜੁਗੰਤ ਸਦਾ ਰੱਖਵਾਲਾ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਗੁਰ ਆਪੇ ਗੋਪਾਲਾ । ਗਰਜ਼ ਫਰਜ ਵਿਚ ਨਾ ਸੰਸਾਰ । ਇਕੋ ਗਰਜ਼ ਨਾਮ ਕਰਤਾਰ । ਨਾ ਕੋਈ ਜਾਣੇ ਜਗਤ ਤਰਜ਼, ਛੱਤੀ ਰਾਗ ਨਾ ਰਹੇ ਉਚਾਰ । ਨਾ ਕਦੇ ਹੋਏ ਹਰਜ ਮਰਜ, ਤਨ ਨਾ ਚੜ੍ਹੇ ਮਾਤ ਬੁਖਾਰ । ਆਪ ਆਪਣਾ ਸਮਝੀਂ ਫਰਜ, ਉਤਰ ਦੇਣਾ ਹੋ ਖ਼ਬਰਦਾਰ । ਸਿਰ ਚੜ੍ਹਿਆ ਰਹੇ ਨਾ ਤੇਰੇ ਕਰਜ਼, ਮੰਗੇ ਮੰਗ ਇਕ ਦਾਤਾਰ । ਵੇਖੇ ਖੇਲ ਇਕ ਅਸਚਰਜ, ਜੋਤੀ ਜਗੇ ਅਗੰਮ ਅਪਾਰ । ਚੇਤਨ ਸਤ੍ਰਾ ਨਾ ਰਹੀ ਵਰਜ, ਕਿਸ ਘਰ ਵਸੇ ਨਰ ਨਿਰੰਕਾਰ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ

੨੨੬ ੦੫

ਵਿਸ਼ਨੂੰ ਭਗਵਾਨ, ਏਕਾ ਮੰਗੇ ਦਰ ਪਿਆਰ । ਇਕ ਖਜ਼ਾਨਾ ਦੇਣਾ ਨਾਮ । ਸ਼ਬਦ ਨਿਸ਼ਾਨਾ ਠੰਡੀ ਛਾਂ । ਦੋ ਜਹਾਨਾਂ ਪਿਤਾ ਮਾਂ । ਗੁਣ ਨਿਧਾਨਾ ਪਕੜੇ ਬਾਂਹ । ਜੋਤੀ ਜੋਤ ਸਰੂਪ ਹਰਿ, ਏਕਾ ਮੰਗੇ ਨਾਮ ਵਰ, ਸਾਚੇ ਘਰ ਨਾ ਝੂਠੇ ਉਡਣੇ ਕਾਂ । ਕਵਣ ਬਖ਼ਸ਼ੇ ਬਖ਼ਸ਼ਣਹਾਰ । ਕਵਣ ਮੇਲ ਮਿਲੇ ਕੰਤ ਭਤਾਰ । ਕਵਣ ਗੁਰ ਕਵਣ ਚੇਲੇ, ਕਵਣ ਕਰੇ ਤਨ ਸ਼ਿੰਗਾਰ । ਕਵਣ ਖੇਲ ਆਪਣੀ ਖੇਲੇ, ਪਾਰਬ੍ਰਹਮ ਰੂਪ ਅਪਾਰ । ਜੋਤੀ ਜੋਤ ਸਰੂਪ ਹਰਿ, ਏਕਾ ਮੰਗੇ ਨਾਮ ਵਰ, ਦੇਣਾ ਮਾਤ ਕਰ ਪਿਆਰ । ਸਚ ਦਵਾਰਾ ਕਿਸ ਦਰ ਪਾਈਏ । ਸਾਚਾ ਕਰੇ ਵਣਜ ਵਪਾਰਾ, ਕਵਣ ਦਲਾਲ ਵਿਚ ਰਖਾਈਏ । ਸਿੰਘ ਬਲਵੰਤ ਅੱਜੇ ਕਵਾਰਾ, ਪੁਰਖ ਅਬਿਨਾਸ਼ੀ ਜੋਤ ਨਾ ਅਜੇ ਵਿਆਹੀਏ । ਨਾਵੇਂ ਦਰ ਹਾਹਾਕਾਰਾ, ਦਸਵੇਂ ਧੂੰਆਂਧਾਰ ਰਖਾਈਏ । ਮਿਲੇ ਮੇਲ ਹਰਿ ਕੰਤ ਪਿਆਰਾ, ਆਪ ਆਪਣਾ ਦਰਸ਼ਨ ਪਾਈਏ । ਗੁਰਮੁਖ ਸਾਚੇ ਸੰਤ ਸਾਧ ਏਕਾ ਧਾਰਾ, ਆਤਮ ਵੱਜੇ ਇਕ ਵਧਾਈਏ । ਪੁਰਖ ਅਬਿਨਾਸ਼ੀ ਮੰਗੇ ਬਣ ਭਿਖਾਰ, ਸਚ ਵਸਤੂ ਝੋਲੀ ਪਾਈਏ । ਸਾਚਾ ਸਚ ਕਿਸ ਧਾਮ ਸੁਹਾਏ, ਕਵਣ ਸਚ ਤਨ ਮਨ ਕਾਇਆ ਜਾਏ ਰੱਚ, ਕਵਣ ਜਿਹਵਾ ਆਖ ਸੁਣਾਈਏ । ਕਵਣ ਦਵਾਰੇ ਰਿਹਾ ਨੱਚ, ਬਾਹੋਂ ਪਕੜ ਕੋਲ ਬਹਾਈਏ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਮੰਗੇ ਸਚ ਵਸਤ, ਸਤਿ ਸੰਤੋਖੀ ਧੀਰ ਧਰਾਈਏ । ਸਾਚੇ ਸਚ ਕੀ ਵਡਿਆਈ, ਕਾਇਆ ਭਾਂਡਾ ਦੀਸੇ ਕੱਚ, ਅੰਤਮ ਵੇਲੇ ਭੰਨ ਵਖਾਈਏ । ਪੰਜਾਂ ਤੱਤਾਂ ਰਿਹਾ ਮੱਚ, ਤ੍ਰਿਸਨਾ ਅਗਨ ਇਕ ਲਗਾਈਏ । ਵਸਤ ਪਾਉਣੀ ਨਾਮ ਸੱਚ, ਪੂਰੀ ਏਕਾ ਆਸ ਕਰਾਈਏ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਾ ਮਾਇਆ ਭਰਮ ਭੁਲਾਈਏ । ਸਤਿਗੁਰ ਸਾਵਣ ਸਤਿ ਧਾਮ ਸੁਹਾਇਆ । ਬਹੱਤਰ ਨਾੜੀ ਨਾ ਉਬਲੀ ਰਤ, ਜੋਤੀ ਨੂਰ ਨਾ ਕਿਸੇ ਵਖਾਇਆ । ਗਰੀਬ ਨਿਮਾਣਿਆਂ ਘਰ ਘਰ ਬੈਠਿਆਂ ਰੱਖੇ ਪਤਿ, ਅੰਦਰ ਮੰਦਰ ਜਿਸ ਧਿਆਇਆ । ਸਾਧ ਸੰਤ ਕਿਸੇ ਨਾ ਆਇਆ ਹੱਥ, ਆਪ ਆਪਣੇ ਰੰਗ ਸਮਾਇਆ । ਸ਼ਬਦ ਦਾਤ ਨਾ ਦਿਤੀ ਕਿਸੇ ਵੱਥ, ਕਾਇਆ ਰੰਗ ਨਾ ਕਿਸੇ ਚੜ੍ਹਾਇਆ । ਮਾਇਆ ਰਾਣੀ ਪਾਏ ਨੱਥ, ਵੇਲੇ ਅੰਤਮ ਬਚਨ ਸੁਣਾਇਆ । ਕਥਨੀ ਸਭ ਦੀ ਰਿਹਾ ਕੱਥ, ਆਤਮ ਭਰਮ ਭਉ ਗੁਵਾਇਆ । ਜੋਤੀ ਜੋਤ ਸਰੂਪ ਹਰਿ, ਏਕਾ ਵਸੇ ਸਚ ਘਰ, ਸਤਿ ਸਤਿਵਾਦੀ ਸਤਿ ਪੁਰਖ ਨਿਰੰਜਣ ਵਿਚ ਸਮਾਇਆ । ਸੰਤ ਸੁਹੇਲੇ ਰਹੇ ਪੁਕਾਰ । ਸਾਵਣ ਸਾਵਣ ਕਹਿੰਦੇ ਯਾਰ । ਜੈਮਲ ਗਿਆ ਭੇਖ ਧਰ, ਜਿਉਂ ਬਾਵਨ ਮਿਲੇ ਨਾ ਕਿਸੇ ਮੀਤ ਮੁਰਾਰ । ਆਪਣੀ ਹੱਥੀਂ ਨਾ ਆਪ ਫੜਾਇਆ ਕਿਸੇ ਦਾਮਨ, ਘਰ ਘਰ ਬੈਠੇ ਕਰਨ ਵਿਚਾਰ । ਗਰੀਬ ਨਿਮਾਣਿਆਂ ਸਦਾ ਜਾਮਨ, ਰਸਨਾ ਗਾਇਣ ਕਰਨ ਪੁਕਾਰ । ਮੇਟ ਮਿਟਾਏ ਅੰਧੇਰੀ ਸ਼ਾਮਨ, ਅੱਠੇ ਪਹਿਰ ਖ਼ਬਰਦਾਰ । ਜੋਤੀ ਜੋਤ ਸਰੂਪ ਹਰਿ, ਏਕਾ ਵਸੇ ਸਚ ਘਰ, ਸਤਿਗੁਰ ਸਾਵਣ ਪਤਤ ਪਾਵਨ ਜੋਤੀ ਨੂਰ ਜੋਤ ਨਿਰੰਕਾਰ । ਹਰਿ ਧਰਮ ਜੈਕਾਰ ਵਿਚ ਸੰਸਾਰਿਆ । ਏਕਾ ਦੇਵੇ ਸ਼ਬਦ ਅਧਾਰ, ਸਾਚੀ ਵਸਤ ਅਪਰ ਅਪਾਰਿਆ । ਪੂਰਬ ਕਰਮਾਂ ਰਿਹਾ ਵਿਚਾਰ, ਸਤਿਜੁਗ ਦੋਏ ਜੋੜ ਕਰੇ ਨਿਮਸਕਾਰਿਆ । ਕਲਜੁਗ ਕਾਲੇ ਪੈਣੀ ਮਾਰ, ਚਾਰੋਂ ਕੁੰਟ ਜੰਤ ਹੰਕਾਰਿਆ । ਗੁਰਮੁਖ ਸਾਚੇ ਪਾਰ ਉਤਾਰ, ਬੇੜਾ ਬੰਨੇ ਬੰਨਣਹਾਰ ਆਪ ਅਖਵਾ ਰਿਹਾ । ਆਪੇ ਮੇਲ ਮੀਤ ਮੁਰਾਰ, ਸੰਗ ਸੁਹੇਲਾ ਆਪ ਅਖਵਾ ਰਿਹਾ । ਮਾਨਸ ਦੇਹੀ ਝੂਠਾ ਯਾਰ । ਨਾਰ ਭਤਾਰ ਕੰਤ ਸੁਹਾਗੀ ਇਕ ਮਿਲਾ ਰਿਹਾ । ਬੇਮੁਖ ਜੀਵਾਂ ਬਾਜੀ ਅੰਤਮ ਜਾਣੀ ਹਾਰ, ਸ਼ਬਦ ਸਾਰ ਨਾ ਕੋਈ ਪਾ ਰਿਹਾ । ਏਕਾ ਦੇਣੀ ਸ਼ਬਦ

ਧਾਰ, ਬੇਮੁਹਾਣਾ ਜਗਤ ਰੁੜਾ ਰਿਹਾ । ਗੁਰਮੁਖ ਬਖ਼ਸ਼ੇ ਚਰਨ ਪਿਆਰ, ਬਿਧਾਤਾ ਨਾਤਾ ਆਪ ਜੁੜਾ ਰਿਹਾ । ਭਰਮੇ ਭੁੱਲਾ ਸਰਬ ਸੰਸਾਰ, ਹੰਕਾਰੀ ਘੋੜਾ ਇਕ ਦੁੜਾ ਰਿਹਾ । ਹਰਿਜਨ ਸਾਚੇ ਲਏ ਉਭਾਰ, ਸੋਹੰ ਪੱਲੂ ਆਪ ਫੜਾ ਰਿਹਾ । ਦਰਗਾਹ ਸਾਚੀ ਸ਼ਬਦ ਉਡਾਰ, ਦਰ ਦਵਾਰੇ ਆਪ ਬਹਾ ਰਿਹਾ । ਗੁਣ ਗੁਣਵੰਤਾ ਕਰ ਸ਼ਿੰਗਾਰ, ਚੋਲੀ ਨਾਮ ਤਨ ਪਹਿਨਾ ਰਿਹਾ । ਸ਼ਬਦ ਬਖ਼ਸ਼ੇ ਫੂਲਨਹਾਰ, ਸੋਹੰ ਸਿਹਰਾ ਸੀਸ ਗੁੰਦਾ ਰਿਹਾ । ਸ਼ਬਦ ਘੋੜਾ ਕਰ ਤਿਆਰ, ਵਾਗ ਆਪਣੇ ਹੱਥ ਰਖਾ ਰਿਹਾ । ਗੁਰਮੁਖ ਸਾਚੇ ਖ਼ਬਰਦਾਰ, ਸਚ ਸੁਨੇਹੜਾ ਇਕ ਸੁਣਾ ਰਿਹਾ । ਆਪ ਚੜ੍ਹਾਏ ਵਾਰੋ ਵਾਰ, ਇਕ ਇਕੱਲਾ ਖੇਲ ਰਚਾ ਰਿਹਾ । ਦਰਗਾਹ ਸਾਚੀ ਧਾਮ ਨਿਆਰ, ਸਚ ਮਹੱਲਾ ਆਪ ਵਸਾ ਰਿਹਾ । ਕੋਈ ਨਾ ਦੀਸੇ ਪੰਚਮ ਯਾਰ, ਏਕਾ ਧਾਰ ਪ੍ਰੇਮ ਵਹਾ ਰਿਹਾ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚੇ ਸਾਚੀ ਬਣਤ ਬਣਾ ਰਿਹਾ । ਸਤਿਜੁਗ ਸਾਚੇ ਜਾਗ, ਸੁਣ ਸੁਖਮਨ ਰਾਗਿਆ । ਜਨ ਭਗਤਾਂ ਆਤਮ ਲੱਗੇ ਭਾਗ, ਬੁੱਝੇ ਮਾਇਆ ਅੱਗਨੀ ਆਗਿਆ । ਮਿਲੇ ਮੇਲ ਹਰਿ ਕੰਤ ਸੁਹਾਗ, ਆਪੇ ਧੋਏ ਪਿੱਛਲੇ ਦਾਗਿਆ । ਦਰ ਦਵਾਰੇ ਹੰਸ ਬਣਾਏ ਕਾਗ, ਦੀਪਕ ਜੋਤੀ ਜਗੇ ਚਿਰਾਗਿਆ । ਚਰਨ ਕਵਲ ਪ੍ਰਭ ਜਾਣਾ ਲਾਗ, ਧੁਰ ਦਰਗਾਹੀ ਆਇਆ ਭਾਗਿਆ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚੇ ਇਕ ਸੁਣਾਏ ਸੋਹੰ ਸੱਚਾ ਰਾਗਿਆ । ਸਤਿਜੁਗ ਸਾਚੇ ਸਚ ਹਰਿ ਪੁਕਾਰਿਆ । ਦੇਹੀ ਭਾਂਡੇ ਕਾਚਨ ਕੱਚ, ਆਪੇ ਘੜੇ ਹਰਿ ਠਠਿਆਰਿਆ । ਮਾਟੀ ਪੁਤਲੇ ਰਹੇ ਨਚ, ਨੌਂ ਦਵਾਰੇ ਜਗਤ ਗਵਾਰਿਆ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚਾ ਮਾਤ ਧਰ, ਕਰੇ ਖੇਲ ਵਾਰੋ ਵਾਰਿਆ । ਸਤਿਜੁਗ ਪਾਈ ਸਾਰ ਸੁਰਤ ਸੰਭਾਲੀਆ । ਪ੍ਰਭ ਅਬਿਨਾਸ਼ੀ ਬਖ਼ਸ਼ੇ ਚਰਨ ਪਿਆਰ, ਕਲਜੁਗ ਰੈਣ ਘਟਾ ਕਾਲੀਆ । ਅੰਮ੍ਰਿਤ ਦੇਵੇ ਠੰਡੀ ਧਾਰ, ਧੁਰ ਦਰਗਾਹੀ ਸਚ ਦਲਾਲੀਆ । ਬਜਰ ਕਪਾਟੀ ਜਾਏ ਪਾੜ, ਫਲ ਲਗਾਏ ਕਾਇਆ ਡਾਲ੍ਹੀਆ । ਪੰਜਾਂ ਚੋਰਾਂ ਦੇਵੇ ਝਾੜ, ਸ਼ਬਦ ਵੱਜੇ ਕਾੜ ਕਾੜ ਤੀਰ ਗੁਲਾਲੀਆ । ਹਉਮੇ ਮਮਤਾ ਦੇਵੇ ਸਾੜ, ਅੱਠੇ ਪਹਿਰ ਕਰੇ ਰਖਵਾਲੀਆ । ਜਗੇ ਜੋਤ ਬਹੱਤਰ ਨਾੜ, ਦੀਪਕ ਜੋਤੀ ਸਚ ਦਵਾਲੀਆ । ਸਾਚੇ ਘਰ ਧਰਮ ਅਖਾੜ, ਲੱਗਾ ਰਹੇ ਦਿਵਸ ਰੈਣਾਲੀਆ । ਗੁਰਮੁਖ ਸਾਚੇ ਸੰਤ ਸੁਹੇਲੇ ਕਰ ਕਰ ਮੇਲੇ ਸ਼ਬਦ ਘੋੜੇ ਰਿਹਾ ਚਾੜ੍ਹ, ਜੋ ਜਨ ਆਏ ਸਵਾਲੀਆ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚੇ ਤੇਰਾ ਪਾਲੀ, ਅੱਠੇ ਪਹਿਰ ਕਰੇ ਰਖਵਾਲੀ, ਬਣਿਆ ਰਹੇ ਸੱਚਾ ਹਾਲੀਆ । ਸਤਿਜੁਗ ਸਾਚੇ ਸੁੱਤ, ਉਠ ਬਲਵਾਨਿਆ । ਆਪ ਉਠਾਏ ਪਾਰਬ੍ਰਹਮ ਅਬਿਨਾਸ਼ੀ ਅਚੁਤ, ਕਰੇ ਖੇਲ ਵਿਚ ਜਹਾਨਿਆ । ਕਲਜੁਗ ਬਦਲ ਗਈ ਰੁੱਤ, ਮਿੱਟਦੀ ਜਾਏ ਘਟਾ ਕਾਲੀਆ । ਜੂਠੇ ਝੂਠੇ ਮਿਟਣੇ ਬੁਤ, ਮਾਤਾ ਗੋਦ ਨਾ ਕੋਈ ਉਠਾਲੀਆ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚੇ ਤੇਰਾ ਬਣਿਆ ਆਪ ਦਲਾਲੀਆ । ਬਣੇ ਆਪ ਦਲਾਲ ਗਰੀਬ ਨਿਵਾਜਿਆ । ਆਪੇ ਚਲੇ ਅਵੱਲੜੀ ਚਾਲ, ਨੌਂ ਦਵਾਰੇ ਸਾਜਨ ਸਾਜਿਆ । ਸ਼ਬਦ ਮਾਰੇ ਇਕ ਉਛਾਲ, ਪਵਣੀ ਮਾਤ ਪਤਾਲ ਅਕਾਸ਼ ਗਾਜਿਆ । ਆਪ ਸੁਹਾਏ ਅੰਮ੍ਰਿਤ ਸੱਚਾ ਤਾਲ, ਅਨਾਹਦ ਧੁਨ ਮਾਰੇ ਅਵਾਜਿਆ । ਗੁਰਮੁਖ ਸਾਚਾ ਮਾਰੇ ਛਾਲ, ਨਾ ਜਾਣੇ ਵੇਲਾ ਕਲ ਕਿ ਆਜਿਆ । ਨਾਮ ਮੋਤੀ ਮਿਲੇ ਅਨਮੁੱਲੜੇ ਲਾਲ, ਆਪ ਆਪੇ ਪੜਦਾ ਕਾਜਿਆ । ਕਾਇਆ ਮੰਦਰ ਦੀਪਕ ਜੋਤੀ ਜਗੇ ਮਸਤਕ

ਬਾਲ, ਅਠੇ ਪਹਿਰ ਰਖਾਵੇ ਲਾਜਿਆ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚਾ ਮਾਤ ਧਰਾਏ, ਪਰਗਟ ਹੋਏ ਦੇਸ ਮਾਝਿਆ । ਸਤਿਜੁਗ ਨਾਉਂ ਸਤਿ ਸਤਿ ਸਤਵੰਤਿਆ । ਜਨ ਭਗਤਾਂ ਦੇ ਸਮਝਾਵੇ ਮਤ, ਬੇਮੁੱਖਾਂ ਮਾਇਆ ਪਾਏ ਬੇਅੰਤਿਆ । ਨਾ ਕੋਈ ਲਾਏ ਅਜ ਪਜ, ਸ਼ਬਦ ਡੋਰੀ ਜਾਣਾ ਬੱਝ, ਵਡ ਵਡ ਸਾਧਨ ਸੰਤਿਆ । ਜਨ ਭਗਤਾਂ ਪੜਦੇ ਰਿਹਾ ਕੱਜ, ਅੰਮ੍ਰਿਤ ਆਤਮ ਪਿਆਏ ਰੱਜ, ਆਪ ਬਣਾਏ ਸਾਚੀ ਬਣਤਿਆ । ਏਕਾ ਕਾਅਬਾ ਏਕਾ ਹਜ, ਏਕਾ ਤਾਲ ਰਿਹਾ ਵੱਜ, ਗਾਏ ਰਾਗ ਵਾਰ ਮਲਾਰ ਬਸੰਤਿਆ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚੇ ਦੇਵੇ ਵਡਿਆਈ ਵਡ ਵਡਾ ਜੀਵ ਜੰਤਿਆ । ਹਰਿ ਸਾਚਾ ਨਾਮ ਸਤਿ ਉਪਜਾਇਆ । ਆਪੇ ਰੱਖੇ ਜਗਤ ਪਤਿ, ਦੇ ਮਤ ਰਿਹਾ ਸਮਝਾਇਆ । ਲੱਖ ਚੁਰਾਸੀ ਲੱਭੀ ਸੱਥ, ਰਾਹ ਹੱਥ ਕਿਸੇ ਨਾ ਆਇਆ । ਜਮ ਕੀ ਫਾਸੀ ਕਾਇਆ ਪੱਥਰ, ਜਗਤ ਮਲਾਹ ਨਾ ਕੋਈ ਬਣਾਇਆ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਸੁਨੇਹੜਾ ਇਕ ਸੁਣਾਇਆ । ਸਚ ਸੁਨੇਹੜਾ ਤਾਲ ਸ਼ਬਦ ਵਜੰਤਿਆ । ਆਪੇ ਬੰਨ੍ਹੇ ਮਾਤ ਬੇੜਾ, ਮਿਟਦਾ ਜਾਏ ਜਗਤ ਝੇੜਾ, ਪ੍ਰਭ ਸਾਚਾ ਖੇਜ ਖੁਜੰਤਿਆ । ਆਪੇ ਕਰੇ ਸਚ ਨਿਬੇੜਾ, ਕਾਇਆ ਵਸੇ ਨਗਰ ਖੇੜਾ, ਮਿਲੇ ਮੇਲ ਆਦਿਨ ਅੰਤਿਆ । ਖੁਲ੍ਹਾ ਵਖਾਏ ਹਰਿ ਜੀ ਵਿਹੜਾ, ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਰਖੇ ਪਤਿ ਪਤਤ ਪਤਵੰਤਿਆ । ਸਤਿ ਸੰਤੋਖ ਧਰਮ ਗਿਆਨ । ਧਰਮ ਗਿਆਨ ਵਿਚ ਜਹਾਨ । ਵਿਚ ਜਹਾਨ ਭਗਤ ਭਗਵਾਨ । ਭਗਤ ਭਗਵਾਨ ਇਕ ਨਿਸ਼ਾਨ । ਇਕ ਨਿਸ਼ਾਨ ਵਾਲੀ ਦੋ ਜਹਾਨ । ਵਾਲੀ ਦੋ ਜਹਾਨ ਧਰਮ ਖੰਡ ਕਰਮ ਖੰਡ ਗਊ ਗਰੀਬਾਂ ਆਇਆ ਗਲੇ ਲਗਾਨ । ਆਪੇ ਪਾਏ ਆਪਣੀ ਵੰਡ, ਸੋਹੰ ਫੂਲਨ ਬਰਖਾ ਆਨਪਾਨ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿ ਸੰਤੋਖ ਗੁਰਮੁਖਾਂ ਦੀਆ ਬ੍ਰਹਮ ਗਿਆਨ । ਸਤਿ ਸੰਤੋਖ ਸ਼ਬਦ ਸ਼ਿੰਗਾਰਿਆ । ਚਰਨ ਦਾਸੀ ਮੁਕਤੀ ਮੋਖ, ਫੂਲਨਹਾਰ ਤਨ ਪਹਿਨਾ ਰਿਹਾ । ਕਲਜੁਗ ਮੇਟਣ ਆਇਆ ਦੋਖ, ਗੁਰਮੁਖ ਸਾਚੇ ਆਪ ਜਗਾ ਰਿਹਾ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਕਾਇਆ ਉਚਾ ਕੰਢਾ, ਨੀਵੇਂ ਢਾਹ ਆਪ ਵਖਾ ਰਿਹਾ । ਉਚਾ ਕੰਢਾ ਉਚ ਦਿਵਾਰ । ਵੇਲੇ ਅੰਤਮ ਅੰਤ ਪਾਏ ਵੰਡਾ, ਆਪੇ ਢਾਹੇ ਵਾਰੋ ਵਾਰ । ਨਿਥਾਵਿਆਂ ਥਾਉਂ ਵਿਚ ਬ੍ਰਹਿਮੰਡਾ, ਉਪਰ ਛੱਪਰ ਪ੍ਰੇਮ ਪਿਆਰ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗਊ ਗਰੀਬ ਨਿਮਾਣਿਆਂ ਏਕਾ ਬਖ਼ਸ਼ੇ ਚਰਨ ਪਿਆਰ । ਮੂੰਹ ਕਾਲਾ ਪੰਜ ਯਾਰਿਆ । ਪੰਚਮ ਹੋਏ ਖੁਆਰ ਦਰ ਦਵਾਰਿਆ । ਮਿਲਿਆ ਮੇਲ ਮੀਤ ਮੁਰਾਰ, ਕਿਰਪਾ ਕਰੀ ਅਪਰ ਅਪਾਰਿਆ । ਕਾਇਆ ਸੀਤ ਠਾਂਡੇ ਦਰਬਾਰ, ਰਸਨਾ ਚੀਤ ਨਾਉਂ ਨਿਰੰਕਾਰਿਆ । ਇਕ ਵਸਾਏ ਸੱਚੇ ਘਰ ਬਾਹਰ, ਉਚ ਮਹੱਲ ਸ਼ਬਦ ਅਟਾਰੀਆ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਕਾਲਾ ਮੁਖ, ਤਨ ਮਨ ਉਤਰੇ ਝੂਠਾ ਦੁੱਖ, ਇਕ ਉਪਜਾਏ ਆਤਮ ਸੁੱਖ, ਹਰਿ ਰੰਗ ਗੁਰਮੁਖ ਸਾਚਾ ਮਾਣਿਆ । ਮੁਖ ਕਾਲਾ ਕਾਲਖ ਛਾਹੀਆ । ਪੰਜਾਂ ਚੋਰਾਂ ਆਪੇ ਲਾਈ ਸੰਨ੍ਹ, ਸਚ ਸੁਲਤਾਨਾ ਬੇਪਰਵਾਹੀਆ । ਧਰਮ ਰਾਏ ਦੀ ਕਟੇ ਫਾਹੀ, ਆਪੇ ਤਾਰੇ ਪਕੜ ਬਾਂਹੀਆ । ਦੂਸਰ ਕੋਈ ਜਾਣੇ ਨਾਹੀ, ਅਚਰਜ ਖੇਲ ਕਲ ਵਰਤਾਈਆ । ਹੋਏ ਸਹਾਈ ਸਭਨੀ ਥਾਈਂ ਸ਼ਬਦ ਹਲੂਣੇ ਰਿਹਾ ਜਗਾਈਆ । ਪੰਜੇ ਰੋਵਣ ਮਾਨ ਧਾਹੀ, ਪ੍ਰਭ ਸਾਚੀ ਕਿਰਤ

ਕਮਾਈਆ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਬਣਤ ਆਪੇ ਆਪ ਬਣਾਈਆ । ਮਨ ਸਵਾਏ ਸੁਰਤੀ ਜਾਗੇ । ਸੁਰਤੀ ਜਾਗੇ ਪੰਚਨ ਚੋਰ ਭਾਜੇ । ਪੰਚਨ ਚੋਰ ਭਾਗੇ, ਏਕਾ ਉਪਜੇ ਰਾਗੇ । ਏਕਾ ਉਪਜੇ ਰਾਗ ਪ੍ਰਭ ਚਰਨੀ ਲਾਗੇ । ਪ੍ਰਭ ਚਰਨ ਲਾਗ ਧੋਏ ਦਾਗੇ, ਧੋਏ ਦਾਗ ਹਰਿ ਕੰਤ ਸੁਹਾਗੇ । ਕੰਤ ਸੁਹਾਗ ਸਦਾ ਸੁਹੇਲਾ ਗੁਰਮੁਖ ਉਠਾਏ ਸੋਏ, ਸਦਾ ਸਦਾ ਸਦ ਆਪੇ ਜਾਗੇ । ਹਰਿਜਨ ਅਵਰ ਨਾ ਜਾਣੇ ਕੋਇ, ਲੋਕਮਾਤ ਕਵਣ ਹੰਸ ਕਵਣ ਕਾਗੇ । ਦੀਪਕ ਜੋਤੀ ਕਿਸ ਦਰ ਬਲੋਏ, ਗੁਰਮੁਖ ਬੰਨ੍ਹੇ ਸ਼ਬਦ ਡੋਰੀ ਤਾਗੇ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੀਆ ਦਾਨ ਦਾਤਾਰ ਅਕਾਰਾ ਰੂਪ ਅਗੰਮਾ ਸ਼ਬਦ ਉਡਾਰ, ਆਪ ਆਪਣੇ ਹੱਥ ਰੱਖੇ ਵਾਗੇ । ਸਤਿਜੁਗ ਸੁਰਤ ਸੰਭਾਲ ਮਾਤ ਉਪਾਨਿਆ । ਫਲ ਲੱਗੇ ਤੇਰੇ ਡਾਲ੍ਹ, ਗੁਰਮੁਖਾਂ ਬੇੜਾ ਬੰਨਿਆ । ਏਕਾ ਮਾਰੇ ਨਾਮ ਉਛਾਲ, ਮੇਟ ਮਿਟਾਏ ਦੂਈ ਦਵੈਤੀ ਬੰਨ੍ਹਿਆ । ਨਾ ਕੋਈ ਸ਼ਾਹ ਨਾ ਕੋਈ ਕੰਗਾਲ, ਦੇਵੇ ਧਨ ਨਾਮ ਵਡ ਧਨ ਧਨਿਆ । ਜਨ ਭਗਤਾਂ ਸਦਾ ਸਦਾ ਦਲਾਲ, ਬੇਮੁਖਾਂ ਦਿਸ ਨਾ ਆਏ ਆਤਮ ਅੰਨ੍ਹਿਆ । ਅੱਠੇ ਪਹਿਰ ਕਰੇ ਰਖਵਾਲ, ਪੰਚਾਂ ਪੰਚਾਂ ਆਪੇ ਡੰਨਿਆ । ਜੋਤੀ ਜਗੇ ਕਾਇਆ ਮਾਟੀ ਸਾਚੇ ਥਾਲ, ਸੁਣੇ ਸੁਣਾਏ ਰਾਗ ਸਾਚਾ ਕੰਨਿਆ । ਆਪੇ ਚਲੇ ਅਵੱਲੜੀ ਚਾਲ, ਗੁਰਮੁਖ ਵਿਰਲਾ ਮਾਤ ਮੰਨਿਆ । ਕਾਇਆ ਕਾਅਬਾ ਦੋ ਦੋਆਬਾ ਇਕ ਵਖਾਏ ਸੱਚੀ ਧਰਮਸਾਲ, ਦੂਜਾ ਨਾ ਕੋਈ ਦੀਸੇ ਛੱਪਰ ਛੰਨਿਆ । ਹਰਿ ਹਰਿ ਸੰਤ ਸੁਹੇਲੇ ਰਿਹਾ ਭਾਲ, ਆਪੇ ਪਿਤਾ ਆਪੇ ਮਾਤ ਆਪੇ ਜਨਣੀ ਜਨਿਆ । ਆਦਿ ਅੰਤ ਨਾ ਖਾਏ ਕਾਲ, ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੱਖ ਚੁਰਾਸੀ ਕਰੇ ਹੰਨਿਆ ਬੰਨ੍ਹਿਆ । ਸਤਿਜੁਗ ਸੁਰਤ ਸੰਭਾਲ, ਨਾਮ ਉਪਾਇਆ । ਫਲ ਲਗੇ ਕਾਇਆ ਡਾਲ੍ਹ, ਗੁਰਮੁਖਾਂ ਦੇ ਹਰਿ ਖਵਾਇਆ । ਚਰਨ ਪ੍ਰੀਤੀ ਨਿਭੇ ਨਾਲ, ਮਾਤ ਰੀਤੀ ਰਿਹਾ ਚਲਾਇਆ । ਮਾਨਸ ਦੇਹੀ ਲੱਖ ਚੁਰਾਸੀ ਵਿਚੋਂ ਜੀਤੀ, ਭਾਂਡਾ ਭਰਮ ਭਉ ਭੰਨਾਇਆ । ਕਾਇਆ ਰਹੇ ਸਦਾ ਅਤੀਤੀ, ਗੁਣਵੰਤਾ ਹਰਿ ਹਰਿ ਰਸਨਾ ਗਾਇਆ । ਲੇਖਾ ਚੁਕੇ ਮੰਦਰ ਮਸੀਤੀ, ਗੁਰਦਵਾਰਾ ਕੋਈ ਨਜ਼ਰ ਨਾ ਆਇਆ । ਸਦੀ ਚੌਧਵੀਂ ਅੰਤਮ ਬੀਤੀ, ਜੋਤੀ ਜਾਮਾ ਹਰਿ ਜੀ ਪਾਇਆ । ਬੇਮੁਖ ਭਰਨ ਆਪਣੀ ਕੀਤੀ, ਵੇਲਾ ਆਪਣਾ ਆਪ ਗਵਾਇਆ । ਗੁਰਮੁਖ ਗਾਏ ਸੁਹਾਗੀ ਗੀਤੀ, ਸੋਹੰ ਅੱਖਰ ਇਕ ਪੜ੍ਹਾਇਆ । ਅੱਠੇ ਪਹਿਰ ਪਰਖੇ ਨੀਤੀ, ਦਿਸ ਕਿਸੇ ਨਾ ਆਇਆ । ਮਾਨਸ ਦੇਹੀ ਗੁਰਮੁਖ ਸਾਚੇ ਜੀਤੀ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਰਸਨ ਰਸਾਇਣੀ ਜਿਸ ਧਿਆਇਆ । ਸਤਿਜੁਗ ਸਾਚੇ ਸਾਂਤ ਸਤਿ ਵਰਤਾਇਆ । ਪ੍ਰਭ ਅਬਿਨਾਸ਼ੀ ਬੈਠ ਇਕ ਇਕਾਂਤ, ਰਾਹ ਆਪਣਾ ਆਪ ਚਲਾਇਆ । ਦੀਪਾਂ ਲੋਆਂ ਮਾਰੇ ਝਾਤ, ਪੁੱਛੇ ਵਾਤ ਹਰਿ ਰਘੁਰਾਇਆ । ਲੋਕਮਾਤੀ ਦੇਵੇ ਦਾਤ, ਸੋਹੰ ਸਾਚਾ ਜਾਪ ਜਪਾਇਆ । ਬਰਨ ਅਠਾਰਾਂ ਭੈਣ ਭਰਾਤ, ਚਾਰੇ ਵਰਨਾਂ ਇਕ ਕਰਾਇਆ । ਉਤਮ ਰੱਖੀ ਹਰਿ ਜੀ ਜ਼ਾਤ, ਚਰਨ ਪ੍ਰੀਤੀ ਰਿਹਾ ਸਿਖਾਇਆ । ਆਪੇ ਬਖ਼ਸ਼ੇ ਕਮਲਾਪਾਤ, ਅੰਦਰੇ ਅੰਦਰ ਸਰਬ ਸਮਾਇਆ । ਨਾ ਕੋਈ ਪੁਛੇ ਜ਼ਾਤ ਪਾਤ, ਏਕਾ ਰੰਗਣ ਰਿਹਾ ਰੰਗਾਇਆ । ਨਾ ਕੋਈ ਵੇਲਾ ਦੱਸੇ ਪਰਭਾਤ, ਅੱਠੇ ਪਹਿਰ ਦੂਣ ਸਵਾਇਆ । ਰੈਣ ਦਿਵਸ ਪੁੱਛੇ ਵਾਤ, ਆਲਸ ਨਿੰਦਰਾ ਮਗਰੋਂ ਲਾਹਿਆ । ਮੇਟ ਮਿਟਾਏ ਅੰਧੇਰੀ ਰਾਤ, ਹੰਕਾਰੀ ਜਿੰਦਾ ਆਪ ਤੁੜਾਇਆ । ਅੰਮ੍ਰਿਤ ਦੇਵੇ ਬੂੰਦ ਸਵਾਂਤ, ਕਾਇਆ ਠੰਡੀ ਠਾਰ ਰਖਾਇਆ । ਆਪੇ ਪਿਤਾ ਆਪੇ ਮਾਤ, ਜਗਦੀਸਰ ਜਗਤ ਜੋਗ ਕਰਦਾ ਆਇਆ । ਜੋਤੀ ਜੋਤ ਸਰੂਪ ਹਰਿ,

ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚੇ ਸਾਚਾ ਧਰਮ ਰਿਹਾ ਚਲਾਇਆ । ਸਤਿਜੁਗ ਤੇਰਾ ਸਾਚਾ ਤਾਮ, ਪ੍ਰਭ ਸਾਚਾ ਆਪ ਪਕਾਇੰਦਾ । ਲੱਖ ਚੁਰਾਸੀ ਲੇਖੇ ਲੱਗੇ ਝੂਠਾ ਚਾਮ, ਕੰਮ ਕਿਸੇ ਨਾ ਆਇੰਦਾ । ਕੋਈ ਨਾ ਪਏ ਵੇਲੇ ਅੰਤਮ ਦਾਮ, ਸਾਚੇ ਹੱਟ ਨਾ ਕੋਈ ਵਿਕਾਇੰਦਾ । ਗੁਰਮੁਖ ਵਿਰਲਾ ਪੀਵੇ ਅੰਮ੍ਰਿਤ ਆਤਮ ਸਾਚਾ ਜਾਮ, ਸਾਚਾ ਲਾਹਾ ਖੱਟ ਜਗਤ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿਜਨ ਲਪੇਟੇ ਸ਼ਬਦ ਪੱਟ, ਦੂਈ ਦਵੈਤੀ ਮੇਟੇ ਫੱਟ, ਦੁਰਮਤ ਮੈਲ ਦੇਵੇ ਕੱਟ, ਸ਼ਬਦ ਦੁਸ਼ਾਲਾ ਇਕ ਪਹਿਨਾਇੰਦਾ । ਸਤਿਜੁਗ ਸਖੀ ਸੁਲਤਾਨ, ਤਖ਼ਤ ਸੁਹਾਇਆ । ਪ੍ਰਭ ਦਾਤਾ ਮਿਹਰਵਾਨ, ਦਇਆ ਕਮਾਇਆ । ਹੱਥ ਫੜਾਏ ਧਰਮ ਨਿਸ਼ਾਨ, ਸੋਹੰ ਡੰਡਾ ਸੱਚਾ ਲਾਇਆ । ਕਰੇ ਖੇਲ ਗੋਪੀ ਕਾਹਨ, ਮੰਡਲ ਰਾਸ ਬ੍ਰਹਿਮੰਡ ਕਰਾਇਆ । ਜੋਤੀ ਜਗੇ ਕੋਟ ਭਾਨ, ਭੇਵ ਕਿਸੇ ਨਾ ਪਾਇਆ । ਗੁਰਮੁਖ ਵਿਰਲਾ ਕਰੇ ਚਰਨ ਧੂੜ ਇਸ਼ਨਾਨ, ਦੁਰਮਤ ਮੈਲ ਰਿਹਾ ਗਵਾਇਆ । ਹਰਿਜਨ ਮਿਲੇ ਗੁਣ ਨਿਧਾਨ, ਪੱਲੂ ਨਾਮ ਰਿਹਾ ਫੜਾਇਆ । ਲੱਖ ਚੁਰਾਸੀ ਪੀਣ ਖਾਣ, ਜਨ ਹਰਿ ਸੋਇਆ ਆਪ ਜਗਾਇਆ । ਇਕ ਝੁਲਾਏ ਧਰਮ ਨਿਸ਼ਾਨ, ਜੈ ਜੈਕਾਰ ਕਰਾਇਆ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨੂਰੀ ਜੋਤ ਕਰ ਅਕਾਰ, ਏਕਾ ਰੰਗ ਰਿਹਾ ਚੜ੍ਹਾਇਆ । ਸਤਿਜੁਗ ਸਾਚਾ ਰਾਜ ਰਾਜ ਰਾਜਾਨਿਆ । ਸ਼ਬਦ ਸੀਸ ਸਾਚਾ ਤਾਜ, ਆਪੇ ਬੰਨ੍ਹੇ ਹਰਿ ਭਗਵਾਨਿਆ । ਕਰੇ ਖੇਲ ਦੇਸ ਮਾਝ, ਵੇਸ ਭੇਸ ਕਿਸੇ ਨਾ ਜਾਣਿਆ । ਚਾਰ ਵਰਨਾਂ ਬੰਨ੍ਹੇ ਸਾਂਝ, ਦਰ ਦਰਵੇਸ਼ ਆਪ ਅਖਵਾਨਿਆ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਣਵੰਤਾ ਗੁਣ ਨਿਧਾਨਿਆ । ਸਤਿਜੁਗ ਸਾਚੀ ਜੋਤ ਜਗਤ ਨਿਰਾਲੀਆ । ਮਿਟ ਜਾਏ ਵਰਨ ਗੋਤ, ਏਕਾ ਦਿਸੇ ਰਾਹ ਸੁਖਾਲੀਆ । ਲੱਖ ਚੁਰਾਸੀ ਰਿਹਾ ਝੋਕ, ਕਲਜੁਗ ਰੈਣ ਘਟਾ ਕਾਲੀਆ । ਗੁਰਮੁਖਾਂ ਸੁਣਾਏ ਏਕਾ ਸ਼ਬਦ ਸਲੋਕ, ਸਰਬ ਤੱਟਾਂ ਹੋਏ ਬੇਹਾਲੀਆ । ਹਰਿ ਕਾ ਭਾਣਾ ਕੋਈ ਨਾ ਸਕੇ ਰੋਕ, ਨਾ ਕੋਈ ਜਾਣੇ ਸ਼ਾਹ ਕੰਗਾਲੀਆ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਨਿਰੰਜਣ ਏਕਾ ਏਕ ਜੋਤ ਅਕਾਲੀਆ । ਸਤਿਜੁਗ ਸਾਚੇ ਸ਼ਬਦ ਮਾਤ ਉਘਾੜਿਆ । ਕਲਜੁਗ ਜੀਵ ਭਾਂਡੇ ਕਾਚੇ, ਬੇਮੁਖ ਚਬਾਏ ਆਪਣੀ ਦਾੜ੍ਹਿਆ । ਭਗਤ ਜਨਾਂ ਹਰਿ ਹਿਰਦੇ ਵਾਚੇ, ਦਰਸ ਦਿਖਾਏ ਸਾਚੋ ਸਾਚੇ, ਘੋੜੇ ਆਪੇ ਚਾੜ੍ਹਿਆ । ਜੂਠ ਝੂਠ ਨਾ ਪ੍ਰਭ ਦਰ ਨਾਚੇ, ਨੇੜ ਨਾ ਆਏ ਪੰਚਮ ਧਾੜਿਆ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਧਰਤ ਮਾਤ ਵੇਖੇ ਇਕ ਅਖਾੜਿਆ । ਸਤਿਜੁਗ ਸਾਚਾ ਹੋ ਤਿਆਰ, ਲੋਕਮਾਤੀ ਚਰਨ ਟਿਕਾਇੰਦਾ । ਅੱਠੇ ਪਹਿਰ ਖ਼ਬਰਦਾਰ, ਕਲਜੁਗ ਲੇਖਾ ਬਾਕੀ ਆਪ ਲਿਖਾਇੰਦਾ । ਮਾਇਆ ਰਾਣੀ ਵਡ ਜਰਵਾਣੀ ਹੋਏ ਖੁਆਰ, ਰਿਖੀ ਨਾਰ ਨਾ ਕੋਇ ਪਾਵੇ ਮਾਤ ਸਾਰ, ਹਾਹਾਕਾਰ ਕਰਾਇੰਦਾ । ਭਰਮੇ ਭੁੱਲੇ ਜੰਤ ਗਵਾਰ, ਦਰ ਦਰ ਘਰ ਘਰ ਵਿਭਚਾਰ, ਸਾਚੀ ਸਾਰ ਨਾ ਕੋਈ ਪਾਇੰਦਾ । ਸ਼ਬਦ ਸਰੂਪੀ ਮਾਰੇ ਮਾਰ, ਨਾ ਕੋਈ ਵੇਖੇ ਨਰ ਨਾਰ, ਬੇਮੁਖ ਜੀਵਾਂ ਬੇੜਾ ਆਪ ਰੁੜ੍ਹਾਇੰਦਾ । ਗੁਰਮੁਖ ਸਾਚੇ ਸਚ ਪਿਆਰ, ਸਾਚੀ ਗਲੀ ਮੀਤ ਮੁਰਾਰ, ਸਿਧਾ ਰਾਹ ਇਕ ਵਖਾਇੰਦਾ । ਏਕਾ ਦਿਸੇ ਦਰ ਦਰਬਾਰ, ਖਿੜ ਖਿੜ ਹੱਸੇ ਸੱਚੀ ਸਰਕਾਰ, ਸ਼ਬਦ ਨਿਰਾਲੇ ਅੰਦਰ ਵਸੇ ਨਾ ਕੋਈ ਦੂਸਰ ਪਹਿਰੇਦਾਰ, ਸਾਚੇ ਧਾਮ ਆਪ ਸੁਹਾਇੰਦਾ । ਗੁਰਮੁਖ ਚੜ੍ਹੇ ਵਾਰੋ ਵਾਰ, ਬਾਂਹ ਫੜੇ ਕੰਤ ਭਤਾਰ, ਕੋਈ ਨਾ ਅੜੇ ਸੰਤ ਦੁਲਾਰ, ਸਾਚਾ ਰਾਹ ਆਪ ਵਖਾਇੰਦਾ । ਅੰਮ੍ਰਿਤ ਆਤਮ ਬਖ਼ਸ਼ੇ ਸਾਚੀ ਧਾਰ,

ਬਜਰ ਕਪਾਟੀ ਆਰ ਪਾਰ । ਤੀਰਥ ਤਾਟੀ ਵਡ ਸੰਸਾਰ, ਔਖੀ ਘਾਟੀ ਪਾਰ ਕਰਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਆਤਮ ਭਰਮ ਨਿਵਾਰ, ਪੂਰਬ ਕਰਮ ਮਾਤ ਵਿਚਾਰ, ਸਾਚੀ ਧਾਰ ਇਕ ਬੰਨ੍ਹਾਇੰਦਾ । ਸਤਿਜੁਗ ਸਾਚੀ ਧਾਰ ਆਪ ਰਖਾਈਆ । ਗੁਰ ਸ਼ਬਦ ਮੰਤਰ ਪਿਆਰ, ਸਾਚੀ ਰੀਤ ਰਿਹਾ ਚਲਾਈਆ । ਨਾਤਾ ਤੁੱਟੇ ਵੇਦ ਚਾਰ, ਪੁਰਾਨ ਅਠਾਰਾਂ ਕੋਈ ਨਾ ਗਾਈਆ । ਨਾ ਕੋਈ ਦੀਸੇ ਸੰਗ ਮੁਹੰਮਦ ਚਾਰ ਯਾਰ, ਈਸਾ ਮੂਸਾ ਦਏ ਦੁਹਾਈਆ । ਖਾਣੀ ਬਾਣੀ ਹੋਈ ਤਿਆਰ, ਕਲਜੁਗ ਕਾਲੀ ਦਿਸੇ ਧਾਰ, ਏਕਾ ਰਾਹ ਅੰਤਮ ਪਾਈਆ । ਜੋਤੀ ਜੋਤ ਸਰੂਪ ਹਰਿ, ਸਤਿ ਪੁਰਖ ਨਿਰੰਜਣ ਆਪ ਆਪਣੀ ਕਾਰ ਕਮਾਈਆ । ਸਤਿਜੁਗ ਸਾਚੀ ਮਤ ਬੁੱਧ ਬਿਬੇਕਿਆ । ਆਪੇ ਦੇਵੇ ਧੀਰਜ ਮਤ, ਤਨ ਕਾਇਆ ਨਾ ਲੱਗੇ ਸੇਕਿਆ । ਸ਼ਬਦ ਸਰੂਪੀ ਬੰਨ੍ਹੇ ਯਤ, ਹਰਿ ਆਪੇ ਵੇਖੀ ਵੇਖਿਆ । ਜਨ ਭਗਤਾਂ ਜਾਣੇ ਮਿਤ ਗਤ, ਏਕਾ ਏਕ ਏਕਮ ਏਕਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਮੁਕਾਏ ਅਗਲਾ ਪਿਛਲਾ ਲੇਖਿਆ । ਸਤਿਜੁਗ ਮਿਲੀ ਦਾਤ ਸਰਬ ਸਿਕਦਾਰੀਆ । ਆਪੇ ਪੁਛੇ ਅੰਤਮ ਵਾਤ, ਕਲਜੁਗ ਅੰਤਮ ਰਿਹਾ ਕੁਰਲਾਇਆ । ਸਤਿਜੁਗ ਸਾਚੇ ਮਾਰੇ ਝਾਤ, ਸਾਚੀ ਰੰਗਣ ਰਿਹਾ ਚੜ੍ਹਾਇਆ । ਕਲਜੁਗ ਵੇਖੇ ਕਾਲੀ ਰਾਤ, ਸਾਚਾ ਚੰਦ ਕੋਈ ਦਿਸ ਨਾ ਆਇਆ । ਸਤਿਜੁਗ ਸਾਚਾ ਬੈਠ ਇਕਾਂਤ, ਜਨ ਭਗਤਾਂ ਰਿਹਾ ਜਗਾਇਆ । ਕਲਜੁਗ ਕਾਲੇ ਤੁਟਾ ਨਾਤ, ਭੈਣ ਭਰਾਤਾ ਰਿਹਾ ਤਜਾਇਆ । ਸਤਿਜੁਗ ਸਾਚਾ ਅੰਮ੍ਰਿਤ ਬਖ਼ਸ਼ੇ ਬੂੰਦ ਸਵਾਤ, ਜਨ ਭਗਤਾਂ ਨਿਝਰ ਧਾਰ ਰਿਹਾ ਚੁਆਇਆ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚੇ ਸਾਚਾ ਤਾਜ ਮਾਰ ਅਵਾਜ਼ ਦੇਸ ਮਾਝ, ਆਪਣੀ ਹੱਥੀਂ ਰਿਹਾ ਪਹਿਨਾਇਆ । ਸਤਿਜੁਗ ਸਾਚਾ ਤਾਜ ਸੀਸ ਰਖੰਦੜਾ । ਪ੍ਰਭ ਅਬਿਨਾਸ਼ੀ ਰਖੇ ਲਾਜ, ਸਦ ਬਖ਼ਸ਼ਿੰਦੜਾ । ਸੋਹੰ ਦੇਵੇ ਸੱਚਾ ਦਾਜ ਗੁਣੀ ਗਹਿੰਦੜਾ । ਕਲਜੁਗ ਕਾਲੇ ਖੁਲ੍ਹਾ ਪਾਜ, ਚਾਰੇ ਕੁੰਟਾਂ ਹੋਏ ਨਿੰਦੜਾ । ਜਗਤ ਕੁਰੀਤੀ ਮੁੱਕੇ ਰਾਜ, ਨਾ ਕੋਈ ਜਾਣੇ ਜੀਵ ਜਹੰਦੜਾ । ਆਪਣਾ ਸਾਜਨ ਰਿਹਾ ਸਾਜ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਤ ਨਵਿਤਾ ਕਵਣ ਜਾਣੇ ਵਾਰ ਥਿਤਾ, ਆਪਣੇ ਰੰਗ ਸ਼ਬਦ ਸੰਗ ਸਦਾ ਸਦਾ ਵਸੰਦੜਾ । ਸ਼ਬਦ ਬਾਜ ਹਰਿ ਉਡਾਇਆ ਏ । ਆਪੇ ਬਖ਼ਸ਼ੇ ਆਪਣਾ ਤਾਜ, ਸੀਸ ਜਗਦੀਸ ਆਪ ਪਹਿਨਾਇਆ ਏ । ਸਾਚੇ ਸਾਜਨ ਰਿਹਾ ਸਾਜ, ਸ਼ਬਦ ਸਰੂਪੀ ਮੇਲ ਮਿਲਾਇਆ ਏ । ਜਨ ਹਰਿ ਰੱਖਣ ਆਇਆ ਲਾਜ, ਨਾ ਭੇਵ ਮਾਤ ਰਖਾਇਆ ਏ । ਆਪ ਕਰਾਏ ਆਪਣਾ ਕਾਜ, ਸੰਗੀ ਸਾਥੀ ਨਾ ਕੋਈ ਅਖਵਾਇਆ ਏ । ਸ਼ਬਦ ਸਰੂਪੀ ਮਾਰੇ ਅਵਾਜ਼, ਭਗਤਨ ਹਿਤਾ ਰਿਹਾ ਜਗਾਇਆ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੇ ਰੰਗ ਸਮਾਇਆ ਏ । ਸ਼ਬਦ ਉਡਾਰੀ ਬਾਜ ਆਪ ਲਗਾਇੰਦਾ । ਕਾਇਆ ਮੰਦਰ ਉਚ ਪਟਾਰੀ, ਚਾਰੇ ਕੁੰਟਾਂ ਆਪ ਵਖਾਇੰਦਾ । ਦਹਿ ਦਿਸ਼ਾ ਵੇਖੇ ਵਾਰੋ ਵਾਰੀ, ਨਾ ਕੋਈ ਦੂਸਰ ਧਾਮ ਵਖਾਇੰਦਾ । ਜਨ ਭਗਤਾਂ ਕਰੇ ਨਾਮ ਵਣਜ ਵਪਾਰੀ, ਏਕਾ ਵਸਤੂ ਝੋਲੀ ਪਾਇੰਦਾ । ਮਨਮਤ ਭੌਂਦੀ ਜਾਏ ਖ਼ੁਆਰੀ, ਗੁਰਮਤ ਸਾਚੀ ਇਕ ਧਰਾਇੰਦਾ । ਦੁਰਮਤ ਕਰੇ ਹਾਹਾਕਾਰੀ, ਹਰਿਜਨ ਕੋਈ ਨਾ ਲਾਗੇ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੇ ਭਾਣੇ ਆਪ ਸਮਾਇੰਦਾ । ਹਰਿ ਬਾਜ ਉਡਾਰ ਆਪ ਲਗਾਈਆ । ਮਾਇਆ ਰੂਪੀ ਪਸਰ ਪਸਾਰ, ਸ਼ਾਹੋ ਭੂਪ ਦਿਸ ਨਾ ਆਇਆ । ਲੱਖ ਚੁਰਾਸੀ ਰਿਹਾ ਵਿਚਾਰ, ਜਮ ਕੀ ਫਾਸੀ ਮਾਤ ਲਗਾਈਆ । ਨਾ ਕੋਈ ਦੀਸੇ ਨਰ ਨਾਰ, ਜਗਤ ਜਗਦੀਸ਼ੇ ਰਚਨ ਰਚਾਈਆ । ਈਸਾ

ਮੂਸਾ ਆਈ ਹਾਰ, ਸੰਗ ਮੁਹੰਮਦ ਦਏ ਦੁਹਾਈਆ । ਕਲਜੁਗ ਕਾਲੀ ਰੈਣ ਅੰਧਿਆਰ, ਦੀਪਕ ਜੋਤੀ ਨਾ ਕੋਇ ਜਗਾਈਆ । ਮਨਮੁਖ ਰੋਂਦੇ ਧਾਹਾਂ ਮਾਰ, ਧਰਮ ਰਾਏ ਦਏ ਸਜਾਈਆ । ਗੁਰਮੁਖ ਸਾਚੇ ਉਤਰੇ ਪਾਰ, ਚਰਨ ਦਵਾਰੇ ਰਿਹਾ ਬਹਾਈਆ । ਦੇਵੇ ਵਸਤ ਨਾਮ ਅਪਾਰ, ਆਤਮ ਝੋਲੀ ਹਰਿ ਭਰਾਈਆ । ਗੋਬਿੰਦ ਗੋਬਿੰਦ ਗੋਬਿੰਦ ਸਾਚੀ ਧਾਰ, ਸ਼ਬਦ ਬਾਜ ਇਕ ਰਘੁਰਾਈਆ । ਕਰੇ ਖੇਲ ਆਪਣੀ ਵਾਰ, ਸੰਤ ਅਸੰਤ ਭੇਵ ਨਾ ਰਾਈਆ । ਚੜ੍ਹੇ ਚੰਦ ਵਿਚ ਸੰਸਾਰ, ਨੌਂ ਚੰਦੀ ਖ਼ੁਸ਼ੀ ਮਨਾਈਆ । ਨੌਂ ਖੰਡ ਪ੍ਰਿਥਮੀ ਆਰ ਪਾਰ, ਸੱਤਾਂ ਦੀਪਾਂ ਰਿਹਾ ਹਿਲਾਈਆ । ਪੁਰੀਆਂ ਲੋਆਂ ਕਰ ਪਸਾਰ, ਦੇਵੀ ਦੇਵਤ ਰਿਹਾ ਜਗਾਈਆ । ਕਰੋੜ ਤੇਤੀਸਾ ਕਰ ਤਿਆਰ, ਸੁਰਪਤ ਰਾਜੇ ਇੰਦ ਦਏ ਹਿਲਾਈਆ । ਗੁਰਮੁਖ ਸਾਚੇ ਕਰ ਪਿਆਰ, ਤਖ਼ਤ ਤਾਜ਼ ਰਿਹਾ ਦਵਾਈਆ । ਮਾਰੇ ਆਪ ਸ਼ਬਦ ਉਡਾਰ, ਸ਼ਿਵ ਸ਼ੰਕਰ ਰਿਹਾ ਜਗਾਈਆ । ਸ਼ਿਵ ਸ਼ੰਕਰ ਖ਼ਬਰਦਾਰ, ਪ੍ਰਭ ਪੂਰੇ ਦਇਆ ਕਮਾਈਆ । ਮਿਲਿਆ ਮੇਲ ਮੀਤ ਮੁਰਾਰ, ਕਲਜੁਗ ਮਾਇਆ ਮਗਰੋਂ ਲਾਹੀਆ । ਆਉਣਾ ਜਾਣਾ ਵਾਰੋ ਵਾਰ, ਭੀਤਰ ਕੋਈ ਰਹਿਣ ਨਾ ਪਾਈਆ । ਕਲਜੁਗ ਔਧ ਗਈ ਹਾਰ, ਨਾ ਹੋਏ ਕੋਈ ਸਹਾਈਆ । ਪਰਗਟ ਹੋਏ ਨਰ ਅਵਤਾਰ, ਸਾਚੀ ਰਚਨਾ ਆਪ ਰਚਾਈਆ । ਸਿੰਘ ਜਗਦੀਸਾ ਕਰ ਪਿਆਰ, ਜੁਗਤੀ ਜੁਗਤ ਆਪ ਬਣਾਈਆ । ਨੌਂ ਦਵਾਰੇ ਧਰਮ ਦਰਬਾਰ, ਨੌਂ ਦਰ ਵੇਖੇ ਹਰਿ ਰਘੁਰਾਈਆ । ਦਸਵੇਂ ਸੁੱਤਾ ਪੈਰ ਪਸਾਰ, ਦਿਸ ਕਿਸੇ ਨਾ ਆਈਆ । ਅੱਠੇ ਪਹਿਰ ਰਹੇ ਤਿਆਰ, ਗੁਰਮੁਖਾਂ ਗੋਦ ਉਠਾਈਆ । ਸਾਚੀ ਪੁਰੀ ਲਏ ਉਸਾਰ, ਏਕਾ ਧਾਰ ਸ਼ਬਦ ਬੰਧਾਈਆ । ਜਗੇ ਜੋਤ ਇਕ ਨਿਰੰਕਾਰ, ਜਗਤ ਅਕਾਰਾ ਰਿਹਾ ਕਰਾਈਆ । ਰਾਜ ਰਜਾਨਾਂ ਕਰੇ ਖ਼ਬਰਦਾਰ, ਸ਼ਾਹ ਸੁਲਤਾਨਾਂ ਰਿਹਾ ਉਠਾਈਆ । ਚਾਰੋਂ ਕੁੰਟਾਂ ਪੈਣੀ ਮਾਰ, ਦੂਸਰ ਸਾਰ ਕੋਈ ਨਾ ਪਾਈਆ । ਇਕ ਵਖਾਏ ਸੱਚਾ ਘਰ ਬਾਹਰ, ਹਉਮੇ ਹੰਗਤਾ ਰੋਗ ਗਵਾਈਆ । ਚਾਰੇ ਕੁੰਟਾਂ ਹਰਿ ਵਿਚਾਰ, ਦਹਿ ਦਿਸ਼ਾ ਰਿਹਾ ਤਕਾਈਆ । ਆਪ ਅਪਰੰਪਰ ਮੀਤ ਮੁਰਾਰ, ਪੀਤੰਬਰ ਰਿਹਾ ਸੁਹਾਈਆ । ਗੁਣਵੰਤਾ ਗੁਣ ਵਿਚਾਰ, ਪੂਰਨ ਭਗਵੰਤਾ ਖੇਲ ਰਚਾਈਆ । ਵੇਖ ਵਖਾਣੇ ਸ਼ਿਵ ਦਵਾਰ, ਸ਼ਿਵ ਸ਼ਕਤੀ ਆਪ ਟਿਕਾਈਆ । ਆਪ ਉਠਾਏ ਕਰ ਪਿਆਰ, ਵੇਲਾ ਅੰਤਮ ਦਏ ਸੁਹਾਈਆ । ਦੂਸਰ ਕੋਈ ਨਾ ਦਿਸੇ ਯਾਰ, ਮੀਤ ਮੁਰਾਰ ਨਾ ਕੋਈ ਅਖਵਾਈਆ । ਆਪ ਉਠਾਏ ਭੁਜਾ ਪਸਾਰ, ਚਤੁਰਭੁਜ ਹਰਿ ਰਘੁਰਾਈਆ । ਸਾਚਾ ਕਰੇ ਮਾਤ ਵਿਹਾਰ, ਕਲਜੁਗ ਕਲ ਰਿਹਾ ਵਰਤਾਈਆ । ਗੁਰਮੁਖ ਸਾਚੇ ਕਰ ਦੀਦਾਰ, ਉਤਰੇ ਪਾਰ ਖ਼ੁਸ਼ੀ ਮਨਾਈਆ । ਜਗਤ ਮਾਇਆ ਹੋਈ ਖਵਾਰ, ਪਾਈ ਸਾਰ ਦੇਰ ਨਾ ਲਾਈਆ । ਏਕਾ ਦੇਵੇ ਨਾਮ ਅਧਾਰ, ਸੋਹੰ ਅੱਖਰ ਆਪ ਪੜ੍ਹਾਈਆ । ਸੋਹੰ ਪੜ੍ਹਿਆ ਵਿਚ ਸੰਸਾਰ, ਪੌੜੇ ਚੜ੍ਹਿਆ ਅਪਰ ਅਪਾਰ, ਸਿੰਘ ਪਾਲ ਖ਼ੁਸ਼ੀ ਮਨਾਈਆ । ਪ੍ਰਭ ਅਬਿਨਾਸ਼ੀ ਹੋ ਦਿਆਲ, ਆਪੇ ਪਰਖੇ ਆਪਨੇ ਲਾਲ, ਫਲ ਲਗਾਏ ਸਾਚੇ ਡਾਲ੍ਹ, ਪੁਰੀ ਬ੍ਰਹਮ ਰਿਹਾ ਸੁਹਾਈਆ । ਪੁਰੀ ਬ੍ਰਹਮ ਪੂਰ ਕਰਮ, ਨਾ ਮਰੇ ਨਾ ਜਾਏ ਜੰਮ, ਨੇਤਰ ਨੀਰ ਨਾ ਡਿਗੇ ਛੰਮ, ਏਕਾ ਸ਼ਬਦ ਅਧਾਰ ਰਖਾਈਆ । ਨਾਤਾ ਤੁੱਟਾ ਹੱਡ ਮਾਸ ਨਾੜੀ ਚੰਮ, ਘਨਕਪੁਰ ਵਾਸੀ ਸਾਚੀ ਬਣਤ ਬਣਾਈਆ । ਦਇਆ ਕਮਾਈ ਹਰਿ ਰਘੁਰਾਈ ਬ੍ਰਹਮ ਪਾਰਬ੍ਰਹਮ ਬ੍ਰਹਮ ਰੂਪ ਸਦ ਸਮਾਈਆ । ਗਗਨ ਪਤਾਲੀ ਹਿਲੇ ਥੰਮ੍ਹ, ਪੁਰੀਆਂ ਲੋਆਂ ਰਿਹਾ ਉਠਾਈਆ । ਜੋਤੀ ਸ਼ਬਦ ਪਿਆ ਜੰਮ, ਪਵਣੀ ਝੂਲਾ ਰਿਹਾ ਝੁਲਾਈਆ । ਨਾ ਕੋਈ ਖ਼ੁਸ਼ੀ ਨਾ ਕੋਈ ਗ਼ਮ, ਸਾਚਾ ਭਾਣਾ ਇਕ ਵਖਾਈਆ । ਆਪੇ ਜਾਣੇ ਆਪਣਾ ਕਰਮ, ਨਾ ਕੋਈ ਭੇਵ ਨਾ ਕੋਈ ਭਰਮ, ਆਪਨੇ ਰੰਗ

ਸਦ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਦੁਲਾਰੇ, ਕਿਰਪਾ ਕਰ ਉਤਰੇ ਪਾਰੇ, ਲੋਕਮਾਤ ਦਏ ਵਡਿਆਈਆ । ਦੇਵੇ ਲੋਕਮਾਤ ਵਡਿਆਈ, ਪੁਰੀ ਬ੍ਰਹਮ ਭਾਗ ਲਗਾਈਆ । ਸਾਚੀ ਵੱਜੀ ਜਗਤ ਵਧਾਈ, ਲੋਆਂ ਪੁਰੀਆਂ ਪੁਰੀਆਂ ਲੋਆਂ ਮੰਗਲਾਚਾਰ ਕਰਾਈਆ । ਦਰ ਘਰ ਸਾਚੇ ਨਾ ਹੋਏ ਕਦੇ ਜੁਦਾਈ, ਵਾਹਵਾ ਸਾਚੀ ਸੇਵ ਕਮਾਈਆ । ਮਿਲਿਆ ਮੇਲ ਸਾਚੇ ਮਾਹੀ, ਵਿਛੜ ਕਦੇ ਨਾ ਜਾਈਆ । ਏਕਾ ਏਕ ਹਰਿ ਰਘੁਰਾਈ, ਵੇਖ ਵਖਾਣੇ ਸਭਨੀਂ ਥਾਈਂਆ । ਦੂਸਰ ਕੋਈ ਦੀਸੇ ਨਾਹੀ, ਆਪੇ ਪਕੜ ਉਠਾਏ ਬਾਹੀਂਆ । ਨਾ ਕੋਈ ਭੈਣਾ ਨਾ ਕੋਈ ਭਾਈ, ਮਾਤ ਪਿਤ ਨਾ ਕੋਈ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੁਰਖ ਅਗੰਮਾ ਆਪਣੀ ਰਚਨ ਰਿਹਾ ਰਚਾਈਆ । ਕਲਜੁਗ ਕਾਲੀ ਧਾਰ ਭਰਮ ਸੰਸਾਰਿਆ । ਮਾਨਸ ਦੇਹੀ ਝੂਠਾ ਚਰਮ, ਕਲਜੁਗ ਜੀਵ ਨਾ ਕਿਸੇ ਵਿਚਾਰਿਆ । ਸਤਿ ਸੰਤੋਖ ਨਾ ਕੋਈ ਜਾਣੇ ਸਾਚਾ ਧਰਮ, ਮਾਇਆ ਰੁੱਲੇ ਆਤਮ ਹੰਕਾਰਿਆ । ਨਾ ਕੋਈ ਜਾਣੇ ਪੂਰਬ ਕਰਮ, ਦਰ ਦਵਾਰਾ ਹਰਿ ਨਿਰੰਕਾਰਾ ਕੋਈ ਨਾ ਪਾਏ ਸਾਰਿਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਕਲਜੁਗ ਤੇਰੀ ਅੰਤਮ ਵਰ, ਆਪੇ ਜਾਣੇ ਆਪਣੀ ਧਾਰਿਆ । ਸਾਚੀ ਧਾਰਾ ਹਰਿ ਬਣਾਈਆ । ਲੱਖ ਚੁਰਾਸੀ ਗਈ ਹਰ, ਪ੍ਰਭ ਅਬਿਨਾਸ਼ੀ ਸਾਰ ਨਾ ਪਾਈਆ । ਕੋਈ ਨਾ ਦੀਸੇ ਸਾਚਾ ਘਰ, ਮਦਿਰਾ ਮਾਸੀ ਦੇਣ ਦੁਹਾਈਆ । ਅੰਮ੍ਰਿਤ ਆਤਮ ਕਿਸੇ ਨਾ ਮਿਲੇ ਸਾਚੇ ਸਰ, ਅੱਠ ਸੱਠ ਤੀਰਥ ਪਤ ਗੁਵਾਈਆ । ਸਾਚਾ ਨਾਮ ਨਾ ਦੇਵੇ ਕੋਈ ਵਰ, ਸਾਧਾਂ ਸੰਤਾਂ ਮਤ ਨਾ ਰਾਈਆ । ਬੇਮੁਖ ਜੀਵਾਂ ਆਪਣਾ ਕੀਤਾ ਲੈਣਾ ਭਰ, ਪਰਗਟ ਹੋਏ ਨਿਹਕਲੰਕ ਨਰਾਇਣ ਨਰ, ਲੋਕਮਾਤ ਵੱਜੀ ਵਧਾਈਆ । ਹਰਿਜਨ ਜਾਏ ਸਰਨੀ ਪੜ, ਪੰਜਾਂ ਚੋਰਾਂ ਨਾਲ ਲੜ, ਪੁਰਖ ਅਬਿਨਾਸ਼ੀ ਲਏ ਫੜ, ਏਕਾ ਅੱਖਰ ਜਗਤ ਵਖਰ ਰਿਹਾ ਪੜ੍ਹਾਈਆ । ਨਾ ਕੋਈ ਸੀਸ ਨਾ ਕੋਈ ਧੜ, ਗੁਰਮੁਖ ਵੇਖੇ ਅੰਦਰ ਵੜ, ਜੋਤੀ ਖੇਲ ਹਰਿ ਰਘੁਰਾਈਆ । ਦਸਮ ਦਵਾਰੀ ਬੈਠਾ ਚੜ੍ਹ, ਕੋਈ ਨਾ ਸਕੇ ਮਾਤ ਫੜ, ਨੌਂ ਦਵਾਰੇ ਸਰਬ ਹਲਕਾਈਆ । ਸਾਚੇ ਘਾੜਨ ਰਿਹਾ ਘੜ, ਬੇਮੁਖ ਜੀਵ ਜਾਣ ਝੜ, ਸਦੀ ਚੌਧਵੀਂ ਦਏ ਦੁਹਾਈਆ । ਲੱਖ ਚੁਰਾਸੀ ਲਏ ਫੜ, ਅਗਨ ਜੋਤ ਜਾਣ ਸੜ, ਕਲਜੁਗ ਕਾਲਖ ਮੱਥੇ ਲਾਈਆ । ਗੁਰਮੁਖ ਸਾਚੇ ਸੰਤ ਸੁਹੇਲ, ਦਰਗਾਹ ਸਾਚੀ ਸਾਚੇ ਮੇਲੇ, ਸਾਚੀ ਬਣਤ ਹਰਿ ਬਣਾਈਆ । ਅਚਰਜ ਖੇਲ ਹਰਿ ਜੀ ਖੇਲੇ, ਆਪੇ ਗੁਰ ਆਪੇ ਚੇਲੇ, ਧਰਮ ਰਾਏ ਦੀ ਕਟੇ ਜੇਲੇ, ਲੱਖ ਚੁਰਾਸੀ ਫੰਦ ਕਟਾਈਆ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਲੋਕਮਾਤ ਹਰਿ ਜੋਤ ਧਰ, ਆਪਣਾ ਭੇਵ ਰਿਹਾ ਛੁਪਾਈਆ । ਆਪਣਾ ਭੇਵ ਆਪ ਛੁਪਾਇਆ । ਦੇਵੀ ਦੇਵ ਕਿਸੇ ਦਿਸ ਨਾ ਆਇਆ । ਹਰਿਜਨ ਵਿਰਲਾ ਲਾਏ ਸੇਵ, ਆਪ ਆਪਣੀ ਦਇਆ ਕਮਾਇਆ । ਗੁਰਮੁਖ ਵਿਰਲਾ ਗਾਏ ਰਸਨਾ ਜਿਹਵ, ਸੋਹੰ ਸਾਚਾ ਸ਼ਬਦ ਪੜ੍ਹਾਇਆ । ਅੰਮ੍ਰਿਤ ਆਤਮ ਫਲ ਖਵਾਏ ਸਾਚਾ ਮੇਵ, ਪੁਰੀਆਂ ਲੋਆਂ ਕਿਸੇ ਹੱਥ ਨਾ ਆਇਆ । ਪੁਰਖ ਅਬਿਨਾਸ਼ੀ ਅਲਖ ਅਭੇਵ, ਘਟ ਘਟ ਵਾਸਾ ਜੋਤ ਪਰਕਾਸ਼ਾ ਇਕ ਕਰਾਇਆ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਆਪ ਆਪਣਾ ਸੰਗ ਨਿਭਾਇਆ । ਕਲਜੁਗ ਕਾਲੇ ਸੰਗ ਆਪ ਨਿਭਾਇੰਦਾ । ਇਕ ਚਲੇ ਅਵੱਲੜੀ ਚਾਲੇ, ਸ਼ਬਦ ਘੋੜੇ ਤੰਗ ਕਸਾਇੰਦਾ । ਫਲ ਦਿਸੇ ਨਾ ਕਿਸੇ ਡਾਲ੍ਹੇ, ਉਚੇ ਮੰਦਰ ਹਰਿ ਜੀ ਢਾਹਿੰਦਾ । ਜਨ ਭਗਤਾਂ ਤੋੜੇ ਜਗਤ ਜੰਜਾਲੇ, ਆਪ ਆਪਣੀ ਗੋਦ ਉਠਾਇੰਦਾ । ਚਰਨ ਪ੍ਰੀਤੀ ਨਿਭੇ ਨਾਲੇ, ਦੀਪਕ ਜੋਤੀ ਤਨ ਜਗਾਇੰਦਾ ।

ਕਾਇਆ ਮੰਦਰ ਇਕ ਵਖਾਲੇ, ਸੱਚਾ ਧਰਮ ਅਨਹਦ ਸ਼ਬਦ ਧੁਨ ਉਪਜਾਇੰਦਾ । ਤਨ ਪਹਿਨਾਏ ਸਾਚਾ ਸ਼ਬਦ ਸਾਚੀ ਮਾਲੇ, ਧੁਰ ਦਰਗਾਹੀ ਗੁੰਦ ਲਿਆਇੰਦਾ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਤੀਨ ਲੋਕ ਜਗਤ ਧੁੰਦ ਅੰਧ ਅੰਧਿਆਰ ਕਰ ਪਸਾਰ ਵਿਚ ਸੰਸਾਰ, ਆਪਣਾ ਪੜਦਾ ਪਾਇੰਦਾ । ਮਾਇਆ ਪੜਦਾ ਪਾਏ ਹਰਿ ਬਲਵਾਨਿਆ । ਨਾ ਕੋਈ ਜਾਣੇ ਜੀਵ ਨਾਦਾਨ, ਭਰਮੇ ਭੁੱਲੇ ਜੀਵ ਨਾਦਾਨਿਆ । ਸਰਬ ਜੀਆਂ ਹਰਿ ਜਾਣੀ ਜਾਣ, ਘਟ ਘਟ ਵੇਖੇ ਵੇਖ ਵਖਾਣਿਆ । ਗੁਰਮੁਖ ਸਾਚੇ ਵੇਖੇ ਮਾਰ ਧਿਆਨ, ਲੱਖ ਚੁਰਾਸੀ ਨਾ ਮਾਤ ਪਛਾਨਿਆ । ਆਪ ਬਿਠਾਏ ਸ਼ਬਦ ਬਿਬਾਣ, ਉਡੇ ਉਡਾਵੇ ਵਾਲੀ ਦੋ ਜਹਾਨਿਆ । ਹੱਥ ਫੜਾਏ ਧਰਮ ਨਿਸ਼ਾਨ, ਚਾਰ ਕੁੰਟ ਦਹਿ ਦਿਸ਼ਾ ਵੇਖ ਵਖਾਨਿਆ । ਪੁਰੀਆਂ ਲੋਆਂ ਇਕ ਗਿਆਨ, ਸੁਰਪਤ ਰਾਜਾ ਇੰਦ ਕਰੋੜ ਤੇਤੀਸਾ ਹੋਏ ਹੈਰਾਨਿਆ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਛੋਟੇ ਬਾਲੇ ਕਰ ਤਿਆਰ, ਨਰ ਹਰਿ ਸੱਚੀ ਸਰਕਾਰ, ਦੇਵੇ ਮਾਣ ਭਗਤ ਭਗਵਾਨ, ਆਪ ਮਿਟਾਵੇ ਆਵਣ ਜਾਣਿਆ । ਆਵਣ ਜਾਵਣ ਕਟ, ਭਰਮ ਨਿਵਾਰਿਆ । ਦੂਈ ਦਵੈਤੀ ਮੇਟੇ ਫਟ, ਕਰਮ ਵਿਚਾਰਿਆ । ਜੋਤੀ ਜਗੇ ਕਾਇਆ ਮੱਟ, ਵਸੇ ਘਟ ਘਟ ਹਰਿ ਨਿਰੰਕਾਰਿਆ । ਜਗੇ ਦੀਪਕ ਘਟ ਘਟ, ਖੁਲ੍ਹੇ ਧਰਮ ਸਾਚਾ ਹੱਟ, ਸੱਚਾ ਕਰੇ ਵਣਜ ਵਪਾਰਿਆ । ਏਕਾ ਨਾਮ ਰਸਨਾ ਚੱਟ, ਤਨ ਪਹਿਨਾਏ ਸ਼ਬਦ ਸਾਚਾ ਪੱਟ, ਗੁਰਮੁਖ ਲੈਣ ਲਾਹਾ ਖੱਟ, ਏਕਾ ਮਿਲਿਆ ਤੀਰਥ ਤਟ, ਸਚ ਸਰੋਵਰ ਦਸਮ ਦਵਾਰਿਆ । ਲੱਖ ਚੁਰਾਸੀ ਹੋਈ ਭਠ, ਕਲਜੁਗ ਕਾਇਆ ਮੀਠਾ ਮੱਠ, ਅੱਠ ਸੱਠ ਤੀਰਥ ਗਏ ਨਠ, ਗੰਗਾ ਗੋਦਾਵਰੀ ਮਾਣ ਗਵਾ ਰਿਹਾ । ਆਪ ਗਿੜਾਏ ਉਲਟੀ ਲੱਠ, ਸਤਿਜੁਗ ਸਾਚੇ ਤੇਰੀ ਚੱਠ, ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਲੋਕਮਾਤ ਮਾਰ ਝਾਤ ਬੈਠ ਇਕਾਂਤ ਆਪੇ ਆਪ ਕਰਾ ਰਿਹਾ । ਬੈਠਾ ਇਕ ਇਕਾਤ ਖੇਲ ਰਚਾਈਆ । ਹਰਿਜਨ ਦੇਵੇ ਅੰਮ੍ਰਿਤ ਬੂੰਦ ਸਵਾਂਤ, ਕਾਇਆ ਠੰਡੀ ਠਾਰ ਕਰਾਈਆ । ਵੇਲੇ ਅੰਤਮ ਪੁਛੇ ਵਾਤ, ਚਿੱਟੇ ਅਸਵ ਤੰਗ ਕਸਾਈਆ । ਕਲਜੁਗ ਵੇਖੇ ਅੰਧੇਰੀ ਰਾਤ, ਸੋਹੰ ਬੱਤੀ ਇਕ ਜਗਾਈਆ । ਪਰਗਟ ਹੋਏ ਵਿਚ ਮਾਤ, ਝੂਠੇ ਜੁਗ ਮਿਲੇ ਵਡਿਆਈਆ । ਕਰੇ ਖੇਲ ਬਹੁ ਬਹੁ ਭਾਂਤ, ਗੁਰ ਗੋਬਿੰਦਾ ਲੇਖ ਲਿਖਾਈਆ । ਮੇਟ ਮਿਟਾਏ ਜ਼ਾਤ ਪਾਤ, ਊਚਾਂ ਨੀਚਾਂ ਭੇਵ ਚੁਕਾਈਆ । ਏਕਾ ਸ਼ਬਦ ਪਿਲਾਏ ਸੀਰਥ, ਵੇਦ ਪੁਰਾਨ ਦਏ ਦੁਹਾਈਆ । ਨਾਮ ਨਿਰੰਜਣ ਸਾਚਾ ਰਾਥ, ਗੁਰਮੁਖ ਸਾਚੇ ਰਿਹਾ ਚੜ੍ਹਾਈਆ । ਕਲਜੁਗ ਕਾਲਾ ਟਿਕਾ ਮਸਤਕ ਮਾਥ, ਖਾਣੀ ਬਾਣੀ ਮਾਤ ਕੁਰਲਾਈਆ । ਈਸਾ ਮੂਸਾ ਸੰਗ ਮੁਹੰਮਦ ਨਾ ਦੇਵੇ ਸਾਥ, ਚਾਰ ਯਾਰਾਂ ਵਕਤ ਚੁਕਾਈਆ । ਪਰਗਟ ਹੋਏ ਤ੍ਰੈਲੋਕੀ ਨਾਥ, ਅੰਜੀਲ ਕੁਰਾਨਾਂ ਪਾਏ ਫਾਹੀਆ । ਜਨ ਭਗਤ ਨਿਭਾਏ ਸਗਲਾ ਸਾਥ, ਸੱਜਣ ਸੁਹੇਲਾ ਆਪ ਅਖਵਾਈਆ । ਸਤਿਜੁਗ ਸਾਚੇ ਤੇਰੀ ਗਾਥ, ਸੋਹੰ ਸ਼ਬਦ ਮਿਲੇ ਵਡਿਆਈਆ । ਭਾਣਾ ਰੱਖੇ ਆਪਣੇ ਹਾਥ, ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਰਿਹਾ ਹਿਲਾਈਆ । ਅੰਤਮ ਸੀਆਂ ਸਾਢੇ ਤਿੰਨ ਤਿੰਨ ਹੱਥ, ਸਿੰਘ ਮਨਜੀਤੇ ਵੰਡ ਵੰਡਾਈਆ । ਜੋਤੀ ਜਾਮਾ ਘਰ ਦਸਰਥ, ਕ੍ਰਿਸ਼ਨਾ ਕਾਹਨਾ ਖੇਲ ਰਚਾਈਆ । ਸਗਲ ਵਸੂਰੇ ਜਾਣ ਲਾਥ, ਸਤਿ ਪੁਰਖ ਨਿਰੰਜਣ ਜੋ ਜਨ ਦਰਸ਼ਨ ਪਾਈਆ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਲੋਕਮਾਤ ਹਰਿ ਜੋਤ ਧਰ, ਸਾਧ ਸੰਤ ਰਿਹਾ ਜਗਾਈਆ । ਸਾਧ ਸੰਤ ਦਇਆ ਕਮਾਏ ਆਪ ਜਗਾਇੰਦਾ । ਕਲਜੁਗ ਮਾਇਆ ਪਾਏ ਬੇਅੰਤ, ਭਰਮੇ ਭਰਮ ਭੁਲਾਇੰਦਾ । ਨਾ ਕੋਈ ਜਾਣੇ ਜੀਵ ਜੰਤ, ਸ਼ਬਦ ਡੰਕ ਨਾ ਕੋਈ ਵਜਾਇੰਦਾ । ਭੁੱਲੇ ਰੁੱਲੇ ਰਾਓ ਰੰਕ, ਪਰਗਟ

ਹੋਏ ਵਾਸੀ ਪੁਰੀ ਘਨਕ, ਸ਼ਬਦ ਦਮਾਮਾ ਇਕ ਵਜਾਇੰਦਾ । ਹਰਿ ਭਗਤ ਵਡਿਆਈ ਜਿਉਂ ਜਨ ਜਨਕ, ਦਵਾਰ ਬੰਕ ਮਾਤ ਪਰਗਟਾਇੰਦਾ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਆਪਣੇ ਭਾਣੇ ਆਪ ਰਹਾਇੰਦਾ । ਆਪਣੇ ਭਾਣੇ ਆਪ ਸਮਾਏ ਸਮਰੱਥਿਆ । ਸਾਚੀ ਰਚਨਾ ਰਿਹਾ ਰਚਾਏ, ਬੀਸ ਇਕੀਸਾ ਹਰਿ ਰਘੁਰਾਏ, ਲੱਖ ਚੁਰਾਸੀ ਮਥਨ ਮਥਿਆ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਪੂਰਨ ਕਾਮਾ ਆਪ ਕਰਾਏ ਰਾਜ ਰਾਜਾਨਾਂ ਪਾਏ ਨੱਥਿਆ । ਸ਼ਬਦ ਘੋੜਾ ਇਕ ਰਖਾਏ, ਜੁੜਿਆ ਜੋੜਾ ਹਰਿ ਸਰਨਾਏ, ਮਹਿੰਮਾ ਅਕੱਥ ਕਥਨ ਅਕਥਿਆ । ਕਲਜੁਗ ਵਕਤ ਰਹਿ ਗਿਆ ਥੋੜਾ, ਮਾਇਆ ਰਾਣੀ ਦਏ ਦੁਹਾਏ ਧੁਰ ਦਰਗਾਹੀ ਆਇਆ ਦੌੜਾ, ਨਿਹਕਲੰਕੀ ਜੋਤ ਪਰਗਟਾਏ । ਗਗਨ ਪਤਾਲੀ ਏਕਾ ਗੇੜਾ, ਨਾ ਕੋਈ ਜਾਣੇ ਲੰਬਾ ਚੌੜਾ, ਦਿਸ ਕਿਸੇ ਨਾ ਆਏ । ਪਰਗਟ ਹੋਇਆ ਬ੍ਰਾਹਮਣ ਗੌੜਾ, ਕਲਜੁਗ ਵੇਲੇ ਅੰਤਮ ਬਹੁੜਾ, ਵੇਦ ਵਿਆਸਾ ਗਿਆ ਲਿਖਾਏ । ਆਪੇ ਵੇਖੇ ਮਿਠਾ ਕੌੜਾ, ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਕਲਜੁਗ ਕਾਇਆ ਕੌੜਾ ਰੀਠਾ, ਅੰਤਮ ਭੰਨ ਵਖਾਏ । ਕਲਜੁਗ ਕਾਲੀ ਧਾਰ, ਮਨ ਬੌਰਾਨਿਆ । ਮੂਰਖ ਮੁਗਧ ਗਵਾਰ ਜੀਵ ਪਛਾਨਿਆ । ਪੰਜ ਤੱਤਾਂ ਕਰਨ ਪਿਆਰ, ਏਕਾ ਮਿਲਿਆ ਪੁਰਖ ਸੁਜਾਨਿਆ । ਨਾ ਕੋਈ ਦੇ ਸਮਝਾਵੇ ਮਤਾ, ਪੰਡਤ ਪਾਂਧੇ ਪੜ੍ਹ ਪੜ੍ਹ ਥੱਕੇ ਵੇਦ ਪੁਰਾਨਿਆ । ਨਾ ਕੋਈ ਧੀਰਜ ਨਾ ਕੋਈ ਜਤਾ, ਗ੍ਰੰਥੀ ਪੰਥੀ ਬੇਮੁਹਾਨਿਆ । ਅੱਲਾ ਰਾਣੀ ਸਿਰ ਉਠਾਇਆ ਪਾਪਾਂ ਭੱਤਾ, ਭੁੱਖੀ ਹੋਈ ਅੰਜੀਲ ਕੁਰਾਨਿਆ । ਚਾਰੋਂ ਕੁੰਟ ਪਾਣੀ ਤੱਤਾ, ਕਲਜੁਗ ਕਹਿਰ ਅੰਤ ਵਰਤਾਨਿਆ । ਪਰਗਟ ਹੋਏ ਕਮਲਾਪਾਤਾ, ਜੋਤੀ ਜਾਮਾ ਸ੍ਰੀ ਭਗਵਾਨਿਆ । ਲੱਖ ਚੁਰਾਸੀ ਸਬਰ ਲਥਾ, ਮਾਰੇ ਤੀਰ ਸ਼ਬਦ ਨਿਸ਼ਾਨਿਆ । ਲਾੜੀ ਮੌਤ ਉਠਾਏ ਕੰਧੀ ਭੱਥਾ, ਵਿੰਨ੍ਹੀ ਜਾਏ ਰਾਜ ਰਾਜਾਨਿਆ । ਪ੍ਰਭ ਅਬਿਨਾਸ਼ੀ ਫੜ ਫੜ ਪਾਏ ਨੱਥਾ, ਵਡ ਵਡੇ ਸ਼ਾਹ ਸੁਲਤਾਨਿਆ । ਦੂਸਰ ਕੋਈ ਨਾ ਦਿਸੇ ਪਤਾ, ਦਹਿ ਦਿਸ਼ਾ ਹੋਏ ਵੈਰਾਨਿਆ । ਏਕਾ ਸ਼ਬਦ ਚਲੇ ਸਾਚੀ ਕੱਥਾ, ਰਾਗ ਛਤੀਸ ਵਕਤ ਚੁਕਾਨਿਆ । ਗੁਰਦਵਾਰਾ ਮੰਦਰ ਨਾ ਕੋਈ ਟੇਕੇ ਮਥਾ, ਆਤਮ ਹੀਣ ਬੇਈਮਾਨੀਆ । ਪਰਗਟ ਹੋਏ ਹਰਿ ਸਮਰਥਾ, ਨਰ ਨਰਾਇਣ ਬਲੀ ਬਲਵਾਨਿਆ । ਸ਼ਬਦ ਕਟਾਰ ਫੱੜੇ ਹੱਥਾ, ਮਾਰੇ ਵਾਰੋ ਵਾਰੀ ਦੋ ਜਹਾਨਿਆ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਕਲਜੁਗ ਕਾਲਾ ਵੇਸ ਕਰ, ਤੋੜੇ ਮਾਣ ਜਗਤ ਅਭਿਮਾਨਿਆ । ਕਲਜੁਗ ਕਾਲਾ ਵੇਸ ਕਾਲਖ ਰੰਗਿਆ । ਜੋਤੀ ਜਾਮਾ ਮਾਝੇ ਦੇਸ, ਮੇਟ ਮਿਟਾਏ ਸ਼ਾਹ ਫਿਰੰਗੀਆ । ਆਪੇ ਨਰ ਹਰਿ ਨਰੇਸ਼, ਆਪੇ ਘੋੜੇ ਕਸੇ ਤੰਗਿਆ । ਚਾਰ ਵਰਨਾਂ ਦਰ ਦਰਵੇਸ਼, ਬਣ ਭਿਖਾਰਾ ਨਾਮ ਦਾਨ ਏਕਾ ਮੰਗਿਆ । ਆਪੇ ਰੱਖੇ ਖੁਲ੍ਹੇ ਕੇਸ, ਖੜ੍ਹੇ ਦਰ ਬ੍ਰਹਮਾ ਮਹੇਸ਼ ਵਿਸ਼ਨੂੰ ਗਣੇਸ਼, ਸੋਹੰ ਵਜੇ ਢੋਲ ਮਰਦੰਗਿਆ । ਕਿਸੇ ਨਾ ਚਲੇ ਕੋਈ ਪੇਸ਼, ਦਰ ਦਵਾਰਾ ਕੋਈ ਨਾ ਲੰਘਿਆ । ਨਾ ਕੋਈ ਮਨਾਏ ਗਣਪਤ ਗਣੇਸ਼, ਸ਼ਿਵਦਵਾਲੇ ਭੁੱਖ ਨੰਗਿਆ । ਜੋਤੀ ਜਾਮਾ ਹਰਿ ਪਰਵੇਸ਼, ਦੇਵੇ ਦਰਸ ਦਾਨ ਮੂੰਹੋਂ ਮੰਗਿਆ । ਬਾਲ ਅਵਸਥਾ ਅਲ੍ਹੜ ਵਰੇਸ, ਵਡ ਦਾਤਾ ਸੂਰਾ ਸਰਬਗਿਆ । ਜੋਤੀ ਜਗਦੀ ਰਹੇ ਹਮੇਸ਼, ਅੰਮ੍ਰਿਤ ਧਾਰ ਵਹਾਏ ਆਤਮ ਸਾਚੀ ਗੰਗਿਆ । ਆਪੇ ਵੇਖੇ ਜੀਓ ਪਿੰਡ ਸਾਚਾ ਦੇਸ, ਦਸਮ ਦਵਾਰੇ ਮੂਲ ਨਾ ਸੰਗਿਆ । ਕਲਜੁਗ ਜੀਵ ਲੱਭਦੇ ਫਿਰਨ ਸ੍ਰੀ ਦਸਮੇਸ਼, ਬਣ ਅਕਾਲੀ ਕੋਈ ਨਿਹੰਗਿਆ । ਸਤਿ ਪੁਰਖ ਕੋ ਸਦਾ ਆਦੇਸ, ਪਰਗਟ ਹੋਏ ਮਾਝੇ ਦੇਸ, ਹੋਏ ਸਹਾਈ ਅੰਗ ਸੰਗਿਆ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਆਪੇ ਵੇਖੇ ਪਰਖੇ ਮਾੜੇ ਚੰਗਿਆ ।


੨੩੫
੦੫

ਆਪੇ ਪਰਖੇ ਹਰਿ ਦਲਾਲ, ਗੁਰਮੁਖ ਸਾਚੇ ਸਾਚੇ ਲਾਲ । ਬੇਮੁਖ ਜੀਵ ਭਾਂਡੇ ਕਾਚੇ, ਪੰਜਾਂ ਤੱਤਾਂ ਝੂਠੀ ਖਾਲ । ਮਾਨਸ ਦੇਹੀ ਬੰਦਰ ਨਾਚੇ, ਸ਼ਬਦ ਨਾ ਵੱਜੇ ਸੱਚਾ ਤਾਲ । ਆਤਮ ਤ੍ਰਿਸ਼ਨਾ ਲੱਗੀ ਆਂਚੇ, ਅਠੇ ਪਹਿਰ ਰਹਿਣ ਕੰਗਾਲ । ਹਰਿ ਹਰਿ ਨਾਮ ਸਾਚੋ ਸਾਚੇ, ਨਾ ਮੰਗੇ ਕੋਈ ਕਰ ਸਵਾਲ । ਪੁਰਖ ਅਗੰਮਾ ਨਾ ਕੋਈ ਵਾਚੇ, ਫਲ ਨਾ ਦਿਸੇ ਕਿਸੇ ਡਾਲ੍ਹ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਲੋਕਮਾਤ ਹਰਿ ਜੋਤ ਧਰ, ਏਕਾ ਮਾਰੇ ਸ਼ਬਦ ਉਛਾਲ । ਸ਼ਬਦ ਉਛਲ ਹਰਿ ਭਗਵਾਨਿਆ । ਆਪੇ ਵੇਖੇ ਸ਼ਾਹ ਕੰਗਾਲ, ਵਿਚ ਜਹਾਨਿਆ । ਕਵਣ ਦਵਾਰੇ ਵੱਜੇ ਤਾਲ, ਅਨਹਦ ਧੁਨੀ ਨਾਦ ਧੁਨਕਾਨਿਆ । ਲੇਖੇ ਲੱਗੇ ਕਾਇਆ ਮਾਟੀ ਖਾਲ, ਹਰਿ ਨਰ ਜਿਸ ਪਛਾਨਿਆ । ਅੰਮ੍ਰਿਤ ਆਤਮ ਮਾਰੇ ਛਾਲ, ਦੁਰਮਤ ਮੈਲ ਦੂਰ ਕਰਾਨਿਆ । ਨਾਮ ਅਨਮੁਲੜਾ ਲਏ ਭਾਲ, ਜਗੇ ਜੋਤ ਜਗਤ ਮਹਾਨਿਆ । ਦੀਪਕ ਜੋਤੀ ਮਸਤਕ ਸਾਚੇ ਥਾਲ, ਮਿਲੇ ਮੇਲ ਸਾਚੇ ਸ੍ਰੀ ਭਗਵਾਨਿਆ । ਏਕਾ ਮਿਲੇ ਨਾਮ ਦਲਾਲ, ਸਾਚਾ ਮੇਲ ਮਿਲਾਨਿਆ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਦਰਗਾਹ ਸਾਚੀ ਸਾਚੇ ਘਰ ਗੁਰਮੁਖ ਸਾਚੇ ਆਪੇ ਆਪ ਬਹਾਨਿਆ । ਦਰਗਾਹ ਸਾਚੀ ਸਚ ਦਵਾਰ । ਦਰਗਾਹ ਸਾਚੀ ਅੱਠੇ ਪਹਿਰ ਏਕਾ ਲਹਿਰ ਸਦਾ ਸੁਹੇਲਾ ਖ਼ਬਰਦਾਰ । ਨਾ ਕੋਈ ਆਏ ਐਰ ਗੈਰ, ਸਤਿ ਸਤਿਵਾਦੀ ਵਸੇ ਸ਼ਹਿਰ, ਮਿਲੇ ਮੇਲ ਮੀਤ ਮੁਰਾਰ । ਜਗੇ ਜੋਤੀ ਗਹਿਰ ਗੰਭੀਰ ਨਾ ਕੋਈ ਪੁਰਖ ਨਾ ਕੋਈ ਨਾਰ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਲੋਕਮਾਤ ਹਰਿ ਜੋਤ ਧਰ, ਕਰੇ ਖੇਲ ਕਲਜੁਗ ਅੰਤਮ ਵਾਰ । ਕਲਜੁਗ ਤੇਰੀ ਅੰਤਮ ਵਾਰ, ਕਰੇ ਖੇਲ ਹਰਿ ਨਿਰੰਕਾਰਿਆ । ਜੋਤੀ ਜਾਮਾ ਭੇਖ ਅਪਾਰ, ਗੁਰਮੁਖਾਂ ਕਰੇ ਪਿਆਰਿਆ । ਲੱਖ ਚੁਰਾਸੀ ਪਾਏ ਸਾਰ, ਅੰਦਰੇ ਅੰਦਰ ਵੇਖ ਵਖਾ ਰਿਹਾ । ਲੇਖਾ ਲਿਖੇ ਹਰਿ ਦਵਾਰ, ਕਾਇਆ ਮੰਦਰ ਅੰਦਰ ਜੰਦਰ ਆਪ ਤੁੜਾ ਰਿਹਾ । ਸ਼ਬਦ ਸਰੂਪੀ ਮਹੱਲ ਉਸਾਰ, ਆਤਮ ਸੇਜਾ ਇਕ ਸੁਹਾ ਰਿਹਾ । ਸੁੱਤਾ ਰਹੇ ਪੈਰ ਪਸਾਰ, ਦਿਵਸ ਰੈਣ ਦਿਸ ਕਿਸੇ ਨਾ ਆ ਰਿਹਾ । ਨੌਂ ਦਵਾਰੇ ਵਸੇ ਬਾਹਰ, ਕਲਜੁਗ ਜੀਵ ਭਰਮ ਆਪ ਭੁਲਾ ਰਿਹਾ । ਦਸਵੇਂ ਮੇਲਾ ਮੀਤ ਮੁਰਾਰ, ਇਕ ਇਕੇਲਾ ਧਾਮ ਸੁਹਾ ਰਿਹਾ । ਪੁਰਖ ਅਬਿਨਾਸ਼ੀ ਸਾਚੀ ਕਾਰ, ਗੁਰਮੁਖ ਸਾਚੀ ਨਾਰ ਆਪ ਬਣਾ ਰਿਹਾ । ਨਾਰ ਭਤਾਰਾ ਕਰ ਪਿਆਰ, ਸ਼ਬਦ ਸ਼ਿੰਗਾਰਾ ਤਨ ਕਰਾ ਰਿਹਾ । ਸਾਚਾ ਪਾਏ ਫੂਲਨ ਹਾਰ, ਗਣ ਗੰਧਰਬ ਬਰਖਾ ਲਾ ਰਿਹਾ । ਪਵਣ ਉਨੰਜਾ ਛਤਰ ਝੁਲਾਰ, ਹਰਿ ਜਗਦੀਸਾ ਬੀਸ ਇਕੀਸਾ ਸੀਸ ਸੁਹਾ ਰਿਹਾ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਜੋਤੀ ਜਾਮਾ ਭੇਖ ਧਰ, ਮਾਇਆ ਭਰਮ ਜਗ ਭੁੱਲਾ ਰਿਹਾ । ਮਾਇਆ ਭਰਮ ਭੁਲਾਏ, ਵਿਚ ਜਹਾਨਿਆ । ਮਾਨਸ ਦੇਹੀ ਜਨਮ ਗਵਾਏ, ਸ਼ਾਹ ਸੁਲਤਾਨਿਆ । ਸਾਧਾਂ ਸੰਤਾਂ ਦਏ ਸਜਾਏ, ਹੋਏ ਅਭਿਮਾਨਿਆ । ਜੂਠੇ ਝੂਠੇ ਦਏ ਮਿਟਾਏ ਵੇਲੇ ਅੰਤ ਮੇਟੇ ਨਿਸ਼ਾਨਿਆ । ਖਾਲੀ ਹੱਥ ਫੜਾਏ ਠੂਠੇ, ਦਰ ਮੰਗਣ ਸੇਠ ਸਿਠਾਣਿਆ । ਗੁਰਮੁਖ ਆਪ ਮਨਾਏ ਰੂਠੇ, ਦੇਵੇ ਸ਼ਬਦ ਬ੍ਰਹਮ ਗਿਆਨਿਆ । ਆਤਮ ਰਸ ਸਦਾ ਸੁਖ ਅਨੂਠੇ, ਉਪਜੇ ਧੁਨ ਅਨਾਹਦ ਬਾਨੀਆ । ਮਾਤਾ ਕੁੱਖ ਨਾ ਲਟਕੇ ਪੁੱਠੇ, ਲੱਖ ਚੁਰਾਸੀ ਫੰਦ ਕਟਾਨਿਆ । ਪੁਰਖ ਅਬਿਨਾਸ਼ੀ ਸਾਚਾ ਤੁੱਠੇ, ਜਗੇ ਜੋਤ ਵਿਚ ਜਹਾਨਿਆ । ਹਰਿ ਸੰਤ ਮੇਲੇ ਏਕਾ ਮੁੱਠੇ, ਦੇਵੇ ਮਾਣ ਚਰਨ ਧਿਆਨਿਆ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਭਾਣਾ ਸਾਚਾ ਰਾਣਾ ਆਪਣੇ ਹੱਥ ਰਖਾਨਿਆ । ਤਨ ਤੀਰਥ ਆਤਮ ਇਸ਼ਨਾਨ । ਹਰਿ ਸ਼ਬਦ

੨੩੬ ੦੫

ਸੀਰਥ ਬ੍ਰਹਮ ਗਿਆਨ । ਪ੍ਰੇਮ ਨੀਰਥ ਗੁਰ ਮੇਲ ਮਿਲਾਨ । ਨਾ ਕੋਈ ਵੇਖੇ ਸ਼ਾਹ ਹਕੀਰਥ, ਊਚ ਨੀਚ ਨਾ ਰਾਜ ਰਾਜਾਨ । ਜੋਤੀ ਜੋਤ ਸਰੂਪ ਹਰਿ, ਏਕਾ ਜੋਤ ਨਾ ਕੋਈ ਵਰਨ ਨਾ ਕੋਈ ਗੋਤ ਵਾਲੀ ਦੋ ਜਹਾਨ । ਸ਼ਬਦ ਸੀਸ ਤਾਜ ਸ਼ਿੰਗਾਰ । ਜਗਤ ਜਗਦੀਸ ਵਿਚ ਸੰਸਾਰ । ਮਾਇਆ ਰਾਣੀ ਰਹੀ ਪੀਸ, ਲੱਖ ਚੁਰਾਸੀ ਹੋਈ ਵਿਭਚਾਰ । ਨਾ ਕੋਈ ਕੁਰਾਨ ਨਾ ਕੋਈ ਹਦੀਸ, ਵੇਦ ਪੁਰਾਨ ਪੈਂਦੀ ਮਾਰ । ਕਵਣ ਕਰੇ ਪ੍ਰਭ ਤੇਰੀ ਰੀਸ, ਖਾਣੀ ਬਾਣੀ ਗਈ ਹਾਰ । ਏਕਾ ਛਤਰ ਝੁੱਲੇ ਹਰਿ ਜਗਦੀਸ, ਪਵਣ ਉਨੰਜਾ ਛਤਰ ਝੁਲਾਰ । ਲੇਖਾ ਚੁੱਕੇ ਬੀਸ ਇਕੀਸ, ਅਵਤਾਰ ਚੌਬੀਸ ਨਿਹਕਲੰਕ ਨਰਾਇਣ ਨਰ ਅਵਤਾਰ । ਜੋਤੀ ਜੋਤ ਸਰੂਪ ਹਰਿ, ਆਪਣੇ ਰੰਗ ਵਸੇ, ਪੁਰੀਆਂ ਲੋਆਂ ਏਕਾ ਰਾਹ ਦੱਸੇ, ਨੌਂ ਖੰਡ ਵੰਡ ਬ੍ਰਹਿਮੰਡ ਪਾਏ ਸਾਰ । ਪਾਏ ਸਾਰ ਸਰਬ ਘਟ ਵਾਸੀਆ । ਜੁਗਾ ਜੁਗੰਤਰ ਕਰ ਵਿਚਾਰ, ਧਰੇ ਜੋਤ ਪੁਰਖ ਅਬਿਨਾਸ਼ੀਆ । ਆਵੇ ਜਾਵੇ ਵਾਰੋ ਵਾਰ, ਵਡ ਸ਼ਾਹੋ ਸ਼ਾਹ ਸ਼ਾਬਾਸੀਆ । ਕਲਜੁਗ ਤੇਰੀ ਅੰਤਮ ਵਾਰ, ਜੋਤੀ ਜਗੇ ਘਨਕਪੁਰ ਵਾਸੀਆ । ਨਿਰਮਲ ਜੋਤ ਕਰ ਅਕਾਰ, ਜਨ ਭਗਤਾਂ ਕਰੇ ਬੰਦ ਖੁਲਾਸੀਆ । ਦੇਵੇ ਸ਼ਬਦ ਅਪਰ ਅਪਾਰ, ਸੋਹੰ ਧੀਰ ਹਰਿ ਧਰਾਸੀਆ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਚਰਨ ਸਰਨ ਇਕ ਰਖਾਏ, ਵਰਨ ਬਰਨ ਆਪ ਹੋ ਜਾਏ, ਜਨ ਭਗਤਾਂ ਕਰੇ ਮਾਨਸ ਦੇਹੀ ਰਹਿਰਾਸੀਆ । ਮਾਨਸ ਜਨਮ ਸਵਾਰ, ਸ਼ਬਦ ਜਣਾਈਆ । ਕੋਟਨ ਕੋਟ ਭਰਮ ਨਿਵਾਰ, ਆਤਮ ਤ੍ਰਿਖਾ ਹਰਿ ਬੁਝਾਈਆ । ਸ਼ਬਦ ਚੋਟ ਕਾਇਆ ਤਨ ਨਗਾਰ, ਅਨਹਦ ਤਾਲ ਇਕ ਰਖਾਈਆ । ਤੀਜੇ ਲੋਚਨ ਵੇਖ ਵਿਚਾਰ, ਦੇਵੇ ਦਰਸ ਆਪ ਰਘੁਰਾਈਆ । ਨੌਵੇਂ ਕਰੇ ਬੰਦ ਕਿਵਾੜ, ਦਸਵੇਂ ਜੋਤੀ ਇਕ ਜਗਾਈਆ । ਦਸਵੇਂ ਵੇਖ ਮਹੱਲ ਅਪਾਰ, ਪਾਰਬ੍ਰਹਮ ਪੁਰਖ ਪਸਾਰ, ਸਾਚੀ ਸੇਜਾ ਇਕ ਸੁਹਾਈਆ । ਗੁਰਮੁਖ ਸੁਹਾਗੀ ਸਾਚੀ ਨਾਰ, ਕੰਤ ਕੰਤੂਹਲਾ ਸ਼ਬਦ ਝੂਲਾ ਏਕਾ ਏਕ ਮਾਤ ਹੰਢਾਈਆ । ਆਪ ਚੁਕਾਏ ਅਗਲਾ ਪਿਛਲਾ ਮੂਲਾ, ਲੱਖ ਚੁਰਾਸੀ ਪਾਰ ਕਰਾਈਆ । ਨਾਮ ਸ਼ਬਦ ਸਚ ਤ੍ਰਿਸੂਲਾ, ਸ਼ਿਵ ਸ਼ੰਕਰ ਹੱਥ ਫੜਾਈਆ । ਪਰਗਟ ਹੋਏ ਦੂਲੋ ਦੂਲਾ, ਡੰਕ ਅੰਕ ਇਕ ਲਗਾਈਆ । ਦਰ ਦਵਾਰੇ ਆਏ ਜੋ ਜਨ ਭੂਲਾ, ਦਰਗਾਹ ਸਾਚੀ ਮੇਲ ਮਿਲਾਈਆ । ਹਰਿਜਨ ਲੋਕਮਾਤ ਫਲਿਆ ਫੂਲਾ, ਫੁੱਲ ਫੁਲਵਾੜੀ ਸਤਾਰਾਂ ਹਾੜੀ ਆਪ ਲਗਾਈਆ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਕਵਲ ਫੁੱਲ ਆਪ ਮਵਲ ਉਪਰ ਧਵਲ ਕ੍ਰਿਸ਼ਨਾ ਸਵਲ ਰੰਗ ਵਟਾਈਆ । ਲਾਲ ਰੰਗ ਰੰਗ ਮੁਰਾਰ । ਕਲਜੁਗ ਮੰਗੀ ਸਾਚੀ ਮੰਗ, ਪਰਗਟ ਹੋਏ ਵਿਚ ਸੰਸਾਰ । ਸ਼ਬਦ ਘੋੜੇ ਕਸ ਤੰਗ, ਸੋਹੰ ਪਹਿਨੇ ਤੇਜ਼ ਕਟਾਰ । ਚਿੱਟਾ ਅਸਵ ਮੰਗੇ ਮੰਗ, ਨਰ ਨਰਾਇਣ ਖ਼ਬਰਦਾਰ । ਧਰਮ ਜੈਕਾਰਾ ਇਕ ਮਰਦੰਗ, ਚਾਰੋਂ ਕੁੰਟ ਵੱਜੇ ਵਾਰੋ ਵਾਰ । ਆਪ ਨਿਭਾਏ ਆਪਣਾ ਸੰਗ, ਹਰਿਜਨ ਬਖ਼ਸ਼ੇ ਚਰਨ ਪਿਆਰ । ਗਊ ਗਰੀਬਾਂ ਕਟੇ ਭੁੱਖ ਨੰਗ, ਆਤਮ ਦਰ ਦਵਾਰੇ ਭਰੇ ਇਕ ਭੰਡਾਰ । ਵੇਖ ਵਖਾਣੇ ਸ਼ਾਹ ਸੁਲਤਾਨੇ ਜੀਵ ਮਹਾਨੇ ਸ਼ਾਹ ਫਰੰਗ, ਰੂਸਾ ਚੀਨਾ ਮੇਲ ਭਤਾਰ । ਕਲਜੁਗ ਔਧ ਗਈ ਲੰਘ, ਮਾਤ ਪਤਾਲੀ ਹਾਹਾਕਾਰ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਜੋਤੀ ਜਾਮਾ ਭੇਖ ਧਰ, ਕਰੇ ਖੇਲ ਵਿਸ਼ਨੂੰ ਭਗਵਾਨਿਆ, ਲੱਖ ਚੁਰਾਸੀ ਰਿਹਾ ਵਿਚਾਰ । ਵਿਸ਼ਨੂੰ ਭਗਵਾਨ ਭਰਮ ਭੁਲਾਈਆ । ਲੱਖ ਚੁਰਾਸੀ ਹੋਈ ਹੈਰਾਨ, ਕਵਣ ਜਾਮਾ ਕਵਣ ਰਾਮਾ, ਕਵਣ ਸ਼ਾਮਾ ਕਵਣ ਦਮਾਮਾ ਰਿਹਾ ਵਜਾਈਆ । ਵਿਸ਼ਨੂੰ ਅੰਸ ਨਾ ਆਵਣ ਜਾਣ, ਨਾ ਕੋਈ ਜਾਣੇ ਪੀਣ ਖਾਣ, ਅਚਰਜ ਖੇਲ ਹਰਿ ਰਚਾਈਆ । ਲੱਖ ਚੁਰਾਸੀ

ਪਾਏ ਏਕਾ ਆਣ, ਕਲਜੁਗ ਮਾਇਆ ਨੌਂ ਨਿਧ ਅਠਾਰਾਂ ਸਿਧ ਦਏ ਦੁਹਾਈਆ । ਨੌਂ ਅਠਾਰਾਂ ਭੇਵ ਮਿੱਟ ਜਾਣ, ਸਰਨ ਸਰਨਾਈ ਇਕ ਭਗਵਾਨ, ਵੇਦ ਅਥਰਬਣ ਸਾਰ ਨਾ ਪਾਈਆ । ਕਲਜੁਗ ਕਾਲਾ ਇਕ ਨਿਸ਼ਾਨ, ਬਰਨ ਅਠਾਰਾਂ ਕਰੇ ਪਛਾਨ, ਗੁਰਮੁਖ ਸਾਚੇ ਸੰਤ ਸੁਹੇਲੇ ਕਵਣ ਕੂਟੇ ਹਰਿ ਰਖਾਈਆ । ਹਰਿਜਨ ਜਨ ਹਰਿ ਸਰਨੀ ਡਿਗੇ ਆਣ, ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਬੇੜਾ ਰਿਹਾ ਮਾਤ ਬੰਨ੍ਹਾਈਆ । ਸਾਚਾ ਬੇੜਾ ਕਰ ਤਿਆਰ, ਹਰਿ ਕੰਧੇ ਆਪ ਉਠਾਇਆ ਏ । ਭਰਮੇ ਭੁਲੇ ਜੀਵ ਗਵਾਰ, ਪੰਜਾਂ ਚੋਰਾਂ ਘੇਰਾ ਪਾਇਆ ਏ । ਨਾ ਕੋਈ ਨਾਰੀ ਨਾ ਕੋਈ ਨਾਰ, ਨਾ ਕੋਈ ਕੰਤ ਨਾ ਕੋਈ ਭਤਾਰ, ਹਰਿ ਦਾਤਾਰ ਨਜ਼ਰ ਕਿਸੇ ਨਾ ਆਇਆ ਏ । ਜੂਠੇ ਝੂਠੇ ਜੀਵ ਗਵਾਰ, ਮਾਇਆ ਲੂਠੇ ਵਿਚ ਸੰਸਾਰ, ਕਾਇਆ ਭਾਂਡਾ ਖਾਲੀ ਠੂੱਠੇ ਖੈਰ ਬੰਦਗੀ ਕਿਸੇ ਨਾ ਪਾਇਆ ਏ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਤੇਰਾ ਕਾਲਾ ਵੇਸ, ਜਨ ਭਗਤਾਂ ਦਵਾਰੇ ਦਰ ਦਰਵੇਸ਼, ਆਪੇ ਨਰ ਆਪ ਨਰੇਸ਼, ਦਸ ਦਸਮੇਸ਼ ਜੋਤੀ ਰਿਹਾ ਜਗਾਇਆ ਏ । ਦਸਮੇਸ਼ ਦਹਿ ਦਿਸ਼ ਧਾਮ । ਚਾਰੋਂ ਕੁੰਟ ਰਿਹਾ ਨੱਸ, ਦਿਵਸ ਰੈਣ ਰਾਮਾ ਰਾਮ । ਅੱਠੇ ਪਹਿਰ ਰਿਹਾ ਝਸ, ਕਾਇਆ ਮਾਟੀ ਝੂਠਾ ਚਾਮ । ਗੁਰਮੁਖਾਂ ਰਿਹਾ ਹਿਰਦੇ ਵਸ, ਸੋਹੰ ਜਪਾਏ ਸਾਚਾ ਨਾਮ । ਪੰਚ ਪੰਚਾਇਣ ਜਾਏ ਨੱਸ, ਮਾਇਆ ਰਾਣੀ ਏਕਾ ਤਾਮ । ਸ਼ਬਦ ਮਾਰੇ ਤੀਰ ਕਸ, ਕੋਈ ਨਾ ਲਾਏ ਹਰਿ ਜੀ ਦਾਮ । ਆਤਮ ਪਿਆਏ ਅੰਮ੍ਰਿਤ ਨਿਝਰ ਰੱਸ, ਮੇਟ ਮਿਟਾਏ ਅੰਧੇਰੀ ਸ਼ਾਮ । ਜੋਤ ਪਰਕਾਸ਼ ਕੋਟ ਰਵ ਸਸ, ਏਕਾ ਏਕ ਹਰੀ ਹਰਿ ਨਾਮ । ਦਰਸ ਦਿਖਾਏ ਪਰਗਟ ਹੋਏ ਸਰੂਪ ਸਵੱਛ । ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰੂਪ ਸਵੱਛ । ਸਰੂਪ ਸਵੱਛ ਸਵੱਛ ਸਰੂਪਾ । ਭੇਵ ਜਾਣੇ ਮਛ ਕਛ, ਸ਼ਾਹ ਸੁਲਤਾਨ ਵਡ ਵਡ ਭੂਪਾ । ਗੁਰਮੁਖ ਜਗਾਏ ਨੱਸ ਨੱਸ, ਬੇਮੁਖਾਂ ਦਿਸ ਨਾ ਆਏ, ਨਾ ਕੋਈ ਰੰਗ ਨਾ ਕੋਈ ਰੂਪਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਜੋਤ ਨਿਰੰਜਣ ਪੁਰਖ ਅਬਿਨਾਸ਼ੀ ਸਤਿ ਸਰੂਪਾ । ਸਤਿ ਸਰੂਪ ਸਰਬ ਘਟ ਮੰਦਰ । ਪਵਣੀ ਧੂਪ ਜੋਤ ਉਜਾਲਾ ਗੁਰ ਗੋਪਾਲਾ ਅੰਦਰੇ ਅੰਦਰ । ਅੰਮ੍ਰਿਤ ਸੀਰ ਤੀਜਾ ਨੇਤਰ, ਅੰਮ੍ਰਿਤ ਜਲ ਧਾਰ ਡੂੰਘੀ ਕੰਦਰ । ਜਨ ਭਗਤਾਂ ਖੋਲ੍ਹੇ ਆਤਮ ਸੋਤ, ਲੱਖ ਚੁਰਾਸੀ ਭੌਂਦੀ ਬੰਦਰ । ਚੁੱਕੇ ਭੇਵ ਵਰਨ ਗੋਤ, ਮਿਲੇ ਮੇਲ ਨਿਰੰਜਣ ਜੋਤ, ਆਤਮ ਤੁੱਟੇ ਵੱਜਾ ਹੰਕਾਰੀ ਜੰਦਰ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਜੀਆਂ ਦੇ ਵਸੇ ਅੰਦਰ । ਮਨ ਚਰਨ ਲਗਨ ਹਰੀ ਦਵਾਰ । ਗੁਰ ਵਰਨਨ ਭੂਪਾ ਦਾਤਾਰ । ਜਨ ਜਨ ਜਨਣ ਦੇਵਣਹਾਰ ਸਰਬ ਸੰਸਾਰ । ਜੋਤੀ ਜੋਤ ਸਰੂਪ ਹਰਿ, ਆਦਿ ਅੰਤ ਜੁਗਾ ਜੁਗੰਤ ਭਗਤ ਭਗਵੰਤ ਸਾਧ ਸੰਤ ਸ਼ਬਦ ਰੱਖੇ ਭੇਵ ਗੁਝ, ਉਠਾਏ ਸ੍ਰੀ ਭਗਵਾਨਿਆ । ਗੁਰਮੁਖ ਸੁਹੇਲਾ ਇਕ ਇਕੇਲਾ ਚਰਨ ਪ੍ਰੀਤੀ ਗਿਆ ਲੁਝ, ਆਤਮ ਤ੍ਰਿਸ਼ਨਾ ਗਈ ਬੁਝ, ਮਿਲਿਆ ਮੇਲ ਹਰਿ ਸੱਜਣ ਸੁਹੇਲ ਵਿਚ ਜਹਾਨਿਆ । ਜੀਵ ਜੰਤ ਅਗਨ ਮਾਇਆ ਰਹੇ ਭੁੱਜ, ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਲੋਕਮਾਤ ਮਾਰ ਝਾਤ ਬੈਠ ਇਕਾਂਤ ਸਾਧ ਸੰਤ ਨਾ ਕਿਸੇ ਪਛਾਨਿਆ । ਸਾਧ ਸੰਤ ਨਾ ਕਰੇ ਵਿਚਾਰ । ਮਾਇਆ ਪਾਈ ਪ੍ਰਭ ਬੇਅੰਤ, ਮਾਇਆ ਰਾਣੀ ਚੁਕਿਆ ਭਾਰ । ਸ਼ਬਦ ਨਾ ਪਾਇਆ ਸਾਚਾ ਛੰਤ, ਮਿਲਿਆ ਮੇਲ ਨਾ ਕੰਤ ਭਤਾਰ । ਵੇਲੇ ਅੰਤ ਅੰਤ ਭਸਮੰਤ, ਉਡਦੀ ਫਿਰੇ ਸ਼ਾਰ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ


੨੩੮
੦੫

ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ ਦੇਵੇ ਸੱਚਾ ਨਾਮ ਧਨਾ, ਏਕਾ ਰਾਗ ਸੁਣਾਏ ਕੰਨਾ, ਤਨ ਪਹਿਨਾਏ ਦਇਆ ਕਮਾਏ, ਆਪ ਆਪਣਾ ਸੋਹੰ ਅਖਰ ਜਗਤ ਵਖਰ, ਭਗਤਨ ਮਾਲਾ ਫੂਲਨ ਹਾਰ । ਭਗਤਨ ਮਾਲਾ ਹਰਿ ਗੁੰਦਾਈਆ । ਲੋਆਂ ਪੁਰੀਆਂ ਵੇਖ ਵਿਚਾਰ, ਸੋਹਣੇ ਸੱਚੇ ਫੁੱਲ ਲੈ ਆਈਆ । ਮਾਲਣ ਬਣੇ ਹਰਿ ਕਰਤਾਰ, ਬ੍ਰਹਮਾ ਵਿਸ਼ਨ ਮਹੇਸ਼ ਗਣੇਸ਼ ਸ਼ਿਵ ਸ਼ੰਕਰ ਬੂਟੇ ਲਾਈਆ । ਆਪੇ ਜਾਣੇ ਨਰ ਨਰੇਸ਼, ਲੱਛਮੀ ਚਰਨ ਖੁੱਲ੍ਹੇ ਕੇਸ, ਲਾਲ ਭੂਸ਼ਨ ਫੁੱਲ ਕਵਲਾ ਹੱਥ ਉਠਾਈਆ । ਸੁਰਪਤ ਰਾਜਾ ਇੰਦ ਕਰੇ ਆਦੇਸ, ਕਰੋੜ ਤੇਤੀਸਾ ਸੇਵਾ ਲਾਈਆ । ਬਾਲੀ ਬਾਲਾ ਗੁਰ ਦਸਮੇਸ਼, ਜਗਤ ਰਖਵਾਲਾ ਭਗਤ ਪਰਵੇਸ਼, ਸਾਚੀ ਬਣਤ ਰਿਹਾ ਬਣਾਈਆ । ਫੁਲ ਫਲਵਾੜੀ ਗੁਰ ਦਸਮੇਸ਼, ਜਗਤ ਝੰਡਾ ਸ਼ਬਦ ਡੰਡਾ ਸਿੰਘ ਜਗਦੀਸ਼ੇ ਰਹੇ ਹਮੇਸ਼, ਪ੍ਰਭ ਪਾਈ ਵੰਡਾ ਭੇਵ ਰਹੇ ਨਾ ਰਾਈਆ । ਗੁਰ ਸੰਗਤ ਮਾਤ ਧਰਮ ਫੁਲਵਾੜੀ ਕੋਈ ਨਾ ਦੀਸੇ ਕੰਡਾ, ਪ੍ਰਭ ਸਾਚੀ ਆਪ ਬਣਾਈਆ । ਸੋਹੰ ਫੜਿਆ ਹੱਥ ਸਾਚਾ ਕੰਢਾ, ਪੂਰੇ ਤੋਲ ਰਿਹਾ ਤੁਲਾਈਆ । ਗੁਰਮੁਖ ਬੇਮੁਖ ਪਾਇਣ ਵੰਡਾ, ਫੂਲਨ ਖਾਰੀ ਨਜ਼ਰੀ ਆਈਆ । ਸ਼ਬਦ ਲਪੇਟਿਆ ਹਰਿ ਜੀ ਖੰਡਾ, ਨਾਮ ਡੰਡਾ ਦਿਸ ਨਾ ਆਈਆ । ਬੇਮੁਖਾਂ ਵੱਢੇ ਅੰਤਮ ਕੰਡਾਂ, ਗੁਰਮੁਖਾਂ ਰਿਹਾ ਜਗਾਈਆ । ਵੇਖੇ ਖੇਲ ਵਿਚ ਵਰਭੰਡਾ, ਬ੍ਰਹਿਮੰਡਾਂ ਰਿਹਾ ਹਿਲਾਈਆ । ਗੁਰ ਸੰਗਤ ਭਾਰ ਵੰਡਾਇਆ ਸਾਚੀ ਵੰਡਾਂ, ਸਿੰਘ ਮਨਜੀਤੇ ਸਿਰ ਭਾਰ ਚੁਕਾਈਆ । ਕਲਜੁਗ ਮੇਟੇ ਭੇਖ ਪਖੰਡਾ, ਜ਼ੇਰਜ਼ ਅੰਡਾਂ ਵੇਖ ਵਖਾਈਆ । ਕਲਜੁਗ ਤੇਰਾ ਅੰਤਮ ਕੰਢਾ, ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ ਫੂਲਨ ਸਿਹਰਾ ਸੀਸ ਗੁੰਦਾਈਆ ।


੨੩੯

੦੫ ★ ੧੨ ਭਾਂਦਰੋਂ ੨੦੧੨ ਬਿਕ੍ਰਮੀ ਗੁਰਮੁਖ ਸਿੰਘ ਦੇ ਗ੍ਰਿਹਿ ਪਿੰਡ ਭਲਾਈਪੁਰ ਜ਼ਿਲਾ ਅੰਮ੍ਰਿਤਸਰ ★ ੦੫

ਗੁਰ ਮੰਤਰ ਕਰ ਪਿਆਰ ਮਾਤ ਪਸਾਰਿਆ । ਜਪਿਆ ਜਾਪ ਅਜਾਪਾ ਜਪ ਗੁਰੂ ਗੁਰ ਜਾਪ, ਗੁਰ ਮੰਤਰ ਭੇਵ ਨਿਆਰਿਆ । ਜਾਣੇ ਜਣਾਏ ਆਪੇ ਆਪ, ਅੱਖਰ ਵੱਖਰ ਇਕ ਸਿਖਾ ਰਿਹਾ । ਜੋਤੀ ਜਾਮਾ ਸ਼ਬਦ ਪਰਤਾਪ, ਪਾਪ ਪੁੰਨ ਨਾ ਕੋਈ ਵਖਾ ਰਿਹਾ । ਲੱਖ ਚੁਰਾਸੀ ਰਹੀ ਕਾਂਪ, ਕਲਜੁਗ ਕਾਲਾ ਵੇਸ ਵਟਾ ਰਿਹਾ । ਮਾਇਆ ਰਾਣੀ ਚੜ੍ਹਿਆ ਤੈਨੂੰ ਤਾਪ, ਸਾਚਾ ਜਾਪ ਜਗਤ ਭੁਲਾ ਰਿਹਾ । ਨਾ ਕੋਈ ਮਾਈ ਨਾ ਕੋਈ ਬਾਪ, ਪੁੱਤਰ ਧੀ ਨਾ ਕੋਈ ਅਖਵਾ ਰਿਹਾ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਕਲਜੁਗ ਤੇਰੀ ਅੰਤਮ ਵਰ, ਸਾਧ ਸੰਤ ਹਰਿ ਜਗਾ ਰਿਹਾ । ਸਾਧ ਸੰਤ ਹਰਿ ਜਣਾਈਆ । ਜੋਤੀ ਜਾਮਾ ਭੇਖ ਵਟਾਈਆ । ਨਾ ਕੋਈ ਰੂਪ ਨਾ ਕੋਈ ਰੇਖ, ਦਿਸ ਕਿਸੇ ਨਾ ਆਈਆ । ਲੱਖ ਚੁਰਾਸੀ ਭੁਲੀ ਭਰਮ ਭੁਲੇਖ, ਨਾ ਕੋਈ ਜਾਣੇ ਔਲੀਆ ਪੀਰ ਸ਼ੇਖ਼, ਗਿਆਨੀ ਧਿਆਨੀ ਪੰਡਤ ਪਾਂਧੇ, ਪ੍ਰਭ ਅਬਿਨਾਸ਼ੀ ਸਾਰ ਨਾ ਪਾਈਆ । ਮਾਇਆ ਰਾਣੀ ਆਤਮ ਅੰਧੇ, ਪੰਜਾਂ ਚੋਰਾਂ ਤਨ ਮਨ ਬਾਂਧੇ, ਸਾਚਾ ਸ਼ਬਦ ਨਾ ਕੋਈ ਜਣਾਈਆ । ਗੁਰ ਗੋਬਿੰਦਾ ਵੇਖ ਵਖਾਂਦੇ, ਕਲਜੁਗ ਅੰਤਮ ਥੱਕੇ ਮਾਂਦੇ, ਆਤਮ ਦਰ ਨਾ ਕੋਈ ਸਹਾਈਆ । ਕਲਜੁਗ ਰੈਣ ਅੰਧੇਰੀ ਛਾਈਆ । ਗੁਰਮੁਖ ਸਾਚੇ ਸੰਤ ਸੁਹੇਲੇ ਇਕ ਇਕੇਲੇ ਨਰ ਨਰਾਇਣ ਦਰ ਦਵਾਰੇ ਸਾਚੇ ਬਹਿਣਾ, ਰਸਨਾ ਗਾਏ ਆਤਮ ਜੋਤੀ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਕਲਜੁਗ ਤੇਰੀ ਅੰਤਮ

ਵਰ, ਆਪਣਾ ਲੇਖਾ ਰਿਹਾ ਲਿਖਾਈਆ । ਕਲਜੁਗ ਕਾਲੀ ਰੈਣ ਵਕਤ ਦੁਹਾਗਿਆ । ਮਾਇਆ ਰਾਣੀ ਵਡ ਵਡ ਡੈਣ, ਗੁਰਮੁਖ ਵਿਰਲਾ ਸੋਇਆ ਜਾਗਿਆ । ਦਰਸ ਪੇਖੇ ਤੀਜੇ ਨੈਣ, ਆਤਮ ਬੁਝਾਏ ਤ੍ਰਿਸ਼ਨਾ ਆਗਿਆ । ਰਸਨਾ ਕਿਸੇ ਨਾ ਸਕੇ ਕਹਿਣ, ਦਰ ਦਵਾਰਾ ਏਕਾ ਛੁੱਟਾ, ਨੌਂ ਦਵਾਰੇ ਫਿਰੇ ਭਾਗਿਆ । ਆਪ ਵਹਾਏ ਵਹਿੰਦੇ ਵਹਿਣ, ਚਰਨ ਕਵਲ ਕਵਲ ਚਰਨ ਹਰਿ ਸਰਨ ਨਾ ਕੋਈ ਜਨ ਲਾਗਿਆ । ਨਾ ਕੋਈ ਮਾਤ ਪਿਤ ਨਾ ਭਾਈ ਭੈਣ, ਮਾਇਆ ਨਾਗਨੀ ਡੱਸੇ ਡੈਣ, ਨਾ ਕੋਈ ਮੇਲ ਮਿਲਾਏ ਕੰਤ ਸੁਹਾਗਿਆ । ਕਲਜੁਗ ਅੰਤਮ ਚੁਕਾਏ ਲਹਿਣ ਦੇਣ, ਮੇਟ ਮਿਟਾਏ ਅੰਧੇਰੀ ਰੈਣ, ਧਰਤ ਮਾਤ ਤੇਰਾ ਸਾਚਾ ਪੂਤ ਸਤਿਜੁਗ ਸੋਇਆ ਜਾਗਿਆ । ਪੁਰਖ ਅਬਿਨਾਸ਼ੀ ਆਪ ਪਰੋਏ ਸਾਚੇ ਸੂਤ, ਵੇਖ ਵਖਾਣੇ ਚਾਰੇ ਕੂਟ, ਦਹਿ ਦਿਸ਼ ਸੁਣਾਏ ਏਕਾ ਸੱਚਾ ਰਾਗਿਆ । ਹਰਿਜਨ ਜਨ ਹਰਿ ਲੱਖ ਚੁਰਾਸੀ ਜਾਏ ਛੂਟ, ਪੰਜਾਂ ਚੋਰਾਂ ਕੱਢੇ ਕੂਟ, ਸਰਨ ਸਰਨਾਈ ਇਕ ਰਘੁਰਾਈ, ਆਤਮ ਦਰ ਵੱਜੀ ਵਧਾਈ, ਪਵਣ ਸੁਨੇਹੜਾ ਚਾਈਂ ਚਾਈਂ, ਜੋ ਜਨ ਜਗਤ ਪਿਤ ਜਗਦੀਸ਼ਰ ਸਰਨਾਈ ਲਾਗਿਆ । ਸਤਿਜੁਗ ਸਾਚਾ ਉਠ ਵੇਖ ਵਖਾਨਿਆ । ਪੁਰਖ ਅਬਿਨਾਸ਼ੀ ਪਿਆ ਤੁਠ, ਜਗਾਏ ਗੁਰਮੁਖ ਬਾਲ ਅੰਞਾਨਿਆ । ਲੱਖ ਚੁਰਾਸੀ ਰਿਹਾ ਕੁਠ, ਤਖ਼ਤੋਂ ਲਾਹੇ ਰਾਜੇ ਰਾਣਿਆਂ । ਕਿਸੇ ਹੱਥ ਨਾ ਆਏ ਨਾਮ ਮੁੱਠ, ਮੇਟ ਮਿਟਾਏ ਵੇਦ ਪੁਰਾਨਿਆ । ਬੇਮੁਖ ਜੀਵ ਰਹੇ ਰੁੱਠ, ਏਕਾ ਭੁੱਲਿਆ ਹਰਿ ਭਗਵਾਨਿਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਕਲਜੁਗ ਤੇਰੀ ਅੰਤਮ ਵਰ, ਮੇਟ ਮਿਟਾਏ ਸ਼ਾਹ ਸੁਲਤਾਨ ਵਡ ਬਲਵਾਨ ਵਿਚ ਜਹਾਨ ਵਾਲੀ ਦੋ ਜਹਾਨਿਆ । ਵਾਲੀ ਦੋ ਜਹਾਨ ਖੇਲ ਨਿਰੰਕਾਰਿਆ । ਆਪੇ ਜਾਣੇ ਆਪਣੀ ਆਣ, ਨਾ ਕੋਈ ਸਕੇ ਮਾਤ ਪਛਾਣ, ਆਵਣ ਜਾਵਣ ਖੇਲ ਅਪਾਰਿਆ । ਭੇਖਾਧਾਰੀ ਬਾਵਨ ਬਾਮ, ਜੋਤੀ ਜਾਮਾ ਰਮਈਆ ਰਾਮ, ਪੂਰਨ ਕਰੇ ਆਪਣੇ ਕਾਮ, ਕਲਜੁਗ ਮਿੱਟੇ ਅੰਧੇਰੀ ਸ਼ਾਮ, ਜੋਤੀ ਨੂਰ ਗੁਣ ਨਿਧਾਨਿਆ । ਗੁਰਮੁਖਾਂ ਲੇਖੇ ਲਾਏ ਹੱਡ ਮਾਸ ਨਾੜੀ ਚਾਮ, ਅੰਮ੍ਰਿਤ ਪਿਆਏ ਏਕਾ ਜਾਮ, ਬੇਮੁਖ ਭੁੰਨੇ ਜਿਉਂ ਭਠਿਆਲੇ ਦਾਨਿਆ । ਲੱਖ ਚੁਰਾਸੀ ਲਾੜੀ ਮੌਤ ਏਕਾ ਤਾਮ, ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਕਲਜੁਗ ਵੇਖ ਰੇਖ ਹਰਿ, ਦਿਸ ਨਾ ਆਏ ਵਡ ਸੁੱਘੜ ਸਿਆਨਿਆ । ਵਡ ਵਡ ਸੁਘੜ ਸਿਆਣੇ ਭਰਮ ਭੁਲਾਇਆ । ਗਿਆਨੀ ਧਿਆਨੀ ਕਰਨ ਧਿਆਨ, ਪੁਰਖ ਅਬਿਨਾਸ਼ੀ ਖ਼ੁਸ਼ੀ ਮਨਾਇਆ । ਮੁੱਲਾਂ ਕਾਜ਼ੀ ਪੜ੍ਹ ਪੜ੍ਹ ਥੱਕੇ ਅੰਜ਼ੀਲ ਕੁਰਾਨ, ਈਸਾ ਮੂਸਾ ਲੇਖ ਲਿਖਾਇਆ । ਖਾਣੀ ਬਾਣੀ ਕਰੇ ਹੈਰਾਨ, ਭਰਮੇ ਭੁੱਲੇ ਮਾਇਆ ਰੁੱਲੇ, ਪਾਣੀ ਪਿਆ ਕਾਇਆ ਚੁਲ੍ਹੇ ਅੰਮ੍ਰਿਤ ਆਤਮ ਸਭ ਦੇ ਡੁਲ੍ਹੇ, ਦਰ ਦਰਵੇਸ਼ਾ ਆਦਿ ਪੁਰਖ ਅਪਰੰਪਰ ਸਵਾਮੀ ਕਾਲ ਕਲੇਸ਼ਾ ਨਜ਼ਰੀ ਆਇਆ । ਸ਼ਬਦ ਰੱਖੇ ਤੀਰ ਨਿਸ਼ਾਨ, ਪਾਵੇ ਸਾਰ ਵੇਦ ਪੁਰਾਨ, ਕਰੇ ਖੇਲ ਦੋ ਜਹਾਨ, ਪੁਰੀਆਂ ਲੋਆਂ ਰਿਹਾ ਹਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣਾ ਕਰੇ ਤੇਜ, ਸ਼ਬਦ ਸੁਨੇਹੜਾ ਰਿਹਾ ਭੇਜ, ਗੁਰਮੁਖ ਆਤਮ ਵਿਛਾਈ ਫੂਲਾ ਸੇਜ, ਪੁਰਖ ਅਬਿਨਾਸ਼ੀ ਘਟ ਘਟ ਵਾਸੀ ਜੋਤ ਪਰਕਾਸ਼ੀ ਸਾਚੇ ਧਾਮ ਏਕਾ ਆਸਣ ਸਚ ਸਿੰਘਾਸਣ ਦਾਸ ਦਾਸਣ ਲਾਇਆ । ਦਾਸੀ ਦਾਸ ਦਰਸ ਦਰ ਦਵਾਰਿਆ । ਹਰ ਘਟ ਰਖੇ ਵਾਸ, ਖੇਲ ਅਪਾਰਿਆ । ਨਾ ਕੋਈ ਤੀਰਥ ਨਾ ਕੋਈ ਤਟ, ਅੰਮ੍ਰਿਤ ਧਾਰਾ ਕਾਇਆ ਮਟ, ਦਸਮ ਦਵਾਰੀ ਧਾਮ ਸੁਹਾ ਰਿਹਾ । ਗੁਰਮੁਖ ਵਿਰਲਾ ਰਸਨਾ ਰਸ ਲਏ ਚੱਟ, ਜੋਤੀ ਜਗੇ ਲਟ ਲਟ, ਅਗਿਆਨ ਅੰਧੇਰ ਮਿਟਾ ਰਿਹਾ । ਸ਼ਬਦ ਵਖਾਏ ਸਾਚਾ ਪਟ, ਦੂਈ ਦਵੈਤੀ ਮੇਟੇ ਫਟ, ਅੰਦਰ ਮੰਦਰ ਨਾਮ ਹੱਟ, ਗੁਰਮੁਖ ਵਣਜਾਰਾ ਆਪ ਕਰਾ ਰਿਹਾ । ਲੱਖ ਚੁਰਾਸੀ

੨੪੦ ੦੫

ਪੈਣੀ ਭੱਠ, ਉਲਟੀ ਗਿੜੀ ਕਲਜੁਗ ਲੱਠ, ਮਿੱਟ ਮਿੱਟ ਜਾਣੇ ਅੱਠ ਸੱਠ, ਗੰਗਾ ਗੋਦਾਵਰੀ ਮਾਣ ਗਵਾ ਰਿਹਾ । ਹਰਿ ਦਵਾਰੇ ਇਕ ਇਕੱਠ, ਪੱਲੇ ਬੰਨ੍ਹੇ ਨਾਮ ਗੱਠ, ਕਲਜੁਗ ਅੰਤਮ ਤੇਰੀ ਚੱਠ, ਸਤਿਜੁਗ ਸਾਚਾ ਮਾਤ ਧਰਾ ਰਿਹਾ । ਗੁਰਮੁਖ ਵਿਰਲੇ ਆਇਣ ਨੱਠ, ਮਿਲੇ ਮੇਲ ਹਰਿ ਸਮਰਥ, ਸਗਲ ਵਸੂਰੇ ਜਾਇਣ ਲੱਥ, ਸ਼ਬਦ ਪਾਏ ਨੱਕ ਸਾਚੀ ਨੱਥ, ਡੋਰੀ ਆਪਣੀ ਹੱਥ ਰਖਾ ਰਿਹਾ । ਜੁਗਾ ਜੁਗੰਤਰ ਬਣਾਏ ਬਣਤਰ, ਮਹਿੰਮਾ ਹਰਿ ਅਕਥ, ਸਰਬ ਜੀਆਂ ਬਿਧ ਜਾਣੇ ਅੰਤਰ, ਜੋਤ ਜਗਾਏ ਇਕ ਬਸਤਰ, ਪ੍ਰਿਥਮੀ ਅਕਾਸ਼ ਗਗਨ ਗਗਨੰਤਰ, ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਕਲਜੁਗ ਤੇਰੀ ਅੰਤਮ ਵਰ, ਕਾਲਾ ਵੇਸ ਦਰ ਦਰਵੇਸ਼ ਆਪਣਾ ਆਪ ਵਟਾ ਰਿਹਾ । ਕਲਜੁਗ ਕਾਲਾ ਵੇਸ ਕਾਲ ਵਖਾਈਆ । ਜੋਤੀ ਜਾਮਾ ਮਾਝੇ ਦੇਸ, ਵੇਸ ਅਨੇਕਾਂ ਹਰਿ ਰਘੁਰਾਈਆ । ਨਾ ਕੋਈ ਜਾਣੇ ਬ੍ਰਹਮਾ ਵਿਸ਼ਨ ਮਹੇਸ਼, ਸ਼ਿਵ ਸ਼ੰਕਰ ਸੁਰਪਤ ਰਾਜਾ ਇੰਦ ਕਰੋੜ ਤੇਤੀਸਾ ਸਾਰ ਨਾ ਪਾਈਆ । ਆਵੇ ਮਾਤ ਹਮੇਸ਼, ਮੁੱਛ ਦਾਹੜੀ ਨਾ ਰਖੇ ਕੇਸ, ਜੋਤੀ ਨੂਰ ਸ਼ਬਦ ਵਡਿਆਈਆ । ਉਜਲ ਤਨ ਹਰਿ ਪਰਵੇਸ਼, ਮਿਟਦੇ ਜਾਣ ਦਰ ਦਰਵੇਸ਼, ਤਨ ਕਲੰਦਰ ਆਪ ਅਖਵਾਈਆ । ਆਪ ਭੁਲਾਏ ਨਰ ਨਰੇਸ਼, ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਕਲਜੁਗ ਤੇਰੀ ਅੰਤਮ ਵਰ, ਆਪਣਾ ਭੇਖ ਰਿਹਾ ਵਟਾਈਆ । ਗੁਰ ਗੋਬਿੰਦੇ ਭੇਖ ਵਟਾਇਆ ਏ । ਜਨ ਭਗਤਾਂ ਮਿਟਾਏ ਸਗਲੀ ਚਿੰਦੇ, ਆਤਮ ਜੋਤੀ ਦਰਸ ਦਿਖਾਇਆ ਏ । ਆਪ ਉਪਜਾਏ ਸਾਚੀ ਬਿੰਦੇ, ਰਕਤ ਬੂੰਦ ਤਨ ਲੇਖੇ ਲਾਇਆ ਏ । ਦਰ ਦਰ ਘਰ ਘਰ ਕਰਨ ਨਿੰਦੇ, ਆਤਮ ਵੱਜੇ ਹੰਕਾਰੀ ਜਿੰਦੇ, ਪ੍ਰਭ ਆਪਣਾ ਭੇਵ ਛੁਪਾਇਆ ਏ । ਪਰਗਟ ਹੋਏ ਹਰਿ ਮਰਗਿੰਦੇ, ਭਾਗ ਲਗਾਏ ਭਾਰਤ ਹਿੰਦੇ, ਰਾਜ ਰਾਜਾਨਾਂ ਰਿਹਾ ਸੁਣਾਇਆ ਏ । ਹਰਿ ਭਗਤ ਮਿਟਾਏ ਆਤਮ ਚਿੰਦੇ, ਸਰਬ ਜੀਆਂ ਆਪੇ ਬਖ਼ਸ਼ਿੰਦੇ, ਏਕਾ ਦੂਜਾ ਭੇਵ ਚੁਕਾਇਆ ਏ । ਚਾਰ ਵਰਨ ਰੱਖੇ ਸਰਨ ਵਡ ਦਾਤਾ ਹਰਿ ਗੁਣੀ ਗਹਿੰਦੇ, ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਕਲਜੁਗ ਤੇਰੀ ਅੰਤਮ ਵਰ, ਰੰਗਣ ਰੰਗ ਨਾਮ ਰੰਗਾਇਆ ਏ । ਰੰਗਣ ਰੰਗ ਅਪਾਰ, ਕਾਇਆ ਚੋਲੀ ਪ੍ਰਭ ਰੰਗਾਈਆ । ਗੁਰਮੁਖਾਂ ਕਰੇ ਪਿਆਰ, ਕਲਜੁਗ ਰੈਣ ਅੰਧੇਰੀ ਛਾਈਆ । ਆਤਮ ਜੋਤੀ ਕਰ ਅਕਾਰ, ਦੂਜੀ ਦੇਵੇ ਸ਼ਬਦ ਧਾਰ, ਤੀਜੇ ਪਵਣ ਸਵਾਸੇ ਰਿਹਾ ਜਪਾਈਆ । ਚੌਥੇ ਵੇਖ ਵਖਾਣੇ ਸਚ ਦਰਬਾਰ, ਸੰਤ ਸੁਹੇਲੇ ਏਕਾ ਵਰ, ਪੰਚਮ ਘਰ ਸੱਚੀ ਸਰਕਾਰ, ਸ਼ਬਦ ਸਿੰਘਾਸਣ ਡੇਰਾ ਲਾਈਆ । ਨਾ ਮਰੇ ਨਾ ਜੰਮੇ ਵਿਚ ਸੰਸਾਰ, ਹੱਡ ਮਾਸ ਨਾੜੀ ਨਾ ਕੋਈ ਚੰਮ, ਨਾ ਕੋਈ ਪਵਣ ਸਵਾਸੀ ਵਸੇ ਬ੍ਰਹਿਮੰਡ, ਖੰਡ ਵਰਭੰਡ ਸ਼ਬਦ ਅਧਾਰਾ ਇਕ ਰਖਾਈਆ । ਲੋਆਂ ਪੁਰੀਆਂ ਪਾਵੇ ਵੰਡੇ, ਕਲਜੁਗ ਅੰਤਮ ਆਇਆ ਕੰਢੇ, ਗੁਰਮੁਖਾਂ ਆਤਮ ਰਖੇ ਠੰਡੇ, ਅੰਮ੍ਰਿਤ ਸਾਚਾ ਜਾਮ ਪਿਆਈਆ । ਧਰਮ ਝੁਲਾਏ ਏਕਾ ਝੰਡੇ, ਮੇਟ ਮਿਟਾਏ ਭੇਖ ਪਖੰਡੇ, ਆਤਮ ਹੰਕਾਰੀ ਜੀਵ ਰੰਡੇ, ਚਾਰੋਂ ਕੁੰਟ ਦਿਸ ਨਾ ਆਈਆ । ਆਪ ਚੜ੍ਹਾਏ ਸਾਚੇ ਡੰਡੇ, ਦਸਮ ਦਵਾਰੀ ਕਾਇਆ ਪਿੰਡ ਸਚ ਬ੍ਰਹਿਮੰਡੇ, ਸਾਚਾ ਧਾਮ ਇਕ ਸੁਹਾਈਆ । ਵੇਖ ਵਖਾਣੇ ਉਤਭੁਜ ਸੇਤਜ ਜੇਰਜ ਅੰਡੇ, ਆਦਿ ਅੰਤ ਹਰਿ ਵਡਿਆਈਆ । ਆਪ ਉਠਾਏ ਸ਼ਬਦ ਖੰਡੇ, ਚਾਰੋਂ ਕੁੰਟ ਚੰਡ ਪਰਚੰਡੇ, ਲਾੜੀ ਮੌਤ ਹਰਿ ਉਠਾਈਆ । ਕਲਜੁਗ ਔਧ ਅੰਤਮ ਹੰਢੇ, ਬੇਮੁਖਾਂ ਭਾਰ ਉਠਾਏ ਪੰਡੇ, ਕਾਮ ਕਰੋਧ ਲੋਭ ਮੋਹ ਹੰਕਾਰ ਚਾਰੋਂ ਕੁੰਟ ਦਏ ਦੁਹਾਈਆ । ਨਾਮ ਨਿਧਾਨਾ ਕੋਈ ਨਾ ਵੰਡੇ, ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਕਲਜੁਗ ਤੇਰੀ ਅੰਤਮ ਵਰ, ਲੋਕਮਾਤ ਮਾਰ ਝਾਤ ਇਕ ਇਕਾਂਤ ਹਰਿ ਇਕੱਲਾ ਸਚ

੨੪੧
੦੫

ਮਹੱਲਾ, ਜੰਗਲ ਜੂਹ ਉਜਾੜ ਪਹਾੜ ਜਲ ਥਲਾ, ਪੁਰੀਆਂ ਲੋਆਂ ਮਾਤ ਪਤਾਲ ਅਕਾਸ਼ ਗਗਨ, ਜੋਤੀ ਨੂਰ ਏਕਾ ਲਗਨ, ਜਨ ਭਗਤਾਂ ਮੁਖ ਲਗਾਏ ਸ਼ਬਦ ਸਗਨ, ਕਲਜੁਗ ਕਾਇਆ ਲਗੀ ਅਗਨ, ਲੱਖ ਚੁਰਾਸੀ ਮਾਤ ਦਗਨ, ਅਚਰਜ ਖੇਲ ਰਿਹਾ ਵਰਤਾਈਆ । ਅਚਰਜ ਖੇਲ ਹਰਿ ਹਰਿ ਅਪਾਰਿਆ । ਗੁਰਮੁਖ ਵਿਰਲੇ ਜੋਤੀ ਮੇਲ, ਆਤਮ ਦਰ ਇਕ ਖੁਲ੍ਹਾ ਰਿਹਾ । ਸ਼ਬਦ ਬਣਾਏ ਸੱਜਣ ਸੁਹੇਲ, ਸਾਚਾ ਵੇਲਾ ਆਪ ਸੁਹਾ ਰਿਹਾ । ਦਰਸ ਦਿਖਾਏ ਇਕ ਅਕੇਲ, ਰੰਗ ਨਵੇਲ ਦਿਸ ਨਾ ਆ ਰਿਹਾ । ਆਪੇ ਗੁਰ ਆਪੇ ਚੇਲ, ਗੁਰ ਗੋਬਿੰਦਾ ਭੇਖ ਵਟਾ ਰਿਹਾ । ਕਲਜੁਗ ਬੇੜਾ ਰਿਹਾ ਠੇਲ, ਸ਼ੌਹ ਦਰਿਆ ਧੱਕਾ ਲਾ ਰਿਹਾ । ਪਾਰਬ੍ਰਹਮ ਪ੍ਰਭ ਅਚਰਜ ਖੇਲ, ਆਪਣੇ ਭਾਣੇ ਆਪ ਸਮਾ ਰਿਹਾ । ਜਨ ਭਗਤਾਂ ਕਟੇ ਧਰਮ ਰਾਏ ਦੀ ਜੇਲ੍ਹ, ਲੱਖ ਚੁਰਾਸੀ ਫੰਦ ਕਟਾ ਰਿਹਾ । ਸ਼ਬਦ ਚੜ੍ਹਾਏ ਸਾਚਾ ਤੇਲ, ਨਾਮ ਵਟਨਾ ਇਕ ਲਗਾ ਰਿਹਾ । ਲਾੜੀ ਜੋਤੀ ਹੋਣਾ ਮੇਲ, ਆਤਮ ਸੇਜਾ ਇਕ ਵਿਛਾ ਰਿਹਾ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਕਲਜੁਗ ਤੇਰੀ ਅੰਤਮ ਵਰ, ਆਪਣੇ ਭਾਣੇ ਆਪ ਸਮਾ ਰਿਹਾ । ਆਤਮ ਸੇਜਾ ਕਰ ਵਿਚਾਰ, ਪ੍ਰਭ ਸਾਚੇ ਮਾਤ ਵਿਛਾਈਆ । ਗੁਰਮੁਖ ਸਾਚੇ ਹੋ ਤਿਆਰ, ਪ੍ਰਭ ਸਾਚਾ ਰਾਹ ਵਖਾਈਆ । ਅੰਮ੍ਰਿਤ ਬਰਖੇ ਕਿਰਪਾ ਧਾਰ, ਨਿਝਰ ਰਸ ਮੁਖ ਚੁਆਈਆ । ਸ਼ਬਦ ਘੋੜੇ ਹੋ ਅਸਵਾਰ, ਸੁਨ ਅਗੰਮੇ ਬਾਹਰ ਰਖਾਈਆ । ਸ਼ਬਦ ਘੋੜਾ ਪਵਣ ਉਡਾਰ, ਉਨੰਜਾ ਪਵਣ ਸੰਗ ਰਲਾਈਆ । ਪਵਣ ਪਤੀ ਪ੍ਰਭ ਪਾਏ ਸਾਰ, ਸਾਚਾ ਸ਼ਬਦ ਇਕ ਜਣਾਈਆ । ਸਾਚਾ ਸ਼ਬਦ ਅਗੰਮ ਅਪਾਰ, ਦਿਸ ਕਿਸੇ ਨਾ ਆਈਆ । ਕਰਨੀ ਕਰੇ ਕਰਨਹਾਰ ਕਰਤਾਰ, ਦਸਮ ਦਵਾਰੀ ਆਪ ਖੁਲ੍ਹਾਈਆ । ਆਪੇ ਖੋਲ੍ਹੇ ਬੰਦ ਕਿਵਾੜ, ਮਿਟਾਏ ਅਗਨੀ ਹਾੜ, ਤੱਤੀ ਵਾ ਨਾ ਕੋਈ ਰਖਾਈਆ । ਪੰਚਾਂ ਚੋਰਾਂ ਦੇਵੇ ਝਾੜ, ਆਪ ਚਬਾਏ ਆਪਣੀ ਦਾੜ੍ਹ, ਨੇੜ ਨਾ ਆਏ ਮੌਤ ਲਾੜ, ਗੁਰਮੁਖ ਸਾਚੇ ਧਾਮ ਸੁਹਾਈਆ । ਆਪ ਫਿਰੇ ਪਿਛੇ ਅਗਾੜ, ਜੋਤ ਜਗਾਏ ਬਹੱਤਰ ਨਾੜ, ਦਰ ਦਵਾਰੇ ਦੇਵੇ ਵਾੜ, ਪਹਿਰੇਦਾਰ ਆਪ ਅਖਵਾਈਆ । ਸਾਚੀ ਸੇਜਾ ਕਰ ਤਿਆਰ, ਪੁਰਖ ਅਬਿਨਾਸ਼ੀ ਅੰਧ ਅੰਧਿਆਰ, ਦੀਪਕ ਜੋਤੀ ਇਕ ਉਜਿਆਰ, ਸ਼ਬਦ ਮੋਤੀ ਫੂਲਨਹਾਰ, ਨਾ ਕੋਈ ਵਰਨ ਨਾ ਕੋਈ ਗੋਤੀ, ਮਿਲੇ ਮੇਲ ਹਰਿ ਮੀਤ ਮੁਰਾਰ, ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਗੁਰਮੁਖ ਸਾਚੇ ਸੰਤ ਜਨਾਂ, ਆਤਮ ਸੇਜਾ ਸ਼ਬਦ ਸਿੰਘਾਸਣ ਆਪੇ ਰਿਹਾ ਸਵਾਈਆ । ਸ਼ਬਦ ਸਿੰਘਾਸਣ ਦੇਵੇ ਲੋਰੀ । ਸਾਧ ਸੰਤ ਜੀਵ ਜੰਤ ਨਾ ਕੋਈ ਜਾਣੇ ਅੰਧ ਘੋਰੀ । ਮਾਇਆ ਪਾਏ ਹਰਿ ਬੇਅੰਤ, ਕਿਸੇ ਦਿਸ ਨਾ ਆਏ ਸਾਚਾ ਕੰਤ, ਤਨ ਮਨ ਸੁਰਤ ਨਾ ਬੰਨ੍ਹੇ ਸ਼ਬਦ ਡੋਰੀ । ਆਪੇ ਜਾਣੇ ਆਦਿ ਅੰਤ ਜੁਗਾ ਜੁਗੰਤ ਭਗਤ ਭਗਵੰਤ ਸਾਜਨ ਸਾਜ ਦੇਸ ਮਾਝ ਆਪ ਕਰੇ ਆਪਣਾ ਕਾਜ, ਬੇਮੁਖਾਂ ਕੋਲੋਂ ਕਰੇ ਚੋਰੀ । ਬੇਮੁਖ ਨਿੰਦਕ ਦੁਸ਼ਟ ਦੁਰਾਚਾਰ, ਆਤਮ ਹੰਕਾਰਿਆ । ਜੋਤ ਨਿਰੰਜਣ ਨਾ ਪਾਏ ਸਾਰ, ਕਵਣ ਜੋਤੀ ਕਵਣ ਗੋਤੀ ਕਵਣ ਵਸੇ ਦਰ ਦਵਾਰਿਆ । ਵੇਖ ਵਖਾਣੇ ਪ੍ਰਿਥਮੀ ਅਕਾਸ਼, ਜੰਗਲ ਜੂਹ ਉਜਾੜ ਪਹਾੜ ਪ੍ਰਭਾਸਿਆ । ਨਿਜ ਘਰ ਰੱਖੇ ਵਾਸ, ਭਗਤ ਜਨਾਂ ਹਰਿ ਦਾਸਨ ਦਾਸ, ਆਦਿ ਅੰਤ ਨਾ ਹੋਏ ਵਿਨਾਸ, ਸਾਚਾ ਕਰਮ ਮਾਤ ਧਰਮ ਜਗਤ ਭਰਮ ਮਾਇਆ ਵਰਮ ਤਨ ਏਕਾ ਏਕ ਲਗਾ ਰਿਹਾ । ਗੁਰਮੁਖਾਂ ਖੋਲ੍ਹੇ ਹਰਨ ਫਰਨ, ਇਕ ਰਖਾਏ ਸਾਚੀ ਸਰਨ, ਪੁਰਖ ਅਬਿਨਾਸ਼ੀ ਤਰਨੀ ਤਰਨ, ਆਪ ਚੁਕਾਏ ਮਰਨ ਡਰਨ, ਨਰ ਨਰਾਇਣ ਦਰਸ ਦਿਖਾਏ ਤੀਜੇ ਨੈਣਾਂ, ਸਵੱਛ ਸਰੂਪਾ ਵਡ ਵਡ ਭੂਪਾ, ਕਰੇ ਪਰਕਾਸ਼ ਅੰਧ ਅੰਧਕੂਪਾ, ਨਿਰਮਲ ਜੋਤੀ

ਇਕ ਇਕਲੌਤੀ ਆਪਣੀ ਆਪ ਜਗਾ ਰਿਹਾ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਸਿੰਘਾਸਣ ਜੋਤ ਬਿਰਾਜੇ, ਚੜ੍ਹਿਆ ਰਹੇ ਸ਼ਬਦ ਘੋੜੇ ਚਿੱਟੇ ਅਸਵ ਚਿੱਟੇ ਤਾਜੇ, ਰਾਜਨ ਰਾਜ ਆਪੇ ਆਪ ਅਖਵਾ ਰਿਹਾ । ਚਾਰ ਵਰਨ ਦਰ ਯਾਤਰਾ, ਹਰਿ ਹਰਿ ਚਰਨ ਦਵਾਰ । ਸ਼ਬਦ ਪਾਏ ਤਨ ਸਾਚਾ ਗਾਤਰਾ, ਅੱਠੇ ਪਹਿਰ ਪਹਿਰੇਦਾਰ । ਨਾਮ ਲਾਏ ਸਾਚੀ ਮਾਤਰਾ, ਮੀਤ ਮੁਰਾਰਾ ਆਪ ਸੱਚੀ ਸਰਕਾਰ । ਵਸੇ ਬਾਹਰ ਵੇਦ ਸ਼ਾਸਤਰਾਂ, ਕਥਨੀ ਕਥ ਨਾ ਸਕੇ ਵਿਚ ਸੰਸਾਰ । ਕਰੇ ਖੇਲ ਬਹੁ ਬਹੁ ਭਾਤਰਾਂ, ਰਥ ਸਮਰਥ ਅਪਰ ਅਪਾਰ । ਹਰਿ ਜਨ ਜਨ ਹਰਿ ਇਕ ਬੰਨ੍ਹਾਏ ਚਰਨੀ ਨਾਤਰਾ, ਆਦਿ ਆਦਿ ਆਦਿ ਪੁਰਖ ਅੰਤ ਅੰਤ ਅੰਤ ਸਹਾਰ । ਚਾਰ ਵਰਨ ਗਲਵਕੜੀ, ਚਰਨ ਕਵਲ ਹਰਿ ਮੀਤ । ਸ਼ਬਦ ਫੜੇ ਹੱਥ ਤੱਕੜੀ, ਸਦੀ ਬੀਸਵੀਂ ਰਹੀ ਬੀਤ । ਬੇਮੁਖ ਜੀਵਾਂ ਕਾਇਆ ਆਤਮ ਅਕੜੀ, ਅੱਠੇ ਪਹਿਰ ਅਪੁਠੀ ਨੀਤ । ਮਾਇਆ ਰਾਣੀ ਸ਼ਬਦ ਜੰਜੀਰੀ ਜਕੜੀ, ਨਾ ਕੋਈ ਜਾਣੇ ਵੇਲਾ ਪਰਭਾਤ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਜਨ ਭਗਤਾਂ ਵੇਖੇ ਮਾਰ ਝਾਤ । ਚਾਰ ਵਰਨ ਜਗ ਮੀਤ, ਨਰ ਨਿਰੰਕਾਰਿਆ । ਸਤਿਜੁਗ ਅਵੱਲੜੀ ਰੀਤ, ਨਾ ਕੋਈ ਮੰਦਰ ਨਾ ਕੋਈ ਮਸੀਤ ਨਾ ਗੁਰੂਦਵਾਰਿਆ । ਨਰ ਨਰਾਇਣ ਆਤਮ ਚੀਤ, ਸਚ ਲਹਿਣਾ ਮੇਲ ਭਤਾਰਿਆ । ਸਦਾ ਸੁਹੇਲਾ ਕਾਇਆ ਰੱਖੇ ਠੰਡੀ ਸੀਤ, ਕਾਇਆ ਸੋਹੇ ਅਸਥਿਲ ਇਕ ਚੁਬਾਰਿਆ । ਮਾਨਸ ਦੇਹੀ ਲੈਣੀ ਜੀਤ, ਰਸਨਾ ਨਾਓ ਹਰਿ ਹਰਿ ਉਚਾਰਿਆ । ਏਕਾ ਗਾਏ ਸੁਹਾਗੀ ਗੀਤ, ਸੋਹੰ ਅੱਖਰ ਭਗਤ ਉਧਾਰਿਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਜਨ ਭਗਤਾਂ ਵੇਖੇ ਸਾਚੇ ਘਰ ਦਰ ਦਵਾਰਿਆ । ਚਾਰ ਵਰਨ ਚਾਰ ਕੁੰਟ ਚਾਰ ਚੁਫੇਰਿਆ । ਪ੍ਰਭ ਅਬਿਨਾਸ਼ੀ ਉਠ ਉਠ ਰਿਹਾ ਵੇਖ, ਜੋਤੀ ਜਾਮਾ ਧਰਿਆ ਭੇਖ, ਆਪੇ ਲੇਖ ਮਾਤ ਲਿਖਾਰਾ ਆਪ ਆਪ ਅਖਵਾ ਰਿਹਾ । ਨਾ ਕੋਈ ਜਾਣੇ ਔਲੀਆ ਪੀਰ ਸ਼ੇਖ਼, ਸਾਧ ਸੰਤ ਰਹੇ ਵੇਖ, ਕਵਣ ਕੂਟੇ ਪੁਰਖ ਅਬਿਨਾਸ਼ੀ ਜੋਤ ਜਗਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਕਾਲਾ ਵੇਸ ਕਰ, ਕਾਲੀ ਸ਼ਾਹੀ ਮਸਤਕ ਟਿੱਕਾ ਬੇਮੁਖਾਂ ਤਨ ਲਾ ਰਿਹਾ । ਮਸਤਕ ਟਿੱਕਾ ਕਾਲੀ ਰੇਖ, ਹਰਿ ਸਾਚੇ ਆਪ ਲਗਾਈਆ । ਆਤਮ ਦਰ ਕੋਈ ਨਾ ਸਕੇ ਵੇਖ, ਹਉਮੇ ਹੰਗਤਾ ਅਗਨ ਤਨ ਜਲਾਈਆ । ਨਾ ਕੋਈ ਵੇਖੇ ਆਪਣਾ ਲੇਖ, ਪੂਰਨ ਬੂਝ ਨਾ ਕੋਈ ਬੁਝਾਈਆ । ਗੁਰਮੁਖ ਸਾਚੇ ਸੰਤ ਜਨਾਂ ਆਪ ਲਿਖਾਈ ਧੁਰ ਦਰਗਾਹੀ ਏਕਾ ਰੇਖ, ਵੇਲੇ ਅੰਤਮ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੇ ਹੱਥ ਰੱਖੀ ਵਡਿਆਈਆ । ਏਕਾ ਇਕ ਭਗਵਾਨ, ਦੋ ਜਹਾਨਿਆ । ਏਕਾ ਏਕ ਨਿਸ਼ਾਨਾ ਖੇਲ ਮਹਾਨਿਆ । ਏਕਾ ਏਕ ਬੀਨਾ ਦਾਨਾ, ਵਡ ਵਡ ਦਾਨਿਆ । ਏਕਾ ਏਕ ਪੀਣਾ ਖਾਣਾ, ਰਸਨਾ ਰਸ ਇਕ ਵਖਾਨਿਆ । ਏਕਾ ਏਕ ਆਦਿ ਅੰਤ ਟੇਕ, ਆਪੇ ਰਹੇ ਸਦਾ ਬੁਧ ਬਿਬੇਕ, ਜੀਵ ਜੰਤ ਨਾ ਦਿਸੇ ਕੋਈ ਨਿਸ਼ਾਨਿਆ । ਏਕਾ ਏਕ ਇਕ ਨਿਸ਼ਾਨੀ । ਏਕਾ ਏਕ ਵਡ ਵਿਦਵਾਨੀ । ਏਕਾ ਏਕ ਚਤੁਰਭੁਜ ਆਤਮ ਦਾਤਾ ਸ਼ਬਦ ਗਿਆਨੀ । ਏਕਾ ਏਕ ਭੇਵ ਰਖਾਏ ਗੁਝ, ਜੁਗਾ ਜੁਗੰਤਰ ਖੇਲ ਨੂਰਾਨੀ । ਏਕਾ ਏਕ ਲੱਖ ਚੁਰਾਸੀ ਰਿਹਾ ਬੁੱਝ, ਪਾਰਬ੍ਰਹਮ ਪੁਰਖ ਸੁਲਤਾਨੀ । ਜੋਤੀ ਜੋਤ ਸਰੂਪ ਹਰਿ, ਏਕਾ ਨਾਉਂ ਸਰਬ ਥਾਉਂ ਜਾਣੇ ਬੂਝ ਬ੍ਰਹਮ ਗਿਆਨੀ । ਏਕਾ ਏਕ ਇਕ ਅਕਾਰਾ । ਸ਼ਬਦ ਟੇਕ ਜਗਤ ਜੈਕਾਰਾ । ਸ੍ਰਿਸ਼ਟ ਸਬਾਈ ਰਿਹਾ ਵੇਖ, ਆਪੇ ਵਸੇ ਧੁੰਦੂਕਾਰਾ । ਲੱਖ ਚੁਰਾਸੀ ਲਿਖੇ ਰੇਖ, ਨਾ ਕੋਈ ਜਾਣੇ ਲੇਖ ਲਿਖਾਰਾ । ਮਸਤਕ

ਸਾਚੀ ਲਾਏ ਮੇਖ, ਦੀਪਕ ਜੋਤੀ ਕਰ ਉਜਿਆਰਾ । ਜੋਤੀ ਜੋਤ ਸਰੂਪ ਹਰਿ, ਆਪੇ ਵਸੇ ਧਾਮ ਨਿਆਰਾ । ਏਕਾ ਏਕ ਇਕ ਹਰਿ ਦਵਾਰਿਆ । ਸ੍ਰਿਸ਼ਟ ਸਬਾਈ ਮੰਗੇ ਭਿਖ, ਫੂਲਨਹਾਰ ਸਰਬ ਸੰਸਾਰਿਆ । ਨਾ ਕੋਈ ਜਾਣੇ ਮੁਨ ਰਿਖ, ਬ੍ਰਹਮਾ ਵੇਦ ਨਾ ਪਾਏ ਭੇਦ, ਪਾਰਬ੍ਰਹਮ ਬ੍ਰਹਮ ਪਾਰ ਨਾ ਪਾਏ ਸਾਰਿਆ । ਆਪੇ ਲੇਖ ਰਿਹਾ ਲਿਖ, ਅੱਖਰ ਵੱਖਰ ਨਾ ਕੋਈ ਜਾਣੇ, ਖਾਣੀ ਬਾਣੀ ਦੋ ਜਹਾਨੀ ਜੁਗੋ ਜੁਗ ਆਪਣੀ ਆਪ ਸੁਣਾ ਰਿਹਾ । ਹਰਿ ਸ਼ਬਦ ਬੁਝਾਏ ਆਤਮ ਤ੍ਰਿਖ, ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਏਕਾ ਏਕ ਰੰਗ ਅਨੇਕ ਕਰ ਕਰ ਭੇਸ ਆਪ ਵਖਾ ਰਿਹਾ । ਏਕਾ ਏਕ ਆਤਮ ਧਾਰ, ਸ਼ਬਦ ਜੈਕਾਰ ਹਰਿ ਜਣਾਈਆ । ਜੋਤੀ ਨੂਰ ਕਰ ਅਕਾਰ, ਖੁੱਲ੍ਹੇ ਭੇਵ ਦਸਮ ਦਵਾਰ, ਦਰ ਦਵਾਰਾ ਇਕ ਵਖਾਈਆ । ਨਿਰਮਲ ਨੀਰ ਅੰਮ੍ਰਿਤ ਧਾਰ, ਸਾਚਾ ਸ਼ਬਦ ਕਰ ਪਿਆਰ, ਗੁਰਮੁਖਾਂ ਮੁਖ ਚੁਆਈਆ । ਪੰਜਾਂ ਤੱਤਾਂ ਵਸੇ ਬਾਹਰ, ਧੀਰਜ ਜਤਾ ਸਤਿ ਸੰਤੋਖ ਆਤਮ ਮੋਖ ਧਰਮ ਗਾਣਾ ਜਗਤ ਨਿਸ਼ਾਨਾ ਏਕਾ ਹੱਥ ਬੰਨ੍ਹਾਈਆ । ਆਪੇ ਆਪ ਮਿਹਰਬਾਨਾ, ਕਰੇ ਖੇਲ ਦੋ ਜਹਾਨਾ, ਤਿੰਨਾਂ ਲੋਆਂ ਏਕਾ ਬੂਝ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਕਲਜੁਗ ਆਪੇ ਰਿਹਾ ਭਵਾਈਆ । ਇਕ ਇਕੱਲਾ ਬਹੁ ਰੰਗ ਰੂਪਿਆ । ਲੱਖ ਚੁਰਾਸੀ ਵਸੇ ਸੰਗ, ਦਿਸ ਨਾ ਆਏ ਸ਼ਾਹੋ ਭੂਪਿਆ । ਸ਼ਬਦ ਸਰੂਪੀ ਜੀਵ ਜੰਤ ਪਤੰਗ, ਰੱਖੇ ਹੱਥ ਵਿਚ ਅੰਧ ਕੂਪਿਆ । ਮਾਇਆ ਰਾਣੀ ਕਰੇ ਮੰਗ, ਘਰ ਘਰ ਧੁਖਦੇ ਪਏ ਧੂਪਿਆ । ਗੁਰਮੁਖ ਵਿਰਲੇ ਆਤਮ ਦਰ ਵੱਜੇ ਮਰਦੰਗ, ਮਿਲੇ ਮੇਲ ਸ਼ਬਦ ਸਤਿ ਸਰੂਪਿਆ । ਸਾਧ ਸੰਤ ਹੋਏ ਨੰਗ, ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਏਕਾ ਧਾਗਾ ਜਗਤ ਪਰੋਏ, ਨਾ ਕੋਈ ਵੇਖੇ ਸਾਚਾ ਸੂਤਿਆ । ਸਾਚਾ ਸੂਤਰ ਤਨ ਮਨ ਵੱਟ । ਸਾਧ ਸੰਤ ਜੀਵ ਜੰਤ ਹਰ ਹਰ ਜਾਣੇ ਘਟ ਘਟ । ਕਵਣ ਦਵਾਰੇ ਕੰਤ, ਕਵਣ ਜਿਹਵਾ ਮਣੀਆ ਮੰਤ, ਕਵਣ ਤਨ ਰੰਗ ਬਸੰਤ, ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਆਪ ਆਪਣਾ ਵੇਸ ਕਰ, ਲੱਖ ਚੁਰਾਸੀ ਧਰਮ ਰਾਏ ਦੀ ਦੇਵੇ ਫਾਸੀ, ਮੇਟ ਮਿਟਾਏ ਮਦਿਰਾ ਮਾਸੀ, ਚਾਰ ਕੁੰਟ ਦਹਿ ਦਿਸ਼ਾ ਇਕ ਚਲਾਏ ਸੋਹੰ ਸ਼ਬਦ ਸੁਹਾਗੀ ਗੀਤ । ਸੋਹੰ ਸੁਹਾਗੀ ਛੰਤ ਆਪ ਜਣਾਇਆ । ਸਤਿਜੁਗ ਬਣਾਏ ਸਾਚੀ ਬਣਤ, ਭੇਖ ਵਟਾਇਆ । ਕਲਜੁਗ ਤੇਰਾ ਆਪ ਕਰਾਏ ਅੰਤ, ਸ਼ਾਹ ਸੁਲਤਾਨਾ ਰਿਹਾ ਭੁਲਾਇਆ । ਹਰਿਜਨ ਮਿਲਾਏ ਸਾਚੇ ਕੰਤ, ਆਪ ਆਪਣਾ ਮੇਲ ਰਿਹਾ ਕਰਾਇਆ । ਕਾਇਆ ਖਿੜੇ ਸੱਚੀ ਬਸੰਤ, ਸਾਚੀ ਰੁੱਤੜੀ ਆਪ ਸੁਹਾਇਆ । ਮਹਿੰਮਾ ਜਗਤ ਗਣਤ ਅਗਣਤ, ਭੇਵ ਕਿਸੇ ਨਾ ਪਾਇਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਕਲਜੁਗ ਅੰਤਮ ਵੇਖ ਹਰਿ, ਸਾਧ ਸੰਤ ਰਿਹਾ ਜਗਾਇਆ । ਸਾਧ ਸੰਤ ਕਲ ਜਾਣਾ ਜਾਗ । ਏਕਾ ਵੱਜਾ ਹੰਕਾਰੀ ਜੰਦਰ, ਆਤਮ ਜੋਤੀ ਬੁਝੀ ਚਿਰਾਗ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਕਲਜੁਗ ਅੰਤਮ ਵੇਖ ਹਰਿ, ਕਲਜੁਗ ਕਾਲੇ ਲਾਹੁਣ ਆਇਆ ਦਾਗ । ਸਾਚੇ ਸੰਤ ਸ਼ਬਦ ਜਣਾਈਆ । ਕਲ ਮਾਇਆ ਪਾਈ ਬੇਅੰਤ, ਵਾਗ ਪੰਜਾਂ ਹੱਥ ਫੜਾਈਆ । ਵੇਲਾ ਨੇੜੇ ਆਇਆ ਅੰਤ, ਕਿਉਂ ਮਸਤਕ ਲਾਈ ਛਾਹੀਆ । ਅੰਤ ਵਿਛੋੜਾ ਇਕ ਭਗਵੰਤ, ਯੁਗ ਚੌਥੇ ਰਹੇ ਜੁਦਾਈਆ । ਨਾ ਕੋਈ ਬਣਾਏ ਮਾਤ ਬਣਤ, ਸੁਰਤੀ ਘੋੜੇ ਰਿਹਾ ਦੁੜਾਈਆ । ਭਰਮ ਭੁਲਾਇਆ ਜੀਵ ਜੰਤ, ਕਥਨੀ ਕਥਾ ਕਥ ਕਥ ਰਿਹਾ ਸੁਣਾਈਆ । ਕਵਣ ਦਵਾਰੇ ਵਸੇ ਸਾਚਾ ਸੰਤ, ਕਵਣ ਦਵਾਰੇ ਮੇਲ ਅੰਤ, ਹਰਿ ਜੋਤੀ ਜੋਤ ਰਿਹਾ ਮੇਲ ਮਿਲਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਸ਼ਬਦ ਹਲੂਣਾ

੨੪੪
੦੫

ਇਕੋ ਮਾਰ, ਸੰਤ ਸੁਹੇਲੇ ਰਿਹਾ ਜਗਾਈਆ । ਹਰਿ ਸ਼ਬਦ ਅਡੋਲ, ਗੁਰ ਜਣਾਈਆ । ਗੁਰ ਸ਼ਬਦ ਅਨਮੋਲ, ਸ੍ਰਿਸ਼ਟ ਸਬਾਈਆ । ਸ੍ਰਿਸ਼ਟ ਸਬਾਈ ਰਿਹਾ ਤੋਲ, ਵਡੀ ਵਡਿਆਈਆ । ਗੁਰਮੁਖਾਂ ਸਦ ਵਸੇ ਕੋਲ, ਬੇਮੁਖਾਂ ਦਿਸ ਨਾ ਆਈਆ । ਭਾਗ ਲਗਾਏ ਕਾਇਆ ਚੋਲ, ਧੁਨੀ ਨਾਦ ਇਕ ਵਜਾਈਆ । ਨਾਮ ਮਰਦੰਗਾ ਸਾਚਾ ਢੋਲ, ਨਾਦ ਅਨਾਹਤ ਆਪ ਵਜਾਈਆ । ਬਜਰ ਕਪਾਟੀ ਪੜਦਾ ਖੋਲ੍ਹ, ਸੁਨ ਮੁਨ ਆਪ ਤੁੜਾਈਆ । ਦਸਮ ਦਵਾਰੀ ਪੜਦੇ ਖੋਲ੍ਹ, ਅੰਧ ਅੰਧਿਆਰੀ ਮੇਟ ਮਿਟਾਈਆ । ਹਰਿਜਨ ਮਿਲੇ ਨਾਮ ਹਰਿ ਅਨਮੋਲ, ਵਸਤ ਦਸਤ ਇਕ ਰਘੁਰਾਈਆ । ਗੁਰਮੁਖ ਸਾਚੇ ਲਾਲ ਵਿਰੋਲ, ਹਰਿ ਸਾਚਾ ਵਣਜ ਕਰਾਈਆ । ਜੋਤੀ ਜੋਤ ਸਰੂਪ ਹਰਿ, ਜੋਤੀ ਸ਼ਬਦ ਮੇਲ ਕਰ, ਭੁਗਤ ਭਗਤ ਆਪ ਜਣਾਈਆ । ਹਰਿ ਸ਼ਬਦ ਅਥਾਹ ਬੇਪਰਵਾਹੀਆ । ਗੁਰ ਸ਼ਬਦ ਜਗਤ ਮਲਾਹ, ਭੇਵ ਨਾ ਰਾਈਆ । ਹੋਏ ਸਹਾਈ ਸਭਨੀ ਥਾਂ, ਏਕਾ ਧਾਰ ਆਪ ਵਹਾਈਆ । ਨਾ ਕੋਈ ਜਾਣੇ ਪਿਤਾ ਮਾਂ, ਪੁੱਤਰ ਧੀਆਂ ਨਾ ਕੋਈ ਜਣਾਈਆ । ਗੁਰਮੁਖਾਂ ਰੱਖੇ ਠੰਡੀ ਛਾਂ, ਦਿਵਸ ਰੈਣ ਅੰਮ੍ਰਿਤ ਧਾਰ ਪਿਆਈਆ । ਅੰਮ੍ਰਿਤ ਦਰ ਦਵਾਰਾ ਸਾਚੇ ਥਾਂ, ਬਜਰ ਕਪਾਟੀ ਪਾੜ ਵਖਾਈਆ । ਜੋਤੀ ਜੋਤ ਸਰੂਪ ਹਰਿ, ਜੋਤੀ ਸ਼ਬਦ ਮੇਲ ਕਰ, ਭਗਤ ਭਗਵੰਤ ਸੰਤ ਅਸੰਤ ਜੀਵ ਜੰਤ ਬਾਹਰ ਰਖਾਈਆ । ਹਰਿ ਸ਼ਬਦ ਅਲੱਖ, ਅਲੱਖਨਾ ਲਖਿਆ । ਗੁਰ ਕਾ ਸ਼ਬਦ ਪਰਤਖ, ਗੁਰਮੁਖ ਸਾਚੇ ਰਸਨਾ ਚੱਖਿਆ । ਵੇਲੇ ਅੰਤਮ ਲਏ ਰੱਖ, ਦੇਵੇ ਹੱਥ ਸਿਰ ਸਮਰਥਿਆ । ਪੰਚਮ ਚੋਰਾਂ ਪਾਏ ਨੱਥ, ਅੰਦਰੇ ਅੰਦਰ ਆਪੇ ਆਪ ਮੱਥਿਆ । ਪੁਰਖ ਅਬਿਨਾਸ਼ੀ ਮਹਿੰਮਾ ਅਕਥ, ਕਥਨੀ ਕਥ ਨਾ ਕਿਸੇ ਕਥਿਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਜੋਤੀ ਸ਼ਬਦ ਮੇਲ ਹਰਿ, ਜਗਤ ਚਲਾਏ ਏਕਾ ਰਥਿਆ । ਹਰਿ ਸ਼ਬਦ ਅਪਾਰ ਗੁਰਦਵਾਰਿਆ । ਗੁਰ ਸ਼ਬਦ ਅਪਾਰ, ਜਗਤ ਅਧਾਰਿਆ । ਗੁਰਮੁਖ ਉਧਰੇ ਪਾਰ, ਜਿਸ ਰਸਨਾ ਨਾਉਂ ਉਚਾਰਿਆ । ਜੁਗਾ ਜੁਗੰਤਰ ਸਾਚੀ ਕਾਰ, ਆਦਿ ਅੰਤ ਨਾ ਪਾਰਾਵਾਰਿਆ । ਆਪੇ ਬੰਨ੍ਹੇ ਆਪਣੀ ਧਾਰ, ਨਾ ਕੋਈ ਮੰਗੇ ਹੋਰ ਸਹਾਰਿਆ । ਆਪੇ ਪੁਰਖ ਆਪੇ ਨਾਰ, ਆਪੇ ਜੋਤੀ ਸ਼ਬਦ ਅਧਾਰ, ਆਪੇ ਪਵਣ ਸਵਾਸੀ ਹੋਈ ਉਡਾਰਿਆ । ਆਪੇ ਲੱਖ ਚੁਰਾਸੀ ਜਨਮ ਰਹਿਰਾਸੀ ਕਰੇ ਬੰਦ ਖੁਲਾਸੀ, ਕਾਲ ਮਹਾਂਕਾਲ ਨਾ ਆਏ ਦਰ ਦਵਾਰਿਆ । ਜਗੇ ਜੋਤ ਪ੍ਰਿਥਮੀ ਅਕਾਸ਼ੀ, ਚੌਦਾਂ ਹੱਟਾਂ ਤੀਰਥ ਤੱਟਾਂ ਕਰ ਵਣਜਾਰਿਆ । ਭਗਤ ਜਨਾਂ ਹਰਿ ਦਾਸਨ ਦਾਸੀ, ਚਾਰ ਕੁੰਟ ਦਹਿ ਦਿਸ਼ ਹਰਿ ਰਸਨ ਸਵਾਸੀ, ਜੋਤੀ ਨੂਰ ਅਪਰ ਅਪਾਰਿਆ । ਕਿਸੇ ਹੱਥ ਨਾ ਆਏ ਪੰਡਤ ਕਾਂਸ਼ੀ, ਫਿਰ ਫਿਰ ਥੱਕੇ ਮੰਦਰ ਅੰਦਰ ਡੂੰਘੀ ਕੰਦਰ ਵੇਖ ਵਿਚਾਰਿਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਜੋਤੀ ਸ਼ਬਦ ਮੇਲ ਹਰਿ, ਆਪੇ ਵਣਜ ਆਪੇ ਵਣਜਾਰਿਆ । ਹਰਿ ਸ਼ਬਦ ਅਪਾਰ ਰੂਪ ਅਗੰਮੜਾ । ਨਾ ਕੋਈ ਜਾਣੇ ਜੰਤ ਗਵਾਰ, ਕਲਜੁਗ ਤੇਰੀ ਅੰਤਮ ਵਾਰ, ਸਾਧਾਂ ਸੰਤਾਂ ਆਈ ਹਾਰ, ਮਾਇਆ ਰਾਣੀ ਹੋਈ ਤਿਆਰ, ਚਾਰੋਂ ਕੁੰਟ ਫਿਰ ਫਿਰ ਥੱਕੇ ਨਾ ਕੋਈ ਸੱਜਣ ਮੀਤ ਮੁਰਾਰ । ਵੇਦ ਪੁਰਾਨ ਪੜ੍ਹ ਪੜ੍ਹ ਥੱਕੇ, ਮੁੱਲਾ ਕਾਜੀ ਵਿਚ ਮੱਕੇ ਅੰਜੀਲ ਕੁਰਾਨਾਂ ਪੈਂਦੀ ਮਾਰ । ਧਰਤ ਮਾਤ ਦਿਵਸ ਰੈਣ ਦੂਰ ਦੁਰਾਡਾ ਏਕਾ ਰਾਹ ਪੁਰਖ ਅਬਿਨਾਸ਼ੀ ਤੱਕੇ ਜੋਤ ਨਿਰੰਜਣ ਤੇਰਾ ਅੰਜਨ ਸ਼ਬਦ ਸੁਨੇਹੜਾ ਆਪੇ ਕਟੇ ਕਲਜੁਗ ਜੇੜਾ, ਵੇਲੇ ਅੰਤਮ ਕਿਰਪਾ ਧਾਰ । ਹੱਕੋ ਹੱਕ ਨਿਬੇੜਾ, ਲੱਖ ਚੁਰਾਸੀ ਚੁੱਕੇ ਝੇੜਾ, ਜੂਠਾ ਝੂਠਾ ਕਾਇਆ ਨਗਰ ਖੇੜਾ, ਨਾ ਕੋਈ ਕਰੇ ਜੀਵ ਗਵਾਰ । ਦਿਵਸ ਰੈਣ ਏਕਾ ਝੇੜਾ ਦੰਦ ਬਤੀਸਾ ਭੇੜ ਭੇੜਾ, ਰਾਗ ਛਤੀਸਾ ਲਾਏ ਉਖੇੜਾ, ਬੀਸ ਇਕੀਸ

ਖੁਲ੍ਹਾ ਵਿਹੜਾ, ਕਰੇ ਖੇਲ ਅਪਰ ਅਪਾਰ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਜੋਤੀ ਸ਼ਬਦ ਮੇਲ ਕਰ, ਸ਼ਬਦ ਘੋੜਾ ਕਰ ਤਿਆਰ । ਸ਼ਬਦ ਘੋੜਾ ਹਰਿ ਰਖਾਇੰਦਾ । ਚਿੱਟਾ ਅਸਵ ਚਿੱਟਾ ਘੋੜਾ ਚਿੱਟਾ ਜੋੜਾ, ਧੁਰ ਦਰਗਾਹੀ ਆਇਆ ਦੌੜਾ, ਵੇਖ ਵਖਾਣੇ ਮਿਠਾ ਕੌੜਾ, ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਵਿਚ ਜਹਾਨ ਬੇਈਮਾਨ, ਪਹਿਲਾ ਪੌੜਾ ਆਪ ਉਠਾਇੰਦਾ । ਕਰੇ ਖੇਲ ਅੰਤ ਮਹਾਨ, ਮਿਟਦੇ ਜਾਣ ਕਲ ਨਿਸ਼ਾਨ, ਨਾ ਕੋਈ ਪੜ੍ਹੇ ਹਦੀਸ ਕੁਰਾਨ, ਵੇਦ ਪੁਰਾਨ ਨਾ ਕੋਈ ਰਸਨਾ ਗਾਇੰਦਾ । ਖਾਣੀ ਬਾਣੀ ਹੋਈ ਹੈਰਾਨ, ਚਾਰੋਂ ਕੁੰਟ ਮਾਰੇ ਧਿਆਨ, ਗੁਰ ਗੋਬਿੰਦਾ ਜੋਤ ਮਹਾਨ, ਆਤਮ ਸ਼ਕਤੀ ਖੇਲ ਮਹਾਨ, ਪੂਰਨ ਭਗਤੀ ਗੁਰਮੁਖ ਵਿਰਲਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਜੋਤੀ ਸ਼ਬਦ ਮੇਲ ਹਰਿ, ਸਾਚੀ ਬਣਤ ਬਣਾਇੰਦਾ । ਗੁਰ ਗੋਬਿੰਦੇ ਭੇਖ ਵਟਾਇਆ ਏ । ਪਰਗਟ ਹੋਏ ਹਰਿ ਮਰਗਿੰਦੇ, ਦਿਸ ਕਿਸੇ ਨਾ ਆਇਆ ਏ । ਆਤਮ ਵੱਜੇ ਘਰ ਘਰ ਜਿੰਦੇ, ਨਾ ਕਿਸੇ ਦਰ ਖੁਲ੍ਹਾਇਆ ਏ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਆਪ ਆਪਣਾ ਵੇਸ ਕਰ, ਸੰਬਲ ਦੇਸ ਵਸਾਇਆ ਏ । ਸੰਬਲ ਦੇਸ ਨਗਰ ਅਪਾਰਾ ਏ । ਸਾਚਾ ਵਜੇ ਸ਼ਬਦ ਨਗਾਰਾ ਏ । ਦਿਵਸ ਰੈਣ ਜੋਤੀ ਨੂਰ ਕਰ ਉਜਿਆਰ, ਭਰਿਆ ਸ਼ਬਦ ਭੰਡਾਰਾ ਏ । ਅੱਠੇ ਪਹਿਰ ਪਵਣ ਘੋੜੇ ਚਿੱਟੇ ਅਸਵ ਹਰਿ ਅਸਵਾਰ, ਚਾਰ ਕੁੰਟ ਦਹਿ ਦਿਸ਼ੇ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਪਰਗਟ ਹੋਏ ਦਰਸ ਦਿਖਾਏ । ਸਾਚੀ ਨਗਰੀ ਡੇਰਾ ਲਾਇਆ, ਹਰਿ ਸਾਚੀ ਰਚਨ ਰਚਾਈਆ । ਗੁਰ ਗੋਬਿੰਦੇ ਲੇਖ ਲਿਖਾਇਆ, ਗੌੜ ਬ੍ਰਾਹਮਣ ਦਿਸ ਨਾ ਆਇਆ, ਵੇਦ ਵਿਆਸਾ ਗਿਆ ਲਿਖਾਈਆ । ਧੁਰ ਦਰਗਾਹੀ ਆਇਆ ਜਾਮਨ, ਸ਼ਬਦ ਡੋਰੀ ਹੱਥ ਰਖਾਈਆ । ਨੇੜ ਨਾ ਆਏ ਕਾਮਨੀ ਕਾਮਨ, ਜਿਸ ਜਨ ਦਇਆ ਕਮਾਈਆ । ਕਲਜੁਗ ਮਿਟੇ ਅੰਧੇਰੀ ਸ਼ਾਮਨ, ਸਤਿਜੁਗ ਸਾਚਾ ਚੰਦ ਚੜ੍ਹਾਇਆ ਏ । ਬੇਮੁਖਾਂ ਵੱਢੇ ਨੱਕ ਗੁਤ, ਪੁਰਖ ਅਬਿਨਾਸ਼ੀ ਜਾਮਾ ਪਾਇਆ ਏ । ਨਿਹਕਲੰਕ ਨਰਾਇਣ ਨਰ, ਜੋਤੀ ਜਾਮਾ ਭੇਖ ਧਰ, ਸੰਬਲ ਦੇਸ ਹਰਿ ਆਪਣਾ ਆਪ ਕਰਾਇਆ ਏ । ਸੰਬਲ ਦੇਸ ਹਰਿ ਉਜਿਆਰਾ ਏ । ਛੇਵੇਂ ਜੋ ਜਨ ਪਾਰ ਕਿਨਾਰਾ ਏ । ਆਪੇ ਖਾਏ ਕਾਇਆ ਭੋਜਨ, ਆਪੇ ਦੇਵੇ ਸ਼ਬਦ ਅਧਾਰਾ ਹੈ । ਜੋਤੀ ਜੋਤ ਸਰੂਪ ਹਰਿ, ਗੁਰਮੁਖ ਸਾਚੇ ਸੰਤ ਜਨਾਂ ਇਕ ਵਖਾਏ ਸਾਚਾ ਸਚ ਦਵਾਰਾ ਹੈ । ਸਚ ਦਵਾਰ ਵਖਾਇੰਦਾ । ਨਾਵੇਂ ਦਰ ਬੰਦ ਕਰਾਇੰਦਾ । ਪਰਗਟ ਹੋਏ ਸਾਚੇ ਘਰ, ਜੋਤੀ ਨੂਰ ਇਕ ਕਰ, ਨਾ ਜਨਮੇ ਨਾ ਜਾਏ ਮਰ, ਆਪ ਆਪਣੇ ਵਿਚ ਸਮਾਇੰਦਾ । ਲੱਖ ਚੁਰਾਸੀ ਗਈ ਹਰ, ਨਾ ਕੋਈ ਨਾਰੀ ਨਾ ਕੋਈ ਨਰ, ਬੇਮੁਖ ਭੌਂਦੇ ਘਰ ਘਰ ਬੰਦਰ, ਦਿਸ ਕਿਸੇ ਨਾ ਆਇੰਦਾ । ਜਨ ਭਗਤਾਂ ਚੁਕਾਏ ਜਮ ਕਾ ਡਰ, ਚਰਨ ਸਰਨ ਜਨ ਜਾਏ ਤਰ, ਏਕਾ ਏਕ ਰਿਹਾ ਕਰ, ਚਾਰ ਵਰਨ ਅਠਾਰਾਂ ਬਰਨ, ਵਰਨ ਅਵਰਨਾਂ ਏਕਾ ਰੰਗ ਰੰਗਾਇੰਦਾ । ਗੁਰ ਮੰਤਰ ਅਮੋਲ ਸ਼ਬਦ ਜਣਾਈਆ । ਗੁਰ ਮੰਤਰ ਅਤੋਲ, ਨਾ ਸਕੇ ਕੋਈ ਤੁਲਾਈਆ । ਗੁਰ ਮੰਤਰ ਅਡੋਲ, ਨਾ ਕੋਇ ਮਾਤ ਡੁਲਾਈਆ । ਗੁਰ ਮੰਤਰ ਅਨਭੋਲ, ਅਸੁੱਤੇ ਪਰਕਾਸ਼ ਕਰਾਈਆ । ਗੁਰ ਮੰਤਰ ਸਦ ਵਸੇ ਕੋਲ, ਅਸਤਰ ਸ਼ਸਤਰ ਨਾ ਕੋਈ ਰਖਾਈਆ । ਗੁਰ ਮੰਤਰ ਦਿਵਸ ਰੈਣ ਵਜਾਏ ਸੱਚਾ ਢੋਲ, ਜਗਤ ਮਰਦੰਗ ਨਾ ਕੋਈ ਰਖਾਈਆ । ਗੁਰ ਸ਼ਬਦ ਸੱਦ ਵਸੇ ਕੋਲ, ਸਾਚਾ ਰਾਹ ਵਖਾਈਆ । ਗੁਰ ਮੰਤਰ ਵਖਾਏ ਕਾਇਆ ਚੋਲ੍ਹ, ਰੰਗਣ ਇਕ ਮਜੀਠ ਚੜ੍ਹਾਈਆ । ਗੁਰ ਮੰਤਰ ਬਹੱਤਰ ਨਾੜੀ ਤਿੰਨ ਸੌ ਸੱਠ ਹਾਡੀ ਰਿਹਾ ਵਿਰੋਲ, ਗੁਰਮੁਖ

ਸਾਚੇ ਮਾਣਕ ਮੋਤੀ ਆਤਮ ਸੋਈ ਉਠਾਈਆ । ਗੁਰ ਮੰਤਰ ਦਵਾਰਾ ਦੂਈ ਦਵੈਤੀ ਦੇਵੇ ਪੜਦੇ ਖੋਲ੍ਹ, ਏਕਾ ਦਰ ਰਿਹਾ ਵਖਾਈਆ । ਗੁਰ ਮੰਤਰ ਬਣਾਏ ਬਣਤਰ ਜੁਗਾ ਜੁਗੰਤਰ ਗੁਰਮੁਖ ਸਾਚੇ ਸੰਤ ਜਨਾਂ ਜੋਤੀ ਮੇਲ ਮਿਲਾਈਆ । ਗੁਰ ਮੰਤਰ ਅਪਾਰ, ਸਰਬ ਘਟ ਵਾਸਿਆ । ਗੁਰ ਮੰਤਰ ਅਪਾਰ, ਗੁਰਮੁਖ ਚਲਾਏ ਰਸਨਾ ਰਸਨ ਸਵਾਸ ਸਵਾਸਿਆ । ਗੁਰ ਮੰਤਰ ਗੁਰ ਕੀਰਤ ਧਾਰ, ਆਤਮ ਲਾਹੇ ਜਗਤ ਉਦਾਸੀਆ । ਗੁਰ ਮੰਤਰ ਆਤਮ ਸੀਰਤ ਇਕ ਅਪਾਰ ਮਾਨਸ ਜਨਮ ਕਰੇ ਰਹਿਰਾਸੀਆ । ਗੁਰ ਮੰਤਰ ਕੱਢੇ ਹਉਮੇ ਪੀੜਤ, ਉਡੇ ਉਡਾਏ ਵਿਚ ਅਕਾਸਿਆ । ਗੁਰ ਮੰਤਰ ਗੁਰ ਸ਼ਬਦ ਅਧਾਰ, ਜੋਤੀ ਮੇਲ ਹਰਿ ਕਰਤਾਰ, ਲੱਖ ਚੁਰਾਸੀ ਕਟੇ ਫਾਸੀ, ਫੰਦ ਕਟਾਏ ਗਰਭ ਵਾਸੀਆ । ਗੁਰ ਮੰਤਰ ਗੁਰ ਧਾਰ ਆਪ ਜਣਾਇੰਦਾ । ਗੁਰਮੁਖਾਂ ਕਰਮ ਵਿਚਾਰ, ਹਰਿ ਆਪੇ ਚਰਨੀ ਲਾਇੰਦਾ । ਮਾਨਸ ਦੇਹੀ ਪੈਜ ਸਵਾਰ, ਸ਼ਬਦ ਤੀਰ ਬਜਰ ਕਪਾਟੀ ਚੀਰ, ਏਕਾ ਵਾਰ ਪਾਰ ਕਰਾਇੰਦਾ । ਅੰਮ੍ਰਿਤ ਆਤਮ ਦੇਵੇ ਸਾਚਾ ਨੀਰ, ਆਪ ਚੜ੍ਹਾਏ ਏਕਾ ਚੋਟੀ ਸਿਖਰ ਅਖ਼ੀਰ, ਪੱਲੂ ਨਾਮ ਇਕ ਫੜਾਇੰਦਾ । ਅੰਦਰ ਮੰਦਰ ਕਟੇ ਭੀੜ, ਆਪੇ ਆਪ ਬੰਨ੍ਹੇ ਬੀੜ, ਸ਼ਬਦ ਘੋੜੇ ਆਪ ਚੜ੍ਹਾਇੰਦਾ । ਨਾ ਕੋਈ ਜਾਣੇ ਹਸਤ ਕੀੜ, ਸ਼ਬਦ ਵੇਲਣੇ ਰਿਹਾ ਪੀੜ, ਪੰਚਮ ਪੰਜਾਂ ਨਸ਼ਟ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਕਲਜੁਗ ਕਿਰਿਆ ਕਰਮ ਕਮਾਇੰਦਾ । ਗੁਰ ਮੰਤਰ ਗੁਰ ਦੀਨ ਘਟ ਘਟ ਵਾਸਿਆ । ਚਾਰ ਵਰਨ ਏਕਾ ਈਣ, ਸਾਂਤਕ ਸਾਂਤ ਠਾਂਡਾ ਸੀਨ, ਮੇਲ ਮਿਲਾਏ ਪੁਰਖ ਅਬਿਨਾਸ਼ਿਆ । ਗੁਰ ਮੰਤਰ ਚਲੇ ਰੂਸਾ ਚੀਨ, ਗਗਨ ਪਤਾਲੀ ਭੰਨੇ ਹੰਕਾਰੀ ਬੀਨ, ਵੇਖ ਵਖਾਣੇ ਪ੍ਰਿਥਮੀ ਅਕਾਸਿਆ । ਗੁਰ ਮੰਤਰ ਲੱਖ ਚੁਰਾਸੀ ਸਦਾ ਅਧੀਨ, ਗੁਰਮੁਖ ਵਿਰੋਲੇ ਆਤਮ ਰਸ ਰਸਨਾ ਪੀਣ, ਬੇਮੁਖਾਂ ਦਰ ਦਰ ਘਰ ਘਰ ਹੋਏ ਹਾਸਿਆ । ਮਨਮੁਖ ਹੋਏ ਨੇਤਰ ਹੀਣ, ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਆਪੇ ਜਾਣੇ ਸਗਲੀ ਰਾਸਿਆ । ਗੁਰ ਮੰਤਰ ਗੁਰ ਜੋਤ ਜਗਤ ਧਰਾਈਆ । ਮੇਟ ਮਿਟਾਏ ਵਰਨ ਗੋਤ, ਚਾਰੇ ਵਰਨਾਂ ਰਿਹਾ ਸੁਣਾਈਆ । ਦੁਰਮਤ ਮੈਲ ਰਿਹਾ ਧੋਤ, ਕਾਇਆ ਮੰਦਰ ਇਕ ਸੁਹਾਈਆ । ਸ਼ਬਦ ਭੰਡਾਰਾ ਰਖੇ ਅਤੋਟ, ਦਿਵਸ ਰੈਣ ਰਿਹਾ ਵਰਤਾਈਆ । ਤਨ ਨਗਾਰੇ ਵਜੇ ਚੋਟ, ਸ਼ਬਦ ਡੰਡਾ ਰਿਹਾ ਉਠਾਈਆ । ਹਉਮੇ ਕਢੇ ਕਾਇਆ ਖੋਟ, ਭਾਂਡਾ ਭਰਮ ਰਿਹਾ ਭੰਨਾਈਆ । ਕਲਜੁਗ ਜੀਵ ਆਲ੍ਹਣਿਓਂ ਡਿੱਗੇ ਬੋਟ, ਵੇਲੇ ਅੰਤ ਨਾ ਕੋਈ ਸਹਾਈਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਕਲਜੁਗ ਤੇਰੀ ਅੰਤਮ ਵਰ, ਕਲ ਕਲੰਦਰ ਆਪ ਅਖਵਾਈਆ । ਕਲਜੁਗ ਕਾਲਾ ਰੰਗ ਕਾਲਾ ਸੂਸਿਆ । ਚਾਰੋਂ ਕੁੰਟ ਭੁੱਖ ਨੰਗ, ਮੇਟ ਮਿਟਾਏ ਈਸਾ ਮੂਸਿਆ । ਸ਼ਬਦ ਡੋਰੀ ਲੱਖ ਚੁਰਾਸੀ ਚੜ੍ਹੀ ਪਤੰਗ, ਵੇਖ ਵਖਾਣੇ ਅੰਧ ਕੂਪਿਆ । ਦਹਿ ਦਿਸ਼ ਕਰਾਏ ਅੰਤਮ ਭੰਗ, ਮੇਲ ਮਿਲਾਏ ਚੀਨਾ ਰੂਸਿਆ । ਮਾਇਆ ਰਾਣੀ ਵੇਖੇ ਜੰਗ, ਅਸ਼ਟਭੁਜ ਫੁਰਕੇ ਅੰਗ, ਆਪ ਉਠਾਏ ਸ਼ਾਹ ਅਬਨੂਸਿਆ । ਸ਼ਬਦ ਘੋੜੇ ਕਸ ਤੰਗ, ਸੋਹੰ ਵਜਾਏ ਇਕ ਮਰਦੰਗ, ਉਲਟੀ ਵਹੇ ਮਾਤ ਗੰਗ, ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਕਲਜੁਗ ਕਾਲਾ ਵੇਸ ਹਰਿ, ਤਨ ਛੁਹਾਏ ਕਾਲਾ ਸੂਸਿਆ । ਕਲਜੁਗ ਕਾਲੀ ਰੈਣ ਦਏ ਦੁਹਾਈਆ । ਮਾਇਆ ਰਾਣੀ ਖਾਏ ਡੈਣ, ਸਾਧਾਂ ਸੰਤਾਂ ਜੀਆਂ ਜੰਤਾਂ ਸਾਰ ਨਾ ਪਾਈਆ । ਨਾਤਾ ਤੁੱਟੇ ਭਾਈ ਭੈਣ, ਨਾ ਕੋਈ ਸਾਕ ਸੱਜਣ ਸੈਣ, ਵੇਲੇ ਅੰਤ ਨਾ ਕੋਈ ਸਹਾਈਆ । ਜਨ ਭਗਤ ਚੁਕਾਏ ਲਹਿਣ ਦੇਣ, ਦਰਸ ਦਿਖਾਏ ਤੀਜੇ ਨੈਣ, ਸਵੱਛ ਸਰੂਪੀ ਹਰਿ ਰਘੁਰਾਈਆ । ਬੇਮੁਖ ਵਹਾਏ ਵਹਿੰਦੇ ਵਹਿਣ, ਏਕਾ ਧੱਕਾ

ਰਿਹਾ ਲਗਾਈਆ । ਰਸਨਾ ਕਿਸੇ ਨਾ ਸਕੇ ਕਹਿਣ, ਮਦੀਨਾ ਮੱਕਾ ਪਹਿਲੇ ਢਾਹੀਆ । ਚਾਰੋਂ ਕੁੰਟ ਪੈਣ ਵੈਣ, ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਕਲਜੁਗ ਕਾਲਾ ਵੇਸ ਹਰਿ, ਕਾਲਖ ਟਿੱਕਾ ਰਿਹਾ ਲਗਾਈਆ । ਕਲਜੁਗ ਕਾਲੀ ਧਾਰ, ਕਲ ਕੁਲਵੰਤਿਆ । ਚਾਰੋਂ ਕੁੰਟ ਹਾਹਾਕਾਰ, ਨਾ ਕੋਈ ਪਾਵੇ ਕਿਸੇ ਸਾਰ, ਮਾਇਆ ਭੁੱਲੇ ਜੀਵ ਜੰਤਿਆ । ਵੇਲੇ ਅੰਤਮ ਪਾਵੇ ਸਾਰ, ਨਾ ਕੋਈ ਪਤੀ ਨਾ ਕੋਈ ਨਾਰ, ਨਾ ਕੋਈ ਦਿਸੇ ਸਾਚਾ ਕੰਤਿਆ । ਲੱਖ ਚੁਰਾਸੀ ਹੋਈ ਵਿਭਚਾਰ, ਨੌਂ ਦਵਾਰੇ ਰਹੀ ਝੱਖ ਮਾਰ, ਦਸਮ ਪਰਤਖ ਹਰਿ ਨਿਰੰਕਾਰ, ਨਾ ਜਾਣੇ ਕੋਈ ਪਰੀਖਿਆ । ਕਵਣ ਜੋਤੀ ਸ਼ਬਦ ਸ਼ਿੰਗਾਰ, ਗੁਰਮੁਖ ਸਾਚੇ ਮਾਣਕ ਮੋਤੀ ਹਰਿ ਦਵਾਰ, ਹਰਿ ਸ਼ਬਦ ਸੁਣਾਏ ਸਾਚੀ ਸੀਖਿਆ । ਮਿਲੇ ਮੇਲ ਕੰਤ ਭਤਾਰ, ਆਤਮ ਸੇਜਾ ਪੈਰ ਪਸਾਰ, ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਆਪ ਆਪਣੇ ਰੰਗ ਰਗੰਤਿਆ । ਕਲਜੁਗ ਕਾਲਾ ਰੰਗ, ਕਰਮ ਵਿਚਾਰਿਆ । ਅੰਤਮ ਵੇਲੇ ਹੋਏ ਨੰਗ, ਨਾ ਕੋਈ ਧਰਮ ਸੁਹਾ ਰਿਹਾ । ਜੂਠਾ ਝੂਠਾ ਮਾਤ ਕੁਟੰਬ, ਭਰਮੇ ਭੁਲੇ ਮਾਇਆ ਰੁਲੇ, ਆਤਮ ਦਰ ਸਾਚਾ ਹਰਿ ਨਾ ਕਿਸੇ ਵਿਚਾਰਿਆ । ਸ਼ਬਦ ਭੰਡਾਰੇ ਹਰਿ ਦਰ ਖੁਲ੍ਹੇ, ਗੁਰਮੁਖ ਵਿਰਲੇ ਲੈਣ ਅਨਮੁਲੇ, ਕਰੇ ਕਰਾਏ ਵਣਜ ਸੱਚਾ ਵਪਾਰਿਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਕਲਜੁਗ ਵੇਖੇ ਰੇਖ ਹਰਿ, ਕਵਣ ਦਵਾਰੇ ਸ਼ਬਦ ਜੈਕਾਰਿਆ । ਸ਼ਬਦ ਜੈਕਾਰਾ ਕਵਣ ਦਵਾਰ । ਕਵਣ ਦਵਾਰਾ ਸ਼ਬਦ ਅਧਾਰ । ਕਵਣ ਘਰ ਬਾਹਰਾ ਵਿਚ ਸੰਸਾਰ । ਅੰਮ੍ਰਿਤ ਮੇਘ ਬਰਸੇ ਸਵਣ, ਪਵਣ ਚਲੇ ਠੰਡੀ ਠਾਰ । ਭੇਖਾਧਾਰੀ ਭੇਖ ਬਵਨ, ਵਲ ਛਲ ਅਪਰ ਅਪਾਰ । ਨਾ ਕੋਈ ਜਾਣੇ ਦੇਵ ਯਮਨ, ਸ਼ਬਦ ਖੰਡਾ ਹੱਥ ਦਾਤਾਰ । ਨਾਮ ਦਾਮਨੀ ਚਮਕੇ ਦਮਨ, ਕਲਜੁਗ ਤੇਰੀ ਅੰਤਮ ਵਾਰ । ਮੇਟ ਮਿਟਾਏ ਕਾਮਨੀ ਕਾਮਨ, ਸ਼ਬਦ ਕਰਾਏ ਤਨ ਸ਼ਿੰਗਾਰ । ਦੁਸ਼ਟ ਸੰਘਾਰੇ ਜਿਉਂ ਰਾਮਾ ਰਾਵਣ, ਆਪ ਆਪਣੀ ਕਰ ਵਿਚਾਰ । ਕਰੇ ਖੇਲ ਘਨਈਆ ਸ਼ਾਮਨ, ਦੋ ਦੋ ਧਾਰ ਵਹਿੰਦੀ ਧਾਰ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਕਲਜੁਗ ਰੇਖ ਵੇਖ ਹਰਿ, ਜੋਤੀ ਨੂਰ ਕਰ ਅਕਾਰ । ਜੋਤੀ ਨੂਰ ਹਰਿ ਨਿਰੰਕਾਰ, ਕਲਜੁਗ ਵੇਖ ਵਖਾਣਿਆ । ਸ਼ਬਦ ਘੋੜਾ ਕਰ ਤਿਆਰ, ਪਕੜ ਉਠਾਏ ਰਾਜੇ ਰਾਣਿਆ । ਸੋਹੰ ਡੰਡਾ ਹਰਿ ਦਾਤਾਰ, ਪਾਏ ਵੰਡਾ ਵਿਚ ਸੰਸਾਰ ਵਡ ਜਰਵਾਣਿਆ । ਕਲਜੁਗ ਤੇਰਾ ਅੰਤਮ ਕੰਢਾ, ਵੇਖ ਵਖਾਣੇ ਨੌਂ ਨੌਂ ਖੰਡਾਂ, ਬ੍ਰਹਿਮੰਡਾਂ ਜਾਣ ਪਛਾਣਿਆ । ਪਾਏ ਵੰਡਾਂ ਵਿਚ ਵਰਭੰਡਾਂ, ਸੱਤਾਂ ਦੀਪਾਂ ਵੰਡ ਵੰਡਾਣਿਆ । ਨਾ ਕੋਈ ਪੂਜੇ ਕਰੀਰ ਜੰਡਾ, ਮੇਟ ਮਿਟਾਏ ਭੇਖ ਪਖੰਡਾ, ਏਕਾ ਏਕ ਸ੍ਰੀ ਭਗਵਾਨਿਆ । ਆਪੇ ਜਾਣੇ ਜੇਰਜ ਅੰਡਾ, ਸੇਤਜ ਉਤਭੁਜ ਖਾਣੀ ਬਾਣੀਆ । ਚਾਰ ਕੁੰਟ ਚਲਾਏ ਚੰਡ ਪਰਚੰਡਾ, ਬੇਮੁਖਾਂ ਵੱਢੇ ਅੰਤਮ ਗੰਢਾ, ਸਾਚਾ ਰਾਹ ਕੋਈ ਨਾ ਵੇਖੇ ਮੁਗਲ ਪਠਾਣੀਆ । ਲੱਖ ਚੁਰਾਸੀ ਦੇਵਣ ਆਇਆ ਦੰਡਾ, ਮੇਟ ਮਿਟਾਏ ਅੰਜੀਲ ਕੁਰਾਨਿਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਕਲਜੁਗ ਅੰਤਮ ਵੇਖ ਹਰਿ, ਆਪੇ ਜਾਣੇ ਆਪਣੀ ਬਾਣੀਆ । ਨੌਂ ਖੰਡ ਪਾਏ ਵੰਡ, ਹਰਿ ਭਗਵਾਨਿਅ । ਸ਼ਬਦ ਉਠਾਏ ਚੰਡ ਪਰਚੰਡ, ਦੋ ਜਹਾਨਿਆ । ਬੇਮੁਖ ਜੀਵ ਨਾਰ ਰੰਡ, ਕੰਤ ਸੁਹਾਗ ਨਾ ਕੋਈ ਹੰਢਾਨਿਆ । ਆਤਮ ਭਰਿਆ ਇਕ ਘਮੰਡ, ਪੰਜ ਲੱਗੇ ਮਗਰ ਸ਼ੈਤਾਨਿਆ । ਗੁਰਮੁਖ ਵਿਰਲੇ ਆਤਮ ਠੰਡ, ਕੋਟਨ ਇਕ ਵਿਚ ਬ੍ਰਹਿਮੰਡ, ਜਿਸ ਆਪਣਾ ਆਪ ਪਛਾਨਿਆ । ਕਲਜੁਗ ਔਧ ਗਈ ਹੰਢ, ਨਾ ਕੋਈ ਪਾਵੇ ਭੇਦ ਵੇਦ ਪੁਰਾਨੀ ਜਗਤ ਗਿਆਨੀਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਵੇਖ ਵਖਾਣੇ ਰਾਜ ਰਾਜਾਨ ਵਿਚ ਜਹਾਨ, ਮੇਟ ਮਿਟਾਏ

੨੪੮ ੦੫

ਸ਼ਾਹ ਸੁਲਤਾਨਿਆ । ਨਾ ਕੋਈ ਸ਼ਾਹ ਨਾ ਸੁਲਤਾਨ, ਤਖ਼ਤ ਤਾਜ ਨਾ ਕੋਈ ਰਖਾਇੰਦਾ । ਵੇਖ ਵਖਾਣੇ ਵਾਲੀ ਦੋ ਜਹਾਨ, ਸ਼ਬਦ ਬਾਜ ਇਕ ਉਡਾਇੰਦਾ । ਕਲਜੁਗ ਤੇਰੀ ਕੋਈ ਨਾ ਰੱਖੇ ਲਾਜ, ਲੂਲ੍ਹਾ ਲੰਗੜਾ ਅੰਤ ਅਪਾਹਜ, ਸ਼ਬਦ ਡੰਡਾ ਨਾ ਕੋਇ ਹੱਥ ਫੜਾਇੰਦਾ । ਲੱਖ ਚੁਰਾਸੀ ਪੈਣੀ ਭਾਜ, ਰਾਜ ਰਾਜਾਨਾਂ ਲਥੇ ਤਾਜ, ਕਰੇ ਖੇਲ ਦੇਸ ਮਾਝ, ਦਿਸ ਕਿਸੇ ਨਾ ਆਇੰਦਾ । ਆਪੇ ਸਾਜਨ ਰਿਹਾ ਸਾਜ, ਸ਼ਬਦ ਸਰੂਪੀ ਮਾਰੇ ਅਵਾਜ਼, ਗੁਰਮੁਖਾਂ ਅੰਤਮ ਰਖੇ ਲਾਜ, ਸ਼ਬਦ ਪੱਲਾ ਹੱਥ ਫੜਾਇੰਦਾ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਕਲਜੁਗ ਰੇਖ ਵੇਖ ਹਰਿ, ਆਪ ਆਪਣਾ ਕਾਜ ਰਚਾਇੰਦਾ । ਕਲਜੁਗ ਰਚਿਆ ਕਾਜ, ਹਰਿ ਰਚਾਇਆ । ਵੇਖੇ ਖੇਲ ਕਲ ਕਿ ਆਜ, ਲਾੜੀ ਮੌਤ ਰਿਹਾ ਉਠਾਇਆ । ਸ਼ਬਦ ਸਿਹਰਾ ਰੱਖੇ ਸੀਸ ਤਾਜ, ਸਾਚਾ ਹੁਕਮ ਰਿਹਾ ਸੁਣਾਇਆ । ਗੁਰਮੁਖਾਂ ਰੱਖਣੀ ਮਾਤ ਲਾਜ, ਦਰ ਦਵਾਰਾ ਇਕ ਵਖਾਇਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਕਲਜੁਗ ਵੇਖ ਰੇਖ ਹਰਿ, ਕਲਜੁਗ ਬੇੜਾ ਆਪਣੇ ਹੱਥ ਰਖਾਇਆ । ਕਲਜੁਗ ਰਚਿਆ ਕਾਜ, ਲਾੜੀ ਮੌਤ ਨਾਲ ਕੁੜਮਾਈਆ । ਰਾਜ ਰਾਜਾਨਾਂ ਲਾਹੇ ਤਾਜ, ਛਤਰ ਸੀਸ ਨਾ ਕੋਈ ਝੁਲਾਈਆ । ਨਾ ਕੋਈ ਪਕੜੇ ਕਿਸੇ ਵਾਗ, ਚਾਰ ਵਰਨ ਰਹੇ ਕੁਰਲਾਈਆ । ਮਾਇਆ ਰਾਣੀ ਲੱਗੇ ਦਾਗ, ਵੇਲੇ ਅੰਤ ਨਾ ਕੋਈ ਧਵਾਈਆ । ਹੋਏ ਵਿਛੋੜਾ ਕੰਤ ਸੁਹਾਗ, ਰੰਡਪ ਰੰਡ ਸਰਬ ਅਖਵਾਈਆ । ਅੱਠੇ ਪਹਿਰ ਮਮਤਾ ਆਗ, ਦਿਵਸ ਰੈਣ ਰਹੀ ਸਤਾਈਆ । ਆਤਮ ਜੋਤੀ ਬੁਝੇ ਚਿਰਾਗ, ਕਲਜੁਗ ਰੈਣ ਅੰਧੇਰੀ ਛਾਈਆ । ਗੁਰਮੁਖ ਵਿਰਲਾ ਜਾਏ ਜਾਗ, ਪ੍ਰਭ ਅਬਿਨਾਸ਼ੀ ਪਕੜੇ ਵਾਗ, ਸਾਚਾ ਮੰਤਰ ਸ਼ਬਦ ਜਣਾਈਆ । ਹੰਸ ਬਣਾਏ ਹਰਿ ਹਰਿ ਕਾਗ, ਆਪੇ ਧੋਏ ਪਿਛਲੇ ਦਾਗ, ਇਕ ਉਪਜਾਏ ਸਾਚਾ ਰਾਗ, ਧੁਨੀ ਨਾਦ ਅਨਹਦ ਰਿਹਾ ਵਜਾਈਆ । ਭਗਤ ਵਣਜਾਰਾ ਹਰਿ ਨਿਰੰਕਾਰਾ ਸਚ ਪੁਕਾਰ ਰਿਹਾ ਸੁਣ, ਲੱਖ ਚੁਰਾਸੀ ਵਿੱਚੋਂ ਚੁਣ, ਗੁਣ ਅਵਗੁਣ ਆਪਣੀ ਬਣਤ ਬਣਾਈਆ । ਆਪੇ ਕਰੇ ਛਾਣ ਪੁਣ, ਸਾਚੇ ਕੰਡੇ ਰਿਹਾ ਚੜ੍ਹਾਈਆ । ਕਵਣ ਜਾਣੇ ਪ੍ਰਭ ਤੇਰੇ ਗੁਣ, ਕਲਜੁਗ ਅੰਤਮ ਪਾਵੇ ਵੰਡੇ, ਗੁਰਮੁਖ ਵਿਰਲਾ ਚੌਥੇ ਡੰਡੇ ਨੌਂ ਨਿਧਾਂ ਅਠਾਰਾਂ ਸਿਧਾਂ ਭਰਮੇ ਰਹੀ ਭੁਲਾਈਆ । ਮਾਇਆਧਾਰੀ ਭੇਖ ਪਖੰਡੇ, ਹੋਏ ਵਿਚਾਰੀ ਜੇਰਜ ਅੰਡੇ, ਪਿੰਡ ਬ੍ਰਹਿਮੰਡੇ ਖੋਜ ਨਾ ਰਾਈਆ । ਸ਼ਬਦ ਭੰਡਾਰਾ ਨਾ ਕੋਈ ਵੰਡੇ, ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਕਲਜੁਗ ਰੇਖ ਵੇਖ ਹਰਿ, ਸਚ ਦਵਾਰਾ ਇਕ ਖੁਲ੍ਹਾਈਆ । ਕਲਜੁਗ ਕਲ ਕੁੜਮਾਈ, ਅੰਤ ਕਰਨਿਆ । ਲੱਖ ਚੁਰਾਸੀ ਮਿਲੇ ਵਧਾਈ, ਬੇਮੁਖ ਆਤਮ ਅੰਨ੍ਹਿਆ । ਧਰਮ ਰਾਏ ਦਰ ਜਾਣਾ ਚਾਈਂ ਚਾਈਂ, ਹੋਏ ਵਸੇਰਾ ਛੱਪਰ ਛੰਨਿਆ । ਯਮਰਾਜ ਉਠਾਏ ਫੜ ਫੜ ਬਾਹੀਂ, ਕੋਈ ਨਾ ਦੇਵੇ ਠੰਡੀਆਂ ਛਾਈਂ, ਧਰਮ ਰਾਏ ਅੰਤਮ ਡੰਨਿਆ । ਨਾਤਾ ਤੁੱਟਾ ਭੈਣਾਂ ਭਾਈ, ਪਿਤਾ ਮਾਤ ਨਾ ਕੋਈ ਸਹਾਈ, ਆਪੇ ਪੀੜੇ ਹਸਤ ਕੀੜੇ, ਮਿਲੇ ਨਾਮ ਨਾ ਕੋਈ ਧਨ ਧਨਿਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਕਲਜੁਗ ਵੇਖ ਰੇਖ ਹਰਿ, ਗੁਰਮੁਖਾਂ ਕੰਨ ਸੁਣਾਏ, ਏਕਾ ਸਚਾ ਸ਼ਬਦ ਹਰਿਜਨ ਆਤਮ ਮੰਨਿਆ । ਧਰਮ ਰਾਏ ਦਰ ਸਚ ਪੁਕਾਰ, ਲੱਖ ਚੁਰਾਸੀ ਤੇਰੀ ਅੰਤਮ ਵਾਰ, ਆਪ ਭੁਲਾਏ ਕਰ ਕਰ ਵਲ ਛਲਿਆ । ਪਰਗਟ ਹੋਏ ਵਿਚ ਸੰਸਾਰ । ਵੇਖ ਵਖਾਣੇ ਜਲ ਥਲ, ਜੰਗਲ ਜੂਹ ਉਜਾੜ ਪਹਾੜ । ਗੁਰਮੁਖਾਂ ਦਵਾਰਾ ਲਿਆ ਮਲ, ਜੋਤ ਜਗਾਏ ਬਹੱਤਰ ਨਾੜ, ਬੇਮੁਖਾਂ ਮਨ ਰਿਹਾ ਸਾੜ । ਲੱਗੀ ਅੱਗ ਤੱਤੀ ਹਾੜ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਕਲਜੁਗ ਰੇਖ ਵੇਖ ਦਏ ਦਿਲਾਸਾ

ਮੌਤ ਲਾੜ । ਮੌਤ ਲਾੜੀ ਦਏ ਦਿਲਾਸਾ । ਪੁਰਖ ਅਬਿਨਾਸ਼ੀ ਵੇਖ ਤਮਾਸ਼ਾ । ਦਰ ਦਵਾਰਾ ਇਕ ਸੁਹਾਉਣਾ । ਲੱਖ ਚੁਰਾਸੀ ਭੇਵ ਚੁਕਾਉਣਾ । ਮਦਿਰਾ ਮਾਸੀ ਮੇਟ ਮਿਟਾਉਣਾ । ਸਾਚਾ ਦੇਵੇ ਧੁਰ ਫ਼ਰਮਾਣਾ । ਰਾਜਾ ਰਾਣਾ ਤਖ਼ਤੋਂ ਲਾਹੁਣਾ । ਸੁਘੜ ਸਿਆਣਾ ਬੇਮੁਹਾਣਾ ਮੂੰਹ ਦੇ ਭਾਰ ਸੁਟਾਉਣਾ । ਮਾਇਆ ਰਾਣੀ ਤਣਿਆ ਤਾਣਾ । ਭਰਮੇ ਭੁੱਲਿਆ ਜੀਵ ਨਾਦਾਨਾ । ਏਕਾ ਭੁੱਲਿਆ ਹਰਿ ਭਗਵਾਨਾ । ਵੇਲੇ ਅੰਤ ਨਾ ਕਿਸੇ ਛੁਡਾਣਾ । ਗੁਰਮੁਖ ਸਾਚਾ ਜੋਤ ਜਗਾਣਾ । ਹੱਥੀਂ ਬੰਨ੍ਹੇ ਨਾਮ ਗਾਨਾ । ਮਿਲੇ ਮੇਲ ਸ੍ਰੀ ਭਗਵਾਨਾ । ਸਾਚਾ ਹੁਕਮ ਇਕ ਸੁਣਾਉਣਾ । ਝੁੱਲਦਾ ਰਹੇ ਨਾਮ ਨਿਸ਼ਾਨਾ । ਸੋਹੰ ਝੰਡਾ ਵਿਚ ਜਹਾਨਾ । ਵਿਚ ਨਵਖੰਡਾ ਇਕ ਤਰਾਨਾ । ਸਾਚਾ ਗੀਤ ਰਸਨਾ ਗਾਣਾ । ਦਰ ਦਰ ਘਰ ਘਰ ਪਾਏ ਵੰਡਾਂ, ਆਪੇ ਕਰੇ ਖੰਡ ਖੰਡਾ, ਸਚ ਸਮਗਰੀ ਵਿਚ ਬ੍ਰਹਿਮੰਡਾਂ, ਨਾਮ ਅਧਾਰੀ ਵੰਡ ਵੰਡਾਨਾ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਕਲਜੁਗ ਰੇਖ ਵੇਖ ਹਰਿ, ਅੰਤਮ ਅੰਤ ਸਾਚਾ ਸਗਨ ਇਕ ਮਨਾਉਣਾ । ਕਲਜੁਗ ਕਾਲ ਕੁੜਮਾਈ, ਖ਼ੁਸ਼ੀ ਮਨਾਈਆ । ਕਰੇ ਖੇਲ ਹਰਿ ਰਘੁਰਾਈ, ਲਾੜੀ ਮੌਤ ਨਾਲ ਰਲਾਈਆ । ਆਪ ਉਠਾਏ ਫੜ ਫੜ ਬਾਂਹੀਂ, ਲੋਕਮਾਤੀ ਰਾਹ ਵਖਾਈਆ । ਵੇਖ ਵਖਾਏ ਥਾਉਂ ਥਾਈਂ, ਏਕਾ ਝਾਤੀ ਰਿਹਾ ਲਗਾਈਆ । ਦੂਸਰ ਕਿਸੇ ਦਿਸੇ ਨਾਹੀ, ਬੈਠ ਇਕਾਂਤੀ ਲੱਖ ਚੁਰਾਸੀ ਰਿਹਾ ਸਮਾਈਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਕਲਜੁਗ ਰੇਖ ਵੇਖ ਹਰਿ, ਦਰ ਦਵਾਰੇ ਖ਼ੁਸ਼ੀ ਮਨਾਈਆ । ਕਲਜੁਗ ਕਾਲੇ ਚੜ੍ਹਿਆ ਚਾਅ । ਪ੍ਰਭ ਅਬਿਨਾਸ਼ੀ ਕਿਰਪਾ ਕਰ, ਫੜ ਕੇ ਬਾਂਹੋਂ ਰਾਹੇ ਪਾ । ਆਪ ਚੁਕਾਈਂ ਆਪਣਾ ਡਰ, ਸਦਾ ਸੁਹੇਲਾ ਇਕ ਇਕੇਲਾ ਸੱਦ ਰੱਖੇ ਠੰਡੀ ਛਾਂ । ਧਰਮ ਰਾਏ ਦਰ ਲੱਗੇ ਮੇਲਾ, ਲੱਖ ਚੁਰਾਸੀ ਬਣੇ ਚੇਲਾ, ਨਾ ਕੋਈ ਹੋਵੇ ਜਗਤ ਮਲਾਹ । ਗੁਰਮੁਖ ਸਾਚਾ ਸੱਜਣ ਸੁਹੇਲਾ, ਦਰ ਘਰ ਵਸੇ ਇਕ ਇਕੇਲਾ, ਸ਼ਬਦ ਪੱਲੂ ਦਏ ਫੜਾ । ਧਰਮ ਰਾਏ ਦੀ ਕਟੇ ਜੇਲਾ, ਅੱਠਾਂ ਤੱਤਾਂ ਮੇਲੀ ਮੇਲਾ, ਆਪ ਆਪਣੇ ਵਿਚ ਸਮਾ । ਬੇਮੁੱਖਾਂ ਹੋਏ ਵਕਤ ਦੁਹੇਲਾ, ਨਾ ਕੋਈ ਗੁਰ ਨਾ ਕੋਈ ਚੇਲਾ, ਕਵਣ ਪਕੜੇ ਆਪਣੀ ਬਾਂਹ । ਅਚਰਜ ਖੇਲ ਹਰਿ ਜੀ ਖੇਲਾ, ਜੋਤੀ ਜੋਤ ਸਰੂਪ ਹਰਿ, ਕਲਜੁਗ ਰੇਖ ਵੇਖ ਹਰਿ, ਆਪ ਚੜ੍ਹਾਏ ਅੰਤਮ ਤੇਲਾ । ਕਲਜੁਗ ਚੜ੍ਹਿਆ ਤੇਲ, ਹੱਥ ਬੰਨ੍ਹ ਗਾਨਿਆ । ਧਰਮ ਰਾਏ ਦੀ ਕਟੇ ਜੇਲ੍ਹ, ਪਕੜ ਉਠਾਏ ਰਾਜੇ ਰਾਣਿਆਂ । ਬੇਮੁਖਾਂ ਬੇੜਾ ਰਿਹਾ ਠੇਲ, ਨਾ ਸਕੇ ਕੋਈ ਛੁਡਾਨਿਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਕਲਜੁਗ ਰੇਖ ਵੇਖ ਹਰਿ, ਏਕਾ ਦੇਵੇ ਮਾਤ ਨਿਸ਼ਾਨਿਆ । ਕਲਜੁਗ ਕਲ ਨਿਸ਼ਾਨ ਹਰਿ ਰਖਾਇੰਦਾ । ਨਾ ਕੋਈ ਦੀਸੇ ਵਿਚ ਜਹਾਨ, ਬੇਈਮਾਨ ਸਰਬ ਮਿਟਾਇੰਦਾ । ਪੂਰਨ ਜੋਤ ਜਗੇ ਭਗਵਾਨ, ਪਕੜ ਉਠਾਏ ਰਾਜ ਰਾਜਾਨ, ਅੱਠੇ ਪਹਿਰ ਨੌਜਵਾਨ, ਸ਼ਬਦ ਖੰਡਾ ਤੀਰ ਕਮਾਨ, ਰਸਨਾ ਚਿਲੇ ਆਪ ਚੜ੍ਹਾਇੰਦਾ । ਕਰੇ ਖੇਲ ਵਿਚ ਵਰਭੰਡਾਂ, ਬੂਰੇ ਕੱਕੇ ਬਿੱਲੇ ਅਪੇ ਆਪ ਮੇਟ ਮਿਟਾਇੰਦਾ । ਗਗਨ ਪਤਾਲ ਥੰਮ੍ਹ ਅਗੰਮੜੇ, ਕੋਈ ਨਾ ਦੀਸੇ ਚਿੱਟੇ ਚੰਮੜੇ, ਮਦੀਨੇ ਮੱਕੇ ਆਪੇ ਢਾਹਿੰਦਾ । ਕਰੇ ਖੇਲ ਅਗੰਮ ਅਗੰਮੜੇ, ਨਾ ਕੋਈ ਪਿਤ ਮਾਤ ਨਾ ਅੰਬੜੇ, ਪੂਤ ਪਿਤ ਨਾ ਕੋਈ ਅਖਵਾਇੰਦਾ । ਪੱਲੇ ਕੋਈ ਨਾ ਰੱਖੇ ਦਮੜੇ, ਨਿੱਤ ਨਵਿੱਤ ਕਰੇ ਹਿੱਤ, ਚਿੱਤ ਵਿੱਤ ਕਾਇਆ ਮਿਤ ਭਗਤ ਅਖਵਾਇੰਦਾ । ਨਾ ਕੋਈ ਜਾਣੇ ਵਾਰ ਥਿਤ, ਮਾਨਸ ਦੇਹੀ ਗੁਰਮੁਖ ਵਿਰਲਾ ਰਿਹਾ ਜਿਤ, ਮਨਮੁਖ ਭਰਮੇ ਆਪ ਭੁਲਾਇੰਦਾ । ਕਲਜੁਗ ਵੇਖੇ ਹੱਡ ਮਾਸ ਨਾੜੀ ਰਿਤ, ਬੂੰਦ ਰਕਤ ਭਗਤ ਸ਼ਕਤ ਜੋਗ ਜਗਤ ਜੁਗਤ ਇਕ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਕਲਜੁਗ ਰੇਖ ਵੇਖ ਹਰਿ, ਕਾਲ ਜਾਲ ਕਲਜੁਗ

ਹੱਥ ਫੜਾਇੰਦਾ । ਕਲਜੁਗ ਫੜਿਆ ਕਾਲ, ਕਲ ਕਲੰਦਰਾ । ਪਹਿਲੀ ਮਾਰੇ ਇਕੋ ਛਾਲ, ਬੇਮੁਖ ਫੜੇ ਜੀਵ ਬੰਦਰਾ । ਦੂਜੀ ਵਸਤ ਨਾਮ ਉਛਾਲ, ਗੁਰਮੁਖਾਂ ਤੋੜੇ ਜਗਤ ਜੰਜਾਲ ਆਤਮ ਜੰਦਰਾ । ਗੁਰਮੁਖ ਵੇਖ ਅਨਮੁਲੜੇ ਲਾਲ । ਮਿਲੇ ਮਿਲਾਏ ਅੰਦਰੇ ਅੰਦਰ ਸਾਚਾ ਸ਼ਬਦ ਜਗਤ ਦਲਾਲ, ਜੋਤ ਜਗਾਏ ਕਾਇਆ ਮੰਦਰ ਡੂੰਘੀ ਕੰਦਰਾ । ਹਰਿ ਜਨ ਸਾਚੀ ਘਾਲਨ ਰਿਹਾ ਘਾਲ, ਭਗਤ ਅਵੱਲੜੀ ਚਲੇ ਚਾਲ, ਫਲ ਲੱਗੇ ਕਾਇਆ ਡਾਲ੍ਹ, ਮਿਲੇ ਮੇਲ ਦੀਨ ਦਿਆਲ, ਹੱਥ ਨਾ ਆਇਆ ਗੋਰਖ ਮਛੰਦਰਾ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਕਲਜੁਗ ਵੇਖ ਰੇਖ ਹਰਿ, ਆਪ ਮਿਟਾਏ ਸ਼ਬਦ ਸਾਰੇ ਢਾਹੇ ਉਚੇ ਸੁੱਚੇ ਮੰਦਰਾਂ । ਮੰਦਰ ਮਸੀਤਾਂ ਜਾਣੇ ਢਹਿ । ਏਕਾ ਚਲੇ ਸਾਚੀ ਰੀਤਾ, ਪੁਰਖ ਅਬਿਨਾਸ਼ੀ ਜਾਏ ਰਹਿ । ਮਾਣ ਚੁਕਾਏ ਅਠਾਰਾਂ ਧਿਆਏ ਗੀਤਾ, ਕਲਜੁਗ ਬੇੜਾ ਰਿਹਾ ਵਹਿ । ਖਾਣੀ ਬਾਣੀ ਸੀਤਲ ਸੀਤਾ, ਸ਼ਬਦ ਚਲੇ ਸਾਚੀ ਨੈ । ਅੰਜੀਲਾਂ ਕੁਰਾਨਾਂ ਵਕਤ ਬੀਤਾ, ਈਸਾ ਮੂਸਾ ਹੋਣੇ ਖੈ । ਕਲਜੁਗ ਤੇਰੀ ਵੇਖੇ ਨੀਤਾ, ਪੁਰਖ ਅਬਿਨਾਸ਼ੀ ਸਾਚੇ ਮੰਦਰ ਬਹਿ । ਲੱਖ ਚੁਰਾਸੀ ਪਰਖੇ ਨੀਤਾ । ਕਵਣ ਰਸਨਾ ਹਰਿ ਗੁਣ ਕਹਿ । ਗੁਰਮੁਖ ਵਿਰਲੇ ਮਾਨਸ ਦੇਹੀ ਜਨਮ ਜੀਤਾ, ਨਾਮ ਨਿਧਾਨ ਅੰਮ੍ਰਿਤ ਪੀਤਾ, ਚਰਨ ਕਵਲ ਹਰਿ ਏਕਾ ਰਹਿ । ਸਤਿਜੁਗ ਤੇਰੀ ਚਲੇ ਸਾਚੀ ਰੀਤਾ, ਵਰਨ ਚਾਰ ਏਕਾ ਕੀਤਾ, ਗੁਰ ਗੋਬਿੰਦ ਲੇਖ ਲਿਖਾਰਾ, ਕਲਜੁਗ ਤੇਰੀ ਅੰਤਮ ਵਾਰਾ, ਲਿਖ ਲਿਖ ਸਾਚੇ ਕਹਿ । ਪਰਗਟ ਹੋਏ ਨਿਹਕਲੰਕ ਨਰਾਇਣ ਨਰ ਅਵਤਾਰਾ, ਸੰਬਲ ਨਗਰ ਦੇਸ ਮਝਾਰਾ, ਭੇਵ ਚੁਕਾਏ ਤੂੰ ਤੂੰ ਮੈਂ । ਦੀਪਕ ਜੋਤੀ ਕਰ ਉਜਿਆਰਾ, ਸ਼ਬਦ ਰੱਖੇ ਤਿਖੀ ਧਾਰਾ, ਚਾਰੋਂ ਕੂੰਟ ਇਕ ਉਡਾਰਾ, ਰਾਜ ਰਾਜਾਨਾਂ ਕਰੇ ਖਹਿ । ਜਗਤ ਜਗਦੀਸ ਆਪ ਅਖਵਾਨਾ । ਲੱਖ ਚੁਰਾਸੀ ਜਾਏ ਪੀਸ, ਨਾ ਕੋਈ ਰਾਗ ਛਤੀਸ, ਨਾਰਦ ਮੁਨ ਮੁਖ ਸੁਹਾਨਾ । ਚਾਰ ਮੁਖ ਦੰਦ ਬਤੀਸ, ਬ੍ਰਹਮਾ ਵੇਦ ਜਗਤ ਹਦੀਸ, ਚਾਰੇ ਜੁਗ ਸਾਇਆ ਸੀਸ, ਕਲਜੁਗ ਅੰਤਮ ਅੰਤ ਕਰਾਨਾ । ਏਕਾ ਝੁੱਲੇ ਛਤਰ ਹਰਿ ਨਰ ਸਾਚੇ ਸੀਸ, ਜੋਤੀ ਜੋਤ ਸਰੂਪ ਹਰਿ, ਸ਼ਬਦ ਝੰਡਾ ਵਿਚ ਨਵ ਖੰਡਾ, ਏਕਾ ਨਾਮ ਧੁਰ ਗੁਰ ਕਾਮ ਆਪਣਾ ਆਪ ਝੁਲਾਉਣਾ ।

## ★ ੧੨ ਭਾਦਰੋਂ ੨੦੧੨ ਬਿਕ੍ਰਮੀ ਸੰਤ ਰਣਧੀਰ ਸਿੰਘ ਨੂੰ ਸ਼ਬਦ ਭੇਜਿਆ ਗਿਆ ★

ਪ੍ਰਿਥਮੀ ਅਕਾਸ਼ ਅਪ ਤੇਜ਼ ਵਾਏ । ਸੰਤ ਗੁਰ ਕਿਸ ਦਰ ਹੋਏ ਪਾਸ, ਦੇ ਮਤ ਸੰਤ ਸਮਝਾਏ । ਕਵਣ ਮੰਡਲ ਕਵਣ ਰਾਸ, ਕਵਣ ਪਵਣ ਸ਼ਬਦ ਸਵਾਸ, ਕਵਣ ਜੋਤੀ ਰਿਹਾ ਜਗਾਏ । ਕਵਣ ਮਨ ਰਹੇ ਉਦਾਸ, ਕਵਣ ਤਨ ਹੋਏ ਨਾਸ, ਕਵਣ ਜਨ ਹਰਿ ਵਸੇ ਪਾਸ, ਆਦਿ ਮਧ ਭੇਵ ਖੁਲ੍ਹਾਏ । ਜੋਤੀ ਜੋਤ ਸਰੂਪ ਹਰਿ, ਏਕਾ ਮੰਗੇ ਸ਼ਬਦ ਵਰ, ਪੰਚ ਪਰਧਾਨੇ ਨੌਜਵਾਨੇ ਵਿਚ ਜਹਾਨੇ, ਸਚ ਨਿਸ਼ਾਨੇ ਧਰਮ ਝੁਲਾਏ । ਸੰਤ ਰਣਧੀਰ ਉਠ ਸੁਰਤ ਸੰਭਾਲ । ਕਵਣ ਸ਼ਾਹ ਕਵਣ ਫਕੀਰ, ਕਵਣ ਦਿਸੇ ਮਾਤ ਕੰਗਾਲ । ਕਵਣ ਬਸਤਰ ਤਨ ਪਹਿਨੇ ਚੀਰ, ਕਵਣ ਵੇਖੇ ਅਨਮੁਲੜਾ ਲਾਲ । ਕਵਣ ਅੰਮ੍ਰਿਤ ਆਤਮ ਮਿਲੇ ਸੱਚਾ ਸੀਰ, ਕਵਣ ਦਵਾਰੇ ਲਿਆ ਭਾਲ । ਕਵਣ ਚੋਟੀ ਚੜ੍ਹਿਆ ਅਖੀਰ ਕਵਣ ਦਸਮ ਦਵਾਰੀ ਵੱਜੇ ਕਿਹੜਾ ਤਾਲ । ਕਲਜੁਗ ਅੰਤਮ ਪਈ ਭੀੜ, ਨਾ ਕੋਈ ਬੰਨ੍ਹੇ ਮਾਤ ਬੀੜ, ਫਲ ਨਾ ਦਿਸੇ ਕਿਸੇ ਡਾਲ੍ਹ । ਜੋਤੀ ਜੋਤ ਸਰੂਪ ਹਰਿ, ਏਕਾ

ਮੰਗੇ ਨਾਮ ਵਰ, ਸੰਤ ਸੁਹੇਲੇ ਬਣਨਾ ਮਾਤ ਦਲਾਲ । ਸਿੰਘ ਰਣਧੀਰ ਰਣ ਲੈਣਾ ਜਿਤ । ਗੁਰਮੁਖਾਂ ਵੇਲੇ ਅੰਤ ਅਖ਼ੀਰ ਲੇਖ ਲਿਖਾਉਣਾ ਵਾਰ ਥਿਤ । ਕਵਣ ਦਾਤਾ ਸੂਰਬੀਰ ਕਰੇ ਖੇਲ ਨਿੱਤ ਨਵਿੱਤ । ਕਵਣ ਮਾਰੇ ਸ਼ਬਦ ਤੀਰ, ਪਾਰ ਕਰਾਏ ਕਾਇਆ ਖੇਤ । ਕਵਣ ਦੇਵੇ ਅੰਮ੍ਰਿਤ ਸੀਰ, ਪੁਰਖ ਅਬਿਨਾਸ਼ੀ ਵਸੇ ਚਿੱਤ । ਵੇਲੇ ਅੰਤਮ ਕਟੇ ਭੀੜ, ਲੱਖ ਚੁਰਾਸੀ ਲਈਏ ਜਿਤ । ਜੋਤੀ ਜੋਤ ਸਰੂਪ ਹਰਿ, ਏਕਾ ਮੰਗੇ ਸ਼ਬਦ ਵਰ, ਕਲਜੁਗ ਆਪਣਾ ਕਰ ਕਰ ਹਿਤ । ਦਸਮ ਦਵਾਰੀ ਪੜਦਾ ਖੋਲ੍ਹ । ਜੋਤ ਨਿਰੰਕਾਰੀ ਲੈਣੀ ਤੋਲ । ਨਿਸ਼ ਅੱਖਰ ਵੱਖਰ ਸ਼ਬਦ ਪਵਣੀ ਬੋਲ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਏਕਾ ਮੰਗੇ ਨਾਮ ਵਰ, ਆਤਮ ਪੜਦੇ ਦੇਣੇ ਖੋਲ੍ਹ । ਗੁਰ ਗੋਬਿੰਦ ਪੰਚ ਪਰਧਾਨ । ਮਿਟੇ ਚਿੰਦ ਵਿਚ ਜਹਾਨ । ਇਕ ਉਪਜਾਉਣੀ ਨਰ ਹਰਿ ਸਾਚੀ ਬਿੰਦ, ਚਤੁਰਭੁਜ ਸ੍ਰੀ ਭਗਵਾਨ । ਸਰਬ ਜੀਆਂ ਕਵਣ ਦਵਾਰੇ ਬਣੇ ਬਖ਼ਸ਼ਿੰਦ, ਚੌਥਾ ਘਰ ਕਵਣ ਕੂਟੇ ਖੇਲ ਮਹਾਨ । ਜੋਤੀ ਜੋਤ ਸਰੂਪ ਹਰਿ, ਏਕਾ ਮੰਗੇ ਨਾਮ ਵਰ, ਪੰਚਮ ਦੇਣਾ ਵਡ ਪਰਧਾਨ । ਪੰਚਮ ਪਰਧਾਨ ਕਵਣ ਅਖਵਾਇਆ । ਕਵਣ ਪਵਣ ਕਵਣ ਸਮਾਣ, ਪੰਜਾਂ ਤੱਤਾਂ ਵਿਚ ਸਮਾਇਆ । ਕਵਣ ਪੀਣ ਕਵਣ ਖਾਣ, ਕਵਣ ਰਾਗ ਕਵਣ ਜਾਗ, ਕਵਣ ਮੇਲ ਕੰਤ ਸੁਹਾਗ, ਕਵਣ ਧਾਰ ਪਹਿਲੀ ਵਾਰ ਦਸਮ ਦਵਾਰੀ ਮੁਖ ਚੁਆਇਆ । ਕਵਣ ਯਾਰ ਮੀਤ ਮੁਰਾਰ, ਪੰਜੇ ਕੱਕੇ ਕਰ ਤਿਆਰ, ਪੰਜਾਂ ਚੋਰਾਂ ਬਾਹਰ ਹੱਕੇ, ਅਠੇ ਪਹਿਰ ਖ਼ਬਰਦਾਰ । ਅੰਦਰ ਮੰਦਰ ਰਾਹ ਕਿਹੜਾ ਤੱਕੇ, ਕਵਣ ਦਵਾਰੇ ਜੋਤ ਅਕਾਰ । ਕਾਇਆ ਬੂਟੇ ਫਲ ਅੰਤਮ ਪੱਕੇ, ਢਹਿ ਢਹਿ ਢੇਰੀ ਹੋਣੇ ਛਾਰ । ਜੋਤੀ ਜੋਤ ਸਰੂਪ ਹਰਿ, ਏਕਾ ਪੁਛੇ ਸਚ ਘਰ, ਉਤਰ ਦੇਣਾ ਤੀਜੇ ਨੈਣਾ ਦਸਮ ਦਵਾਰੀ ਹਰਿ ਨਿਰੰਕਾਰੀ ਜੋਤ ਨਿਰੰਜਣ ਵੇਖ ਵਿਚਾਰ । ਉਤਰ ਦੇਣਾ ਕਾਇਆ ਮਟ । ਪੁਰਖ ਅਬਿਨਾਸ਼ੀ ਆਪੇ ਜਾਣੇ ਘਟ ਘਟ । ਪੁਰਖ ਅਬਿਨਾਸ਼ੀ ਏਕਾ ਪੁੱਛੇ ਅੰਮ੍ਰਿਤ ਤਾਲ, ਕਵਣ ਕਿਨਾਰਾ ਕਵਣ ਤਟ । ਕਵਣ ਦਿਸ਼ਾ ਵੱਜੇ ਛਾਲ, ਪਰਗਟ ਹੋਏ ਝੱਟ ਪੱਟ । ਪੁਰਖ ਅਬਿਨਾਸ਼ੀ ਲਈਏ ਭਾਲ, ਕਾਇਆ ਮੰਦਰ ਚੌਦਾਂ ਹੱਟ । ਏਕਾ ਬਣਨਾ ਜਗਤ ਦਲਾਲ । ਜੋਤੀ ਜੋਤ ਸਰੂਪ ਹਰਿ, ਏਕਾ ਪੁੱਛੇ ਸਚ ਘਰ, ਲੱਖ ਚੁਰਾਸੀ ਚੁੱਕੇ ਡਰ, ਆਪ ਆਪਣੇ ਜਿਹਾ ਕਰ, ਨਾ ਕਦੇ ਸ਼ਾਹ ਨਾ ਕੰਗਾਲ । ਉਤਰ ਦੇਣਾ ਛੇਤੀ ਮੋੜ । ਸ਼ਬਦ ਚੜ੍ਹਨਾ ਸਾਚੇ ਘੋੜ । ਇੱਕੀ ਭਾਂਦਰੋਂ ਆਉਣਾ ਦੌੜ । ਪੁਰ ਭਲਾਈ ਹੋਏ ਜੋੜ । ਜੋਤੀ ਜੋਤ ਸਰੂਪ ਹਰਿ, ਆਪ ਆਪਣਾ ਵੇਖ ਹਰਿ, ਵੇਖੇ ਪਰਖੇ ਮਿੱਠੇ ਕੌੜ । ਵਿਚ ਰਖਾਉਣੀ ਕੰਧ । ਅੰਦਰ ਬਾਹਰ ਆਤਮ ਅੰਧ । ਸ਼ਬਦ ਸਵਾਸੀ ਸਾਚੇ ਚੰਦ । ਮਦਿਰਾ ਮਾਸੀ ਬੱਤੀ ਦੰਦ । ਜੋਤੀ ਜੋਤ ਸਰੂਪ ਹਰਿ, ਆਪ ਆਪਣਾ ਵੇਖ ਹਰਿ, ਵੇਖ ਵਖਾਣੇ ਪਰਮਾਨੰਦ । ਜੋਤੀ ਨੂਰ ਮੁਖ ਛੁਪਾਉਣਾ । ਸ਼ਬਦ ਤੂਰ ਇਕ ਰਖਾਉਣਾ । ਹਾਜ਼ਰ ਹਜ਼ੂਰ ਭੇਵ ਚੁਕਾਉਣਾ । ਜੋ ਜਨ ਦੀਸੇ ਦੂਰਨ ਦੂਰ, ਨੇੜਨ ਨੇੜ ਆਪ ਵਖਾਉਣਾ । ਵਡ ਦਾਤਾ ਜੋਧਾ ਸੂਰ, ਸ਼ਬਦ ਅਖਾੜਾ ਇਕ ਲਗਾਉਣਾ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਆਪ ਆਪਣੇ ਰੰਗ ਸਮਾਉਣਾ । ਸਾਚਾ ਸ਼ਬਦ ਰਸਨ ਉਚਾਰ । ਗੁਰ ਗੁਰ ਮੰਤਰ ਕਰ ਪਿਆਰ । ਬਣੇ ਬਣਤ ਬਣਾਏ ਬਣਤਰ, ਅੰਤਰ ਅੰਤਰ ਦਸਮ ਦਵਾਰ । ਮੰਡਲ ਮੰਡਪ ਗਗਨ ਗਗਨੰਤਰ, ਜਗਤ ਜੋਤ ਭਗਤ ਅਕਾਰ । ਨੌਂ ਦਵਾਰੇ ਇਕ ਬਸੰਤਰ, ਨਾ ਕੋਈ ਪਾਵੇ ਜੀਵ ਸਾਰ । ਜੋਤੀ ਜੋਤ ਸਰੂਪ ਹਰਿ, ਏਕਾ ਏਕ ਟੇਕ ਨਰ ਨਿਰੰਕਾਰ । ਚੌਦਾਂ ਹੱਟ ਚੌਦਾਂ ਪਹਿਰ । ਸ਼ਬਦ ਚਲੇ ਏਕਾ ਲਹਿਰ । ਕੋਈ ਨਾ ਬੋਲੇ ਵਿਚ ਐਰ ਗੈਰ । ਕਾਇਆ ਵਸੇ ਆਤਮ ਹੱਸੇ,

ਭਾਗ ਲੱਗੇ ਜੋਤੀ ਦੀਪਕ ਜਗੇ, ਹਰਿ ਹਰਿ ਮੰਦਰ ਤਨ ਸ਼ਹਿਰ । ਜੋਤੀ ਜੋਤ ਸਰੂਪ ਹਰਿ, ਏਕਾ ਏਕ ਵਸੇ ਘਰ, ਲੋਆਂ ਪੁਰੀਆਂ ਖੰਡ ਬ੍ਰਹਿਮੰਡ ਵਰਭੰਡ ਕਰੇ ਕਰਾਏ ਸ਼ਬਦ ਸੈਰ । ਸਚ ਦਵਾਰੇ ਆਉਣਾ ਚਲ । ਜਗਤ ਵਣਜਾਰੇ ਧਰਮ ਅਟੱਲ । ਪਵਣ ਉਡਾਰੇ ਜਲ ਥਲ । ਨੌਂ ਦਵਾਰੇ ਕਲਜੁਗ ਕਲ । ਦਸਵੇਂ ਜੋਤੀ ਜਾਏ ਬਲ । ਮਿਲੇ ਮੇਲ ਸ਼ਾਹ ਪ੍ਰਬਲ । ਪਾਏ ਧਾਮ ਰਮਈਆ ਰਾਮ, ਉਚ ਮਹੱਲ ਅਚਲ ਅਟੱਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਸੁਨੇਹੜਾ ਘਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਧ ਸੰਤ ਕਰੇ ਪਛਾਣ, ਪਰਗਟ ਵਾਲੀ ਦੋ ਜਹਾਨ ਨਾ ਕੋਈ ਕਰੇ ਵਲ ਛਲ । ਵਲ ਛਲ ਨਾ ਕੋਈ ਕਰਾਨਾ । ਦੀਪਕ ਜੋਤੀ ਰਹੀ ਬਲ, ਜਗਤ ਅੰਧੇਰ ਮੇਟ ਮਿਟਾਨਾ । ਕਾਇਆ ਮਾਟੀ ਅੰਮ੍ਰਿਤ ਫਲ, ਸਾਚਾ ਮੇਵਾ ਜਗਤ ਖੁਆਉਣਾ । ਜੋਤੀ ਜੋਤ ਸਰੂਪ ਹਰਿ, ਸੰਤ ਸੁਹੇਲੇ ਮੰਗੇ ਵਰ, ਇਕ ਇਕੇਲੇ ਸੋਹੀਏ ਦਰ, ਸਾਚਾ ਘਰ ਇਕ ਵਸਾਉਣਾ ।

ਕਾਇਆ ਕੂੜ ਕੂੜ ਕੁੜਿਆਰੀ । ਅੱਠੇ ਪਹਿਰ ਪੰਚਾਂ ਬੱਧੀ, ਦਿਵਸ ਰੈਣ ਪਾਪਾਂ ਲੱਦੀ, ਚੁੱਕਿਆ ਜਾਏ ਨਾ ਭਾਰ ਭਾਰੀ । ਰਸਨਾ ਰਸ ਪੀ ਪੀ ਲੱਦੀ, ਸ਼ਬਦ ਖੁਲ੍ਹਾਏ ਸਾਚੀ ਗੱਦੀ, ਹਉਮੇ ਵਧੀ ਤਨ ਵਿਕਾਰੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸ਼ਬਦ ਵਰ, ਤਨ ਮਨ ਦੁਖੜਾ ਲਥੇ ਭਾਰੀ । ਹੱਡ ਜੋੜ ਤਨ ਨਾੜੀ ਮਾਸ । ਰੋਗ ਸੋਗ ਜਾਇਣ ਛੋੜ, ਮਿਲਿਆ ਮੇਲ ਪੁਰਖ ਅਬਿਨਾਸ਼ । ਆਦਿ ਅੰਤ ਨਾ ਹੋਏ ਵਿਜੋਗ, ਰਸਨਾ ਗਾਉਣਾ ਸਵਾਸ ਸਵਾਸ । ਮਿਲਿਆ ਮੇਲ ਧੁਰ ਸੰਜੋਗ, ਪੂਰਨ ਕਰੇ ਪ੍ਰਭ ਸਾਚਾ ਆਸ । ਰਸਨਾ ਰਸ ਲੈਣਾ ਭੋਗ, ਉਲਟਾ ਗਰਭ ਨਾ ਹੋਵੇ ਵਾਸ ਦਸ ਮਾਸ । ਸੋਹੰ ਚੁਗਣੀ ਸਾਚੀ ਚੋਗ, ਕਿਸੇ ਹੱਥ ਨਾ ਆਏ ਪ੍ਰਿਥਮੀ ਅਕਾਸ਼ । ਜੋਤੀ ਜੋਤ ਸਰੂਪ ਹਰਿ, ਸਦ ਵਸੇ ਆਸ ਪਾਸ । ਮੰਗੀ ਮੰਗ ਬਣ ਭਿਖਾਰੀ । ਆਤਮ ਜੀਆਂ ਦੇ ਅਧਾਰੀ । ਕੋਈ ਨਾ ਦੀਸੇ ਮਾਤ ਪੀਆ, ਸਾਚਾ ਨਾਤ ਪੁਤਰ ਧੀਆਂ ਬਣੇ ਰਹੇ ਜਗਤ ਪਿਆਰੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖ ਲਿਖਾਉਣਾ ਦੂਜੀ ਵਾਰੀ । ਸਾਚਾ ਲੇਖਾ ਆਪ ਲਿਖਾਉਣਾ । ਬਿਧਨਾ ਲਿਖੀ ਰੇਖ, ਕਰਮ ਮਾਤ ਮਿਟਾਉਣਾ । ਸਚ ਦਵਾਰਾ ਆਈ ਵੇਖ, ਦੇ ਹੱਥ ਸਮਰਥ ਆਪ ਬਚਾਉਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦਾਨ ਝੋਲੀ ਪਾਉਣਾ । ਪੁਰਖ ਅਬਿਨਾਸ਼ੀ ਕਰ ਧਿਆਨ । ਘਟ ਘਟ ਵਾਸੀ ਵਿਚ ਜਹਾਨ । ਕਾਇਆ ਬਣਾਏ ਸਾਚੀ ਰਾਸੀ, ਮਿਲੇ ਵੱਥ ਵਿਚ ਜਹਾਨ । ਰਸਨਾ ਗਾਉਣਾ ਸਵਾਸ ਸਵਾਸ, ਉਪਜੇ ਜੋਤ ਬ੍ਰਹਮ ਗਿਆਨ । ਰਸਨ ਤਜਾਉਣਾ ਮਦਿਰਾ ਮਾਸ, ਚਰਨ ਕਵਲ ਹਰਿ ਇਕ ਧਿਆਨ । ਬੇਮੁਖ ਕਰਦੇ ਦਰ ਦਰ ਹਾਸੀ, ਜੋਤੀ ਜੋਤ ਸਰੂਪ ਹਰਿ, ਏਕਾ ਦੇਵੇ ਸਚ ਵਰ, ਜੀਆ ਜੋਤੀ ਜਗਤ ਜਹਾਨ । ਮਾਇਆ ਰਾਣੀ ਗਈ ਛੱਡ । ਦੁਖੀ ਹੋਇਆ ਹਡ ਹਡ । ਕਵਣ ਲਡਾਏ ਸਾਚਾ ਲੱਡ । ਦੂਈ ਦਵੈਤੀ ਰਿਹਾ ਵੱਢ । ਧੂੰਆਂ ਧੁਖੇ ਕਾਇਆ ਖੱਡ । ਭਰਮ ਭੁਲੇਖਾ ਦੇਣਾ ਕੱਢ । ਮੁੱਕੇ ਲੇਖਾ ਵਡ ਵਡ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੁਖੀ ਕਰਾਏ ਹੱਡ ਹੱਡ । ਮਾਇਆ ਰਾਣੀ ਕਰ ਪਿਆਰ । ਸੁਘੜ ਸਿਆਣੀ ਹੋ ਤਿਆਰ । ਆਵੇ ਜਾਵੇ ਵਾਰੋ ਵਾਰ । ਸੋਲਾਂ ਕਰੇ ਤਨ ਸ਼ਿੰਗਾਰ ।


੨੫੩ ੦੫

ਸਾਚੇ ਦਰ ਗੁਰਮੁਖ ਘਰ ਪਾਏ ਫੇਰਾ ਬਣ ਭਿਖਾਰ । ਦੁੱਖਾਂ ਦਰਦਾਂ ਢਾਹੇ ਡੇਰਾ, ਤਨ ਮੰਦਰ ਅੰਦਰ ਏਕਾ ਕੀੜਾ, ਚਿੰਤਾ ਸੋਗ ਦਏ ਨਿਵਾਰ । ਭਾਗ ਲਗਾਏ ਕਾਇਆ ਨਗਰ ਖੇੜਾ, ਆਪੇ ਬੰਨ੍ਹੇ ਹਰਿ ਜੀ ਬੇੜਾ । ਫੜ ਫੜ ਬਾਹੋਂ ਜਾਏ ਤਾਰ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਪੁਰਖ ਅਪਰੰਪਰ ਸਵਾਮੀ ਗਊ ਗਰੀਬ ਨਿਮਾਣਿਆਂ ਪਾਵੇ ਮਾਤ ਸਾਰ । ਏਕਾ ਦਰਸ ਦਰਸ ਅਮੋਘ । ਹਰਿ ਹਰਿ ਸ਼ਬਦ ਸਾਚਾ ਜੋਗ । ਗੁਰ ਗੁਰ ਸ਼ਬਦ ਰਸਨਾ ਭੋਗ । ਲਿਖਿਆ ਲੇਖ ਪੁਰਖ ਅਬਿਨਾਸ਼ੀ ਧੁਰ ਜੋਤ ਸਰੂਪੀ ਸਚ ਸੰਜੋਗ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਆਪਣੀ ਕਿਰਪਾ ਦੇਵੇ ਕਰ, ਦੋ ਜਹਾਨ ਨਾ ਹੋਏ ਵਿਜੋਗ । ਦੇਵੇ ਦਰਸ ਰੰਗ ਕਰਤਾਰ । ਅੰਮ੍ਰਿਤ ਮੇਘ ਦੇਵੇ ਬਰਸ, ਕਾਇਆ ਕਰੇ ਠੰਡੀ ਠਾਰ । ਸਦਾ ਸੁਹੇਲਾ ਕਰੇ ਤਰਸ, ਆਤਮ ਅਤੀਤੀ ਚਰਨ ਪਿਆਰ । ਜਗਤ ਤ੍ਰਿਸਨਾ ਮੇਟੇ ਹਰਸ, ਜੂਠਾ ਝੂਠਾ ਲਾਹੇ ਬੁਖਾਰ । ਤੀਜੇ ਲੋਚਨ ਲੈਣਾ ਪਰਸ, ਦਰ ਦਵਾਰੇ ਨਰ ਨਿਰੰਕਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਠੇ ਪਹਿਰ ਦਿਵਸ ਰੈਣ ਬਣਿਆ ਰਹੇ ਪਹਿਰੇਦਾਰ । ਤਿੰਨ ਸੌ ਸੱਠ ਜੁੜਿਆ ਜੋੜ, ਪੁਰਖ ਅਬਿਨਾਸ਼ੀ ਕਰਿਆ ਇਕੱਠ, ਹੱਡ ਮਾਸ ਨਾੜੀ ਤਨ ਕਾਇਆ ਲੋੜ । ਅੰਤ ਵੇਲੇ ਹੋਏ ਭੱਠ, ਉਲਟੀ ਗਿੜੇ ਕਾਇਆ ਲੱਠ, ਨਾ ਕੋਈ ਚੜ੍ਹਿਆ ਸ਼ਬਦ ਘੋੜ । ਕਾਇਆ ਅਗਨੀ ਆਤਮ ਮੱਠ, ਹਰਿ ਜਨ ਸਾਚੇ ਸ਼ਬਦ ਹੱਠ, ਦਰ ਦਵਾਰੇ ਆਏ ਦੌੜ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਆਪ ਆਪਣੀ ਕਿਰਪਾ ਕਰ, ਸਦਾ ਸੁਹੇਲਾ ਜਾਏ ਬਹੁੜ ।



੨੫੪



੦੫

## ★ ਅਨੰਦਪੁਰ ਦੇ ਅੱਖਰ ਉਤੇ ਸ਼ਬਦ ਉਚਾਰਿਆ ਗਿਆ ★

ਐੜਾ ਅੱਖਰ ਆਤਮ ਅਕਾਰ । ਕਾਇਆ ਮੰਦਰ ਚਾਰ ਦਿਵਾਰ । ਦਹਿ ਦਿਸ਼ਾ ਪਾਏ ਹਿਸਾ, ਵੇਖ ਵਖਾਣੇ ਅੰਦਰ ਬਾਹਰ ਗੁਪਤ ਜਾਹਰ । ਐੜਾ ਆਤਮ ਕਿਸੇ ਨਾ ਦਿਸੇ, ਲੱਖ ਚੁਰਾਸੀ ਹੋਏ ਖੁਆਰ । ਜੋਤੀ ਜੋਤ ਸਰੂਪ ਹਰਿ, ਆਪ ਆਪਣਾ ਸਚ ਮਹੱਲਾ ਰਿਹਾ ਉਸਾਰ । ਐੜਾ ਅੰਦਰ ਆਤਮ ਜੋਤ । ਜੋਤ ਨਿਰੰਜਣ ਨਾ ਕੋਈ ਵਰਨ ਨਾ ਕੋਈ ਗੋਤ । ਦੁੱਖ ਦਰਦ ਭੈ ਭਗਵੰਤ ਭੰਜਨ, ਆਪੇ ਜਾਣੇ ਕੋਟਨ ਕੋਟ । ਕਾਇਆ ਮਾਟੀ ਸਾਚਾ ਸੱਜਣ, ਇਕ ਲਗਾਏ ਆਤਮ ਚੋਟ, ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਆਪ ਆਪਣਾ ਖਾਏ ਤਾਮ । ਐੜਾ ਅੰਤਰ ਆਤਮ ਧਿਆਨ । ਆਦਿ ਪੁਰਖ ਇਕ ਭਗਵਾਨ । ਸਤਿ ਸਰੂਪ ਧਰਮ ਨਿਸ਼ਾਨ, ਵਡ ਸ਼ਾਹੋ ਭੂਪ, ਆਵਣ ਜਾਵਣ ਖੇਲ ਮਹਾਨ । ਜੋਤੀ ਜੋਤ ਸਰੂਪ ਹਰਿ, ਆਦਿ ਅੰਤ ਸਾਧ ਸੰਤ ਕਰੇ ਪਛਾਨ । ਐੜਾ ਅੱਲਾ ਆਸ ਰਖਾਈ । ਏਕਾ ਵਸੇ ਸਚ ਮਹੱਲਾ, ਧਰਮ ਮੁਹੰਮਦ ਗਿਆ ਲਿਖਾਈ । ਸ਼ਬਦ ਜਣਾਇਆ ਹਰਿ ਜੀ ਡੱਲਾ, ਗੁਰ ਗੋਬਿੰਦਾ ਦੇ ਮਤ ਸਮਝਾਈ । ਵਸੇ ਨਿਹਚਲ ਧਾਮ ਅਚੱਲਾ, ਕਲਜੁਗ ਵੇਲਾ ਦਏ ਸੁਹਾਈ । ਦਿਸ ਨਾ ਆਏ ਜਲ ਥਲਾ, ਗੁਰਦਵਾਰੇ ਮੰਦਰ ਮਸਜਿਦ ਕਿਸੇ ਥਾਈਂ । ਆਪੇ ਹੋਏ ਅਛਲ ਅਛੱਲਾ, ਵਲ ਛਲ ਜਗਤ ਭੁਲਾਈ । ਸ਼ਬਦ ਫੜੇ ਹੱਥ ਵਿਚ ਭੱਲਾ, ਚਾਰੋਂ ਕੁੰਟ ਦਏ ਦੁਹਾਈ । ਇਕ ਸੁਨੇਹੜਾ ਏਕੇ ਘਲਾ, ਓਅੰ ਸੋਹੰ ਜਾਪ ਜਪਾਈ । ਦੂਈ ਦਵੈਤੀ ਮੇਟੇ ਸੱਲਾ, ਚਾਰੋਂ ਵਰਨਾਂ ਇਕ ਸਰਨਾਈ ।

ਦਰ ਦਵਾਰਾ ਦਏ ਵਖਾਈ । ਜੋਤੀ ਜੋਤ ਸਰੂਪ ਹਰਿ, ਐੜਾ ਅੱਖਰ ਕਰ ਕਰ ਵੱਖਰ, ਸਾਚੀ ਰਚਨਾ ਰਿਹਾ ਰਚਾਈ । ਐੜਾ ਅੰਮ੍ਰਿਤ ਆਤਮ ਨੀਰ । ਪੰਚ ਸ਼ਬਦ ਪੰਚ ਗੁਰਮੰਤ ਪੰਜ ਸੰਤ ਹਰਿ ਭਗਵੰਤ, ਤਨ ਬਸੰਤਰ ਪਹਿਨੇ ਸਾਚੇ ਚੀਰ । ਮਿਲੇ ਮੇਲ ਹਰਿ ਸਾਚੇ ਕੰਤ, ਕਾਇਆ ਰੰਗ ਚੜ੍ਹੇ ਬਸੰਤ, ਲੋਕਮਾਤ ਬਣੇ ਬਣਤ, ਵੇਖੇ ਖੇਲ ਅੰਤ ਅਖੀਰ । ਬੈਠਾ ਰਹੇ ਇਕ ਇਕੰਤ, ਫਿਰ ਫਿਰ ਥੱਕੇ ਜੀਵ ਜੰਤ, ਮਾਇਆ ਪਾਏ ਹਰਿ ਬੇਅੰਤ, ਨਾ ਕੋਈ ਜਾਣੇ ਸੰਤ ਫਕੀਰ । ਜੋਤੀ ਜੋਤ ਸਰੂਪ ਹਰਿ, ਆਪ ਆਪਣਾ ਵੇਸ ਕਰ, ਜਨ ਭਗਤਾਂ ਦੇਵੇ ਆਤਮ ਧੀਰ । ਨੰਨ੍ਹਾ ਨਿਰਗੁਣ ਰੂਪ ਹਰਿ ਨਿਰੰਕਾਰਿਆ । ਸ਼ਬਦ ਸਰੂਪੀ ਰਖੇ ਧੁਨ, ਚਾਰੇ ਕੁੰਟ ਜੈ ਜੈਕਾਰਿਆ । ਸਰਬ ਪੁਕਾਰ ਰਿਹਾ ਸੁਣ, ਦਿਸ ਕਿਸੇ ਨਾ ਆ ਰਿਹਾ । ਆਪੇ ਜਾਣੇ ਆਪਣੇ ਗੁਣ, ਲੱਖ ਚੁਰਾਸੀ ਵਿਚ ਸਮਾ ਰਿਹਾ । ਸ੍ਰਿਸ਼ਟ ਸਬਾਈ ਛਾਣ ਪੁਣ, ਗੁਰਮੁਖ ਸੋਏ ਆਪ ਜਗਾ ਰਿਹਾ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਨੈਣ ਨੇਤਰ ਕਾਇਆ ਖੇਤਰ ਵਿਚ ਉਪਜਾ ਰਿਹਾ । ਨੰਨ੍ਹਾ ਨਿਰਾਧਾਰ, ਨਰ ਹਰਿ ਨਿਰਵੈਰਿਆ । ਆਪੇ ਜਾਣੇ ਆਪਣੀ ਸਾਰ, ਨਾ ਕੋਈ ਸਕੇ ਜੀਵ ਵਿਚਾਰ । ਸਾਧਾਂ ਸੰਤਾਂ ਆਈ ਹਾਰ, ਪੁਰਖ ਅਬਿਨਾਸ਼ੀ ਵਸੇ ਬਾਹਰਿਆ । ਗੁਰਮੁਖ ਵਿਰਲੇ ਮੇਲਾ ਕੰਤ ਭਤਾਰ, ਏਕਾ ਸੇਜਾ ਸੁੱਤੇ ਪੈਰ ਪਸਾਰ, ਆਪੇ ਗੁਰ ਆਪੇ ਚੇਲਿਆ । ਵਰਭੰਡੀ ਹੋਏ ਖਵਾਰ ਕਲਜੁਗ ਤੇਰੀ ਟੇਡੀ ਡੰਡੀ, ਵੇਲੇ ਅੰਤਮ ਆਈ ਹਾਰ । ਚਾਰੋਂ ਕੁੰਟ ਭੇਖ ਪਖੰਡੀ, ਕਥਨੀ ਕਥ ਹਾਹਾਕਾਰ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਨਾਮ ਨਿਰੰਜਣ ਕਰੇ ਇਕ ਜੈਕਾਰ । ਨੰਨ੍ਹਾ ਨਾਮ ਨਿਧਾਨ ਹਰਿ ਉਪਾਇਆ । ਝੁੱਲੇ ਸੱਚਾ ਸ਼ਬਦ ਨਿਸ਼ਾਨ, ਜਗਤ ਸੁਹਾਇਆ । ਆਪੇ ਵੇਖੇ ਵਾਲੀ ਦੋ ਜਹਾਨ, ਦਿਸ ਕਿਸੇ ਨਾ ਆਇਆ । ਸੱਤਾਂ ਰੰਗਾਂ ਰੰਗ ਰੰਗਾਨ, ਸੱਤਾਂ ਦੀਪਾਂ ਵੰਡ ਵੰਡਾਇਆ । ਨੌਂ ਖੰਡ ਪ੍ਰਿਥਮੀ ਇਕ ਗਿਆਨ, ਸੋਹੰ ਅੱਖਰ ਵਖਰ ਇਕ ਲਿਖਾਇਆ । ਇਕ ਉਪਜਾਏ ਬ੍ਰਹਮ ਗਿਆਨ, ਸ਼ਬਦ ਸੁਨੇਹੜਾ ਪਵਣ ਸੁਣਾਇਆ । ਦੀਪਕ ਜੋਤੀ ਜਗੇ ਮਹਾਨ, ਅੰਧ ਅੰਧੇਰਾ ਦਏ ਮਿਟਾਇਆ । ਮਿਟਦੇ ਜਾਣ ਮਾਤ ਨਿਸ਼ਾਨ, ਪੁਰਖ ਅਬਿਨਾਸ਼ੀ ਖੇਲ ਰਚਾਇਆ । ਗੁਣਵੰਤਾ ਹਰਿ ਗੁਣ ਨਿਧਾਨ, ਭਾਣਾ ਆਪਣੇ ਹੱਥ ਰਖਾਇਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਨਰ, ਨੰਨ੍ਹਾ ਨਿਰਗੁਣ ਵੇਸ ਕਰ, ਨੌਂ ਦਵਾਰੇ ਬੰਦ ਕਰਾਇਆ । ਨਨ੍ਹਾ ਨੌਂ ਦਵਾਰ ਜਗਤ ਭੁਲਨਿਆ । ਤਨ ਮੰਦਰ ਹੋਏ ਖਵਾਰ, ਲੋਕਮਾਤ ਨਾ ਬੇੜਾ ਬੰਨ੍ਹਿਆ । ਭਰਮਾਂ ਭੁਲੇ ਜੀਵ ਗਵਾਰ, ਪੰਚ ਪੰਚਾਇਣੀ ਲਾਏ ਸੰਨ੍ਹਿਆ । ਨਾ ਕੋਈ ਦੇਵੇ ਨਾਮ ਅਧਾਰ, ਭਾਂਡਾ ਭਰਮ ਨਾ ਕਿਸੇ ਭੰਨਿਆ । ਗੁਰ ਮੰਤਰ ਏਕਾ ਸ਼ਬਦ ਪਿਆਰ, ਜੋਤ ਜਗਾਏ ਨੇਤਰ ਅੰਨ੍ਹਿਆ । ਸਚ ਦਵਾਰੇ ਸਾਚਾ ਵਣਜ ਵਪਾਰ, ਸਾਚਾ ਬੇੜਾ ਹਰਿ ਹਰਿ ਬੰਨ੍ਹਿਆ । ਲਿਖੇ ਲੇਖ ਗੁਰ ਅਪਾਰ, ਵਰਭੰਡ ਖੰਡ ਹੋਏ ਖਨ ਖੰਨਿਆ । ਗੋਬਿੰਦ ਗੋਬਿੰਦ ਗੋਬਿੰਦ ਤੇਰੀ ਧਾਰ, ਪਾਰਬ੍ਰਹਮ ਪ੍ਰਭ ਪਾਏ ਸਾਰ, ਕਲਜੁਗ ਤੇਰੀ ਅੰਤਮ ਵਾਰ, ਜਨਣੀ ਜਨ ਨਾ ਕਿਸੇ ਜਣਿਆ । ਨਨ੍ਹਾ ਨਿਰਗੁਣ ਵੇਖੇ ਰੂਪ ਅਪਾਰ ਸਰਗੁਣ ਤੇਰੀ ਸਾਚੀ ਧਾਰ, ਗੁਰ ਪੀਰ ਸਾਧ ਸੰਤ ਦਿਸਣ ਕਿਸ ਦਵਾਰ, ਕਵਣ ਦਵਾਰੇ ਹੋਏ ਪਰਕਾਸ਼, ਰਵ ਸਸ ਸੂਰਜ ਚੰਨਿਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਨੌਂ ਦਵਾਰੇ ਵੇਖ ਹਰਿ, ਲੋਕਮਾਤ ਦੇਵੇ ਡੰਨਿਆ । ਨਿਰਗੁਣ ਨਿਰ ਅਕਾਰ ਇਕ ਅਕਾਲਿਆ । ਜੋਤੀ ਨੂਰ ਸਰਬ ਪਸਾਰ, ਨੇੜ ਨਾ ਆਏ ਕਾਲ ਕਾਲਿਆ । ਅਵਣ ਗਵਣ ਕਰ ਵਿਚਾਰ, ਹਰਿ ਜਨ ਤੋੜੇ ਜਗਤ ਜੰਜਾਲਿਆ । ਤ੍ਰੈਭਵਣ ਪਾਵੇ ਸਾਰ, ਲੋਆਂ ਪੁਰੀਆਂ ਹੱਥ ਰਖਾ ਲਿਆ ।

੨੫੫
੦੫

ਬ੍ਰਹਮਾ ਸ਼ਿਵ ਰਹੇ ਪੁਕਾਰ, ਦਰ ਸਾਚੇ ਸੀਸ ਝੁਕਾ ਲਿਆ । ਕਰੋੜ ਤੇਤੀਸਾ ਚਰਨ ਦਵਾਰ, ਸੁਰਪਤ ਰਾਜਾ ਇੰਦ ਸਗਲਾ ਸੰਗ ਰਲਾ ਲਿਆ । ਕਲਜੁਗ ਅੰਤਮ ਰੋਂਦੇ ਧਾਹਾਂ ਮਾਰ, ਲੁਟਿਆ ਧੰਨ ਹੋਏ ਕੰਗਾਲਿਆ । ਪਰਗਟ ਹੋਏ ਹਰਿ ਨਿਰੰਕਾਰ, ਜੋਤੀ ਜਾਮਾ ਭੇਖ ਵਟਾ ਲਿਆ । ਸ਼ਬਦ ਰਖੇ ਤਿਖੀ ਧਾਰ, ਲੋਆਂ ਪੁਰੀਆਂ ਕੱਢੇ ਦਵਾਲਿਆ । ਨਿਰਗੁਣ ਰੂਪ ਅਗੰਮ ਅਪਾਰ, ਆਪਣੀ ਸੁਰਤ ਆਪੇ ਰਿਹਾ ਸੰਭਾਲਿਆ । ਨਾ ਕੋਈ ਦੂਸਰ ਮੀਤ ਮੁਰਾਰ, ਜੋਤ ਅਗਨੀ ਜਵਾਲਿਆ । ਸ੍ਰਿਸ਼ਟ ਸਬਾਈ ਸਾਚਾ ਯਾਰ, ਜੋਤੀ ਜੋਤ ਸਰੂਪ ਹਰਿ, ਨਿਰਗੁਣ ਸਾਚਾ ਵੇਸ ਕਰ, ਕਰੇ ਖੇਲ ਏਕਾ ਇਕ ਅਕਾਲਿਆ । ਦਰ ਦਵਾਰ ਇਕ ਬਨਾਵਣਾ । ਗੁਰ ਮੰਤਰ ਸ਼ਬਦ ਅਪਾਰ, ਜਗਤ ਜਪਾਵਣਾ । ਗੁਰਮੁਖ ਸਾਚੇ ਕਰ ਤਿਆਰ, ਸਾਚਾ ਧਰਮ ਚਲਾਵਣਾ । ਨੌਂ ਖੰਡ ਪ੍ਰਿਥਮੀ ਏਕਾ ਡੰਡਾ ਹੱਥ ਰਖਾਵਣਾ । ਦੀਪਾਂ ਲੋਆਂ ਏਕਾ ਧਾਰ, ਵਰਭੰਡੀ ਰਾਹ ਬਨਾਵਣਾ । ਰਾਜ ਰਾਜਾਨ ਕਰ ਖਵਾਰ, ਸ਼ਾਹ ਸੁਲਤਾਨਾਂ ਦਰ ਭਵਾਵਣਾ । ਸਾਧਾਂ ਸੰਤਾਂ ਮਾਰੇ ਮਾਰ, ਦਸਮ ਦਵਾਰੀ ਪੜਦਾ ਲਾਹਵਣਾ । ਪੂਰਬ ਕਰਮ ਹਰਿ ਵਿਚਾਰ, ਜਿਨ ਹਰਿ ਸਾਚਾ ਆਪ ਜਗਾਵਣਾ । ਅੰਮ੍ਰਿਤ ਬਖ਼ਸ਼ੇ ਸਾਚੀ ਧਾਰ, ਨਿਝਰ ਰਸ ਮੁਖ ਚਵਾਵਣਾ । ਪਰਗਟ ਹੋਏ ਵਿਚ ਸੰਸਾਰ, ਪੁਰੀ ਘਨਕ ਨਾਮ ਸੁਹਾਵਣਾ । ਗੁਰ ਗੋਬਿੰਦਾ ਲੇਖ ਲਿਖਾਰ, ਹਰਿ ਬਖ਼ਸ਼ਿੰਦਾ ਆਪ ਅਖਵਾਵਣਾ । ਸਾਚੀ ਪੈਜ ਰਿਹਾ ਸਵਾਰ । ਸ਼ਬਦ ਘੋੜੇ ਹੋ ਅਸਵਾਰ ਦਿਸ ਕਿਸੇ ਨਾ ਆਵਣਾ । ਗ੍ਰੰਥੀ ਪੰਥੀ ਧੁੰਦੂਕਾਰ, ਮਾਇਆ ਰਾਣੀ ਪਸਰ ਪਸਾਰ, ਸਾਚਾ ਰਾਹ ਨਾ ਕਿਸੇ ਦਿਸਾਵਣਾ । ਪਰਗਟ ਹੋਵੇ ਹਰਿ ਦਾਤਾਰ, ਸੰਬਲ ਨਗਰੀ ਖੇਲ ਅਪਾਰ, ਦੀਪਕ ਜੋਤੀ ਇਕ ਜਗਾਵਣਾ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਦਦਾ ਦੁਰਮਤ ਮੈਲ ਹਰਿ ਕਾਮ ਕਰੋਧ ਲੋਭ ਮੋਹ ਹੰਕਾਰ ਝੂਠਾ ਮੋਹ ਚੁਕਾਵਣਾ । ਦਦਾ ਦਰ ਦਵਾਰ ਭਗਤ ਭਗਵੰਤਿਆ । ਕਲ ਕਾਰਜ ਰਿਹਾ ਸਵਾਰ, ਨਾ ਕੋਈ ਜਾਣੇ ਜੀਵ ਜੰਤਿਆ । ਸ਼ਬਦ ਸਰੂਪੀ ਪਵਣ ਉਡਾਰ, ਆਦਿ ਪੁਰਖ ਅਪਰੰਪਰ ਸਵਾਮੀ ਆਦਿਨ ਅੰਤਿਆ । ਨੂਰ ਉਜਾਲਾ ਕਰ ਉਜਿਆਰ, ਦੀਨ ਦਿਆਲਾ ਹਰਿ ਕਰਤਾਰ, ਸਰਬ ਰਖਵਾਲਾ ਇਕ ਅਖਵੰਤਿਆ । ਕੋਟਨ ਕੋਟ ਖੜੇ ਦਵਾਰ, ਸ਼ਬਦ ਚੋਟ ਤਨ ਨਗਾਰ, ਗੁਰਮੁਖ ਵਿਰਲੇ ਸਾਜ ਵਜੰਤਿਆ । ਧੁਨੀ ਨਾਦ ਅਪਰ ਅਪਾਰ, ਮੁਨੀ ਸਾਧ ਹਾਹਾਕਾਰ, ਨਾ ਹੋਏ ਮੇਲ ਪੂਰਨ ਭਗਵੰਤਿਆ । ਵਜੇ ਵਧਾਈ ਵਿਚ ਸੰਸਾਰ, ਨਿਹਕਲੰਕ ਸਚ ਸਰਨਾਈ, ਚਾਰੋਂ ਕੁੰਟਾਂ ਜੈ ਜੈਕਾਰ, ਜਨ ਹਰਿ ਹਰਿ ਜਨ ਦੋਏ ਜੋੜ ਕਰੇ ਬੇਨੰਤਿਆ । ਜੋਤੀ ਜੋਤ ਸਰੂਪ ਹਰਿ, ਨੌਂ ਦਵਾਰੇ ਵੇਖ ਦਰ, ਇਕ ਸੁਣਾਏ ਸ਼ਬਦ ਸੱਚਾ ਛੰਤਿਆ । ਦਰ ਦਰਬਾਰਾ ਇਕ ਸੁਹਾਇਆ, ਲਿਖਿਆ ਲੇਖ ਅਪਰ ਅਪਾਰਾ ਨੇਤਰ ਲੋਚਨ ਨੈਣ ਵੇਖ, ਆਤਮ ਖੋਲ੍ਹੇ ਬੰਦ ਕਿਵਾੜਾ । ਆਪੇ ਧਾਰੇ ਆਪਣਾ ਭੇਖ, ਪੰਡਤ ਪਾਂਧੇ ਰਹੇ ਵੇਖ, ਕਵਣ ਕੂਟੇ ਬ੍ਰਹਿਮਣ ਗੌੜ ਸੱਚਾ ਯਾਰਾ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਨੌਂ ਦਵਾਰੇ ਵੇਖ ਹਰਿ, ਦਸਵੇਂ ਘਰ ਆਪ ਪਸਾਰਾ । ਹਰਿ ਦਸਮ ਜੋਤ ਜਗਾਈਆ । ਦਹਿ ਦਿਸ਼ਾ ਹੋਏ ਰੁਸ਼ਨਾਈਆ । ਗੁਰਮੁਖਾਂ ਆਤਮ ਲਾਹੇ ਵਿਸਾ, ਮਨਮਤ ਜਗਤ ਗਵਾਈਆ । ਬੇਮੁਖਾਂ ਅੰਤਮ ਪਾਇਆ ਹਿਸਾ, ਨਿੰਦਕ ਨਿੰਦਿਆ ਮੁਖ ਰਖਾਈਆ । ਜਗਤ ਜਗਦੀਸਾ ਕਿਸੇ ਨਾ ਦਿਸਾ, ਗੁਰ ਗੋਬਿੰਦ ਵਾਹਵਾ ਗਿਆ ਸਾਚਾ ਲੇਖ ਲਿਖਾਈਆ । ਮਾਇਆ ਰਾਣੀ ਜੂਠਾ ਝੂਠਾ ਪੀਸਣ ਪੀਸਾ, ਹਰਿ ਮੰਦਰ ਅੰਦਰ ਦਏ ਦੁਹਾਈਆ । ਕਥਨਾ ਕਥੇ ਦੰਦ ਬਤੀਸਾ, ਭੇਵ ਅਭੇਦਾ ਵਡ ਦੇਵੀ ਦੇਵ ਨਾ ਜਾਣੇ ਰਾਈਆ । ਸੁਣ ਸੁਣਾਏ ਰਾਗ ਛਤੀਸਾ, ਨਾਦ ਧੁਨ ਨਾ ਕੋਈ ਉਪਜਾਈਆ ।

੨੫੬
੦੫

ਏਕਾ ਛਤਰ ਝੁਲੇ ਪ੍ਰਭ ਸਾਚੇ ਸੀਸਾ, ਕੂੜ ਅਡੰਬਰ ਜਗਤ ਰਚਨ ਰਚਾਈਆ । ਵੇਖੇ ਖੇਲ ਬੀਸ ਇਕੀਸਾ, ਭਰਮ ਭੁਲੇਖੇ ਰਿਹਾ ਭੁਲਾਈਆ । ਇਕ ਚਲਾਏ ਜਗਤ ਹਦੀਸਾ, ਵਰਨ ਗੋਤ ਕੋਈ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਨੌਂ ਦਵਾਰੇ ਵੇਖ ਹਰਿ, ਦਸਵੇਂ ਬੂਝ ਬੁਝਾਈਆ । ਦਸਵੇਂ ਦਸ ਦਸ ਅਸਥਾਨ । ਜੋਤੀ ਨੂਰ ਹਰਿ ਭਗਵਾਨ । ਮਾਨਸ ਦੇਹੀ ਵੇਖੇ ਕਰਮ, ਸੰਤ ਅਸੰਤ ਕਰ ਪਛਾਣ । ਆਪ ਕਢਾਏ ਭਰਮੀ ਭਰਮ, ਸ਼ਬਦ ਉਠਾਏ ਤੀਰ ਕਮਾਨ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਨੌਂ ਦਵਾਰੇ ਵੇਖ ਹਰਿ, ਦੇਵੇ ਵਰ ਇਕ ਧਿਆਨ । ਦਰ ਦਵਾਰਾ ਇਕ ਰਖਾਇਆ ਏ । ਪੁਰਖ ਅਬਿਨਾਸ਼ੀ ਕਰ ਤਿਆਰਾ, ਲੋਕਮਾਤ ਲੈ ਅਵਤਾਰਾ, ਜੋਤੀ ਜਾਮਾ ਭੇਖ ਵਟਾਇਆ ਏ । ਨਿਰਗੁਣ ਰੂਪ ਨਿਰ ਅਕਾਰਾ, ਸਰਗੁਣ ਸਾਚੇ ਕਰ ਪਿਆਰਾ, ਸ਼ਬਦ ਧਾਰਾ ਰਿਹਾ ਵਹਾਇਆ ਏ । ਜੀਵ ਜੰਤ ਭਰਮ ਗਵਾਰਾ, ਸਾਧ ਸੰਤ ਹੋਏ ਅਵਾਰਾ, ਦਰ ਦਰ ਆਪਣਾ ਰਾਹ ਚਲਾਇਆ ਏ । ਪੁਰਖ ਅਬਿਨਾਸ਼ੀ ਖੇਲ ਅਪਾਰਾ, ਇਕ ਕਰਾਏ ਜਗਤ ਜੈਕਾਰਾ, ਚਾਰ ਵਰਨਾਂ ਰਿਹਾ ਸੁਣਾਇਆ ਏ । ਜੋਤੀ ਜੋਤ ਸਰੂਪ ਹਰਿ, ਨੌਂ ਦਵਾਰੇ ਵੇਖ ਹਰਿ, ਆਪਣਾ ਰਾਹ ਇਕ ਵਖਾਇਆ ਏ । ਐੜਾ ਅੱਖਰ ਆਪ ਬਣਾਇਆ । ਆਤਮ ਬ੍ਰਹਮ ਵਿਚ ਸਮਾਇਆ । ਪਾਰਬ੍ਰਹਮ ਬ੍ਰਹਮ ਮੇਲ ਮਿਲਾਇਆ । ਨੰਨ੍ਹਾ ਨਿਰਗੁਣ ਰੂਪ ਅਪਾਰਾ ਇਕ ਜਣਾਇਆ । ਨਿਰ ਅਕਾਰ ਕਿਸੇ ਦਿਸ ਨਾ ਆਇਆ । ਦੱਦਾ ਦਵਾਰ ਆਪ ਖੁਲ੍ਹਾਇਆ । ਦਸਵੇਂ ਅੰਦਰ ਡੇਰਾ ਲਾਇਆ । ਦਸਵੇਂ ਗੁਰ ਬਚਨ ਲਿਖਾਇਆ । ਅਨੰਦ ਅਨੰਦ ਅਨੰਦ ਤ੍ਰੈਗੁਣ ਪੋਹ ਨਾ ਸਕੇ ਮਾਇਆ । ਇਕ ਅਨੰਦ ਹੱਡ ਮਾਸ ਨਾੜੀ ਚੰਮੜਾ, ਬੰਦ ਚਾਰ ਦਿਵਾਰੀ ਇਕ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅਨੰਦ ਚੰਦ ਸੁਤ ਦੁਲਾਰ, ਪੂਤ ਸਪੂਤਾ ਰਿਹਾ ਉਪਜਾਇਆ । ਪੱਪਾ ਪੂਰੀ ਪੂਰਨ ਆਸ । ਪੂਰਨ ਪੁਰਖ ਹੋਏ ਪ੍ਰਭ ਦਾਸ । ਸਰਬ ਘਟ ਕਾਮੀ ਨੇਹ ਨਿਹਕਾਮੀ ਆਦਿ ਅੰਤ ਨਾ ਜਾਏ ਵਿਨਾਸ । ਸਰਬ ਜੀਆਂ ਪ੍ਰਭ ਅੰਤਰਜਾਮੀ, ਜੋਤ ਨਿਰੰਜਣ ਇਕ ਅਬਿਨਾਸ਼ । ਜੋਤੀ ਜੋਤ ਸਰੂਪ ਹਰਿ, ਪਪਾ ਪੂਰੀ ਆਸ ਕਰ, ਹੋਇਆ ਰਹੇ ਦਾਸਨ ਦਾਸ । ਪੱਪਾ ਪੁਰੀ ਹਰਿ ਸੁਹਾਈਆ । ਪੂਰਨ ਜੋਤ ਹਰਿ ਟਿਕਾਈਆ । ਵਰਨ ਗੋਤ ਨਾ ਕੋਈ ਰਖਾਈਆ । ਕਲਜੁਗ ਮਾਇਆ ਆਤਮ ਧੋਤ, ਨਿਰਮਲ ਨੀਰ ਰਖਾਈਆ । ਅੱਠੇ ਪਹਿਰ ਖੁਲ੍ਹੇ ਸੋਤ, ਦਸਮ ਦਵਾਰੀ ਮੁਖ ਖੁਲ੍ਹਾਈਆ । ਆਵੇ ਜਾਵੇ ਨਿਰੰਜਣ ਜੋਤ, ਦਿਸ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਪੱਪਾ ਪੂਰੀ ਆਸ ਕਰ, ਆਪ ਆਪਣੇ ਰੰਗ ਸਮਾਈਆ । ਪੱਪਾ ਪ੍ਰੀਤਮ ਚੀਤ ਚਿੱਤ ਚਿਤਾਰਿਆ । ਸਦਾ ਸੁਹੇਲਾ ਸਾਚਾ ਮੀਤ ਪਰਵਰਦਿਗਾਰਿਆ । ਚਲੇ ਚਲਾਏ ਅਚਰਜ ਰੀਤ, ਭਰਮ ਭੁਲੇਖੇ ਆਪੇ ਪਾ ਰਿਹਾ । ਕਿਸੇ ਹੱਥ ਨਾ ਆਏ ਮੰਦਰ ਮਸੀਤ, ਪੰਡਤ ਕਾਜੀ ਆਪ ਸੁਣਾ ਰਿਹਾ । ਗੁਰਦਵਾਰੇ ਪਰਖੇ ਨੀਤ, ਗ੍ਰੰਥੀ ਪੰਥੀ ਵੇਖ ਵਖਾ ਰਿਹਾ । ਹਰਿਜਨ ਮਾਨਸ ਦੇਹੀ ਜਾਏ ਜੀਤ, ਕਾਇਆ ਮੰਦਰ ਹਰਿ ਸੁਹਾ ਰਿਹਾ । ਜੁਗਾ ਜੁਗੰਤਰ ਸਾਚੀ ਰੀਤ, ਆਪਣਾ ਆਪ ਹਰਿ ਉਪਾ ਰਿਹਾ । ਆਪ ਸੁਣਾਏ ਸ਼ਬਦ ਸੁਹਾਗੀ ਸੱਚਾ ਗੀਤ, ਧੁਰ ਦਰਗਾਹੀ ਇਕ ਸੁਨੇਹੜਾ ਚਾਰ ਵਰਨਾਂ ਆਪ ਜਣਾ ਰਿਹਾ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਪੂਰਨ ਆਸ ਮਾਤ ਕਰਾ ਰਿਹਾ । ਰਾਰਾ ਰਾਜ ਜੋਗ ਸੁਲਤਾਨ । ਰਾਮ ਨਾਮ ਸ੍ਰੀ ਭਗਵਾਨ । ਰਿੜਕਣ ਆਇਆ ਸਰਬ ਜਹਾਨ । ਝਿੜਕਣ ਆਇਆ ਬੇਈਮਾਨ । ਜੋਤੀ ਜੋਤ ਸਰੂਪ ਹਰਿ, ਆਪ ਬਣਾਏ ਦਇਆ ਕਮਾਏ, ਸ਼ਬਦ ਸਰੂਪੀ ਇਕ ਮਕਾਨ । ਰਾਰਾ ਰੂਪ ਵਟਾਇਆ ਏ । ਰੂਪ ਰੰਗ ਕਿਸੇ ਦਿਸ ਨਾ ਆਇਆ

ਏ । ਸ੍ਰਿਸ਼ਟ ਸਬਾਈ ਰਿਹਾ ਵੇਖ, ਜੋਤੀ ਜਾਮਾ ਖੇਲ ਰਚਾਇਆ ਏ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਆਪਣੇ ਰੰਗ ਸਮਾਇਆ ਏ । ਰਾਰਾ ਰੇਖ ਸਰਬ ਮਿਟਾਇੰਦਾ । ਗੁਰ ਗੋਬਿੰਦੇ ਲਿਖਿਆ ਲੇਖ, ਅੱਖਰ ਅੱਖਰ ਲੈਣਾ ਵੇਖ, ਕਿਹੜੀ ਕੂਟੇ ਭੇਖ ਵਟਾਇੰਦਾ । ਭਰਮੇ ਭੁੱਲੇ ਔਲੀਏ ਪੀਰ ਸ਼ੇਖ਼, ਸੰਗ ਮੁਹੰਮਦ ਚਾਰ ਯਾਰ, ਨਾ ਕੋਈ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣਾ ਵੇਸ ਕਰ, ਗੁਰ ਗੋਬਿੰਦੇ ਬਣਤ ਬਣਾਇੰਦਾ । ਅਨੰਦਪੁਰ ਅਨੰਦ ਮਕਾਨ । ਪੂਰਨ ਜੋਤ ਸ੍ਰੀ ਭਗਵਾਨ । ਵਰਨ ਚਾਰ ਚਾਰ ਦਿਵਾਰ, ਪੰਚਮ ਮੇਲਾ ਮੀਤ ਮੁਰਾਰ, ਚਾਰ ਕੁੰਟ ਕੁੰਟ ਚਾਰ ਸ਼ਬਦ ਰੱਖੇ ਸਾਚੀ ਧਾਰ, ਊਚ ਨੀਚ ਰੰਕ ਰਾਜਾਨ । ਸਚ ਤਖ਼ਤ ਹਰਿ ਸੁਲਤਾਨ । ਜੰਗਲ ਜੂਹ ਉਜਾੜ ਪਹਾੜ, ਲੱਖ ਚੁਰਾਸੀ ਆਪ ਚਬਾਏ ਆਪਣੀ ਦਾੜ੍ਹ, ਕੋਠੇ ਮੰਡਪ ਮਾੜੀ ਮੰਦਰ ਵੇਖ ਵਖਾਣੇ ਅੰਦਰ ਬਾਹਰ ਡੂੰਘੀ ਕੰਦਰ ਜਲ ਥਲ ਜਗਤ ਅਸਗਾਹ, ਆਪੇ ਜਾਣੇ ਬੇਪਰਵਾਹ, ਅੰਡਜ ਜੇਰਜ ਕਰ ਧਿਆਨ । ਸੇਤਜ ਉਤਭੁਜ ਵਿਚ ਧਿਆਨ । ਖਾਣੀ ਬਾਣੀ ਕਰੇ ਪਛਾਣ । ਸ਼ਬਦ ਸਰੂਪੀ ਇਕ ਉਡਾਨ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਪੁਰੀ ਅਨੰਦ ਚੜ੍ਹੇ ਚੰਦ, ਕਾਇਆ ਮੰਦਰ ਸਚ ਮਕਾਨ । ਪੁਰੀ ਅਨੰਦ ਹਰਿ ਸੁਹਾਈਆ । ਨੌਂ ਦਵਾਰੇ ਕੱਢਿਆ ਗੰਦ, ਦਸਵੇਂ ਜੋਤ ਜਗਾਈਆ । ਸ੍ਰਿਸ਼ਟ ਸਬਾਈ ਚੜ੍ਹਿਆ ਚੰਦ, ਸੀਤਲ ਧਾਰ ਸ਼ਬਦ ਵਹਾਈਆ । ਜਨ ਭਗਤਾਂ ਖ਼ੁਸ਼ੀ ਕਰਾਏ ਬੰਦ ਬੰਦ, ਮਨਮੁਖਾਂ ਦਏ ਸਜਾਈਆ । ਅੱਠੇ ਪਹਿਰ ਪਰਮਾਨੰਦ, ਬ੍ਰਹਮ ਰੂਪ ਬ੍ਰਹਮ ਸਮਾਈਆ । ਜਨ ਹਰਿ ਗਾਏ ਬੱਤੀ ਦੰਦ, ਆਤਮ ਜੋਤੀ ਮੇਲ ਮਿਲਾਈਆ । ਭਰਮਾਂ ਢਾਹੇ ਝੂਠੀ ਕੰਧ, ਸ਼ਬਦ ਧੱਕਾ ਇਕ ਲਗਾਈਆ । ਇਕ ਚੜ੍ਹਾਏ ਨੌਂ ਚੰਦੀ ਚੰਦ, ਮਦੀਨਾ ਮੱਕਾ ਕਾਅਬਾ ਕੁਰਾਨ ਨੌਂ ਦਵਾਰੇ ਦਏ ਵਖਾਈਆ । ਇਕ ਸੁਣਾਏ ਸੁਹਾਗੀ ਛੰਦਾ, ਸਾਚਾ ਅੱਖਰ ਰਿਹਾ ਪੜ੍ਹਾਈਆ । ਮਨਮੁਖ ਜੀਵ ਭਾਗ ਮੰਦਾ, ਮਦਿਰਾ ਮਾਸ ਰਸਨ ਹਲਕਾਈਆ । ਦਿਵਸ ਰੈਣ ਖਾਇਣ ਗੰਦ, ਅੰਮ੍ਰਿਤ ਜਾਮ ਨਾ ਕੋਈ ਪਿਲਾਈਆ । ਜੋਤੀ ਜੋਤ ਸਰੂਪ ਹਰਿ, ਪੁਰੀ ਅਨੰਦ ਦੇਵੇ ਸਾਚਾ ਧਾਮ ਆਪ ਸੁਹਾਈਆ । ਅਨੰਦਪੁਰ ਹਰਿ ਸੁਹਾਇਆ ਏ । ਆਪ ਲਿਖਾਇਆ ਲੇਖਾ ਧੁਰ, ਭੇਵ ਕਿਸੇ ਨਾ ਪਾਇਆ ਏ । ਬ੍ਰਹਮ ਪਾਰਬ੍ਰਹਮ ਦੋਵੇਂ ਗਏ ਜੁੜ, ਸ਼ਬਦ ਵਿਚੋਲਾ ਇਕ ਰਖਾਇਆ ਏ । ਆਪੇ ਚੜ੍ਹਿਆ ਸਾਚੇ ਘੋੜ, ਨੀਲੀ ਧਾਰ ਹੋ ਅਸਵਾਰ ਨੀਲਾ ਨਾਮ ਰਖਾਇਆ ਏ । ਜੁੜਿਆ ਜੋੜਾ ਵਿਚ ਸੰਸਾਰ, ਚੁੱਕਿਆ ਪੌੜਾ ਪਹਿਲੀ ਵਾਰ, ਸਾਧਾਂ ਸੰਤਾਂ ਰਿਹਾ ਜਗਾਇਆ ਏ । ਧੁਰ ਦਰਗਾਹੀ ਆਇਆ ਦੌੜਾ, ਆਪੇ ਵੇਖੇ ਮਿਠਾ ਕੌੜਾ, ਰਾਜ ਰਾਜਾਨਾਂ ਰਿਹਾ ਹਿਲਾਇਆ ਏ । ਆਪੇ ਹੋਏ ਬ੍ਰਾਹਮਣ ਗੌੜ, ਮਾਤ ਪਿਤ ਕਿਸੇ ਨਾ ਜਾਇਆ ਏ । ਸੰਬਲ ਨਗਰੀ ਜਾਏ ਬਹੁੜ, ਗੁਰਮੁਖਾਂ ਆਤਮ ਲੱਗੀ ਔੜ, ਅੰਮ੍ਰਿਤ ਮੇਘ ਰਿਹਾ ਬਰਸਾਇਆ ਏ । ਆਪੇ ਵੇਖੇ ਮਿੱਠੇ ਕੌੜ, ਸ਼ਬਦ ਸਰੂਪੀ ਲਾਏ ਪੌੜ, ਉਚਾ ਡੰਡਾ ਹਰਿ ਬ੍ਰਹਿਮੰਡਾਂ ਏਕਾ ਏਕ ਲਗਾਇਆ ਏ । ਕਲਜੁਗ ਤੇਰਾ ਅੰਤਮ ਕੰਢਾ, ਚਾਰੋਂ ਕੁੰਟ ਭੇਖ ਪਖੰਡਾ, ਜੀਵ ਜਹਾਨੀ ਪਾਇਣ ਵੰਡਾਂ, ਹਰਿ ਭਾਣਾ ਭੇਵ ਨਾ ਰਾਇਆ ਏ । ਜੋਤੀ ਜੋਤ ਸਰੂਪ ਹਰਿ, ਪੁਰੀ ਅਨੰਦ ਵੇਖ ਦਰ, ਦਸਵੇਂ ਜੋਤੀ ਨੂਰ ਕਰ, ਨਾਵੇਂ ਬੰਦ ਕਰਾਇਆ ਏ । ਨਾਵੇਂ ਬੰਦ ਦਵਾਰ, ਦਸਮ ਖੁਲ੍ਹਾਇੰਦਾ । ਗੁਰ ਤੇਗ ਬਹਾਦਰ ਤੇਰੀ ਧਾਰ, ਲਾਹਿਆ ਸੀਸ ਦਿੱਲੀ ਦਰਬਾਰ, ਅੰਤਮ ਮੁੱਲ ਪਵਾਇੰਦਾ । ਖਿੜੇ ਮਾਤ ਸੱਚੀ ਗੁਲਜਾਰ, ਆਈ ਰੁੱਤ ਸ਼ਬਦ ਬਹਾਰ, ਫੁੱਲ ਫੁੱਲਵਾੜੀ ਵੇਖ ਵਖਾਇੰਦਾ । ਮਾਨਸ ਦੇਹੀ ਜਨਮ ਅਪਾਰ, ਮਿਲੀ ਜੋਤ ਸ਼ਬਦ ਨਿਰੰਕਾਰ, ਲੋਆਂ ਪੁਰੀਆਂ ਪਸਰ ਪਸਾਰ, ਦਿਸ ਕਿਸੇ ਨਾ ਆਇੰਦਾ । ਦੇਵੇ

੨੫੮ ੦੫

ਮਾਣ ਸੱਚੀ ਸਰਕਾਰ, ਕਲਜੁਗ ਤੇਰੀ ਅੰਤਮ ਵਾਰ, ਬ੍ਰਹਮ ਰੂਪ ਬ੍ਰਹਮ ਪਸਾਰ, ਦਿਸ ਕਿਸੇ ਨਾ ਆਇੰਦਾ । ਨਿਰਗੁਣ ਖੇਲ ਅਗੰਮ ਅਪਾਰ, ਸਰਗੁਣ ਤੇਰੇ ਕਰਮ ਵਿਚਾਰ, ਗੁਰ ਤੇਗ ਬਹਾਦਰ ਮੀਤ ਮੁਰਾਰ, ਚਿੱਟੀ ਚਾਦਰ ਆਪ ਬਣਾਇੰਦਾ । ਇਕ ਉਡਾਏ ਸ਼ਬਦ ਉਡਾਰ, ਪ੍ਰਭ ਅਬਿਨਾਸ਼ੀ ਕਰ ਤਿਆਰ, ਸਾਚਾ ਧਾਮ ਆਪ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਅੰਸਾ ਬੰਸਾ ਜਗਤ ਸਹੰਸਾ ਆਪੇ ਆਪ ਅਖਵਾਇੰਦਾ । ਅੰਸ ਬੰਸ ਪੂਤ ਸਪੂਤ ਜਗਤ ਕਲ ਧਾਰਿਆ । ਏਕਾ ਧਾਗਾ ਏਕਾ ਸੂਤ, ਆਪੇ ਜਾਣੇ ਖੇਲ ਕਰਤਾਰਿਆ । ਸ਼ਬਦ ਸਰੂਪੀ ਸਾਚਾ ਧੂਪ, ਪਵਣ ਸਰੂਪੀ ਹਵਨ ਕਰਾ ਰਿਹਾ । ਨਾ ਕੋਈ ਜਾਣੇ ਰੰਗ ਰੂਪ, ਕਵਣ ਗੁਰ ਸ਼ਾਹੋ ਭੂਪ, ਕਵਣ ਮਾਤ ਉਪਜਾ ਰਿਹਾ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਭਗਤ ਸੁਹੇਲਾ ਆਪ ਅਖਵਾ ਰਿਹਾ । ਸ਼ਬਦ ਚੜ੍ਹਿਆ ਸਾਚੇ ਘੋੜ, ਦੁਸ਼ਟ ਦਮਨ ਸੇਵ ਕਮਾਈਆ । ਵੇਖੇ ਖੇਲ ਕਿਨਾਰ ਜਮਨ, ਕਲਜੁਗ ਅੰਤਮ ਰੈਣ ਵਿਹਾਈਆ । ਸਾਧ ਸੰਤ ਭੁਲੇ ਭਰਮੇ, ਨਾ ਦੀਸੇ ਹਰਿ ਰਘੁਰਾਈਆ । ਆਵੇ ਜਾਵੇ ਨਾ ਜਨਮੇ ਨਾ ਮਰੇ, ਮਿਟਣਾ ਮਾਣ ਬ੍ਰਹਮ ਬ੍ਰਹਮੇ, ਏਕਾ ਜੋਤੀ ਏਕਾ ਵਰਨੇ ਦੂਸਰ ਗੋਤੀ ਦਏ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਆਪ ਆਪਣੀ ਰਚਨ ਰਚਾਈਆ । ਗੁਰ ਗੋਬਿੰਦੇ ਸ਼ਬਦ ਜਣਾਇਆ ਏ । ਗੁਣੀ ਗਹਿੰਦੇ ਏਕਾ ਰਾਹ ਵਖਾਇਆ ਏ । ਸਰਬ ਜੀਆਂ ਆਪੇ ਬਖ਼ਸ਼ਿੰਦੇ, ਆਦਿ ਅੰਤ ਜੁਗਾਂ ਜੁਗੰਤ ਆਪਣੇ ਰੰਗ ਸਮਾਇਆ ਏ । ਜਗਤ ਬਣਾਏ ਸਾਚੀ ਬਣਤਾ, ਭਾਣਾ ਆਪਣੇ ਹੱਥ ਰਖਾਇਆ ਏ । ਹਰਿ ਜਨ ਵਿਰਲੇ ਮੇਲ ਮਿਲਾਵਾ ਸਾਚੇ ਕੰਤੇ, ਜਿਸ ਜਨ ਆਪੇ ਦਇਆ ਕਮਾਇਆ ਏ । ਪੁਰਖ ਅਬਿਨਾਸ਼ੀ ਪੂਰਨ ਭਗਵੰਤੇ, ਸਾਚਾ ਦਰ ਇਕ ਸੁਹਾਇਆ ਏ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਪੁਰੀ ਅਨੰਦ ਅਨੰਦ ਪੁਰ ਅਨੰਦ ਅਨੰਦ ਅਨੰਦ ਪਰਮਾਨੰਦ ਸਮਾਇਆ ਏ । ਪੰਚਮ ਅੱਖਰ ਅੰਕ ਰਚਾਇਆ ਏ । ਪੰਚਮ ਅੱਖਰ ਆਪ ਵਸਾਇਆ ਏ । ਨਾ ਕੋਈ ਜਾਣੇ ਬਜਰ ਕਪਾਟੀ ਪੱਥਰ, ਕਾਇਆ ਸੱਥਰ ਕਿਸ ਵਿਛਾਇਆ ਏ । ਨੇਤਰ ਨੀਰ ਵਿਰੋਲੇ ਅੱਥਰ, ਭੇਵ ਕੋਈ ਨਾ ਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਜਾਣੇ ਪੰਚਮ ਅੱਖਰ ਪੰਚਮ ਦੇਸ ਵਸਾਇਆ । ਪੰਚਮ ਅੱਖਰ ਪੰਚ ਪ੍ਰਧਾਨ । ਪੰਚ ਦਵਾਰੇ ਹਰਿ ਭਗਵਾਨ । ਜੋਤ ਨਿਰੰਕਾਰੇ ਪਵਣ ਮਸਾਣ । ਇਕ ਉਡਾਏ ਸਰਬ ਜਹਾਨ । ਨਾਤਾ ਤੁਟੇ ਪੀਣ ਖਾਣੇ, ਅਵਣ ਗਵਣ ਹੋਏ ਹੈਰਾਨ । ਜੋਤੀ ਜੋਤ ਸਰੂਪ ਹਰਿ, ਪੰਚਮ ਪੰਚਾਂ ਮੇਲ ਦਰ, ਪੰਚਮ ਸ਼ਬਦ ਦਰ ਪਰਵਾਨ । ਪੰਚਮ ਪਾਂਚ ਪੂਜ ਤਨ ਮਾਟੀ । ਆਪੇ ਵੇਖ ਵਖਾਣੇ ਸ਼ਬਦ ਦਵਾਰਾ ਔਖੀ ਘਾਟੀ । ਨਾਮ ਪਾਏ ਸਚ ਮਧਾਣੀ, ਕਾਇਆ ਮੰਦਰ ਡੂੰਘੀ ਚਾਟੀ । ਮੱਖਣ ਵਰੋਲੇ ਦੂਧ ਪਾਣੀ, ਵੇਖੇ ਖੇਲ ਬਾਜੀਗਰ ਨਾਟੀ । ਸ੍ਰਿਸ਼ਟ ਸਬਾਈ ਪੁਣੀ ਛਾਣੀ, ਪੰਚਮ ਮਿਲੇ ਨਾ ਕਿਸੇ ਹਾਟੀ । ਰਸਨਾ ਗਾਏ ਸਭ ਦੀ ਬਾਣੀ, ਗੁਰਮੁਖ ਵਿਰਲਾ ਲਾਹਾ ਖਾਟੀ । ਪੰਚਮ ਰਹੇ ਤਨ ਸ਼ੈਤਾਨੀ, ਦਿਸ ਨਾ ਆਇਣ ਬਾਟੀ । ਨਾ ਕੋਈ ਵੇਖੇ ਜੇਰਜ ਖਾਣੀ, ਦੀਪਕ ਜੋਤ ਕਵਣ ਲਿਲਾਟੀ । ਅੰਮ੍ਰਿਤ ਆਤਮ ਕਿਹੜਾ ਪਾਣੀ, ਭਰ ਪਿਆਲਾ ਪੀਣਾ ਬਾਟੀ । ਸਾਚੇ ਮੰਦਰ ਕਰ ਪਛਾਣੀ, ਦਰ ਦਵਾਰੇ ਲਾਹਾ ਖਾਟੀ । ਅੰਤਮ ਚੁੱਕੇ ਜਮ ਕੀ ਕਾਣੀ, ਰਸਨਾ ਰਸ ਏਕਾ ਚਾਟੀ । ਪੰਚਮ ਪੰਚ ਦਰ ਪਰਵਾਨੀ, ਮਿਲੇ ਮੇਲ ਸ਼ਬਦ ਨਿਸ਼ਾਨੀ, ਆਦਿ ਜੋਤ ਸ੍ਰੀ ਭਗਵਾਨੀ, ਦੁਰਮਤ ਮੈਲ ਜਾਏ ਕਾਟੀ । ਪੰਚਮ ਤੱਤ ਪੰਚਮ ਉਪਜਾਇਆ । ਪੰਚਮ ਦੇਵੇ ਹਰਿ ਹਰਿ ਮਤ, ਸ਼ਬਦ ਸੁਨੇਹੜਾ ਰਿਹਾ ਸੁਣਾਇਆ । ਪੰਚਮ ਬਣਿਆ ਸਾਚਾ ਦੂਤ, ਸਾਚਾ ਮੇਲ ਰਿਹਾ ਮਿਲਾਇਆ । ਪੰਚਮ ਜੋੜੇ

ਏਕਾ ਨਤ, ਬਹੱਤਰ ਨਾੜੀ ਨਾ ਉਬਲੇ ਰਤ, ਧੀਰਜ ਸਤਿ ਇਕ ਉਪਜਾਇਆ । ਸ਼ਬਦ ਚੜ੍ਹਾਏ ਸਾਚੇ ਰਥ, ਤੁਟੇ ਨਾਤਾ ਸਾਢੇ ਤਿੰਨ ਹੱਥ, ਸਗਲ ਵਸੂਰੇ ਜਾਇਣ ਲੱਥ, ਪੰਚਮ ਮੇਲਾ ਹਰਿ ਮਿਲਾਇਆ । ਜੋਤੀ ਜੋਤ ਸਰੂਪ ਹਰਿ, ਪੰਚਮ ਮੇਲਾ ਇਕ ਕਰ, ਛੇਵੇਂ ਸ਼ਬਦ ਜਣਾਇਆ । ਛੇਵੇਂ ਸ਼ਬਦ ਜਣਾਈ, ਮਨ ਵਧਾਈਆ । ਮਿਲੇ ਮਾਤ ਵਡਿਆਈ, ਦਰ ਦਵਾਰਾ ਇਕ ਸੁਹਾਈਆ । ਬੇਮੁਖ ਆਏ ਅੱਗੇ ਨਾਹੀਂ ਕਿਸੇ ਥਾਈਂ, ਗੁਰਮੁਖਾਂ ਰਾਹ ਵਖਾਈਆ । ਆਪੇ ਪਕੜੇ ਅੰਤਮ ਬਾਹੀਂ, ਪੰਜ ਦਸ ਦਸ ਪੰਜ ਆਪ ਰਿਹਾ ਸਮਝਾਈਆ । ਸ਼ਬਦ ਸੁਹੇਲਾ ਰੱਖੀ ਠੰਡੀ ਛਾਈਂ, ਸੀਤਲ ਧਾਰਾ ਇਕ ਵਹਾਈਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਪੰਚਮ ਪਰਮ ਪੁਰਖ ਪਰਧਾਨ, ਪੰਚਾਂ ਪੰਚਾਂ ਸੰਗ ਮਿਲਾਈਆ । ਪੰਚਾਂ ਪੰਚਮ ਸੰਗ ਮਿਲਾਇਆ । ਕਾਇਆ ਮਾਟੀ ਹੋਏ ਕੰਚਨ, ਸੋਹੰ ਪਾਰਸ ਨਾਮ ਛੁਹਾਇਆ । ਇਕ ਕਰਾਏ ਸਾਚਾ ਮਜਨ, ਸਾਕ ਸੱਜਣ ਬਣ ਬਣ ਆਇਆ । ਆਪੇ ਮੱਕਾ ਕਾਅਬਾ ਹਾਜੀ ਹੱਜਨ, ਗੁਰਦਵਾਰਾ ਮੰਦਰ ਮਸਜਿਦ ਦੋ ਦੋ ਆਬਾ ਡੇਰਾ ਲਾਇਆ । ਜੋਤੀ ਜਗੇ ਸਾਚੇ ਅੰਦਰ, ਸ਼ਬਦ ਗੀਤ ਗੋਬਿੰਦਾ ਗਾਇਆ । ਨਾਮ ਹਥੌੜਾ ਤੋੜੇ ਜੰਦਰ, ਰਾਗ ਛਤੀਸਾ ਭੇਵ ਨਾ ਰਾਇਆ । ਜੋਤੀ ਜੋਤ ਸਰੂਪ ਹਰਿ, ਪੰਚਮ ਜੋਤੀ ਮੇਲ ਦਰ ਪੰਚਮ ਪੁਰੀ ਅਨੰਦ ਸੁਹਾਇਆ । ਅਨੰਦਪੁਰ ਪੰਚ ਪਰਧਾਨ । ਪੁਰ ਅਨੰਦ ਸ਼ਬਦ ਨਿਸ਼ਾਨ । ਪੁਰੀ ਘਨਕ ਵਿਚ ਜਹਾਨ । ਪੰਚਮ ਹੋਏ ਵਡ ਬਲਵਾਨ । ਜੋਤੀ ਜੋਤ ਸਰੂਪ ਹਰਿ, ਆਤਮ ਜੋਤੀ ਮੇਲ ਹਰਿ, ਪੰਚਮ ਰੰਗਣ ਰੰਗ ਰੰਗਾਨ । ਪੰਚਮ ਰੰਗ ਮਹਾਨ, ਰਾਜਨ ਰੰਕਿਆ । ਕਰੇ ਖੇਲ ਮਹਾਨ, ਲੋਕਮਾਤ ਵਾਰ ਅਨਕਿਆ । ਪੰਚਮ ਜੋਤੀ ਜੀ ਜਹਾਨ, ਧਰੇ ਧਰਾਏ ਪੁਰੀ ਘਨਕਿਆ । ਪਰਗਟ ਹੋਏ ਵਾਲੀ ਦੋ ਜਹਾਨ, ਪੰਚਮ ਅੱਖਰ ਨਿਹਕਲੰਕਿਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਸੋਹੰ ਸ਼ਬਦ ਪੰਚ ਵਜਾਏ ਡੰਕਿਆ । ਸੋਹੰ ਸ਼ਬਦ ਪੰਚ ਪਰਬੋਧ । ਸ਼ਬਦ ਜਣਾਏ ਬੋਧ ਅਗਾਧ ਬੋਧ । ਮਿਲੇ ਵਡਿਆਈ ਜਗਤ ਵਧਾਈ, ਗੁਰਮੁਖ ਸਾਚਾ ਵਡ ਜੋਧਨ ਜੋਧ । ਚਤੁਰਭੁਜ ਹਰਿ ਦਰਸ ਦਿਖਾਈ, ਪੰਚਮ ਭੇਦ ਰਹੇ ਨਾ ਰਾਈ, ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਭੇਖ ਚੁਕਾਏ ਏਕਾ ਦੂਜ । ਜੀਵ ਜੰਤ ਅਧਾਰ ਦਇਆਵਾਨਿਆ । ਆਪੇ ਦੇਵੇ ਜਗਤ ਭੰਡਾਰ, ਭਰੇ ਰਹਿਣ ਸਦ ਖਜਾਨਿਆ । ਗੁਰਮੁਖ ਸਾਚੇ ਕਰ ਤਿਆਰ, ਆਤਮ ਦਰਸ ਦਰਸ ਮਹਾਨਿਆ । ਦੇਵਣਹਾਰ ਇਕ ਦਾਤਾਰ, ਗੁਰਮੁਖ ਵਿਰਲੇ ਮਾਤ ਪਛਾਨਿਆ । ਮਨਮੁਖਾਂ ਆਤਮ ਹਾਹਾਕਾਰ, ਘਰ ਹੁੰਦਾ ਜਾਏ ਵੈਰਾਨਿਆ । ਨਾ ਕੋਈ ਜਾਣੇ ਜੀਆ ਜਾਨ ਅਧਾਰ, ਜਿਸ ਦਿਤਾ ਪੀਣਾ ਖਾਣਿਆ । ਆਪਣੇ ਰੰਗ ਰਵੇ ਕਰਤਾਰ, ਸਰਬ ਸ੍ਰਿਸ਼ਟੀ ਪਾਵੇ ਸਾਰ, ਵਡ ਦਾਤਾ ਬੀਨਾ ਦਾਨਿਆ । ਗੁਰੂ ਗੁਰਮੁਖ ਸਦ ਤਿਆਰ, ਜਨ ਭਗਤ ਆਤਮ ਧਰਮ ਜੈਕਾਰ, ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਦੇਵੇ ਮਾਣ ਦੋ ਜਹਾਨਿਆ । ਭਗਤ ਪਕਵਾਨ ਦਰ ਦਰ ਪਰੋਸਿਆ । ਰਸਨਾ ਰਸ ਰਸਨ ਵਖਾਨ, ਲੇਖੇ ਲਾਏ ਅੰਨ ਦਾਨਾ ਤੋਸਨ ਤੋਸਿਆ । ਕਾਇਆ ਮਾਟੀ ਅਗਨੀ ਬਾਣ, ਵਿਚ ਵਸੇ ਜਲ ਕੋਸਨ ਕੋਸਿਆ । ਧਰਮ ਝੰਡਾ ਕਰਮ ਨਿਸ਼ਾਨ, ਪਾਰ ਕਰਾਏ ਨਿਰਗੁਣ ਨਿਰਦੋਸਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਭੰਡਾਰੇ ਰਿਹਾ ਭਰ, ਨਾ ਆਵੇ ਕਦੇ ਤੋਟ ਤੋਟਿਆ ।।

੨੬੦ ੦੫

## ★ ੧੩ ਭਾਦਰੋਂ ੨੦੧੨ ਬਿਕ੍ਰਮੀ ਊਧਮ ਸਿੰਘ ਦੇ ਗ੍ਰਿਹਿ ਪਿੰਡ ਜਲਾਲਾਬਾਦ ਜ਼ਿਲਾ ਅੰਮ੍ਰਿਤਸਰ ★



ਹਰਿ ਦਰਸ ਗੁਰਮੁਖ ਅਧਾਰ । ਗੁਰਮੁਖ ਭਗਤ ਹਰਿ ਨਾਉਂ ਰਸਨਾ ਉਚਾਰ । ਸ਼ਬਦ ਚੋਗ ਸਾਚੀ ਜੁਗਤ, ਭਗਤ ਮੁਕਤ ਅੰਤਮ ਵਾਰ । ਜੋਤੀ ਜੋਤ ਸਰੂਪ ਹਰਿ, ਜੋਤ ਬ੍ਰਹਮ ਬ੍ਰਹਮ ਜੋਤ ਏਕਾ ਧਾਰ । ਏਕਾ ਧਾਰ ਜੋਤ ਨਿਰਾਲੀਆ । ਪਵਣ ਉਡਾਰ ਸ਼ਬਦ ਸਵਾਲੀਆ । ਕਰੇ ਕਰਾਏ ਵਣਜ ਵਪਾਰ, ਦੇਵੇ ਨਾਮ ਧਨ ਧਨ ਸੱਚਾ ਧਨ ਮਾਲੀਆ । ਲੋਕਮਾਤੀ ਕਾਜ ਸਵਾਰ, ਫਲ ਲਗਾਏ ਕਾਇਆ ਡਾਲ੍ਹੀਆ । ਆਦਿ ਅੰਤ ਨਾ ਪਾਰਾਵਾਰ, ਚਲੇ ਚਾਲ ਜਗਤ ਨਿਰਾਲੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਅਕਲ ਅਕਾਲੀਆ । ਅਕਲ ਕਲਾ ਭਰਪੂਰ, ਆਪ ਅਕਾਲੀਆ । ਆਸਾ ਮਨਸਾ ਪੂਰ, ਸਦਾ ਰਖਵਾਲੀਆ । ਧਰਮ ਦਵਾਰੇ ਹਾਜ਼ਰ ਹਜ਼ੂਰ, ਰਖੇ ਚਾਲ ਅਵੱਲੜੀ ਨਿੱਤ ਨਵਿੱਤ ਨਿਰਾਲੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸੰਤ ਸੁਹੇਲਾ ਆਪੇ ਭਾਲੀਆ । ਕਰੇ ਭਾਲ ਢੂੰਡੇ ਜਗ । ਕਵਣ ਦਵਾਰੇ ਗੁਰਮੁਖ ਜੋਤੀ ਰਹੀ ਜਗ । ਆਪੇ ਖੋਲ੍ਹੇ ਬੰਦ ਕਵਾੜੀ, ਜਗਤ ਤ੍ਰਿਸ਼ਨਾ ਬੁੱਝੇ ਅੱਗ । ਦਰ ਘਰ ਸਾਚੇ ਸਾਚੇ ਲਾੜੇ, ਸ਼ਬਦ ਸਰੂਪੀ ਹੱਥੀਂ ਤਗ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵੇ ਦਰਸ ਦਾਤਾ ਸੂਰਾ ਸਰਬਗ । ਵਡ ਸੂਰਾ ਸਰਬਗ, ਚਤੁਰ ਸੁਜਾਨਿਆ । ਉਪਰ ਵਸੇ ਸ਼ਾਹ ਰਗ, ਵੇਖੇ ਖੇਲ ਬ੍ਰਹਿਮੰਡ ਮਹਾਨਿਆ । ਕਲਜੁਗ ਵਾ ਰਹੀ ਵੱਗ, ਜੀਓ ਪਿੰਡ ਭੁੰਨੇ ਭਠਿਆਲੇ ਦਾਣਿਆ । ਗੁਰਮੁਖ ਸਾਚਾ ਸੰਤ ਸੁਹੇਲਾ ਚਰਨ ਸਰਨ ਜਨ ਕਲ ਜਾਏ ਲੱਗ, ਚਲੇ ਚਲਾਏ ਆਪਣੇ ਭਾਣਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵੇ ਮਾਣ ਜਗਤ ਨਿਧਾਨਿਆ । ਕਲਜੁਗ ਕਲ ਨਿਧਾਨ ਵੇਖ ਵਿਚਾਰਿਆ । ਨਾ ਕੋਈ ਤੋੜੇ ਜਗਤ ਜੰਜਾਲ, ਚਾਰ ਦਿਵਾਰੀ ਦਿਸੇ ਪਾਸਾ ਹਾਰਿਆ । ਏਕਾ ਵਸਤ ਨਾਮ ਧਨ ਮਾਲ, ਸਦਾ ਸ਼ਾਹ ਨਾ ਹੋਏ ਕੰਗਾਲ, ਮੰਗੇ ਵਰ ਨਾ ਦੂਜੀ ਵਾਰਿਆ । ਲਗੇ ਫਲ ਕਾਇਆ ਡਾਲ੍ਹ, ਸੋਹੰ ਅੰਮ੍ਰਿਤ ਸਾਚਾ ਤਾਲ, ਅੰਮ੍ਰਿਤ ਧਾਰਾ ਇਕ ਵਹਾ ਰਿਹਾ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਆਵੇ ਜਾਵੇ ਪਾਵੇ ਸਾਰਿਆ । ਪਾਵੇ ਸਾਰ ਸੁਰਤ ਸੰਭਾਲ, ਸਰਬ ਕਲਾ ਕਲਵੰਤਿਆ । ਲਾਲ ਅਨਮੁਲੜੇ ਲਏ ਭਾਲ, ਸ਼ਬਦ ਸਰੂਪੀ ਬਣ ਦਲਾਲ, ਕਰੇ ਖੇਲ ਭਗਵੰਤਿਆ । ਏਕਾ ਮਾਰੇ ਕਰਮ ਉਛਾਲ, ਸ਼ਬਦ ਗੋਦੀ ਲਏ ਉਠਾਲ, ਸ਼ਬਦ ਪਹਿਨਾਈ ਤਨ ਸਾਚੀ ਮਾਲ, ਹਰਿਜਨ ਆਤਮ ਆਪੇ ਮੰਨਿਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਭਾਂਡਾ ਭਰਮ ਭਰਮ ਭਾਂਡਾ ਆਪੇ ਘੜਿਆ ਆਪੇ ਭੰਨਿਆ । ਘੜਨ ਭੰਨਣਹਾਰ ਹਰਿ ਸਮਰਥਿਆ । ਉਤਰਨ ਚੜ੍ਹਨ ਪਾਰ ਕਿਨਾਰ, ਵੇਖ ਵਖਾਣੇ ਸਾਢੇ ਤਿੰਨ ਤਿੰਨ ਹੱਥਿਆ । ਕਲਜੁਗ ਮਾਇਆ ਸੜਨ ਜੀਵ ਗਵਾਰ, ਕਲਜੁਗ ਕਾਮੀ ਪਾਈ ਨਥਿਆ । ਭਰੇ ਸੁਖ ਸਰਬ ਸੰਸਾਰ, ਝੂਠੀ ਮਥਨ ਮਥਿਆ । ਗੁਰਮੁਖ ਵਿਰਲਾ ਪੈਜ ਸਵਾਰ, ਮੰਗੇ ਮੰਗ ਚਰਨ ਦਵਾਰ, ਸ਼ਬਦ ਚਾੜ੍ਹੇ ਸਾਚੇ ਰਥਿਆ । ਦਰ ਸਵਾਲੀ ਬਣ ਭਿਖਾਰ, ਬਣੇ ਪਾਲੀ ਹਰਿ ਦਾਤਾਰ, ਕਰੇ ਰਖਵਾਲੀ ਪਹਿਰੇਦਾਰ, ਕਥਨਾ ਕਥ ਕਿਸੇ ਨਾ ਕਥਿਆ । ਏਥੇ ਓਥੇ ਚੋਬਦਾਰ, ਜੁਗਾ ਜੁਗੰਤਰ ਬੰਨ੍ਹੇ ਧਾਰ, ਤਨ ਬਸੰਤਰ ਹੋਵੇ ਸਾਰ, ਦੇਵੇ ਦਰਸ ਅਗੰਮ ਅਪਾਰ, ਸਗਲ ਵਸੂਰਾ ਤਨ ਮਨ ਮਥਿਆ । ਜੋਤੀ ਨੂਰ ਕਰ ਅਕਾਰ, ਸ਼ਬਦ ਕਰਾਏ ਜੈ ਜੈਕਾਰ, ਏਕਾ ਓਟ ਨਰ ਨਿਰੰਕਾਰ, ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਲੱਖ ਚੁਰਾਸੀ ਆਪ ਕਰਾਏ ਸਥਰ ਸਥਿਆ । ਗੁਰਸਿਖ ਗੁਰਮੁਖ

੨੬੯ ੦੫

ਮਾਤ ਗੁਰ ਵਡਿਆਈਆ । ਗੁਰ ਮੇਲਾ ਕਮਲਾਪਾਤ, ਗੁਰਮੁਖ ਵੱਜੇ ਮਨ ਵਧਾਈਆ । ਗੁਰਮੁਖ ਮੇਲਾ ਆਦਿ ਜੁਗਾਦਿ ਗੁਰਸਿਖ ਸਾਚੇ ਰਿਹਾ ਜਗਾਈਆ । ਗੁਰਸਿਖ ਸਾਚੇ ਲਗਾ ਭਾਗ, ਗੁਰ ਸਤਿਗੁਰ ਦਰਸ਼ਨ ਪਾਈਆ । ਸਤਿਗੁਰ ਸਾਚਾ ਕੰਤ ਸੁਹਾਗ, ਗੁਰਮੁਖ ਸਾਚੀ ਨਾਰ ਸੁਹਾਈਆ । ਗੁਰਮੁਖ ਸੁਣਾਏ ਸਾਚਾ ਰਾਗ, ਗੁਰਮੁਖ ਤ੍ਰੈਭਵਣ ਬੂਝ ਬੁਝਾਈਆ । ਗੁਰਮੁਖ ਆਤਮ ਹੋਏ ਵੈਰਾਗ, ਗੁਰ ਮੰਤਰ ਜਾਪ ਜਪਾਈਆ । ਗੁਰ ਮੰਤਰ ਮਾਰੇ ਤੀਨੋ ਤਾਪ, ਗੁਰਮੁਖਾਂ ਠੰਡ ਵਰਤਾਈਆ । ਠੰਡੀ ਧਾਰਾ ਵਡ ਪਰਤਾਪ, ਗੁਰਮੁਖਾਂ ਸੰਗ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਏਕਾ ਧਾਮ ਆਪਣਾ ਆਪ ਸੁਹਾਈਆ । ਗੁਰ ਸ਼ਬਦ ਵੈਰਾਗ ਜਨ ਵੈਰਾਗਿਆ । ਗੁਰਮੁਖ ਆਤਮ ਬੁੱਝੇ ਤ੍ਰਿਸ਼ਨਾ ਆਗ, ਸਰਨ ਸਰਨਾਈ ਸਾਚੀ ਲਾਗਿਆ । ਗੁਰਮੁਖ ਪਕੜੇ ਤੇਰੀ ਵਾਗ, ਸ਼ਬਦ ਸਰੂਪੀ ਆਏ ਭਾਗਿਆ । ਗੁਰ ਗੁਰਮੁਖ ਏਕਾ ਸੁਣੇ ਸੁਣਾਏ ਰਾਗ, ਗੁਰਮੁਖ ਧੋਏ ਕਾਇਆ ਦਾਗਿਆ । ਗੁਰਮੁਖ ਆਤਮ ਜੋਤੀ ਜਗੇ ਚਿਰਾਗ, ਗੁਰ ਪੂਰਾ ਧੋਵੇ ਦਾਗਿਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਆਪੇ ਸੋਇਆ ਆਪੇ ਜਾਗਿਆ । ਗੁਰ ਰੰਗ ਉਮੰਗ ਗੁਰਸਿਖ ਰੰਗਿਆ । ਗੁਰਸਿਖ ਸ਼ਬਦ ਡੋਰ ਪਤੰਗ, ਚੜ੍ਹੇ ਅਕਾਸ਼ ਮਾਤ ਨਾ ਸੰਗਿਆ । ਗੁਰਮੁਖਾਂ ਕਟੇ ਭੁੱਖ ਨੰਗ, ਗੁਰ ਦਰਬਾਰ ਏਕਾ ਮੰਗਿਆ । ਗੁਰਮੁਖ ਜਨਮ ਨਾ ਹੋਏ ਭੰਗ, ਆਤਮ ਧਾਰ ਵਹੇ ਗੰਗਿਆ । ਜੋਤੀ ਜੋਤ ਸਰੂਪ ਹਰਿ, ਗੁਰਸਿਖ ਗੁਰਸਿਖ ਮੇਲ ਦਰ, ਵਜਾਏ ਨਾਮ ਸ਼ਬਦ ਮਰਦੰਗਿਆ । ਗੁਰ ਪੂਰਾ ਕਲਜੁਗ ਘਾਟ ਵਡ ਚੜ੍ਹਾਈਆ । ਗੁਰਮੁਖ ਨਹਾਵੇ ਤੀਰਥ ਤਾਟ, ਤਨ ਮਨ ਮੈਲ ਰਿਹਾ ਗਵਾਈਆ । ਗੁਰਸਿਖ ਸ਼ਬਦ ਜਣਾਏ ਸਾਚਾ ਪਾਠ, ਦੂਸਰ ਚੀਜ ਨਾ ਕੋਈ ਵਖਾਈਆ । ਗੁਰ ਮੰਤਰ ਖੋਲ੍ਹੇ ਸਾਚਾ ਹਾਟ, ਏਕਾ ਸ਼ਬਦ ਹਰਿ ਉਪਜਾਈਆ । ਪਰਗਟ ਕਰੇ ਕਾਇਆ ਮਾਟ, ਗੁਰਮੁਖ ਵਣਜਾਰਾ ਕਰੇ ਵਪਾਰਾ, ਲੋਕਮਾਤੀ ਰਾਹ ਜਣਾਈਆ । ਗੁਰਮੁਖ ਸਾਚੇ ਦਏ ਅਧਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗਤ ਮਲਾਹ ਆਪ ਅਖਵਾਈਆ । ਗੁਰ ਸ਼ਬਦ ਕਲ ਮੂਲ, ਗੁਰਸਿਖ ਪਰਵਾਨਿਆ । ਗੁਰਮੁਖ ਮਾਤ ਨਾ ਜਾਏ ਭੂਲ, ਅੱਠੇ ਪਹਿਰ ਸ਼ਬਦ ਮਸਤਾਨਿਆ । ਗੁਰ ਸ਼ਬਦ ਪੰਘੂੜਾ ਰਿਹਾ ਝੂਲ, ਬੈਠੇ ਗੁਰਸਿਖ ਚਤੁਰ ਸੁਜਾਨਿਆ । ਮਾਤਲੋਕ ਜਨ ਸਾਚੇ ਫੂਲ, ਦੇਵੇ ਮਾਣ ਸ੍ਰੀ ਭਗਵਾਨਿਆ । ਮਿਲੇ ਮੇਲ ਕੰਤ ਕੰਤੂਹਲ, ਟੁੱਟੇ ਗੇੜਾ ਆਵਣ ਜਾਨਿਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਦੇਵੇ ਨਾਮ ਨਿਧਾਨ ਗੁਣਵੰਤ ਗੁਣ ਨਿਧਾਨਿਆ । ਗੁਰਮੁਖ ਸਾਚੀ ਰੀਤ ਆਪ ਚਲਾਈਆ । ਗੁਰਮੁਖ ਬੰਨ੍ਹੇ ਚਰਨ ਪ੍ਰੀਤ, ਸਾਜਣ ਸਾਚਾ ਰਿਹਾ ਸੁਣਾਈਆ । ਗੁਰ ਪੂਰਾ ਸਦ ਰਾਖੇ ਚੀਤ, ਵਿਛੜ ਕਦੇ ਨਾ ਜਾਈਆ । ਗੁਰਮੁਖ ਕਾਇਆ ਵਸੇਰਾ ਮੰਦਰ ਮਸੀਤ, ਸ਼ਿਵਦਵਾਲਾ ਨਾਮ ਜਣਾਈਆ । ਗੁਰਮੁਖ ਕਾਇਆ ਰਹੇ ਸੀਤ, ਹਰਿ ਮੰਦਰ ਇਕ ਰਘੁਰਾਈਆ । ਗੁਰ ਪੂਰਾ ਜਨ ਰਾਖੇ ਚੀਤ, ਚਰਨ ਕਵਲ ਕਵਲ ਚਰਨ ਏਕਾ ਦਰ ਸੱਚੀ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਆਪ ਆਪਣੀ ਬੂਝ ਬੁਝਾਈਆ । ਗੁਰਸਿਖ ਬੂਝੇ ਕਰ ਵਿਚਾਰ । ਭਉ ਚੁੱਕੇ ਏਕਾ ਦੂਜੇ, ਗੁਰਮੁਖ ਦੇਵੇ ਨਾਮ ਅਧਾਰ । ਗੁਰਦਵਾਰਾ ਏਕਾ ਸੂਝੇ, ਪਾਰਬ੍ਰਹਮ ਪ੍ਰਭ ਪਾਏ ਸਾਰ । ਚਰਨ ਪ੍ਰੀਤੀ ਹਰਿਜਨ ਝੂਜੇ, ਲੱਖ ਚੁਰਾਸੀ ਉਤਰੇ ਪਾਰ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਕਰੇ ਖੇਲ ਅਪਰ ਅਪਾਰ । ਗੁਰਸਿੱਖੀ ਗੁਣੀ ਨਿਧਾਨ, ਸ਼ਬਦ ਗੁਣ ਜਾਣਿਆ । ਗੁਰਮੁਖ ਹੋਏ ਦਰ ਪਰਵਾਨ, ਚਲੇ ਚਲਾਏ ਆਪਣੇ ਭਾਣਿਆ । ਗੁਰ ਪੂਰਾ ਸਦ ਮਿਹਰਵਾਨ, ਦੇਵੇ

ਨਾਮ ਸਾਚਾ ਦਾਨਿਆ । ਗੁਰਸਿਖ ਸਾਚੇ ਸਾਚੀ ਆਣ, ਪਾਏ ਵਾਲੀ ਦੋ ਜਹਾਨਿਆ । ਗੁਰਮੁਖ ਦੇਵੇ ਸਾਚਾ ਦਾਨ, ਸ਼ਬਦ ਉਡਾਨ ਬਿਬਾਨਿਆ । ਗੁਰ ਪੂਰਾ ਕਰ ਧਿਆਨ, ਆਤਮ ਭਰੇ ਨਾਮ ਖਜਾਨਿਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਦੇਵੇ ਵਡਿਆਈ ਵਿਚ ਜਹਾਨਿਆ । ਜਨ ਰਾਖੇ ਹਰਿ ਦੀਨ ਦਿਆਲ । ਤਨ ਭਾਖੇ ਦਰ ਸੁਰਤ ਸੰਭਾਲ । ਲਿਖੇ ਲੇਖ ਮਸਤਕ ਮਾਥ, ਜੋਤ ਸਰੂਪੀ ਬੇਮਿਸਾਲ । ਸ਼ਬਦ ਚੜ੍ਹਾਏ ਸਾਚੇ ਰਾਥੇ, ਇਕ ਚਲਾਏ ਅਵੱਲੜੀ ਚਾਲ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਫਲ ਲਗਾਏ ਕਾਇਆ ਡਾਲ੍ਹ ।

★ ੧੩ ਭਾਦਰੋਂ ੨੦੧੨ ਬਿਕ੍ਰਮੀ ਸੋਹਣ ਸਿੰਘ ਦੇ ਗ੍ਰਿਹ ਪਿੰਡ ਰਾਮਪੁਰ ਜ਼ਿਲਾ ਅੰਮ੍ਰਿਤਸਰ ★

ਸਤਿ ਪੁਰਖ ਨਿਰੰਜਣ ਏਕ, ਸਰਬ ਸੁਖਦਾਇਆ । ਸਰਬ ਘਟਾ ਘਟ ਰਿਹਾ ਵੇਖ, ਦਿਸ ਕਿਸੇ ਨਾ ਆਇਆ । ਸ੍ਰਿਸ਼ਟ ਸਬਾਈ ਲਿਖੇ ਲੇਖ, ਲੇਖ ਲੇਖਾ ਨਾ ਕਿਸੇ ਜਣਾਇਆ । ਜੋਤੀ ਧਰ ਧਰ ਜਾਮਾ ਭੇਖ, ਲੋਕਮਾਤੀ ਫੇਰਾ ਪਾਇਆ । ਨਾ ਕੋਈ ਜਾਣੇ ਨਰ ਨਰੇਸ਼, ਸ਼ਿਵ ਗਣੇਸ਼ ਸਾਰ ਨਾ ਰਾਇਆ । ਬ੍ਰਹਮ ਵਿਸ਼ਨ ਦਰ ਦਰਵੇਸ਼, ਖੁਲ੍ਹੜੇ ਕੇਸ ਹੋਏ ਹਲਕਾਇਆ । ਕਰੋੜ ਤੇਤੀਸਾ ਰਿਹਾ ਵੇਖ, ਕਰੇ ਖੇਲ ਹਰਿ ਰਘੁਰਾਇਆ । ਜੋਤੀ ਜੋਤ ਸਰੂਪ ਹਰਿ, ਜੋਤ ਨਿਰੰਜਣ ਵੇਸ ਕਰ, ਆਪ ਆਪਣੇ ਰੰਗ ਸਮਾਇਆ । ਆਦਿ ਪੁਰਖ ਅਨਾਦ ਜੁਗਾ ਜੁਗੰਤਰਾ । ਕਰੇ ਖੇਲ ਵਿਚ ਬ੍ਰਹਿਮਾਦ, ਸਭ ਘਟ ਜਾਣੇ ਅੰਤਰਾ । ਸ੍ਰਿਸ਼ਟ ਸਬਾਈ ਮਾਧਵ ਮਾਧ, ਕਲਜੁਗ ਲਾਏ ਇਕ ਬਸੰਤਰਾ । ਹਰਿ ਭਗਤਨ ਦੇਵੇ ਸਾਚੀ ਦਾਤ, ਅਜਪਾ ਜਾਪ ਸੋਹੰ ਗੁਰ ਮੰਤਰਾ । ਸੰਤ ਸੁਹੇਲੇ ਸਾਚੇ ਲਾਧ, ਆਪ ਬਣਾਏ ਸਾਚੀ ਬਣਤਰਾ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਵੇਖੇ ਖੇਲ ਇਕ ਇਕੰਤਰਾ । ਗੁਣਵੰਤ ਗੁਣ ਨਿਧਾਨ ਨਰ ਨਿਰੰਕਾਰਿਆ । ਲੱਖ ਚੁਰਾਸੀ ਕਰੇ ਪਛਾਣ, ਕਲਜੁਗ ਤੇਰੀ ਅੰਤਮ ਵਾਰਿਆ । ਗਿਆਨੀ ਧਿਆਨੀ ਹੋਏ ਹੈਰਾਨ, ਪੰਡਤ ਪਾਂਧੇ ਵਿਚ ਜਹਾਨ, ਮੁੱਲਾਂ ਕਾਜ਼ੀ ਸ਼ੇਖ਼ ਨਾਦਾਨ, ਹਰਿ ਹਰਿ ਵਸੇ ਭੇਵ ਨਿਆਰਿਆ । ਪੜ੍ਹ ਪੜ੍ਹ ਥੱਕੇ ਵੇਦ ਪੁਰਾਨ, ਰਸਨਾ ਗਾਇਣ ਅੰਜੀਲ ਕੁਰਾਨ, ਖਾਣੀ ਬਾਣੀ ਹੋਏ ਹੈਰਾਨਿਆ । ਪਰਗਟ ਹੋਏ ਹਰਿ ਬਲਵਾਨ, ਜੋਤੀ ਜਾਮਾ ਖੇਲ ਮਹਾਨ, ਸ਼ਬਦ ਰਖੇ ਤੀਰ ਕਮਾਨ, ਚਿੱਲ੍ਹਾ ਚਾੜ੍ਹੇ ਦੋ ਜਹਾਨਿਆ । ਵੇਖ ਵਖਾਣੇ ਸ਼ਾਹ ਸੁਲਤਾਨ ਰਾਜ ਰਾਜਾਨ ਜੀਵ ਅੰਞਾਣ ਬੇਈਮਾਨ ਭਰਮ ਸ਼ੈਤਾਨ, ਚਲੇ ਚਲਾਏ ਆਪਣੇ ਭਾਣਿਆ । ਜੋਧਾ ਸੂਰਾ ਨੌਜਵਾਨ ਸਰਬ ਕਲਾ ਕਲ ਆਪੇ ਪੂਰਾ, ਭਗਤ ਜਨਾਂ ਕਲ ਕਰੇ ਪਛਾਨ । ਦੇਵੇ ਸ਼ਬਦ ਨਾਮ ਤਨ ਸਾਚੀ ਤੂਰਾ, ਇਕ ਬਿਠਾਏ ਸ਼ਬਦ ਬਿਬਾਣ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਕਲਜੁਗ ਰੇਖ ਵੇਖ ਹਰਿ, ਆਪੇ ਜਾਣੇ ਆਪਣੀ ਆਣ । ਏਕਾ ਏਕ ਏਕ ਅਸਬੁਲਿਆ । ਸ੍ਰਿਸ਼ਟ ਸਬਾਈ ਸਾਚੀ ਟੇਕ, ਮਨਮੁਖਾਂ ਆਤਮ ਭੁਲਿਆ । ਗੁਰਮੁਖਾਂ ਕਰੇ ਬੁਧ ਬਿਬੇਕ, ਅੰਦਰੇ ਅੰਦਰ ਰਿਹਾ ਵੇਖ, ਸ਼ਬਦ ਸਰੂਪੀ ਲਿਖੇ ਲੇਖ, ਸਾਚਾ ਕੰਤ ਹਰਿ ਕੰਤੂਹਲਿਆ । ਸਾਚਾ ਮਸਤਕ ਏਕਾ ਰੇਖ, ਲੱਖ ਚੁਰਾਸੀ ਭਰਮ ਭੁਲੇਖਿਆ, ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਕਲਜੁਗ ਰੇਖ ਵੇਖ ਹਰਿ, ਏਕਾ ਏਕ ਦਵਾਰ ਹਰਿ ਨਿਰੰਕਾਰਿਆ । ਦੂਜੀ ਸ਼ਬਦ ਰਖੇ ਟੇਕ ਸਰਬ ਸੰਸਾਰਿਆ । ਪਵਣ ਸਵਾਸ ਘਟ ਘਟ ਵਾਸ, ਸ਼ਾਹੋ ਸ਼ਾਬਾਸ ਤਨ ਨਾ ਲਾਏ ਸੇਕ, ਸ਼ਬਦ ਘੋੜੇ ਹੋ ਅਸਵਾਰਿਆ । ਚੌਥੇ ਦਰ ਸਾਚੀ ਰੇਖ, ਸੰਤ ਸੁਹੇਲੇ ਰਹੇ ਵੇਖ,

ਲੋਇਣ ਤੀਜੇ ਨੇਤਰ ਵੇਖ, ਬੰਦ ਕੁਆੜੀ ਕਵਣ ਖੁਲ੍ਹਾ ਰਿਹਾ । ਕਵਣ ਜੋਤੀ ਜਾਮਾ ਧਾਰੀ ਭੇਖ, ਕਵਣ ਰਾਮਾ ਸਦ ਵਸੇਖ, ਕਵਣ ਕਾਮਾ ਏਕੰਕਾਰਿਆ । ਜੋਤੀ ਜੋਤ ਸਰੂਪ ਹਰਿ, ਕਲਜੁਗ ਅੰਤਮ ਵੇਖ ਹਰਿ, ਕਰੇ ਖੇਲ ਅਪਰ ਅਪਾਰਿਆ । ਕਲਜੁਗ ਕਾਲਾ ਰੰਗ ਕਾਲ ਵਟਾਇਆ । ਨਾ ਕੋਈ ਦੀਸੇ ਸਾਚਾ ਸੰਗ, ਲੱਖ ਚੁਰਾਸੀ ਭਰਮ ਭੁਲਾਇਆ । ਮਾਇਆ ਰਾਣੀ ਕੀਨੇ ਨੰਗ, ਆਤਮ ਹੋਏ ਸਰਬ ਹਲਕਾਇਆ । ਮਨਮੁਖਾਂ ਮਾਨਸ ਦੇਹੀ ਹੋਈ ਭੰਗ, ਨਰ ਹਰਿ ਹਰਿ ਨਰ ਨਾ ਰਸਨਾ ਗਾਇਆ । ਝੂਠੇ ਵਹਿਣ ਵਹੇ ਗੰਗ, ਅੰਮ੍ਰਿਤ ਧਾਰ ਨਾ ਕੋਈ ਵਹਾਇਆ । ਪੰਜਾਂ ਚੋਰਾਂ ਅੱਠੇ ਪਹਿਰ ਰਹੇ ਜੰਗ, ਹੋਏ ਵਿਚੋਲਾ ਨਾ ਕਿਸੇ ਛੁਡਾਇਆ । ਮਦਿਰਾ ਮਾਸ ਲਾਇਆ ਗੰਦ, ਬੱਤੀ ਦੰਦ ਧਾਰ ਵਹਾਇਆ । ਗੁਰਮੁਖ ਵਿਰਲਾ ਚੜ੍ਹਿਆ ਸਾਚਾ ਚੰਦ, ਮਿਲਿਆ ਮੇਲ ਪੁਰਖ ਅਬਿਨਾਸ਼ੀ ਲੱਖ ਚੁਰਾਸੀ ਕਟੇ ਫੰਦ, ਧਰਮ ਰਾਏ ਨੇੜ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਕਲਜੁਗ ਰੇਖ ਵੇਖ ਹਰਿ, ਆਪ ਆਪਣੇ ਵਿਚ ਸਮਾਇਆ । ਆਪ ਉਪਾਏ ਆਪ ਆਪ ਉਪਾਇਆ । ਆਪੇ ਜਾਣਾ ਆਪਣਾ ਜਾਪ, ਭੇਵ ਕਿਸੇ ਨਾ ਆਇਆ । ਪਵਣੀ ਸ਼ਬਦੀ ਵਡ ਪਰਤਾਪ, ਜੋਤੀ ਜਾਮਾ ਭੇਖ ਵਟਾਇਆ । ਨਾ ਕੋਈ ਜਾਣੇ ਸਤਿ ਪੁਰਖ ਨਿਰੰਜਣ, ਕਵਣ ਦਵਾਰੇ ਵੇਖ ਪੁੰਨ ਪਾਪ, ਤੀਨੋ ਤਾਪ ਜਗਤ ਹਲਕਾਇਆ । ਸ੍ਰਿਸ਼ਟ ਸਬਾਈ ਮਾਈ ਬਾਪ, ਪਿਤਾ ਪੂਤ ਏਕਾ ਧਾਗਾ ਏਕਾ ਸੂਤ, ਕਵਣ ਕੂਟ ਰਿਹਾ ਝੂਟ, ਕਵਣ ਦਿਸ਼ਾ ਪਾਏ ਹਿਸਾ, ਦਹਿ ਦਿਸ਼ਾ ਸ਼ਬਦ ਸਰੂਪੀ ਡੇਰਾ ਲਾਇਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਕਲਜੁਗ ਅੰਤਮ ਵੇਖ ਹਰਿ, ਕਾਲੀ ਧਾਰ ਰਿਹਾ ਵਹਾਇਆ । ਕਲਜੁਗ ਕਾਲੀ ਧਾਰ ਵਿਚ ਸੰਸਾਰਿਆ । ਜੀਵ ਜੰਤ ਹੋਣੇ ਖੁਆਰ, ਆਤਮ ਭਰੇ ਸਰਬ ਹੰਕਾਰਿਆ । ਨਾ ਕੋਈ ਜਾਣੇ ਮੀਤ ਮੁਰਾਰ, ਏਕਾ ਭੁਲਿਆ ਦਰ ਦਵਾਰਿਆ । ਚਾਰੋਂ ਕੁੰਟ ਚਾਰ ਦਿਵਾਰ ਮਨਮੁਖ ਰੋਂਦੇ ਧਾਹਾਂ ਮਾਰ, ਬੰਦ ਕਿਵਾੜੀ ਤਨ ਮੰਦਰ ਵਾੜੀ ਸਾਚਾ ਆਪ ਸੁਹਾ ਰਿਹਾ । ਲੱਗੀ ਅੱਗ ਬਹੱਤਰ ਨਾੜੀ, ਜੋਤੀ ਜੋਤ ਸਰੂਪ ਹਰਿ, ਏਕਾ ਜੋਤੀ ਅਗਨੀ ਆਹੂਤੀ ਆਪਣੀ ਆਪ ਕਰਾ ਰਿਹਾ । ਰਸਨਾ ਸ਼ਬਦ ਲੈਣਾ ਬੋਲ । ਆਤਮ ਪੜਦਾ ਲੈਣਾ ਖੋਲ੍ਹ । ਕਵਣ ਦਵਾਰੇ ਧੁਨੀ ਨਾਦ ਅਨਾਹਦ ਵੱਜੇ ਸਾਚਾ ਢੋਲ । ਕਵਣ ਜਣਾਏ ਅਗਾਧ ਬੋਧ, ਸ਼ਬਦ ਸਰੂਪੀ ਵਸੇ ਕੋਲ । ਕਵਣ ਦਵਾਰੇ ਮਿਲੇ ਹਰਿ ਸੂਰਾ ਦਾਤਾ ਜੋਧਨ ਜੋਧ, ਅਠੇ ਪਹਿਰ ਕਰੇ ਚੋਲ੍ਹ । ਜੋਤੀ ਜੋਤ ਸਰੂਪ ਹਰਿ, ਏਕਾ ਪੁਛੇ ਸਾਚੇ ਘਰ, ਕਵਣ ਦਸਤ ਗੁਰਸਿਖ ਤੇਰੇ ਕੋਲ । ਗੁਰਸਿਖ ਉਠ ਕਰ ਧਿਆਨ । ਆਤਮ ਦਰ ਵੇਖ ਵਿਚਾਰ, ਰਸਨਾ ਮੁਖ ਕਰ ਬਿਆਨ । ਅਜਪਾ ਜਾਪ ਕਿਹੜਾ ਸੁਖ, ਦੇਵੇ ਸਾਚਾ ਬ੍ਰਹਮ ਗਿਆਨ । ਮਾਤ ਗਰਭ ਨਾ ਹੋਏ ਉਲਟਾ ਰੁਖ਼, ਲੱਖ ਚੁਰਾਸੀ ਫੰਦ ਕਟਾਨ । ਉਜਲ ਹੋਏ ਮਾਤ ਕੁੱਖ, ਮਿਲੇ ਮੇਲ ਨਰ ਹਰਿ ਸ੍ਰੀ ਭਗਵਾਨ । ਗੁਰਮੁਖ ਸਾਚੇ ਸੰਤ ਸੁਹੇਲੇ, ਅੰਦਰੇ ਅੰਦਰ ਸਾਚੇ ਮੇਲੇ, ਆਤਮ ਜੋਤੀ ਸ਼ਬਦ ਧਿਆਨ । ਕਵਣ ਦਵਾਰ ਸ਼ਬਦ ਸੁਣਾਈਆ । ਕਵਣ ਦਵਾਰ ਮੇਲ ਰਘੁਰਾਈਆ । ਕਵਣ ਦਵਾਰ ਢੋਲ ਮਰਦੰਗ ਰਿਹਾ ਵਜਾਈਆ । ਕਵਣ ਦਵਾਰ ਕਰ ਪਿਆਰ, ਸਿੰਙੀ ਨਾਦ ਹਰਿ ਰਿਹਾ ਸੁਣਾਈਆ । ਕਵਣ ਦਵਾਰੇ ਦੇਵੇ ਅੰਮ੍ਰਿਤ ਧਾਰਾ, ਮੇਘ ਰਿਹਾ ਬਰਸਾਈਆ । ਕਵਣ ਦਵਾਰੇ ਜੋਤ ਅਕਾਰ, ਆਤਮ ਦੀਪਕ ਰਿਹਾ ਜਗਾਈਆ । ਕਵਣ ਦਵਾਰੇ ਕੰਤ ਭਤਾਰ, ਆਤਮ ਸੇਜਾ ਰਿਹਾ ਵਿਛਾਈਆ । ਫੂਲਨ ਸੇਜਾ ਕਰ ਤਿਆਰ, ਗੁਰਮੁਖ ਸਾਚੇ ਰਿਹਾ ਬਹਾਈਆ । ਗੁਰਮੁਖ ਸਾਚੇ ਖੋਲ੍ਹ ਕੁਆੜ, ਤੱਤੀ ਵਾ ਨੇੜ ਨਾ ਆਈਆ । ਪਰ੍ਹੇ ਹਟਾਏ ਪੰਚਮ ਧਾੜ, ਬਹੱਤਰ ਨਾੜ ਹੋਏ ਰੁਸ਼ਨਾਈਆ ।

ਆਪੇ ਫਿਰੇ ਪਿਛੇ ਅਗਾੜ, ਪਹਿਰੇਦਾਰ ਹਰਿ ਅਖਵਾਈਆ । ਸ਼ਬਦ ਘੋੜੇ ਪ੍ਰਭ ਸਾਚਾ ਚਾੜ੍ਹ, ਵਾਗ ਆਪਣੇ ਹੱਥ ਰਖਾਈਆ । ਸਾਚੇ ਘੋੜੇ ਕਰ ਅਸਵਾਰ, ਗੁਰਮੁਖ ਸਾਚੇ ਕਿਹੜੀ ਕੂਟੇ ਹਰਿ ਲੈ ਜਾਈਆ । ਪਵਣ ਉਡੇ ਇਕ ਉਡਾਰ, ਸ਼ਬਦ ਵਸੇ ਸਾਚੀ ਧਾਰ, ਜੋਤੀ ਨੂਰ ਇਕ ਉਜਿਆਰ, ਸਿਧਾ ਰਾਹ ਕਵਣ ਵਖਾਈਆ । ਦਸਮ ਦਵਾਰੀ ਭੇਵ ਅਪਾਰ, ਸਾਚੇ ਘਰ ਕਰ ਪਿਆਰ, ਸਾਚੀ ਨਾਰੀ ਕੰਤ ਭਤਾਰ, ਕਵਣ ਸੇਜਾ ਆਪ ਹੰਢਾਈਆ । ਜੋਤੀ ਜੋਤ ਸਰੂਪ ਹਰਿ, ਏਕਾ ਪੁਛੇ ਸਚ ਘਰ, ਕਵਣ ਦਵਾਰੇ ਹਰਿ ਨਿਰੰਕਾਰੇ, ਮਿਲੇ ਮੇਲ ਸੱਚੀ ਸਰਕਾਰੇ, ਆਵਣ ਜਾਵਣ ਪਤਤ ਪਾਵਨ, ਆਪ ਫੜਾਏ ਆਪਣਾ ਦਾਮਨ, ਦਿਸ ਕਿਸੇ ਨਾ ਆਈਆ । ਰਸਨਾ ਕੁੰਡਾ ਦੇਣਾ ਖੋਲ੍ਹ । ਪੰਚਮ ਸ਼ਬਦ ਸਾਚਾ ਬੋਲ । ਪੰਜਾਂ ਤੱਤਾਂ ਤੱਤ ਵਿਰੋਲ । ਚੇਤਨ ਸੜ੍ਹਾ ਵਸੇ ਕੋਲ । ਬੁਧ ਮਤ ਦੇ ਸਮਝਾਵੇ ਮਤਾ । ਮਨ ਪੰਖੇਰੂ ਕਰੇ ਚੋਲ੍ਹ । ਬਹੱਤਰ ਨਾੜੀ ਉਬਲੇ ਰਤਾ, ਨਾਮ ਮਰਦੰਗਾ ਵਜੇ ਢੋਲ । ਜੋਤੀ ਜੋਤ ਸਰੂਪ ਹਰਿ, ਏਕਾ ਪੁੱਛੇ ਸਚ ਘਰ, ਕਵਣ ਦਵਾਰੇ ਤੁਲੇ ਸਾਚਾ ਤੋਲ । ਆਤਮ ਜੋਤੀ ਸ਼ਬਦ ਗਿਆਨ । ਗੁਰਮੁਖ ਸਾਚੇ ਨੌਜਵਾਨ । ਕਾਇਆ ਮਾਟੀ ਭਾਂਡੇ ਕਾਚੇ, ਅੰਦਰ ਮੰਦਰ ਖੇਲ ਮਹਾਨ । ਜੋਤ ਨਿਰੰਜਣ ਸਾਚੋ ਸਾਚੇ, ਕੌਸਤਕ ਮਨੀਆਂ ਤਿਲਕ ਲਗਾਨ । ਪੰਚਮ ਦੂਤ ਦਰ ਝੂਠੇ ਨਾਚੇ, ਅਠੇ ਪਹਿਰ ਬੇਈਮਾਨ । ਗੁਰਮੁਖ ਵਿਰਲਾ ਹਰਿ ਹਿਰਦੇ ਆਤਮ ਵਾਚੇ, ਮਿਲੇ ਨਾਮ ਪਦ ਨਿਰ ਨਿਰਬਾਣ । ਜੋਤੀ ਜੋਤ ਸਰੂਪ ਹਰਿ, ਏਕਾ ਪੁਛੇ ਸਚ ਘਰ, ਸਚ ਦਵਾਰੇ ਕਵਣ ਨਿਸ਼ਾਨ ਕਵਣ ਪਹਿਚਾਨ । ਸਚ ਘਰ ਕਵਣ ਪਲਾ । ਨਾ ਜਨਮੇ ਨਾ ਜਾਏ ਮਰ, ਵਸੇ ਨਿਹਚਲ ਧਾਮ ਅਚੱਲਾ । ਏਕਾ ਮਿਲੇ ਸਚ ਦਰ, ਦੋ ਜਹਾਨੀ ਖੇਲ ਖੇਲਾ । ਜੋਤੀ ਜੋਤ ਸਰੂਪ ਹਰਿ, ਏਕਾ ਪੁਛੇ ਸਚ ਘਰ, ਸ਼ਬਦ ਪਰਛਾਵਾਂ ਕਿਹੜੀ ਕੂਟੇ ਪਹਿਲੀ ਵਾਰ ਢਲਾ । ਹਰਿ ਸ਼ਬਦ ਅਪਾਰ ਗੁਰ ਅਧਾਰਿਆ । ਗੁਰ ਸ਼ਬਦ ਅਧਾਰ ਵਿਚ ਸੰਸਾਰਿਆ । ਵਿਚ ਸੰਸਾਰ ਪਾਵੇ ਸਾਰ, ਜੋਤ ਨਿਰੰਕਾਰਿਆ । ਜੋਤ ਸਰੂਪੀ ਖੇਲ ਅਪਾਰ, ਲੱਖ ਚੁਰਾਸੀ ਵਿਚ ਸਮਾ ਰਿਹਾ । ਲੱਖ ਚੁਰਾਸੀ ਕਰਮ ਵਿਚਾਰ, ਲਹਿਣਾ ਦੇਣਾ ਮਾਤ ਚੁਕਾ ਰਿਹਾ । ਲਹਿਣਾ ਦੇਣਾ ਜੀਵ ਗਵਾਰ, ਧਰਮ ਰਾਏ ਹੱਥ ਫੜਾ ਰਿਹਾ । ਧਰਮ ਰਾਏ ਕਰਮ ਵਿਚਾਰ, ਚਿਤਰ ਗੁਪਤ ਸੰਗ ਰਲਾ ਰਿਹਾ । ਵਰਭੰਡੀ ਰੱਖੇ ਏਕਾ ਧਾਰ, ਲਹਿਣੇਦਾਰ ਸਰਬ ਬਣਾ ਰਿਹਾ । ਲਹਿਣਾ ਦੇਣਾ ਆਪਣਾ ਕਰਜ ਉਤਾਰ, ਲੋਕਮਾਤ ਜੋ ਚੜ੍ਹਾ ਰਿਹਾ । ਵੇਲੇ ਅੰਤਮ ਆਈ ਹਾਰ, ਸਾਚਾ ਸ਼ਬਦ ਨਾ ਕਿਸੇ ਪੜ੍ਹਾ ਲਿਆ । ਚਾਰੋਂ ਕੁੰਟ ਹਾਹਾਕਾਰ, ਮਾਤ ਪਿਤ ਭਾਈ ਭੈਣ ਨਾ ਕਿਸੇ ਛੁਡਾ ਲਿਆ । ਅੰਤਮ ਰੋਂਦੇ ਧਾਹਾਂ ਮਾਰ, ਧਰਮ ਰਾਏ ਸੁਣ ਪੁਕਾਰ, ਨਾ ਹੋਏ ਕੋਈ ਸਹਾਰ, ਮਾਨਸ ਦੇਹੀ ਜਨਮ ਗਵਾ ਰਿਹਾ । ਗੁਰਮੁਖ ਸਾਚੇ ਉਤਰੇ ਪਾਰ, ਏਕਾ ਕੀਆ ਚਰਨ ਪਿਆਰ, ਗੁਰ ਪੂਰੇ ਰਾਹ ਵਖਾ ਰਿਹਾ । ਗੁਰ ਮੰਤਰ ਸ਼ਬਦ ਅਪਾਰ, ਉਤਰੇ ਪਾਰ ਨਾਰੀ ਨਾਰ, ਬਿਰਧ ਬਾਲ ਜਵਾਨ ਏਕਾ ਰਾਹ ਵਖਾ ਰਿਹਾ । ਆਪੇ ਰਿਹਾ ਪੈਜ ਸਵਾਰ, ਗੁਰਮੁਖ ਸਾਚੇ ਸੰਤ ਦੁਲਾਰ, ਸ਼ਬਦ ਸੁਨੇਹੜਾ ਇਕ ਸੁਣਾ ਰਿਹਾ । ਦੋ ਜਹਾਨਾਂ ਮੀਤ ਮੁਰਾਰ, ਹੱਥੀਂ ਬੰਨ੍ਹੇ ਸ਼ਬਦ ਗਾਨਾ, ਅੰਤਮ ਵਾਰ ਸਾਚੀ ਡੋਲੀ ਵਿਚ ਬਹਾ ਰਿਹਾ । ਆਪ ਲੈ ਜਾਏ ਸਚ ਦਵਾਰ, ਦਰ ਘਰ ਸਾਚੇ ਖੋਲ੍ਹੇ ਬੰਦ ਕਿਵਾੜ, ਦਰਗਾਹ ਸਾਚੀ ਸਾਚੇ ਧਾਮ ਹਰਿ ਸੁਹਾ ਰਿਹਾ । ਦਰ ਘਰ ਸਾਚੇ ਦੇਵੇ ਵਾੜ, ਗੁਰਮੁਖ ਸਾਚੇ ਸਾਚੇ ਲਾੜ, ਅੰਤਮ ਅੰਤ ਜੋਤੀ ਮੇਲ ਮਿਲਾ ਰਿਹਾ । ਮਨਮੁਖ ਭੁੱਲੇ ਜੀਵ ਗਵਾਰ, ਗੁਰਮੁਖ ਸਾਚੇ ਉਤਰੇ ਪਾਰ, ਦੋਵੇਂ ਧਾਰ ਵਿਚ ਸੰਸਾਰ ਆਪੇ ਆਪ ਚਲਾ ਰਿਹਾ । ਗੁਰਮੁਖ ਗੂੜ੍ਹਾ ਰੰਗ ਹਰਿ ਚੜ੍ਹਾਇਆ । ਪ੍ਰਭ ਮੰਗੀ

ਸਾਚੀ ਮੰਗ, ਲੜ ਫੜਾਇਆ । ਕਲਜੁਗ ਮਾਇਆ ਕੱਟੀ ਭੁੱਖ ਨੰਗ, ਨਾਮ ਮਰਦੰਗ ਇਕ ਵਜਾਇਆ । ਨੌਂ ਦਵਾਰੇ ਜਾਏ ਲੰਘ, ਗੁਰ ਪੂਰੇ ਰਾਹ ਵਖਾਇਆ । ਆਪੇ ਚਾੜ੍ਹੇ ਆਪਣਾ ਰੰਗ, ਦੂਸਰ ਕਿਸੇ ਦਿਸ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਗੁਰਮੁਖ ਸਾਚੇ ਸੰਤ ਜਨਾਂ ਇਕ ਸੁਹੇਲਾ ਜਗਤ ਇਕੇਲਾ, ਅੱਠੇ ਪਹਿਰ ਨਜ਼ਰੀ ਆਇਆ । ਅੱਠੇ ਪਹਿਰ ਪਹਿਰੇਦਾਰ । ਗੁਰਮੁਖ ਸਾਚੇ ਸੰਤ ਦੁਲਾਰ । ਆਪ ਚੁੱਕਾਏ ਦਇਆ ਕਮਾਏ, ਮੁਖ ਚੁਆਏ ਅੰਮ੍ਰਿਤ ਧਾਰ । ਉਲਟੀ ਨਾਭੀ ਨੀਰ ਵਹਾਏ, ਮਾਇਆ ਦੱਬੀ ਭਾਰਾ ਲਾਹੇ, ਪਰਗਟ ਜੋਤ ਨਰ ਹਰਿ ਪੋਹ ਛੱਬੀ ਪਰਕਾਸ਼ ਇਕ ਕਰਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਸੰਤ ਉਠਾਏ । ਉਠ ਉਠ ਜਾਗ ਗੁਰਮੁਖ ਵਣਜਾਰਿਆ । ਤਨ ਕਾਇਆ ਲੱਗੇ ਭਾਗ, ਕਰ ਸਾਚਾ ਵਣਜ ਵਪਾਰਿਆ । ਤਨ ਮੰਦਰ ਸੁਣ ਸਾਚਾ ਰਾਗ, ਛੱਤੀ ਰਾਗਾਂ ਵਸੇ ਬਾਹਰਿਆ । ਆਤਮ ਜੋਤੀ ਇਕ ਚਿਰਾਗ, ਮੇਟ ਮਿਟਾਏ ਅੰਧ ਅੰਧਿਆਰਿਆ । ਗੁਰ ਪੂਰੇ ਚਰਨੀ ਲਾਗ, ਖੋਲ੍ਹੇ ਬੰਦ ਕਿਵਾੜ, ਬਜਰ ਕਪਾਟੀ ਦੇਵੇ ਪਾੜਿਆ । ਦੁਰਮਤ ਮੈਲ ਧੋਵੇ ਦਾਗ, ਪੰਜਾਂ ਚੋਰਾਂ ਰਿਹਾ ਤਾੜਿਆ । ਹੱਥ ਪਕੜੇ ਆਪਣੇ ਵਾਗ, ਸ਼ਬਦ ਘੋੜੇ ਸਾਚੇ ਚਾੜ੍ਹਿਆ । ਨੌਂ ਅਠਾਰਾਂ ਡਸਨੀ ਨਾਗ, ਸ਼ਬਦ ਡੰਡੇ ਆਪੇ ਝਾੜਿਆ । ਆਪੇ ਹੰਸ ਬਣਾਏ ਕਾਗ, ਸਤਿ ਸਰੋਵਰ ਅੰਦਰ ਵਾੜਿਆ । ਮਿਲੇ ਮੇਲ ਕੰਤ ਸੁਹਾਗ, ਵੇਖੇ ਸੱਚਾ ਘਰ ਧੁਰ ਦਰਬਾਰ ਧਰਮ ਅਖਾੜਿਆ । ਏਕਾ ਹਰਿ ਦਰਬਾਰ, ਦਰ ਦਰਵਾਜਿਆ । ਗੁਰਮੁਖ ਸਾਚੇ ਕਰ ਤਿਆਰ, ਵੇਖ ਵਖਾਣੇ ਰਾਜਨ ਰਾਜਿਆ । ਅੰਮ੍ਰਿਤ ਬਰਖੇ ਠੰਡੀ ਧਾਰ, ਆਪਣਾ ਸਾਜਨ ਆਪੇ ਸਾਜਿਆ । ਨੌਂ ਦਵਾਰੇ ਬੰਦ ਕਿਵਾੜ, ਜੋਤੀ ਜੋਤ ਸਰੂਪ ਹਰਿ, ਗੁਰਮੁਖ ਸਾਚੇ ਵੇਖ, ਦਰ ਘਰ ਸਾਚੇ ਰੱਖੇ ਲਾਜਿਆ । ਦਰ ਘਰ ਸਾਚਾ ਇਕ ਸੁਹਾਇਆ । ਜੀਓ ਪਿੰਡ ਜੀਵ ਭਾਂਡਾ ਕਾਚਾ, ਲਾੜੀ ਮੌਤ ਭੰਨ ਵਖਾਇਆ । ਮਾਟੀ ਪੁਤਲਾ ਦਰ ਦਰ ਨਾਚਾ, ਭੇਵ ਨਾ ਜਾਣੇ ਰਾਇਆ । ਪੁਰਖ ਅਬਿਨਾਸ਼ੀ ਸਾਚੋ ਸਾਚਾ, ਦਿਸ ਕਿਸੇ ਨਾ ਆਇਆ । ਗੁਰਮੁਖ ਵਿਰਲੇ ਹਿਰਦੇ ਵਾਚਾ, ਬ੍ਰਹਮ ਪਾਰਬ੍ਰਹਮ ਏਕਾ ਮੇਲ ਮਿਲਾਇਆ । ਜੋਤੀ ਜੋਤ ਸਰੂਪ ਹਰਿ, ਗੁਰਮੁਖ ਸਾਚੇ ਦੇਵੇ ਵਰ, ਕਾਇਆ ਮੰਦਰ ਸਾਚੇ ਅੰਦਰ ਡੂੰਘੀ ਕੰਦਰ ਏਕਾ ਏਕ ਕਰੇ ਰੁਸ਼ਨਾਇਆ । ਕਾਇਆ ਮੰਦਰ ਡੂੰਘੀ ਗਾਰ । ਔਖੀ ਘਾਟੀ ਗੁਰਮੁਖ ਸਾਚੇ ਕਰ ਵਿਚਾਰ । ਅੰਮ੍ਰਿਤ ਰਸ ਨਿੱਝਰ ਚਾਟੀ, ਪਵਣ ਉਨੰਜਾ ਛਤਰ ਝੁਲਾਰ । ਮਿਲੇ ਨਾਮ ਸਾਚੀ ਹਾਟੀ, ਚੌਦਾਂ ਹਟਾਂ ਕਰ ਵਿਚਾਰ । ਚੌਦਾਂ ਲੋਕ ਖੋਲ੍ਹ ਕਪਾਟੀ, ਨੌਂ ਦਵਾਰੇ ਵਸੇ ਬਾਹਰ । ਏਕਾ ਤੀਰਥ ਸਾਚਾ ਤਾਟੀ, ਅੰਮ੍ਰਿਤ ਭਰਿਆ ਰਹੇ ਭੰਡਾਰ । ਕਵਲ ਨਾਭੀ ਅਨ ਬਾਟੀ, ਝਿਰਨਾ ਝਿਰੇ ਅਪਰ ਅਪਾਰ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਗੁਰਮੁਖ ਸਾਚੇ ਵੇਖ ਹਰਿ, ਦੁਰਮਤ ਮੈਲ ਰਿਹਾ ਕਾਟੀ । ਦੁਰਮਤ ਮੈਲ ਕੱਟ ਤਨ ਸਵਾਰਿਆ । ਦੂਈ ਦਵੈਤੀ ਮੇਟੇ ਫਟ, ਦੇਵੇ ਇਕ ਸ਼ਬਦ ਸਹਾਰਿਆ । ਕਰੇ ਵਾਸ ਘਟ ਘਟ ਜੋਤੀ ਜਗੇ ਲਟ ਲਟ, ਗੁਰਮੁਖ ਲਾਹਾ ਲੈਣਾ ਖਟ, ਆਏ ਦਰ ਸੱਚੇ ਦਰਬਾਰਿਆ । ਸ਼ਬਦ ਲਪੇਟੇ ਸਾਚੇ ਪੱਟ, ਜੋਤੀ ਜੋਤ ਸਰੂਪ ਹਰਿ, ਏਕਾ ਦੇਵੇ ਨਾਮ ਵਰ, ਗੁਰਮੁਖ ਸਾਚੇ ਜਾਇਣ ਤਰ, ਮਿਲੇ ਨਾਮ ਸ਼ਬਦ ਵਡ ਭੰਡਾਰਿਆ । ਸ਼ਬਦ ਨਾਮ ਅਤੋਲ ਜਗਤ ਤੁਲਾਇਆ । ਗੁਰਮੁਖ ਅੰਦਰ ਰਿਹਾ ਬੋਲ, ਦਿਸ ਕਿਸੇ ਨਾ ਆਇਆ । ਸਾਚੇ ਪੜਦੇ ਰਿਹਾ ਖੋਲ੍ਹ, ਰਾਗ ਰਾਗਨੀ ਨਾ ਕਿਸੇ ਅਲਾਇਆ । ਸੱਚੇ ਦਵਾਰੇ ਵੱਜੇ ਢੋਲ, ਇਕ ਸੁਰੰਗ ਹੱਥ ਫੜਾਇਆ । ਜੋਤੀ ਜੋਤ ਸਰੂਪ ਹਰਿ, ਗੁਰਮੁਖ ਸਾਚੇ ਵੇਖ ਦਰ, ਸਾਚੀ ਰੰਗਣ ਰਿਹਾ ਚੜ੍ਹਾਇਆ । ਸਾਚਾ ਰੰਗ

੨੬੬ ੦੫

ਚਲੂਲ ਤਨ ਚੜ੍ਹਾਇੰਦਾ । ਹਰਿਜਨ ਨਾ ਜਾਏ ਭੂਲ, ਦਰ ਸਮਝਾਇੰਦਾ । ਆਪ ਚੁਕਾਏ ਅਗਲਾ ਪਿਛਲਾ ਮੂਲ, ਕੰਤ ਕੰਤੂਹਲ ਮੇਲ ਮਿਲਾਇੰਦਾ । ਦੇਵੇ ਨਾਮ ਸ਼ਬਦ ਤ੍ਰਿਸੂਲ, ਤ੍ਰੈਗੁਣ ਮਾਇਆ ਪਰੇ ਹਟਾਇੰਦਾ । ਪੁਰਖ ਅਬਿਨਾਸ਼ੀ ਦੂਲੋ ਦੂਲ੍ਹ, ਪੰਚ ਪੰਚਾਇਣੀ ਮਾਰ ਮਿਟਾਇੰਦਾ । ਗੁਰਮੁਖ ਉਪਜਾਏ ਮਾਤ ਕਵਲ ਫੂਲ, ਧਰਤ ਮਾਤ ਉਪਰ ਟਿਕਾਇੰਦਾ । ਸ਼ਬਦ ਪੰਘੂੜਾ ਲੈਣਾ ਝੂਲ, ਪ੍ਰਭ ਆਪਣੇ ਹੱਥ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਗੁਰਮੁਖ ਸਾਚੇ ਵੇਖ ਦਰ, ਪੂਰਨ ਇਛਿਆ ਮਾਤ ਕਰਾਇੰਦਾ । ਪੂਰਨ ਇਛਿਆ ਆਤਮ ਸ਼ਾਂਤ, ਸੋਹੰ ਪਾਏ ਸਾਚੀ ਭਿਛਿਆ । ਅੰਮ੍ਰਿਤ ਦੇਵੇ ਬੂੰਦ ਸਵਾਂਤ, ਏਕਾ ਅੱਖਰ ਜਗਤ ਵੱਖਰ ਗੁਰਮੁਖ ਸਾਚੇ ਸਿਖਿਆ । ਬੈਠਾ ਰਹੇ ਇਕ ਇਕਾਂਤ, ਮਿਲੇ ਮੇਲ ਧੁਰ ਦਰਗਾਹੀ ਲਿਖਿਆ । ਦਰਸ ਦਿਖਾਏ ਦਇਆ ਕਮਾਏ ਮੇਟ ਮਿਟਾਏ ਅੰਧੇਰੀ ਰਾਤ, ਤਨ ਮਨ ਲਾਹੇ ਝੂਠੀ ਵਿਖਿਆ । ਨਾ ਕੋਈ ਜਾਣੇ ਲਿਖੀ ਰੇਖਿਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਗੁਰਮੁਖ ਸਾਚੇ ਵੇਖ ਹਰਿ, ਆਪ ਮਿਟਾਏ ਤ੍ਰਿਸ਼ਨਾ ਤ੍ਰਿਖਿਆ । ਤ੍ਰਿਸ਼ਨਾ ਤ੍ਰਿਖ ਆਤਮ ਦੂਰ । ਪੁਰਖ ਅਬਿਨਾਸ਼ੀ ਹਾਜ਼ਰ ਹਜ਼ੂਰ । ਆਤਮ ਜੋਤੀ ਸਾਚਾ ਨੂਰ । ਸ਼ਬਦ ਵਜਾਏ ਸਾਚੀ ਤੂਰ । ਅਨਹਦ ਬਾਣੀ ਅਨਾਹਦ ਸੂਰ । ਜੋਤੀ ਜੋਤ ਸਰੂਪ ਹਰਿ, ਗੁਰਮੁਖ ਸਾਚੇ ਵੇਖ ਦਰ, ਏਕਾ ਦੇਵੇ ਨਾਮ ਵਰ, ਸਰਬ ਕਲਾ ਆਪੇ ਭਰਪੂਰ । ਸਰਬ ਕਲਾ ਭਰਪੂਰ ਹਰਿ ਸਮਰਥਿਆ । ਗੁਰਮੁਖ ਆਸਾ ਮਨਸਾ ਪੂਰ, ਸਿਰ ਰੱਖੇ ਦੇ ਕਰ ਹੱਥਿਆ । ਬੇਮੁਖਾਂ ਦਰ ਦਿਸੇ ਦੂਰ, ਕਲਜੁਗ ਮਾਇਆ ਮਥਨ ਮਥਿਆ । ਗੁਰਮੁਖ ਸਾਚੇ ਆਤਮ ਜੋਤੀ ਏਕਾ ਨੂਰ, ਸ਼ਬਦ ਚਾੜ੍ਹੇ ਸਾਚੇ ਰਥਿਆ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਰਸਨਾ ਕਥਨੀ ਮਾਤ ਕਿਸੇ ਨਾ ਕਥਿਆ । ਦੇਵੇ ਦਰਸ ਅਨੂਪ, ਹਰਿ ਰਘੁਰਾਇਆ । ਸਵੱਛ ਸਰੂਪੀ ਵਡਾ ਭੂਪ, ਸਦ ਹਿਰਦੇ ਰਹੇ ਸਮਾਇਆ । ਨਾ ਕੋਈ ਰੰਗ ਨਾ ਕੋਈ ਰੂਪ, ਜੋਤੀ ਨੂਰ ਇਕ ਸਵਾਇਆ । ਕਰੇ ਪਰਕਾਸ਼ ਅੰਧ ਕੂਪ, ਗੁਰਮੁਖ ਸਾਚੇ ਦਇਆ ਕਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਰਨ ਪ੍ਰੀਤੀ ਸਾਚਾ ਨਾਤਾ, ਇਕ ਬੰਧਾਏ ਪੁਰਖ ਬਿਧਾਤਾ, ਉਤਮ ਰੱਖੇ ਮਾਤ ਜ਼ਾਤਾ, ਗੁਰਮੁਖ ਨਾਮ ਸਾਚੇ ਰੰਗ ਰੰਗਾਇਆ । ਹੋਏ ਦਰਸ ਆਤਮ ਪਰਕਾਸ਼, ਅੰਮ੍ਰਿਤ ਮੇਘ ਦੇਵੇ ਬਰਸ, ਸ਼ਬਦ ਰਸਨ ਸਵਾਸ ਸਵਾਸ । ਸੱਜਣ ਸੁਹੇਲਾ ਕਰੇ ਤਰਸ । ਕਲਜੁਗ ਮਾਇਆ ਬੰਦ ਖਲਾਸ । ਆਪ ਮਿਟਾਏ ਤ੍ਰਿਸ਼ਾ ਹਰਸ, ਆਤਮ ਨਿੱਜ ਘਰ ਰੱਖੇ ਵਾਸ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਆਪ ਆਪਣਾ ਦਰਸ ਦਿਖਾਏ, ਕਾਇਆ ਜੰਗਲ ਜੂਹ ਉਜਾੜ ਵਡੀ ਵਡ ਪਰਭਾਸ । ਜੰਗਲ ਜੂਹ ਉਜਾੜ ਪਹਾੜ ਕਾਇਆ ਟਿਲਿਆ । ਆਪੇ ਵੇਖੇ ਬਹੱਤਰ ਨਾੜ, ਸ਼ਬਦ ਚੜ੍ਹਾਏ ਤੀਰ ਸਚਾ ਚਿਲਿਆ । ਪਰੇ ਹਟਾਏ ਪੰਚਮ ਧਾੜ, ਤੋੜੇ ਗੜ੍ਹ ਕੋਟ ਵਡ ਕਿਲ੍ਹਿਆ । ਦਰ ਘਰ ਸਾਚੇ ਦੇਵੇ ਵਾੜ, ਪੁਰਖ ਅਬਿਨਾਸ਼ੀ ਸਾਚਾ ਮੇਲ ਮਿਲਿਆ । ਪ੍ਰਭ ਪਕੜੇ ਹੱਥ ਆਪਣੇ ਨੱਥ, ਦਹਿ ਦਿਸ਼ਾ ਰਿਹਾ ਫਿਰਾਇਆ । ਪੰਜਾਂ ਚੋਰਾਂ ਰਿਹਾ ਮਥ, ਸੋਹੰ ਖੰਡਾ ਹੱਥ ਉਠਾਇਆ । ਸਗਲ ਵਸੂਰੇ ਜਾਇਣ ਲੱਥ, ਦਰ ਦਵਾਰੇ ਜਿਸ ਜਨ ਦਰਸ਼ਨ ਪਾਇਆ । ਅੰਤਮ ਸੀਆਂ ਸਾਢੇ ਤਿੰਨ ਹੱਥ, ਕਲਜੁਗ ਅੰਤਮ ਰਿਹਾ ਸੁਣਾਇਆ । ਜੋਤੀ ਜੋਤ ਸਰੂਪ ਹਰਿ, ਗੁਰਮੁਖ ਸਾਚੇ ਸੰਤ ਜਨਾਂ ਆਪ ਆਪਣਾ ਮੇਲ ਮਿਲਾਇਆ । ਹਰਿ ਸ਼ਬਦ ਅਪਾਰ, ਗੁਰ ਉਧਾਰਿਆ । ਗੁਰ ਪੂਰਾ ਪਾਵੇ ਸਾਰ, ਕਰਮ ਵਿਚਾਰਿਆ । ਜਨਮ ਕਰਮ ਹੱਥ ਦਾਤਾਰ, ਪੰਜਾਂ ਤੱਤਾਂ ਆਪ ਉਪਾ ਰਿਹਾ । ਪੰਜਾਂ ਤੱਤਾਂ ਕਰ ਪਿਆਰ, ਹੱਡ ਮਾਸ ਨਾੜੀ ਜੋੜ ਜੁੜਾ ਰਿਹਾ । ਜੋਤ ਸਰੂਪੀ

ਕਰ ਅਕਾਰ, ਸ਼ਬਦ ਸਰੂਪ ਵਿਚ ਸਮਾ ਰਿਹਾ । ਪਵਣ ਸਰੂਪੀ ਦੇਵੇ ਧਾਰ, ਵਾਜਾ ਪਵਣ ਇਕ ਵਜਾ ਰਿਹਾ । ਆਪੇ ਵਸੇ ਅੰਦਰ ਬਾਹਰ, ਦਿਸ ਕਿਸੇ ਨਾ ਆ ਰਿਹਾ । ਗੁਰ ਪੂਰਾ ਕਰ ਤਿਆਰ, ਸੁਫਲੀ ਕੁੱਖ ਮਾਤ ਕਰਾ ਰਿਹਾ । ਕਿਰਪਾ ਕਰ ਸੱਚੀ ਸਰਕਾਰ, ਗਰਭਵਾਸ ਫੰਦ ਕਟਾ ਰਿਹਾ । ਨੂਰੀ ਜੋਤ ਕਰ ਅਕਾਰ, ਮਾਨਸ ਦੇਹੀ ਆਪ ਸੁਹਾ ਰਿਹਾ । ਉਤਪਤ ਹੋਏ ਵਿਚ ਸੰਸਾਰ, ਲੋਕਮਾਤ ਨਾਮ ਰੱਖਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਪੂਰੇ ਬਣਤ ਬਣਾ ਰਿਹਾ । ਹਰਿ ਸ਼ਬਦ ਅਧਾਰ ਗੁਰ ਜਣਾਈਆ । ਗੁਰ ਪੂਰਾ ਕਰੇ ਵਿਚਾਰ, ਹਰਿ ਸੱਚੀ ਸਰਨਾਈਆ । ਹਰਿ ਸਾਚਾ ਦੇਵੇ ਤਾਰ, ਅੱਠੇ ਪਹਿਰ ਸ਼ਬਦ ਜਣਾਈਆ । ਗੁਰ ਪੂਰਾ ਚਰਨ ਦਵਾਰ ਦਿਵਸ ਰੈਣ ਸੇਵ ਕਮਾਈਆ । ਹਰਿ ਹਰਿ ਪਾਵੇ ਸਾਚੀ ਸਾਰ, ਸਿਰ ਹੱਥ ਸਮਰਥ ਟਿਕਾਈਆ । ਗੁਰ ਪੂਰਾ ਬਣੇ ਭਿਖਾਰ, ਮੰਗੇ ਮੰਗ ਭਿਛਿਆ ਇਛਿਆ ਪੂਰ ਕਰਾਈਆ । ਵਡ ਦਾਤਾ ਹਰਿ ਸੂਰਾ ਸਰਬੰਗ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਪੂਰੇ ਗੋਦ ਉਠਾਈਆ । ਹਰਿ ਸ਼ਬਦ ਅਪਾਰ, ਗੁਰ ਖ਼ਜ਼ਾਨਿਆ । ਗੁਰ ਪੂਰਾ ਬਣੇ ਵਰਤਾਰ, ਦੇਵਣਹਾਰ ਵਿਚ ਜਹਾਨਿਆ । ਭਰੇ ਅਤੁਟ ਹਰਿ ਭੰਡਾਰ, ਆਦਿ ਅੰਤ ਬੀਨਾ ਦਾਨਿਆ । ਹਰਿ ਗੁਰ ਗੁਰ ਹਰਿ ਏਕਾ ਸੱਚੀ ਧਾਰ, ਆਪੇ ਜਾਣੇ ਜਾਣੀ ਜਾਨਿਆ । ਗੁਰਮੁਖ ਸਾਚੇ ਕਰ ਪਿਆਰ, ਅੰਮ੍ਰਿਤ ਆਤਮ ਦੇਵੇ ਧਾਰ, ਸ਼ਬਦ ਖੰਡਾ ਤਨ ਸ਼ਿੰਗਾਰ, ਪ੍ਰਭ ਸਾਚਾ ਮਾਤ ਕਰਾਨਿਆ । ਪੰਚਾਂ ਚੋਰਾਂ ਕਰੇ ਖ਼ਬਰਦਾਰ, ਨੇੜ ਨਾ ਆਏ ਝੂਠੀ ਧਾੜ, ਵਡੀ ਵਡ ਕਰੇ ਕੁਰਬਾਨਿਆ । ਤਿੱਖੀ ਰੱਖੇ ਤੇਜ ਕਟਾਰ, ਬਜਰ ਕਪਾਟੀ ਆਰ ਪਾਰ, ਔਖੀ ਘਾਟੀ ਇਕ ਚੜ੍ਹਾਨਿਆ । ਜੋਤੀ ਜੋਤ ਸਰੂਪ ਹਰਿ, ਜੋਤੀ ਨੂਰ ਇਕ ਕਰ, ਗੁਰਮੁਖ ਸਾਚੀ ਜੋਤ ਜਗਾਨਿਆ । ਹਰਿ ਸ਼ਬਦ ਜਨ ਟੇਕ, ਵਿਚ ਜਹਾਨਿਆ । ਗੁਰ ਸ਼ਬਦ ਕਰੇ ਬੁਧ ਬਿਬੇਕ, ਆਤਮ ਉਪਜੇ ਬ੍ਰਹਮ ਗਿਆਨਿਆ । ਹਰਿ ਸ਼ਬਦ ਏਕਾ ਏਕ ਗੁਰ ਗੁਰ ਗੁਰਮੁਖ ਆਵੇ ਜਾਵੇ ਦੇਵੇ ਹਰਿ ਮਹਾਨਿਆ । ਜੋਤੀ ਜੋਤ ਸਰੂਪ ਹਰਿ, ਲੋਕਮਾਤੀ ਜੋਤ ਧਰ, ਦੇਵੇ ਦਾਨ ਵਡ ਵਡ ਦਾਨਿਆ । ਦਾਨੀ ਦੁਨੀਆਦਾਰ ਆਪ ਅਖਵਾਇੰਦਾ । ਏਕਾ ਜੋਤ ਭਗਤ ਭਗਵਾਨੀ, ਭਗਵਾਨ ਲੋਆਂ ਪੁਰੀਆਂ ਵਿਚ ਸਮਾਇੰਦਾ । ਜੁਗੋ ਜੁਗ ਅੰਤ ਨਿਸ਼ਾਨੀ, ਭੇਖਾਧਰੀ ਭੇਖ ਵਟਾਇੰਦਾ । ਸ਼ਬਦ ਰੱਖੇ ਤੀਰ ਕਾਨੀ, ਆਪਣੀ ਹੱਥੀਂ ਆਪ ਚਲਾਇੰਦਾ । ਲੱਖ ਚੁਰਾਸੀ ਪੁਣੀ ਛਾਣੀ, ਆਪੇ ਵੇਖੇ ਬ੍ਰਹਮ ਗਿਆਨੀ ਚਰਨ ਧਿਆਨੀ, ਗੁਰਮੁਖ ਸੋਏ ਆਪ ਜਗਾਇੰਦਾ । ਅੰਮ੍ਰਿਤ ਆਤਮ ਦੇਵੇ ਪਾਣੀ, ਏਕਾ ਅੱਖਰ ਸਾਚੀ ਬਾਣੀ, ਜਗਤ ਵਖਰ ਆਪ ਕਰਾਇੰਦਾ । ਜੋਤੀ ਤੇਜ਼ ਕੋਟਨ ਭਾਨੀ, ਚਰਨ ਧੂੜ ਸੱਚਾ ਇਸ਼ਨਾਨ, ਮਸਤਕ ਟਿੱਕਾ ਆਪ ਲਗਾਇੰਦਾ । ਦਰਗਾਹ ਸਾਚੀ ਸਾਚੀ ਬਾਣੀ, ਦਿਸੇ ਸ਼ਬਦ ਇਕ ਨਿਸ਼ਾਨੀ, ਦੂਸਰ ਵਸਤ ਨਾ ਕੋਇ ਸੰਗ ਰਲਾਇੰਦਾ । ਜੋਤੀ ਜੋਤ ਸਰੂਪ ਹਰਿ, ਲੋਕਮਾਤੀ ਜੋਤ ਧਰ, ਗੁਰ ਗੁਰਮੁਖ ਸਾਚਾ ਮੰਤਰ ਨਾਮ ਜਪਾਇੰਦਾ । ਗੁਰ ਮੰਤਰ ਨਾਮ ਬਿਬਾਣ ਇਕ ਰਖਾਇਆ । ਸਰਬ ਜੀਆਂ ਬਿਧ ਜਾਣੇ ਅੰਤਰ, ਦਿਸ ਕਿਸੇ ਨਾ ਆਇਆ । ਕਰੇ ਖੇਲ ਜੁਗਾ ਜੁਗੰਤਰ, ਭਾਣਾ ਆਪਣੇ ਹੱਥ ਰਖਾਇਆ । ਆਪ ਬਣਾਏ ਸਾਚੀ ਬਣਤਰ, ਸਾਚਾ ਧਰਮ ਰਿਹਾ ਚਲਾਇਆ । ਲੋਆਂ ਪੁਰੀਆਂ ਵੇਖ ਗਗਨੰਤਰ, ਸਾਚੀ ਰਚਨਾ ਰਿਹਾ ਰਚਾਇਆ । ਦੀਪਕ ਜੋਤੀ ਇਕ ਬਸੰਤਰ, ਘਟ ਮੰਦਰ ਰਿਹਾ ਲਗਾਇਆ । ਹਰਿਜਨ ਤੋੜੇ ਆਤਮ ਵੱਜਾ ਜੰਦਰ, ਸ਼ਬਦ ਡੰਡਾ ਹੱਥ ਰਖਾਇਆ । ਪਕੜ ਉਠਾਏ ਪੰਜ ਚੋਰ ਸੁੱਤੇ ਡੂੰਘੀ ਕੰਦਰ, ਭੈ ਭਿਆਨਕ ਅਚਨ ਅਚਾਨਕ ਰੂਪ ਅਗੰਮਾ ਪਰਗਟ ਹੋਏ

੨੬੮
੦੫

ਦਰਸ ਦਿਖਾਇਆ । ਨਾ ਕਦੇ ਮਰੇ ਨਾ ਕਦੇ ਜੰਮਾ, ਮਾਤ ਪਿਤ ਨਾ ਕਦੇ ਗੋਦ ਉਠਾਇਆ । ਆਪੇ ਵਸੇ ਗਗਨ ਪਤਾਲੀ ਥੰਮ੍ਹਾਂ, ਇੰਦ ਇੰਦਰਾਸਣ ਸਿੰਘ ਸਿੰਘਾਸਣ ਮੁਨੀ ਮੁਨੀਸ਼ਰ ਜੋਗ ਜੁਗੀਸ਼ਰ ਰਿਖੀ ਰਿਖੀਸ਼ਰ ਸ਼ਿਵ ਸ਼ੰਕਰ ਅੰਕਰ ਕੰਕਰ ਮਰਦੰਗ ਰਿਹਾ ਵਜਾਇਆ । ਜੋਤੀ ਜੋਤ ਸਰੂਪ ਹਰਿ, ਜਗਤ ਜੋਤੀ ਨੂਰ ਕਰ, ਸਰਬ ਕਲਾ ਭਰਪੂਰ ਹਰਿ, ਲੇਖਾ ਲੇਖ ਸਚ ਦਰ, ਨੌਂ ਦਵਾਰੇ ਭੇਵ ਚੁਕਾਇਆ । ਨੌਂ ਦਵਾਰੇ ਖੋਲ੍ਹ ਦਵਾਰ, ਅਚਰਜ ਖੇਲ ਵਰਤਾਈਆ । ਦਸਵੇਂ ਵਜੇ ਸੱਚਾ ਢੋਲ, ਦਿਸ ਕਿਸੇ ਨਾ ਆਈਆ । ਗੁਰਮੁਖਾਂ ਆਤਮ ਪੜਦੇ ਰਿਹਾ ਖੋਲ੍ਹ, ਆਪੇ ਕੁੰਢਾ ਲਾਹੀਆ । ਕਲਜੁਗ ਪੂਰੇ ਤੋਲ ਰਿਹਾ ਤੋਲ, ਛੋਟਾ ਮੁੰਡਾ ਅੱਗੇ ਲਾਈਆ । ਲੱਖ ਚੁਰਾਸੀ ਜੂਠੇ ਝੂਠੇ ਫੋਲਨ ਰਿਹਾ ਫੋਲ, ਸੋਹੰ ਖੰਡਾ ਹੱਥ ਰਖਾਈਆ । ਗੁਰਮੁਖ ਸਾਚੇ ਲਏ ਵਿਰੋਲ, ਨਾਮ ਮਧਾਣਾ ਰਿਹਾ ਚਲਾਈਆ । ਸਚ ਵਸਤ ਜਨ ਤੇਰੇ ਕੋਲ, ਸਾਚਾ ਹੱਟ ਰਿਹਾ ਖੁਲ੍ਹਾਈਆ । ਜੋਤ ਸਰੂਪੀ ਰਿਹਾ ਮੌਲ, ਸਚ ਸਮਗਰੀ ਇਕ ਰਖਾਈਆ । ਕਰੇ ਖੇਲ ਉਪਰ ਧਵਲ, ਧਰਤ ਖ਼ੁਸ਼ੀ ਮਨਾਈਆ । ਗੁਰਮੁਖ ਸਾਚੇ ਫੂਲ ਕਵਲ, ਸਾਚੇ ਬੂਟੇ ਰਿਹਾ ਲਗਾਈਆ । ਜੋਤੀ ਜੋਤ ਸਰੂਪ ਹਰਿ, ਜਗਤ ਜੋਤੀ ਨੂਰ ਆਪਣਾ ਭੇਖ ਰਿਹਾ ਵਟਾਈਆ । ਹਰਿ ਸ਼ਬਦ ਅਪਾਰ ਵਿਚ ਬ੍ਰਹਿਮਾਦਿਆ । ਗੁਰ ਸ਼ਬਦ ਸਾਚੀ ਧਾਰ, ਦੇਵੇ ਆਦਿ ਜੁਗਾਦਿਆ । ਮਿਲੇ ਮੇਲ ਮਾਧਵ ਮਾਧ, ਦਰ ਦਵਾਰਾ ਏਕਾ ਲਾਧ, ਰਸਨਾ ਰਸ ਰਿਹਾ ਅਰਾਧ, ਸਾਚੇ ਦਰ ਇਕ ਸਵਾਦ, ਸ਼ਬਦ ਵੱਜੇ ਸੱਚਾ ਨਾਦਿਆ । ਚਲੇ ਸ਼ਬਦ ਬੋਧ ਅਗਾਧ, ਜੋਤੀ ਜੋਤ ਸਰੂਪ ਹਰਿ, ਜਗਤ ਜੋਤੀ ਨੂਰ ਕਰ, ਗੁਰਮੁਖ ਸਾਚੇ ਸੰਤ ਲਿਆਏ ਦਰ, ਦਇਆ ਕਮਾਏ ਆਤਮ ਜੋਤੀ ਸ਼ਬਦ ਡੋਰੀ ਅੰਦਰੇ ਅੰਦਰ ਬਾਂਧਿਆ । ਅੰਦਰੇ ਅੰਦਰ ਬੰਨ੍ਹ, ਡੋਰੀ ਪਾਈਆ । ਗੁਰਮੁਖ ਆਤਮ ਜਾਏ ਮੰਨ, ਝੂਠਾ ਜਨ ਹਰਿ ਕਢਾਈਆ । ਭਾਗ ਲੱਗੇ ਕਾਇਆ ਤਨ, ਹਰਿ ਸ਼ਬਦ ਇਕ ਜਣਾਈਆ । ਭਾਂਡਾ ਭਰਮ ਭਉ ਦੇਵੇ ਭੰਨ, ਸੋਹੰ ਸ਼ਬਦ ਮਿਲੇ ਵਡਿਆਈਆ । ਦੇਵੇ ਨਾਮ ਸੱਚਾ ਧਨ, ਚੋਰ ਯਾਰ ਲੁੱਟ ਕੋਈ ਨਾ ਜਾਈਆ । ਸ਼ਬਦ ਸੁਣਾਏ ਸੱਚਾ ਕੰਨ, ਛੱਤੀ ਰਾਗਾਂ ਬੰਦ ਕਰਾਈਆ । ਧਰਮ ਰਾਏ ਨਾ ਦੇਵੇ ਡੰਨ, ਲੱਖ ਚੁਰਾਸੀ ਭੇਵ ਮਿਟਾਈਆ । ਪੁਰਖ ਅਬਿਨਾਸ਼ੀ ਬੇੜਾ ਦੇਵੇ ਬੰਨ੍ਹ, ਨਿਤ ਨਵਿਤਾ ਹੋਏ ਸਹਾਈਆ । ਗੁਰਮੁਖ ਸਾਚਾ ਰਸਨਾ ਕਹੇ ਧਨ ਧਨ, ਗੁਰ ਗੋਬਿੰਦੇ ਮੇਲ ਮਿਲਾਈਆ । ਆਪ ਵਸਾਏ ਸਾਚੇ ਘਰ, ਨਾ ਕੋਈ ਛੱਪਰੀ ਨਾ ਕੋਈ ਛੰਨ, ਸ਼ਬਦ ਮਹੱਲ ਇਕ ਅਟੱਲ ਰਖਾਈਆ । ਜਗੇ ਜੋਤ ਘੜੀ ਘੜੀ ਪਲ ਪਲ, ਗੁਰਮੁਖ ਸਾਚੇ ਜਾਏ ਬਲ, ਦੀਪਕ ਜੋਤੀ ਡਗਮਗਾਈਆ । ਵੇਖ ਵਖਾਣੇ ਜੰਗਲ ਜੂਹ ਉਜਾੜ ਪਹਾੜ ਜਲ ਥਲ, ਸਰਬ ਰਿਹਾ ਸਮਾਈਆ । ਜੋਤੀ ਜੋਤ ਸਰੂਪ ਹਰਿ, ਜਗਤ ਜੋਤੀ ਨੂਰ ਕਰ, ਅਕਲ ਕਲਾ ਭਰਪੂਰ ਏਕਾ ਬਖ਼ਸ਼ੇ ਚਰਨ ਸਰਨਾਈਆ । ਅਕਲ ਕਲਾ ਭਰਪੂਰ, ਹਰਿ ਵਰਤੰਤਿਆ । ਬੇਮੁਖਾਂ ਦਿਸੇ ਦੂਰ, ਪੂਰਨ ਭਗਵੰਤਿਆ । ਗੁਰਮੁਖਾਂ ਹਾਜ਼ਰ ਹਜ਼ੂਰ, ਸਾਜਨ ਸਾਚੇ ਸੰਤਿਆ । ਹਉਮੇ ਦੁਖੜਾ ਕਰੇ ਦੂਰ, ਦੇਵੇ ਮਾਣ ਵਿਚ ਜੀਵ ਜੰਤਿਆ । ਦੀਪਕ ਜੋਤ ਜਗੇ ਕੋਹਤੂਰ, ਕਾਇਆ ਚੜ੍ਹੇ ਰੰਗਣ ਰੰਗ ਬਸੰਤਿਆ । ਸ਼ਬਦ ਸਾਚਾ ਸਤਿ ਸਰੂਰ, ਸੁਣੇ ਸੁਣਾਏ ਹਰਿ ਬੇਨੰਤਿਆ । ਜੋਤੀ ਜੋਤ ਸਰੂਪ ਹਰਿ, ਜਗਤ ਜੋਤੀ ਨੂਰ ਕਰ, ਸਾਚੇ ਧਾਮ ਹਰਿ ਜੂ ਵਸੰਤਿਆ । ਹਰਿ ਵਸੰਦੜੋ ਸਚ ਧਾਮ, ਗੁਰ ਗੋਬਿੰਦ ਵਡ ਨਾਉਂ । ਸਦ ਬਖ਼ਸ਼ਿੰਦੜੋ ਪੂਰਨ ਕਾਮ, ਨਿੰਦ ਚਿੰਦ ਨਾ ਜਾਣੇ ਠਾਉਂ । ਗੁਣੀ ਗਹਿੰਦੜੋ ਨਾਮ ਦਾਮ, ਦੇਵੇ ਸਚ ਸਵਾਓ । ਜੋਤੀ ਜੋਤ ਸਰੂਪ ਹਰਿ, ਜਗਤ ਜੋਤੀ ਨੂਰ ਕਰ, ਚਲੇ ਚਲਾਏ ਆਪਣੇ ਭਾਓ । ਪੱਲੇ ਬੰਨ੍ਹ ਗੰਢ ਨਾਮ ਅਪਾਰਿਆ । ਦੂਜੇ

ਦਰ ਨਾ ਦੇਣੀ ਵੰਡ, ਨਾ ਆਏ ਪਾਸਾ ਹਾਰਿਆ । ਦਰ ਘਰ ਸਾਚੇ ਜਾਏ ਪਾਈਂ ਡੰਡ, ਗੁਰਮੁਖ ਪਿਆਰਿਆ । ਸਿਰ ਉਠਾਈਂ ਨਾ ਦੂਜੀ ਪੰਡ, ਅੰਤਮ ਲੱਗੇ ਡੰਡਾ ਭਾਰਿਆ । ਨੰਗੀ ਹੋਏ ਨਾ ਮਾਤ ਕੰਡ, ਦੂਜੇ ਦਰ ਨਾ ਨਿਮਸਕਾਰਿਆ । ਬਾਲ ਜੁਵਾਨੀ ਗਈ ਹੰਢ, ਵੇਲਾ ਅੰਤਮ ਨੇੜੇ ਆ ਰਿਹਾ । ਤਨ ਆਪਣੇ ਰੱਖੀ ਠੰਡ, ਨਿਹਕਲੰਕ ਚਰਨ ਦਵਾਰਿਆ । ਜੋਤੀ ਜੋਤ ਸਰੂਪ ਹਰਿ, ਦੇ ਮਤ ਆਪ ਸਮਝਾ ਰਿਹਾ । ਨਾ ਕੋਈ ਪਿਤਾ ਨਾ ਕੋਈ ਪੂਤ । ਗੁਰਮੁਖ ਪਰੋਏ ਏਕਾ ਧਾਗੇ ਸਾਚੇ ਸੂਤ । ਦੂਜੇ ਦਰ ਨਾ ਦੀਸੇ ਕੋਇ, ਉਠ ਉਠ ਵੇਖੇ ਚਾਰੇ ਕੂਟ । ਦੁਰਮਤ ਮੈਲ ਜਨ ਜਨਣੀ ਆਪੇ ਧੋਏ, ਆਪ ਆਪਣਾ ਜਾਏ ਛੂਟ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸ਼ਬਦ ਹਲੂਣਾ, ਗੁਰਮੁਖ ਸਾਚਾ ਲੇਵੇ ਝੂਟ, ਏਕਾ ਗੁਰ ਇਕ ਸਰਕਾਰ । ਚਰਨ ਪ੍ਰੀਤੀ ਜਾਏ ਜੁੜ, ਮਿਲੇ ਵਰ ਦਰ ਦਵਾਰ । ਮਾਨਸ ਦੇਹੀ ਨਾ ਜਾਏ ਰੁੜ੍ਹ, ਪਵਣ ਪਾਣੀ ਹੋਏ ਅਧਾਰ । ਸਾਚਾ ਨਾਉਂ ਨਾ ਜਾਏ ਥੁੜ, ਮੰਗੀ ਮੰਗ ਬਣ ਭਿਖਾਰ । ਭਰਮ ਭੁਲੇਖੇ ਨਾ ਜਾਏ ਰੁੜ੍ਹ, ਜੋਤੀ ਜੋਤ ਸਰੂਪ ਹਰਿ, ਏਕਾ ਦਸੇ ਸਚ ਵਿਹਾਰ । ਮਨ ਸਿਮਰਤ ਤਨ ਵੇਦ ਪੁਰਾਨ । ਗੁਰ ਅੰਮ੍ਰਿਤ ਵਡ ਬਾਣੀ ਬਾਣ । ਦਰ ਦਵਾਰ ਨਰ ਨਿਰੰਕਾਰ, ਇਕ ਵਿਚਾਰ ਧੁਰ ਦੀ ਬਾਣ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਰੇ ਪਛਾਣ । ਆਤਮ ਆਈ ਦਰ ਦਵਾਰ । ਰੋ ਰੋ ਕਰੇ ਇਕ ਪੁਕਾਰ । ਪੁਰਖ ਅਬਿਨਾਸ਼ੀ ਕਿਰਪਾ ਕਰ, ਇਕ ਵਖਾ ਸਚ ਘਰ, ਨਾਤਾ ਤੁੱਟੇ ਪੰਚਮ ਯਾਰ । ਏਥੇ ਓਥੇ ਚੁੱਕੇ ਡਰ, ਏਕਾ ਵਸੀਏ ਸਾਚੇ ਘਰ, ਅੰਮ੍ਰਿਤ ਮਿਲੇ ਠੰਡਾ ਠਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਤਮ ਅੰਤ ਖੋਲ੍ਹ ਬੰਦ ਕਿਵਾੜ । ਦਰ ਨਿਮਾਣੀ ਕੂਕ ਕੂਕ ਪੁਕਾਰਿਆ । ਮਾਇਆ ਰਾਣੀ ਚੁਕੇ ਚੂਕ, ਮਿਲੇ ਮੇਲ ਕੰਤ ਅਪਾਰਿਆ । ਤਨ ਜੂਠਾ ਝੂਠਾ ਜਾਏ ਸੂਕ, ਜੋਤੀ ਜਗੇ ਅਗੰਮ ਅਪਾਰਿਆ । ਲੋਕ ਮਾਤੀ ਮਿਟੇ ਰੂਪ, ਸਤਿ ਸਰੂਪ ਜੋਤ ਅਪਾਰਿਆ । ਮੇਲਾ ਮਿਲੇ ਸ਼ਾਹੋ ਭੂਪ, ਏਕਾ ਮੰਗੀਏ ਮੰਗ ਹਰਿ ਦਵਾਰਿਆ । ਲੇਖਾ ਲਿਖੇ ਅੰਧ ਕੂਪ, ਜੋਤੀ ਜੋਤ ਸਰੂਪ ਹਰਿ, ਦੀਪਕ ਜੋਤੀ ਕਰ ਉਜਿਆਰਿਆ । ਦੀਪਕ ਜੋਤੀ ਕਾਇਆ ਮੰਦਰ ਦਿਸੇ ਸਾਚੇ ਥਾਲ । ਵਰਨ ਗੋਤੀ ਮਿਟੇ ਕੰਦਰ, ਚਰਨ ਪ੍ਰੀਤੀ ਨਿਭੇ ਨਾਲ । ਮਾਇਆ ਤੁੱਟੇ ਵੱਜਾ ਜੰਦਰ, ਆਤਮ ਮਾਰੇ ਇਕ ਉਛਾਲ । ਦਸਮ ਦਵਾਰੀ ਦਿਸੇ ਮੰਦਰ, ਲਾਲ ਅਨਮੁਲੜਾ ਮਿਲੇ ਦਿਆਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਵਖਾਏ ਦਰ ਦਵਾਰਾ ਸੱਚੀ ਧਰਮਸਾਲ । ਧਰਮਸਾਲ ਹਰਿ ਦਵਾਰ । ਹਰਿ ਦਵਾਰ ਕਾਇਆ ਮਝਾਰ । ਕਾਇਆ ਮਝਾਰ ਸ਼ਬਦ ਅਪਾਰ । ਸ਼ਬਦ ਅਪਾਰ ਜੋਤ ਅਧਾਰ । ਜੋਤ ਅਧਾਰ ਏਕੰਕਾਰ । ਏਕੰਕਾਰ ਆਪ ਪਸਾਰ । ਆਪ ਪਸਾਰ ਸਰਬ ਵਰਤਾਰ । ਸਰਬ ਵਰਤਾਰ ਸ਼ਬਦ ਜੈ ਜੈਕਾਰ । ਜੈ ਜੈਕਾਰ ਪਵਣ ਅਸਵਾਰ । ਪਵਣ ਅਸਵਾਰ ਜੋਤੀ ਜੋਤ ਸਰੂਪ ਹਰਿ, ਆਪੇ ਅੰਦਰ ਜੋਤ ਧਰ । ਸਾਚਾ ਸਚ ਕਰ ਅਕਾਰ । ਪਵਣ ਰੂਪ ਸ਼ਬਦ ਉਡਾਰ । ਸ਼ਬਦ ਭੂਪ ਹਰਿ ਦਾਤਾਰ । ਸਤਿ ਸਰੂਪ ਨਰ ਨਿਰੰਕਾਰ । ਰੂਪ ਰੰਗ ਅੰਗ ਸੰਗ ਸਦਾ ਸਦਾ ਵੇਖ ਵਿਚਾਰ । ਸ਼ਬਦ ਘੋੜੇ ਕਸ ਤੰਗ, ਨਾਮ ਫੜੇ ਹੱਥ ਮਰਦੰਗ, ਦੋ ਜਹਾਨਾਂ ਇਕ ਉਡਾਰ । ਨਿਤ ਨਵਿਤਾ ਕਰੇ ਜੰਗ, ਪੰਜਾਂ ਚੋਰਾਂ ਕਰੇ ਭੰਗ, ਅੰਦਰੇ ਅੰਦਰ ਮਾਰੇ ਮਾਰ । ਵਡ ਦਾਤਾ ਸੂਰਾ ਸਰਬੰਗ, ਜੋਤੀ ਜੋਤ ਸਰੂਪ ਹਰਿ, ਗੁਰਮੁਖ ਸਾਚੇ ਸੰਤ ਸੁਹੇਲੇ ਆਪ ਮਿਲਾਏ ਆਪਣੀ ਕਿਰਪਾ ਧਾਰ । ਆਪਣੀ ਕਿਰਪਾ ਧਾਰ ਆਪ ਮਿਲਾਇਆ । ਪੂਰਬ ਕਰਮ ਵਿਚਾਰ, ਜੋਤ ਜਗਾਇਆ । ਏਕਾ ਬਖ਼ਸ਼ੇ ਚਰਨ ਪਿਆਰ, ਨਾਤਾ

ਬਿਧਾਤਾ ਆਪਣਾ ਆਪ ਜੁੜਾਇਆ । ਏਕਾ ਦਸੇ ਸਾਚੀ ਕਾਰ, ਬੈਠਾ ਰਹੇ ਇਕ ਇਕਾਂਤ, ਦਿਸ ਕਿਸੇ ਨਾ ਆਇਆ । ਸੋਹੰ ਸ਼ਬਦ ਅਪਰ ਅਪਾਰ, ਅੰਮ੍ਰਿਤ ਦੇਵੇ ਬੂੰਦ ਸੁਵਾਂਤ, ਠੰਡੀ ਧਾਰ ਵਹਾਇਆ । ਆਪੇ ਪਿਤਾ ਆਪੇ ਮਾਤਾ, ਵਰਨ ਗੋਤ ਇਕ ਪਛਾਤਾ, ਸਾਚਾ ਰਾਹ ਰਿਹਾ ਵਖਾਇਆ । ਕਰੇ ਖੇਲ ਬਹੁ ਬਹੁ ਭਾਂਤਾ, ਕਲਜੁਗ ਮੇਟੇ ਅੰਧੇਰੀ ਰਾਤਾ, ਜੋਤ ਨਿਰੰਜਣ ਕਰ ਪਰਕਾਸ਼, ਲੋਕਮਾਤ ਮਾਰ ਝਾਤ ਆਪਣਾ ਆਪ ਕਰਾਇਆ । ਲੋਕਮਾਤ ਮਾਰੀ ਝਾਕੀ । ਗੁਰਮੁਖਾਂ ਦੇਵਣ ਆਇਆ ਬਾਕੀ । ਆਤਮ ਖੋਲ੍ਹੇ ਏਕਾ ਤਾਕੀ । ਅੰਮ੍ਰਿਤ ਭਰਿਆ ਇਕ ਪਿਆਲਾ, ਦਰ ਦਵਾਰੇ ਬਣਿਆ ਸਾਕੀ । ਪਰਗਟ ਹੋਏ ਦੀਨ ਦਿਆਲਾ, ਨਾ ਕੋਈ ਜਾਣੇ ਬੰਦ ਤਾਕੀ । ਅੱਠੇ ਪਹਿਰ ਸਦ ਰਖਵਾਲਾ, ਦਿਵਸ ਰੈਣ ਕਰੇ ਰਾਖੀ । ਜੋਤੀ ਜੋਤ ਸਰੂਪ ਹਰਿ, ਗੁਰਮੁਖ ਸਾਚੇ ਜੋਤ ਧਰ, ਕੋਈ ਰਹਿਣ ਨਾ ਦੇਵੇ ਮਾਤ ਆਕੀ । ਨਾ ਕੋਈ ਦੀਸੇ ਸ਼ਾਹ ਸੁਲਤਾਨ । ਵੇਖ ਵਖਾਣੇ ਨੌਂ ਖੰਡ ਪ੍ਰਿਥਮੀ ਆਕਾਸ਼ ਵਿਚ ਜਹਾਨ । ਦੀਪ ਸਤ ਹੋਏ ਹੈਰਾਨ, ਪ੍ਰਭ ਅਬਿਨਾਸ਼ੀ ਕਰੇ ਧਿਆਨ । ਬ੍ਰਹਮੇ ਮਿੱਟਦੀ ਜਾਏ ਦੁਕਾਨ । ਸ਼ਿਵ ਸ਼ੰਕਰ ਰਿਹਾ ਕਰ ਪਛਾਨ । ਇੰਦ ਇੰਦਰਾਸਣ ਕਰੋੜ ਤੇਤੀਸਾ ਆਪ ਕਰਾਏ ਜਾਣ ਪਛਾਣ । ਬੱਤੀ ਦੰਦ ਗਾਏ ਰਾਗ ਛਤੀਸਾ, ਨਾ ਕੋਈ ਜਾਣੇ ਚਤੁਰ ਸੁਜਾਨ । ਕੁਰਾਨ ਅੰਜੀਲ ਪੜ੍ਹਨ ਹਦੀਸਾ, ਵੇਦ ਪੁਰਾਨਾਂ ਵਗੀ ਬਾਨ । ਕਰੇ ਖੇਲ ਬੀਸ ਇਕੀਸਾ, ਛਤਰ ਝੁੱਲੇ ਇਕ ਜਹਾਨ । ਮੇਟ ਮਿਟਾਏ ਮੂਸਾ ਈਸਾ, ਖਾਣੀ ਬਾਣੀ ਹੋਏ ਹੈਰਾਨ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਗੁਰਮੁਖਾਂ ਦੇਵੇ ਆਤਮ ਬ੍ਰਹਮ ਗਿਆਨ । ਬ੍ਰਹਮ ਗਿਆਨ ਬ੍ਰਹਮ ਜੋਤ ਬ੍ਰਹਮ ਪਛਾਣਿਆ । ਆਪ ਆਪਣੀ ਲੱਭੀ ਗੋਤ, ਗੁਰਮੁਖ ਸਾਚਾ ਰਾਹ ਵਖਾਨਿਆ । ਬੰਦ ਕੁਆੜੀ ਖੁਲ੍ਹੇ ਸੋਤ, ਉਪਜੇ ਧੁਨ ਧੁਨੀ ਧੁਨਕਾਨਿਆ । ਸੁਰਤੀ ਸੁਰਤ ਮਨ ਲਿਆ ਮੋਹਤ, ਮਿਲਿਆ ਨਾਮ ਸ੍ਰੀ ਭਗਵਾਨਿਆ । ਮਿਲੇ ਮੇਲ ਨਿਰੰਜਣ ਜੋਤ, ਦੀਪਕ ਜਗੇ ਦੋ ਜਹਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋਹੰ ਅੱਖਰ ਜਗਤ ਵੱਖਰ, ਗੁਰਮੁਖਾਂ ਦੇਵੇ ਦਾਨ ਸੱਚਾ ਦਾਨਿਆ । ਦੇਵੇ ਦਾਨ ਦਾਨ ਨਿਧਾਨ । ਹੱਥ ਨਾ ਆਵੇ ਪਵਣ ਪਾਣੀ ਮਸਾਣ । ਪੜ੍ਹ ਪੜ੍ਹ ਥੱਕੇ ਵੇਦ ਪੁਰਾਨ । ਪੰਡਤ ਪਾਂਧੇ ਥੱਕੇ ਮਾਂਦੇ ਆਤਮ ਆਂਧੇ, ਮਿਲਿਆ ਮੇਲ ਨਾ ਹਰਿ ਭਗਵਾਨ । ਮਾਇਆ ਬਾਂਧੇ ਭਰਮ ਭੁਲਾਂਦੇ, ਆਉਂਦੇ ਜਾਂਦੇ ਉਠਦੇ ਵੇਖਣ ਕਰ ਧਿਆਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ ਮੇਲ ਮਿਲਾਵਾ ਆਪੇ ਜਾਪੇ ਕਰੇ ਆਣ ।

### ★ ੧੪ ਭਾਦਰੋਂ ੨੦੧੨ ਬਿਕ੍ਰਮੀ ਮੱਸਾ ਸਿੰਘ ਦੇ ਗ੍ਰਿਹ ਪਿੰਡ ਨੌਰੰਗਾਬਾਦ ਜ਼ਿਲਾ ਅੰਮ੍ਰਿਤਸਰ ★

ਸਾਗਰ ਤਨ ਅਪਾਰ ਵਡ ਸਮੁੰਦਰਾ । ਮਨ ਫਿਰੇ ਅੱਧ ਵਿਚਕਾਰ, ਵਡੀ ਕੁੰਦਰਾ । ਤਨ ਹੋਏ ਚਾਰ ਦਿਵਾਰ, ਬਣੇ ਉਚਾ ਸੁੱਚਾ ਮੰਦਰਾ । ਸਾਚੀ ਜੋਤ ਹਰਿ ਪਸਾਰ । ਕਰੇ ਖੇਲ ਸਰਬ ਮੰਦਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪਾਏ ਸ਼ਬਦ ਤਨ ਸ਼ਿੰਗਾਰ ਸਾਚੀ ਮੁੰਦਰਾ । ਸਾਗਰ ਕਾਇਆ ਤਾਲ ਵਸਤ ਅਮੋਲਿਆ । ਅੰਮ੍ਰਿਤ ਗਾਗਰ ਰੱਖੀ ਭਾਲ, ਵਿਚ ਅਡੋਲਿਆ । ਆਪੇ ਰਿਹਾ ਸੁਰਤ ਸੰਭਾਲ, ਸਾਜਨ ਸਾਚਾ ਆਪੇ ਬੋਲਿਆ । ਆਪੇ ਸ਼ਾਹ ਆਪੇ ਕੰਗਾਲ, ਦਰ ਦਵਾਰਾ ਸਾਚਾ ਖੋਲ੍ਹਿਆ । ਦੇਵਣਹਾਰ ਸੱਚਾ ਧਨ ਮਾਲ, ਪੂਰਾ ਤੋਲ ਹਰਿ ਜਨ ਤੋਲਿਆ ।

ਆਪੇ ਲੱਭੇ ਅਨਮੁਲੜੇ ਲਾਲ, ਕਾਇਆ ਸਾਗਰ ਤਨ ਵਿਰੋਲਿਆ । ਕਵਣ ਪਿਆਰਾ ਮਾਰੇ ਉਛਾਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਭਾਗ ਲਗਾਏ ਕਾਇਆ ਚੋਲਿਆ । ਤਨ ਕਾਇਆ ਕਾਇਆ ਤਨ, ਰਤੀ ਰਤ ਉਪਾਇਆ । ਮਨੂਆ ਮਨ ਦਿਤਾ ਬੰਨ੍ਹ, ਅੱਧਵਿਚਕਾਰ ਟਿਕਾਇਆ । ਬੁੱਧੀ ਮਤ ਰਿਹਾ ਡੰਨ, ਭਰਮਾਂ ਖੇਲ ਰਚਾਇਆ । ਆਪ ਦਿਸਾਏ ਅੰਦਰ ਅੰਧ, ਕਿਸੇ ਦਿਸ ਨਾ ਆਇਆ । ਹੱਡ ਮਾਸ ਨਾੜੀ ਕੀਆ ਬੰਦ, ਲਹੂ ਮਿੱਝ ਪੜਦਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਰਚਨਾ ਰਿਹਾ ਰਚਾਇਆ । ਕਾਇਆ ਸਾਗਰ ਸਿੰਧ, ਵਹਿਣ ਵਹੰਨਿਆ । ਆਪ ਉਪਜਾਈ ਸਾਚੀ ਬਿੰਦ, ਸਾਚਾ ਖੇਲ ਆਪ ਕਰੰਨਿਆ । ਜੋਤੀ ਧਾਰੀ ਹਰਿ ਮਰਗਿੰਦ, ਘੜੇ ਘੜਾਏ ਭਾਂਡੇ ਵਨ ਸੁਵੰਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਆਪਣੇ ਨਾਲ ਮੰਨਿਆ । ਆਪਣਾ ਆਪ ਗਿਆ ਮੰਨ । ਭਾਗ ਲਗਾਏ ਕਾਇਆ ਤਨ । ਜੋਤ ਟਿਕਾਏ ਲਾਏ ਸੰਨ੍ਹ । ਸ਼ਬਦ ਸੁਣਾਏ ਰਾਗ ਕੰਨ । ਕੰਨ ਜਣਾਏ ਆਤਮ ਮਨ । ਆਤਮ ਮਨ ਭਰਮ ਗਵਾਏ, ਬੇੜਾ ਅੰਦਰ ਦੇਵੇ ਬੰਨ੍ਹ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਚੜ੍ਹਾਏ ਸਾਚਾ ਚੰਨ । ਜੋਤ ਧਰ ਕਰ ਪਰਕਾਸ਼ । ਅੰਦਰ ਵੜ ਸਾਚੇ ਗੜ੍ਹ, ਉਪਰ ਚੜ੍ਹ ਰਹੇ ਉਦਾਸ । ਆਪ ਆਪਣਾ ਫੜ ਲੜ, ਰੱਖੇ ਵਾਸ ਨਾੜੀ ਨਾੜ । ਆਵੇ ਜਾਵੇ ਚਲੇ ਚਲਾਵੇ ਸਵਾਸ ਸਵਾਸ, ਮਾਇਆ ਅਗਨੀ ਗਈ ਰੁੜ੍ਹ । ਦਿਸ ਨਾ ਆਇਆ ਸੀਸ ਧੜ, ਸਾਚੇ ਮੰਦਰ ਬੈਠਾ ਵੜ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚੀ ਰੰਗਣ ਰਿਹਾ ਰੰਗਾਇਆ । ਅੰਦਰ ਵੜ ਕਰਿਆ ਉਹਲਾ । ਕੋਈ ਨਾ ਸਕੇ ਜੀਵ ਫੜ, ਵੇਖ ਵਖਾਣੇ ਕਾਇਆ ਚੋਲਾ । ਨਾ ਕੋਈ ਚੋਟੀ ਨਾ ਕੋਈ ਜੜ੍ਹ, ਨਾ ਡੁਲਾਏ ਪਵਣ ਝਕੋਲਾ । ਸਚ ਦਵਾਰੇ ਰਿਹਾ ਖੜ੍ਹ, ਸ਼ਬਦ ਸੁਣਾਏ ਸਾਚਾ ਬੋਲਾ । ਦਸਮ ਦਵਾਰੀ ਬੈਠਾ ਚੜ੍ਹ, ਆਦਿ ਅੰਤ ਕਦੇ ਨਾ ਡੋਲਾ । ਆਪ ਆਪਣਾ ਲਿਆ ਘੜ੍ਹ, ਜੋਤੀ ਜੋਤ ਸਰੂਪ ਹਰਿ, ਨਿਰਮਲ ਜੋਤੀ ਨੂਰ ਕਰ, ਆਪ ਆਪਣੇ ਵਸੇ ਕੋਲਾ । ਵਸੇ ਕੋਲ ਕਰੇ ਕਲਿਆਣ । ਹਰਿਜਨ ਪੜਦੇ ਦੇਵੇ ਖੋਲ੍ਹ, ਇਕ ਚੜ੍ਹਾਏ ਸ਼ਬਦ ਬਿਬਾਣ । ਮਨਮੁਖ ਸੁੱਤੇ ਪੈਰ ਪਸਾਰ, ਮਾਇਆ ਸੁਝਾ ਪੀਣ ਖਾਣ । ਗੁਰਮੁਖ ਨਾਮ ਰਹੇ ਵਿਰੋਲ, ਜੋਤੀ ਜੋਤ ਸਰੂਪ ਹਰਿ, ਨਿਰਮਲ ਜੋਤੀ ਮਾਰ ਕਰ, ਮੇਲ ਮਿਲਾਏ ਗੁਣ ਨਿਧਾਨ । ਮਨ ਚਤੁਰ ਜਗਤ ਸੁਜਾਨ । ਜਗਤ ਜੁਗਤ ਜੀਵ ਜਹਾਨ । ਗੁਰਮੁਖ ਵਿਰਲਾ ਪਾਵੇ ਮੁਕਤ, ਚਰਨ ਕਵਲ ਪ੍ਰਭ ਕਰ ਧਿਆਨ । ਜੋਤੀ ਜੋਤ ਸਰੂਪ ਹਰਿ, ਜੋਤੀ ਨੂਰ ਮਾਤ ਕਰ, ਆਪੇ ਦੇਵੇ ਜੀਆ ਦਾਨ । ਜੀਆ ਦਾਨ ਗੁਰਦੇਵਾ । ਪੀਣ ਖਾਣ ਨਾਮ ਰਸ ਅੰਮ੍ਰਿਤ ਮੇਵਾ । ਆਵਣ ਜਾਵਣ ਕੱਟ ਫੱਟ ਹਰਿ ਦਰਸ਼ਨ ਸੇਵਾ । ਜੋਤੀ ਖੇਲ ਘੱਟ ਘੱਟ ਵੇਖ, ਵਖਾਣੇ ਕਾਇਆ ਮੱਟ, ਗਾਏ ਰਸਨਾ ਸਾਚੀ ਜਿਹਵਾ । ਦਰ ਦਵਾਰਾ ਤੀਰਥ ਤੱਟ, ਸ਼ਬਦ ਵਣਜਾਰਾ ਵੇਖੇ ਹੱਟ, ਕੌਸਤਕ ਮਨੀਆ ਬਣ ਵਣਜਾਰਾ । ਆਤਮ ਰਸ ਲਈਏ ਚੱਟ, ਜੋਤੀ ਜੋਤ ਸਰੂਪ ਹਰਿ, ਜੋਤੀ ਨੂਰ ਮਾਤ ਧਰ, ਇਕ ਕਰਾਏ ਵਣਜ ਵਪਾਰਾ । ਵਣਜ ਵਪਾਰ ਹਰਿ ਕਰਾਇਆ । ਕਰ ਕਰ ਮਾਤ ਵਿਚਾਰ, ਗੁਰਮੁਖ ਸੇਵਾ ਲਾਇਆ । ਗੁਰਮੁਖ ਸਾਚਾ ਸੇਵਾਦਾਰ, ਦਰ ਘਰ ਸਾਚੇ ਆਪ ਸੁਹਾਇਆ । ਦਰ ਘਰ ਸੋਹੇ ਸਚ ਦਰਬਾਰ, ਦਰਗਾਹ ਸਾਚੀ ਨਾਉਂ ਧਰਾਇਆ । ਦਰ ਘਰ ਸਾਚੀ ਜੋਤੀ ਨਿਰੰਕਾਰ, ਆਪ ਆਪਣਾ ਮੇਲ ਮਿਲਾਇਆ । ਮਿਲੇ ਮੇਲ ਪੁਰਖ ਅਪਾਰ, ਆਵਣ ਜਾਵਣ ਗੇੜ ਕਟਾਇਆ । ਮਾਨਸ ਜਨਮ ਨਾ ਆਈ ਹਾਰ, ਬੇੜਾ ਆਪਣਾ ਬੰਨ੍ਹ ਵਖਾਇਆ ।



੨੭੨ ੦੫

ਮਿਲਿਆ ਮੇਲ ਸੱਚੀ ਸਰਕਾਰ, ਸਾਚੇ ਰਾਮ ਵਿਚ ਸਮਾਇਆ । ਜੋਤੀ ਜੋਤ ਸਰੂਪ ਹਰਿ, ਨਿਰਮਲ ਜੋਤੀ ਮਾਤ ਧਰ, ਕਰਮੀ ਆਪਣਾ ਕਰਮ ਕਮਾਇਆ । ਕਰਮ ਕਰਾਵਣਹਾਰ, ਕਾਜ ਰਚਾਇਆ । ਪਤਤ ਪਾਵਨ ਪਾਰ ਉਤਾਰਨਹਾਰ, ਸਾਜਨ ਆਪ ਅਖਵਾਇਆ । ਸਾਚਾ ਸ਼ਬਦ ਉਚਾਰਨਹਾਰ, ਸੋਹੰ ਅੱਖਰ ਰਿਹਾ ਪੜ੍ਹਾਇਆ । ਜੋਤੀ ਜੀਆ ਜੰਤ ਅਧਾਰ, ਦੀਪਕ ਜੋਤੀ ਰਿਹਾ ਜਗਾਇਆ । ਸਾਧਾਂ ਸੰਤਾਂ ਕਰ ਵਿਚਾਰ, ਗੁਰਸਿਖਾਂ ਰਿਹਾ ਵਡਿਆਇਆ । ਦੇਵੇ ਨਾਮ ਅਪਰ ਅਪਾਰ, ਦੋ ਜਹਾਨੀ ਸੰਗ ਨਿਭਾਇਆ । ਮੇਲ ਮਿਲਾਵਾ ਮੀਤ ਮੁਰਾਰ, ਸਦਾ ਸਦ ਰੱਖੇ ਠੰਡੀ ਛਾਇਆ । ਕਰਿਆ ਵਣਜ ਸੱਚਾ ਵਪਾਰ, ਗੀਤ ਗੋਬਿੰਦਾ ਰਸਨਾ ਗਾਇਆ । ਮਾਨਸ ਦੇਹੀ ਲਾਹਿਆ ਭਾਰ, ਸਾਚੇ ਬੰਸਾ ਵਿਚ ਸਮਾਇਆ । ਮਾਇਆ ਰਾਣੀ ਤੁਟਾ ਬੁਖਾਰ, ਹਉਮੇ ਹੰਗਤਾ ਰੋਗ ਗਵਾਇਆ । ਧਰਮ ਰਾਏ ਨਾ ਮੰਗੇ ਉਧਾਰ, ਲੋਕਮਾਤ ਕਰਜ ਚੜ੍ਹਾਇਆ । ਮਿਲਿਆ ਵਰ ਸੱਚੇ ਦਰਬਾਰ, ਗੁਰ ਪੂਰੇ ਸਰਨੀ ਲਾਇਆ । ਆਪ ਉਠਾਏ ਭੁਜਾ ਪਸਾਰ, ਦਰਗਾਹ ਸਾਚੀ ਦਏ ਵਖਾਇਆ । ਜੋਤ ਜਗਾਏ ਇਕ ਨਿਰੰਕਾਰ, ਸਾਚਾ ਮੰਦਰ ਰਿਹਾ ਸੁਹਾਇਆ । ਸਚ ਸਿੰਘਾਸਣ ਬੈਠ ਦਾਤਾਰ, ਗੁਰਮੁਖ ਪੂਰੇ ਰਿਹਾ ਸਮਝਾਇਆ । ਅਵਣ ਗਵਣ ਹੋਇਆ ਬਾਹਰ, ਅੰਤਮ ਜੋਤੀ ਮੇਲ ਮਿਲਾਇਆ । ਜੋਤੀ ਜੋਤ ਸਰੂਪ ਹਰਿ, ਨਿਰਮਲ ਜੋਤ ਮਾਤ ਧਰ, ਪਤਾਲ ਅਕਾਸ਼, ਅਕਾਸ਼ ਅਕਾਸ਼ਾਂ ਆਪੇ ਬਾਹਰ ਰਹਾਇਆ । ਅਗੰਮ ਰੂਪ ਅਥਾਹ ਬੇਪਰਵਾਹੀਆ । ਆਪੇ ਜਾਣੇ ਆਪਣਾ ਨਾਂ, ਦਿਸ ਕਿਸੇ ਨਾ ਆਈਆ । ਆਪੇ ਚਲੇ ਚਲਾਏ ਆਪਣੇ ਰਾਹ, ਆਪਣੀ ਰਿਹਾ ਬਣਤ ਬਣਾਈਆ । ਦੋ ਜਹਾਨੀ ਏਕਾ ਥਾਂ, ਆਵਣ ਜਾਵਣ ਖੇਲ ਰਚਾਈਆ । ਲੋਕਮਾਤ ਜਨ ਭਗਤਾਂ ਪਕੜੇ ਬਾਂਹ, ਆਦਿ ਅੰਤ ਹੋਏ ਸਹਾਈਆ । ਸਦ ਸੁਹੇਲਾ ਰਖੇ ਠੰਡੀ ਛਾਂ, ਸ਼ਬਦ ਪੜਦਾ ਉਤੇ ਪਾਈਆ । ਆਪੇ ਪਿਤਾ ਆਪੇ ਮਾਂ, ਆਪ ਆਪਣੀ ਗੋਦ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੇ ਵਿਚ ਸਮਾਈਆ । ਆਪ ਆਪਣੇ ਵਿਚ ਸਮਾਇਆ । ਸਾਚਾ ਮੰਦਰ ਕਸੇ ਦਿਸ ਨਾ ਆਇਆ । ਅੰਦਰੇ ਅੰਦਰ ਡੂੰਘੀ ਕੰਦਰ, ਸ਼ਬਦ ਸਿੰਘਾਸਣ ਇਕ ਲਗਾਇਆ । ਜੀਵ ਜੰਤ ਭੌਂਦੇ ਬੰਦਰ, ਪੁਰਖ ਅਬਿਨਾਸ਼ੀ ਕਿਸੇ ਹੱਥ ਨਾ ਆਇਆ । ਗੁਰਮੁਖ ਵਿਰਲੇ ਤੋੜੇ ਜੰਦਰ, ਸ਼ਬਦ ਹਥੌੜਾ ਇਕ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੇ ਰੰਗ ਸਮਾਇਆ । ਰੰਗ ਸਮਾਏ ਰਾਗ, ਭੇਵ ਨਾ ਜਾਣਿਆ । ਰਾਗ ਰੰਗ ਨਾ ਧੋਏ ਦਾਗ਼, ਸੁਘੜ ਸਿਆਣਿਆ । ਸੁਘੜ ਸਿਆਣਾ ਜਾਏ ਜਾਗ, ਮਿਲੇ ਸ਼ਬਦ ਹਰਿ ਮਹਾਨਿਆ । ਹਰਿ ਸ਼ਬਦ ਉਡਾਏ ਕਾਗ, ਹੰਸ ਬਣਾਏ ਜੀਵ ਨਾਦਾਨਿਆ । ਜੀਵ ਨਿਧਾਨੇ ਪਕੜੇ ਵਾਗ, ਜਿਸ ਹੋਏ ਹਰਿ ਮਿਹਰਬਾਨਿਆ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਗੁਰਮੁਖ ਸਾਚਾ ਆਪ ਪਛਾਨਿਆ । ਗੁਰਮੁਖ ਸੰਤ ਪਛਾਣ, ਦਇਆ ਕਮਾਇੰਦਾ । ਸਰਬ ਜੀਆਂ ਘਟ ਜਾਣੀ ਜਾਣ, ਸਾਚੇ ਰੰਗ ਸਮਾਇੰਦਾ । ਏਕਾ ਰੱਖੇ ਸ਼ਬਦ ਬਿਬਾਣ, ਚਾਰੇ ਕੁੰਟਾਂ ਆਪ ਉਡਾਇੰਦਾ । ਅੱਠੇ ਪਹਿਰ ਮਾਰ ਧਿਆਨ, ਹਰਿ ਜਨ ਸੋਏ ਆਪ ਉਠਾਇੰਦਾ । ਆਪ ਚੁਕਾਏ ਜਮ ਕੀ ਕਾਨ, ਲੱਖ ਚੁਰਾਸੀ ਫੰਦ ਕਟਾਇੰਦਾ । ਏਕਾ ਦੇਵੇ ਨਾਮ ਨਿਧਾਨ, ਰਸਨਾ ਜਿਹਵਾ ਗੁਣ ਗੁਣਾਇੰਦਾ । ਚਲੇ ਸ਼ਬਦ ਸੱਚਾ ਨਿਸ਼ਾਨ, ਆਦਿ ਅੰਤ ਜੁਗਾ ਜੁਗੰਤ ਰੰਗ ਮਹੱਲ ਇਕ ਵਖਾਇੰਦਾ । ਭਗਤ ਭਗਵੰਤੇ ਧੁਰ ਦੀ ਬਾਣ । ਮਿਲੇ ਮੇਲ ਸਾਚੇ ਕੰਤੇ, ਦਰਸ ਦਿਖਾਏ ਦਰ ਘਰ ਆਣ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਆਪ ਆਪਣੇ ਰੰਗ ਸਮਾਨ । ਆਪ ਸਮਾਇਆ ਸਚ ਰੰਗ, ਨਾ

ਵੇਖੇ ਰੰਗਾ । ਸ਼ਬਦ ਘੋੜੇ ਕਸ ਤੰਗ, ਸ਼ਬਦ ਫੜ ਹੱਥ ਮਰਦੰਗਾ । ਗੁਰਮੁਖਾਂ ਅੰਦਰ ਵੇਖੇ ਭੁੱਖ ਨੰਗ, ਏਕਾ ਆਸ ਪਿਆਸ ਦਰ ਮੰਗਾ । ਪੰਜਾਂ ਚੋਰਾਂ ਕਰੇ ਭੰਗ, ਭੰਨ ਵਖਾਏ ਕਾਚੀ ਵੰਗਾ । ਆਪ ਨਿਭਾਏ ਆਪਣਾ ਸੰਗ, ਵਡ ਦਾਤਾ ਸੂਰਾ ਸਰਬੰਗ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੇ ਰੰਗਣ ਰੰਗਾ । ਸ਼ਬਦ ਘੋੜੇ ਕਸ ਤੰਗ, ਆਪ ਆਪਣੇ ਰੰਗਣ ਰੰਗਾ । ਰੰਗਣ ਰੰਗ ਮਜੀਠ, ਤਨ ਚੜ੍ਹਾਇੰਦਾ । ਗੁਰਮੁਖ ਵਿਰਲਾ ਲਏ ਡੀਠ, ਨੇਤਰ ਲੋਚਨ ਤੀਜਾ ਆਪ ਖੁਲ੍ਹਾਇੰਦਾ । ਲੱਖ ਚੁਰਾਸੀ ਝੂਠਾ ਪੀਸਣ ਰਹੀ ਪੀਠ, ਨਰ ਨਰਾਇਣ ਦਿਸ ਨਾ ਆਇੰਦਾ । ਆਪੇ ਵੇਖੇ ਪਰਖੇ ਮਿੱਠੇ ਕੌੜੇ ਰੀਠ, ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਕਲਜੁਗ ਤੇਰੀ ਅੰਤਮ ਵਾਰ, ਨਿਹਕਲੰਕ ਸ਼ਬਦ ਡੰਕ ਰਾਓ ਰੰਕ ਏਕਾ ਘਰ ਆਪਣਾ ਆਪ ਵਜਾਇੰਦਾ । ਰਾਓ ਰੰਕ ਸੁਲਤਾਨ ਰਾਜ ਰਾਜਾਨਿਆ । ਜੀਵ ਜੰਤ ਜਹਾਨ ਸਾਧ ਸੰਤ ਨਿਧਾਨ ਨਾ ਕਿਸੇ ਪਛਾਨਿਆ । ਗੁਰਮੁਖ ਵਿਰਲਾ ਚਤੁਰ ਸੁਜਾਨ ਵਡ ਬਲਵਾਨ, ਮਿਲੇ ਮੇਲ ਸ੍ਰੀ ਭਗਵਾਨਿਆ । ਆਤਮ ਜੋਤੀ ਜਗੇ ਮਹਾਨ, ਸ਼ਬਦ ਉਡਾਏ ਸਚ ਉਡਾਨ, ਕਿਰਪਾ ਕਰ ਵਾਲੀ ਦੋ ਜਹਾਨਿਆ । ਦੇਵੇ ਨਾਮ ਪੀਣ ਖਾਣ, ਰਸਨ ਸਵਾਮੀ ਏਕਾ ਗਾਨ, ਸਾਚਾ ਸ਼ਬਦ ਇਕ ਵਖਾਨਿਆ । ਲੱਖ ਚੁਰਾਸੀ ਚੁੱਕੇ ਕਾਨ, ਮਿਲੇ ਘਰ ਸੱਚਾ ਮਕਾਨ, ਦਰਗਾਹ ਸਾਚੀ ਧਾਮ ਸੁਹਾਨਿਆ । ਦਰ ਦਵਾਰੇ ਦੇਵੇ ਮਾਣ, ਭਗਤ ਵਛਲ ਆਪ ਭਗਵਾਨ, ਦਰ ਦਵਾਰੇ ਕਰ ਪਰਵਾਨਿਆ । ਸ਼ਬਦ ਝੁਲਾਏ ਇਕ ਨਿਸ਼ਾਨ, ਦੀਪਾਂ ਲੋਆਂ ਹਰਿ ਹਰਿ ਮਿਹਰਵਾਨ, ਨੌਵਾਂ ਖੰਡਾਂ ਖੇਲ ਮਹਾਨਿਆ । ਆਪੇ ਗੋਪੀ ਆਪੇ ਕਾਹਨ, ਆਪੇ ਵਿਸ਼ਨੂੰ ਬੰਸੀ ਸ੍ਰੀ ਭਗਵਾਨ, ਚਤਰਭੁਜ ਆਪ ਅਖਵਾਨਿਆ । ਆਪੇ ਬ੍ਰਹਮਾ ਖੋਲ੍ਹ ਦੁਕਾਨ, ਆਪੇ ਸ਼ਿਵ ਸ਼ੰਕਰ ਕਰੇ ਧਿਆਨ, ਸੁਰਪਤ ਰਾਜਾ ਇੰਦ ਇੰਦ ਇੰਦਰਾਸਣ ਵੇਖ ਕਰੇ ਪਛਾਣਿਆ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਕਰੇ ਖੇਲ ਮਾਤ ਮਹਾਨਿਆ । ਲੋਕਮਾਤ ਮਾਤ ਅਵਤਾਰਾ । ਧਰਤ ਮਾਤ ਹਰਿ ਸੁਣ ਪੁਕਾਰਾ । ਕਲਜੁਗ ਹੋਏ ਅੰਧੇਰੀ ਰਾਤ, ਚਾਰੋਂ ਕੁੰਟ ਧੁੰਦੂਕਾਰਾ । ਕੋਈ ਨਾ ਪੁਛੇ ਕਿਸੇ ਵਾਤ, ਗਊ ਗਰੀਬਾਂ ਹਾਹਾਕਾਰਾ । ਨਾ ਕੋਈ ਪਿਤਾ ਨਾ ਕੋਈ ਮਾਤ, ਪੁੱਤਰ ਧੀ ਨਾ ਕੋਈ ਪਿਆਰਾ । ਏਕਾ ਝਗੜਾ ਜ਼ਾਤ ਪਾਤ, ਦਰ ਦਰ ਘਰ ਘਰ ਹੋਏ ਖੁਆਰਾ । ਕੋਈ ਨਾ ਜਾਣੇ ਸਾਚੀ ਗਾਥ, ਕਲਜੁਗ ਤੇਰੀ ਅੰਤਮ ਵਾਰਾ । ਕੋਈ ਨਾ ਮਿਲੇ ਸਾਚਾ ਰਾਥ, ਤੁਰ ਤੁਰ ਥੱਕੇ ਜੀਵ ਜੰਤ ਗਵਾਰਾ । ਕੋਈ ਨਾ ਲਿਖੇ ਸਾਚੇ ਲੇਖ ਮਸਤਕ ਮਾਥ, ਹਰਿਜਨ ਰੋਵੇ ਕਰ ਕਰ ਪਿਆਰਾ । ਅੰਤਮ ਸੀਆਂ ਸਾਢੇ ਤਿੰਨ ਹਾਥ, ਨਾ ਕੋਈ ਦੀਸੇ ਸ਼ਾਹਦਾਰਾ । ਗੁਰਮੁਖ ਵਿਰਲੇ ਸਗਲ ਵਸੂਰੇ ਜਾਇਣ ਲਾਥ, ਅੰਤਰ ਮੁਖ ਨਰ ਨਿਰੰਕਾਰਾ । ਮਿਲੇ ਮੇਲ ਤ੍ਰੈਲੋਕੀ ਨਾਥ, ਹਰਿ ਹਰਿ ਸਾਜਨ ਮੀਤ ਮੁਰਾਰਾ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਭਗਤ ਕਰਾਏ ਏਕਾ ਨਾਮ ਵਣਜ ਵਪਾਰਾ । ਹਰਿ ਵਣਜਾਰਾ, ਆਪ ਵਣਜ ਕਰਾਇੰਦਾ । ਗੁਰਮੁਖਾਂ ਕਰ ਪਿਆਰਾ, ਝੋਲੀ ਪਾਇੰਦਾ । ਆਤਮ ਜੋਤੀ ਨੂਰ ਕਰ ਉਜਿਆਰਾ, ਦੀਪਕ ਜੋਤੀ ਇਕ ਜਗਾਇੰਦਾ । ਦੂਈ ਦਵੈਤੀ ਮੇਟੇ ਧੁੰਦੂਕਾਰਾ, ਸਚ ਪਰਕਾਸ਼ ਅਕਾਸ਼ ਕਰਾਇੰਦਾ । ਨਾਤਾ ਤੁਟੇ ਪੰਚਮ ਯਾਰਾਂ, ਦਰ ਦਵਾਰਾ ਖੋਲ੍ਹ ਵਖਾਇੰਦਾ । ਪਵਣ ਦੇਵੇ ਠੰਡੀ ਠਾਰਾ, ਸ਼ਬਦ ਸਵਾਸੀ ਇਕ ਚਲਾਇੰਦਾ । ਸਾਚਾ ਸ਼ਬਦ ਦਏ ਹੁਲਾਰਾ, ਸਾਚੇ ਦਰ ਆਪ ਬਹਾਇੰਦਾ । ਸਾਚਾ ਵਰ ਸੱਚੀ ਸਰਕਾਰਾ, ਅਗਿਆਨ ਅੰਧੇਰ ਸਰਬ ਮਿਟਾਇੰਦਾ । ਅਸਥਿਲ ਦਿਸੇ ਇਕ ਚੁਬਾਰਾ, ਚਾਰ ਦਿਵਾਰਾ ਕੋਈ ਨਜ਼ਰ ਨਾ ਆਇੰਦਾ । ਜੋਤੀ ਜਗੇ ਅਗੰਮ ਅਪਾਰਾ, ਰੂਪ ਸਰੂਪ ਕੋਈ ਦਿਸ ਨਾ ਆਇੰਦਾ । ਸੁਣੇ

੨੭੪
੦੫

ਪੁਕਾਰ ਸਰਬ ਸੰਸਾਰਾ, ਸਾਚਾ ਭੂਪ ਵਿਚ ਸਮਾਇੰਦਾ । ਉਪਜੇ ਧੁਨ ਸੱਚੀ ਧੁਨਕਾਰਾ, ਸ਼ਬਦ ਅਨਾਹਦ ਇਕ ਵਜਾਇੰਦਾ । ਰਾਗ ਛਤੀਸਾ ਪਾਰ ਕਿਨਾਰਾ, ਭੇਵ ਕੋਇ ਨਾ ਪਾਇੰਦਾ । ਸੁਨ ਅਗੰਮੇ ਦਿਸੇ ਬਾਹਰਾ, ਏਕੰਕਾਰਾ ਦੇਸ ਸੁਹਾਇੰਦਾ । ਓਅੰਕਾਰਾ ਸਾਚੀ ਧਾਰਾ, ਆਪਣੀ ਰਚਨਾ ਆਪ ਰਚਾਇੰਦਾ । ਆਪੇ ਆਪਣਾ ਕਰ ਪਸਾਰਾ, ਆਪਣਾ ਆਪ ਵਿਚ ਟਿਕਾਇੰਦਾ । ਜੋਤੀ ਨਿਰਮਲ ਕਰ ਉਜਿਆਰਾ, ਸੂਰਜ ਚੰਦ ਕੋਈ ਦਿਸ ਨਾ ਆਇੰਦਾ । ਆਪ ਅਪਰੰਪਰ ਅਪਰ ਅਪਾਰਾ, ਪਾਰਬ੍ਰਹਮ ਹਰਿ ਅਖਵਾਇੰਦਾ । ਕੋਇ ਨਾ ਜਾਣੇ ਹਰਿ ਕਿਨਾਰਾ, ਕਵਣ ਦਵਾਰਾ ਆਪ ਅਪਰੰਪਰ ਖੇਲ ਰਚਾਇੰਦਾ । ਆਪਣਾ ਆਪ ਲਏ ਅਵਤਾਰਾ, ਆਪ ਆਪਣੇ ਵਿਚ ਸਮਾਇੰਦਾ । ਲੋਕਮਾਤ ਖੇਲ ਨਿਆਰਾ, ਗੁਰ ਪੀਰ ਪੀਰ ਗੁਰ ਜਗਤ ਧਰਾਇੰਦਾ । ਸ਼ਬਦ ਦੇਵੇ ਹੱਥ ਤੀਰ, ਵਾਰੋ ਵਾਰ ਚਲਾਇੰਦਾ । ਆਪ ਬੈਠਾ ਰਹੇ ਅਖ਼ੀਰ, ਧੀਰ ਇਕ ਧਰਾਇੰਦਾ । ਲੋਆਂ ਪੁਰੀਆਂ ਆਪੇ ਚੀਰ, ਅਠੇ ਪਹਿਰ ਵਹੀਰ ਪਾਇੰਦਾ । ਜੁਗ ਜੁਗ ਕਰੇ ਅੰਤ ਅਖ਼ੀਰ, ਭੇਖਾਧਾਰੀ ਭੇਖ ਵਟਾਇੰਦਾ । ਕਲਜੁਗ ਤੇਰੇ ਲੱਥੇ ਚੀਰ, ਨਿਹਕਲੰਕੀ ਡੰਕ ਵਜਾਇੰਦਾ । ਬੇਮੁਖਾਂ ਕੱਢੇ ਆਤਮ ਹਉਮੇ ਪੀੜ, ਸ਼ਬਦ ਬੀੜਾ ਇਕ ਉਠਾਇੰਦਾ । ਜਨ ਭਗਤਾਂ ਕਟੇ ਅੰਤਮ ਭੀੜ, ਅੰਮ੍ਰਿਤ ਸੀਰ ਮੁਖ ਚੁਆਇੰਦਾ । ਨਾ ਕੋਈ ਜਾਣੇ ਸ਼ਾਹ ਹਕੀਰ, ਦਸਤਗੀਰ ਸਰਬ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਕਲਜੁਗ ਰੇਖ ਵੇਖ ਹਰਿ, ਆਪਣਾ ਭਾਣਾ ਆਪਣੇ ਹੱਥ ਰਖਾਇੰਦਾ । ਗੁਰਮੁਖ ਰਤ ਸਤਿ ਉਬਾਲ । ਪੰਚਮ ਤੱਤ ਛੁਟੇ ਜੰਜਾਲ । ਗੁਰਮਤ ਗੁਰਮਤ ਗੁਰਮਤ ਨਿਭੇ ਨਾਲ । ਧੀਰਜ ਜਤ ਧਰਤ ਮਾਤ ਆਪੇ ਲਏ ਸੰਭਾਲ । ਵੇਲੇ ਅੰਤਮ ਰਖੇ ਪਤਿ, ਚਰਨ ਪ੍ਰੀਤੀ ਬੰਨ੍ਹੇ ਨਤ, ਧੁਰ ਦਰਗਾਹੀ ਸ਼ਬਦ ਦਲਾਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਆਪ ਜਗਾਏ, ਵੇਖ ਵਖਾਣੇ ਅਨਮੁੱਲੜੇ ਲਾਲ । ਲਾਲ ਅਨਮੁਲੜਾ ਹਰਿ ਹਰਿ ਭਾਲ । ਆਪੇ ਬਣੇ ਦਰ ਦਰ ਦਲਾਲ । ਬਣਿਆ ਰਹੇ ਸਦਾ ਸਦਾ ਸ਼ਾਹ ਕੰਗਾਲ । ਜੁਗੋ ਜੁਗ ਜਗਤ ਪਿਤ ਨਿੱਤ ਨਵਿੱਤ ਭਗਤਨ ਹਿੱਤ ਚਲੇ ਚਲਾਏ ਅਵੱਲੜੀ ਚਾਲ । ਮਾਨਸ ਦੇਹੀ ਲੈਣੀ ਜਿਤ, ਨਾ ਕੋਈ ਵਾਰ ਕੋਈ ਥਿਤ, ਦੀਪਕ ਜੋਤੀ ਜਗੇ ਮਸਤਕ ਸਾਚੇ ਥਾਲ । ਅੰਮ੍ਰਿਤ ਆਤਮ ਲੈਣਾ ਸਿਤ, ਹਰਿਆ ਹੋਵੇ ਕਾਇਆ ਖੇਤ, ਸੋਹੰ ਬੀਜ ਸਾਚਾ ਲਗੇ ਫਲ ਕਾਇਆ ਡਾਲ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਤੋੜੇ ਕਾਲ ਜੰਜਾਲ । ਹੱਥ ਸਮਰਥ ਸਿਰ ਦਾਤਾਰ । ਸ਼ਬਦ ਚੜ੍ਹਨਾ ਸਾਚੇ ਰਥ, ਆਪ ਆਪਣੀ ਕਰ ਵਿਚਾਰ । ਸਗਲ ਵਸੂਰੇ ਜਾਇਣ ਲਥ, ਮਿਲੇ ਮੇਲ ਨਰ ਨਿਰੰਕਾਰ । ਪੰਜਾਂ ਚੋਰਾਂ ਰਿਹਾ ਮਥ, ਸ਼ਬਦ ਫੜ ਹੱਥ ਕਟਾਰ । ਏਕਾ ਮਿਲੇ ਸਾਚੀ ਵਥ, ਸੋਹੰ ਸ਼ਬਦ ਰਸਨ ਜੈਕਾਰ । ਕਲਜੁਗ ਕਥਾ ਅਕਥਨਾ ਅਕਥ, ਗੁਰਮੁਖ ਵਿਰਲਾ ਪਾਏ ਸਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਬਖ਼ਸ਼ੇ ਚਰਨ ਪਿਆਰ । ਮਤ ਮਨ ਬੁੱਧ ਤੱਤ ਸਮਾਇਆ । ਕਾਮ ਕਰੋਧ ਲੋਭ ਮੋਹ ਹੰਕਾਰ ਪੰਜੇ ਕਰਨ ਯੁੱਧ, ਕਾਇਆ ਅਖਾੜਾ ਇਕ ਰਚਾਇਆ । ਆਪੇ ਵੇਖੇ ਸ਼ਬਦ ਘੋੜੇ ਚੜ੍ਹ ਕੁੱਦ, ਉਚਾ ਆਸਣ ਲਾਇਆ । ਮਨਮੁਖ ਜੀਵਾਂ ਲੈਣ ਨਾ ਦੇਵੇ ਸੁੱਧ, ਮਾਇਆ ਪੜਦਾ ਪਾਇਆ । ਗੁਰਮੁਖ ਵਰੋਲੇ ਪਾਣੀ ਦੁੱਧ, ਦਸਵੇਂ ਘਰ ਵਸਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਰਥ ਰਥਵਾਹੀ ਆਪ ਅਖਵਾਇਆ । ਪੰਜ ਤੱਤ ਤਨ ਅਪਾਰਿਆ । ਮਨ ਮਤ ਬੁੱਧ ਕਰੇ ਪਿਆਰਿਆ । ਹਰਿ ਕਾ ਸ਼ਬਦ ਕਰੇ ਸੁਧ, ਜਿਉਂ ਕੰਚਨ ਸੁਹਾਗਾ ਡਾਰਿਆ । ਜੋਤੀ ਜੋਤ ਸਰੂਪ ਹਰਿ,

ਆਪੇ ਵੇਖੇ ਨੇਤਰ ਪੇਖੇ, ਬੈਠ ਸਚ ਸੱਚੇ ਦਰਬਾਰਿਆ । ਸਚ ਦਵਾਰੇ ਹਰਿ ਸਮਾਇਆ । ਆਪਣਾ ਮਹੱਲ ਆਪ ਉਪਾਇਆ । ਆਪੇ ਰੱਖੇ ਸਦਾ ਅਟਲ ਜੀਵ ਜੰਤ ਨਾ ਸਕੇ ਢਾਹਿਆ । ਗੁਰਮੁਖ ਸਾਚਾ ਜਾਏ ਬਲ ਬਲ, ਜਿਸ ਜਨ ਸਾਚੀ ਦਇਆ ਕਮਾਇਆ । ਕਾਇਆ ਅੰਦਰ ਜਲ ਥਲ, ਥਲ ਜਲ ਪਾਰ ਕਰਾਇਆ । ਆਪ ਚਲਾਏ ਰਸਨਾ ਹਲ, ਰਸਨ ਸਵਾਸੀ ਨਾਮ ਜਪਾਇਆ । ਦੀਪਕ ਜੋਤੀ ਜਾਏ ਬਲ, ਨਾਮ ਰਤੀ ਵਿਚ ਟਿਕਾਇਆ । ਨੂਰੀ ਜੋਤ ਮਾਰ ਉਛਲ, ਅਕਾਸ਼ ਪਰਕਾਸ਼ ਇਕ ਕਰਾਇਆ । ਅੰਮ੍ਰਿਤ ਮਿਲਿਆ ਸਾਚਾ ਫਲ, ਸਾਚੇ ਤਨ ਬਾਗ ਸੁਹਾਇਆ । ਗੁਰਮੁਖ ਚੜ੍ਹਿਆ ਉਚੇ ਡਾਲ੍ਹ, ਇਕ ਹਲੂਣਾ ਹੱਥੀਂ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਸੰਤ ਜਨਾਂ ਅੰਮ੍ਰਿਤ ਆਤਮ ਮੁਖ ਚੁਆਇਆ । ਉਚੇ ਫਲ ਲੱਗੇ ਡਾਲ੍ਹੇ । ਗੁਰਮੁਖ ਵਿਰਲਾ ਮਾਰੇ ਛਾਲੇ । ਆਪ ਵਖਾਏ ਦਇਆ ਕਮਾਏ, ਪੂਰਬ ਦਿਸਾ ਅੰਮ੍ਰਿਤ ਤਾਲੇ । ਅੰਮ੍ਰਿਤ ਤਾਲੇ ਪਾਏ ਹਿਸੇ, ਏਕਾ ਮਿਲੇ ਸ਼ਬਦ ਲਾਲੇ । ਸ਼ਬਦ ਲਾਲ ਗੁਰਸਿਖ ਦਲਾਲ, ਮੇਲ ਮਿਲਾਏ ਗੁਰ ਗੋਪਾਲੇ । ਗੁਰ ਗੋਪਾਲ ਜੋਤ ਅਕਾਲ ਆਪੇ ਰੱਖੇ ਨਾਲ ਨਾਲ, ਕਾਇਆ ਮੰਦਰ ਧਰਮਸਾਲੇ । ਧਰਮਸਾਲ ਬੇਮਿਸਾਲ, ਸ਼ਬਦ ਵੱਜੇ ਸੱਚਾ ਤਾਲ, ਸਾਰ ਸੁਰੰਗੇ ਬੇ ਬੇਤਾਲੇ । ਜੋਤੀ ਜੋਤ ਸਰੂਪ ਹਰਿ, ਏਕਾ ਜੋਤੀ ਨੂਰ ਕਰ, ਆਪੇ ਵੇਖੇ ਚਾਰ ਦਵਾਲੇ । ਚਾਰ ਦਵਾਲੇ ਚਾਰ ਦਿਵਾਰ । ਚੌਖਟ ਸੇਜਾ ਹਰਿ ਭਤਾਰ । ਨੇਤਰ ਖੋਲ੍ਹੇ ਹਰਿਜਨ ਤੀਜਾ, ਸ਼ਬਦ ਸਿੰਘਾਸਣ ਵੇਖ ਅਪਾਰ । ਆਤਮ ਬ੍ਰਹਮ ਸਚ ਪਤੀਜਾ । ਪਾਰਬ੍ਰਹਮ ਵੇਖ ਅਕਾਰ । ਪਾਰਬ੍ਰਹਮ ਖੱੜ੍ਹੇ ਦਹਿਲੀਜਾ, ਗੁਰਮੁਖ ਸਾਚਾ ਵੇਖ ਵਿਚਾਰ । ਗੁਰਮੁਖ ਸਾਚੇ ਮਨ ਪਤੀਜਾ, ਮਿਲਿਆ ਮੇਲ ਹਰਿ ਨਿਰੰਕਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖਾਂ ਦੇਵੇ ਏਕਾ ਏਕ ਸ਼ਬਦ ਧਾਰ । ਸ਼ਬਦ ਧਾਰ ਗੁਰਮੁਖ ਅਵੱਲੀ । ਕਰ ਵਿਚਾਰ ਉਤਰੇ ਦੁੱਖ, ਹੋਏ ਸਹਾਈ ਜਲ ਥਲੀ । ਇਕ ਉਡਾਰ ਉਲਟੇ ਰੁਖ਼, ਗਰਭ ਨਿਵਾਸੀ ਫਲੀ ਫੁੱਲੀ । ਸ਼ਬਦ ਸਰੂਪੀ ਸ਼ਾਹੋ ਭੂਪੀ ਆਤਮ ਸੇਜਾ ਦੇਵੇ ਸੁਖ, ਕਰੇ ਕਰਾਏ ਸਚ ਸ਼ਿੰਗਾਰ । ਜੋਤੀ ਜੋਤ ਸਰੂਪ ਹਰਿ, ਗੁਰਮੁਖ ਸਾਚੇ ਦੇਵੇ ਵਰ, ਏਕਾ ਨਾਰੀ ਪੁਰਖ ਭਤਾਰ । ਦੋਵੇਂ ਵਸੇ ਸਾਚੇ ਘਰ, ਆਤਮ ਸੇਜਾ ਹਰਿ ਦਵਾਰ । ਤਨ ਮਨ ਨਾ ਡੋਲੇ ਚਿੱਤ । ਪਾਰਬ੍ਰਹਮ ਮਿਲੇ ਨਿੱਤ ਨਿੱਤ ਨਿੱਤ । ਲੇਖੇ ਲੱਗੇ ਕਾਇਆ ਚੰਮ, ਅੱਠੇ ਪਹਿਰ ਰਹੇ ਜਿੱਤ ਜਿੱਤ ਜਿੱਤ । ਹਰਿ ਦਵਾਰ ਸੁਹੇਲੇ ਸਾਚੇ ਦਮ, ਮਿਲੇ ਮੇਲ ਸਾਚੇ ਹਿੱਤ ਹਿੱਤ ਹਿੱਤ । ਨਾ ਮਰੇ ਨਾ ਜਾਏ ਜੰਮ, ਨਾਤਾ ਤੁੱਟੇ ਕਾਇਆ ਖਿਤ ਖਿਤ ਖਿਤ । ਨੇਤਰ ਨੀਰ ਨਾ ਰੋਏ ਕੋਈ ਛੰਮ ਛੰਮ, ਅੰਮ੍ਰਿਤ ਆਤਮ ਦੇਵੇ ਸਿਤ ਸਿਤ ਸਿਤ । ਨਾ ਖ਼ੁਸ਼ੀ ਨਾ ਕਦੇ ਗ਼ਮ, ਨਰ ਨਿਰੰਕਾਰਾ ਸੱਚਾ ਹਿੱਤ ਹਿੱਤ ਹਿੱਤ । ਆਪੇ ਪਿਤਾ ਅਮੜੀ ਅੰਮ, ਆਪ ਲੇਖੇ ਲਾਏ ਹੱਡ ਮਾਸ ਨਾੜੀ ਰਿਤ ਰਿਤ ਰਿਤ । ਮਿਲੇ ਮੇਲ ਪਾਰਬ੍ਰਹਮ ਸਰੂਪ ਬ੍ਰਹਮ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਬਖ਼ਸ਼ੇ ਨਾਮ ਵਰ, ਮਾਨਸ ਜਨਮ ਗਏ ਜਿੱਤ ਜਿੱਤ ਜਿੱਤ । ਮਾਨਸ ਜਨਮ ਸਵਾਰ ਆਪਾ ਵਾਰਿਆ । ਮਿਲਿਆ ਸੱਚਾ ਬਾਪਾ, ਦੁੱਖ ਨਿਵਾਰਿਆ । ਮਿਟੇ ਤੀਨੋ ਤਾਪਾ, ਭਰਮ ਗਵਾ ਰਿਹਾ । ਇਕ ਜਪਾਇਆ ਸਾਚਾ ਜਾਪਾ, ਕਰਮ ਵਿਚਾਰਿਆ । ਨਾ ਕੋਈ ਪੁੰਨ ਨਾ ਕੋਈ ਪਾਪਾ, ਧਰਮ ਦਵਾਰਿਆ । ਲੋਕਮਾਤ ਵਡ ਪਰਤਾਪਾ, ਗੁਰ ਪੂਰਾ ਆਪ ਕਰਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਬਖ਼ਸ਼ੇ ਨਾਮ ਵਰ, ਧੀਰਜ ਸਤਿ ਸੰਤੋਖ ਦੇ ਮਤ ਆਪ ਸਮਝਾ ਰਿਹਾ । ਮਨ ਡੋਲੇ ਨਾ ਡੋਲੇ ਨਈਆ । ਕਲ ਪੂਰੇ ਤੋਲ ਤੋਲੇ, ਅੰਤਮ ਪਕੜੇ ਬਹੀਆ । ਕਾਇਆ ਮੰਦਰ

ਤਨ ਸਾਚੇ ਬੋਲੇ, ਆਪੇ ਬਣੇ ਸਾਚਾ ਸਈਆ । ਚੁੱਕੀ ਫਿਰੇ ਕਾਇਆ ਡੋਲੇ, ਨਾਮ ਕੁਹਾਰਾ ਆਪ ਅਖਵਈਆ । ਦੇਵੇ ਨਾਮ ਸ਼ਬਦ ਅਨਮੋਲੇ, ਨੈਣ ਨੇਤਰ ਦਰਸ ਕਰਈਆ । ਪੰਜ ਤੱਤ ਰਹੇ ਤਨ ਗੋਲੇ, ਸ਼ਬਦ ਤਾਜ ਸੀਸ ਪਹਿਨਈਆ । ਜਾਪ ਜਪਾਏ ਹੌਲੇ ਹੌਲੇ, ਸਾਚਾ ਰਾਗ ਇਕ ਸੁਣਈਆ । ਉਲਟਾ ਕਰੇ ਨਾਭ ਕਵਲੇ, ਅੰਮ੍ਰਿਤ ਆਤਮ ਮੁਖ ਚਵਈਆ । ਮਿਲੇ ਮਾਣ ਧਰਤ ਧਵਲੇ, ਗੁਰਮੁਖ ਸਾਚਾ ਜਿਸ ਧਾਮ ਸੇਜ ਵਛਈਆ । ਧਰਤ ਸੁਹਾਈ ਅੰਤਮ ਮੌਲੇ, ਨਿਰਮਲ ਜੋਤੀ ਹਰਿ ਜਗਈਆ । ਏਕਾ ਨੂਰ ਆਦਿ ਅਵਲੇ, ਅੰਤ ਸੰਤ ਨਿਸ਼ਾਨ ਮਾਤ ਰਹਿ ਗਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਮੇਲ ਸ਼ਬਦ ਤੇਲ ਏਕਾ ਏਕ ਚੜ੍ਹਈਆ ।।

### ★ ੨੫ ਭਾਦਰੋਂ ੨੦੧੨ ਬਿਕ੍ਰਮੀ ਮਾਤਾ ਬਿਸ਼ਨ ਕੌਰ ਦੇ ਗ੍ਰਿਹ ਪਿੰਡ ਜੇਠੂਵਾਲ ਹਰਿ ਭਗਤ ਦਵਾਰ ★

ਰੂਪ ਅਗੰਮ ਅਪਾਰ ਜੋਤ ਨੁਰਾਨਿਆ । ਜੋਤੀ ਨੂਰ ਹਰਿ ਕਰਤਾਰ, ਸ਼ਬਦ ਧਾਰ ਇਕ ਵਖਾਨਿਆ । ਸ਼ਬਦ ਧਾਰ ਨਰ ਨਿਰੰਕਾਰ, ਪਵਣ ਅਸਵਾਰ ਵਿਚ ਜਹਾਨਿਆ । ਪਵਣ ਅਸਵਾਰ ਸ੍ਰਿਸ਼ਟ ਸਬਾਈ ਰਿਹਾ ਪਸਾਰ, ਲੱਖ ਚੁਰਾਸੀ ਜੀਵ ਜੰਤ ਦੇਵੇ ਇਕ ਨਿਸ਼ਾਨਿਆ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਕਰੇ ਖੇਲ ਵਾਲੀ ਦੋ ਜਹਾਨਿਆ । ਵਾਲੀ ਦੋ ਜਹਾਨ ਖੇਲ ਅਪਾਰਾ । ਸ਼ਬਦ ਝੁਲਾਏ ਇਕ ਨਿਸ਼ਾਨ, ਵਡਾ ਵਡ ਵਿਚ ਸੰਸਾਰਾ । ਲੋਆਂ ਪੁਰੀਆਂ ਪਾਵੇ ਆਣ, ਏਕਾ ਏਕ ਡੰਕ ਵਜਾ ਰਿਹਾ । ਚਾਰੇ ਖਾਣੀ ਕਰ ਵਿਚਾਰ, ਰਾਓ ਰੰਕ ਹਰਿ ਸਮਝਾ ਰਿਹਾ ।

ਰਸਨਾ ਖਿਚੇ ਤੀਰ ਕਮਾਨ, ਸ਼ਾਹ ਸੁਲਤਾਨਾ ਵਹੀਰ ਕਰਾ ਰਿਹਾ । ਦਿਵਸ ਰੈਣ ਅਠੇ ਪਹਿਰ ਨੌਜਵਾਨ, ਜੋਤ ਸਰੂਪੀ ਦਿਸ ਨਾ ਆ ਰਿਹਾ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਕਲਜੁਗ ਅੰਤਮ ਵੇਖ ਹਰਿ, ਬੇਮੁਖ ਜੀਵਾਂ ਕਾਲਾ ਟਿੱਕਾ ਸ਼ਾਹੀ ਮਸਤਕ ਲਾ ਰਿਹਾ । ਮਸਤਕ ਸ਼ਾਹੀ ਕਾਲੀ ਰੇਖ, ਆਪੇ ਲਾਹੇ ਬੇਪਰਵਾਹੀ ਜੋਤੀ ਜਾਮਾ ਧਾਰੇ ਭੇਖ । ਕਲਜੁਗ ਜੀਵਾਂ ਦਿਸੇ ਨਾਹੀ, ਆਪ ਮਿਟਾਏ ਔਲੀਏ ਪੀਰ ਸ਼ੇਖ਼ । ਗੁਰਮੁਖ ਤਾਰੇ ਪਕੜੇ ਬਾਹੀਂ, ਮਸਤਕ ਲਾਏ ਸਾਚੀ ਮੇਖ, ਸਦਾ ਦੇਵੇ ਠੰਡੀਆਂ ਛਾਈਂ, ਆਦਿਨ ਅੰਤਾ ਜੁਗਾ ਜੁਗੰਤਾ ਨਰ ਨਰੇਸ਼ । ਜੋਤੀ ਜਾਮਾ ਸ੍ਰੀ ਭਗਵਾਨਾ, ਕਲਜੁਗ ਤੇਰਾ ਕਾਲਾ ਬਾਣਾ, ਆਪੇ ਵੇਖੇ ਗੋਪੀ ਕਾਹਨਾ, ਨਾ ਕੋਈ ਜਾਣੇ ਬ੍ਰਹਮਾ ਵਿਸ਼ਨ ਮਹੇਸ਼ ਗਣੇਸ਼ । ਬ੍ਰਹਮਾ ਵਿਸ਼ਨ ਮਹੇਸ਼ ਕਲ ਜਣਾਈਆ । ਸ਼ਿਵ ਸ਼ੰਕਰ ਕਰੇ ਆਦੇਸ, ਪ੍ਰਭ ਕਲਜੁਗ ਵੇਸ ਵਟਾਈਆ । ਕਰੋੜ ਤੇਤੀਸਾ ਵੇਖੇ ਸੁਰਪਤ ਰਾਜਾ ਇੰਦ ਕਵਣ ਦਵਾਰੇ ਜੋਤੀ ਜੋਤ ਪਰਵੇਸ਼, ਅਲਖ ਨਿਰੰਜਣ ਏਕਾ ਅਲਖ ਜਗਾਈਆ । ਆਦਿਨ ਅੰਤਾ ਨਾ ਕੋਈ ਮੁੱਛ ਦਾਹੜੀ ਨਾ ਕੇਸ, ਰੂਪ ਰੰਗ ਰੇਖ ਭੇਖ ਕਵਣ ਰਿਹਾ ਉਲਟਾਈਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਵੇਸ ਦਸ ਦਸਮੇਸ਼ ਅਨੇਕ, ਸਾਚੀ ਧਾਰ ਜਗਤ ਕਾਰ ਆਪਣੇ ਹੱਥ ਰਖਾਈਆ । ਆਪਣੇ ਹੱਥ ਰੱਖ ਕਰਤਾਰ, ਲੱਖ ਚੁਰਾਸੀ ਪਾਏ ਨੱਥ ਵਿਚ ਵਰਭੰਡ ਸਰਬ ਸੰਸਾਰ । ਸ਼ਬਦ ਚਲਾਏ ਸਾਚਾ ਰਥ, ਗੁਰਮੁਖ ਚੜ੍ਹਾਏ ਕਿਰਪਾ ਧਾਰ । ਆਤਮ ਦੇਵੇ ਸਾਚੀ ਵੱਥ, ਸੋਹੰ ਅੱਖਰ ਜਗਤ ਵੱਖਰ, ਨੌਂ ਦਵਾਰੇ ਵਸੇ ਬਾਹਰ । ਆਪੇ ਪਾੜੇ ਬਜਰ ਕਪਾਟੀ ਪੱਥਰ, ਦਸਮ ਦਵਾਰੀ ਕਰ ਉਜਿਆਰ । ਨੇਤਰ ਲੋਚਨ ਲੋਇਣ ਕਿਹੜਾ ਅੱਥਰ, ਸੱਥਰ ਲੱਭੇ ਵਿਚ ਬਜਾਰ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਗੁਰਮੁਖ ਸਾਚੇ ਸੰਤ ਉਧਾਰੇ, ਆਪ ਆਪਣੀ

ਕਿਰਪਾ ਧਾਰ । ਕਿਰਪਾ ਧਾਰ ਜੋਤ ਜਗਾਈਆ । ਪਵਣ ਘੋੜੇ ਹੋ ਅਸਵਾਰ, ਗੁਰਮੁਖ ਸਾਚੇ ਰਿਹਾ ਜਗਾਈਆ । ਸ਼ਬਦ ਪਹਿਰ ਤੇਜ ਕਟਾਰ, ਪਹਿਰੇਦਾਰ ਆਪ ਅਖਵਾਈਆ । ਜੋਤੀ ਨੂਰ ਕਰ ਉਜਿਆਰ, ਸਾਚਾ ਰਾਹ ਰਿਹਾ ਵਖਾਈਆ । ਨੌਂ ਦਵਾਰੇ ਬੰਦ ਕਿਵਾੜ, ਦਸਵੇਂ ਧਰਮ ਬੂਝ ਬੁਝਾਈਆ । ਕਲਜੁਗ ਮਾਇਆ ਨਾ ਜਾਏ ਸਾੜ, ਅੰਮ੍ਰਿਤ ਆਤਮ ਸਾਚਾ ਮੁਖ ਚੁਆਈਆ । ਹੋਏ ਉਜਿਆਰ ਨਾੜ ਨਾੜ, ਬਹੱਤਰ ਨਾੜੀ ਡਗਮਗਾਈਆ । ਸ਼ਬਦ ਵੱਜੇ ਕਾੜ ਕਾੜ, ਹੰਕਾਰੀ ਗੜ੍ਹ ਤੋੜ ਵਖਾਈਆ । ਗੁਰਮੁਖਾਂ ਫਿਰੇ ਪਿਛੇ ਅਗਾੜ, ਚਰਨ ਪ੍ਰੀਤੀ ਤੋੜ ਨਿਭਾਈਆ । ਸਾਚੀ ਘੋੜੀ ਦੇਵੇ ਚਾੜ੍ਹ, ਵਾਗ ਆਪਣੇ ਹੱਥ ਰਖਾਈਆ । ਦਰਗਾਹ ਸਾਚੀ ਦੇਵੇ ਵਾੜ, ਧਰਮ ਰਾਏ ਨਾ ਡੰਨ ਲਗਾਈਆ । ਆਪੇ ਪਰਖੇ ਚੰਗੇ ਮਾੜ, ਕਲਜੁਗ ਅੰਤ ਆਪ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਗੁਰਮੁਖ ਸਾਚੇ ਸੰਤ ਸੁਹੇਲੇ ਆਪ ਕਰਾਏ ਆਪਣੇ ਮੇਲੇ, ਬੰਕ ਦਵਾਰਾ ਇਕ ਘਰ ਬਾਹਰਾ ਕਲਜੁਗ ਬੂਝ ਬੁਝਾਈਆ । ਇਕ ਦਵਾਰਾ ਦਰ ਦਰਬਾਰ । ਪੁਰਖ ਅਪਾਰਾ ਖੇਲ ਅਪਾਰ । ਖੇਲ ਨਿਆਰਾ ਵਿਚ ਸੰਸਾਰ । ਸ਼ਬਦ ਅਸਵਾਰਾ ਪਵਣ ਅਧਾਰ । ਲੋਆਂ ਪੁਰੀਆਂ ਏਕਾ ਧਾਰਾ, ਬ੍ਰਹਿਮੰਡ ਖੰਡ ਵਰਭੰਡ ਕਰਾਏ ਆਪਣੀ ਕਾਰ । ਸ਼ਬਦ ਉਠਾਏ ਚੰਡ ਪਰਚੰਡ, ਲੋਆਂ ਪੁਰੀਆਂ ਰਿਹਾ ਵੰਡ, ਨੌਂ ਖੰਡ ਪ੍ਰਿਥਮੀ ਪਾਏ ਸਾਰ । ਵੇਖੇ ਖੇਲ ਹਰਿ ਵਰਭੰਡ, ਲੱਖ ਚੁਰਾਸੀ ਨਾਰ ਰੰਡ, ਸੁਹਾਗੀ ਕੰਤ ਨਾ ਕੋਈ ਹੰਢਾ ਰਿਹਾ । ਦਰ ਦਰ ਘਰ ਘਰ ਭੇਖ ਪਖੰਡ, ਸਾਧਾਂ ਸੰਤਾਂ ਆਤਮ ਹੋਈ ਘਮੰਡ, ਮਾਇਆ ਝੰਡਾ ਕੱਲ ਝੁੱਲਾ ਰਿਹਾ । ਪ੍ਰਭ ਅਬਿਨਾਸ਼ੀ ਵੱਢੇ ਗੰਢ, ਅੰਤਮ ਕਰੇ ਖੰਡ ਖੰਡ, ਧਰਮ ਰਾਏ ਦਰ ਦੇਵੇ ਵੰਡ, ਕੁੰਭੀ ਨਰਕ ਪਵਾ ਰਿਹਾ । ਕਲਜੁਗ ਔਧ ਗਈ ਹੰਢ, ਵੇਲੇ ਅੰਤਮ ਪਾਈ ਵੰਡ, ਭਰਮ ਭੁਲੇਖੇ ਸਰਬ ਭੁਲਾ ਰਿਹਾ । ਪੁਰਖ ਅਬਿਨਾਸ਼ੀ ਪਾਏ ਵੰਡ, ਵੇਖ ਵਖਾਣੇ ਜੇਰਜ ਅੰਡ, ਉਤਭੁਜ ਸੇਹਤਜ ਆਪੇ ਪੜਦਾ ਲਾਹ ਰਿਹਾ । ਬੇਮੁਖਾਂ ਕਲਜੁਗ ਨੰਗੀ ਕੰਡ, ਗੁਰਮੁਖ ਸਾਚੇ ਸੰਤ ਜਨਾਂ ਆਪਣਾ ਲੜ ਫੜਾ ਰਿਹਾ । ਸ਼ਬਦ ਦਾਤ ਵਡ ਕਰਾਮਾਤ ਕਲ ਰਿਹਾ ਵੰਡ, ਸੋਹੰ ਸ਼ਬਦ ਸੁਹਾਗੀ ਗੀਤ ਏਕਾ ਕੰਨ ਸੁਣਾ ਰਿਹਾ । ਬੇਮੁਖਾਂ ਉਠਾਈ ਪਾਪਾਂ ਪੰਡ, ਅੰਤਮ ਅੰਤ ਨਾ ਕੋਈ ਭਾਰ ਵੰਡਾ ਰਿਹਾ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਆਪ ਆਪਣੇ ਵਿਚ ਸਮਾ ਰਿਹਾ । ਆਪ ਆਪਣੇ ਵਿਚ ਸਮੀਪ । ਵੇਖ ਵਖਾਣੇ ਨੌਂ ਖੰਡ ਪ੍ਰਿਥਮੀ ਸੱਤ ਦੀਪ । ਰਾਜੇ ਰਾਣੇ ਭਰਮ ਭੁਲਾਣੇ, ਗੁਰਮੁਖ ਵਿਰਲੇ ਬਖ਼ਸ਼ੇ ਚਰਨ ਪ੍ਰੀਤ । ਬੇਮੁਖ ਜੀਵ ਭੁੰਨੇ ਜਿਉਂ ਭਠਿਆਲੇ ਦਾਣੇ, ਆਪੇ ਪਰਖੇ ਨੀਤ ਅਤੀਤ । ਗੁਰਮੁਖ ਸਾਚੇ ਸੁਘੜ ਸਿਆਣੇ, ਏਕਾ ਗਾਇਣ ਸੁਹਾਗੀ ਗੀਤ, ਚਲੇ ਚਲਾਏ ਆਪਣੇ ਭਾਣੇ, ਕਿਸੇ ਦਿਸ ਨਾ ਆਏ ਗੁਰੂਦਵਾਰੇ ਮੰਦਰ ਮਸੀਤ । ਕਾਇਆ ਮੰਦਰ ਸਚ ਟਿਕਾਣੇ, ਨਰ ਹਰਿ ਸਾਚਾ ਰਾਖੋ ਚੀਤ । ਅੱਠੇ ਪਹਿਰ ਪਵਣ ਬਿਬਾਣੇ, ਅੰਮ੍ਰਿਤ ਧਾਰਾ ਸੀਤਲ ਸੀਤ । ਬਿਨ ਗੁਰ ਪੂਰੇ ਕਵਣ ਪਛਾਣੇ, ਜੀਵ ਜੰਤ ਹੋਏ ਨਿਧਾਨੇ, ਕਲਜੁਗ ਉਲਟੀ ਚਲੀ ਰੀਤ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਰਾਜੇ ਰਾਣੇ ਵੇਖ ਦਰ, ਗੁਰਮੁਖ ਆਤਮ ਵਸੇ ਘਰ, ਮਾਨਸ ਦੇਹੀ ਰਿਹਾ ਜੀਤ । ਦਸਮ ਦਵਾਰੀ ਤਾਕ ਖੋਲ੍ਹ, ਸਾਚਾ ਹੱਟ ਖੁਲ੍ਹਾਇੰਦਾ । ਸ਼ਬਦ ਸਰੂਪੀ ਆਤਮ ਅੰਦਰੇ ਅੰਦਰ ਬੋਲ, ਸਾਚਾ ਵਾਕ ਸ਼ਬਦ ਸੁਣਾਇੰਦਾ । ਪੰਜਾਂ ਚੋਰਾਂ ਹਰਿ ਰੋਕ, ਨੌਂ ਦਵਾਰੇ ਬੰਦ ਕਰਾਇੰਦਾ । ਤਨ ਨਗਾਰੇ ਵਜੇ ਚੋਟ, ਨਾਮ ਮਰਦੰਗਾ ਇਕ ਲਗਾਇੰਦਾ । ਬਹੱਤਰ ਨਾੜੀ ਕੱਢੇ ਖੋਟ, ਅੰਮ੍ਰਿਤ ਸੀਰ ਮੁਖ ਚੁਆਇੰਦਾ । ਗੁਰਮੁਖ ਵਿਰਲਾ ਵਿਚੋਂ ਕੋਟੀ ਕੋਟ, ਕਾਇਆ ਹਉਮੇ ਦੁੱਖ ਗਵਾਇੰਦਾ । ਜੋਤੀ

ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਤਮ ਅੰਧ ਅਗਿਆਨ ਅੰਧੇਰ ਮਿਟਾਇੰਦਾ । ਦਸਮ ਦਵਾਰੀ ਤਾਕੀ ਆਪੇ ਲਾਹਿੰਦਾ । ਗੁਰਮੁਖਾਂ ਚੁਕਾਏ ਲਹਿਣਾ ਦੇਣਾ ਬਾਕੀ, ਧੁਰ ਦਰਗਾਹੀ ਸਚ ਮਲਾਹੀਆ । ਚਿੱਟੇ ਅਸਵ ਚੜ੍ਹਿਆ ਸਾਚੇ ਰਾਕੀ, ਚਾਰੋਂ ਕੁੰਟ ਰਿਹਾ ਭੁਵਾਈਆ । ਨਾ ਕੋਈ ਜਾਣੇ ਬੰਦਾ ਮਾਤ ਖਾਕੀ, ਆਦਮ ਹਵਾ ਦਏ ਦੁਹਾਈਆ । ਪੁਰਖ ਅਬਿਨਾਸ਼ੀ ਪਾਕਨ ਪਾਕੀ, ਪੀਰਨ ਪੀਰਾ ਇਕ ਅਖਵਾਈਆ । ਅੰਮ੍ਰਿਤ ਪਿਆਏ ਸਾਚਾ ਸਾਕੀ, ਤਾਲ ਸੁਹਾਵਾ ਇਕ ਸੁਹਾਈਆ । ਇਕ ਸੁਣਾਏ ਭਵਿਖਤ ਵਾਕੀ, ਕਲਜੁਗ ਕਾਲਾ ਵੇਸ ਵਟਾਈਆ । ਗੁਰਮੁਖਾਂ ਕਰਾਏ ਅੰਦਰੇ ਅੰਦਰ ਝਾਕੀ, ਦੀਪਕ ਜੋਤੀ ਇਕ ਜਗਾਈਆ । ਨੇੜ ਨਾ ਆਏ ਹਾਕਨ ਡਾਕਨ ਡਾਕੀ, ਮਾਈ ਗੌਰਜਾਂ ਦਏ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਸੰਤ ਦੁਲਾਰੇ, ਦਸਮ ਦਵਾਰੇ ਬੂਝ ਬੁਝਾਈਆ । ਆਤਮ ਦਰ ਖੋਲ੍ਹ ਦਵਾਰਾ, ਸਚ ਮਹੱਲ ਵਖਾਈਆ । ਜੋਤ ਨਿਰੰਜਣ ਕਰ ਅਕਾਰ ਸਾਚਾ ਦੀਪਕ ਇਕ ਉਜਿਆਰਾ, ਦਹਿ ਦਿਸ਼ਾ ਹੋਏ ਰੁਸ਼ਨਾਈਆ । ਨਾ ਕੋਈ ਦੀਸੇ ਚਾਰ ਦਿਵਾਰਾ, ਮਹੱਲ ਅਟੱਲ ਇਕ ਅਪਾਰਾ, ਸ਼ਬਦ ਸ਼ਿੰਗਾਰਾ ਨਰ ਹਰਿ ਗਿਰਧਾਰਾ, ਸਾਚਾ ਆਸਣ ਸਾਚੀ ਸੇਜ ਵਿਛਾਈਆ । ਧੁਨੀ ਨਾਦ ਅਪਰ ਅਪਾਰਾ, ਛੱਤੀ ਰਾਗ ਨਾ ਦਏ ਸਹਾਰਾ, ਵੇਦ ਪੁਰਾਨਾਂ ਵਸੇ ਬਾਹਰਾ, ਅੰਜ਼ੀਲ ਕੁਰਾਨ ਦੂਰ ਕਿਨਾਰਾ, ਖਾਣੀ ਬਾਣੀ ਸਾਰ ਨਾ ਪਾਈਆ । ਆਦਿ ਪੁਰਖ ਅਪਰੰਪਰ ਧਾਰਾ, ਜੁਗਾ ਜੁਗੰਤਰ ਸਾਚੀ ਕਾਰਾ, ਕਰ ਕਰ ਵੇਸ ਜੋਤੀ ਭੇਸ ਲੋਕਮਾਤ ਖੇਲ ਰਚਾਈਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਗੁਰਮੁਖ ਸਾਚੇ ਵੇਖ ਹਰਿ, ਆਤਮ ਸਚ ਸਿੰਘਾਸਣ ਬੈਠਾ ਡੇਰਾ ਲਾਈਆ । ਦਸਮ ਦਵਾਰਾ ਹਰਿ ਖੁਲ੍ਹਾਇਆ ਏ । ਪਾਰ ਕਿਨਾਰਾ ਇਕ ਵਖਾਇਆ ਏ । ਅੰਮ੍ਰਿਤ ਧਾਰ ਮੁਖ ਚੁਆਇਆ ਏ । ਨਾ ਕੋਈ ਦੀਸੇ ਠੱਗ ਚੋਰ ਯਾਰ, ਸਾਚਾ ਘਰ ਇਕ ਵਖਾਇਆ ਏ । ਅੱਠੇ ਪਹਿਰ ਜੋਤ ਅਕਾਰ, ਅੰਧ ਅੰਧੇਰਾ ਸਰਬ ਮਿਟਾਇਆ ਏ । ਪਵਣ ਉਡਾਰੀ ਠੰਡੀ ਠਾਰ, ਤੱਤੀ ਵਾਓ ਲੱਗੇ ਨਾ ਰਾਇਆ ਏ । ਨੇੜ ਨਾ ਆਏ ਮੌਤ ਲਾੜ, ਧਰਮ ਰਾਏ ਦਏ ਦੁਹਾਇਆ ਏ । ਗੁਰਮੁਖ ਸ਼ਬਦ ਘੋੜੇ ਚਾੜ੍ਹ, ਆਪਣਾ ਜੋੜ ਜੁੜਾਇਆ ਏ । ਦਰਗਾਹ ਸਾਚੀ ਦੇਵੇ ਵਾੜ, ਲੱਖ ਚੁਰਾਸੀ ਫੰਦ ਕਟਾਈਆ ਏ । ਝੂਠੀ ਦੇਹੀ ਲੋਕਮਾਤ ਜਾਏ ਸਾੜ, ਸਤਾਰਾਂ ਹਾੜੀ ਲੇਖ ਲਿਖਾਇਆ ਏ । ਆਪੇ ਵੇਖੇ ਚੰਗੇ ਮਾੜ, ਭਾਣਾ ਆਪਣੇ ਹੱਥ ਰਖਾਇਆ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਿਤਰ ਗੁਪਤ ਦੇ ਮਤ ਕਲ ਸਮਝਾਇਆ ਏ । ਆਤਮ ਖੋਲ੍ਹ ਦਰ ਦਵਾਰ, ਦਇਆ ਕਮਾਈਆ । ਗੁਰਮੁਖ ਸਾਚੇ ਕਰ ਤਿਆਰ, ਹਰਿ ਜੋਤ ਜਗਾਈਆ । ਨਿਰਮਲ ਜੋਤ ਕਰ ਅਕਾਰ, ਅਗਿਆਨ ਅੰਧੇਰ ਮਿਟਾਈਆ । ਕਾਇਆ ਕਰੇ ਠੰਡੀ ਠਾਰ, ਸੀਤਲ ਧਾਰ ਇਕ ਵਹਾਈਆ । ਮਿਲਿਆ ਮੇਲ ਮੀਤ ਮੁਰਾਰ, ਨਿਰਗੁਣ ਖੇਲ ਹਰਿ ਰਘੁਰਾਈਆ । ਸ਼ਬਦ ਕਰਾਏ ਤਨ ਸ਼ਿੰਗਾਰ, ਆਪ ਆਪਣਾ ਲੜ ਫੜਾਈਆ । ਆਪੇ ਹੋਏ ਪਹਿਰੇਦਾਰ, ਦਰ ਦਰਬਾਨ ਆਪ ਅਖਵਾਈਆ । ਚਿੱਟੇ ਅਸਵ ਹਰਿ ਅਸਵਾਰ, ਚਾਰੋਂ ਕੁੰਟ ਰਿਹਾ ਦੁੜਾਈਆ । ਗੁਰਮੁਖ ਰਹਿਣਾ ਖ਼ਬਰਦਾਰ, ਸ਼ਬਦ ਸੁਨੇਹੜਾ ਰਿਹਾ ਪੁਜਾਈਆ । ਵੇਲਾ ਚੁੱਕੇ ਚਾਰ ਯਾਰ, ਸੰਗ ਮੁਹੰਮਦ ਦਏ ਦੁਹਾਈਆ । ਈਸਾ ਮੂਸਾ ਹੋਏ ਖੁਆਰ, ਨਾ ਦੀਸੇ ਕੋਈ ਸਹਾਈਆ । ਕਲਜੁਗ ਕਾਲਾ ਸੂਸਾ ਕਰ ਤਿਆਰ, ਕਾਲੀ ਚੋਲੀ ਤਨ ਛੁਹਾਈਆ । ਨਾ ਕੋਈ ਸੁਣਾਏ ਕੁਰਾਨ ਹਦੀਸਾ, ਰਾਗ ਛਤੀਸਾ ਮੇਟ ਮਿਟਾਈਆ । ਖੇਲੇ ਖੇਲ ਬੀਸ ਇਕੀਸਾ, ਛਤਰ ਜਗਤ ਜਗਦੀਸਾ ਇਕ ਝੁਲਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ

ਭਗਵਾਨ, ਨਿਹਕਲੰਕ ਨਰਾਇਣ ਨਰ, ਨੌਂ ਖੰਡ ਪ੍ਰਿਥਮੀ ਸੱਤਾਂ ਦੀਪਾਂ ਚਰਨਾਂ ਹੇਠ ਝਸਾਈਆ । ਚਰਨਾਂ ਹੇਠ ਝੱਸੇ ਹਰਿ ਨਿਰੰਕਾਰਿਆ । ਲਾੜੀ ਮੌਤ ਵੇਖ ਖਿੜ ਖਿੜ ਹੱਸੇ, ਕਲਜੁਗ ਖੇਲ ਅਪਾਰਿਆ । ਬੇਮੁਖਾਂ ਰਾਹ ਏਕਾ ਦਸੇ, ਧਰਮ ਰਾਏ ਖੋਲ੍ਹੇ, ਬੰਦ ਕਵਾੜਿਆ । ਗੁਰਮੁਖ ਸਾਚੇ ਦਰ ਦਵਾਰ ਆਇਣ ਨੱਸੇ, ਪ੍ਰਭ ਆਪਣੀ ਗੋਦ ਉਠਾ ਰਿਹਾ । ਸ਼ਬਦ ਤੀਰ ਏਕਾ ਕਸੇ, ਲੱਖ ਚੁਰਾਸੀ ਪਾਰ ਕਰਾ ਰਿਹਾ । ਗੁਰਮੁਖਾਂ ਮਿਟਾਏ ਅੰਧੇਰ ਜਗਤ ਜਗ ਮਸੇ, ਦੀਪਕ ਜੋਤੀ ਆਤਮ ਸਾਚਾ ਚੰਦ ਚੜ੍ਹਾ ਰਿਹਾ । ਨਗਰ ਖੇੜਾ ਏਕਾ ਵਸੇ, ਨਿਹਕਲੰਕ ਡੰਕ ਜਿਸ ਧਾਮ ਵਜਾ ਰਿਹਾ । ਜੀਵ ਜੰਤ ਸਾਧ ਸੰਤ ਜੂਠੀ ਝੂਠੀ ਮਾਇਆ ਫਾਸੀ ਫਸੇ, ਨਾ ਕੋਈ ਅੰਤ ਛੁਡਾ ਰਿਹਾ । ਭਗਤ ਜਨਾਂ ਹਰਿ ਹਿਰਦੇ ਵਸੇ, ਸਾਚਾ ਲੇਖਾ ਇਕ ਲਿਖਾ ਰਿਹਾ । ਅੰਮ੍ਰਿਤ ਆਤਮ ਮਧ ਪੀਣਾ ਸਾਚਾ ਰਸੇ, ਨਿਰਮਲ ਧਾਰ ਮੁਖ ਚੁਆ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੇ ਭਾਣੇ ਆਪ ਸਮਾ ਰਿਹਾ । ਆਪਣੇ ਭਾਣੇ ਹਰਿ ਆਪ ਸਮਾਇਆ, ਦਿਸ ਕਿਸੇ ਨਾ ਆਇਆ, ਭੁੱਲੀ ਕਲ ਲੋਕਾਈਆ । ਸ਼ਬਦ ਤਾਲ ਇਕ ਵਜਾਇਆ । ਰੋਗ ਸੋਗ ਦਏ ਗਵਾਇਆ । ਬੇਮੁਖਾਂ ਗੂੜ੍ਹੀ ਨੀਂਦ ਰਿਹਾ ਸਵਾਇਆ । ਗੁਰਮੁਖ ਵਿਰਲੇ ਕਾਇਆ ਡਾਲ੍ਹ ਫਲ ਲਗਾਇਆ । ਸੋਹੰ ਸਾਚਾ ਮੇਲ ਮਿਲਾਇਆ । ਘਰ ਘਰ ਮੇਲ ਹਰਿ ਨਾ ਮਿਲੇ ਦਲੇਰ, ਕਾਇਆ ਜੰਗਲ ਜੂਹ ਉਜਾੜ ਬੀਆਬਾਨਿਆ । ਨਾ ਕੋਈ ਤੋਲੇ ਧੜੀ ਸੇਰ, ਕਵਣ ਕਰੇ ਅੰਤਮ ਮਿਹਰ, ਹੱਥ ਬੰਨ੍ਹੇ ਸ਼ਬਦ ਗਾਨਿਆ । ਜੋਤੀ ਜੋਤ ਸਰੂਪ ਹਰਿ, ਆਪੇ ਵੇਖੇ ਸਚ ਘਰ, ਦਰ ਦਵਾਰਾ ਜਿਸ ਪਛਾਨਿਆ । ਨੰਨਾ : ਨਾਰ ਸੁਹਾਗ ਨਾ ਕੰਤ ਹੰਢਾਈਆ । ਨਾ ਹੋਇਆ ਜਗਤ ਤਿਆਗ, ਭਰਮੇ ਭੁੱਲੇ ਜੀਵ ਲੋਕਾਈਆ । ਕਾਇਆ ਮੰਦਰ ਨਾ ਲੱਗੇ ਭਾਗ, ਦੀਪਕ ਜੋਤ ਨਾ ਅਜੇ ਜਗਾਈਆ । ਦਸਮ ਦਵਾਰੀ ਨਾ ਸੁਣਿਆ ਰਾਗ, ਧੁਨੀ ਨਾਦ ਨਾ ਕੋਈ ਵਜਾਈਆ । ਹੋਇਆ ਮਜਨ ਨਾ ਸਾਚੇ ਮਾਘ, ਚਰਨ ਧੂੜ ਇਸ਼ਨਾਨ ਨਾ ਕੋਈ ਕਰਾਈਆ । ਕਾਇਆ ਸੋਈ ਨਾ ਗਈ ਜਾਗ, ਹਉਮੇ ਬੁਝੀ ਨਾ ਤ੍ਰਿਸਨਾ ਆਗ, ਅੰਮ੍ਰਿਤ ਧਾਰ ਨਾ ਇਕ ਵਹਾਈਆ । ਅੱਜੇ ਹੰਸ ਨਾ ਹੋਇਆ ਕਾਗ, ਸਚ ਸਰੋਵਰ ਨਾ ਕੋਈ ਨੁਹਾਈਆ । ਕਿਸ ਹੱਥ ਪਕੜੀ ਤੇਰੀ ਵਾਗ, ਸ਼ਬਦ ਘੋੜਾ ਰਿਹਾ ਵਖਾਈਆ । ਕਵਣ ਲੇਖਾ ਲਿਖੇ ਮਸਤਕ ਭਾਗ, ਜੋਤ ਲਿਲਾਟੀ ਦਏ ਜਗਾਈਆ । ਕਵਣ ਧੋਵੇ ਕਾਇਆ ਦਾਗ, ਮਨ ਬੈਰਾਗ ਇਕ ਉਪਜਾਈਆ । ਰਸਨਾ ਆਇਆ ਨਾ ਅੱਜੇ ਸਵਾਦ, ਸਿਦਕ ਸਬੂਰੀ ਭੇਵ ਨਾ ਰਾਈਆ । ਕਾਇਆ ਪਿੰਡ ਪੁਛਾਨਿਆ ਨਾ ਜਾਣਿਆ ਸਚ ਹਰੀ, ਕਵਣ ਮਹੱਲ ਅਟੱਲ ਰਹਾਈਆ । ਮਿਲੇ ਮੇਲ ਮਾਧਵ ਮਾਧ, ਸਚ ਭੂਮਿਕਾ ਧਾਮ ਅਸਥੂਲ ਕੰਤ ਕੰਤੂਹਲ ਦਰ ਦਵਾਰਾ ਇਕ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਚੌਹ ਅੱਖਰ ਵੱਖਰ ਲੇਖਾ ਆਪ ਲਿਖਾਈਆ । ਸੱਸਾ : ਸਤਿਗੁਰ ਸੂਰ ਹਰਿ ਬਲਵਾਨਿਆ । ਘਗਾ : ਘੋੜਾ ਦਿਸੇ ਦੂਰ ਨੌਜਵਾਨਿਆ । ਸੱਸਾ : ਸੁਰਤੀ ਸਾਚੀ ਨੂਰ, ਨੂਰੋ ਨੂਰ ਨੂਰ ਨੁਰਾਨਿਆ । ਘਰ ਬੈਠਾ ਜਾਣੇ ਦੂਰ, ਲੋਕਮਾਤ ਨਾ ਕਿਸੇ ਪਛਾਨਿਆ । ਗੁਰ ਮੰਤਰ ਸ਼ਬਦ ਸਰਬ ਭਰਪੂਰ, ਗੁਰਮੁਖ ਸਾਚੇ ਰਸਨ ਵਖਾਨਿਆ । ਗੁਰ ਪੂਰਾ ਸਾਚਾ ਆਸਾ ਮਨਸਾ ਪੂਰ, ਦੇਵੇ ਨਾਮ ਜਗਤ ਨਿਸ਼ਾਨਿਆ । ਜੋਤੀ ਜੋਤ ਸਰੂਪ ਹਰਿ, ਗੁਰਮੁਖ ਸਾਚੇ ਸੰਤ ਪਿਆਰੇ, ਤੇਰਾ ਮੁਖ ਮੁਖ ਵਾਕ ਕਰੇ ਦਰ ਪਰਵਾਨਿਆ । ਦਰ ਪਰਵਾਨ ਆਇਆ ਪਰਵਾਨਾ । ਵੇਖ ਵਖਾਣੇ ਸਰਬ ਕਿਛ ਜਾਣੇ, ਜੋਤੀ ਜਾਮਾ ਸ੍ਰੀ ਭਗਵਾਨਾ । ਚਲੇ ਚਲਾਏ ਆਪਣੇ ਭਾਣੇ, ਭਰਮ ਭੁਲਾਏ ਸੁਘੜ ਸਿਆਣੇ, ਵੇਖ ਵਖਾਣੇ ਰਾਜੇ ਰਾਣੇ,

੨੮੦
੦੫

ਗਿਆਨ ਧਿਆਨ ਨਾ ਕੋਈ ਵਖਾਣੇ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਵਾਲੀ ਦੋ ਜਹਾਨਾ । ਆਪ ਆਪਣਾ ਮਾਤ ਉਪਾਇਆ ਏ । ਜੋਤ ਨਿਰੰਜਣ ਨਾਮ ਧਰਾਇਆ ਏ । ਜਨ ਭਗਤਾਂ ਆਇਆ ਪੜਦੇ ਕੱਜਣ, ਸਾਚਾ ਸੱਜਣ ਆਪ ਅਖਵਾਇਆ ਏ । ਜੂਠੇ ਝੂਠੇ ਭਾਂਡੇ ਭੱਜਣ, ਕਲਜੁਗ ਵੇਲਾ ਅੰਤ ਸੁਹਾਇਆ ਏ । ਸੰਤ ਸੁਹੇਲੇ ਆਇਆ ਠੱਗਣ, ਭੇਖਾਧਾਰੀ ਭੇਖ ਵਟਾਇਆ ਏ । ਗੁਰਮੁਖ ਸਾਚੇ ਚਰਨ ਦਵਾਰੇ ਸਾਚੇ ਲੱਗਣ, ਜਿਸ ਸਿਰ ਹੱਥ ਸਮਰਥ ਰਖਾਇਆ ਏ । ਜੋਤੀ ਜੋਤ ਸਰੂਪ ਹਰਿ, ਗੁਰਮੁਖ ਸਾਚੇ ਸੰਤ ਸੁਹੇਲੇ, ਆਪ ਕਰਾਏ ਆਪਣੇ ਮੇਲੇ, ਦੂਈ ਦਵੈਤੀ ਪੜਦਾ ਲਾਹਿਆ ਏ । ਨਿਹਕਲੰਕ ਨਿਹਕਲੰਕ ਨਿਹਕਲੰਕ ਨਰ ਨਿਰੰਕਾਰਿਆ । ਨਿਹਕਲੰਕ ਨਿਹਕਲੰਕ ਨਿਹਕਲੰਕ, ਸ਼ਬਦ ਡੰਕ ਰਾਓ ਰੰਕ ਚਾਰ ਦਿਵਾਰਿਆ । ਨਿਹਕਲੰਕ ਨਿਹਕਲੰਕ ਨਿਹਕਲੰਕ, ਬਾਰ ਅਨਕ ਜੋਤੀ ਜਾਮਾ ਭੇਖ ਵਟਾ ਰਿਹਾ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਨਿਹਕਲੰਕ ਆਪੇ ਆਪ ਅਖਵਾ ਰਿਹਾ । ਨਿਹਕਲੰਕ ਆਪ ਅਖਵਾਇੰਦਾ । ਸ਼ਬਦ ਡੰਕ ਇਕ ਵਜਾਇੰਦਾ । ਜਨ ਭਗਤ ਉਪਜਾਏ ਜਿਉਂ ਰਾਜਾ ਜਨਕ, ਲਾਏ ਤਨਕ ਕਰਮ ਕਮਾਇੰਦਾ । ਭੇਖਾਧਾਰੀ ਵਾਸੀ ਪੁਰੀ ਘਨਕ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਜਾਮਾ ਭੇਖ ਵਟਾਇੰਦਾ । ਸਤਿ ਪੁਰਖ ਨਿਰੰਜਣ ਸਾਚੀ ਧਾਰ, ਸਰਬ ਘਟਾ ਘਟ ਵਾਸਾ ਹੈ । ਲੋਆਂ ਪੁਰੀਆਂ ਬੰਨ੍ਹੇ ਧਾਰ, ਵੇਖ ਵਖਾਣੇ ਪ੍ਰਿਥਮੀ ਅਕਾਸ਼ਾ ਹੈ । ਲੱਖ ਚੁਰਾਸੀ ਪਾਵੇ ਸਾਰ, ਆਪੇ ਵੇਖੇ ਜਗਤ ਤਮਾਸ਼ਾ ਹੈ । ਜਨ ਭਗਤਾਂ ਖੋਲ੍ਹੇ ਬੰਦ ਕਿਵਾੜ, ਬੇਮੁਖਾਂ ਕਰੇ ਨਾਸਾ ਹੈ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਰਬ ਘਟਾ ਆਪੇ ਪਰਕਾਸ਼ਾ ਹੈ । ਆਪ ਆਪਣਾ ਕਰ ਪਰਕਾਸ਼, ਸਾਚੀ ਬਣਤ ਬਣਾਇੰਦਾ । ਸ਼ਬਦ ਉਡਾਰੀ ਇਕ ਅਕਾਸ਼, ਦਹਿ ਦਿਸ਼ਾ ਵੇਖ ਵਖਾਇੰਦਾ । ਆਦਿ ਅੰਤ ਨਾ ਹੋਏ ਵਿਨਾਸ, ਸਵਾਸ ਸਵਾਸ ਹਰਿ ਸਮਾਇੰਦਾ । ਲੱਖ ਚੁਰਾਸੀ ਵਸੇ ਪਾਸ, ਦਿਸ ਕਿਸੇ ਨਾ ਆਇੰਦਾ । ਹੋਏ ਸਹਾਈ ਦਸ ਦਸ ਦਸ ਮਾਸ, ਅੰਧ ਅੰਧਿਆਰ ਕਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰ ਪਰਕਾਸ਼ ਲੋਕਮਾਤ ਜੋਤ ਜਗਾਇੰਦਾ । ਲੋਕਮਾਤ ਜਗੀ ਜੋਤ, ਵੱਜੇ ਕਲ ਵਧਾਈਆ । ਮੇਟ ਮਿਟਾਏ ਵਰਨ ਗੋਤ, ਸ਼ਬਦ ਧਾਰ ਇਕ ਰਖਾਈਆ । ਕਲਜੁਗ ਜੀਵ ਰਹੇ ਸੋਤ, ਵੇਲਾ ਗਿਆ ਹੱਥ ਨਾ ਆਈਆ । ਗੁਰਮੁਖਾਂ ਮੈਲ ਰਿਹਾ ਧੋਤ, ਉਜਲ ਮੁਖ ਮਾਤ ਕਰਾਈਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਨੌਂ ਖੰਡ ਪ੍ਰਿਥਮੀ ਆਪੇ ਵੇਖ ਵਖਾਈਆ । ਨੌਂ ਖੰਡ ਪ੍ਰਿਥਮੀ ਸ਼ਬਦ ਉਡਾਰ । ਆਪੇ ਵੇਖੇ ਅੰਦਰ ਬਾਹਰ । ਲੋਆਂ ਪੁਰੀਆਂ ਪਾਵੇ ਸਾਰ । ਜੋਤੀ ਸ਼ਬਦ ਏਕਾ ਧਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਕਰੇ ਆਪਣੀ ਕਾਰ । ਚਾਰੋਂ ਕੁੰਟ ਚਾਰ ਚੁਫੇਰ । ਜੋਤ ਸਰੂਪੀ ਲਏ ਘੇਰ । ਲੱਖ ਚੁਰਾਸੀ ਆਪੇ ਵੇਖੇ, ਆਪੇ ਪਾਏ ਭਰਮ ਭੁਲੇਖੇ ਜਗਤ ਭੁਲੇਖੇ ਕਰ ਕਰ ਹੇਰ ਫੇਰ । ਗੁਰਮੁਖਾਂ ਲਿਖਾਏ ਸਾਚੇ ਲੇਖੇ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਤਾਰੇ ਚਰਨ ਦਵਾਰੇ ਕਰ ਕਰ ਆਪਣੀ ਮਿਹਰ । ਕਾਇਆ ਪਿੰਡ ਵਡ ਸੰਸਾਰ ਹੈ । ਹਰਿਜਨ ਸਾਚੇ ਮਾਣ, ਨੌਂ ਖੰਡ ਪ੍ਰਿਥਮੀ ਸੱਚਾ ਇਕ ਮਕਾਨ ਹੈ । ਵਿਚ ਵਸੇ ਪੰਜ ਸ਼ੈਤਾਨ, ਦਿਵਸ ਰੈਣ ਅਠੇ ਪਹਿਰ ਪਾਵਣ ਸ਼ੋਰ, ਅੰਧ ਘੋਰ ਵਿਕਾਰਾ ਹੰਕਾਰ ਉਠਾਇਨ ਚੰਡ ਪਰਚੰਡ ਪਾਇਣ ਵੰਡ ਨੌਜਵਾਨ ਹੈ । ਬੁੱਧੀ ਮਤ ਵੱਢਣ ਕੰਡ, ਮਨੂਆ ਫਿਰੇ ਵਿਚ ਬ੍ਰਹਿਮੰਡ ਹੋਇਆ ਫਿਰੇ ਪਰਧਾਨ ਹੈ । ਜੋਤੀ ਜੋਤ ਸਰੂਪ ਹਰਿ, ਆਪੇ ਪਾਏ ਸਾਚੀ ਵੰਡ, ਸਾਚੇ ਸੰਤ ਸੁਣਨਾ ਲਾ ਕਾਨ ਹੈ । ਕਾਇਆ


੨੮੧ ੦੫

ਮੰਦਰ ਕੋਟ ਗੜ੍ਹ, ਏਕਾ ਕਲ ਵਿਚਾਰਨਾ । ਕਵਣ ਢਾਹੇ ਉਪਰ ਚੜ੍ਹ, ਕਿਸ ਮਹੱਲ ਉਜਾੜਨਾ । ਕਵਣ ਵੇਖੇ ਦੂਰ ਖੜ, ਕਵਣ ਵੰਡਾਏ ਭਾਰਨਾ । ਕਵਣ ਘਾੜਨ ਰਿਹਾ ਘੜ, ਕਵਣ ਨਵ ਖੰਡ ਵੰਡ ਕਰ ਸਾੜਨਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੱਥ ਫੜ ਸ਼ਬਦ ਚੰਡ ਪਰਚੰਡ, ਹਰਿਜਨ ਸਾਚੇ ਕਰੇ ਤਾੜਨਾ । ਕਾਇਆ ਮੰਦਰ ਇਕ ਧਿਆਨ । ਅੰਦਰੇ ਅੰਦਰ ਸੁੰਞ ਮਸਾਣ । ਨੌਂ ਦਵਾਰੇ ਦਰ ਦਰ ਮਨ ਭੌਂਦਾ ਬੰਦਰ, ਨਾਲ ਵਸੇ ਪੰਜ ਸ਼ੈਤਾਨ । ਡੂੰਘੀ ਕਾਇਆ ਅੰਧੇਰੀ ਕੰਦਰ, ਚਾਰੋਂ ਕੁੰਟ ਬੀਆਬਾਨ । ਜੋਤੀ ਜੋਤ ਸਰੂਪ ਹਰਿ, ਵੇਖੇ ਲੇਖ ਦਰ ਦਰ, ਗੁਰ ਗੁਰਸਿਖ ਬਣਨਾ ਜਗਤ ਪਰਧਾਨ । ਨਿਰਗੁਣ ਰੂਪ ਅਪਾਰ, ਅਥਾਹ ਹੈ । ਨਿਰਗੁਣ ਰੂਪ ਅਪਾਰ, ਸਰਬ ਬੇਪਰਵਾਹ ਹੈ । ਨਿਰਗੁਣ ਰੂਪ ਅਪਾਰ, ਆਪੇ ਆਪ ਸਲਾਹ ਹੈ । ਕਲ ਏਕਾ ਰੱਖੇ ਸਚ ਮਲਾਹ ਹੈ । ਨਿਰਗੁਣ ਰੂਪ ਅਪਾਰ, ਆਪੇ ਆਪ ਅਤੁਲ ਅਡੁਲ ਅਟੱਲ ਅਥਾਹ ਹੈ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਤ੍ਰੈਗੁਣ ਮਾਇਆ ਵੇਸ ਕਰ, ਬ੍ਰਹਮਾ ਸੁਤ ਇਕ ਉਪਾਇਆ । ਬ੍ਰਹਮਾ ਸੁਤ ਸੁਤ ਉਪਜਾਏ । ਪਾਰਬ੍ਰਹਮ ਅਬਿਨਾਸ਼ੀ ਅਚੁਤ, ਆਪ ਆਪਣੀ ਬਣਤ ਬਣਾਏ । ਕਰੇ ਖੇਲ ਕਮਲਾਪਤ, ਸਾਚੀ ਧਾਰਾ ਇਕ ਚਲਾਏ । ਆਪ ਸੁਹਾਏ ਆਪਣੀ ਰੁਤ, ਮਾਤ ਪਤਾਲ ਅਕਾਸ਼ ਆਪੇ ਆਪ ਲਏ ਉਪਜਾਏ । ਜੋਤ ਸਰੂਪੀ ਕਰ ਪਰਕਾਸ਼, ਸਤਿ ਸਤਿਵਾਦੀ ਡੇਰਾ ਲਾਏ । ਸਤਿ ਪੁਰਖ ਨਿਰੰਜਣ ਇਕ ਅਬਿਨਾਸ਼, ਆਪਣਾ ਫੁਰਨਾ ਰਿਹਾ ਜਣਾਏ । ਸਾਚਾ ਫੁਰਨਾ ਸ਼ਬਦ ਸ਼ਾਬਾਸ਼, ਪੁਰੀਆਂ ਲੋਆਂ ਰਚਨ ਰਚਾਏ । ਆਪ ਆਪਣਾ ਕਰੇ ਦਾਸ, ਪਾਰਬ੍ਰਹਮ ਸ਼ਬਦ ਪਰਕਾਸ਼, ਜੋਤੀ ਸਾਚਾ ਮੇਲ ਮਿਲਾਏ । ਸਚ ਮੰਡਲ ਬਣਾਏ ਸ਼ਬਦ ਰਾਸ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲੋਆਂ ਪੁਰੀਆਂ ਬਣਤ ਬਣਾਏ । ਤ੍ਰੈਗੁਣ ਮਾਇਆ ਤੱਤ, ਹਰਿ ਵਿਚਾਰਿਆ । ਆਪੇ ਪਾਏ ਆਪਣੀ ਰਤ, ਕਰੇ ਖੇਲ ਕਵਲ ਉਜਿਆਰਿਆ । ਵਿਚ ਭਰਿਆ ਧੀਰਜ ਜਤ, ਸਾਚਾ ਬੀਜ ਨਾਮ ਘੱਤ, ਚਰਨ ਨੱਤ ਆਪ ਉਪਜਾ ਰਿਹਾ । ਆਪੇ ਦੇ ਸਮਝਾਵੇ ਮਤ, ਲੋਕਮਾਤ ਬੰਨ੍ਹਾਉਣਾ ਨੱਤ, ਪੁਰੀ ਪਤਾਲਾ ਇਕ ਬਣਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੇ ਨਾਲ ਮਿਲਾ ਰਿਹਾ । ਆਪ ਆਪਣਾ ਜੋੜ ਜੁੜਾਇਆ । ਸ਼ਬਦ ਘੋੜਾ ਇਕ ਵਖਾਇਆ । ਚੜ੍ਹਿਆ ਘੋੜ, ਦਰ ਦਵਾਰੇ ਆਇਆ । ਪ੍ਰਭ ਅਬਿਨਾਸ਼ੀ ਗਿਆ ਬਹੁੜ, ਆਪ ਆਪਣੇ ਰੰਗ ਰੰਗਾਇਆ । ਜੋਤੀ ਜੋਤ ਸਰੂਪ ਹਰਿ, ਆਪਣਾ ਭੇਖ ਆਪੇ ਜਾਣੇ ਲੰਮਾ ਚੌੜਾ, ਭੇਦ ਅਭੇਦਾ ਭੇਵ ਕਿਸੇ ਨਾ ਪਾਇਆ । ਬ੍ਰਹਮਾ ਮੰਗੇ ਬਣ ਭਿਖਾਰ । ਪ੍ਰਭ ਅਬਿਨਾਸ਼ੀ ਕਿਰਪਾ ਧਾਰ । ਏਕਾ ਦੇਵੇ ਵਸਤ ਅਪਾਰ । ਸ਼ਬਦ ਤੀਰ ਸਚ ਵਿਹਾਰ । ਏਕਾ ਵਰਖੇ ਅੰਮ੍ਰਿਤ ਮੀਹ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਬਖ਼ਸ਼ੇ ਚਰਨ ਪਿਆਰ, ਸਾਚਾ ਚਰਨ ਪਿਆਰ, ਆਪ ਵਡਿਆਇਆ । ਆਪੇ ਵਸੇ ਆਪਣੀ ਧਾਰ, ਕਰਮ ਕਮਾਇਆ । ਇੰਦਲੋਕ ਵਡ ਹਰਿ ਜੀ ਹੱਸੇ, ਸ਼ਬਦ ਤੀਰ ਨਿਰਾਲਾ ਕਸੇ, ਸਾਚਾ ਰਾਹ ਰਿਹਾ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਰੰਗ ਵਖਾਇਆ । ਬ੍ਰਹਮ ਰੂਪ ਬ੍ਰਹਮਾ ਉਪਾਇਆ ਏ । ਪਾਰਬ੍ਰਹਮ ਬ੍ਰਹਮ ਮੇਲ ਮਿਲਾਇਆ ਏ । ਮਿਲਿਆ ਮੇਲ ਸਾਚੇ ਹਰਿ, ਬ੍ਰਹਮ ਪਾਰਬ੍ਰਹਮ ਸਮਾਇਆ ਏ । ਪਾਰਬ੍ਰਹਮ ਕਰਿਆ ਕਰਮ, ਬ੍ਰਹਮਾ ਲੇਖ ਲਿਖਾਇਆ ਏ । ਲਿਖਿਆ ਲੇਖ ਸਚ ਬ੍ਰਹਮ, ਪਾਰਬ੍ਰਹਮ ਜੋ ਫ਼ਰਮਾਇਆ ਏ । ਪਾਰਬ੍ਰਹਮ ਸਾਚਾ ਧਰਮ, ਆਪਣਾ ਆਪ ਜਣਾਇਆ ਏ । ਜੋਤੀ ਜੋਤ ਸਰੂਪ ਹਰਿ, ਆਪ

੨੮੨ ੦੫

ਆਪਣੀ ਕਿਰਪਾ ਕਰ, ਏਕਾ ਏਕ ਸ਼ਬਦ ਜਣਾਇਆ ਏ । ਬ੍ਰਹਮੇ ਸ਼ਬਦ ਜਣਾਈ ਆਪ ਕਰਾਈਆ । ਆਤਮ ਘਰ ਵੱਜੀ ਵਧਾਈ, ਬੰਦ ਬੰਦ ਖ਼ੁਸ਼ੀ ਕਰਾਈਆ । ਰਸਨਾ ਚਲੀ ਵਾਹੋ ਦਾਹੀ, ਖਿਚ ਕਮਾਨ ਹਰਿ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਰਿਹਾ ਲਿਖਾਈਆ । ਹਰਿ ਸਾਚਾ ਲੇਖ ਲਿਖਾਏ, ਭੇਵ ਨਾ ਰਾਇਆ । ਬ੍ਰਹਮਾ ਚਾਰ ਮੁਖ ਰਿਹਾ ਗਾਏ, ਚਾਰੇ ਵੇਦਾਂ ਆਖ ਸੁਣਾਇਆ । ਆਪੇ ਜਾਣੇ ਸਭਨੀਂ ਥਾਈਂ, ਅਛਲ ਅਛੇਦਾ ਰੰਗ ਵਟਾਇਆ । ਜੋਤੀ ਜੋਤ ਸਰੂਪ ਹਰਿ, ਸਾਮ ਰਿਗ ਯੁਜਰ ਅਥਰਬਣ ਨਾਲ ਰਲਾਇਆ । ਚਾਰੇ ਵੇਦ ਕਰ ਉਚਾਰ । ਪ੍ਰਭ ਅਬਿਨਾਸ਼ੀ ਕਿਰਪਾ ਧਾਰ । ਬ੍ਰਹਮੇ ਦਏ ਚਾਰ ਸੁੱਤ, ਸਨਕ ਸਨੰਦਨ ਸਨਾਤਨ ਸੰਤ ਕੁਮਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵੇ ਵਰ ਨਰ ਹਰਿ ਸੱਚੀ ਸਰਕਾਰ । ਦੇਵੇ ਵਰ ਹਰੀ ਹਰਿ ਹਰਿ ਨਿਰੰਕਾਰਿਆ । ਸ੍ਰਿਸ਼ਟ ਸਬਾਈ ਧਰਨੀ ਧਰ, ਲੱਖ ਚੁਰਾਸੀ ਵਰਨੀ ਵਰਨ, ਕਰੇ ਖੇਲ ਅਪਰ ਅਪਾਰਿਆ । ਆਪਣੀ ਕਰਨੀ ਆਪੇ ਕਰ, ਧਰਤ ਮਾਤ ਮਾਤ ਧਰ, ਦੇਵੇ ਜਲ ਆਪ ਸਹਾਰਿਆ । ਵਸੇ ਉਚ ਮਹੱਲ ਅਟੱਲ, ਜਲ ਥਲ ਖੇਲ ਰਚਾ ਲਿਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਨੌਂ ਸੱਤ ਦੇ ਵਰ, ਨੌਂ ਸੱਤ ਹਰਿ ਉਪਜਾ ਰਿਹਾ । ਨੌਂ ਸੱਤ ਆਪ ਉਪਾਇਆ ਏ । ਬ੍ਰਹਮੇ ਸਾਚਾ ਕਰਮ ਕਮਾਇਆ ਏ । ਨਾਰ ਸੁਰਸਤੀ ਸੰਗ ਰਲਾਇਆ ਏ । ਨਾਰਦ ਮੁਨ ਜਿਸ ਜਨ ਜਾਇਆ ਏ । ਛੱਤੀ ਰਾਗਾਂ ਮਾਤ ਅਲਾਇਆ ਏ । ਪੁਰਖ ਅਬਿਨਾਸ਼ੀ ਦਇਆ ਕਮਾਇਆ ਏ । ਚਾਰੋਂ ਕੁੰਟ ਰਿਹਾ ਵਡਿਆਇਆ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਸੰਗ ਨਿਭਾਇਆ ਏ । ਆਪਣਾ ਸੰਗ ਆਪ ਨਿਭਾਇੰਦਾ । ਚਾਰੇ ਵੇਦ ਹਰਿ ਲਿਖਾਇੰਦਾ । ਸਾਚੀ ਵੰਡਨ ਵੰਡ ਕਰਾਇੰਦਾ । ਚਾਰੇ ਜੁਗਾਂ ਹਿਸੇ ਪਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਚੌਥਾ ਨਾਲ ਰਲਾਇੰਦਾ । ਤਰਤਾਲੀ ਲੱਖ ਬੀਸ ਹਜਾਰ ਕਰੇ ਗੇੜਾ, ਏਕਾ ਚਹੁ ਅੱਖਰ ਨਾਮ ਰਖਾਇੰਦਾ । ਜੁਗਾ ਜੁਗੰਤਰ ਆਪੇ ਕਰੇ ਹੱਕ ਨਿਬੇੜਾ, ਭਾਣਾ ਆਪਣੇ ਹੱਥ ਰਖਾਇੰਦਾ । ਕਲਜੁਗ ਸਤਿਜੁਗ ਦੁਆਪਰ ਤ੍ਰੇਤਾ ਪ੍ਰਭ ਅਬਿਨਾਸ਼ੀ ਆਪ ਬਣਾਏ, ਏਕਾ ਖੇੜਾ ਆਪ ਉਪਾਇੰਦਾ । ਜੋਤੀ ਜੋਤ ਸਰੂਪ ਹਰਿ, ਸਤਿਜੁਗ ਸਾਚਾ ਵੇਖ ਹਰਿ, ਵਾਰ ਅਠਾਰਾਂ ਵੇਖ ਵਿਚਾਰਾ ਆਪਣਾ ਭੇਖ ਵਟਾਇੰਦਾ । ਸਤਿਜੁਗ ਭੇਖ ਵਟਾਏ, ਵਾਰ ਅਠਾਰਿਆ । ਤ੍ਰੇਤਾ ਲਿਆ ਵੇਖ, ਦੋਏ ਦੋਏ ਲੋਚਨ ਰਾਮ ਅਵਤਾਰਿਆ । ਦੁਆਪਰ ਆਪੇ ਮਿਟੀ ਰੇਖ, ਵੇਦ ਵਿਆਸਾ ਕ੍ਰਿਸ਼ਨ ਮੁਰਾਰਿਆ । ਐੜਾ ਅਥਰਬਣ ਲਿਖਿਆ ਲੇਖ, ਕਲਜੁਗ ਕਾਲਾ ਵੇਸ ਵਟਾ ਲਿਆ । ਦਰ ਘਰ ਸਾਚੇ ਬਣਿਆਂ ਦਰ ਦਰਵੇਸ਼, ਘਰ ਸਾਚੇ ਜਾਏ ਪੁਕਾਰਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੇ ਵਸੇ ਘਰ, ਕਲਜੁਗ ਮੰਗੇ ਇਕ ਵਰ, ਬਣਿਆ ਦਰ ਹਰਿ ਭਿਖਾਰਿਆ । ਕਲਜੁਗ ਮੰਗਿਆ ਵਰ, ਆਪ ਪੁਕਾਰਿਆ । ਲੋਕਮਾਤ ਆਵੇ ਡਰ, ਏਕਾ ਦੇਦੇ ਸਾਚਾ ਵਰ, ਚਰਨ ਸਰਨ ਹਰਿ ਨਿਮਸਕਾਰਿਆ । ਪੁਰਖ ਅਬਿਨਾਸ਼ੀ ਕਿਰਪਾ ਕਰ, ਆਤਮ ਝੋਲੀ ਦੇਵੇ ਭਰ, ਸੰਗ ਰਲਾਏ ਲੋਭ ਮੋਹ ਹੰਕਾਰਿਆ । ਨਰ ਨਰਾਇਣ ਸਰਨੀ ਪੜ੍ਹ, ਏਕਾ ਲੜ ਲਿਆ ਫੜ, ਧਰਤ ਮਾਤ ਉਪਰ ਬੈਠ ਚੜ੍ਹ, ਚਾਰੋਂ ਕੁੰਟ ਰਿਹਾ ਲਲਕਾਰਿਆ । ਕਿਲ੍ਹੇ ਕੋਟ ਅੰਦਰ ਬੈਠਾ ਵੜ, ਨੌਂ ਖੰਡ ਪ੍ਰਿਥਮੀ ਏਕਾ ਗੜ੍ਹ, ਸੱਤ ਦੀਪ ਚਾਰ ਦਿਵਾਰਿਆ । ਗੁਰ ਪੀਰ ਔਲੀਆ ਸਾਧ ਸੰਤ ਨਾ ਸਕੇ ਫੜ, ਨਾ ਕੋਈ ਦੇਵੇ ਮਾਤ ਹਾਰਿਆ । ਜੋਤੀ ਜੋਤ ਸਰੂਪ ਹਰਿ, ਕਲਜੁਗ ਸਾਚੇ ਦਿਤਾ ਵਰ, ਭਰਿਆ ਇਕ ਇਕ ਭੰਡਾਰਿਆ । ਕਲਜੁਗ ਆਇਆ

੨੮੩ ੦੫

੨੮੪
੦੫

ਦਰ, ਖ਼ੁਸ਼ੀ ਮਨਾਈਆ । ਧਰਤ ਮਾਤ ਆਇਆ ਡਰ, ਲੋਕਮਾਤ ਕਰਮ ਰਿਹਾ ਉਪਾਈਆ । ਆਪ ਭੁਲਾਏ ਨਾਰੀ ਨਰ, ਸਾਚਾ ਹੁਕਮ ਰਿਹਾ ਸੁਣਾਈਆ । ਪੰਚਾਂ ਚੋਰਾਂ ਫਿਰਨਾਂ ਘਰ ਘਰ, ਝੂਠਾ ਡੰਕ ਰਿਹਾ ਵਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਕਾਲੇ ਦਿਤਾ ਵਰ, ਲੱਖ ਚੁਰਾਸੀ ਅੰਤਮ ਅੰਤ ਕਰੀ ਜਿਸ ਕੁੜਮਾਈਆ । ਕਲਜੁਗ ਕਾਲੀ ਧਾਰ ਆਪ ਚਲਾਈਆ । ਪਰਗਟ ਹੋਏ ਬੋਧ ਅਵਤਾਰ, ਸਾਚਾ ਰਾਹ ਰਿਹਾ ਜਣਾਈਆ । ਜੀਵ ਜੰਤ ਸਾਧ ਸੰਤ ਹਉਮੇ ਮਮਤਾ ਮਾਰ, ਦੇ ਮਤ ਰਿਹਾ ਸਮਝਾਈਆ । ਕਲਜੁਗ ਖੇਲ ਕਰੇ ਅਪਾਰ, ਆਪੇ ਆਪ ਸਰਬ ਰਿਹਾ ਭੁਲਾਈਆ । ਵਰਤੇ ਵਰਤਾਵੇ ਵਿਚ ਸੰਸਾਰ, ਭਾਣਾ ਆਪਣਾ ਹੱਥ ਰਖਾਈਆ । ਕਲਜੁਗ ਦਿਤਾ ਇਕ ਪਿਆਰ, ਪ੍ਰਭ ਅਬਿਨਾਸ਼ੀ ਦਇਆ ਕਮਾਈਆ । ਧਰਤ ਮਾਤ ਰੋਵੇ ਧਾਹਾਂ ਮਾਰ, ਜਨ ਭਗਤਾਂ ਹੋਈ ਜੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਰਚਨਾ ਆਪ ਰਚਾਈਆ । ਆਪਣਾ ਕਰਮ ਕਰਮ ਕਮਾਇਆ । ਬੋਧ ਅਬੋਧ ਭਰਮ ਗਵਾਇਆ । ਈਸਾ ਮੂਸਾ ਮਾਤ ਉਪਾਇਆ । ਖਾਲੀ ਹੋਇਆ ਸ਼ਬਦ ਖੀਸਾ, ਕਲਜੁਗ ਕਾਲ ਸੰਨ੍ਹ ਲਗਾਇਆ । ਸੰਗ ਰਲਾਏ ਏਕਾ ਦੂਜਾ, ਕਾਲਾ ਮੂਸਾ ਤਨ ਛੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਕਾਲੇ ਦਿਤਾ ਵਰ, ਇਕ ਭੰਡਾਰਾ ਆਪ ਭਰਾਇਆ । ਈਸ ਮੂਸਾ ਗਏ ਹਾਰ । ਜੀਵਾਂ ਜੰਤਾਂ ਕਰ ਸੁਧਾਰ । ਆਦਿਨ ਅੰਤਾ ਕਰੇ ਵਿਚਾਰ । ਪੂਰਨ ਭਗਵੰਤਾ ਖੇਲ ਅਪਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਸੱਦਿਆ ਦਰ ਦਵਾਰ । ਕਲਜੁਗ ਸੱਦ ਦਵਾਰ ਹਰਿ ਸਮਝਾਇੰਦਾ । ਨਾ ਕੋਈ ਛੱਡਣਾ ਪੀਰ ਫਕੀਰ ਸਾਧ ਸੰਤ ਯਾਰ ਚਾਰ ਕੁੰਟ ਆਪ ਹਿਲਾਇੰਦਾ । ਚਾਰ ਕੁੰਟ ਅੰਧ ਅੰਧਿਆਰ, ਸਾਚਾ ਸੰਗ ਨਾ ਕੋਈ ਰਖਾਇੰਦਾ । ਕਲਜੁਗ ਰੋਵੇ ਧਾਹਾਂ ਮਾਰ, ਗੁਰ ਪੀਰ ਔਲੀਆ ਕੋਈ ਨਾ ਪਾਵੇ ਸਾਰ, ਆਪਣਾ ਰਾਹ ਮਾਤ ਚਲਾਇੰਦਾ । ਏਕਾ ਵੇਂਹਦਾ ਮੀਤ ਮੁਰਾਰ, ਸ਼ਬਦ ਸਰੂਪੀ ਸਾਚਾ ਯਾਰ, ਲੋਕਮਾਤ ਧਾਰ ਬੰਨ੍ਹਾਇੰਦਾ । ਪੁਰਖ ਅਬਿਨਾਸ਼ੀ ਕਰ ਵਿਚਾਰ, ਕੂੜ ਕੁੜਿਆਰਾ ਕਰੇ ਖ਼ਬਰਦਾਰ, ਤ੍ਰੈਗੁਣ ਵੇਸ ਹਰਿ ਗਿਰਧਾਰ, ਪੰਜ ਤੱਤ ਅੱਪ ਤੇਜ ਵਾਏ ਪ੍ਰਿਥਮੀ ਅਕਾਸ਼ ਬਣਾਏ ਕਾਇਆ ਰਾਸ ਕਰੇ ਖ਼ਬਰਦਾਰ, ਤ੍ਰੈਗੁਣ ਵੇਸ ਹਰਿ ਗਿਰਧਾਰ, ਪੰਜ ਤੱਤ ਅਪ ਤੇਜ਼ ਵਾਏ ਪ੍ਰਿਥਮੀ ਅਕਾਸ਼ ਵਿਚ ਚਲਾਏ ਪਵਣ ਸਵਾਸ, ਸ਼ਬਦ ਟਿਕਾਏ ਹਡ ਨਾੜੀ ਮਾਸ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਕਰਮ ਕਮਾਇੰਦਾ । ਪੰਜਾਂ ਤੱਤਾਂ ਤਨ ਬਣਾਇਆ । ਆਪ ਆਪਣੀ ਰਿਤ ਟਿਕਾਇਆ । ਚਰਨ ਪ੍ਰੀਤੀ ਨਤ ਵਖਾਇਆ । ਸ਼ਬਦ ਫੜਾਏ ਸਾਚਾ ਰਥ, ਬਾਹੋਂ ਫੜ ਰਿਹਾ ਚੜ੍ਹਾਇਆ । ਸ੍ਰਿਸ਼ਟ ਸਬਾਈ ਰਿਹਾ ਮਥ, ਕਲਜੁਗ ਕਾਲਾ ਰਿਹਾ ਕੁਰਲਾਇਆ । ਸਗਲ ਵਸੂਰੇ ਗਏ ਲਥ, ਦਰ ਦਵਾਰਾ ਇਕ ਸੁਹਾਇਆ । ਲੇਖਾ ਲਿਖੇ ਸਾਚੇ ਹੱਥ, ਇਕ ਮੁਹੰਮਦ ਸੰਗ ਉਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਕਾਲੇ ਮੇਲ ਮਿਲਾਇਆ । ਇਕ ਮੁਹੰਮਦ ਦਰ ਦਵਾਰ । ਪ੍ਰਭ ਅਬਿਨਾਸ਼ੀ ਕਰੇ ਕਰਾਏ ਆਪਣੀ ਕਾਰ । ਸਾਚੀ ਜੋਤ ਇਕ ਪਰਕਾਸ਼ੀ, ਮਾਤਲੋਕ ਦੀ ਲਾਹੇ ਉਦਾਸੀ, ਚੌਦਾਂ ਤਬਕਾਂ ਚੌਦਾਂ ਲੋਕ ਕਰੇ ਖ਼ਬਰਦਾਰ । ਪੰਡਤ ਪਾਂਧੇ ਮੇਟ ਮਿਟਾਉਣੇ ਫੜ ਕਾਂਸ਼ੀ, ਚਾਰੋਂ ਕੁੰਟ ਹਾਹਾਕਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਦਿਤਾ ਨਾਮ ਅਧਾਰ । ਸਾਚੀ ਦਾਤ ਹਰਿ ਦਰ ਪਾਈ । ਕਲਜੁਗ ਕਰੇ ਅੰਧੇਰੀ ਰਾਤ, ਕਾਲਾ ਲੇਖਾ ਮਸਤਕ ਸ਼ਾਹੀ । ਇਕ ਬਣਾਏ ਜਗਤ ਜਮਾਇਤ, ਚਾਰ ਯਾਰਾਂ ਸੰਗ ਰਲਾਈ । ਜੋਤੀ ਜੋਤ ਸਰੂਪ

ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦਿਤਾ ਸਾਚਾ ਵਰ, ਲੋਕਮਾਤ ਜਾਣਾ ਚਾਈਂ ਚਾਈਂ । ਇਕ ਮੁਹੰਮਦ ਕਰੇ ਪੁਕਾਰ । ਪ੍ਰਭ ਅਬਿਨਾਸ਼ੀ ਕਿਰਪਾ ਧਾਰ । ਲੋਕਮਾਤ ਮਾਰ ਝਾਤ ਇਕ ਇਕਾਂਤ, ਅੰਤਮ ਅੰਤ ਕਵਣ ਦਿਸ਼ਾ ਪਾਏ ਹਿਸਾ ਵੇਲਾ ਵਕਤ ਆਪ ਵਿਚਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਗ ਮੁਹੰਮਦ ਦਿਤਾ ਵਰ ਚਾਰ ਯਾਰ । ਚੌਦਾਂ ਲੋਕ ਚੌਦਾਂ ਹੱਟ । ਚੌਦਾਂ ਤਬਕਾਂ ਵੇਖ ਘਟ ਘਟ । ਜੋਤੀ ਨੂਰ ਇਕ ਪਰਕਾਸ਼, ਏਕਾ ਜਗੇ ਲਟ ਲਟ । ਸਦੀ ਚੌਧਵੀਂ ਹੋਏ ਵਿਨਾਸ, ਚੌਦਾਂ ਸਦ ਕਾਇਆ ਮਟ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੁਰਮਤ ਮੈਲ ਰਿਹਾ ਕੱਟ । ਦਰ ਦਵਾਰ ਦਰ ਪੁਕਾਰਿਆ । ਪ੍ਰਭ ਅਬਿਨਾਸ਼ੀ ਕਿਰਪਾ ਧਾਰ, ਵੇਲੇ ਅੰਤਮ ਹੋਏ ਅਧਾਰ, ਦੇਵੇ ਦਰਸ ਅਗੰਮ ਅਪਾਰ, ਕਵਣ ਮੇਟੇ ਚਾਰ ਯਾਰ, ਨਬੀ ਰਸੂਲਾਂ ਕਰੇ ਖੁਆਰ, ਦਰ ਦਰ ਘਰ ਘਰ ਪਾਵੇ ਸਾਰ, ਚਾਰੋਂ ਕੁੰਟ ਦਿਸੇ ਹਾਰਿਆ । ਜੋਤ ਸਰੂਪੀ ਸ਼ਬਦ ਧਾਰ, ਪੁਰਖ ਅਬਿਨਾਸ਼ੀ ਆਪ ਸੁਨਾਰ, ਮੁਹੰਮਦ ਅਹਿਮਦ ਖ਼ਬਰਦਾਰ, ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਆਪੇ ਮਾਰੇ ਸ਼ਬਦ ਮਾਰਿਆ । ਸ਼ਬਦ ਮਾਰ ਹਰਿ ਕਰਾਉਣੀ । ਜੋਤੀ ਨੂਰ ਨੂਰ ਜਗਾਉਣੀ । ਸ਼ਬਦ ਤੂਰ ਸਰਬ ਭਰਪੂਰ ਕਲ ਕੁਲਵੰਤੇ ਆਪ ਰਖਾਉਣੀ । ਲੱਖ ਚੁਰਾਸੀ ਦਿਸੇ ਦੂਰਨ ਦੂਰ, ਸਰਬ ਘਟ ਵਾਸੀ ਬਣਤ ਬਣਾਉਣੀ । ਧਰਮ ਰਾਏ ਦੀ ਫੜੇ ਫਾਸੀ, ਅਸਰਾਈਲ ਜਬਰਾਈਲ ਮੇਕਾਈਲ ਅਸਰਾਫੀਲ ਸਾਚੀ ਰੰਗਣ ਆਪ ਚੜ੍ਹਾਉਣੀ । ਜੋਤੀ ਜੋਤ ਸਰੂਪ ਹਰਿ, ਕਲਜੁਗ ਅੰਤਮ ਜੋਤ ਧਰ, ਸਦੀ ਚੌਧਵੀਂ ਸਤਿ ਸਤਿਵਾਦੀ ਬੋਧ ਅਗਾਧੀ ਬ੍ਰਹਮ ਅਨਾਦੀ ਆਪੇ ਮੇਟ ਮਿਟਾਉਣੀ । ਐੜਾ ਅਬਰਬਣ ਅਲਾਹੀ ਨੂਰ । ਨੂਰੀ ਅਲ੍ਹਾ ਸ਼ਬਦ ਤੂਰ । ਸ਼ਬਦ ਦੱਸੇ ਸਚ ਮੁਹੰਮਦ ਗੌਂਸ ਪੀਰਾਂ ਹਾਜਰ ਹਜੂਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅੰਤਮ ਵੇਖ ਹਰਿ, ਆਪੇ ਕਰੇ ਚੂਰੋ ਚੂਰ । ਇਕ ਮੁਹੰਮਦ ਚੜ੍ਹਿਆ ਚਾਅ । ਦਰ ਦਵਾਰੇ ਖ਼ੁਸ਼ੀ ਮਨਾ । ਪ੍ਰਭ ਅਬਿਨਾਸ਼ੀ ਵੇਖੇ ਥਾਂ । ਕਲਜੁਗ ਅੰਤਮ ਬਣ ਮਲਾਹ । ਪੀਰ ਪੈਗ਼ੰਬਰ ਔਲੀਏ ਕੋਈ ਦੀਸੇ ਨਾ । ਨਾ ਕੋਈ ਫੜਾਏ ਕਿਸੇ ਬਾਂਹ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਛਤਰ ਝੁਲਾਏ ਸੀਸ । ਮੁਹੰਮਦ ਅਹਿਮਦ ਵਕਤ ਚੁਕਾਇਆ ਏ । ਨਿਰਗੁਣ ਨਿਰਾਧਾਰ ਅਕਾਰ ਆਪ ਕਰਾਇਆ ਏ । ਸੁਰਤੀ ਵੇਖੇ ਖੇਲ ਅਪਾਰ, ਸਾਚੀ ਧਾਰਾ ਸ਼ਬਦ ਰਖਾਇਆ ਏ । ਲੋਕਮਾਤ ਕਰ ਉਜਿਆਰ, ਨਾਨਕ ਨਿਰੰਕਾਰਾ ਆਤਮ ਦਰ ਦਵਾਰਾ ਸੁਹਾਇਆ ਏ । ਮਿਲਿਆ ਮੇਲ ਪੁਰਖ ਭਤਾਰਾ, ਹੋਈ ਸੁਲੱਖਣੀ ਸਾਚੀ ਨਾਰਾ, ਸਾਚੀ ਸੇਜਾ ਕੰਤ ਬਹਾਇਆ ਏ । ਮਿਲਿਆ ਮੇਲ ਪਹਿਲੀ ਵਾਰਾ, ਚੜ੍ਹਿਆ ਤੇਲ ਵਿਚ ਸੰਸਾਰਾ, ਆਪੇ ਗੁਰ ਆਪੇ ਚੇਲ, ਆਪੇ ਅੰਦਰ ਆਪੇ ਬਾਹਰਾ, ਸਾਚੇ ਰੰਗ ਸਮਾਇਆ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਡੋਰੀ ਨਾਲ ਬੰਧਾਇਆ ਏ । ਸ਼ਬਦ ਡੋਰੀ ਹੱਥ ਰਖਾਈਆ । ਗੁਰ ਸਤਿਗੁਰ ਆਪ ਫੜਾਈਆ । ਮਿਲਿਆ ਮੇਲ ਲਿਖਿਆ ਧੁਰ, ਨਾ ਜਾਣੇ ਜੀਵ ਲੋਕਾਈਆ । ਚਰਨ ਪ੍ਰੀਤੀ ਗਈ ਜੁੜ, ਗਿਆ ਹਰਿ ਸੱਚੀ ਸਰਨਾਈਆ । ਲੋਕਮਾਤ ਨਾ ਰਹੀ ਥੁੜ, ਦੇਵਣਹਾਰ ਆਪ ਰਘੁਰਾਈਆ । ਸ਼ਬਦ ਚੜ੍ਹਾਏ ਸਾਚੇ ਘੋੜ, ਚਾਰੋਂ ਕੁੰਟ ਰਿਹਾ ਦੁੜਾਈਆ । ਇਕ ਵਖਾਇਆ ਸਾਚਾ ਪੌੜ, ਦਰ ਦਵਾਰੇ ਆਪ ਬਹਾਈਆ । ਜੋਤ ਸਰੂਪ ਸਤਿ ਸਤਿਵਾਦੀ ਸਾਚੇ ਮੰਦਰ ਬਾਹਰ ਆਇਆ ਦੌੜ, ਗੁਰ ਨਾਨਕ ਦਰਸ ਦਿਖਾਈਆ । ਗੁਰ ਨਾਨਕ ਆਤਮ ਲੱਗੀ ਔੜ, ਅੰਮ੍ਰਿਤ ਮੇਘ ਹਰਿ ਬਰਸਾਈਆ । ਦੋਹਾਂ ਧਿਰਾਂ ਘਰ ਸਾਚੇ ਹੋਇਆ ਜੋੜ, ਦੋਹਾਂ ਧਿਰਾਂ ਮੇਲ ਮਿਲਾਈਆ । ਜੋਤੀ ਜੋਤ

੨੮੫ ੦੫

੨੮੬ ੦੫

ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਨਾਨਕ ਦਿਤਾ ਇਕ ਵਰ, ਸਤਿ ਨਾਮ ਨਾਮ ਸਤਿ ਗੁਰ ਨਾਨਕ ਝੋਲੀ ਪਾਈਆ । ਸਤਿ ਨਾਮ ਹਰਿ ਝੋਲੀ ਪਾਇਆ ਏ । ਗੁਰ ਨਾਨਕ ਦਰਸ ਦਿਖਾਇਆ ਏ । ਜਗਤ ਤ੍ਰਿਸਨਾ ਮਿੱਟੀ ਹਰਸ, ਅੰਮ੍ਰਿਤ ਮੇਘ ਰਿਹਾ ਬਰਸ, ਪਵਣ ਉਨੰਜਾ ਛਤਰ ਸੀਸ ਝੁਲਾਇਆ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣਾ ਕੀਆ ਤਰਸ, ਰੰਗ ਨਵੇਲਾ ਇਕ ਇਕੇਲਾ ਆਪਣੇ ਰੰਗ ਸਮਾਇਆ ਏ । ਗੁਰ ਨਾਨਕ ਗੁਰ ਕਰ ਵਿਚਾਰ । ਵੇਖੇ ਦਰ ਸੱਚੀ ਸਰਕਾਰ । ਜੋਤ ਸਰੂਪਾ ਜੋਤ ਮਿਲਾਇਆ, ਸਤਿ ਸਰੂਪਾ ਹਰਿ ਹਰਿ ਵਡਾ ਸ਼ਾਹੋ ਭੂਪਾ, ਏਕਾ ਏਕਾ ਇਕ ਅਕਾਰ । ਨਾ ਕੋਈ ਪਵਣ ਨਾ ਕੋਈ ਧੂਪਾ, ਨਾ ਕੋਈ ਮਾਇਆ ਤਨ ਸ਼ਿੰਗਾਰ । ਨਾ ਕੋਈ ਸੋਨਾ ਨਾ ਕੋਈ ਰੂਪਾ, ਨਾ ਕੋਈ ਦੀਸੇ ਸੁਲੱਖਣੀ ਨਾਰ । ਚਾਰੋਂ ਕੁੰਟ ਕੋਈ ਨਾ ਦੀਸੇ ਅੰਧ ਅੰਧ ਕੂਪਾ, ਜੋਤ ਨਿਰਾਲਮ ਇਕ ਅਕਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਨਾਨਕ ਭੰਡਾਰਾ ਦਿਤਾ ਭਰ, ਕਰ ਦਰ ਸੱਚੀ ਵਿਚਾਰ । ਗੁਰ ਨਾਨਕ ਖ਼ੁਸ਼ੀ ਮਨਾਈਆ । ਰਸਨਾ ਰਸ ਹਰਿ ਹਰਿ ਗਾਈਆ । ਸਾਚੀ ਆਰਤੀ ਇਕ ਬਣਾਈਆ । ਗਗਨ ਮੰਡਲ ਹਰਿ ਰਿਹਾ ਸੁਹਾਈਆ । ਦੀਪਕ ਜੋਤੀ ਸਾਚੇ ਜਗਨ, ਅੱਠੇ ਪਹਿਰ ਰਹਿਣਾ ਮਗਨ, ਏਕਾ ਲਿਵ ਏਕਾ ਲਗਨ, ਨਾ ਦੇਵੇ ਕੋਈ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਏਕਾ ਵੇਖ ਸਚ ਘਰ, ਗੁਰ ਨਾਨਕ ਮਿਲਿਆ ਸਚ ਵਰ, ਦੋਏ ਜੋੜ ਚੜ੍ਹਿਆ ਸ਼ਬਦ ਘੋੜ, ਲੋਕਮਾਤ ਆਇਆ ਸੀਸ ਨਿਵਾਈਆ । ਲੋਕਮਾਤ ਚਰਨ ਟਿਕਾਇਆ । ਪ੍ਰਭ ਅਬਿਨਾਸ਼ੀ ਵੇਖੇ ਮਾਰ ਝਾਤ, ਗਗਨ ਮੰਡਲ ਉਪਰ ਡੇਰਾ ਲਾਇਆ । ਬੈਠਾ ਦਿਸੇ ਇਕ ਇਕਾਂਤ, ਸੰਞ ਸਵੇਰ ਨਾ ਕੋਈ ਰਖਾਇਆ । ਕਲਜੁਗ ਮਿਟੇ ਅੰਧੇਰੀ ਰਾਤ, ਗੁਰ ਮੰਤਰ ਅੰਤਰ ਸਤਿ ਨਾਮ ਨਾਮ ਸਤਿ ਕਲਜੁਗ ਜੀਵਾਂ ਰਿਹਾ ਜਪਾਇਆ । ਸਤਿਨਾਮ ਸਤਿ ਪੁਰਖ ਜਪਾਇਆ । ਚਾਰ ਕੁੰਟ ਚਾਰ ਦਿਸ਼ਾ ਜਗ ਜਪਾਇਆ । ਉਤਰ ਪੂਰਬ ਪੱਛਮ ਦੱਖਣ ਦਰ ਦਰ ਘਰ ਘਰ ਵੇਖੇ ਜਾ ਕੇ । ਕਲਜੁਗ ਤੇਰੇ ਕਾਲੇ ਲੱਛਣ, ਕਲਜੁਗ ਜੀਆਂ ਗਿਆ ਸੁਣਾ ਕੇ । ਸਤਿਗੁਰ ਸਾਚਾ ਆਇਆ ਰੱਖਣ, ਮਾਇਆ ਮਮਤਾ ਪਰ੍ਹੇ ਹਟਾ ਕੇ । ਆਪ ਵਿਰੋਲੇ ਛਾਛ ਮੱਖਣ, ਨਾਮ ਮਧਾਣੀ ਸਾਚੀ ਪਾ ਕੇ । ਜੀਆਂ ਜੰਤਾਂ ਕਾਇਆ ਭਾਂਡੇ ਸਖਣ, ਕਲਜੁਗ ਗਿਆ ਅਗਨੀ ਲਾ ਕੇ । ਜੋਤੀ ਜੋਤ ਸਰੂਪ ਹਰਿ, ਗੁਰ ਨਾਨਕ ਦਿਤਾ ਇਕ ਵਰ, ਲੋਕਮਾਤ ਜਗ ਜੋਤ ਧਰ, ਲੱਖ ਚੁਰਾਸੀ ਦੇ ਮਤ ਸਮਝਾ ਕੇ । ਗੁਰ ਨਾਨਕ ਕਲ ਸਮਝਾਇਆ ਏ । ਕਲਜੁਗ ਕਾਲਾ ਵੇਸ ਵਟਾਇਆ ਏ । ਗੁਰ ਪੂਰਾ ਫਿਰੇ ਦੇਸ ਪਰਦੇਸ਼, ਸ਼ਬਦ ਡੰਕਾ ਰਿਹਾ ਵਜਾਇਆ ਏ । ਲੋਆਂ ਪੁਰੀਆਂ ਵੇਖ ਬ੍ਰਹਮਾ ਵਿਸ਼ਨ ਮਹੇਸ਼ ਗਣੇਸ਼, ਰਹੇ ਚਾਰੋਂ ਕੁੰਟ ਸੀਸ ਨਿਵਾਇਆ ਏ । ਬਾਲ ਜੁਵਾਨੀ ਗਈ ਵਰੇਸ, ਅੰਤ ਬੁੜ੍ਹੇਪਾ ਆਇਆ ਏ । ਭਾਗ ਲਗਾਇਆ ਮਾਝੇ ਦੇਸ, ਗੁਰ ਨਾਨਕ ਗੁਰ ਨਾਨਕ ਗੁਰ ਨਾਨਕ ਆਪ ਲਿਖਵਾਇਆ ਏ । ਜੋਤੀ ਜੋਤ ਸਰੂਪ ਹਰਿ, ਗੁਰ ਨਾਨਕ ਦਿਤਾ ਇਕ ਵਰ, ਨਾਮ ਸਤਿ ਸਤਿ ਨਾਮ ਜਿਸ ਰਸਨਾ ਜਾਪ ਜਪਾਇਆ ਏ । ਰਸਨਾ ਜਾਪ ਜਪਾਏ ਹਰਿ ਨਿਰੰਕਾਰਿਆ । ਤੀਨੋ ਤਾਪ ਮਿਟਾਏ ਵਿਚ ਸੰਸਾਰਿਆ । ਜੋ ਜਨ ਆਪਣਾ ਆਪ ਮੇਟੇ ਹੰਕਾਰਿਆ । ਲੋਕਮਾਤ ਵਡ ਪਰਤਾਪ, ਪੰਚਮ ਪੰਚਮ ਪੰਚਮ ਆਪ ਅਖਵਾ ਰਿਹਾ । ਕਲਜੁਗ ਪਾਪੀ ਵਧਿਆ ਪਾਪ, ਗਲ ਪਾਪਾਂ ਹਾਰ ਪਰਾ ਰਿਹਾ । ਆਪੇ ਜਪੇ ਅਜਪਾ ਜਾਪ, ਸੋਹੰ ਧਾਰਾ ਸਚ ਵਹਾ ਰਿਹਾ । ਜੋਤੀ ਜੋਤ ਸਰੂਪ ਹਰਿ, ਗੁਰ ਨਾਨਕ ਦਿਤਾ ਇਕ ਵਰ, ਕਲਜੁਗ ਜੀਵਾਂ ਚੁਕੇ ਡਰ, ਸ਼ਬਦ ਸੁਨੇਹੜਾ ਇਕ ਸੁਣਾ ਰਿਹਾ । ਕਲਜੁਗ ਜੀਵ ਜਗਤ

ਨਿਧਾਨ, ਗੁਰ ਨਾਨਕ ਨਾਮ ਪਿਆਇਆ ਏ । ਮਾਇਆ ਰੁੱਲੇ ਬਣ ਸ਼ੈਤਾਨ, ਮਧ ਮਾਤੇ ਮਧ ਲਲਚਾਇਆ ਏ । ਪੰਚ ਵਿਕਾਰੀ ਬੇਈਮਾਨ, ਮਨ ਕਾ ਮਨੂਆ ਆਪ ਭੁਵਾਇਆ ਏ । ਜੋਤੀ ਜੋਤ ਸਰੂਪ ਹਰਿ, ਗੁਰ ਨਾਨਕ ਦਿਤਾ ਇਕ ਵਰ, ਕੁਰਾਨ ਅੰਜੀਲ ਹਦੀਸ ਜਗਦੀਸ਼, ਏਕਾ ਸ਼ਬਦ ਪੜ੍ਹਾਇਆ ਏ । ਏਕਾ ਸਬਕ ਹਰਿ ਪੜ੍ਹਾਇਆ । ਗੁਰ ਨਾਨਕ ਖ਼ੁਸ਼ੀ ਮਨਾਈਆ । ਮਦੀਨਾ ਮੱਕਾ ਬੂਰਾ ਕੱਕਾ ਪੈਰਾਂ ਹੇਠ ਢਾਹਿਆ, ਆਪੇ ਰਿਹਾ ਫਿਰਾਈਆ । ਚਾਰ ਵਰਨ ਭਾਈ ਭੈਣ ਸਕਾ ਇਕ ਬਣਾਇਆ । ਵੇਖ ਵਖਾਣੇ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਨਾਨਕ ਦਿਤਾ ਇਕ ਵਰ, ਸ਼ਬਦ ਸੁਨੇਹੜਾ ਰਿਹਾ ਘਲਾਈਆ । ਸ਼ਬਦ ਸੁਨੇਹੜਾ ਨਰ ਨਿਰੰਕਾਰ । ਗੁਰ ਨਾਨਕ ਕਰਨੀ ਮਾਤ ਵਿਚਾਰ । ਨਾਮ ਜਪਾਉਣਾ ਸਾਚੀ ਧਾਰ । ਕਲਜੁਗ ਵੇਲਾ ਅੰਤਮ ਸੁਹਾਉਣਾ, ਪ੍ਰਭ ਅਬਿਨਾਸ਼ੀ ਕਿਰਪਾ ਧਾਰ । ਗੁਰਮੁਖ ਵਿਰਲਾ ਸੰਤ ਜਗਾਉਣਾ, ਏਕਾ ਦੇਵੇ ਸ਼ਬਦ ਹੁਲਾਰ । ਈਸਾ ਮੂਸਾ ਮੇਟ ਮਿਟਾਉਣਾ, ਸੰਗ ਮੁਹੰਮਦ ਚਾਰ ਯਾਰ । ਕਾਲਾ ਸੂਸਾ ਤਨ ਛੁਹਾਉਣਾ, ਸੋਲਾਂ ਕਲੀਆਂ ਕਰ ਸ਼ਿੰਗਾਰ । ਸ਼ਬਦ ਹਦੀਸਾ ਇਕ ਪੜ੍ਹਾਉਣਾ, ਸੋਹੰ ਸ਼ਬਦ ਜੈ ਜੈਕਾਰ । ਨਿਹਕਲੰਕੀ ਜਾਮਾ ਪਾਉਣਾ, ਜੋਤ ਸਰੂਪੀ ਕਰ ਅਕਾਰ । ਸ਼ਬਦ ਡੰਕ ਇਕ ਵਜਾਉਣਾ, ਚਿੱਟੇ ਅਸਵ ਹੋ ਅਸਵਾਰ । ਰਾਓ ਰੰਕ ਆਪ ਉਠਾਉਣਾ, ਸ਼ਾਹ ਸ਼ਾਹ ਸੁਲਤਾਨ ਕਰੇ ਖ਼ਬਰਦਾਰ । ਸੰਤ ਸੁਹੇਲਾ ਫੜ ਫੜ ਰਾਹੇ ਪਾਉਣਾ, ਜੋਤੀ ਨੂਰ ਕਰ ਅਕਾਰ । ਦੂਈ ਦਵੈਤੀ ਪੜਦਾ ਲਾਹੁਣਾ, ਸਦੀ ਬੀਸਵੀਂ ਜਾਮਾ ਪਾਉਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵੇਖ ਵਖਾਣੇ ਸਰਬ ਕਿਛ ਜਾਣੇ, ਨੌਂ ਖੰਡ ਪ੍ਰਿਥਮੀ ਪਾਏ ਸਾਰ । ਗੁਰ ਨਾਨਕ ਓਟ ਰਖਾਈਆ । ਸ਼ਬਦ ਚੋਟ ਜਿਸ ਤਨ ਲਗਾਈਆ । ਲੱਖ ਚੁਰਾਸੀ ਕੱਢੇ ਖੋਟ, ਕਲਜੁਗ ਵੇਲਾ ਲਏ ਸੁਹਾਈਆ । ਲੱਖ ਚੁਰਾਸੀ ਆਲਙ੍ਹਿਓ ਡਿਗੇ ਬੋਟ, ਗੁਰ ਪੀਰ ਨਾ ਸਕੇ ਕੋਈ ਉਠਾਈਆ । ਮਾਇਆਧਾਰੀ ਗੁਰਦਵਾਰੇ ਮੰਦਰ ਮਸਜਿਦ ਮਾਇਆ ਰਾਣੀ ਭਰੀ ਪੋਟ, ਆਤਮ ਤ੍ਰਿਸਨਾ ਰਹੇ ਹਲਕਾਈਆ । ਗੁਰਮੁਖ ਵਿਰਲਾ ਵਿਚੋਂ ਕੋਟਨ ਕੋਟ, ਪ੍ਰਭ ਅਬਿਨਾਸ਼ੀ ਸ਼ਬਦ ਸੁਰਤ ਸੁਰਤ ਸ਼ਬਦ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੋਕਮਾਤ ਹਰਿ ਜੋਤ ਧਰ, ਨਿਹਕਲੰਕ ਨਰਾਇਣ ਨਰ, ਆਪਣਾ ਨਾਉਂ ਰਖਾਈਆ । ਨਿਹਕਲੰਕ ਰਖੇ ਨਾਉਂ, ਨਾ ਕੋਈ ਪਿਤਾ ਨਾ ਕੋਈ ਮਾਉਂ, ਨਾਤਾ ਤੁੱਟੇ ਭੈਣ ਭਰਾ । ਸਾਕ ਸੱਜਣ ਕੋਈ ਦੀਸੇ ਨਾ, ਕਿਸੇ ਕੋਲ ਨਾ ਮੰਗੀ ਠੰਡੀ ਛਾਂ, ਨਾ ਫੜਾਏ ਕਿਸੇ ਆਪਣੀ ਬਾਂਹ । ਏਥੇ ਓਥੇ ਦੋ ਜਹਾਨੀ ਆਪੇ ਵੇਖੇ ਥਾਂ ਥਾਂ । ਸ਼ਬਦ ਰੱਖੇ ਤੀਰ ਨਿਸ਼ਾਨੀ, ਚਾਰੋਂ ਕੁੰਟਾਂ ਏਕਾ ਕਾਨੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਦੂਸਰ ਕੋਈ ਜਾਣੇ ਨਾ । ਗੁਰ ਨਾਨਕ ਸ਼ਬਦ ਜਣਾਈਆ । ਗੁਰ ਪੂਰੇ ਖ਼ੁਸ਼ੀ ਮਨਾਈਆ । ਸਤਿਗੁਰ ਸਾਚਾ ਰਿਹਾ ਸੁਣਾਈਆ । ਸਤਿ ਪੁਰਖ ਨਿਰੰਜਣ ਸਦਾ ਆਦੇਸ ਕਰੇ ਵੇਸ ਭੇਵ ਨਾ ਰਾਈਆ । ਆਪਣੀ ਜੋਤ ਕਰ ਪਰਵੇਸ਼, ਗੁਰਮੁਖ ਰੰਗ ਰੰਗਾਈਆ । ਆਪੇ ਸੱਚਾ ਨਰ ਨਰੇਸ਼, ਸਚ ਸਿੰਘਾਸਣ ਬੈਠਾ ਡੇਰਾ ਲਾਈਆ । ਕਿਸੇ ਨਾ ਚਲੇ ਕੋਈ ਪੇਸ਼, ਸ਼ਬਦ ਧਾਰਾ ਨਿਰਗੁਣ ਰਿਹਾ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਸ਼ਬਦ ਭੰਡਾਰਾ ਰਿਹਾ ਭਰ, ਗੁਰ ਅੰਗਦ ਸੰਗ ਸਮਾਈਆ । ਗੁਰ ਅੰਗਦ ਅੰਗ ਸਮਾਇਆ ਏ । ਅਮਰਦਾਸਾ ਦਰਸ਼ਨ ਪਾਇਆ ਏ । ਏਕਾ ਦੇਵੇ ਨਾਮ ਭਰਵਾਸਾ, ਸਾਚਾ ਜਾਪ ਜਪਾਇਆ ਏ । ਭੇਵ ਚੁਕਾਏ ਮਾਤ ਪਤਾਲ ਅਕਾਸ਼ਾ, ਨੂਰੀ ਜੋਤ ਪਰਕਾਸ਼ਾ, ਅਗਿਆਨ

ਅੰਧੇਰ ਮਿਟਾਇਆ ਏ । ਆਪੇ ਆਇਆ ਵੇਖਣ ਜਗਤ ਤਮਾਸ਼ਾ, ਗੁਰ ਅਰਜਨ ਧੀਰ ਧਰਾਇਆ ਏ । ਗੁਰ ਅਰਜਨ ਰੰਗ ਮਾਣੇ ਕਰ ਕਰ ਹਾਸਾ, ਭਾਣਾ ਹਰਿ ਹਰਿ ਵਰਤਾਇਆ ਏ । ਹਰਿ ਗੋਬਿੰਦੇ ਬਲ ਬਲ ਜਾਸਾ, ਜਗ ਤੇਜੀ ਤੇਜ ਧਰਾਇਆ ਏ । ਹਰਿ ਰਾਏ ਮਿਲਿਆ ਪੁਰਖ ਅਬਿਨਾਸ਼ਾ, ਰੰਗਣ ਰੰਗ ਇਕ ਚੜ੍ਹਾਇਆ ਏ । ਹਰਿ ਕ੍ਰਿਸ਼ਨ ਧਿਆਏ ਸਵਾਸ ਸਵਾਸਾ, ਬਾਲ ਅਵਸਥਾ ਜੋਤ ਮਿਲਾਇਆ ਏ । ਗੁਰ ਤੇਗ ਬਹਾਦਰ ਸਚ ਭਰਵਾਸਾ, ਏਕਾ ਓਟ ਹਰਿ ਰਘੁਰਾਇਆ ਏ । ਕਾਇਆ ਮਾਟੀ ਝੂਠਾ ਕਾਸਾ, ਕਲਜੁਗ ਜੀਵਾਂ ਹੋ ਹੋ ਨੀਵਾਂ ਆਪ ਭੰਨਾਇਆ ਏ । ਦਸਮ ਜੋਤ ਜੋਤ ਪਰਕਾਸ਼ਾ, ਆਪੇ ਵੇਖੇ ਦਸ ਦਸ ਮਾਸਾ, ਗਰਭਵਾਸਾ ਨੂਰ ਉਪਾਇਆ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਗੀ ਤੋੜਾ ਨਾਮ ਜੋੜਾ, ਸਾਚਾ ਸੀਸ ਸੁਹਾਇਆ ਏ । ਕਲਗੀ ਤੋੜਾ ਲਾਏ ਸੀਸ । ਇਕ ਸੁਣਾਏ ਹਰਿ ਹਦੀਸ । ਦੁਸ਼ਟ ਦਮਨ ਧਰਮ ਜੈਕਾਰਾ ਏਕਾ ਥੰਮਨ, ਨਾ ਕੋਈ ਕਰਾਏ ਤੇਰੀ ਰੀਸ । ਧੁਰ ਦਰਗਾਹੀ ਆਪੇ ਜਾਮਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਪੂਰੇ ਦਿਤਾ ਸਾਚਾ ਵਰ, ਛਤਰ ਝੁੱਲੇ ਕਲ ਸਾਚੇ ਸੀਸ । ਗੁਰ ਗੋਬਿੰਦੇ ਕਲ ਕੁੜਮਾਈਆ । ਮਾਇਆ ਰਾਣੀ ਜਿਸ ਪਰਨਾਈਆ । ਅੰਤਮ ਛੱਡਣੇ ਪੈਣੇ ਹਾਣੀਆਂ ਹਾਣੀ, ਨਾ ਕੋਈ ਕਿਸੇ ਸਕੇ ਪਛਾਨੀ, ਅਚਰਜ ਕਲ ਰਿਹਾ ਵਰਤਾਈਆ । ਆਪੇ ਜਾਣੇ ਆਪਣੀ ਬਾਣੀ, ਭਰਮੇ ਭੁੱਲੀ ਚਾਰੇ ਖਾਣੀ, ਲੋਕ ਲੋਕਾਂਤ ਨਾ ਕੋਈ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਗੋਬਿੰਦੇ ਵਾਲੀ ਹਿੰਦੇ ਸਰਬ ਬਖ਼ਸ਼ਿੰਦੇ ਸਾਚਾ ਸ਼ਬਦ ਰਿਹਾ ਉਪਜਾਈਆ । ਸਾਚਾ ਸ਼ਬਦ ਹਰਿ ਉਪਜਾਏ, ਸਾਚਾ ਹੁਕਮ ਸੁਣਾਇੰਦਾ । ਪ੍ਰਭ ਅਬਿਨਾਸ਼ੀ ਦਇਆ ਕਮਾਏ, ਆਪ ਆਪਣਾ ਰੰਗ ਵਖਾਏ, ਨਾ ਦੂਸਰ ਕੋਈ ਜਣਾਇੰਦਾ । ਕਲਜੁਗ ਸਾਚਾ ਸੰਗ ਨਿਭਾਏ, ਸ਼ਬਦ ਨਾਮ ਮਰਦੰਗ ਵਜਾਏ, ਸੰਗ ਅੰਗ ਅੰਗ ਸੰਗ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਗੁਰ ਸ਼ਬਦੀ ਸਾਚਾ ਮੇਲ ਕਰ, ਆਪ ਆਪਣਾ ਭੇਵ ਚੁਕਾਇੰਦਾ । ਗੁਰ ਗੋਬਿੰਦੇ ਹਰਿ ਸੁਣਾਇਆ ਏ । ਵਾਲੀ ਹਿੰਦੇ ਗੁਣੀ ਗਹਿੰਦੇ, ਵਡ ਮਰਗਿੰਦੇ ਆਪਣਾ ਰੰਗ ਵਖਾਇਆ ਏ । ਪੁੱਤਰ ਧੀਆਂ ਸਗਲੀ ਚਿੰਦੇ, ਮਾਨਸ ਦੇਹੀ ਝੂਠੀ ਬਿੰਦੇ, ਰਹਿਣ ਕੋਈ ਨਾ ਪਾਇਆ ਏ । ਦਰ ਦਵਾਰਾ ਇਕ ਸੁਹਿੰਦੇ, ਸ਼ਬਦ ਅਨਾਹਦ ਗੀਤ ਗਵਿੰਦੇ, ਅਨਹਦ ਧੁਨ ਰਿਹਾ ਵਜਾਇਆ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਧੁਰ ਫ਼ਰਮਾਣ ਕਰ ਧਿਆਨ ਗੁਰ ਪੂਰੇ ਆਪ ਸੁਣਾਇਆ ਏ । ਹਰਿ ਪੂਰਾ ਸ਼ਬਦ ਜਣਾਇੰਦਾ । ਗੁਰ ਪੂਰਾ ਬੂਝ ਬੁਝਾਇੰਦਾ । ਹਰਿ ਸਾਚੀ ਸੇਵਾ ਲਾਇੰਦਾ । ਗੁਰ ਪੂਰਾ ਕਰਮ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੇ ਵਸੇ ਘਰ, ਗੁਰ ਸਤਿਗੁਰ ਸਾਚੇ ਦੇ ਦੇ ਵਰ, ਆਦਿਨ ਅੰਤਾ ਜੁਗਾ ਜੁਗੰਤਾ ਆਪਣਾ ਕਰਮ ਕਮਾਇੰਦਾ । ਹਰਿ ਸਾਚਾ ਸਚ ਫ਼ਰਮਾਣ, ਗੁਰਮੁਖ ਵਾਕੀਆ । ਕਰੇ ਖੇਲ ਵਾਲੀ ਦੋ ਜਹਾਨ, ਚੜ੍ਹੇ ਸ਼ਬਦ ਸਾਚੇ ਘੋੜ ਸਾਚੇ ਰਾਕੀਆ । ਆਪ ਝੁਲਾਏ ਧਰਮ ਨਿਸ਼ਾਨ, ਵੇਲਾ ਰਹੇ ਅਜੇ ਬਾਕੀਆ । ਨੌਂ ਖੰਡ ਪ੍ਰਿਥਮੀ ਪਾਏ ਆਣ, ਅੰਮ੍ਰਿਤ ਜਾਮ ਪਿਆਏ ਸਾਚਾ ਸਾਕੀਆ । ਅਠੇ ਪਹਿਰ ਨੌਜਵਾਨ, ਲੋਆਂ ਪੁਰੀਆਂ ਦਹਿ ਦਿਸ਼ਾ ਚਾਰੋਂ ਕੁੰਟ ਉਠ ਉਠ ਵੇਖੇ, ਰਹਿਣ ਨਾ ਦੇਵੇ ਕੋਈ ਆਕੀਆ । ਆਪੇ ਪਾਏ ਭਰਮ ਭੁਲੇਖੇ, ਸ੍ਰਿਸ਼ਟ ਸਬਾਈ ਆਪੇ ਵੇਖੇ, ਨਾ ਕੋਈ ਜਾਣੇ ਜੀਵ ਖਾਕੀਆ । ਪਰਗਟ ਹੋਏ ਨਰ ਨਰੇਸ਼ੇ, ਕਰੇ ਵੇਸ ਸੰਬਲ ਦੇਸੇ, ਪੁਰੀ ਘਨਕ ਘਨਕਪੁਰ ਵਾਸੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਾਣੇ ਰੰਗ ਸ਼ਾਹੋ ਸ਼ਾਬਾਸੀਆ । ਸੰਬਲ ਦੇਸ ਹਰਿ ਜਣਾਇਆ

ਏ । ਗੁਰ ਦਸਮੇਸ ਲੇਖ ਲਿਖਾਇਆ ਏ । ਕਰੇ ਵੇਸ ਹਰਿ ਰਘੁਰਾਇਆ ਏ । ਨਰ ਨਰੇਸ਼ ਭੇਵ ਨਾ ਪਾਇਆ ਏ । ਬਾਲ ਜਵਾਨੀ ਅੱਲੜ੍ਹ ਵਰੇਸ, ਬਾਰਾਂ ਬਾਰਾਂ ਸੰਗ ਰਲਾਇਆ ਏ । ਆਪੇ ਵੇਖੇ ਬ੍ਰਹਮਾ ਬ੍ਰਹਮ ਦਰਵੇਸ, ਦਰ ਦਰਬਾਨਾ ਖੇਲ ਰਚਾਇਆ ਏ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਸੰਬਲ ਦੇਸ ਰੁੱਤ ਸੁਹਾਇਆ ਏ । ਹਰਿ ਸਾਚੇ ਸ਼ਬਦ ਜਣਾਈਆ । ਗੁਰ ਗੋਬਿੰਦਾ ਰਿਹਾ ਲਿਖਾਈਆ । ਮਨਮੁਖਾਂ ਮਾਰੇ ਆਤਮ ਹੰਕਾਰੀ ਜਿੰਦਾ, ਨਾ ਕੋਈ ਕਿਸੇ ਤੁੜਾਈਆ । ਗੁਰਮੁਖ ਉਪਜਾਏ ਸਾਚੀ ਬਿੰਦਾ, ਮਨਮੁਖ ਮਲੇਸ਼ ਨਾਉਂ ਰਖਾਈਆ । ਚਾਰੋਂ ਕੁੰਟ ਹੋਏ ਨਿੰਦਾ, ਜਗਤ ਜਗਦੀਸਾ ਦਿਸ ਨਾ ਆਈਆ । ਭਗਤ ਜਨਾਂ ਆਪੇ ਬਖ਼ਸ਼ਿੰਦਾ, ਆਤਮ ਜੋਤੀ ਮੇਲ ਮਿਲਾਈਆ । ਵਡ ਦਾਤਾ ਗੁਣੀ ਗਹਿੰਦਾ, ਸਭ ਥਾਈਂ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੇ ਹੱਥ ਰਖੇ ਵਡਿਆਈਆ । ਗੁਰ ਗੋਬਿੰਦੇ ਗੁਣ ਰਸਨਾ ਗਾਇਆ । ਅੱਖਰ ਅੱਖਰ ਕਰ ਕਰ ਵੱਖਰ, ਸ੍ਰਿਸ਼ਟ ਸਬਾਈ ਵੇਖ ਵਖਾਇਆ । ਬੇਮੁਖਾਂ ਨਾ ਪਾਟੇ ਬਜਰ ਕਪਾਟੀ ਪੱਥਰ, ਮਾਇਆ ਸੱਥਰ ਹੇਠ ਵਿਛਾਇਆ । ਨੇਤਰ ਨੀਰ ਨਾ ਵਰੋਲੇ ਕੋਈ ਅੱਥਰ, ਬਿਰਹੋਂ ਨੀਰ ਨਾ ਕਿਸੇ ਚਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਪੂਰੇ ਦਿਤਾ ਸ਼ਬਦ ਵਰ, ਸ਼ਬਦ ਸੁਨੇਹੜਾ ਇਕ ਘਲਾਇਆ । ਸ਼ਬਦ ਸੁਨੇਹੜਾ ਸ਼ਬਦ ਜਣਾਈਆ । ਲੱਖ ਚੁਰਾਸੀ ਕਲਜੁਗ ਅੰਤਮ ਕਟੇ ਗੇੜਾ, ਪਰਗਟ ਹੋਏ ਆਪ ਰਘੁਰਾਈਆ । ਆਪੇ ਕਰੇ ਹੱਥ ਨਿਬੇੜਾ, ਘਰ ਘਰ ਵੇਖੇ ਕਾਇਆ ਨਗਰ ਖੇੜਾ, ਲੱਖ ਚੁਰਾਸੀ ਖੇਲ ਰਚਾਈਆ । ਗੁਰੂਆਂ ਪੀਰਾਂ ਭੇੜ ਭੇੜਾ, ਸੰਤ ਅਸੰਤਾਂ ਖੁਲ੍ਹਾ ਵਿਹੜਾ, ਚਾਰੋਂ ਕੁੰਟ ਰਿਹਾ ਦੁੜਾਈਆ । ਲੱਖ ਚੁਰਾਸੀ ਏਕਾ ਗੇੜਾ, ਧਰਮ ਰਾਏ ਗਲ ਪਾਏ ਜੇੜਾ, ਲਾੜੀ ਮੌਤ ਏਕਾ ਰਾਹ ਰਹੀ ਤਕਾਈਆ । ਗੁਰਮੁਖ ਵਿਰਲਾ ਸਾਚਾ ਸੰਤ ਹਰਿ ਸੁਨੇਹੜਾ, ਆਪ ਆਪਣਾ ਬੰਨ੍ਹਿਆ ਬੇੜਾ, ਲੱਖ ਚੁਰਾਸੀ ਫੰਦ ਕਟਾਈਆ । ਗੁਰ ਗੋਬਿੰਦੇ ਖ਼ੁਸ਼ੀ ਮਨਾਈ । ਅੰਤਮ ਅੰਤ ਆਉਣਾ ਚਾਈਂ ਚਾਈਂ । ਚਾਰੋਂ ਕੁੰਟ ਵੇਖ ਵਖਾਣੇ ਥਾਉਂ ਥਾਈਂ । ਕਲਜੁਗ ਜੀਵ ਬੇਮੁਹਾਣੇ ਅੰਧੇ ਕਾਣੇ, ਕੋਈ ਨਾ ਪਕੜੇ ਕਿਸੇ ਬਾਹੀਂ । ਤਖ਼ਤੋਂ ਲਾਹੇ ਰਾਜੇ ਰਾਣੇ, ਦਰ ਦਰਬਾਨ ਆਪ ਕਰਾਏ, ਕੋਈ ਨਾ ਦੇਵੇ ਠੰਡੀਆ ਛਾਈਂ । ਵੇਖ ਵੇਖ ਨੌਜਵਾਨੇ, ਮੰਦਰ ਅੰਦਰ ਬੇਈਮਾਨੇ, ਸ਼ਬਦ ਮਾਰੇ ਤੀਰ ਨਿਸ਼ਾਨੇ, ਦੀਸੇ ਕਿਸੇ ਨਾਹੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਗੋਬਿੰਦੇ ਦਿਤਾ ਵਰ, ਪਰਗਟ ਹੋਏ ਅਵਰ ਨਾ ਜਾਣੇ ਕੋਇ, ਧੁਰ ਦਰਗਾਹੀ ਸਾਚਾ ਮਾਹੀ । ਪਰਗਟ ਹੋਏ ਹਰਿ ਦਾਤਾਰ । ਨਿਹਕਲੰਕ ਕਲੰਕ ਅੰਕ ਬਾਰ । ਸ਼ਬਦ ਡੰਕ ਸਰਬ ਸੰਸਾਰ । ਰਾਓ ਰੰਕ ਦਰ ਭਿਖਾਰ । ਚਾਰ ਵਰਨ ਰਖਾਏ ਏਕਾ ਅੰਕ, ਸਾਚਾ ਸ਼ਬਦ ਜੈ ਜੈਕਾਰ । ਆਪ ਸੁਹਾਏ ਦਵਾਰ ਬੰਕ, ਸੰਬਲ ਨਗਰ ਅਪਰ ਅਪਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਰਗਟ ਹੋਏ ਵਿਚ ਸੰਸਾਰ । ਨਿਹਕਲੰਕ ਕਲ ਜਾਮਾ ਪਾਉਣਾ ਏ । ਆਪ ਆਪਣਾ ਭੇਵ ਛੁਪਾਉਣਾ ਏ । ਕਰੋੜ ਤੇਤੀਸਾ ਦੇਵੀ ਦੇਵ, ਸੁਰਪਤ ਰਾਜਾ ਇੰਦ ਦਿਸ ਨਾ ਆਵਣਾ ਏ । ਉਠ ਉਠ ਵੇਖਣ ਨਰ ਨਰੇਸ਼ ਕਿਹੜੀ ਕੂਟੇ ਲਾਏ ਬੂਟੇ, ਸ਼ਬਦ ਸਰੂਪੀ ਚੰਦ ਚੜ੍ਹਾਉਣਾ ਏ । ਆਪੇ ਕਰੇ ਵੇਸ ਪਰਗਟ ਹੋਏ ਮਾਝੇ ਦੇਸ, ਛੇ ਛੇ ਯੋਜਨ ਗੇੜ ਰਖਾਉਣਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਰਾਮਦਾਸ ਤੇਰਾ ਵੇਖੇ ਘਰ, ਦਾਸਰਾਮ ਆਪ ਹੋ ਆਉਣਾ ਏ । ਨਾ ਕੋਈ ਦੀਵਾ ਨਾ ਕੋਈ ਬਾਤੀ, ਆਪਣੀ ਹੱਥੀਂ ਗੁਰ ਜਗਾਇਆ ਏ । ਚਾਰੋਂ ਕੁੰਟ ਅੰਧੇਰੀ ਰਾਤੀ, ਮਾਇਆ

੨੯੭ ੦੫

ਗੱਦੀ ਭਰਮ ਭੁਲਾਇਆ ਏ । ਘਰ ਘਰ ਬੈਠੇ ਦਰ ਦਰ ਵੇਖਣ ਆਤਮ ਮਾਰ ਝਾਤੀ, ਗੁਰ ਪੂਰਾ ਦਿਸ ਨਾ ਆਇਆ ਏ । ਰਸਨਾ ਕਹਿਣ ਖੁਲ੍ਹੀ ਤਾਕੀ, ਦਸਮ ਦਵਾਰੀ ਨਾ ਕਿਸੇ ਚੜ੍ਹ ਅੰਦਰ ਵੜ ਆਪਣਾ ਮਾਹੀ ਪਾਇਆ ਏ । ਸਾਚੇ ਸਰ ਸਰੋਵਰ ਨਾ ਮਿਲਿਆ ਸਾਚਾ ਸਾਕੀ, ਅੰਮ੍ਰਿਤ ਜਾਮ ਆਪਣੇ ਹੱਥੀਂ ਨਾ ਕਿਸੇ ਪਿਆਇਆ ਏ । ਆਪੇ ਬੈਠੇ ਬਣ ਬਣ ਆਕੀ, ਆਪ ਆਪਣਾ ਰਾਹ ਚਲਾਇਆ ਏ । ਗੁਰ ਪੂਰਾ ਪਰਗਟ ਹੋਏ ਅੰਤ ਮਿਟਾਏ ਲਹਿਣਾ ਦੇਣਾ ਬਾਕੀ, ਸ਼ਬਦ ਡੰਡਾ ਹੱਥ ਉਠਾਇਆ ਏ । ਆਪੇ ਚੜ੍ਹੇ ਸ਼ਬਦ ਘੋੜੇ ਸੱਚੇ ਰਾਕੀ, ਚਾਰੋਂ ਕੁੰਟ ਰਿਹਾ ਦੁੜਾਇਆ ਏ । ਜੋਤੀ ਜੋਤ ਸਰੂਪ ਹਰਿ, ਵੇਖ ਵਖਾਣੇ ਸਚ ਘਰ, ਸਤਿਗੁਰ ਸਾਵਣ ਸਾਵਣ ਮੇਘ ਨਾ ਆਪਣਾ ਆਪ ਬਰਸਾਇਆ ਏ । ਸਾਵਣ ਸਾਵਣ ਰਸਨ ਉਚਾਰੇ, ਚਾਰੋਂ ਕੁੰਟ ਫਿਰੀ ਦੁਹਾਈਆ । ਨਾ ਕੋਈ ਬਹਾਏ ਕਾਇਆ ਮਹੱਲ ਮੁਨਾਰੇ, ਸਾਚੇ ਲੋਚਨ ਬੂਝ ਨਾ ਕਿਸੇ ਬੁਝਾਈਆ । ਨੇਤਰ ਵੇਖਣ ਦਰ ਦਰ ਪੇਖਣ ਨੌਂ ਦਵਾਰੇ ਕੂਕ ਪੁਕਾਰੇ, ਅੰਤਮ ਪਈ ਗਲ ਵਿਚ ਫਾਹੀਆ । ਗੁਰਮੁਖ ਵਿਰਲਾ ਆਤਮ ਵੇਖੇ ਸਚ ਵਿਰੋਲੇ ਸੁਰਤੀ ਬੰਨ੍ਹੇ ਸ਼ਬਦ ਧਾਰੇ, ਖਿਚੀ ਜਾਏ ਦਸਮ ਦਵਾਰੇ, ਅਗੋਂ ਮਿਲਦਾ ਪਾਰ ਕਰਾਏ ਫੜ ਕੇ ਬਾਹੀਂਆ । ਜੋਤੀ ਜੋਤ ਸਰੂਪ ਹਰਿ, ਗੁਰ ਪੂਰੇ ਸਤਿਗੁਰ ਸੂਰੇ, ਕਿਸੇ ਨਾ ਦਿਤਾ ਇਕ ਵਰ, ਸਾਚੀ ਜੋਤ ਚੜ੍ਹਿਆ ਤੇਲ ਪੂਰੇ, ਸ਼ਬਦ ਨਾ ਹੋਈ ਕਿਸੇ ਕੁੜਮਾਈਆ । ਪੂਰਾ ਸ਼ਬਦ ਕਿਸੇ ਨਾ ਵਰਿਆ । ਆਪੇ ਆਪਣੀ ਰਾਹੀ ਲੱਗੇ, ਇਕ ਦੂਜੇ ਤੋਂ ਆਵੇ ਡਰਿਆ । ਮਾਇਆ ਰਾਣੀ ਵਾ ਤੱਤੀ ਲਗੇ, ਗੁਰਮੁਖ ਵਿਰਲੇ ਕਾਇਆ ਬੂਟੇ ਹੋਏ ਹਰਿਆ । ਅੰਤਮ ਬਣੇ ਹੰਸ ਕਗੇ, ਬੈਠੇ ਪਹਿਨ ਬਸਤਰ ਬੱਗੇ, ਗੁਰ ਗੁਰ ਭਾਣਾ ਕਿਸੇ ਨਾ ਜਰਿਆ । ਕਾਇਆ ਤੁੱਟੇ ਝੂਠੇ ਤਗੇ, ਦੀਪਕ ਜੋਤੀ ਕਿਸੇ ਨਾ ਜਗੇ, ਕੋਈ ਨਾ ਫੜੇ ਬਾਂਹ ਅਗੇ, ਗੁਰ ਪੂਰਾ ਜਿਸ ਮਨੋ ਭੁਲਾਇਆ । ਜੋਤੀ ਜੋਤ ਸਰੂਪ ਹਰਿ, ਗੁਰ ਸਤਿਗੁਰ ਸਾਵਣ ਇਕ ਕਰ, ਗਰੀਬ ਨਿਮਾਣਾ ਮੰਗੇ ਵਰ, ਕਰ ਕਿਰਪਾ ਦਰਸ਼ਨ ਦਏ ਦਿਖਾਇਆ । ਹਰਿ ਜੋਤ ਅਪਾਰ ਘਟ ਰੁਸ਼ਨਾਈਆ । ਹਰਿ ਜੋਤ ਅਪਾਰ, ਕਾਇਆ ਮਟ ਹਰਿ ਰਖਾਈਆ । ਹਰਿ ਜੋਤ ਅਪਾਰ, ਕਿਸੇ ਹੱਥ ਨਾ ਆਏ, ਅੱਠ ਸੱਠ ਤੀਰਥ ਫਿਰੇ ਲੋਕਾਈਆ । ਹਰਿ ਜੋਤ ਅਪਾਰ ਦਿਸ ਨਾ ਆਏ ਮੰਦਰ ਮਸਜਿਦ ਸ਼ਿਵਦਵਾਲੇ ਮੱਠ, ਦਿਵਸ ਰੈਣ ਟੱਲੀਆਂ ਰਹੇ ਖੜਕਾਈਆ । ਹਰਿ ਜੋਤ ਅਪਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੇ ਵਿਚ ਸਮਾਈਆ । ਹਰਿ ਜੋਤ ਅਪਾਰ ਸਰਬ ਪਸਾਰਿਆ । ਹਰਿ ਜੋਤ ਅਪਾਰ ਲੱਖ ਚੁਰਾਸੀ ਦੇਵੇ ਏਕਾ ਏਕ ਅਧਾਰਿਆ । ਹਰਿ ਜੋਤ ਅਪਾਰ, ਗੁਰਮੁਖ ਵੇਖੇ ਸ਼ਬਦ ਸੁਵਾਸੀ, ਆਤਮ ਰਹੇ ਨਾਮ ਖੁਮਾਰ । ਹਰਿ ਜੋਤ ਅਪਾਰ ਕਲਜੁਗ ਅੰਤਮ ਵੇਖੇ ਮਦਿਰਾ ਮਾਸੀ, ਚਾਰੋਂ ਕੁੰਟ ਕਰੇ ਖ਼ਬਰਦਾਰ । ਹਰਿ ਜੋਤ ਅਪਾਰ, ਪਕੜ ਉਠਾਏ ਪੰਡਤ ਕਾਸ਼ੀ, ਵੇਦ ਪੁਰਾਨਾ ਕਰਨ ਵਿਚਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਕਿਰਿਆ ਕਰਮ ਰਿਹਾ ਵਿਚਾਰ । ਹਰਿ ਜੋਤ ਅਪਾਰ ਜੁਗਾ ਜੁਗੰਤਿਆ । ਹਰਿ ਜੋਤ ਅਪਾਰ ਪੂਰਨ ਭਗਵੰਤਿਆ । ਹਰਿ ਜੋਤ ਅਪਾਰ ਮਿਲੇ ਮੇਲ ਸਾਧਨ ਸੰਤਿਆ । ਹਰਿ ਜੋਤ ਅਪਾਰ ਗੁਰਮੁਖ ਸਾਚੇ ਜਾਏ ਤਾਰ, ਏਕਾ ਦੇਵੇ ਨਾਮ ਅਧਾਰ, ਸਾਚਾ ਰਾਗ ਕੰਨ ਸੁਣੰਤਿਆ । ਹਰਿ ਜੋਤ ਅਪਾਰ ਦੀਪਕ ਜੋਤੀ ਕਰ ਉਜਿਆਰ, ਬਜਰ ਕਪਾਟੀ ਦੇਵੇ ਪਾੜ, ਤੱਤੀ ਵਾ ਨਾ ਲਗੇ ਹਾੜ, ਪੰਜਾਂ ਤੱਤਾਂ ਦੇਵੇ ਸਾੜ, ਏਕਾ ਚਾੜ੍ਹੇ ਰੰਗ ਬਸੰਤਿਆ । ਹਰਿ ਜੋਤ ਅਪਾਰ ਗੁਰਮੁਖ ਬਣਾਏ ਸਾਚੇ ਲਾੜ, ਦਰ ਘਰ ਸਾਚੇ ਦੇਵੇ ਵਾੜ, ਆਪੇ ਹੋਏ ਪਿੱਛੇ ਅਗਾੜ, ਆਤਮ ਜੋਤੀ ਮੇਲ ਮਿਲੰਤਿਆ । ਹਰਿ

ਜੋਤ ਅਪਾਰ ਗੁਰਮੁਖ ਮਾਇਆ ਦੇਵੇ ਸਾੜ, ਸ਼ਬਦ ਵੱਜੇ ਕਾੜ ਕਾੜ, ਲਾੜੀ ਮੌਤ ਚਬਾਏ ਦਾੜ੍ਹ, ਨਾ ਕੋਈ ਸਹਾਏ ਜੀਵ ਜੰਤਿਆ । ਹਰਿ ਜੋਤ ਅਪਾਰ ਜੁਗਾ ਜੁਗੰਤਰ ਏਕਾ ਧਾਰ, ਕਲਜੁਗ ਵੇਖੇ ਅੰਤ ਅਖਾੜ, ਸਾਚਾ ਅਖਾੜਾ ਇਕ ਰਚੰਤਿਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੇ ਰੰਗ ਆਪ ਵਸੰਦੜਾ । ਵਸੇ ਰੰਗ ਅਪਾਰ, ਰੰਗ ਚਲੂਲਿਆ । ਭਗਤ ਵਛਲ ਹਰਿ ਗਿਰਧਾਰ, ਸਾਚਾ ਕੰਤ ਹਰਿ ਕੰਤੂਹਲਿਆ । ਦੋ ਜਹਾਨਾਂ ਰਿਹਾ ਪੈਜ ਸਵਾਰ, ਜੋ ਜਨ ਦਰ ਆਏ ਭੂਲਿਆ । ਮਾਨਸ ਦੇਹੀ ਰੰਗ ਅਪਾਰ, ਸ਼ਬਦ ਝੁਲਾਏ ਸਾਚਾ ਝੂਲਿਆ । ਪਵਣ ਸਵਾਸੀ ਇਕ ਅਧਾਰ, ਵਖਾਏ ਧਾਮ ਇਕ ਅਸਥੂਲਿਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਗੁਰਮੁਖ ਸਾਚੇ ਵੇਖ ਹਰਿ, ਆਪ ਬਣਾਏ ਸੂਲੀ ਸੂਲਿਆ ।

★ ਪਹਿਲੀ ਅੱਸੂ ੨੦੧੨ ਬਿਕ੍ਰਮੀ ਹਰਿ ਭਗਤ ਦਵਾਰ ਜੇਠੂਵਾਲ ਰਾਸ਼ਟਰਪਤੀ ਰਾਜਿੰਦਰ ਪ੍ਰਸਾਦ ਨੂੰ ਸ਼ਬਦ ਭੇਜਿਆ ਗਿਆ ★

ਤਖ਼ਤ ਤਾਜ ਸੁਲਤਾਨ, ਸੁਲਤਾਨ ਤਖ਼ਤ ਤਾਜਿਆ । ਪਰਗਟ ਹੋਏ ਵਾਲੀ ਦੋ ਜਹਾਨ, ਵੇਖ ਵਖਾਣੇ ਰਾਜਨ ਰਾਜਿਆ । ਸ਼ਬਦ ਉਠਾਏ ਤੀਰ ਕਮਾਨ, ਅਸਤਰ ਸ਼ਸਤਰ ਸਾਚਾ ਸਾਜਨ ਸਾਜਿਆ । ਨਰ ਨਰੇਸ਼ਾ ਨੌਜਵਾਨ, ਦਰ ਦਰਵੇਸਾ ਦੇਸ ਮਾਝਿਆ । ਕਰੇ ਖੇਲ ਮਾਤ ਮਹਾਨ, ਮੇਟ ਮਿਟਾਏ ਅੰਜੀਲ ਕੁਰਾਨ, ਮੱਕਾ ਕਾਅਬਾ ਹਾਜਨ ਹਾਜਿਆ । ਗੁਣਵੰਤਾ ਹਰਿ ਗੁਣ ਨਿਧਾਨ, ਛਾਣੇ ਪੁਣੇ ਵੇਦ ਪੁਰਾਨ, ਆਪ ਸਵਾਰੇ ਆਪਣੇ ਕਾਜਿਆ । ਵਰਨ ਬਰਨ ਮੇਟ ਮਿਟਾਨ, ਖਾਣੀ ਬਾਣੀ ਵੇਖ ਨਿਸ਼ਾਨ, ਇਕ ਚਲਾਏ ਨਾਮ ਜਹਾਜਿਆ । ਧਰਮ ਝੁੱਲਾਏ ਇਕ ਨਿਸ਼ਾਨ, ਆਪ ਉਠਾਏ ਸ੍ਰੀ ਭਗਵਾਨ, ਮੇਟ ਮਿਟਾਏ ਮੁੱਲਾਂ ਕਾਜੀਆ । ਪੂਰਨ ਜੋਤ ਇਕ ਮਹਾਨ, ਸਾਧ ਸੰਤ ਕਰੇ ਪਛਾਣ, ਗੁਰ ਪੀਰ ਮਾਰ ਧਿਆਨ, ਜੂਠੇ ਝੂਠੇ ਨਾਜਨ ਨਾਜੀਆ । ਆਪੇ ਗੋਪੀ ਆਪੇ ਕਾਹਨ, ਆਪੇ ਰਾਮ ਰਮਈਆ ਰਾਮ, ਆਪੇ ਕਾਇਆ ਮਾਟੀ ਚਾਮ, ਆਪੇ ਮਧ ਸਾਚੀ ਹਾਟੀ ਪੀਏ ਜਾਮ, ਆਪੇ ਸ਼ਬਦ ਖਾਏ ਸਾਚਾ ਤਾਮ, ਜੋਤੀ ਨੂਰ ਲਾਟਨ ਲਾਟੀਆ । ਆਪੇ ਦਿਵਸ ਆਪੇ ਸ਼ਾਮ, ਜੋਤੀ ਜੋਤ ਸਰੂਪ ਹਰਿ, ਕਲਜੁਗ ਅੰਤਮ ਵੇਖ ਦਰ, ਵੇਖੇ ਖੇਲ ਬਾਜੀਗਰ ਨਾਟੀਆ । ਰਾਜ ਜੋਗ ਜੋਗ ਰਾਜ, ਰਸਨਾ ਰਸ ਭੋਗ ਜਗਤ ਤ੍ਰਿਸਨਾ ਲੱਗੀ ਆਗ । ਮਿਲੇ ਮੇਲ ਧੁਰ ਸੰਜੋਗ, ਹਰਿਜਨ ਵਿਚੋਂ ਚੁੱਕੇ ਰੋਗ, ਆਪ ਬਣਾਏ ਹੰਸ ਕਾਗ । ਦੇਵੇ ਦਰਸ ਦਰ ਅਮੋਘ, ਆਤਮ ਰਸ ਲੈਣਾ ਭੋਗ, ਮਾਇਆ ਡੱਸੇ ਨਾ ਡੱਸਣੀ ਨਾਗ । ਸੋਹੰ ਸ਼ਬਦ ਸਾਚਾ ਜੋਗ, ਲੱਖ ਚੁਰਾਸੀ ਹੋਏ ਵਿਜੋਗ, ਆਤਮ ਬਖ਼ਸ਼ੇ ਇਕ ਵੈਰਾਗ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਸਰੂਪੀ ਦੇਵੇ ਵਰ, ਵਾਲੀ ਹਿੰਦ ਜਾਣਾ ਜਾਗ । ਵਾਲੀ ਹਿੰਦ ਜਾਗ ਸੁਰਤ ਸੰਭਾਲੀਆ । ਪ੍ਰਭ ਅਬਿਨਾਸ਼ੀ ਲਾਇਆ ਭਾਗ, ਆਪੇ ਸ਼ਾਹ ਆਪੇ ਕੰਗਾਲੀਆ । ਜਗਤ ਤ੍ਰਿਸਨਾ ਬੁਝੇ ਆਗ, ਮਿਲੇ ਨਾਮ ਸ਼ਬਦ ਦਲਾਲੀਆ । ਸ਼ਬਦ ਬੰਨ੍ਹਣਾ ਤਨ ਸਾਚਾ ਤਾਗ, ਮਿਲੇ ਮੇਲ ਕੰਤ ਸੁਹਾਗ, ਜੋਤ ਜਗੇ ਇਕ ਅਕਾਲੀਆ । ਆਪ ਆਪਣੇ ਹੱਥ ਰਖੇ ਵਾਗ, ਦੁਰਮਤ ਮੈਲ ਧੋਏ ਕਾਇਆ ਦਾਗ਼, ਦਰ ਘਰ ਸਾਚੇ ਬਣਨਾ ਨਾਮ ਸਵਾਲੀਆ । ਦੀਪਕ ਜੋਤੀ ਜਗੇ ਚਿਰਾਗ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਫਲ ਲਗਾਏ ਕਾਇਆ ਸਾਚੀ ਡਾਲੀਆ । ਜਗਤ ਜੁਗੀਸ਼ਰ

ਰਾਜ ਦਵਾਰ । ਪੁਰਖ ਅਬਿਨਾਸ਼ੀ ਆਪ ਜਗਾਏ, ਲੋਕਮਾਤ ਰਹਿਣਾ ਖ਼ਬਰਦਾਰ । ਸ਼ਬਦ ਸੁਨੇਹੜਾ ਇਕ ਘਲਾਏ, ਮੇਲ ਮਿਲਾਏ ਹਰਿ ਮੀਤ ਮੁਰਾਰ । ਨਿਹਚਲ ਧਾਮ ਅਟਲ ਵਖਾਏ, ਜਲ ਥਲ ਆਪ ਸਮਾਏ, ਘੜੀ ਘੜੀ ਪਲ ਪਲ ਨੂਰੀ ਜੋਤ ਕਰ ਅਕਾਰ । ਸ਼ਬਦ ਉਛਾਲ ਇਕ ਲਗਾਏ, ਵਲ ਛਲ ਜਗਤ ਭੁਲਾਏ, ਦੀਪਕ ਜੋਤੀ ਰਹੀ ਬਲ, ਅਗਿਆਨ ਅੰਧੇਰ ਕਲ ਮਿਟਾਏ, ਮਿਟੇ ਘਟਾ ਕਾਲੀਆ । ਜੋਤੀ ਜੋਤ ਸਰੂਪ ਹਰਿ, ਸ਼ਬਦ ਸੁਨੇਹੜਾ ਰਿਹਾ ਘੱਲ, ਆਪ ਆਪਣਾ ਹੁਕਮ ਸੁਣਾ ਲਿਆ । ਹਰਿ ਹਰਿ ਹਰਿ ਫ਼ਰਮਾਣ, ਸ਼ਬਦ ਜਣਾਈਆ । ਜਗਤ ਸ਼ਾਹ ਏਕਾ ਆਣ, ਧੁਰ ਦਰਗਾਹੀ ਰਿਹਾ ਪਾਈਆ । ਅੱਸੂ ਤਿੰਨ ਦਿਵਸ ਵਖਾਨ, ਸਦ ਬੀਸ ਤੇਰਾਂ ਬਿਕ੍ਰਮੀ ਵੇਲਾ ਵਕਤ ਰਿਹਾ ਲਿਖਾਈਆ । ਚਲ ਕੇ ਆਏ ਜੋਤ ਸਰੂਪੀ ਹਰਿ ਭਗਵਾਨ, ਦਿੱਲੀ ਤਖ਼ਤ ਦਰ ਦਵਾਰ ਸੁਹਾਈਆ । ਸ਼ਬਦ ਝੁੱਲੇ ਇਕ ਨਿਸ਼ਾਨ, ਦਹਿ ਦਿਸ਼ਾ ਰਿਹਾ ਝੁਲਾਈਆ । ਆਪੇ ਜਾਣੇ ਜਾਣੀ ਜਾਣ, ਸੱਤਾਂ ਦੀਪਾਂ ਵੰਡ ਵੰਡਾਈਆ । ਨੌਵਾਂ ਖੰਡਾਂ ਰੰਗ ਮਹਾਨ, ਚੰਡ ਪਰਚੰਡਾ ਸੰਗ ਰਲਾਈਆ । ਰੂਸਾ ਚੀਨਾ ਵੇਖ ਜਪਾਨ, ਇੰਗਲਸਤਾਨਾ ਸ਼ਾਹ ਹਲਕਾਈਆ । ਚੜ੍ਹੇ ਘੋੜੇ ਨੌਜਵਾਨ, ਸੋਹੰ ਫੜੇ ਤੀਰ ਕਮਾਨ, ਲਹਿੰਦੀ ਦਿਸ਼ਾ ਪਾਏ ਹਿਸਾ, ਆਪਣੀ ਰਚਨ ਰਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵਾਲੀ ਹਿੰਦ ਹੋਸ਼ ਕਰ, ਗੁਰ ਸ਼ਬਦ ਹਲੂਣਾ ਏਕਾ ਲਾਈਆ । ਸ਼ਬਦ ਹਲੂਣਾ ਲੱਗੇ ਤਨ, ਮਨ ਸੋਇਆ ਮਾਤ ਜਗਾਉਣਾ । ਸਾਚਾ ਸ਼ਬਦ ਸੁਣਨਾ ਕੰਨ, ਪੁਰਖ ਅਬਿਨਾਸ਼ੀ ਆਪਣਾ ਆਪ ਸੁਣਾਉਣਾ । ਭਰਮ ਭੁਲੇਖਾ ਕੱਢੇ ਜਨ, ਦਰ ਦਵਾਰੇ ਚਰਨ ਛੁਹਾਉਣਾ । ਸਤਿਜੁਗ ਸਾਚਾ ਚੜ੍ਹਿਆ ਚੰਨ, ਕਲਜੁਗ ਕਾਲਾ ਭੇਖ ਮਿਟਾਉਣਾ । ਗੁਰਮੁਖਾਂ ਬੇੜਾ ਰਿਹਾ ਬੰਨ, ਰਾਜਾ ਰਾਣਾ ਤਖ਼ਤੋਂ ਲਾਹੁਣਾ । ਏਕਾ ਵਸਤ ਰੱਖੇ ਸੱਚਾ ਨਾਮ ਧਨ ਲੋਕਮਾਤ ਸਾਚੀ ਵੰਡ ਵੰਡਾਉਣਾ । ਬੇਮੁਖਾਂ ਅੰਤਮ ਦੇਵਣ ਆਇਆ ਡੰਨ, ਮਦਿਰਾ ਮਾਸੀ ਕੋਈ ਦਿਸ ਨਾ ਆਉਣਾ । ਜੋਤੀ ਜੋਤ ਸਰੂਪ ਹਰਿ, ਸ਼ਬਦ ਸੁਨੇਹੜਾ ਦੇਵੇ ਵਰ, ਵਾਲੀ ਹਿੰਦ ਜਾਣਾ ਤਰ, ਸਰਨ ਸਰਨਾਈ ਏਕਾ ਪੜ, ਦੂਸਰ ਕਿਸੇ ਨਾ ਸੀਸ ਝੁਕਾਉਣਾ । ਸ਼ਬਦ ਤੀਰ ਹਰਿ ਤੁਰੰਗ । ਘਟ ਘਟ ਵੇਖੇ ਮਸਤਕ ਲੇਖੇ, ਲਿਖੇ ਰੇਖੇ ਚਿੱਟੇ ਅਸਵ ਕਸ ਤੰਗ । ਰੰਕ ਰਾਜਾਨ ਸ਼ਾਹ ਸੁਲਤਾਨ ਰਹੇ ਭਰਮ ਭੁਲੇਖੇ, ਸਾਧਾਂ ਸੰਤਾਂ ਮਾਇਆ ਰਾਣੀ ਕੀਤਾ ਨੰਗ । ਗੁਰਮੁਖ ਵਿਰਲਾ ਤੀਜੇ ਨੇਤਰ ਨੈਣ ਪੇਖੇ, ਸ਼ਬਦ ਜੈਕਾਰਾ ਵੱਜੇ ਮਰਦੰਗ । ਮੇਟ ਮਿਟਾਏ ਔਲੀਏ ਪੀਰ ਸ਼ੇਖੇ, ਲਾੜੀ ਮੌਤ ਮੰਗੇ ਮੰਗ । ਧਰਮ ਰਾਏ ਦੂਰ ਦੁਰਾਡਾ ਵੇਖੇ, ਪ੍ਰਭ ਅਬਿਨਾਸ਼ੀ ਕਿਰਪਾ ਕਰ ਕਲਜੁਗ ਅੰਤ ਨਿਭਾਏ ਸਾਚਾ ਸੰਗ । ਮੇਟਣ ਆਇਆ ਬਿਧਨਾ ਲਿਖੀ ਰੇਖੇ, ਲੱਖ ਚੁਰਾਸੀ ਹੋਣੀ ਭੰਗ । ਜੋਤੀ ਜੋਤ ਸਰੂਪ ਹਰਿ, ਸ਼ਬਦ ਸਰੂਪੀ ਦੇਵੇ ਵਰ, ਭਗਤ ਭਗਵੰਤ ਜਾਏ ਤਰ, ਆਪ ਚੁਕਾਏ ਅਗਲੇ ਪਿਛਲੇ ਲੇਖੇ । ਰਾਜ ਇੰਦਰ ਇੰਦਰ ਪ੍ਰਸ਼ਾਦ । ਸ਼ਬਦ ਦੇਵੇ ਪ੍ਰਭ ਸਾਚੀ ਦਾਦ । ਹਰਿਜਨ ਸਾਚਾ ਹਰਿ ਦਰ ਲੇਵੇ, ਦਿਵਸ ਰੈਣ ਰਸਨ ਅਰਾਧ । ਸੋਹੰ ਸ਼ਬਦ ਅਲਖ ਅਭੇਵੇ, ਮੇਲ ਮਿਲਾਵੇ ਮਾਧਵ ਮਾਧ । ਅੰਮ੍ਰਿਤ ਆਤਮ ਰਸ ਸਾਚੇ ਮੇਵੇ, ਹੋਏ ਜਣਾਈ ਬੋਧ ਅਗਾਧ । ਕੌਸਤਕ ਮਣੀਆ ਮਸਤਕ ਥੇਵੇ, ਖੋਜੇ ਜੂਹ ਪਿੰਡ ਬ੍ਰਹਿਮਾਦ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਭਗਤ ਸੁਹੇਲੇ ਦੇਵੇ ਵਰ, ਪੁਰਖ ਅਬਿਨਾਸ਼ੀ ਲੈਣਾ ਲਾਧ । ਪੁਰਖ ਅਬਿਨਾਸ਼ੀ ਜੋਤ ਜਗਾਈ । ਨਿਹਕਲੰਕਾ ਨਾਉਂ ਰਖਾਈ । ਪੁਰੀ ਘਨਕਾ ਧਾਮ ਸੁਹਾਈ । ਬਾਰ ਅਨਕਾ ਜੋਤ ਪਰਗਟਾਈ । ਭਰਮ ਭੁਲੇਖਾ ਸ਼ੰਕ ਮਿਟਾਈ । ਰਾਓ ਰੰਕਾਂ ਰਿਹਾ ਸਮਝਾਈ । ਜੋਤੀ ਜੋਤ ਸਰੂਪ ਹਰਿ, ਗੁਰਮੁਖ

੨੯੩
੦੫

ਸੁਹਾਏ ਇਕ ਦਰ, ਬੰਕ ਦਵਾਰਾ ਮਿਲੇ ਵਡਿਆਈ । ਮਿਲੇ ਵਡਿਆਈ ਜਗਤ ਵਡਿਆਈਆ । ਏਕਾ ਹਰਿ ਸਰਨਾਈ, ਨਾ ਦੂਜਾ ਕੋਈ ਸਹਾਈਆ । ਚਾਰੋਂ ਕੁੰਟ ਪਏ ਦੁਹਾਈਆ । ਪ੍ਰਭ ਸਾਚੀ ਵੰਡ ਵੰਡਾਈਆ । ਮਾਝੇ ਦੇਸ ਹੋਈ ਕੁੜਮਾਈਆ । ਜੋਤ ਨਿਰੰਜਣ ਤੇਲ ਚੜ੍ਹਾਈਆ । ਨੈਣ ਕੱਜਲ ਸ਼ਬਦ ਪਾਈਆ । ਗੁਰਮੁਖ ਸਾਚੇ ਸੰਗ ਰਲਾਈਆ । ਸਾਚੀ ਬਣਤ ਰਿਹਾ ਬਣਾਈਆ । ਸਾਧਾਂ ਸੰਤਾਂ ਰਿਹਾ ਹਲਾਈਆ । ਰਾਜ ਰਾਜਾਨਾਂ ਰਿਹਾ ਜਗਾਈਆ । ਸ਼ਾਹ ਸੁਲਤਾਨਾ ਰਿਹਾ ਬੁਲਾਈਆ । ਸ਼ਬਦ ਸੁਨੇਹੜਾ ਇਕ ਘਲਾਈਆ । ਸੋਹੰ ਬੰਨ੍ਹੇ ਸ਼ਬਦ ਗਾਨਾ, ਚਿੱਟੇ ਘੋੜੇ ਵਾਗ ਗੁੰਦਾਈਆ । ਚੌਥਾ ਪੌੜਾ ਰਿਹਾ ਉਠਾਈਆ । ਹੋ ਅਸਵਾਰ ਸਾਚੇ ਮਾਹੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਸੁਨੇਹੜਾ ਦੇਵੇ ਵਰ, ਹਰਿ ਭਗਵੰਤ ਸੰਤ ਭਰਮ ਭੁਲੇਖਾ ਰਹੇ ਨਾਹੀਆ । ਭਰਮ ਭੁਲੇਖਾ ਖੋਲ੍ਹੇ, ਆਏ ਦਵਾਰਿਆ । ਸ਼ਬਦ ਚੌਹ ਅੱਖਰ ਏਕਾ ਬੋਲੇ, ਕਲਜੁਗ ਤੇਰੀ ਧਾਰਿਆ । ਨਿਹਕਲੰਕ ਕਦੇ ਨਾ ਡੋਲੇ, ਸ੍ਰਿਸ਼ਟ ਸਬਾਈ ਆਪੇ ਤੋਲੇ, ਤੋਲਣਹਾਰ ਸਰਬ ਸੰਸਾਰਿਆ । ਗੁਰਮੁਖ ਸਾਚੇ ਅੰਦਰ ਬੋਲੇ, ਭਾਗ ਲੱਗਾ ਕਾਇਆ ਚੋਲੇ, ਚਾਰ ਵਰਨਾਂ ਦਿਸ ਨਾ ਆ ਰਿਹਾ । ਸ਼ਬਦ ਸੁਣਾਏ ਸੋਹੰ ਸਾਚੇ ਸੋਹਲੇ, ਕਾਇਆ ਧਰਤੀ ਸਭ ਦੀ ਮੌਲੇ, ਉਲਟੀ ਨਾਭੀ ਖਿੜੇ ਕਵਲੇ, ਹੋਏ ਬਸੰਤ ਬਹਾਰਿਆ । ਜੋਤੀ ਜੋਤ ਸਰੂਪ ਹਰਿ, ਅੱਸੂ ਤਿੰਨ ਵੇਖ ਦਰ, ਲੇਖ ਲਿਖਾਏ ਗਿਣ ਗਿਣ ਵਾਲੀ ਹਿੰਦ ਮਿਟਾਏ ਚਿੰਦ, ਸੁਹਾਏ ਏਕਾ ਬੰਕ ਦਵਾਰਿਆ । ਵਾਲੀ ਹਿੰਦ ਖ਼ੁਸ਼ੀ ਮਨਾਉਣੀ । ਪ੍ਰਭ ਅਬਿਨਾਸ਼ੀ ਜੋਤ ਜਗਾਉਣੀ । ਘਨਕਪੁਰ ਵਾਸੀ ਰਚਨ ਰਚਾਉਣੀ । ਆਦਿ ਸ਼ਕਤ ਆਦਿ ਭਵਾਨੀ, ਜੋਤ ਨਿਰੰਜਣ ਇਕ ਨਿਸ਼ਾਨੀ, ਦਿਵਸ ਰੈਣ ਡਗਮਗਾਉਣੀ । ਮਾਰੇ ਤੀਰ ਸ਼ਬਦ ਕਾਨੀ, ਸੋਹੰ ਸਾਚੀ ਬਾਣੀ ਬਜਰ ਕਪਾਟੀ ਚੀਰ ਵਖਾਣੀ । ਨੇੜ ਨਾ ਆਇਣ ਪੰਜ ਸ਼ੈਤਾਨੀ, ਸੰਝ ਸਵੇਰ ਇਕ ਕਰਾਉਣੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਤਮ ਘਰ ਖੋਲ੍ਹੇ ਦਰ, ਮਿਲੇ ਵਰ ਨਰ ਹਰਿ, ਆਤਮ ਮਾਰੇ ਇਕੋ ਛਾਲ, ਦੀਨ ਦਿਆਲ ਸੁਹਾਵੇ ਤਾਲ ਆਪਣੀ ਆਪ ਲਗਾਉਣੀ । ਕਾਇਆ ਮਾਟੀ ਹੱਟ ਜਗਤ ਵਣਜਾਰਿਆ । ਸਾਚਾ ਲਾਹਾ ਲੈਣਾ ਖੱਟ, ਵਿਚ ਸੰਸਾਰਿਆ । ਜੋਤ ਨਿਰਾਲਮ ਆਪ ਲਪੇਟੀ ਮੰਦਰ ਸਾਚੇ ਮੱਟ, ਡੂੰਘੀ ਕੰਦਰ ਅੰਧ ਅੰਧਿਆਰਿਆ । ਦਸਮ ਵਸੇਰਾ ਘਟ ਘਟ , ਜੋਤੀ ਜਗੇ ਲਟ ਲਟ, ਦਿਸ ਕਿਸੇ ਨਾ ਆ ਰਿਹਾ । ਏਕਾ ਮਾਇਆ ਪਾਈ ਵਟ, ਦੂਈ ਦਵੈਤੀ ਲਾਇਆ ਫੱਟ, ਸਾਚਾ ਤੱਟ ਨਾ ਕੋਈ ਵਖਾ ਰਿਹਾ । ਗੁਰਮੁਖ ਵਿਰਲਾ ਸੰਤ ਸੁਹੇਲਾ ਆਤਮ ਰਸ ਸਚ ਦਵਾਰੇ ਰਿਹਾ ਚੱਟ । ਪੁਰਖ ਅਬਿਨਾਸ਼ੀ ਘਟ ਘਟ ਵਾਸੀ, ਹਿਰਦੇ ਜਾਏ ਵਸ । ਜੋਤ ਨਿਰੰਜਣ ਕਰ ਪਰਕਾਸ਼, ਰਾਹ ਸਾਚਾ ਜਾਏ ਦੱਸ । ਪਵਣ ਚਲਾਏ ਸ਼ਬਦ ਸਵਾਸ, ਅੰਮ੍ਰਿਤ ਆਤਮ ਤਾਲ ਸੁਹਾਏ ਤੀਰਥ ਸਾਚਾ ਤੱਟ । ਜੋਤੀ ਜੋਤ ਸਰੂਪ ਹਰਿ, ਜੋਤ ਸਰੂਪੀ ਭੇਖ ਧਰ, ਗੁਰਮੁਖ ਸਾਚੇ ਸੰਤ ਸੁਹੇਲੇ ਇਕ ਇਕੇਲੇ ਆਪ ਆਪਣੇ ਦਰ ਬਹਾਏ ਦਇਆ ਕਮਾਏ ਬੇਮੁੱਖਾਂ ਦੀਸੇ ਖੇਲ ਬਾਜੀਗਰ ਨੱਟ । ਕਾਇਆ ਮੰਦਰ ਭਗਤ ਦਵਾਰ । ਭਗਤ ਦਵਾਰ ਅੰਮ੍ਰਿਤ ਭੰਡਾਰ । ਅੰਮ੍ਰਿਤ ਭੰਡਾਰੀ ਦਸਮ ਦੁਵਾਰ । ਦਸਮ ਦਵਾਰੀ ਜੋਤ ਨਿਰੰਕਾਰ । ਜੋਤ ਨਿਰੰਕਾਰੀ ਸ਼ਬਦ ਧਾਰ । ਸ਼ਬਦ ਧਾਰੀ ਪਵਣ ਅਸਵਾਰ । ਜੋਤੀ ਜੋਤ ਸਰੂਪ ਹਰਿ, ਗੁਰਮੁਖਾਂ ਖੋਲ੍ਹੇ ਬੰਦ ਕਵਾੜ । ਗੁਰਮੁਖਾਂ ਖੋਲ੍ਹੇ ਬੰਦ ਕਵਾੜ, ਅੰਧੇਰ ਵਿਨਾਸਿਆ । ਪਰੇ ਹਟਾਏ ਪੰਚਮ ਧਾੜ, ਸ਼ਬਦ ਸਵਾਸਿਆ । ਜੋਤ ਜਗਾਏ ਬਹੱਤਰ ਨਾੜ, ਕਰੇ ਪਰਕਾਸਿਆ । ਆਪੇ ਫਿਰੇ ਪਿਛੇ ਅਗਾੜ, ਨਿੱਜ ਘਰ ਵਾਸਿਆ । ਸਾਚੇ ਪੌੜੇ ਦੇਵੇ ਚਾੜ੍ਹ, ਅਕਾਸ਼ ਅਕਾਸ਼ਿਆ । ਦਰ

ਘਰ ਸਾਚੇ ਦੇਵੇ ਵਾੜ, ਨਾ ਕਦੇ ਵਿਨਾਸਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖਾਂ ਦੇਵੇ ਨਾਮ, ਹੋਇਆ ਰਹੇ ਦਾਸਨ ਦਾਸਿਆ । ਕਾਇਆ ਮਾਟੀ ਸਾਚਾ ਹਟ, ਰਤਨ ਅਮੋਲਿਆ । ਗੁਰਮੁਖ ਵਿਰਲਾ ਲਾਹਾ ਲਏ ਖੱਟ, ਸਾਚਾ ਤੋਲ ਹਰਿ ਜੀ ਤੋਲਿਆ । ਪਰਗਟ ਹੋਏ ਝੱਟ ਪੱਟ, ਅੰਦਰੇ ਅੰਦਰ ਆਤਮ ਬੋਲਿਆ । ਆਪੇ ਆਪ ਰਿਹਾ ਰੱਟ, ਲੱਗੇ ਭਾਗ ਕਾਇਆ ਮਟ, ਬੰਦ ਦਵਾਰਾ ਏਕਾ ਖੋਲ੍ਹਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਰਹੇ ਅਡੋਲ ਕਦੇ ਨਾ ਡੋਲਿਆ । ਆਪੇ ਆਪ ਸਦਾ ਅਭੁੱਲ, ਆਦਿ ਅੰਤ ਕਦੇ ਨਾ ਭੁੱਲਿਆ । ਲੱਖ ਚੁਰਾਸੀ ਰਹੀ ਰੁਲ, ਪਾਣੀ ਪਿਆ ਕਾਇਆ ਚੁਲ੍ਹਿਆ । ਗੁਰਮੁਖ ਵਿਰਲਾ ਹਰਿ ਉਪਜਾਏ ਸਾਚੀ ਕੁਲ, ਸ਼ਬਦ ਲਗਾਏ ਤਨ ਪਹਿਨਾਏ ਸਾਚੇ ਫੁਲਿਆ । ਆਪ ਆਪਣਾ ਦਰਸ ਦਿਖਾਏ, ਆਤਮ ਤ੍ਰਿਸਨਾ ਹਰਸ ਮਿਟਾਏ, ਅੰਮ੍ਰਿਤ ਮੇਘ ਬਰਸ ਵਖਾਏ, ਹਰਿਜਨ ਚਰਨ ਪ੍ਰੀਤੀ ਘੋਲ ਘੁਲਿਆ । ਜੋਤੀ ਜੋਤ ਸਰੂਪ ਹਰਿ, ਕਾਇਆ ਮਾਟੀ ਜੋਤ ਧਰ, ਦੇਵੇ ਨਾਮ ਸ਼ਬਦ ਦਾਤ ਅਨਮੁਲਿਆ । ਸ਼ਬਦ ਦਾਤ ਅਨਮੋਲ ਗੁਰ ਭੰਡਾਰਿਆ । ਦੇਵਣਹਾਰ ਸਰਬ ਸੰਸਾਰ, ਆਪੇ ਆਪ ਵਰਤਾ ਰਿਹਾ । ਗੁਰਮੁਖ ਵਿਰਲਾ ਲੇਵੇ ਕਰ ਪਿਆਰ, ਆਏ ਦਰ ਸੱਚੇ ਦਵਾਰਿਆ । ਸ਼ਬਦ ਦੇਵੇ ਤਿਖੀ ਧਾਰ, ਆਪ ਕਰਾਏ ਆਰ ਪਾਰਿਆ । ਸੋਹੰ ਫੜ ਤੇਜ ਕਟਾਰ, ਪੰਜਾਂ ਮਾਰੇ ਵਾਰੋ ਵਾਰਿਆ । ਦਰ ਦਵਾਰੇ ਰੱਖੇ ਬਾਹਰ, ਅੱਠੇ ਪਹਿਰ ਦੇਵੇ ਪਹਿਰਿਆ । ਗੁਰਮੁਖ ਹੋਣਾ ਖ਼ਬਰਦਾਰ, ਮਨ ਮਤ ਬੁਧ ਆਪ ਜਗਾ ਰਿਹਾ । ਝੂਠਾ ਨਾਤਾ ਕਾਇਆ ਧਾਰ, ਪੁਰਖ ਬਿਧਾਤਾ ਦਰਸ ਦਿਖਾ ਰਿਹਾ । ਮਾਨਸ ਦੇਹੀ ਕਰਮ ਵਿਚਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚੇ ਮੰਦਰ ਅੰਦਰ ਬੋਲਿਆ । ਹਰਿ ਹਰਿ ਹਰਿ ਨਿਰਵੈਰਿਆ । ਹਰਿ ਹਰਿ ਏਕਾ ਘਰ, ਨਾ ਹੋਏ ਕਦੇ ਕਹਰਿਆ । ਹਰਿ ਹਰਿ ਏਕਾ ਦੇਵੇ ਸੱਚਾ ਵਰ, ਨਾ ਕੋਈ ਜਾਣੇ ਐਰ ਗੈਰਿਆ । ਹਰਿ ਹਰਿ ਆਪਣੀ ਤਰਨੀ ਰਿਹਾ ਤਰ, ਆਵੇ ਜਾਵੇ ਵਸੇ ਹੱਸੇ ਕਾਇਆ ਸ਼ਹਿਰਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਸਿੰਘਾਸਣ ਸਾਚੇ ਆਸਣ ਆਪੇ ਆਪ ਬਹਿ ਰਿਹਾ । ਨਿੰਦਕ ਨਿੰਦਿਆ ਨਾ ਕਰੇ ਵਿਚਾਰ । ਵਡੀ ਵਡਿਆਈ ਹਰਿ ਦਰ ਦਵਾਰ । ਮਨ ਮਤ ਬੁੱਧ ਜਿਸ ਜੀਵ ਉਪਜਾਈ, ਸੰਗ ਰਲਾਏ ਕਾਮ ਕਰੋਧ ਲੋਭ ਮੋਹ ਹੰਕਾਰ । ਪੰਜ ਤੱਤਾਂ ਬਣਤ ਬਣਾਈ, ਇਕ ਕਰਾਇਆ ਤਨ ਸ਼ਿੰਗਾਰ । ਕਲਜੁਗ ਮਾਇਆ ਪਾਈ ਫਾਹੀ, ਚਾਰੋਂ ਕੁੰਟ ਧੂੰਆਂਧਾਰ । ਜਗਤ ਜਗਦੀਸਾ ਦਿਸੇ ਨਾਹੀ, ਸਰਬ ਜੀਆਂ ਦਾ ਸਾਚਾ ਯਾਰ । ਜੋਤੀ ਜੋਤ ਸਰੂਪ ਹਰਿ, ਉਸਤਤ ਨਿੰਦਿਆ ਇਕ ਕਰ, ਆਪੇ ਵਸੇ ਆਪਣੇ ਬੰਕ ਦਵਾਰ । ਨੌਂ ਦਵਾਰੇ ਜਗਤ ਵਿਕਾਰ, ਪ੍ਰਭ ਸਾਚਾ ਆਪ ਰਖਾਇੰਦਾ । ਦਸਮ ਵਸੇਰਾ ਹਰਿ ਕਰਤਾਰ, ਆਪ ਆਪਣੇ ਵਿਚ ਸਮਾਇੰਦਾ । ਸ਼ਬਦ ਘੇਰਾ ਪਹਿਰੇਦਾਰ, ਅੱਠੇ ਪਹਿਰ ਸੱਦ ਜਗਾਇੰਦਾ । ਪਵਣ ਸਵਾਸੀ ਦਏ ਹੁਲਾਰ, ਇਕ ਹਲੂਣਾ ਨਾਮ ਲਗਾਇੰਦਾ । ਦੀਪਕ ਜੋਤੀ ਕਰ ਉਜਿਆਰ, ਅੰਧ ਅਗਿਆਨ ਆਪ ਮਿਟਾਇੰਦਾ । ਏਕਾ ਖੋਲ੍ਹੇ ਸਚ ਦੁਕਾਨ, ਨਾਮ ਵਸਤ ਇਕ ਟਿਕਾਇੰਦਾ । ਤੋਲਾ ਬਣ ਹਰਿ ਭਗਵਾਨ, ਆਪੇ ਸਾਚਾ ਤੋਲ ਤੁਲਾਇੰਦਾ । ਏਕਾ ਦੂਜਾ ਤੀਜਾ ਬੋਲਾ ਨੇਤਰ ਖੋਲ੍ਹਾ, ਸਵੱਛ ਸਰੂਪੀ ਦਰਸ ਦਿਖਾਇੰਦਾ । ਗੁਰ ਗੁਰਸਿਖ ਆਤਮ ਮਨ ਤਨ ਪਤੀਜਾ, ਮਿਲਿਆ ਮੇਲ ਗੁਣ ਨਿਧਾਨ ਦਇਆ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਦੇਵੇ ਇਕ ਨਿਸ਼ਾਨ । ਸ਼ਬਦ ਦੇਵੇ ਧੁਰ ਦਰਗਾਹ । ਸ੍ਰਿਸ਼ਟ ਸਬਾਈ ਇਕ ਮਲਾਹ । ਚਾਰੋਂ ਕੁੰਟ ਰਿਹਾ ਵੰਡਾਈ, ਕਲਜੁਗ ਅੰਤਮ ਹਿਸੇ ਪਾ ।

ਵੇਖੇ ਖਲਕ ਖ਼ੁਦਾਈ, ਆਪ ਕਿਸੇ ਦਿਸੇ ਨਾ । ਈਸੇ ਮੂਸੇ ਪਏ ਜੁਦਾਈ, ਛਤਰ ਕਿਸੇ ਸੀਸੇ ਝੁੱਲੇ ਨਾ । ਪਕੜ ਉਠਾਏ ਫੜ ਫੜ ਬਾਹੀਂ, ਰੂਸਾ ਚੀਨਾ ਭੁਲੇ ਨਾ । ਰਾਜੇ ਰਾਣਿਆ ਪਾਏ ਫਾਹੀ, ਭਾਗ ਲਗੇ ਕਿਸੇ ਕਾਇਆ ਕੁੱਲੇ ਨਾ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਸਦਾ ਅਡੋਲ ਅੰਤ ਕਲ ਡੁੱਲੇ ਨਾ । ਕਲਜੁਗ ਅੰਧ ਅਗਿਆਨ ਮਚਿਆ । ਨਾ ਕੋਈ ਜਾਣੇ ਚਤੁਰ ਸੁਜਾਨ, ਬ੍ਰਹਮ ਗਿਆਨ ਕਵਣ ਸੱਚਿਆ । ਮਾਇਆ ਰਾਣੀ ਹੋਈ ਪਰਧਾਨ, ਨੌਂ ਦਵਾਰੇ ਬਹਿ ਬਹਿ ਨਚਿਆ । ਪਰਗਟ ਹੋਏ ਵਾਲੀ ਦੋ ਜਹਾਨ, ਚਾਰੋਂ ਕੁੰਟ ਹਾਹਾਕਾਰ ਮਚਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਭੰਨੇ ਕੱਚਾ, ਭਾਂਡਾ ਫਲ ਅੰਤਮ ਵੇਲੇ ਪੱਕਿਆ । ਕਲਜੁਗ ਕਾਲਾ ਵੇਸ ਪੁਰਖ ਅਗੰਮਿਆ । ਪਰਗਟ ਹੋਏ ਮਾਝੇ ਦੇਸ, ਮਾਤਾ ਪਿਤਾ ਕਿਸੇ ਨਾ ਜੰਮਿਆ । ਪਕੜ ਉਠਾਏ ਨਰ ਨਰੇਸ਼, ਸ਼ਬਦ ਸਰੂਪੀ ਲਾਹੇ ਚੰਮਿਆ । ਨਾ ਕੋਈ ਬੋਲੇ ਸ਼ਿਵ ਸ਼ੰਕਰ ਗਣੇਸ਼, ਗਗਨ ਪਤਾਲੀ ਹਿਲਾਏ ਥੰਮ੍ਹਿਆ । ਜੋਤ ਸਰੂਪੀ ਕਰ ਵੇਸ, ਕਰੇ ਖੇਲ ਅਗੰਮ ਅਗੰਮਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਚਾਰੇ ਕੁੰਟਾਂ ਵੇਖ ਹਰਿ, ਆਪ ਆਪਣੇ ਅੰਦਰ ਰਮਿਆ । ਆਪ ਆਪਣੇ ਰੰਗ ਸਮਾਇਆ । ਕਲਜੁਗ ਕਾਲਾ ਮੰਗੇ ਮੰਗ, ਪ੍ਰਭ ਅਬਿਨਾਸ਼ੀ ਦਇਆ ਕਮਾਇਆ । ਅਸਟਭੁਜ ਹੋਈ ਸੰਗ, ਸ਼ਬਦ ਸਿੰਘਾਸਣ ਆਸਣ ਲਾਇਆ । ਹਰਿ ਦਵਾਰੇ ਮੰਗੇ ਮੰਗ, ਪ੍ਰਭ ਅਬਿਨਾਸ਼ੀ ਕਸ ਤੰਗ, ਸ਼ਬਦ ਘੋੜਾ ਇਕ ਮੰਗਾਇਆ । ਲੇਖਾ ਚੁਕੇ ਗੋਦਾਵਰੀ ਗੰਗ, ਅੱਠ ਸੱਠ ਤੀਰਥ ਹੋਏ ਭੰਗ, ਜੀਵ ਜੰਤ ਭੁੱਖ ਨੰਗ, ਸਾਧ ਸੰਤ ਹੋਏ ਹਲਕਾਇਆ । ਸ਼ਬਦ ਚਾੜ੍ਹੇ ਏਕਾ ਕੰਗ, ਸੋਹੰ ਵੱਜੇ ਸ਼ਬਦ ਮਰਦੰਗ, ਰਾਓ ਰੰਕ ਰਿਹਾ ਸੁਣਾਇਆ । ਆਪੇ ਢਾਹੇ ਭਰਮਾਂ ਕੰਧ, ਨਾਮ ਚੜ੍ਹਾਏ ਸਾਚਾ ਚੰਦ, ਕਲਜੁਗ ਅੰਧੇਰ ਦਏ ਮਿਟਾਇਆ । ਮਦਿਰਾ ਮਾਸ ਲਾਇਆ ਬੱਤੀ ਦੰਦ, ਬੇਮੁਖਾਂ ਗਵਾਇਆ ਪਰਮਾਨੰਦ, ਹੰਕਾਰ ਵਿਕਾਰ ਤਨ ਵਸਾਇਆ । ਜਨ ਭਗਤਾਂ ਖ਼ੁਸ਼ੀ ਕਰੇ ਬੰਦ ਬੰਦ, ਸ਼ਬਦ ਸੁਣਾਏ ਏਕਾ ਛੰਦ, ਧੁਨ ਨਾਦ ਅਨਾਹਦ ਆਪਣੀ ਆਪ ਰਿਹਾ ਉਪਜਾਇਆ । ਉਪਜੇ ਧੁਨ ਅਨਾਹਦ ਨਾਦ, ਸਰਬ ਘਟ ਉਪਾਨਿਆ । ਸ਼ਬਦ ਬੋਧ ਅਗਾਧ, ਨਾ ਕੋਇ ਜਾਣੇ ਵੇਦ ਪੁਰਾਨਿਆ । ਗੁਰਮੁਖ ਵਿਰਲੇ ਮਿਲੇ ਸਾਚੀ ਦਾਦ, ਹਰਿ ਹਰਿ ਨਾਉਂ ਬ੍ਰਹਮ ਗਿਆਨਿਆ । ਆਤਮ ਵੱਜੇ ਸਾਚਾ ਨਾਦ, ਦਸਮ ਦਵਾਰੀ ਇਕ ਨਿਸ਼ਾਨਿਆ । ਮਿਲੇ ਮੇਲ ਮਾਧਵ ਮਾਧ, ਜੋਤੀ ਨੂਰ ਹਾਜ਼ਰ ਹਜ਼ੂਰ ਸ੍ਰੀ ਭਗਵਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵੇਖੇ ਖੇਲ ਦੋ ਜਹਾਨਿਆ । ਦੋ ਜਹਾਨਾਂ ਖੇਲ ਹਰਿ ਰਚਾਇੰਦਾ । ਆਪ ਆਪਣਾ ਕਰ ਕਰ ਮੇਲ, ਜਨ ਭਗਤ ਮਾਤ ਜਗਾਇੰਦਾ । ਆਪੇ ਕਰੇ ਆਪਣੀ ਖੇਲ, ਸੰਗ ਸੁਹੇਲ ਆਪ ਅਖਵਾਇੰਦਾ । ਆਪੇ ਗੁਰ ਆਪੇ ਚੇਲ, ਸ਼ਬਦ ਜੋਤੀ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੁਰੀਆਂ ਲੋਆਂ ਕਰ ਅਕਾਰ, ਇਕ ਜੈਕਾਰਾ ਸ਼ਬਦ ਬੁਲਾਇੰਦਾ । ਸ਼ਬਦ ਜੈਕਾਰਾ ਹਰਿ ਸੁਣਾਇਆ ਏ । ਬ੍ਰਹਮਾ ਪੁਰੀ ਬ੍ਰਹਮ ਤਜਾਇਆ ਏ । ਗੁਰਮੁਖ ਸਾਚਾ ਕਰਮ ਪ੍ਰਭ ਅਬਿਨਾਸ਼ੀ ਆਪ ਬਣਾਇਆ ਏ । ਗੁਰ ਤੇਗ ਬਹਾਦਰ ਮਿਲਿਆ ਜਨਮ, ਸਾਚੇ ਸਾਚਾ ਧਾਮ ਸੁਹਾਇਆ ਏ । ਸ੍ਰਿਸ਼ਟ ਸਬਾਈ ਮੇਟੇ ਵਰਮ, ਲੱਖ ਚੁਰਾਸੀ ਕਰਮ ਆਪਣੇ ਹੱਥ ਰਖਾਇਆ ਏ । ਕਲਜੁਗ ਮਾਇਆ ਜੀਵ ਭੁੱਲੇ ਭਰਮ, ਭਰਮ ਭੁਲੇਖਾ ਝੂਠਾ ਲੇਖਾ ਵੇਖੀ ਵੇਖਾ ਮਾਤ ਵਧਾਇਆ ਏ । ਗੁਰਮੁਖ ਸਾਚਾ ਨੇਤਰ ਪੇਖੇ, ਆਪ ਲਿਖਾਈ ਆਪਣੀ ਰੇਖੇ, ਪੁਰਖ ਅਬਿਨਾਸ਼ੀ ਧਰਿਆ ਭੇਖੇ, ਆਪਣਾ ਸਾਚਾ ਧਾਮ ਸੁਹਾਇਆ ਏ । ਜੋਤੀ ਜੋਤ ਸਰੂਪ

ਹਰਿ, ਆਪ ਆਪਣੀ ਜੋਤ ਧਰ, ਬ੍ਰਹਮਾ ਬ੍ਰਹਮ ਰੂਪ ਸਮਾਇਆ ਏ । ਬ੍ਰਹਮਾ ਬ੍ਰਹਮ ਰੂਪ ਸਮਾਏ । ਹਰਿ ਹਰਿ ਜੋਤੀ ਮੇਲ ਮਿਲਾਏ । ਸ਼ਿਵ ਸ਼ੰਕਰ ਕਰ ਧਿਆਨ, ਜਟਾ ਜੂਟ ਧਾਰੀ ਸੀਸ ਝੁਕਾਏ । ਪ੍ਰਭ ਅਬਿਨਾਸ਼ੀ ਚਤੁਰ ਸੁਜਾਨਾ ਆਪੇ ਵੇਖੇ ਮਾਰ ਧਿਆਨ । ਚਾਰੇ ਕੁੰਟਾਂ ਵੇਖ ਵਖਾਣੇ, ਅੰਤਮ ਮਿਟਦਾ ਜਾਏ ਨਿਸ਼ਾਨ । ਕਲਜੁਗ ਕਾਲੇ ਆਈ ਹਾਨ । ਝੂਠੀ ਦਿਸੇ ਨਾ ਕੋਈ ਦੁਕਾਨ । ਜੀਓ ਪਿੰਡ ਭਾਂਡਾ ਕਾਚਾ, ਜਗਤ ਮਕਾਨ । ਪੁਰਖ ਅਬਿਨਾਸ਼ੀ ਸਾਚੋ ਸਾਚਾ, ਏਕਾ ਏਕ ਸ੍ਰੀ ਭਗਵਾਨ । ਸ਼ਿਵ ਸ਼ੰਕਰ ਦਰ ਦਵਾਰੇ ਆਏ ਨਾਚਾ, ਕਿਰਪਾ ਕਰ ਹਰਿ ਭਗਵਾਨ । ਕਲਜੁਗ ਅੰਤਮ ਹਰਿ ਹਰਿ ਵਾਚਾ, ਏਕਾ ਲੱਗੇ ਸ਼ਬਦ ਤਮਾਚਾ, ਹੋਏ ਵਿਛੋੜਾ ਦੋ ਜਹਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲੋਆਂ ਪੁਰੀਆਂ ਵੇਖ ਹਰਿ, ਇਕ ਝੁਲਾਏ ਸ਼ਬਦ ਨਿਸ਼ਾਨ । ਸ਼ਿਵ ਸ਼ੰਕਰ ਜੋਤ ਮਿਲਾਏ । ਅੰਕਰ ਕੰਕਰ ਦਵਾਰ ਬੰਕਰ ਏਕਾ ਡੰਕ ਵਜਾਏ । ਵੇਖੇ ਖੇਲ ਹਰਿ ਭਿਅੰਕਰ, ਭਾਣਾ ਆਪਣੇ ਹੱਥ ਰਖਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਦੂਜਾ ਭਉ ਚੁਕਾਏ । ਸਾਚੀ ਪੁਰੀ ਮਾਰ ਧਿਆਨ । ਹਰ ਘਟ ਰਾਮ ਕਰ ਪਛਾਨ । ਇੰਦ ਇੰਦਰਾਸਣ ਆਪ ਤਜਾਇਆ, ਪੁਰਖ ਅਬਿਨਾਸ਼ੀ ਤੀਰ ਚਲਾਇਆ, ਰਸਨਾ ਖਿਚ ਇਕ ਕਮਾਨ । ਕਰੋੜ ਤੇਤੀਸਾ ਦਏ ਦੁਹਾਇਆ । ਬੀਸ ਇਕੀਸਾ ਹਰਿ ਜਗਦੀਸਾ, ਕਰੇ ਖੇਲ ਆਪ ਰਘੁਰਾਇਆ । ਸ਼ਬਦ ਪੜ੍ਹਾਏ ਸਚ ਹਦੀਸਾ, ਸੋਹੰ ਝੰਡਾ ਰਿਹਾ ਝੁਲਾਇਆ ਏ । ਮੇਟ ਮਿਟਾਏ ਮੂਸਾ ਈਸਾ, ਕੁਰਾਨ ਅੰਜੀਲ ਦਿਸ ਨਾ ਆਇਆ ਏ । ਭਾਣਾ ਵੇਖੇ ਹਰਿ ਉਨੀਸਾ, ਅਠਾਰਾਂ ਧਿਆਏ ਗਾਏ ਗੀਤਾ, ਨਾ ਕੋਈ ਰਾਮ ਨਾ ਕੋਈ ਸੀਤਾ, ਨਾ ਕੋਈ ਸਾਜਣ ਨਾ ਕੋਈ ਮੀਤਾ, ਆਪਣੇ ਰੰਗ ਸਮਾਇਆ ਏ । ਆਪ ਹੋਏ ਪਤਤ ਪੁਨੀਤਾ, ਗੁਰਮੁਖਾਂ ਕਰੇ ਸੀਤਲ ਸੀਤਾ, ਸਾਚੀ ਰੀਤਾ ਰਿਹਾ ਚਲਾਇਆ ਏ । ਵੇਦ ਪੁਰਾਨਾਂ ਵਕਤ ਬੀਤਾ, ਖਾਣੀ ਬਾਣੀ ਪਰਖੇ ਨੀਤਾ, ਨਾ ਕੋਈ ਦਵਾਰੇ ਦਿਸੇ ਚੀਤਾ, ਕਵਣ ਸਿੰਘਾਸਣ ਡੇਰਾ ਲਾਇਆ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਵਰਭੰਡ ਬ੍ਰਹਿਮੰਡ ਆਪਣਾ ਖੇਲ ਰਚਾਇਆ ਏ । ਰਾਜਾ ਇੰਦ ਕਰੇ ਪੁਕਾਰ । ਪ੍ਰਭ ਅਬਿਨਾਸ਼ੀ ਕਿਰਪਾ ਧਾਰ । ਮਿਟਦੇ ਜਾਣ ਮੀਤ ਮੁਰਾਰ । ਕਰੋੜ ਤੇਤੀਸਾ ਵਹਿੰਦੀ ਧਾਰ । ਬੀਸ ਇਕੀਸਾ ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਜਾਣੇ ਆਪਣੀ ਕਾਰ । ਬ੍ਰਹਮਾ ਸ਼ਿਵ ਪਾਰ ਕਰਾਏ । ਦੇਵੀ ਦੇਵ ਲਏ ਜਗਾਏ । ਸੁਰਪਤ ਰਾਜਾ ਇੰਦ ਲਾਏ ਸੇਵ, ਆਪ ਆਪਣੀ ਦਇਆ ਕਮਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨੌਂ ਖੰਡ ਪ੍ਰਿਥਮੀ ਵੇਖ ਹਰਿ, ਵਰਭੰਡੀ ਸਾਚਾ ਖੇਲ ਖਿਲਾਏ । ਵਰਭੰਡੀ ਹਰਿ ਪਾਏ ਭੰਡੀ, ਸਾਚੀ ਵੰਡ ਵੰਡਾਈਆ । ਪਹਿਲੀ ਦਿਸ਼ਾ ਚੰਡ ਚੰਡੀ, ਮਿਟਦੇ ਜਾਣ ਜੀਵ ਘਮੰਡੀ, ਚੌਦਾਂ ਨੌਂ ਖੇਲ ਰਚਾਈਆ । ਆਪੇ ਵੱਢੇ ਬੇਮੁਖਾਂ ਕੰਡੀ, ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਇਕ ਇਕੱਲਾ ਸ਼ਬਦ ਮੇਲ ਰਿਹਾ ਮਿਲਾਈਆ । ਇਕ ਇਕੱਲਾ ਹਰਿ ਇਕ ਦਿਆਲਿਆ । ਦੂਜੀ ਰੱਖੇ ਸ਼ਬਦ ਭਿੱਖ, ਗੁਰਮੁਖਾਂ ਦੇਵੇ ਹਰਿ ਕਿਰਪਾਲਿਆ । ਤੀਜੇ ਨੈਣ ਲੈਣਾ ਪੇਖ, ਸਰਬ ਘਟਾਂ ਹੋਏ ਰਖਵਾਲਿਆ । ਚੌਥੇ ਘਰ ਸਾਚਾ ਲੇਖਾ ਲੈਣ ਲਿਖ, ਸੰਤ ਸੁਹੇਲੇ ਸ਼ਬਦ ਮਤਵਾਲਿਆ । ਪੰਚਮ ਆਪੇ ਰਿਹਾ ਵੇਖ, ਪੰਚਮ ਦੇਸ ਹਰਿ ਵਸਾ ਲਿਆ । ਛੇਵੇਂ ਸ਼ਬਦ ਲਾਏ ਮੇਖ, ਅੱਖਰ ਵੱਖਰ ਹਰਿ ਉਪਾ ਲਿਆ । ਸਤਵੇਂ ਸਤਿ ਸਤਿਵਾਦੀ ਇਕ, ਜੋਤ ਸਰੂਪੀ ਡਗਮਗਾ ਰਿਹਾ । ਅਠਵੇਂ ਅੱਠਾਂ ਤੱਤਾਂ ਮਿਟਾਏ ਤ੍ਰਿਖ, ਅੰਮ੍ਰਿਤ ਬੂੰਦ ਮੁਖ ਚੁਆ ਰਿਹਾ । ਨੌਂ ਦਵਾਰੇ


੨੯੬ ੦੫

ਲੱਖ ਚੁਰਾਸੀ ਮੰਗੇ ਭਿੱਖ, ਦਸਵੇਂ ਗੁਰਮੁਖ ਬੁਝ ਬੁਝਾ ਰਿਹਾ । ਇਕ ਗਿਆਰਾਂ ਲੇਖਾ ਰਿਹਾ ਲਿਖ, ਸਦੀ ਬੀਸ ਸੰਗ ਸਮਾ ਲਿਆ । ਧਰਮ ਰਾਏ ਮੰਗੇ ਭਿੱਖ, ਬਾਰਾਂ ਬਾਰਾਂ ਰਸਨਾ ਗਾ ਲਿਆ । ਆਪੇ ਲੇਖਾ ਦੇਵੇ ਲਿਖ, ਤੇਰਾ ਰੰਗ ਵਟਾ ਲਿਆ । ਨਾ ਕੋਈ ਹਿੰਦੂ ਮੁਸਲਿਮ ਸਿੱਖ, ਸ਼ਬਦ ਘੇਰਾ ਏਕਾ ਪਾ ਲਿਆ । ਚੌਦਾਂ ਚੌਦਾਂ ਹੱਟਾਂ ਰਿਹਾ ਵੇਖ, ਸੰਮਤ ਬਿਕ੍ਰਮੀ ਬੀਸ ਨਾਲ ਰਲਾ ਲਿਆ । ਰਾਜੇ ਰਾਣਿਆ ਮੰਗੀ ਨਾ ਮਿਲੇ ਭਿਖ, ਪੰਦਰ੍ਹਾਂ ਅੰਦਰੇ ਅੰਦਰ ਖਾਲੀ ਕਰਾ ਰਿਹਾ । ਸੌਲਵੇਂ ਦਰ ਦਵਾਰੇ ਭੌਂਦੇ ਫਿਰਨ ਰਿਛ, ਸਾਧ ਸੰਤ ਗੁਰ ਪੀਰ ਨਾ ਕੋਈ ਸਕੇ ਸੁਰਤ ਸੰਭਾਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਰੰਗ ਆਪੇ ਜਾਣੇ, ਗੁਰ ਪੂਰਾ ਸੂਰਾ ਗੁਰ ਗੋਪਾਲਿਆ । ਦਸ ਸਤ ਸਤਾਰਾਂ ਸਤਰ ਲਿਖਾਈਆ । ਮੁਗਲ ਪਠਾਣੀ ਚੜ੍ਹੇ ਲੱਖ ਸੱਤਰ, ਪਾਉਂਦੀ ਆਵੇ ਸਰਬ ਦੁਹਾਈਆ । ਸੰਤ ਸੁਹੇਲੇ ਕਰੇ ਇਕੰਤਰ, ਪ੍ਰਭ ਸਾਚੇ ਸ਼ਬਦ ਜਣਾਈਆ । ਨਾਮ ਬੀਜੇ ਕਾਇਆ ਵੱਤਰ, ਸੋਹੰ ਬੀਜ ਰਿਹਾ ਬਿਜਾਈਆ । ਨਾ ਕੋਈ ਜਾਣੇ ਆਪਣਾ ਨਸ਼ੱਤਰ, ਸਾਚੀ ਰੇਖ ਕਿਸ ਲਿਖਾਈਆ । ਜੀਵ ਜੰਤ ਹੋਏ ਸੱਬਰ, ਧਰਤ ਮਾਤ ਸੇਜ ਵਿਛਾਈਆ । ਆਪੇ ਪਾੜੇ ਉਚੇ ਟਿੱਲੇ ਵਡ ਵਡ ਪੱਥਰ, ਅਗੰਮ ਅਗੰਮੀ ਪਏ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਕਾਲੇ ਮਿਲੇ ਵਰ, ਬੇਮੁਖਾਂ ਹੋਏ ਕੁੜਮਾਈਆ । ਸਤਿ ਸਤਾਰਾਂ ਉਡੇ ਸਤਿ । ਕੋਈ ਨਾ ਦੇਵੇ ਧੀਰਜ ਯਤ । ਪੁੱਤਰ ਮਾਵਾਂ ਤੁਟਾ ਨਤ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਜਾਣੇ ਮਿਤ ਗਤ । ਅਠ ਤੱਤ ਤੱਤ ਵਖਾਣੇ । ਤਖ਼ਤੋਂ ਲਾਹੇ ਰਾਜੇ ਰਾਣੇ । ਛਤਰ ਨਾ ਦੀਸੇ ਵਿਚ ਜਹਾਨੇ । ਚਲੇ ਚਲਾਏ ਆਪਣੇ ਭਾਣੇ । ਮੇਟ ਮਿਟਾਏ ਵੇਦ ਪੁਰਾਣੇ । ਅੰਜ਼ੀਲ ਕੁਰਾਨ ਲਾਹੇ ਮੁਕਾਣੇ । ਖਾਣੀ ਬਾਣੀ ਹੋਈ ਹੈਰਾਨੇ । ਨਿਹਕਲੰਕ ਜੋਤ ਜਗਾਈ, ਫੜਿਆ ਹੱਥ ਸ਼ਬਦ ਨਿਸ਼ਾਨੇ । ਗੁਰਮੁਖਾਂ ਆਤਮ ਵੱਜੇ ਵਧਾਈ, ਬੇਮੁਖਾਂ ਹੱਥੀਂ ਬੰਨ੍ਹੇ ਗਾਨੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵੇਖੇ ਖੇਲ ਸ੍ਰੀ ਭਗਵਾਨੇ ।

## ★ ੨ ਅੱਸੂ ੨੦੧੨ ਬਿਕ੍ਰਮੀ ਮਾਤਾ ਬਿਸ਼ਨ ਕੌਰ ਦੇ ਗ੍ਰਿਹ ਪਿੰਡ ਜੇਠੂਵਾਲ ਹਰਿ ਭਗਤ ਦਵਾਰ ★

ਚਰਨ ਕਵਲ ਗੁਰ ਮੀਤ, ਹਰਿ ਉਪਕਾਰਿਆ । ਚਰਨ ਕਵਲ ਗੁਰ ਮੀਤ, ਗੁਰਮੁਖ ਨਿਮਸਕਾਰਿਆ । ਚਰਨ ਕਵਲ ਗੁਰ ਮੀਤ, ਸਦਾ ਸਦ ਬਲਹਾਰਿਆ । ਚਰਨ ਕਵਲ ਗੁਰ ਮੀਤ, ਜੋਤੀ ਜੋਤ ਸਰੂਪ ਹਰਿ, ਸਾਚਾ ਮਾਰਗ ਇਕ ਵਖਾ ਰਿਹਾ । ਚਰਨ ਕਵਲ ਗੁਰ ਮੀਤ, ਕਟੇ ਚੁਰਾਸੀਆ । ਚਰਨ ਕਵਲ ਗੁਰ ਮੀਤ, ਤੁਟੇ ਜਮ ਕੀ ਫਾਸੀਆ । ਚਰਨ ਕਵਲ ਗੁਰ ਮੀਤ, ਮਿਲੇ ਮੇਲ ਪੁਰਖ ਅਬਿਨਾਸ਼ੀਆ । ਚਰਨ ਕਵਲ ਗੁਰ ਮੀਤ, ਰਸਨ ਜਾਪ ਸਵਾਸ ਸਵਾਸੀਆ । ਚਰਨ ਕਵਲ ਗੁਰ ਮੀਤ, ਆਪ ਬੁਝਾਏ ਤ੍ਰਿਸਨਾ ਅਗਨ, ਝੂਠੀ ਲਾਹੇ ਜਗਤ ਉਦਾਸੀਆ । ਚਰਨ ਕਵਲ ਗੁਰ ਮੀਤ, ਦੀਪਕ ਜੋਤੀ ਸਾਚੇ ਜਗਣ, ਕਾਇਆ ਮੰਡਪ ਵਿਚ ਅਕਾਸਿਆ । ਚਰਨ ਕਵਲ ਗੁਰ ਮੀਤ, ਕਾਇਆ ਰੰਗੇ ਨਾਮ ਰੰਗਣ, ਦੇਵੇ ਮਾਣ ਧੁਰ ਦਰਗਾਹੀ ਨਰ ਨਰੇਸ਼ਿਆ । ਚਰਨ ਕਵਲ ਗੁਰ ਮੀਤ, ਗੁਰਮੁਖ ਸਾਚੇ ਕਰ ਪਛਾਣ, ਮਾਨਸ ਜਨਮ ਕਰੇ ਰਹਿਰਾਸਿਆ । ਚਰਨ ਕਵਲ ਗੁਰ ਮੀਤ, ਏਕਾ ਏਕ ਜਗਤ ਆਣ, ਹਰਿਜਨ ਸਾਚਾ ਨਾ ਕਦੇ ਵਿਨਾਸਿਆ । ਚਰਨ ਕਵਲ ਗੁਰ ਮੀਤ, ਜੋਤੀ ਜੋਤ ਸਰੂਪ ਹਰਿ,

ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦੇਵੇ ਨਾਮ ਵਰ, ਮੇਟ ਮਿਟਾਏ ਮਦਿਰਾ ਮਾਸੀਆ । ਚਰਨ ਕਵਲ ਗੁਰ ਮੀਤ, ਸਚ ਖੰਡਿਆ । ਚਰਨ ਕਵਲ ਗੁਰ ਮੀਤ, ਮਿਲੇ ਮਾਣ ਵਿਚ ਵਰਭੰਡਿਆ । ਚਰਨ ਕਵਲ ਗੁਰ ਮੀਤ, ਕਟੇ ਖਾਣੀ ਜੇਰਜ ਅੰਡਿਆ । ਚਰਨ ਕਵਲ ਗੁਰ ਮੀਤ, ਧਰਮ ਰਾਏ ਨਾ ਦੇਵੇ ਦੰਡਿਆ । ਚਰਨ ਕਵਲ ਗੁਰ ਮੀਤ, ਮਿਲੇ ਵਡਿਆਈ ਆਤਮ ਵਧਾਈ ਵਿਚ ਬ੍ਰਹਿਮੰਡਿਆ । ਚਰਨ ਕਵਲ ਗੁਰ ਮੀਤ, ਆਪ ਆਪਣੀ ਦਇਆ ਕਮਾਏ, ਸ਼ਬਦ ਫੜਾਏ ਹੱਥ ਚੰਡ ਪਰਚੰਡਿਆ । ਚਰਨ ਕਵਲ ਗੁਰ ਮੀਤ, ਅੱਠੇ ਪਹਿਰ ਵੇਖੇ ਨੀਤ, ਕਾਇਆ ਕਰੇ ਠੰਡੀ ਸੀਤ, ਹਰਿਜਨ ਸਾਚੇ ਰੱਖੇ ਚੀਤ, ਸਾਚਾ ਨਾਮ ਧੁਰ ਦਰਗਾਹੀ ਏਕਾ ਵੰਡਿਆ । ਚਰਨ ਕਵਲ ਗੁਰ ਮੀਤ, ਆਪ ਚਲਾਏ ਆਪਣੀ ਰੀਤ, ਨਾ ਕੋਈ ਮੰਦਰ ਨਾ ਕੋਈ ਮਸੀਤ, ਸਦੀ ਚੌਧਵੀਂ ਰਹੀ ਬੀਤ, ਮੇਟ ਮਿਟਾਏ ਭੇਖ ਪਖੰਡਿਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਕਲਜੁਗ ਅੰਤਮ ਵੇਖ ਹਰਿ, ਬੇਮੁਖਾਂ ਵੰਢੇ ਕੰਡਿਆ । ਚਰਨ ਕਵਲ ਗੁਰ ਮੀਤ, ਭਗਤ ਜਗਾਇੰਦਾ । ਚਰਨ ਕਵਲ ਗੁਰ ਮੀਤ, ਸਾਚੀ ਸੇਵਾ ਇਕ ਵਖਾਇੰਦਾ । ਚਰਨ ਕਵਲ ਗੁਰ ਮੀਤ, ਅੰਮ੍ਰਿਤ ਮੇਵਾ ਆਤਮ ਰਸ ਰਸਨਾ ਭੋਗ ਕਰਾਇੰਦਾ । ਚਰਨ ਕਵਲ ਗੁਰ ਮੀਤ, ਲੋਕਮਾਤ ਰਾਹ ਸਾਚਾ ਦੱਸ, ਫੜ ਫੜ ਬਾਂਹੋਂ ਰਾਹੇ ਪਾਇੰਦਾ । ਚਰਨ ਕਵਲ ਗੁਰ ਮੀਤ, ਹਰਿ ਭਗਤ ਦਵਾਰੇ ਰਿਹਾ ਵਸ, ਦੂਸਰ ਦਰ ਦਿਸ ਨਾ ਆਇੰਦਾ । ਚਰਨ ਕਵਲ ਗੁਰ ਮੀਤ, ਗੁਰਮੁਖ ਮੇਲਾ ਹੱਸ ਹੱਸ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅੰਤਮ ਵੇਖ ਹਰਿ, ਮਾਇਆ ਮਮਤਾ ਮੋਹ ਚੁਕਾਇੰਦਾ । ਚਰਨ ਕਵਲ ਗੁਰ ਮੀਤ, ਮਨ ਬੈਰਾਗਿਆ । ਗੁਰਮੁਖਾਂ ਕਾਇਆ ਪਤਤ ਪੁਨੀਤ, ਕਲਜੁਗ ਸੋਇਆ ਮਾਤ ਜਾਗਿਆ । ਅੱਠੇ ਪਹਿਰ ਠਾਂਡਾ ਸੀਤ, ਬੁਝੇ ਆਤਮ ਤ੍ਰਿਸਨਾ ਆਗਿਆ । ਏਕਾ ਗਾਏ ਸੁਹਾਗੀ ਗੀਤ, ਸ਼ਬਦ ਗੁਰ ਗੁਰ ਰਸਨਾ ਸਾਚੀ ਲਾਗਿਆ । ਮਿਲਿਆ ਮੇਲ ਸਾਚੇ ਮੀਤ, ਹੱਥ ਪਕੜੇ ਆਪਣੇ ਵਾਗਿਆ । ਨਰ ਨਰਾਇਣ ਵੇਖੇ ਨੀਤ, ਕਵਣ ਹੰਸ ਕਵਣ ਕਾਗਿਆ । ਸਾਧ ਸੰਤ ਕਵਣ ਅਤੀਤ, ਕਵਣ ਸੋਇਆ ਕਵਣ ਜਾਗਿਆ । ਜੋਤੀ ਭੇਖ ਅਵੱਲੜੀ ਰੀਤ, ਧੁਰ ਦਰਗਾਹੀ ਆਇਆ ਭਾਗਿਆ । ਕਾਇਆ ਮੰਦਰ ਸਚ ਮਸੀਤ, ਸਾਚਾ ਰਾਗੀ ਰਾਗਨ ਰਾਗਿਆ । ਲੱਖ ਚੁਰਾਸੀ ਭੈ ਭੀਤ, ਸ਼ਬਦ ਗੋਲਾ ਏਕਾ ਦਾਗਿਆ । ਸ੍ਰਿਸ਼ਟ ਸਬਾਈ ਰਿਹਾ ਜੀਤ, ਆਪੇ ਪਿਛੇ ਆਪੇ ਆਗਿਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਗੁਰਮੁਖਾਂ ਸਾਚਾ ਮੇਲ ਦਰ, ਮਿਲਿਆ ਮੇਲ ਕੰਤ ਸੁਹਾਗਿਆ । ਚਰਨ ਕਵਲ ਗੁਰ ਮੀਤ, ਸਾਚੇ ਮੰਦਰਾ । ਚਰਨ ਕਵਲ ਗੁਰ ਮੀਤ, ਚਾਰ ਦਿਵਾਰੀ ਕਾਇਆ ਅੰਦਰਾ । ਚਰਨ ਕਵਲ ਗੁਰ ਮੀਤ, ਨਾ ਹੋਏ ਮਾਤ ਖੁਆਰੀ, ਆਤਮ ਤੋੜੇ ਵੱਜਾ ਜੰਦਰਾ । ਚਰਨ ਕਵਲ ਗੁਰ ਮੀਤ, ਨਾਤਾ ਤੋੜੇ ਪੰਚਮ ਯਾਰੀ, ਭਾਗ ਲਗਾਏ ਡੂੰਘੀ ਕੰਦਰਾ । ਚਰਨ ਕਵਲ ਗੁਰ ਮੀਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖਾਂ ਦੇਵੇ ਨਾਮ ਵਰ, ਬੇਮੁੱਖਾਂ ਦਰ ਦਰ ਫਰਾਏ ਬੰਦਰਾ । ਚਰਨ ਕਵਲ ਗੁਰ ਮੀਤ, ਆਪੇ ਦੇਵੇ ਨਰ ਨਰੇਸ਼ਿਆ । ਚਰਨ ਕਵਲ ਗੁਰ ਮੀਤ, ਕਰੇ ਵੇਸ ਮਾਝੇ ਦੇਸਿਆ । ਚਰਨ ਕਵਲ ਗੁਰ ਮੀਤ, ਜੋਤੀ ਜਾਮਾ ਰਮਈਆ ਰਾਮਾ ਅਵੱਲੜਾ ਭੇਸ । ਚਰਨ ਕਵਲ ਗੁਰ ਮੀਤ, ਇਕ ਰਖਾਏ ਸ਼ਬਦ ਦਮਾਮਾ, ਸ਼ਬਦ ਸੁਨੇਹੜਾ ਦੇਸ ਪਰਦੇਸ । ਚਰਨ ਕਵਲ ਗੁਰ ਮੀਤ, ਆਪ ਕਰਾਏ ਆਪਣਾ ਕਾਮਾ, ਵਡ ਦਾਤਾ ਹਰਿ ਹਰਿ ਮਰਗੇਸ਼ । ਚਰਨ ਕਵਲ ਗੁਰ ਮੀਤ, ਨਾ ਕੋਈ ਮੰਗੇ ਦਾਮਾ, ਚਰਨ ਸਰਨ ਸਰਨ ਚਰਨ ਗੁਰੂ ਗੁਰ


੨੯੮ ੦੫

ਦਸ ਦਸਮੇਸ਼ । ਚਰਨ ਕਵਲ ਗੁਰ ਮੀਤ, ਏਕਾ ਦੇਵੇ ਨਾਮ ਨਾਮਾ, ਸੁੱਕਾ ਹਰਿਆ ਕਰੇ ਚਾਮਾ, ਅੰਮ੍ਰਿਤ ਪਿਆਏ ਆਤਮ ਜਾਮਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲੋਕਮਾਤ ਹਰਿ ਵੇਖ ਦਰ, ਆਪ ਆਪਣਾ ਪਹਿਰੇ ਬਾਨਾ । ਹਰਿ ਮਰਯਾਦਾ ਜਗ ਰੀਤ, ਸਗਲ ਸੰਸਾਰਿਆ । ਹਰਿ ਮਰਯਾਦਾ ਜਗ ਰੀਤ, ਚਰਨ ਦਵਾਰ ਦਿਹੁਰਾ ਮੰਦਰ ਮਸੀਤ, ਸਾਚੇ ਦਰ ਸੱਚੇ ਘਰ ਬਾਹਰਿਆ । ਪਾਰਬ੍ਰਹਮ ਕਲ ਰੀਤ, ਗੁਰਮੁਖ ਸਾਚੇ ਮਾਨਸ ਦੇਹੀ ਜਾਣਾ ਜੀਤ, ਮਿਲੇ ਮੋਖ ਚਰਨ ਦਵਾਰਿਆ । ਜੋਤੀ ਜੋਤ ਸਰੂਪ ਹਰਿ, ਸੋਹੰ ਰਾਗ ਸੱਚਾ ਸੰਗੀਤ, ਕਾਇਆ ਤਨ ਸੁਰੰਗਾ ਅਨਹਦ ਸਾਚੀ ਤਾਰ ਵਜਾ ਰਿਹਾ । ਸੱਚਾ ਤਨ ਤਨ ਰਬਾਬ, ਪ੍ਰਭ ਸਾਚਾ ਕੰਧ ਉਠਾਈਆ । ਸ਼ਬਦ ਘੋੜੇ ਚਰਨ ਦੇ ਰਕਾਬ, ਪਰਗਟ ਹੋਏ ਹਰਿ ਹਾਜਰ ਹਜ਼ੂਰਾ ਹੱਕ ਜਨਾਬ, ਚਾਰੋਂ ਕੁੰਟ ਵੇਖ ਵਖਾਈਆ । ਪੁੰਨ ਪਾਪ ਨਾ ਕੋਈ ਸਵਾਬ, ਜਲ ਨੀਰ ਨਾ ਕੋਈ ਦੋਆਬ, ਬਸਤਰ ਚੀਰ ਨਾ ਕੋਈ ਪੋਸ਼ਾਕ, ਪ੍ਰਭ ਸਾਚਾ ਤਨ ਛੁਹਾਈਆ । ਸ਼ਬਦ ਜਣਾਈ ਭਵਿਖਤ ਵਾਕ, ਗੁਰ ਵਡਿਆਈ ਖੋਲ੍ਹੇ ਤਾਕ, ਭਗਤ ਵਧਾਈ ਹੋਏ ਪਾਕੀ ਪਾਕ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚੀ ਰਚਨ ਰਚਾਈਆ । ਤਨ ਸੁਰੰਗਾ ਨਾਮ ਅਮੋਲਾ । ਸ਼ਬਦ ਤਰੰਗਾ ਸੋਹੰ ਢੋਲਾ । ਦਰ ਦਵਾਰਾ ਏਕਾ ਮੰਗਾ, ਨਾਮ ਰੰਗੀਲਾ ਪਾਇਆ ਚੋਲਾ । ਜੈ ਜੈਕਾਰ ਵੱਜੇ ਮਰਦੰਗਾ, ਦਰ ਦਵਾਰਾ ਸਾਚਾ ਖੋਲ੍ਹਾ । ਨੌਂ ਖੰਡ ਪ੍ਰਿਥਮੀ ਵੇਖੇ ਜੰਗਾ, ਲਾੜੀ ਮੌਤ ਉਠਾਏ ਡੋਲਾ । ਵਡ ਦਾਤਾ ਹਰਿ ਸੂਰਾ ਸਰਬੰਗਾ, ਗੁਰਮੁਖ ਸਾਚਾ ਆਲਾ ਭੋਲਾ । ਸ਼ਬਦ ਸਰੂਪੀ ਅੰਗ ਸੰਗਾ, ਜੋਤ ਸਰੂਪੀ ਤੋਲ ਤੋਲਾ । ਅੰਮ੍ਰਿਤ ਆਤਮ ਵਹਾਏ ਗੰਗਾ, ਗੁਰਮੁਖ ਵੇਖੇ ਭੁੱਖਾ ਨੰਗਾ, ਦੇਵੇ ਨਾਮ ਆਪ ਬਹੁਰੰਗਾ, ਲੋਕਮਾਤ ਵਿਆਹੇ ਝੂਠਾ ਬੋਲਾ । ਪੰਚਮ ਯਾਰੀ ਸੰਗ ਕੁਸੰਗਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨ ਭਗਤਾਂ ਦਰ ਬਣਿਆ ਗੋਲਾ । ਦਰ ਭਗਤ ਭਿਖਾਰ, ਹਰਿ ਬਨਵਾਰਿਆ । ਮੰਗੇ ਮੰਗ ਪਿਆਰ, ਵਡ ਸੰਸਾਰਿਆ । ਨਾਮ ਚਾੜ੍ਹੇ ਸਾਚਾ ਰੰਗ, ਰੰਗਣ ਰੰਗ ਮਜੀਠ ਲਲਾਰਿਆ । ਮਾਨਸ ਦੇਹੀ ਨਾ ਹੋਏ ਭੰਗ, ਲੱਖ ਚੁਰਾਸੀ ਉਤਰੇ ਪਾਰਿਆ । ਆਪ ਸੁਹਾਏ ਦੋ ਦੋਅੰ, ਸਾਚੀ ਭੁਜਾ ਹਰਿ ਪਸਾਰਿਆ । ਸਚ ਚੜ੍ਹਾਏ ਨਾਮ ਕੰਗ, ਸਾਚਾ ਵਹਿਣ ਇਕ ਵਹਾ ਰਿਹਾ । ਚਿੱਟੇ ਅਸਵ ਕਸਿਆ ਤੰਗ, ਸ਼ਬਦ ਪਲਾਣਾ ਆਸਣ ਲਾ ਰਿਹਾ । ਨਾਮ ਡੋਰੀ ਜਗਤ ਪਤੰਗ, ਪੁਰੀਆਂ ਅਕਾਸ਼ਾਂ ਵਿਚ ਉਡਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੇ ਰੰਗ ਸਮਾ ਰਿਹਾ । ਸਾਚੇ ਰੰਗ ਸਮਾਏ ਸਹਿਜ ਧੰਨਵੰਤੀਆ । ਗੁਰਮੁਖਾਂ ਮੇਲ ਮਿਲਾਏ ਸੁਣ ਸੁਣ ਬੇਨੰਤੀਆ । ਸ਼ਬਦ ਸਰੂਪੀ ਤੇਲ ਚੜ੍ਹਾਏ, ਵਟਣਾ ਲਾਏ ਇਕ ਬਸੰਤੀਆ । ਸਈਆਂ ਮੰਗਲ ਸਾਚੇ ਗਾਏ, ਗੀਤ ਸੁਹਾਗੀ ਇਕ ਗੁਣਵੰਤਿਆ । ਹੱਥੀਂ ਮਹਿੰਦੀ ਨਾਮ ਰੰਗਾਏ, ਮਿਲੇ ਵਡਿਆਈ ਜੀਵ ਜੰਤਿਆ । ਨਾਮ ਨਿਧਾਨਾ ਗਾਨਾ ਬੰਨ੍ਹ ਵਖਾਏ, ਰੀਤੀ ਕਰ ਕਰ ਹਰਿ ਭਗਵੰਤਿਆ । ਸ਼ਬਦ ਨਿਸ਼ਾਨਾ ਤੀਰ ਚਲਾਏ, ਵੇਖੇ ਖੇਲ ਜੁਗਾ ਜੁਗੰਤੀਆ । ਰਸਨ ਕਮਾਨਾ ਖਿੱਚ ਵਖਾਏ, ਆਦਿਨ ਅੰਤੀਆ । ਗੁਰਮੁਖ ਲਾੜਾ ਆਪ ਸਜਾਏ, ਵਾਗ ਗੁੰਦਾਏ ਭਿੰਨੜੀ ਰੈਣ ਸਾਚੀ ਭੈਣ ਸਰਬ ਸੁਖਵੰਤੀਆ । ਸਾਚੀ ਵਾਗ ਹੱਥ ਫੜਾਏ, ਬਰਖਾ ਫੂਲਨ ਨਾਮ ਲਾਏ, ਜਾਂਞੀ ਲਾੜੇ ਸੱਦ ਲਿਆਏ, ਪ੍ਰਭ ਜੋਤੀ ਨਾਲ ਵਿਆਹੇ, ਮਿਲੇ ਵਰ ਸੁਹਾਗਣ ਸਾਚੇ ਕੰਤੀਆ । ਆਤਮ ਸੇਜਾ ਇਕ ਵਿਛਾਏ, ਸੋਲਾਂ ਤਨ ਸ਼ਿੰਗਾਰ ਕਰਾਏ, ਮਨ ਵਿਕਾਰੀ ਨੇੜ ਨਾ ਆਏ, ਸ਼ਬਦ ਭੰਡਾਰ ਸੇਵ ਕਮਾਏ, ਪਾਣੀ ਵਾਰੇ ਧਰਤ ਮਾਤ ਸਾਚੀ ਰੀਤ ਇਕ ਇਕ ਇਕ ਇਕਵੰਤੀਆ । ਜੋਤੀ ਜੋਤ ਸਰੂਪ ਹਰਿ, ਪਾਏ

ਘੇਰੇ ਚਾਰ ਚੁਫੇਰੇ, ਸ਼ਬਦ ਸਰੂਪੀ ਕਰ ਕਰ ਮਿਹਰੇ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚੇਤਨ ਸਤ੍ਰਾ ਏਕਾ ਖਾਏ ਨਾ ਭੱਤਾ, ਅੰਮ੍ਰਿਤ ਨੀਰ ਸਾਚਾ ਸੀਰ ਸਦਾ ਸਦਾ ਚਵੰਤੀਆ । ਸਦਾ ਸੁਹਾਗੀ ਨਾਰ ਦਰ ਦਰਬਾਰਿਆ । ਗੁਰ ਪੂਰੇ ਚਰਨ ਪਿਆਰ, ਗੁਰਮਤੀ ਸ਼ਬਦ ਅਧਾਰਿਆ । ਪ੍ਰਭ ਕਰੇ ਕਰਾਏ ਆਪ ਸ਼ਿੰਗਾਰ, ਧੀਰਜ ਯਤੀ ਆਤਮ ਸਤੀ ਨਾਮ ਰਤੀ ਕੱਜਲ ਪਾ ਰਿਹਾ । ਕਲਜੁਗ ਮਾਇਆ ਵਾ ਨਾ ਲੱਗੇ ਤੱਤੀ, ਕਿਰਪਾ ਕਰੇ ਹਰਿ ਸਮਰਥੀ, ਆਪਣੀ ਹੱਥੀਂ ਮੀਂਢੀ ਸੀਸ ਗੁੰਦਾ ਰਿਹਾ । ਆਪੇ ਜਾਣੇ ਮਿਤ ਗਤੀ, ਦੀਪਕ ਧਰੇ ਜੋਤੀ ਬੱਤੀ, ਮਿਟਾਏ ਅੰਧ ਅੰਧਿਆਰਿਆ । ਜੋਤੀ ਜੋਤ ਸਰੂਪ ਹਰਿ, ਗੁਰਮੁਖ ਸਾਚੇ ਕਰ ਪਿਆਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਨਾਰੀ ਪਵਣ ਅਸਵਾਰੀ, ਨਾਮ ਬੇੜਾ ਸ਼ਬਦ ਸਾਲੂ ਚਿੱਟਾ ਲੀੜਾ ਆਪਣੀ ਹੱਥੀਂ ਆਪ ਦਵਾ ਰਿਹਾ । ਚਿੱਟਾ ਲੀੜਾ ਚਿੱਟੀ ਚਾਦਰ, ਹਰਿ ਆਪ ਦਵਾਇੰਦਾ । ਦਰ ਘਰ ਸੱਚੇ ਕਰ ਕਰ ਆਦਰ, ਕਿਰਪਾ ਕਰੇ ਕਰਤਾ ਕਾਦਰ, ਮੁਖ ਨੇਤਰ ਨੈਣ ਸੁਹਾਇੰਦਾ । ਦੇਵੇ ਸੱਚੀ ਨਾਮ ਸਰੂਪੀ ਦਾਦ, ਦਰ ਦਰ ਨਾਈ ਨੈਣ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਗੁਰਮੁਖ ਸਾਚੇ ਸੰਤ ਦੁਲਾਰੇ ਜੋਤੀ ਨਾਰੀ ਕਰ ਪਿਆਰੀ ਏਕਾ ਰੰਗ ਸਮਾਇੰਦਾ । ਏਕਾ ਰੰਗ ਸਮਾਏ ਸਹਿਜ ਸੁਭਾਗਿਆ । ਕਾਇਆ ਜੋਤੀ ਰੰਗ ਰੰਗਾਏ, ਅੱਠੇ ਪਹਿਰ ਰਹੇ ਵਿਚ ਆਗਿਆ । ਸਾਚੀ ਡੋਲੀ ਆਪ ਬਹਾਏ, ਜਗਤ ਤ੍ਰਿਸਨਾ ਝੂਠੀ ਮਾਇਆ ਜਗਤ ਤਿਆਗਿਆ । ਪ੍ਰੇਮ ਗੋਲੀ ਨਾਲ ਰਲਾਏ, ਮਾਇਆ ਡੱਸੇ ਨਾ ਡੱਸਣੀ ਨਾਗਿਆ । ਚਾਰ ਕੁਹਾਰਾ ਆਪ ਅਖਵਾਏ, ਪੰਚਮ ਸੋਇਆ ਉਠ ਉਠ ਜਾਗਿਆ । ਸਾਚੇ ਰਾਹੇ ਆਪੇ ਪਾਏ, ਦੇਵੇ ਲਾਗ ਲਾਗਣ ਲਾਗਿਆ । ਸੋਹੰ ਸ਼ਬਦ ਵੰਡਾਏ ਵੰਡ, ਗੁਰਮੁਖਾਂ ਹਿੱਸੇ ਸਾਚੇ ਪਾਏ, ਬਣਾਏ ਹੰਸ ਕਾਗਿਆ । ਸਾਚੇ ਦਰ ਹਰਿ ਬਹਾਏ, ਆਲਸ ਨਿੰਦਰਾ ਪੜਦਾ ਲਾਹੇ, ਅੱਠੇ ਪਹਿਰ ਮਨ ਬੈਰਾਗਿਆ । ਨਰ ਨਰੇਸ਼ਾ ਦਰਸ਼ਨ ਪਾਏ, ਲੋਚਨ ਸਾਚਾ ਖੋਲ੍ਹ, ਵਖਾਏ ਬੁਝੀ ਰਹੇ ਤ੍ਰਿਸਨਾ ਆਗਿਆ । ਦੋਵੇਂ ਹੱਥੀਂ ਸੇਵ ਕਮਾਏ, ਹਰਿ ਸਮਰਥੀ ਸੰਗ ਰਲਾਏ, ਮਿਲੇ ਮਜਨ ਸਾਚੇ ਸੱਜਣ ਵਿਚ ਮਾਘ ਮਾਘਿਆ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਪੜਦੇ ਆਇਆ ਕੱਜਣ, ਬੇਮੁਖ ਜੀਵ ਭਾਂਡੇ ਭੱਜਣ, ਦੋਵੇਂ ਤਾਲ ਮਾਤ ਵੱਜਣ, ਕੋਈ ਨਾ ਕਿਸੇ ਰੱਖੇ ਲਾਜਿਆ ।

### ★ ੩ ਅੱਸੂ ੨੦੧੨ ਬਿਕ੍ਰਮੀ ਮਾਤਾ ਬਿਸ਼ਨ ਕੌਰ ਦੇ ਗ੍ਰਿਹਿ ਹਰਿ ਭਗਤ ਦਵਾਰ ਜੇਠੂਵਾਲ ★

ਓਅੰਕਾਰ ਓਅੰਕਾਰ ਓਅੰਕਾਰ ਆਪ ਨਿਰੰਕਾਰਿਆ । ਸੋਹੰ ਜਾਪ ਸੋਹੰ ਜਾਪ ਸੋਹੰ ਜਾਪ ਅਜਪਾ ਜਾਪ, ਮਾਤ ਧਰਾ ਰਿਹਾ । ਦੋਅੰ ਆਪ ਦੋਅੰ ਆਪ ਦੋਅੰ ਆਪ, ਏਕਾ ਦੂਜਾ ਭਉ ਚੁਕਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਰੰਗ ਵਖਾ ਰਿਹਾ । ਅੱਸੂ ਤਿੰਨ ਜਗਤ ਵੈਰਾਗ । ਪ੍ਰਭ ਅਬਿਨਾਸ਼ੀ ਦਰ ਘਰ ਸਾਚੇ ਆਪ ਸੁਹਾਏ, ਤ੍ਰਿਸਨਾ ਬੁਝਾਏ ਮਮਤਾ ਆਗ । ਸੱਤਾਂ ਦੀਪਾਂ ਜੋਤ ਜਗਾਏ, ਨੌਂ ਖੰਡ ਪ੍ਰਿਥਮੀ ਏਕ ਚਿਰਾਗ । ਆਪੇ ਆਪ ਡਗਮਗਾਏ, ਆਪੇ ਗਾਏ ਬਣ ਬਣ ਸ਼ਬਦ ਸਰੂਪੀ ਸਾਚਾ ਰਾਗ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੇ ਹੱਥ ਰਖੇ ਵਾਗ । ਨੌਂ ਖੰਡ ਨੌਂ ਦਰ ਵਿਚ ਵਰਭੰਡਿਆ । ਨੌਂ ਖੰਡ ਨੌਂ ਦਰ ਪ੍ਰਭ ਸਾਚੇ ਵੰਡਨ ਵੰਡਿਆ । ਨੌਂ ਖੰਡ

ਨੌਂ ਦਰ, ਪ੍ਰਭ ਦੇਵੇ ਚਾਰ ਕੁੰਟ ਦੰਡਿਆ । ਨੌਂ ਖੰਡ ਨੌਂ ਦਰ ਵੇਖ ਅੰਤਮ ਮਾਤ ਹੰਢਿਆ । ਨੌਂ ਖੰਡ ਨੌਂ ਦਰ ਪ੍ਰਭ ਦੇਵੇ ਸਾਚਾ ਵਰ, ਚਾਰੋਂ ਕੁੰਟ ਵੰਡਿਆ । ਨੌਂ ਖੰਡ ਨੌਂ ਦਰ ਅੰਤਮ ਹੋਵੇ ਮਾਤ ਰੰਡਿਆ । ਨੌਂ ਖੰਡ ਨੌਂ ਦਰ ਵੇਖ ਵਖਾਣੇ ਹਰਿ ਵਰਭੰਡਿਆ । ਨੌਂ ਖੰਡ ਨੌਂ ਦਰ ਮਾਇਆ ਝੂਠੇ ਭਰੇ ਘਮੰਡਿਆ । ਨੌਂ ਖੰਡ ਨੌਂ ਦਰ ਆਪੇ ਵੇਖੇ ਸਾਚਾ ਹਰਿ, ਜੋਤੀ ਜੋਤ ਸਰੂਪ ਹਰਿ, ਕਲਜੁਗ ਅੰਤਮ ਆਇਆ ਕੰਢਿਆ । ਸੱਤ ਦੀਪ ਸੱਤ ਲੋਅ, ਸੱਤ ਅਕਾਸਿਆ । ਸੱਤ ਦੀਪ ਸਭ ਜੀਅ ਕੋ, ਆਪ ਬਣਾਏ ਮੰਡਲ ਰਾਸਿਆ । ਸੱਤ ਦੀਪ ਪ੍ਰਭ ਪਰਗਟ ਹੋ, ਅਜੱਪਾ ਜਾਪ ਕਰਾਏ ਜਾਪਿਆ । ਸੱਤ ਦੀਪ ਪ੍ਰਭ ਅਵਗੁਣ ਜੂਠੀ ਝੂਠੀ ਮਾਇਆ ਖੋਹ, ਮੇਟ ਮਿਟਾਏ ਕਾਇਆ ਪਾਪਿਆ । ਸੱਤ ਦੀਪ ਨਾਮ ਵਸਤ ਪ੍ਰਭ ਬੀਜ ਸਾਚਾ ਬੋ, ਕਰੇ ਕਰਾਏ ਵਡ ਪਰਤਾਪਿਆ । ਸੱਤ ਦੀਪ ਪ੍ਰਭ ਸ਼ਬਦ ਚਲਾਏ ਏਕਾ ਸੋਹੰ ਸੋ, ਬੁਝਾਏ ਆਪਣਾ ਆਪਿਆ । ਸੱਤ ਦੀਪ ਪ੍ਰਭ ਅੰਮ੍ਰਿਤ ਚੋ, ਜੋਤੀ ਜੋਤ ਸਰੂਪ ਹਰਿ, ਮੇਟ ਮਿਟਾਏ ਤੀਨੋ ਤਾਪਿਆ । ਪੰਜ ਤੱਤ ਪਰਧਾਨ ਤਨ ਉਪਾਇਆ । ਪੰਚਮ ਪੰਜ ਸ਼ੈਤਾਨ ਸੰਗ ਰਲਾਇਆ । ਪੰਜਾਂ ਲਾਏ ਏਕਾ ਬਾਣ, ਏਕਾ ਅੰਕ ਧਿਆਨ ਰਖਾਇਆ । ਆਪ ਬਹਾਏ ਇਕ ਮਕਾਨ, ਕਾਇਆ ਮੰਦਰ ਇਕ ਸੁਹਾਇਆ । ਜੂਠੀ ਝੂਠੀ ਖੋਲ੍ਹੀ ਬੈਠਾ ਦੁਕਾਨ, ਜਗਤ ਵਣਜਾਰਾ ਸਰਬ ਕਰਾਇਆ । ਕਲਜੁਗ ਕਰੇ ਖੇਲ ਮਹਾਨ, ਜੀਵ ਜੰਤ ਸਰਬ ਭੁਲਾਇਆ । ਆਪਣਾ ਕੀਤਾ ਆਪੇ ਪਾਣ, ਕਲਜੁਗ ਵੇਲਾ ਅੰਤਮ ਆਇਆ । ਏਕਾ ਝੁੱਲਣਾ ਮਾਤ ਨਿਸ਼ਾਨ, ਸੋਹੰ ਅੱਖਰ ਵੱਖਰ ਲੇਖ ਲਿਖਾਇਆ । ਗੁਰਮੁਖ ਪਰਗਟ ਵਿਚ ਜਹਾਨ, ਪੰਚਮ ਨਾਤਾ ਮੋਹ ਤੁੜਾਇਆ । ਪ੍ਰਭ ਅਬਿਨਾਸ਼ੀ ਦੇਵੇ ਜੀਆ ਦਾਨ, ਚੌਦਾਂ ਹੱਟਾਂ ਹੱਟ ਭਰਾਇਆ । ਚਰਨ ਧੂੜ ਸੱਚਾ ਇਸ਼ਨਾਨ, ਕਾਇਆ ਗੂੜ੍ਹ ਰੰਗ ਚੜ੍ਹਾਇਆ । ਜੋਤੀ ਜੋਤ ਸਰੂਪ ਹਰਿ, ਪੰਚਮ ਪੰਚਾਂ ਮੇਲ ਦਰ, ਤਨ ਮੁਨਾਰਾ ਇਕ ਸੁਹਾਇਆ । ਪੰਚਮ ਤੱਤ ਪੰਚਮ ਗੁਣ ਪੰਚ ਪਰਵਾਨਿਆ । ਤੇਜ ਧਾਰ ਸ਼ਬਦ ਧੁਨ ਸ਼ਬਦ ਖੋਲ੍ਹੇ ਸਾਚੀ ਸੁਨ, ਪੰਚਮ ਵੱਜੇ ਸ਼ਬਦ ਮਹਾਨਿਆ । ਪੰਚਮ ਖੇਲ ਜਾਣੇ ਕਵਣ ਗੁਣ, ਨਾਦ ਅਨਾਦ ਨਾ ਕਿਸੇ ਵਖਾਨਿਆ । ਗੁਰਮੁਖ ਸਾਚੇ ਚਤੁਰ ਚੁਣ, ਪ੍ਰਭ ਪੰਚਮ ਬੰਨ੍ਹੇ ਸਾਚਾ ਗਾਨਿਆ । ਲੱਖ ਚੁਰਾਸੀ ਛਾਣ ਪੁਣ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚਾ ਆਪ ਪਛਾਨਿਆ । ਤ੍ਰੈਗੁਣ ਮਾਇਆ ਧਾਤ, ਧਰਤ ਉਪਾਈਆ । ਤ੍ਰੈਗੁਣ ਬੱਧਾ ਨਾਤ, ਸ੍ਰਿਸ਼ਟ ਸਬਾਈਆ । ਤ੍ਰੈਗੁਣ ਮਾਇਆ ਏਕਾ ਛਾਇਆ ਦਿਵਸ ਰਾਤ, ਸੂਰਜ ਚੰਦ ਸਰਬ ਉਪਜਾਈਆ । ਤ੍ਰੈਗੁਣ ਮਾਇਆ ਖੇਲ ਕਮਲਾਪਾਤ, ਚੰਦ ਸਿਤਾਰ ਚਮਕਾਈਆ । ਤ੍ਰੈਗੁਣ ਮਾਇਆ ਸਰਬ ਪਰਕਾਸ਼, ਲੱਖ ਚੁਰਾਸੀ ਬਣਤ ਬਣਾਈਆ । ਤ੍ਰੈਗੁਣ ਮਾਇਆ ਸਰਬ ਘਟ ਵਾਸ, ਦਿਸ ਕਿਸੇ ਨਾ ਆਈਆ । ਤ੍ਰੈਗੁਣ ਮਾਇਆ ਆਪ ਉਠਾਏ ਪ੍ਰਿਥਮੀ ਅਕਾਸ਼, ਗਗਨ ਪਤਾਲੀ ਥੰਮ ਕੋਈ ਦਿਸ ਨਾ ਆਈਆ । ਤ੍ਰੈਗੁਣ ਮਾਇਆ ਧਵਲੇ ਅੰਦਰ ਰਖੇ ਵਾਸ, ਜਲ ਧਾਰਾ ਉਪਰ ਧਰਾਈਆ । ਤ੍ਰੈਗੁਣ ਮਾਇਆ ਸਾਚੀ ਰਾਸ, ਮੰਡਲ ਮੰਡਪ ਬ੍ਰਹਿਮੰਡ ਉਪਜਾਈਆ । ਤ੍ਰੈਗੁਣ ਮਾਇਆ ਥਾਪਨ ਥਾਪ, ਨੌਂ ਖੰਡ ਪ੍ਰਿਥਮੀ ਰਚਨ ਰਚਾਈਆ । ਤ੍ਰੈਗੁਣ ਮਾਇਆ ਹਰਿ ਪਰਤਾਪ, ਸ਼ਿਵ ਬ੍ਰਹਮਾ ਵਿਸ਼ਨ ਸੇਵਾ ਲਾਈਆ । ਜੋਤੀ ਜੋਤ ਸਰੂਪ ਹਰਿ, ਤ੍ਰੈਗੁਣ ਮਾਇਆ ਆਪ ਕਰ, ਸ੍ਰਿਸ਼ਟ ਸਬਾਈ ਬਣਤ ਬਣਾਈਆ । ਤਿੰਨ ਗੁਣ ਬੰਨ੍ਹੇ ਧਾਰ ਤੱਤ ਵਿਰੋਲਿਆ । ਸਤੋ ਗੁਣ ਸਰਬ ਵਿਚਾਰ, ਸਤਿ ਸੰਤੋਖੀ ਧਰਮਸਾਲਿਆ । ਰਜੋ ਰਾਜ ਜੋਗ ਦਰਬਾਰ, ਸਾਚੇ ਧਾਮ ਆਪ ਸੁਹਾ ਲਿਆ । ਤਾਮਸ ਤ੍ਰਿਸਨਾ ਅਗਨ ਪਸਾਰ, ਜੀਵ ਜੰਤ ਆਪ ਵਸਾ ਲਿਆ । ਤ੍ਰੈਗੁਣ ਤੱਤਾਂ ਵਿਚ ਸਰਦਾਰ,

ਪੰਝੀ ਪ੍ਰਕਿੱਰਤੀ ਸੰਗ ਰਲਾ ਲਿਆ । ਕਰੀ ਖੇਲ ਸੱਚੀ ਸਰਕਾਰ, ਆਪ ਆਪਣੀ ਰਚਨ ਰਚਾ ਲਿਆ । ਆਪੇ ਵਸੇ ਅੰਦਰ ਬਾਹਰ, ਆਪ ਆਪਣਾ ਆਪ ਛੁਪਾ ਲਿਆ । ਦਸਮ ਦਵਾਰੀ ਮਹੱਲ ਅਪਾਰ, ਅੰਦਰੇ ਅੰਦਰ ਆਪ ਬਣਾ ਲਿਆ । ਕਾਇਆ ਮੰਦਰ ਜਗਤ ਸ਼ਿੰਗਾਰ, ਦਸਵੇਂ ਦੀਪਕ ਜੋਤੀ ਬਾਲਿਆ । ਨੌਂ ਦਵਾਰੇ ਕਰ ਤਿਆਰ, ਕਾਇਆ ਪਿੰਜਰ ਆਪ ਚਲਾ ਲਿਆ । ਦਸਮ ਦਵਾਰੀ ਬੰਦ ਕੁਆੜ ਸ਼ਬਦ ਸਿੰਘਾਸਣ ਆਪ ਵਿਛਾ ਲਿਆ । ਜੋਤੀ ਜੋਤ ਸਰੂਪ ਹਰਿ, ਤ੍ਰੈਗੁਣ ਸਾਚਾ ਵੇਸ ਕਰ, ਲੱਖ ਚੁਰਾਸੀ ਆਪ ਉਪਾ ਲਿਆ । ਪੰਜ ਤੱਤ ਪਰਵਾਨਿਆ ਅੱਠ ਅਠਾਰਿਆ । ਦਸ ਅੱਠ ਪਰਧਾਨ ਵਿਚ ਸੰਸਾਰਿਆ । ਪੰਜ ਪੰਜ ਪੰਜ ਕਾਇਆ ਅੰਦਰ ਵਸਾ, ਅੰਦਰੇ ਅੰਦਰ ਨਾਮ ਉਚਾਰਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਾਇਆ ਮੰਦਰ ਇਕ ਸੁਹਾ ਲਿਆ । ਕਾਇਆ ਮੰਦਰ ਹਰਿ ਉਪਾਇਆ । ਆਤਮ ਮਨੂਆ ਇਕ ਟਿਕਾਇਆ । ਮਮਤਾ ਤ੍ਰਿਸਨਾ ਸੰਗ ਸਾਚੀ ਆਸਾ ਨਾਲ ਲਿਆਇਆ । ਆਪੇ ਵੇਖੇ ਬੈਠ ਤਮਾਸ਼ਾ, ਅੰਦਰ ਬਾਹਰ ਪ੍ਰਿਥਮੀ ਅਕਾਸ਼ਾ, ਦਰ ਦਰਬਾਨ ਆਪ ਅਖਵਾਇਆ । ਆਪੇ ਬਣੇ ਚਤੁਰ ਸੁਜਾਨ, ਪੰਚ ਰਲਾਏ ਨੌਜਵਾਨ, ਕਰੇ ਖੇਲ ਆਪ ਮਹਾਨ, ਚਾਰੋਂ ਕੁੰਟਾਂ ਰਿਹਾ ਫਿਰਾਇਆ । ਮਤ ਬੁਧ ਨਾਲ ਰਕਾਨ, ਬੈਠੀ ਕਾਇਆ ਮੰਦਰ ਮਕਾਨ, ਆਪ ਆਪਣਾ ਮੁਖ ਛੁਪਾਇਆ । ਹੌਲੀ ਹੌਲੀ ਹਿਲੇ ਜ਼ਬਾਨ, ਆਪੇ ਦੱਸੇ ਆਪਣੀ ਆਣ, ਪ੍ਰਭ ਅਬਿਨਾਸ਼ੀ ਦਇਆ ਕਮਾਇਆ । ਮਨ ਚੰਚਲ ਹੋਇਆ ਵਿਚ ਪਰਧਾਨ, ਰੋਕ ਨਾ ਸਕੇ ਕੋਈ ਰਾਇਆ । ਕਲਜੁਗ ਅੰਤਮ ਅੰਤ ਆਪਣਾ ਤਾਣਾ ਰਿਹਾ ਤਾਣ, ਲੱਖ ਚੁਰਾਸੀ ਲਏ ਫਸਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖਾਂ ਲੇਖਾ ਰਿਹਾ ਲਿਖਾਇਆ । ਗੁਰਮੁਖਾਂ ਲੇਖ ਲਿਖਾਏ ਦਇਆ ਕਮਾਇੰਦਾ । ਇਕ ਸਦ ਗਿਆਰਾਂ ਦਿਵਸ ਵੇਖ, ਦਹਿ ਦਿਸ਼ਾ ਕਰਮ ਕਮਾਇੰਦਾ । ਹਰਿਜਨ ਜਨ ਹਰਿ ਮੇਲਾ ਮੀਤ ਮੁਰਾਰ, ਨਰ ਨਿਰੰਕਾਰਾ ਦਰਸ ਦਿਖਾਇੰਦਾ । ਨੌਂ ਸੱਤ ਸੱਤ ਨੌਂ ਕਰੇ ਵਿਹਾਰਾ, ਸੋਲਾਂ ਕਲਾ ਆਪ ਅਖਵਾਇੰਦਾ । ਸੋਲਾਂ ਕਲਾ ਕਲਜੁਗ ਧਾਰਾ, ਕਾਲੀ ਰੈਣ ਅੰਧੇਰ ਮਿਟਾਇੰਦਾ । ਜਨ ਭਗਤਾਂ ਦੱਸੇ ਮਾਤ ਵਿਹਾਰਾ, ਸੋਹੰ ਧਾਰਾ ਅੰਦਰ ਵਹਾਇੰਦਾ । ਉਪਜੇ ਧੁਨ ਸ਼ਬਦ ਜੈਕਾਰਾ, ਸਾਚਾ ਰਾਹ ਵਖਾਇੰਦਾ । ਮਿਟੇ ਅੰਧੇਰ ਧੁੰਦੂਕਾਰਾ, ਦੂਈ ਦਵੈਤੀ ਪੜਦਾ ਲਾਹਿੰਦਾ । ਦੀਪਕ ਜੋਤ ਕਰ ਉਜਿਆਰਾ, ਅਨਹਦ ਸਾਚਾ ਰਾਗ ਸੁਣਾਇੰਦਾ । ਦਰਸ ਦਿਖਾਏ ਅਗੰਮ ਅਪਾਰਾ, ਦਸਮ ਦਵਾਰੀ ਕੁੰਡਾ ਲਾਹਿੰਦਾ । ਸ਼ਬਦ ਸਿੰਘਾਸਣ ਇਕ ਅਪਾਰਾ, ਜੋਤ ਸਰੂਪੀ ਡਗਮਗਾਇੰਦਾ । ਨਾ ਕੋਈ ਠੱਗ ਚੋਰ ਨਾ ਯਾਰਾ, ਸਾਚੀ ਨਗਰੀ ਇਕ ਵਖਾਇੰਦਾ । ਅੰਮ੍ਰਿਤ ਝਿਰਨਾ ਝਿਰੇ ਠੰਡੀ ਠਾਰਾ, ਧਾਰਾ ਇਕ ਵਹਾਇੰਦਾ । ਭੈਣ ਭਾਈ ਨਾ ਦੀਸੇ ਕੋਈ ਮੀਤ ਮੁਰਾਰਾ, ਸਗਲਾ ਸੰਗ ਤਜਾਇੰਦਾ । ਗੁਰਮੁਖ ਸਾਚਾ ਦਰ ਘਰ ਸਾਚੇ ਕਰੇ ਪਿਆਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਧਾਮ ਸੁਹਾਇੰਦਾ । ਗੁਰ ਕਿਰਪਾਲ ਦਿਆਲ ਹਰਿ ਭਗਵਾਨਿਆ । ਗੁਰਮੁਖ ਸਾਚੇ ਪਰਖੇ ਲਾਲ, ਦੇਵੇ ਜਗਤ ਨਾਮ ਨਿਸ਼ਾਨਿਆ । ਫਲ ਲਗਾਏ ਕਾਇਆ ਡਾਲ੍ਹ, ਹਰਿ ਹਰਿ ਵਾਲੀ ਦੋ ਜਹਾਨਿਆ । ਆਪੇ ਤੋੜੇ ਜਗਤ ਜੰਜਾਲ, ਸਤਿਜੁਗ ਸਾਚਾ ਰਾਹ ਵਖਾਨਿਆ । ਸੋਹੰ ਸ਼ਬਦ ਮਾਤ ਦਲਾਲ, ਮੇਲ ਮਿਲਾਏ ਸ੍ਰੀ ਭਗਵਾਨਿਆ । ਮਿਲੇ ਨਾਮ ਸੱਚਾ ਧੰਨ ਮਾਲ, ਆਤਮ ਜੋਤੀ ਨੂਰ ਮਹਾਨਿਆ । ਅੰਮ੍ਰਿਤ ਸੁਹਾਏ ਸਾਚਾ ਤਾਲ, ਹਰਿ ਸਚ ਇਸ਼ਨਾਨ ਕਰਾਨਿਆ । ਏਕਾ ਦੱਸੇ ਰਾਹ ਸੁਖਾਲ, ਯੋਗ ਅਭਿਆਸ ਨਾ ਕੋਈ ਵਖਾਨਿਆ । ਜੋਤੀ ਜਗੇ ਦੀਪਕ ਮਸਤਕ ਸਾਚੇ ਥਾਲ, ਨਰ ਨਿਰੰਜਣ ਨੂਰ


੩੦੨ ੦੫

ਨੁਰਾਨਿਆ । ਆਪੇ ਚਲੇ ਅਵੱਲੜੀ ਚਾਲ, ਹਰਿਜਨ ਸਾਚਾ ਆਪ ਪਛਾਨਿਆ । ਲੱਖ ਚੁਰਾਸੀ ਵਿਚੋਂ ਭਾਲ, ਸ਼ਬਦ ਬੰਨ੍ਹੇ ਹੱਥੀਂ ਗਾਨਿਆ । ਦਰ ਘਰ ਸਾਚੇ ਦੇਵੇ ਮਾਣ, ਝੁੱਲਦਾ ਰਹੇ ਮਾਤ ਨਿਸ਼ਾਨ, ਆਦਿ ਅੰਤ ਨਾ ਹੋਏ ਕੰਗਾਲ, ਮਿਲੇ ਮੇਲ ਸ੍ਰੀ ਭਗਵਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦਰ ਸਾਚੇ ਕਰੇ ਪਰਵਾਨਿਆ । ਸਤਿਜੁਗ ਸਾਚੀ ਰੀਤ ਸਖੀ ਸੁਹਾਇਆ । ਨਾ ਕੋਈ ਦਿਹੁਰਾ ਦੀਸੇ ਮੰਦਰ ਮਸੀਤ, ਗੁਰਦਵਾਰਾ ਨਾ ਕੋਈ ਸਜਾਇਆ । ਸੋਹੰ ਸ਼ਬਦ ਰਖਾਏ ਚੀਤ, ਰਾਗ ਤਾਲ ਨਾ ਕੋਈ ਅਲਾਇਆ । ਧੁਰ ਦਰਗਾਹੀ ਸੁਹਾਗੀ ਗੀਤ, ਆਪ ਆਪਣਾ ਆਪ ਸੁਣਾਇਆ । ਲੱਖ ਚੁਰਾਸੀ ਲੈਣੀ ਜੀਤ, ਜਨ ਭਗਤਾਂ ਪ੍ਰਭ ਰਿਹਾ ਸੁਣਾਇਆ । ਸਵਾ ਪਹਿਰ ਰਹਿਣਾ ਅਤੀਤ, ਦਰ ਦਵਾਰ ਮਾਤ ਲਿਖਾਇਆ । ਦਿਵਸ ਸੋਲਾਂ ਜਾਇਣ ਬੀਤ, ਸੋਲਾਂ ਕਲਾ ਜੋਤ ਜਗਾਇਆ । ਗੁਰ ਚਰਨ ਪ੍ਰੀਤੀ ਸਾਚੀ ਰੀਤ, ਇਕ ਧਿਆਨ ਲਗਾਇਆ । ਕਲਜੁਗ ਚਲੀ ਅਵੱਲੜੀ ਰੀਤ, ਸੋਹੰ ਜਾਪ ਸਾਚਾ ਆਪ ਜਪਾਇਆ । ਜੋਤੀ ਜੋਤ ਸਰੂਪ ਹਰਿ, ਸੋਲਾਂ ਸੋਲਾਂ ਵੇਖ ਹਰਿ, ਆਪਣਾ ਬਿਰਦ ਧਰਾਇਆ । ਸੱਤ ਦੀਪ ਨੌਂ ਖੰਡ ਸੋਲਾਂ ਅਕਾਰਿਆ । ਪੁਰਖ ਅਬਿਨਾਸ਼ੀ ਪਾਏ ਵੰਡ, ਦਿਵਸ ਇਕ ਸੌ ਗਿਆਰਿਆ । ਜਨ ਭਗਤਾਂ ਬੰਨ੍ਹੇ ਪੱਲੇ ਨਾਮ ਗੰਢ, ਦਿਵਸ ਸੋਲਵੇਂ ਆਏ ਵਾਰਿਆ । ਸੱਤੇ ਵਾਰਾਂ ਰੱਖੇ ਠੰਡ, ਇਕ ਇੱਕ ਛੱਡਣਾ ਵਾਰੋ ਵਾਰਿਆ । ਆਪੇ ਕਰੇ ਆਪਣੀ ਵੰਡ, ਸਵਾ ਪਹਿਰ ਦੇਵੇ ਪਹਰਿਆ । ਫੜੇ ਹੱਥ ਚੰਡ ਪਰਚੰਡ, ਨੌਂ ਦਵਾਰੇ ਆਪੇ ਮਾਰ ਕਟਾਰਿਆ । ਹਰਿ ਸ਼ਬਦ ਸੁਹਾਗੀ ਗੀਤ ਪੁਰਖ ਅਬਿਨਾਸ਼ੀ ਵੰਡ, ਗੁਰਮੁਖ ਸਾਚੇ ਲੱਖ ਚੁਰਾਸੀ ਵਿਚੋਂ ਕੱਢੇ ਬਾਹਰਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਕਾਜ ਸੁਵਾਰਿਆ । ਅੱਸੂ ਤਿੰਨ ਭਗਤ ਕੁੜਮਾਈ । ਅੰਦਰ ਮੰਦਰ ਦੇਵੇ ਰਾਮ ਨਾਮ ਵਧਾਈ । ਕਾਇਆ ਕੋਟ ਡੂੰਘੀ ਕੰਦਰ, ਦੀਪਕ ਜੋਤੀ ਕਰੇ ਰੁਸ਼ਨਾਈ । ਹੱਥੀਂ ਖੋਲ੍ਹੇ ਵੱਜਾ ਜੰਦਰ, ਆਪੇ ਲਿਆ ਲਗਾਈ । ਭਾਗ ਲਗਾਏ ਕਾਇਆ ਮੰਦਰ, ਨੌਂ ਦਵਾਰੇ ਬੰਦ ਕਰਾਈ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਸਮ ਦਵਾਰਾ ਬੂਝ ਬੁਝਾਈ । ਖੋਲ੍ਹੇ ਦਸਮ ਦਵਾਰ ਦਰਸ ਦਰਸਾਨਿਆ । ਰਸਨਾ ਸ਼ਬਦ ਚਲਾਏ ਸਵਾ ਪਹਿਰ, ਸੋਹੰ ਸੋ ਮਾਤ ਮਹਾਨਿਆ । ਆਪੇ ਜਾਣੇ ਅੰਦਰ ਬਾਹਰ ਨਿਕਲੇ ਨੌਂ ਦਵਾਰੇ ਹਉ ਹੋ, ਤੋੜੇ ਮਾਣ ਤਾਣ ਆਤਮ ਅਭਿਮਾਨਿਆ । ਦੁਰਮਤ ਮੈਲ ਕੱਢੇ ਧੋ, ਜਪਾਏ ਜਾਪ ਸ਼ਬਦ ਰੁਹਾਨਿਆ । ਅੰਮ੍ਰਿਤ ਆਤਮ ਦੇਵੇ ਚੋ, ਸੋਹੰ ਜਾਪ ਜਪ ਸਾਚੀ ਬਾਣੀਆ । ਇਕ ਦਵਾਰਾ ਸਾਚਾ ਮੋਹ, ਪੁਰਖ ਅਬਿਨਾਸ਼ੀ ਘਟ ਘਟ ਵਾਸੀ ਦੇਵੇ ਨਾਮ ਨਿਸ਼ਾਨੀਆਂ । ਲੱਖ ਚੁਰਾਸੀ ਰਹੀ ਰੋ, ਨਾ ਪੱਲੂ ਕੋਈ ਫੜਾਨਿਆ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਸੰਤ ਜਨਾਂ ਕਿਰਪਾ ਕਰੇ ਮਹਾਨਿਆ । ਅੱਸੂ ਤਿੰਨ ਅੰਮ੍ਰਿਤ ਵੇਲਾ । ਪੁਰਖ ਅਬਿਨਾਸ਼ੀ ਆਪੇ ਫਿਰੇ ਇਕ ਇਕੇਲਾ । ਦਰ ਦਰ ਘਰ ਘਰ ਜਾਏ ਵੇਖੇ, ਗੁਰੂਦਵਾਰ ਗੁਰੂ ਗੁਰ ਚੇਲਾ । ਆਪਣੀ ਹੱਥੀਂ ਲਿਖਦਾ ਜਾਏ ਲੇਖੇ, ਆਪੇ ਕਰੇ ਵਕਤ ਸੁਹੇਲਾ । ਨਾਮ ਮਸਤਕ ਲਾਉਂਦਾ ਜਾਏ ਮੇਖੇ, ਆਪ ਆਪਣਾ ਮਿਲਾਏ ਮੇਲਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਸੁਹੇਲਾ ਸਾਚਾ ਵੇਲਾ । ਗੁਰ ਆਸਣ ਹਰਿ ਬਿਸਰਾਮ । ਸ਼ਬਦ ਸਿੰਘਾਸਣ ਸਾਚਾ ਨਾਮ । ਪੁਰਖ ਅਬਿਨਾਸ਼ਣ ਘਨਕਪੁਰ ਵਾਸਣ ਕਰੇ ਆਪਣਾ ਕਾਮ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖ ਵਖਾਣੇ ਆਗਰਾ ਨਿਵਾਸਨ ਹੱਡ ਮਾਸ ਨਾੜੀ ਚਾਮ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਪੱਲੇ ਰੱਖੇ

੩੦੩ ੦੫

ਨਾਮ ਦਾਮ । ਅੱਸੂ ਤਿੰਨ ਚਾੜ੍ਹੇ ਤੇਲ, ਅਚਰਜ ਰਚਨ ਰਚਾਈਆ । ਅੱਠੇ ਪਹਿਰ ਸੁਰਤ ਸ਼ਬਦ ਮੇਲ, ਹਰਿ ਦਰਸ਼ਨ ਨੈਣ ਬਿਗਸਾਈਆ । ਸਿੰਘ ਪੂਰਨ ਹਰਿ ਸੱਜਣ ਸੁਹੇਲ, ਬਾਹਰ ਰਹੇ ਨਾ ਰਾਈਆ । ਆਪੇ ਗੁਰ ਆਪੇ ਚੇਲ, ਏਕਾ ਜੋਤੀ ਆਪਣੀ ਆਪ ਉਪਾਈਆ । ਕਲਜੁਗ ਹੋਇਆ ਅੰਤਮ ਮੇਲ, ਹਰਿ ਘੋਲੀ ਹਉਂ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਕਾਇਆ ਰੰਗਣ ਰੰਗੀ ਚੋਲੀ, ਆਪ ਆਪਣਾ ਭੇਵ ਮਿਟਾਈਆ । ਮਿੱਟੀ ਖੇਹ ਨਾ ਹੋਏ ਡੋਲੀ, ਨਾੜੀ ਚਲਦੀ ਰਹੇ ਸੁਵਾਈਆ । ਬੁੱਧੀ ਸ਼ਬਦ ਦੇਵੇ ਸਚ ਬੋਲੀ, ਸਚ ਸੁਨਾਰਾ ਆਪ ਅਖਵਾਈਆ । ਛੱਬੀ ਪੋਹ ਜੋਤੀ ਹੋਲੀ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੱਠੇ ਪਹਿਰ ਸਿੰਘ ਪੂਰਨ ਵਿਚ ਦਏ ਰਖਾਈਆ । ਅਠੇ ਪਹਿਰ ਦਏ ਰੱਖ । ਦਿਵਸ ਰੈਣ ਨਾ ਹੋਵੇ ਵੱਖ । ਸੌ ਗਿਆਰਾਂ ਵੇਖ ਪਰਤਖ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਲੇਖਾ ਆਪ ਲਿਖਾਏ, ਸਾਚੀ ਹੱਥੀਂ ਬਣਤ ਬਣਾਏ, ਵਿਚ ਮਾਲਵੇ ਹੋ ਪਰਤਖ ।

### ★ ਪਹਿਲੀ ਕੱਤਕ ੨੦੧੨ ਬਿਕ੍ਰਮੀ ਹਰਿ ਭਗਤ ਦਵਾਰ ਜੇਠੂਵਾਲ ★

ਨੌਂ ਸੱਤ ਪ੍ਰਭ ਧਾਰ ਨਵ ਨਵ ਰੰਗਿਆ । ਲੱਖ ਚੁਰਾਸੀ ਵੇਖੇ ਧੀਰਜ ਯਤਾ, ਦਰ ਦਵਾਰਾ ਘਰ ਘਰ ਮੰਗਿਆ । ਅੱਠ ਸੱਠ ਵੇਖੇ ਤੀਰਥ ਤੱਟਾ, ਗੁਰ ਮੰਦਰ ਅੰਦਰ ਭੁੱਖਾ ਨੰਗਿਆ । ਮੰਗੇ ਬਣ ਭਿਖਾਰ, ਦਰ ਸੁਵਾਲੀਆ । ਕਲਜੁਗ ਤੇਰੀ ਕਾਲੀ ਧਾਰ, ਬੇਮੁਖ ਸੁੱਤੇ ਪੈਰ ਪਸਾਰ, ਚਾਰੋਂ ਕੁੰਟ ਅੰਧ ਅੰਧਿਆਰ, ਨਾ ਕੋਈ ਦੀਸੇ ਮੀਤ ਮੁਰਾਰ, ਦੇਵੇ ਨਾਮ ਸੱਚਾ ਧਨ ਮਾਲਿਆ । ਸ਼ਬਦ ਵਣਜਾਰਾ ਵੇਖੇ ਹੱਟ, ਚਾਰ ਵਰਨਾਂ ਏਕੋ ਦਵਾਰਾ ਮੰਗਿਆ । ਕਾਇਆ ਭੰਨ ਅਪਾਰ ਪੱਟ, ਹਰਿ ਦਾਤਾ ਸੂਰਾ ਸਰਬੰਗਿਆ । ਬੇਮੁਖਾਂ ਵੇਖੇ ਦੂਈ ਦਵੈਤੀ ਫੱਟ, ਮਾਨਸ ਦੇਹੀ ਹੁੰਦੀ ਭੰਗਿਆ । ਗੁਰਮੁਖਾਂ ਦੀਸੇ ਘਟ ਘਟ, ਸਦਾ ਸੁਹੇਲਾ ਅੰਗ ਸੰਗਿਆ । ਅੰਮ੍ਰਿਤ ਆਤਮ ਰਸ ਲੈਣਾ ਚੱਟ, ਵੱਜੇ ਸ਼ਬਦ ਮਰਦੰਗ ਜਗੇ ਜੋਤ ਕਾਇਆ ਮਟ, ਜੋਤੀ ਮੇਲ ਰੰਗ ਤਰੰਗਿਆ । ਕਲਜੁਗ ਮਾਇਆ ਖੇਲ ਬਾਜੀਗਰ ਨਟ, ਚਾਰੋਂ ਕੁੰਟ ਦੀਸੇ ਤੰਗਿਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਇਕ ਦਵਾਰਾ ਹਰਿਜਨ ਪਿਆਰਾ ਬਣ ਭਿਖਾਰਾ ਮਾਤ ਮੰਗਿਆ । ਸ਼ਬਦ ਖੰਡਾ ਸਚ ਕਿਰਪਾਨ, ਆਪੇ ਵੇਖੇ ਮਾਰ ਧਿਆਨ, ਮੇਟ ਮਿਟਾਏ ਜ਼ਿਮੀ ਅਸਮਾਨ, ਚੌਦਾਂ ਤਬਕਾਂ ਆਈ ਹਾਨ, ਕਰੇ ਖੇਲ ਮਾਤ ਮਹਾਨ ਹਰਿ ਜਗਦੀਸਰਾ । ਸੋਹੰ ਫੜਿਆ ਸ਼ਬਦ ਨਿਸ਼ਾਨ, ਨਾ ਕੋਈ ਜਾਣੇ ਤਪੀ ਤਪੀਸ਼ਰਾ । ਮਾਇਆ ਰਾਣੀ ਵਿਚ ਮੈਦਾਨ, ਤੋੜੇ ਯਤ ਰਿੱਖੀ ਰਿਖੀਸ਼ਰਾ । ਹਰਿਜਨ ਮੰਗ ਅਪਾਰ, ਦਰ ਸੁਵਾਲੀਆ । ਗੁਰ ਮੰਤਰ ਸ਼ਬਦ ਅਧਾਰ, ਜੋਤ ਅਕਾਲੀਆ । ਜਨ ਭਗਤਾਂ ਦੇਵੇ ਕਰ ਪਿਆਰ, ਚਲੇ ਚਾਲ ਜਗਤ ਨਿਰਾਲੀਆ । ਅੱਠੇ ਪਹਿਰ ਪਹਿਰੇਦਾਰ, ਸਦ ਰੱਖੇ ਹੱਥਾਂ ਖਾਲੀਆ । ਸ਼ਬਦ ਖੰਡਾਂ ਹਰਿ ਦਾਤਾਰ, ਸਦਾ ਸਦਾ ਕਰੇ ਪ੍ਰਿਤਪਾਲੀਆ । ਹਰਿਜਨ ਮੰਗੇ ਬਣ ਭਿਖਾਰ, ਕਾਇਆ ਰੰਗਣ ਰੰਗ ਅਪਾਰ ਲਾਲ ਗੁਲਾਲੀਆ । ਹਉਮੇ ਤ੍ਰਿਸ਼ਨਾ ਦਏ ਨਿਵਾਰ, ਦਰ ਘਰ ਸਾਚੇ ਬਣੇ ਦਲਾਲੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖਾਂ ਦੇਵੇ ਇਕ ਵਰ, ਮੇਟ ਮਿਟਾਏ ਅੰਧ ਅੰਧੇਰ ਰੈਣ ਘਟਾ ਕਾਲੀਆ । ਹਰਿ ਭਗਤ ਅਧਾਰ, ਸਰਬ ਕਲ ਪੂਰਿਆ । ਮਾਨਸ ਦੇਹੀ ਪੈਜ ਸਵਾਰ,


੩੦੪
੦੫

੩੦੫

ਆਸਾ ਮਨਸਾ ਪੂਰਿਆ । ਨਿਰਮਲ ਜੋਤ ਕਰੇ ਅਕਾਰ, ਸ਼ਬਦ ਧੁਨੀ ਅਨਾਹਦ ਤੂਰਿਆ । ਦੇਵੇ ਦਰਸ ਅਗੰਮ ਅਪਾਰ, ਹਰਿ ਹਰਿ ਦਾਤਾ ਵਡ ਵਡ ਸੂਰਿਆ । ਮਿਲੇ ਮੇਲ ਮੀਤ ਮੁਰਾਰ, ਪੰਜਾਂ ਤੱਤਾਂ ਕਰੇ ਚੂਰੋ ਚੂਰਿਆ । ਕਾਇਆ ਰੰਗਣ ਬਸੰਤ ਬਹਾਰ, ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਨੇਰਨ ਨੇਰ ਦੂਰਨ ਦੂਰਿਆ । ਹਰਿ ਭਗਤ ਅਧਾਰ ਸ਼ਬਦ ਜਣਾਈਆ । ਗੁਰ ਸ਼ਬਦ ਮੀਤ ਮੁਰਾਰ ਹੋਏ ਸਹਾਈਆ । ਲੱਖ ਚੁਰਾਸੀ ਉਤਰੇ ਪਾਰ, ਭਾਂਡਾ ਭਰਮ ਭਉ ਭੰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕ ਸਦ ਗਿਆਰਾਂ ਸਚ ਵਿਹਾਰ ਕਰਾ ਰਿਹਾ । ਇਕ ਸਦ ਗਿਆਰਾਂ ਹਰਿ ਵਿਹਾਰਿਆ । ਜਨ ਭਗਤਾਂ ਵੱਜੇ ਆਤਮ ਨਦ, ਉਪਜੇ ਧੁਨ ਸੱਚੀ ਸਰਕਾਰਿਆ । ਅੰਮ੍ਰਿਤ ਆਤਮ ਪਿਆਏ ਮਧ, ਅੱਠੇ ਪਹਿਰ ਰਹੇ ਖੁਮਾਰਿਆ । ਪੰਜਾਂ ਚੋਰਾਂ ਦੇਵੇ ਬੱਧ, ਹਰਿ ਸ਼ਬਦ ਮਾਰ ਦੋ ਧਾਰਿਆ । ਆਪੇ ਜਾਣੇ ਆਪਣੀ ਹੱਦ, ਆਰ ਪਾਰ ਪਾਰ ਆਰ ਕਿਨਾਰਿਆ । ਭਾਗ ਲਗਾਏ ਗੁਰਮੁਖ ਯਦ, ਸੋਹੰ ਨਾਮ ਜਿਸ ਉਚਾਰਿਆ । ਮਿਲੇ ਵਡਿਆਈ ਵਿਚ ਬ੍ਰਹਿਮਦ, ਲੋਆਂ ਪੁਰੀਆਂ ਭੇੜ ਭਿੜਾ ਰਿਹਾ । ਲੱਖ ਚੁਰਾਸੀ ਗਈ ਵਧ, ਧਰਮ ਰਾਏ ਰੋਏ ਦਰ ਪੁਕਾਰਿਆ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਜੋਤੀ ਜਾਮਾ ਭੇਖ ਧਾਰਿਆ । ਜੋਤੀ ਜਾਮਾ ਭੇਖ ਅਵੱਲੜਾ । ਲੱਖ ਚੁਰਾਸੀ ਲਿਖੇ ਲੇਖ, ਬੈਠਾ ਰਹੇ ਇਕ ਇਕੱਲੜਾ । ਸ੍ਰਿਸ਼ਟ ਸਬਾਈ ਰਿਹਾ ਵੇਖ, ਦਰ ਦਵਾਰਾ ਏਕਾ ਮੱਲੜਾ । ਜੋਤੀ ਜਾਮਾ ਧਾਰੇ ਭੇਖ ਅਵੱਲੜਾ । ਜਨ ਭਗਤ ਫੜਾਏ ਆਪਣਾ ਪੱਲੜਾ । ਮੇਟ ਮਿਟਾਏ ਔਲੀਏ ਪੀਰ ਸ਼ੇਖ਼, ਸੋਹੰ ਫੜੇ ਹੱਥ ਵਿਚ ਭੱਲੜਾ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਹਰਿ ਹਰਿ ਜਨ ਦਰ ਦਵਾਰੇ ਅਗੇ ਖਲੜਾ । ਗੁਰਮੁਖ ਤੇਰਾ ਰੰਗ ਅਪਰ ਅਪਾਰਾ । ਮੰਗੇ ਸਾਚੀ ਮੰਗ ਵਿਚ ਸੰਸਾਰਾ । ਕਾਇਆ ਚੋਲੀ ਚਾੜ੍ਹੇ ਰੰਗ, ਉਤਰ ਨਾ ਜਾਏ ਦੂਜੀ ਵਾਰਾ । ਲੱਖ ਚੁਰਾਸੀ ਪਾਰ ਲੰਘ, ਮਿਲੇ ਮੇਲ ਹਰਿ ਨਿਰੰਕਾਰਾ । ਪੁਰਖ ਅਬਿਨਾਸ਼ੀ ਘਨਕਪੁਰ ਵਾਸੀ ਸ਼ਬਦ ਘੋੜੇ ਕਸ ਤੰਗ, ਲੋਕਮਾਤ ਆਇਆ ਅੰਤਮ ਵਾਰਾ । ਜਨ ਭਗਤਾਂ ਕਟੇ ਭੁੱਖ ਨੰਗ, ਅੰਮ੍ਰਿਤ ਦੇਵੇ ਹਰਿ ਅਪਾਰਾ । ਦਰ ਦਵਾਰਾ ਇਕੋ ਲੈਣਾ ਮੰਗ, ਮਿਲੇ ਮੇਲ ਪੁਰਖ ਭਤਾਰਾ । ਦਿਵਸ ਰੈਣ ਰਹੇ ਸੰਗ, ਦਿਸ ਕਿਸੇ ਨਾ ਆ ਰਿਹਾ । ਨੌਂ ਖੰਡ ਪ੍ਰਿਥਮੀ ਵੇਖੇ ਜੰਗ, ਸੱਤਾਂ ਦੀਪਾਂ ਖੇਲ ਰਚਾ ਰਿਹਾ । ਸੋਹੰ ਸ਼ਬਦ ਵਹਾਏ ਸਾਚੀ ਗੰਗ, ਬੇਮੁਖਾਂ ਏਕਾ ਧਾਰ ਵਹਾ ਰਿਹਾ । ਗੁਰਮੁਖਾਂ ਮੰਗੀ ਸਾਚੀ ਮੰਗ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਰਗਟ ਹੋਏ ਦਰਸ ਦਿਖਾ ਰਿਹਾ । ਗੁਰਮੁਖਾਂ ਨਿਰਮਲ ਨੀਰ ਹਰਿ ਵਰਤਾਰਾ । ਜਨ ਭਗਤਾਂ ਕੱਟਣ ਆਇਆ ਭੀੜ, ਬੇਮੁਖਾਂ ਲਾਏ ਹਉਮੇ ਪੀੜ, ਕਲਜੁਗ ਡੋਬੇ ਅੱਧਵਿਚਕਾਰਾ । ਮਾਇਆ ਰਾਣੀ ਮਾਰੇ ਜੰਜੀਰ, ਹਉਮੇ ਵੱਜਾ ਆਤਮ ਤੀਰ, ਦੂਈ ਦਵੈਤੀ ਪੜਦਾ ਪਾੜਿਆ । ਨਾ ਕੋਈ ਚੋਟੀ ਚੜ੍ਹੇ ਅਖੀਰ, ਬਜਰ ਕਪਾਟੀ ਸਾਚੀ ਹਾਟੀ ਨਾ ਕੋਈ ਪਾਰ ਕਰ ਰਿਹਾ । ਗੁਰਮੁਖ ਵਿਰਲੇ ਸਾਚਾ ਲਾਹਾ ਪ੍ਰਭ ਦਰ ਖਾਟੀ, ਰੋਗ ਸੋਗ ਜਗਤ ਵਿਜੋਗ ਆਪਣੀ ਝੋਲੀ ਪਾ ਰਿਹਾ । ਆਪੇ ਦੇਵੇ ਦਰਸ ਅਮੋਘ, ਅੰਮ੍ਰਿਤ ਸਰ ਘਰ ਸਾਚੇ ਦਇਆ ਕਮਾ ਰਿਹਾ । ਸ਼ਬਦ ਚੁਗਾਵੇ ਸਾਚੀ ਚੋਗ, ਕਾਗ ਹੰਸ ਆਪ ਬਣਾ ਰਿਹਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਜਾਪ ਅਜਪਾ ਜਾਪ ਆਪ ਜਪਾ ਰਿਹਾ । ਰਾਜ ਜੋਗ ਸੁਲਤਾਨ ਤਖ਼ਤ ਬਿਰਾਜਿਆ । ਕਲਜੁਗ ਕਾਇਆ ਹੋਏ ਵਿਜੋਗ, ਨਾ ਕੋਈ ਰਖਾਏ ਅੰਤਮ ਲਾਜਿਆ । ਗੁਰਮੁਖ ਵਿਰਲਾ ਹਰਿ ਭੇਵ ਖੁਲ੍ਹਾਏ ਗੋਝ, ਆਪ ਆਪਣਾ ਸਾਜਨ ਸਾਜਿਆ । ਜੋਤ ਸਰੂਪੀ ਕਰੇ

ਚੋਜ, ਸ਼ਬਦ ਸਰੂਪੀ ਮਾਰੇ ਅਵਾਜਿਆ । ਜੋਤੀ ਜੋਤ ਸਰੂਪ ਹਰਿ, ਸ਼ਬਦ ਘੋੜੇ ਚਿੱਟੇ ਅਸਵ ਸੋਹੇ ਸਾਚੇ ਤਾਜਿਆ । ਚਿੱਟਾ ਅਸਵ ਹਰਿ ਸੁਲਤਾਨਾ, ਸ਼ਾਹ ਸੁਲਤਾਨਿਆ । ਬੈਠੇ ਆਪ ਸ੍ਰੀ ਭਗਵਾਨਾ, ਲੋਆਂ ਪੁਰੀਆਂ ਵੇਖੇ ਮਾਰ ਧਿਆਨਿਆ । ਚਤੁਰਭੁਜ ਨੌਜਵਾਨਾ, ਗੁਣਵੰਤ ਗੁਣ ਨਿਧਾਨਿਆ । ਭੇਵ ਚੁਕਾਏ ਏਕਾ ਦੂਜ, ਦਹਿ ਦਿਸ਼ਾ ਖੇਲ ਮਹਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਸੰਤ ਜਨਾਂ ਏਕਾ ਦੇਵੇ ਨਾਮ ਨਿਧਾਨਿਆ । ਚਤੁਰਭੁਜ ਬਲਵਾਨ ਹਰਿ ਨਿਰੰਕਾਰਿਆ । ਪਰਗਟ ਹੋਏ ਵਿਚ ਸੰਸਾਰ, ਖੇਲ ਅਪਾਰਿਆ । ਸ਼ਬਦ ਫੜ ਤੇਜ ਕਟਾਰ, ਮਨ ਹੰਕਾਰਿਆ । ਮਾਰੀ ਜਾਏ ਵਾਰੋ ਵਾਰ, ਚਾਰੇ ਕੁੰਟਾਂ ਲਲਕਾਰਿਆ । ਰਾਜ ਰਾਜਾਨਾਂ ਕਰੇ ਖ਼ਬਰਦਾਰ, ਸ਼ਾਹ ਸੁਲਤਾਨਾਂ ਹੁਕਮ ਸੁਣਾ ਰਿਹਾ । ਗੁਰਮੁਖਾਂ ਬੰਨ੍ਹੇ ਹੱਥੀਂ ਗਾਨਾ, ਝੁਲਾਏ ਜਗਤ ਸੱਚਾ ਨਿਸ਼ਾਨਾ, ਆਪ ਆਪਣੀ ਬਣਤ ਬਣਾ ਰਿਹਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ ਮੇਲ ਮਿਲਾਏ, ਸਾਚੇ ਸੰਤ ਸੋਏ ਮਾਤ ਜਗਾ ਰਿਹਾ । ਗੁਰਮੁਖ ਸੋਇਆ ਜਾਗ, ਹਰਿ ਜਗਾਇੰਦਾ । ਤਨ ਮੰਦਰ ਲੱਗੇ ਭਾਗ ਰੰਗ ਰੰਗਾਇੰਦਾ । ਅੰਦਰੇ ਅੰਦਰ ਜੋਤ ਵਖਾਇੰਦਾ । ਲੱਖ ਚੁਰਾਸੀ ਭੌਂਦੀ ਬੰਦਰ, ਪ੍ਰਭ ਅਬਿਨਾਸ਼ੀ ਦਿਸ ਨਾ ਆਇੰਦਾ । ਆਤਮ ਵੱਜਾ ਹੰਕਾਰੀ ਜੰਦਰ, ਨਾ ਕੋਈ ਕਿਸੇ ਤੁੜਾਇੰਦਾ । ਕਾਇਆ ਅੰਧੇਰੀ ਡੂੰਘੀ ਕੰਦਰ, ਭਰਮ ਭੁਲੇਖੇ ਸਰਬ ਭੁਲਾਇੰਦਾ । ਗੁਰਮੁਖ ਸੋਹੇ ਸੁਹਾਏ ਕਾਇਆ ਮੰਦਰ, ਸਰਬ ਘਟ ਵਾਸ ਪੁਰਖ ਅਬਿਨਾਸ਼, ਪਰਗਟ ਹੋਏ ਦੁਰਮਤ ਮੈਲ ਧੋਏ, ਸਵੱਛ ਸਰੂਪੀ ਦਰਸ ਦਿਖਾਇੰਦਾ । ਸਵੱਛ ਸਰੂਪ ਦਰਸ ਅਪਾਰ ਵਖਾਇੰਦਾ । ਵਡਾ ਸ਼ਾਹੋ ਭੂਪ ਸ਼ਬਦ ਸਿੰਘਾਸਣ ਆਸਣ ਲਾਇੰਦਾ । ਨਾ ਕੋਈ ਰੰਗ ਨਾ ਕੋਈ ਰੂਪ, ਰੰਗ ਰੰਗੀਲਾ ਮੋਹਣ ਮਾਧਵ ਆਪੇ ਆਪ ਅਖਵਾਇੰਦਾ । ਸੋਹੰ ਧਾਗਾ ਸਾਚਾ ਸੂਤ, ਗੁਰਮੁਖ ਸਾਚੇ ਪੁਰਾਇੰਦਾ । ਆਪ ਉਠਾਏ ਸਚ ਸਪੂਤ, ਮਾਇਆ ਰਾਣੀ ਪੜਦਾ ਲਾਹਿੰਦਾ । ਵੇਖ ਵਖਾਏ ਚਾਰੇ ਕੂਟ, ਰਾਜਾ ਰਾਣਾ ਭਰਮ ਭੁਲਾਇੰਦਾ । ਸ਼ਬਦ ਨਿਸ਼ਾਨਾ ਤੀਰ ਰਿਹਾ ਛੂਟ, ਬੇਮੁਖਾਂ ਪਾਰ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਗੁਰਮੁਖ ਸਾਚੇ ਸੰਤ ਸੁਹੇਲੇ ਸਾਚੇ ਮਾਰਗ ਲਾਇੰਦਾ । ਹਰਿ ਸਾਚਾ ਰਾਹ ਵਖਾਇਆ । ਗਲੋਂ ਕਟੇ ਚੁਰਾਸੀ ਫਾਹ, ਏਕਾ ਅੱਖਰ ਨਾਮ ਪੜ੍ਹਾਇਆ । ਧੁਰ ਦਰਗਾਹੀ ਆਪ ਮਲਾਹ, ਦੂਸਰ ਕੋਈ ਨਾ ਸੰਗ ਰਲਾਇਆ । ਆਪੇ ਪਿਤਾ ਆਪੇ ਮਾਂ, ਗੁਰਮੁਖ ਸਾਚਾ ਆਪਣੀ ਗੋਦ ਉਠਾਇਆ । ਚਾਰੋਂ ਕੁੰਟ ਉਡਾਏ ਘਰ ਘਰ ਕਾਂ, ਕਲਜੁਗ ਵਿਛੋੜਾ ਪਾਇਆ । ਜਨ ਭਗਤਾਂ ਦੇਵੇ ਠੰਡੀ ਛਾਂ, ਸ਼ਬਦ ਪੜਦਾ ਉਪਰ ਪਾਇਆ । ਵੇਲੇ ਅੰਤਮ ਪਕੜੇ ਬਾਂਹ, ਲਹਿਣਾ ਦੇਣਾ ਮਾਤ ਚੁਕਾਇਆ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਜੋਤੀ ਜਾਮਾ ਭੇਖ ਧਰ, ਕਲਜੁਗ ਤੇਰੀ ਅੰਤਮ ਵਰ, ਕਾਲਾ ਵੇਸ ਦਰ ਦਰਵੇਸ, ਗੁਰਮੁਖ ਸਾਚੇ ਵਿਚ ਪਰਵੇਸ਼, ਦਿਸ ਕਿਸੇ ਨਾ ਆਇਆ । ਹਰਿ ਜੋਤੀ ਜਗਤ ਜਗਾਈਆ । ਗੁਰਮੁਖ ਸਾਚੇ ਸਾਚੀ ਸ਼ਕਤ, ਆਤਮ ਸ਼ਕਤੀ ਲੇਖੇ ਲਾਏ ਬੂੰਦ ਰਕਤ, ਕਲਜੁਗ ਵੇਲਾ ਵਕਤ ਸੁਹਾਈਆ । ਆਪ ਭੁਲਾਏ ਲੱਖ ਚੁਰਾਸੀ, ਸਤਿਜੁਗ ਆਪਣੀ ਨਈਆ ਹਰਿ ਚਲਾਈਆ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਡੋਰ ਬੰਨੇ ਪੰਜ ਚੋਰ, ਕਾਇਆ ਅੰਧੇਰ ਘੋਰ, ਆਪਣੇ ਹੱਥ ਰਖਾਈਆ । ਸ਼ਬਦ ਡੋਰੀ ਬੰਨ੍ਹ ਕਰਤਾਰ । ਲੱਖ ਚੁਰਾਸੀ ਕਰੇ ਚੋਰੀ, ਗੁਰਮੁਖਾਂ ਕਰੇ ਖ਼ਬਰਦਾਰ । ਆਪ ਆਪਣੇ ਸੰਗ ਜਾਏ ਤੋਰੀ, ਦਿਵਸ ਰੈਣ ਪਹਿਰੇਦਾਰ । ਸ਼ਬਦ ਚਾੜ੍ਹੇ ਸਾਚੀ ਘੋੜੀ, ਲੋਆਂ ਪੁਰੀਆਂ ਕਰੇ ਖ਼ਬਰਦਾਰ ।

ਹਰਿ ਸੁਰਤੀ ਸ਼ਬਦ ਮਿਲਾਈਆ । ਅਕਾਲ ਮੂਰਤੀ ਨਜ਼ਰੀ ਆਈਆ । ਨਾਦ ਤੂਰਤੀ ਇਕ ਵਜਾਈਆ । ਸੰਤ ਸੁਹੇਲੇ ਆਸਾ ਪੂਰਤੀ, ਤ੍ਰਿਸਨਾ ਭੁੱਖ ਰਹੇ ਨਾ ਰਾਈਆ । ਜਗਤ ਮਾਇਆ ਦੂਰ ਦੂਰਤੀ, ਸ਼ਬਦ ਡੰਡੇ ਰਿਹਾ ਡਰਾਈਆ । ਨੌਂ ਖੰਡ ਪ੍ਰਿਥਮੀ ਕੂੜੋ ਕੂੜਤੀ, ਦਰ ਘਰ ਅੰਦਰ ਮੰਦਰ ਮਹੱਲ ਰੰਗ ਰੰਗਾਈਆ । ਗੁਰਮੁਖ ਤੇਰੀ ਕਾਇਆ ਕਲ, ਆਤਮ ਜੋਤੀ ਇਕ ਜਗਾਈਆ । ਸਚ ਦਵਾਰਾ ਲੈਣਾ ਮੱਲ, ਬਜਰ ਕਪਾਟੀ ਪੜਦਾ ਲਾਹੀਆ । ਦਰਸ ਦਿਖਾਏ ਘੜੀ ਘੜੀ ਪਲ ਪਲ, ਦਸਮ ਦਵਾਰੀ ਭੇਵ ਚੁਕਾਈਆ । ਸ਼ਬਦ ਸਰੂਪੀ ਆਪ ਚਲਾਏ ਸੋਹੰ ਸੱਚਾ ਹਲ, ਪੰਜਾਂ ਦੇਵੇ ਜੜ੍ਹ ਉਖੜਾਈਆ । ਭਾਣਾ ਵਰਤੇ ਵੇਖੋ ਕੱਲ, ਨਿਹਕਲੰਕੀ ਸਾਚਾ ਨਾਤਾ ਪੁਰਖ ਬਿਧਾਤਾ, ਜੋਤੀ ਸ਼ਬਦੀ ਸੁਰਤ ਬੰਧਾਈਆ । ਆਪੇ ਆਪ ਰਹੇ ਇਕ ਇਕਾਂਤਾ, ਅੰਮ੍ਰਿਤ ਦੇਵੇ ਬੂੰਦ ਸੁਵਾਂਤਾ, ਗੁਰਮੁਖਾਂ ਪੁਛੇ ਘਰ ਘਰ ਵਾਤਾਂ, ਦਿਵਸ ਰੈਣ ਸੇਵ ਕਮਾਈਆ । ਬੇਮੁਖ ਦੁਹਾਗਣ ਨਾਰ ਨਾ ਕੰਤ ਪਛਾਤਾ, ਨਰ ਹਰਿ ਹਰਿ ਨਰ ਸਾਰ ਨਾ ਪਾਈਆ । ਜਨ ਭਗਤਾਂ ਦੇਵੇ ਸਚ ਸੁਗਾਤਾ, ਮੇਟ ਮਿਟਾਏ ਅੰਧੇਰੀ ਰਾਤਾ, ਮੇਲ ਮਿਲਾਵਾ ਕਮਲਾਪਾਤਾ, ਨਾਰ ਸੁਹਾਗਣ ਗੁਰਮੁਖ ਬੈਰਾਗਣ ਸਾਚਾ ਕੰਤ ਮਿਲਾਈਆ । ਪੰਚਮ ਕੱਤਕ ਉਠ ਉਠ ਜਾਗਣ, ਮਾਇਆ ਡੱਸੇ ਨਾ ਡਸਣੀ ਨਾਗਨ, ਹੰਸ ਬਣਾਏ ਫੜ ਫੜ ਕਾਗਨ, ਸੋਹੰ ਸਾਚੀ ਚੋਗ ਚੁਗਾਈਆ । ਇਕ ਸੁਣਾਏ ਸਾਚਾ ਰਾਗਨ, ਕਾਇਆ ਧੋਏ ਝੂਠੇ ਦਾਗਣ, ਗੁਰਮੁਖ ਸਾਚੇ ਚਰਨੀ ਲਾਗਨ, ਦੇ ਮਤ ਰਿਹਾ ਸਮਝਾਈਆ । ਧੁਨ ਨਾਦ ਅਨਾਹਦ ਵਾਜਨ, ਮਾਰੇ ਵਾਜ ਆਪ ਗਰੀਬ ਨਿਵਾਜਨ, ਜਨ ਭਗਤਾਂ ਰੱਖੇ ਮਾਤ ਲਾਜਨ, ਨਿੱਤ ਨਵਿੱਤ ਬਣਤ ਬਣਾਈਆ । ਆਪ ਆਪਣੇ ਕਰੇ ਕਾਜਨ, ਭਗਤ ਜਨਾਂ ਦਾ ਸੱਚਾ ਸਾਜਨ, ਪਰਗਟ ਹੋਏ ਦੇਸ ਮਾਝਨ, ਸੰਬਲ ਦੇਸ ਮਿਲੇ ਵਡਿਆਈਆ । ਆਪੇ ਬਣੇ ਮੁਲਾਂ ਕਾਜ਼ੀ ਸ਼ੇਖ਼ੇ ਮੱਕਾ ਹਾਜੀ ਹਾਜਨ, ਵੇਖ ਵਖਾਣੇ ਬੂਰਾ ਕੱਕਾ ਸ਼ਬਦ ਘੋੜੇ ਚਾੜ੍ਹੇ ਤਾਜਨ, ਰਾਜ ਰਾਜਾਨਾਂ ਰਿਹਾ ਹਿਲਾਈਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਕਲਜੁਗ ਅੰਤਮ ਵੇਖ ਹਰਿ, ਦਰ ਦਰਵੇਸ਼ਾ ਭਗਤ ਦਵਾਰਾ ਹਰਿ ਨਿਰੰਕਾਰਾ ਏਕਾ ਏਕ ਆਪਣਾ ਆਪ ਵਖਾਈਆ । ਅਲੱਖ ਨਿਰੰਜਣ ਅਲਖ ਜਗਾਏ । ਗੁਰਮੁਖ ਸਾਚੇ ਸਾਚਾ ਸਾਜਣ ਫੜ ਫੜ ਬਾਂਹੋਂ ਆਪ ਉਠਾਏ । ਚਰਨ ਧੂੜ ਕਰੇ ਸਾਚਾ ਮਜਨ, ਦੁਰਮਤ ਮੈਲ ਮਾਤ ਗੁਵਾਏ । ਦਰ ਦਵਾਰੇ ਆਇਆ ਪੜਦੇ ਕੱਜਣ, ਲਹਿਣਾ ਦੇਣਾ ਮੋਹ ਚੁਕਾਏ ਕਾਇਆ ਭਾਂਡੇ ਅੰਤਮ ਭੱਜਣ, ਲਾੜੀ ਮੌਤ ਖ਼ੁਸ਼ੀ ਮਨਾਏ । ਧਰਮ ਰਾਏ ਦਰ ਤਾਲ ਵੱਜਣ, ਜਮ ਰਾਜਾ ਤੇਲ ਚੜ੍ਹਾਏ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਰ ਨਿਰੰਕਾਰਾ ਸ਼ਬਦ ਅਧਾਰ ਜੋਤ ਵਿਹਾਰਾ ਇਕ ਕਰਾਏ । ਹਰਿ ਜੋਤੀ ਜਗਤ ਵਿਹਾਰ ਮਨਾਈਆ । ਮੇਟ ਮਿਟਾਏ ਵਰਨ ਗੋਤੀ, ਦੁਰਮਤ ਮੈਲ ਜਾਏ ਧੋਤੀ, ਸਾਚਾ ਸ਼ਬਦ ਇਕ ਪੜ੍ਹਾਈਆ । ਹਰਿਜਨ ਉਠਾਏ ਕਾਇਆ ਸੋਤੀ, ਸੋਹੰ ਸ਼ਬਦ ਲਗਾਏ ਸੋਟੀ, ਪੰਜਾਂ ਤੱਤਾਂ ਰਿਹਾ ਦੁਰਕਾਈਆ । ਪੰਝੀ ਪੋਹ ਚੜ੍ਹਾਏ ਚੋਟੀ, ਨੌਂ ਦਵਾਰੇ ਵਾਸ਼ਨਾ ਖੋਟੀ, ਸਚ ਦਵਾਰੇ ਜੋਤ ਜਗਾਈਆ । ਸੁਰਤੀ ਸੁਰਤ ਨਾ ਕੋਈ ਜਾਣੇ ਵਡੀ ਛੋਟੀ, ਸ਼ਬਦ ਡੋਰੀ ਨਾਲ ਬੰਨਾਈਆ । ਚੜ੍ਹ ਚੜ੍ਹ ਥੱਕੇ ਕੋਟਨ ਕੋਟੀ, ਇਕ ਕਬੀਰਾ ਦਰਸ਼ਨ ਪਾਈਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਗੁਰਮੁਖ ਸਾਚੇ ਸੰਤ ਦੁਲਾਰੇ ਅਲਖ ਨਿਰੰਜਣ ਅਲਖ ਜਗਾਈਆ । ਆਪ ਜਗਾਏ ਅਲਖ ਅਲਖਣਾ ਲੇਖਿਆ । ਗੁਰਮੁਖ ਸਾਚੇ ਲਏ ਰੱਖ, ਚਾਰੋਂ ਕੁੰਟ ਭੌਂਦੇ ਭੱਖ, ਕਾਇਆ ਸੁੱਕੇ ਸੜਨੇ ਕੱਖ, ਨਾ ਸਕੇ ਕੋਈ ਰੱਖ, ਅੰਤਮ ਸੀਆਂ ਸਾਢੇ ਤਿੰਨ ਹੱਥਿਆ । ਸ਼ਬਦ ਮਧਾਣੀ ਰਿਹਾ

ਮਥ, ਪੁਰਖ ਅਬਿਨਾਸ਼ੀ ਹਰਿ ਸਮਰਥ, ਸੋਹੰ ਸ਼ਬਦ ਅਕਥਨਾ ਕਥਿਆ । ਗੁਰ ਨਾਨਕ ਮਿਲੀ ਸਾਚੀ ਵਥ, ਸਗਲ ਵਸੂਰੇ ਗਏ ਲਥ, ਮਾਨਸ ਦੇਹੀ ਪਾਈ ਨੱਥ, ਜਗਤ ਚਲਾਇਆ ਸਾਚਾ ਰਥ, ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਕਲਜੁਗ ਅੰਤਮ ਵੇਖ ਹਰਿ, ਜੂਠਾ ਝੂਠਾ ਸ੍ਰਿਸ਼ਟ ਸਬਾਈ ਮਥਨ ਮਥਿਆ । ਹਰਿ ਸਮਰਥ ਅਪਾਰ ਜਗਤ ਅਡੋਲਿਆ । ਸ਼ਬਦ ਚਲਾਏ ਅਕਥਨਾ ਅਕਥ, ਆਪੇ ਬੋਲਿਆ । ਸ੍ਰਿਸ਼ਟ ਸਬਾਈ ਰਿਹਾ ਮਥ, ਪੂਰਾ ਤੋਲ ਕਿਸੇ ਨਾ ਤੋਲਿਆ । ਜਨ ਭਗਤਾਂ ਦੇਵੇ ਸਾਚੀ ਵਥ, ਭਾਗ ਲਗਾਏ ਕਾਇਆ ਚੋਲਿਆ । ਜਗਤ ਵਸੂਰੇ ਜਾਇਣ ਲਥ, ਸੋਹੰ ਗਾਇਆ ਸਾਚਾ ਢੋਲਿਆ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਅੰਤ ਕਦੇ ਨਾ ਡੋਲਿਆ । ਚਰਨ ਕਵਲ ਕਲ ਪ੍ਰੀਤ, ਤਨ ਮਨ ਜਾਗਿਆ । ਸਾਚਾ ਮੇਲ ਮਿਲਾਏ ਆਤਮ ਮੀਤ, ਬੁਝੀ ਤ੍ਰਿਸ਼ਨਾ ਅਗਨ ਬੁਝਾਏ ਆਗਿਆ । ਗਾਇਆ ਇਕ ਸੁਹਾਗੀ ਗੀਤ, ਹਉਮੇ ਕਾਇਆ ਦੁੱਖੜਾ ਭਾਗਿਆ । ਕਾਇਆ ਮੰਦਰ ਸਚ ਮਸੀਤ, ਵੇਖੇ ਦਸਮ ਦਰਵਾਜਿਆ । ਅਚਰਜ ਕੀਤੀ ਹਰਿ ਜੀ ਰੀਤ, ਗੁਰਮੁਖ ਸਾਚੇ ਸਾਚਾ ਕੱਜਲ ਨੇਤਰ ਪਾਜਿਆ । ਅਜੱਪਾ ਜਾਪ ਜਪ ਜਪ ਅਤੀਤ, ਅਨਾਹਦ ਧਾਰਾ ਮਾਰੇ ਵਾਜਿਆ । ਬਾਲ ਜੁਵਾਨੀ ਗਈ ਬੀਤ, ਵੇਲੇ ਅੰਤਮ ਰੱਖੇ ਲਾਜਿਆ । ਮਾਨਸ ਦੇਹੀ ਲੈਣੀ ਜੀਤ, ਆਪ ਸਵਾਰੇ ਆਪਣਾ ਕਾਜਿਆ । ਭਗਤ ਸੁਹੇਲਾ ਸਾਚਾ ਮੀਤ, ਧੁਰ ਦਰਗਾਹੀ ਆਏ ਭਾਜਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦੇਵੇ ਨਾਮ ਵਰ, ਸ਼ਬਦ ਚੜ੍ਹਾਏ ਸਾਚੇ ਤਾਜਿਆ । ਸ਼ਬਦ ਘੋੜਾ ਹਰਿ ਰਖਾਇੰਦਾ । ਗੁਰਮੁਖ ਸਾਚਾ ਆਪ ਚੜ੍ਹਾਇੰਦਾ । ਕਾਇਆ ਦੇਹੀ ਭਾਂਡਾ ਕਾਚਾ, ਨੌਂ ਦਵਾਰੇ ਰੰਗ ਵਖਾਇੰਦਾ । ਦਸਮ ਦਵਾਰੇ ਸਾਜਨ ਸਾਚਾ, ਜੋਤ ਸਰੂਪੀ ਡਗਮਗਾਇੰਦਾ । ਏਕਾ ਮਾਰੇ ਸ਼ਬਦ ਤਮਾਚਾ, ਰਾਹ ਸਾਚਾ ਇਕ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦੇਵੇ ਨਾਮ ਵਰ, ਦਰ ਘਰ ਇਕ ਸੁਹਾਇੰਦਾ । ਦਰ ਘਰ ਦਵਾਰ, ਹਰਿ ਸੁਹਾਇਆ । ਗੁਰਮੁਖ ਸਾਚੇ ਕਰ ਪਿਆਰ, ਦਇਆ ਕਮਾਇਆ । ਦੀਪਕ ਜੋਤੀ ਕਰ ਉਜਿਆਰ, ਅੰਧੇਰ ਮਿਟਾਇਆ । ਦੇਵੇ ਸ਼ਬਦ ਨਾਮ ਅਪਾਰ, ਦੂਈ ਦਵੈਤੀ ਪੜਦਾ ਲਾਹਿਆ । ਹਉਮੇ ਦੇਵੇ ਰੋਗ ਨਿਵਾਰ, ਮਾਇਆ ਮਮਤਾ ਮੋਹ ਚੁਕਾਇਆ । ਮਿਲੇ ਮੇਲ ਪੁਰਖ ਭਤਾਰ, ਸਾਚੀ ਸੇਜਾ ਰਿਹਾ ਵਖਾਇਆ । ਸ਼ਬਦ ਸਿੰਘਾਸਣ ਹਰਿ ਨਿਰੰਕਾਰ, ਅੰਦਰ ਮੰਦਰ ਹਰਿ ਵਿਛਾਇਆ । ਫੂਲਨ ਬਰਖਾ ਅਪਰ ਅਪਾਰ, ਅੰਮ੍ਰਿਤ ਧਾਰਾ ਰਿਹਾ ਬਰਸਾਇਆ । ਗੁਰਮੁਖ ਸ਼ਬਦ ਸੁਹਾਗਣ ਨਾਰ, ਫੜ ਬਾਹੋਂ ਉਪਰ ਬਿਠਾਇਆ । ਕੀਆ ਕੌਲ ਸੱਚਾ ਇਕਰਾਰ, ਦਸਮ ਦਵਾਰੀ ਕੁੰਡਾ ਲਾਹਿਆ । ਜਗੇ ਜੋਤ ਅਗੰਮ ਅਪਾਰ, ਆਰ ਪਾਰ ਪਾਰ ਆਰ ਦਿਸ ਕਿਸੇ ਨਾ ਆਇਆ । ਸ਼ਬਦ ਸਰੂਪੀ ਸਾਚੀ ਧਾਰ, ਰਾਗਾਂ ਨਾਦਾਂ ਬਾਹਰ ਰਖਾਇਆ । ਸੁਨ ਅਗੰਮੀ ਵੇਖ ਅਪਾਰ, ਸਾਚੀ ਰੰਗਨ ਰੰਗ ਵਖਾਇਆ । ਓਅੰਕਾਰਾ ਦੇਸ ਅਪਾਰ, ਸ਼ਬਦ ਪਰਵੇਸ਼ ਵਿਚ ਸਮਾਇਆ । ਜੋਤੀ ਧਾਰਾ ਹਰਿ ਨਿਰੰਕਾਰਾ ਨਾ ਕੋਈ ਮੰਦਰ ਚਾਰ ਦਿਵਾਰਾ, ਆਪ ਆਪਣੀ ਬਣਤ ਬਣਾਇਆ । ਨਿਰਮਲ ਨੂਰ ਕਰ ਉਜਿਆਰਾ, ਸ਼ਬਦ ਤੂਰ ਅਪਰ ਅਪਾਰਾ । ਪਵਣ ਸਰੂਪ ਸਰਬ ਸਹਾਰਾ । ਦਸਮ ਦਵਾਰੀ ਮਹੱਲ ਉਸਾਰਾ । ਜੰਬੂ ਦੀਪ ਪਾਰ ਕਿਨਾਰਾ । ਅੰਮ੍ਰਿਤ ਜਲ ਠੰਡੀ ਠਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਦੇਵੇ ਨਾਮ ਵਰ, ਦਰਸ ਦਿਖਾਏ ਅਗੰਮ ਅਪਾਰਾ । ਆਪ ਅਗੰਮ ਅਪਾਰ ਅਗਾਧ ਬੋਧਿਆ । ਨਾ ਮਰੇ ਨਾ ਪਏ ਜੰਮ, ਬੱਤੀ ਦੰਦ ਨਾ ਹੋਏ ਦੋਧਿਆ । ਹੱਡ ਮਾਸ



੩੦੮ ੦੫

ਨਾੜੀ ਨਾ ਕੋਈ ਚੰਮ, ਨਾ ਰੋਏ ਛੰਮ ਛੰਮ, ਆਪੇ ਜਾਣੇ ਆਪਣਾ ਕੰਮ, ਪਵਣ ਸਵਾਸੀ ਲਏ ਦਮ, ਕਾਇਆ ਸੋਧ ਨਾ ਕਦੇ ਸੋਧਿਆ । ਜੋਤੀ ਜੋਤ ਸਰੂਪ ਹਰਿ, ਜਨ ਭਗਤਾਂ ਦੇਵੇ ਨਾਮ ਵਰ, ਵਡ ਦਾਤਾ ਜੋਧਾ ਸੂਰਬੀਰ ਜੋਧਨ ਜੋਧਿਆ । ਸੂਰਬੀਰ ਸੁਲਤਾਨ ਹਰਿ ਭਗਵਾਨਿਆ । ਗੁਰਮੁਖ ਵੇਖੇ ਮਾਰ ਧਿਆਨ, ਵਿਚ ਜਹਾਨਿਆ । ਆਪੇ ਕਰੇ ਮਾਤ ਪਛਾਣ, ਨਾ ਕੋਈ ਜਾਣੇ ਜੀਵ ਨਿਧਾਨਿਆ । ਸ਼ਬਦ ਬਿਠਾਏ ਵਿਚ ਬਿਬਾਣ, ਪੁਰੀਆਂ ਲੋਆਂ ਪਾਰ ਉਡਾਨਿਆ । ਸ਼ਬਦ ਫੜਾਏ ਤੀਰ ਕਮਾਨ, ਸੋਹੰ ਚੜ੍ਹਾਏ ਤੀਰ ਨਿਸ਼ਾਨਿਆ । ਆਪੇ ਜਾਣੇ ਆਪਣੀ ਆਣ, ਨਾ ਕੋਈ ਸਕੇ ਮਾਤ ਪਛਾਣ, ਨਾ ਕੋਈ ਜਾਣੇ ਜੀਵ ਨਿਧਾਨਿਆ । ਖਾਣੀ ਬਾਣੀ ਆਈ ਹਾਣ, ਅੰਜੀਲ ਕੁਰਾਨਾਂ ਲੱਗਾ ਬਾਣ, ਨਾਤਾ ਤੁੱਟਾ ਪੀਣ ਖਾਣ, ਮਗਰ ਲੱਗੇ ਪੰਜ ਸ਼ੈਤਾਨਿਆ । ਉਠੇ ਨਰ ਹਰਿ ਬਲੀ ਬਲਵਾਨ, ਸ਼ਬਦ ਸਰੂਪੀ ਖੇਲ ਮਹਾਨ, ਵੱਜੇ ਤੀਰ ਨਿਸ਼ਾਨਾ ਸਾਚੀ ਕਾਨੀਆ । ਨਾ ਕੋਈ ਜਾਣੇ ਗਿਆਨੀ ਬ੍ਰਹਮ ਗਿਆਨ, ਪੰਡਤ ਪਾਂਧੇ ਬੇਈਮਾਨ, ਮੁੱਲਾ ਕਾਜੀ ਸ਼ੇਖ਼ ਸ਼ੈਤਾਨ ਨਾ ਕੋਈ ਜਾਣੇ ਸਾਚੀ ਬਾਣੀਆ । ਛੱਤੀ ਰਾਗਾਂ ਤੁਟੇ ਮਾਣ, ਨਾਰਦ ਮੁਨ ਹੋਇਆ ਹੈਰਾਨ, ਸੁਰਸਤੀ ਭੰਨੇ ਬੀਨ ਨਿਧਾਨ, ਬ੍ਰਹਮਾ ਮਾਰੇ ਉਚ ਧਿਆਨਿਆ । ਪਰਗਟ ਹੋਏ ਵਾਲੀ ਦੋ ਜਹਾਨ, ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਜੋਤੀ ਜਾਮਾ ਭੇਖ ਧਰ, ਕਲਜੁਗ ਤੇਰੀ ਅੰਤਮ ਵਰ, ਆਪੇ ਜਾਣੇ ਆਪਣੀ ਆਨਿਆ । ਬ੍ਰਹਮੇ ਬ੍ਰਹਮ ਵਿਚਾਰ ਮਨ ਉਦਾਸਿਆ । ਕਲ ਕਰਮ ਵਿਚਾਰ, ਪੁਰਖ ਅਬਿਨਾਸ਼ੀ ਸਾਚਾ ਧਰਮ ਕਰੇ ਜੈਕਾਰ, ਆਦਿ ਅੰਤ ਨਾ ਕਦੇ ਵਿਨਾਸਿਆ । ਸੋਹੰ ਖੰਡਾ ਤੇਜ ਕਟਾਰ, ਮੇਟ ਮਿਟਾਏ ਮਦਿਰਾ ਮਾਸਿਆ । ਜਨ ਭਗਤਾਂ ਕਰਾਏ ਏਕਾ ਵਣਜ ਵਪਾਰ, ਮਾਨਸ ਜਨਮ ਕਰੇ ਰਹਿਰਾਸਿਆ । ਨਿਰੰਜਣ ਜੋਤ ਕਰ ਅਕਾਰ, ੩੦੯

੩੦੯ ਦੇਵੇ ਵਸਤ ਸ਼ਬਦ ਅਪਾਰ, ਲਾਹੇ ਤਨ ਜਗਤ ਉਦਾਸਿਆ । ਗੁਰਮੁਖਾਂ ਦੇਵੇ ਸਾਚੀ ਧਾਰ, ਨੌਂ ਸੱਤ ਵੇਖ ਵਿਚਾਰ, ਸੋਲਾਂ ਕਲ ਸੱਚੀ ਸਰਕਾਰ,

੦੫ ਜਪਾਏ ਜਾਪ ਸਵਾਸ ਸਵਾਸਿਆ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ ਕਰੇ ਕਰਾਏ ਬੰਦ ਖੁਲਾਸਿਆ । ਹਰਿ ਸਾਚਾ ਜਾਪ ਜਪਾਏ, ਜਪਤ ਗੁਰ ਸਾਖੀਆ । ਕਲਜੁਗ ਤੀਨੋ ਤਾਪ ਗਵਾਏ, ਅੰਮ੍ਰਿਤ ਆਤਮ ਜਾਮ ਪਿਆਏ, ਬਣ ਬਣ ਸੱਜਣ ਸਾਚਾ ਸਾਕੀਆ । ਆਪੇ ਆਪ ਦਰਸ ਦਿਖਾਏ ਗੁਰਮੁਖ ਸਾਚੇ ਤਰਸ ਕਮਾਏ, ਸਾਚੀ ਬਾਣੀ ਧੁਰ ਫ਼ਰਮਾਣੀ ਰਸਨ ਵਖਾਣੀ ਆਪੇ ਭਾਖੀਆ । ਦੋ ਜਹਾਨੀ ਸੱਚੀ ਰਾਣੀ, ਆਪ ਚੁਕਾਏ ਜਮ ਕੀ ਕਾਣੀ, ਮੇਟ ਮਿਟਾਏ ਅੰਡਜ ਜੇਰਜ ਉਤਭਜ ਸੇਤਜ ਚਾਰੇ ਖਾਣੀ, ਸਾਚਾ ਧਾਮ ਇਕ ਵਖਾਸੀਆ । ਆਤਮ ਸਰ ਸਰੋਵਰ ਦੇਵੇ ਠੰਡਾ ਪਾਣੀ, ਨਿਸ਼ਅੱਖਰ ਵੱਖਰ ਪਰਾ ਪਸੰਤੀ ਸੱਚੀ ਬਾਣੀ, ਜਪੇ ਜਪਾਏ ਸਚ ਘਰ ਵਾਸਿਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਕਲਜੁਗ ਅੰਤਮ ਵੇਖ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵੇਖ ਵਖਾਣੇ ਸਰਬ ਘਟ ਜਾਣੇ ਪ੍ਰਿਥਮੀ ਅਕਾਸਿਆ । ਹਰਿ ਮੰਦਰ ਘਰ ਅਪਰ ਅਪਾਰ, ਉਚ ਅਟਾਰੀਆ । ਤ੍ਰੈਗੁਣ ਮਾਇਆ ਲਿਆ ਉਸਾਰ, ਪੰਚਾਂ ਸੰਗ ਸਮਾ ਲਿਆ । ਅੱਠਾਂ ਵੇਖੇ ਰੰਗ ਅਪਾਰ, ਨੌਆ ਦਰਾਂ ਆਪ ਖੁਲ੍ਹਾ ਲਿਆ । ਦਸਵੇਂ ਸ਼ਬਦ ਸਿੰਘਾਸਣ ਕਰ ਤਿਆਰ, ਸਾਚੀ ਸੇਜਾ ਆਸਣ ਲਾ ਲਿਆ । ਪਵਣ ਉਨੰਜਾ ਛਤਰ ਝੁਲਾਰ, ਹਰਿ ਸਾਚੀ ਸੇਵਾ ਇਕ ਰਖਾ ਲਿਆ । ਕੌਸਤਕ ਮਣੀਆਂ ਸਾਚੀ ਧਾਰ, ਨੂਰ ਉਜਾਲਾ ਇਕ ਕਰਾ ਲਿਆ । ਜੋਤੀ ਜੋਤ ਸਰੂਪ ਹਰਿ, ਕਾਇਆ ਮੰਦਰ ਸਚ ਘਰ ਸਾਚੀ ਬਣਤ ਬਣਾ ਲਿਆ । ਕਾਇਆ ਮੰਦਰ ਨੌਂ ਦਵਾਰ, ਸਾਜਨ ਸਾਜਿਆ । ਨਿਰਗੁਣ ਕਰੇ ਖੇਲ ਅਪਾਰ, ਸਰਗੁਣ ਬੰਨ੍ਹੇ

ਸਾਚੀ ਧਾਰ, ਆਪੇ ਆਪ ਗਰੀਬ ਨਿਵਾਜਿਆ । ਪਵਣ ਜੋਤੀ ਸ਼ਬਦ ਅਪਾਰ, ਆਪੇ ਸਾਚਾ ਸਾਜਨ ਸਾਜਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਕਰਾਏ ਸਾਚਾ ਕਾਜਿਆ । ਉਚ ਮਹੱਲ ਅਟੱਲ ਅਪਰ ਅਪਾਰਾ । ਕਾਇਆ ਦਿਸੇ ਡੂੰਘੀ ਡਲ, ਅੰਧ ਅੰਧਿਆਰ ਸਰਬ ਸੰਸਾਰਿਆ । ਗੁਰਮੁਖ ਵਿਰਲਾ ਵੇਖੇ ਸਚ ਧਾਮ ਅਟੱਲ, ਪੁਰਖ ਅਬਿਨਾਸ਼ੀ ਆਪ ਵਖਾ ਰਿਹਾ । ਬੇਮੁਖ ਭੁਲਾਏ ਕਰ ਕਰ ਵਲ ਛਲ, ਝੂਠਾ ਧੰਦਾ ਮੋਹ ਜੰਜ਼ਾਲਿਆ । ਗੁਰਮੁਖਾਂ ਅੰਮ੍ਰਿਤ ਆਤਮ ਪਿਆਏ ਸਾਚਾ ਜਲ, ਸਰ ਸਰੋਵਰ ਇਕ ਵਖਾ ਲਿਆ । ਜੋਤੀ ਜੋਤ ਸਰੂਪ ਹਰਿ, ਕਲਜੁਗ ਤੇਰੀ ਅੰਤਮ ਵਰ, ਜੋਤੀ ਜਾਮਾ ਭੇਖ ਧਰ, ਏਕਾ ਦੱਸੇ ਰਾਹ ਸੁਖਾਲਿਆ । ਸੱਚਾ ਦਸੇ ਰਾਹ ਬੇਪਰਵਾਹੀਆ । ਆਪੇ ਫੜੇ ਹਰਿਜਨ ਬਾਂਹ, ਕਲਜੁਗ ਬੇੜਾ ਬੰਨ੍ਹੇ ਲਾਈਆ । ਵੇਖ ਵਖਾਣੇ ਥਾਉਂ ਥਾਂ, ਦੂਰ ਨੇੜੇ ਭੇਵ ਨਾ ਰਾਈਆ । ਸਾਚੀ ਬਣਤਾ ਰਿਹਾ ਬਣਾ, ਪੂਤ ਸਪੂਤ ਸਹਿਜ ਸੁਖਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਭਗਵੰਤ ਭਗਤੀ ਰਿਹਾ ਜਣਾਈਆ । ਹਰਿ ਭਗਤ ਭਗਵਾਨ ਸ਼ਬਦ ਜਣਾਇਆ । ਅੱਸੂ ਤਿੰਨ ਮਾਰ ਧਿਆਨ, ਸੋਲਾਂ ਸੋਲਾਂ ਵੰਡ ਕਰਾਇਆ । ਸੋਹੰ ਫੜ ਹੱਥ ਨਿਸ਼ਾਨ, ਚਾਰੇ ਕੁੰਟਾਂ ਰਿਹਾ ਵਖਾਇਆ । ਮਨਮੁਖ ਡੋਬੇ ਬੇਈਮਾਨ, ਗੁਰਮੁਖ ਸਾਚੇ ਰਿਹਾ ਤਰਾਇਆ । ਆਪੇ ਕਰੇ ਮਾਤ ਪਛਾਣ, ਜੀਆ ਦਾਨ ਝੋਲੀ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪਹਿਲਾ ਲੇਖਾ ਕਾਲਾ ਵੇਖਾ, ਉਨੀ ਅੱਸੂ ਲੇਖ ਲਿਖਾਇਆ । ਉਨੀ ਅੱਸੂ ਆਸ ਰੱਖ, ਗੁਰਮੁਖ ਸਾਚੇ ਚੋਟ ਲਗਾਈਆ । ਪਰਗਟ ਹੋਏ ਹਰਿ ਪਰਤਖ, ਕੋਟਨ ਕੋਟ ਰਹੇ ਬਿਲਲਾਈਆ । ਹਰਿਜਨ ਸਾਚੇ ਕੀਨੇ ਵਖ, ਏਕਾ ਓਟ ਪ੍ਰਭ ਰਖਾਈਆ । ਆਪੇ ਵੇਖੇ ਕਿਸ਼ਨਾ ਪੱਖ, ਸ਼ਬਦ ਪੱਖ ਸਾਰ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖਾਂ ਦੇਵੇ ਨਾਮ ਵਰ, ਸਗਲ ਵਸੂਰੇ ਜਾਇਣ ਲੱਥ, ਪੰਜਾਂ ਚੋਰਾਂ ਪਾਵੇ ਨੱਥ, ਸੋਹੰ ਅੱਖਰ ਜਗਤ ਵੱਖਰ ਏਕਾ ਏਕ ਪੜ੍ਹਾਈਆ । ਸੋਹੰ ਸੋ ਸਾਚਾ ਨਾਉਂ । ਕਲਜੁਗ ਜੀਵ ਨਾ ਜਾਣੇ ਕੋ, ਪੁਰਖ ਅਬਿਨਾਸ਼ੀ ਅਗੰਮ ਅਥਾਹੋ । ਦਰ ਦਰ ਘਰ ਘਰ ਜੂਠੇ ਝੂਠੇ ਰਹੇ ਰੋ, ਨਾ ਕੋਈ ਪਾਰ ਕਰਾਏ ਫੜ ਫੜ ਬਾਂਹੋ । ਗੁਰਮੁਖ ਮਾਨਣ ਰੰਗ ਅਨੂਠੇ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਇਕ ਇਕੱਲਾ ਸਚ ਮਹੱਲਾ, ਅੱਸੂ ਉਨੀ ਗੁਰਮੁਖਾਂ ਦੇਵੇ ਸ਼ਬਦ ਚੁੰਨੀ, ਬੇਮੁਖਾਂ ਨਾ ਦੀਸੇ ਕੋਈ ਥਾਉਂ । ਏਕਾ ਅੱਖਰ ਏਕਾ ਏਕ । ਉਨੀ ਅੱਸੂ ਰਿਹਾ ਵੇਖ । ਪੰਚਮ ਕਤਕ ਲਗੇ ਮੇਖ । ਬਿਧਨਾ ਲਿੱਖੀ ਮਿਟੇ ਰੇਖ । ਨੇਤਰ ਨੈਣ ਲੋਚਨ ਗੁਰਮੁਖ ਸਾਚੇ ਲੈਣਾ ਵੇਖ । ਹਰਿ ਸ਼ਬਦ ਸਹਾਈ ਜਿਉਂ ਬਾਲ ਸਪੂਤਾ ਹੋਏ ਬਲੋਚਨ ਆਪੇ ਧਾਰੇ ਆਪਣਾ ਭੇਖ । ਗੁਰਮੁਖਾਂ ਖੋਲ੍ਹੇ ਬੰਦ ਦਰ, ਪੰਜਾਂ ਚੋਰਾਂ ਚੁੱਕੇ ਡਰ, ਮਸਤਕ ਲਾਏ ਸ਼ਬਦ ਸਾਚੀ ਮੇਖ । ਲੱਗੇ ਮੇਖ ਮਸਤਕ ਮਾਥ । ਸ਼ਬਦ ਸਰੂਪੀ ਮਿਲੇ ਰਾਥ । ਆਪ ਚੜ੍ਹਾਏ ਤ੍ਰੈਲੋਕੀ ਨਾਥ । ਸਤਿਜੁਗ ਚਲਾਈ ਸਾਚੀ ਗਾਥ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕੱਤਕ ਇਕੀ ਖੇਲ ਕਰੇ ਇਕੋ ਨਿੱਕੀ, ਝੂਠੀ ਕਾਇਆ ਦਿਸੇ ਫਿਕੀ, ਆਤਮ ਖੋਲ੍ਹੇ ਬੰਦ ਤਾਕ । ਇਕੀ ਕੱਤਕ ਸ਼ਬਦ ਵਿਹਾਰਾ । ਨਾ ਕੋਈ ਦੀਸੇ ਸ਼ਾਹ ਦਾਰਾ । ਨਾ ਕੋਈ ਸਾਜਣ ਮੀਤ ਮੁਰਾਰਾ । ਨਾ ਕੋਈ ਰਾਜਨ ਰਾਜ ਦਰਬਾਰਾ । ਨਾ ਕੋਈ ਸ਼ਬਦ ਘੋੜ ਸ਼ਾਹ ਅਸਵਾਰਾ । ਨਾ ਕੋਈ ਜੋੜਾ ਅਪਰ ਅਪਾਰਾ । ਪੁਰਖ ਅਬਿਨਾਸ਼ੀ ਆਪੇ ਆਪ ਜਾਏ ਦਇਆ ਕਮਾਏ ਖੋਲ੍ਹੇ ਬੰਦ ਕਿਵਾੜਾ । ਖੋਲ੍ਹੇ ਬੰਦ ਕਵਾੜ, ਨੌਂ ਦਵਾਰਿਆ । ਪਰ੍ਹੇ ਹਟਾਏ ਪੰਚਮ ਧਾੜ, ਭੁਜਾ ਸਵਾਰਿਆ । ਜੋਤ ਜਗਾਏ

ਬਹੱਤਰ ਨਾੜ, ਅਗਨੀ ਤੇਜ ਨਾ ਤੱਤੀ ਹਾੜਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵੇ ਵਰ ਵਿਚ ਸੰਸਾਰਿਆ । ਗੁਰਮਤ ਰੀਤ ਗੁਰਮੁਖ ਵਿਚਾਰ ਹਰਿ ਸਾਚੀ ਬਣਤ ਬਣਾਇੰਦਾ । ਗੁਰ ਸੰਗਤ ਸਚ ਪ੍ਰੀਤ, ਅਧਰਮ ਵਿਕਾਰ ਮਨਮੁਖ ਕੋਈ ਦਿਸ ਨਾ ਆਇੰਦਾ । ਕਾਇਆ ਹੋਏ ਠੰਡੀ ਸੀਤ, ਮਨ ਸ਼ਬਦ ਫੂਲਨਹਾਰ ਰੋਗ ਸੋਗ ਚਿੰਤ ਮਿਟਾਇੰਦਾ । ਦੇਵੇ ਨਾਮ ਅਪਰ ਅਪਾਰ, ਕਲਜੁਗ ਬੇੜਾ ਕਰੇ ਪਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇ ਮਤ ਆਪ ਸਮਝਾਇੰਦਾ । ਗੁਰਮੁਖ ਗੁਰਮੁਖ ਗੁਰਮਤੀ ਹਰਿ ਸਮਝਾਇਆ । ਗੁਰ ਸੰਗਤ ਨਾਤਾ ਮੇਲ ਪੁਰਖ ਬਿਧਾਤਾ, ਧੀਰਜ ਯਤ ਇਕ ਰਖਾਇਆ । ਉਤਮ ਹੋਏ ਮਾਤ ਜ਼ਾਤਾ, ਨਾ ਕੋਈ ਵੇਖੇ ਭੈਣ ਭਰਾਤਾ, ਸਾਚੀ ਸੇਵ ਕਮਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਡ ਵਡ ਦੇਵੀ ਦੇਵ ਆਪੇ ਆਪ ਸਦਾ ਨਿਹਕੇਵ ਸਦ ਆਪਣੇ ਵਿਚ ਸਮਾਇਆ । ਬੇਆਬ ਬੇਤਾਬ ਕਰਮ ਵਿਜੋਗਿਆ । ਕਾਇਆ ਰੋਗ ਕਵਲੀ ਨਾਭ, ਜਗਤ ਵਿਜੋਗਿਆ । ਲੇਖਾ ਚੁਕੇ ਚੁਕਾਏ ਆਪ ਸ਼ਤਾਬ, ਵਕਤ ਵੇਲਾ ਢੁਕਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਹਰਾ ਸੁੱਕਾ ਰੁਖਿਆ । ਪਵਣ ਸਵਾਸੀ ਦਮ, ਥੰਮ੍ਹਣ ਥੰਮ੍ਹਿਆ । ਕਾਇਆ ਰੋਗ ਝੂਠੇ ਚੰਮ, ਲੋਕਮਾਤੀ ਮਾਤ ਜੰਮਿਆ । ਨੇਤਰ ਨੀਰ ਵਹਾਏ ਛੰਮ ਛੰਮ, ਬੇੜਾ ਕਿਸੇ ਨਾ ਮਾਤ ਬੰਨ੍ਹਿਆ । ਸੋਹੰ ਸ਼ਬਦ ਆਏ ਕੰਮ, ਕਲਜੁਗ ਜੀਆਂ ਆਤਮ ਅੰਨ੍ਹਿਆ । ਰੋਗਾਂ ਸੋਗਾਂ ਦੇਵੇ ਡੰਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਾਂਡਾ ਭਰਮ ਆਪੇ ਭੰਨਿਆ । ਰਸਨਾ ਗਾਉਣਾ ਸ਼ਬਦ ਸਵਾਸ । ਨਾਭੀ ਰਸਨਾ ਹੋਏ ਬੰਦ ਖੁਲਾਸ । ਲੇਖੇ ਲੱਗੇ ਨੌਂ ਅਠਾਰਾਂ ਦਸ ਦਸ ਮਾਸ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸੋਹੰ ਸ਼ਬਦ ਸੱਚੀ ਰਾਸ । ਕਾਇਆ ਮੰਦਰ ਲੱਗਾ ਦੁੱਖ । ਅੰਦਰੇ ਅੰਦਰ ਧੁੰਏ ਰਹੇ ਧੁੱਖ । ਰੋਗਾਂ ਸੋਗਾਂ ਜਗਤ ਵਿਜੋਗਾਂ ਲਾਇਆ ਜੰਦਰ, ਜਗਤ ਤ੍ਰਿਸ਼ਨਾ ਏਕਾ ਭੁੱਖ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੁਫਲ ਕਰਾਏ ਜਗਤ ਕੁੱਖ । ਹੱਡ ਮਾਸ ਨਾੜੀ ਰੋਗ । ਆਪ ਚਬਾਏ ਆਪਣੀ ਦਾੜ੍ਹੀਂ, ਰਸਨਾ ਰਸ ਸ਼ਬਦ ਭੋਗ । ਸਦਾ ਰਹੇ ਪਿਛੇ ਅਗਾੜੀ, ਸੋਹੰ ਚੁਗਾਏ ਸਾਚੀ ਚੋਗ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਬਖ਼ਸ਼ੇ ਨਾਮ ਵਰ, ਕਾਇਆ ਚਿੰਤਾ ਮਿੱਟੇ ਸੋਗ । ਕਾਇਆ ਰੋਗ ਸੰਤਾਪ ਸਗਲ ਵਸੂਰਿਆ । ਮਨ ਤਨ ਸਾਚਾ ਰਿਹਾ ਕਾਂਪ, ਹੱਡ ਹੱਡ ਹੋਵੇ ਚੂਰਿਆ । ਏਕਾ ਜਪਣਾ ਸਾਚਾ ਜਾਪ, ਦਰਸ ਦੇਵੇ ਹਾਜ਼ਰ ਹਜ਼ੂਰਿਆ । ਨੇੜ ਨਾ ਆਇਣ ਤੀਨੋ ਤਾਪ, ਮਾਈ ਬਾਪ ਆਸਾ ਮਨਸਾ ਪੂਰਿਆ । ਹੋਏ ਮਾਤ ਵਡ ਪਰਤਾਪ, ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਦੇਵੇ ਜੀਆ ਦਾਨ ਸਰਬ ਕਲਾ ਭਰਪੂਰਿਆ । ਕਾਇਆ ਮੰਦਰ ਚਾਰ ਦਿਵਾਰ । ਅੰਦਰੇ ਅੰਦਰ ਧੂੰਆਂਧਾਰ । ਜੋਤ ਨਿਰੰਜਣ ਵੇਖ ਵਿਚਾਰ । ਦੁੱਖ ਦਰਦ ਭੈ ਭੰਜਨ, ਸ਼ਬਦ ਦੇਵੇ ਸਾਚਾ ਅੰਜਨ, ਨੇਤਰ ਨੈਣ ਖੋਲ੍ਹ ਉਘਾੜ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਰੋਗ ਸੋਗ ਮਿਟਾਏ ਬਹੱਤਰ ਨਾੜ । ਰੋਗ ਸੋਗ ਮਨ ਉਦਾਸੀ । ਆਪ ਮਿਟਾਏ ਪੁਰਖ ਅਬਿਨਾਸ਼ੀ । ਨਾਮ ਜਪਾਏ ਸ਼ਬਦ ਸਵਾਸੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਚਲਾਏ ਦਇਆ ਕਮਾਏ ਨਿੱਜ ਘਰ ਆਤਮ ਰੱਖੇ ਵਾਸੀ । ਤਨ ਸਵਾਸ ਨਾ ਰੱਖੇ ਦਮ । ਪੰਚ ਵਿਨਾਸ ਦੁੱਖੜਾ ਕਾਇਆ ਚੰਮ । ਕਾਇਆ ਅੰਦਰ ਪ੍ਰਿਥਮੀ ਅਕਾਸ਼ ਅਪ ਤੇਜ਼ ਵਾਏ ਰਿਹਾ ਬੰਨ੍ਹ । ਜੋਤੀ ਜੋਤ ਸਰੂਪ ਹਰਿ, ਹੋਏ ਸਹਾਏ ਸਭਨੀਂ ਥਾਈਂ, ਘਟ

੩੧੧ ੦੫

ਘਟ ਅੰਦਰ ਰਿਹਾ ਰਮ । ਗੁਣ ਗਾਉਣਾ ਗਹਿਰ ਗੰਭੀਰ । ਮਨ ਠਾਂਡਾ ਸ਼ਾਂਤ ਸਰੀਰ । ਆਪੇ ਦੇਵੇ ਆਤਮ ਧੀਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੁਖ ਚੁਆਏ ਅੰਮ੍ਰਿਤ ਸਾਚਾ ਸੀਰ । ਸੋਹੰ ਜਪਿਆ ਰੋਗਾਂ ਸੋਗਾਂ ਵੱਜੇ ਤੀਰ, ਮਾਰੇ ਆਪੇ ਆਪਿਆ । ਮਾਰੇ ਨਾਮ ਸੱਚਾ ਜੰਜ਼ੀਰ, ਪੰਜਾਂ ਤੱਤਾਂ ਥਾਪਣ ਥਾਪਿਆ । ਆਪੇ ਕਟੇ ਕਾਇਆ ਭੀੜ, ਜੋਤੀ ਜੋਤ ਸਰੂਪ ਹਰਿ, ਬਣੇ ਮਾਈ ਬਾਪਿਆ । ਪੰਜ ਤੱਤ ਪ੍ਰਭ ਹੱਥ, ਬਣਤ ਬਣਾਈਆ । ਹੱਡ ਮਾਸ ਨਾੜੀ ਰਤ, ਜੋੜ ਜੁੜਾਈਆ । ਵੇਖ ਵਖਾਣੇ ਸਾਚਾ ਵਤ, ਸ਼ਬਦ ਬੀਜ ਇਕ ਬਿਜਾਈਆ । ਰਸਨਾ ਰਸ ਰਿਹਾ ਚਟ, ਕਾਇਆ ਮਟ ਖ਼ੁਸ਼ੀ ਮਨਾਈਆ । ਜੋਤੀ ਜਗੇ ਲਟ ਲਟ, ਦਿਸ ਕਿਸੇ ਨਾ ਆਈਆ । ਆਪੇ ਵਸੇ ਘਟ ਘਟ, ਵੇਖ ਵਖਾਣੇ ਸਰਬ ਲੋਕਾਈਆ । ਰੋਗਾਂ ਸੋਗਾਂ ਮੇਟੇ ਫੱਟ, ਸ਼ਬਦ ਪੱਟ ਤਨ ਪਹਿਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਦਇਆ ਕਮਾਈਆ । ਮਾਇਆ ਰਾਣੀ ਮੰਗੇ ਵਰ, ਹੋਈ ਜਗਤ ਪਰਧਾਨ । ਆਪਣੀ ਕਿਰਪਾ ਦੇਣੀ ਕਰ, ਮਿਲੇ ਮੇਲ ਪੰਚ ਸ਼ੈਤਾਨ । ਸਚ ਦਵਾਰੇ ਆਵੇ ਡਰ, ਨੇੜ ਨਾ ਆਏ ਵਡ ਰਕਾਨ, ਜਨ ਦਰ ਮੰਗੇ ਇਕ ਵਰ, ਮਾਤ ਨਾ ਚਲੇ ਜਗਤ ਦੁਕਾਨ । ਪੁਰਖ ਅਬਿਨਾਸ਼ੀ ਕਿਰਪਾ ਕਰ, ਆਪੇ ਬਖ਼ਸ਼ੇ ਸਾਚਾ ਦਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਾਇਆ ਰਾਣੀ ਦੇਵੇ ਵਰ, ਆਪ ਆਪਣਾ ਕਰ ਧਿਆਨ । ਚਰਨ ਕਵਲ ਕਲ ਕਰ ਧਿਆਨ । ਉਪਰ ਧਵਲ ਮਿਲੇ ਮਾਣ । ਕਾਇਆ ਫੁਲਵਾੜੀ ਜਾਏ ਮਵਲ, ਆਤਮ ਉਪਜੇ ਬ੍ਰਹਮ ਗਿਆਨ । ਉਲਟਾ ਹੋਏ ਨਾਭ ਕਵਲ ਬੂੰਦ ਸਵਾਂਤੀ ਮੁਖ ਚੁਆਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਸ਼ਬਦ ਹੱਥ ਫੜਾਏ ਤੀਰ ਕਮਾਨ । ਦੇਵੇ ਸ਼ਬਦ ਅਪਾਰ ਤਨ ਸ਼ਿੰਗਾਰਿਆ । ਹੱਥ ਮਹਿੰਦੀ ਨਾਮ ਅਪਾਰ, ਅੰਮ੍ਰਿਤ ਪਾਣੀ ਵਾਰਿਆ । ਸਹੁਰੇ ਪੀਏਏ ਹੋਏ ਉਧਾਰ, ਪ੍ਰਭ ਸਾਚੇ ਕਾਜ ਸੁਵਾਰਿਆ । ਆਪੇ ਵੇਖੇ ਕਰ ਵਿਚਾਰ, ਗਰੀਬ ਨਿਵਾਜੇ ਪਾਰ ਉਤਾਰਿਆ । ਫੜੇ ਬਾਂਹ ਸੱਚੀ ਸਰਕਾਰ, ਆਪੇ ਬਣੇ ਵੰਵ ਮੁਹਾਣਿਆ । ਅਤੁਟ ਭੰਡਾਰਾ ਭਰੇ ਭੰਡਾਰ, ਆਪੇ ਜਾਣੇ ਪੀਣਾ ਖਾਣਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਕਰਾਏ ਵਕਤ ਸੁਹਾਣਿਆ । ਹੋਏ ਵਕਤ ਸੁਹੇਲਾ ਮੀਤ ਮਿਤਿਆ । ਦੋਹਾਂ ਧਿਰਾਂ ਸਾਚਾ ਮੇਲਾ, ਚਿਤਵਿਤ ਚਿਤਿਆ । ਆਪੇ ਚਾੜ੍ਹੇ ਨਾਮ ਤੇਲਾ, ਵੇਖ ਵਖਾਣੇ ਵਾਰ ਥਿਤਿਆ । ਨਾ ਹੋਏ ਵਕਤ ਦੁਹੇਲਾ, ਗੁਰਮੁਖ ਸਾਚੇ ਵੇਲਾ ਜਿਤਿਆ । ਲੇਖਾ ਲਿਖਣਹਾਰ ਹਰਿ ਸੁਲਤਾਨਿਆ । ਗੁਣ ਅਵਗੁਣ ਰਿਹਾ ਵਿਚਾਰ ਸ੍ਰੀ ਭਗਵਾਨਿਆ । ਆਪੇ ਕਰੇ ਛਾਣ ਪੁਣ, ਘਟ ਘਟ ਅੰਦਰ ਵੇਖ ਵਖਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵੇ ਨਾਮ ਨਿਧਾਨਿਆ । ਏਕਾ ਨਾਮ ਦਰ ਦਵਾਰੇ ਪਾਵਣਾ । ਹਰਿਆ ਹੋਏ ਕਾਇਆ ਚਾਮ, ਸੁਫਲ ਕੁੱਖ ਆਪ ਕਰਾਵਣਾ । ਕੋਈ ਨਾ ਲਾਏ ਹਰਿ ਜੀ ਦਾਮ, ਸੋਹੰ ਸਾਚਾ ਜਾਪ ਜਪਾਵਣਾ । ਸੁੱਕਾ ਹਰਿਆ ਹੋਏ ਚਾਮ, ਕਿਸ਼ਨਾ ਪੱਖ ਅੰਧੇਰ ਮਿਟਾਵਣਾ । ਅੰਮ੍ਰਿਤ ਪੀਣਾ ਸਾਚਾ ਜਾਮ, ਸਾਂਤਕ ਸੀਤਲ ਸਤਿ ਕਰਾਵਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚੁਕਾਏ ਡਰ ਗੁਣ ਨਿਧਾਨਣਾ ਮਦਿਰਾ ਮਾਸ ਰਸਨ ਤਜਾਵਣਾ । ਵੇਖੇ ਪਵਣ ਮਸਾਣ ਸ਼ਬਦ ਮਧਾਣਿਆ । ਬੀਰ ਬੈਤਾਲੇ ਆਈ ਹਾਨ, ਮਾਈ ਗੌਰਜਾਂ ਮਾਰ ਧਿਆਨ, ਆਪੇ ਵੇਖੇ ਘਰ ਸੁਹਾਨਿਆ । ਅੰਚਨ ਕੰਚਨ ਨਾਰ ਸ਼ੈਤਾਨ, ਹਾਕਨ ਡਾਕਨ ਹੋਏ ਵੈਰਾਨ, ਵਜੇ ਤੀਰ ਸਾਚੀ ਕਾਨੀਆ । ਰੋਗ ਸੋਗ ਸਰਬ ਮਿਟ ਜਾਨ, ਰਸਨਾ ਭੋਗ ਸ਼ਬਦ ਭਗਵਾਨ, ਦੇਵੇ ਦਾਨ ਸਾਚਾ ਦਾਨਿਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚੁਕਾਏ ਡਰ ਗੁਣ ਨਿਧਾਨਿਆ । ਕਲ ਕੁਲਵੰਤ ਗੁਰਮੁਖ ਲਾਲ । ਮਿਲੇ ਮੇਲ ਹਰਿ ਭਗਵੰਤ, ਲੋਕਮਾਤ ਬਣੇ ਦਲਾਲ । ਆਪ ਬਣਾਏ ਸਾਚੀ ਬਣਤ, ਫ਼ਲ ਲਗਾਏ ਕਾਇਆ ਡਾਲ । ਹਰਿ ਵਡਿਆਈ ਸਾਚੇ ਸੰਤ, ਨੇੜ ਨਾ ਆਏ ਕਾਲ ਜੰਜ਼ਾਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰੇ ਕਰਾਏ ਜਗਤ ਦਲਾਲ । ਕਵਣ ਜਾਗੇ, ਕਵਣ ਜਗਾਏ । ਕਵਣ ਸੁਣਾਏ ਸ਼ਬਦ ਰਾਗੇ, ਖੇਲ ਰਚਾਏ ਕਵਣ ਵਾਗੇ, ਜਨ ਭਗਤਾਂ ਧੋਵੇ ਪਿਛਲੇ ਦਾਗੇ, ਬੇਮੁਖ ਡੂੰਘੇ ਵਹਿਣ ਵਹਾਏ । ਆਪੇ ਮੇਟੇ ਫੇਰ ਸੁਹਾਗੇ, ਮੰਦਰ ਮਾੜੀ ਕੋਈ ਦਿਸ ਨਾ ਆਏ । ਅਠੇ ਪਹਿਰ ਆਪੇ ਜਾਗੇ, ਮਨਮੁਖ ਗੂੜ੍ਹੀ ਨੀਂਦ ਸੁਵਾਏ । ਸੰਤ ਸੁਹੇਲੇ ਦਰ ਦਵਾਰ ਆਏ ਭਾਗੇ, ਸੋਹੰ ਪੱਲੂ ਲੜ ਫੜਾਏ । ਅੱਠੇ ਪਹਿਰ ਆਪੇ ਜਾਗੇ, ਗੁਰਮੁਖ ਸਾਚੇ ਆਪ ਜਗਾਏ । ਆਪ ਬੁਝਾਏ ਤ੍ਰਿਸਨਾ ਆਗੇ, ਕਾਇਆ ਮੰਦਰ ਅੰਦਰ ਚੜ੍ਹ ਨਿਝਰ ਧਾਰਾ ਮੇਘ ਬਰਸਾਏ । ਦਸਮ ਦਵਾਰੀ ਅਗੇ ਖੜ, ਸੁਰਤੀ ਸ਼ਬਦ ਲਏ ਫੜ, ਅਗੰਮ ਅਗੰਮਾ ਨਜ਼ਰੀ ਆਏ । ਨਾ ਕੋਈ ਸੀਸ ਨਾ ਕੋਈ ਧੜ, ਅੰਦਰ ਬਾਹਰ ਨਾ ਦਿਸੇ ਜੜ੍ਹ, ਸਰਬ ਘਟਾ ਘਟ ਰਿਹਾ ਸਮਾਏ । ਨਾ ਕੋਈ ਅੱਖਰ ਰਿਹਾ ਪੜ੍ਹ, ਸ਼ਬਦ ਸਰੂਪੀ ਰਿਹਾ ਲੜ, ਲੋਆਂ ਪੁਰੀਆਂ ਰਿਹਾ ਹਿਲਾਏ । ਸ਼ਬਦ ਕਟਾਰਾ ਹੱਥੀਂ ਫੜ, ਦੋ ਧਾਰਾ ਵੱਢੇ ਧੜਿਆ ਧੜ, ਪਾਰ ਕਿਨਾਰਾ ਦਿਸ ਨਾ ਆਏ । ਨੌਂ ਖੰਡ ਪ੍ਰਿਥਮੀ ਰਿਹਾ ਛੜ, ਸਤਾਂ ਦੀਪਾਂ ਘਾੜਨ ਦਏ ਘੜਾਏ । ਕਰੋੜ ਤੇਤੀਸਾ ਰਿਹਾ ਡਰ, ਕੋਈ ਨਾ ਪੀਵੇ ਬੱਤੀ ਦੰਦੀਂ ਨੜ, ਜੂਠੇ ਝੂਠੇ ਜਾਇਣ ਝੜ, ਮਦਿਰਾ ਮਾਸੀ ਮਾਤ ਖਪਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਸੰਤ ਸੁਹੇਲੇ ਆਪ ਕਰਾਏ ਆਪਣੇ ਮੇਲੇ, ਜਗਤ ਵਿਚੋਲਾ ਨਾ ਕੋਈ ਰਖਾਏ । ਜਗਤ ਵਿਚੋਲਾ ਆਪ ਧੁਰ ਦਰਗਾਹੀਆ । ਏਕਾ ਸ਼ਬਦ ਸੁਣਾਏ ਸਾਚਾ ਬੋਲਾ, ਪੂਰਾ ਤੋਲ ਕਿਸੇ ਨਾ ਤੋਲਾ, ਆਪ ਜਾਣੇ ਬੇਪਰਵਾਹੀਆ । ਸ਼ਬਦ ਭੰਡਾਰਾ ਏਕਾ ਖੋਲ੍ਹਾ, ਪਰਗਟ ਹੋਏ ਕਲਾ ਸੋਲਾ, ਸਾਚੀ ਵੰਡਨ ਰਿਹਾ ਵੰਡਾਈਆ । ਭਾਗ ਲੱਗੇ ਕਾਇਆ ਚੋਲਾ, ਬਜਰ ਕਪਾਟੀ ਪੜਦਾ ਖੋਲ੍ਹਾ, ਸਾਚਾ ਰੰਗਨ ਰੰਗ ਰੰਗਾਈਆ । ਆਪ ਮਿਟਾਏ ਪੜਦਾ ਉਹਲਾ, ਸ਼ਬਦ ਸਰੂਪੀ ਸਾਚਾ ਹੋਲਾ, ਜੋਤ ਸਰੂਪੀ ਰਿਹਾ ਖਿਲਾਈਆ । ਬੇਮੁਖ ਧਰਮ ਰਾਏ ਦਾ ਗੋਲਾ, ਲਾੜੀ ਮੌਤ ਚੁੱਕੇ ਡੋਲਾ, ਦਰ ਦਵਾਰੇ ਦਏ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਤ ਸੰਤ ਭਗਵੰਤ ਰਿਹਾ ਜਗਾਈਆ । ਭਗਵੰਤ ਸੰਤ ਗੁਰਮੀਤ, ਪੁਰਖ ਪਰਧਾਨਿਆ । ਕਾਇਆ ਕਰੇ ਠੰਡੀ ਸੀਤ, ਧੁਰ ਦਰਗਾਹੀ ਦੇਵੇ ਨਾਮ ਨਿਸ਼ਾਨਿਆ । ਬੈਠਾ ਰਹੇ ਸਦ ਅਤੀਤ, ਨਾ ਕੋਈ ਗੁਰੂਦਵਾਰਾ ਮੰਦਰ ਮਸੀਤ, ਆਪੇ ਜਾਣੇ ਆਪਣੀ ਕਾਇਆ ਚਰਨ ਕਵਲ ਕਵਲ ਚਰਨ ਸਾਚੀ ਪ੍ਰੀਤ, ਸਤਿਜੁਗ ਤੇਰੀ ਸਾਚੀ ਰੀਤ, ਕਲਜੁਗ ਮਿੱਟੇ ਅੰਤ ਨਿਸ਼ਾਨੀਆ । ਏਕਾ ਏਕ ਪਰਖੇ ਅੱਠੇ ਪਹਿਰ ਨੀਤ, ਸਦੀ ਚੌਧਵੀਂ ਰਹੀ ਬੀਤ, ਵੇਖ ਵਖਾਣੇ ਮੁੱਗਲ ਪਠਾਣੀਆ । ਆਪੇ ਮੀਤ ਆਪੇ ਕੀਟ, ਚਾਰੋਂ ਕੁੰਟਾਂ ਰਿਹਾ ਘਸੀਟ, ਮੇਟ ਮਿਟਾਏ ਸ਼ਾਹ ਇਰਕਾਨੀਆ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਲੱਖ ਚੁਰਾਸੀ ਆਪੇ ਰਿੜਕੇ, ਬੇਮੁਖ ਜੀਵ ਆਪੇ ਝਿੜਕੇ, ਸੋਹੰ ਪਾਏ ਸ਼ਬਦ ਮਧਾਣੀਆ । ਸੋਹੰ ਸ਼ਬਦ ਮਧਾਣੀ ਹਰਿ ਉਠਾਈਆ । ਧਰਤ ਮਾਤ ਬਣੇ ਸੁਵਾਣੀ, ਸਾਗਰ ਸੱਤ ਰਿੜਕਨਾ ਪਾਈਆ । ਉਪਰ ਛਾਛ ਵਿਰੋਲੇ ਪਾਣੀ, ਜੋਤੀ ਨਾਮ ਨੇਤਰਾ ਸੰਗ ਰਲਾਈਆ । ਖਿਚੀ ਜਾਏ ਬੇਪਰਾਨੀ, ਹਾਣੀਆਂ ਹਾਣੀ ਦਿਸ ਨਾ ਆਈਆ । ਨਾ ਕੋਈ ਦੀਸੇ ਵੇਦ ਪੁਰਾਨੀ,

ਨਾ ਕੋਈ ਪੜ੍ਹੇ ਅੰਜ਼ੀਲ ਕੁਰਾਨੀ, ਵੇਲਾ ਚੁੱਕੇ ਖਾਣੀ ਬਾਣੀ, ਸੋਹੰ ਅੱਖਰ ਮਾਤ ਧਰਾਈਆ । ਸੋਹੰ ਸਾਚੀ ਬਣੇ ਰਾਣੀ, ਤ੍ਰੈਗੁਣ ਮਾਇਆ ਭਰੇ ਪਾਣੀ, ਪੰਜਾਂ ਤੱਤਾਂ ਪਵਣ ਮਸਾਣੀ, ਸਾਚੀ ਰਚਨਾ ਰਿਹਾ ਰਚਾਈਆ । ਨਾ ਕੋਈ ਜਾਣੇ ਜੇਰਜ ਖਾਣੀ, ਅੰਡਜ ਹੋਏ ਹੈਰਾਨੀ, ਉਤਭੁਜ ਸੇਤਜ ਆਪੇ ਰਿਹਾ ਉਪਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਚਾਰੋਂ ਕੁੰਟ ਕਰੇ ਰੁਸ਼ਨਾਈਆ । ਚਾਰੋਂ ਕੁੰਟ ਰੁਸ਼ਨਾਈ, ਪ੍ਰਭ ਪ੍ਰਕਾਸ਼ਿਆ । ਵੇਖ ਵਖਾਣੇ ਸਰਬ ਥਾਈਂ, ਪੁਰਖ ਅਬਿਨਾਸ਼ਿਆ । ਦੂਸਰ ਕੋਈ ਦੀਸੇ ਨਾਹੀ, ਕਾਲ ਕਲੰਦਰ ਕਰੇ ਵਾਸਿਆ ਧਰਮ ਰਾਏ ਪਾਏ ਫਾਹੀ, ਲਾੜੀ ਮੌਤ ਕਰੇ ਹਾਸਿਆ । ਬੇਮੁੱਖ ਜੀਵ ਦੇਣ ਦੁਹਾਈ, ਰਸਨਾ ਲਾਇਆ ਮਦਿਰਾ ਮਾਸਿਆ । ਗੁਰਸਿਖ ਵੇਖਣ ਚਾਈਂ ਚਾਈਂ, ਅਡੋਲ ਅਡੋਲਾ ਪ੍ਰਿਥਮੀ ਅਕਾਸ਼ਿਆ । ਆਪੇ ਤਾਰੇ ਫੜ ਫੜ ਬਾਂਹੀਂ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਜਪਾਏ ਸੋਹੰ ਸੋ ਸਵਾਸ ਸਵਾਸਿਆ । ਸੋਹੰ ਸੋ ਸੋ ਸੁਖ ਜਾਣਿਆ । ਸਤਿ ਪੁਰਖ ਨਿਰੰਜਣ ਕਾਇਆ ਮਾਟੀ ਆਪ ਬਣਾਏ ਸਾਚਾ ਕੰਚਨ, ਸਾਚਾ ਦੇਵੇ ਬ੍ਰਹਮ ਗਿਆਨਿਆ । ਭਗਤ ਅਧਾਰਾ ਸਾਚਾ ਸੱਜਣ, ਚਰਨ ਧੂੜੀ ਸਾਚਾ ਮਜਨ, ਆਪ ਕਰਾਏ ਨਾਮ ਇਸ਼ਨਾਨਿਆ । ਆਪੇ ਮੱਕਾ ਕਾਅਬਾ ਹਾਜ਼ੀ ਹਜਨ, ਤਾਲ ਬੇਤਾਲੇ ਮਾਤ ਵੱਜਨ, ਵੇਖ ਵਖਾਣੇ ਸ਼ੇਖ਼ ਮੁਲਾਣੇ ਮੁਲਾਂ ਕਾਜ਼ੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਲੇਖ ਵੇਖ ਹਰਿ, ਅੰਤ ਕਰਾਏ ਝੂਠੀ ਖੇਲ ਬਾਜ਼ੀਗਰ ਨਾਟੀਆ । ਸਚ ਘਰ ਕੀਆ ਨਿਵਾਸ । ਆਤਮ ਜੋਤ ਕੀਆ ਪਰਕਾਸ਼ । ਆਪ ਰਖਾਈ ਆਪਣੀ ਨੀਆ, ਸਾਚਾ ਨਾਮ ਸੱਚਾ ਬੀਆ, ਧੁਰ ਦਰਗਾਹੀ ਸਾਚੀ ਰਾਸ । ਲੇਖੇ ਲੱਗੇ ਸਾਢੇ ਤਿੰਨ ਹੱਥ ਸੀਆ, ਅੰਮ੍ਰਿਤ ਜਾਮ ਏਕਾ ਪੀਆ, ਮਿਲਿਆ ਮੇਲ ਪੁਰਖ ਅਬਿਨਾਸ਼ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖਾਂ ਦੇਵੇ ਨਾਮ ਵਰ, ਆਪੇ ਵਸੇ ਸਦਾ ਆਸ ਪਾਸ । ਹਰਿ ਸ਼ਬਦ ਰਚਾਇਆ ਕਾਜ, ਦਿਵਸ ਵਿਚਾਰਿਆ । ਦਰ ਘਰ ਵੇਖੇ ਦੇਸ ਮਾਝ, ਨਗਰ ਖੇੜਾ ਅਪਰ ਅਪਾਰਿਆ । ਸਾਚਾ ਸਾਜਨ ਆਪੇ ਸਾਜ, ਸਾਚਾ ਬੇੜਾ ਆਪ ਬੰਨ੍ਹਾ ਰਿਹਾ । ਸ਼ਬਦ ਘੋੜਾ ਰੱਖ ਤਾਜ, ਸੱਚਾ ਤਾਜੀ ਆਪ ਸੁਹਾ ਰਿਹਾ । ਜਨ ਹਰਿ ਹਰਿਜਨ ਰੱਖਣ ਆਇਆ ਲਾਜ, ਜਗਤ ਲਾਜ ਆਪ ਰਖਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੋਹੰ ਸਾਚਾ ਜਾਪ ਮਾਤ ਆਪ ਧਰਾ ਰਿਹਾ । ਸ਼ਬਦ ਰਚਿਆ ਕਾਜ, ਗੀਤ ਸੁਹਾਗਿਆ । ਪ੍ਰਭ ਦੇਵਣ ਆਇਆ ਦਾਜ, ਲੱਖ ਚੁਰਾਸੀ ਫੇਰੇ ਭਾਜੀਆ । ਕਿਸੇ ਸੀਸ ਨਾ ਦੀਸੇ ਤਾਜ, ਮੁਲਾਂ ਸ਼ੇਖ਼ ਨਾ ਕੋਈ ਕਾਜੀਆ । ਨਾ ਕੋਈ ਦੀਸੇ ਹਾਜੀ ਹਾਜ, ਸ਼ਾਹ ਈਰਾਨਾ ਨਾ ਕੋਈ ਗਾਜੀਆ । ਨਾ ਕੋਈ ਮਾਰੇ ਕਿਸੇ ਅਵਾਜ਼, ਸੁੱਤੇ ਰਹਿਣ ਵਡ ਵਡ ਨਾਜੀਆ । ਬੇਮੁਖਾਂ ਕੱਢਣ ਆਇਆ ਪਾਜ, ਕਲਜੁਗ ਹਾਰੀ ਅੰਤਮ ਬਾਜੀਆ । ਚਾਰੇ ਕੁੰਟਾਂ ਰਿਹਾ ਭਾਜ, ਗੁਰਮੁਖ ਉਠਾਏ ਦਇਆ ਕਮਾਏ ਮਾਝਨ ਮਾਝੀਆ, ਸਾਚਾ ਅੱਖਰ ਇਕ ਪੜ੍ਹਾਏ, ਜਗਤ ਵੱਖਰ ਕਰ ਵਖਾਏ, ਬੰਦ ਕਰਾਏ ਨੌਂ ਦਰਵਾਜ਼ਿਆ । ਜੋਤ ਨਿਰੰਜਣ ਦਰਸ ਦਿਖਾਏ, ਨੇਤਰ ਅੰਜਨ ਏਕਾ ਪਾਏ, ਪਾਰਬ੍ਰਹਮ ਪੁਰਖ ਅਬਿਨਾਸ਼ਿਆ । ਜੂਠੇ ਝੂਠੇ ਭਾਂਡੇ ਭੱਜਣ, ਸ਼ਬਦ ਹਥੌੜਾ ਰਿਹਾ ਲਗਾਏ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਰਚਨਾ ਰਿਹਾ ਰਚਾਏ । ਸ਼ਬਦ ਰਚਾਇਆ ਕਾਜ, ਵਕਤ ਸੁਹੰਦੜਾ । ਕਰੇ ਖੇਲ ਦੇਸ ਮਾਝ, ਜੋਤੀ ਜੋਤ ਜਗੰਦੜਾ । ਆਪੇ ਰੱਖੇ ਆਪਣੀ ਲਾਜ, ਜਗਤ ਸੁਹੇਲਾ ਹਰਿ ਬਖ਼ਸ਼ੰਦੜਾ । ਉਨੀ ਅੱਸੂ ਮਾਰੇ ਆਵਾਜ਼, ਗੁਰਮੁਖ ਸੋਏ ਆਪ ਜਗਾਏ, ਬੇਮੁਖ ਮਾਇਆ ਵਹਿਣ ਵਹੰਦੜਾ । ਸੋਹੰ ਸਾਚਾ ਜਾਪ

੩੧੪ ੦੫

ਜਪਾਏ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਾਇਆ ਰੰਗਣ ਰੰਗ ਰੰਗਦੜਾ । ਸ਼ਬਦ ਰਚਾਇਆ ਕਾਜ, ਰੰਗ ਮਹਲਿਆ । ਆਪੇ ਮਾਰੇ ਗੁਰਮੁਖਾਂ ਅਵਾਜ਼, ਉਚ ਅਟਲਿਆ । ਧਰਤ ਮਾਤ ਤੇਰੀ ਸਾਂਝ ਰਲਿਆ ਜਲ ਥਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵੇਖੇ ਖੇਲ ਕਲਜੁਗ ਕਲਿਆ । ਸ਼ਬਦ ਰਚਾਇਆ ਕਾਜ, ਕਲਜੁਗ ਅੰਧੇਰਿਆ । ਨਾ ਕੋਈ ਜਾਣੇ ਜੀਵ ਗਵਾਰ, ਕਵਣ ਕਰੇ ਹੇਰਾ ਫੇਰਿਆ । ਮਾਇਆ ਰੁੱਲੇ ਸਰਬ ਸੰਸਾਰ, ਦਰ ਦਰ ਘਰ ਘਰ ਮੇਰਾ ਮੇਰਿਆ । ਕਾਇਆ ਬੂਟੇ ਅੰਤਮ ਹੁਲੇ, ਨਾ ਕੋਈ ਫਲੇ ਨਾ ਕੋਈ ਫੁਲੇ, ਨਾ ਕੋਈ ਪਾਏ ਮਾਤ ਮੁੱਲੇ, ਪਾਣੀ ਪਿਆ ਅੰਤਮ ਚੁਲ੍ਹੇ, ਢਹਿ ਢਹਿ ਅੰਤਮ ਹੋਏ ਢੇਰਿਆ । ਗੁਰਮੁਖ ਵਿਰਲਾ ਚਰਨ ਪ੍ਰੀਤੀ ਘੋਲ ਘੁੱਲੇ, ਸ਼ਬਦ ਭੰਡਾਰਾ ਏਕਾ ਖੁਲ੍ਹੇ, ਦੇਵੇ ਨਾਮ ਸ਼ਬਦ ਅਨਮੁਲੇ, ਲੇਖੇ ਲਾਏ ਮਾਨਸ ਦੇਹੀ ਸੌ ਸੌ ਵਾਰਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਸੰਤ ਜਗਾਏ, ਬ੍ਰਹਮ ਪਾਰ ਪਾਰਬ੍ਰਹਮ ਆਪ ਆਪਣੀ ਗੋਦ ਉਠਾਏ ਵਕਤ ਸੁਹੇਲਾ ਆਪ ਸੁਹਾਰਿਆ । ਆਪ ਆਪਣੀ ਗੋਦ ਉਠਾਉਣਾ । ਪੁਰਖ ਅਬਿਨਾਸ਼ੀ ਲਾਡ ਲਡਾਉਣਾ । ਘਟ ਘਟ ਵਾਸੀ ਘਨਕਪੁਰ ਵਾਸੀ, ਹਉਮੇ ਰੋਗ ਆਤਮ ਕੱਢ ਏਕਾ ਰੰਗਣ ਨਾਮ ਚੜ੍ਹਾਉਣਾ । ਜਗਤ ਵਿਛੋੜਾ ਮਿੱਟੇ ਉਦਾਸੀ, ਗਾਡ ਖ਼ੁਦਾਈ ਦਰਸ ਦਿਖਾਉਣਾ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣਾ ਸਿਰ ਹੱਥ ਟਿਕਾਉਣਾ । ਆਪ ਆਪਣਾ ਸਿਰ ਹੱਥ ਟਿਕਾਏ । ਸ਼ਬਦ ਚਲਾਏ ਜਗ ਅਕੱਥ, ਸੋਹੰ ਸੋ ਨਾਮ ਰਖਾਏ । ਮਿਲੇ ਮੇਲ ਪੁਰਖ ਸਮਰਥ, ਹਰਿਜਨ ਸਾਚਾ ਰਸਨਾ ਗਾਏ । ਲੇਖਾ ਚੁੱਕੇ ਸਾਢੇ ਤਿੰਨ ਹੱਥ, ਆਵਣ ਜਾਵਣ ਫੇਰ ਨਾ ਆਏ । ਸ਼ਬਦ ਚਾੜ੍ਹੇ ਸਾਚੇ ਰਥ, ਚਿਤਰ ਗੁਪਤ ਨਾ ਲੇਖ ਮੰਗਾਏ । ਪੰਜਾਂ ਚੋਰਾਂ ਪਾਏ ਨੱਥ, ਚਰਨ ਕਵਲ ਜਨ ਧਿਆਨ ਟਿਕਾਏ । ਮਹਿੰਮਾ ਜਗਤ ਚਲੇ ਅਕੱਥ, ਅਕੱਥ ਕਥੀ ਕਥ ਕਥਨ ਨਾ ਪਾਏ । ਭਗਤ ਜਨਾਂ ਹਰਿ ਦੇਵੇ ਵਥ, ਸ਼ਬਦ ਸੰਜੋਗੀ ਮੇਲ ਮਿਲਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਦਰਸ ਦਿਖਾਏ । ਦਿਖਾਏ ਦਰਸ ਧਾਰ ਅਵੱਲੀ, ਰੀਤ ਮਾਤ ਚਲਾਈਆ । ਕਰੇ ਤਰਸ ਜੋਤ ਅਕਲੀ, ਸਾਚਾ ਮੀਤੀ ਸਰਬ ਸਹਾਈਆ । ਅੰਮ੍ਰਿਤ ਮੇਘ ਬਰਸ ਗੁਰਮੁਖ ਦਰ ਦਵਾਰਾ ਮਲੀ, ਕਾਇਆ ਪਤਤ ਪੁਨੀਤੀ ਆਪ ਕਰਾਈਆ । ਜਗਤ ਤ੍ਰਿਸਨਾ ਮਿਟੇ ਹਰਸ ਆਪੇ ਵੇਖੇ ਅੰਦਰ ਨੀਤੀ, ਨਿਝਰ ਧਾਰਾ ਰਿਹਾ ਵਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖਾਂ ਕਾਇਆ ਕਰੇ ਸੀਤਲ ਸੀਤੀ, ਗੁਰ ਮੰਤਰ ਅੰਤਰ ਸਾਚਾ ਜਾਪ ਜਪਾਈਆ । ਜਪਣਾ ਜਾਪ ਆਦਿ ਗੁਰ ਅੰਤਰ । ਮਿਟੇ ਪਾਪ ਸਹਿਜ ਗੁਰ ਮੰਤਰ । ਵਡ ਤਨ ਬੁਝੇ ਬਸੰਤਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਰਖੇ ਲਾਜ ਜੁਗਾ ਜੁਗੰਤਰ । ਜੁਗਾ ਜੁਗੰਤੀ ਜੁਗ ਜਗਤ ਗੁਰ ਦੇਵਿਆ । ਜਨ ਭਗਤਾਂ ਸੁਵਾਰੇ ਭੁਗਤ ਮੁਕਤ, ਅਲੱਖ ਨਿਰੰਜਣ ਭੇਦ ਅਭੇਦਿਆ । ਹਰਿ ਸਰਨਾਈ ਮਿਲੇ ਵਡਿਆਈ ਲੋਕਮਾਤ ਸ਼ਕਤ ਰਸਨਾ ਨਾਉਂ ਅਜਪਾ ਜਾਪ ਜੇਹਵਾ ਜੇਹਵਿਆ । ਦਇਆ ਕਮਾਏ ਲੇਖੇ ਲਾਏ ਬੂੰਦ ਰਕਤ, ਅੰਮ੍ਰਿਤ ਫ਼ਲ ਖਵਾਏ ਸੋਹੰ ਸੋ ਸਾਚਾ ਮੇਵਿਆ । ਜੋਤੀ ਜੋਤ ਸਰੂਪ ਹਰਿ, ਆਪ ਸੁਹਾਏ ਸਾਚਾ ਵਕਤ, ਪੰਚਮ ਪੰਚਮ ਪੰਚਮ ਗੁਰਮਤ ਗੁਰਮੁਖ ਕੌਸਤਕ ਮਣੀਆ ਸਾਚਾ ਥੇਵਿਆ । ਜਗਤ ਚਲਾਏ ਰੀਤ ਉਨੀ ਅਸੂਨਾ । ਗੁਰਮੁਖ ਕਾਇਆ ਮੰਦਰ ਗੁਰਦਵਾਰਾ ਦਿਹੁਰਾ ਮਸੀਤ, ਏਕਾ ਰਾਹ ਸਾਚਾ ਦੱਸਣਾ । ਸੋਹੰ ਸੋ ਸੁਹਾਗੀ ਗੀਤ, ਹਰਿਜਨ ਹਰਿ ਹਰਿ ਹਿਰਦੇ ਅੰਦਰ ਵਸਨਾ । ਗੁਰਮੁਖ ਗੁਰ ਮਿਲਣਾ

ਸਾਚੇ ਮੀਤ, ਬੇਮੁਖਾਂ ਦਰ ਦਰ ਘਰ ਘਰ ਉਠ ਨੱਸਨਾ । ਹਰਿਜਨ ਅਠੇ ਪਹਿਰ ਰਹੇ ਅਤੀਤ, ਦਿਵਸ ਰੈਣ ਸਦ ਸਦ ਹਸਨਾ । ਬੇਮੁਖਾਂ ਵਕਤ ਦੁਹੇਲਾ ਰਿਹਾ ਬੀਤ, ਚਿੰਤਾ ਰੋਗ ਲੱਗੀ ਵਿਸਨਾ । ਗੁਰਮੁਖ ਦੇਵੇ ਚਰਨ ਪ੍ਰੀਤ, ਆਪ ਮਿਟਾਏ ਜਗਤ ਤ੍ਰਿਸਨਾ । ਬੇਮੁਖਾਂ ਪਰਖੇ ਮਾਤ ਨੀਤ, ਝੂਠੀ ਚੱਕੀ ਪੀਸਨ ਪਿਸਨਾ । ਜਨ ਭਗਤ ਮਾਨਸ ਦੇਹੀ ਰਿਹਾ ਜੀਤ, ਦਰ ਦਵਾਰੇ ਝੁਕਾਏ ਸੀਸਨਾ । ਲੇਖਾ ਲਿਖੇ ਜਗਤ ਜਗਦੀਸ, ਵੇਖੇ ਖੇਲ ਬੀਸ ਇਕੀਸ, ਸੋਹੰ ਸੋ ਤੇਰੀ ਚਲਾਏ ਚਾਰ ਕੁੰਟ ਇਕ ਹਦੀਸਨਾ । ਪੰਚ ਪਾਂਚ ਪ੍ਰਧਾਨ ਪੰਚ ਵੇਸਿਆ । ਝੁੱਲੇ ਸ਼ਬਦ ਨਾਮ ਨਿਸ਼ਾਨ, ਵੇਖ ਵਖਾਣੇ ਦੇਸ ਪਰਦੇਸਿਆ । ਸ਼ਬਦ ਉਠਿਆ ਵਡ ਬਲੀ ਬਲਵਾਨ, ਮਾਣ ਗਵਾਏ ਨਰ ਨਰੇਸਿਆ । ਵੇਖੇ ਹਰਿ ਵਾਲੀ ਦੋ ਜਹਾਨ, ਜਗਤ ਲਹਿਰ ਸਵਾ ਪਹਿਰ ਨਾ ਕੋਈ ਧੀਰ ਧਰੇਸਿਆ । ਗੁਰਮੁਖ ਸਾਚਾ ਰਿਹਾ ਤੈਰ, ਸਦਾ ਸਦਾ ਰਹੇ ਨਿਰਵੈਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਰਖੇ ਸਦਾ ਸਦਾ ਕਰ ਕਰ ਆਪਣੀ ਮਿਹਰਿਆ ।

★ ੧੦ ਕੱਤਕ ੨੦੧੨ ਬਿਕ੍ਰਮੀ ਮਾਤਾ ਬਿਸ਼ਨ ਕੌਰ ਦੇ ਗ੍ਰਿਹਿ ਪਿੰਡ ਜੇਠੂਵਾਲ ਹਰਿ ਭਗਤ ਦਵਾਰ ਜ਼ਿਲਾ ਅੰਮ੍ਰਿਤਸਰ ★

ਹਰਿ ਸ਼ਬਦ ਅਮੋਲ, ਜਗਤ ਅਮੋਲਿਆ । ਜਨ ਭਗਤਾਂ ਆਤਮ ਪੜਦੇ ਰਿਹਾ ਖੋਲ੍ਹ, ਪੂਰਾ ਤੋਲ ਆਪੇ ਤੋਲਿਆ । ਆਦਿ ਅੰਤ ਨਾ ਜਾਏ ਡੋਲ, ਆਵੇ ਜਾਵੇ ਵਸੇ ਹਸੇ ਕਾਇਆ ਚੋਲਿਆ । ਮਨਮੁਖ ਜੀਵਾਂ ਆਤਮ ਕੱਢੇ ਕਲਜੁਗ ਪੋਲ, ਵਰਤੇ ਖੇਲ ਕਲਾ ਸੋਲਿਆ । ਲੱਖ ਚੁਰਾਸੀ ਹੋਈ ਮਾਤ ਅਨਭੋਲ, ਦੁਰਮਤ ਦਾਗ਼ ਨਾ ਕਿਸੇ ਧੋ ਲਿਆ । ਗੁਰਮੁਖ ਵਿਰਲਾ ਜਾਏ ਜਾਗ, ਜਿਸ ਸੁਣਾਇਆ ਪੁਰਖ ਅਬਿਨਾਸ਼ੀ ਘਨਕਪੁਰ ਵਾਸੀ ਏਕਾ ਸ਼ਬਦ ਸੱਚਾ ਢੋਲਿਆ । ਆਤਮ ਉਪਜੇ ਇਕ ਵੈਰਾਗ, ਤਨ ਮਨ ਕਾਇਆ ਸੀਤਲ ਮਨੂਆ ਮਨ ਹਰਿ ਮੋਹ ਲਿਆ । ਆਤਮ ਜੋਤੀ ਜਗੇ ਚਿਰਾਗ, ਆਪੇ ਉਲਟੇ ਨਭੀ ਕਵਲਿਆ । ਦਰ ਘਰ ਸਾਚੇ ਲੱਗਾ ਭਾਗ, ਕਲਜੁਗ ਮਾਇਆ ਤ੍ਰਿਸਨਾ ਬੁਝੇ ਆਗ, ਮਿਲੇ ਵਡਿਆਈ ਉਪਰ ਧਵਲਿਆ । ਹਰਿ ਜਨ ਬਣਾਏ ਹਰਿ ਹੰਸ ਕਾਗ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਅੰਦਰ ਮੰਦਰ ਕਾਇਆ ਮੌਲਿਆ । ਹਰਿ ਸ਼ਬਦ ਬ੍ਰਹਿਮੰਡ ਪੂਰਨ ਭਗਵੰਤਿਆ । ਵੇਖੇ ਖੇਲ ਨਵ ਨਵ ਖੰਡ, ਜਨ ਪਛਾਣੇ ਸਾਧਨ ਸੰਤਿਆ । ਲੱਖ ਚੁਰਾਸੀ ਨਾਰ ਦੁਹਾਗਣ ਰੰਡ, ਗੁਰਮੁਖ ਵਿਰਲੇ ਮੇਲ ਮਿਲਾਵਾ ਸਾਚੇ ਕੰਤਿਆ । ਹੱਥ ਫੜਾਏ ਸ਼ਬਦ ਚੰਡ ਪਰਚੰਡ, ਕਲਜੁਗ ਅੰਤਮ ਪਾਵੇ ਵੰਡ, ਬੇਮੁਖਾਂ ਵੱਢੇ ਹਰਿ ਜੀ ਕੰਡ, ਨਾ ਕੋਈ ਜਾਣੇ ਜੀਵ ਜੰਤਿਆ । ਭੇਖਾਧਾਰੀ ਦੇਵਣ ਆਇਆ ਦੰਡ, ਮੇਟ ਮਿਟਾਏ ਮਾਤ ਪਖੰਡ, ਮਹਿੰਮਾ ਅਗਣਤ ਨਾ ਕੋਈ ਗਣੰਤਿਆ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਕਲਜੁਗ ਵੇਖੇ ਖੇਲ ਕਲ ਕਲਵੰਤਿਆ । ਹਰਿ ਸ਼ਬਦ ਅਪਾਰ ਗੁਰਮੁਖ ਜਾਣਿਆ । ਗੁਰਮੁਖ ਵਿਰਲਾ ਉਤਰੇ ਪਾਰ, ਚਲੇ ਚਲਾਏ ਆਪਣੇ ਭਾਣਿਆ । ਹਉਮੇ ਮਾਇਆ ਦਏ ਨਿਵਾਰ, ਖੇਲ ਖਿਲਾਏ ਦਇਆ ਕਮਾਏ, ਮੇਟ ਮਿਟਾਏ ਆਵਣ ਜਾਣਿਆ । ਸ਼ਬਦ ਘੋੜੇ ਕਰ ਅਸਵਾਰ, ਨੌਂ ਖੰਡ ਪ੍ਰਿਥਮੀ ਵਸੇ ਬਾਹਰ, ਦਹਿ ਦਿਸ਼ਾ ਆਪ ਭੁਵਾਨਿਆ । ਸ਼ਿਵ ਸ਼ੰਕਰ ਰਿਹਾ ਪੁਕਾਰ, ਕਰੋੜ ਤੇਤੀਸਾ ਆਈ ਹਾਰ, ਇੰਦ ਇੰਦਰਾਸਣ ਸਰਬ ਕੁਰਲਾਨਿਆ । ਸ਼ਬਦ ਸਰੂਪੀ ਮਾਰੇ ਸ਼ਬਦ ਮਾਰ, ਨਾ ਕੋਈ ਜਾਣੇ ਜੀਵ ਗਵਾਰ, ਸਾਧ ਸੰਤ


੩੧੬ ੦੫

ਕਲਜੁਗ ਅੰਤਮ ਬੇਮੁਹਾਰ । ਗੁਰਮੁਖ ਵਿਰਲੇ ਬਣੇ ਬਣਤ ਜਿਸ ਜਨ ਦੇਵੇ ਕਿਰਪਾ ਕਰ ਸਾਚਾ ਹਰਿ ਦਰਸ ਅਗੰਮ ਅਪਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਭੰਡਾਰਾ ਰਿਹਾ ਭਰ, ਜਨ ਭਗਤਾਂ ਦੇਵੇ ਇਕ ਵਰ, ਆਦਿ ਅੰਤ ਜੁਗਾ ਜੁਗੰਤ ਨਾ ਆਏ ਹਾਰ । ਹਰਿ ਸ਼ਬਦ ਅਲੱਖ ਅਲਖ ਅਲੱਖਣਾ । ਗੁਰਮੁਖ ਵਿਰਲੇ ਕੀਨੇ ਵੱਖ, ਸ੍ਰਿਸ਼ਟ ਸਬਾਈ ਲਾਉਂਦੇ ਭੱਖ, ਲੱਖ ਚੁਰਾਸੀ ਛਾਛ ਵਿਰੋਲੇ ਉਪਰ ਮੱਖਨਾ । ਜੋਤੀ ਜਾਮਾ ਹਰਿ ਪਰਤਖ, ਸਾਧਾਂ ਸੰਤਾਂ ਜੀਵਾਂ ਜੰਤਾਂ ਭਾਂਡਾ ਦੀਸੇ ਸੱਖਣਾ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਕਲਜੁਗ ਤੇਰੀ ਅੰਤਮ ਵਰ, ਗੁਰਮੁਖ ਵਿਰਲਾ ਸੰਤ ਸੁਹੇਲਾ ਇਕ ਇਕੇਲਾ ਦਰ ਦਵਾਰੇ ਨਰ ਨਿਰੰਕਾਰੇ ਏਕਾ ਏਕ ਰੱਖਣਾ । ਹਰਿ ਦਰਸ, ਅਗੰਮ ਅਗੰਮ ਅਪਾਰਿਆ । ਜਨ ਭਗਤਾਂ ਲੇਖੇ ਲਾਏ ਮਾਟੀ ਚੰਮ, ਜਨ ਹਰਿ ਕਰੇ ਚਰਨ ਨਿਮਸਕਾਰਿਆ । ਆਪ ਸੁਵਾਰੇ ਕਾਰਜ ਕੰਮ, ਅੱਠੇ ਪਹਿਰ ਰਹੇ ਦੁਵਾਰਿਆ । ਨਾ ਮਰੇ ਨਾ ਪਏ ਜੰਮ, ਭਗਤ ਸੁਹੇਲਾ ਪਹਿਰੇਦਾਰਿਆ । ਦੋ ਜਹਾਨੀ ਏਕਾ ਥੰਮ, ਆਵਣ ਜਾਵਣ ਪਤਤ ਪਾਵਨ ਲੱਖ ਚੁਰਾਸੀ ਫੰਦ ਕਟਾ ਰਿਹਾ । ਲੱਖ ਚੁਰਾਸੀ ਭੁੱਲੀ ਮਾਇਆ ਭਰਮ, ਜੋਤ ਨਿਰੰਜਣ ਨਿਹਕਲੰਕ ਸ਼ਬਦ ਡੰਕ ਚਾਰ ਕੁੰਟ ਦਹਿ ਦਿਸ਼ਾ ਏਕਾ ਏਕ ਵਜਾ ਰਿਹਾ । ਕਲਜੁਗ ਅੰਤਮ ਪਾਇਆ ਹਿੱਸਾ, ਅੰਜ਼ੀਲ ਕੁਰਾਨੀ ਮੂਲ ਨਾ ਦਿਸਾ, ਵੇਦ ਪੁਰਾਨੀ ਗਾਇਣ ਬਤੀਸਾ, ਖਾਣੀ ਬਾਣੀ ਇਕ ਹਦੀਸਾ, ਪੜ੍ਹ ਪੜ੍ਹ ਥੱਕੇ ਰਾਗ ਛਤੀਸਾ, ਭੇਵ ਕਿਸੇ ਨਾ ਜਾਣਿਆ । ਵੇਖ ਵਖਾਏ ਰਾਜੇ ਰਾਣੇ ਮੁਹੰਮਦੀ ਈਸਾ ਮੂਸਾ, ਕਵਣ ਦਵਾਰੇ ਨਰ ਨਿਰੰਕਾਰੇ ਛਤਰ ਝੁਲਾਏ ਸਾਚੇ ਸੀਸਾ, ਚਾਰੋਂ ਕੁੰਟ ਹੋਏ ਵੈਰਾਨਿਆ । ਮਾਇਆ ਰਾਣੀ ਜੂਠਾ ਝੂਠਾ ਪੀਸਣ ਪੀਸਾ, ਲੇਖਾ ਚੁੱਕੇ ਵਿਚ ਉਨੀਸਾ, ਨਾ ਕੋਈ ਜਾਣੇ ਚਤੁਰ ਸੁਘੜ ਸਿਆਣਿਆ । ਕਵਣ ਕਰੇ ਪ੍ਰਭ ਤੇਰੀ ਰੀਸਾ, ਜੋਤੀ ਜਾਮਾ ਹਰਿ ਜਗਦੀਸਾ, ਰੰਗ ਨਵੇਲਾ ਇਕ ਇਕੇਲਾ ਬੀਸ ਇਕੀਸਾ, ਆਪੇ ਜਾਣੇ ਭਾਣਿਆ । ਸ਼ਬਦ ਭਾਣਾ ਹੱਥ ਕਰਤਾਰ, ਨਾ ਕੋਈ ਜਾਣੇ ਰਾਜਾ ਰਾਣਾ । ਗਿਆਨੀ ਧਿਆਨੀ ਕਰਨ ਵਿਚਾਰ, ਗੁਰਮੁਖ ਸਾਚਾ ਸੁਘੜ ਸਿਆਣਾ । ਜਿਸ ਜਨ ਦੇਵੇ ਹਰਿ ਨਾਮ ਨਿਧਾਨਾ । ਕਿਰਪਾ ਕਰ ਅਪਰ ਅਪਾਰ, ਹੱਥੀਂ ਬੰਨ੍ਹੇ ਸ਼ਬਦ ਗਾਨਾ । ਅਨਹਦ ਧੁੰਨੀ ਨਾਦ ਅਨਾਹਦ, ਆਤਮ ਘਰ ਇਕ ਤਰਾਨਾ । ਦਿਵਸ ਰੈਣ ਰੈਣ ਦਿਵਸ ਏਕਾ ਰਾਗ ਸੁਣਾਏ ਕੰਨਾ । ਲਾਏ ਕਾਇਆ ਭਾਗ ਆਪ ਆਪਣੇ ਸੰਗ ਸਮਾਨਾ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਕਰੇ ਖੇਲ ਜਨ ਭਗਤ ਮੇਲ ਚੜ੍ਹੇ ਸ਼ਬਦ ਤੇਲ ਵਾਲੀ ਦੋ ਜਹਾਨਾਂ । ਵਾਲੀ ਦੋ ਜਹਾਨ ਹਰਿ ਸੁਲਤਾਨਿਆ । ਮੇਟ ਮਿਟਾਏ ਜੀਵ ਸ਼ੈਤਾਨ, ਨਾ ਕੋਈ ਦੀਸੇ ਮੁਲਾ ਕਾਜ਼ੀਆ । ਫੜੇ ਸ਼ਬਦ ਤੀਰ ਕਮਾਨ, ਉਠੇ ਨਰ ਹਰਿ ਬਲੀ ਬਲਵਾਨ, ਅੱਠੇ ਪਹਿਰ ਨੌਜਵਾਨ, ਖਿੱਚੇ ਰਸਨਾ ਇਕ ਕਮਾਨ, ਚਿੱਲਾ ਚੜ੍ਹੇ ਦੋ ਜਹਾਨਿਆ । ਨੌਂ ਖੰਡ ਪ੍ਰਿਥਮੀ ਏਕਾ ਗਿਆਨ, ਸੱਤਾਂ ਦੀਪਾਂ ਪੁਣ ਛਾਣ, ਚੌਦਾਂ ਲੋਕਾਂ ਏਕਾ ਆਣ, ਤਿੰਨਾਂ ਲੋਆਂ ਜਾਣੀ ਜਾਣਿਆ । ਆਪੇ ਵੇਖੇ ਵੇਦ ਪੁਰਾਨ, ਖਾਣੀ ਬਾਣੀ ਮਾਰ ਧਿਆਨ, ਅੰਜ਼ੀਲ ਕੁਰਾਨ ਵਿਚ ਮੈਦਾਨ, ਗੁਣਵੰਤ ਹਰਿ ਗੁਣ ਨਿਧਾਨਿਆ । ਸਾਧ ਸੰਤ ਸੁਘੜ ਸਿਆਣ, ਆਦਿ ਅੰਤ ਇਕ ਗਿਆਨ, ਜੁਗਾ ਜੁਗੰਤ ਭਗਤ ਭਗਵਾਨ, ਦੇਵੇ ਨਾਮ ਨਿਸ਼ਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖਾਂ ਖੋਲ੍ਹੇ ਬੰਦ ਦਰ, ਧਰਮ ਰਾਏ ਦਾ ਚੁੱਕੇ ਡਰ, ਦਰ ਘਰ ਸਾਚੇ ਇਕ ਬਹਾਏ ਦਇਆ ਕਮਾਏ ਚੁਕਾਏ ਆਵਣ ਜਾਣਿਆ । ਪੰਜ ਤੱਤ ਅਪਾਰ, ਹਰਿ ਉਪਨਿਆ । ਪੰਚਾਂ ਕਰ ਤਿਆਰ, ਤਨ ਮਨ ਬੰਨ੍ਹਿਆ । ਮਾਇਆ ਮਮਤਾ ਕਰ ਸ਼ਿੰਗਾਰ, ਆਪੇ ਡੰਨਿਆ । ਆਪੇ ਕਰੇ

ਸ਼ਬਦ ਪਿਆਰ, ਰਾਗ ਸੁਣਾਏ ਸਾਚਾ ਕੰਨਿਆ । ਦੋਏ ਧਾਰਾਂ ਹਰਿ ਅਪਾਰ, ਕਾਇਆ ਮੰਦਰ ਛੱਪਰ ਛੰਨਿਆ । ਨੌਂ ਦਵਾਰੇ ਜੀਵ ਭਿਖਾਰ, ਚਾਰੋਂ ਕੁੰਟ ਦੀਸੇ ਅੰਨ੍ਹਿਆ । ਗੁਰਮੁਖ ਮੰਗੇ ਮੰਗ ਅਪਾਰ, ਏਕਾ ਲਿਵ ਸੱਚੀ ਸਰਕਾਰ, ਪੰਚ ਪੰਚਾਇਣੀ ਦੇਵੇ ਡੰਨਿਆ । ਆਪੇ ਪੇਖੇ ਤੀਜੀ ਧਾਰ, ਚੌਥੇ ਘਰ ਸਾਚੀ ਧਾਰ, ਨਾ ਕੋਈ ਲਾਏ ਦੂਸਰ ਸੰਨ੍ਹਿਆ । ਗੁਰਮੁਖ ਸਾਚੇ ਸੰਤ ਦੁਲਾਰ, ਭਰਮ ਨਾ ਭੁੱਲੇ ਵਿਚ ਸੰਸਾਰ, ਚੜ੍ਹੇ ਚੜ੍ਹਾਏ ਸਾਚੇ ਚੰਨਿਆ । ਆਤਮ ਸੇਜਾ ਕੰਤ ਭਤਾਰ, ਆਪੇ ਮਿਲੇ ਭੁਜਾ ਪਸਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਾਂਡਾ ਭਰਮ ਭਰਮ ਭਉ ਭਾਂਡਾ ਤਨ ਮੰਦਰ ਅੰਦਰ ਕਾਇਆ ਅੰਧੇਰੀ ਡੂੰਘੀ ਕੰਦਰ, ਕਿਸੇ ਹੱਥ ਨਾ ਆਏ ਗੌਰਖ ਮਛੰਦਰ, ਜਗਤ ਹੰਕਾਰੀ ਵੱਜਾ ਜੰਦਰ, ਲੱਖ ਚੁਰਾਸੀ ਦਰ ਦਰ ਭੌਂਦੀ ਬੰਦਰ, ਗੁਰਮੁਖ ਵਿਰਲੇ ਏਕਾ ਏਕ ਸ਼ਬਦ ਟੇਕ ਰਖੰਨਿਆ । ਹਰਿ ਨਰ ਮੰਨਿਆ ਮਨ ਬੈਰਾਗੀ ਚਿਤ ਬੁਧ ਬਿਬੇਕਾ ਸਦਾ ਸੁਹੇਲਾ ਸਾਚਾ ਆਕੀਆ, ਜਗਤ ਸੁਹੇਲਾ ਮੀਤ ਦਰ ਪੁਕਾਰਿਆ । ਹੋਏ ਵਕਤ ਦੁਹੇਲਾ ਕਾਇਆ ਰਹੇ ਠੰਡੀ ਸੀਤ, ਕਿਰਪਾ ਕਰੇ ਆਪ ਗਿਰਧਾਰਿਆ । ਦਿਵਸ ਰੈਣ ਪਰਖੇ ਨੀਤ, ਬੈਠਾ ਰਹੇ ਸਦਾ ਅਤੀਤ, ਅੰਦਰ ਬਾਹਰ ਗੁਪਤ ਜ਼ਾਹਰਿਆ । ਹਰਿ ਪਾਵੇ ਸਾਰ ਕਾਇਆ ਮੰਦਰ ਮਸੀਤ, ਮਾਨਸ ਦੇਹੀ ਲੈਣੀ ਜੀਤ, ਦਸਵੇਂ ਘਰ ਮਿਲੇ ਸਾਚਾ ਹਰਿ, ਏਕਾ ਗੁਰ ਗੁਰੂਦਵਾਰਿਆ । ਜਗਤ ਚਲਾਉਣੀ ਅਵੱਲੜੀ ਰੀਤ, ਗਊ ਗਰੀਬਾਂ ਇਕ ਪ੍ਰੀਤ, ਦੇਣਾ ਮਾਣ ਦਰ ਪਰਵਾਨ ਵਡ ਵਡ ਪਰਉਪਕਾਰਿਆ । ਝੁਲੇ ਧਰਮ ਸ਼ਬਦ ਨਿਸ਼ਾਨ, ਆਪ ਝੁਲਾਏ ਵਾਲੀ ਦੋ ਜਹਾਨ, ਕਰੇ ਖੇਲ ਸ੍ਰੀ ਭਗਵੰਤਿਆ । ਜੁਗਾ ਜੁਗੰਤ ਭੇਵ ਕੋਈ ਨਾ ਪਾਏ ਸ਼ਾਹ ਸੁਲਤਾਨਿਆ । ਮਨ ਮਨੂਆ ਜਗਤ ਵੈਰਾਗ, ਬੁਝੇ ਤ੍ਰਿਸਨਾ ਆਗ, ਚਰਨ ਕਵਲ ਜਨ ਲਾਗਿਆ । ਉਪਜੇ ਇਕ ਵੈਰਾਗ, ਜਗਤ ਵਿਕਾਰਾ ਜਾਏ ਭਾਗਿਆ । ਮਿਲੇ ਮੇਲ ਕੰਤ ਸੁਹਾਗ, ਸੋਇਆ ਜੀਵ ਉਠ ਉਠ ਜਾਗਿਆ । ਏਕਾ ਉਪਜੇ ਸ਼ਬਦ ਵੈਰਾਗ, ਵਜੇ ਅਨਹਦ ਅਨਾਹਦ ਵਾਜਿਆ । ਹੋਏ ਮਾਤ ਵਡ ਵਡਭਾਗ, ਗੁਰਮੁਖ ਸੂਰਾ ਸਾਚਾ ਜਾਗਿਆ । ਆਪ ਬਣਾਏ ਫੜ ਫੜ ਹੰਸ ਕਾਗ, ਦਰ ਘਰ ਸਾਚੇ ਪੜਦਾ ਕਾਜਿਆ । ਆਪਣੇ ਹੱਥ ਹਰਿ ਰਖੇ ਵਾਗ, ਲੋਆਂ ਪੁਰੀਆਂ ਫਿਰੇ ਭਾਗਿਆ । ਆਤਮ ਜੋਤੀ ਜਗੇ ਚਿਰਾਗ, ਸ਼ਬਦ ਚੜ੍ਹਾਏ ਸਾਚੇ ਤਾਜਿਆ । ਗੁਰ ਸਰਨ ਸਰਨ ਗੁਰ ਜਨ ਹਰਿ ਹਰਿ ਜਨ ਜਾਏ ਲਾਗ, ਲੇਖਾ ਚੁਕੇ ਕਲ ਕਿ ਆਜਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਤਮ ਸਰ ਸਚ ਇਸ਼ਨਾਨ ਕਰਾਏ, ਇਕ ਭੰਡਾਰਾ ਨਾਮ ਭਰਾਏ, ਹਰਿ ਵਰਤਾਰਾ ਆਪ ਅਖਵਾਏ, ਮਾਇਆ ਡਸੇ ਨਾ ਡਸਣੀ ਨਾਗਿਆ । ਆਤਮ ਇਛਿਆ ਹਰਿ ਪੁਜਾਈਆ । ਦੂਜੀ ਦਿਸ਼ਾ ਨਾ ਕੋਈ ਵਖਾਈਆ । ਤੀਜਾ ਪਾਏ ਆਪੇ ਹਿਸਾ, ਤੀਜਾ ਲੋਚਨ ਰਿਹਾ ਖੁਲ੍ਹਾਈਆ । ਚੌਥੇ ਦਿਸੇ ਹਰਿ ਜਗਦੀਸਾ, ਦਰ ਦਵਾਰਾ ਇਕ ਸੁਹਾਈਆ । ਪੰਚਮ ਤਾਜ ਸੋਹੇ ਸੀਸਾ, ਪ੍ਰਭ ਦੇਵੇ ਮਾਤ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਮਰਦੰਗ ਵਾਸੀ ਪੁਰੀ ਘਨਕ ਆਪ ਆਪਣਾ ਰਿਹਾ ਵਜਾਈਆ । ਸਿਰ ਰਖ ਹੱਥ ਸਮਰਥ, ਦਰ ਦਰਵੇਸ਼ਿਆ । ਪੰਜਾਂ ਚੋਰਾਂ ਪਾਏ ਨੱਥ, ਅੰਗ ਸੰਗ ਤੁਟੇ ਹਮੇਸ਼ਿਆ । ਦੂਈ ਦਵੈਤੀ ਰਿਹਾ ਮਥ, ਰਖੇ ਲਾਜ ਦਰ ਦਰ ਕੇਸਿਆ । ਅੰਤਮ ਸੀਆਂ ਸਾਢੇ ਤਿੰਨ ਹੱਥ, ਨਾ ਚਲੇ ਕੋਈ ਕਿਸੇ ਪੇਸ਼ਿਆ । ਸਰਬ ਕਲਾ ਆਪ ਸਮਰਥ, ਲੋਕਮਾਤ ਆਵੇ ਜਾਵੇ ਕਰ ਕਰ ਵੇਸਿਆ । ਜਗਤ ਮਹਿੰਮਾ ਚਲੇ ਅਕੱਥ, ਨੇਤਰ ਲੋਚਨ ਨੈਣ ਗੁਰਮੁਖ ਵਿਰਲੇ ਸਾਚੇ ਮਾਤ ਪੇਖਿਆ । ਸ਼ਬਦ ਦੇਵੇ ਸਾਚੀ ਵਥ, ਸਗਲ ਵਸੂਰੇ ਜਾਇਣ ਲੱਥ, ਨਾਮ


੩੧੮ ੦੫

ਚੜ੍ਹਾਏ ਸਾਚੇ ਰਥ, ਆਪ ਮਿਟਾਏ ਪਿਛਲੀ ਰੇਖਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਜਨ ਦੇਵੇ ਏਕਾ ਵਰ, ਲੇਖਾ ਲਿਖੇ ਸ਼ਬਦ ਤੀਰ ਪੱਥਰ ਮਸਤਕ ਸਾਚੇ ਮਾਥਿਆ । ਕੌਸਤਕ ਮਨੀ ਮਸਤਕ ਲਾਲ । ਦੇਵੇ ਨਾਮ ਧੰਨ ਧਨੀ, ਗੁਰ ਗੋਬਿੰਦਾ ਗੁਰ ਗੋਪਾਲ । ਲੋਕਮਾਤ ਬਣਤ ਬਣੀ, ਲੇਖੇ ਲਾਏ ਜਨਣੀ ਜਣੀ, ਫਲ ਲਗਾਏ ਕਾਇਆ ਡਾਲ੍ਹ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖਾਂ ਦੇਵੇ ਇਕ ਵਰ, ਸਾਕ ਸੱਜਣ ਸੈਣ ਬਣੀ । ਅਚੱਲ ਅਟੱਲ ਮਹੱਲ ਹਰਿ ਵਸੰਦਿਆ । ਨਾ ਕੋਈ ਜਲ ਥਲ ਡੂੰਘੀ ਡਲ, ਸਾਚੇ ਧਾਮ ਆਪ ਬਹੰਦਿਆ । ਆਪੇ ਕਰੇ ਵਲ ਛਲ, ਭਰਮ ਭੁਲਾਏ ਘੜੀ ਘੜੀ ਪਲ ਪਲ, ਕਾਇਆ ਮੰਦਰ ਅੰਦਰ ਸਦ ਵਸੰਦਿਆ । ਸ਼ਬਦ ਸਰੂਪੀ ਚਲੇ ਹੱਲ, ਜਗਤ ਵਿਛੋੜਾ ਮਿਟੇ ਸਲ, ਜੋਤੀ ਜੋੜਾ ਅਜ ਕਲ, ਸ਼ਬਦੀ ਘੋੜਾ ਰਿਹਾ ਪਲ, ਆਪ ਚੜ੍ਹਾਏ ਹਰਿ ਬਖ਼ਸ਼ੰਦਿਆ । ਸਚ ਦਵਾਰਾ ਲੈਣਾ ਮਲ, ਆਤਮ ਜੋਤੀ ਜਾਏ ਬਲ, ਸਾਚਾ ਧਾਮ ਏਕਾ ਰਾਮ ਏਕਾ ਏਕ ਰਖੰਤਿਆ । ਕਾਇਆ ਮੰਡਪ ਮੰਡ, ਹਰਿ ਉਪਾਇਆ । ਆਪ ਬਣਾਇਆ ਜੀਓ ਪਿੰਡ, ਪੰਜਾਂ ਤੱਤਾਂ ਨਾਲ ਸੁਹਾਇਆ । ਆਪ ਵਸਾਇਆ ਹਰਿ ਬ੍ਰਹਿਮੰਡ, ਵੰਡ ਆਪਣੀ ਆਪ ਵੰਡਾਇਆ । ਆਪੇ ਸੁੱਤਾ ਦੇ ਕਰ ਕੰਡ, ਦਿਸ ਕਿਸੇ ਨਾ ਆਇਆ । ਸੱਤਾਂ ਨੌਵਾਂ ਚੰਡ ਪਰਚੰਡ, ਨੌਂ ਅਠਾਰਾਂ ਭੇਵ ਨਾ ਰਾਇਆ । ਮਾਨਸ ਦੇਹੀ ਵਿਚ ਵਰਭੰਡ, ਪੁਰਖ ਅਬਿਨਾਸ਼ੀ ਆਪ ਸੁਹਾਇਆ । ਕਾਇਆ ਸੁਹਾਗਣ ਨਾ ਹੋਈ ਰੰਡ, ਕੰਤ ਕੰਤੂਹਲਾ ਇਕ ਬਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸ਼ਬਦ ਝੂਲਾ, ਜਗਤ ਚੁਕਾਏ ਅਗਲਾ ਪਿਛਲਾ ਮੂਲਾ, ਲਹਿਣਾ ਦੇਣਾ ਆਪੇ ਆਪ ਮਾਤ ਚੁਕਾਇਆ । ਜਗਤ ਵਿਹਾਰ ਅਪਾਰ ਨੌਂ ਦਰਵਾਜ਼ਿਆ । ਏਕਾ ਏਕ ਸਾਚੀ ਕਾਰ, ਗੁਰਮੁਖ ਵਿਰਲਾ ਕਰੇ ਵਣਜ ਵਪਾਰ, ਦਰ ਦਵਾਰੇ ਗਰੀਬ ਨਿਵਾਜਿਆ । ਭਾਈ ਭੈਣਾ ਮਾਤ ਪਿਤ ਸਾਕ ਸੱਜਣ ਮਿਲ ਮਿਲ ਬਹਿਣਾ । ਦਰਸ ਪੇਖੇ ਲਗੇ ਲੇਖੇ ਨੇਤਰ ਨੈਣ ਸਾਚੇ ਨੈਣਾ । ਮਿਲੇ ਮੇਲ ਕੰਤ ਭਤਾਰ, ਭਾਣਾ ਪ੍ਰਭ ਕਾ ਸਿਰ ਤੇ ਸਹਿਣਾ । ਸ਼ਬਦ ਪਹਿਨਾਏ ਤਨ ਹਰਿ ਗਹਿਣਾ । ਲਾੜੀ ਮੌਤ ਨਾ ਖਾਏ ਡੈਣਾ । ਝੂਠੇ ਵਹਿਣ ਜਗ ਨਾ ਵਹਿਣਾ । ਅੰਤਮ ਲੇਖਾ ਆਪ ਚੁਕਾਏ ਨਾ ਕਰੇ ਕੋਈ ਹੁਦਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਾ ਕੋਈ ਜਾਣੇ ਜੀਵ ਜੰਤ ਗਵਾਰਾ ।

### ★ ੧੧ ਕੱਤਕ ੨੦੧੨ ਬਿਕ੍ਰਮੀ ਅਜੀਤ ਸਿੰਘ ਦੇ ਗ੍ਰਿਹ ਬਟਾਲੇ ★

ਸਗਲ ਪਸਾਰ ਵੇਖ, ਮਨ ਜਗਤ ਬੈਰਾਗਿਆ । ਚਾਰੋਂ ਕੁੰਟਾਂ ਦਰ ਦਰ ਘਰ ਘਰ ਦਿਸੇ ਭੇਖ, ਹਰਿਜਨ ਸੋਇਆ ਵਿਰਲਾ ਮਾਤ ਜਾਗਿਆ । ਦੋ ਜਹਾਨਾਂ ਲੇਖਾ ਲਿਖੇ ਆਪੇ ਲੇਖ, ਜਿਸ ਜਨ ਮੇਲਾ ਕੰਤ ਸੁਹਾਗਿਆ । ਸਾਚੇ ਲੋਚਨ ਲੈਣਾ ਵੇਖ, ਕਵਣ ਧੋਏ ਕਾਇਆ ਦਾਗਿਆ । ਆਪੇ ਵਸੇ ਘਰ ਵਸੇਖ, ਹਰਿਜਨ ਬਣਾਏ ਹੰਸ ਕਾਗਿਆ । ਨਿਰਮਲ ਮਸਤਕ ਲਾਏ ਮੇਖ, ਦੀਪਕ ਜੋਤੀ ਜਗੇ ਚਿਰਾਗਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਸੰਤ ਦੁਲਾਰੇ ਆਪ ਬੁਝਾਏ ਤ੍ਰਿਸਨਾ ਆਗਿਆ । ਬੁਝੇ ਤ੍ਰਿਸਨਾ ਅੱਗ, ਚਰਨ ਦਵਾਰਿਆ । ਚਰਨ ਕਵਲ ਸਰ ਪਗ, ਖੁਲ੍ਹੇ ਬੰਦ ਕਵਾੜਿਆ । ਲੇਖਾ ਚੁੱਕੇ ਸ਼ਾਹ ਰਗ, ਦਰ ਘਰ ਸਾਚੇ ਉਪਰ ਚਾੜ੍ਹਿਆ । ਨਿਰਮਲ ਦੀਵਾ ਰਿਹਾ ਜਗ, ਲੱਗਾ

ਰਹੇ ਸ਼ਬਦ ਅਖਾੜਿਆ । ਪਵਣ ਸਵਾਸੀ ਰਹੀ ਵਗ, ਸੀਤਲ ਧਾਰਾ ਠੰਡੀ ਠਾਰਿਆ । ਜੋਤ ਨਿਰੰਜਣ ਕਸੇ ਤਗ, ਗੁਰਮੁਖ ਹੰਸ ਉਡਾਰੀ ਲਾ ਰਿਹਾ । ਹੱਥ ਆਪਣੇ ਪਕੜੇ ਵਾਗ, ਦਸਮ ਦਵਾਰੀ ਹਰਿ ਫਿਰਾ ਰਿਹਾ । ਚਰਨ ਕਵਲ ਜਨ ਜਾਏ ਲਗ, ਲੱਖ ਚੁਰਾਸੀ ਜਮ ਕੀ ਫਾਸੀ ਲੋਕਮਾਤੀ ਪੁਰਖ ਬਿਧਾਤੀ ਅੰਤਮ ਫੰਦ ਕਟਾ ਰਿਹਾ । ਸਾਚਾ ਦੇਵੇ ਸ਼ਬਦ ਸੁਗਾਤੀ, ਮਿੱਟੇ ਰੈਣ ਅੰਧੇਰੀ ਰਾਤੀ, ਬਰਖੇ ਬੂੰਦ ਸਵਾਂਤੀ, ਬੰਦ ਕਿਵਾੜੀ ਖੋਲ੍ਹੇ ਤਾਕੀ, ਸ਼ਬਦ ਚੜ੍ਹਾਏ ਸਾਚੇ ਰਾਕੀ, ਚਿੱਟੇ ਅਸਵ ਕਰ ਤਿਆਰ, ਪਹਿਲੀ ਵਾਰ ਹਰਿ ਦਾਤਾਰ, ਵਿਚ ਸੰਸਾਰ ਦਹਿ ਦਿਸ਼ਾ ਆਪ ਫਿਰਾ ਰਿਹਾ । ਗੁਰਮੁਖਾਂ ਕਰੇ ਖ਼ਬਰਦਾਰ, ਦਿਵਸ ਰੈਣ ਸ਼ਬਦ ਅਧਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਵੇਖੇ ਅਕਾਰ, ਨੌਂ ਦਵਾਰੇ ਬੰਦ ਕਰਾ ਰਿਹਾ । ਨੌਂ ਦਵਾਰੇ ਬੰਦ, ਬੰਦ ਦਰਵਾਜਿਆ । ਗੁਰਮੁਖਾਂ ਆਤਮ ਚੜ੍ਹੇ ਸਾਚਾ ਚੰਦ, ਆਪ ਚੜ੍ਹਾਏ ਗਰੀਬ ਨਿਵਾਜਿਆ । ਖ਼ੁਸ਼ੀ ਕਰਾਏ ਬੰਦ ਬੰਦ ਗਵਾਏ ਮਮਤਾ ਅੰਧ, ਮੋਹ ਚੁਕਾਏ ਝੂਠਾ ਧੰਦ ਆਦਿ ਅੰਤ ਰੱਖੇ ਲਾਜਿਆ । ਆਪੇ ਤੋੜੇ ਜੰਮ ਕਾ ਫੰਦ, ਆਪ ਉਪਜਾਏ ਪਰਮਾਨੰਦ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਦੇਵੇ ਵਰ, ਨਾ ਹੋਏ ਮਾਤ ਤੋੜ ਵਿਛੋੜਿਆ । ਨਾ ਹੋਏ ਵਿਛੋੜਾ, ਮਾਤ ਪੁਰਖ ਨਿਰੰਜਣਾ । ਸ਼ਬਦ ਜੋਤੀ ਏਕਾ ਜੋੜਾ, ਦਰਦ ਦੁੱਖ ਭੈ ਭੰਜਨਾ । ਧੁਰ ਦਰਗਾਹੀ ਆਇਆ ਦੌੜਾ, ਹਰਿ ਨੇਤਰ ਪਾਏ ਅੰਜਨਾ । ਆਪੇ ਵੇਖੇ ਮਿੱਠਾ ਕੌੜਾ, ਚਰਨ ਧੂੜ ਕਰਾਏ ਸਾਚਾ ਮਜਨਾ । ਜੋਤ ਨਿਰੰਜਣ ਬ੍ਰਹਿਮਣ ਗੌੜਾ, ਸ੍ਰਿਸ਼ਟ ਸਬਾਈ ਸਾਕ ਸੈਣ ਸਜਨਾ । ਦਸਮ ਦਵਾਰੀ ਏਕਾ ਪੌੜਾ, ਤਾਲ ਆਪਣਾ ਸਾਚਾ ਗਜਨਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖਾਂ ਕਿਰਪਾ ਰਿਹਾ ਕਰ, ਭਾਂਡਾ ਕਾਇਆ ਅੰਤਮ ਅੰਤ ਸਾਧ ਸੰਤ ਮਾਤ ਭੱਜਨਾ । ਕਾਇਆ ਮਾਟੀ ਚੰਮ, ਨਾ ਕਲ ਵਿਚਾਰਿਆ । ਕਵਣ ਲੇਖੇ ਲੱਗੇ ਦਮ, ਨਰ ਹਰਿ ਸਾਚਾ ਕਲ ਵਿਸਾਰਿਆ । ਮਰੇ ਮਰ ਮਰ ਪਏ ਜੰਮ, ਆਵਣ ਜਾਵਣ ਗੇੜ ਅਪਾਰਿਆ । ਵੇਲੇ ਅੰਤਮ ਰੋਵੇ ਛੰਮ ਛੰਮ, ਹੋਏ ਵਿਛੋੜਾ ਪੁਰਖ ਭਤਾਰਿਆ । ਗੁਰਮੁਖ ਸਾਚੇ ਸੰਤ ਸੁਹੇਲੇ ਆਪ ਕਰਾਏ ਆਪਣੇ ਮੇਲੇ, ਅੱਠੇ ਪਹਿਰ ਦਿਵਸ ਰੈਣ ਸ਼ਬਦ ਮਰਦੰਗ, ਏਕਾ ਏਕ ਮੰਦਰ ਅੰਦਰ ਆਪੇ ਆਪ ਵਜਾ ਰਿਹਾ । ਵੱਜੇ ਨਾਮ ਮਰਦੰਗ, ਸ੍ਰਿਸ਼ਟ ਜਗਾਈਆ । ਸ਼ਬਦ ਚਾੜ੍ਹੇ ਕਾਇਆ ਰੰਗ, ਮੂਰਤ ਅਕਾਲ ਦਇਆ ਕਮਾਈਆ । ਮਿਲੇ ਮੇਲ ਸੂਰੇ ਸਰਬੰਗ, ਦੀਨ ਦਿਆਲ ਦਰਸ ਦਿਖਾਈਆ । ਜੋਤੀ ਜੋਤ ਸਰੂਪ ਹਰਿ, ਜਨ ਭਗਤਾਂ ਕਟੇ ਭੁੱਖ ਨੰਗ, ਵਸਤ ਦਸਤ ਸ਼ਬਦ ਏਕਾ ਏਕ ਹੱਥ ਫੜਾਈਆ । ਮੰਗੀ ਮੰਗ ਅਪਾਰ ਹਰਿ ਦਵਾਰਿਆ । ਕਾਇਆ ਚੋਲੀ ਚੜ੍ਹੇ ਰੰਗ, ਲੇਖਾ ਚੁੱਕੇ ਨੌਂ ਦਵਾਰਿਆ । ਭਾਂਡਾ ਭਰਮ ਝੂਠੀ ਵੰਗ, ਗੁਰਮੁਖ ਸਾਚਾ ਜਾਏ ਪਾਰ ਲੰਘ, ਸ਼ਬਦ ਅੱਖਰ ਵੱਖਰ ਮੰਗੇ ਸਾਚੀ ਮੰਗ, ਕਿਰਪਾ ਕਰੇ ਹਰਿ ਹਰਿ ਹਰਿ ਗਿਰਧਾਰਿਆ । ਜੋਤੀ ਜੋਤ ਸਰੂਪ ਹਰਿ, ਵਡ ਦਾਤਾ ਸੂਰਾ ਸਰਬੰਗ, ਦਰਸ ਦਿਖਾਏ ਤੀਜੇ ਨੈਣ, ਰਸਨਾ ਕਿਸੇ ਨਾ ਸਕੇ ਕਹਿਣ, ਆਪ ਚੁਕਾਏ ਅਗਲਾ ਪਿਛਲਾ ਲਹਿਣ ਦੇਣ, ਦੇਵਣਹਾਰ ਸਰਬ ਸੰਸਾਰਿਆ ।

★ ੧੧ ਕੱਤਕ ੨੦੧੨ ਬਿਕ੍ਰਮੀ ਕੈਪਟਨ ਬੰਤਾ ਸਿੰਘ ਦੇ ਗ੍ਰਿਹ ਪਿੰਡ ਪੰਜ ਗਰਾਈਆਂ ਜ਼ਿਲਾ ਗੁਰਦਾਸਪੁਰ ★

ਗੁਰ ਸਾਖੀ ਗੁਰਮਤ ਸੰਤ ਪਰਧਾਨਿਆ । ਦਰ ਘਰ ਸਾਚੇ ਮੇਲ ਨਰ ਹਰਿ ਸਾਚੇ ਸੰਤ ਪੁਰਖ ਸੁਜਾਨਿਆ । ਆਪ ਬਣਾਏ ਆਪਣੀ ਬਣਤ,

ਬੈਠਾ ਰਹੇ ਇਕ ਇਕੰਤ ਜੀਵ ਜੰਤ ਕਰੇ ਪਛਾਨਿਆ । ਗੁਰਮੁਖ ਕਾਇਆ ਰੰਗਣ ਰੰਗ ਬਸੰਤ, ਬੇਮੁਖ ਮਾਇਆ ਹੋਏ ਭਸਮੰਤ, ਕਲਜੁਗ ਭੁਲੇ ਜੀਵ ਨਿਧਾਨਿਆ । ਮਾਇਆ ਪਾਈ ਹਰਿ ਬੇਅੰਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਵਾਲੀ ਦੋ ਜਹਾਨਿਆ । ਦੋ ਜਹਾਨ ਹਰਿ ਸੁਲਤਾਨ । ਪਰਗਟ ਹੋਏ ਵਿਚ ਜਹਾਨ, ਬਲੀ ਬਲਵਾਨ । ਸ਼ਬਦ ਫੜੇ ਤੀਰ ਕਮਾਨ । ਰੱਖੇ ਨਾਮ ਇਕ ਨਿਸ਼ਾਨਿਆ । ਚਾਰ ਵਰਨਾ ਏਕਾ ਸਰਨਾ ਆਪ ਰਖਾਏ, ਲੋਆਂ ਪੁਰੀਆਂ ਮਾਰ ਧਿਆਨ, ਬ੍ਰਹਿਮੰਡ ਖੰਡ ਵੰਡ ਕਰਾਏ, ਜਲ ਥਲ ਥਲ ਜਲ ਆਪੇ ਆਪ ਕਰਾਨਿਆ । ਭੇਖ ਪਖੰਡਾ ਵਢੇ ਕੰਡਾਂ, ਮਨਮੁਖਾਂ ਅੰਤਮ ਦੇਵੇ ਦੰਡਾ, ਸ਼ਬਦ ਫੜ ਚੰਡ ਪਰਚੰਡ, ਕਲਜੁਗ ਔਧ ਗਈ ਹੰਡ, ਜਗਤ ਜੋਤ ਨਾ ਕੋਈ ਵਰਨ ਨਾ ਕੋਈ ਗੋਤ ਨਰ ਹਰਿ ਬਲੀ ਬਲਵਾਨਿਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਆਪਣੀ ਕਰਨੀ ਰਿਹਾ ਕਰ, ਗੁਰਮੁਖ ਸਾਚਾ ਸੋਹੇ ਦਰ ਦਵਾਰੇ ਨਰ ਨਿਰੰਕਾਰੇ ਵਿਚ ਸੰਸਾਰੇ ਕਰੇ ਮਾਤ ਪਰਵਾਨਿਆ । ਕਰੇ ਮਾਤ ਪਰਵਾਨ ਹਰਿ ਰਘੁਰਾਈਆ । ਦੇਵੇ ਨਾਮ ਗੁਣ ਨਿਧਾਨ । ਆਤਮ ਸੋਤੀ ਆਪ ਜਗਾਈਆ । ਦੀਨ ਦਿਆਲਾ ਹਰਿ ਮਿਹਰਬਾਨ, ਦੇਵੇ ਸ਼ਬਦ ਪੀਣ ਖਾਣ, ਆਤਮ ਤ੍ਰਿਸਨਾ ਤਨ ਮਿਟਾਈਆ । ਕਾਇਆ ਮੰਦਰ ਦਿਸੇ ਸੁੰਞ ਮਸਾਣ, ਅੰਦਰੇ ਅੰਦਰ ਗੁਣ ਨਿਧਾਨ, ਮਨਮੁਖ ਜੀਵਾਂ ਦਿਸ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸੁਹਾਏ ਸਾਚੇ ਦਰ, ਗੁਰ ਸੰਗਤ ਸੰਗ ਸਮਾਈਆ । ਗੁਰ ਸੰਗਤ ਗੁਰ ਸੰਤ ਮਾਤ ਪਰਧਾਨ । ਦਰ ਦਵਾਰੇ ਆਈ ਮੰਗਤ, ਤੋੜੇ ਮਾਣ ਰੋਗ ਹੰਗਤ, ਦੇਵੇ ਸ਼ਬਦ ਆਣ ਸ਼ਾਨ । ਹੋਏ ਸਹਾਈ ਜਿਉਂ ਨਾਨਕ ਅੰਗਦ, ਆਪ ਬਿਠਾਏ ਧੁਰ ਦਰਗਾਹੀ ਜਗਤ ਮਲਾਹੀ ਇਕ ਬਿਬਾਣ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਹਰਿ ਦੇਵੇ ਸਾਚਾ ਵਰ, ਗੁਰਮੁਖ ਮੇਲ ਗੁਣ ਨਿਧਾਨ । ਗੁਰਮੁਖ ਸਾਚਾ ਪਾਰਜ਼ਾਤ, ਗੁਰ ਪੂਰੇ ਮਾਤ ਪਛਾਨਿਆ । ਆਪ ਬੰਧਾਏ ਚਰਨ ਨਾਤ, ਦੇਵੇ ਦਾਨ ਸੱਚਾ ਦਾਨਿਆ । ਮੇਲ ਮਿਲਾਵਾ ਕਮਲਾਪਾਤ, ਦਰ ਘਰ ਸਾਚੇ ਦੇਵੇ ਮਾਣਿਆ । ਆਪੇ ਵੇਖੇ ਮਾਰ ਝਾਤ, ਸ਼ਬਦ ਸਰੂਪੀ ਸਚ ਟਿਕਾਣਿਆ । ਗੁਰਮੁਖ ਤੇਰੀ ਉਤਮ ਜ਼ਾਤ, ਮਿਲਿਆ ਮੇਲ ਪੁਰਖ ਬਿਧਾਤ, ਨਾ ਕੋਈ ਜਾਣੇ ਸੁਘੜ, ਸਿਆਣਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦਰ ਦਵਾਰੇ ਕਰੇ ਪ੍ਰਵਾਨਿਆ । ਹੋਏ ਦਰ ਪਰਵਾਨ ਦਰ ਘਰ ਮੱਲਿਆ । ਮਿਲੇ ਮੇਲ ਸ੍ਰੀ ਭਗਵਾਨ, ਲੇਖਾ ਦਿਸੇ ਇਕ ਇਕੱਲਿਆ । ਸੂਰਬੀਰ ਬਲੀ ਬਲਵਾਨ, ਸਦਾ ਵਸੇ ਜਲ ਥੱਲਿਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਗੁਰਮੁਖ ਸਾਚੇ ਦੇਵੇ ਵਰ, ਆਪ ਵਸਾਏ ਕਾਇਆ ਮੰਦਰ ਸਚ ਮਹੱਲਿਆ । ਸਾਚਾ ਮਹੱਲ ਅਪਾਰ, ਅਟੱਲ ਅਟੱਲਿਆ । ਗੁਰ ਪੂਰੇ ਬੱਧੀ ਧਾਰ, ਜਲ ਥੱਲਿਆ । ਏਕਾ ਦੇਵੇ ਸ਼ਬਦ ਉਡਾਰ, ਲੱਖ ਚੁਰਾਸੀ ਕਰੇ ਪਾਰ, ਕਿਰਪਾ ਕਰ ਅਪਰ ਅਪਾਰ, ਆਤਮ ਦੇਵੇ ਕਰ ਉਜਿਆਰ, ਪਵਣ ਉਨੰਜਾ ਛਤਰ ਝੁਲਾਰ, ਦਰ ਦਵਾਰਾ ਏਕਾ ਮੱਲਿਆ । ਜੋਤੀ ਜੋਤ ਸਰੂਪ ਹਰਿ, ਆਪੇ ਪਾਏ ਮਾਤ ਸਾਰ, ਹਰ ਘਟ ਸ਼ਬਦ ਪਸਾਰ, ਘਟ ਘਟ ਵਾਸਿਆ । ਗੁਰਮੁਖ ਵਿਰਲਾ ਕਰੇ ਵਿਚਾਰ, ਮਨਮੁਖ ਫਿਰੇ ਸਦਾ ਉਦਾਸਿਆ । ਹਰਿਜਨ ਪੀਵੇ ਅੰਮ੍ਰਿਤ ਧਾਰ, ਮਾਨਸ ਜਨਮ ਹੋਏ ਰਹਿਰਾਸਿਆ । ਬੇਮੁਖ ਭੁੱਲਾ ਮੁਗਧ ਗਵਾਰ, ਰਸਨ ਹਲਕਾਇਆ ਮਦਿਰਾ ਮਾਸਿਆ । ਹਰਿ ਜਨ ਸੋਹੇ ਬੰਕ ਦਵਾਰ, ਸ਼ਬਦ ਚਲਾਏ ਪਵਣ ਸਵਾਸਿਆ । ਮਨਮੁਖ ਡੋਬੇ ਵਿਚ ਮੰਝਧਾਰ, ਅੰਤਮ ਤੁੱਟਾ ਕਾਇਆ ਕਾਸਿਆ । ਗੁਰਮੁਖ ਸੋਲਾਂ ਤਨ ਸ਼ਿੰਗਾਰ, ਨਿੱਜ ਘਰ ਵੇਖੇ ਦਰ ਦਵਾਰ, ਬੇਮੁਖ ਹੋਏ ਧੂੰਆਂਧਾਰ,

ਧਰਮ ਰਾਏ ਗਲ ਪਾਵੇ ਫਾਸਿਆ । ਪੁਰਖ ਅਬਿਨਾਸ਼ੀ ਕਿਰਪਾ ਧਾਰ, ਵੇਖ ਵਿਚਾਰੇ ਵਿਚ ਸੰਸਾਰ, ਕਲਜੁਗ ਤੇਰੀ ਅੰਤਮ ਵਾਰ, ਰੈਣ ਅੰਧੇਰਿਆ । ਨਾ ਕੋਈ ਜਾਣੇ ਜੰਤ ਗਵਾਰ, ਕਾਇਆ ਮਾਟੀ ਝੂਠੀ ਹਾਟੀ, ਅੰਤਮ ਹੋਏ ਢਹਿ ਢਹਿ ਢੇਰਿਆ । ਗੁਰਮੁਖ ਸਾਚੇ ਜੋਤੀ ਜਗੇ ਆਤਮ ਚੜ੍ਹੇ ਚੜ੍ਹਾਏ ਸਾਚੀ ਘਾਟੀ, ਦੇਵੇ ਏਕਾ ਨਾਮ ਹਰਿ ਅਧਾਰਿਆ । ਏਕਾ ਲਾਹਾ ਦਰ ਘਰ ਸਾਚੇ ਸਾਚਾ ਖਾਟੀ, ਆਪੇ ਖੋਲ੍ਹੇ ਬਜਰ ਕਪਾਟੀ, ਜੋਤ ਜਗਾਏ ਕਾਇਆ ਮਾਟੀ, ਦਿਵਸ ਰੈਣ ਕਰੇ ਉਜਿਆਰਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਮਾਤ ਜਗਾਏ ਦਇਆ ਕਮਾਏ, ਮੇਲ ਮਿਲਾਏ ਨਰ ਨਿਰੰਕਾਰਿਆ । ਮਿਲੇ ਮੇਲ ਨਰ ਨਿਰੰਕਾਰ, ਸ਼ਬਦ ਉਜਿਆਰਿਆ । ਗੁਰਮੁਖ ਸਾਚੇ ਕਰ ਪਿਆਰ, ਆਏ ਦਰ ਸੱਚੇ ਦਵਾਰ, ਆਪੇ ਜਾਣੇ ਜਾਣ ਪਛਾਣੇ, ਕਰੇ ਕਰਾਏ ਮਾਤ ਪਿਆਰਿਆ । ਮਾਇਆ ਭੁੱਲੇ ਰਾਜੇ ਰਾਣੇ, ਨਾ ਕੋਈ ਜਾਣੇ ਸੁਘੜ ਸਿਆਣੇ, ਮਨਮੁਖ ਜੀਵ ਅੰਧੇ ਕਾਣੇ, ਜੋਤ ਨਿਰੰਜਣ ਸਰਬ ਪਸਾਰਿਆ । ਚਲੇ ਚਲਾਏ ਆਪਣੇ ਭਾਣੇ, ਦਰ ਘਰ ਸਾਚੇ ਦੇਵੇ ਮਾਣੇ, ਗੁਰਮੁਖ ਬਾਲ ਉਠਾਏ ਗੋਦ ਅੰਵਾਣੇ, ਅੰਮ੍ਰਿਤ ਦੇਵੇ ਸਾਚੀ ਧਾਰਾ ਠੰਡੀ ਠਾਰਿਆ । ਏਕਾ ਏਕ ਪੁਰਖ ਸੁਜਾਨੇ, ਆਪੇ ਆਪ ਬ੍ਰਹਮ ਗਿਆਨੇ, ਜੋਗ ਅਭਿਆਸ ਨਾ ਕੋਈ ਜਾਣੇ, ਕਾਇਆ ਮੰਦਰ ਡੂੰਘੀ ਕੰਦਰ ਖੇਲੇ ਖੇਲ ਖੇਲ ਨਿਰਾਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਦੇਵੇ ਇਕ ਵਰ, ਸਾਚਾ ਨਾਮ ਗੁਣ ਨਿਧਾਨਿਆ । ਨਾਮ ਨਿਧਾਨ ਏਕਾ ਗੁਣ ਗੁਣਵੰਤਿਆ । ਜਨ ਭਗਤ ਰੰਗਾਏ ਏਕਾ ਰੰਗ, ਰੰਗਣ ਸਚ ਬਸੰਤਿਆ । ਕਲਜੁਗ ਮਾਇਆ ਪਾਏ ਬੇਅੰਤ, ਆਪ ਭੁਲਾਏ ਸਾਧਨ ਸੰਤਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖਾਂ ਦਿਤਾ ਇਕ ਵਰ, ਮੇਲ ਮਿਲਾਵੇ ਸਾਚੇ ਕੰਤਿਆ । ਸਾਚੇ ਕੰਤ ਭਤਾਰ, ਘਰ ਵਸੰਦੜਾ । ਗੁਰਮੁਖਾਂ ਦੇਵੇ ਕਰ ਪਿਆਰ, ਨੇਤਰ ਖੋਲ੍ਹ ਬੰਦ ਕਿਵਾੜ, ਪਰ੍ਹੇ ਹਟਾਏ ਪੰਚਮ ਧਾੜ, ਸਾਚਾ ਦਰ ਆਪ ਸੁਹੰਦੜਾ । ਸ਼ਬਦ ਘੋੜ ਜਾਏ ਚਾੜ੍ਹ, ਆਪੇ ਹੋਏ ਪਿਛੇ ਅਗਾੜ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਦੇਵੇ ਵਰ, ਜੋਤ ਜਗਾਏ ਬਹੱਤਰ ਨਾੜ । ਹਰਿ ਗੁਣ ਹਰਿ ਭਰਪੂਰ, ਘਟ ਘਟ ਵਾਸਿਆ । ਹਰਿ ਗੁਣ ਹਰਿ ਭਰਪੂਰ, ਸ਼ਬਦ ਸ਼ਬਦ ਸ਼ਬਦ ਸਵਾਸ ਸਵਾਸਿਆ । ਹਰ ਘਟ ਹਰਿ ਭਰਪੂਰ, ਨਾਦ ਅਨਾਹਦ ਏਕਾ ਤੂਰ, ਜੋਧਾ ਦਾਤਾ ਵਡਾ ਸੂਰ, ਆਪੇ ਵਸੇ ਪ੍ਰਿਥਮੀ ਅਕਾਸਿਆ । ਮਨਮੁਖਾਂ ਦਿਸੇ ਦੂਰਨ ਦੂਰ, ਗੁਰਮੁਖਾਂ ਹਾਜ਼ਰ ਹਜ਼ੂਰ, ਮੰਡਪ ਮੰਡਲ ਕਾਇਆ ਕਰੇ ਰਾਸਿਆ । ਜੋਤੀ ਨਿਰਮਲ ਦੇਵੇ ਨੂਰ, ਗੁਰਮੁਖ ਸਾਚੇ ਮਾਣਕ ਮੋਤੀ ਵੇਖ ਅੰਦਰ ਬਹਿ ਬਹਿ ਆਪੇ ਬੋਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦਰ ਦਵਾਰਾ ਏਕਾ ਖੋਲ੍ਹਿਆ । ਦਰ ਦਵਾਰਾ ਖੋਲ੍ਹ ਹੱਟ ਲਗਾਇਆ । ਸ਼ਬਦ ਅੱਖਰ ਏਕਾ ਬੋਲ, ਸੋਹੰ ਜਾਪ ਜਪਾਇਆ । ਆਦਿ ਅੰਤ ਸਦਾ ਅਡੋਲ, ਤੀਰਥ ਤਟਾਂ ਵਿਚ ਸਮਾਇਆ । ਸਭ ਦੇ ਪੜਦੇ ਰਿਹਾ ਖੋਲ੍ਹ, ਨਟੂਆ ਨਟ ਖੇਲ ਬਾਜੀਗਰ ਸਾਚਾ ਡੰਕ ਵਜਾਇਆ । ਆਪੇ ਸੁਣੇ ਬਣ ਬਣ ਭੱਟ, ਸੁਰੰਗਾ ਸਾਰੰਗ ਆਪ ਉਠਾਇਆ । ਆਪੇ ਮੇਟੇ ਦੂਈ ਦਵੈਤੀ ਫੱਟ, ਨਾਮ ਪੱਟੀ ਰਿਹਾ ਬੰਧਾਇਆ । ਆਪੇ ਜੋਤ ਜਗਾਏ ਕਾਇਆ ਮੱਟ, ਦੀਪਕ ਸਾਚਾ ਇਕ ਟਿਕਾਇਆ । ਗੁਰਮੁਖ ਸਾਚੇ ਲਾਹਾ ਰਹੇ ਖੱਟ, ਦਰ ਦਵਾਰੇ ਦਰਸ਼ਨ ਪਾਇਆ । ਮਨਮੁਖ ਭੌਂਦੇ ਅਠਸਠ, ਸ਼ਬਦ ਭੰਡਾਰਾ ਨਾ ਕੋਈ ਵਰਤਾਇਆ । ਦਰ ਦਰ ਪੂਜਣ ਸ਼ਿਵਦਵਾਲੇ ਮੱਠ, ਕਾਇਆ ਮੰਦਰ ਨਾ ਸੰਖ ਵਜਾਇਆ । ਚਾਰੋਂ ਕੁੰਟ ਉਲਟੀ ਲੱਠ, ਕਲਜੁਗ ਗੇੜਾ ਆਪ ਗਿੜਾਇਆ । ਹਰਿਜਨ ਸਾਚਾ ਸੰਤ

ਸੁਹੇਲਾ ਇਕ ਇਕੇਲਾ ਦਰ ਘਰ ਸਾਚੇ ਆਵੇ ਨੱਠ, ਪੁਰਖ ਅਬਿਨਾਸ਼ੀ ਘਟ ਘਟ ਵਾਸੀ ਆਤਮ ਪੜਦਾ ਦੇਵੇ ਲਾਹਿਆ । ਮਾਇਆ ਰਾਣੀ ਹੋਵੇ ਭੱਠ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਦਵਾਰਾ ਇਕ ਵਖਾਇਆ । ਦਰ ਦਵਾਰਾ ਖੋਲ੍ਹ, ਸ਼ਬਦ ਚੌਹਅੱਖਰ ਏਕਾ ਬੋਲੇ ਗਰੀਬ ਨਿਵਾਜ਼ਿਆ । ਇਕ ਵਜਾਏ ਸ਼ਬਦ ਢੋਲ ਵੱਜੇ ਮਰਦੰਗ, ਕਲਜੁਗ ਰਚਿਆ ਕਾਜਿਆ । ਲੱਖ ਚੁਰਾਸੀ ਹੋਈ ਭੰਗ, ਉਡਦੀ ਸੋਹੰ ਪਤੰਗ, ਗੁਰਮੁਖ ਰੰਗੇ ਸਾਚੇ ਰੰਗ, ਬੇਮੁਖ ਭੰਨੇ ਕੱਚੀ ਵੰਗ ਦੇਸ ਮਾਝਿਆ । ਚਾਰੇ ਕੁੰਟਾਂ ਵੇਖ ਵਿਚਾਰ, ਹੱਥ ਫੜੇ ਸ਼ਬਦ ਕਟਾਰ, ਮਾਰੀ ਜਾਏ ਵਾਰੋ ਵਾਰ, ਨੌਂ ਅਠਾਰਾਂ ਪਾਵੇ ਸਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨ ਭਗਤਾਂ ਦੇਵੇ ਨਾਮ ਵਰ, ਪੰਚ ਪੰਚਾਇਣੀ ਕਰੇ ਨਾਸਿਆ । ਪੰਚਮ ਤੋੜ ਨਾਤਾ ਜੋੜ ਜੁੜਾਇਆ । ਮਿਲਿਆ ਮੇਲ ਪੁਰਖ ਬਿਧਾਤਾ, ਸਾਚਾ ਸ਼ਬਦ ਘੋੜ ਚੜ੍ਹਾਇਆ । ਆਪੇ ਪੁੱਛੇ ਅੰਤਮ ਵਾਤਾ, ਚਾਰ ਵਰਨਾਂ ਏਕਾ ਰਾਹ ਵਖਾਇਆ । ਸਾਚਾ ਸ਼ਬਦ ਵਡ ਕਰਾਮਾਤਾ, ਕਿਸੇ ਸੀਸ ਤਾਜ ਰਹਿਣ ਨਾ ਪਾਇਆ । ਆਪ ਸਵਾਰੇ ਆਪਣਾ ਕਾਜਾ, ਜੋਤੀ ਜੋਤ ਸਰੂਪ ਹਰਿ, ਗੁਰਮੁਖ ਸਾਚੇ ਦੇਵੇ ਵਰ, ਇਕ ਸੁਹਾਏ ਸਾਚਾ ਦਰ, ਦਰ ਦਰ ਘਰ ਸਾਚੇ ਡੇਰਾ ਲਾਇਆ । ਹਰਿ ਪੁਰਖ ਅਗੰਮ ਕਾਜ ਰਚਾਇਆ । ਜੋਤ ਸਰੂਪ ਪਿਆ ਜੰਮ, ਮਾਤ ਪਿਤ ਨਾ ਕੋਈ ਅਖਵਾਇਆ । ਪਵਣ ਸਵਾਸੀ ਨਾ ਲਏ ਦਮ, ਸ਼ਬਦ ਧਾਰਾ ਰਿਹਾ ਚਲਾਇਆ । ਹੱਡ ਮਾਸ ਨਾੜੀ ਨਾ ਕੋਈ ਚੰਮ, ਜੋਤ ਨਿਰੰਜਣ ਇਕ ਜਗਾਇਆ । ਆਪ ਸਵਾਰੇ ਆਪਣਾ ਕੰਮ, ਲੋਕਮਾਤੀ ਫੇਰਾ ਪਾਇਆ । ਚਾਰੋਂ ਕੁੰਟ ਰੋਵੇ ਛੰਮ ਛੰਮ, ਨਗਰ ਖੇੜਾ ਕੋਈ ਦਿਸ ਨਾ ਆਇਆ । ਅੰਮ੍ਰਿਤ ਰਸ ਆਤਮ ਧਾਰਾ । ਗੁਰਮੁਖਾਂ ਦੇਵੇ ਕਰ ਪਿਆਰਾ । ਇੰਦਰ ਰੋਏ ਦਰ ਦਵਾਰਾ, ਪ੍ਰਭ ਅਬਿਨਾਸ਼ੀ ਕਰ ਵਿਚਾਰਾ, ਸੇਵਾ ਲੱਗੇ ਵਿਚ ਸੰਸਾਰਾ, ਕਲਜੁਗ ਹੋਈ ਅੰਤਮ ਵਾਰਾ, ਕਰੋੜ ਤੇਤੀਸਾ ਤੁਟੇ ਨਾਤਾ ਮਿਲੇ ਮੇਲ ਪੁਰਖ ਭਤਾਰਾ । ਆਪ ਚਲਾਏ ਆਪਣੀ ਰੀਤਾ, ਬਰਖੇ ਮੇਘ ਏਕਾ ਧਾਰਾ । ਗੁਰਮੁਖ ਗਾਏ ਸੋਹੰ ਸੋ ਸਾਚਾ ਗੀਤਾ, ਅਛਲ ਅਛੱਲਾ ਵਿਚ ਸੰਸਾਰਾ । ਇਕ ਵਖਾਏ ਗੁਰੂਦਵਾਰਾ, ਕਾਇਆ ਮੰਦਰ ਅੰਦਰ ਜਗਤ ਮਸੀਤਾ, ਦੀਪਕ ਜੋਤੀ ਕਰ ਉਜਿਆਰਾ । ਦਿਵਸ ਰੈਣ ਪਰਖੇ ਨੀਤਾ, ਬੈਠਾ ਰਹੇ ਆਪ ਅਤੀਤਾ, ਪੂਰਬ ਕਰਮ ਰਿਹਾ ਵਿਚਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨ ਭਗਤਾਂ ਦੇਵੇ ਨਾਮ ਵਰ, ਮਾਨਸ ਦੇਹੀ ਨਾ ਆਏ ਹਾਰਾ । ਮਾਨਸ ਦੇਹੀ ਮਾਣ, ਹਰਿ ਰਘੁਰਾਇਆ । ਆਪੇ ਕਰੇ ਕਲ ਪਛਾਣ, ਸਾਚਾ ਰਾਹ ਰਿਹਾ ਦਿਖਾਇਆ । ਆਪ ਬਿਠਾਏ ਸ਼ਬਦ ਬਿਬਾਣ, ਦਹਿ ਦਿਸ਼ਾ ਰਿਹਾ ਉਡਾਇਆ । ਸਰਬ ਘਟਾਂ ਹਰਿ ਜਾਣੀ ਜਾਣ, ਪੜਦਾ ਉਹਲਾ ਨਾ ਕੋਈ ਰਖਾਇਆ । ਭਗਤ ਸੁਹੇਲਾ ਦੇਵੇ ਜੀਆ ਦਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਘਰ ਸਾਚੇ ਮਾਣ ਦਵਾਇਆ । ਦਰ ਘਰ ਸਾਚੇ ਮਾਣ ਧੁਰ ਦਰਬਾਰਿਆ । ਜਨ ਭਗਤਾਂ ਏਕਾ ਤਾਣ, ਨਰ ਨਿਰੰਕਾਰਿਆ । ਆਤਮ ਜੋਤੀ ਮੇਲ ਮਿਲਾਨ, ਆਪ ਸੁਹਾਏ ਸਰਬ ਦਵਾਰਿਆ । ਵੇਖੇ ਖੇਲ ਸ੍ਰੀ ਭਗਵਾਨ, ਲੋਕਮਾਤੀ ਕਰ ਅਕਾਰਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਕਲਜੁਗ ਜੀਵ ਆਪੇ ਭੁੰਨੇ ਜਿਉਂ ਭਠਿਆਲੇ ਦਾਣਿਆ । ਕਲਜੁਗ ਕਾਲੀ ਧਾਰ, ਜਗਤ ਅਕਾਲੀਆ । ਆਪੇ ਰਿਹਾ ਸਰਬ ਪਸਾਰ, ਵੇਖ ਵਖਾਣੇ ਜੀਵ ਜੰਤ ਸਾਧ ਸੰਤ ਗਵਾਰ, ਦੋ ਜਹਾਨਾਂ ਸਾਚਾ ਵਾਲੀਆ । ਅੰਜ਼ੀਲ ਕੁਰਾਨਾ ਪੈਣੀ ਮਾਰ, ਵੇਦ ਪੁਰਾਨਾ ਭਰਮ ਨਿਵਾਰ, ਸ਼ਬਦ ਕਮਾਨ ਇਕ ਉਠਾ ਲਿਆ । ਚਾਰੇ ਖਾਣੀ ਹੋਏ ਹੈਰਾਨ, ਸਾਚੀ ਬਾਣੀ ਹੋਏ


੩੨੩ ੦੫

ਪਰਧਾਨ, ਝੁੱਲੇ ਏਕਾ ਸ਼ਬਦ ਨਿਸ਼ਾਨ, ਅੰਮ੍ਰਿਤ ਮਿਲੇ ਸਾਚਾ ਪਾਣੀਆ । ਵਰਨ ਅਠਾਰਾਂ ਸਰਬ ਮਿਟ ਜਾਣ, ਦਸ ਗਿਆਰਾਂ ਖੇਲ ਮਹਾਨ, ਚਾਰ ਯਾਰਾਂ ਆਈ ਹਾਣ, ਈਸਾ ਮੂਸਾ ਹੋਏ ਵੈਰਾਨਿਆ । ਸੋਹੰ ਝੁੱਲੇ ਇਕ ਨਿਸ਼ਾਨ, ਸੱਤਾਂ ਦੀਪਾਂ ਹਰਿ ਪ੍ਰਧਾਨ, ਨੌਵਾਂ ਖੰਡਾਂ ਕਰ ਧਿਆਨ, ਲੋਆਂ ਪੁਰੀਆਂ ਰੱਖੇ ਆਨਿਆ । ਬ੍ਰਹਮਾ ਮਾਰੇ ਹੇਠ ਧਿਆਨ, ਕਵਣ ਖੋਲ੍ਹੇ ਮਾਤ ਦੁਕਾਨ, ਕਾਇਆ ਮੰਦਰ ਸਚ ਮਕਾਨ, ਸੰਬਲ ਦੇਸ ਵੇਸ ਭਗਵਾਨਿਆ । ਸ਼ਿਵ ਸ਼ੰਕਰ ਤੁਟਾ ਮਾਣ, ਏਕਾ ਤੀਰ ਨਿਰਾਲਾ ਛੁਟਾ, ਵੇਖ ਵਖਾਣੇ ਸ੍ਰੀ ਭਗਵਾਨਿਆ । ਫਲ ਨਾ ਦੀਸੇ ਕਿਸੇ ਡਾਲਾ, ਸੁਰਪਤ ਰਾਜਾ ਇੰਦ ਕਰੋੜ ਤੇਤੀਸਾ ਨਿਵਾਏ ਸੀਸਾ, ਕਵਣ ਕਲ ਕਲਜੁਗ ਵਰਤੇ ਦੋ ਜਹਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੰਡ ਮੰਡਲ ਵਰਭੰਡ ਬ੍ਰਹਿਮੰਡ ਉਤਭੁਜ ਸੇਤਜ ਜੇਰਜ ਅੰਡ ਵੰਡ ਕਰਾਨਿਆ । ਕਰੇ ਕਰਾਏ ਵੰਡ ਆਪ ਕਰਾਇਆ । ਵੇਖੇ ਖੇਲ ਨਵ ਨਵ ਖੰਡ, ਸਤਾਂ ਦੀਪਾਂ ਰਿਹਾ ਹਿਲਾਇਆ । ਸ਼ਬਦ ਫੜ ਚੰਡ ਪਰਚੰਡ, ਜੋਤੀ ਸੂਰਾ ਰਿਹਾ ਜਗਾਇਆ । ਲੱਖ ਚੁਰਾਸੀ ਵੱਢੇ ਕੰਡ, ਕਲਜੁਗ ਟੁੱਟੀ ਨਾ ਕੋਇ ਦੇਵੇ ਗੰਢ, ਚਾਰੋਂ ਕੁੰਟ ਦਏ ਦੁਹਾਇਆ । ਰੈਣ ਅੰਧੇਰੀ ਗਈ ਹੰਢ, ਮਨਮੁਖਾਂ ਉਠਾਈ ਪਾਪਾਂ ਪੰਡ, ਝੂਠਾ ਭਾਰ ਸਿਰ ਉਠਾਇਆ । ਗੁਰਮੁਖਾਂ ਆਤਮ ਪਾਏ ਠੰਡ, ਭਰਮ ਭੁਲੇਖਾ ਕਰੇ ਖੰਡ, ਅੰਮ੍ਰਿਤ ਸਾਚਾ ਜਾਮ ਪਿਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨ ਭਗਤਾਂ ਦੇਵੇ ਨਾਮ ਵਰ, ਆਤਮ ਸੇਜਾ ਸਚ ਸਿੰਘਾਸਣ ਡੇਰਾ ਲਾਇਆ । ਆਤਮ ਸੇਜਾ ਸਚ ਟਿਕਾਣਾ ਹਰਿ ਬਿਰਾਜਿਆ । ਨਿੱਜ ਘਰ ਆਤਮ ਰੱਖੇ ਵਾਸਨ, ਸਦਾ ਰਹੇ ਦਾਸ ਦਾਸਨ, ਸ਼ਬਦ ਚਲਾਏ ਸਵਾਸ ਸਵਾਸਨ, ਅਡੋਲ ਅਡੋਲਾ ਪ੍ਰਿਥਮੀ ਅਕਾਸਿਆ । ਜੋਤ ਸਰੂਪੀ ਪਾਏ ਰਾਸਨ, ਮਿਲੇ ਮੇਲ ਸਰਬ ਗੁਣਤਾਸਨ, ਚੜ੍ਹੇ ਤੇਲ ਪੁਰਖ ਅਬਿਨਾਸ਼ਣ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨ ਭਗਤਾਂ ਦੇਵੇ ਨਾਮ ਵਰ, ਚੜ੍ਹਾਏ ਰੰਗ ਲਾਲ ਗੁਲਾਸਿਆ । ਰੰਗ ਲਾਲ ਕਾਇਆ ਚੋਲਿਆ । ਗੁਰਮੁਖ ਸਾਚੇ ਲਏ ਭਾਲ, ਲੱਖ ਚੁਰਾਸੀ ਆਪ ਵਿਰੋਲਿਆ । ਸ਼ਬਦ ਬਣਾਏ ਇਕ ਦਲਾਲ, ਸੁਣੇ ਸੁਣਾਏ ਸਾਚਾ ਢੋਲਿਆ । ਅੱਠੇ ਪਹਿਰ ਹੋਏ ਰਖਵਾਲ, ਕਾਇਆ ਮੰਦਰ ਅੰਦਰ ਬੋਲਿਆ । ਆਪੇ ਚਲੇ ਅਵੱਲੜੀ ਚਾਲ, ਜਨ ਭਗਤਾਂ ਦੱਸੇ ਰਾਹ ਸੁਖਾਲ, ਬਜਰ ਕਪਾਟੀ ਪੜਦਾ ਖੋਲ੍ਹਿਆ । ਜੋਤੀ ਜਗੇ ਬੇਮਿਸਾਲ ਸ਼ਬਦ ਵੱਜੇ ਸਾਚਾ ਤਾਲ, ਧੁਨੀ ਨਾਦ ਅਨਾਹਦ ਧਾਰਾ ਏਕਾ ਬੋਲਿਆ । ਭਾਗ ਲੱਗੇ ਕਾਇਆ ਖਾਲ, ਹੋਏ ਉਜਿਆਰਾ ਮਸਤਕ ਥਾਲ, ਜੋਤ ਨਿਰੰਜਣ ਤੀਜੇ ਨੇਤਰ ਪਾਵੇ ਸਾਚਾ ਅੰਜਨ, ਸਦਾ ਸੁਹੇਲਾ ਵਸੇ ਕੋਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦੇਵੇ ਨਾਮ ਵਰ, ਬਜਰ ਕਪਾਟੀ ਪੜਦਾ ਖੋਲ੍ਹਿਆ । ਜੋਤੀ ਨੂਰ ਅਪਾਰ, ਸਰਬ ਪਸਾਰਿਆ । ਗੋਤੀ ਵਰਨ ਵਸੇ ਬਾਹਰ ਭੇਵ ਨਿਆਰਿਆ । ਲੱਖ ਚੁਰਾਸੀ ਪਸਰ ਪਸਾਰ, ਅੰਤ ਨਾ ਪਾਰਾਵਾਰਿਆ । ਆਵੇ ਜਾਵੇ ਵਾਰੋ ਵਾਰ, ਲੋਕਮਾਤ ਲਏ ਅਵਤਾਰ, ਜੁਗਾ ਜੁਗੰਤ ਸਾਚੀ ਕਾਰਿਆ । ਕਲਜੁਗ ਕਰਮ ਰਿਹਾ ਵਿਚਾਰ, ਧਰਤ ਮਾਤ ਕਰੇ ਪੁਕਾਰ, ਪੁਰਖ ਅਬਿਨਾਸ਼ੀ ਪਾਏ ਸਾਰ, ਜੋਤੀ ਜਾਮਾ ਭੇਖ ਅਪਾਰਿਆ । ਸ਼ਬਦ ਡੰਕ ਅਪਰ ਅਪਾਰ, ਰਾਓ ਰੰਕ ਰੰਕ ਸੁਨਾਰ, ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਆਪ ਸੁਣਾ ਰਿਹਾ । ਅੰਤਮ ਛੱਡੇ ਬੰਕ ਦਵਾਰ, ਮਾਇਆ ਧਾਰੀ ਫੜ ਫੜ ਕੱਢੇ ਬਾਹਰ, ਸ਼ਬਦ ਸਰੂਪੀ ਖੰਡਾ ਧਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਵਿਚ ਸੰਸਾਰ । ਆਵੇ ਵਾਰੋ ਵਾਰ ਵਡ ਸੰਸਾਰਿਆ । ਜੁਗਾ ਜੁਗੰਤਰ ਸਾਚੀ ਕਾਰ, ਨਾ ਕੋਈ ਪਾਵੇ ਸਾਰਿਆ । ਏਕਾ ਜੋਤ ਨਿਰੰਜਣ ਸਰਬ

ਪਸਾਰ, ਭਰਮ ਭੁਲੇਖੇ ਸਰਬ ਭੁਲਾ ਰਿਹਾ । ਗੁਰਮੁਖ ਵਿਰਲਾ ਕਰੇ ਵਣਜ ਵਪਾਰ, ਜਿਸ ਜਨ ਸਾਚਾ ਵਣਜ ਕਰਾ ਰਿਹਾ । ਕਲਜੁਗ ਰੀਤੀ ਅਪਰ ਅਪਾਰ, ਜੂਠਾ ਝੂਠਾ ਕਰੇ ਪਸਾਰਿਆ । ਮੰਦਰ ਮਸੀਤੀ ਧੂੰਆਂਧਾਰ, ਗੀਤਾ ਗਿਆਨ ਨਾ ਸਕੇ ਵਿਚਾਰਿਆ । ਵੇਦ ਪੁਰਾਨਾਂ ਆਈ ਹਾਰ, ਪੜ੍ਹ ਪੜ੍ਹ ਥੱਕੇ ਵੇਦ ਵਿਆਸਾ ਮਾਤ ਲਿਖਾ ਰਿਹਾ । ਅੰਜੀਲ ਕੁਰਾਨਾਂ ਪੈਣੀ ਮਾਰ, ਵੇਖਣ ਅੱਖੀਂ ਮਦੀਨੇ ਮੱਕੇ, ਮੁਲਾਂ ਕਾਜ਼ੀ ਸ਼ੇਖ਼ ਮੁਸਾਇਕ ਔਲੀਏ ਪੀਰ ਸ਼ੇਖ਼ ਕਰੇ ਕਰਾਏ ਖ਼ਬਰਦਾਰ, ਖਾਣੀ ਬਾਣੀ ਰਾਹ ਸਾਚਾ ਤੱਕੇ, ਕਲਜੁਗ ਫਲ ਅੰਤਮ ਪੱਕੇ, ਕਵਣ ਕੂਟੇ ਸ਼ਬਦ ਝੂਟੇ ਪ੍ਰਭ ਲਏ ਮਾਤ ਅਵਤਾਰਿਆ । ਸੰਬਲ ਦੇਸ ਲੱਗੇ ਬੂਟੇ, ਕੀਆ ਵੇਸ ਦਰ ਦਰਵੇਸ ਗੁਰ ਦਸਮੇਸ਼ ਸਾਚਾ ਲੇਖਾ ਲਿਖ ਲਿਖ ਹਾਰਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵੇਖੇ ਖੇਲ ਕਲਜੁਗ ਤੇਰੀ ਅੰਤਮ ਵਾਰਿਆ । ਕਲਜੁਗ ਦੁਹਾਗਣ ਨਾਰ ਵਿਚ ਵਰਭੰਡਿਆ । ਨਾ ਕੋਈ ਸੁਣੇ ਸੁਣਾਏ ਸਾਚਾ ਰਾਗਣ, ਬੱਤੀ ਦੰਦਾਂ ਪਾਇਣ ਡੰਡਿਆ । ਗੁਰਮੁਖ ਵਿਰਲੇ ਉਠ ਉਠ ਜਾਗਣ, ਆਤਮ ਰਹੇ ਸਦਾ ਵੈਰਾਗਣ, ਨੇੜ ਨਾ ਆਏ ਮਾਇਆ ਡੱਸਣੀ ਨਾਗਣ, ਸ਼ਬਦ ਫੜਾਇਆ ਹੱਥ ਸਮਰਥ ਸਾਚਾ ਖੰਡਿਆ । ਆਪ ਬਣਾਏ ਹੰਸ ਕਾਗਣ, ਦੁਰਮਤ ਮੈਲ ਧੋਏ ਦਾਗਨ, ਮਿਲੇ ਮੇਲ ਹਰਿ ਕੰਤ ਸੁਹਾਗਣ, ਫੜੇ ਸ਼ਬਦ ਚੰਡ ਪਰਚੰਡਿਆ । ਸ਼ਬਦ ਚੰਡ ਕਟਾਰ ਹੱਥ ਉਠਾਈਆ । ਨੌਂ ਖੰਡ ਪ੍ਰਿਥਮੀ ਪਾਏ ਵੰਡ, ਸੰਬਲ ਦੇਸ ਵੰਡ ਵੰਡਾਈਆ । ਵੇਖ ਵਖਾਣੇ ਬੇਮੁਖ ਜੀਵ ਨਾਰ ਦੁਹਾਗਣ ਰੰਡ, ਗੁਰਮੁਖ ਸਾਚੇ ਰਿਹਾ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਖੋਲ੍ਹੇ ਸਚ ਦਰ, ਸ਼ਬਦ ਖੰਡਾ ਰਿਹਾ ਫੜ, ਲੱਖ ਚੁਰਾਸੀ ਚੁੱਕੇ ਡਰ, ਸਾਚੀ ਦਾਤ ਨਾਮ ਸੁਗਾਤ ਆਤਮ ਲਾਲੀ ਕਾਇਆ ਡਾਲੀ ਆਪ ਟਿਕਾਈਆ । ਜਗਤ ਤ੍ਰਿਸ਼ਨਾ ਅੱਗ ਜਗਤ ਜਲਾਇਆ । ਗੁਰ ਪੂਰੇ ਪਕੜੋ ਪਗ, ਲੇਖਾ ਲਿਖ ਲਿਖ ਦਏ ਮਿਟਾਇਆ । ਮੁਖ ਲਗਾਏ ਸ਼ਬਦ ਸਗ, ਸਾਚੇ ਬੰਧਨ ਸ਼ਬਦ ਬੰਧਾਇਆ । ਦਰ ਦਵਾਰਾ ਏਕਾ ਮੰਗ, ਹਉਮੇ ਹੰਗਤਾ ਰੋਗ ਗਵਾਇਆ । ਅੱਠੇ ਪਹਿਰ ਪਰਮਾਨੰਦ, ਚਰਨ ਕਵਲ ਕਵਲ ਚਰਨ ਸੀਸ ਨਿਵਾਇਆ । ਨੂਰ ਨੁਰਾਨੀ ਸੀਤਲ ਧਾਰਾ ਚੜ੍ਹ ਚੰਦ, ਤਾਰਾ ਮੰਡਲ ਮੰਡਪ ਆਪ ਸੁਹਾਇਆ । ਖ਼ੁਸ਼ੀ ਰਖਾਏ ਬੰਦ ਬੰਦ, ਰਸਨ ਪਿਆਏ ਨਿਜ਼ਾਨੰਦ, ਨਿਜ ਘਰ ਆਤਮ ਹਰਿ ਵਸਾਇਆ । ਜਗਤ ਜੰਜ਼ਾਲਾ ਤੋੜੇ ਫੰਦ, ਗੁਰ ਗੋਪਾਲਾ ਨਾਮ ਸੁਗੰਧ, ਭਰਮਾ ਕੰਧ ਮਿਟਾਇਆ । ਜਗਤ ਅੰਧੇਰਾ ਆਤਮ ਅੰਧ, ਮਦਿਰਾ ਮਾਸ ਤਜਣਾ ਗੰਦ, ਆਪੇ ਆਪ ਬਣੇ ਬਖ਼ਸ਼ੰਦ, ਕਾਇਆ ਮੰਦਰ ਅੰਦਰ ਡੇਰਾ ਲਾਇਆ । ਜੋਤੀ ਜੋਤ ਸਰੂਪ ਹਰਿ, ਏਕਾ ਵਸੇ ਸਚ ਘਰ, ਲੋਕਮਾਤੀ ਚੁੱਕੇ ਡਰ, ਪੁਰਖ ਬਿਧਾਤੀ ਮਿਲੇ ਵਰ, ਗੁਰ ਸੰਗਤ ਮੇਲਾ ਮੇਲ ਸੱਜਣ ਸੁਹੇਲ ਚਿੰਤਾ ਰੋਗ ਜਗਤ ਵਿਜੋਗ ਦੇਵੇ ਸਰਬ ਮਿਟਾਇਆ । ਗੁਰ ਸ਼ਬਦ ਗੁਰ ਗਿਆਨ ਨੇਤਰ ਪਾਵਣਾ । ਅੱਠੇ ਪਹਿਰ ਚਰਨ ਧਿਆਨ ਰਮਈਆ ਰਾਮ ਗਾਵਣਾ । ਆਤਮ ਉਪਜੇ ਬ੍ਰਹਮ ਗਿਆਨ, ਦੀਪਕ ਜੋਤੀ ਇਕ ਜਗਾਵਣਾ । ਵੱਜੇ ਸ਼ਬਦ ਨਿਰਾਲਾ ਬਾਣ, ਬਜਰ ਕਪਾਟੀ ਪਾਰ ਕਰਾਵਣਾ । ਇਕ ਰਖਾਏ ਸਾਚੀ ਆਣ, ਦੇਵੇ ਮਾਣ ਜਗਤ ਨਿਮਾਣਿਆ । ਦਰ ਦਵਾਰੇ ਸਚ ਪਛਾਣ, ਆਪੇ ਜਾਣੇ ਜਾਣੀ ਜਾਣ ਜਾਣਿਆ । ਝੂਠਾ ਕੱਚ ਜਗਤ ਦੁਕਾਨ, ਮਾਇਆ ਮਮਤਾ ਭਰਮ ਭੁਲਾਣਿਆ । ਪੰਜੇ ਚੋਰ ਅੰਦਰ ਰਹੇ ਨੱਚ, ਲੁੱਟਣ ਮਾਲ ਧਨ ਧਨ ਧਨਵਾਣਿਆ । ਗੁਰਮੁਖ ਵਿਰਲਾ ਜਾਏ ਬਚ, ਜਿਸ ਫੜਾਏ ਆਪਣਾ ਦਾਮਨਾ । ਬਹੱਤਰ ਨਾੜੀ ਰਿਹਾ ਰਚ, ਤਿੰਨ ਸੌ ਸਠ ਹਾਡੀ ਹੋਏ ਜਾਮਨਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖਾਂ ਦੇਵੇ ਇਕ ਵਰ, ਦਰ ਦਵਾਰਾ ਇਕ

ਪਛਾਨਣਾ । ਸੁਰਤ ਗਿਆਨ ਧਿਆਨ ਸ਼ਬਦ ਉਡਾਰੀਆ । ਮਿਲੇ ਮੇਲ ਪੁਰਖ ਸਾਜਨ, ਦਸਮ ਮਹੱਲ ਉਚ ਅਟਾਰੀਆ । ਵੇਖੇ ਖੇਲ ਅੱਜ ਕਲ, ਜੋਤੀ ਜਾਮਾ ਹਰਿ ਪ੍ਰਬਲ, ਨਵ ਖੰਡ ਪਾਵੇ ਸਾਰਿਆ । ਆਪੇ ਵਸੇ ਜਲ ਥਲ, ਵੇਖ ਵਖਾਣੇ ਜੰਗਲ ਜੂਹ ਉਜਾੜ ਪਹਾੜ ਡੂੰਘੀ ਡਲ, ਆਪੇ ਕਰੇ ਹੇਰਾ ਫੇਰਿਆ । ਸਚ ਦਵਾਰਾ ਏਕਾ ਲੈਣਾ ਮੱਲ, ਦੀਪਕ ਜੋਤੀ ਜਾਏ ਬਲ, ਦੂਈ ਦਵੈਤੀ ਮਿਟੇ ਸਲ ਆਪੇ ਤਾਰੇ ਕਰ ਕਰ ਆਪਣੀ ਮਿਹਰਿਆ । ਸ਼ਬਦ ਸਰੂਪੀ ਚਲੇ ਹਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਦੇਵੇ ਨਾਮ ਵਰ, ਦੇਵੇ ਦਰਸ ਨਾ ਲਾਏ ਦੇਰਿਆ । ਜੋਤੀ ਜਾਮਾ ਭੇਖ ਅਪਾਰ, ਵਡ ਬਲਕਾਰਿਆ । ਕਲਜੁਗ ਤੇਰੀ ਅੰਤਮ ਵਾਰ, ਵਿਚ ਸੰਸਾਰਿਆ । ਵੇਖ ਵਖਾਣੇ ਮੁਹੰਮਦੀ ਯਾਰ, ਚਾਰੋਂ ਕੁੰਟ ਕਰ ਵਿਚਾਰਿਆ । ਅਲ੍ਹਾ ਰਾਣੀ ਰੋਵੇ ਧਾਹਾਂ ਮਾਰ, ਕਾਲਾ ਸੂਸਾ ਤਨ ਸ਼ਿੰਗਾਰਿਆ । ਸੁਘੜ ਸਿਆਣੀ ਵਿਚ ਸੰਸਾਰ, ਅੰਤਮ ਆਇਆ ਪਾਸਾ ਹਾਰਿਆ । ਨਾਮ ਮਧਾਣੀ ਤਨ ਅੱਧਵਿਚਕਾਰ, ਨਰ ਹਰਿ ਬਣਿਆ ਆਪ ਸੁਵਾਣੀਆ । ਰਿੜਕੀ ਜਾਏ ਵਾਰੋ ਵਾਰ, ਛਾਛ ਵਿਰੋਲੇ ਦੁਧੋਂ ਪਾਣੀਆ । ਵੇਲੇ ਅੰਤਮ ਆਈ ਹਾਰ, ਨਾ ਕੋਈ ਦੀਸੇ ਰਾਜ ਰਾਜਾਨ ਸ਼ਾਹ ਸੁਲਤਾਨ ਬਾਣੀਆ । ਕਲਜੁਗ ਤੇਰੀ ਤਿੱਖੀ ਧਾਰ, ਅੰਜ਼ੀਲ ਕੁਰਾਨਾਂ ਰਹੀ ਵਿਚਾਰ, ਜਗਤ ਦੁਕਾਨਾ ਹੋਏ ਖਵਾਰ, ਨਾ ਕੋਈ ਪਾਵੇ ਕਿਸੇ ਸਾਰਿਆ । ਜਗੇ ਜੋਤ ਅਗੰਮ ਅਪਾਰ, ਪੁਰਖ ਨਿਰੰਜਣ ਹਰਿ ਅਪਾਰ, ਕਲਜੁਗ ਕਾਲਾ ਵੇਸ ਦਰ ਦਰਵੇਸ਼ ਖੁਲ੍ਹੜੇ ਕੇਸ ਭੇਖ ਅਪਾਰ, ਆਪੇ ਜਾਣੇ ਸਰਬ ਘਰ ਜਾਣੀਆ । ਜੋਤੀ ਜੋਤ ਸਰੂਪ ਹਰਿ, ਕਲਜੁਗ ਅੰਤਮ ਭੇਖ ਧਰ, ਵੇਖ ਵਖਾਣੇ ਖਾਣੀ ਬਾਣੀਆ । ਖਾਣੀ ਬਾਣੀ ਕਰ ਧਿਆਨ, ਵੇਖੇ ਖੇਲ ਹਰਿ ਰਘੁਰਾਈਆ । ਗੁਰਮੁਖ ਵਿਰਲਾ ਚਤੁਰ ਸੁਜਾਨਾ ਆਤਮ ਬ੍ਰਹਮ ਪਾਰਬ੍ਰਹਮ ਬ੍ਰਹਮ ਮੇਲ ਮਿਲਾਈਆ । ਜਗਤ ਅਧਰਮੀ ਏਕਾ ਧਰਮ, ਜੁਗਾ ਜੁਗੰਤਰ ਸਾਚਾ ਕਰਮ ਆਪੇ ਵੇਖ ਵਖਾਈਆ । ਜੀਵ ਜੰਤ ਭੁੱਲੇ ਭਰਮ, ਸਾਧ ਸੰਤ ਆਤਮ ਵਰਮ, ਨਾਮ ਮਰ੍ਹਮ ਨਾ ਕੋਇ ਲਗਾਈਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਲੈ ਜਰਮ, ਆਪ ਆਪਣੀ ਜੋਤ ਜਗਾਈਆ । ਜਗੀ ਜੋਤ ਅਕਾਲ ਵਿਚ ਸੰਸਾਰਿਆ । ਪਰਗਟ ਹੋਏ ਦੀਨ ਦਿਆਲ, ਖੋਲ੍ਹੇ ਵਡ ਭੰਡਾਰਿਆ । ਆਪੇ ਤੋੜੇ ਜਗਤ ਜੰਜਾਲ, ਵੇਖ ਵਖਾਣੇ ਕਾਲ ਮਹਾਂਕਾਲ, ਸਾਲ ਬਾਰ੍ਹਵੇਂ ਤੇਜ ਕਟਾਰਿਆ । ਏਕਾ ਉਠੇ ਮਾਰ ਛਾਲ, ਗੁਰਮੁਖਾਂ ਤੁਠੇ ਹੋਏ ਰਖਵਾਲ, ਆਪ ਬੰਨ੍ਹਾਇਆ ਏਕਾ ਮੁੱਠੇ ਫਲ ਲਗਾਏ ਕਾਇਆ ਡਾਲ, ਆਪ ਬਹਾਏ ਦਰ ਦਰਬਾਰਿਆ । ਅੰਮ੍ਰਿਤ ਸੁਹਾਏ ਸਾਚਾ ਤਾਲ, ਅੰਦਰੇ ਅੰਦਰ ਲਵਾਏ ਛਾਲ, ਕਾਗ ਹੰਸ ਆਪ ਬਣਾ ਰਿਹਾ । ਦੇਵੇ ਨਾਮ ਸੱਚਾ ਧਨ ਮਾਲ, ਜੋਤੀ ਦੀਪਕ ਦੇਵੇ ਬਾਲ, ਗਗਨ ਮਸਤਕ ਸਾਚੀ ਥਾਲੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਚਲੇ ਚਾਲ ਮਾਤ ਨਿਰਾਲੀਆ । ਕਲਜੁਗ ਚਾਲ ਨਿਰਾਲੀ ਹਰਿ ਚਲਾਈਆ । ਜਗੇ ਜੋਤ ਇਕ ਜ਼ਵਾਲੀ, ਅਸ਼ਟਭੁਜ ਸੀਸ ਨਿਵਾਈਆ । ਸ੍ਰਿਸ਼ਟ ਸਬਾਈ ਆਪੇ ਪਾਲੀ, ਆਵਣ ਜਾਵਣ ਰਚਨ ਰਚਾਈਆ । ਵੇਖੇ ਖੇਲ ਬਵੰਜਾ ਸਾਲੀ, ਕਾਇਆ ਮਾਟੀ ਦੇਹ ਤਜਾਈਆ । ਜੋਤੀ ਜੋਤ ਸਰੂਪ ਹਰਿ, ਜੋਤ ਸਰੂਪ ਬਣ ਦਲਾਲੀ, ਸ਼ਬਦ ਦਲਾਲਾ ਨਾਲ ਰਲਾਈਆ । ਜੋਤ ਨਿਰੰਜਣ ਇਕ ਅਕਾਲੀ, ਕਲਜੁਗ ਕਾਲਾ ਵੇਸ ਵਟਾਈਆ । ਗੁਰਮੁਖ ਸਾਚੇ ਰਿਹਾ ਭਾਲੀ, ਪਰਗਟ ਹੋਇਆ ਸਾਚਾ ਵਾਲੀ, ਸਾਚਾ ਮੇਲ ਰਿਹਾ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਕਾਲੀ ਧਾਰ ਵਿਚ ਸੰਸਾਰ ਵੇਖ ਵਖਾਣੇ ਥਾਉਂ ਥਾਈਆ । ਕਲਜੁਗ ਕਾਲੀ ਧਾਰ, ਕੂੜ ਕੁੜਿਆਰਿਆ । ਚਾਰੋਂ ਕੁੰਟ ਪਸਰ ਪਸਾਰ, ਦਰ

੩੨੭
੦੫

ਦਰ ਘਰ ਘਰ ਕਰੇ ਸ਼ਿੰਗਾਰਿਆ । ਏਕਾ ਭੁਲਿਆ ਨਰ ਨਿਰੰਕਾਰ, ਮਾਨਸ ਦੇਹੀ ਪਾਸਾ ਹਾਰਿਆ । ਪਰਗਟ ਹੋਏ ਵਿਚ ਸੰਸਾਰ, ਸ਼ਬਦ ਡੰਕ ਇਕ ਵਜਾ ਰਿਹਾ । ਰਾਜ ਰਾਜਾਨਾਂ ਕਰੇ ਖ਼ਬਰਦਾਰ, ਦਵਾਰ ਬੰਕ ਇਕ ਸੁਹਾ ਰਿਹਾ । ਨੌਂ ਖੰਡ ਪ੍ਰਿਥਮੀ ਹੋਏ ਧੂੰਦੂਕਾਰ, ਸੱਤਾਂ ਦੀਪਾਂ ਅੰਧੇਰਾ ਛਾ ਰਿਹਾ । ਲੋਆਂ ਪੁਰੀਆਂ ਹਾਹਾਕਾਰ, ਸੁਰਪਤ ਰਾਜਾ ਇੰਦ ਦਰ ਕੁਰਲਾ ਰਿਹਾ । ਸ਼ਿਵ ਸ਼ੰਕਰ ਰੋਵੇ ਜ਼ਾਰੋ ਜ਼ਾਰ, ਗਣਪਤ ਗਣੇਸ਼ ਸੀਸ ਝੁਕਾ ਰਿਹਾ । ਬ੍ਰਹਮਾ ਨੇਤਰ ਵੇਖੇ ਖੋਲ੍ਹ ਉਘਾੜ, ਕਵਣ ਜੋਤੀ ਜੋਤ ਜਗਾ ਰਿਹਾ । ਲੋਕਮਾਤੀ ਦਰ ਦਰ ਘਰ ਘਰ ਵੇਖੇ ਗੌੜ ਬ੍ਰਾਹਮਣ ਪਰਗਟ ਹੋਏ ਕਵਣ ਪਹਾੜ, ਕਵਣ ਬਜਰ ਆਸਣ ਲਾ ਲਿਆ । ਲੋਇਣ ਤੀਜਾ ਦਏ ਉਘਾੜ, ਦੀਪਕ ਜੋਤੀ ਇਕ ਟਿਕਾ ਲਿਆ । ਸੰਬਲ ਦੇਸ ਕਵਣ ਅਖਾੜ, ਗੁਰ ਗੋਬਿੰਦੇ ਲੇਖ ਲਿਖਾ ਲਿਆ । ਜੋਤੀ ਜਗੇ ਬਹੱਤਰ ਨਾੜ, ਹਰਿ ਘਰ ਸਾਚੇ ਵੇਖ ਵਖਾ ਲਿਆ । ਆਪੇ ਫਿਰੇ ਪਿਛੇ ਅਗਾੜ, ਲਾੜੀ ਲਾੜਾ ਆਪ ਸਜਾ ਲਿਆ । ਨੇੜ ਨਾ ਆਏ ਮੌਤ ਲਾੜ, ਧਰਮ ਰਾਏ ਇਹ ਸਮਝਾ ਲਿਆ । ਨੌਂ ਦਵਾਰੇ ਦੇਵੇ ਪਾੜ, ਦਸਮ ਦਵਾਰੇ ਡੇਰਾ ਲਾ ਲਿਆ । ਬਜਰ ਕਪਾਟੀ ਦੇਵੇ ਪਾੜ, ਸ਼ਬਦ ਤੀਰ ਹੱਥ ਉਠਾ ਲਿਆ । ਦਰ ਘਰ ਸਾਚੇ ਦੇਵੇ ਵਾੜ, ਗੁਰਮੁਖ ਸਾਚੇ ਲੜ ਫੜਾ ਲਿਆ । ਆਪੇ ਘੜੇ ਸੱਚਾ ਘਾੜ, ਦਿਸ ਕਿਸੇ ਨਾ ਆ ਰਿਹਾ । ਸ਼ਬਦ ਘੋੜੇ ਰਿਹਾ ਚਾੜ੍ਹ, ਵਾਗ ਆਪਣੇ ਹੱਥ ਰਖਾ ਰਿਹਾ । ਵਰਤੇ ਖੇਲ ਕਲਜੁਗ ਹਾੜ, ਚਾਰੋਂ ਕੁੰਟ ਜੂਠੀ ਝੂਠੀ ਧਾੜ ਝੜ੍ਹਾ ਰਿਹਾ । ਕਲਜੁਗ ਜੀਵਾਂ ਦਿਵਸ ਮਾੜ, ਸਾਧ ਸੰਤ ਨਾ ਕੋਈ ਬਚਾ ਰਿਹਾ । ਲਾੜੀ ਮੌਤ ਨਾ ਮੰਗੇ ਭਾੜ, ਹੋਏ ਵਿਚੋਲਾ ਨਾ ਕੋਈ ਛੁਡਾ ਰਿਹਾ । ਕਲਜੁਗ ਕਾਲ ਚਬਾਏ ਆਪਣੀ ਦਾੜ, ਦਰ ਘਰ ਸਾਚਾ ਵਰ ਘਰ ਪਾ ਲਿਆ । ਧਰਤ ਮਾਤ ਤੇਰਾ ਅਖਾੜ, ਨੌਂ ਖੰਡ ਆਪ ਰਚਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਵਿਚ ਜਹਾਨਾਂ ਪੜਦਾ ਪਾ ਰਿਹਾ । ਮਾਇਆ ਪੜਦਾ ਪਾਏ ਰਾਜ ਰਾਜਾਨਿਆ । ਗੁਰਮੁਖ ਸਾਚੇ ਆਪ ਜਗਾਏ, ਦੇਵੇ ਨਾਮ ਗੁਣ ਨਿਧਾਨਿਆ । ਬੇਮੁਖ ਭਰਮੇ ਭਰਮ ਭੁਲਾਏ, ਝੂਠੇ ਧੰਦੇ ਮਾਤ ਲਾਏ, ਆਤਮ ਅੰਧੇ ਫਿਰਨ ਹਲਕਾਏ, ਨਾ ਕੋਈ ਜਾਣੇ ਸ੍ਰੀ ਭਗਵਾਨਿਆ । ਗੁਰਮੁਖ ਸਾਚੇ ਸਹਿਜ ਸਮਾਏ, ਆਪ ਆਪਣੀ ਸੇਵਾ ਲਾਏ, ਦੇਵੇ ਦਰਸ ਥਾਉਂ ਥਾਏਂ, ਦਰ ਘਰ ਸਾਚੇ ਕਰੇ ਪਰਵਾਨਿਆ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਕਲਜੁਗ ਕਾਲਾ ਵੇਸ ਨਾਲ ਰਲਾਏ ਪੰਜ ਸ਼ੈਤਾਨਿਆ । ਕਲਜੁਗ ਸਾਚੇ ਮੀਤ, ਪੰਜ ਸ਼ੈਤਾਨਿਆ । ਅੱਠੇ ਪਹਿਰ ਰਸਨਾ ਚੀਤ, ਨਾ ਕੋਈ ਕੱਢੇ ਦਾਨੀ ਦਾਨਿਆ । ਕਾਇਆ ਢਾਹੁੰਦੇ ਮੰਦਰ ਮਸੀਤ, ਮਾਰਨ ਸਦਾ ਹੰਕਾਰੀ ਕਾਨੀਆ । ਜਗਤ ਵਿਕਾਰੀ ਸੁਣਾਉਂਦੇ ਗੀਤ, ਦਿਵਸ ਰੈਣ ਬੇਈਮਾਨੀਆ । ਮਾਇਆ ਮਮਤਾ ਰਹੇ ਮੀਤ, ਜੂਠੀ ਝੂਠੀ ਖ਼ਾਕ ਛਾਨੀਆ । ਗੁਰਮੁਖ ਵਿਰਲਾ ਜਗਤ ਅਤੀਤ, ਕਾਇਆ ਰਹੇ ਠੰਡੀ ਸੀਤ, ਏਕਾ ਗਾਏ ਸੁਹਾਗੀ ਗੀਤ, ਮਿਲੇ ਮੇਲ ਹਰਿ ਭਗਵਾਨੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਦੋ ਦੋ ਵਾਲੀ ਦੋ ਜਹਾਨੀਆ । ਦੋ ਧਾਰਾ ਹਰਿ ਚਲਾਈਆ । ਕਲਜੁਗ ਤੇਰੀ ਅੰਤਮ ਵਾਰਾ, ਸਾਚੀ ਬਣਤ ਬਣਾਈਆ । ਸਤਿਜੁਗ ਸਾਚੇ ਕਰ ਪਿਆਰਾ, ਧਰਤ ਮਾਤ ਦਾ ਇਕ ਦੁਲਾਰਾ, ਸਾਚੀ ਗੋਦ ਉਠਾਈਆ । ਮਾਇਆ ਧਾਰੀ ਹੈਂਸਿਆਰਾ, ਮਦਿਰਾ ਮਾਸੀ ਜਗਤ ਹਲਕਾਰਾ, ਗਿਆਨ ਗਿਆਤਾ ਪੁਰਖ ਬਿਧਾਤਾ ਸਦਾ ਰਿਹਾ ਭੁਲਾਈਆ । ਗੁਰਮੁਖ ਤੇਰੀ ਉਤਮ ਜ਼ਾਤਾ, ਅੰਮ੍ਰਿਤ ਪੀਵੇ ਬੂੰਦ ਸਵਾਂਤਾ, ਕਾਇਆ ਠੰਡੀ ਠਾਰ ਕਰਾਈਆ । ਆਪੇ ਪਿਤਾ ਆਪੇ ਮਾਤਾ,

ਆਪ ਬੰਧਾਏ ਚਰਨੀ ਨਾਤਾ, ਮੇਟ ਮਿਟਾਏ ਅੰਧੇਰੀ ਰਾਤਾ, ਸਾਚੀ ਸੇਵਾ ਆਪ ਲਗਾਈਆ । ਨਾਮ ਅਨਮੋਲ, ਅਨਮੋਲ, ਗੁਰਮੁਖ ਪਾਇਆ । ਗੁਰ ਪੂਰਾ ਤੋਲੇ ਤੋਲ, ਨਾ ਪੜਦਾ ਉਹਲਾ ਰਖਾਇਆ । ਆਤਮ ਪੜਦੇ ਰਿਹਾ ਖੋਲ੍ਹ, ਸ਼ਬਦ ਸਰੂਪੀ ਵੱਜੇ ਢੋਲ, ਨਾਮ ਮਰਦੰਗ ਇਕ ਰਖਾਇਆ । ਪਰਗਟ ਹੋਏ ਕਲਾ ਸੋਲ੍ਹ, ਕਲਜੁਗ ਅੰਤਮ ਖੇਲ ਰਚਾਇਆ । ਕਲਜੁਗ ਤੇਰੀ ਖੇਲੇ ਹੋਲ, ਲਾਲ ਵੇਸਾ ਤਨ ਸੁਹਾਇਆ । ਆਪੇ ਆਪ ਕਰਾਇਆ ਘੋਲ, ਕਲਜੁਗ ਲੇਖਾ ਆਪ ਮੁਕਾਇਆ । ਹਰਿ ਖੇਲੇ ਖੇਲ ਅਪਾਰ, ਪਵਣ ਮਸਾਣੀਆ । ਸ਼ਬਦ ਖੰਡਾ ਹੱਥ ਦੋ ਧਾਰ, ਗੁਰਮੁਖਾਂ ਬੇੜਾ ਕਰੇ ਪਾਰ, ਬੇਮੁਖਾਂ ਮਾਰੇ ਕਰ ਖੁਆਰ, ਰਾਜੇ ਛੱਡ ਛੱਡ ਭੱਜਣ ਰਾਣੀਆ । ਪਰਗਟ ਹੋਏ ਨਰ ਨਿਰੰਕਾਰ, ਵੇਖੇ ਖੇਲ ਅਪਰ ਅਪਾਰ, ਮੁਗਲ ਪਠਾਣੀ ਪੈਣੀ ਮਾਰ, ਨਾ ਕੋਈ ਜਾਣੇ ਸ਼ਾਹ ਈਰਾਨੀਆ । ਨਾ ਕੋਈ ਮੁਗਲ ਨਾ ਪਠਾਣਾ ਏ । ਨਾ ਕੋਈ ਰਾਜਾ ਨਾ ਕੋਈ ਰਾਣਾ ਏ । ਸ਼ਬਦ ਖੰਡਾ ਦੋ ਧਾਰ ਵਿਚ ਸੰਸਾਰਿਆ । ਭਰਮ ਭੁਲੇਖੇ ਰਿਹਾ ਨਿਵਾਰ, ਸੰਤ ਸੁਹੇਲੇ ਆਪ ਜਗਾ ਰਿਹਾ । ਸਚ ਕਰਾਏ ਵਣਜ ਵਪਾਰ, ਝੂਠ ਪਖੰਡਾ ਸਰਬ ਮਿਟਾ ਰਿਹਾ । ਜਗੇ ਜੋਤ ਅਪਰ ਅਪਾਰ, ਨੌਂ ਖੰਡਾਂ ਖੇਲ ਰਚਾ ਰਿਹਾ । ਸੱਤਾਂ ਦੀਪਾਂ ਏਕਾ ਧਾਰ, ਵਾਲੀ ਹਿੰਦ ਖ਼ਬਰਦਾਰ, ਸ਼ਬਦ ਸੁਨੇਹੜਾ ਆਪ ਘਲਾ ਰਿਹਾ । ਪਰਗਟ ਜੋਤ ਹਰਿ ਕਰਤਾਰ, ਅੱਸੂ ਤਿੰਨ ਦਿਵਸ ਵਿਚਾਰ, ਨਰ ਹਰਿ ਜਾਏ ਦਿੱਲੀ ਦਰਬਾਰ, ਸ਼ਾਹ ਸ਼ਹਾਨਾਂ ਕਰੇ ਖ਼ਬਰਦਾਰ, ਮਾਇਆਧਾਰੀ ਦਰ ਦੁਰਕਾਰ, ਬੇੜਾ ਡੋਬੇ ਅੰਤਮ ਵਾਰ, ਸਾਚਾ ਹੁਕਮ ਸੁਣਾ ਰਿਹਾ । ਜੋਤੀ ਜੋਤ ਸਰੂਪ ਹਰਿ, ਸੋਹੰ ਏਕਾ ਡੰਕ ਵਜਾ ਰਿਹਾ । ਗੁਰਮੁਖ ਮੰਗੇ ਮੰਗ ਚਰਨ ਦਵਾਰਿਆ । ਤਨ ਕਾਇਆ ਚੜ੍ਹੇ ਰੰਗ, ਹੋਏ ਦਰ ਭਿਖਾਰਿਆ । ਸਦਾ ਸਹਾਈ ਅੰਗ ਸੰਗ, ਸਦਾ ਸੁਹੇਲਾ ਪਹਿਰੇਦਾਰਿਆ । ਮਾਨਸ ਦੇਹੀ ਨਾ ਹੋਏ ਭੰਗ, ਲੱਖ ਚੁਰਾਸੀ ਲੇਖੇ ਲਾ ਰਿਹਾ । ਨੌਂ ਦਵਾਰੇ ਜਾਏ ਲੰਘ, ਦਸਮ ਦਵਾਰੀ ਦਰਸ ਦਿਖਾ ਰਿਹਾ । ਸ਼ਬਦ ਘੋੜੇ ਕਸਿਆ ਤੰਗ, ਕਾਇਆ ਮੰਦਰ ਚਾਰ ਦਿਵਾਰੀ ਆਪੇ ਮਿਟਾ ਰਿਹਾ । ਜੋਤੀ ਜੋਤ ਸਰੂਪ ਹਰਿ, ਇਕ ਵਜਾਏ ਨਾਮ ਮਰਦੰਗ, ਸੋਈ ਸੁਰਤੀ ਮਾਤ ਜਗਾ ਰਿਹਾ । ਸੋਈ ਸੁਰਤ ਜਗਾਏ, ਦਇਆ ਕਮਾਇੰਦਾ । ਗੁਰਮੁਖ ਸਾਚਾ ਸਚ ਸਰਨਾਏ, ਸਾਚਾ ਰਾਹ ਵਖਾਇੰਦਾ । ਰਿਧ ਸਿਧ ਨਾ ਕੋਈ ਉਠਾਏ, ਨੌਂ ਅਠਾਰਾਂ ਬੰਨ੍ਹ ਵਖਾਇੰਦਾ । ਪੰਜੇ ਚੋਰ ਰਹੇ ਸ਼ਰਮਾਏ, ਸ਼ਬਦ ਡੰਡਾ ਹਰਿ ਵਖਾਇੰਦਾ । ਗੁਰਮੁਖਾਂ ਘਾਲ ਪਾਏ ਥਾਏਂ, ਦਰ ਆਏ ਸੀਸ ਝੁਕਾਇੰਦਾ । ਮੰਗੀ ਮੰਗ ਇਕ ਰਘੁਰਾਏ, ਨਾਮ ਅਮੋਲਾ ਝੋਲੀ ਪਾਇੰਦਾ । ਨਰ ਹਰਿ ਸੱਚੀ ਸਰਨਾਏ, ਕਾਇਆ ਡੋਲਾ ਆਪ ਉਠਾਇੰਦਾ । ਵੇਲੇ ਅੰਤਮ ਪਕੜੇ ਬਾਹੇਂ, ਭੋਲਾ ਭਾਲਾ ਪਾਰ ਲੰਘਾਇੰਦਾ । ਸਦਾ ਰੱਖੇ ਠੰਡੀ ਛਾਏਂ, ਕਾਇਆ ਚੋਲੀ ਆਪ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖਾਂ ਦੇਵੇ ਨਾਮ ਵਰ, ਸੋਹੰ ਅੱਖਰ ਮਾਤ ਵੱਖਰ ਝੋਲੀ ਪਾਇੰਦਾ । ਸੋਹੰ ਅਜਪਾ ਜਾਪ, ਤਨ ਮਨ ਸੀਤਲਾ । ਮੇਟ ਮਿਟਾਏ ਤੀਨੋ ਤਾਪ, ਮੇਲ ਮਿਲਾਏ ਸਾਚਾ ਮੀਤਲਾ । ਲੋਕਮਾਤੀ ਵਡ ਪਰਤਾਪ, ਰਸਨਾ ਗਾਏ ਸੁਹਾਗੀ ਗੀਤਲਾ । ਦਰਸ ਦਿਖਾਏ ਆਪੇ ਆਪ, ਮਾਨਸ ਦੇਹੀ ਜਗ ਜੀਤਲਾ । ਆਪੇ ਮਾਈ ਆਪੇ ਬਾਪ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਾਇਆ ਕਰੇ ਠੰਡੀ ਸੀਤਲਾ । ਮਦਿਰਾ ਮਾਸ ਰਸਨਾ ਤਜ । ਸ਼ਬਦ ਸਿੰਘਾਸਣ ਚੜ੍ਹਨਾ ਭੱਜ । ਪੁਰਖ ਅਬਿਨਾਸ਼ੀ ਆਪੇ ਆਪ ਪੜਦੇ ਲਏ ਕੱਜ । ਆਪੇ ਜੋਗੀ ਜੋਗ ਜੁਗੀਸ਼ਰ ਸਾਧ ਸੰਤ ਆਪੇ ਮੰਦਰ ਅੰਦਰ ਬਹੇ ਸਜ । ਆਪੇ ਸੋਨੀ ਮੋਨੀ ਬਣ ਤਪੀਸ਼ਰ, ਆਪੇ ਮੱਕਾ ਕਾਅਬਾ ਹਾਜੀ ਹੱਜ । ਮੇਲ ਮਿਲਾਏ

੩੨੮
੦੫

ਦੋ ਦੋਆਬਾ । ਮਿਲੇ ਮੇਲ ਜੋਤ ਮਹਿਤਾਬਾ । ਅੰਮ੍ਰਿਤ ਪਿਆਏ ਹਯਾਤੇ ਆਬ ਜਾਮ ਸ਼ਰਾਬਾ । ਦਰ ਦਵਾਰਾ ਇਕ ਵਖਾਏ ਦਇਆ ਕਮਾਏ ਨਾ ਕੋਈ ਪੁੰਨ ਨਾ ਸਵਾਬਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖਾਂ ਦੇਵੇ ਨਾਮ ਵਰ, ਭਾਗ ਲਗਾਏ ਕਾਇਆ ਮੰਦਰ ਮਸਜਿਦ ਸਾਚਾ ਕਾਅਬਾ । ਮਨ ਸੁਰਤੀ ਸੁਰਤ ਬੰਧਾਈ ਨਹੀਂ । ਅਕਾਲ ਮੂਰਤ ਨਜ਼ਰੀ ਆਈ ਨਹੀਂ । ਮਦਿਰਾ ਮਾਸ ਰਸਨ ਤਜਾਈ ਨਹੀਂ । ਤ੍ਰਿਸਨਾ ਅਗਨ ਬੁਝਾਈ ਨਹੀਂ । ਪ੍ਰਭ ਮਿਲਣ ਦੀ ਆਸ, ਜਗਤ ਤ੍ਰਿਸਨਾ ਕਿਸੇ ਮਿਟਾਈ ਨਹੀਂ । ਦਰ ਘਰ ਸਾਚੇ ਪੂਰਨ ਹੋਵੇ ਆਸ, ਸਦਾ ਸੁਹੇਲਾ ਕਰੇ ਬੰਦ ਖੁਲਾਸ, ਨਾਨਕ ਗੁਰ ਗੁਰ ਨਾਨਕ ਦਰਸ ਪਰਸ ਨੇਤਰ ਨੈਣ ਬਿਗਸਾਈ ਨਹੀਂ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਜਨ ਆਏ ਸੱਚੀ ਸਰਨਾਈ ਨਹੀਂ । ਗੁਰ ਦਰਸ਼ਨ ਗੁਰ ਨੇਤਰ ਪਾਉਣਾ । ਕਾਇਆ ਖੇਤਰ ਰਸਨਾ ਹਲ ਚਲਾਉਣਾ । ਵੇਖੇ ਰੰਗ ਬਸੰਤ ਚੇਤਰ, ਫਲ ਫੁਲਵਾੜੀ ਮਾਤ ਲਗਾਉਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਚ ਵਰ, ਗੁਰ ਨਾਨਕ ਮਿਲੇ ਚਰਨ ਧੂੜ, ਨੇਤਰ ਦਰਸ਼ਨ ਸਾਚੇ ਪਾਉਣਾ । ਨਾਮ ਨਿਧਾਨ ਨਿਰਗੁਣ ਰੂਪਿਆ । ਜਨ ਭਗਤਾਂ ਦੇਵੇ ਜੀਆ ਦਾਨ, ਹਰਿ ਵਡਾ ਸ਼ਾਹੋ ਭੂਪਿਆ । ਦੇਵੇ ਦਰਸ ਬੇਪਛਾਣ, ਆਪੇ ਸਤਿ ਸਰੂਪਿਆ । ਦੋ ਜਹਾਨੀ ਏਕਾ ਮਾਣ, ਹੋਏ ਸਹਾਈ ਅੰਧ ਅੰਧਕੂਪਿਆ । ਸੋਹੰ ਅੱਖਰ ਰਸਨ ਵੱਖਰ, ਨਾ ਕੋਈ ਰੇਖ ਨਾ ਕੋਈ ਰੂਪਿਆ । ਸਤਿ ਸਤਿ ਕਲ ਧਾਰ, ਨੌਂ ਨੌਂ ਤੱਤਿਆ । ਤਿੰਨਾ ਲੋਆਂ ਖੇਲ ਅਪਾਰ, ਆਪੇ ਰੰਗ ਆਪੇ ਰਤਿਆ । ਬ੍ਰਹਮਾ ਬ੍ਰਹਮਪੁਰੀ ਪਸਾਰ, ਪਾਰਬ੍ਰਹਮ ਦੇਵੇ ਮੱਤਿਆ । ਅੰਤਮ ਕਲਜੁਗ ਆਈ ਹਾਰ, ਜਗਤ ਜਹਾਨੀ ਗਈ ਸਤਿਆ । ਚਾਰੇ ਵੇਦ ਵਹਿੰਦੀ ਧਾਰ, ਮੇਟ ਮਿਟਾਏ ਤੀਰਥ ਤਟਿਆ । ਅੰਤਮ ਛਡਣਾ ਹੱਟ ਬਜ਼ਾਰ, ਵੇਲਾ ਅੰਤਮ ਆਇਆ ਨੱਠਿਆ । ਗੁਰਮੁਖ ਸਾਚਾ ਰਹੇ ਤਿਆਰ, ਬੰਨ੍ਹੇ ਪੱਲੇ ਨਾਮ ਗੱਠਿਆ । ਮਾਰੇ ਸ਼ਬਦ ਇਕ ਉਡਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਗਿੜਾਏ ਉਲਟੀ ਲੱਠਿਆ । ਬ੍ਰਹਮਾ ਬ੍ਰਹਮ ਵਿਚਾਰ, ਦਏ ਦੁਹਾਈਆ । ਸਾਚਾ ਕਰਮ ਕਰਮ ਕਰਤਾਰ, ਸਾਰ ਨਾ ਪਾਈਆ । ਚਾਰੇ ਮੁਖ ਰਿਹਾ ਉਘਾੜ, ਅੱਠੇ ਨੇਤਰ ਖੋਲ੍ਹ ਵਖਾਈਆ । ਕਲਜੁਗ ਅੱਗਨੀ ਰਹੀ ਸਾੜ, ਨਾ ਸੱਕੇ ਕੋਈ ਬੁਝਾਈਆ । ਧੂੰਆਂਧਾਰ ਮਾਤ ਉਜਾੜ, ਸਾਧ ਸੰਤ ਨਾ ਹੋਏ ਕੋਈ ਸਹਾਈਆ । ਘਾੜਨ ਘੜੇ ਸੱਚਾ ਯਾਰ, ਆਪੇ ਢਾਹੇ ਢਾਹ ਵਖਾਈਆ । ਵਿਸ਼ਨੂੰ ਬੰਸੀ ਬੰਸ ਅਵਤਾਰ, ਅੱਗੇ ਹੋ ਨਾ ਕੋਈ ਫੜੇ, ਮੇਲ ਮਿਲਾਏ ਸਹਿਜ ਸੁਭਾਈਆ । ਜੋਤੀ ਜੋਤ ਸਰੂਪ ਹਰਿ, ਨਾ ਕੋਈ ਸੀਸ ਨਾ ਕੋਈ ਧੜ, ਲੋਆਂ ਪੁਰੀਆਂ ਅੰਦਰ ਵੜੇ, ਪਹਿਰੇਦਾਰ ਨਾ ਕੋਈ ਅਟਕਾਈਆ । ਬ੍ਰਹਮੇ ਮਾਰ ਧਿਆਨ, ਨੈਣ ਉਘਾੜਿਆ । ਪਰਗਟ ਹੋਏ ਹਰਿ ਭਗਵਾਨ, ਲੋਕਮਾਤ ਲਗਾ ਇਕ ਅਖਾੜਿਆ । ਅੰਤਮ ਛੱਡਣੀ ਪਏ ਦੁਕਾਨ, ਚੌਥੇ ਜੁਗ ਪਵੇ ਝਾੜਿਆ । ਗੁਰਮੁਖ ਸਾਚੇ ਮਿਲੀ ਜੋਤੀ ਕੋਟਨ ਭਾਨ, ਕਰੇ ਤੇਜ ਉਜਆਰਿਆ । ਦਰ ਦਵਾਰੇ ਮਿਲੇ ਮਾਣ, ਸਤਿਜੁਗ ਸਾਚੇ ਧਰਮ ਨਿਸ਼ਾਨ, ਸੋਹੰ ਸਾਚਾ ਝੰਡਾ ਚਾੜ੍ਹਿਆ । ਬ੍ਰਹਮ ਪੁਰੀ ਕਰੇ ਧਿਆਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦਰ ਦਵਾਰੇ ਏਕਾ ਧਾੜ, ਸ਼ਬਦ ਘੋੜਾ ਸਾਚਾ ਵਾੜਿਆ । ਸ਼ਬਦ ਘੋੜੇ ਗਿਆ ਚੜ੍ਹ । ਬ੍ਰਹਮੇ ਫੜਿਆ ਸਾਚਾ ਲੜ । ਪ੍ਰਭ ਅਬਿਨਾਸ਼ੀ ਕਿਰਪਾ ਕਰ । ਕਲਜੁਗ ਅੰਤਮ ਰਿਹਾ ਲੜ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਧਰਮ ਦਵਾਰੇ ਗਿਆ ਖੜ । ਸਾਚੇ ਹਰਿ ਹਰਿ ਸਮਝਾਇਆ । ਬ੍ਰਹਮੇ ਬ੍ਰਹਮ ਧਿਆਨ ਚਰਨ ਕਵਲ

੩੨੯ ੦੫

ਇਕ ਰਖਾਇਆ । ਮਿਲੇ ਮਾਣ ਉਪਰ ਧਵਲ, ਗੁਰਮੁਖ ਸਾਚਾ ਹਰਿ ਉਪਜਾਇਆ । ਪੁਰੀ ਬ੍ਰਹਮੇ ਜਾਏ ਮਵਲ, ਬੀਸ ਇਕੀਸ ਖੇਲ ਖਿਲਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗਤ ਜਗਦੀਸਾ ਖੇਲ ਰਚਾਇਆ । ਜਗਤ ਜਗਦੀਸੇ ਖੇਲ ਅਪਾਰ, ਸ਼ਿਵ ਦਵਾਰਿਆ । ਸ਼ਿਵ ਸ਼ੰਕਰ ਕਰੇ ਪੁਕਾਰ, ਦਰ ਦਵਾਰੇ ਸੀਸ ਝੁਕਾ ਰਿਹਾ । ਕਲਜੁਗ ਅੰਤਮ ਆਈ ਹਾਰ, ਨਾ ਦੇਵੇ ਕੋਈ ਸਹਾਰਿਆ । ਨਰ ਹਰਿ ਸਾਚਾ ਏਕਾ ਮੀਤ ਮੁਰਾਰ, ਲੋਕਮਾਤ ਲਏ ਅਵਤਾਰਿਆ । ਸ਼ਬਦ ਖੰਡਾ ਫੜ ਕਟਾਰ, ਲੋਆਂ ਪੁਰੀਆਂ ਕਰੇ ਖੁਆਰਿਆ । ਗੁਰੂਆਂ ਪੀਰਾਂ ਕਰਮ ਵਿਚਾਰ, ਸਾਧਾਂ ਸੰਤਾਂ ਜੀਆਂ ਜੰਤਾਂ ਢਾਹੇ ਤਨ ਮੁਨਾਰਿਆ । ਪੁਰੀਆਂ ਲੋਆਂ ਗੁਣ ਅਪਾਰ, ਸ਼ਿਵ ਸ਼ੰਕਰ ਰੋਵੇ ਜ਼ਾਰੋ ਜ਼ਾਰਿਆ । ਸ਼ਬਦ ਚੜ੍ਹਾਏ ਚੰਦ ਵਿਚ ਸੰਸਾਰ, ਮੇਟ ਮਿਟਾਏ ਅੰਧ ਅੰਧਿਆਰਿਆ । ਸੋਹੰ ਸ਼ਬਦ ਸੁਣਾਉਣਾ ਕਾਨ, ਚਾਰ ਵਰਨਾਂ ਇਕ ਅਧਾਰਿਆ । ਪ੍ਰਭ ਅਬਿਨਾਸ਼ੀ ਬੇੜਾ ਰਿਹਾ ਬੰਨ੍ਹ, ਕਲਜੁਗ ਕਾਲਾ ਵੇਸ ਵਟਾ ਰਿਹਾ । ਗੁਰਮੁਖਾਂ ਦੇਵੇ ਨਾਮ ਮਾਲ ਧਨ, ਨਾ ਸੰਨ੍ਹ ਕੋਈ ਲਗਾ ਰਿਹਾ । ਹਰਿਜਨ ਭਾਗ ਲਗਾਏ ਕਾਇਆ ਤਨ, ਛੱਪਰੀ ਛੰਨ ਆਪ ਸੁਹਾ ਰਿਹਾ । ਬੇਮੁਖਾਂ ਅੰਤਮ ਦੇਵੇ ਡੰਨ, ਸ਼ਬਦ ਖੰਡਾ ਹੱਥ ਉਠਾ ਰਿਹਾ । ਭਾਂਡਾ ਭਰਮਾਂ ਦੇਵੇ ਭੰਨ, ਜੇਰਜ ਅੰਡ ਵੇਖ ਵਖਾ ਰਿਹਾ । ਆਪ ਉਧਾਰੇ ਗੁਰਮੁਖ ਸਾਚੇ ਜਨ, ਸਾਚਾ ਜਾਪ ਇਕ ਜਪਾ ਰਿਹਾ । ਆਪੇ ਕਰੇ ਹਰਿਆ ਤਨ, ਨਾਮ ਪਿਆਲਾ ਇਕ ਪਿਆ ਰਿਹਾ । ਸ਼ਿਵ ਸ਼ੰਕਰ ਸੁਣਨਾ ਲਾ ਲਾ ਕੰਨ, ਪ੍ਰਭ ਸਾਚਾ ਹੁਕਮ ਸੁਣਾ ਰਿਹਾ । ਅੰਤਮ ਹੋਣਾ ਖੰਨ ਖੰਨ, ਬਾਸ਼ਕ ਤਸ਼ਕਾ ਗਲ ਲਟਕਾ ਰਿਹਾ । ਨਾ ਕੋਈ ਜਾਣੇ ਜੀਵ ਅੰਨ੍ਹ, ਗਣਪਤ ਗਣੇਸ਼ ਨਾ ਕੋਈ ਮਨਾ ਰਿਹਾ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਲੋਆਂ ਪੁਰੀਆਂ ਭਰਮ ਮਿਟਾ ਰਿਹਾ । ਪੁਰੀ ਸ਼ਿਵ ਦਵਾਰ, ਨਾਥ ਗੁਸਾਂਈਆ । ਦੋਏ ਜੋੜ ਕਰੇ ਨਿਮਸਕਾਰ, ਸਗਲਾ ਸਾਥ ਆਪ ਨਿਭਾਈਆ । ਲੇਖਾ ਲੇਖ ਮਸਤਕ ਮਾਥ, ਪਾਰ ਲੰਘਾਉਣਾ ਫੜ ਫੜ ਬਾਹੀਆ । ਕਲਜੁਗ ਕਹਿਰ ਏਕਾ ਲਹਿਰ, ਸਾਧ ਸੰਤ ਨਾ ਆਏ ਹਾਥ, ਚਾਰੋਂ ਕੁੰਟ ਦਏ ਦੁਹਾਈਆ । ਪਰਗਟ ਹੋਏ ਤ੍ਰੈਲੋਕੀ ਨਾਥ, ਝੂਠੇ ਵੇਸਨ ਦਏ ਦੁਹਾਈਆ । ਆਪ ਚਲਾਏ ਆਪਣੀ ਗਾਥ, ਸੋਹੰ ਸਾਚੀ ਬਣਤ ਬਣਾਈਆ । ਸਤਿਜੁਗ ਲੇਖਾ ਲਿਖੇ ਮਾਥ, ਲੋਕਮਾਤੀ ਜਨਮ ਦਵਾਈਆ । ਆਪ ਚੜ੍ਹਾਏ ਸਾਚੇ ਰਾਥ, ਧਰਤ ਮਾਤ ਗੋਦ ਉਠਾਈਆ । ਸਗਲ ਵਸੂਰੇ ਜਾਇਣ ਲਾਥ, ਦਰ ਦਵਾਰੇ ਦਰਸ਼ਨ ਪਾਈਆ । ਵੇਖੇ ਖੇਲ ਭੋਲਾ ਨਾਥ, ਸ਼ਿਵ ਸ਼ੰਕਰ ਕੰਠ ਮਾਲਾ ਗਲ ਗੁੰਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਦੇਵੇ ਵਰ, ਜਗਤ ਜਗਦੀਸਾ ਬੀਸ ਇਕੀਸਾ ਸਾਚਾ ਛਤਰ ਸੀਸ ਝੁਲਾਈਆ । ਹਰਿ ਦਾਤਾ ਮਿਹਰਵਾਨ ਸ਼ਬਦ ਜਣਾਈਆ । ਸ਼ਿਵ ਸ਼ੰਕਰ ਕਰ ਧਿਆਨ, ਗੁਰ ਸ਼ਬਦੀ ਇਹ ਜਣਾਈਆ । ਕਲਜੁਗ ਮਿਟੇ ਅੰਤ ਨਿਸ਼ਾਨ, ਕਰੇ ਖੇਲ ਹਰਿ ਗੁਸਾਂਈਆ । ਲੋਆਂ ਪੁਰੀਆਂ ਤੁੱਟੇ ਮਾਣ, ਝੰਡਾ ਝੁੱਲੇ ਇਕ ਗੁਣ ਨਿਧਾਨ, ਸਾਚਾ ਅੱਖਰ ਰਿਹਾ ਲਿਖਾਈਆ । ਆਪੇ ਵੇਖੇ ਪਵਣ ਮਸਾਣ, ਸ਼ਬਦ ਸਰੂਪੀ ਨੌਜਵਾਨ, ਬਿਰਧ ਬਾਲ ਨਾ ਕੋਇ ਜਣਾਈਆ । ਖਾਣੀ ਬਾਣੀ ਵੇਦ ਪੁਰਾਨ, ਅੰਜ਼ੀਲ ਕੁਰਾਨਾਂ ਕਰੇ ਪਛਾਣ, ਬੇਈਮਾਨਾ ਵਿਚ ਜਹਾਨ, ਰਸਨਾ ਕਥਨੀ ਕਥ ਕਥ ਥੱਕੀ, ਰਸਨ ਵਿਕਾਰਾਂ ਹੋਈ ਹਲਕਾਈਆ । ਲੱਖ ਚੁਰਾਸੀ ਅੰਤਮ ਵਾਰੀ ਧਰਮ ਰਾਏ ਦੀ ਵਾੜੀ ਪੱਕੀ, ਲਾੜੀ ਮੌਤ ਖ਼ੁਸ਼ੀ ਮਨਾਈਆ । ਦਰ ਦਵਾਰੇ ਆਈ, ਪੁਰਖ ਅਬਿਨਾਸ਼ੀ ਚਰਨ ਸੀਸ ਨਿਵਾਈ, ਦੇ ਵਰ ਮਾਤ ਰਘੁਰਾਈ, ਵੇਖ ਆਪਣੀ ਇਕ ਵਡਿਆਈ, ਲੱਖ ਚੁਰਾਸੀ ਲਵਾਂ ਪਰਨਾਈ, ਸੁਹਣਾ ਲਾੜਾ ਇਕ ਬਣਾਈਆ । ਵੇਖ

ਵਖਾਵਾਂ ਥਾਉਂ ਥਾਈਂ, ਪਕੜ ਉਠਾਵਾਂ ਫੜ ਫੜ ਬਾਂਹੀਂ, ਰਾਜ ਰਾਜਾਨਾਂ ਰਿਹਾ ਹਿਲਾਈਆ । ਨਾਤਾ ਤੁੱਟੇ ਭੈਣਾਂ ਭਾਈ, ਮਾਤਾ ਪੂਤ ਵੇਖੇ ਨਾਹੀਂ, ਦਰ ਦਰ ਘਰ ਘਰ ਦਏ ਦੁਹਾਈਆ । ਗੁਰਮੁਖ ਸਾਚੇ ਮੇਲ ਮਿਲਾਈ, ਸ਼ਬਦ ਡੋਰੀ ਨਾਲ ਬੰਧਾਈਆ । ਆਤਮ ਸੇਜਾ ਇਕ ਵਿਛਾਈ, ਰਹਾਂ ਨਵੇਲਾ ਇਕ ਇਕੇਲਾ ਸਦਾ ਸੁਹੇਲਾ ਡੇਰਾ ਰਿਹਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਵਕਤ ਹੋਏ ਦੁਹੇਲਾ, ਨਾ ਕੋਈ ਗੁਰ ਨਾ ਕੋਈ ਚੇਲਾ, ਅਚਰਜ ਖੇਲ ਹਰਿ ਜੀ ਖੇਲਾ, ਚਾਰੇ ਕੂੰਟਾਂ ਦਿਸਣ ਖਾਲੀ, ਪੈਸਾ ਧੇਲਾ ਨਾ ਕੋਈ ਰਖਾਈਆ । ਚਾਰੇ ਕੁੰਟ ਹੋਏ ਖੁਆਰੀ, ਜੀਵ ਜੰਤਾਂ ਮਿਟਦੀ ਜਾਏ ਚਾਰ ਯਾਰੀ, ਕਰੇ ਖੇਲ ਆਦਿਨ ਅੰਤਾ । ਲਾੜੀ ਮੌਤ ਫੜੇ ਬਹਾਰੀ, ਵੇਂਹਦੀ ਜਾਏ ਵਾਰੋ ਵਾਰੀ, ਸਾਚਾ ਖੇਲ ਹਰਿ ਖਿਲੰਤਾ । ਨਾਤਾ ਤੁੱਟੇ ਨਰ ਨਾਰੀ, ਨਾ ਕੋਈ ਕਰੇ ਭੈਣ ਪਿਆਰੀ, ਮਾਨਸ ਬਾਜੀ ਕਲਜੁਗ ਜੀਵਾਂ ਅੰਤਮ ਹਾਰੀ, ਨਾ ਕੋਈ ਸਮਝਾਵੇ ਦੇ ਦੇ ਮਤਾ । ਸ਼ਬਦ ਫੜੇ ਪ੍ਰਭ ਤਿੱਖੀ ਆਰੀ, ਆਪੇ ਚੀਰੇ ਚੀਰ ਕਰਾਏ ਦੋ ਦੋ ਫਾੜੀ, ਕਲਜੁਗ ਖੇਤ ਏਕਾ ਪੱਕਾ । ਲੱਖ ਚੁਰਾਸੀ ਕਲਜੁਗ ਹਾੜੀ, ਧਰਮ ਰਾਏ ਦਰ ਦੇਵੇ ਧੱਕਾ । ਕੁੰਭੀ ਨਰਕਾ ਜਾਏ ਵਾੜੀ, ਖਾਲੀ ਕਰੇ ਮਦੀਨਾ ਮੱਕਾ, ਨਾ ਕੋਈ ਦੀਸੇ ਭੈਣ ਭਾਈ ਸੱਕਾ । ਲੁੱਕਿਆ ਰਹਿਣ ਨਾ ਦੇਵੇ ਕੋਈ ਝਾੜ ਝਾੜੀ, ਨਾ ਕੋਈ ਲਾਵੇ ਨਾਅਰਾ ਐਨਲਹੱਕਾ । ਸਦੀ ਚੌਧਵੀਂ ਦੇਵੇ ਧੱਕਾ, ਮੇਟ ਮਿਟਾਏ ਬੂਰਾ ਕੱਕਾ । ਆਪ ਉਠਾਏ ਫੜ ਫੜ ਦਾਹੜੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਸੰਤ ਜਨਾਂ ਏਕਾ ਦੇਵੇ ਨਾਮ ਧੰਨਾ, ਬੇਮੁਖਾਂ ਪਾਏ ਡੋਰ ਅੰਧਘੋਰ ਪੰਜ ਚੋਰ ਹਰਾਮਖੋਰ ਨਕੇਲ ਨੱਕਾ । ਲਾੜੀ ਮੌਤ ਖ਼ੁਸ਼ੀ ਮਨਾਏ, ਗੀਤ ਸੁਹਾਗੀ ਗਾਉਂਦੀ ਏ । ਪ੍ਰਭ ਅਬਿਨਾਸ਼ੀ ਦਇਆ ਕਮਾਏ, ਕਲਜੁਗ ਵੇਲਾ ਅੰਤ ਤਕਾਉਂਦੀ ਏ । ਧਰਮ ਰਾਏ ਰਿਹਾ ਸਮਝਾਏ, ਧਰਮ ਸਪੁੱਤਰੀ ਲਾਜ ਤੈਨੂੰ ਨਾ ਆਉਂਦੀ ਏ । ਲੱਖ ਚੁਰਾਸੀ ਦੇਵੇ ਫਾਸੀ, ਨਾ ਕੋਈ ਛੱਡਣਾ ਪੰਡਤ ਕਾਂਸੀ, ਮੁਲਾਂ ਸੇਖ਼ਾਂ ਫੜ ਉਠਉਂਦੀ ਏ । ਨਾ ਕੋਈ ਵੇਖੇ ਮੱਕੇ ਹਾਜ਼ੀ, ਪਕੜ ਉਠਾਏ ਵਡ ਵਡ ਗਾਜ਼ੀ, ਮੇਟ ਮਿਟਾਏ ਨਾਜ਼ਨ ਨਾਜੀ, ਸਾਚੇ ਸਾਜਣ ਰਿਹਾ ਸਾਜੀ, ਸਾਚੀ ਬਣਤ ਬਣਾਉਂਦੀ ਏ । ਪੁਰਖ ਅਬਿਨਾਸ਼ੀ ਰੱਖੇ ਲਾਜੀ, ਜਨ ਭਗਤਾਂ ਦੇਵੇ ਸੋਹੰ ਭਾਜੀ, ਦਰ ਦਰ ਜਾਏ ਆਪ ਵਰਤਾਉਂਦੀ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲੱਖ ਚੁਰਾਸੀ ਦੇਵੇ ਵਰ, ਧਰਮ ਰਾਏ ਦੇ ਜਾਣਾ ਦਰ, ਲਾੜੀ ਮੋਤ ਰਹੀ ਵਰ, ਸਾਚਾ ਘਰ ਇਕ ਸੁਹਾਉਂਦੀ ਏ । ਲਾੜੀ ਮੌਤ ਚੜ੍ਹਿਆ ਚਾਅ । ਮਨਮੁਖ ਜੀਵਾਂ ਦੇਵਾਂ ਫਾਹ । ਕੋਈ ਨਾ ਦੀਸੇ ਜਗਤ ਮਲਾਹ । ਘਰ ਘਰ ਅੰਤਮ ਉਡਣੇ ਕਾਂ । ਕੋਈ ਨਾ ਖੋਲ੍ਹੇ ਰੱਸਾ ਗਾਂ । ਹੋਏ ਵਿਛੋੜਾ ਪੁੱਤਰਾਂ ਮਾਂ । ਬੇਮੁਖ ਰੋਵਣ ਥਾਂ ਥਾਂ । ਗੁਰਮੁਖ ਦੁਰਮਤ ਮੈਲ ਧੋ, ਪ੍ਰਭ ਪਕੜ ਉਠਾਵੇ ਆਪੇ ਬਾਂਹ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਕਲਜੁਗ ਰੇਖ ਵੇਖ ਹਰਿ, ਮੇਟ ਮਿਟਾਏ ਉਚੇ ਮੰਦਰ ਛੋਟੇ ਵਡੇ ਸਰਬ ਗਰਾਂ । ਅਪ ਤੇਜ ਵਾਏ ਪ੍ਰਿਥਮੀ ਅਕਾਸ਼ ਪੰਜ ਤੱਤਿਆ । ਨਾ ਕੋਈ ਮਿਲੇ ਮਾਤ ਦਵਾਏ, ਅੱਠੇ ਪਹਿਰ ਹਾਏ ਹਾਏ, ਨਾ ਕਦੇ ਰੈਣੀ ਨੈਣ ਸੁੱਤਿਆ । ਸ਼ੁਕਲਾ ਪੱਖ ਰਿਹਾ ਵਖਾਏ, ਬਹੱਤਰ ਨਾੜੀ ਅਗਨ ਲਗਾਏ, ਨਾ ਕੋਈ ਸਾਚਾ ਜਾਮ ਪਿਆਏ, ਮਿਲੇ ਵਸਤ ਨਾ ਸਾਚੇ ਹੱਟਿਆ । ਨਿਰਬਲ ਕਾਇਆ ਰਹੀ ਕੁਰਲਾਏ, ਨਿਪੁੰਸਕ ਹੋਇਆ ਹਰਿ ਸਰਨਾਏ, ਬਲ ਧਾਰ ਕਾਇਆ ਮਟਿਆ । ਏਕਾ ਸਰਨ ਸੱਚੀ ਸਰਨਾਏ, ਰਸਨਾ ਗੁਣ ਗੋਬਿੰਦਾ ਗਾਏ, ਸਰਬ ਬਖ਼ਸ਼ਿੰਦਾ ਦਇਆ ਕਮਾਏ, ਜੋਤ ਜਗਾਏ ਘਟ ਘਟਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

੩੩੧
੦੫

ਕਰ, ਤਨ ਰੰਗਾਏ ਸੋਹੰ ਸਾਚੇ ਸ਼ਬਦ ਭੱਠਿਆ । ਸਤਿਜੁਗ ਸਾਚਾ ਮਾਤ ਲਗਾਏ, ਹਰਿ ਭਗਵਾਨਿਆ । ਚਾਰ ਵਰਨਾਂ ਏਕਾ ਥਾਂ ਬਹਾਏ, ਊਚ ਨੀਚ ਨਾ ਕਰੇ ਪਛਾਨਿਆ । ਰਾਜ ਰਾਜਾਨਾ ਮਾਣ ਗਵਾਏ, ਨਾ ਕੋਈ ਦੀਸੇ ਸ਼ਾਹ ਸੁਲਤਾਨਿਆ । ਗੁਣ ਨਿਧਾਨਾ ਰਸਨਾ ਗਾਏ, ਮਾਨਸ ਦੇਹੀ ਸਰਬ ਪਰਾਨਿਆ । ਏਕਾ ਦੂਜਾ ਭਉ ਚੁਕਾਏ, ਤੀਜੇ ਨੈਣ ਸ਼ਬਦ ਨਿਸ਼ਾਨਿਆ । ਸਾਚਾ ਦਰ ਇਕ ਖੁਲ੍ਹਾਏ, ਵਰਨ ਅਵਰਨਾ ਵਿਚ ਸਮਾਏ, ਸਾਚੀ ਸਰਨਾ ਇਕ ਰਘੁਰਾਏ, ਨਾ ਕੋਈ ਕਰੇ ਪਾਠ ਵੇਦ ਪੁਰਾਨਿਆ । ਏਕਾ ਅੱਖਰ ਆਪ ਪੜ੍ਹਾਏ, ਜਗਤ ਵੱਖਰ ਨਜ਼ਰੀ ਆਏ, ਸਾਚੇ ਮੰਦਰ ਸਾਚੀ ਬਾਣੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵੇ ਦਾਨ ਵਡ ਦਾਨੀਆ । ਸਤਿਜੁਗ ਸਾਲਸ ਆਪ ਪ੍ਰਭ, ਗੁਰਮੁਖਾਂ ਅੰਮ੍ਰਿਤ ਸਾਚਾ ਸੀਰ ਪਿਆਏ, ਜਿਉਂ ਬਾਲਕ ਮਾਤਾ ਮਾਉਂ । ਸਤਿਜੁਗ ਸਾਲਸ ਆਪ ਪ੍ਰਭ, ਨੇਤਰ ਨੀਰ ਨਾ ਕੋਈ ਵਹਾਏ, ਸਦਾ ਰਖਾਏ ਠੰਡੀ ਛਾਉਂ । ਜੋਤੀ ਜੋਤ ਸਰੂਪ ਹਰਿ, ਆਪ ਆਪਣਾ ਦੇਵੇ ਵਰ, ਮੇਲ ਮਿਲਾਵਾ ਸਾਚਾ ਦਾਅਵਾ, ਅਗੰਮ ਅਗੰਮ ਅਗੰਮ ਅਥਾਹੋ । ਸਤਿਜੁਗ ਸਾਚੀ ਪਤਿ ਕਲ ਆਪ ਰਖਾਈਆ । ਗੁਰਮੁਖਾਂ ਦੇਵੇ ਗੁਰ ਗੁਰਮਤ, ਮਨਮਤ ਰਿਹਾ ਦੁਰਕਾਈਆ । ਸ਼ਬਦ ਦੇਵੇ ਧੀਰਜ ਯਤ, ਦੁਰਮਤ ਨਾ ਹੋਏ ਹਲਕਾਈਆ । ਰਸਨਾ ਚਰਖਾ ਲਏ ਕੱਤ, ਸ਼ਬਦ ਸਾਚਾ ਤੰਦ ਚੜ੍ਹਾਈਆ । ਲੈ ਹੁਲਾਰਾ ਦਏ ਘੱਤ, ਸਾਚੀ ਬਣਤ ਆਪ ਬਣਾਈਆ । ਕਿਸੇ ਨਾ ਟੁੱਟੇ ਧੀਰਜ ਯਤ, ਬਹੱਤਰ ਨਾੜੀ ਨਾ ਉਬਲੇ ਰਤ, ਦੇ ਮਤ ਆਪ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਸਾਚੇ ਦੇਵੇ ਵਰ, ਲੱਖ ਗਿਆਰਾਂ ਪਹਿਲੀ ਵਾਰਾ ਮਿਲੇ ਮਾਤ ਵਡਿਆਈਆ । ਮਨ ਚੰਚਲ ਚਿੱਤ ਬਗੋਰਿਆ । ਕਦੇ ਨਾ ਹੋਏ ਕਿਸੇ ਮਿਤ, ਆਪੇ ਅਵਰਾ ਗਵਰਾ ਗੋਰਿਆ । ਨਾ ਕੋਈ ਵੇਖੇ ਵਾਰ ਥਿਤ, ਅੱਠੇ ਪਹਿਰ ਰਹੇ ਦੌੜਿਆ । ਚਲੇ ਚਾਲ ਨਿੱਤ ਨਵਿੱਤ, ਵੇਖੇ ਰਸ ਮਿੱਠਾ ਕੌੜਿਆ । ਗੁਰਮੁਖ ਸਾਚੇ ਰਖਣਾ ਚਿੱਤ, ਪੁਰਖ ਅਬਿਨਾਸ਼ੀ ਘਟ ਘਟ ਵਾਸੀ ਆਪੇ ਅੰਤਮ ਬਹੁੜਿਆ । ਜੋਤੀ ਜੋਤ ਸਰੂਪ ਹਰਿ, ਸ਼ਬਦ ਡੋਰੀ ਦੇਵੇ ਧਰ, ਦਰ ਦਵਾਰੇ ਰਿਹਾ ਬਹੁੜਿਆ । ਸਿਰ ਰਖ ਹੱਥ ਸਮਰਥ, ਦਇਆ ਕਮਾਇੰਦਾ । ਮਨ ਮਨੂਆ ਪਾਏ ਨੱਥ, ਡੋਰ ਆਪਣੇ ਹੱਥ ਰਖਾਇੰਦਾ । ਪੰਜਾਂ ਤੱਤਾਂ ਦੇਵੇ ਮਥ, ਅੰਧ ਘੋਰ ਆਪ ਸੁਟਾਇੰਦਾ । ਸਗਲ ਵਸੂਰੇ ਜਾਇਣ ਲੱਥ, ਦਰ ਦਵਾਰੇ ਦਰਸ਼ਨ ਪਾਇੰਦਾ । ਮਹਿੰਮਾ ਸ਼ਬਦ ਜਗਤ ਅਕੱਥ, ਗੁਰਮੁਖ ਸੂਰਾ ਕੋਲ ਰਖਾਇੰਦਾ । ਨਾਮ ਖੰਡਾ ਸੱਤਰ ਹੱਥ, ਬਹੱਤਰ ਨਾੜੀ ਆਪ ਵਖਾਇੰਦਾ । ਦਹਿ ਦਿਸ਼ਾ ਰਿਹਾ ਨੱਠ, ਚਾਰ ਕੁੰਟਾਂ ਰਾਹ ਨਾ ਪਾਇੰਦਾ । ਸ਼ਬਦ ਦਵਾਰੇ ਜਾਏ ਢੱਠ, ਗੁਰ ਪੂਰਾ ਦਇਆ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਜੋਤ ਜਗਾਏ ਕਾਇਆ ਮੱਠ, ਸੁਰਤ ਧਿਆਨ ਸ਼ਬਦ ਗਿਆਨ ਏਕਾ ਏਕ ਵਖਾਇੰਦਾ । ਗੁਰ ਸੰਗਤ ਦਰ ਪਰਵਾਨ, ਮਨ ਵਧਾਈਆ । ਜੋ ਜਨ ਬੈਠੇ ਕਰ ਧਿਆਨ, ਦੇਵੇ ਮਾਣ ਸ਼ਬਦ ਜਣਾਈਆ । ਏਕਾ ਦੇਵੇ ਸ਼ਬਦ ਨਿਸ਼ਾਨ, ਗੁਣ ਨਿਧਾਨ ਹਰਿ ਰਘੁਰਾਈਆ । ਸਚ ਦਵਾਰੇ ਏਕਾ ਆਣ, ਸਾਚਾ ਨਾਮ ਪੀਣ, ਜਗਤ ਤ੍ਰਿਸ਼ਨਾ ਰਿਹਾ ਬੁਝਾਈਆ । ਏਕਾ ਵੱਜਾ ਤਿੱਖਾ ਬਾਣ, ਸਾਚੇ ਸਿੱਖਾਂ ਕਰੇ ਪਛਾਣ, ਬੇਮੁਖਾਂ ਲਾਹੇ ਅੰਤਮ ਘਾਣ, ਨਾ ਕੋਈ ਜਾਣੇ ਹਾਣੀ ਹਾਣੀਆ । ਗੁਰਮੁਖ ਸਾਚੇ ਆਤਮ ਬ੍ਰਹਮ ਗਿਆਨ, ਸ਼ਬਦ ਫੜੇ ਤੀਰ ਕਮਾਨ, ਰਸਨਾ ਚਿੱਲਾ ਚੜ੍ਹੇ ਵਿਚ ਜਹਾਨ, ਆਪ ਰਖਾਏ ਆਪਣੀ ਆਨਿਆ । ਜੋਤੀ ਜੋਤ ਸਰੂਪ ਹਰਿ, ਗੁਰ ਸੰਗਤ ਦੇਵੇ ਇਕ ਵਰ, ਸ਼ਬਦ ਭੰਡਾਰਾ ਰਿਹਾ ਭਰ, ਲੇਖੇ ਲਾਏ ਆਵਣ ਜਾਣਿਆ । ਆਏ ਦਰ ਪਰਵਾਨ ਦਰ ਦਵਾਰਿਆ । ਗੁਰ ਸੰਗਤ

ਮੇਲਾ ਵਿਚ ਜਹਾਨ, ਏਕਾ ਏਕ ਧਰਮ ਨਿਸ਼ਾਨਿਆ । ਕਾਇਆ ਛਡਣਾ ਪਏ ਮਕਾਨ, ਨਾਤਾ ਤੁੱਟੇ ਪੰਜ ਸ਼ੈਤਾਨ, ਸਾਕ ਸੱਜਣ ਸੈਣ ਮਾਤ ਪਿਤ ਭਾਈ ਭੈਣ ਨਾ ਵਿਚ ਕੋਈ ਜਹਾਨਿਆ । ਆਪ ਚੁਕਾਏ ਲਹਿਣ ਦੇਣ, ਗੁਰਮੁਖ ਦਰਸ ਪੇਖੇ ਤੀਜੇ ਨੈਣ, ਸ਼ਬਦ ਪਹਿਨਾਏ ਸਾਚਾ ਗਹਿਣ, ਤਨ ਸ਼ਿੰਗਾਰਾ ਨਰ ਨਿਰੰਕਾਰਾ ਆਪੇ ਆਪ ਕਰਾਇੰਦਾ । ਨਾਮ ਨਿਰੰਜਣ ਇਕ ਅਧਾਰਾ, ਪਵਣ ਜੋਤੀ ਸ਼ਬਦ ਹੁਲਾਰਾ, ਵਰਨ ਗੋਤੀ ਵਸੇ ਬਾਹਰਾ, ਦਰ ਦਵਾਰਾ ਇਕ ਰਖਾਇੰਦਾ । ਆਦਿ ਅੰਤ ਇਕ ਓਅੰਕਾਰਾ, ਲੋਕਮਾਤ ਲਏ ਅਵਤਾਰਾ, ਜਨ ਭਗਤਾਂ ਦੇਵੇ ਨਾਮ ਭੰਡਾਰਾ, ਸਾਚੀ ਭਿਛਿਆ ਆਤਮ ਇੱਛਿਆ ਆਪੇ ਪੂਰ ਕਰਾਇੰਦਾ । ਆਪੇ ਵੇਖੇ ਦਹਿ ਦਿਸ਼ਾ ਜੂਠਾ ਝੂਠਾ ਪੀਸਣ ਪਿਸਾ, ਜਗਤ ਵਿਕਾਰੀ ਹਉਮੇ ਦੀਸਾ, ਸਾਚੀ ਸਿਖਿਆ ਨਾ ਕੋਈ ਦਵਾਇੰਦਾ । ਨਾ ਕੋਈ ਗਾਏ ਦੰਦ ਬਤੀਸਾ, ਜਾਣੇ ਜਣਾਏ ਰਾਗ ਛਤੀਸਾ, ਨਾਰਦ ਮੁਨ ਆਪ ਉਪਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਸੰਗਤ ਦੇਵੇ ਨਾਮ ਵਰ, ਭਰਮ ਭੁਲੇਖਾ ਦੂਰ ਕਰਾਇੰਦਾ । ਇਕ ਇਕੱਲਾ ਇਕ ਇੱਕ ਅਕਾਰਿਆ । ਦੂਜਾ ਵਸੇ ਸ਼ਬਦ ਮਹੱਲਾ, ਆਪ ਰਚਾਇਆ ਨਿਹਚਲ ਧਾਮ ਅਟੱਲਾ, ਕੀਆ ਸਗਲ ਪਸਾਰਿਆ । ਤੀਜਾ ਵੇਖੇ ਜਲਾ ਥਲਾ, ਦੀਪਕ ਜੋਤੀ ਕਵਣ ਦਵਾਰੇ ਬਲਾ, ਆਤਮ ਘੋਰੀ ਘੋਰ ਪਸਾਰਿਆ । ਚੌਥਾ ਘਰ ਗੁਰਮੁਖ ਸਾਚੇ ਮਲਾ, ਸ਼ਬਦ ਚਲਾਇਆ ਸਾਚਾ ਭੱਲਾ, ਕਰੇ ਖੇਲ ਅਪਰ ਅਪਾਰਿਆ । ਪੰਚਮ ਘਰ ਰਹੇ ਤਰਥੱਲਾ, ਸ਼ਬਦ ਦੇਵੇ ਤਿੱਖਾ ਭੱਲਾ, ਆਪ ਆਪਣੇ ਹੱਥ ਉਠਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਧਾਮ ਏਕਾ ਏਕ ਸੁਹਾ ਰਿਹਾ । ਆਪ ਸੁਹਾਏ ਥਾਨ, ਚਰਨ ਛੁਹੰਦੜਾ । ਦਰ ਦਵਾਰੇ ਮਿਲਿਆ ਮਾਣ, ਗੁਰਮੁਖ ਸਾਚੇ ਮੇਲ ਮਿਲੰਦੜਾ । ਆਪੇ ਚਤੁਰ ਸੁਘੜ ਸਿਆਣ, ਭਗਤ ਸੁਹੇਲਾ ਸਦ ਬਖ਼ਸ਼ੰਦੜਾ । ਫਲ ਲਗਾਏ ਕਾਇਆ ਡਾਲ੍ਹ, ਕਿਆ ਕੋਈ ਕਰੇ ਮਾਤ ਨਿੰਦੜਾ । ਸ਼ਬਦ ਘੋੜੇ ਚੜ੍ਹਨਾ ਮਾਰ ਛਾਲ, ਸਚ ਦਵਾਰਾ ਇਕ ਵਖੰਦੜਾ । ਆਪੇ ਪਰਖੇ ਸਾਚੇ ਲਾਲ, ਸਚ ਵਣਜਾਰਾ ਆਪ ਅਖਵੰਦੜਾ । ਕਾਇਆ ਵੇਖੇ ਖਾਲੀ ਖਾਲ, ਦਸਮ ਦਵਾਰਾ ਹਰਿ ਨਿਰੰਕਾਰਾ, ਸਚ ਭਤਾਰਾ ਜੋਤ ਅਕਾਰਾ ਏਕਾ ਧਾਮ ਸੁਹੰਦੜਾ । ਗੁਰਮੁਖ ਸਾਚਾ ਸਾਚੀ ਨਾਰਾ, ਸਦਾ ਸੁਹਾਗਣ ਵਿਚ ਸੰਸਾਰਾ, ਤਨ ਬੈਰਾਗਣ ਚਰਨ ਦਵਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸੁਹਾਏ ਤੇਰਾ ਦਰ ਸਾਚਾ ਘਰ ਲੋਕਮਾਤ ਬੰਕ ਦਵਾਰਾ । ਬੰਕ ਦਵਾਰਾ ਸੋਹੇ ਵਿਚ ਜਹਾਨਿਆ । ਜਮ ਜਮ ਕਾਲ ਕਦੇ ਨਾ ਪੋਹੇ, ਸਿਰ ਰੱਖੇ ਹੱਥ ਭਗਵਾਨਿਆ । ਭੇਵ ਚੁਕਾਏ ਏਕਾ ਦੋਏ, ਏਕਾ ਰੰਗਣ ਨਾਮ ਰੰਗਾਨਿਆ । ਅੰਮ੍ਰਿਤ ਆਤਮ ਸਾਚਾ ਚੋਏ, ਉਲਟੇ ਕਵਲ ਜਾਏ ਮਵਲ ਕਰਮ ਨਿਸ਼ਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਵਣ ਜਾਵਣ ਪਤਤ ਪਾਵਨ, ਲੱਖ ਚੁਰਾਸੀ ਜਮ ਕੀ ਫਾਸੀ ਜਗਤ ਝੇੜਾ ਕਰੇ ਨਿਬੇੜਾ ਕਟਾਏ ਆਵਣ ਜਾਣਿਆ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਲੋਕਮਾਤ ਹਰਿ ਜੋਤ ਧਰ, ਸਚ ਵਿਹਾਰਾ ਵਿਚ ਸੰਸਾਰਾ ਆਪਣਾ ਆਪ ਕਰਾਨਿਆ । ਸਚ ਵਿਹਾਰਾ ਕਰ ਰਚਨ ਰਚਾਈਆ । ਆਪੇ ਬੰਨ੍ਹੇ ਆਪਣੀ ਧਾਰਾ, ਆਪਣੀ ਰੀਤੀ ਇਕ ਰਖਾਈਆ । ਵੇਖੇ ਵਿਗਸੇ ਕਰ ਵਿਚਾਰਾ, ਪਤਤ ਪੁਨੀਤੀ ਸਹਿਜ ਸੁਭਾਈਆ । ਹਰਿ ਸੰਗਤ ਸਾਚਾ ਮੀਤ ਮੁਰਾਰਾ, ਜੋਤ ਸਰੂਪੀ ਨੈਣ ਮੁੰਧਾਰਾ, ਦੇਣ ਆਇਆ ਮਾਤ ਵਧਾਈਆ । ਗੁਰ ਲੰਗਰ ਹੋਇਆ ਤਿਆਰਾ, ਪ੍ਰਭ ਅਬਿਨਾਸ਼ੀ ਪਹਿਰੇਦਾਰਾ, ਢਈਆ ਢਈਆ ਜਗਤ ਨਈਆ ਆਪ ਚਲਾਈਆ । ਜਨ ਭਗਤਾਂ ਕਰੇ ਖ਼ਬਰਦਾਰਾ, ਜੂਠਾ

ਝੂਠਾ ਮਾਤ ਵਿਹਾਰਾ, ਨਾ ਕੋਈ ਦੀਸੇ ਮੀਤ ਪਿਆਰਾ, ਏਕ ਨਾਤਾ ਪੁਰਖ ਬਿਧਾਤਾ ਚਰਨ ਕਵਲ ਉਪਰ ਧਵਲ ਆਪਣਾ ਆਪ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਸੰਗਤ ਗੁਰ ਤ੍ਰਿਸ਼ਨਾ ਭੁੱਖ ਜਗਤ ਦੁੱਖ, ਸੁਫਲ ਕਰਾਏ ਮਾਤ ਕੁੱਖ, ਉਲਟਾ ਹੋਏ ਨਾ ਗਰਭਵਾਸ ਰੁਖ਼, ਸਾਚਾ ਲੇਖਾ ਆਪ ਲਿਖਾਈਆ । ਲੱਖ ਚੁਰਾਸੀ ਮਾਨਸ ਦੇਹੀ ਮਿਲੀ ਮਨੁੱਖ, ਗੁਰਮੁਖ ਸਾਚੇ ਸੁਖਣਾ ਰਹੇ ਸੁੱਖ, ਕੰਤ ਕੰਤੂਹਲਾ ਏਕਾ ਦੇਵੇ ਸ਼ਬਦ ਝੂਲਾ, ਆਪ ਚੁਕਾਏ ਅਗਲਾ ਪਿਛਲਾ ਮੂਲਾ, ਏਕਾ ਦੇਵੇ ਅੰਮ੍ਰਿਤ ਧਾਰ ਕਰ ਪਿਆਰ, ਦੂਈ ਦਵੈਤੀ ਦੁੱਖ ਨਿਵਾਰ, ਸਚ ਵਰਤਾਰਾ ਵਿਚ ਸੰਸਾਰਾ ਆਪੇ ਆਪ ਅਖਵਾਈਆ । ਭਰਿਆ ਰਹੇ ਜਨ ਭਗਤ ਭੰਡਾਰਾ, ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰ ਸੰਗਤ ਤੇਰੀ ਲੋਕਮਾਤ ਮਾਰ ਝਾਤ, ਸਾਚੇ ਸ਼ਬਦ ਸੰਗ ਆਇਆ ਕਰਨ ਸੱਚੀ ਕੁੜਮਾਈਆ । ਸਾਚਾ ਸ਼ਬਦ ਲੈਣਾ ਵਰ, ਇਕ ਵਸਾਉਣਾ ਸਾਚਾ ਘਰ । ਨੌਂ ਦਵਾਰੇ ਬੰਦ ਦਰ । ਪਰਮਾਨੰਦ ਮਿਲੇ ਮੇਲ ਸਾਚੇ ਹਰਿ । ਰਸਨ ਤਜਾਉਣਾ ਮਦਿਰਾ ਮਾਸ ਗੰਦ, ਸ਼ਬਦ ਗਾਉਣਾ ਬੱਤੀ ਦੰਦ, ਆਪੇ ਢਾਹੇ ਭਰਮਾਂ ਕੰਧ, ਚੰਦ ਨੌਚੰਦੀ ਅੰਦਰੇ ਅੰਦਰ ਸਾਚੇ ਗਗਨ ਆਪ ਚੜ੍ਹਾਉਣਾ । ਜੋਤੀ ਜੋਤ ਸਰੂਪ ਹਰਿ, ਇਕ ਰਖਾਏ ਨਾਮ ਰੰਗਣ, ਗੁਰਮੁਖਾਂ ਮੁਖ ਲਗਾਏ ਸੋਹੰ ਸ਼ਬਦ ਸਾਚਾ ਸਗਨ, ਸਤਿਜੁਗ ਸਾਚੀ ਧਾਰ ਬੰਨ੍ਹਾਉਣਾ । ਬੇਮੁਖ ਚਾਰੋਂ ਕੁੰਟ ਫਿਰਨ ਨਗਨ, ਕਲਜੁਗ ਮਾਇਆ ਅੰਦਰ ਦਗਨ, ਤਨ ਮਾਟੀ ਸਾੜ, ਵਰੇ ਵਰ ਮੌਤ ਲਾੜ, ਧਰਮ ਰਾਏ ਦਾ ਦਰ ਖੁਲ੍ਹਾਉਣਾ । ਚਿੱਤਰ ਗੁਪਤ ਮੀਤ ਮੁਰਾਰ, ਲੇਖਾ ਮੰਗੇ ਵਾਰੋ ਵਾਰ, ਮਾਤ ਪਿਤ ਨਾ ਕੋਈ ਸਹਾਰ, ਭੈਣ ਭਈਆਂ ਸਾਕ ਤਜਾਉਣਾ । ਗੁਰਮੁਖ ਸਾਚਾ ਸੋਹੇ ਪ੍ਰਭ ਚਰਨ ਦਵਾਰ, ਸ਼ਬਦ ਪਾਏ ਤਨ ਫੂਲਨਹਾਰ, ਇਕ ਸੁਹਾਏ ਸੋਭਾਵੰਤੀ ਨਾਰ, ਸੋਲਾਂ ਕਲੀਆਂ ਤਨ ਸ਼ਿੰਗਾਰ, ਵਲੀਆ ਛਲੀਆ ਪੁਰਖ ਭਤਾਰ, ਆਤਮ ਸਾਚੀ ਸੇਜਾ ਦਰ ਘਰ ਸਾਚੇ ਬੈਠ ਸਾਚਾ ਕੰਤ ਗੁਰਮੁਖ ਸੰਤ ਏਕਾ ਇਕ ਹੰਢਾਉਣਾ । ਮਿਲੇ ਮੇਲ ਭਗਵੰਤ ਜਗਤ ਪਰਵਾਨਿਆ । ਬਣਾਏ ਮਾਤ ਬਣਤ, ਆਦਿ ਅੰਤ ਤਨ ਬੰਨ੍ਹੇ ਸਾਚਾ ਗਾਨਿਆ । ਇਕ ਸੁਣਾਏ ਸੁਹਾਗੀ ਛੰਤ, ਗੁਣਵੰਤਾ ਗੁਣ ਨਿਧਾਨਿਆ । ਰਸਨਾ ਗਾਏ ਸਾਚਾ ਮੰਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖਾਂ ਖੋਲ੍ਹੇ ਬੰਦ ਦਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨਿਆ, ਲਿਖੇ ਲੇਖ ਲਿਖਣਹਾਰ । ਲੱਗੇ ਮੇਖ ਵਿਚ ਸੰਸਾਰ । ਵੇਖੇ ਭੇਖ ਹਰਿ ਕਰਤਾਰ । ਜੋਤੀ ਜੋਤ ਸਰੂਪ ਹਰਿ, ਏਕਾ ਵਸੇ ਘਰ ਸੱਸੇ, ਚਾਰ ਦਵਾਰੀ ਮਹੱਲ ਅਪਾਰ । ਸੱਸਾ ਸਚ ਸੁਲਤਾਨ ਹਰਿ ਬਿਰਾਜਿਆ । ਚਾਰੋਂ ਚਾਰ ਦਿਵਾਰ, ਜੋਤ ਨਿਰੰਜਣ ਸਾਜਿਆ । ਬੈਠਾ ਰਹੇ ਪੈਰ ਪਸਾਰ, ਆਪੇ ਜਾਣੇ ਆਪਣਾ ਕਾਜਿਆ । ਲੇਖਾ ਲਿਖੇ ਅਪਰ ਅਪਾਰ, ਜੋਤੀ ਜੋਤ ਸਰੂਪ ਹਰਿ, ਜਨ ਰੱਖੇ ਮਾਤ ਲਾਜਿਆ । ਸੁਫਲ ਕੁੱਖ ਮਾਤ ਕਰਾਉਣੀ । ਆਪ ਉਤਾਰੇ ਸਗਲਾ ਦੁੱਖ, ਖਿਟਾ ਰੋਗ ਦਰਦ ਮਿਟਾਉਣੀ । ਕਿਸ਼ਨਾ ਸ਼ੁਕਲਾ ਵੇਖੇ ਪੱਖ, ਸਰਬ ਥਾਈਂ ਆਪ ਪਰਤਖ, ਨਾਮ ਰੱਖ ਤਨ ਬਣਾਉਣੀ । ਆਪੇ ਕਰੇ ਫੜ ਫੜ ਵੱਖ, ਪੁਰਖ ਅਬਿਨਾਸ਼ੀ ਅਲੱਖਣਾ ਅਲਖ, ਸਾਚੀ ਧਾਰ ਇਕ ਵਖਾਉਣੀ । ਸਾਚੀ ਦੇਵੇ ਸ਼ਬਦ ਵੱਥ, ਚੜ੍ਹਨਾ ਨਾਮ ਸੋਹੰ ਰਥ, ਏਕਾ ਅੱਖਰ ਪੜ੍ਹ ਲੋਕਮਾਤ ਜੜ੍ਹ ਆਪਣੀ ਆਪ ਲਗਾਉਣੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇ ਮਤ ਪੰਜ ਤੱਤ ਕਰੇ ਸਚ ਸ਼ਬਦ ਸਮਝਾਉਣੀ । ਹਰਿਜਨ ਸ਼ਬਦ ਭੰਡਾਰ ਹਰਿ ਵਰਤਾਇਆ । ਏਕਾ ਮੰਗਿਆ ਦਰ ਦਵਾਰ, ਦੂਸਰ ਦਰ ਨਾ ਕੋਈ ਰਖਾਇਆ । ਕਿਰਪਾ ਕਰ ਆਪ ਕਰਤਾਰ, ਮਾਈ ਬਾਪ ਸਦਾ ਅਖਵਾਇਆ । ਪਾਰਬ੍ਰਹਮ ਬ੍ਰਹਮ

ਪਾਏ ਸਾਰ, ਜੋਤੀ ਸ਼ਬਦੀ ਮੇਲ ਮਿਲਾਇਆ । ਪੂਰਬ ਕਰਮਾਂ ਕਰਮ ਵਿਚਾਰ, ਮਾਨਸ ਜਨਮ ਲੇਖੇ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗਰੀਬ ਨਿਮਾਣਾ ਜਗਤ ਅੰਞਾਣਾ ਦਰ ਪਰਵਾਣਾ, ਮਿਹਰਵਾਨਾ ਚਰਨੀ ਚਰਨ ਸਰਨ ਗੁਰ ਲਾਇਆ । ਚਰਨ ਸਰਨ ਸਰਨ ਗੁਰਦੇਵ । ਮਾਤਲੋਕ ਨਾ ਜਾਏ ਬਿਰਥਾ ਸੇਵ । ਅੰਮ੍ਰਿਤ ਆਤਮ ਮਿਲੇ ਫ਼ਲ, ਲੋਕਮਾਤ ਸਾਚਾ ਮੇਵ । ਦਸਮ ਦਵਾਰੀ ਸਾਚਾ ਜਲ, ਆਪ ਪਿਆਏ ਅਜ ਕੱਲ, ਆਪ ਕਰਾਏ ਨੇਹ ਨਹਿਕੇਵ । ਹਰਿਜਨ ਹਰਿ ਸੰਗਤ ਜਾਣਾ ਮਾਤ ਰਲ, ਲੱਗੇ ਫ਼ਲ ਕਾਇਆ ਡਲ, ਪਸ਼ੂ ਪ੍ਰੇਤੋਂ ਹੋਣਾ ਦੇਵ । ਵੇਖ ਵਖਾਣੇ ਜਲ ਥਲ, ਉਚ ਮਹੱਲ ਹਰਿ ਅਟੱਲ ਗਾਏ ਗੁਣ ਗੋਬਿੰਦਾ ਰਸਨਾ ਜਿਹਵ । ਸਚ ਦਵਾਰਾ ਲੈਣਾ ਮੱਲ, ਦਰਸ ਦਿਖਾਏ ਘੜੀ ਘੜੀ ਪਲ ਪਲ, ਆਦਿ ਪੁਰਖ ਅਪਰੰਪਰ ਸਵਾਮੀ ਅਲਖ ਨਿਰੰਜਣ ਸਦਾ ਅਭੇਵ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਗੁਰਮੁਖਾਂ ਲੇਖੇ ਲਾਏ ਅੰਤਰ ਬਣਤਰ ਸਾਚੀ ਸੇਵ । ਸਰਬ ਸੇਵ ਸਰਬ ਗੁਣਤਾਸਾ । ਮਿਲੇ ਮੇਲ ਵਡ ਦੇਵੀ ਦੇਵ, ਜੋਤੀ ਜਾਮਾ ਪੁਰਖ ਅਬਿਨਾਸ਼ਾ । ਅਛਲ ਅਛੇਦ ਜਗਤ ਅਭੇਦ, ਸ਼ਬਦ ਵਜਾਏ ਸਾਚਾ ਨਾਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵੇਖ ਵਖਾਏ ਚਾਰ ਕੁੰਟ ਦਹਿ ਦਿਸ਼ਾ ਖੰਡ ਮੰਡਲ ਵਰਭੰਡ ਬ੍ਰਹਿਮੰਡ ਅਨਾਦ ਅਨਾਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਸ਼ਬਦ ਜਣਾਏ ਦਇਆ ਕਮਾਏ, ਵੇਖ ਵਖਾਏ ਦਿਸ ਨਾ ਆਏ, ਧਾਰ ਚਲਾਏ ਬੋਧ ਅਗਾਧਾ । ਬੋਧ ਅਗਾਧਾ ਅਗਾਧ ਗੁਰ ਮੰਤਰ । ਜਨ ਭਗਤਾਂ ਦੇਵੇ ਸਾਚੀ ਦਾਦ, ਆਪ ਬੁਝਾਏ ਤਨ ਮਨ ਕਾਇਆ ਲੱਗੀ ਝੂਠੀ ਬਸੰਤਰ । ਆਪ ਬਣਾਏ ਹੰਸ ਫੜ ਫੜ ਕਾਗ, ਕਰੇ ਖੇਲ ਜੁਗਾਂ ਜੁਗੰਤਰ । ਸ਼ਬਦ ਡੋਰ ਹੱਥ ਰੱਖੇ ਵਾਗ, ਅਜਪਾ ਜਾਪ ਜਾਪ ਗੁਰਦੇਵ, ਭੇਵ ਖੁਲ੍ਹਾਏ ਆਤਮ ਅੰਤਰ । ਕੌਸਤਕ ਮਨੀਆ ਲਾਏ ਥੇਵਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖੇ ਲਾਏ ਗੁਰਮੁਖ ਸਾਚੀ ਸੇਵਾ । ਸਾਚੀ ਘਾਲਣ ਘਾਲ, ਸੇਵ ਕਮਾਈਆ । ਮਿਲੇ ਨਾਮ ਸੱਚਾ ਧੰਨ ਮਾਲ, ਸ਼ਬਦ ਖਜ਼ਾਨਾ ਆਪ ਭਰਾਈਆ । ਆਦਿ ਅੰਤ ਨਾ ਖਾਏ ਕਾਲ, ਜਮ ਜਮਕਾਲ ਨੇੜ ਨਾ ਆਈਆ । ਧੁਰ ਦਰਗਾਹੀ ਹਰਿ ਦਲਾਲ, ਜਗਤ ਚਲੇ ਅਵੱਲੜੀ ਚਾਲ, ਸਾਚਾ ਲੇਖਾ ਰਿਹਾ ਲਿਖਾਈਆ । ਗੁਰਮੁਖ ਲਾਲ ਅਨਮੁਲੜੇ ਭਾਲ, ਆਤਮ ਜੋਤੀ ਰਿਹਾ ਜਗਾਈਆ । ਲੇਖੇ ਲਾਏ ਕਾਇਆ ਮਾਟੀ ਭਾਂਡੇ ਝੂਠੀ ਖਾਲ, ਹਰਿ ਹਰਿ ਸਾਚੀ ਬਣਤ ਬਣਾਈਆ । ਦਿਵਸ ਰੈਣ ਕਰੇ ਪ੍ਰਿਤਪਾਲ, ਬੁਧ ਮਤ ਰਿਹਾ ਸਮਝਾਈਆ । ਪੰਜਾਂ ਤੱਤਾਂ ਕਰੇ ਹਲਾਲ, ਸ਼ਬਦ ਕਟਾਰੀ ਹੱਥ ਉਠਾਈਆ । ਆਪੇ ਰਿਹਾ ਸੁਰਤ ਸੰਭਾਲ, ਆਤਮ ਸੇਜਾ ਆਸਣ ਲਾਈਆ । ਆਪੇ ਸ਼ਾਹ ਆਪੇ ਕੰਗਾਲ, ਖਾਲੀ ਹੱਥ ਸਦਾ ਰਖਾਈਆ । ਆਪੇ ਤੋੜੇ ਜਗਤ ਜੰਜ਼ਾਲ, ਅੰਮ੍ਰਿਤ ਜਾਮ ਇਕ ਪਿਆਈਆ । ਜੋਤੀ ਜੋਤ ਸਰੂਪ ਹਰਿ, ਗੁਰਮੁਖ ਸਾਚੇ ਜੋਤ ਧਰ, ਸਾਚੀ ਸੇਵਾ ਦਰ ਦਵਾਰੇ ਲੇਖੇ ਲਾਈਆ । ਗੁਰਮੁਖ ਤੇਰੀ ਧਾਰ ਜਗਤ ਨਿਰਾਲੀਆ । ਪੁਰਖ ਅਬਿਨਾਸ਼ੀ ਪਾਏ ਸਾਰ, ਲੋਕਮਾਤ ਲਏ ਅਵਤਾਰ, ਇਕ ਸੁਹਾਏ ਬੰਕ ਦਵਾਰ, ਮੇਟ ਮਿਟਾਏ ਰੈਣ ਘਟਾ ਕਾਲੀਆ । ਸਾਚਾ ਵਣਜ ਕਰਾਏ ਵਪਾਰ, ਸੋਹੰ ਸ਼ਬਦ ਅਪਰ ਅਪਾਰ, ਅੰਤਮ ਰੱਖੇ ਤਿੱਖੀ ਧਾਰ, ਕਰੇ ਖੇਲ ਇਕ ਅਕਾਲੀਆ । ਨਾ ਕੋਈ ਪੁਰਖ ਨਾ ਕੋਈ ਨਾਰ, ਨਾ ਕੋਈ ਮੀਤ ਨਾ ਮੁਰਾਰ, ਜੂਠਾ ਝੂਠਾ ਜਗਤ ਵਿਹਾਰ, ਮਾਇਆ ਠੂਠਾ ਭੰਨੇ ਭੰਡਾਰ, ਫ਼ਲ ਦਿਸੇ ਨਾ ਕਿਸੇ ਡਾਲੀਆ । ਗੁਰਮੁਖ ਸਾਚਾ ਸੋਭਾਵੰਤੀ ਨਾਰ, ਮਿਲਿਆ ਮੇਲ ਪੁਰਖ ਭਤਾਰ, ਆਤਮ ਸੇਜਾ ਅਪਰ ਅਪਾਰ, ਫੂਲਨ ਬਰਖਾ ਸ਼ਬਦੀ ਧਾਰ, ਅੰਮ੍ਰਿਤ ਬਰਖੇ ਦਸਮ

ਦਵਾਰ, ਸਾਚਾ ਤਾਲ ਆਪ ਸੁਹਾਈਆ । ਨਾਭੀ ਖਿੜੇ ਇਕ ਗੁਲਜ਼ਾਰ, ਸਾਚੀ ਹਾਟੀ ਵਣਜ ਵਪਾਰ, ਔਖੀ ਘਾਟੀ ਜੋਤ ਲਿਲਾਟੀ ਬਜਰ ਕਪਾਟੀ ਅਧਵਿਚਕਾਰ । ਗੁਰਮੁਖ ਸਾਚਾ ਸੰਤ ਸੁਹੇਲਾ ਇਕ ਇਕੇਲਾ ਅੰਮ੍ਰਿਤ ਰਸ ਰਿਹਾ ਚਾਟੀ, ਮਿਲੇ ਨਾਮ ਨਾਮ ਗੁਣਕਾਰ । ਦੁਰਮਤ ਮੈਲ ਹਰਿ ਦਰ ਕਾਟੀ, ਅੱਗੇ ਦਿਸੇ ਨੇੜੇ ਵਾਟੀ, ਮੁਕਤ ਜੁਗਤ ਪ੍ਰਭ ਚਰਨ ਦਵਾਰ । ਲੱਖ ਚੁਰਾਸੀ ਖੇਲ ਬਾਜ਼ੀਗਰ ਨਾਟੀ, ਜੂਠੀ ਝੂਠੀ ਕਾਇਆ ਮਾਟੀ, ਪੰਜਾਂ ਤੱਤਾਂ ਜਗਤ ਪਿਆਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖਾਂ ਦੇਵੇ ਨਾਮ ਵਰ, ਪਾਰਬ੍ਰਹਮ ਬ੍ਰਹਮ ਪਾਏ ਸਾਰ । ਪਾਰਬ੍ਰਹਮ ਭਰਪੂਰ ਸਰਬ ਕਲਧਾਰਿਆ । ਗੁਰਮੁਖਾਂ ਆਸਾ ਮਨਸਾ ਪੂਰ ਵਿਚ ਸੰਸਾਰਿਆ । ਆਪ ਬਣਾਏ ਸਾਚਾ ਬੰਸ, ਗੁਰਮੁਖ ਵਰੋਲੇ ਵਿਚ ਸਹੰਸਾ, ਦੁਸ਼ਟ ਸੰਘਾਰੇ ਜਿਉਂ ਕਾਹਨਾ ਕੰਸਾ, ਮਾਰੇ ਸ਼ਬਦ ਤੀਰ ਕਟਰਾਇਆ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਗੁਰਮੁਖਾਂ ਦੇਵੇ ਨਾਮ ਵਰ, ਕਲਜੁਗ ਅੰਤਮ ਅੰਤ ਨਾ ਆਏ ਪਾਸਾ ਹਾਰਿਆ । ਨਾ ਆਏ ਪਾਸਾ ਹਾਰ ਸ਼ਬਦ ਸਹਾਰਿਆ । ਮਿਲਿਆ ਮੇਲ ਮੀਤ ਸੱਚਾ ਯਾਰ, ਨਰ ਹਰਿ ਹਰਿ ਨਰ ਗਿਰਧਾਰਿਆ । ਏਕਾ ਬਖ਼ਸ਼ੇ ਚਰਨ ਪਿਆਰ, ਹਉਮੇ ਹੰਗਤਾ ਰੋਗ ਨਿਵਾਰ, ਜੋਤ ਨਿਰੰਜਣ ਕਰ ਅਕਾਰਿਆ । ਸਾਚੀ ਸੰਗਤ ਪ੍ਰਭ ਦਰ ਦਵਾਰ, ਨਾਮ ਰੰਗਤ ਵਣਜ ਵਪਾਰ, ਚਾੜ੍ਹੇ ਰੰਗਤ ਭਰੇ ਭੰਡਾਰ, ਤੋਟ ਨਾ ਆਏ ਦੂਜੀ ਵਾਰਿਆ । ਹਰਿ ਹਰਿ ਸਹਾਈ ਜਿਉਂ ਨਾਨਕ ਅੰਗਦ, ਰੱਖੇ ਲਾਜ ਸਿਰ ਸ਼ਬਦ ਤਾਜ, ਮਾਰੇ ਸੋਹੰ ਅਵਾਜ਼, ਦਸਮ ਦਵਾਰੀ ਖੋਲ੍ਹੇ ਬੰਦ ਕਿਵਾੜਿਆ । ਖੋਲ੍ਹੇ ਬੰਦ ਕੁਆੜ ਦਇਆ ਕਮਾਇੰਦਾ । ਆਪੇ ਰਿਹਾ ਆਤਮ ਪਾੜ, ਪੰਜਾਂ ਧਾੜ ਪਰ੍ਹੇ ਹਟਾਇੰਦਾ । ਜੋਤ ਜਗੇ ਬਹੱਤਰ ਨਾੜ, ਦਰ ਘਰ ਸਾਚੇ ਦੇਵੇ ਵਾੜ, ਗੁਰਮੁਖ ਹੰਸ ਕਾਗ ਬਣਾਇੰਦਾ । ਦੂਈ ਦਵੈਤੀ ਸ਼ਰਅ ਸਰਾਇਤੀ ਦੇਵੇ ਸਾੜ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਸੰਤ ਸੁਹੇਲੇ, ਦਰ ਘਰ ਸਾਚੇ ਸਾਚੇ ਮੇਲੇ, ਮਿਲਿਆ ਮੇਲ ਚੜ੍ਹਿਆ ਸ਼ਬਦ ਤੇਲ, ਧਰਮ ਰਾਏ ਦੀ ਕਟੇ ਜੇਲ੍ਹ, ਦਰਗਾਹ ਸਾਚੀ ਸਾਚਾ ਧਾਮ ਇਕ ਸੁਹਾਏ, ਨਰ ਨਿਰੰਜਣਾ ਆਪ ਆਪਣੇ ਸੰਗ ਸਮਾਇੰਦਾ । ਆਪ ਆਪਣੇ ਸੰਗ ਸਮਾਏ ਨਿਰਗੁਣ ਰੂਪਿਆ । ਸਰਗੁਣ ਮਿਲਿਆ ਸਹਿਜ ਸੁਭਾਏ, ਕਿਰਪਾ ਕਰੇ ਵਡਾ ਸ਼ਾਹੋ ਭੂਪਿਆ । ਨਿਰਗੁਣ ਵੇਖੇ ਥਾਉਂ ਥਾਈਂ, ਨਾ ਕੋਈ ਜਾਣੇ ਅੰਧ ਅੰਧਕੂਪਿਆ । ਸਰਗੁਣ ਸਾਚਾ ਰਾਹ ਵਖਾਏ, ਆਪ ਆਪਣਾ ਸ਼ਬਦ ਜਣਾਏ, ਜੋਤੀ ਨੂਰ ਇਕ ਉਪਜਾਏ, ਦਇਆ ਕਮਾਏ ਆਪਨ ਆਪਿਆ । ਦੋਹਾਂ ਮੇਲਾ ਏਕਾ ਥਾਂਏ, ਪਾਰਬ੍ਰਹਮ ਬ੍ਰਹਮ ਧਾਰ ਏਕਾ ਏਕ ਏਕ ਹੋ ਜਾਏ, ਜਗੇ ਜੋਤ ਮਿਟੇ ਵਰਨ ਗੋਤ, ਘਰ ਸਾਚੇ ਸਤਿ ਸਰੂਪਿਆ । ਜੋਤੀ ਜੋਤ ਸਰੂਪ ਹਰਿ, ਆਪ ਸੁਹਾਏ ਆਪਣਾ ਘਰ, ਦੂਸਰ ਨਾ ਕੋਈ ਵੇਖੇ ਦਰ, ਨਾ ਕੋਈ ਦੇਵੇ ਨਾਮ ਸੁਗੰਧੀ ਸਾਚੀ ਧੂਪਿਆ । ਨਿਮਸਕਾਰ ਨਿਮਸਕਾਰ ਨਿਮਸਕਾਰ ਗੁਰ ਪੂਰਿਆ । ਨਿਮਸਕਾਰ ਦਰ ਘਰ ਸਾਚੇ ਸਾਚੀ ਅਨਹਦ ਤੂਰਿਆ । ਨਿਮਸਕਾਰ ਗਰੀਬ ਸਾਜਨ ਸਾਜਾ, ਦਰ ਦਵਾਰੇ ਹਾਜ਼ਰ ਹਜ਼ੂਰਿਆ । ਨਿਮਸਕਾਰ ਨਿਮਸਕਾਰ ਨਿਮਸਕਾਰ ਦੇਸ ਮਾਝੇ ਪ੍ਰਭ ਰਚਿਆ ਕਲਜੁਗ ਕਾਜਾ, ਸਤਿਜੁਗ ਮਾਰੇ ਆਪੇ ਵਾਜ਼ਾਂ, ਪਰਗਟ ਹੋਏ ਸਰਬ ਕਲਾ ਭਰਪੂਰਿਆ । ਬ੍ਰਹਮਾ ਸ਼ਿਵ ਵੇਖਣ ਦਰ ਦਰਵਾਜ਼ਾ, ਕਵਣ ਰਖਾਏ ਮਾਤ ਲਾਜਾ, ਸ਼ਬਦ ਉਡਾਏ ਸਾਚਾ ਬਾਜਾ, ਚਾਰੋਂ ਕੁੰਟ ਕਰੇ ਨੂਰਿਆ । ਪੀਤ ਪਿਤੰਬਰ ਸੋਹੇ ਸੀਸ ਤਾਜਾ, ਆਪ ਰਚਾਏ ਧਰਮ ਰਾਏ ਦਰ ਇਕ ਸਵੰਬਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਕਲ ਵੇਖ ਹਰਿ, ਲੱਖ ਚੁਰਾਸੀ ਲਾੜੀ ਮੌਤ ਤੇਰੀ ਡੋਲੀ ਪਾਏ, ਜੂਠ ਝੂਠ ਨਾਲ ਰਖਾਏ ਜਗਤ ਦਾਜਾ ।

੩੩੯ ੦੫

ਜਗਤ ਜੰਜ਼ਾਲਾ ਝੂਠ ਮਾਤ ਪਸਾਰਿਆ । ਏਕਾ ਏਕ ਨਾਮ ਅਨੂਠ, ਜਗਤ ਤ੍ਰਿਸਨਾ ਦੇਵੇ ਰੋਗ ਨਿਵਾਰਿਆ । ਦਸ ਗਿਰਾਹ ਗੁਰਮੁਖ ਤੇਰੀ ਆਤਮ ਏਕਾ ਸੁਖ, ਭਰਮੇ ਭੁਲਾ ਸਰਬ ਸੰਸਾਰਿਆ । ਓਅੰਕਾਰਾ ਗਿਆ ਤੁਠ, ਮਿਲਿਆ ਮੇਲ ਨਰ ਹਰਿ ਕਰਤਾਰਿਆ । ਜੋਤੀ ਜੋਤ ਸਰੂਪ ਹਰਿ, ਆਤਮ ਦੁੱਖੜੇ ਦੇਵੇ ਮਾਰ, ਭਾਗ ਲਗਾਏ ਸਾਚੇ ਘਰ, ਪਵਣ ਮਸਾਣੀ ਚੁੱਕੇ ਡਰ, ਛਲ ਛਿਦਰ ਕਰੇ ਵਾੜਿਆ । ਹਾਲ ਬੇਹਾਲਾ ਦਰ ਪੁਕਾਰਿਆ । ਲੋਕਮਾਤ ਹੋਇਆ ਕੰਗਾਲਾ, ਨਾ ਕੋਈ ਦੀਸੇ ਜਗਤ ਦਲਾਲਾ, ਨੇਤਰ ਨੀਰ ਵਹਾਏ ਜ਼ਾਰੋ ਜ਼ਾਰਿਆ । ਲੁੱਟਿਆ ਜਾਏ ਜਗਤ ਧਨ ਮਾਲਾ, ਨਾ ਕੋਈ ਦੀਸੇ ਬਾਲੀ ਬਾਲਾ, ਕਵਣ ਕਰੇ ਸਦਾ ਪ੍ਰਿਤਪਾਲਾ, ਦਿਵਸ ਰੈਣ ਰਹੇ ਰਖਵਾਰਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਨਾਮ ਵਰ, ਸਦਾ ਭਰਿਆ ਰਹੇ ਭੰਡਾਰਿਆ । ਜਗਤ ਰੋਗ ਤਨ ਜਾਏ ਚੁਕ । ਹਉਮੇ ਚਿੰਤਾ ਮਿਟੇ ਸੋਗ, ਕਾਇਆ ਰੁਖੜਾ ਨਾ ਜਾਏ ਸੁੱਕ । ਮਿਲੇ ਮੇਲ ਧੁਰ ਸੰਜੋਗ, ਮਦਿਰਾ ਮਾਸ ਨਾ ਰਸਨਾ ਲਾਉਣਾ ਬੁੱਕ । ਦਰ ਘਰ ਸਾਚੇ ਲਗੇ ਭੋਗ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਜਗਤ ਵਰ, ਤਨ ਮੰਦਰ ਅੰਦਰ ਗੁਰਦੁਆਰਾ ਸਾਚਾ ਸੀਸ ਹਰਿ ਜਗਦੀਸ ਚਰਨ ਕਵਲ ਕਵਲ ਚਰਨ ਜਨ ਜਾਏ ਝੁੱਕ । ਚਵੀ ਤੱਤ ਤੱਤ ਉਪਾਇਆ । ਪੰਝੀ ਪ੍ਰਕਿਰਤੀ ਵਿਚ ਸਮਾਇਆ । ਪੰਚਾਂ ਬੰਧਨ ਆਪੇ ਲਾਇਆ । ਪੰਚਾਂ ਪਰਮਾਨੰਦਨ ਵਿਚ ਸਮਾਇਆ । ਚਵੀ ਸਲੋਕਾਂ ਨਾਲ ਗਾਇਆ । ਇਸ਼ਟ ਬੁਧ ਇਸ਼ਟ ਆਤਮ ਦ੍ਰਿਸ਼ਟ ਰਿਹਾ ਜਗਾਇਆ । ਸੁਰਤੀ ਮਨ ਮਨ ਸੁਰਤੀ ਹੋਈ ਭ੍ਰਿਸ਼ਟ, ਸਾਚਾ ਇਸ਼ਟ ਨਾ ਨਜ਼ਰੀ ਆਇਆ । ਵੇਖ ਵਖਾਣੇ ਸਾਰੀ ਸ੍ਰਿਸ਼ਟ, ਗਿਆਨ ਗੁਰ ਉਪਦੇਸ ਕਵਣ ਇਸ਼ਟ ਕਵਣ ਰਾਹ ਦਏ ਦਿਖਾਇਆ । ਮਾਨਸ

੩੩੭

੦੫

ਦੇਹੀ ਹੋਈ ਨਸ਼ਟ, ਸੀਸ ਹੱਥ ਨਾ ਕਿਸੇ ਰਖਾਇਆ । ਲੱਖ ਚੁਰਾਸੀ ਮਾਨਸ ਦੇਹੀ ਅੰਤਮ ਵਾਰੀ ਏਕਾ ਕਸ਼ਟ, ਲਹਿਣਾ ਦੇਣਾ ਰਿਹਾ ਚੁਕਾਇਆ । ਜੋਤੀ ਜੋਤ ਸਰੂਪ ਹਰਿ, ਏਕਾ ਦੇਵੇ ਸਚ ਵਰ, ਸਾਚਾ ਰਾਹ ਰਿਹਾ ਵਖਾਇਆ । ਗੁਰ ਗੁਰ ਸ਼ਬਦ ਸ਼ਬਦ ਸਲੋਕ । ਮਨ ਮਨੂਆ ਨਾ ਸਕੇ ਰੋਕ । ਪੰਚ ਪੰਚਾਇਣੀ ਦੇਣੀ ਝੋਕ । ਸੁਖਮਨ ਨਾੜੀ ਟੇਡੀ ਢੋਕ । ਅਨਹਦ ਬਾਣੀ ਏਕਾ ਲੋਕ । ਜੋਤੀ ਜੋਤ ਸਰੂਪ ਹਰਿ, ਏਕਾ ਵਸੇ ਸਚ ਦਰ, ਵਸੇ ਹੱਸੇ ਹਰਿ ਨਰ ਦੇਵੇ ਦਵਾਏ ਨਾਮ ਮੋਖ । ਓਅੰਕਾਰ ਅਕਾਰ ਅਕਾਰਾ । ਸਗਲ ਸ੍ਰਿਸ਼ਟ ਹਰਿ ਪਸਾਰਾ । ਗੁਰਮੁਖਾਂ ਖੋਲ੍ਹੇ ਆਪੇ ਦ੍ਰਿਸ਼ਟ, ਦਿਵਸ ਰੈਣ ਮਿਟੇ ਧੁੰਦੂਕਾਰਾ । ਜੋਤੀ ਜੋਤ ਸਰੂਪ ਹਰਿ, ਏਕਾ ਵਸੇ ਸਚ ਘਰ, ਕਰਨਾ ਵਣਜ ਨਾਮ ਸੱਚਾ ਵਪਾਰਾ । ਆਪੇ ਕਰਨਾ ਕਰ ਵਿਚਾਰ, ਘਰ ਸਾਚੇ ਪਾਵੇ ਸਾਰਿਆ । ਆਤਮ ਖੁਲ੍ਹੇ ਬੰਦ ਕਿਵਾੜ, ਲੇਖਾ ਚੁਕੇ ਨੌਂ ਦਵਾਰਿਆ । ਮਿਟੇ ਤ੍ਰਿਸਨਾ ਤੱਤੀ ਹਾੜ, ਅੰਮ੍ਰਿਤ ਮਿਲੇ ਠੰਡੀ ਠਾਰਿਆ । ਦਰ ਦਵਾਰੇ ਦੇਵੇ ਵਾੜ, ਦਰ ਘਰ ਸਾਚੇ ਆਪ ਭੁਲਾ ਰਿਹਾ । ਅਗੇ ਪਿਛੇ ਮੀਤ ਮੁਰਾਰ, ਗੁਰ ਪੂਰਾ ਚਰਨ ਧਿਆਨ ਲਗਾ ਰਿਹਾ । ਸਾਚੇ ਪੌੜੇ ਦੇਵੇ ਚਾੜ੍ਹ, ਸ਼ਬਦ ਡੰਡਾ ਹੱਥ ਫੜਾ ਰਿਹਾ । ਅੱਗੇ ਵੇਖੇ ਧਰਮ ਅਖਾੜ, ਰਾਗ ਅਨਾਦਾ ਇਕ ਸੁਣਾ ਰਿਹਾ । ਪੁਰਖ ਅਬਿਨਾਸ਼ੀ ਸੋਹੇ ਸਾਚਾ ਲਾੜ, ਗੁਰਮੁਖ ਨਾਰੀ ਸੰਗ ਮਿਲਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੁੱਲਾ ਡੁੱਲ੍ਹਾ ਕਲਜੁਗ ਰੁੱਲਾ, ਭਾਗ ਲਗਾਏ ਕੁਲਾ, ਦੇਵੇ ਨਾਮ ਇਕ ਅਨਮੁੱਲਾ, ਸਾਚਾ ਰਾਹ ਬੇਪਰਵਾਹ ਅਗੰਮ ਅਥਾਹ ਸ਼ਬਦ ਤੂਰ, ਜੋਤੀ ਨੂਰ ਹਾਜ਼ਰ ਹਜ਼ੂਰ, ਸਚ ਸਲਾਹ ਜਗਤ ਮਲਾਹ ਆਸਾ ਮਨਸਾ ਪੂਰਿਆ । ਨਾਮ ਜਗਤ ਅਪਾਰ ਲੱਖ ਚੁਰਾਸੀਆ । ਜਨ ਭਗਤਾਂ ਕਰੇ ਪਿਆਰ, ਸਦ ਕਟੇ ਜਮ ਕੀ ਫਾਸੀਆ ।

ਦੇਵੇ ਏਕਾ ਏਕ ਹੁਲਾਰ, ਦਿਵਸ ਰੈਣ ਲਾਹੇ ਆਤਮ ਉਦਾਸੀਆ । ਪਵਣ ਉਨੰਜਾ ਛਤਰ ਝੁਲਾਰ, ਭਗਤ ਇਕਵੰਜਾ ਸ਼ਬਦ ਬਵੰਜਾ ਧਾਰ ਰਹਿਰਾਸੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋਹੰ ਦੇਵੇ ਨਾਮ ਵਰ, ਗਾਉਣਾ ਸਵਾਸ ਸਵਾਸਿਆ । ਨਾਮ ਰਸ ਰਸਨ ਰਸ ਰਾਸ । ਪੁਰਖ ਅਬਿਨਾਸ਼ੀ ਲੇਖੇ ਲਾਏ ਮਾਤ ਗਰਭ ਅਗਨੀ ਵਾਸ ਦਸ ਦਸ ਮਾਸ । ਸਰਬ ਵਿਆਪੀ ਵੇਖੇ ਸਰਬ, ਰਸਨ ਤਜਾਉਣਾ ਮਦਿਰਾ ਮਾਸ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਤ ਸੁਹੇਲਾ ਸਦਾ ਸਦ ਵਸੇ ਪਾਸ । ਆਸ ਪਾਸ ਚਾਰ ਕੁੰਟ ਦਹਿ ਦਿਸ਼ਾ ਨਾਲ ਧਾਰੀਆ । ਵੇਖ ਵਖਾਣੇ ਰਸਨ ਸਵਾਸ, ਅੰਦਰ ਬਾਹਰ ਗੁਪਤ ਜ਼ਾਹਰ ਕਾਇਆ ਪਿੰਜਰ ਹਡ ਨਾੜੀ ਮਾਸ ਰਕਤ ਬੂੰਦੀ ਆਪ ਉਪਾ ਰਿਹਾ । ਸਚ ਵਸਤ ਗੁਰਮੁਖ ਵਿਰਲੇ ਪਾਸ, ਗੁਰ ਪੂਰਾ ਜਿਸ ਦਵਾਰਿਆ । ਚਰਨ ਭਿਖਾਰੀ ਰਹੇ ਦਾਸ, ਦਰ ਦਵਾਰੀ ਹਰਿ ਬਹਾ ਰਿਹਾ । ਵੇਖ ਵਖਾਣੇ ਪ੍ਰਿਥਮੀ ਅਕਾਸ, ਗਗਨ ਮੰਡਲ ਵਿਚ ਸਮਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖਾਂ ਪੂਰਨ ਕਰੇ ਆਸ । ਭਾਣਾ ਸਹਿਣਾ ਦਰਸ ਦਿਖਾਏ ਤੀਜੇ ਨੈਣਾ ਹਰਿ ਸੰਗਤ ਹਰਿਜਨ ਮਿਲ ਮਿਲ ਬਹਿਣਾ, ਕਾਮ ਕਾਮਨੀ ਕਰੇ ਨਾਸ । ਕਾਮ ਕਰੋਧ ਚੰਡਾਲ ਦਰ ਦਰਵਾਜਿਆ । ਮੋਹ ਲੋਭ ਨਾ ਕਰੇ ਬੇਹਾਲ, ਕਾਇਆ ਕਰੋਧ ਨਾ ਕਰੇ ਕੰਗਾਲਿਆ । ਸ਼ਬਦ ਵੱਜੇ ਸਾਚਾ ਤਾਲ, ਨਾਦ ਅਨਾਦਾ ਇਕ ਰਖਾ ਲਿਆ । ਅੰਮ੍ਰਿਤ ਆਤਮ ਸਰ ਲਵਾਏ ਛਾਲ, ਸਰ ਸਰੋਵਰ ਇਕ ਵਖਾ ਲਿਆ । ਦੁਰਮਤ ਮੈਲ ਧੋਵੇ ਤੋੜੇ ਜਗਤ ਜੰਜ਼ਾਲ, ਕਲਜੁਗ ਕਾਇਆ ਲਾਹੇ ਹੱਡਾਂ ਪਾਲਿਆ । ਅੱਠੇ ਪਹਿਰ ਕਰੇ ਰਖਵਾਲ, ਧੁਰ ਦਰਗਾਹੀ ਹਰਿ ਦਲਾਲ, ਦੇਵੇ ਨਾਮ ਸੱਚਾ ਧਨ ਮਾਲ, ਸਦਾ ਸਦ ਕਰੇ ਕਰਾਏ ਪ੍ਰਿਤਪਾਲਿਆ । ਨਾਮ ਦਾਤ ਗੁਰ ਦਰ ਸਾਚੇ ਪਾਉਣੀ । ਉਤਮ ਜ਼ਾਤ ਵਿਚ ਮਾਤ ਕਰਾਉਣੀ । ਮਿਲੇ ਮੇਲ ਪੁਰਖ ਬਿਧਾਤ, ਨੌਂ ਸੱਠ ਵੰਡ ਵੰਡਾਉਣੀ । ਸੋਹੰ ਸ਼ਬਦ ਵਡ ਕਰਾਮਾਤ, ਆਤਮ ਤ੍ਰਿਸ਼ਨਾ ਅਗਨ ਬੁਝਾਉਣੀ । ਦਰਸ ਦਿਖਾਏ ਹਰਿ ਬਹੁ ਭਾਂਤ, ਅਛਲ ਅਛੱਲ ਖੇਲ ਰਚਾਉਣੀ । ਅੰਮ੍ਰਿਤ ਪਿਆਏ ਬੂੰਦ ਸਵਾਂਤ, ਨਿਝਰ ਧਾਰਾ ਇਕ ਵਹਾਉਣੀ । ਬੈਠਾ ਦਿਸੇ ਇਕ ਇਕਾਂਤ, ਆਤਮ ਸੇਜਾ ਇਕ ਸੁਹਾਉਣੀ । ਆਪੇ ਹੋਏ ਭੈਣ ਭਰਾਤ, ਮਾਤ ਪਿਤ ਨਾ ਦੀਸੇ ਕੋਇ ਸਾਚੀ ਰੀਤ ਇਕ ਵਖਾਉਣੀ । ਨਾ ਕੋਈ ਦਿਵਸ ਨਾ ਕੋਈ ਰਾਤ, ਅਠੇ ਪਹਿਰ ਪਰਭਾਤ, ਸੰਝ ਸਵੇਰ ਏਕਾ ਧਾਰ ਬੰਨ੍ਹਾਉਣੀ । ਹਰਿਜਨ ਵੇਖੇ ਮਾਰ ਝਾਤ, ਮਿਟੇ ਵਰਨ ਗੋਤ ਕਲ ਜ਼ਾਤ ਪਾਤ, ਊਚਾਂ ਨੀਚਾਂ ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਏਕਾ ਥਾਂ ਹਰਿ ਸਾਚੇ ਸਾਚੀ ਰਾਹ ਵਖਾਉਣੀ । ਪਰਗਟ ਹੋਏ ਪਕੜੇ ਬਾਂਹ, ਆਪ ਜਪਾਏ ਆਪਣਾ ਨਾਂ, ਹੰਸ ਬਣਾਏ ਫੜ ਫੜ ਕਾਂ, ਮਾਣਕ ਮੋਤੀ ਸਾਚੀ ਚੋਗ ਸੋਹੰ ਆਪਣੀ ਆਪ ਚੁਗਾਉਣੀ । ਕਲਜੁਗ ਤੇਰਾ ਅੰਤਮ ਜੋਗ, ਗੁਰਮੁਖਾਂ ਮੇਲਾ ਧੁਰ ਸੰਜੋਗ, ਸਤਿਜੁਗ ਰਸ ਲੈਣਾ ਭੋਗ, ਹਰਿ ਸੰਗਤ ਸਾਚੀ ਸੇਵ ਕਮਾਉਣੀ । ਜੋਤੀ ਜੋਤ ਸਰੂਪ ਹਰਿ, ਆਪੇ ਕਟੇ ਹਉਮੇ ਰੋਗ, ਚਰਨ ਪ੍ਰੀਤ ਇਕ ਰਖਾਉਣੀ । ਕਰਮ ਜਰਮ ਪ੍ਰਭ ਹੱਥ, ਦਇਆ ਕਮਾਇੰਦਾ । ਦੇਵੇ ਬੁਧ ਬਲ ਸਚ ਵੱਥ, ਸ਼ਬਦ ਰਥ ਇਕ ਚੜ੍ਹਾਇੰਦਾ । ਜਗਤ ਵਿਕਾਰਾ ਪਾਏ ਨੱਥ, ਸਗਲ ਵਿਕਾਰਾ ਦਏ ਮਥ, ਹੱਥ ਸਿਰ ਸਮਰਥ ਟਿਕਾਇੰਦਾ । ਸਗਲ ਵਸੂਰੇ ਜਾਇਣ ਲੱਥ, ਦਰ ਸਾਚਾ ਇਕ ਵਖਾਇੰਦਾ । ਜਗਤ ਮਹਿੰਮਾ ਸਦਾ ਅਕਥ, ਜੋਤੀ ਜੋਤ ਸਰੂਪ ਹਰਿ, ਆਪ ਆਪਣੇ ਰੰਗ ਸਮਾਇੰਦਾ । ਪੰਚਮ ਪੰਚਮ ਪੰਚਮ ਤ੍ਰੈ ਅਠ । ਕਿਸ਼ਨਾ ਪੱਖ ਹੋਏ ਕਠ । ਸ਼ੁਕਲਾ ਗਿੜੀ ਉਲਟੀ ਲੱਠ । ਰਕਤ ਬੂੰਦ ਹੋਈ ਭਠ । ਝੂਠਾ ਤਪਿਆ ਮਾਤ ਭੱਠ । ਹਰਿ


੩੩੮
੦੫

ਹਰਿ ਹਰਿ ਜਨ ਨਿਮਾਣਾ ਦਰ ਦਵਾਰੇ ਗਿਆ ਢੱਠ । ਆਪ ਪਹਿਨਾਏ ਸ਼ਬਦ ਬਾਣੇ ਜੋਗ ਦੇਵੇ ਨਾਮ ਹਠ । ਸਾਚਾ ਵਕਤ ਹਰਿ ਸੁਹਾਨਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਫਲ ਲਗਾਏ ਕਾਇਆ ਡਾਲ੍ਹ, ਦਿਵਸ ਰੈਣ ਕਰੇ ਪ੍ਰਿਤਪਾਲ । ਬੇਅੰਤ ਬਣਤ ਮੇਘ ਭਗਵੰਤ ਬਣਾਈਆ । ਜੀਵ ਜੰਤ ਸਾਧ ਸੰਤ, ਸਹਿਜ ਸੁਭਾਏ ਰਿਹਾ ਹਿਲਾਈਆ । ਦਰਸ ਦਿਖਾਏ ਇਕ ਇਕੰਤ, ਪੰਚਮ ਪੰਚਾਂ ਮੇਲ ਮਿਲਾਈਆ । ਪੰਚਮ ਪੰਚਮ ਕਰੇ ਭਸਮੰਤ, ਪੰਚਾ ਰੰਗਣ ਨਾਮ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚਾ ਧਾਮ ਸੁਹਾਈਆ । ਪੰਚਮ ਚੜ੍ਹਿਆ ਰੰਗ ਪੰਚ ਗਰਾਮਿਆ । ਮਿਲਿਆ ਮੇਲ ਹਰਿ ਸਾਚੇ ਸੰਗ, ਨਾ ਲਾਏ ਕੋਈ ਦਾਮਿਆ । ਮਾਨਸ ਜਨਮ ਨਾ ਹੋਏ ਭੰਗ, ਮਿਟੇ ਰੈਣ ਅੰਧੇਰੀ ਸ਼ਾਮਿਆ । ਦਰ ਦਵਾਰਾ ਏਕਾ ਲੈਣਾ ਮੰਗ, ਕਿਰਪਾ ਕਰੇ ਅੰਤਰਯਾਮੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੰਚਮ ਸੁਹਾਏ ਬੰਕ ਦਵਾਰ, ਜੋਤ ਸਰੂਪੀ ਕਰ ਅਕਾਰ, ਸ਼ਬਦ ਸਰੂਪੀ ਵਡ ਭੰਡਾਰ, ਪਵਣ ਸਵਾਸੀ ਦਏ ਅਧਾਰ, ਸਦਾ ਸਦਾ ਸਦ ਸਤਿ ਸਰੂਪਿਆ । ਗੁਰ ਸੰਗਤ ਸਾਚਾ ਸਚ ਪਿਆਰ । ਉਤਮ ਨਾਤਾ ਵਿਚ ਸੰਸਾਰ । ਲੇਖਾ ਮੁਕੇ ਜ਼ਾਤਾਂ ਪਾਤਾਂ ਊਚਾਂ ਨੀਚਾਂ ਇਕ ਅਧਾਰ । ਸਾਚੀ ਮਿਲੇ ਸ਼ਬਦ ਸੁਗਾਤਾ, ਹਉਮੇ ਦੁੱਖੜਾ ਦਏ ਨਿਵਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦਰ ਘਰ ਸਾਚੇ ਦੇਵੇ ਵਰ, ਪੰਚਮ ਪੰਚਗਿਰਾਂ ਆਪ ਸੁਹਾਏ ਸਾਚਾ ਥਾਂ । ਬੰਕ ਦਵਾਰ ਹਰਿ ਕਰਤਾਰ ਏਕਾ ਏਕ ਜਨ ਭਗਤਾਂ ਟੇਕ, ਲੋਕਮਾਤ ਮਾਰ ਝਾਤ, ਆਪ ਆਪਣੀ ਰਖਾਏ ਛਾਂ । ਗੁਰਮੁਖ ਮੰਗੇ ਚਰਨ ਧੂੜ । ਤਨ ਮਨ ਕਾਇਆ ਮਾਟੀ ਰੰਗੇ, ਬਣੇ ਚਤੁਰ ਸੁਘੜ ਮੂੜ੍ਹੋ ਮੂੜ੍ਹ । ਸਚ ਇਸ਼ਨਾਨ ਆਤਮ ਸਰ ਸਾਚੀ ਗੰਗੇ, ਸ੍ਰਿਸ਼ਟ ਸਬਾਈ ਕੂੜੋ ਕੂੜ । ਆਦਿ ਜੁਗਾਦਿ ਜੁਗੋ ਜੁਗ ਨਾ ਹੋਵਣ ਨੰਗੇ, ਏਕਾ ਰੰਗਣ ਰੰਗ ਚੜ੍ਹਾਏ ਸ਼ਬਦ ਸਰੂਪੀ ਸਾਚਾ ਗੂੜ੍ਹ । ਇਕ ਦਵਾਰਾ ਗੁਰਮੁਖ ਸਾਚਾ ਆਤਮ ਅੰਦਰੇ ਅੰਦਰ ਮੰਗੇ, ਮਸਤਕ ਮਸਤਕ ਮਸਤਕ ਚਰਨ ਚਰਨ ਚਰਨ ਗੁਰ ਧੂੜ ।

## ★ ੧੨ ਕੱਤਕ ੨੦੧੨ ਬਿਕ੍ਰਮੀ ਅਜੀਤ ਸਿੰਘ ਦੇ ਗ੍ਰਿਹ ਬਟਾਲਾ ★

ਸ਼ਬਦ ਰੰਗੀਲੀ ਸੇਜ ਜਗਤ ਵਿਛਾਈਆ । ਸ਼ਬਦ ਸੁਨੇਹੜਾ ਰਿਹਾ ਭੇਜ, ਦਿਵਸ ਰੈਣ ਰਿਹਾ ਜਗਾਈਆ । ਜੋਤੀ ਦਾਮਨ ਚਮਕੇ ਤੇਜ, ਨੂਰ ਨੁਰਾਨੀ ਰਹੇ ਸਵਾਈਆ । ਆਪੇ ਵੇਖੇ ਨੌਂ ਨੌਂ ਤੇਜ, ਨੌਂ ਦਵਾਰੇ ਰਿਹਾ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸੁਰਤੀ ਮਾਤ ਦਵਾਈਆ । ਸ਼ਬਦ ਰੰਗੀਲਾ ਰੰਗ ਹਰਿ ਚੜ੍ਹੰਨਿਆ । ਆਪ ਨਿਭਾਏ ਸਾਚਾ ਸੰਗ, ਆਦਿ ਅੰਤ ਬੇੜਾ ਬੰਨ੍ਹਿਆ । ਸ਼ਬਦ ਡੋਰੀ ਗੁਰਮੁਖ ਪਤੰਗ, ਉਪਰ ਦਿਸੇ ਛਪਰ ਛੰਨਿਆ । ਅੰਮ੍ਰਿਤ ਧਾਰਾ ਵਗੇ ਗੰਗ, ਕਿਸੇ ਹੱਥ ਨਾ ਆਏ ਆਤਮ ਅੰਨ੍ਹਿਆ । ਨਾਮ ਰੰਗੀਲਾ ਪਲੰਘ, ਜਗਤ ਆਪਣਾ ਬੇੜਾ ਆਪੇ ਬੰਨ੍ਹਿਆ । ਜੋਤ ਬਿਰਾਜੇ ਵਡ ਦਾਤਾ ਸੂਰਾ ਸਰਬੰਗ, ਸਾਚਾ ਰਾਗ ਸੁਣਾਏ ਕੰਨਿਆ । ਏਕਾ ਏਕ ਵੱਜੇ ਮਰਦੰਗ, ਭਾਂਡਾ ਭਰਮ ਆਪੇ ਭੰਨਿਆ । ਸ਼ਬਦ ਪਹਿਨਾਏ ਸਾਚੀ ਵੰਗ, ਸੋਹੰ ਪਾਏ ਸਾਚੀ ਅੰਗਿਆ । ਸ਼ਬਦ ਘੋੜੇ ਕਸੇ ਤੰਗ, ਆਵੇ ਜਾਵੇ ਮੇਲ ਮਿਲਾਵੇ ਸਾਚਾ ਸੰਗਿਆ । ਦਰ ਘਰ ਸਾਚਾ ਰਿਹਾ ਲੰਘ, ਆਦਿ ਅੰਤ ਕਦੇ ਨਾ ਸੰਗਿਆ । ਗੁਰਮੁਖ ਕਾਇਆ ਚਾੜ੍ਹੇ ਰੰਗ, ਜੋਤੀ ਜੋਤ

ਸਰੂਪ ਹਰਿ, ਪੱਤ ਡਾਲ੍ਹੀ ਆਪੇ ਨਵ ਨਵ ਰੰਗਿਆ । ਫ਼ਲ ਫੁਲਵਾੜੀ ਮਾਤ ਕਿਆਰੀ, ਤਨ ਸੁਹਣੀ ਮਾਤ ਬਣਾਈਆ । ਅੰਮ੍ਰਿਤ ਬਰਖੇ ਨਿਝਰ ਧਾਰੀ, ਸਦਾ ਰਹੇ ਠੰਡੀ ਠਾਰੀ, ਰੁੱਤ ਬਸੰਤੀ ਹਰਿ ਸੁਹਾਈਆ । ਮਧੁਰ ਨੈਣ ਕਰੇ ਪਿਆਰੀ, ਸ਼ਬਦ ਸੈਣ ਵਣਜ ਵਪਾਰੀ, ਸਾਚੀ ਧਾਰਾ ਇਕ ਵਖਾਈਆ । ਗੁਰਮੁਖ ਸਾਚਾ ਸਾਚੀ ਨਾਰੀ, ਮਿਲੇ ਮੇਲ ਪੁਰਖ ਭਤਾਰੀ, ਆਤਮ ਸੇਜਾ ਕਰ ਤਿਆਰੀ, ਪ੍ਰਭ ਫੂਲਨ ਬਰਖਾ ਲਾਈਆ । ਪਰਗਟ ਹੋਏ ਨਰ ਨਿਰੰਕਾਰੀ, ਜੋਤ ਅਗੰਮੀ ਅਪਰ ਅਪਾਰੀ, ਸ਼ਬਦ ਝੂਲਾ ਦਏ ਹੁਲਾਰੀ, ਆਰ ਪਾਰ ਇਕ ਕਿਨਾਰ ਦੋ ਜਹਾਨਾਂ ਰਿਹਾ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਸੰਤ ਦੁਲਾਰੇ, ਨਾਮ ਕਰਾਏ ਵਣਜ ਵਪਾਰੇ, ਸਾਚੀ ਸਿਖਿਆ ਅੰਮ੍ਰਿਤ ਭਿਖਿਆ ਆਤਮ ਝੋਲੀ ਪਾਈਆ । ਆਤਮ ਝੋਲੀ ਦਰ ਭਰਾਈ, ਉਪਜੇ ਬ੍ਰਹਮ ਗਿਆਨ । ਸਾਚੇ ਘਰ ਵੱਜੇ ਵਧਾਈ, ਏਕਾ ਦੀਸੇ ਨਾਮ ਨਿਸ਼ਾਨ । ਨੌਂ ਅਠਾਰਾਂ ਵਸ ਕਰਾਈ, ਦਸਮ ਦਵਾਰਾ ਮੇਲ ਭਗਵਾਨ । ਏਕਾ ਸੱਚਾ ਰਾਹ ਵਖਾਈ, ਝੁੱਲਦਾ ਦਿਸੇ ਸ਼ਬਦ ਨਿਸ਼ਾਨ । ਫੂਲਨ ਸੇਜਾ ਮਾਤ ਵਿਛਾਈ, ਜੋਤੀ ਖੇਲ ਭਗਤਨ ਮੇਲ ਗੁਣ ਨਿਧਾਨ । ਜੋਤੀ ਜੋਤ ਸਰੂਪ ਹਰਿ, ਚਾਰੋ ਕੁੰਟ ਚਾਰ ਦਿਵਾਰ ਪਹਿਰੇਦਾਰ, ਦਿਵਸ ਰੈਣ ਕਰ ਪਿਆਰ, ਸਦਾ ਸੁਹੇਲਾ ਹੋਏ ਸਹਾਈ । ਫੂਲਨ ਸੇਜਾ ਜਗਤ ਵਿਛਾਉਣਾ । ਗੁਰਮੁਖ ਮੇਲਾ ਭਗਤ ਜਗਾਉਣਾ । ਆਪੇ ਗੁਰ ਆਪੇ ਚੇਲਾ, ਆਪ ਆਪਣਾ ਰਾਹ ਵਿਖਾਉਣਾ । ਨਾ ਕੋਈ ਮੰਗੇ ਪੈਸਾ ਧੇਲਾ, ਕਲਜੁਗ ਕੰਢਾ ਪਾਰ ਕਰਾਉਣਾ । ਹਰਿਜਨ ਹੋਏ ਵਕਤ ਸੁਹੇਲਾ, ਸ਼ਬਦ ਡੰਡਾ ਹੱਥ ਫੜਾਉਣਾ । ਪ੍ਰਭ ਮਿਲਣ ਦਾ ਸਾਚਾ ਵੇਲਾ, ਸਾਚੀ ਵੰਡਾ ਵੰਡ ਵੰਡਾਉਣਾ । ਧਰਮ ਰਾਏ ਦੀ ਟੁੱਟੇ ਜੇਲ੍ਹਾ, ਨਾਮ ਭੰਡਾਰਾ ਵਿਚ ਬ੍ਰਹਿਮੰਡਾ ਹੱਥ ਫੜਾਉਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਸਰੂਪੀ ਮੇਲ ਕਰ, ਦਸਮ ਦਵਾਰੀ ਤੇਲ ਚੜ੍ਹਾਉਣਾ । ਸ਼ਬਦ ਚੜ੍ਹਾਏ ਤੇਲ, ਗਾਏ ਗੀਤ ਸੁਹਾਗੀਆ । ਪੁਰਖ ਭਤਾਰਾ ਸਾਚਾ ਮੇਲ, ਉਪਜੇ ਮਨ ਵੈਰਾਗਿਆ । ਸਾਚਾ ਮੇਲਾ ਸੱਜਣ ਸੁਹੇਲ, ਧੋਏ ਮਲ ਮਲ ਦਾਗਿਆ । ਅਚਰਜ ਵੇਖੇ ਆਪਣੀ ਖੇਲ, ਕਦੇ ਨਾ ਸੋਇਆ ਸਦਾ ਜਾਗਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਸਾਚੀ ਡੋਰੀ, ਆਪ ਆਪਣੇ ਸੰਗ ਜਾਏ ਤੋਰੀ, ਦੋ ਹੱਥੀਂ ਪਕੜੇ ਵਾਗਿਆ । ਫੂਲਨ ਗਹਿਣਾ ਸ਼ਬਦ ਪਟਾਰੀ । ਪੁਰਖ ਅਬਿਨਾਸ਼ੀ ਕਿਰਪਾ ਕਰ, ਜਨ ਭਗਤਾਂ ਦਿਤੀ ਪਹਿਲੀ ਵਾਰੀ । ਆਪ ਆਪਣੀ ਜੋਤ ਧਰ, ਕਾਇਆ ਮੰਦਰ ਮਹੱਲ ਅਪਾਰੀ । ਨਿਰਮਲ ਗੋਤ ਏਕਾ ਕਰ, ਊਚ ਨੀਚ ਨਾ ਰਿਹਾ ਵਿਚਾਰੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਭਾਗ ਲਗਾਏ ਤੇਰੀ ਆਤਮ ਕਾਇਆ ਤਨ ਕਿਆਰੀ । ਆਤਮ ਤਨ ਕਿਆਰੀ ਸ਼ਬਦ ਲਵਾਇਆ । ਖਿਲੀ ਮਾਤ ਸੱਚੀ ਫੁਲਵਾੜੀ, ਉਪਰ ਧਰਤੇ ਫੁੱਲ ਕਵਲਿਆ । ਆਪੇ ਵੇਖੇ ਪਿਛੇ ਅਗਾੜੀ, ਅੰਮ੍ਰਿਤ ਨਾਭੀ ਦੋ ਦੋ ਆਬੀ ਵਾਹ ਵਾਹ ਧਾਰਾ ਨੀਲੀ ਸੂਹੀ ਪੀਲੀ ਲਾਲ ਗੁਲਾਬੀ ਜਗ ਦਲਾਲੀ ਚਿੱਟਾ ਖਿਟਾ ਨੀਲਮ ਨੀਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸੁਹਾਏ ਆਤਮ ਘਰ, ਅੰਮ੍ਰਿਤ ਜਾਮ ਏਕਾ ਏਕ ਪਿਆ ਲਿਆ । ਗੁਰ ਸੰਗਤ ਤੇਰੀ ਭੇਟ ਸੀਸ ਉਠਾਈਆ । ਧੁਰ ਦਰਗਾਹੀ ਖੇਵਟ ਖੇਟ, ਸਾਚਾ ਬੇੜਾ ਰਿਹਾ ਚਲਾਈਆ । ਆਪੇ ਮਾਂ ਪਿਉ ਬੇਟ, ਦੂਸਰ ਕੋਈ ਦਿਸ ਨਾ ਆਈਆ । ਮਾਇਆ ਤ੍ਰਿਸਨਾ ਦਏ ਮੇਟ, ਆਪ ਆਪਣੀ ਦਇਆ ਕਮਾਈਆ । ਨਾਮ ਨਿਰੰਜਣ ਚੇਟਕ ਚੇਟ, ਰਸਨਾ ਜਿਹਵਾ ਇਕ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

ਕਰ, ਸਾਚਾ ਭਾਣਾ ਰਿਹਾ ਵਖਾਈਆ । ਭਰਮ ਭੁਲੇਖਾ ਦਏ ਨਿਵਾਰ, ਜਨਮ ਕਰਮ ਆਪ ਵਿਚਾਰ, ਲਹਿਣਾ ਦੇਣਾ ਮੂਲ ਚੁਕਾਈਆ । ਸਤਿ ਪੁਰਖ ਨਿਰੰਜਣ ਏਕਾ ਧਾਰ, ਪਾਰਬ੍ਰਹਮ ਬ੍ਰਹਮ ਪਾਏ ਸਾਰ, ਆਪ ਆਪਣੇ ਰੰਗ ਸਮਾਈਆ । ਸ਼ਬਦ ਵਿਚੋਲਾ ਜਗਤ ਮੇਟੇ ਕੁਕਰਮ, ਚਾਰੋਂ ਕੁੰਟਾਂ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਸਤਿਜੁਗ ਏਕਾ ਕਰ, ਦੋਹਾਂ ਦੇਵੇ ਏਕਾ ਵਰ, ਲਹਿਣਾ ਦੇਣਾ ਅੰਤ ਆਦਿ ਆਪੇ ਰਿਹਾ ਚੁਕਾਈਆ । ਕਲਜੁਗ ਅੰਤ ਅੰਤ ਅੰਤ ਵਿਚਾਰਿਆ । ਆਪੇ ਜਾਣੇ ਸਾਚੀ ਬਣਤ, ਬਣੇ ਬਣਾਏ ਸਾਚੀ ਵਿਚ ਸੰਸਾਰਿਆ । ਦਰ ਦਰ ਘਰ ਘਰ ਨੇਤਰ ਖੋਲ੍ਹ ਵੇਖਣ ਸੰਤ, ਕਵਣ ਦਵਾਰਾ ਭਰੇ ਭੰਡਾਰਿਆ । ਕਵਣ ਸ਼ਬਦ ਜਿਹਵਾ ਮੰਤ, ਮੇਟ ਮਿਟਾਏ ਧੁੰਦੂਕਾਰਿਆ । ਹੋਏ ਮਿਲਾਵਾ ਸਾਚੇ ਕੰਤ, ਵੱਜੇ ਨਾਦ ਅਪਰ ਅਪਾਰਿਆ । ਕਾਇਆ ਚੜ੍ਹੇ ਰੰਗ ਬਸੰਤ, ਖਿੜੀ ਰਹੇ ਸਦਾ ਗੁਲਜ਼ਾਰਿਆ । ਮੇਟ ਮਿਟਾਏ ਪੰਜੇ ਦੰਤ, ਸੁਰਤੀ ਖਿਚੇ ਦਸਮ ਦਵਾਰਿਆ । ਨੌਂ ਦਵਾਰੇ ਜੀਵ ਜੰਤ, ਗੁਰਮੁਖ ਵਿਰਲਾ ਨਿਰਮਲ ਨਿਰਮਲ ਦਰ ਘਰ ਸਾਚੇ ਬੂਝ ਬੁਝਾਰਿਆ । ਮਿਲੇ ਮੇਲ ਪੂਰਨ ਭਗਵੰਤ, ਜੋਤੀ ਜੋਤ ਸਰੂਪ ਹਰਿ, ਕਲਜੁਗ ਤੇਰਾ ਅੰਤਮ ਅੰਤ ਕਾਲਾ ਸੂਸਾ ਤਨ ਛੁਹਾ ਰਿਹਾ । ਸਤਿਜੁਗ ਸਾਚਾ ਆਦਿ ਆਦਿ ਉਪਦੇਸਿਆ । ਵੇਖੇ ਖੇਲ ਵਿਚ ਬ੍ਰਿਹਮਾਦ, ਬ੍ਰਹਮ ਵਿਸ਼ਨ ਮਹੇਸ਼ਿਆ । ਸ਼ਬਦ ਵਜਾਏ ਸਾਚਾ ਨਾਦ, ਲੋਆਂ ਪੁਰੀਆਂ ਦੇਸ ਪਰਦੇਸਿਆ । ਲੇਖਾ ਲਿਖੇ ਬੋਧ ਅਗਾਧ, ਜੋਤੀ ਜਾਮਾ ਧਾਰੇ ਭੇਸਿਆ । ਧਰਤ ਮਾਤ ਰਹੀ ਅਰਾਧ, ਬਣ ਭਿਖਾਰ ਦਰ ਦਰਵੇਸਿਆ । ਸੰਤ ਸੁਹੇਲੇ ਕਰਦੇ ਯਾਦ, ਪਾਇਣ ਵੈਣ ਖੁਲ੍ਹੜੇ ਕੇਸਿਆ । ਮਿਲੇ ਮੇਲ ਮਾਧਵ ਮਾਧ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਵਣ ਦਵਾਰੇ ਮੇਲ ਨਿਰੰਕਾਰੇ ਜੋਤੀ ਸ਼ਬਦ ਪਵਣ ਸਵਾਸੀ ਸਦਾ ਰਹੇ ਪਰਵੇਸ਼ਿਆ । ਸਤਿਜੁਗ ਆਦਿ ਆਦਿ ਗੁਰ ਅੰਤਰ, ਹਰਿ ਸਾਚੀ ਰਚਨ ਰਚਾਈਆ । ਅਜਪਾ ਜਾਪ ਜਾਪ ਗੁਰ ਮੰਤਰ, ਲੋਕਮਾਤ ਰਿਹਾ ਉਪਜਾਈਆ । ਜਗਤ ਤ੍ਰਿਸਨਾ ਮਿਟੇ ਬਸੰਤਰ, ਅੰਮ੍ਰਿਤ ਮੇਘ ਰਿਹਾ ਬਰਸਾਈਆ । ਗਗਨ ਗਗਨੰਤਰ ਮਾਤ ਪਤਾਲ ਅਕਾਸ਼ ਖੇਲ ਰਚਾਈਆ । ਆਪੇ ਜਾਣੇ ਜੁਗਾ ਜੁਗੰਤਰ, ਪ੍ਰਭ ਸਾਚਾ ਮਾਰਗ ਇਕ ਲਗਾਈਆ । ਕਲਜੁਗ ਤੇਰੀ ਅੰਤਮ ਅੰਤ, ਸਤਿਜੁਗ ਆਦਿ ਹੋਇਆ ਜੁਗ ਜੁਗ ਜੁਗੰਤਰ, ਪ੍ਰਭ ਸਾਚਾ ਮਾਰਗ ਲਾਈਆ । ਰਾਗ ਨਾਦ ਬ੍ਰਿਹਮਾਦ ਸੁਨ ਸਮਾਧ, ਜਨ ਭਗਤਾਂ ਦੇਵੇ ਸ਼ਬਦ ਦਾਦ, ਜੀਵ ਜੰਤ ਨਾ ਜਾਣੇ ਗਵਣ । ਏਕਾ ਉਪਜੇ ਆਤਮ ਨਾਦ, ਭੇਵ ਖੁਲ੍ਹਾਏ ਤ੍ਰੈ ਤ੍ਰੈ ਭਵਣ । ਨਾਮ ਜਣਾਈ ਬੋਧ ਅਗਾਧ ਦਿਵਸ ਰੈਣ ਨਾ ਦੇਵੇ ਸੌਣ, ਤਨ ਮਾਟੀ ਸਾਚੀ ਹਾਟੀ ਰਿਹਾ ਸੋਧ, ਆਪ ਕਟਾਏ ਅਵਣ ਗਵਣ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਵਸਤ ਇਕ ਸੱਚੀ ਧਰਮਸਾਲ, ਰਲਾਏ ਸਵਾਸ ਪਵਣ । ਪਵਣ ਸਵਾਸ ਕਰ ਪਿਆਰ । ਸ਼ਬਦ ਦੇਵੇ ਇਕ ਅਧਾਰ । ਗੁਰਮੁਖ ਸਾਚੇ ਕਰਮ ਵਿਚਾਰ । ਪੰਜ ਚੋਰ ਨਾ ਦਰ ਘਰ ਨਾਚੇ ਅੱਠੇ ਪਹਿਰ ਖ਼ਬਰਦਾਰ । ਆਪੇ ਭੰਨੇ ਕਲਜੁਗ ਡੰਨੇ ਬੇਮੁੱਖ ਜੀਵ ਭਾਂਡੇ ਕਾਚੇ, ਗੁਰਮੁਖ ਸਾਚੇ ਮਾਤ ਉਜਿਆਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਭੰਡਾਰਾ ਰਿਹਾ ਭਰ, ਹਰਿ ਜਨ ਮੰਗੇ ਦਰ ਦਵਾਰ । ਤਖ਼ਤ ਤਾਜ ਸੁਲਤਾਨ ਹਰਿ ਭਗਵਾਨਿਆ । ਲੋਆਂ ਪੁਰੀਆਂ ਏਕਾ ਰਾਜ, ਸ਼ਬਦ ਨਿਸ਼ਾਨਿਆ । ਸ਼ਬਦ ਉਡਾਏ ਏਕਾ ਬਾਜ, ਵੇਖ ਵਖਾਣੇ ਸਰਬ ਥਾਨਿਆ । ਆਪ ਰਚਾਇਆ ਆਪਣਾ ਕਾਜ, ਹਰਿ ਹਰਿ ਵਾਲੀ ਦੋ ਜਹਾਨਿਆ । ਚਾਰੋਂ ਕੁੰਟ ਰਿਹਾ ਭਾਜ, ਲੇਖ ਲਿਖਾਏ ਰਾਜ ਰਾਜਾਨਿਆ । ਪਰਗਟ ਹੋਏ ਦੇਸ ਮਾਝ, ਸੰਭਲ ਦੇਸ ਨਗਰ ਸੁਹਾਨਿਆ ।


੩੪੧ ੦੫

ਸਾਧਾਂ ਸੰਤਾਂ ਜੀਆਂ ਜੰਤਾਂ ਖੋਲ੍ਹੇ ਪਾਜ, ਮਾਰੇ ਤੀਰ ਸ਼ਬਦ ਨਿਸ਼ਾਨਿਆ । ਗੁਰਮੁਖਾਂ ਪੜਦੇ ਰਿਹਾ ਕਾਜ, ਸਾਚਾ ਬੰਨ੍ਹੇ ਹੱਥੀਂ ਗਾਨਿਆ । ਵੇਲੇ ਅੰਤਮ ਰੱਖੇ ਲਾਜ, ਦਰ ਦਵਾਰੇ ਕਰੇ ਪਰਵਾਨਿਆ । ਲੱਖ ਚੁਰਾਸੀ ਨਾਰ ਬਾਂਝ, ਸਾਚੀ ਦਿਸੇ ਨਾ ਘਰ ਸੰਤਾਨਿਆ । ਗੁਰਮੁਖ ਸਾਚੇ ਦੋ ਜਹਾਨੀ ਏਕਾ ਸਾਂਝ, ਮਿਲੇ ਮੇਲ ਪੁਰਖ ਭਗਵਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕ ਝੁਲਾਏ ਸ਼ਬਦ ਨਿਸ਼ਾਨਿਆ । ਸ਼ਬਦ ਨਿਸ਼ਾਨਾ ਏਕਾ ਏਕ ਝੁਲਾ ਰਿਹਾ । ਨੌਂ ਖੰਡ ਪ੍ਰਿਥਮੀ ਏਕਾ ਟੇਕ, ਹਰਿ ਰਖਾਏ ਸ਼ਾਹ ਅਸਵਾਰਿਆ । ਸੱਤਾਂ ਦੀਪਾਂ ਕਰੇ ਬੁਧ ਬਿਬੇਕ, ਦੇਵੇ ਨਾਮ ਅਪਰ ਅਪਾਰਿਆ । ਸਾਚੇ ਨੇਤਰ ਲੈਣਾ ਵੇਖ, ਆਪ ਆਪਣਾ ਭੇਵ ਛੁਪਾ ਰਿਹਾ । ਲੇਖਾ ਜਾਣੇ ਔਲੀਆ ਪੀਰ ਸ਼ੇਖ਼, ਗੁਰ ਪੀਰ ਔਲੀਆ ਨਾ ਕੋਈ ਛੁਪਾ ਰਿਹਾ । ਪੰਡਤ ਪਾਂਧੇ ਰਹੇ ਵੇਖ, ਵੇਦ ਵਿਆਸੇ ਲਿਖੀ ਰੇਖ, ਕਵਣ ਕੂਟੇ ਪ੍ਰਭ ਸਾਚੀ ਜੋਤ ਜਗਾ ਰਿਹਾ । ਦਰ ਦਵਾਰੇ ਗੁਰਮੁਖ ਵਿਰਲੇ ਸਾਚੇ ਨੇਤਰ ਲੈਣਾ ਪੇਖ, ਸ਼ਬਦ ਸਿੰਘਾਸਣ ਹਰਿ ਡਗਮਗਾ ਰਿਹਾ । ਜੋਤੀ ਜੋਤ ਸਰੂਪ ਹਰਿ, ਕਲਜੁਗ ਸਤਿਜੁਗ ਲਿਖੇ ਲੇਖ, ਦੋਹਾਂ ਲਹਿਣਾ ਦੇਣਾ ਅੰਤਮ ਮਾਤ ਚੁਕਾ ਰਿਹਾ । ਲਹਿਣਾ ਦੇਣਾ ਦਏ ਦੇਵਣਹਾਰਿਆ । ਕਲਜੁਗ ਝੂਠਾ ਲਗੇ ਨੇਂਹ, ਮਾਇਆ ਭੁੱਲਾ ਸਰਬ ਸੰਸਾਰਿਆ । ਦਰ ਦਰ ਘਰ ਘਰ ਮੰਦਰ ਅੰਦਰ ਹੋਣੇ ਥੇਹ, ਨਾ ਕੋਈ ਦੀਸੇ ਗੁਰੂਦਵਾਰਿਆ । ਚਾਰੇ ਕੁੰਟ ਉਡਣੀ ਖੇਹ, ਪਰਗਟ ਹੋਏ ਹਰਿ ਨਿਰੰਕਾਰਿਆ । ਨਾ ਕੋਈ ਭਈਆ ਬੇਬੇ ਬੇ, ਪਿਤਾ ਪੂਤ ਨਾ ਕੋਈ ਸਹਾਰਿਆ । ਨਾ ਕੋਈ ਰਸਨਾ ਗਾਵੇ ਜਿਹਵਾ ਜੇ, ਜਗਤ ਵਿਛੋੜਾ ਆਪ ਕਰਾ ਰਿਹਾ । ਨਾ ਕੋਈ ਦੀਸੇ ਦੇਵੀ ਦੇ, ਕਰੋੜ ਤੇਤੀਸਾ ਵਕਤ ਚੁਕਾ ਰਿਹਾ । ਸ਼ਿਵ ਸ਼ੰਕਰ ਲਾਏ ਕੰਠ ਸੇ, ਬਾਸ਼ਕ ਤਸ਼ਕ ਗਲ ਲਟਕਾ ਰਿਹਾ । ਬ੍ਰਹਮਾ ਦੇਣਾ ਰਿਹਾ ਦੇ, ਚਾਰੇ ਮੁਖ ਹਿਸਾਬ ਮੁਕਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਏਕਾ ਰਾਹ ਵਖਾ ਰਿਹਾ । ਸਤਿਜੁਗ ਸਚ ਦਵਾਰ, ਦਰ ਦਰ ਮੰਗਿਆ । ਪ੍ਰਭ ਅਬਿਨਾਸ਼ੀ ਕਿਰਪਾ ਧਾਰ, ਆਪ ਨਿਭਾਏ ਆਪਣਾ ਸੰਗਿਆ । ਪਰਗਟ ਕਰ ਵਿਚ ਸੰਸਾਰ, ਸੋਹੰ ਸ਼ਬਦ ਭਰ ਭੰਡਾਰ, ਇਕ ਚੜ੍ਹਾਏ ਸਾਚਾ ਰੰਗਿਆ । ਗੁਰਮੁਖ ਸਾਚੇ ਮਾਤ ਵਿਚਾਰ, ਦੇਵੇ ਦਾਤ ਅਪਰ ਅਪਾਰ, ਮਾਨਸ ਦੇਹੀ ਨਾ ਹੋਏ ਭੰਗਿਆ । ਤਨ ਮਾਲਾ ਗਲ ਸਾਚਾ ਹਾਰ, ਅੰਮ੍ਰਿਤ ਪਿਆਲਾ ਭਰ ਭੰਡਾਰ, ਨਾ ਹੋਏ ਕੰਗਾਲਾ ਦੂਜੀ ਵਾਰ, ਵਗੇ ਧਾਰ ਸਾਚੀ ਗੰਗਿਆ । ਨਾਮ ਦੁਸ਼ਾਲਾ ਅਪਰ ਅਪਾਰਾ, ਫ਼ਲ ਲਗਾਏ ਕਾਇਆ ਡਾਲ੍ਹਾ ਸਾਚਾ ਮੇਵਾ ਪਹਿਲੀ ਵਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖਾਂ ਖੋਲ੍ਹੇ ਬੰਦ ਦਰ, ਮੇਟ ਮਿਟਾਏ ਪੰਚਮ ਧਾੜ । ਇਕ ਇਕ ਇਕ ਇਕ ਚਾਰ । ਦਰ ਘਰ ਸਾਚੇ ਜਾਣਾ ਵਿਕ, ਪੰਚਮ ਮੇਲਾ ਹਰਿ ਦਾਤਾਰ । ਨਾ ਕੋਈ ਵਡਾ ਛੋਟਾ ਨਿੱਕ, ਬਿਰਧ ਬਾਲ ਨਾ ਕੋਈ ਜਵਾਨ । ਨਾ ਕੋਈ ਜਾਣੇ ਰਸ ਮਿੱਠਾ ਫਿਕ, ਨਾਮ ਰਸ ਅਪਰ ਅਪਾਰ । ਜੋਤੀ ਜੋਤ ਸਰੂਪ ਹਰਿ, ਏਕਾ ਦੇਵੇ ਸਚ ਵਰ, ਭਰਿਆ ਰਹੇ ਸਦ ਭੰਡਾਰ । ਚਾਰ ਚਾਰ ਚਾਰ ਯਾਰ । ਏਕਾ ਕਰੇ ਹਰਿ ਖੁਆਰ । ਚਾਰੋਂ ਕੁੰਟ ਹਾਹਾਕਾਰ । ਗੁਰਮੁਖਾਂ ਹੱਥੀਂ ਦੇਵੇ ਪਾੜ । ਸ਼ਬਦ ਅਗੰਮੀ ਰੱਖੇ ਧਾੜ । ਨਾ ਕਦੇ ਮਰੇ ਨਾ ਕਦੇ ਜੰਮੇ, ਖਾਏ ਨਾ ਕਦੇ ਮੌਤ ਲਾੜ । ਨਾਮ ਅਧਾਰੀ ਏਕਾ ਥੰਮੀ, ਗਗਨ ਪਤਾਲਾਂ ਦਿਸੇ ਪਾੜ । ਆਪੇ ਜਾਣੇ ਖੇਲ ਅਗੰਮੀ, ਮਾਨਸ ਦੇਹੀ ਬਹੱਤਰ ਨਾੜ । ਲੱਗੇ ਭਾਗ ਮਾਟੀ ਚੰਮੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚ ਭੰਡਾਰਾ ਮਿਲੇ ਵਰ, ਹਰਿਜਨ ਚਬਾਏ ਆਪਣੀ ਦਾੜ੍ਹ । ਜਨ ਭਗਤ ਅਧਾਰਾ ਏਕਾ

ਨਾਮ ਭੰਡਾਰਿਆ । ਪੁਰਖ ਨਿਰੰਜਣ ਏਕਾ ਏਕ ਵਿਚ ਸੰਸਾਰਿਆ । ਦੂਈ ਦਵੈਤੀ ਨਾ ਲਾਏ ਸੇਕ, ਏਕਾ ਦੀਸੇ ਪਾਰ ਕਿਨਾਰਿਆ । ਬੁਧੀ ਰਹੇ ਸਦਾ ਬਿਬੇਕ, ਜੂਠਾ ਝੂਠਾ ਮੋਹ ਚੁਕਾ ਰਿਹਾ । ਸਾਚੇ ਨੇਤਰ ਰਿਹਾ ਵੇਖ, ਜਗਤ ਲੋਚਨ ਬੰਦ ਕਰਾ ਰਿਹਾ । ਆਪੇ ਲਿਖੇ ਮਸਤਕ ਰੇਖ, ਲਿਖਿਆ ਲੇਖ ਨਾ ਕੋਈ ਮਿਟਾ ਰਿਹਾ । ਨਾ ਕੋਈ ਜਾਣੇ ਔਲੀਆ ਪੀਰ ਸ਼ੇਖ਼, ਤਿਲਕ ਲਲਾਟੀ ਕਵਣ ਲਗਾ ਰਿਹਾ । ਜੋਤ ਸਰੂਪੀ ਹਰਿ ਹਰਿ ਭੇਖ, ਔਖੀ ਘਾਟੀ ਆਪ ਚੜ੍ਹਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਾਰ ਵਰਨਾ ਏਕਾ ਸਰਨਾ ਸਾਚਾ ਪੱਲੂ ਸ਼ਬਦ ਲੜ ਫੜਾ ਰਿਹਾ । ਸੁਰਤ ਸ਼ਬਦ ਗੁਰ ਗਿਆਨ, ਆਪ ਦਵਾਈਆ । ਅਠੇ ਪਹਿਰ ਮਾਰ ਧਿਆਨ, ਦਿਵਸ ਰੈਣ ਰਹੇ ਸੁਹਾਈਆ । ਜਗਤ ਬਿਠਾਏ ਨਾਮ ਬਿਬਾਣ, ਨੌਂ ਦਵਾਰੇ ਬਾਹਰ ਕਢਾਈਆ । ਕਾਇਆ ਮੰਦਰ ਸਚ ਮਕਾਨ, ਦਸਮ ਦਵਾਰੀ ਮਹੱਲ ਬਣਾਈਆ । ਨੇੜ ਨਾ ਆਇਣ ਪੰਚਮ ਸੈਤਾਨ, ਸ਼ਬਦ ਡੰਡੇ ਰਿਹਾ ਦੁਰਕਾਈਆ । ਸਾਚਾ ਦੇਵੇ ਨਾਮ ਨਿਧਾਨ, ਸੋਹੰ ਡੋਰੀ ਹੱਥ ਫੜਾਈਆ । ਸੋ ਪੁਰਖ ਨਿਰੰਜਣ ਆਪ ਭਗਵਾਨ, ਹਉਮੇ ਹੰਗਤਾ ਜੀਵ ਗਵਾਈਆ । ਕਿਰਪਾ ਕਰੇ ਵਾਲੀ ਦੋ ਜਹਾਨ, ਸਾਚੇ ਮੰਡਲ ਸਾਚੀ ਰਾਸ ਪਵਣ ਸਵਾਸੀ ਰਿਹਾ ਵਖਾਈਆ । ਆਪ ਉਡਾਏ ਇਕ ਅਕਾਸ਼, ਸਾਚੀ ਦਿਸ਼ਾ ਰਾਹ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਦਰੇ ਅੰਦਰ ਤੋੜੇ ਜੰਦਰ, ਲੱਖ ਚੁਰਾਸੀ ਬਾਹਰ ਭੌਂਦੇ ਬੰਦਰ, ਸਾਚਾ ਰਾਹ ਦਿਸ ਕਿਸੇ ਨਾ ਆਈਆ । ਸ਼ਬਦ ਗੁਰ ਮਿਹਰਵਾਨ ਆਤਮ ਜਾਗਿਆ । ਦਰ ਘਰ ਸਾਚੇ ਮਿਲੇ ਜੀਆ ਦਾਨ, ਸਰ ਸਰੋਵਰ ਧੋਏ ਮਾਇਆ ਦਾਗਿਆ । ਜੋਤੀ ਜਗੇ ਇਕ ਮਹਾਨ, ਹੰਸ ਬਣੇ ਗੁਰਮੁਖ ਸਾਚਾ ਕਾਗਿਆ । ਏਕਾ ਦੀਸੇ ਸ਼ਬਦ ਨਿਸ਼ਾਨ, ਵੱਜੇ ਨਾਦ ਸੁਣਾਏ ਰਾਗ ਸਾਚਾ ਰਾਗਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸ਼ਬਦ ਵਰ, ਗੁਰਮੁਖ ਸਾਚੇ ਜਾਣਾ ਤਰ, ਆਤਮ ਰਹੇ ਸਦਾ ਵੈਰਾਗਿਆ । ਮਨ ਵੈਰਾਗ ਗੁਰਮੁਖ ਸਾਚਾ ਜਾਏ ਜਾਗ, ਸਗਲ ਵਸੂਰਾ ਲਾਥਿਆ । ਲੋਕਮਾਤ ਵਡ ਵਡਭਾਗ ਆਤਮ ਬੁਝੀ ਤ੍ਰਿਸਨਾ ਆਗ, ਦੀਪਕ ਜੋਤੀ ਜਗੇ ਚਿਰਾਗ, ਮਿਲੇ ਮੇਲ ਹਰਿ ਸਮਰਥਿਆ । ਆਪ ਆਪਣੇ ਹੱਥ ਰੱਖੇ ਵਾਗ, ਮਾਇਆ ਡੱਸੇ ਨਾ ਡੱਸਣੀ ਨਾਗ, ਏਕਾ ਸ਼ਬਦ ਸੁਣਾਏ ਸਾਚੀ ਕਥਿਆ । ਸੋਹੰ ਬੰਨ੍ਹੇ ਤਨ ਸਾਚਾ ਤਾਗ, ਚਰਨ ਕਵਲ ਜਨ ਜਾਏ ਲਾਗ, ਧੁਰ ਦਰਗਾਹੀ ਜਗਤ ਮਲਾਹੀ, ਆਪ ਚੜ੍ਹਾਏ ਸ਼ਬਦ ਸਾਚੇ ਰਥਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖਾਂ ਖੋਲ੍ਹੇ ਬੰਦ ਕਵਾੜ, ਜੋਤ ਜਗਾਏ ਬਹੱਤਰ ਨਾੜ, ਆਪ ਆਪਣਾ ਦਰਸ ਦਿਖਾਏ, ਨਾ ਕੋਈ ਸੀਸ ਨਾ ਕੋਈ ਧੜ । ਹਰਿਜਨ ਸਾਚੇ ਤਰਸ ਕਮਾਏ, ਦਸਮ ਦਵਾਰੀ ਅੱਗੇ ਖੜ੍ਹ । ਅੰਮ੍ਰਿਤ ਮੇਘ ਮੁਖ ਚੁਆਏ, ਸ਼ਬਦ ਸਰੂਪੀ ਬਾਹੋਂ ਫੜ । ਸਾਚੀ ਸੇਜਾ ਆਪ ਬਹਾਏ, ਆਪ ਆਪਣੇ ਕੰਠ ਲਗਾਏ, ਦੂਸਰ ਕੋਈ ਨਾ ਸਕੇ ਘੇਰ ਸਾਚੇ ਦਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖਾਂ ਦੇਵੇ ਨਾਮ ਵਰ, ਏਕਾ ਅੱਖਰ ਗੁਰ ਸ਼ਬਦ ਵੱਖਰ, ਭਗਤ ਵਿਦਿਆ ਲੈਣੀ ਪੜ੍ਹ । ਸਤਾਰਾਂ ਮਾਸ ਸਤਾਰਾਂ ਦਿਨ । ਜਗਤ ਲੰਘਾਉਣੇ ਗਿਣ ਗਿਣ । ਆਪ ਆਪਣੀ ਬਿਧ ਬਣਾਏ, ਨਾ ਕੋਈ ਦੂਸਰ ਸੰਗ ਰਲਾਏ, ਖੇਲ ਕਰਾਏ ਜਿਨ ਜਿਨ । ਅੰਤਮ ਸਾਚਾ ਮੇਲ ਮਿਲਾਏ, ਸ਼ਬਦ ਸਰੂਪ ਹੁਕਮ ਜਣਾਏ, ਆਪਣਾ ਸੰਗ ਆਪ ਨਿਭਾਏ, ਪਕੜ ਉਠਾਏ ਪਹਿਲੋਂ ਦਿਨ ਤਿੰਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਾਣੇ ਖੇਲ ਭਿੰਨ ਭਿੰਨ ।

★ ੧੨ ਕੱਤਕ ੨੦੧੨ ਬਿਕ੍ਰਮੀ ਬਖ਼ਸ਼ੀਸ਼ ਸਿੰਘ ਦੇ ਗ੍ਰਹਿ ਕਾਦਰਾਬਾਦ ਜ਼ਿਲਾ ਗੁਰਦਾਸਪੁਰ ★

ਜਗਜੀਤ ਜਗਜੀਤ ਜਗਜੀਤ ਭਗਤ ਵਣਜਾਰਿਆ । ਜਗਜੀਤ ਜਗਜੀਤ ਜਗਜੀਤ ਜੋਤ ਮੇਲ ਪ੍ਰਭ ਸਾਚੇ ਮੀਤ, ਬ੍ਰਹਮ ਪਾਰਬ੍ਰਹਮ ਭੇਵ ਅਪਾਰਿਆ । ਜਗਜੀਤ ਜਗਜੀਤ ਜਗਜੀਤ ਕਾਇਆ ਸੀਤ, ਸ਼ਬਦ ਗੀਤ ਏਕਾ ਰਾਗ ਸੁਣਾ ਰਿਹਾ । ਜਗਜੀਤ ਜਗਜੀਤ ਜਗਜੀਤ ਕਲਜੁਗ ਔਧ ਗਈ ਬੀਤ, ਸੋਏ ਪੂਤ ਹਰਿ ਸਚ ਸਪੂਤ ਬਾਹੋਂ ਫੜ ਮਾਤ ਜਗਾ ਰਿਹਾ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਸ਼ਬਦ ਸਰੂਪੀ ਵੇਸ ਕਰ, ਕਾਇਆ ਬੁੱਤ ਸੁਤ ਕਲਬੂਤ ਨਾ ਕੋਈ ਰਖਾ ਰਿਹਾ । ਜਗ ਜਾਨ ਜਗ ਜਾਨ ਜਗ ਜਾਨ ਗੁਰਮੁਖ ਗੁਰਮੁਖ ਗੁਰਮੁਖਿਆ । ਪਰਗਟ ਹੋਏ ਹਰਿ ਭਗਵਾਨ, ਜੀਆ ਦਾਨ ਦੇਵੇ ਸੁਣੇ ਸੁਣਾਏ ਸਚ ਬੇਨੰਤੀਆ । ਚਰਨ ਧੂੜ ਚਰਨ ਧੂੜ ਚਰਨ ਧੂੜ ਜਗਤ ਇਸ਼ਨਾਨ, ਸਾਚਾ ਧਾਮ ਇਕ ਸੁਹੰਤਿਆ । ਰੰਗ ਗੂੜ੍ਹ ਰੰਗ ਗੂੜ੍ਹ ਰੰਗ ਗੂੜ੍ਹ ਮਨ ਮੂੜ੍ਹ, ਮਿਲੇ ਮੇਲ ਭਗਤ ਭਗਵੰਤਿਆ । ਜਗਤ ਨਾਤਾ ਕੂੜੋ ਕੂੜ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਮਾਇਆ ਪਾਏ ਜਗਤ ਬੇਅੰਤ ਬੇਅੰਤਿਆ । ਕਲਜੁਗ ਮਾਇਆ ਕਾਲੀ ਰੈਣ, ਚਾਰੋਂ ਕੁੰਟ ਅੰਧੇਰ ਪਸਾਰਿਆ । ਏਕਾ ਵਗੇ ਕੁਫਰ ਹੰਕਾਰੀ ਵਹਿਣ, ਨਾ ਕੋਈ ਜਾਣੇ ਜੀਵ ਸੰਸਾਰਿਆ । ਦਰ ਦਰ ਘਰ ਘਰ ਰਸਨਾ ਕਹਿਣ, ਜ਼ਾਤੀ ਪਾਤੀ ਸ਼ਾਹ ਸਫਾਤੀ ਨਾ ਕਿਸੇ ਵਿਚਾਰਿਆ । ਗੁਰਮੁਖ ਵਿਰਲਾ ਦਰਸ਼ਨ ਪੇਖੇ ਸਾਚੇ ਨੈਣ, ਚੜ੍ਹ ਮਹੱਲ ਅਟੱਲ ਉਚ ਮੁਨਾਰਿਆ । ਅੰਮ੍ਰਿਤ ਬਖ਼ਸ਼ੇ ਬੂੰਦ ਸਵਾਤੀ, ਦੇਵੇ ਦਰਸ ਅਗੰਮ ਅਪਾਰਿਆ । ਦਰ ਘਰ ਸਾਚੇ ਪੁਛੇ ਵਾਤੀ, ਪਰਗਟ ਹੋਏ ਕਮਲਾਪਾਤੀ, ਜੋਤ ਜਗਾਏ ਆਤਮ ਬਾਤੀ, ਇਕ ਕਰਾਏ ਸੱਚਾ ਉਜਿਆਰਿਆ । ਗੁਰਮੁਖ ਸਾਚੇ ਸ਼ਬਦ ਵੈਰਾਗੀ, ਆਪੇ ਬਣਿਆ ਸਾਚਾ ਸਾਥੀ । ਸਤਿਜੁਗ ਜੋੜਾ ਸੋਹੰ ਘੋੜਾ, ਨਾਮ ਰਖਾਏ ਐਰਾਪਤ ਹਾਥੀ । ਧੁਰ ਦਰਗਾਹੀ ਆਏ ਦੌੜਾ, ਅੰਦਰ ਮੰਦਰ ਲਾਏ ਏਕ ਪੌੜਾ, ਕਿਰਪਾ ਕਰ ਤ੍ਰੈਲੋਕੀ ਨਾਥੀ । ਨਾ ਕੋਈ ਜਾਣੇ ਲੰਮਾ ਚੌੜਾ, ਏਕਾ ਰਸ ਗੁਰਮੁਖ ਵਿਰਲੇ ਰਿਹਾ ਦੱਸ, ਦੂਸਰ ਨਾ ਕੋਈ ਵੇਖੇ ਮਿੱਠਾ ਕੌੜਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਸੰਤ ਜਨਾਂ ਵੇਲੇ ਅੰਤਮ ਮਾਤ ਬਹੁੜਾ । ਓਅੰਕਾਰ ਅਕਾਰ ਸੋਹੰ ਪਸਾਰਿਆ । ਸੋ ਪੁਰਖ ਨਿਰੰਜਣ ਅਪਰ ਅਪਾਰ, ਜੀਵ ਜੰਤਾਂ ਦਏ ਅਧਾਰਿਆ । ਹੰਸਾ ਬੰਸਾ ਹਰਿ ਏਕਾ ਵਣਜ ਕਰਾਏ ਨਾਮ ਵਪਾਰਿਆ । ਆਪੇ ਖੋਲ੍ਹੇ ਬੰਦ ਕਿਵਾੜ, ਪਰ੍ਹੇ ਹਟਾਏ ਪੰਚਮ ਧਾੜ, ਦੂਈ ਦਵੈਤੀ ਪੜਦਾ ਸਾੜਿਆ । ਸਾਚੇ ਘਾੜਨ ਘੜੇ ਘਾੜ੍ਹ, ਸ਼ਬਦ ਘੋੜੇ ਦੇਵੇ ਚਾੜ੍ਹ, ਦਰ ਘਰ ਸਾਚੇ ਦੇਵੇ ਵਾੜਿਆ । ਵੇਖੇ ਧਰਮ ਇਕ ਅਖਾੜ, ਜੋਤੀ ਜਗੇ ਬਹੱਤਰ ਨਾੜ, ਵਜੇ ਨਾਦ ਸੱਚਾ ਧੁਨਕਾਰਿਆ । ਲਗੇ ਵਾ ਨਾ ਤੱਤੀ ਹਾੜ੍ਹ, ਨੌਂ ਅਠਾਰਾਂ ਚਬਾਏ ਦਾੜ੍ਹ, ਬਜਰ ਕਪਾਟੀ ਪੜਦਾ ਪਾੜ, ਮੇਲ ਮਿਲਾਏ ਸਾਚੇ ਲਾੜਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਹੋਏ ਪਿਛੇ ਅਗਾੜਿਆ । ਸਾਚਾ ਸ਼ਬਦ ਸ਼ਬਦ ਗੁਰ ਦੀਨਾ । ਪਾਰਬ੍ਰਹਮ ਬ੍ਰਹਮ ਪ੍ਰਭ ਮੇਲ ਅੱਖਰ ਵੱਖਰ ਆਪੇ ਲੀਣਾ । ਅੰਦਰ ਮੰਦਰ ਸੱਜਣ ਸੁਹੇਲ, ਸ਼ਬਦ ਸਰੂਪੀ ਦਾਨਾ ਬੀਨਾ । ਆਪੇ ਵਸੇ ਰੰਗ ਨਵੇਲ, ਗੁਰਮੁਖ ਦੇਵੇ ਨਾਮ, ਸੁੱਕਾ ਹਰਿਆ ਕਰੇ ਚਾਮ, ਹਰਿ ਦਾਤਾ ਵਡ ਪਰਬੀਨਾ । ਕੋਈ ਨਾ ਲਾਏ ਮਾਤ ਦਾਮ, ਅੰਮ੍ਰਿਤ ਪਿਆਏ ਸਾਚਾ ਜਾਮ । ਸ਼ਾਂਤ ਕਰਾਇਆ ਸਾਚਾ ਸੀਨਾ । ਮਿਟੇ ਰੈਣ ਅੰਧੇਰੀ ਸ਼ਾਮ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚਾ ਜਾਏ ਤਰ, ਆਪ ਆਪਣੇ ਜਿਹਾ ਕੀਨਾ । ਰਸਨਾ ਗਾਏ ਗੁਣ ਗਹਿਰ

ਗੰਭੀਰ । ਅੱਠੇ ਪਹਿਰ ਸ਼ਾਂਤ ਸਰੀਰ । ਦਸਮ ਦਵਾਰੀ ਅੰਮ੍ਰਿਤ ਸੀਰ । ਹਉਮੇ ਕੱਢੇ ਵਿਚੋਂ ਪੀੜ । ਚੋਟੀ ਚੜ੍ਹੇ ਇਕ ਅਖ਼ੀਰ । ਸ਼ਬਦ ਸਰੂਪੀ ਬੰਨ੍ਹੇ ਧੀਰ । ਬਜਰ ਕਪਾਟੀ ਆਪੇ ਚੀਰ । ਸਾਚੀ ਹਾਟੀ ਸ਼ਬਦ ਅਮੋਲਾ, ਪੁਰਖ ਅਬਿਨਾਸ਼ੀ ਆਪੇ ਤੋਲਾ, ਲੱਭ ਲੱਭ ਥੱਕੇ ਸੰਤ ਫ਼ਕੀਰ । ਦਰ ਦਰਵਾਜ਼ੇ ਰਿਹਾ ਗੋਲਾ, ਭਾਗ ਨਾ ਲੱਗਾ ਕਾਇਆ ਚੋਲਾ, ਜੂਠਾ ਝੂਠਾ ਵਿਸ਼ਟਾ ਫੋਲਾ, ਸਰਬ ਘਟ ਵਾਸੀ ਨਾ ਅੰਦਰ ਬੋਲਾ । ਮਿਲਿਆ ਮੇਲ ਨਾ ਜੋਤ ਪਰਕਾਸ਼ੀ, ਨਾ ਕੋਈ ਸੁਣਾਏ ਸਾਚਾ ਢੋਲਾ । ਦਇਆ ਕਮਾਏ ਘਨਕਪੁਰ ਵਾਸੀ, ਗੁਰਮੁਖ ਤੇਰਾ ਦਸਮ ਦਵਾਰੀ ਕਾਇਆ ਮੰਦਰ ਅੰਦਰ ਆਪੇ ਹੋਏ ਵਿਚੋਲਾ । ਕਿਰਤ ਕਰਮ ਕਲ ਵੇਖ, ਲੱਖ ਚੁਰਾਸੀਆ । ਕਿਰਤ ਕਰਮ ਕਲ ਵੇਖ, ਗਲ ਪਾਏ ਮਾਲਾ ਫਾਸੀਆ । ਕਿਰਤ ਕਰਮ ਕਲ ਵੇਖ, ਹੋਏ ਵਿਛੋੜਾ ਹਰਿ ਗੁਣਤਾਸੀਆ । ਕਿਰਤ ਕਰਮ ਕਲ ਵੇਖ, ਮਾਇਆ ਦਿਵਸ ਰੈਣ ਰਹੇ ਉਦਾਸੀਆ । ਕਿਰਤ ਕਰਮ ਕਲ ਵੇਖ, ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਪਕੜ ਪਛਾੜੇ ਮਦਿਰ ਮਾਸੀਆ । ਕਿਰਤ ਕਰਮ ਕਲ ਵੇਖ, ਕਲ ਕਾਲ ਦੁਹਾਈਆ । ਕਿਰਤ ਕਰਮ ਕਲ ਵੇਖ, ਕਾਲੀ ਰੈਣ ਅੰਧੇਰੀ ਛਾਈਆ । ਕਿਰਤ ਕਰਮ ਕਲ ਵੇਖ, ਚਾਰੋਂ ਕੁੰਟ ਰਿਹਾ ਘੇਰੀ, ਸ਼ਬਦ ਡੋਰੀ ਇਕ ਰਖਾਈਆ । ਕਿਰਤ ਕਰਮ ਕਲ ਵੇਖ, ਜੋਤੀ ਜੋਤ ਸਰੂਪ ਹਰਿ, ਆਪੇ ਕਰੇ ਹੇਰਾ ਫੇਰੀ, ਸਿੰਘ ਸ਼ੇਰ ਸ਼ੇਰ ਦਲੇਰੀ, ਸ੍ਰਿਸ਼ਟ ਸਬਾਈ ਰਿਹਾ ਭੁਲਾਈਆ । ਸ੍ਰਿਸ਼ਟ ਸਬਾਈ ਭੁੱਲ, ਭਰਮ ਭਉ ਲੱਥਿਆ । ਨਾਮ ਵਿਹੂਣੀ ਗਈ ਰੁੱਲ, ਅੰਤਮ ਵੇਲੇ ਕੋਈ ਨਾ ਰੱਖਿਆ । ਕਾਇਆ ਦੀਪਕ ਹੋਏ ਗੁੱਲ, ਮਾਟੀ ਭਾਂਡਾ ਹੋਵੇ ਸਖਿਆ । ਲੱਖ ਚੁਰਾਸੀ ਕੋਈ ਨਾ ਚੁੱਗੇ ਤੇਰੇ ਫੁੱਲ, ਨਾ ਕੋਈ ਵੰਡਾਏ ਦੁੱਖਿਆ । ਮਾਨਸ ਦੇਹੀ ਸਿਮਲ ਬੂਟੇ ਗਏ ਹੁੱਲ, ਪ੍ਰਭ ਪੂਰੇ ਆਪ ਪਰਖਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਵਿਰਲਾ ਮਾਤ ਰਖਿਆ । ਰੱਖੇ ਰੱਖਣਹਾਰ ਵਿਚ ਸੰਸਾਰਿਆ । ਆਪੇ ਜਾਣੇ ਆਪਣੇ ਭਾਣੇ, ਸਾਚਾ ਖੇਲ ਅਪਰ ਅਪਾਰਿਆ । ਪਕੜ ਉਠਾਏ ਰਾਜੇ ਰਾਣੇ, ਛੱਬੀ ਪੋਹ ਦਿਵਸ ਵਿਚਾਰਿਆ । ਤਨ ਛੁਹਾਏ ਕਾਲੇ ਬਾਣੇ, ਸਾਧਾਂ ਸੰਤਾਂ ਆਪ ਹਿਲਾ ਰਿਹਾ । ਆਪੇ ਜਾਣੇ ਦਰ ਦਰਬਾਨੇ, ਦਰ ਦਰਵੇਸ਼ਾ ਆਪ ਅਖਵਾ ਰਿਹਾ । ਗੁਰਮੁਖ ਸਾਚੇ ਆਪ ਜਗਾਏ, ਬ੍ਰਹਮਾ ਸੇਵਾ ਲਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਜਾਣੇ ਨਾ ਦੂਸਰ ਕੋਈ ਜਣਾ ਰਿਹਾ । ਕਾਲਾ ਤਨ ਸ਼ਿੰਗਾਰ ਧੁਰ ਦਰਗਾਹੀਆ । ਸਾਧਾਂ ਸੰਤਾਂ ਕਰੇ ਖ਼ਬਰਦਾਰ, ਛੋਟਾ ਮੁੰਡਾ ਬੇਪਰਵਾਹੀਆ । ਅੰਦਰ ਮੰਦਰ ਪੁੱਛੇ ਕਿਹੜਾ ਮਿਲਿਆ ਯਾਰ, ਫੜ ਫੜ ਬਾਂਹੋਂ ਦਏ ਹਿਲਾਈਆ । ਭਰਮ ਭੁਲਾਇਆ ਕਿਉਂ ਸੰਸਾਰ, ਗੁਰ ਪੂਰਾ ਨਜ਼ਰ ਨਾ ਆਈਆ । ਸ਼ਬਦ ਸਰੂਪੀ ਮਾਰੇ ਮਾਰ, ਨਾ ਕੋਈ ਸਕੇ ਮਾਤ ਛੁਡਾਈਆ । ਏਕਾ ਦਰ ਸੱਚੀ ਸਰਕਾਰ, ਲਹਿਣਾ ਦੇਣਾ ਦਏ ਚੁਕਾਈਆ । ਦੂਜਾ ਵੇਖ ਜਗਤ ਘਰ ਬਾਹਰ, ਭੇਖ ਪਖੰਡਾ ਦਏ ਮਿਟਾਈਆ । ਤੀਜੇ ਰਾਜੇ ਰਾਣਿਆਂ ਕਰੇ ਵਿਚਾਰ, ਸ਼ਬਦ ਡੰਡਾ ਮਗਰ ਲਗਾਈਆ । ਚੌਥੇ ਘਰ ਪਹਿਰੇਦਾਰ, ਗੁਰਮੁਖਾਂ ਰਿਹਾ ਸੇਵ ਕਮਾਈਆ । ਪੰਜਵੇਂ ਹੋਇਆ ਆਪ ਨਿਆਰ, ਅਚਰਜ ਰੀਤੀ ਮਾਤ ਚਲਾਈਆ । ਛੇਵੇਂ ਛੱਪਰ ਦੇਵੇ ਪਾੜ, ਦੇ ਮਤ ਰਿਹਾ ਸਮਝਾਈਆ । ਸਤਵੇਂ ਸਤਿ ਪੁਰਖ ਨਿਰੰਜਣ ਨਾਲ ਰਲਾਏ ਸ਼ਬਦ ਧਾੜ, ਨਾ ਸਕੇ ਕੋਈ ਛੁਡਾਈਆ । ਅੱਠਵੇਂ ਉਠ ਉਠ ਵੇਖੇ ਨਾੜ ਨਾੜ, ਗੁਰੂਆਂ ਪੀਰਾਂ ਭਰਮ ਗਵਾਈਆ । ਨੌਂ ਦਵਾਰੇ ਵੇਖੇ ਝੂਠੀ ਧਾੜ, ਨਾਵੇਂ ਨਾਵਾਂ ਸਾਚਾ ਲਾਈਆ । ਦਸਵੇਂ ਬੈਠ ਸੱਚੀ ਸਰਕਾਰ, ਆਤਮ ਕੁੰਡਾ ਆਪੇ ਲਾਹੀਆ । ਪਾਰਬ੍ਰਹਮ ਬ੍ਰਹਮ ਕਰ ਵਿਚਾਰ, ਲਹਿਣਾ ਦੇਣ

ਮਾਤ ਚੁਕਾਈਆ । ਭਾਣਾ ਸਹਿਣਾ ਵਿਚ ਸੰਸਾਰ, ਗੁਰਮੁਖਾਂ ਹੁਕਮ ਸੁਣਾਈਆ । ਮਨਮੁਖ ਹੋਣਾ ਅੰਤਮ ਛਾਰ, ਉਡੇ ਖੇਹ ਦਿਸ ਨਾ ਆਈਆ । ਕਲਜੁਗ ਕਾਲਾ ਧੂੰਆਂਧਾਰ, ਸਚ ਧਾਰਾ ਕੋਈ ਨਾ ਪਾਈਆ । ਗੁਰਮੁਖ ਸਾਚੇ ਕਰ ਪਿਆਰ, ਸ਼ਬਦ ਭੰਡਾਰਾ ਰਿਹਾ ਵਿਖਾਈਆ । ਆਤਮ ਜੋਤੀ ਦੇ ਅਧਾਰ, ਨਿਰਮਲ ਗੋਤੀ ਰਿਹਾ ਬਣਾਈਆ । ਮਾਣਕ ਮੋਤੀ ਤਨ ਸ਼ਿੰਗਾਰ, ਸਾਚੇ ਧਾਗੇ ਰਿਹਾ ਜੁੜਾਈਆ । ਆਪ ਪਰੋਏ ਦਰ ਦਵਾਰ, ਸਾਚੀ ਸੂਈ ਨਾਮ ਰਖਾਈਆ । ਬੈਠਾ ਰਹੇ ਦਰ ਸੱਚੇ ਦਵਾਰ, ਅਗਣਤ ਅਗਣਤ ਅਗਣਤ ਗਣਿਆ ਮਾਤ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਸਾਚੀ ਰਚਨਾ ਆਪ ਰਚਾਉਣੀ, ਲਿਖ ਲਿਖ ਲੇਖਾ ਦਏ ਪੁਚਾਈਆ । ਛੱਬੀ ਪੋਹ ਖ਼ੁਸ਼ੀ ਮਨਾਉਣੀ । ਸਾਧਾਂ ਸੰਤਾਂ ਇਕ ਸੁਣਾਉਣੀ । ਸੁਰਤੀ ਸ਼ਬਦੀ ਆਪ ਭਵਾਉਣੀ । ਨੂਰੀ ਜੋਤ ਇਕ ਜਗਾਉਣੀ । ਸ਼ਬਦ ਧਾਰ ਨਾਲ ਰਖਾਉਣੀ । ਪਵਣ ਸਵਾਸ ਮਾਤ ਚਲਾਉਣੀ । ਚਿੱਟਾ ਜੋੜਾ ਚਿੱਟੇ ਕਾਗਜ ਰੱਖੇ ਪਾਸ, ਲੇਖਾ ਸਭ ਦਾ ਉਪਰ ਲਿਖਾਉਣੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਤ ਦਵਾਰਾ ਰਾਜ ਰਾਜਾਨ ਕਰੇ ਖੇਲ ਅਪਾਰਾ, ਪੰਚਾ ਪੰਚਾ ਮੋਹਰ ਲਗਾਉਣੀ । ਜਾਗਤ ਜਾਗਤ ਜਾਗਤ ਰੇ ਮਨ, ਗੁਰ ਜਗਾਇਓ ਰੀ । ਭਾਗਤ ਭਾਗਤ ਭਾਗਤ ਰੇ ਮਨ, ਕਲਜੁਗ ਠਗੋਰੀ ਪਾਇਓ ਰੀ । ਲਾਗਤ ਲਾਗਤ ਲਾਗਤ ਰੇ ਮਨ, ਗੁਰ ਚਰਨ ਪ੍ਰੀਤੀ ਲਾਇਓ ਰੀ । ਸਰਨਾਗਤ ਸਰਨਾਗਤ ਸਰਨਾਗਤ ਰੇ ਮਨ, ਹਰਿ ਸੂਰੇ ਸਰਬ ਕਲ ਭਰਪੂਰੇ ਹਾਜ਼ਰ ਹਜ਼ੂਰੇ ਸਚ ਸਰਨਾਇਓ ਰੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਹਲੂਣਾ ਮਾਰ ਆਪ ਜਗਾਇਓ ਰੀ । ਰੇ ਠਗੋਰੀ ਠੱਗ ਠੱਗਣ ਆਇਆ । ਆਪੇ ਵਸੇ ਉਪਰ ਸ਼ਾਹਰਗ, ਦਿਸ ਕਿਸੇ ਨਾ ਆਇਆ । ਅੱਠਸੱਠ ਫਿਰਦੇ ਮਾਟੀ ਪਗ, ਕਦਮ ਕਦਮ ਰਿਹਾ ਚਲਾਇਆ । ਗੁਰਮੁਖ ਵਿਰਲੇ ਮੇਲ ਸੂਰੇ ਸਰਬਗ, ਅੰਦਰ ਮੰਦਰ ਖੋਜ ਖੁਜਾਇਆ । ਰਾਹ ਸਾਚੇ ਗਿਆ ਲੱਗ, ਸਾਚੀ ਪੌੜੀ ਆਪ ਚੜ੍ਹਾਇਆ । ਆਪ ਮਿਟਾਈ ਤ੍ਰਿਸਨਾ ਅੱਗ, ਕੌੜਾ ਮਿੱਠਾ ਫਲ ਖਵਾਇਆ । ਨਿਰਮਲ ਜੋਤੀ ਗਈ ਜਗ, ਅਨਡਿਠਾ ਸ਼ਬਦ ਸੁਣਾਇਆ । ਸਾਚੀ ਕਾਇਆ ਰਹੀ ਮਘ, ਪੁਰਖ ਅਬਿਨਾਸ਼ੀ ਸਾਚਾ ਤੁੱਠਾ ਦਇਆ ਕਮਾਇਆ । ਗੁਰਮੁਖ ਹੰਸ ਬਣਿਆ ਕਗ, ਦਰ ਘਰ ਰੁੱਠਾ ਆਪ ਮਨਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚਾ ਸੰਤ ਸੁਹੇਲਾ ਏਕਾ ਮੁੱਠਾ ਚਾਰੇ ਕੁੰਟਾਂ ਰਿਹਾ ਵਖਾਇਆ । ਰੇ ਠੱਗ ਰੇ ਠੱਗ ਠਗੋਰੀ ਠੱਗਣ ਆਇਓ ਰੀ । ਕਲਜੁਗ ਵਾ ਤੱਤੀ ਗਈ ਵਗ, ਨਾ ਕੋਈ ਬਚਾਏ ਬਵਰੀ ਰੀ । ਮਾਇਆ ਰਾਣੀ ਤੁੱਟੇ ਤਗ, ਬੈਠੀ ਰਹੇ ਗਹਿਰ ਗਵਰੀ ਰੀ । ਗੁਰਮੁਖਾਂ ਮੁਖ ਲਗਾਏ ਸ਼ਬਦ ਸਾਚਾ ਸਗ, ਨਾ ਕੋਈ ਜਾਣੇ ਖੇਲ ਅਵਰ ਅਵਰੀ ਰੀ । ਜੋਤੀ ਜੋਤ ਸਰੂਪ ਹਰਿ, ਏਕਾ ਜੋਤ ਮਾਤ ਰਹੀ ਜਗ, ਲੱਖ ਚੁਰਾਸੀ ਮਨ ਸੁਰਤੀ ਮਨ ਸੁਰਤੀ ਪਾਈ ਕਾਇਆ ਕਵਰੀ ਰੀ । ਮਨ ਸੁਰਤੀ ਸ਼ਬਦ ਢੰਡੋਲ, ਆਤਮ ਅੰਧਿਆ । ਸਚ ਵਸਤ ਸਦ ਵਸੇ ਕੋਲ, ਭਾਗਾਂ ਮੰਦਿਆ । ਕਾਇਆ ਪੜਦਾ ਆਪਣਾ ਫੋਲ, ਰਸਨ ਵਿਕਾਰੀ ਝੂਠੇ ਗੰਦਿਆ । ਸ਼ਬਦ ਦਮਾਮਾ ਵੱਜੇ ਢੋਲ, ਬੰਦ ਕੁਆੜੀ ਖੋਲ੍ਹ ਜੰਦਿਆ । ਨਿਸ਼ਅੱਖਰ ਵੱਖਰ ਬੈਠਾ ਰਿਹਾ ਬੋਲ, ਸਾਚਾ ਰਾਗ ਇਕ ਸੁਣੰਦਿਆ । ਨਿਰਮਲ ਜੋਤੀ ਸਦਾ ਅਡੋਲ, ਘਰ ਸਾਚੇ ਆਪ ਵਸੰਦਿਆ । ਦਿਵਸ ਰੈਣ ਕਰੇ ਚੋਹਲ, ਸੱਜਣ ਸੁਹੇਲਾ ਸੰਗ ਵਸੰਦਿਆ । ਮਿਲੇ ਵਡਿਆਈ ਉਪਰ ਧੌਲ, ਚਰਨ ਪ੍ਰੀਤੀ ਇਕ ਰਖੰਦਿਆ । ਗੁਰਮੁਖ ਸਦਾ ਰਹੇ ਅਡੋਲ, ਪ੍ਰਭ ਸਾਚਾ ਆਪ ਬਖ਼ਸ਼ੰਦਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਬਣਾਏ

ਆਪਣਾ ਬੰਦਿਆ । ਗਾਵਤ ਗਾਵਤ ਗਾਵਤ ਰੇ ਮਨ ਗਾਵਤ ਰੇ, ਰੈਣ ਵਿਹੂਣੀ ਆਈ । ਉਠ ਧਾਵਤ ਵਕਤ ਸੁਹਾਵਤ ਪ੍ਰਭ ਭਾਵਤ, ਹਰਿ ਨਰ ਸ਼ਬਦ ਤੂਰਤ ਇਕ ਵਜਾਈ ਤੂਰੀ । ਦਾਤਾ ਸਖੀ ਕਰੇ ਸਖਾਵਤ, ਪੰਚਾਂ ਚੋਰਾਂ ਸਦਾ ਬਗਾਵਤ, ਹਰਿਜਨ ਆਸਾ ਮਨਸਾ ਪੂਰੀ । ਉਠ ਉਠ ਜਾਗ ਮਨ ਗਾਵਤ ਗਾਵਤ ਗਾਵਤ ਰੇ ਮਨ, ਨਾ ਦੀਸੇ ਮਾਤ ਦੂਰੀ । ਕਵਣ ਗਾਵਤ ਕਵਣ ਗਿਣਾਵੇ, ਕਵਣ ਉਠਾਵਤ ਕਵਣ ਸੁਣਾਵੇ, ਗੁਰਮੁਖ ਸਾਚਾ ਪ੍ਰਭ ਸਾਚੇ ਵਾਚਾ, ਆਪ ਆਪਣੇ ਚਰਨ ਲਗਾਵਤ, ਦਰ ਘਰ ਸਾਚਾ ਏਕਾ ਪਾਵੇ । ਚਰਨ ਧੂੜ ਸੱਚਾ ਇਸ਼ਨਾਨ ਨ੍ਹਾਵਤ, ਅਮਰਾਪਤ ਘਰ ਸਾਚੇ ਸਦਾ ਮੋਖ ਮੁਕਤ ਪ੍ਰਭ ਆਪ ਦਵਾਵੇ । ਅੰਮ੍ਰਿਤ ਆਤਮ ਪਿਆਏ ਮਧ, ਸਦਾ ਖੁਮਾਰੀ ਕਰਮ ਵਿਚਾਰੀ ਆਪ ਕਰਾਵੇ । ਜੋਤੀ ਜੋਤ ਸਰੂਪ ਹਰਿ, ਆਪ ਵਖਾਏ ਆਪਣਾ ਦਰ ਸਾਚੀ ਹੱਦ, ਫੜ ਫੜ ਬਾਂਹੋਂ ਪਾਰ ਕਰਾਵੇ । ਫੜ ਬਾਹੋਂ ਕਰੇ ਪਾਰ, ਆਪ ਉਧਾਰਿਆ । ਨਾ ਕੋਈ ਜਾਣੇ ਪਾਰ ਕਿਨਾਰ, ਮਨਮੁਖ ਡੁੱਬੇ ਵਿਚ ਮੰਝਧਾਰ, ਭਰਮੇ ਸਰਬ ਸੰਸਾਰਿਆ । ਗੁਰਮੁਖ ਸਾਚੇ ਸਚ ਪਿਆਰ, ਇਕ ਕਰਾਇਆ ਵਣਜ ਵਪਾਰ, ਸ਼ਬਦ ਉਡਾਰੀ ਜੋਤ ਨਿਰੰਕਾਰ, ਆਪ ਸੁਹਾਏ ਬੰਕ ਦਵਾਰਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਬਹਾਏ ਦਇਆ ਕਮਾਏ ਸਾਚੇ ਮੰਦਰ ਉਚ ਅਟੱਲ ਸ਼ਬਦ ਮਹੱਲ ਉਚ ਮੁਨਾਰਿਆ । ਹਰਿ ਘਟ ਰਾਮ ਪਸਾਰ, ਜਗਤ ਵਣਜਾਰਿਆ । ਹਰਿ ਘਟ ਰਾਮ ਅਧਾਰ, ਨਾਮ ਜਪਾ ਰਿਹਾ । ਹਰਿ ਘਟ ਰਾਮ ਪਸਾਰ, ਤੀਰਥ ਤੱਟ ਇਕ ਵਖਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪੇ ਵਸੇ ਘਟ ਘਟ, ਭਰਮਾਂ ਵਟ ਮੇਟ ਮਿਟਾ ਰਿਹਾ । ਭਰਮਾਂ ਕੱਢੇ ਕੰਧ, ਆਪੇ ਢਾਈਆ । ਖ਼ੁਸ਼ੀ ਕਰਾਏ ਬੰਦ ਬੰਦ, ਸਾਚੇ ਘਰ ਵਜੇ ਵਧਾਈਆ । ਇਕ ਉਪਜਾਏ ਪਰਮਾਨੰਦ, ਨਿਜ਼ਾਨੰਦ ਹਰਿ ਸਮਾਈਆ । ਗੁਰਮੁਖ ਚੜ੍ਹਾਏ ਸਾਚੇ ਚੰਦ, ਸੀਤਲ ਧਾਰਾ ਰਿਹਾ ਵਹਾਈਆ । ਆਪ ਮੁਕਾਏ ਅਗਲਾ ਪਿਛਲਾ ਪੰਧ, ਜਗਤ ਵਿਚੋਲਾ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਸ਼ਬਦ ਸੱਚਾ ਢੋਲਾ ਚਾਰ ਵਰਨਾਂ ਏਕਾ ਬੋਲਾ, ਗੀਤ ਸੁਹਾਗੀ ਰਿਹਾ ਸੁਣਾਈਆ । ਗੀਤ ਸੁਹਾਗੀ ਗਾਉਣਾ ਨਾਮ, ਆਤਮ ਮਧ ਰੱਤਿਆ । ਲੇਖੇ ਲੱਗੇ ਕਾਇਆ ਮਾਟੀ ਝੂਠਾ ਚਾਮ, ਸਾਚਾ ਬੀਜ ਬੀਜੇ ਸਾਚੇ ਵਤਿਆ । ਅੰਮ੍ਰਿਤ ਪੀਣਾ ਸਾਚਾ ਜਾਮ, ਲੇਖਾ ਚੁੱਕੇ ਮਾਤ ਤਮਾਮ, ਪੁਰਖ ਅਬਿਨਾਸ਼ੀ ਦੇ ਸਮਝਾਵੇ ਮਤਿਆ । ਪੂਰ ਕਰਾਏ ਸਗਲਾ ਕਾਮ, ਭਾਗ ਲਗਾਏ ਨਗਰ ਗਰਾਮ, ਪੰਜਾਂ ਚੋਰਾਂ ਕਰੇ ਹਤਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖਾਂ ਦੇਵੇ ਨਾਮ ਵਰ, ਸ਼ਬਦ ਸਰੂਪੀ ਸਾਚੀ ਸੱਤਿਆ । ਸ਼ਬਦ ਸਰੂਪੀ ਸਤਿ ਆਪ ਆਧਾਰਿਆ । ਨਿਰਮਲ ਕਰੇ ਕਾਇਆ ਰਤ, ਭਰਮ ਭੁਲੇਖਾ ਦੂਰ ਕਰਾ ਰਿਹਾ । ਆਪ ਰਖਾਏ ਧੀਰਜ ਯਤ, ਸਾਚਾ ਲੇਖਾ ਲੇਖੇ ਲਿਖਾ ਰਿਹਾ । ਰੱਖੇ ਲਾਜ ਵਿਚ ਜਗਤ, ਸਾਚੇ ਭਗਤ ਆਪ ਬਣਾ ਰਿਹਾ । ਸ਼ਬਦ ਵਖਾਏ ਏਕਾ ਤੱਤ, ਸਾਚਾ ਰਾਹ ਆਪਾ ਜਣਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪੇ ਦੇ ਸਮਝਾਵੇ ਮਤ, ਸਾਚਾ ਨਾਮ ਪਕੜ ਦਾਮਨ, ਆਪਣਾ ਆਪ ਜਪਾ ਰਿਹਾ । ਸਾਚਾ ਨਾਮ ਜਪਾਏ, ਜਾਪ ਅਜਪਿਆ । ਪੂਰਨ ਇਛਿਆ ਆਪ ਕਰਾਏ, ਮਿਟਾਏ ਤੀਨੋ ਤਪਿਆ । ਸਾਚੀ ਭਿੱਛਿਆ ਨਾਮ ਪਾਏ, ਗੁਰਮੁਖ ਆਤਮ ਝੋਲੀ ਡਾਹੇ, ਦਿਵਸ ਰੈਣ ਕਰੇ ਰੱਖਿਆ । ਨਾਮ ਰੰਗਣ ਇਕ ਚੜ੍ਹਾਏ, ਦੂਜਾ ਦਰ ਨਾ ਮੰਗਣ ਜਾਏ, ਸਭਨੀ ਥਾਈਂ ਹੋਏ ਸਹਾਏ, ਦਰ ਘਰ ਸਾਚੇ ਸਾਚੀ ਸਿਖਿਆ । ਸਾਚੇ ਅੰਗਣ ਆਪ ਉਠਾਏ, ਸ਼ਬਦ ਕੰਗਣ ਤਨ ਪਹਿਨਾਏ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,

ਜਨ ਭਗਤਾਂ ਲੇਖਾ ਆਪੇ ਲਿਖਿਆ । ਲੇਖਾ ਲਿਖਣਹਾਰ ਲੇਖ ਲਿਖਾਰਿਆ । ਸ੍ਰਿਸ਼ਟ ਸਬਾਈ ਰਿਹਾ ਵੇਖ, ਆਪੇ ਗੁਪਤ ਆਪੇ ਜ਼ਾਹਰਿਆ । ਜੋਤੀ ਜਾਮਾ ਧਰਨਾ ਭੇਖ, ਵਡ ਬਲਕਾਰਿਆ । ਲੱਖ ਚੁਰਾਸੀ ਮੇਟਣ ਆਇਆ ਰੇਖ, ਆਪੇ ਕਰੇ ਆਪਣੀ ਕਾਰਿਆ । ਸਾਚਾ ਸ਼ਬਦ ਲਾਵਣ ਆਇਆ ਮੇਖ, ਨਾ ਕੋਈ ਸਕੇ ਜੜ੍ਹ ਉਖਾੜਿਆ । ਸਾਚੇ ਲੋਚਨ ਲੈਣਾ ਪੇਖ, ਡੇਰਾ ਲਾਏ ਵਿਚ ਪਹਾੜਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨ ਭਗਤਾਂ ਦੇਵੇ ਨਾਮ ਵਰ, ਕਾਇਆ ਛਤੇ ਪਾੜਿਆ । ਕਾਇਆ ਛੱਤੇ ਲਾਏ ਪਾੜ, ਸ਼ਬਦ ਸੁਨੇਹੜਿਆ । ਮਾਇਆ ਅਗਨੀ ਦੇਵੇ ਸਾੜ, ਆਪੇ ਲਾਏ ਇਕ ਉਖੇੜਿਆ । ਪੰਚਾਂ ਚਬਾਏ ਆਪਣੀ ਦਾੜ੍ਹ, ਕਰੇ ਹੱਕੋ ਹੱਕ ਨਿਬੇੜਿਆ । ਗੁਰਮੁਖ ਸਾਚਾ ਦਰ ਘਰ ਸਾਚੇ ਦੇਵੇ ਵਾੜ, ਜੂਠਾ ਝੂਠਾ ਜਗਤ ਝੇੜਿਆ । ਮੇਲ ਮਿਲਾਏ ਸਾਚਾ ਲਾੜ, ਖੁਲ੍ਹਾ ਦੀਸੇ ਏਕਾ ਵਿਹੜਿਆ । ਆਪੇ ਵਸਿਆ ਨਾੜ ਨਾੜ, ਬੱਤੀ ਦੰਦਾਂ ਭੇੜ ਭੇੜਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖਾਂ ਦੇਵੇ ਨਾਮ ਵਰ, ਕਲਜੁਗ ਤੇਰਾ ਉਲਟਾ ਗੇੜ ਆਪਣੇ ਹੱਥੀਂ ਗੇੜਿਆ । ਕਲਜੁਗ ਉਲਟਾ ਗੇੜ ਆਪ ਗਿੜਾਇਆ । ਦਰ ਦਰ ਘਰ ਘਰ ਪਿਆ ਝੇੜ, ਨਾ ਸਕੇ ਕੋਈ ਨਿਬੇੜ, ਵਰਨ ਅਵਰਨਾਂ ਦੋਖ ਪਾਇਆ । ਨਾ ਕੋਈ ਜਾਣੇ ਸਾਚਾ ਨਗਰ ਖੇੜ, ਝੂਠੀ ਨਗਰੀ ਡੇਰਾ ਲਾਇਆ । ਆਪੇ ਮਾਰੇ ਭੇੜ ਭੇੜ, ਸਚ ਸਮਗਰੀ ਸਾਚੀ ਰਾਸ ਨਾ ਰਖੇ ਕੋਈ ਸਵਾਇਆ । ਆਪੇ ਛੇੜਾ ਰਿਹਾ ਛੇੜ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਭੰਡਾਰੇ ਰਿਹਾ ਭਰ, ਲੋਕਮਾਤੀ ਦਿਸ ਕਿਸੇ ਨਾ ਆਇਆ । ਲੋਕਮਾਤ ਪਿਆ ਅੰਧੇਰਾ, ਰੈਣ ਅੰਧੇਰੀ ਛਾਈਆ । ਪੁਰਖ ਅਬਿਨਾਸ਼ੀ ਪਾਇਆ ਫੇਰਾ, ਮੇਰੀ ਮੇਰੀ ਜਗਤ ਭੁਲਾਈਆ । ਪਰਗਟ ਹੋਏ ਸਿੰਘ ਸ਼ੇਰ ਸ਼ੇਰ ਦਲੇਰਾ, ਮੇਰੀ ਤੇਰੀ ਅੰਤਮ ਅੰਤ ਆਪੇ ਆਪ ਚੁਕਾਈਆ । ਨਾ ਕੋਈ ਜਾਣੇ ਸੰਞ ਸਵੇਰਾ, ਅੱਠੇ ਪਹਿਰ ਰਹੇ ਦੁਹਾਈਆ । ਮਾਇਆਧਾਰੀ ਝੂਠਾ ਡੇਰਾ, ਵੇਖ ਵਖਾਣੇ ਥਾਓ ਥਾਈਂਆ । ਗੁਰਮੁਖਾਂ ਬੰਨ੍ਹੇ ਆਪੇ ਬੇੜਾ, ਪਾਰ ਲੰਘਾਏ ਫੜ ਫੜ ਬਾਂਹੀਆ । ਦਰ ਘਰ ਸੱਚੇ ਸਚ ਨਿਬੇੜਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦਾ ਸੁਹੇਲਾ ਇਕ ਇਕੇਲਾ, ਦੇਵੇ ਠੰਡੀਆਂ ਛਾਂਈਆ । ਦੇਵੇ ਠੰਡੀ ਛਾਂ, ਦੋ ਜਹਾਨਿਆ । ਆਪੇ ਪਿਤਾ ਆਪੇ ਮਾਂ, ਗੁਰਮੁਖ ਸਾਚੇ ਬਾਲ ਅਜਾਨਿਆ । ਹੋਏ ਸਹਾਈ ਸਭਨੀ ਥਾਂ, ਕਰੇ ਕਰਾਏ ਜਾਣ ਪਛਾਨਿਆ । ਇਕ ਜਪਾਏ ਸਾਚਾ ਨਾਂ, ਸਾਚਾ ਦੇਵੇ ਵੰਞ ਮੁਹਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦੇਵੇ ਨਾਮ ਵਰ, ਚਲੇ ਚਲਾਏ ਆਪਣੇ ਭਾਣਿਆ । ਹਰਿ ਭਾਣਾ ਅਨਮੋਲ, ਗੁਰਮੁਖ ਵਿਚਾਰਨਾ । ਅੰਤਮ ਤੁਲਣਾ ਪੂਰੇ ਤੋਲ, ਮਾਨਸ ਜਨਮ ਮਾਤ ਨਾ ਹਾਰਨਾ । ਆਪੇ ਪੜਦੇ ਰਿਹਾ ਖੋਲ੍ਹ, ਦੂਈ ਦਵੈਤੀ ਮਿੱਟੇ ਹੰਕਾਰਨਾ । ਸਾਚਾ ਸ਼ਬਦ ਵਜਾਵੇ ਢੋਲ, ਸਾਚਾ ਕਾਰਜ ਆਪ ਸਵਾਰਨਾ । ਸਾਚੇ ਮੰਦਰ ਰਿਹਾ ਮੌਲ, ਖਿੜੀ ਰਹੇ ਸ਼ਬਦ ਗੁਲਜ਼ਾਰਨਾ । ਉਲਟੀ ਕਰੇ ਨਾਭੀ ਕਵਲ, ਅੰਮ੍ਰਿਤ ਬਖ਼ਸ਼ੇ ਸਾਚੀ ਧਾਰਨਾ । ਮਿਲੇ ਵਡਿਆਈ ਉਪਰ ਧਵਲ, ਗੁਰਮੁਖ ਸਾਚੇ ਸੰਤ ਉਧਾਰਨਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬੇੜਾ ਅੰਤਮ ਪਾਰ ਉਤਾਰਨਾ । ਮਸਤਕ ਮਿਲੇ ਧੂੜ, ਚਰਨ ਦਵਾਰਿਆ । ਚਾੜ੍ਹੇ ਰੰਗ ਗੂੜ੍ਹ, ਪੁਰਖ ਅਪਾਰਿਆ । ਬਣੇ ਚਤੁਰ ਮਨਮੁਖ ਮੂੜ੍ਹ, ਸਿਰ ਰੱਖੇ ਹੱਥ ਸਮਰਥ ਕਰੇ ਪਾਰ ਉਤਾਰਿਆ । ਝੂਠੀ ਮਾਟੀ ਕਾਇਆ ਕੂੜੋ ਕੂੜ, ਜੋਤ ਨਿਰੰਜਣ ਆਪਣਾ ਮਹੱਲ ਉਸਾਰਿਆ । ਦਰ ਘਰ ਸਾਚੇ ਨਾਮ ਚਾਮ ਸਾਚੀ ਧੂੜ, ਗੁਰਮੁਖ ਸਾਚੇ ਹਰਿ ਦੁਲਾਰਿਆ । ਜੋਤੀ ਜੋਤ ਸਰੂਪ ਹਰਿ,

ਆਪ ਆਪਣੀ ਕਿਰਪਾ ਕਰ, ਦੇਵੇ ਸਾਚਾ ਨਾਮ ਵਰ, ਭਰਿਆ ਰਹੇ ਸ਼ਬਦ ਭੰਡਾਰਿਆ । ਨਾਮ ਰੰਗ ਰੰਗ ਨਾਮ ਨਾਮ ਕਾਇਆ ਚੋਲਿਆ । ਅੰਗ ਸੰਗ ਸੰਗ ਅੰਗ ਅੰਗ ਸੰਗ ਦਾਸੀ ਦਾਸ ਬਣਿਆ ਰਹੇ ਗੋਲਿਆ । ਭਗਤ ਮੰਗ ਮਨ ਤਰੰਗ, ਦੇਵੇ ਕਲਾ ਸੋਲਿਆ । ਦਰ ਦਵਾਰਾ ਰਿਹਾ ਲੰਘ, ਸ਼ਬਦ ਸਰੂਪੀ ਇਕ ਪਲੰਘ, ਆਦਿ ਅੰਤ ਕਦੇ ਨਾ ਡੋਲਿਆ । ਚਾਰੋਂ ਕੁੰਟ ਚਾਰ ਬੰਦ, ਵਿਚ ਰਖਾਏ ਪਰਮਾਨੰਦ, ਪੂਰਾ ਤੋਲ ਤੋਲਿਆ । ਮੇਟ ਮਿਟਾਏ ਭਰਮਾਂ ਕੰਧ, ਸ਼ਬਦ ਚੜ੍ਹਾਏ ਸਾਚਾ ਚੰਦ, ਸਾਚੇ ਮੰਦਰ ਕੁੰਡਾ ਖੋਲ੍ਹਿਆ । ਵੇਖ ਵਖਾਣੇ ਨਿਜਾਨੰਦ, ਜੋਤੀ ਜੋਤ ਸਰੂਪ ਹਰਿ, ਸਾਚੇ ਦਰ ਆਪੇ ਵੜ, ਸਾਚੇ ਮੰਦਰ ਆਪੇ ਬੋਲਿਆ । ਬੋਲੇ ਬੋਲਣਹਾਰ ਆਪ ਬੁਲਾਇਆ । ਕਾਇਆ ਮਾਟੀ ਛਾਛ ਵਰੋਲੇ, ਅਚਰਜ ਖੇਲ ਰਚਾਇਆ । ਲੱਗੇ ਭਾਗ ਕਾਇਆ ਚੋਲੇ, ਸਾਚੀ ਰੰਗਣ ਰੰਗ ਰੰਗਾਇਆ । ਹਰਿ ਸੰਤ ਕਦੇ ਨਾ ਡੋਲੇ, ਅਡੋਲ ਅਤੁੱਲ ਅਟੱਲ ਆਪ ਰਖਾਇਆ । ਜੋਤੀ ਜੋਤ ਸਰੂਪ ਹਰਿ, ਭਾਗ ਲਗਾਏ ਕਾਇਆ ਸਾਚੀ ਕੁਲ, ਗੁਰਮੁਖ ਮਿਲਿਆ ਸਹਿਜ ਸੁਭਾਇਆ । ਮਿਲੇ ਦਰਸ ਜਗਤ ਗੁਰ ਮੀਤ । ਏਕਾ ਰਾਖੇ ਚਰਨ ਪ੍ਰੀਤ । ਕਾਇਆ ਕਰੇ ਠੰਡੀ ਸੀਤ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਾਅਵਤ ਦਾਵਾ ਖੋਲ੍ਹੇ ਦਰ, ਸ਼ਬਦ ਸੁਣਾਏ ਨਾਦ ਅਨਾਦਾ ਸਾਚੇ ਮੰਦਰ ਏਕਾ ਗੀਤ । ।



## ★ ੨੦ ਕੱਤਕ ੨੦੧੨ ਬਿਕ੍ਰਮੀ ਮਾਤਾ ਬਿਸ਼ਨ ਕੌਰ ਦੇ ਗ੍ਰਿਹ ਜੇਠੂਵਾਲ ਜ਼ਿਲਾ ਅੰਮ੍ਰਿਤਸਰ ★

੩੪੯ ੦੫

ਸਗਲ ਪਸਾਰਾ ਆਪ, ਆਪ ਕਰਾਇਆ । ਜਾਣੇ ਵਡ ਪਰਤਾਪ, ਆਪ ਆਪਣੇ ਰੰਗ ਸਮਾਇਆ । ਆਪੇ ਮਾਈ ਆਪੇ ਬਾਪ, ਆਪ ਆਪਣਾ ਆਪ ਉਪਾਇਆ । ਆਪੇ ਜਾਣੇ ਆਪਣਾ ਜਾਪ, ਜੁਗਾ ਜੁਗੰਤ ਮਾਤ ਜਪਾਇਆ । ਸ਼ਬਦ ਮਾਰੇ ਤੀਨੋ ਤਾਪ, ਹਉਮੇ ਹੰਗਤਾ ਰੋਗ ਗਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਕਾਲਾ ਵੇਸ ਵਟਾਇਆ । ਆਪੇ ਆਪ ਉਪੰਨਾ ਬਲਵਾਨਿਆ । ਸ਼ਬਦ ਸੁਣਾਏ ਸਾਚਾ ਕੰਨਾ, ਵਾਲੀ ਦੋ ਜਹਾਨਿਆ । ਭਰਮਾਂ ਭਾਂਡਾ ਝੂਠਾ ਭੰਨਾ, ਦੇਵੇ ਨਾਮ ਦਾਨ ਗੁਣ ਨਿਧਾਨਿਆ । ਹਰਿ ਜਨ ਚੜ੍ਹਾਏ ਸਾਚੇ ਚੰਨਾ, ਝੁਲਾਏ ਸ਼ਬਦ ਜਗਤ ਨਿਸ਼ਾਨਿਆ । ਆਪ ਆਪਣਾ ਬੇੜਾ ਬੰਨਾ, ਪ੍ਰਭ ਆਪਣੇ ਕੰਧ ਉਠਾਨਿਆ । ਲੱਖ ਚੁਰਾਸੀ ਦੇਵੇ ਡੰਨਾ, ਨਾ ਕੋਈ ਜਾਣੇ ਜੀਵ ਸ਼ੈਤਾਨਿਆ । ਗੁਰਮੁਖਾਂ ਦੇਵੇ ਨਾਮ ਧਨਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਡ ਦਾਤਾ ਬੀਨਾ ਵਡ ਖਜ਼ਾਨਿਆ । ਆਪੇ ਰੰਗ ਰੂਪ ਅਪਾਰ, ਵਸਤ ਅਮੋਲਿਆ । ਆਪੇ ਖੋਲ੍ਹੇ ਸ਼ਬਦ ਭੰਡਾਰ, ਸਾਚਾ ਤੋਲ ਹਰਿ ਜੀ ਤੋਲਿਆ । ਜਨ ਭਗਤਾਂ ਬਣਿਆ ਰਹੇ ਵਰਤਾਰ, ਮੰਦਰ ਅੰਦਰ ਕੁੰਡਾ ਖੋਲ੍ਹਿਆ । ਦੇਵੇ ਵਰ ਸੱਚੀ ਧੁਨਕਾਰ, ਨਾਦ ਅਨਾਹਦ ਸਾਚਾ ਬੋਲਿਆ । ਸ਼ਬਦ ਮਾਰੇ ਤੇਜ਼ ਕਟਾਰ, ਭਾਗ ਲਗਾਏ ਕਾਇਆ ਚੋਲਿਆ । ਜੋਤ ਨਿਰੰਜਣ ਕਰ ਅਕਾਰ, ਅਗਿਆਨ ਅੰਧੇਰਾ ਆਪ ਫੋਲਿਆ । ਅੰਮ੍ਰਿਤ ਆਤਮ ਸਾਚੀ ਧਾਰ, ਸਾਚੇ ਘਰ ਸਾਚੇ ਹਰਿ ਜੂ ਤੋਲਿਆ । ਗੁਰਮੁਖਾਂ ਕਰੇ ਕਰਾਏ ਵਣਜ ਵਪਾਰ, ਅੱਖਰ ਵੱਖਰ ਇਕ ਅਨਤੋਲਿਆ । ਮਾਨਸ ਦੇਹੀ ਨਾ ਆਈ ਹਾਰ, ਚਰਨ ਪ੍ਰੀਤੀ ਘੋਲ ਘੋਲਿਆ । ਕਿਰਪਾ ਕਰੇ ਨਰ ਨਿਰੰਕਾਰ, ਧਾਰ ਕਾਲੀ ਕਲ ਕਲ ਸੋਲਿਆ । ਲੱਖ ਚੁਰਾਸੀ ਉਤਰੀ ਪਾਰ, ਧਰਮ ਰਾਏ ਨਾ ਕਰੇ ਖੁਆਰ, ਲਾੜੀ ਮੌਤ ਹੋਈ ਗੋਲਿਆ ।

ਮਿਲਿਆ ਮੇਲ ਪੁਰਖ ਭਤਾਰ, ਪੁਰਖ ਅਗੰਮਾ ਅੰਦਰੇ ਅੰਦਰ ਨਾੜੀ ਨਾੜੀ ਪੈਜ ਸਵਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚ ਦਵਾਰਾ ਆਪਣਾ ਖੋਲ੍ਹਿਆ । ਖੁਲ੍ਹੇ ਇਕ ਦਵਾਰ ਨਾਮ ਵਰਤਾਇਆ । ਚਾਰ ਵਰਨਾਂ ਕਰੇ ਖ਼ਬਰਦਾਰ, ਗੁਰਮੁਖ ਸੋਇਆ ਆਪ ਜਗਾਇਆ । ਆਪੇ ਹੋਇਆ ਪਹਿਰੇਦਾਰ, ਦਿਸ ਕਿਸੇ ਨਾ ਆਇਆ । ਬੇਮੁਖ ਸੁੱਤੇ ਪੈਰ ਪਸਾਰ, ਮਾਇਆ ਪੜਦਾ ਆਪੇ ਪਾਇਆ । ਸਾਧ ਸੰਤ ਹੋਏ ਵਿਭਚਾਰ, ਜੂਠਾ ਝੂਠਾ ਮੋਹ ਵਧਾਇਆ । ਗੁਰਮੁਖ ਵਿਰਲਾ ਦਰ ਭਿਖਾਰ, ਆਤਮ ਭਿਛਿਆ ਸਾਚੀ ਰੱਛਿਆ ਪੁਰਖ ਅਬਿਨਾਸ਼ੀ ਘਟ ਘਟ ਵਾਸੀ, ਆਤਮ ਝੋਲੀ ਆਪ ਭਰਾ ਰਿਹਾ । ਜੋਤੀ ਜੋਤ ਮਾਤ ਪਰਕਾਸ਼ੀ, ਕਰੇ ਖੇਲ ਘਨਕਪੁਰ ਵਾਸੀ, ਸ਼ਬਦ ਜਪਾਏ ਸਵਾਸ ਸਵਾਸੀ, ਨਵਾਂ ਸੱਤਾਂ ਵੰਡ ਵੰਡਾ ਰਿਹਾ । ਵੇਖ ਵਖਾਣੇ ਪ੍ਰਿਥਮੀ ਅਕਾਸ਼, ਬ੍ਰਹਮਾ ਸ਼ਿਵ ਦਾਸਨ ਦਾਸ, ਸੁਰਪਤ ਰਾਜਾ ਨਾਲ ਰਲਾ ਰਿਹਾ । ਗੁਰਮੁਖ ਸਾਚੇ ਪ੍ਰਭ ਸਾਚਾ ਸਦ ਬਲ ਬਲ ਜਾਸੀ, ਮਾਨਸ ਜਨਮ ਕਰੇ ਰਹਿਰਾਸੀ, ਜੇਰਜ ਖਾਣੀ ਆਪੇ ਲੇਖੇ ਲਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਸੁਹੇਲੇ ਦੇਵੇ ਵਰ, ਸਾਚਾ ਜਾਮ ਆਤਮ ਨਾਮ ਆਤਮ ਮਧ ਦਰ ਦਵਾਰੇ ਸਦ ਏਕਾ ਏਕ ਪਿਆ ਰਿਹਾ । ਇਕ ਪਿਆਏ ਨਾਮ ਸਾਚਾ ਸੀਰਿਆ । ਸੁੱਕਾ ਹਰਿਆ ਕਰੇ ਕਾਇਆ ਚਾਮ, ਤਨ ਕਟੇ ਹਉਮੇ ਪੀੜਿਆ । ਦਰ ਘਰ ਸਾਚੇ ਕੋਇ ਨਾ ਲਗੇ ਦਾਮ, ਕਲਜੁਗ ਵੇਲਾ ਅੰਤ ਅਖੀਰਿਆ । ਏਕਾ ਏਕ ਰਮਈਆ ਰਾਮ, ਆਦਿ ਅੰਤ ਬੰਨ੍ਹੇ ਬੀੜਿਆ । ਇਕ ਜਪਾਏ ਸੋਹੰ ਸੱਚਾ ਨਾਮ, ਅੰਤ ਸੰਤ ਭਗਵੰਤ ਕਟੇ ਭੀੜਿਆ । ਪੂਰਨ ਕਰੇ ਕਾਮ, ਕਾਇਆ ਨਗਰ ਗਰਾਮ, ਮਿਟੇ ਅੰਧੇਰੀ ਸ਼ਾਮ, ਆਸਾ ਮਨਸਾ ਹਰਿ ਸਾਚਾ ਪੂਰਿਆ । ਹਰਿ ਸਾਚੀ ਸੇਵ ਆਪ ਲਗਾਈਆ । ਗੁਰਮੁਖਾਂ ਜਪਾਏ ਰਸਨ ਜਿਹਵ, ਬੱਤੀ ਧਾਰਾ ਰਿਹਾ ਬਖ਼ਸ਼ਾਈਆ । ਜੋਤ ਨਿਰੰਜਣ ਮਿਲੇ ਮੇਲ, ਅਲਖ ਅਭੇਵ ਸਦਾ ਸੁਖਦਾਈਆ । ਚਰਨ ਸੀਸ ਝੁਕਾਏ ਕਰੋੜ ਤੇਤੀਸ ਦੇਵੀ ਦੇਵ, ਧੰਨ ਧੰਨ ਗੁਰਮੁਖ ਤੇਰੀ ਵਡ ਵਡੀ ਵਡਿਆਈਆ । ਸੋਹੰ ਲੈਣਾ ਰਸਨਾ ਮੇਵ, ਪ੍ਰਭ ਸਾਚਾ ਰਿਹਾ ਖਵਾਈਆ । ਚਰਨ ਪ੍ਰੀਤੀ ਸਾਚੀ ਸੇਵ, ਦੋ ਜਹਾਨ ਮਿਲੇ ਵਡਿਆਈਆ । ਕੌਸਤਕ ਮਨੀਆ ਸਾਚਾ ਥੇਵ, ਆਪਣੀ ਹੱਥੀਂ ਰਿਹਾ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚਾ ਅੱਖਰ ਏਕਾ ਵੱਖਰ, ਗੁਰਮੁਖਾਂ ਰਿਹਾ ਵਖਾਈਆ । ਅੱਖਰ ਵੱਖਰ ਜਗਤ ਨਿਰਾਲਾ, ਗੁਰ ਗੋਬਿੰਦਾ ਆਪ ਜਪਾਇੰਦਾ । ਆਪੇ ਪਾੜੇ ਬਜਰ ਕਪਾਟੀ ਪੱਥਰ, ਪੰਜਾਂ ਚੋਰਾਂ ਸੱਥਰ ਲਾਹਿੰਦਾ । ਨੇਤਰ ਨੀਰ ਨਾ ਵਹੇ ਅੱਥਰ, ਸੋਹੰ ਸਾਚੀ ਸੰਪੁਟ ਚੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਜਨ ਭਗਤਾਂ ਬਣਤ ਬਣਾਇੰਦਾ । ਬਣਤ ਬਣਾਏ ਆਪ, ਜਗਤ ਵਿਛੋੜੜਾ । ਸ਼ਬਦ ਜਣਾਏ ਆਪ, ਨਾਮ ਅਨਮੁਲੜਾ । ਗੁਰਮੁਖਾਂ ਝੋਲੀ ਪਾਏ, ਦਰ ਦਵਾਰਾ ਏਕਾ ਖੋਲ੍ਹੜਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਾਰ ਵਰਨਾਂ ਏਕਾ ਸਰਨਾ ਖੁਲ੍ਹੇ ਹਰਨ ਫਰਨਾ, ਚੁੱਕੇ ਮਰਨ ਡਰਨਾ, ਏਕਾ ਘਰ ਏਕਾ ਵਰ, ਏਕਾ ਹਰਿ ਸੋਹੰ ਸ਼ਬਦ ਚਲਾਏ ਪੌੜਾ । ਸੋਹੰ ਸਾਚਾ ਬੋਲ ਸ੍ਰਿਸ਼ਟ ਸਬਾਈਆ । ਲੋਆਂ ਪੁਰੀਆਂ ਰਿਹਾ ਤੋਲ, ਸ਼ਬਦ ਸਿੰਘਾਸਣ ਡੇਰਾ ਲਾਈਆ । ਨੌਂ ਖੰਡ ਪ੍ਰਿਥਮੀ ਬੂਹਾ ਰਿਹਾ ਖੋਲ੍ਹ, ਆਪਣੀ ਹੱਥੀਂ ਕੁੰਡਾ ਲਾਹੀਆ । ਸੱਤਾਂ ਦੀਪਾਂ ਵੱਜੇ ਢੋਲ, ਨਾਮ ਮਰਦੰਗਾ ਰਿਹਾ ਵਜਾਈਆ । ਗੁਰਮੁਖਾਂ ਸਦ ਵਸੇ ਕੋਲ, ਦਿਵਸ ਰੈਣ ਸਦਾ ਸਹਾਈਆ । ਆਤਮ ਪੜਦੇ ਰਿਹਾ ਫੋਲ, ਪੁਰਖ ਅਬਿਨਾਸ਼ੀ ਨਜ਼ਰੀ ਆਈਆ । ਸਾਚਾ ਰਾਗ ਅਨਾਦੀ ਰਿਹਾ

ਬੋਲ, ਸੁਨ ਮੁਨ ਆਪ ਤੁੜਾਈਆ । ਆਪੇ ਰਹੇ ਸਦਾ ਅਡੋਲ, ਬਹੱਤਰ ਨਾੜੀ ਕਾਇਆ ਮਵਲ, ਫੁੱਲ ਫੁਲਵਾੜੀ ਮਾਤ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਫਿਰੇ ਪਿਛੇ ਅਗਾੜੀ, ਮੇਟ ਮਿਟਾਏ ਪੰਚਮ ਧਾੜੀ, ਗੁਰਮੁਖਾਂ ਲਾਜ ਰਖਾਏ ਚਰਨ ਛੁਹਾਈ ਦਾਹੜੀ, ਸਾਚੀ ਸੇਵ ਰਿਹਾ ਕਮਾਈਆ । ਨੌਂ ਸਤ ਸਤ ਨੌਂ ਵੰਡ ਵੰਡਿਆ । ਆਪੇ ਵੇਖੇ ਵਿਚ ਬ੍ਰਹਿਮੰਡਿਆ । ਕਵਣ ਦਵਾਰੇ ਕਰਮ ਸਤਿ, ਉਤਭੁਜ ਸੇਤਜ ਜੇਰਜ ਅੰਡਿਆ । ਜੋਤੀ ਜੋਤ ਸਰੂਪ ਹਰਿ, ਆਪੇ ਆਪ ਖੰਡ ਖੰਡਿਆ । ਨਵ ਸਤ ਨਵ ਧਾਰ ਖੇਲ ਅਪਾਰਿਆ । ਜੋਤੀ ਜਾਮਾ ਭੇਖ ਅਪਾਰ, ਵੇਖੇ ਖੇਲ ਸਰਬ ਸੰਸਾਰਿਆ । ਨੌਵਾਂ ਖੰਡਾਂ ਪਾਏ ਸਾਰ, ਰਾਜ ਰਾਜਾਨਾਂ ਸ਼ਾਹਕਾਰਿਆ । ਸੱਤਾਂ ਦੀਪਾਂ ਕਰੇ ਖੁਆਰ, ਭਾਣਾ ਆਪਣੇ ਹੱਥ ਰਖਾ ਰਿਹਾ । ਸਾਚਾ ਸ਼ਬਦ ਪਹਿਰੇਦਾਰ, ਚੋਬਦਾਰ ਹਰਿ ਬਣਾ ਲਿਆ । ਗੁਰਮੁਖ ਸਾਚੇ ਕਰ ਤਿਆਰ, ਸਚ ਦਵਾਰਾ ਇਕ ਸੁਹਾ ਲਿਆ । ਨਾਮ ਕਰਾਏ ਤਨ ਸ਼ਿੰਗਾਰ, ਤੇਜ਼ ਕਟਾਰ ਨਾ ਕੋਈ ਰਖਾ ਲਿਆ । ਆਪੇ ਮਾਰੇ ਪਾਚੋਂ ਯਾਰ, ਝੂਠਾ ਨਾਤਾ ਮੋਹ ਤੁੜਾ ਲਿਆ । ਇਕ ਕਰਾਏ ਹਰਿ ਜੈਕਾਰ, ਸਾਚਾ ਜਾਪ ਇਕ ਜਪਾ ਲਿਆ । ਆਦਿ ਅੰਤ ਨਾ ਆਏ ਹਾਰ, ਵਡ ਪਰਤਾਪਾ ਨਾਮ ਰਖਾ ਲਿਆ । ਮਾਨਸ ਦੇਹੀ ਉਤਰੇ ਪਾਰ, ਮਾਈ ਬਾਪਾ ਗੋਦ ਉਠਾ ਰਿਹਾ । ਭਰਮੇ ਭੁੱਲਾ ਕਲ ਸੰਸਾਰ, ਮਾਇਆ ਤਾਪਾ ਇਕ ਚੜ੍ਹਾ ਰਿਹਾ । ਅੰਮ੍ਰਿਤ ਡੁੱਲਾ ਜੀਵ ਗਵਾਰ, ਸਿਰ ਪਾਪਾਂ ਭਾਰ ਉਠਾ ਲਿਆ । ਗੁਰਮੁਖ ਦਰ ਦਵਾਰੇ ਆਇਆ ਭੁੱਲਾ, ਸ਼ਬਦ ਗਾਏ ਸਾਚੇ ਬੁੱਲ੍ਹਾ, ਪ੍ਰਭ ਸਾਚੀ ਦਇਆ ਕਮਾ ਰਿਹਾ । ਕਾਇਆ ਫਲ ਮਾਤ ਨਾ ਹੁੱਲਾ, ਅੰਮ੍ਰਿਤ ਮੇਵਾ ਨਾਮ ਲਗਾ ਰਿਹਾ । ਭਾਗ ਲਗਾਏ ਆਪਣੇ ਕੁਲਾ, ਸੁਰਤੀ ਸੋਈ ਜਗਤ ਜਗਾ ਰਿਹਾ । ਦੇਵੇ ਦਾਨ ਨਾਮ ਅਨਮੁਲਾ, ਅਕਾਲ ਮੂਰਤੀ ਮੇਲ ਮਿਲਾ ਰਿਹਾ । ਸਚ ਦਵਾਰਾ ਏਕਾ ਖੁਲ੍ਹਾ, ਊਚਾਂ ਨੀਚਾਂ ਭੇਵ ਚੁਕਾ ਰਿਹਾ । ਗੁਰਮੁਖ ਵਿਰਲਾ ਚਰਨ ਪ੍ਰੀਤੀ ਘੋਲ ਘੁਲਾ, ਜਿਸ ਜਨ ਆਪਣੀ ਸੇਵਾ ਲਾ ਰਿਹਾ । ਸਾਚੇ ਤੋਲ ਹਰਿਜਨ ਤੁਲਾ, ਕਲਜੁਗ ਮਾਇਆ ਅੰਤ ਨਾ ਰੁੱਲਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੜ ਫੜਾ ਰਿਹਾ । ਆਪ ਆਪਣਾ ਲੜ ਫੜਾਏ ਦਿਸ ਕਿਸੇ ਨਾ ਆਇਆ । ਸੋਹੰ ਸਾਚਾ ਜਾਪ ਜਪਾਏ, ਕਿਲ੍ਹੇ ਮੰਦਰ ਅੰਦਰ ਕਾਇਆ ਕੋਟ ਝੂਠਾ ਖੋਟ ਬੁਰਜ ਮੁਨਾਰਾ ਆਪੇ ਢਾਹਿਆ । ਇਕ ਲਗਾਏ ਸ਼ਬਦ ਚੋਟ, ਸਾਚਾ ਰਾਗ ਰਿਹਾ ਸੁਣਾਇਆ । ਗੁਰਮੁਖਾਂ ਉਠਾਏ ਦਇਆ ਕਮਾਏ ਜਗਾਏ ਵਿਚੋਂ ਕੋਟੀ ਕੋਟ, ਦੂਸਰ ਕੋਈ ਭੇਵ ਨਾ ਰਾਇਆ । ਦੁਰਮਤ ਮੈਲ ਕੱਢੇ ਕਾਇਆ ਖੋਟ, ਅੰਮ੍ਰਿਤ ਸਾਚਾ ਜਾਮ ਪਿਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਨਾਮ ਹਰਿ ਹਰਿ ਨਾਮਾ ਨੌਂ ਸਤ ਮੇਲ ਕਰ, ਭਗਤ ਸੁਹੇਲ ਦਰ ਗੁਰ ਚੇਲ ਮਿਲੇ ਵਰ, ਆਪ ਆਪਣੇ ਰੰਗ ਸਮਾਇਆ । ਰੰਗੇ ਰੰਗ ਕਾਇਆ ਚੋਲੀ, ਸ਼ਬਦ ਰੰਗ ਗੁਲਾਲਾ । ਆਪ ਉਠਾਏ ਸਾਚੀ ਡੋਲੀ, ਧੁਰ ਦਰਗਾਹੀ ਹਰਿ ਦਲਾਲਾ । ਆਪੇ ਦਰ ਦਵਾਰਾ ਰਿਹਾ ਖੋਲ੍ਹੀ, ਦੀਨਾ ਬੰਧੂ ਦੀਨ ਦਿਆਲਾ । ਅੰਦਰੇ ਅੰਦਰ ਰਿਹਾ ਬੋਲੀ, ਸਦਾ ਸਦਾ ਕਰੇ ਰਖਵਾਲਾ । ਬੁਧ ਮਤ ਆਲੀ ਭੋਲੀ, ਬਣੀ ਰਹੇ ਪੰਚਾਂ ਗੋਲੀ, ਫਲ ਦਿਸੇ ਨਾ ਕਿਸੇ ਡਾਲ੍ਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖਾਂ ਦੇਵੇ ਨਾਮ ਵਰ, ਕਲਜੁਗ ਲਾਹੇ ਮਸਤਕ ਦਾਗ਼ ਕਾਲਾ । ਆਪੇ ਪਵਣ ਸਵਾਸ, ਸ਼ਬਦ ਤਰਾਨਿਆ । ਉਡੇ ਉਡਾਵੇ ਵਿਚ ਅਕਾਸ਼, ਵਾਲੀ ਦੋ ਜਹਾਨਿਆ । ਵਸੇ ਜੰਗਲ ਜੂਹ ਵਿਚ ਪਰਭਾਸ, ਆਪੇ ਬਣੇ ਜਾਣੀ ਜਾਣਿਆ । ਲੱਖ ਚੁਰਾਸੀ ਰੱਖੇ ਵਾਸ, ਨਾ ਸਕੇ ਕੋਈ ਪਛਾਨਿਆ । ਗੁਰਮੁਖ

ਵਿਰਲਾ ਹੋਇਆ ਦਾਸ, ਮਿਲੇ ਮੇਲ ਸ੍ਰੀ ਭਗਵਾਨਿਆ । ਰਸਨ ਜਪਾਏ ਸ਼ਬਦ ਸਵਾਸ, ਦੇਵੇ ਦਾਨ ਜੀਆ ਦਾਨਿਆ । ਕਾਇਆ ਮੰਡਲ ਕਰੇ ਰਾਸ, ਆਪੇ ਪਾਏ ਆਪਣੀ ਰਾਸ, ਖੇਲੇ ਖੇਲ ਗੁਣ ਨਿਧਾਨਿਆ । ਜੋਤੀ ਜੋਤ ਸਰੂਪ ਹਰਿ, ਸ਼ਬਦੀ ਜੋਤੀ ਮੇਲ ਕਰ, ਪਵਣ ਝੁਲਾਏ ਨਾਮ ਨਿਸ਼ਾਨਿਆ । ਪਵਣ ਹੁਲਾਰਾ ਇਕ ਦਵਾਈਆ । ਗੁਰਮੁਖ ਸਾਚੇ ਤਨ ਸ਼ਿੰਗਾਰ, ਸਾਚਾ ਸ਼ਬਦ ਕਰਾਈਆ । ਕਰਿਆ ਖੇਲ ਵਿਚ ਸੰਸਾਰ, ਭੇਵ ਕਿਸੇ ਨਾ ਪਾਈਆ । ਪਰਗਟ ਹੋਏ ਨਰ ਅਵਤਾਰਾ, ਰਾਜ ਰਾਜਾਨਾਂ ਰਿਹਾ ਭੁਲਾਈਆ । ਆਪੇ ਬੰਨ੍ਹੇ ਆਪਣੀ ਧਾਰਾ, ਸਤਿਜੁਗ ਸਾਚਾ ਰਾਹ ਵਖਾਈਆ । ਕਲਜੁਗ ਹੋਏ ਮਾਤ ਖੁਆਰਾ, ਸਾਧ ਸੰਤ ਨਾ ਹੋਏ ਸਹਾਈਆ । ਗੁਰਮੁਖ ਵਿਰਲਾ ਉਤਰੇ ਪਾਰਾ, ਜਿਸ ਜਨ ਏਕਾ ਰਾਹ ਵਖਾਈਆ । ਲੱਖ ਚੁਰਾਸੀ ਡੁੱਬੇ ਵਿਚ ਮੰਝਧਾਰਾ, ਨਾ ਸਕੇ ਕੋਈ ਬਚਾਈਆ । ਸੋਹੰ ਅੱਖਰ ਸਾਗਰ ਸਿੰਧ ਧਾਰਾ, ਜਗਤ ਵਹਿਣ ਰਿਹਾ ਵਹਾਈਆ । ਗੁਰਮੁਖਾਂ ਦੇਵੇ ਕਰ ਪਿਆਰਾ, ਕਾਇਆ ਠੰਡੀ ਠਾਰ ਕਰਾਈਆ । ਬੇਮੁਖ ਰੋਵਣ ਹਾਹਾਕਾਰਾ, ਧੀਰਜ ਧੀਰ ਨਾ ਕੋਇ ਦਵਾਈਆ । ਉਨੀ ਅੱਸੂ ਦਿਵਸ ਵਿਚਾਰਾ, ਪ੍ਰਭ ਸਾਚੀ ਨੀਂਹ ਰਖਾਈਆ । ਕਰੇ ਖੇਲ ਓਅੰਕਾਰਾ, ਸਰਬ ਪਸਾਰਾ ਵੇਖ ਵਖਾਈਆ । ਪੰਚਮ ਕੱਤਕ ਪੁਰਖ ਅਪਾਰਾ, ਪੁਰੀ ਬ੍ਰਹਮਾ ਰਿਹਾ ਸਮਾਈਆ । ਇੱਕੀ ਕੱਤਕ ਕਰਮ ਵਿਚਾਰਾ, ਸ਼ਿਵ ਸ਼ੰਕਰ ਚਰਨ ਲਿਆਈਆ । ਮੱਘਰ ਸੱਤ ਉਬਲੇ ਰਤ, ਕਰੋੜ ਤੇਤੀਸਾ ਬੀਸ ਇਕੀਸਾ ਰਿਹਾ ਆਪ ਉਠਾਈਆ । ਮੱਘਰ ਤੇਈ ਸੋਹੰ ਸ਼ਬਦ ਸਾਚੀ ਬੇਈਂ, ਨਾਨਕ ਗੁਰ ਗੁਰ ਨਾਨਕ ਰਿਹਾ ਤਾਰੀ ਲਾਈਆ । ਪੋਹ ਨੌਂ ਨੌਂ ਪੋਹ ਜਗਤ ਵਿਦਿਆ ਪ੍ਰਭ ਲਏ ਖੋਹ, ਭਗਤਨ ਦਾਤ ਵਡ ਕਰਾਮਾਤ ਸੋਹੰ ਝੋਲੀ ਪਾਈਆ । ਪੰਝੀ ਪੋਹ ਜਨ ਭਗਤਾਂ ਦੁਰਮਤ ਮੈਲ ਧੋ, ਜਾਪ ਜਪਾਇਆ ਸੋਹੰ ਸੋ, ਏਕਾ ਦੂਜਾ ਭਉ ਚੁਕਾਈਆ । ਹਰਿ ਬਿਨ ਅਵਰ ਨਾ ਜਾਣੇ ਕੋ, ਸਾਧ ਸੰਤ ਰਹੇ ਰੋ, ਰਾਜ ਰਾਜਾਨਾਂ ਮਾਇਆ ਮਮਤਾ ਮੋਹ, ਨਾ ਹੋਏ ਕੋਇ ਸਹਾਈਆ । ਗੁਰਮੁਖਾਂ ਕਾਇਆ ਮੰਦਰ ਸਾਚਾ ਅੰਦਰ ਅੰਮ੍ਰਿਤ ਆਤਮ ਲੈਣਾ ਧੋ, ਨੀਰ ਧਾਰ ਹਰਿ ਦਾਤਾਰ ਏਕਾ ਰਿਹਾ ਵਹਾਈਆ । ਛੱਬੀ ਪੋਹ ਸ਼ਬਦ ਸਰੂਪੀ ਹੱਲ ਲਏ ਜੋ, ਰਾਜ ਰਾਜਾਨਾਂ ਰਿਹਾ ਜੜ੍ਹ ਉਖੜਾਈਆ । ਸਾਚਾ ਸ਼ਬਦ ਸਾਧਾਂ ਸੰਤਾਂ ਦਰ ਦਵਾਰੇ ਢੋਆ ਦੇਵੇ ਢੋ, ਫ਼ਲ ਡਾਲ੍ਹੀ ਪੱਤ ਪਤਿਆ ਏਕਾ ਨਾਂਓ ਰਖਾਈਆ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਭਾਣਾ ਸਦਾ ਸਦ ਜੁਗਾ ਜੁਗੰਤ ਰਹਾਈਆ । ਸਚ ਦਵਾਰਾ ਏਕਾ ਜੋਤ ਅਕਾਲਿਆ । ਚਰਨ ਪ੍ਰੀਤੀ ਸਾਚੀ ਟੇਕ, ਬਣਿਆ ਰਹੇ ਸਦਾ ਰਖਵਾਲੀਆ । ਕਾਇਆ ਬੁਧ ਕਰੇ ਬਿਬੇਕ, ਫ਼ਲ ਲਗਾਏ ਸਾਚੀ ਡਾਲੀਆ । ਮਾਇਆ ਮੋਹ ਨਾ ਲਾਏ ਸੇਕ, ਦਰ ਦਵਾਰਾ ਹੋਏ ਖਾਲੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋਹੰ ਸ਼ਬਦ ਦੇਵੇ ਵਰ, ਦੱਸੇ ਰਾਹ ਏਕਾ ਏਕ ਜਗਤ ਸੁਖਾਲਿਆ । ਸੋਹੰ ਅੱਖਰ ਰਸਨਾ ਪੜ੍ਹ । ਸ਼ਬਦ ਪੌੜੇ ਜਾਣਾ ਚੜ੍ਹ, ਤੋੜ ਹੰਕਾਰੀ ਕਿਲਾ ਗੜ੍ਹ । ਦਰ ਘਰ ਸਾਚੇ ਜਾਣਾ ਵੜ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅੰਦਰੇ ਅੰਦਰ ਲਏ ਫੜ । ਪੰਜ ਤੱਤ ਪਰਧਾਨ, ਪੰਜ ਪਰਵਾਨਿਆ । ਪੰਚਮ ਵਜੇ ਨਾਮ ਬਾਣ, ਪੰਚਮ ਮੇਟੇ ਹਰਿ ਸ਼ੈਤਾਨਿਆ । ਪੰਚਮ ਹੋਵੇ ਹਰਿ ਪਰਵਾਨ, ਪੰਚਮ ਮੇਲ ਸ੍ਰੀ ਭਗਵਾਨਿਆ । ਪੰਚਮ ਪੰਚ ਬਲੀ ਬਲਵਾਨ, ਪੰਚਮ ਹੋਵੇ ਨੌਜਵਾਨਿਆ । ਸੁਰਤੀ ਰਲੀ ਨਾਲ ਰਕਾਨ, ਦਿਵਸ ਰੈਣ ਰਹੇ ਮਸਤਾਨਿਆ । ਸੁਰਤੀ ਖੇਲ ਕਰੇ ਪਰਧਾਨ, ਮਾਇਆ ਮਮਤਾ ਮੋਹ ਭੁਲਾਨਿਆ । ਮਨੂਆ ਮਨ ਦਹਿ ਦਿਸ਼ਾ ਉਡਾਨਾ, ਨਾ ਕੋਈ ਰੋਕੇ ਰੋਕ ਰੁਕਾਨਿਆ । ਸ਼ਬਦ ਡੋਰ ਬੰਨ੍ਹੇ ਚੋਰ ਹੱਥ ਭਗਵਾਨਾ, ਅੰਧ ਘੋਰ ਘੋਰ

ਕਰਾਨਿਆ । ਜੋਤੀ ਜੋਤ ਸਰੂਪ ਹਰਿ, ਅਜਪਾ ਜਾਪ ਜਾਪ ਗੁਰ ਮੰਤਰ ਲੱਗੀ ਤਨ ਬੁਝਾਏ ਬਸੰਤਰ, ਸਾਚਾ ਮੇਲ ਮਿਲਾਨਿਆ । ਮਾਇਆ ਅਗਨੀ ਤੱਤ ਵਰੋਲੇ, ਸ਼ਬਦ ਮਧਾਣੀ ਪਾਈਆ । ਸੋਹੰ ਅੱਖਰ ਹਰਿ ਹਰਿ ਬੋਲੇ, ਰਸਨ ਸਵਾਣੀ ਨਾਲ ਰਲਾਈਆ । ਠੰਡਾ ਪਾਣੀ ਅੰਮ੍ਰਿਤ ਡੋਲੇ, ਆਪ ਆਪਣੀ ਦਇਆ ਕਮਾਈਆ । ਸਚ ਫੁਲਵਾੜੀ ਆਪੇ ਮੌਲੇ, ਛਾਛ ਵਰੋਲੇ ਸਹਿਜ ਸੁਭਾਈਆ । ਉਲਟੀ ਕਰੇ ਨਾਭ ਕਵਲੇ ਅੰਮ੍ਰਿਤ ਧਾਰਾ ਰਿਹਾ ਵਹਾਈਆ । ਮਿਲੇ ਵਡਿਆਈ ਉਪਰ ਧਵਲੇ, ਧਰਤ ਮਾਤ ਖ਼ੁਸ਼ੀ ਮਨਾਈਆ । ਮਿਲੇ ਮਾਣ ਸਾਵਲ ਸਵਲੇ, ਸਤਿ ਪੁਰਖ ਨਿਰੰਜਣ ਸਤਿ ਸਤਿਵਾਦੀ ਸਤੋ ਗੁਣ ਰਿਹਾ ਸਮਾਈਆ । ਜੋਤੀ ਜੋਤ ਸਰੂਪ ਹਰਿ, ਸ਼ਬਦ ਡੋਰ ਹੱਥ ਫੜ, ਕਲਜੁਗ ਰੈਣ ਅੰਧੇਰ ਘੋਰੀ, ਚੋਰੀ ਚੋਰੀ ਗੁਰਮੁਖਾਂ ਮਨ ਬੰਧਾਈਆ । ਗੁਰਮੁਖਾਂ ਬੰਨ੍ਹੇ ਮਨ, ਸ਼ਬਦ ਡੋਰਿਆ । ਜਗਤ ਜੁਗਤ ਨਾ ਡੋਲੇ ਤਨ, ਨੇੜ ਨਾ ਆਏ ਹਰਾਮ ਖੋਰਿਆ । ਦੇਵੇ ਨਾਮ ਸੱਚਾ ਧਨ, ਧਨ ਮਾਲ ਅਵਰ ਨਾ ਜਾਣੇ ਹੋਰਿਆ । ਨਿਰਗੁਣ ਰਾਗ ਸੁਣਾਏ ਕੰਨ, ਆਪੇ ਜਾਣੇ ਗਹਿਰ ਗਵਰਿਆ । ਭਾਂਡਾ ਭਰਮ ਪ੍ਰਭ ਦੇਵੇ ਭੰਨ, ਜੋਤੀ ਜੋਤ ਸਰੂਪ ਹਰਿ, ਭਗਤ ਚੁਕਾਏ ਮੋਰ ਤੋਰਿਆ । ਮਨ ਫਾਂਧੀ ਜਗਤ ਫੰਧਾਇਆ ਏ । ਸ੍ਰਿਸ਼ਟ ਛਲ ਛਲ ਬਾਂਧੀ, ਭਰਮਾਂ ਗੇੜ ਨਾ ਕਿਸੇ ਕਟਾਇਆ ਏ । ਲੱਖ ਚੁਰਾਸੀ ਆਤਮ ਆਂਧੀ, ਕਾਇਆ ਨਗਰ ਖੇੜਾ ਨਾ ਕਿਸੇ ਵਸਾਇਆ ਏ । ਜਗਤ ਮੁਸਾਫਰ ਥੱਕੇ ਪਾਂਧੀ, ਸਾਚਾ ਪੰਧ ਨਾ ਕਿਸੇ ਮੁਕਾਇਆ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖਾਂ ਬੇੜਾ ਆਪਣੀ ਹੱਥੀਂ ਬੰਨ੍ਹ ਵਖਾਇਆ ਏ । ਰੇ ਮਨ ਠਗੌਰੇ, ਗੁਰਮੁਖ ਨਾ ਠੱਗ । ਕਲਜੁਗ ਜੀਵ ਜੰਤ ਹੋਏ ਬਵਰੇ, ਪ੍ਰਭ ਪਕੜ ਉਠਾਏ ਸ਼ਾਹ ਰਗ । ਜਨ ਹਰਿ ਕਾਜ ਮਾਤ ਸਵਰੇ, ਜਗਤ ਤ੍ਰਿਸਨਾ ਬੁਝੇ ਅੱਗ । ਸ਼ਬਦ ਸਰੂਪੀ ਕਰੇ ਚਵਰੇ, ਚਰਨ ਕਵਲ ਪਰਸੇ ਜਨ ਜਗ । ਮਿਲੇ ਮੇਲ ਗਹਿਰ ਗਵਰੇ, ਵਡ ਦਾਤੇ ਸੂਰੇ ਸਰਬਗ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤਨ ਬੰਧਾਏ ਸੋਹੰ ਸ਼ਬਦ ਸਾਚਾ ਤਗ । ਸਾਚਾ ਤਗ ਬੰਨ੍ਹ ਕਰਤਾਰ । ਦੇਵੇ ਵਡਿਆਈ ਜਗਤ ਜਗ, ਕਲ ਕਲੰਦਰ ਅੰਤਮ ਵਾਰ । ਦੀਪਕ ਜੋਤੀ ਬਲੇ ਅੱਗ, ਮੇਟ ਮਿਟਾਏ ਅੰਧ ਅੰਧਿਆਰ । ਅੰਮ੍ਰਿਤ ਆਤਮ ਸੋਮਾ ਰਿਹਾ ਵਗ, ਗੁਰਮੁਖ ਬਹਾਏ ਸਚ ਦਵਾਰ । ਮਨ ਪੰਛੀ ਬਣੇ ਹੰਸ ਕੱਗ, ਦਇਆ ਕਮਾਏ ਗੁਰ ਕਰਤਾਰ । ਕਲਜੁਗ ਵਾ ਤੱਤੀ ਰਹੀ ਵਗ, ਬੇਮੁਖਾਂ ਤਨ ਕਰੇ ਛਾਰ । ਵੇਖੇ ਖੇਲ ਕਲ ਕਿ ਅਜ, ਦਰ ਦਵਾਰੇ ਬਹਿਣਾ ਸਜ, ਸ਼ਬਦ ਸਿੰਘਾਸਣ ਚੜ੍ਹਨਾ ਭੱਜ, ਤਾਲ ਤਲਵਾੜਾ ਜਾਏ ਵੱਜ, ਹਰਿ ਭਗਤ ਅਖਾੜਾ ਜਾਏ ਲਗ, ਅੰਤਮ ਅੰਤ ਵਿਚ ਸੰਸਾਰ । ਭਗਤ ਮਾਰਗ ਗੁਰਮੀਤ, ਗੁਰਮੁਖ ਜਗਾਈਆ । ਆਪੇ ਪਤਤ ਪੁਨੀਤ, ਮਿਲਿਆ ਮੇਲ ਹਰਿ ਰਘੁਰਾਈਆ । ਮਨ ਬੈਰਾਗੀ ਲਿਆ ਜੀਤ, ਗੁਰ ਚਰਨ ਸਦਾ ਅਤੀਤ, ਕਾਇਆ ਸੋਹੰ ਸੱਚਾ ਗੀਤ, ਨਾ ਬੈਠੇ ਕਰ ਜੁਦਾਈਆ । ਕਲਜੁਗ ਅੰਤਮ ਰਿਹਾ ਬੀਤ, ਸਤਿਜੁਗ ਚਲੇ ਸਾਚੀ ਰੀਤ, ਨਾ ਕੋਈ ਮੰਦਰ ਨਾ ਮਸੀਤ, ਗੁਰੂਦਵਾਰਾ ਦਿਸ ਨਾ ਆਈਆ । ਗੁਰਮੁਖ ਗੁਰਮੁਖ ਏਕਾ ਏਕ ਪਰਤੀਤ, ਸਦਾ ਸੁਹੇਲਾ ਰਖੇ ਚੀਤ, ਚਿਤਵਤ ਠਗੌਰੀ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤਨ ਮਨ ਧੀਰਜ ਯਤ, ਸ਼ਬਦ ਸਰੂਪੀ ਆਤਮ ਸਤਿ ਏਕਾ ਨਾਮ ਦਵਾਈਆ । ਨਾਮ ਰੋਜ਼ੀ ਨਾ ਰੋਜ਼ੀ ਖ਼ਾਕ, ਰਾਜ਼ਕਿ ਰਜ਼ਿਕ ਰਹੀਮ ਰਹਿਮਾਨ ਨੂਰ ਅਲਾਹੀ ਪਾਕੀ ਪਾਕ, ਬੰਦ ਕਿਵਾੜੀ ਖੋਲ੍ਹੇ ਤਾਕ, ਆਪੇ ਦਾਨਾ ਬੀਨਾ ਏ । ਮੱਕਾ ਕਾਅਬਾ ਹਾਜਨ ਹਾਜ, ਮੇਲ ਮਿਲਾਏ ਦੋ ਦੋ ਆਬ, ਸਾਂਤਕ ਵਸਤ ਸ਼ਾਂਤ ਕਰਾਏ ਸੀਨਾ ਏ । ਵੇਖੇ

ਖੇਲ ਸੱਚੀ ਜ਼ਨਾਬ, ਕਾਇਆ ਤਨ ਵਜਾਏ ਰਬਾਬ, ਇਕ ਪਿਆਏ ਹਯਾਤ ਆਬ, ਮਨ ਮਨੂਆਂ ਰਹੇ ਭੀਨਾ ਏ । ਉਲਟੀ ਰਹੇ ਕਵਲ ਨਾਭ, ਲੋਕਮਾਤ ਨਾ ਆਏ ਅਜ਼ਾਬ, ਨਾ ਕੋਈ ਪੁੰਨ ਨਾ ਸਵਾਬ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖਾਂ ਦੇਵੇ ਨਾਮ ਵਰ, ਵੇਖੇ ਖੇਲ ਜਗਤ ਸੁਹੇਲ ਰੁਸਾ ਚੀਨਾ ਏ । ਉਠ ਸੁਰਤ ਸਵਾਣੀ, ਵਕਤ ਸੰਭਾਲਣਾ । ਆਵਣ ਜਾਵਣ ਨਾ ਰਹਿਣੀ ਮਾਤ ਨਿਸ਼ਾਨੀ, ਮਿਲੇ ਮੇਲ ਪੁਰਖ ਭਗਵਾਨਣਾ । ਵੇਖ ਵਖਾਣੇ ਚਾਰੋ ਖਾਣੀ, ਸਾਚੀ ਬਾਣੀ ਕਰੇ ਛਾਨਣਾ । ਆਪੇ ਵੇਖੇ ਵੇਦ ਪੁਰਾਨੀ, ਅੰਜੀਲ ਕੁਰਾਨੀ ਲਾਏ ਬਾਨਣਾ । ਨਾ ਕੋਈ ਦੀਸੇ ਪੰਡਤ ਗਿਆਨੀ, ਧਿਆਨੀ ਵਕਤ ਚੁਕਾਵਣਾ । ਇਕ ਬਿਠਾਏ ਸਾਚੀ ਰਾਣੀ, ਸਾਚਾ ਤਖ਼ਤ ਆਪ ਸੁਹਾਵਣਾ । ਸੋਹੰ ਅੱਖਰ ਸਤਿਜੁਗ ਸਾਚੀ ਬਾਣੀ, ਸੋ ਪੁਰਖ ਨਿਰੰਜਣਾ ਪਹਿਰਾ ਲਾਵਣਾ । ਸੁਰਤੀ ਸ਼ਬਦੀ ਮੇਲ ਹਾਣੀਆਂ ਹਾਣੀ, ਪ੍ਰਭ ਸਾਚਾ ਮੇਲ ਮਿਲਾਵਣਾ । ਆਪ ਚੁਕਾਏ ਜਮ ਕੀ ਕਾਣੀ, ਧਰਮ ਰਾਏ ਫੰਦ ਕਟਾਵਣਾ । ਚਿਤਰ ਗੁਪਤ ਭਰੇ ਪਾਣੀ, ਰਾਜਾ ਜਮ ਦਰ ਦੁਰਕਾਵਣਾ । ਜਨ ਭਗਤਾਂ ਸਵਾਰੇ ਆਪੇ ਕੰਮ, ਆਪ ਆਪਣਾ ਰਾਹ ਵਖਾਵਣਾ । ਸੋਹੰ ਗਾਏ ਦਮਾ ਦਮ, ਕਾਇਆ ਚੰਮ ਲੇਖੇ ਲਾਵਣਾ । ਮੇਟ ਮਿਟਾਏ ਜਗਤ ਭਰਮ, ਪੂਰਬ ਲਹਿਣਾ ਝੋਲੀ ਪਾਵਣਾ । ਨਾ ਮਰੇ ਨਾ ਪਏ ਜੰਮ, ਆਵਣ ਜਾਵਣ ਭੇਵ ਬਾਵਨਾ । ਆਪੇ ਵੇਖੇ ਸਚ ਬ੍ਰਹਮ, ਬ੍ਰਹਮ ਸਰੂਪੀ ਸਦ ਸਮਾਵਣਾ । ਪਾਰਬ੍ਰਹਮ ਸਦਾ ਅਗੰਮ, ਆਪ ਆਪਣੇ ਰੰਗ ਸਮਾਵਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖਾਂ ਕਰੇ ਕਰਾਏ ਵਕਤ ਸੁਹਾਵਣਾ । ਗੁਰਮੁਖ ਜਾਗੇ ਹਰਿ ਜਗਾਇਆ, ਆਤਮ ਸਾਚੀ ਜਾਗ ਲਗਾਇਆ, ਤਨ ਵੈਰਾਗ ਇਕ ਕਰਾਇਆ, ਸੋਹੰ ਗਾਏ ਸੁਹਾਗੀ ਗੀਤੀ । ਉਚੇ ਮੰਦਰ ਡੇਰਾ ਲਾਇਆ, ਭਰਮਾਂ ਡੇਰਾ ਆਪੇ ਢਾਹਿਆ, ਸੰਝ ਸਵੇਰਾ ਇਕ ਕਰਾਇਆ, ਸੋਹੰ ਗਾਏ ਸੁਹਾਗੀ ਗੀਤੀ । ਉਚੇ ਮੰਦਰ ਡੇਰਾ ਲਾਇਆ, ਮਾਨਸ ਦੇਹੀ ਜਾਏ ਜੀਤੀ । ਮਨ ਪੰਖੀ ਧਾਵਸ ਨਾ ਧਾਇਆ, ਪ੍ਰਭ ਅਬਿਨਾਸ਼ੀ ਫੇਰਾ ਪਾਇਆ, ਹੇਰਾ ਫੇਰਾ ਆਪ ਚੁਕਾਇਆ, ਆਪੇ ਪਰਖੇ ਨੀਤੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖਾਂ ਦੇਵੇ ਨਾਮ ਵਰ, ਸੁਣਨਾ ਕੰਨ ਭਾਗ ਮਥੰਨ ਬੇੜਾ ਲੈਣਾ ਬੰਨ੍ਹ, ਭਾਂਡਾ ਭਰਮ ਭੰਨ, ਚੜ੍ਹੇ ਸਾਚਾ ਚੰਨ, ਸੁਰਤ ਰਹੇ ਪਤਤ ਪੁਨੀਤੀ । ਗੁਰਮਤ ਜਗਤ ਮੀਤ, ਜੀਵ ਨਿਧਾਨਿਆ । ਪਾਰਬ੍ਰਹਮ ਸਚ ਸਰਨ ਪ੍ਰੀਤ, ਮੂਰਖ ਮੁਗਧ ਅੰਞਾਨਿਆ । ਹਰਿਜਨ ਕਾਇਆ ਕਰੇ ਠੰਡੀ ਸੀਤ, ਦੇਵੇ ਦਾਨ ਨਾਮ ਭਗਵਾਨਿਆ । ਪ੍ਰਭ ਸਦਾ ਸਦ ਪਤਤ ਪੁਨੀਤ, ਦਰ ਘਰ ਦੇਵੇ ਮਾਣਿਆ । ਦਿਵਸ ਰੈਣ ਪਰਖੇ ਨੀਤ, ਮੂਰਖ ਚਤੁਰ ਸੁਘੜ ਸਿਆਨਿਆ । ਆਪੇ ਵੇਖੇ ਦਿਹੁਰਾ ਮੰਦਰ ਮਸੀਤ, ਪੁਣੇ ਛਾਣੇ ਰਾਜੇ ਰਾਣਿਆ । ਗੁਰਮੁਖ ਵਿਰਲਾ ਲੱਖ ਚੁਰਾਸੀ ਰਿਹਾ ਜੀਤ, ਆਤਮ ਤੋੜੇ ਮਾਣ ਜਗਤ ਅਭਿਮਾਨਿਆ । ਨਰ ਨਰਾਇਣ ਰਾਖੋ ਚੀਤ, ਰਸਨਾ ਗਾਏ ਗੁਣ ਗਹਿਰ ਗੰਭੀਰ ਮਿਲੇ ਵਡਿਆਈ ਵਿਚ ਜਹਾਨਿਆ । ਏਕਾ ਏਕ ਸੋਹੰ ਸ਼ਬਦ ਸਾਚਾ ਗੀਤ, ਸਤਿਜੁਗ ਸਾਚੇ ਸਾਚੀ ਰੀਤ, ਆਪ ਝੁਲਾਏ ਧਰਮ ਨਿਸ਼ਾਨਿਆ । ਧਰਮ ਨਿਸ਼ਾਨ ਝੁਲਾਏ ਹਰਿ ਬਲਕਾਰਿਆ । ਵੇਖ ਵਖਾਣੇ ਥਾਉਂ ਥਾਈਂ, ਜੀਵ ਜੰਤ ਹੰਕਾਰਿਆ । ਗੁਰਮੁਖ ਉਠਾਏ ਫੜ ਫੜ ਬਾਂਹੀਂ, ਸਾਚੀ ਸੇਵਾ ਸੇਵਕ ਆਪ ਕਰਾ ਰਿਹਾ । ਕਲਜੁਗ ਦੇਵੇ ਅੰਤਮ ਛਾਈਂ, ਸੀਤਲ ਧਾਰਾ ਅੰਮ੍ਰਿਤ ਆਪ ਵਹਾ ਰਿਹਾ । ਆਪੇ ਪਿਤਾ ਆਪੇ ਮਾਂਏਂ, ਚਰਨ ਪ੍ਰੀਤੀ ਨਾਤਾ ਵਖਾ ਰਿਹਾ । ਗੁਰਮੁਖ ਹੰਸ ਬਣਾਏ ਮਾਣਕ ਮੋਤੀ, ਸਾਚੀ ਜੋਤੀ ਸੋਹੰ ਚੋਗ ਚੁਗਾ ਰਿਹਾ । ਦਰ ਘਰ ਸਾਚੇ ਸਾਚੀ ਥਾਏਂ, ਨਾ ਕੋਈ ਵਰਨ

੩੫੪
੦੫

ਨਾ ਕੋਈ ਗੋਤੀ, ਆਪਣਾ ਭਾਣਾ ਸ਼ਬਦੀ ਰਾਣਾ ਸਦ ਮਿਹਰਵਾਨਾ ਭਗਤ ਭਗਵਾਨਾ ਆਪਣੇ ਹੱਥ ਰਖਾ ਰਿਹਾ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਹਰਿ ਜਨ ਜਨ ਹਰਿ ਸੋਏ ਮਾਤ ਜਗਾ ਰਿਹਾ । ਆਪ ਜਗਾਏ ਜਗਤ, ਜੁਗੋ ਜੁਗ ਦਾਤਾ ਕਲ ਮੀਤ । ਦਇਆ ਕਮਾਏ ਸ਼ਬਦ ਸ਼ਬਦ ਸ਼ਬਦ, ਨਾਮ ਨਾਮ ਨਾਮ ਦਵਾਏ, ਇਕ ਸੁਣਾਏ ਸਚ ਸੁਹਾਗੀ ਗੀਤ । ਸਵੱਛ ਸਰੂਪੀ ਬਿਨ ਰੰਗ ਰੂਪੀ ਵਡਾ ਸ਼ਾਹੋ ਭੂਪੀ, ਆਪ ਦਿਸਾਏ ਆਪਣੀ ਰੀਤ । ਮਾਇਆ ਰਾਣੀ ਵਡ ਜ਼ਰਵਾਣੇ ਲੋਕਮਾਤ ਅੰਧ ਕੂਪ, ਮੰਦਰ ਗੁਰੂਦਵਾਰਾ ਨਾ ਕੋਈ ਮਸੀਤ । ਜੋਤ ਨਿਰੰਜਣ ਇਕ ਅਕਾਰ ਸਰਬ ਪਸਾਰ ਸਤਿ ਸਰੂਪ, ਕਾਲ ਕਲੰਦਰ ਕਲਜੁਗ ਤੇਰੀ ਅੰਤਮ ਵਾਰ । ਜੋਤੀ ਜੋਤ ਸਰੂਪ ਹਰਿ, ਪਾਰਬ੍ਰਹਮ ਪਾਰਬ੍ਰਹਮ ਏਕਾ ਮੰਗ ਸਾਚਾ ਸੰਗ, ਭਗਤ ਜਨਾਂ ਦੀ ਸਾਚੀ ਮੰਗ, ਸ਼ਬਦ ਘੋੜੇ ਕਸ ਤੰਗ, ਨੌਂ ਦਵਾਰੇ ਪਾਰ ਲੰਘ, ਅੰਮ੍ਰਿਤ ਧਾਰ ਵਹਾਏ ਗੰਗ ਆਤਮ ਧਾਰ । ਆਤਮ ਧਾਰ ਤੇਰਾ ਵੇਲਾ, ਘਰ ਸਾਚੇ ਆਪ ਵਹਾਇੰਦਾ । ਆਪੇ ਵਸੇ ਇਕ ਇਕੇਲਾ, ਦਿਸ ਕਿਸੇ ਨਾ ਆਇੰਦਾ । ਦਸਮ ਦਵਾਰੀ ਸਚ ਮਹੱਲਾ, ਜਲਾਂ ਥਲਾਂ ਪਾਰ ਕਰਾਇੰਦਾ । ਗੁਰਮੁਖ ਹੱਥ ਫੜਾਏ ਸਾਚਾ ਪੱਲਾ, ਰਸਨਾ ਮੇਲਾ ਇਕ ਕਰਾਇੰਦਾ । ਦੂਈ ਦਵੈਤੀ ਮੇਟੇ ਸਲਾ, ਆਪਣਾ ਪਲਾ ਹੱਥ ਫੜਾਇੰਦਾ । ਸਚ ਦਵਾਰੇ ਪਏ ਤਰਥੱਲਾ, ਪੰਚਮ ਖਿਚ ਲਿਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕ ਵਖਾਏ ਸਚ ਘਰ, ਨੌਂ ਦਵਾਰੇ ਚੁੱਕੇ ਡਰ, ਨਾ ਜਨਮੇ ਨਾ ਜਾਏ ਮਰ, ਸਦ ਅਤੀਤਾ ਆਪੇ ਆਪ ਰਹਾਇੰਦਾ । ਆਪ ਆਪਣੇ ਸੰਗ ਰਲਾਇਆ, ਅਵਰ ਨਾ ਜਾਣੇ ਕੋਇ, ਲੱਖ ਚੁਰਾਸੀ ਰਾਹ ਉਪਾਇਆ । ਆਤਮ ਸੇਜਾ ਆਪੇ ਸੋਏ, ਗੁਰਮੁਖ ਸਾਚੇ ਰਿਹਾ ਜਗਾਇਆ । ਦੂਸਰ ਜੀਵ ਨਾ ਜਾਣੇ ਕੋਇ, ਸਾਚਾ ਰਾਹ ਇਕ ਵਖਾਇਆ । ਅੰਮ੍ਰਿਤ ਬੀਜ ਆਤਮ ਬੋਏ, ਭਰਮਾਂ ਡੇਰਾ ਆਪੇ ਢਾਹਿਆ । ਦਰ ਦਵਾਰੇ ਅੱਗੇ ਹੋਏ, ਜੋਤ ਨਿਰੰਜਣ ਦਰਸ ਦਿਖਾਇਆ । ਸ਼ਬਦ ਸਰੂਪ ਪਰਗਟ ਹੋਏ, ਸ਼ਬਦ ਸਰੂਪੀ ਖੇਲ ਰਚਾਇਆ । ਪਵਣ ਸਰੂਪੀ ਹੋਏ ਤ੍ਰੈ ਲੋਏ, ਪਵਣ ਸਰੂਪੀ ਸਰਬ ਸਮਾਇਆ । ਨੂਰੋ ਨੂਰੀ ਜੋਤ ਬਲੋਏ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖਾਂ ਦੇਵੇ ਨਾਮ ਵਰ, ਸਾਚਾ ਰਾਹ ਇਕ ਚਲਾਇਆ । ਏਕਾ ਰਾਹ ਨਾਮ ਅਧਾਰ, ਭਵ ਜਲ ਪਾਰ ਉਤਾਰਿਆ । ਗੁਰਮੁਖਾਂ ਦੇਵੇ ਥਾਂ ਥਾਂ, ਪਰਗਟ ਹੋਏ ਜਗਤ ਮਲਾਹ ਵਡ ਵਡਾ ਸੰਸਾਰਿਆ । ਸ਼ਬਦ ਸਰੂਪੀ ਦੇਵੇ ਸਾਚਾ ਨਾਂ, ਚਾਰ ਵਰਨਾਂ ਪਰਉਪਕਾਰਿਆ । ਦਿਵਸ ਰੈਣ ਨਾ ਕਰੇ ਨਾਹ, ਮੰਗਣ ਮੰਗ ਜੀਵ ਭਿਖਾਰਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦੇਵੇ ਨਾਮ ਵਰ, ਬੰਕ ਦਵਾਰ ਦਵਾਰ ਬੰਕ ਕਾਇਆ ਮੰਦਰ ਇਕ ਸੁਹਾ ਰਿਹਾ । ਕਾਇਆ ਮੰਦਰ ਇਕ ਬਣਾਇਆ । ਸ਼ਬਦ ਸਿੰਘਾਸਣ ਡੇਰਾ ਲਾਇਆ । ਪਵਣ ਸਰੂਪੀ ਚਵਰ ਝੁਲਾਇਆ । ਪ੍ਰਿਥਮੀ ਅਕਾਸ਼ ਵਿਚ ਸਮਾਇਆ । ਘਟ ਘਟ ਵਾਸਨ ਸਦਾ ਅਬਿਨਾਸਨ, ਆਪ ਆਪਣਾ ਭੇਖ ਵਟਾਇਆ । ਭਗਤ ਜਨਾਂ ਹਰਿ ਦਾਸ ਦਾਸਨ, ਦਰ ਦਰ ਘਰ ਘਰ ਫੇਰਾ ਪਾਇਆ । ਮਾਨਸ ਜਨਮ ਕਰੇ ਕਰਾਏ ਰਾਸ ਰਾਸਨ, ਆਵਣ ਜਾਵਣ ਫੰਦ ਕਟਾਇਆ । ਨਾ ਕੋਈ ਦੀਸੇ ਮਦਿਰਾ ਮਾਸਨ, ਬੱਤੀ ਦੰਦ ਨਾ ਮਾਤ ਲਗਾਇਆ । ਪਰਗਟ ਹੋਏ ਘਨਕਪੁਰ ਵਾਸਨ, ਸ਼ਬਦ ਸਰੂਪੀ ਚੰਦ ਚੜ੍ਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖਾਂ ਦੇਵੇ ਨਾਮ ਵਰ, ਅਕਾਲ ਅਕਾਲਾ ਦੀਨ ਦਿਆਲਾ ਸਰਬ ਪ੍ਰਿਤਪਾਲਾ ਸਦਾ ਸਦਾ ਸਦਾ ਹੋਏ ਸਹਾਇਆ । ਹੋਏ ਸਹਾਈ ਆਪ ਕਾਇਆ ਮੰਦਰਾ । ਆਤਮ ਵੱਜੇ ਵਧਾਈ, ਤੋੜੇ ਜੰਦਰਾ । ਛੱਤੀ ਰਾਗ ਭੇਵ ਨਾ ਪਾਈ,

੩੫੬ ੦੫

ਡੂੰਘੀ ਕੰਦਰਾ । ਲੱਖ ਚੁਰਾਸੀ ਹੋਈ ਹਲਕਾਈ, ਫਿਰੇ ਬੰਦਰਾ । ਚਾਰੋਂ ਕੁੰਟ ਭੇਖ ਵਟਾਈ, ਆਪੇ ਬਣੇ ਗੋਰਖ ਮਛੰਦਰਾ । ਏਕਾ ਦੇਵੇ ਨਾਮ ਦੁਹਾਈ, ਸੋਹੰ ਸਾਚੇ ਮੰਦਰਾ । ਸੋਲਾਂ ਕਲਾ ਖੇਲ ਵਰਤਾਈ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵੇਖ ਵਖਾਣੇ ਦਰ ਦਰ ਘਰ ਘਰ, ਖੇਲੇ ਖੇਲ ਅੰਦਰੇ ਅੰਦਰਾ । ਅੰਦਰੇ ਅੰਦਰ ਧਾਰ ਹਰਿ ਰਖਾਈਆ । ਡੂੰਘਾ ਸਾਗਰ ਸਿੰਧ ਸਾਰ ਨਾ ਪਾਈਆ । ਆਪੇ ਵੇਖੇ ਕਾਇਆ ਗਾਗਰ, ਤੱਤ ਵਿਰੋਲੇ ਸਹਿਜ ਸੁਭਾਈਆ । ਗੁਰਮੁਖਾਂ ਨਿਰਮਲ ਕਰਮ ਹੋਏ ਉਜਾਗਰ, ਮਿਲਿਆ ਮੇਲ ਹਰਿ ਰਘੁਰਾਈਆ । ਵਣਜ ਕਰਾਏ ਨਾਮ ਸੁਦਾਗਰ, ਤਨ ਵੱਜਦੀ ਰਹੇ ਵਧਾਈਆ । ਏਕਾ ਨਾਮ ਰਤੀ ਰਤਨਾਗਰ, ਨੂਰੀ ਜੋਤ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦੇਵੇ ਨਾਮ ਵਰ, ਗੁਰ ਪੂਰਾ ਸਰਬ ਬਖ਼ਸ਼ਿੰਦਾ ਕਲਗੀ ਚੀਰਾ ਨਾਮ ਤੋੜਾ ਸ਼ਬਦ ਘੋੜਾ ਜੋਤੀ ਜੋੜਾ ਧੁਰ ਦਰਗਾਹੀ ਆਇਆ ਦੌੜਾ, ਲੋਕਮਾਤ ਰਖਾਇਆ ਚੌਥਾ ਪੌੜਾ, ਕਲਜੁਗ ਜੀਵ ਵੇਖੇ ਮਿੱਠਾ ਕੌੜਾ, ਸਤਿਜੁਗ ਸਾਚਾ ਰਾਹ ਵਖਾਈਆ । ਸਤਿਜੁਗ ਸਾਚਾ ਸਾਖੀਆ, ਸੁਖ ਸਹਿਜ ਸੁਭਾਏ । ਮਿਲੇ ਮੇਲ ਅਲਖਣਾ ਲਾਖੀਆ । ਰਿਹਾ ਬਣਤ ਬਣਾਏ । ਸ਼ਬਦ ਗੀਤ ਸਾਚਾ ਭਾਖੀਆ, ਗੁਰਮੁਖ ਸਾਚੇ ਰਿਹਾ ਸੁਣਾਏ ਸਦਾ ਸਦ ਕਰੇ ਰਾਖੀਆ । ਦਿਵਸ ਰੈਣ ਹੋਏ ਸਹਾਏ । ਆਦਿ ਅੰਤ ਸਗਲਾ ਸਾਥੀਆ, ਵਿਛੜ ਕਦੇ ਨਾ ਜਾਏ । ਲੇਖਾ ਲਿਖੇ ਧੁਰ ਦਰਗਾਹੀ ਮਸਤਕ ਮਾਥੀਆ, ਬਿਧਨਾ ਲੇਖਾ ਦਏ ਮਿਟਾਏ । ਆਪੇ ਰੱਖੇ ਦੇ ਕਰ ਹਾਥਿਆ, ਸਦ ਸੁਹੇਲਾ ਆਪ ਅਖਵਾਏ । ਮਾਤ ਚਲਾਏ ਅਵੱਲੜੀ ਗਾਥੀਆ, ਸੋਹੰ ਸਾਚਾ ਨਾਉਂ ਰਖਾਏ । ਗੁਰਮੁਖ ਚੜ੍ਹਾਏ ਸਾਚੇ ਰਾਥੀਆ । ਅਕਾਲ ਮੂਰਤ ਸੁਰਤ ਭਵਾਏ । ਲੇਖਾ ਚੁੱਕੇ ਸਾਢੇ ਤਿੰਨ ਤਿੰਨ ਹੱਥਿਆ, ਨਾਦ ਤੂਰਤੀ ਧੁਨ ਉਪਜਾਏ । ਜਿਉਂ ਰਾਮਾ ਘਰ ਦਸਰੱਥਿਆ, ਭੇਦ ਅਭੇਦ ਆਪ ਛਪਾਏ । ਸਰਬ ਕਲਾ ਆਪੇ ਸਮਰਥੀਆ, ਕਾਹਨ ਕ੍ਰਿਸ਼ਨ ਦਿਸ ਨਾ ਆਏ । ਸ੍ਰਿਸ਼ਟ ਸਬਾਈ ਰਿਹਾ ਮਥਿਆ, ਨਿਹਕਲੰਕੀ ਜਾਮਾ ਪਾਏ, ਜਨ ਭਗਤਾਂ ਦੇਵੇ ਏਕਾ ਸਾਚੀ ਸਿਖਿਆ, ਸੋਹੰ ਅਜਪਾ ਜਾਪ ਜਪਾਏ । ਸਗਲ ਵਸੂਰਾ ਮਾਤ ਲੱਥਿਆ । ਦਿਵਸ ਸਤ ਰਸਨ ਧਿਆਏ । ਜੋਤੀ ਜੋਤ ਸਰੂਪ ਹਰਿ, ਕਲਜੁਗ ਅੰਤਮ ਜੋਤ ਧਰ, ਗੁਰਮੁਖ ਸਾਚੇ ਸੰਤ ਸੁਹੇਲੇ ਦਰ ਘਰ ਸਾਚੇ ਕਰਾਏ ਸਾਚੇ ਮੇਲੇ, ਲੋਕਮਾਤ ਮਾਰ ਝਾਤ, ਆਪੇ ਆਪ ਜਗਾਏ । ਸ਼ਬਦ ਭੰਡਾਰ ਅਡੋਲ ਹਰਿ ਵਰਤਾਇਆ । ਸਚ ਸਿੰਘਾਸਣ ਬੈਠਾ ਰਿਹਾ ਬੋਲ, ਦਿਸ ਕਿਸੇ ਨਾ ਆਇਆ । ਗੁਰਮੁਖਾਂ ਆਤਮ ਪੜਦੇ ਰਿਹਾ ਖੋਲ੍ਹ, ਦੂਈ ਦਵੈਤੀ ਤ੍ਰਿਸ਼ਨਾ ਭੁੱਖ ਗਵਾਇਆ । ਨਾਮ ਮਰਦੰਗਾ ਵੱਜੇ ਸੱਚਾ ਢੋਲ, ਅਨਾਦ ਅਨਾਦਾ ਰਾਗ ਸੁਣਾਇਆ । ਮੀਤ ਮੁਰਾਰ ਸਦ ਵਸੇ ਕੋਲ, ਆਤਮ ਸੇਜਾ ਆਸਣ ਲਾਇਆ । ਕਲਜੁਗ ਰੈਣ ਅੰਧੇਰੀ ਕਰੇ ਚੋਹਲ, ਸ਼ਬਦ ਤੀਰ ਹੱਥ ਉਠਾਇਆ । ਸ੍ਰਿਸ਼ਟ ਸਬਾਈ ਰਿਹਾ ਰੋਲ, ਪੰਚਾਂ ਖੇਲ ਰਚਾਇਆ । ਮਨਮੁਖ ਸੁੱਤੇ ਰਹੇ ਅਨਭੋਲ, ਸਾਚੀ ਸੇਜਾ ਨਾ ਕੰਤ ਹੰਢਾਇਆ । ਗੁਰਮੁਖ ਕਾਇਆ ਰਿਹਾ ਮਵਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਡੰਡਾ ਦੇਵੇ ਵਰ, ਧੁਰ ਦਰਗਾਹੀ ਲੈ ਕੇ ਆਇਆ । ਨਾਮ ਭੰਡਾਰਾ ਵੰਡੇ, ਦਰ ਦਵਾਰੇ ਭੇਦ ਕਿਸੇ ਨਾ ਆਇਆ । ਕਲਜੁਗ ਆਇਆ ਅੰਤਮ ਕੰਢੇ, ਬ੍ਰਹਮਾ ਸ਼ਿਵ ਸੁਰਪਤ ਰਾਜੇ ਕਹਿ ਕੇ ਆਇਆ । ਮਾਣ ਗੁਵਾਉਣਾ ਸੋਹੰ ਸਾਚੇ ਡੰਡੇ, ਗੁਰਮੁਖ ਸਚੇ ਨਾਲ ਲੈ ਕੇ ਆਇਆ । ਹੇਠ ਬਿਠਾਏ ਧਰਮ ਝੰਡੇ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਸੁਨੇਹੜਾ ਦੇਵੇ ਵਰ, ਆਦਿ ਅੰਤ ਗੁਰਮੁਖ ਆਤਮ ਹੋਏ ਨਾ ਰੰਡੇ, ਸ਼ਬਦ ਸਾਚਾ ਨਾਦ ਵਜਾਇਆ ।

ਸੁਣੇ ਸੁਣਾਏ ਵਿਚ ਬ੍ਰਹਿਮੰਡੇ, ਸਾਚਾ ਖੇਲ ਰਚਾਇਆ । ਜਨ ਭਗਤਾਂ ਦੇਵੇ ਸਾਚੀ ਦਾਦ, ਧਰਮ ਝੋਲੀ ਰਿਹਾ ਭਰਾਇਆ । ਜੋਤ ਜਗਾਏ ਸ਼ਬਦ ਜਣਾਏ ਬੋਧ ਅਗਾਧ, ਕਰਮ ਗੋਲੀ ਰਿਹਾ ਬਣਾਇਆ । ਨਰ ਨਰਾਇਣ ਮੇਲ ਮਾਧਵ ਮਾਧ, ਚਰਮ ਡੋਲੀ ਰਿਹਾ ਉਠਾਇਆ । ਜੂਠਾ ਝੂਠਾ ਮੇਟ ਮਿਟਾਏ ਵਾਦ ਵਿਵਾਦ, ਕਾਇਆ ਭੋਲੀ ਭਾਲੀ ਦਏ ਜਗਾਇਆ । ਸਦਾ ਸੁਹੇਲਾ ਆਦਿ ਜੁਗਾਦਿ, ਪੂਰੇ ਤੋਲ ਰਿਹਾ ਤੁਲਾਇਆ । ਦਿਵਸ ਰੈਣ ਰੱਖਣਾ ਯਾਦ, ਸੋਹੰ ਅੱਖਰ ਜਗਤ ਵੱਖਰ ਏਕਾ ਏਕ ਪੜ੍ਹਾਇਆ । ਦਰ ਦਵਾਰਾ ਏਕਾ ਲੈਣਾ ਲਾਧ, ਦੂਜਾ ਭਰਮ ਰਹੇ ਨਾ ਰਾਇਆ । ਆਪੇ ਸੰਤ ਆਪੇ ਸਾਧ, ਸਤਿ ਸੰਤੋਖੀ ਵਿਚ ਸਮਾਇਆ । ਹਰਿਜਨ ਸਾਚੀ ਰਸਨਾ ਲਏ ਅਰਾਧ, ਸ਼ਬਦ ਮੋਖੀ ਬਣਤ ਬਣਾਇਆ । ਧੁਰ ਦਰਗਾਹੀ ਏਕਾ ਦਾਦ, ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਭੰਡਾਰਾ ਆਪੇ ਆਪ ਭਰਾਇਆ । ਸ਼ਬਦ ਭੰਡਾਰਾ ਭਰ ਆਸਾ ਪੂਰੀਆ । ਸਚ ਦਵਾਰਾ ਏਕਾ ਦਰ, ਦਰਸ ਦਿਖਾਏ ਹਾਜ਼ਰ ਹਜ਼ੂਰੀਆ । ਇਕ ਨੁਹਾਏ ਸਾਚੇ ਸਰ, ਹਉਮੇ ਰੋਗ ਦੂਰਨ ਦੂਰੀਆ । ਭਰਮ ਭੁਲੇਖਾ ਚੁਕੇ ਡਰ, ਪਰਗਟ ਜੋਤ ਨੂਰੋ ਨੂਰੀਆ । ਨਾ ਜਨਮੇ ਨਾ ਜਾਏ ਮਰ, ਸਰਬ ਕਲਾ ਆਪੇ ਭਰਪੂਰੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖਾਂ ਦੇਵੇ ਸ਼ਬਦ ਵਰ, ਨਾ ਨੇੜੇ ਨਾ ਦਿਸੇ ਦੂਰੀਆ । ਸ਼ਬਦ ਕਰਾਇਆ ਵਣਜ, ਗੁਰ ਸੰਸਾਰਿਆ ਆਪੇ ਲਾਹਿਆ ਪਿਛਲਾ ਕਰਜ, ਦੇਵਣਹਾਰ ਹਰਿ ਦਾਤਾਰਿਆ । ਦਿਵਸ ਰੈਣ ਦੋਵੇਂ ਨੈਣ ਗੁਰਮੁਖ ਸਾਚੇ ਰਹੇ ਤਰਸ, ਦੇਵੇ ਦਰਸ ਅਗੰਮ ਅਪਾਰਿਆ । ਮਨਮੁਖ ਜੂਠੇ ਝੂਠੇ ਡੋਬੇ ਮਾਇਆ ਵਹਿਣ, ਏਕਾ ਭੁਲੇ ਨਰ ਨਿਰੰਕਾਰਿਆ । ਜੂਠਾ ਝੂਠਾ ਨਾਤਾ ਸਾਕ ਸੱਜਣ ਸੈਣ, ਵੇਲੇ ਅੰਤ ਨਾ ਕੋਇ ਸਹਾਰਿਆ । ਗੁਰਮੁਖ ਸਾਚੇ ਸਾਚਾ ਲਾਹਾ ਪ੍ਰਭ ਦਰ ਲੈਣ, ਮਿਲੇ ਨਾਮ ਵਸਤ ਅਪਾਰਿਆ । ਦੂਸਰ ਰਸਨਾ ਕਿਸੇ ਨਾ ਸਕੇ ਕਹਿਣ, ਗੁਣਵੰਤਾ ਗੁਣ ਵਿਚਾਰਿਆ । ਕਲਜੁਗ ਵੇਖ ਅੰਧੇਰੀ ਰੈਣ, ਜੋਤੀ ਨੂਰ ਕਰੇ ਉਜਿਆਰਿਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਸਾਚੇ ਸ਼ਬਦ ਕਰੇ ਜੈਕਾਰਿਆ । ਸਚ ਸ਼ਬਦ ਜੈਕਾਰ, ਆਪ ਕਰੰਨਿਆ । ਪਰਗਟ ਹੋ ਵਿਚ ਸੰਸਾਰ, ਭਾਂਡਾ ਭਰਮਾਂ ਆਪੇ ਭੰਨਿਆ । ਸ਼ਬਦ ਫੜੇ ਤੇਜ਼ ਕਟਾਰ, ਮਾਰੇ ਕਰ ਖੁਆਰ ਆਤਮ ਅੰਨਿਆ । ਗੁਰਮੁਖਾਂ ਦੇਵੇ ਨਾਮ ਅਧਾਰ, ਸ਼ਬਦ ਸਰੂਪੀ ਕਰ ਪਿਆਰ, ਸਾਚਾ ਰਾਗ ਸੁਣਾਏ ਕੰਨਿਆ । ਆਤਮ ਘਰ ਭਰੇ ਭੰਡਾਰ, ਲੱਖ ਚੁਰਾਸੀ ਉਤਰੇ ਪਾਰ, ਲੋਕਮਾਤ ਰਾਏ ਧਰਮ ਨਾ ਦੇਵੇ ਡੰਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖਾਂ ਦੇਵੇ ਨਾਮ ਵਰ, ਆਦਿ ਅੰਤ ਜੁਗਾ ਜੁਗੰਤ ਕਾਇਆ ਖੇੜਾ ਬੇੜਾ ਬੰਨ੍ਹਿਆ । ਕਾਇਆ ਖੇੜਾ ਅਪਰ ਅਪਾਰ, ਸਗਲਾ ਸਾਥਿਆ । ਪੰਚਾਂ ਕਰੇ ਤਨ ਸ਼ਿੰਗਾਰ, ਪੰਚਾਂ ਬਹਾਏ ਸਾਚੇ ਰਾਥਿਆ । ਪੰਚਾਂ ਕਰੇ ਆਪ ਖਵਾਰ । ਪੰਚਾਂ ਲੇਖਾ ਲਿਖੇ ਮਸਤਕ ਮਾਥਿਆ । ਪੰਚਾਂ ਦੇਵੇ ਦੇਵਣਹਾਰ, ਪੰਚ ਸੁਣਾਏ ਸੋਹੰ ਸ਼ਬਦ ਸਾਚੀ ਗਾਥਿਆ । ਪੰਚਮ ਰਖਾਏ ਪਵਣ ਅਧਾਰ, ਸ਼ਬਦ ਸਰੂਪੀ ਇਕ ਉਡਾਰ, ਆਪ ਰਖਾਏ ਸਗਲਾ ਸਾਥਿਆ । ਵੇਲੇ ਅੰਤ ਨਾ ਕਰੇ ਹੁਦਾਰ, ਇਕ ਇਕੱਲਾ ਮੀਤ ਮੁਰਾਰ, ਜਲਾਂ ਥਲਾਂ ਹੋਏ ਸਹਾਰ, ਦਾਸਨ ਦਾਸ ਤ੍ਰੈਲੋਕੀ ਨਾਥਿਆ । ਇਕ ਕਰਾਏ ਵਣਜ ਵਪਾਰ, ਕਲਜੁਗ ਕਾਲਾ ਵੇਸ ਉਤਾਰ ਸੋਹੰ ਸ਼ਬਦ ਫੂਲਨਹਾਰ, ਜਗਤ ਚਲਾਏ ਸਾਚੀ ਗਾਥਿਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਕਲਜੁਗ ਅੰਤਮ ਵੇਖ ਦਰ, ਪਕੜ ਉਠਾਏ ਨੌਂ ਨੌਂ ਨਾਥਿਆ । ਨੌਂ ਨਾਥ ਜਗਾਏ, ਸ਼ਬਦ ਹੱਲਾ ਕਰਾਏ, ਸੋਹੰ ਸਾਚੀ ਗਾਥ ਸੁਣਾਏ, ਅਜਪਾ ਜਾਪ ਜਗਤ


੩੫੭ ੦੫

ਜਪਾ ਰਿਹਾ । ਦੂਸਰ ਕਿਸੇ ਦਿਸ ਨਾ ਆਏ, ਲੱਖ ਚੁਰਾਸੀ ਰਿਹਾ ਭੁਲਾਏ, ਭਰਮ ਭੁਲੇਖਾ ਪਾ ਰਿਹਾ । ਗੁਰਮੁਖਾਂ ਮੇਲਾ ਸਹਿਜ ਸੁਭਾਏ, ਆਪ ਆਪਣਾ ਮੇਲ ਮਿਲਾ ਰਿਹਾ । ਹੋਏ ਸਹਾਈ ਸਭਨੀਂ ਥਾਏਂ, ਅੱਠੇ ਪਹਿਰ ਸਰਬ ਸਮਾ ਰਿਹਾ । ਆਪੇ ਪਿਤਾ ਆਪੇ ਮਾਂਏ, ਹਰਿਜਨ ਸਾਚੇ ਗੋਦ ਉਠਾਏ, ਬੇਮੁਖਾਂ ਘਰ ਘਰ ਉਡਾਏ ਕਾਂਏ, ਬੋਧ ਅਗਾਧਾ ਸ਼ਬਦ ਲਿਖਾਏ, ਗੁਰਮੁਖ ਮਾਣੇ ਠੰਡੀ ਛਾਂਏ, ਪਾਰਜ਼ਾਤੀ ਆਪ ਬਣਾ ਰਿਹਾ । ਵੇਲੇ ਅੰਤਮ ਪਕੜੇ ਬਾਂਹੇ, ਚਰਨ ਨਾਤੀ ਜੋੜ ਜੁੜਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਜਪਾਏ ਸਾਚਾ ਜਾਪ, ਮੇਟ ਮਿਟਾਏ ਤੀਨੋ ਤਾਪ, ਪਰਗਟ ਹੋਏ ਆਪੇ ਆਪ, ਸਾਚਾ ਲੇਖਾ ਧੁਰਦਰਗਾਹੀ ਭੇਖਾ, ਕਾਇਆ ਚੋਲੀ ਆਤਮ ਝੋਲੀ ਆਪ ਭਰਾ ਰਿਹਾ । ਕਾਇਆ ਚੋਲੀ ਤਨ ਰੰਗਾਈ, ਆਤਮ ਝੋਲੀ ਭਰਾਈਆ । ਸਾਚੀ ਡੋਲੀ ਹਰਿ ਸੁਹਾਈ, ਸ਼ਬਦ ਗੋਲੀ ਨਾਲ ਬੰਧਾਈਆ । ਕਲਜੁਗ ਬੋਲੀ ਅੰਤ ਵਿਆਹੀ, ਪੂਰੇ ਤੋਲ ਰਿਹਾ ਤੁਲਾਈਆ । ਸ਼ਬਦ ਪੜਦੇ ਰਿਹਾ ਖੋਲ੍ਹੀ, ਭੇਵ ਅਭੇਦਾ ਭੇਵ ਨਾ ਰਾਈਆ । ਗੁਰਮੁਖ ਵਿਰਲੇ ਕਾਇਆ ਏਕਾ ਮੌਲੀ, ਫੁੱਲ ਫੁਲਵਾੜੀ ਮਾਤ ਸੁਹਾਈਆ । ਆਪ ਉਲਟਾਏ ਨਾਭ ਕਵਲੀ, ਅੰਮ੍ਰਿਤ ਬੂੰਦ ਸਵਾਂਤੀ ਮੁਖ ਚੁਆਈਆ । ਮਿਲੇ ਵਡਿਆਈ ਉਪਰ ਧਵਲੀ, ਕ੍ਰਿਸ਼ਨਾ ਸਵਲਾ ਦਇਆ ਕਮਾਈਆ । ਲੱਖ ਚੁਰਾਸੀ ਹੋਈ ਬਵਲੀ, ਰਸਨ ਵਿਕਾਰਾ ਰਿਹਾ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਸੰਤ ਸੁਹੇਲੇ ਲੋਕਮਾਤ ਰਿਹਾ ਉਪਜਾਈਆ । ਗੁਰਮੁਖ ਜਗਾਏ ਆਪ ਦਇਆ ਕਮਾਇੰਦਾ । ਸਾਚੀ ਸੇਵਾ ਇਕ ਲਗਾਏ, ਸੋਹੰ ਮੇਵਾ ਮੁਖ ਲਗਾਇੰਦਾ । ਦੇਵੀ ਦੇਵ ਦਇਆ ਕਮਾਏ, ਅਲਖ ਅਭੇਵਾ ਖੇਲ ਰਚਾਇੰਦਾ । ਰਸਨਾ ਜਿਹਵਾ ਗਾਏ, ਕੌਸਤਕ ਮਣੀਆ ਥੇਵਾ ਮਸਤਕ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਸੰਤ ਸੁਹੇਲੇ ਸੋਏ ਮਾਤ ਅੰਤਮ ਕਲ ਆਪੇ ਆਪ ਜਗਾਇੰਦਾ । ਉਠੋ ਸੰਤ ਦੁਲਾਰਾ, ਦਇਆ ਕਮਾਈਆ । ਬਖ਼ਸ਼ੇ ਚਰਨ ਪਿਆਰ, ਮਿਲੇ ਵਡਿਆਈਆ । ਅੰਮ੍ਰਿਤ ਆਤਮ ਬਖ਼ਸ਼ੇ ਧਾਰ, ਕਾਇਆ ਠੰਡੀ ਠਾਰ ਕਰਾਈਆ । ਹਉਮੇ ਹੰਗਤਾ ਰੋਗ ਨਿਵਾਰ, ਭਰਮਾਂ ਡੇਰਾ ਰਿਹਾ ਢਾਹੀਆ । ਸਾਚੀ ਮੰਗ ਇਕ ਅਪਾਰ, ਨਾਮ ਰੰਗਤ ਰਿਹਾ ਚੜ੍ਹਾਈਆ । ਮੰਗਤ ਰਹਿਣ ਦਰ ਦਵਾਰ, ਸਾਚੀ ਭਿਛਿਆ ਰਿਹਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਰਾਹ ਰਿਹਾ ਵਖਾਈਆ । ਏਕਾ ਰਾਹ ਵਖਾਏ, ਵੇਖ ਵਖਾਨਿਆ । ਦੇ ਮਤ ਰਿਹਾ ਸਮਝਾਏ, ਗੁਰਮੁਖ ਬਾਲ ਅੰਞਾਨਿਆ । ਪੰਜ ਤੱਤ ਨਾ ਜਾਣੇ ਕੋਇ, ਆਪ ਭੁਲਾਏ ਰਾਜੇ ਰਾਣਿਆ । ਸਰਬ ਕਲਾ ਸਮਰਥ ਅਖਵਾਏ, ਚਲੇ ਚਲਾਏ ਆਪਣੇ ਭਾਣਿਆ । ਸਾਚੀ ਵਥ ਇਕ ਲਿਆਏ, ਜਨ ਭਗਤਾਂ ਦਰ ਦਰਬਾਨਿਆ । ਸੋਹੰ ਸਾਚੇ ਰਥ ਚੜ੍ਹਾਏ, ਧੁਰ ਦਰਗਾਹੀ ਧੁਰ ਦੀ ਬਾਨਿਆ । ਪੰਜਾਂ ਚੋਰਾਂ ਨੱਥ ਪਵਾਏ, ਡੋਰੀ ਆਪਣੇ ਹੱਥ ਰਖਾਨਿਆ । ਜਗਤ ਮਹਿੰਮਾ ਅਕੱਥ ਵਖਾਏ, ਅਕਥਨੀ ਕਥ ਨਾ ਕਿਸੇ ਵਖਾਨਿਆ । ਸ੍ਰਿਸ਼ਟ ਸਬਾਈ ਮਥ ਵਖਾਏ, ਸੋਹੰ ਸਾਚੇ ਨਾਮ ਮਧਾਨਿਆ । ਸੀਆਂ ਸਾਢੇ ਤਿੰਨ ਹੱਥ ਮਾਣ ਰਖਾਏ, ਆਪ ਆਪਣਾ ਜਿਸ ਪਛਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖਾਂ ਦੇਵੇ ਸ਼ਬਦ ਵਰ, ਰੰਗ ਰੰਗੀਲਾ ਮਾਧਵ ਮਾਧ, ਦਿਵਸ ਰੈਣ ਰਹੇ ਅਰਾਧ, ਆਤਮ ਸੇਜਾ ਸਾਚੇ ਘਰ ਰੰਗ ਹਰਿ ਸਾਚਾ ਮਾਨਿਆ । ਗ੍ਰਿਹ ਮੰਦਰ ਅਪਾਰ ਤਨ ਸੁਹਾਇਆ । ਕਾਇਆ ਵੇਖ ਅੰਧੇਰੀ ਕੰਦਰ, ਝੂਠਾ ਜੰਦਰ ਆਪ ਤੁੜਾਇਆ । ਨਿਰਮਲ ਜੋਤ ਕਰ ਉਜਾਲੀ ਅੰਦਰੇ ਅੰਦਰ, ਦੀਪਕ ਸਾਚਾ ਰਿਹਾ ਜਗਾਇਆ । ਜੋਤੀ

ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਸਤਿਵਾਦੀ ਜਗਤ ਬ੍ਰਿਹਿਮਾਦੀ ਸ਼ਬਦ ਅਨਾਦੀ ਧੁਨ ਅਨਾਹਦ ਏਕਾ ਰਿਹਾ ਵਜਾਇਆ । ਵੱਜੇ ਨਾਦ ਧੁਨ, ਹਰਿ ਸਾਜਨ ਖੋਜ ਖੁਜੰਤਿਆ । ਗੁਰਮੁਖ ਗੁਰਮੁਖ ਰਿਹਾ ਚੁਣ, ਪੂਰਨ ਜੋਤ ਸ੍ਰੀ ਭਗਵੰਤਿਆ । ਸਰਬ ਪੁਕਾਰ ਰਿਹਾ ਸੁਣ, ਕਰੇ ਖੇਲ ਆਦਿਨ ਅੰਤਿਆ । ਲੱਖ ਚੁਰਾਸੀ ਛਾਣ, ਪੁਣ, ਅੰਦਰ ਬਾਹਰ ਬੂਝ ਬੁਝੰਤਿਆ । ਗੁਰਮੁਖ ਜਾਣੇ ਆਪੇ ਗੁਣ, ਮੇਲ ਮਿਲਾਵਾ ਸਾਚੇ ਕੰਤਿਆ । ਜੋਤੀ ਜੋਤ ਸਰੂਪ ਹਰਿ, ਏਕਾ ਦੇਵੇ ਸ਼ਬਦ ਵਰ, ਜਪਤ ਜਾਪ ਜਾਪ ਜਪਤ ਅੰਤਰ ਮਿਟਾਏ ਕਾਇਆ ਬਸੰਤਰ, ਨਾ ਲੱਗੇ ਅੱਗੇ ਤ੍ਰਿਸਨਾ ਤ੍ਰਿਪਤਿਆ । ਤ੍ਰਿਪਤ ਤ੍ਰਿਸਨਾ ਅੱਗ ਹਰਿ ਬੁਝਾਈਆ । ਦੂਈ ਦਵੈਤੀ ਲਾਹੇ ਜਗ, ਸਾਚੀ ਚੋਗ ਰਿਹਾ ਚੁਗਾਈਆ । ਮਿਟੇ ਅੰਧੇਰਾ ਪੱਖ, ਕਿਸ਼ਨਾ ਸੁਖਲਾ ਜੋਤੀ ਇਕ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਸ਼ਬਦ ਉਜਾਲਾ ਮਾਤ ਕਰ, ਗੁਰ ਗੋਪਾਲਾ ਆਪ ਹਰਿ, ਸਾਚਾ ਜਾਪ ਰਿਹਾ ਜਪਾਈਆ । ਜਾਪ ਜਪਾਏ ਸੰਝ ਸਵੇਰ । ਆਪੇ ਤਾਰੇ ਕਰ ਕਰ ਆਪਣੀ ਮਿਹਰ । ਗੁਰਮੁਖ ਸਾਚੇ ਸ਼ਬਦ ਪਿਆਰੇ ਭਗਤ ਉਧਾਰੇ ਨਾ ਲਾਏ ਦੇਰ । ਨਾਮ ਰੰਗਣ ਅਪਰ ਅਪਾਰੇ, ਕਾਇਆ ਚੋਲੀ ਏਕਾ ਵੇਰ । ਪੁਰਖ ਪੁਰਖੋਤਮ ਪਾਏ ਸਾਰੇ । ਬੇਮੁਖ ਢਹਿ ਢਹਿ ਹੋਣਾ ਢੇਰ । ਅਗੰਮ ਅਗੰਮਾ ਹਰਿ ਨਿਰੰਕਾਰੇ, ਆਪੇ ਵਸੇ ਨੇਰਨ ਨੇਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤ ਚੁਕਾਏ ਮੇਰ ਤੇਰ । ਮੇਰਾ ਤੇਰਾ ਜਾਏ ਚੁੱਕ, ਸ਼ਬਦ ਜਾਪ ਜਪਿਆ । ਜੂਠ ਝੂਠ ਜਾਏ ਰੁਕ, ਆਤਮ ਤ੍ਰਿਸਨਾ ਤਾਪ ਗਿਆ, ਕਾਮ ਕਰੋਧੀ ਮਿਟੇ ਦੁਖ, ਵਡ ਪਰਤਾਪ ਮਾਤ ਵੇਖਿਆ । ਸ਼ਬਦ ਸਰੂਪੀ ਸਾਚੀ ਗੋਦੀ ਲਏ ਚੁੱਕ, ਸਚ ਸਿੰਘਾਸਣ ਇਕ ਵੇਖਿਆ । ਪ੍ਰਭ ਕਾ ਭਾਣਾ ਨਾ ਜਾਏ ਰੁਕ, ਲੇਖਾ ਭਗਤ ਨਾ ਕੋਈ ਲਿਖਿਆ ਨਾ ਕੋਈ ਪੀਵੇ ਨਾੜ, ਹੁਕ, ਮਦਿਰਾ ਮਾਸ ਦਰ ਦਰ ਘਰ ਘਰ ਕਲ ਵੇਖਿਆ । ਦਾਣਾ ਪਾਣੀ ਗਿਆ ਮੁੱਕ, ਸਤਿਜੁਗ ਸਾਚਾ ਮਾਤ ਧਰਿਆ । ਜੂਠਾ ਝੂਠਾ ਫਲ ਗਿਆ ਟੁੱਟ, ਦੂਜੀ ਵਾਰ ਨਾ ਡਾਲ੍ਹ ਲਗਿਆ । ਗੁਰਮੁਖ ਵਿਰਲਾ ਪੀਵੇ ਅੰਮ੍ਰਿਤ ਆਤਮ ਘੁੱਟ, ਸਾਚਾ ਤਾਲ ਏਕਾ ਰਖਿਆ । ਸ਼ਬਦ ਨਿਰਾਲਾ ਤੀਰ ਜਾਏ ਛੁੱਟ, ਕਾਲ ਮਹਾਂਕਾਲ ਕਲ ਖੇਲ ਬਾਜੀਗਰ ਨਟਿਆ । ਚੋਰਾਂ ਯਾਰਾਂ ਕੱਢੇ ਕੁੱਟ, ਆਪ ਆਪਣੇ ਨਾਲ ਰਖਿਆ । ਲੱਖ ਚੁਰਾਸੀ ਜਾਏ ਛੁੱਟ, ਗੁਰਮੁਖ ਸਾਚੇ ਸੰਤ ਜਨਾਂ ਚਰਨ ਸਰਨ ਸਰਨ ਚਰਨ ਆਪੇ ਆਪ ਰਖਿਆ । ਬੇਮੁਖਾਂ ਜੜ੍ਹ ਦੇਵੇ ਪੁੱਟ, ਅੰਤਮ ਚੋਗ ਗਈ ਨਿਖੁਟ, ਹੇਰ ਫੇਰ ਨਾ ਕੋਈ ਰਖਿਆ । ਵਹਿੰਦੇ ਵਹਿਣ ਦੇਣੇ ਸੁੱਟ, ਕਲਜੁਗ ਰੈਣ ਅੰਧੇਰੀ ਨਾ ਕੋਈ ਬਚਿਆ । ਜੋਤੀ ਜੋਤ ਸਰੂਪ ਹਰਿ, ਰਸਨਾ ਜਾਪ ਇਕ ਜਪਾਏ, ਕੋਟਨ ਪਾਪ ਰਿਹਾ ਗਵਾਏ, ਆਪ ਆਪਣੇ ਰੰਗ ਰਤਿਆ । ਆਪ ਆਪਣੇ ਰੰਗ ਰਤਾ । ਸ੍ਰਿਸ਼ਟ ਸਬਾਈ ਦੇਵੇ ਮਤਾ । ਸਤਿ ਸੰਤੋਖ ਸ਼ਬਦ ਧੀਰਜ ਯਤਾ । ਅੰਤਮ ਮੋਖ ਪ੍ਰਭ ਲੋਕਮਾਤ ਰੱਖੇ ਪਤਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵੇ ਏਕਾ ਧੁਰ ਦਾ ਵਰ, ਬੀਜੇ ਨਾਮ ਸੋਹੰ ਆਤਮ ਸਾਚੇ ਵਤਾ ।



★ ੨੬ ਕੱਤਕ ੨੦੧੨ ਬਿਕ੍ਰਮੀ ਮਾਤਾ ਬਿਸ਼ਨ ਕੌਰ ਦੇ ਗ੍ਰਿਹ ਜੇਠੂਵਾਲ ਜ਼ਿਲਾ ਅੰਮ੍ਰਿਤਸਰ ★

ਸ਼ਬਦ ਰੰਗੀਲਾ, ਪਲੰਘ ਹਰਿ ਬਣਾਇਆ । ਰੰਗ ਰੰਗਾਇਆ ਨੀਲਾ, ਧਰਤ ਮਾਤ ਉਪਰ ਡਾਹਿਆ । ਸੂਰਜ ਚੰਦ ਸਿਤਾਰ ਕਰ ਕਰ

ਹੀਲਾ, ਨਾਲ ਰਿਹਾ ਲਟਕਾਇਆ । ਉਪਰ ਬੈਠ ਸੱਚੀ ਸਰਕਾਰ, ਲੱਖ ਚੁਰਾਸੀ ਵੇਖੇ ਵੇਖਣ ਆਇਆ । ਨੂਰੀ ਜੋਤ ਕਰ ਅਕਾਰ, ਅਗਿਆਨ ਅੰਧੇਰਾ ਰਿਹਾ ਮਿਟਾਇਆ । ਅਕਾਸ਼ਾਂ ਪਤਾਲਾਂ ਮਾਰ ਧਿਆਨ, ਸੰਝ ਸਵੇਰ ਇਕ ਕਰਾਵਣ ਆਇਆ । ਆਪੇ ਸ਼ਬਦ ਆਪੇ ਗਿਆਨ, ਪਾਰਬ੍ਰਹਮ ਬ੍ਰਹਮ ਕਰ ਪਛਾਣ, ਸਾਚਾ ਰਾਗ ਸੁਣਾਵਣ ਆਇਆ । ਸਰਬ ਘਟਾ ਘਟ ਜਾਣੀ ਜਾਣ, ਨੇਤਰ ਨੈਣ ਵੇਖੇ ਸਰਵਣ ਸੁਣ ਸੁਣ ਕਾਨ, ਸਾਚੀ ਸਿਖਿਆ ਆਤਮ ਭਿਛਿਆ ਜੋਤ ਨਿਰੰਜਣ ਪਾਵੇ ਸਾਰ, ਕਲਜੁਗ ਅੰਤਮ ਲੇਖਾ ਲਿਖਿਆ । ਸ੍ਰਿਸ਼ਟ ਸਬਾਈ ਦੀਸੇ ਮਿਥਿਆ, ਗੁਰਮੁਖ ਸਾਚੀ ਹਰਿ ਹਰਿ ਰਾਖੀ ਅਲਖਣਾ ਅਲਾਖੀ ਵੇਲੇ ਅੰਤਮ ਰੱਖਣ ਆਇਆ । ਸ਼ਬਦ ਪਲੰਘ ਅਪਾਰ, ਹਰਿ ਸਜਾਇਆ । ਰੰਗਣ ਰੰਗ ਅਪਾਰ, ਆਪੇ ਰੰਗੇ ਹਰਿ ਰਘੁਰਾਇਆ । ਸਾਚੀ ਵਸਤ ਮੰਗ ਵਿਚ ਸੰਸਾਰ, ਚਰਨ ਪਿਆਰਾ ਹਰਿ ਗਿਰਧਾਰਾ ਏਕਾ ਏਕ ਵਖਾਇਆ । ਦੇਵਣਹਾਰ ਦਾਤ ਦਾਤਾਰ, ਕੁਕਰਮ ਰਿਹਾ ਵਿਚਾਰ, ਜਨਮ ਅਜਨਮਾ ਭੇਵ ਨਾ ਰਾਇਆ । ਆਪੇ ਬੈਠ ਕਰੇ ਵਿਹਾਰ, ਸ੍ਰਿਸ਼ਟ ਸਬਾਈ ਪਾਵੇ ਸਾਰ, ਭੇਦ ਅਭੇਦਾ ਭੇਦ ਨਾ ਰਾਇਆ । ਗੁਣਵੰਤਾ ਗੁਣ ਰਿਹਾ ਵਿਚਾਰ, ਸਾਧਾਂ ਸੰਤਾਂ ਆਤਮ ਤਾਰ, ਜੀਆਂ ਜੰਤਾਂ ਜਗਤੀ ਮਾਰ, ਭਗਤ ਭਗਵੰਤਾ ਖੇਲ ਖਿਲਾ ਰਿਹਾ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਸ਼ਬਦ ਬੈਠ ਨਰ, ਜੋਤ ਨਿਰੰਜਣ ਡਗਮਗਾਰਿਹਾ । ਜੋਤ ਨਿਰੰਜਣ ਮਾਤ ਅਕਾਰ, ਸਭ ਘਟ ਪਸਾਰਿਆ । ਸ਼ਬਦ ਫੜੇ ਹੱਥ ਕਟਾਰ, ਆਪੇ ਉਠੇ ਉਠ ਬਲ ਧਾਰ, ਕਰੇ ਖੇਲ ਅਪਰ ਅਪਾਰਿਆ । ਤਿੱਖੀ ਧਾਰ ਅਵੱਲੜੀ ਕਾਰ, ਨਾ ਕੋਈ ਜਾਣੇ ਮੀਤ ਮੁਰਾਰ, ਸਾਧਾਂ ਸੰਤਾਂ ਪਾਸਾ ਹਾਰਿਆ । ਕਲਗੀ ਤੋੜਾ ਨਾਮ ਦਸਤਾਰ, ਸੋਹੰ ਬਾਜ ਅਪਰ ਅਪਾਰ, ਨੀਲਾ ਘੋੜਾ ਸੱਚੀ ਸਰਕਾਰ, ਆਪਣਾ ਆਪੇ ਆਪ ਸ਼ਿੰਗਾਰਿਆ । ਚਰਨ ਧਰੇ ਵਿਚ ਰਕਾਬ, ਜੋਤੀ ਜਾਮਾ ਸਚ ਜ਼ਨਾਬ, ਪਰਗਟ ਹੋਏ ਬਿਨ ਬਿਨ ਆਬ, ਜੋਤੀ ਤਾਬ ਨਾ ਕੋਈ ਝਲਾ ਰਿਹਾ । ਨਾ ਕੋਈ ਪੁੰਨ ਨਾ ਸਵਾਬ, ਲੱਖ ਚੁਰਾਸੀ ਦੇ ਅਜ਼ਾਬ, ਗੁਰਮੁਖਾਂ ਮੁਖ ਕਵਲ ਨਾਭ ਸਾਚਾ ਅੰਮ੍ਰਿਤ ਆਪ ਚਵਾ ਰਿਹਾ । ਇਕ ਵਜਾਏ ਤਨ ਰਬਾਬ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਸਿੰਘਾਸਣ ਬੈਠਾ ਹਰਿ, ਗੁਰ ਮੰਤਰ ਅੰਤਰ ਜਗਤ ਬਸੰਤਰ ਤ੍ਰਿਸ਼ਨਾ ਅੱਗ ਬੁਝਾ ਰਿਹਾ । ਸ਼ਬਦ ਸਿੰਘਾਸਣ ਹਰਿ ਵਡਿਆਈ । ਦਇਆ ਨਿਧ ਕ੍ਰਿਪਾਲ ਗੁਰ ਠਾਕਰ ਸਾਚੀ ਬਣਤ ਬਣਾਈ । ਤਾਲ ਸੁਹਾਇਆ ਕਾਇਆ ਗਾਗਰ, ਅੰਮ੍ਰਿਤ ਜਲ ਹਰਿ ਟਿਕਾਈ । ਵਣਜ ਕਰਾਏ ਗੁਰਮੁਖ ਵਿਰਲੇ ਨਾਮ ਸੁਦਾਗਰ, ਸਾਚਾ ਹੱਟ ਰਿਹਾ ਖੁਲ੍ਹਾਈ । ਜਗਤ ਅਤੋਲਾ ਬੈਠਾ ਇਕਾਗਰ, ਸ੍ਰਿਸ਼ਟ ਸਬਾਈ ਰਿਹਾ ਤੁਲਾਈ । ਨੌਂ ਖੰਡ ਪ੍ਰਿਥਮੀ ਵੇਖੇ ਸੱਤ ਸਾਗਰ, ਛਾਛ ਵਰੋਲੇ ਥਾਂਓ ਥਾਈਂ । ਜੋਤ ਨਿਰੰਜਣ ਹੋਏ ਉਜਾਗਰ, ਜਨ ਭਗਤ ਉਠਾਏ ਫੜ ਫੜ ਬਾਂਹੀ । ਦੇਵੇ ਨਾਮ ਰਤੀ ਰਤਨਾਗਰ, ਕਾਇਆ ਰੰਗਣ ਰਿਹਾ ਚੜ੍ਹਾਈ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਸਿੰਘਾਸਣ ਬੈਠ ਹਰਿ ਜਗਤ ਰਚਨਾ ਰਿਹਾ ਰਚਾਈ । ਸ਼ਬਦ ਸਿੰਘਾਸਣ ਅਡੋਲ ਹਰਿ ਬਣਾਇਆ । ਦਰ ਦਵਾਰਾ ਸਾਚਾ ਖੋਲ੍ਹ, ਸਾਚੇ ਮੰਦਰ ਆਪੇ ਡਾਹਿਆ । ਦੂਸਰ ਕੋਇ ਨਾ ਵਸੇ ਕੋਲ, ਜੋਤੀ ਸ਼ਬਦੀ ਮੇਲ ਮਿਲਾਇਆ । ਸਾਚੀ ਸੇਜਾ ਕਰੇ ਚੋਹਲ, ਸਚ ਸੁਹੇਲਾ ਇਕ ਅਖਵਾਇਆ । ਆਪ ਆਪਣੇ ਪੜਦੇ ਰਿਹਾ ਫੋਲ, ਮੰਦਰ ਅੰਦਰ ਕੁੰਡਾ ਲਾਹਿਆ । ਅਨਹਦ ਵੱਜੇ ਸੱਚਾ ਢੋਲ, ਆਪੇ ਡੰਡਾ ਰਿਹਾ ਲਗਾਇਆ । ਉਲਟਾ ਕਰੇ ਨਾਭ ਕਵਲ, ਅੰਮ੍ਰਿਤ ਝਿਰਨਾ ਆਪ ਝਿਰਾਇਆ । ਸ਼ਬਦ ਸਰੂਪੀ ਅੰਦਰੇ ਅੰਦਰ ਰਿਹਾ ਮਵਲ, ਦਿਸ ਕਿਸੇ ਨਾ ਆਇਆ । ਗੁਰਮੁਖਾਂ

ਦੇਵੇ ਮਾਣ ਉਪਰ ਧਵਲ, ਜੋਤੀ ਜਾਮਾ ਭੇਖ ਵਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਸਿੰਘਾਸਣ ਬੈਠ ਹਰਿ, ਲੇਖਾ ਲਿਖਣਹਾਰ ਦਾਤਾਰ ਆਪੇ ਆਪ ਅਖਵਾਇਆ । ਸ਼ਬਦ ਸਿੰਘਾਸਣ ਬੈਠ ਲੇਖ ਲਿਖਾਇੰਦਾ । ਲੱਖ ਚੁਰਾਸੀ ਵੇਖ ਰੇਖ, ਭੇਵ ਅਭੇਦ ਚੁਕਾਇੰਦਾ । ਸ਼ਬਦ ਲਗਾਏ ਗੁਰਮੁਖ ਮਸਤਕ ਸਾਚੀ ਮੇਖ, ਗਿਆਨ ਅੰਜਣ ਨੇਤਰ ਪਾਇੰਦਾ । ਧਰ ਆਇਆ ਜੋਤੀ ਜਾਮ ਭੇਖ, ਭਰਮ ਭੁਲੇਖੇ ਆਪੇ ਵੇਖੇ ਦਿਸ ਕਿਸੇ ਨਾ ਆਇਆ । ਮਤ ਮਨ ਬੁੱਧ ਨਾ ਜਾਣੇ ਕੋਈ ਵਸੇਖ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਸਿੰਘਾਸਣ ਬੈਠ ਹਰਿ, ਵਰਭੰਡੀ ਵਡ ਪਖੰਡੀ ਭੇਖਾਧਾਰੀ ਭੇਖ ਨਿਆਰ, ਜੋਤ ਨਿਰੰਜਣ ਸ਼ਬਦ ਅਪਾਰ, ਪਵਣ ਅਸਵਾਰ ਸ਼ਬਦ ਅਸਵਾਰ, ਚਾਰੋਂ ਕੁੰਟ ਵੇਖ ਵਖਾਇਆ । ਸ਼ਬਦ ਸਿੰਘਾਸਣ ਇਕ ਨਿਰਾਲਾ, ਹਰਿ ਹਰਿ ਸਾਚੇ ਘੜਿਆ । ਲੱਖ ਚੁਰਾਸੀ ਕੱਢੇ ਦਵਾਲਾ, ਸਾਧ ਸੰਤ ਨਾ ਕੋਈ ਉਪਰ ਚੜ੍ਹਿਆ । ਭਗਤ ਜਨਾਂ ਹਰਿ ਸਦਾ ਰਖਵਾਲਾ, ਅੱਠੇ ਪਹਿਰ ਦਰ ਦਵਾਰੇ ਖੜ੍ਹਿਆ । ਨਾ ਹੁਨਾਲਾ ਨਾ ਸਿਆਲਾ, ਅੰਦਰ ਬਾਹਰ ਕਦੇ ਨਾ ਵੜਿਆ । ਆਪੇ ਚਲੇ ਆਪਣੀ ਚਾਲਾ, ਆਪੇ ਸ਼ਾਹ ਆਪੇ ਕੰਗਾਲਾ, ਆਪੇ ਚੋਰ ਆਪੇ ਡਾਕੂ, ਧਾੜ ਧਾੜਵੀ ਆਪੇ ਅੱਗੇ ਹੋ ਹੋ ਲੜਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਸਿੰਘਾਸਣ ਬੈਠ ਹਰਿ, ਕਾਇਆ ਮਾਟੀ ਭਾਂਡਾ ਕਾਚਾ ਆਪੇ ਆਪ ਘੜਿਆ । ਸ਼ਬਦ ਸਿੰਘਾਸਣ ਅਡੋਲ ਹਰਿ ਅਬਿਨਾਸ਼ਿਆ । ਗੁਰਮੁਖਾਂ ਕਰ ਇਕੱਠਾ, ਸਾਚਾ ਤੋਲ ਤੋਲੇ ਢਾਈ ਭਾਗ ਭਾਰ ਕਰਾ ਰਿਹਾ । ਨਾਮ ਫੜਿਆ ਹੱਥ ਵਿਚ ਸੱਬਾ, ਚਾਰੇ ਜੁਗ ਚਪਾਏ ਰਖਾਇਆ । ਚਾਰੇ ਕੁੰਟ ਲਾਹੇ ਸਥਾ, ਸੱਚਾ ਸਥਰ ਹੇਠ ਵਿਛਾਇਆ । ਗੁਰ ਪੀਰ ਸਾਧ ਸੰਤ ਨਾ ਕੋਈ ਮਾਤ ਟਿਕਾਏ ਮੱਥਾ, ਜੋਤ ਸਰੂਪੀ ਪਰਗਟ ਹੋ ਹੋ ਆਇਆ । ਆਪੇ ਪਾਏ ਫੜ ਫੜ ਨੱਥਾ, ਸ਼ਬਦ ਡੋਰੀ ਨਾਲ ਲਿਆਇਆ । ਵੇਖ ਵਖਾਣੇ ਅਠਸਠਾ, ਤਟ ਕਿਨਾਰਾ ਕੋਈ ਰਹਿਣ ਨਾ ਪਾਇਆ । ਆਤਮ ਅੰਦਰ ਦਸਵੇਂ ਮੰਦਰ ਕਵਣ ਵਖਾਏ ਨਾਮ ਗੱਠਾ, ਨੌਂ ਦਵਾਰੇ ਫੋਲ ਫੁਲਾਇਆ । ਸ਼ਬਦ ਚੜ੍ਹਾਏ ਤਾਪ ਮੱਠਾ ਮੱਠਾ, ਸਗਨ ਦਿਹਾੜਾ ਛੱਬੀ ਪੋਹ ਨੇੜੇ ਆਇਆ । ਆਤਮ ਧੀਰਜ ਕਿਸੇ ਰਹਿਣ ਨਾ ਦੇਵੇ ਮੁੱਠਾ, ਦਰ ਦਵਾਰੇ ਫੇਰਾ ਪਾਇਆ । ਕਰੇ ਖੇਲ ਇਕ ਇਕੱਠਾ, ਭਾਣਾ ਸਹਿਣਾ ਹੁਕਮ ਸੁਣਾਇਆ । ਭੱਜਿਆ ਜਾਣ ਨਾ ਦੇਵੇ ਨੱਠਾ, ਤਿੰਨਾਂ ਲੋਆਂ ਇਕ ਉਡਾਰੀ ਆਪਣੀ ਆਪ ਰਖਾਇਆ । ਕਾਇਆ ਅਗਨੀ ਚੜ੍ਹਿਆ ਭੱਠਾ, ਮਾਇਆ ਤ੍ਰਿਸਨਾ ਝੂਠਾ ਬਾਲਣ ਡਾਹਿਆ । ਪੰਜ ਵਿਕਾਰੀ ਕਰ ਕਰ ਇਕੱਠਾ, ਆਤਮ ਹੰਗਤਾ ਰੋਗ ਵਧਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਸਿੰਘਾਸਣ ਬੈਠ ਹਰਿ, ਦਰ ਦਵਾਰਾ ਹਰਿ ਨਿਰੰਕਾਰਾ, ਏਕਾ ਏਕ ਰਿਹਾ ਖੁਲ੍ਹਾਇਆ । ਪ੍ਰਭ ਸਾਚੇ ਬਣਤ ਬਣਾਈਆ । ਮਹਿੰਮਾ ਅਗਣਤ ਗਣੀ ਨਾ ਜਾਈਆ । ਜੀਵ ਜੰਤ ਸਾਰ ਨਾ ਪਾਈਆ । ਸਾਧ ਸੰਤ ਭੇਵ ਨਾ ਰਾਈਆ । ਸਚ ਮਹੱਲਾ ਇਕ ਸੁਹਾਈਆ । ਇਕ ਇਕੱਲਾ ਹਰਿ ਰਘੁਰਾਈਆ । ਪੌੜੀ ਨਾ ਕੋਈ ਲਗਾਈਆ । ਭੀੜੀ ਸੌੜੀ ਇਕ ਗਲੀ ਵਖਾਈਆ । ਸੁਖਮਨ ਮਨਮੁਖ ਟੇਡਾ ਰਾਹ, ਸੁਰਤੀ ਸੁਰਤ ਗਲ ਪਾਏ ਫਾਹ, ਲੰਘ ਨਾ ਸਕੇ ਰਾਈਆ । ਗੁਰ ਪੂਰਾ ਬਣੇ ਵਿਚ ਮਲਾਹ, ਫੜ ਬਾਂਹੋਂ ਪਾਰ ਕਰਾਈਆ । ਅੱਗੇ ਦਿਸੇ ਸੱਚਾ ਨਾਂ, ਸਾਚਾ ਜਾਪ ਜਪਾਈਆ । ਸੱਚਾ ਨਾਉਂ ਰਖਾਏ ਠੰਡੀ ਛਾਂ, ਤ੍ਰਿਸਨਾ ਤਪਤ ਬੁਝਾਈਆ । ਅਗੇ ਦੀਸੇ ਸੱਚਾ ਥਾਉਂ, ਦਰ ਦਵਾਰਾ ਬੰਦ ਕਰਾਈਆ । ਨਾ ਕੋਈ ਚਿੜੀ ਨਾ ਕੋਈ ਕਾਂ, ਪਸ਼ੂ ਪੰਛੀ ਸਰਵਰ ਤਰਵਰ ਦਰ ਦਿਸ ਕਿਸੇ ਨਾ ਆਈਆ । ਨਾ ਕੋਈ ਪਿਤਾ ਨਾ

ਕੋਈ ਮਾਂ, ਕਾਮਧੇਨ ਨਾ ਦੇਵੇ ਕੋਈ ਗਾਂ, ਸ਼ਬਦ ਸੀਰ ਨਾ ਕੋਇ ਪਿਆਈਆ । ਏਕਾ ਏਕ ਗੁਰ ਪੂਰਾ ਸ਼ਬਦ ਸਰੂਪੀ ਕਰੇ ਹਾਂ, ਕੁੰਡਾ ਦਏ ਖੁਲ੍ਹਾਈਆ । ਗੁਰਮੁਖ ਸਾਚਾ ਵੇਖੇ ਏਕਾ ਏਕ ਅਗੰਮ ਅਥਾਹ ਬੇਪਰਵਾਹ, ਉਚ ਮਹੱਲ ਅਟੱਲ ਅਚੱਲ ਚਾਰ ਦਿਵਾਰ, ਉਤਰ ਪੂਰਬ ਪੱਛਮ ਦੱਖਣ ਦਿਸ਼ਾ ਵਿਚਾਰ, ਏਕਾ ਘਰ ਏਕਾ ਸਰ, ਏਕਾ ਦਰ ਏਕ ਹਰਿ, ਨਾ ਜਨਮੇ ਨਾ ਜਾਏ ਮਰ, ਸਾਚੇ ਅੰਦਰ ਬੈਠਾ ਵੜ, ਨਾ ਕੋਈ ਸੀਸ ਨਾ ਕੋਈ ਧੜ, ਆਪਣਾ ਘਾੜਨ ਆਪੇ ਲਿਆ ਘੜ, ਨਰ ਨਿਰੰਕਾਰਾ ਇਕ ਅਪਾਰਾ, ਪਸਰ ਪਸਾਰਾ ਦਸਮ ਦਵਾਰ ਮਹੱਲ ਮੁਨਾਰ, ਜੋਤੀ ਜੋਤ ਸਰੂਪ ਹਰਿ, ਆਪੇ ਆਪਣਾ ਲਿਆ ਉਸਾਰ । ਭਗਤ ਰਚਾਇਆ ਕਾਜ, ਗੁਰ ਵਧਾਈਆ । ਸੀਸ ਪਹਿਨਾਇਆ ਸਾਚਾ ਤਾਜ, ਸ਼ਬਦ ਵਡਿਆਈਆ । ਸਤਿਗੁਰ ਸਾਚਾ ਸਾਜਨ ਸਾਜ, ਧੁਰ ਦਰਗਾਹੀ ਰਾਜ ਦਵਾਈਆ । ਆਪੇ ਰੱਖੇ ਸਦਾ ਲਾਜ, ਲੱਜਿਆ ਆਪਣੇ ਹੱਥ ਰਖਾਈਆ । ਏਕਾ ਮਾਰੇ ਅਗੰਮੀ ਅਵਾਜ਼, ਆਪੇ ਆਪ ਰਿਹਾ ਜਗਾਈਆ । ਜੋਤੀ ਜੋਤ ਸਰੂਪ ਹਰਿ, ਕਲਜੁਗ ਜੋਤੀ ਮਾਤ ਧਰ, ਜਨ ਭਗਤਾਂ ਕਰੇ ਕੁੜਮਾਈਆ । ਹਰਿ ਭਗਤ ਸੱਚੀ ਕੁੜਮਾਈ, ਆਪ ਕਰੰਨਿਆ । ਪਰਖੋਤਮ ਜੋਤੀ ਇਕ ਪਰਨਾਈ, ਸ਼ਬਦ ਬੰਨ੍ਹੇ ਹੱਥੀਂ ਗਾਨਿਆ । ਸਾਚਾ ਮੰਦਰ ਇਕ ਸੁਹਾਈ, ਨਾ ਕੋਈ ਛੱਪਰ ਨਾ ਕੋਈ ਛੰਨਿਆ । ਦੀਪਕ ਜੋਤੀ ਡਗਮਗਾਈ, ਭਾਂਡਾ ਭਰਮ ਆਪੇ ਭੰਨਿਆ । ਦਿਵਸ ਰੈਣ ਹੋਏ ਰੁਸ਼ਨਾਈ, ਕਰੇ ਪਰਕਾਸ਼ ਆਤਮ ਅੰਨਿਆ । ਸਾਚੀ ਸੇਜਾ ਇਕ ਵਿਛਾਈ, ਫੁੱਲ ਸੁਹਾਏ ਵੰਨ ਸਵੰਨਿਆ । ਜੋਤੀ ਜੋਤ ਸਰੂਪ ਹਰਿ, ਜਗਤ ਜੋਤੀ ਮਾਤ ਧਰ, ਜਨ ਭਗਤ ਆਤਮ ਸ਼ਕਤ ਦਏ ਵਡਿਆਈ । ਭਗਤ ਸੁਹੇਲਾ ਮੀਤ, ਸ਼ਬਦ ਜਵਾਲਿਆ । ਅਚਰਜ ਚਲੀ ਅੰਤਮ ਰੀਤ, ਕਲਜੁਗ ਕਾਲਾ ਵੇਖ ਵਖਾ ਲਿਆ । ਸ਼ਬਦ ਸੁਹਾਗੀ ਸਾਚਾ ਗੀਤ, ਏਕਾ ਅੱਖਰ ਹਰਿ ਸਿਖਾ ਲਿਆ । ਨਾ ਕੋਈ ਦਿਹੁਰਾ ਮੰਦਰ ਮਸੀਤ, ਪੁਰਖ ਨਿਰੰਜਣ ਇਕ ਪ੍ਰੀਤ, ਸਾਚਾ ਮਾਰਗ ਆਪੇ ਲਾ ਲਿਆ । ਜਗਤ ਦੁਹੇਲਾ ਵਕਤ ਰਿਹਾ ਬੀਤ, ਸਚ ਸੁਹੇਲਾ ਆਪ ਮਿਲਾ ਲਿਆ । ਜੋਤੀ ਜੋਤ ਸਰੂਪ ਹਰਿ, ਜਗਤ ਜੋਤੀ ਮਾਤ ਧਰ, ਆਪ ਆਪਣੇ ਰੰਗ ਸਮਾ ਲਿਆ । ਭਗਤ ਰੰਗ ਰੰਗੀਨ ਤਨ ਪਟਾਰੀਆ । ਫੜ ਫੜ ਆਪੇ ਵੱਖਰ ਕੀਨ, ਲੱਖ ਚੁਰਾਸੀ ਖੇਲ ਨਿਆਰਿਆ । ਲੇਖਾ ਕਟੇ ਮਾਇਆ ਤੀਨ, ਖੇਲੇ ਖੇਲ ਸ਼ਬਦ ਜਵਾਹਰਿਆ । ਆਪੇ ਦਾਤਾ ਸੂਰਾ ਵਡ ਪਰਬੀਨ, ਨੇੜ ਨਾ ਆਏ ਪਾਸਾ ਹਾਰਿਆ । ਹਰਿਜਨ ਸੰਤ ਸਦਾ ਮਸਕੀਨ, ਮੰਗੇ ਮੰਗ ਦਰ ਭਿਖਾਰਿਆ । ਦਿਵਸ ਰੈਣ ਰਸਨਾ ਰਿਹਾ ਚੀਨ, ਮਿਲੇ ਮੇਲ ਨਰ ਨਿਰੰਕਾਰਿਆ । ਆਤਮ ਹਰਿ ਠੰਡਾ ਕਰੇ ਸੀਨ, ਦੇਵੇ ਦਰਸ ਅਗੰਮ ਅਪਾਰਿਆ । ਏਕਾ ਸੁਹਾਏ ਟਿਕਾ ਸੀਸ, ਪਾਰਬ੍ਰਹਮ ਖੇਲ ਖਿਲਾ ਰਿਹਾ । ਜਗਤ ਭੰਨੇ ਹੰਕਾਰੀ ਬੀਨ, ਸ਼ਬਦ ਮਾਰ ਹਥੌੜਾ ਭਾਰਿਆ । ਵੇਖੇ ਖੇਲ ਰੂਸਾ ਚੀਨ, ਸੰਗ ਮੁਹੰਮਦ ਲੱਗੀ ਯਾਰਿਆ । ਸਾਚੇ ਘੋੜੇ ਕਸੇ ਜ਼ੀਨ, ਹੋਏ ਅਸਵਾਰਾ ਸ਼ਾਹ ਅਸਵਾਰਿਆ । ਜਨ ਭਗਤਾਂ ਹੋਇਆ ਰਹੇ ਅਧੀਨ, ਦੇਵੇ ਦਰਸ ਅਗੰਮ ਅਪਾਰਿਆ । ਗੁਰਮੁਖ ਵਿਰਲਾ ਜਿਉਂ ਜਲ ਮੀਨ, ਅੰਮ੍ਰਿਤ ਮੇਘ ਆਪ ਬਰਸਾ ਰਿਹਾ । ਨਾ ਕੋਈ ਜਾਣੇ ਜਾਣ ਪਛਾਣੇ ਊਚ ਅਸਮਾਨਾ ਮਾਤ ਜ਼ਮੀਲ, ਤ੍ਰੈਲੋਕਾਂ ਭੇਵ ਪਸਾਰਿਆ । ਆਪੇ ਵਸੇ ਰੰਗ ਨਵੀਨ, ਮਹੱਲ ਅਟੱਲ ਇਕ ਉਸਾਰਿਆ । ਸਾਢੇ ਤਿੰਨ ਹੱਥ ਸਾਚੀ ਸੀਨ, ਲਾਈ ਮਾਤ ਸੱਚੀ ਫੁਲਵਾੜੀਆ । ਨੌਂ ਦਵਾਰੇ ਜਗਤ ਅਧੀਨ, ਕਾਇਆ ਮੰਦਰ ਇਕ ਅਪਾਰਿਆ । ਜੋਤੀ ਜੋਤ ਸਰੂਪ ਹਰਿ, ਜਗਤ ਜੋਤੀ ਮਾਤ ਧਰ, ਆਪ ਚੁਕਾਏ ਲੈਣ ਦੇਣਾ ਲੋਕ ਲੋਕਾ ਤੀਨ । ਪ੍ਰਭ ਦੇਣਾ ਜਨ ਲਹਿਣਾ ਲਏ, ਨਾਮ ਵਸਤ ਅਮੋਲ । ਦਰ

੩੬੨ ੦੫

ਘਰ ਸਾਚੇ ਮਿਲ ਮਿਲ ਬਹੇ, ਆਤਮ ਕੁੰਡਾ ਏਕਾ ਖੋਲ੍ਹ । ਹਰਿ ਹਰਿ ਭਾਣਾ ਸਿਰ ਤੇ ਸਹੇ, ਦੂਸਰ ਅੱਖਰ ਨਾ ਸਕੇ ਬੋਲ । ਸਾਚਾ ਰਾਣਾ ਘਰ ਘਰ ਕਹੇ, ਕਾਇਆ ਮੰਦਰ ਵੱਜੇ ਢੋਲ । ਬੇਮੁਹਾਣਾ ਹੋਣਾ ਕਮਲਾ, ਕੋਈ ਨਾ ਦਿਸੇ ਕੋਲ । ਜੋਤੀ ਜੋਤ ਸਰੂਪ ਹਰਿ, ਜਗਤ ਜੋਤੀ ਮਾਤ ਧਰ, ਸਭ ਦੇ ਪੜਦੇ ਰਿਹਾ ਖੋਲ੍ਹ । ਪੜਦਾ ਖੋਲ੍ਹੇ ਕਾਇਆ ਮੱਟ । ਸਾਚੇ ਕੰਡੇ ਹਰਿ ਜੀ ਤੋਲੇ, ਕਵਣ ਦਵਾਰੇ ਸਾਚਾ ਪੱਟ । ਆਪ ਅਡੋਲ ਕਦੇ ਨਾ ਡੋਲੇ, ਆਪੇ ਜਾਣੇ ਘਟ ਘਟ । ਇਕ ਦਵਾਰਾ ਸਾਚਾ ਖੋਲ੍ਹੇ, ਨਾ ਕੋਈ ਦੀਸੇ ਤੀਰਥ ਤਟ । ਜੋਤੀ ਜੋਤ ਸਰੂਪ ਹਰਿ, ਜਗਤ ਜੋਤੀ ਮਾਤ ਧਰ, ਆਪ ਆਪਣੀ ਜੋਤ ਬਲੋਏ, ਕਰੇ ਰੁਸ਼ਨਾਏ ਜਗਦੀ ਰਹੇ ਲਟ ਲਟ । ਆਪੇ ਆਇਆ ਆਪੇ ਗਿਆ, ਸਾਚੇ ਰੰਗ ਰੰਗਾਇਆ ਏ । ਆਪੇ ਦਿਤਾ ਆਪੇ ਲਿਆ, ਆਪ ਆਪਣੇ ਸੰਗ ਸਮਾਇਆ ਏ । ਆਪੇ ਪਿਤਾ ਆਪੇ ਮਾਇਆ, ਪੂਤ ਸਪੂਤਾ ਆਪੇ ਜਾਇਆ ਏ । ਆਪੇ ਆਪ ਸਰਬ ਸਮਾਇਆ, ਆਪੇ ਅੰਦਰ ਆਪੇ ਬਾਹਰ ਆਇਆ ਏ । ਜੋਤੀ ਜੋਤ ਸਰੂਪ ਹਰਿ, ਜਗਤ ਜੋਤੀ ਮਾਤ ਧਰ, ਭੁਗਤ ਭਗਤ ਰਿਹਾ ਬਣਾਇਆ ਏ । ਜਗਤ ਜੋਤ ਬਲਵਾਨ ਭਗਤ ਅਧਾਰਨਾ । ਇਕ ਵਖਾਏ ਧਰਮ ਨਿਸ਼ਾਨ, ਏਕਾ ਨਾਉਂ ਰਸਨ ਉਚਾਰਨਾ । ਨਾ ਕੋਈ ਜਾਣੇ ਗੁਣ ਗਿਆਨ, ਭੇਵ ਅਭੇਦਾ ਭੇਵ ਨਿਵਾਰਨਾ । ਆਪੇ ਤੋੜੇ ਮਾਣ ਅਭਿਮਾਨ, ਕਾਰਜ ਕਰਮਾਂ ਆਪ ਸਵਾਰਨਾ । ਆਪੇ ਦੇਵੇ ਪੀਣ ਖਾਣ, ਚਰਨ ਧੂੜ ਸੱਚਾ ਇਸ਼ਨਾਨ, ਆਪੇ ਆਪ ਪਾਰ ਉਤਾਰਨਾ । ਗੁਰਮੁਖ ਸਾਚੇ ਸੰਤ ਪਛਾਣ, ਦੇਵੇ ਨਾਮ ਗੁਣ ਨਿਧਾਨ, ਜੋਤੀ ਜੋਤ ਸਰੂਪ ਹਰਿ, ਜਗਤ ਜੋਤੀ ਮਾਤ ਧਰ, ਦੇਵੇ ਮਾਣ ਵਿਚ ਸਾਧ ਸੰਤ ਕਾਜ ਸਵਾਰਨਾ ।


੩੬੩


੦੫

## ★ ਪਹਿਲੀ ਮੱਘਰ ੨੦੧੨ ਬਿਕ੍ਰਮੀ ਹਰਿ ਭਗਤ ਦਵਾਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ★

ਹਰਿ ਜੋਤ ਅਗੰਮ ਅਗੰਮ ਅਗੰਮ ਅਭੇਦਿਆ । ਹਰਿ ਜੋਤ ਅਗੰਮ ਅਗੰਮ ਅਗੰਮ ਸਾਰ ਨਾ ਜਾਨਣ ਚਾਰੇ ਵੇਦਿਆ । ਹਰਿ ਜੋਤ ਅਗੰਮ, ਨਾ ਮਰੇ ਨਾ ਪਏ ਜੰਮ, ਨਾ ਲੇਖਾ ਲਿਖੇ ਕਿਤੇਬਿਆ । ਹਰਿ ਜੋਤ ਅਗੰਮ ਨਾ ਕੋਈ ਪਵਣ ਸਵਾਸੀ ਦਮ, ਨਾ ਕੋਈ ਗਾਵੇ ਰਸਨਾ ਜੇਹਵਿਆ । ਹਰਿ ਜੋਤ ਅਗੰਮ, ਆਪੇ ਜਾਣੇ ਆਪਣਾ ਕੰਮ, ਜੋਤੀ ਜੋਤ ਸਰੂਪ ਹਰਿ, ਆਦਿ ਅੰਤ ਜੁਗਾ ਜੁਗੰਤ ਆਦਿ ਪੁਰਖ ਨਿਰੰਜਣ, ਅਲੱਖ ਅਲੱਖ ਅਲੱਖ ਅਭੇਵਿਆ । ਹਰਿ ਜੋਤ ਅਗੰਮ ਸੁਨ ਸਮਾਇਆ । ਆਪੇ ਜਾਣੇ ਜਾਣ ਪਛਾਣੇ ਆਪਣਾ ਕੰਮ, ਦੋ ਜਹਾਨੀ ਤਿੰਨਾਂ ਲੋਕਾਂ ਖੇਲ ਰਚਾਇਆ । ਮਾਤ ਪਤਾਲ ਅਕਾਸ਼ ਸ਼ਬਦ ਸਰੂਪੀ ਰਖ ਥੰਮ੍ਹ, ਨਾ ਹਿੱਲੇ ਨਾ ਸਕੇ ਕੋਈ ਹਿਲਾਇਆ । ਏਕਾ ਸਚ ਕਰਮ ਰੱਖੇ ਮਾਤ ਧਰਮ, ਲੱਖ ਚੁਰਾਸੀ ਰਿਹਾ ਸਮਝਾਇਆ । ਕਾਇਆ ਮਾਟੀ ਝੂਠਾ ਚਰਮ, ਘੜੇ ਭੰਨੇ ਭੰਨਣਹਾਰ ਅਖਵਾਇਆ । ਗੁਰਮੁਖ ਵਿਰਲੇ ਸਾਚਾ ਜਰਮ, ਪੂਰਬ ਲਹਿਣਾ ਸ਼ਬਦ ਗਹਿਣਾ ਹਰਿ ਦਰਸ ਤੀਜੇ ਨੈਣਾ, ਪਾਰਬ੍ਰਹਮ ਬ੍ਰਹਮ ਮੇਲ ਮਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਵੇਖ ਇਕ ਦਰ, ਦਰ ਸਾਚਾ ਆਪ ਖੁਲ੍ਹਾਇਆ । ਏਕਾ ਦਰ ਅਕਾਲ, ਜਗਤ ਦਰਵਾਜ਼ਿਆ । ਸ਼ਬਦ ਹਰਿ ਉਛਾਲ, ਗਰੀਬ ਨਿਵਾਜ਼ਿਆ । ਮਾਨਸ ਦੇਹੀ ਵੇਖ ਕਾਇਆ ਡਾਲ੍ਹ, ਲੱਖ ਚੁਰਾਸੀ ਜਿਨ ਸਾਜਨ ਸਾਜਿਆ । ਕੋਈ ਸ਼ਾਹ ਕੋਈ ਕੰਗਾਲ, ਨਾਮ ਧਨ ਕਿਸੇ ਵਿਰਲੇ ਪਾਸ ਸਾਚੇ ਲਾਲ, ਕਵਣ ਵਜਾਏ ਆਤਮ

ਅੰਦਰ ਸਾਚੇ ਮੰਦਰ ਧੁਨ ਅਨਾਹਦ ਵਾਜਿਆ । ਆਪੇ ਚਲੇ ਅਵੱਲੜੀ ਚਾਲ, ਨਾ ਕੋਈ ਸਕੇ ਸੁਰਤ ਸੰਭਾਲ, ਰਾਜ ਰਾਜਾਨਾਂ ਖਾਏ ਕਾਲ, ਮਹਾਂਕਾਲ ਪ੍ਰਭ ਸਾਜਨ ਸਾਜਿਆ । ਜਨ ਭਗਤਾਂ ਮੇਲਾ ਦੀਲ ਦਿਆਲ, ਦਿਵਸ ਰੈਣ ਕਰੇ ਪ੍ਰਿਤਪਾਲ, ਪਰਗਟ ਜੋਤ ਦੇਸਨ ਮਾਝਿਆ । ਆਪੇ ਸੁਰਤੀ ਸੁਰਤ ਸੰਭਾਲ, ਸ਼ਬਦ ਸਰੂਪੀ ਚਲੇ ਨਾਲ, ਏਕਾ ਏਕ ਮਾਰੇ ਅਵਾਜ਼ਿਆ । ਅੰਮ੍ਰਿਤ ਨੁਹਾਏ ਆਤਮ ਸਾਚੇ ਤਾਲ, ਫ਼ਲ ਲਗਾਏ ਕਾਇਆ ਡਾਲ੍ਹ, ਇਕ ਕਰਾਏ ਦਸਮ ਦਵਾਰੀ ਸਾਚਾ ਹਾਜਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚ ਵੇਖੇ ਹਰਿ, ਧੁਰ ਦਰਗਾਹੀ ਬੇ ਪ੍ਰਵਾਹ ਆਦਿਨ ਅੰਤਾ ਪੂਰਨ ਭਗਵੰਤਾ ਜੋਤੀ ਜਾਮਾ ਦਰ ਦਵਾਰੇ ਨਰ ਨਿਰੰਕਾਰੇ, ਏਕਾ ਵਾਰੇ ਵਿਚ ਸੰਸਾਰੇ, ਵੇਖੇ ਥਾਉਂ ਥਾਈਂ । ਸਤਿਜੁਗ ਸਾਚੇ ਲਾਲ ਦੁਲਾਰੇ, ਉਠ ਉਠ ਸੁਰਤ ਸੰਭਾਲੀਆ । ਪ੍ਰਭ ਅਬਿਨਾਸ਼ੀ ਕਿਰਪਾ ਧਾਰੇ, ਨੱਠ ਨੱਠ ਕਰੇ ਮਾਤ ਦਲਾਲੀਆ । ਏਕਾ ਦੇਵੇ ਸ਼ਬਦ ਅਪਾਰੇ, ਮੇਟ ਮਿਟਾਏ ਕਲਜੁਗ ਰੈਣ ਘਟਾ ਕਾਲੀਆ । ਚਾਰੋਂ ਕੁੰਟ ਜੈ ਜੈਕਾਰੇ, ਲੋਆਂ ਪੁਰੀਆਂ ਵੇਖ ਵਿਖਾਲੀਆ । ਜੋਤੀ ਜੋਤ ਸਰੂਪ ਹਰਿ, ਸਤਿਜੁਗ ਸਾਚੇ ਦੇਵੇ ਵਰ, ਆਪੇ ਆਪ ਕਰੇ ਪ੍ਰਿਤਪਾਲੀਆ । ਸਤਿਜੁਗ ਸਾਚੇ ਹੋ ਦਲੇਰ, ਪ੍ਰਭ ਅਬਿਨਾਸ਼ੀ ਜੋਤ ਜਗਾਈਆ । ਕਲਜੁਗ ਕਾਲਾ ਚਾਰੋਂ ਕੁੰਟ ਰਿਹਾ ਘੇਰ, ਲੱਖ ਚੁਰਾਸੀ ਦਏ ਦੁਹਾਈਆ । ਵੇਲੇ ਅੰਤਮ ਢਹਿ ਢਹਿ ਹੋਣੇ ਢੇਰ, ਨਾ ਕੋਈ ਚੁਕਾਏ ਮੇਰ ਤੇਰ, ਸੰਞ ਸਵੇਰ ਨਾ ਕੋਈ ਰਖਾਈਆ । ਪਰਗਟ ਹੋਏ ਸਿੰਘ ਸ਼ੇਰ ਸ਼ੇਰ ਦਲੇਰ, ਕਲਜੁਗ ਤੇਰੀ ਅੰਤਮ ਵੇਰ, ਸਤਿਜੁਗ ਸਾਚਾ ਲਏ ਫੇਰ ਉਪਜਾਈਆ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਆਪ ਆਪਣੀ ਜੋਤ ਧਰ, ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਨੌਂ ਖੰਡ ਪ੍ਰਿਥਮੀ ਰਿਹਾ ਜਣਾਈਆ । ਨੌਂ ਖੰਡ ਪ੍ਰਿਥਮੀ ਹਰਿ ਜਣਾਏ । ਸੱਤਾਂ ਦੀਪਾਂ ਰਿਹਾ ਸੁਣਾਏ । ਇੰਦਰ ਬ੍ਰਹਮਾ ਸ਼ਿਵ ਹਿਲਾਏ । ਕਰੋੜ ਤੇਤੀਸਾ ਰਹਿਣ ਨਾ ਪਾਏ । ਜਟਾ ਜੂਟ ਧਾਰ ਪ੍ਰਭ ਜੋਤ ਮਿਲਾਏ । ਬ੍ਰਹਮਾ ਚਾਰੇ ਮੁਖ ਛੁਪਾਏ । ਓਅੰਕਾਰਾ ਭੇਖ ਵਟਾਏ । ਜੋਤ ਨਿਰੰਜਣ ਆਪ ਜਣਾਏ । ਪੁਰਖ ਅਬਿਨਾਸ਼ੀ ਸਾਚਾ ਸੱਜਣ, ਗੁਰਮੁਖ ਸਾਚੇ ਲਏ ਉਪਜਾਏ । ਆਪੇ ਕਰਾਏ ਚਰਨ ਧੂੜ ਸਾਚਾ ਮਜਨ, ਮਸਤਕ ਟਿੱਕਾ ਨਾਮ ਲਾਏ । ਵੇਲੇ ਅੰਤਮ ਆਇਆ ਪੜਦੇ ਕੱਜਣ, ਸੋਹੰ ਸਾਚਾ ਮਾਤ ਧਰਾਇਆ । ਸਾਚੇ ਤਾਲ ਸ਼ਬਦ ਸਰੂਪੀ ਸਾਚੇ ਮੰਦਰ ਵੱਜਣ, ਰਾਗ ਛਤੀਸ ਭੇਵ ਨਾ ਪਾਈਆ । ਆਪੇ ਵੇਖ ਵਖਾਏ ਮੱਕਾ ਕਾਅਬਾ ਹਾਜੀ ਹੱਜਣ, ਕੁਰਾਨ ਅੰਜੀਲ ਦਏ ਦੁਹਾਇਆ । ਗੁਰਮੁਖ ਸਾਚੇ ਸੰਤ ਸੁਹੇਲੇ ਏਕਾ ਆਤਮ ਮਧ ਦਰ ਦਵਾਰੇ ਪੀ ਪੀ ਰੱਜਣ, ਜਗਤ ਤ੍ਰਿਸਨਾ ਦਏ ਬੁਝਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਸੁਹੇਲਾ ਇਕ ਇਕੇਲਾ ਦੋ ਜਹਾਨੀਂ ਸਾਚਾ ਮੇਲਾ ਵਿਚ ਵਿਚੋਲਾ ਸ਼ਬਦ ਰਖਾਇਆ । ਸ਼ਬਦ ਵਿਚੋਲਾ ਜਗ ਹਰਿ ਰਘੁਰਾਇਆ । ਗੁਰਮੁਖ ਹੰਸ ਬਣਾਏ ਕਗ, ਸਾਚੀ ਰੰਗਣ ਰਿਹਾ ਚੜ੍ਹਾਇਆ । ਏਕਾ ਬੰਨ੍ਹੇ ਆਤਮ ਤਗ, ਦੂਸਰ ਸਕੇ ਨਾ ਕੋਇ ਤੁੜਾਇਆ । ਆਪ ਬੁਝਾਏ ਤ੍ਰਿਸਨਾ ਅੱਗ, ਨਿਝਰ ਝਿਰਨਾ ਰਿਹਾ ਝਿਰਾਇਆ । ਚਰਨ ਕਵਲ ਕਵਲ ਚਰਨ ਜਨ ਜਾਏ ਲੱਗ, ਨੌਂ ਦਵਾਰੇ ਬੰਦ ਕਰਾਇਆ । ਦਰਸ ਦਿਖਾਏ ਵਡ ਦਾਤਾ ਸੂਰਾ ਸਰਬਗ, ਆਪ ਆਪਣੇ ਰੰਗ ਸਮਾਇਆ । ਬੇਮੁਖ ਪਕੜ ਪਛਾੜੇ ਸ਼ਾਹਰਗ, ਕਲਜੁਗ ਲੇਖਾ ਰਿਹਾ ਲਿਖਾਇਆ । ਗੁਰਮੁਖ ਸੰਗ ਜੋਤੀ ਜਾਏ ਮਘ, ਅਗਿਆਨ ਅੰਧੇਰ ਰਿਹਾ ਮਿਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਕਾਲਾ ਵੇਸ ਹਰਿ, ਸਤਿਜੁਗ ਸਾਚਾ ਦਏ ਮਾਤ ਉਪਜਾਇਆ । ਸਤਿਗੁਰ ਸਾਜਣ ਮੀਤ, ਸਰਬ ਸੁਹੇਲਿਆ । ਏਕਾ ਬਖ਼ਸ਼ੇ

ਚਰਨ ਪ੍ਰੀਤ, ਆਪਣਾ ਮੇਲ ਆਪੇ ਮੇਲਿਆ । ਦਿਵਸ ਰੈਣ ਪਰਖੇ ਨੀਤ, ਬੈਠਾ ਰਹੇ ਇਕ ਇਕੇਲਿਆ । ਇਕ ਸੁਣਾਏ ਸੁਹਾਗੀ ਗੀਤ, ਭੇਵ ਚੁਕਾਏ ਗੁਰੂ ਚੇਲਿਆ । ਮਾਨਸ ਦੇਹੀ ਲੈਣੀ ਜੀਤ, ਹੋਏ ਮਾਤ ਵਕਤ ਸੁਹੇਲਿਆ । ਨਾ ਕੋਈ ਮੰਦਰ ਨਾ ਮਸੀਤ, ਨਾ ਕੋਈ ਬਣੇ ਸਚ ਸੁਹੇਲਿਆ । ਕਲਜੁਗ ਵੇਲਾ ਰਿਹਾ ਬੀਤ, ਅਚਰਜ ਖੇਲ ਮਾਤ ਹਰਿ ਖੇਲਿਆ । ਲੱਖ ਚੁਰਾਸੀ ਹਸਤ ਕੀਟ, ਅੰਤਮ ਜਾਏ ਧਰਮ ਰਾਏ ਦੀ ਜੇਲ੍ਹਿਆ । ਗੁਰਮੁਖ ਸਾਚੇ ਚਰਨ ਪ੍ਰੀਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਵਖਰ ਰੰਗ ਨਵੇਲਿਆ । ਰੰਗ ਨਵੇਲਾ ਇੱਕ, ਗੁਰਮੁਖ ਜਾਣਿਆ । ਪ੍ਰਭ ਮਿਲਣ ਦੀ ਸਾਚੀ ਸਿਕ, ਨਾਮ ਸ਼ਬਦ ਇਕ ਵਖਾਣਿਆ । ਆਤਮ ਮਿਟੇ ਤ੍ਰਿਸਨਾ ਤ੍ਰਿਖ, ਮਿਲੇ ਭਿਖ ਗੁਣ ਨਿਧਾਨਿਆ । ਸਾਚੀ ਸਿਖਿਆ ਲੈਣੀ ਸਿਖ, ਕਲਜੁਗ ਜੀਵ ਅੰਧਾਨਿਆ । ਪੰਚ ਵਿਕਾਰੀ ਚੜ੍ਹੀ ਕਾਇਆ ਵਿੱਖ, ਨਾ ਕੋਈ ਲਾਹੇ ਵਿਚ ਜਹਾਨਿਆ । ਏਕਾ ਏਕ ਜਨ ਭਗਤ ਟੇਕ, ਸ਼ਬਦ ਸਰੂਪੀ ਸਾਚੀ ਮੇਖ ਲਾਏ ਮਸਤਕ ਹਰਿ ਭਗਵਾਨਿਆ । ਮੇਟ ਮਿਟਾਏ ਬਿਧਨਾ ਰੇਖ, ਦੇਵੇ ਵਡਿਆਈ ਆਤਮ ਦਰ ਵਜੇ ਵਧਾਈ, ਗੁਰ ਪੂਰੇ ਬੂਝ ਬੁਝਾਈ, ਹਰਿਜਨ ਰਿਹਾ ਆਪ ਪਛਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋਹੰ ਬੰਨ੍ਹੇ ਸ਼ਬਦ ਸਾਚਾ ਹੱਥੀਂ ਗਾਨਿਆ । ਸ਼ਬਦ ਤਨ ਸ਼ਿੰਗਾਰ, ਹਰਿ ਕਰਾਇਆ । ਪੂਰਬ ਕਰਮਾਂ ਕਰ ਵਿਚਾਰ, ਸਾਚਾ ਲਹਿਣਾ ਆਪ ਦਵਾਇਆ । ਗੁਰਮੁਖ ਸਾਚਾ ਕਰ ਤਿਆਰ, ਤੀਜੇ ਨੈਣਾਂ ਪੜਦਾ ਲਾਹਿਆ । ਆਪੇ ਪਾਏ ਆਤਮ ਸਾਰ, ਲਹਿਣਾ ਦੇਣਾ ਮੂਲ ਚੁਕਾਇਆ । ਨਿਰਮਲ ਜੋਤੀ ਕਰ ਅਕਾਰ, ਅਗਿਆਨ ਅੰਧ ਰਿਹਾ ਮਿਟਾਇਆ । ਉਪਜੇ ਸ਼ਬਦ ਸੱਚੀ ਧੁਨਕਾਰ, ਧੁਨ ਨਾਦ ਅਨਾਦਾ ਰਿਹਾ ਵਜਾਇਆ । ਆਪੇ ਕਰ ਸੋਲਾਂ ਸ਼ਿੰਗਾਰ, ਸਾਚੇ ਆਸਣ ਡੇਰਾ ਲਾਇਆ । ਮਾਇਆ ਰੂਪੀ ਚਾਰ ਦਿਵਾਰ, ਸ਼ਾਹੋ ਭੂਪੀ ਆਸਣ ਲਾਇਆ । ਨੌਂ ਦਵਾਰੇ ਜਗਤ ਭਿਖਾਰ, ਦਸਵਾਂ ਦਿਸ ਕਿਸੇ ਨਾ ਆਇਆ । ਸੁਖਮਨ ਨਾੜੀ ਡੂੰਘੀ ਭਵਰ ਚੁਭੀ ਮਾਰ, ਸਾਧਾਂ ਸੰਤਾਂ ਜਨਮ ਗਵਾਇਆ । ਈੜਾ ਪਿੰਗਲ ਰਹੇ ਪੁਕਾਰ, ਦਿਵਸ ਰੈਣ ਦਏ ਦੁਹਾਇਆ । ਸੁਨ ਅਗੰਮੀ ਸਾਚੀ ਧਾਰ, ਸ਼ਬਦ ਪਵਣੀ ਖੇਲ ਰਚਾਇਆ । ਪਵਣ ਚਲੇ ਅਪਰ ਅਪਾਰ, ਆਰ ਪਾਰ ਪਾਰ ਆਰ ਕੋਈ ਜੀਵ ਨਾ ਜਾਣੇ ਰਾਇਆ । ਸ਼ਬਦ ਉਠੇ ਏਕਾ ਧਾੜ, ਸਾਚੇ ਮੰਦਰ ਇਕ ਸਿਤਾਰ, ਵੱਜਦੀ ਰਹੇ ਵਾਹੋ ਦਾਹਿਆ । ਪੁਰਖ ਨਿਰੰਜਣ ਜੋਤ ਅਕਾਰ, ਦਸਵੇਂ ਸੁੱਤਾ ਪੈਰ ਪਸਾਰ, ਗੁਰਮੁਖ ਵਿਰਲੇ ਕੁੰਡਾ ਲਾਹਿਆ । ਦੇਵੇ ਦਰਸ ਅਗੰਮ ਅਪਾਰ, ਸ਼ਬਦ ਸਰੂਪੀ ਭੁਜਾ ਪਸਾਰ, ਗੁਰਮੁਖ ਸਾਚੇ ਗੋਦ ਉਠਾਇਆ । ਚਾਰੇ ਦਿਸ਼ਾ ਵੇਖ ਵਿਚਾਰ, ਏਕਾ ਨੂਰ ਸਤਿ ਸਰੂਰ ਸਰਬ ਕਲਾ ਭਰਪੂਰ, ਸਾਚੇ ਧਾਮ ਆਪ ਸੁਹਾਇਆ । ਪੰਚਮ ਪੰਚਮ ਪੰਚਮ ਤਨ ਚੋਰ, ਦਸਮ ਦਵਾਰੀਉਂ ਦਿਸਣ ਦੂਰ, ਨੇੜ ਕੋਈ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਗੁਰਮੁਖ ਵਿਰਲੇ ਆਸਾ ਮਨਸਾ ਪੂਰ, ਦੇਵੇ ਦਰਸ ਹਾਜ਼ਰ ਹਜ਼ੂਰ, ਨਾਦ ਵਜਾਏ ਸਦ ਸੱਚੀ ਤੂਰ, ਰੂਪ ਰੰਗ ਰੇਖ ਭੇਖ ਵੇਖ ਰਸਨਾ ਕਹਿ ਨਾ ਸਕੇ ਰਾਇਆ । ਮਹੱਲ ਅਟੱਲ ਅਚੱਲ ਆਪ ਉਸਾਰਿਆ । ਕਾਇਆ ਮੰਦਰ ਡੂੰਘੀ ਡਲ, ਜੀਵ ਜੰਤ ਨਾ ਪਾਏ ਸਾਰਿਆ । ਜੋਤੀ ਜਗੇ ਹਰਿ ਪਰਬਲ, ਅੱਠੇ ਪਹਿਰ ਕਰੇ ਉਜਿਆਰਿਆ । ਪੰਚ ਪੰਚਾਇਣੀ ਵਲ ਛਲ, ਦਰ ਦਵਾਰਾ ਹਰਿ ਖੁਲਾ ਰਿਹਾ । ਗੁਰਮੁਖਾਂ ਦੂਈ ਦਵੈਤੀ ਮੇਟੇ ਸਲ, ਏਕਾ ਰਾਹ ਹਰਿ ਵਖਾ ਰਿਹਾ । ਰਸਨਾ ਸ਼ਬਦ ਚਲਾਏ ਹਲ, ਸੋਹੰ ਸਾਚਾ ਬੀਜ ਬਿਜਾ ਰਿਹਾ । ਫਲ ਲਗਾਏ ਕਾਇਆ ਡਲ, ਅੰਮ੍ਰਿਤ ਮੇਵਾ ਨਾਮ ਵਖਾ ਰਿਹਾ । ਇਕ ਪਿਆਏ ਅੰਮ੍ਰਿਤ ਆਤਮ ਸਾਚਾ ਜਲ, ਤ੍ਰਿਸਨਾ


੩੬੫
੦੫

ਅਗਨ ਬੁਝਾ ਰਿਹਾ । ਸਾਚਾ ਦੀਪਕ ਜਾਏ ਬਲ, ਗੁਰ ਸ਼ਬਦੀ ਮੇਲ ਮਿਲਾ ਰਿਹਾ । ਜੋਤੀ ਜੋਤ ਸਰੂਪ ਹਰਿ, ਸਾਚੇ ਮੰਦਰ ਬੈਠ ਦਰ, ਘਰ ਏਕਾ ਏਕ ਵਸਾ ਰਿਹਾ । ਹਰਿ ਘਰ ਵਸਿਆ ਸਚ ਮਹੱਲਿਆ । ਪੰਚ ਵਿਕਾਰਾ ਜਾਏ ਨੱਸਿਆ, ਬੈਠਾ ਦਿਸੇ ਇਕ ਇਕਲਿਆ । ਮਿੱਟੇ ਰੈਣ ਅੰਧੇਰੀ ਮੱਸਿਆ, ਲੱਗੇ ਭਾਗ ਜਲ ਥਲਿਆ । ਜਗਤ ਚਲਾਏ ਰੀਤ, ਹਰਿ ਪਰਧਾਨਿਆ । ਕਲਜੁਗ ਔਧ ਗਈ ਬੀਤ, ਵੇਖੇ ਸ੍ਰੀ ਭਗਵਾਨਿਆ । ਨਾ ਕੋਈ ਮੰਦਰ ਨਾ ਕੋਈ ਮਸੀਤ, ਸਭ ਦੇ ਖਾਲੀ ਦਿਸਣ ਖਾਨਿਆ । ਗੁਰੂਦਵਾਰੇ ਪਰਖੇ ਸਭ ਦੀ ਨੀਤ, ਮਨਮੁਖਾਂ ਤਨ ਮਨ ਅੰਦਰ ਮੁੱਕਾ ਖਾਣਾ ਦਾਣਿਆ । ਏਕਾ ਏਕ ਸ਼ਬਦ ਚੌਹ ਅੱਖਰ ਜਗਤ ਵੱਖਰ ਸੋਹੰ ਸੁਹਾਗੀ ਗੀਤ, ਜਪੇ ਜਪਾਵੇ ਵਾਲੀ ਦੋ ਜਹਾਨਿਆ । ਸਤਿਜੁਗ ਤੇਰੀ ਸਾਚੀ ਰੀਤ, ਨਾ ਕੋਈ ਜਾਣੇ ਚਤੁਰ ਸੁਘੜ ਸਿਆਣਿਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਪਕੜ ਉਠਾਏ ਰਾਜ ਰਾਜਾਨਿਆ । ਰਾਜ ਰਾਜਾਨਾਂ ਲਏ ਉਠਾਈ, ਪ੍ਰਭ ਸਾਚੇ ਬਣਤ ਬਣਾਈਆ । ਚਾਰੋਂ ਕੁੰਟ ਪਈ ਦੁਹਾਈ, ਸਾਧ ਸੰਤ ਕੋਈ ਦਿਸ ਨਾ ਆਈਆ । ਕਲਜੁਗ ਰੈਣ ਅੰਧੇਰੀ ਛਾਈ, ਦਿਸ ਨਾ ਆਏ ਸਾਚਾ ਮਾਹੀ, ਵਣਜ ਵਪਾਰਾ ਬਣਤ ਬਣਾਈਆ । ਹਰਿ ਪਕੜ ਉਠਾਏ ਫੜ ਫੜ ਬਾਂਹੀ, ਲੈਣ ਨਾ ਦੇਵੇ ਠੰਡੀਆ ਛਾਈਂ, ਜੀਵ ਜੰਤ ਰਿਹਾ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਛੱਬੀ ਪੋਹ ਵੇਖ ਹਰਿ, ਆਪਣਾ ਭਾਣਾ ਸ਼ਬਦ ਰਾਣਾ, ਆਪਣੇ ਹੱਥ ਰਿਹਾ ਰਖਾਈਆ । ਸਾਚਾ ਭਾਣਾ ਹੱਥ ਰਖਾਉਣਾ ਏ । ਰਾਜਾ ਰਾਣਾ ਪਕੜ ਉਠਾਉਣਾ ਏ । ਛੱਬੀ ਪੋਹ ਦਿਵਸ ਮਨਾਉਣਾ ਏ । ਕਾਲਾ ਵੇਸ ਹਰਿ ਕਰਾਉਣਾ ਏ । ਦਰ ਦਰਵੇਸ਼ ਆਪ ਅਖਵਾਉਣਾ ਏ । ਖੁਲ੍ਹੜੇ ਕੇਸ ਆਪ ਰਖਾਉਣਾ ਏ । ਦਰ ਦਰਵੇਸ਼ ਦਿਸ ਨਾ ਆਉਣਾ ਏ । ਸੋਹੰ ਖੰਡਾ ਆਪਣੇ ਹੱਥ ਰਖਾਉਣਾ ਏ । ਆਪ ਚਲਾਏ ਚੰਡ ਪਰਚੰਡਾ, ਮੇਟ ਮਿਟਾਏ ਸ਼ਾਹ ਸੁਲਤਾਨਾਂ, ਅੰਤਮ ਵੰਡਾ ਪਾਉਣਾ ਏ । ਕਲਜੁਗ ਤੇਰਾ ਅੰਤਮ ਕੰਢਾ, ਪ੍ਰਭ ਅਬਿਨਾਸ਼ੀ ਪਾਏ ਵੰਡਾਂ, ਸੱਤਾਂ ਦੀਪਾਂ ਵੰਡ ਵੰਡਾਉਣਾ ਏ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਰਸਨ ਕਮਾਨ ਉਠਾਉਣਾ ਏ । ਰਸਨ ਚਿੱਲਾ ਹਰਿ ਚੜ੍ਹਾਇਆ ਏ । ਵੇਖ ਵਖਾਣੇ ਬੂਰਾ ਕੱਕਾ ਬਿੱਲਾ, ਰਾਜ ਰਾਜਾਨਾਂ ਰਿਹਾ ਹਰਿ ਸੁਣਾਇਆ ਏ । ਨਾ ਕੋਈ ਦੀਸੇ ਉਚਾ ਟਿੱਲਾ, ਮੰਦਰ ਮਾੜੀ ਰਿਹਾ ਢਾਹਿਆ ਏ । ਗੁਰਮੁਖ ਸਾਚਾ ਸੱਜਣ ਸੁਹੇਲਾ, ਆਪ ਕਰਾਏ ਆਪਣਾ ਮੇਲਾ, ਗੁਰ ਸਾਚੇ ਆਪ ਮਿਲਾਇਆ ਏ । ਕਲਜੁਗ ਮੇਟ ਮਿਟਾਏ ਰੈਣ ਅੰਧੇਰੀ ਅੰਧ, ਕਵਣ ਤੀਰ ਸ਼ਬਦ ਇਕ ਚਲਾਉਂਦਾ ਏ । ਸਤਿ ਪੁਰਖ ਨਿਰੰਜਣ ਆਪ ਆਪਣੀ ਬਣਤ ਬਣਾਉਂਦਾ ਏ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਲੋਕਮਾਤ ਹਰਿ ਜੋਤ ਧਰ, ਏਕਾ ਸਰਨ ਲਗਾਉਂਦਾ ਏ । ਕਲ ਸਾਚਾ ਭੇਖ ਵਟਈਆ ਏ । ਇਕ ਚਲਾਏ ਸਾਚੀ ਨਈਆ ਏ । ਭਗਤ ਜਨਾਂ ਪ੍ਰਭ ਸਾਚਾ ਸੱਜਣ ਸਈਆ ਏ । ਬੇਮੁਖਾਂ ਹੋਏ ਅੰਤ, ਅੰਤ ਪ੍ਰਭ ਡੂੰਘੀ ਧਾਰ ਵਹਈਆ ਏ । ਨਾ ਕੋਈ ਗੁਰ ਨਾ ਕੋਈ ਚੇਲਾ, ਸਾਧ ਸੰਤ ਨਾ ਕੋਈ ਭਾਰ ਉਠਈਆ ਏ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਆਪਣਾ ਭਾਣਾ ਆਪ ਵਰਤਈਆ ਏ । ਹਰਿ ਭਾਣਾ ਬਲਵਾਨ, ਕਿਸੇ ਨਾ ਜਾਣਿਆ । ਪਰਗਟ ਹੋਏ ਵਾਲੀ ਦੋ ਜਹਾਨ, ਲੋਕਮਾਤ ਕਰੇ ਪਛਾਣਿਆ । ਮੇਟ ਮਿਟਾਏ ਜੀਵ ਸ਼ੈਤਾਨ, ਨਾ ਕੋਈ ਦੀਸੇ ਬੇਈਮਾਨਿਆ । ਮੇਟ ਮਿਟਾਏ ਅੰਜ਼ੀਲ ਕੁਰਾਨ, ਵੇਦ ਪੁਰਾਨ ਖਾਣੀ ਬਾਣੀ ਭੇਵ ਚੁਕਾਨਿਆ । ਏਕਾ ਝੁੱਲੇ ਸ਼ਬਦ ਨਿਸ਼ਾਨ, ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲਿਖੇ

੩੬੬
੦੫

ਲੇਖ ਲੱਖ ਚੁਰਾਸੀ ਵੇਖ, ਜੋਤੀ ਜਾਮਾ ਧਰਿਆ ਭੇਖ, ਵਾਲੀ ਦੋ ਜਹਾਨਿਆ । ਹਰਿ ਲੇਖਾ ਆਪ ਲਿਖਾਉਣਾ । ਧੁਰ ਸਾਚੀ ਕਾਰ ਕਮਾਇੰਦਾ, ਰਾਣਾ ਸੰਗਰੂਰ ਪਕੜ ਉਠਾਉਣਾ । ਸ਼ਬਦ ਸਰੂਪੀ ਧਾਰ ਵਹਾਇੰਦਾ, ਸ਼ਾਹ ਪਟਿਆਲਾ ਸੋਇਆ ਮਾਤ ਜਗਾਉਣਾ । ਸ਼ਬਦ ਖੰਡਾ ਸੀਸ ਲਗਾਇੰਦਾ, ਛੱਬੀ ਪੋਹ ਦਿਵਸ ਸੁਹਾਉਣਾ । ਸਾਚੀ ਵੰਡਾ ਆਪ ਵੰਡਾਇੰਦਾ, ਵਾਲੀ ਹਿੰਦ ਦਰ ਦਵਾਰ ਦਰਸ ਦਿਖਾਉਣਾ । ਆਪ ਆਪਣਾ ਕਰਮ ਕਮਾਇੰਦਾ, ਜੋਤੀ ਜੋਤ ਸਰੂਪ ਹਰਿ, ਏਕਾ ਦੇਵੇ ਸਚ ਵਰ, ਸੋਹੰ ਝੰਡਾ ਸ਼ਬਦ ਡੰਡਾ ਵਿਚ ਬ੍ਰਹਿਮੰਡਾ ਏਕਾ ਏਕ ਲਗਾਉਣਾ । ਸੋਹੰ ਖੰਡਾ ਕਰ ਤਿਆਰ । ਪ੍ਰਭ ਅਬਿਨਾਸ਼ੀ ਕਿਰਪਾ ਧਾਰ । ਕਰੇ ਖੇਲ ਵਿਚ ਨਵ ਖੰਡਾਂ, ਦਹਿ ਦਿਸ਼ਾ ਨਰ ਨਿਰੰਕਾਰ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੀ ਬੰਨ੍ਹੇ ਧਾਰ । ਬੰਨ੍ਹੇ ਧਾਰ ਸਰਬ ਸੁਖਦਾਇਆ । ਨਾ ਕੋਈ ਜਾਣੇ ਜੰਤ ਗਵਾਰ, ਪ੍ਰਭ ਅਬਿਨਾਸ਼ੀ ਦਇਆ ਕਮਾਇਆ । ਚਰਨ ਕਵਲ ਪ੍ਰਭ ਸਾਚੇ ਕਰ ਨਿਮਸਕਾਰ, ਸਾਚਾ ਲੇਖਾ ਆਪ ਸੁਣਾਇਆ । ਸੋਲਾਂ ਕਰ ਤਨ ਸ਼ਿੰਗਾਰ, ਕਲਜੁਗ ਤੇਰੀ ਅੰਤਮ ਵਾਰ, ਸੋਹੰ ਸ਼ਬਦ ਭੰਡਾਰ ਸਾਚਾ ਲੇਖ ਆਪ ਸੁਹਾਇਆ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚੇ ਦੇਵੇ ਵਰ, ਲੋਕਮਾਤ ਉਪਜਾਇਆ । ਕਲਜੁਗ ਮੇਟ ਮਿਟਾਏ ਤੀਨੋ ਤਾਪਿਆ । ਸਤਿਜੁਗ ਸਾਂਤਕ ਸਤਿ ਵਰਤਾਏ, ਇਕ ਜਪਾਏ ਸੋਹੰ ਸੱਚਾ ਜਾਪਿਆ । ਦੂਸਰ ਕੋਈ ਰਹਿਣ ਨਾ ਪਾਏ, ਸਤਿਜੁਗ ਹੋਏ ਵਡ ਪਰਤਾਪਿਆ । ਬ੍ਰਹਮਾ ਬ੍ਰਹਮ ਪੁਰੀ ਸਮਾਏ । ਨਿਹਕਲੰਕ ਜੋਤ ਮਾਤ ਪਰਗਟਾਏ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਰਚਨਾ ਆਪੇ ਰਿਹਾ ਰਚਾਏ । ਆਪੇ ਰਾਜ ਜੋਗ ਸੁਲਤਾਨਾ, ਆਪੇ ਬਣਤ ਬਣਾਇੰਦਾ । ਆਪੇ ਚਤਰਭੁਜ ਭਗਵਾਨਾ, ਆਪੇ ਭੇਖ ਵਟਾਇੰਦਾ । ਆਪੇ ਸ਼ਬਦ ਜੋਤ ਮਿਹਰਵਾਨਾ, ਆਪੇ ਪਵਣ ਸਵਾਸ ਰਖਾਇੰਦਾ । ਆਪੇ ਪੰਚਮ ਤੱਤ ਬਿਧ ਨਾਨਾ, ਅੱਠਾਂ ਤੱਤਾਂ ਵਿਚ ਸਮਾਇੰਦਾ । ਚਵੀਆਂ ਤੱਤਾ ਬੰਨ੍ਹੇ ਗਾਨਾ, ਪੰਝੀਆ ਮਸਤਕ ਜੋੜ ਜੁੜਾਇੰਦਾ । ਨੌਵਾਂ ਦਰਾਂ ਇਕ ਨਿਸ਼ਾਨਾ, ਲੋਕਮਾਤ ਹਰਿ ਵਖਾਇੰਦਾ । ਦਸਵੇਂ ਬੈਠ ਆਪ ਜੋਤ ਨਿਰੰਜਣ ਕਰੇ ਆਪਣਾ ਕਾਮਾ, ਦਿਸ ਕਿਸੇ ਨਾ ਆਇੰਦਾ । ਆਪੇ ਰਾਮ ਰਹੀਮਾ ਰਾਮਾ, ਕ੍ਰਿਸ਼ਨਾ ਕਾਹਨਾ ਆਪ ਅਖਵਾਇੰਦਾ । ਆਪੇ ਮਤ ਬੁਧ ਦੇਵੇ ਸਾਚਾ ਚਾਮਾ, ਤ੍ਰਿਸਨਾ ਭੁੱਖ ਮਿਟਾਇੰਦਾ । ਆਪੇ ਲੱਖ ਚੁਰਾਸੀ ਕਰੇ ਸੁਜਾਨਾ, ਆਪੇ ਮਾਰੇ ਆਪ ਉਪਾਇੰਦਾ । ਆਪੇ ਜੋਗੀ ਜਟਾ ਜੂਟ ਧਾਰ ਸਾਧਨ ਸੰਤਾਂ ਕਰੇ ਕਾਮਾ, ਆਦਿਨ ਅੰਤਾ ਭੇਵ ਕੋਈ ਨਾ ਪਾਇੰਦਾ । ਆਪੇ ਵੱਜੇ ਜਗਤ ਦਮਾਮਾ, ਵੇਖੇ ਖੇਲ ਭਗਤ ਨਿਮਾਣਾ, ਕਲਜੁਗ ਰੈਣ ਅੰਧੇਰੀ ਨਿਹਕਲੰਕ ਕਲ ਪਾਈ ਫੇਰੀ, ਸਾਚਾ ਵੇਲਾ ਆਪ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਵੇਖ ਦਰ, ਮਾਤ ਆਪ ਜਗਾਇੰਦਾ । ਗੁਰਮੁਖ ਸਾਚਾ ਮਾਤ ਜਗਾਇਆ, ਪ੍ਰਭ ਸਾਚੇ ਦਇਆ ਕਮਾਈਆ । ਆਪ ਆਪਣੀ ਸਰਨ ਲਗਾਇਆ, ਪੂਰਬ ਲਹਿਣਾ ਦਏ ਦਵਾਈਆ । ਆਪੇ ਤੋੜੇ ਹੰਕਾਰੀ ਵੱਜਾ ਜੰਦਰ, ਭਾਗ ਲਗਾਏ ਡੂੰਘੀ ਕੰਦਰ, ਅਗਿਆਨ ਅੰਧੇਰ ਰਿਹਾ ਮਿਟਾਈਆ । ਲੱਖ ਚੁਰਾਸੀ ਭੌਂਦੀ ਬੰਦਰ, ਹਰਿ ਵਡਾ ਸ਼ਾਹੋ ਭੂਪਾ ਸਤਿ ਸਰੂਪਾ ਸਚ ਘਰ ਆਸਣ ਬੈਠਾ ਲਾਈਆ । ਨਾ ਕੋਈ ਰੰਗ ਨਾ ਕੋਈ ਰੂਪਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੇ ਰੰਗ ਰਿਹਾ ਸਮਾਈਆ । ਆਪਣੇ ਰੰਗ ਸਮਾਏ, ਸਰਬ ਸਮਾਲਿਆ । ਸੱਚਾ ਨਾਮ ਮਰਦੰਗ ਵਜਾਏ, ਮੇਟ ਮਿਟਾਏ ਕਲਜੁਗ ਤੇਰੀ ਅੰਤਮ ਘਟਾ ਕਾਲੀਆ । ਅੰਮ੍ਰਿਤ ਆਤਮ ਸਾਚੀ ਗੰਗ ਵਹਾਏ, ਗੁਰਮੁਖ ਸਾਚਾ ਆਤਮ


੩੬੭
੦੫

੩੬੮ ੦੫

ਤੀਰਥ ਏਕਾ ਏਕ ਨੁਹਾਈਆ । ਕਾਇਆ ਚੋਲੀ ਚਾੜ੍ਹੇ ਰੰਗ, ਜਗਤ ਕਟੇ ਭੁੱਖ ਨੰਗ, ਸ਼ਬਦ ਘੋੜੇ ਕਸ ਤੰਗ, ਦਿਵਸ ਰੈਣ ਕਰੇ ਰਖਵਾਲੀਆ । ਨੌਂ ਦਵਾਰੇ ਜਾਏ ਲੰਘ, ਸ਼ਬਦ ਸਰੂਪੀ ਵੇਖ ਪਲੰਘ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕ ਦਵਾਰਾ ਵੇਖ ਹਰਿ, ਕਰੇ ਖੇਲ ਨਰ ਹਰਿ ਬਨਵਾਲੀਆ । ਕਲਜੁਗ ਜੀਵ ਜਾਗ, ਰੈਣ ਵਹਾਈਆ । ਕਲਜੁਗ ਜੀਵ ਜਾਗ, ਮਾਇਆ ਮਮਤਾ ਫਿਰੇ ਹਲਕਾਈਆ । ਕਲਜੁਗ ਜੀਵ ਜਾਗ, ਨਾ ਕੋਈ ਸਾਕ ਸੱਜਣ ਸੈਣ ਦਿਸ ਆਈਆ । ਕਲਜੁਗ ਜੀਵ ਜਾਗ, ਪੁਰਖ ਅਬਿਨਾਸ਼ੀ ਚਰਨੀ ਲਾਗ, ਵੇਲੇ ਅੰਤ ਨਾ ਕੋਈ ਸਹਾਈਆ । ਕਲਜੁਗ ਜੀਵ ਜਾਗ, ਹੰਸ ਬਣ ਕਾਗ, ਪ੍ਰਭ ਸਾਚਾ ਰਿਹਾ ਬਣਾਈਆ । ਕਲਜੁਗ ਜੀਵ ਜਾਗ, ਧੋ ਦੁਰਮਤ ਮੈਲ ਦਾਗ਼, ਪ੍ਰਭ ਸਾਚਾ ਰਿਹਾ ਧਵਾਈਆ । ਕਲਜੁਗ ਜੀਵ ਜਾਗ, ਆਪ ਬੁਝਾਏ ਤ੍ਰਿਸਨਾ ਆਗ, ਅੰਮ੍ਰਿਤ ਧਾਰ ਰਿਹਾ ਵਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰਾਗ ਇਕ ਸੁਣਾਈਆ । ਕਲਜੁਗ ਜੀਵ ਜਾਗ, ਵਕਤ ਦੁਹੇਲਿਆ । ਕਲਜੁਗ ਜੀਵ ਜਾਗ, ਭਗਤ ਸੁਹੇਲਿਆ । ਕਲਜੁਗ ਜੀਵ ਜਾਗ, ਕਰ ਮੇਲਿਆ । ਕਲਜੁਗ ਜੀਵ ਜਾਗ, ਨੇਤਰ ਵੇਖ ਗੁਰੂ ਗੁਰ ਚੇਲਿਆ । ਕਲਜੁਗ ਜੀਵ ਜਾਗ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਸਰੂਪੀ ਚਾੜ੍ਹੇ ਤੇਲਿਆ । ਕਲਜੁਗ ਜੀਵ ਜਾਗ, ਕਲ ਦੁਹਾਈਆ । ਕਲਜੁਗ ਜੀਵ ਜਾਗ, ਵਲ ਛਲ ਸ੍ਰਿਸ਼ਟ ਭੁਲਾਈਆ । ਕਲਜੁਗ ਜੀਵ ਜਾਗ, ਭੇਖ ਬਾਵਨ ਬਲ, ਸਾਰ ਕੋਈ ਨਾ ਪਾਈਆ । ਕਲਜੁਗ ਜੀਵ ਜਾਗ, ਪੁਰਖ ਅਬਿਨਾਸ਼ੀ ਹੱਥ ਪਕੜੇ ਵਾਗ, ਚਾਰੋਂ ਕੁੰਟ ਰਿਹਾ ਭਵਾਈਆ । ਕਲਜੁਗ ਜੀਵ ਜਾਗ, ਮਿਲੇ ਮੇਲ ਕੰਤ ਸੁਹਾਗ, ਆਤਮ ਉਪਜੇ ਏਕਾ ਰਾਗ, ਪੰਜ ਚੋਰ ਦੇਣ ਦੁਹਾਈਆ । ਕਲਜੁਗ ਜੀਵ ਜਾਗ, ਵੱਜੇ ਧੁਨ ਸਾਚਾ ਨਾਦ, ਸ਼ਬਦ ਜਣਾਏ ਬੋਧ ਅਗਾਧ, ਅਗਾਧ ਬੋਧਾ ਆਪ ਅਖਵਾਈਆ । ਕਲਜੁਗ ਜੀਵ ਜਾਗ, ਪ੍ਰਭ ਅਬਿਨਾਸ਼ੀ ਮਾਧਵ ਮਾਧ, ਦਿਵਸ ਰੈਣ ਰਸਨ ਅਰਾਧ, ਦੁੱਖ ਦਰਦ ਰਹਿਣ ਨਾ ਪਾਈਆ । ਕਲਜੁਗ ਜੀਵ ਜਾਗ, ਮਿਟੇ ਜਗਤ ਵਾਦ ਵਿਵਾਦ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਖੋਲ੍ਹੇ ਸਚ ਦਰ, ਆਤਮ ਤ੍ਰਿਸ਼ਨਾ ਬੂਝ ਬੁਝਾਈਆ । ਆਪੇ ਸ਼ਾਹ ਰੂਸ ਸੁਲਤਾਨ । ਆਪੇ ਰੂਸ ਚੀਨ ਜਪਾਨ । ਆਪੇ ਸ਼ਾਹ ਅਬਨੂਸ ਕੋਹਸਤਾਨ । ਜੋਤੀ ਜੋਤ ਸਰੂਪ ਹਰਿ, ਆਪੇ ਆਪਣਾ ਭੇਖ ਕਰ, ਵੇਖ ਵਿਖਾਏ ਇੰਗਲਸਤਾਨ । ਆਪੇ ਆਪ ਸ਼ਾਹ ਈਰਾਨੀ । ਖੇਲੇ ਖੇਲ ਸ਼ਬਦ ਦੁਰਾਨੀ । ਚਲੇ ਤੀਰ ਏਕਾ ਕਾਨੀ । ਹੋਏ ਵਹੀਰ ਬੇਮੁਹਾਨੀ । ਆਏ ਸੀਰ ਹੱਥ ਨਾ ਪਾਣੀ । ਬਾਲਕ ਛੁੱਟੇ ਸੀਰ, ਚਾਰੋਂ ਕੁੰਟ ਆਏ ਹਾਨੀ । ਰਾਜ ਰਾਜਾਨਾਂ ਲੱਥੇ ਚੀਰ, ਸਾਥ ਛੁੱਟੇ ਹਾਣੀਆਂ ਹਾਣੀ । ਸ਼ੇਖ ਮਸਾਇਕ ਰੋਂਦੇ ਪੀਰ ਫਕੀਰ, ਰਹੇ ਧੀਰ ਨਾ ਕਿਸੇ ਵਿਦਵਾਨੀ । ਕੋਈ ਨਾ ਬੰਨ੍ਹੇ ਮਾਤ ਬੀੜ, ਕਲਜੁਗ ਅੰਤਮ ਆਈ ਭੀੜ, ਮੇਟ ਮਿਟਾਏ ਸ਼ਾਹ ਅਫਗਾਨੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਤਾਜ ਸੀਸ ਹਰਿ ਏਕਾ ਰੱਖੇ ਆਪਣੀ ਆਣੀ । ਸ਼ਬਦ ਤਾਜ ਸੱਚੀ ਸਰਕਾਰ । ਆਪ ਸਵਾਰੇ ਆਪਣਾ ਕਾਜ, ਮਾਤ ਪਤਾਲ ਅਕਾਸ਼ ਖ਼ਬਰਦਾਰ । ਸੋਹੰ ਉਡੇ ਸਾਚਾ ਬਾਜ, ਮੇਟ ਮਿਟਾਏ ਚਾਰ ਯਾਰ । ਕਰੇ ਖੇਲ ਦੇਸ ਮਾਝ, ਜੋਤੀ ਜੋਤ ਸਰੂਪ ਹਰਿ, ਨਾ ਕੋਈ ਪੁਰਖ ਨਾ ਕੋਈ ਨਾਰ । ਸ਼ਬਦ ਸੀਸ ਸੀਸ ਸ਼ਬਦ ਸ਼ਬਦ ਨਾਮ ਦਸਤਗੀਰ, ਚਾਰੋਂ ਕੁੰਟ ਇਕ ਜਗਦੀਸ, ਸ੍ਰਿਸ਼ਟ ਸਬਾਈ ਜਾਏ ਪੀਸ, ਬੀਸ ਇਕੀਸ ਖੇਲ ਅਪਾਰ । ਨਾ ਕੋਈ ਕੁਰਾਨ ਨਾ ਕੋਈ ਹਦੀਸ, ਨਾ ਕੋਈ ਗਾਏ ਰਾਗ ਛਤੀਸ, ਪੁਰਖ ਅਬਿਨਾਸ਼ੀ ਸਾਚੀ ਕਾਰ । ਜੋਤੀ

ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਲੱਖ ਚੁਰਾਸੀ ਵੇਖ ਹਰਿ, ਆਪੇ ਪਾਵੇ ਆਪਣੀ ਸਾਰ । ਸ਼ਬਦ ਤਾਜ ਸੀਸ ਟਿਕਾਇਆ । ਸੀਸ ਤਾਜ ਜਗਦੀਸ਼ ਰਖਾਇਆ । ਜਗਦੀਸ਼ ਆਸ ਬੀਸ ਇਕੀਸ ਰਖਾਇਆ । ਬੀਸ ਇਕੀਸ ਆਸ ਗੁਰਮੁਖ ਰਖਾਇਆ । ਗੁਰਮੁਖ ਪਰਭਾਸ ਡੇਰਾ ਲਾਇਆ । ਮਾਤ ਪਤਾਲ ਅਕਾਸ਼ ਹਰਿ ਹਰਿ ਹਰਿ ਜਨ ਸ਼ਬਦ ਸਵਾਸ ਆਤਮ ਰਾਸ ਕਾਇਆ ਮੰਡਲ ਆਪ ਸੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਕਰਮ ਕਮਾਇਆ । ਸੋਹੰ ਛਤਰ ਸੀਸ ਕਰਤਾਰ । ਸੱਤਰ ਬਹੱਤਰ ਭਗਤ ਅਧਾਰ । ਚੌਦਾਂ ਭਵਨ ਗਵਣ ਸਵਣ ਰਵਣ ਉਤਰੇ ਪਾਰ । ਉਨੰਜਾ ਪਵਣ ਮਿਟੇ ਅਵਣ ਕਵਣ ਖੇਲ ਮੇਲ ਨਰ ਨਿਰੰਕਾਰ । ਧਾਰ ਭੇਖ ਬਵਨ ਦਾਤਾ ਦੁਸ਼ਟ ਦਮਨ, ਗੋਬਿੰਦ ਇੰਦ ਰਵ ਚੰਦ ਸੰਗ ਸਿਤਾਰ । ਗੋਬਿੰਦ ਸਿੰਧ ਸ਼ਬਦ ਬਿੰਦ ਨੰਦ ਚੰਦ ਨੰਦ ਵਿਚ ਸੰਸਾਰ । ਮਰਗਿੰਦ ਹਿੰਦ ਬਖ਼ਸ਼ਿੰਦ ਵਡ ਬਲਕਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੋਤੀ ਜਾਮਾ ਭੇਖ ਅਪਾਰ । ਗੋਬਿੰਦ ਹਰਿ ਹਰਿ ਗੋਬਿੰਦਾ, ਅਚਰਜ ਰਚਨ ਰਚਾਈਆ । ਆਪ ਬਣਾਏ ਆਪਣੀ ਬਿੰਦਾ, ਪਿਤ ਮਾਤ ਆਪ ਅਖਵਾਈਆ । ਵਡ ਦਾਤਾ ਗੁਣੀ ਗਹਿੰਦਾ, ਗੁਣਵੰਤਾ ਗੁਣ ਨਾ ਰਾਈਆ । ਆਪੇ ਮੇਟੇ ਆਪਣੀ ਚਿੰਦਾ, ਸਗਲ ਚਿੰਦਾ ਰਿਹਾ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿੰਦਕ ਨਿੰਦਿਆ ਰਿਹਾ ਲਗਾਈਆ । ਗੋਬਿੰਦ ਗੋਬਿੰਦ ਗੋਬਿੰਦ ਗੁਰ ਉਪਾਇਆ । ਗੁਰ ਗੋਬਿੰਦ ਗੋਬਿੰਦ ਜਨਮ ਲੇਖੇ ਲਾਇਆ । ਬਖ਼ਸ਼ਿੰਦ ਬਖ਼ਸ਼ਿੰਦ ਬਖ਼ਸ਼ਿੰਦ ਕਰਮ ਧਰਮ ਧਰਮ ਕਰਮ ਪਾਰਬ੍ਰਹਮ ਬ੍ਰਹਮ ਪਾਰ ਵਿਚ ਮਾਤ ਕਰਾਇਆ । ਵਰਨ ਬਰਨ ਪੁਣ ਛਾਣ ਅਠਾਰਾਂ ਸਰਨ ਇਕ ਰਘੁਰਾਇਆ । ਨੌਂ ਅਠਾਰਾਂ ਵਸੇ ਬਾਹਰਾ, ਤੀਸ ਬਤੀਸਾ ਨਾ ਗਣਤ ਗਿਣਾਇਆ । ਆਪੇ ਗੁਪਤ ਆਪੇ ਜ਼ਾਹਿਰ, ਕਾਇਆ ਮੰਦਰ ਗੁਰੂਦਵਾਰ ਸ਼ਿਵਦਵਾਲਾ ਠਾਕਰ ਨਾ ਕੋਈ ਮਨਾਇਆ । ਆਪੇ ਜੋਤੀ ਸ਼ਬਦੀ ਪਵਣੀ ਅਮਰ, ਆਪੇ ਹਵਨ ਗਵਨ ਵਿਚ ਸੰਸਾਰਾ, ਆਪੇ ਰੂਪ ਰੰਗ ਭੇਖ ਵਟਾਇਆ । ਜੋਤੀ ਜੋਤ ਸਰੂਪ ਹਰਿ, ਪੂਰਬ ਲਹਿਣਾ ਵੇਖ ਹਰਿ, ਸੰਬਲ ਨਗਰੀ ਡੇਰਾ ਲਾਇਆ । ਸੰਬਲ ਨਗਰੀ ਵਡ ਵਡਭਾਗ । ਪੁਰਖ ਅਬਿਨਾਸ਼ੀ ਗਿਆ ਜਾਗ । ਘਟ ਘਟ ਵਾਸੀ ਸ਼ਬਦ ਵੈਰਾਗ । ਮਦਿਰਾ ਮਾਸੀ ਜਗਤ ਤਿਆਗ । ਸ਼ਬਦ ਸਵਾਸੀ ਆਪ ਬੁਝਾਏ ਤ੍ਰਿਸ਼ਨਾ ਆਗ । ਮਾਨਸ ਜਨਮ ਕਰੇ ਰਹਿਰਾਸੀ, ਹੰਸ ਬਣਾਏ ਕਾਗ । ਪਕੜ ਉਠਾਏ ਪੰਡਤ ਕਾਂਸੀ, ਦੀਪਕ ਜੋਤੀ ਨਾ ਜਗੇ ਕਿਸੇ ਚਿਰਾਗ । ਚਾਰ ਵਰਨ ਕਰਾਏ ਚਰਨ ਦਾਸੀ, ਮਸਤੂਆਣੇ ਲਾਏ ਭਾਗ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੋਤੀ ਜਾਮਾ ਭੇਖ ਧਰ, ਜਨ ਭਗਤਾਂ ਬੰਨ੍ਹੇ ਤਨ ਸ਼ਬਦ ਤਾਗ । ਸੰਬਲ ਦੇਸ ਰੁੱਤ ਸੁਹਾਈ, ਹੋਏ ਰੁੱਤ ਬਸੰਤਾ । ਪੁਰਖ ਅਬਿਨਾਸ਼ੀ ਜੋਤ ਜਗਾਈ, ਸਾਚੇ ਘਰ ਵੱਜੀ ਵਧਾਈ, ਮਿਲਿਆ ਮੇਲ ਨਾਰੀ ਕੰਤਾ । ਮਿਟੇ ਰੈਣ ਅੰਧੇਰੀ ਛਾਹੀ, ਸਤਿਜੁਗ ਸਾਚੇ ਚੰਦ ਚੜ੍ਹਾਈ, ਸੋਹੰ ਸਾਚਾ ਰਾਹ ਵਖੰਤਾ । ਆਪੇ ਤਾਰੇ ਫੜ ਫੜ ਬਾਂਹੀ, ਅੰਤ ਵਿਛੋੜਾ ਹੋਏ ਨਾਹੀ, ਮਿਲਿਆ ਮੇਲ ਪੂਰਨ ਭਗਵੰਤਾ । ਵੇਖ ਵਖਾਣੇ ਥਾਉਂ ਥਾਈਂ, ਜਨ ਭਗਤਾਂ ਦੇਵੇ ਠੰਡੀਆਂ ਛਾਂਈ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਜਾਣੇ ਜਗਤ ਪਛਾਣੇ ਸੰਤ ਅਸੰਤਾ । ਸੰਤ ਅਸੰਤ ਵੇਖ ਸੰਸਾਰ, ਆਤਮ ਖੋਜ ਖੁਜਾਈਆ । ਨੌਂ ਦਵਾਰੇ ਕਵਣ ਯਾਰ, ਕਵਣ ਦਸਵੇਂ ਬੂਝ ਬੁਝਾਈਆ । ਭਰਮੇ ਭੁੱਲੇ ਭਰਮ ਗਵਾਰ, ਮਾਟੀ ਚਰਮੇ ਮਨ ਚਿਤ ਲਾਈਆ । ਦੂਈ ਦਵੈਤੀ ਵਰਮੇ ਆਰ ਪਾਰ, ਕੁਕਰਮੀ ਕਰਮ ਰਿਹਾ ਕਮਾਈਆ । ਗੁਰਮੁਖ ਵਿਰਲਾ ਜਨਮੇ ਵਿਚ ਸੰਸਾਰ,

੩੬੯
੦੫

੩੭੦
੦੫

ਗੁਰ ਪੂਰੇ ਸਾਚੇ ਸੂਰੇ ਹਾਜ਼ਰ ਹਜ਼ੂਰੇ ਜਿਸ ਏਕਾ ਓਟ ਰਖਾਈਆ । ਆਪੇ ਕਰੇ ਕਰਾਏ ਨਿਹਕਰਮੇ, ਨਿਹਕਰਮਾ ਆਪਣੀ ਜੋਤੀ ਮੇਲ ਮਿਲਾਈਆ । ਨਾਮ ਰਖਾਏ ਸਾਚੇ ਧਰਮੇ, ਧਰਮ ਨਿਸ਼ਾਨਾ ਹਰਿ ਹੱਥ ਫੜਾਈਆ । ਨਾ ਮਰੇ ਨਾ ਜਨਮੇ, ਸਾਚਾ ਮਾਰਗ ਇਕ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਤਾਜ ਦੇਸ ਮਾਝ ਆਪਣੇ ਸੀਸ ਰਖਾਈਆ । ਸੰਬਲ ਦੇਸ ਲੇਖ ਲਿਖਾਇਆ । ਗੁਰ ਗੋਬਿੰਦੇ ਭੇਖ ਵਟਾਇਆ । ਗੁਣੀ ਗਹਿੰਦੇ ਧਰਤ ਮਾਤ ਵੇਖ ਰੇਖ, ਆਪਣਾ ਸੰਗ ਨਿਭਾਇਆ । ਆਪੇ ਜਾਣੇ ਧਾਰੀ ਕੇਸ, ਵੇਖ ਵਖਾਣੇ ਗੁਰ ਦਸਮੇਸ, ਹਰਿ ਹਰਿ ਸਾਚੀ ਦਇਆ ਕਮਾਇਆ । ਹਰਿ ਹਰਿ ਜੋਤੀ ਵਿਚ ਪਰਵੇਸ, ਨਰ ਨਰਾਇਣ ਵੇਖ ਵਖਾਣੇ ਮਾਣਕ ਮੋਤੀ ਬਾਲ ਜਵਾਨੀ ਅਲ੍ਹੜ ਵਰੇਸ, ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਆਪੇ ਜਾਣੇ ਆਪਣਾ ਵੇਸ । ਸਮਰਥ ਹੱਥ ਵਡਿਆਈਆ । ਕਰੇ ਵੇਸ ਅਨੇਕ, ਜਨ ਭਗਤ ਦਏ ਚਤੁਰਾਈਆ । ਆਪੇ ਰਖੇ ਆਪਣੀ ਟੇਕ, ਜਿਨ ਆਪਣਾ ਸੰਗ ਰਖਾਈਆ । ਤਿਸ ਵੇਖੇ ਵੇਕੀ ਵੇਕ, ਸਗਲਾ ਸਾਥ ਨਿਭਾਈਆ । ਆਪੇ ਰਹੇ ਸਦਾ ਬਿਬੇਕ, ਜੋਤੀ ਜੋਤ ਸਰੂਪ ਹਰਿ, ਆਪੇ ਜਾਣੇ ਆਪਣੇ ਘਰ, ਜੁਗਾ ਜੁਗੰਤਰ ਵੇਸ ਏਕ ਅਨੇਕ । ਹਰਿ ਭਗਤ ਓਟ ਹਰਿ ਰਖਾਈਆ । ਦਿਵਸ ਰੈਣ ਸ਼ਬਦ ਚੋਟ, ਕਾਇਆ ਨਗਾਰੇ ਵੱਜਦੀ ਰਹੇ ਵਾਹੋ ਦਾਹੀਆ । ਸਾਚੇ ਸ਼ਬਦ ਨਾ ਆਵੇ ਤੋਟ, ਦੇਂਦਾ ਰਹੇ ਪੁਰਖ ਸਬਾਈਆ । ਦੇਵੇ ਵਡਿਆਈ ਵਿਚ ਕੋਟਨ ਕੋਟ, ਕੋਟੀ ਕੋਟਾ ਜਨਮ ਭਵਾਈਆ । ਦੁਰਮਤ ਮੈਲ ਕੱਢੇ ਖੋਟ, ਆਪ ਆਪਣਾ ਰੰਗ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਸ਼ਬਦ ਭੰਡਾਰਾ ਰਖੇ ਅਤੋਟ, ਤੋਟ ਕਦੇ ਨਾ ਆਈਆ । ਆਪ ਨਿਭਾਏ ਆਪਣਾ ਸੰਗਾ, ਹਰਿ ਹਰਿ ਸਗਲਾ ਸਾਥਿਆ । ਨਾਮ ਵਜਾਏ ਸ਼ਬਦ ਮਰਦੰਗਾ, ਰਘੁਨਾਥਿਆ । ਦਰ ਦਵਾਰਾ ਜਿਸ ਜਨ ਮੰਗਾ, ਦੇਵੇ ਦਾਤ ਅਕਥਨਾ ਕਾਥਿਆ । ਕੰਚਨ ਬੰਚਨ ਬੰਚਨ ਕੰਚਨ ਹੋਣ ਨਾ ਦੇਵੇ ਭੰਗਾ, ਚੜ੍ਹੇ ਚੜ੍ਹਾਏ ਸ਼ਬਦ ਸੱਚੇ ਰਾਥਿਆ । ਕਦੇ ਨਾ ਹੋਵੇ ਭੁੱਖਾ ਨੰਗਾ, ਲੇਖਾ ਲਿਖੇ ਮਸਤਕ ਮਾਥਿਆ । ਚਿੱਟੇ ਅਸਵ ਕਸੇ ਤੰਗਾ, ਪੁਰੀਆਂ ਲੋਆਂ ਆਪੇ ਲੰਘਾ, ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਜਨ ਭਗਤਾਂ ਵੇਸ ਇਕ ਕਰ, ਆਪ ਨਿਭਾਏ ਦਇਆ ਕਮਾਏ ਆਪਣਾ ਸਾਥਿਆ । ਸੁਰਤ ਸਵਾਣੀ ਹੋਈ ਬੌਰਾਨੀ, ਮਨ ਚੈਂਚਲਹਾਰਾ ਏ । ਜੂਠੀ ਝੂਠੀ ਚੜ੍ਹੀ ਜਵਾਨੀ, ਪੰਚਮ ਮਿਲਿਆ ਮੀਤ ਮੁਰਾਰਾ ਏ । ਸ਼ਬਦ ਨਾ ਵੱਜਾ ਤੀਰ ਨਿਸ਼ਾਨੀ, ਨਾ ਹੋਏ ਆਰਾ ਪਾਰਾ ਏ । ਪੜ੍ਹ ਪੜ੍ਹ ਥੱਕੇ ਵਡ ਵਿਦਵਾਨੀ, ਨਾ ਪਾਵੇ ਕੋਈ ਸਾਰਾ ਏ । ਜੋਤੀ ਜੋਤ ਸਰੂਪ ਹਰਿ, ਏਕ ਅੱਖਰ ਦੱਸੇ ਸਾਚੀ ਬਾਣੀ, ਫੜਾਏ ਹੱਥ ਸੱਚੀ ਕਟਾਰਾ ਏ । ਸੁਰਤੀ ਸੋਈ ਮਨ ਮਨੂਆ ਜਾਗਿਆ । ਦੁਰਮਤ ਮੈਲ ਨਾ ਕੋਈ ਧੋਈ, ਲੱਗੀ ਰਹੇ ਤ੍ਰਿਸ਼ਨਾ ਆਗਿਆ । ਆਪੇ ਆਪ ਪੁਰਖ ਨਿਰੰਜਣ ਸੋਈ, ਸਚ ਦਵਾਰੇ ਆਵੇ ਭਾਗਿਆ । ਕਰਨੀ ਕਿਰਤ ਜੋ ਪਿੱਛੇ ਹੋਈ, ਪ੍ਰਭ ਧੋਏ ਆਪੇ ਦਾਗਿਆ । ਸੁਰਤ ਨਿਮਾਣੀ ਹਰਿ ਦਰ ਰੋਈ, ਹਰਿ ਹੰਸ ਬਣਾਏ ਕਾਗਿਆ । ਮਨੂਏ ਮਿਲੇ ਨਾ ਪੰਚਮ ਢੋਈ, ਪ੍ਰਭ ਬੰਨ੍ਹੇ ਸ਼ਬਦੀ ਤਾਗਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਚੁਕਾਏ ਦੂਜਾ ਡਰ, ਏਕਾ ਏਕ ਸਰਨ ਸਰਨਾਈ ਲਾਗਿਆ । ਮਨ ਖੇਲੇ ਖੇਲਣਹਾਰ, ਨੌਂ ਦਰਵਾਜਿਆ । ਸੁਰਤੀ ਸੁਰਤ ਕਰੇ ਵਿਚਾਰ, ਕਿਰਪਾ ਕਰ ਅਪਰ ਅਪਾਰ, ਦਰ ਦਵਾਰੇ ਬਣੀ ਭਿਖਾਰ, ਗਰੀਬ ਨਿਵਾਜਿਆ । ਜੂਠਾ ਝੂਠਾ ਵਣਜ ਵਪਾਰ, ਪੰਜਾਂ ਤੱਤਾਂ ਕੀਆ ਅਧਾਰ, ਵੇਲੇ ਅੰਤਮ ਪੈਣੀ ਮਾਰ, ਕਾਇਆ ਕਾਅਬਾ ਦਰ ਦੁਆਬਾ, ਨਾ

ਕੋਈ ਕਰਾਏ ਸਾਚਾ ਹਾਜਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਦੇਵੇ ਸ਼ਬਦ ਵਰ, ਜਗਤ ਮਿਟਾਏ ਝੂਠਾ ਡਰ, ਸਾਚੀ ਤਰਨੀ ਜਾਣਾ ਤਰ, ਹਰਨ ਫਰਨ ਖੁਲ੍ਹੇ ਦਰ, ਏਕਾ ਘਰ ਵਸਾਏ ਦਇਆ ਕਮਾਏ ਰੱਖੇ ਲਾਜਿਆ । ਸੁਰਤ ਮਨ ਮਨ ਸੁਰਤ ਸ਼ਬਦ ਡੋਰ ਦਰ ਪਾਈਆ । ਸਾਚਾ ਰਾਗ ਸੁਣਨਾ ਕੰਨ, ਪੰਚਮ ਚੋਰ ਨੇੜ ਨਾ ਆਈਆ । ਏਕਾ ਬੇੜਾ ਲੈਣਾ ਬੰਨ੍ਹ, ਅੰਧ ਘੋਰ ਦਏ ਮਿਟਾਈਆ । ਭਾਂਡਾ ਭਰਮ ਲੈਣਾ ਭੰਨ, ਦੂਸਰ ਭੇਵ ਨਾ ਕੋਈ ਰਖਾਈਆ । ਏਕਾ ਮਿਲੇ ਨਾਮ ਧਨ, ਠੱਗ ਚੋਰ ਨਾ ਕੋਈ ਉਠਾਈਆ । ਸਾਧ ਸੰਤ ਨਾ ਦੇਵੇ ਕੋਈ ਡੰਨ, ਗੁਣਵੰਤ ਦਇਆ ਕਮਾਈਆ । ਜਾਏ ਚੜ੍ਹ ਸਾਚਾ ਚੰਨ, ਦਿਵਸ ਰੈਣ ਹੋਏ ਰੁਸ਼ਨਾਈਆ । ਰਸਨਾ ਜਿਹਵਾ ਕਹੇ ਧੰਨ ਧੰਨ, ਧੰਨ ਜਣੇਂਦੀ ਮਾਈਆ । ਹਰਿਜਨ ਆਤਮ ਜਾਏ ਮੰਨ, ਚਿੱਤਵੱਤ ਨਾ ਠਗੋਰੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੂਰਨ ਆਸਾ ਜਗਤ ਭਰਵਾਸਾ ਦੇ ਸ਼ਬਦ ਦਿਲਾਸਾ, ਲੋਕਮਾਤ ਪੂਰ ਕਰਾਈਆ । ਕਾਲ ਮਹਾਂਕਾਲ ਕਾਲ ਅਕਾਲਾ । ਦੀਨ ਦਿਆਲ ਸਰਬ ਪ੍ਰਿਤਪਾਲ, ਆਪੇ ਕਰੇ ਮਾਤ ਪ੍ਰਿਤਪਾਲਾ । ਤੋੜ ਤੁੜਾਏ ਜਗਤ ਜੰਜਾਲ, ਫ਼ਲ ਲਗਾਏ ਕਾਇਆ ਡਾਲ੍ਹਾ । ਅੰਦਰ ਬਾਹਰ ਗੁਪਤ ਜ਼ਾਹਰ ਸੁਰਤ ਸੰਭਾਲ, ਸ਼ਬਦ ਸਰੂਪੀ ਚਲੇ ਨਾਲਾ । ਲੋਕਮਾਤ ਨਾ ਹੋਏ ਕੰਗਾਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਦੇਵੇ ਇਕ ਵਰ, ਸੋਹੰ ਸੱਚਾ ਧਨ ਮਾਲਾ । ਧਨ ਖ਼ਜੀਨਾ ਕਾਇਆ ਅੰਦਰ । ਵਡ ਪਰਬੀਨਾ ਦਿਸੇ ਅੰਦਰ । ਅੰਮ੍ਰਿਤ ਆਤਮ ਜਾਮ ਦੇਵੇ ਭੀਨਾ, ਬਜ਼ਰ ਕਪਾਟੀ ਤੋੜੇ ਜੰਦਰ । ਨੇੜ ਨਾ ਆਇਣ ਤਾਪ ਤੀਨਾ, ਭਾਗ ਲੱਗੇ ਡੂੰਘੀ ਕੰਦਰ । ਹਰਿਜਨ ਸਾਂਤਕ ਸਤਿ ਸਰੂਪੀ ਠਾਂਡਾ ਸੀਨਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖਾਂ ਦੇਵੇ ਨਾਮ ਵਰ, ਜਿਉਂ ਥਲ ਜਲ ਜਲ ਮੀਨਾ । ਜਲ ਮੀਨਾ ਥਲ ਹਲਕਾਈਆ । ਥਲ ਮੀਨਾ ਸਾਰ ਨਾ ਪਾਈਆ । ਹਰਿਜਨ ਜਨ ਹਰਿ ਆਤਮ ਭੰਨੇ ਹੰਕਾਰੀ ਬੀਨਾ, ਏਕਾ ਰਾਗ ਹਰਿ ਸੁਣਾਈਆ । ਪੰਚਾਂ ਚੋਰਾਂ ਵੱਖ ਕੀਨਾ, ਵਾਗ ਆਪਣੇ ਹੱਥ ਉਠਾਈਆ । ਵਰਨ ਬਰਨ ਏਕਾ ਦੀਨਾ, ਜ਼ਾਤ ਪਾਤ ਭੇਵ ਮਿਟਾਈਆ । ਛੱਬੀ ਪੋਹ ਸੁਭਾਗੀ ਮਹੀਨਾ, ਗੁਰਮੁਖ ਸਾਚਾ ਦਰਸ਼ਨ ਪਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਦਾ ਸਦ ਸਦ ਮਿਹਰਵਾਨ, ਅੱਠੇ ਪਹਿਰ ਨੌਜਵਾਨ, ਬਿਰਧ ਬਾਲ ਜਵਾਨ ਅਵਾਣ ਹੋਏ ਸਦਾ ਸਹਾਈਆ । ਸਿਰ ਹੱਥ ਸਮਰਥ, ਗੁਰਮੁਖਾਂ ਨੱਥ ਪਕੜੇ ਆਪਣੇ ਹੱਥ, ਸਾਧ ਸੰਤ ਦਏ ਮਥ, ਸਗਲ ਵਸੂਰੇ ਜਾਇਣ ਲੱਥ, ਆਏ ਦਰ ਸੱਚੀ ਸਰਨਾਈਆ । ਇਕ ਚੜ੍ਹਾਏ ਸ਼ਬਦ ਰਥ, ਮਿਲੀ ਵਸਤ ਵਰ ਅਕੱਥ, ਵੇਖ ਵਖਾਏ ਥਾਉਂ ਥਾਈਆ । ਜੋਤੀ ਜੋਤ ਸਰੂਪ ਹਰਿ, ਸ਼ਬਦ ਮਧਾਣੇ ਰਿਹਾ ਮਥ, ਗੁਰਮੁਖ ਸਾਚੇ ਸੰਤ ਜਨ ਪਾਰ ਕਰਾਏ ਫੜ ਫੜ, ਸ਼ਬਦ ਘੋੜੇ ਚੜ੍ਹ, ਅੰਦਰੇ ਅੰਦਰ ਵੜ, ਸ਼ਬਦ ਸਰੂਪੀ ਦੋਵੇਂ ਬਾਂਹੀਆ । ਚੜ੍ਹੇ ਘੋੜ ਸ਼ਬਦ ਸਰਕਾਰ । ਸ਼ਬਦ ਜੋਤੀ ਜੋਤ ਨਿਰੰਕਾਰ । ਪ੍ਰਭ ਅਬਿਨਾਸ਼ੀ ਪਏ ਬਹੁੜ, ਵੇਲੇ ਅੰਤਮ ਅੰਤਮ ਵਾਰ । ਧੁਰ ਦਰਗਾਹੀ ਆਏ ਦੌੜ, ਲੇਖ ਲਿਖਾਏ ਵਿਚ ਸੰਸਾਰ । ਆਪੇ ਵੇਖੇ ਮਿੱਠਾ ਕੌੜ, ਮੰਦਰ ਅੰਦਰ ਸਚ ਦਵਾਰ । ਨਾ ਕੋਈ ਜਾਣੇ ਲੰਮਾ ਚੌੜ, ਜੋਤ ਨਿਰੰਜਣ ਬ੍ਰਾਹਮਣ ਗੌੜ, ਦੇਸ ਵੇਸ ਅਪਰ ਅਪਾਰ । ਹੱਥ ਫੜੇ ਸ਼ਬਦ ਹਥੌੜ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਦੇਵੇ ਸਾਚਾ ਵਰ, ਲੱਖ ਚੁਰਾਸੀ ਜਮ ਕੀ ਫਾਸੀ ਉਤਰੇ ਪਾਰ । ਪੰਚਮ ਨਾਤਾ ਜਾਏ ਤੁਟ । ਤੀਰ ਨਿਰਾਲਾ ਜਾਏ ਛੁੱਟ । ਨਾ ਕੋਈ ਵੇਖੇ ਜ਼ਾਤਾਂ ਪਾਤਾਂ, ਮਨਮੁਖ ਜੀਵਾਂ ਜੜ੍ਹ ਰਿਹਾ ਪੁੱਟ । ਜਨ ਭਗਤਾਂ ਦੇਵੇ ਅੰਮ੍ਰਿਤ ਬੂੰਦ ਸਵਾਂਤਾ

੩੭੨
੦੫

ਏਕਾ ਘੁਟ । ਜੋਤੀ ਜੋਤ ਸਰੂਪ ਹਰਿ, ਜਨ ਭਗਤਾਂ ਦੇਵੇ ਨਾਮ ਵਰ, ਪੰਜਾਂ ਚੋਰਾਂ ਕੱਢੇ ਕੁੱਟ । ਆਪੇ ਤੋੜੇ ਭਰਮ ਗੜ੍ਹ । ਸਾਚੇ ਅੰਦਰ ਜਾਏ ਵੜ । ਸ਼ਬਦ ਸਰੂਪੀ ਉਪਰ ਚੜ੍ਹ । ਵੇਖ ਵਖਾਏ ਕਿਲ੍ਹਾ ਕੋਟ ਗੜ੍ਹ । ਹਰਿਜਨ ਪਛਾਣੇ ਇਕ ਲਗਾਏ ਚੋਟ, ਕੱਢੇ ਖੋਟ ਨਾ ਕੋਈ ਸੀਸ ਨਾ ਕੋਈ ਧੜ । ਜੋਤੀ ਜੋਤ ਸਰੂਪ ਹਰਿ, ਛਾਣੇ ਪੁਣੇ ਵਿਚੋਂ ਕੋਟਨ ਕੋਟ ਦਰ ਦਵਾਰੇ ਅੱਗੇ ਖੱੜ੍ਹ । ਤਨ ਮਨ ਕਾਇਆ ਮੌਲੇ, ਹੋਏ ਰੁੱਤ ਬਸੰਤੀਆ । ਮਿਲੇ ਵਡਿਆਈ ਉਪਰ ਧਵਲੇ, ਪ੍ਰਭ ਸਾਚੀ ਚੋਗ ਚੁਗੰਤੀਆ । ਉਲਟੀ ਹੋਏ ਨਾਭ ਕਵਲੇ, ਅੰਮ੍ਰਿਤ ਮੇਘ ਹਰਿ ਵਸੰਤੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਲ ਮਿਲਾਏ ਸਾਚੇ ਕੰਤੀਆ । ਜੈਹ ਕੰਤਾ ਤੈਹ ਨਾਰ ਸੁਹਾਗਣ । ਬਣੇ ਬਣਤਾ ਮਨ ਭਏ ਬੈਰਾਗਣ । ਮਿਲੇ ਮੇਲ ਆਦਿਨ ਅੰਤਾ, ਗੁਣ ਗੁਣ ਗੁਣ ਸੋਏ ਜਾਗਣ । ਜੋਤੀ ਜੋਤ ਸਰੂਪ ਹਰਿ, ਦੇਵੇ ਵਡਿਆਈ ਜੀਵ ਜੰਤਾਂ, ਹੰਸ ਬਣਾਏ ਕਾਗਣ । ਕਾਗ ਹੰਸ ਸ਼ਬਦ ਮੋਤੀ । ਆਤਮ ਜਗੇ ਜਗਤ ਭਗਤ ਜੋਤੀ । ਚਰਨ ਕਵਲ ਜਨ ਸਾਚਾ ਲੱਗੇ, ਦੁਰਮਤ ਮੈਲ ਜਾਏ ਧੋਤੀ । ਆਪੇ ਹੋਏ ਪਿੱਛੇ ਅੱਗੇ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋਹੰ ਸ਼ਬਦ ਫੜਾਏ ਲੋਕਮਾਤ ਸਾਚੀ ਸੋਟੀ । ਸੋਹੰ ਸੋਟੀ ਦਏ ਹੁਲਾਰਾ । ਖਿਚੀ ਜਾਏ ਵਿਚ ਸੰਸਾਰਾ । ਆਪ ਵਖਾਏ ਪਾਰ ਕਿਨਾਰਾ । ਨੌਂ ਦਵਾਰੇ ਵਸੇ ਬਾਹਰਾ । ਦਸਮ ਦਵਾਰਾ ਮਹੱਲ ਨਿਆਰਾ । ਮਹੱਲ ਅਟੱਲ ਉਚ ਮੁਨਾਰਾ । ਦੀਪਕ ਜੋਤੀ ਸਾਚੀ ਰਹੀ ਬਲ, ਬਹੱਤਰ ਨਾੜੀ ਕਰ ਉਜਿਆਰਾ । ਜਗਤ ਤ੍ਰਿਸਨਾ ਰਹੀ ਸੜ, ਮਿਲੇ ਮੇਲ ਪੁਰਖ ਭਤਾਰਾ । ਜੋਤੀ ਜੋਤ ਸਰੂਪ ਹਰਿ, ਆਪ ਫੜਾਏ ਆਪਣਾ ਲੜ, ਆਵਣ ਜਾਵਣ ਪਤਤ ਪਾਵਣ ਪਾਰ ਕਿਨਾਰਾ । ਜਗਤ ਜੋਗ ਅਪਾਰ ਹਰਿ ਚਲਾਇਆ । ਰਸਨਾ ਭੋਗ ਅਧਾਰ ਕਰਮ ਕਮਾਇਆ । ਨਾ ਹੋਏ ਵਿਜੋਗ ਸੰਸਾਰ ਧਰਮ ਧਰਾਇਆ । ਦੇਵੇ ਦਰਸ ਅਮੋਘ, ਭਰਮ ਚੁਕਾਇਆ । ਸ਼ਬਦ ਚੁਗਾਏ ਚੋਗ, ਮਾਨਸ ਜਨਮ ਲੇਖੇ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣਾ ਰੰਗ ਵਖਾਇਆ । ਸ਼ਬਦ ਜੋਤ ਅਪਾਰ ਤਨ ਰੰਗਾਇਆ । ਆਪੇ ਜਾਣੇ ਸਾਚੀ ਸਾਰ, ਸਾਚਾ ਰਾਗ ਕੰਨ ਸੁਣਾਇਆ । ਨਿਰਮਲ ਜੋਤੀ ਦੇ ਅਧਾਰ, ਨਿਹੋਂ ਨੈਣਾਂ ਇਕ ਲਗਾਇਆ । ਪਵਣ ਘੋੜੇ ਹੋ ਅਸਵਾਰ, ਸ਼ਬਦ ਜੋੜੇ ਮੇਲ ਮਿਲਾਇਆ । ਸਤਿ ਦਵਾਰੇ ਆਇਆ ਬਾਹਰ, ਜੋਤ ਨਿਰੰਜਣ ਭੇਖ ਵਟਾਇਆ । ਛੇਵੇਂ ਵੇਖ ਸੱਚੀ ਸਰਕਾਰ, ਸ਼ਬਦ ਸਾਚਾ ਸੰਗ ਰਲਾਇਆ । ਪੰਚਮ ਖੋਲ੍ਹੇ ਬੰਦ ਕਿਵਾੜ, ਪਵਣ ਪਵਣੀ ਹਰਿ ਸਮਾਇਆ । ਚੌਥੇ ਘਰ ਬੈਠ ਦਾਤਾਰ, ਲੱਖ ਚੁਰਾਸੀ ਬਣਤ ਬਣਾਇਆ । ਲੱਖ ਚੁਰਾਸੀ ਪਸਰ ਪਸਾਰ, ਆਪ ਆਪਣਾ ਆਪ ਛੁਪਾਇਆ । ਜੁਗਾ ਜੁਗੰਤਰ ਸਾਚੀ ਕਾਰ, ਭੇਖ ਭੇਖੀ ਧਰਦਾ ਆਇਆ । ਸਤਿਜਗ ਤ੍ਰੇਤਾ ਦੁਆਪਰ ਕਰ ਵਿਚਾਰ, ਆਪ ਆਪਣੇ ਅੰਕ ਸਮਾਇਆ । ਕਲਜੁਗ ਕਾਲਾ ਕਰਿਆ ਕਿਰਤ ਵਿਹਾਰ, ਵੇਖੇ ਖੇਲ ਹਰਿ ਰਘੁਰਾਇਆ । ਨਿਹਕਲੰਕਾ ਲਏ ਅਵਤਾਰ, ਸ਼ਬਦ ਡੰਕਾ ਇਕ ਰਖਾਇਆ । ਰਾਓ ਰੰਕਾਂ ਕਰੇ ਖ਼ਬਰਦਾਰ, ਦਵਾਰ ਬੰਕਾ ਇਕ ਸੁਹਾਇਆ । ਜੋਤ ਜਗਾਏ ਵਾਸੀ ਪੁਰੀ ਘਨਕਾ, ਬਾਰ ਅਨਕਾ ਅਨ ਭਾਇਆ । ਆਪ ਮਿਟਾਏ ਜਗਤ ਸ਼ੰਕਾ, ਜੋਤੀ ਤਨਕਾ ਇਕ ਲਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚਾ ਦਰ ਇਕ ਖੁਲ੍ਹਾਇਆ । ਸਚ ਦਵਾਰਾ ਏਕ ਇਕ ਅਕਾਲਿਆ । ਦੋਏ ਧਾਰਾਂ ਰਿਹਾ ਵੇਖ, ਸਰਬ ਜੀਆਂ ਕਰੇ ਪ੍ਰਿਤਪਾਲਿਆ । ਤੀਜੇ ਲੋਚਨ ਰੰਗ ਵਸੇਖ, ਨਾ ਕੋਈ ਦੀਸੇ ਘਟਾ ਕਾਲੀਆ । ਚੌਥੇ ਘਰ ਭਗਤ ਜਨ ਟੇਕ, ਸੰਤ ਸੁਹੇਲੇ ਸੁਨ ਸਮਾਲੀਆ । ਪੰਚਮ ਬੈਠੇ ਆਪ ਬਿਬੇਕ, ਦੋਵੇਂ

੩੭੩ ੦੫

ਹੱਥ ਰੱਖੇ ਖਾਲੀਆ । ਛੇਵੇਂ ਮਾਇਆ ਅਗਨ ਨਾ ਲਾਏ ਸੇਕ, ਸਾਚਾ ਸ਼ਬਦ ਕਰੇ ਰਖਵਾਲੀਆ । ਸੱਤਵੇਂ ਸੱਤ ਪੁਰਖ ਨਿਰੰਜਣ ਏਕ, ਇਕ ਅਕਾਲ ਮੂਰਤੀ ਸੁਰਤ ਸਬਾਈਆ । ਅੱਠਵੇਂ ਅੱਠਾਂ ਤੱਤਾਂ ਰਿਹਾ ਵੇਖ, ਮਨ ਮਤ ਬੁੱਧ ਨਾਲ ਰਖਾਈਆ । ਨਾਵੇਂ ਦਰ ਦਰ ਕਰੇ ਭੇਖ, ਜਗਤ ਤ੍ਰਿਸ਼ਨਾ ਮੰਗੇ ਬਣ ਸਵਾਲੀਆ । ਦਸਵਾਂ ਦਰ ਸਾਚਾ ਘਰ ਗੁਰਮੁਖ ਵਿਰਲਾ ਨੇਤਰ ਲੋਚਣ ਲਏ ਪੇਖ, ਜਗੇ ਜੋਤ ਇਕ ਅਕਾਲੀਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਲੱਖ ਚੁਰਾਸੀ ਵੇਖੇ ਪਰਖੇ ਫ਼ਲ ਲੱਗਾ ਕਿਹੜੀ ਡਾਲ੍ਹੀਆ । ਦਸਮ ਦਵਾਰਾ ਏਕ ਹਰਿ ਵਸਾਇਆ । ਨਾਵੇਂ ਦਰ ਕਰ ਕਰ ਭੇਖ ਭਰਮ ਭੁਲਾਇਆ । ਅੱਠਵੇਂ ਅੱਠੇ ਨੇਤਰ ਬ੍ਰਹਮਾ ਰਿਹਾ ਵੇਖ, ਜੋਤੀ ਜਾਮਾ ਭੇਖ ਵਟਾਇਆ । ਸੱਤਵੇਂ ਸਤਿ ਪੁਰਖ ਨਿਰੰਜਣ ਟੇਕ, ਸ਼ਿਵ ਸ਼ੰਕਰ ਸੀਸ ਝੁਕਾਇਆ । ਛੇਵੇਂ ਛੱਪਰ ਛੰਨ ਨਾ ਵੇਖ, ਕਰੋੜ ਤੇਤੀਸਾ ਸੁਰਪਤ ਰਾਜਾ ਇੰਦ ਜਿਥੇ ਬਹਾਇਆ । ਪੰਚਮ ਸਭ ਨੂੰ ਬੈਠਾ ਰਿਹਾ ਵੇਖ, ਦਿਸ ਕਿਸੇ ਨਾ ਆਇਆ । ਚੌਥਾ ਘਰ ਚੌਥਾ ਪਦ, ਗੁਰਮੁਖ ਸਾਚੇ ਲਏ ਸਦ, ਏਕਾ ਰਾਗ ਰਿਹਾ ਸੁਣਾਇਆ । ਤੀਜੇ ਦਰ ਮਿਲੇ ਵਰ, ਨੌਂ ਅਠਾਰਾਂ ਰਿਧ ਸਿਧ ਭਰਮੇ ਭਰਮ ਭੁਲਾਇਆ । ਦੂਜੇ ਦਰ ਮਿਟੇ ਡਰ, ਬਿਧਨਾ ਬਿਧ ਰੇਖਾ ਲੇਖਾ ਦਏ ਮਿਟਾਇਆ । ਪਹਿਲੇ ਘਰ ਨਾ ਜਨਮੇ ਨਾ ਜਾਏ ਮਰ, ਤੀਰਥ ਨੁਹਾਏ ਸਾਚੇ ਸਰ, ਗੁਰ ਪੂਰੇ ਹਾਜ਼ਰ ਹਜ਼ੂਰੇ ਚਰਨੀ ਸੀਸ ਨਿਵਾਇਆ । ਪਹਿਲਾ ਘਰ ਅਪਾਰ, ਦਰ ਦਰਵਾਜਿਆ । ਦੂਜੇ ਵੇਖ ਸੱਚਾ ਦਰਬਾਰ, ਸਾਜਨ ਸਾਜਿਆ । ਤੀਜੇ ਕਰ ਹਰਿ ਸ਼ਿੰਗਾਰ, ਨੇਤਰ ਨੈਣ ਕੱਜਲ ਪਾਜਿਆ । ਚੌਥੇ ਅੰਮ੍ਰਿਤ ਭਰ ਭੰਡਾਰ, ਜਨ ਭਗਤਾਂ ਮਾਰੇ ਅਵਾਜਿਆ । ਪੰਚਮ ਬੈਠ ਸੱਚੀ ਸਰਕਾਰ, ਸ਼ਬਦ ਸੁਹਾਏ ਸੀਸ ਤਾਜਿਆ । ਛੇਵੇਂ ਘਰ ਧੁਨੀ ਧੁਨਕਾਰ, ਨਾਦ ਅਨਾਹਦ ਵੱਜੇ ਵਾਜਿਆ । ਸਤਵੇਂ ਨਿਰਮਲ ਜੋਤੀ ਕਰ ਅਕਾਰ, ਆਪ ਆਪਣਾ ਸਾਜਨ ਸਾਜਿਆ । ਅਠਵੇਂ ਉਠ ਉਠ ਵੇਖ ਵਿਚਾਰ, ਦਹਿ ਦਿਸ਼ਾ ਰਿਹਾ ਭਾਜਿਆ । ਨਾਵੇਂ ਨੌਂ ਦਰ ਆਈ ਹਾਰ, ਕਲਜੁਗ ਕਾਲੇ ਕਵਣ ਰਖੇ ਲਾਜਿਆ । ਦਸਵੇਂ ਧਰਮ ਸ਼ਬਦ ਜੈਕਾਰ, ਪਵਣ ਉਨੰਜਾ ਛਤਰ ਝੁਲਾਰ, ਬਵੰਜਾ ਅੱਖਰ ਜਗਤ ਵੱਖਰ ਆਪੇ ਰਿਹਾ ਜਣਾਇਆ । ਦਸਮ ਦਵਾਰ ਜਣਾਈ, ਸ਼ਬਦ ਘਨਘੋਰਿਆ । ਨੌਂ ਵੜੇ ਪੰਜ ਚੋਰ, ਮਚਾਇਣ ਸ਼ੋਰਿਆ । ਅੱਠਵੇਂ ਕੋਈ ਨਾ ਪਕੜੇ ਡੋਰ, ਚੜ੍ਹਕੇ ਸ਼ਬਦ ਘੋੜਿਆ । ਸੱਤਵੇਂ ਸਤਿ ਪੁਰਖ ਅਗੰਮਾ ਨਾ ਦੀਸੇ ਕੋਈ ਹੋਰ, ਆਦਿ ਅੰਤ ਏਕਾ ਬਹੁੜਿਆ । ਛੇਵੇਂ ਚੁੱਕੇ ਮੋਰ ਤੋਰ, ਜੂਠਾ ਝੂਠਾ ਭਰਮਾ ਡੇਰਾ ਰੋੜਿਆ । ਪੰਚਮ ਘਰ ਸਾਚਾ ਦਰ, ਸ਼ਬਦ ਸੁਹੇਲਾ ਨਾਲ ਦੇਵੇ ਤੋਰ, ਆਪੇ ਜਾਣੇ ਜਾਣ ਪਛਾਣੇ, ਆਪ ਆਪਣੀ ਲੋੜਿਆ । ਚੌਥੇ ਘਰ ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕ ਲਗਾਏ ਸਾਚਾ ਪੌੜਿਆ । ਚੌਥਾ ਘਰ ਸਾਚਾ ਪੌੜਾ, ਜੋਤ ਨਿਰੰਜਣ ਲਾਇਆ । ਨਾ ਕੋਈ ਜਾਣੇ ਲੰਮਾ ਚੌੜਾ, ਜਗਤ ਨੈਣ ਦਿਸ ਨਾ ਆਇਆ । ਚਿੱਟਾ ਅਸਵ ਸ਼ਬਦ ਘੋੜਾ ਚੁੱਕੇ ਪੌੜਾ, ਕਲਜੁਗ ਅੰਤਮ ਹਿਸਾ ਏ ਵੰਡਾਇਆ । ਧੁਰ ਦਰਗਾਹੀ ਆਇਆ ਦੌੜਾ ਬ੍ਰਾਹਮਣ ਗੌੜਾ, ਈਸਾ ਮੂਸਾ ਵਿਚ ਉਨੀਸਾ ਦਏ ਮਿਟਾਇਆ । ਭਗਤ ਜਨਾਂ ਤਨ ਲੱਗੀ ਔੜਾ, ਆਪੇ ਪਰਖੇ ਮਿੱਠਾ ਕੌੜਾ, ਬੀਸ ਇਕੀਸਾ ਹਰਿ ਜਗਦੀਸਾ ਦੰਦ ਬਤੀਸਾ ਨਾ ਕੋਈ ਸਕੇ ਗਾਇਆ । ਇਕ ਸ਼ਬਦ ਇਕ ਹਦੀਸਾ, ਏਕਾ ਛਤਰ ਸੋਹੇ ਸੀਸਾ, ਜੋਤੀ ਜੋਤ ਸਰੂਪ ਹਰਿ, ਆਪ ਆਪਣਾ ਭੇਖ ਧਰ, ਆਪਣਾ ਖੇਲ ਖਿਲਾਇਆ ।

★ ੨ ਮੱਘਰ ੨੦੧੨ ਬਿਕ੍ਰਮੀ ਹਰਿ ਭਗਤ ਦਵਾਰ ਜੇਠੂਵਾਲ ਸਾਲਾਂ ਦੀ ਵੰਡ ਜਗਤ ਕਾਜ ★

ਇੱਕ ਦਸ ਅਕਾਦਸੀ, ਆਤਮ ਤਨ ਸ਼ਿੰਗਾਰ । ਦੋ ਦਸ ਪ੍ਰਭ ਭਾਵਸੀ, ਕਰੇ ਵੇਸ ਅਪਾਰ । ਤ੍ਰੈ ਦਸ ਪ੍ਰਭ ਜਾਵਸੀ, ਦਰ ਦਿੱਲੀ ਦਰਬਾਰ । ਚਾਰ ਦਸ ਪ੍ਰਭ ਗਾਵਸੀ, ਕਾਮ ਕਾਮਨੀ ਹੋਏ ਖੁਆਰ । ਪੰਜ ਦਸ ਪ੍ਰਭ ਗਾਵਸੀ, ਚਾਰੋਂ ਕੁੰਟਾਂ ਦਏ ਹੁਲਾਰ । ਛੇ ਦਸ ਪ੍ਰਭ ਢਾਵਸੀ, ਮਹੱਲ ਅਟੱਲ ਅਚੱਲ ਉਚ ਮੁਨਾਰ । ਸਤ ਦਸ ਪ੍ਰਭ ਭਾਵਸੀ, ਨਗਰ ਸ਼ਹਿਰ ਹੋਏ ਉਜਾੜ । ਅੱਠ ਦਸ ਹਰਿ ਸੁਹਾਵਸੀ, ਰਸਨਾ ਗਾਏ ਰੂਸਾ ਧਾੜ । ਨੌਂ ਦਸ ਵਕਤ ਸੁਹਾਵਸੀ, ਅਲ੍ਹਾ ਰਾਣੀ ਕਾਲੀ ਚੁੰਨੀ ਦੇਵੇ ਪਾੜ । ਬੀਸ ਬੀਸ ਦਸ ਦਸ ਬੀਸ ਸੁਖ ਪਾਵਸੀ, ਸ਼ਬਦ ਘੋੜਾ ਇਕ ਅਖਾੜ । ਬੀਸ ਇਕੀਸਾ ਹਰਿ ਰਖਾਵਸੀ, ਸੋਹੰ ਸੱਚਾ ਰਖਾਏ ਲਾੜ । ਲੱਖ ਚੁਰਾਸੀ ਆਪ ਪ੍ਰਨਾਵਸੀ, ਦਰ ਦਵਾਰੇ ਲੇਵੇ ਵਾੜ । ਏਕਾ ਹੁਕਮ ਹਰਿ ਸੁਣਾਵਸੀ, ਸ਼ਾਹ ਸੁਲਤਾਨਾਂ ਦੇਵੇ ਝਾੜ । ਨਾ ਕੋਈ ਬੋਲੇ ਹਿੰਦੀ ਉਰਦੂ ਫਾਰਸੀ, ਆਪ ਚਲਾਏ ਆਪਣਾ ਤਾੜ । ਗੁਰਮੁਖ ਵਿਰਲੇ ਦਰ ਦਰ ਘਰ ਘਰ ਹਰਿ ਹਰਿ ਸਾਚਾ ਤਾਰਸੀ, ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਆਪ ਵਡ ਵਡ ਧਾੜ ਧਾੜ ਧਾੜਸੀ । ਦਸ ਏਕ ਏਕਾ ਹੀਆ, ਪ੍ਰਭ ਸਾਚੇ ਆਪ ਕਰਾਇਆ ਏ । ਦੋ ਦਸ ਕਲ ਸਾਚਾ ਜੀਆ, ਗੁਰਮੁਖ ਵਿਰਲੇ ਪੀਆ ਪਾਇਆ ਏ । ਤ੍ਰੈ ਦਸ ਲੋਕਮਾਤ ਰਖਾਏ ਸਾਚੀ ਨੀਆ, ਵਾਲੀ ਹਿੰਦ ਰਿਹਾ ਜਗਾਇਆ ਏ । ਚਾਰ ਦਸ ਸਾਢੇ ਤਿੰਨ ਹੱਥ ਰਖਾਏ ਨੀਆ, ਰਾਜੇ ਰਾਣਿਆਂ ਹੁਕਮ ਸੁਣਾਇਆ ਏ । ਪੰਜ ਦਸ ਕਿਸੇ ਦਿਸ ਨਾ ਆਏ ਘਰ ਘਰ ਸੀਆ, ਪ੍ਰਭ ਆਪਣਾ ਆਪ ਭੁਲਾਇਆ ਏ । ਛੇ ਦਸ ਲੇਖਾ ਮਿਟੇ ਜੰਤਾਂ ਜੀਆਂ, ਰਾਹ ਖਹਿੜਾ ਦਿਸ ਨਾ ਆਇਆ ਏ । ਸੱਤ ਦਸ ਵੱਜੇ ਤੀਰ ਕਸ, ਚਾਰੋਂ ਕੁੰਟ ਹੋਣਾ ਭੱਸ, ਅਗਨੀ ਜੋਤੀ ਰਿਹਾ ਲਗਾਇਆ ਏ । ਅੱਠ ਦਸ ਅਠਾਰਾਂ, ਲੇਖਾ ਚੁੱਕੇ ਚਾਰ ਯਾਰਾਂ, ਸੰਗ ਮੁਹੰਮਦ ਮੂੰਹ ਛੁਪਾਇਆ ਏ । ਨੌਂ ਦਸ ਉਨੀ, ਅਲ੍ਹਾ ਰਾਣੀ ਲਏ ਚੁੰਨੀ, ਕਾਲਾ ਵੇਸ ਦਰ ਦਰਵੇਸ਼ ਪ੍ਰਭ ਅਬਿਨਾਸ਼ੀ ਕਲਜੁਗ ਲਾਹਿਆ ਏ । ਬੀਸ ਬੀਸੇ ਚੋਟੀ ਮੁਨੀ, ਨਾ ਕੋਈ ਪੰਡਤ ਪਾਧਾ ਦਿਸੇ ਮੁਸਲਮ ਸੁਨੀ, ਜ਼ਾਤ ਪਾਤੀ ਭੇਵ ਮਿਟਾਇਆ ਏ । ਇਕ ਇਕੀਸੇ ਵਡ ਗੁਣ ਗੁਣੀ, ਪੰਚ ਪੰਚਾਇਣੀ ਸਾਚੀ ਚੁਣੀ, ਪੰਚ ਗਿਆਨਾ ਪੰਚ ਧਿਆਨਾ ਪੰਚ ਨਿਸ਼ਾਨਾ, ਪੰਚਮ ਪੰਚ ਰਖਾਇਆ ਏ । ਇਕ ਦਸ ਦਸ ਇਕ ਗਿਆਰਾਂ, ਅਕਾਰ ਹਰਿ ਕਰਾਇਆ ਏ । ਦੋ ਦਸ ਸ਼ਬਦ ਜੈਕਾਰਾ, ਸਤਾਰਾਂ ਹਾੜੀ ਤੇਲ ਚੜ੍ਹਾਇਆ । ਤਿੰਨ ਦਸ ਦਸ ਤਿੰਨ ਵੇਖ ਸ਼ਬਦ ਸਾਚੀ ਧਾਰਾ, ਵਾਲੀ ਹਿੰਦ ਰਿਹਾ ਜਗਾਇਆ । ਚਾਰ ਦਸ ਖ਼ਬਰਦਾਰਾ, ਮਾਰੇ ਮਾਰ ਹਰਿ ਰਘੁਰਾਇਆ । ਪੰਜ ਦਸ ਨਰ ਨਾਰਾ, ਨਾ ਹੋਏ ਕੋਈ ਸਹਾਇਆ । ਛੇ ਦਸ ਸਗਲ ਪਸਾਰਾ, ਆਪੇ ਮੇਟਣਹਾਰ ਹਰਿ ਅਖਵਾਇਆ । ਦਸ ਸੱਤ ਸਤਾਰਾਂ, ਨਾ ਕੋਈ ਦੀਸੇ ਮਾਤ ਬਹਾਰਾਂ, ਉਜਾੜ ਪਹਾੜ ਏਕਾ ਧਾਰ ਰਖਾਇਆ । ਅੱਠ ਦਸ ਅਠਾਰਾਂ, ਲਾੜੀ ਮੌਤ ਲਏ ਬਹਾਰਾਂ, ਲੱਖ ਚੁਰਾਸੀ ਮਦਿਰਾ ਮਾਸੀ ਧਰਮ ਰਾਏ ਫੜ ਫੜ ਬਾਹੋਂ ਆਪੇ ਰਿਹਾ ਵਖਾਇਆ । ਨੌਂ ਦਸ ਉਨੀਸਾ, ਰਾਜ ਰਾਜਾਨਾਂ ਖਾਲੀ ਖੀਸਾ, ਮਾਇਆ ਰਾਣੀ ਵਡ ਜਰਵਾਣੀ ਕਿਸੇ ਨਾ ਦੇਵੇ ਠੰਡਾ ਪਾਣੀ, ਚਾਰੋਂ ਕੁੰਟ ਸ੍ਰਿਸ਼ਟ ਦ੍ਰਿਸ਼ਟ ਇਸ਼ਟ ਹਲਕਾਈਆ । ਬੀਸ ਬੀਸੇ ਹੋਏ ਭ੍ਰਿਸ਼ਟ, ਕਲਜੁਗ ਤੇਰੀ ਔਧ ਮਿਟਾਈਆ । ਇਕ ਇਕੀਸਾ ਹੋਏ ਸ੍ਰਿਸ਼ਟ, ਜੋਤੀ ਜੋਤ ਸਰੂਪ ਹਰਿ, ਏਕਾ ਜੋਤ ਨਾ ਕੋਈ ਵਰਨ ਨਾ ਕੋਈ ਗੋਤ ਡਗਮਗਾਈਆ । ਇਕ ਦਸ ਦਸ ਇਕ ਜਗਤ ਅਖਾੜਿਆ । ਦੋ ਦਸ ਦਸ ਦੋ ਲਾਇਆ

ਭਾਗ ਸਤਾਰਾਂ ਹਾੜਿਆ । ਦਸ ਤਿੰਨ ਤਿੰਨ ਦਸ ਅੱਸੂ ਤਿੰਨ ਸੁਹਾਏ ਦਿਹਾੜਿਆ । ਚਾਰ ਦਸ ਦਸ ਚਾਰ ਧਰਮ ਰਾਏ ਆਪੇ ਤਾੜਿਆ । ਪੰਜ ਦਸ ਦਸ ਪੰਜ ਮੌਤ ਲਾੜੀ ਕਰੇ ਸ਼ਿੰਗਾਰਿਆ । ਛੇ ਦਸ ਦਸ ਛੇ ਨਾਰੀ ਖੌਂਤ ਖੌਂਤ ਨਾਰੀ ਨਾ ਕੋਈ ਹੰਢਾ ਰਿਹਾ । ਸੱਤ ਦਸ ਦਸ ਸੱਤ, ਨਾ ਕੋਈ ਰੱਖੇ ਕਿਸੇ ਪਤਿ, ਮਾਵਾਂ ਪੁੱਤਰਾਂ ਸੁਰਤ ਭੁਲਾ ਰਿਹਾ । ਦਸ ਅੱਠ ਅੱਠ ਦਸ ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਨੱਠ ਨੱਠ ਪ੍ਰਭ ਦਰ ਕਿਸੇ ਨਾ ਪਾ ਲਿਆ । ਨੌਂ ਦਸ ਦਸ ਨੌਂ ਵਧਾਈ, ਏਕਾ ਏਕ ਡੰਕ ਰਾਓ ਰੰਕ ਵਜਾਈ, ਹੋਏ ਖੇਲ ਵਿਚ ਸੰਸਾਰਿਆ । ਬੀਸ ਬੀਸੇ ਸਰਨ ਰਘੁਰਾਈ, ਤਰਨੀ ਤਰਨ ਆਪ ਅਖਵਾਈ, ਧਰਤ ਮਾਤ ਆਪ ਵਡਿਆ ਰਿਹਾ । ਇਕ ਇਕੀਸੇ ਹੋਏ ਰੁਸ਼ਨਾਈ, ਜਗਤ ਜਗਦੀਸੇ ਮਿਲੇ ਵਧਾਈ । ਪੀਸਣ ਪੀਸੇ ਸਰਬ ਲੋਕਾਈ, ਸਾਚੀ ਰਚਨਾ ਆਪ ਰਚਾ ਰਿਹਾ । ਸਤਿਗੁਰ ਸੂਰਾ ਸ਼ਾਹ ਹੈ, ਸਰਬ ਜੀਆਂ ਦਾਤਾਰ । ਸਰਬ ਕਲਾ ਭਰਪੂਰਾ ਹੈ, ਵਰਤੇ ਵਿਚ ਸੰਸਾਰ । ਨਾ ਹੋਏ ਬਚਨ ਅਧੂਰਾ ਹੈ, ਲੇਖ ਲਿਖਾਇਆ ਅਪਰ ਅਪਾਰ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਅਵਤਾਰ । ਸਾਜਣ ਸਾਚਾ ਮੀਤ, ਆਪ ਅਖਵਾਇੰਦਾ । ਕਲਜੁਗ ਤੇਰੀ ਅੰਤਮ ਵੇਖੇ ਰੀਤ, ਦਿਸ ਕਿਸੇ ਨਾ ਆਇੰਦਾ । ਆਪੇ ਹੋਏ ਪਤਿਤ ਪੁਨੀਤ, ਕੰਤ ਸੁਹਾਗ ਆਪ ਅਖਵਾਇੰਦਾ । ਆਪੇ ਸਾਜਣ ਸਾਚਾ ਮੀਤ, ਆਪੇ ਮਾਤ ਪਿਤ ਅਖਵਾਇੰਦਾ । ਆਪੇ ਰਾਜ ਜੋਗ ਰਸਨਾ ਰਸ ਭੋਗ ਸ਼ਬਦ ਤਾਰ ਸੰਗੀਤ, ਤਾਰ ਸਤਾਰਾ ਆਪ ਅਖਵਾਇੰਦਾ । ਆਪੇ ਪਤਤ ਆਪੇ ਪੁਨੀਤ ਆਪੇ ਸਾਂਤਕ ਸਾਚਾ ਸੀਤ, ਠੰਡੀ ਧਾਰ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਕਲਜੁਗ ਤੇਰੀ ਅੰਤਮ ਵਾਰ, ਦਰ ਦਰਬਾਨ ਆਪ ਅਖਵਾਇੰਦਾ । ਦਰ ਦਰਬਾਨਾ ਆਪ ਅਖਵਾਇੰਦਾ । ਜਨ ਭਗਤਾਂ ਸੇਵ ਕਮਾਇੰਦਾ । ਜਗਤ ਨੈਣਾਂ ਦਿਸ ਨਾ ਆਇੰਦਾ । ਤੀਜੇ ਲੋਚਨ ਆਪ ਰਹਾਇੰਦਾ । ਗੁਰਮੁਖ ਤੇਰੀ ਕਾਇਆ ਅੰਦਰ ਸਾਚੇ ਮੰਦਰ ਆਪਣੀ ਸੇਜਾ ਇਕ ਵਿਛਾਇੰਦਾ । ਆਪੇ ਮਾਰੇ ਚਾਰੋਂ ਕੁੰਟ ਹੰਕਾਰੀ ਜੰਦਰ, ਮਨਮੁਖ ਜੀਵ ਨਾ ਕੋਈ ਤੁੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਸੰਤ ਜਨ ਦਰ ਘਰ ਏਕਾ ਆਪ ਬਹਾਇੰਦਾ । ਕਰ ਮੇਲਾ ਸੰਤ ਪਿਆਰਿਆ, ਰੈਣ ਸੁਹੰਜਣੀ ਰਾਤ । ਸਾਚੀ ਸੇਜਾ ਕੰਤ ਭਤਾਰਿਆ, ਮਿਲਿਆ ਮੇਲ ਕਮਲਾਪਾਤ । ਅਗਿਆਨ ਅੰਧੇਰਾ ਸਰਬ ਮਿਟਾ ਰਿਹਾ, ਆਪ ਬੰਧਾਏ ਆਪਣਾ ਨਾਤ । ਸੰਞ ਸਵੇਰ ਇਕ ਰਖਾ ਰਿਹਾ । ਅੱਠੇ ਪਹਿਰ ਰਹੇ ਪਰਭਾਤ । ਮੇਰਾ ਤੇਰਾ ਹਰਿ ਜੀ ਚੁਕਾ ਰਿਹਾ, ਆਪੇ ਪਿਤਾ ਆਪੇ ਮਾਤ । ਦਰਸ ਘਨੇਰਾ ਇਕ ਵਖਾ ਰਿਹਾ । ਬੈਠਾ ਰਹੇ ਇਕ ਇਕਾਂਤ । ਸਚ ਵਸੇਰਾ ਇਕ ਰਖਾ ਲਿਆ, ਅੰਮ੍ਰਿਤ ਦੇਵੇ ਬੂੰਦ ਸਵਾਂਤ । ਨੇਰਨ ਨੇਰਾ ਆਪ ਅਖਵਾ ਲਿਆ, ਹਰਿ ਜਨ ਵੇਖੇ ਮਾਰ ਝਾਤ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਚਾਰੋਂ ਵਰਨਾਂ ਇਕ ਵਰ, ਆਪਣਾ ਆਪ ਭੁਲਾ ਰਿਹਾ । ਚਾਰ ਵਰਨਾਂ ਇਕ ਦਵਾਰ, ਪ੍ਰਭ ਸਾਚੇ ਮਾਤ ਖੁਲ੍ਹਾਇਆ ਏ । ਦੇਵੇ ਸ਼ਬਦ ਅਪਰ ਅਪਾਰ, ਭਰਿਆ ਰਹੇ ਸਦਾ ਭੰਡਾਰ, ਦੇਵਣਹਾਰ ਹਰਿ ਰਘੁਰਾਇਆ ਏ । ਗੁਰਮੁਖ ਸਾਚੇ ਸੰਤ ਵਿਚਾਰ, ਪਾਏ ਡੋਰੀ ਸ਼ਬਦ ਅਪਾਰ, ਖਿਚੀ ਆਏ ਵਾਰੋ ਵਾਰ, ਆਪਣੇ ਰੰਗ ਸਮਾਇਆ ਏ । ਆਪੇ ਕੰਤ ਭਤਾਰਾ ਨਾਰ, ਆਪੇ ਸਾਜਣ ਮੀਤ ਮੁਰਾਰ, ਸਾਚੀ ਸੇਜਾ ਆਸਣ ਲਾਇਆ ਏ । ਆਪੇ ਚਰਨ ਗੁਰ ਪਿਆਰ, ਆਪ ਗੁਰਮੁਖ ਨਾਉਂ ਰਸਨ ਉਚਾਰ, ਦੋਹਾਂ ਧਿਰਾਂ ਮੇਲ ਮਿਲਾਇਆ ਏ । ਜੋਤੀ ਜੋਤ ਸਰੂਪ ਹਰਿ, ਆਪ

ਆਪਣੀ ਜੋਤ ਧਰ, ਕਲਜੁਗ ਅੰਤਮ ਵੇਖ ਹਰਿ, ਏਕਾ ਦਰ ਖੁਲ੍ਹਾਇਆ ਏ । ਏਕਾ ਦਰ ਦਵਾਰ ਹਰਿ ਖੁਲ੍ਹਾਇਆ ਏ । ਚਾਰ ਵਰਨਾਂ ਕਰ ਪਿਆਰ, ਸਾਚਾ ਰਾਹ ਵਖਾਇਆ ਏ । ਆਪੇ ਦੇਵੇ ਸ਼ਬਦ ਅਧਾਰ, ਦੂਸਰ ਵਥ ਨਾ ਕੋਈ ਰਖਾਇਆ ਏ । ਅੱਠੇ ਪਹਿਰ ਖ਼ਬਰਦਾਰ, ਆਲਸ ਨਿੰਦਰਾ ਮਗਰੋਂ ਲਾਹਿਆ ਏ । ਨੇੜ ਨਾ ਆਇਣ ਪੰਚਮ ਯਾਰ, ਸ਼ਬਦ ਡੋਰੀ ਹੱਥ ਫੜਾਇਆ ਏ । ਦਹਿ ਦਿਸ਼ਾ ਵੇਖ ਵਿਚਾਰ, ਸਾਚੇ ਮੰਦਰ ਡੇਰਾ ਲਾਇਆ ਏ । ਸ਼ਬਦ ਵਜਾਵੇ ਸਾਚੀ ਤਾਰ, ਰਾਗ ਰਾਗਣੀ ਭੇਵ ਨਾ ਪਾਇਆ ਏ । ਪਵਣ ਸਵਾਸੀ ਹੋਏ ਬਾਹਰ, ਸੁਨ ਅਗੰਮੀ ਬਾਹਰ ਰਖਾਇਆ ਏ । ਜੋਤ ਨਿਰੰਜਣ ਆਪੇ ਜੰਮੀ, ਮਾਤ ਪਿਤ ਨਾ ਕੋਈ ਅਖਵਾਇਆ ਏ । ਦਸਮ ਦਵਾਰੀ ਸ਼ਬਦ ਸਰੂਪੀ ਲਾਏ ਥੰਮ੍ਹੀ, ਛਪਰ ਛੰਨ ਨਾ ਕੋਈ ਵਖਾਇਆ ਏ । ਭਰਮਾਂ ਭਾਂਡਾ ਰਿਹਾ ਭੰਨੀ, ਦਰ ਦਵਾਰੇ ਜੋ ਜਨ ਆਇਆ ਏ । ਸਾਚਾ ਰਾਗ ਸੁਣਾਏ ਕੰਨੀ, ਧੁਰ ਫ਼ਰਮਾਣਾ ਲੈ ਕੇ ਆਇਆ ਏ । ਗੁਰਮੁਖਾਂ ਬੇੜਾ ਜਾਏ ਬੰਨ੍ਹੀ, ਆਪਣੇ ਕੰਧ ਉਠਾਇਆ ਏ । ਨਾ ਕੋਈ ਜਾਣੇ ਰਾਜ ਰਾਜਾਨ ਸ਼ਾਹ ਸੁਲਤਾਨ ਵਡ ਧਨ ਧਨੀ, ਗਰੀਬ ਨਿਮਾਣਿਆਂ ਗਲੇ ਲਗਾਇਆ ਏ । ਗੁਰਮੁਖ ਸਾਚੇ ਸੰਤ ਦੁਲਾਰੇ ਇਕ ਸੁਨੇਹੜਾ ਹਰਿ ਜੀ ਘੱਲੇ, ਸੋਹੰ ਅੱਖਰ ਜਗਤ ਵਖਰ ਆਪੇ ਆਪ ਪੜ੍ਹਾਇਆ ਏ । ਆਪੇ ਆਪਣਾ ਬੇੜਾ ਬੰਨ੍ਹੇ, ਬਜਰ ਕਪਾਟੀ ਪਾਟੇ ਪੱਥਰ, ਪੰਚ ਪੰਚਾਇਣੀ ਲੱਥੇ ਸੱਥਰ, ਸਾਚੀ ਦਇਆ ਕਮਾਇਆ ਏ । ਨੈਣ ਵਰੋਲੇ ਝੂਠੇ ਅੱਥਰ, ਅੰਮ੍ਰਿਤ ਧਾਰ ਨਾ ਕੋਈ ਮੁਖ ਚੁਆਇਆ ਏ । ਪਾਰਬ੍ਰਹਮ ਪ੍ਰਭ ਅਲੱਖ ਨਿਰੰਜਣ ਭੇਖ ਅਵੱਲੜਾ ਇਕ ਇਕੱਲੜਾ ਸਚ ਮਹੱਲੜਾ ਆਸਣ ਲਾਇਆ ਏ । ਦਰ ਦਵਾਰਾ ਏਕਾ ਮਲੜਾ, ਸ਼ਬਦ ਰਖੇ ਸਾਚਾ ਭਲੜਾ, ਤਿੱਖੀ ਧਾਰ ਰਖਾਇਆ ਏ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਕਲਜੁਗ ਅੰਤਮ ਵੇਖ ਹਰਿ, ਗੁਰਮੁਖ ਸੋਏ ਰਿਹਾ ਜਗਾਇਆ ਏ । ਗੁਰਮੁਖ ਸੋਏ ਆਪ ਜਗਾਏ, ਆਤਮ ਦਰ ਖੁਲ੍ਹਾਇਆ ਏ । ਆਪ ਆਪਣਾ ਰਾਹ ਵਖਾਏ, ਸਾਚਾ ਘਰ ਵਸਾਇਆ ਏ । ਦੂਸਰ ਕਿਸੇ ਦਿਸ ਨਾ ਆਏ, ਭਰਮਾ ਜਗਤ ਭੁਲਾਇਆ ਏ । ਗੁਰਮੁਖਾਂ ਹਿਸਾ ਇਕ ਕਰਾਏ, ਨੌਵਾਂ ਬੰਦ ਕਰਾਇਆ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਮੇਲ ਦਰ, ਦਸਮ ਦਵਾਰੀ ਮੇਲ ਮਿਲਾਇਆ ਏ । ਮਿਲਿਆ ਮੇਲ ਸ੍ਰੀ ਭਗਵਾਨ, ਦਸਮ ਦਵਾਰਿਆ । ਮਿਟੇ ਆਵਣ ਜਾਵਣ ਵਿਚ ਸੰਸਾਰਿਆ । ਝੁੱਲੇ ਸ਼ਬਦ ਸੱਚਾ ਨਿਸ਼ਾਨ, ਕਰ ਕਿਰਪਾ ਪਾਰ ਉਤਾਰਿਆ । ਆਪ ਬਿਠਾਏ ਵਿਚ ਬਿਬਾਣ, ਸ਼ਬਦ ਉਡਾਏ ਇਕ ਉਡਾਨਿਆ । ਲੋਆਂ ਪੁਰੀਆਂ ਕਰੇ ਬਾਹਰ, ਸ਼ਬਦ ਸਿੰਘਾਸਣ ਇਕ ਵਖਾਨਿਆ । ਲਿਆਏ ਦਰ ਸੱਚੇ ਦਰਬਾਰ, ਕਿਸੇ ਹੱਥ ਨਾ ਆਏ ਰਾਜੇ ਰਾਣਿਆ । ਲੱਖ ਚੁਰਾਸੀ ਵਹਿੰਦੀ ਧਾਰ, ਪੁਰਖ ਅਬਿਨਾਸ਼ੀ ਨਾ ਕਿਸੇ ਪਛਾਨਿਆ । ਗੁਰਮੁਖ ਸਾਚੇ ਸੰਤ ਦੁਲਾਰ, ਮਿਲਿਆ ਮੇਲ ਮੀਤ ਮੁਰਾਰ, ਚਲੇ ਚਲਾਏ ਆਪਣੇ ਭਾਣਿਆ । ਮਨਮੁਖ ਰੋਵਣ ਧਾਹਾਂ ਮਾਰ, ਪੁੱਤਰ ਮਾਵਾਂ ਕਰ ਪਿਆਰ, ਠੰਡੀਆਂ ਛਾਵਾਂ ਵਿਚ ਸੰਸਾਰ, ਨਾ ਦੇਵੇ ਕੋਈ ਕਿਸੇ ਪਾਣੀਆ । ਹਰਿਜਨ ਤੇਰੀ ਕੁੜਮਾਈਆ । ਪ੍ਰਭ ਸਾਚਾ ਸਗਨ ਮਨਾਈਆ । ਦੋਹਾਂ ਧਿਰਾਂ ਵੱਜੇ ਵਧਾਈਆ । ਦਿਵਸ ਰੈਣ ਮੰਗਲਾਚਾਰ, ਫੂਲਨ ਬਰਖਾ ਹਰਿ ਜੀ ਲਾਈਆ । ਇੰਦਰ ਮੇਘ ਰਿਹਾ ਬਰਸਾਈਆ । ਸ਼ੰਕਰ ਸ਼ਿਵ ਕੰਠ ਮਾਲਾ ਇਕ ਪਹਿਨਾਈਆ । ਮੁਖ ਉਘਾੜੇ ਦਿਨ ਦਿਹਾੜੇ ਰਿਹਾ ਗਾਈਆ । ਪੁਰਖ ਅਬਿਨਾਸ਼ੀ ਤੇਰੇ ਸਾਚੇ ਲਾੜੇ, ਲੋਕਮਾਤ ਮਿਲੇ ਵਡਿਆਈਆ । ਫੜ ਫੜ ਬਾਹੋਂ ਘੋੜੀ ਚਾੜ੍ਹੇ, ਸ਼ਬਦ ਘੋੜਾ ਇਕ ਰਖਾਈਆ । ਸਾਚੀ ਪੁਰੀਆਂ ਆਪੇ ਵਾੜੇ, ਸਾਚੀ ਬਣਤ ਰਿਹਾ ਬਣਾਈਆ ।

੩੭੬ ੦੫

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਾਲ ਅੰਞਾਣ ਦੇਵੇ ਵਰ, ਕਰੋੜ ਤੇਤੀਸਾ ਪੜ੍ਹੇ ਹਦੀਸ, ਸੋਹੰ ਅੱਖਰ ਦੇ ਮਤ ਰਿਹਾ ਸਮਝਾਇਆ । ਕਰੋੜ ਤੇਤੀਸਾ ਇਹ ਜਣਾਇਆ ਏ । ਛੋਟੇ ਬਾਲੇ ਇਹ ਸਮਝਾਇਆ ਏ । ਪੁਰਖ ਅਬਿਨਾਸ਼ੀ ਜਾਮਾ ਪਾਇਆ ਏ । ਘਨਕਪੁਰ ਵਾਸੀ ਦਇਆ ਕਮਾਇਆ ਏ । ਨਿਹਕਲੰਕਾ ਨਾਉਂ ਰਖਾਇਆ ਏ । ਦਵਾਰ ਬੰਕਾ ਇਕ ਸੁਹਾਇਆ ਏ । ਬਾਰ ਅਨਕਾ ਜੋਤ ਜਗਾਇਆ ਏ । ਏਕਾ ਡੰਕ ਸ਼ਬਦ ਵਜਾਇਆ ਏ । ਰਾਓ ਰੰਕਾਂ ਰਿਹਾ ਸੁਣਾਇਆ ਏ । ਪੁਰੀਆਂ ਲੋਆਂ ਰਿਹਾ ਹਿਲਾਇਆ ਏ । ਇੰਦ ਇੰਦਰਾਸਣ ਫੜ ਉਠਾਇਆ ਏ । ਸਚ ਸਿੰਘਾਸਣ ਦਿਸ ਨਾ ਆਇਆ ਏ । ਕਰੋੜ ਤੇਤੀਸਾ ਦਏ ਦੁਹਾਇਆ ਏ । ਦੰਦ ਬੱਤੀਸਾ ਰਾਗ ਨਾ ਗਾਇਆ ਏ । ਨਾਰਦ ਮੁਨ ਆਪ ਸਮਝਾਇਆ ਏ । ਰਾਗ ਛਤੀਸਾ ਜਿਨ ਸੁਣਾਇਆ ਏ । ਜੂਠਾ ਝੂਠਾ ਪੀਸਣ ਪੀਸਾ, ਪਾਰਬ੍ਰਹਮ ਨਾ ਦਰਸ਼ਨ ਪਾਇਆ ਏ । ਵੇਖੇ ਖੇਲ ਬੀਸ ਇਕੀਸਾ, ਆਪੇ ਮਾਇਆ ਆਪੇ ਛਾਇਆ ਏ । ਦਰ ਦਵਾਰੇ ਝੁੱਲੇ ਛਤਰ ਸੀਸਾ, ਤ੍ਰੈਲੋਕੀ ਨਾਥ ਆਪ ਅਖਵਾਇਆ ਏ । ਕੋਈ ਨਾ ਕਰੇ ਮਾਤ ਰੀਸਾ, ਆਪ ਆਪਣਾ ਭੇਖ ਵਟਾਇਆ ਏ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਰੰਗ ਰੰਗੀਲਾ ਰਾਗਨ ਰਾਗਾ ਜਗਤ ਤਿਆਗਾ ਸ਼ਬਦ ਸੁਹਾਗਾ ਗੀਤ ਏਕਾ ਕੰਨ ਸੁਣਾਇਆ ਏ । ਸਾਚਾ ਸ਼ਬਦ ਸੁਣਾਏ ਵਡ ਜਣਾਈਆ । ਵੇਖ ਵਖਾਏ ਥਾਉਂ ਥਾਏਂ, ਸ਼ਬਦ ਤੀਰ ਇਕ ਚਲਾਈਆ । ਚਾਰੋਂ ਕੁੰਟ ਉਡੇ ਕਾਂਏ, ਸ਼ਬਦ ਨੀਰ ਹੱਥ ਨਾ ਆਈਆ । ਨਾ ਕੋਈ ਪਕੜੇ ਕਿਸੇ ਬਾਂਹੇ, ਪੀਰ ਫ਼ਕੀਰ ਮੁਖ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ ਆਪ ਸਮਝਾਏ ਦਇਆ ਕਮਾਏ ਦੇ ਦੇ ਮਤ ਆਪ ਆਪਣੀ ਗੋਦ ਉਠਾਈਆ । ਆਪਣੀ ਗੋਦ ਉਠਾਏ, ਹਰਿ ਰੰਗ ਰਤਿਆ । ਸਾਚਾ ਸੰਗ ਨਿਭਾਏ, ਵਾ ਨਾ ਲਗੇ ਤਤਿਆ । ਆਪ ਆਪਣੇ ਰੰਗ ਸਮਾਏ, ਦੇਵੇ ਧੀਰਜ ਯਤ ਜਤਿਆ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ ਆਪ ਸਮਝਾਏ ਦੇ ਦੇ ਮਤਿਆ । ਕਿਸ਼ਨਾ ਜਗਤ ਪਸਾਰਿਆ, ਪੱਖ ਪਖਵਾੜਾ ਮਾਤ । ਮਾਤ ਦੀਸੇ ਪਾਸਾ ਹਾਰਿਆ, ਨਾ ਮਿਲੇ ਸੱਚੀ ਦਾਤ । ਸਾਚੀ ਦਾਤ ਪੁਰਖ ਅਪਾਰਿਆ, ਚਰਨ ਕਵਲ ਸੱਚਾ ਨਾਤ । ਚਰਨ ਨਾਤਾ ਜਨਮ ਅਧਾਰਿਆ, ਮਿਲੇ ਵਸਤ ਇਕ ਸੁਗਾਤ । ਸਚ ਸੁਗਾਤ ਬਾਲ ਅੰਞਾਣਿਆ, ਮਿੱਟੇ ਦੁੱਖਾਂ ਅੰਧੇਰੀ ਰਾਤ । ਆਪ ਆਪਣੀ ਦਇਆ ਕਮਾ ਲਿਆ, ਆਪੇ ਵੇਖੇ ਮਾਰ ਝਾਤ । ਗੁਰਮੁਖ ਚਾਤ੍ਰਕ ਤ੍ਰਿਸ਼ਨਾ ਅਗਨ ਬੁਝਾ ਲਿਆ, ਅੰਮ੍ਰਿਤ ਦੇਵੇ ਬੂੰਦ ਸਵਾਂਤ । ਅੰਮ੍ਰਿਤ ਜਾਮ ਇਕ ਪਿਲਾ ਲਿਆ, ਦਰਸ ਦਿਖਾਏ ਇਕ ਇਕਾਂਤ । ਇਕ ਇਕਾਂਤ ਹਰਿ ਜਨ ਜਾਨਿਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਚਰਨ ਬੰਧਾਏ ਸਾਚਾ ਨਾਤ । ਗੁਰਮਤ ਗੁਰਸਿਖ ਸਿੱਖਿਆ, ਗੁਰ ਦਰ ਪੂਰਨ ਪਾ । ਮਿਲੇ ਨਾਮ ਵਸਤ ਸਚ ਭਿਛਿਆ, ਦੁਰਮਤ ਮੈਲ ਗਵਾ । ਸਦਾ ਸਹੇਲਾ ਪੂਰਨ ਕਰੇ ਇਛਿਆ, ਸਾਚਾ ਮੇਲਾ ਲਏ ਮਿਲਾ । ਮਿਲਿਆ ਮੇਲ ਧੁਰ ਦਰਗਾਹੀ ਲਿਖਿਆ, ਨਾ ਸਕੇ ਕੋਈ ਛੁਡਾ । ਆਤਮ ਲਾਹੇ ਦੂਈ ਦਵੈਤੀ ਵਿਖਿਆ, ਅੰਮ੍ਰਿਤ ਆਤਮ ਜਾਮ ਪਿਆ । ਜਗਤ ਮਿਟਾਏ ਝੂਠੀ ਤ੍ਰਿਖਿਆ, ਧੀਰਜ ਸਤਿ ਸੰਤੋਖ ਧਰਾ । ਸ੍ਰਿਸ਼ਟ ਸਬਾਈ ਦੀਸੇ ਮਿਥਿਆ, ਭਾਂਡਾ ਭਰਮ ਦਏ ਭੰਨਾ । ਜੋਤੀ ਜੋਤ ਸਰੂਪ ਹਰਿ, ਹਰਿਜਨ ਸਾਚਾ ਏਕਾ ਦਰ, ਆਪੇ ਕਰੇ ਕਰਾਏ ਮਾਤ ਪਰੀਖਿਆ । ਜਗਤ ਜਗਦੀਸੇ ਜੋਤ ਜਗਾਈ, ਦਿਸ ਕਿਸੇ ਨਾ ਆਇਆ । ਬੀਸ ਇਕੀਸੇ ਰਚਨ ਰਚਾਈ, ਕਲਜੁਗ ਕਰਨ ਆਇਆ

ਕੁੜਮਾਈ, ਈਸਾ ਮੂਸਾ ਦਏ ਦੁਹਾਈ, ਧਰਮ ਰਾਏ ਦਰ ਵੱਜੀ ਵਧਾਈ, ਅਠਾਈ ਕੁੰਢਾਂ ਕੁੰਡਾ ਖੋਲ੍ਹਿਆ । ਲੱਖ ਚੁਰਾਸੀ ਵੇਖ ਵਖਾਣੇ ਥਾਓਂ ਥਾਈਂ, ਪੜਦਾ ਉਹਲਾ ਰਹੇ ਨਾ ਰਾਇਆ । ਗੁਰਮੁਖ ਸਾਚੇ ਸੰਤ ਸੁਹੇਲੇ ਫੜ ਫੜ ਉਠਾਏ ਬਾਂਹੀ, ਸ਼ਬਦ ਚੋਲਾ ਤਨ ਪਹਿਨਾਇਆ । ਸਦਾ ਸੁਹੇਲਾ ਰਖੇ ਠੰਡੀਆਂ ਛਾਂਈ, ਸੋਹੰ ਢੋਲਾ ਇਕ ਸੁਣਾਇਆ । ਦਰ ਘਰ ਮੇਲਾ ਚਾਈਂ ਚਾਈਂ, ਵਕਤ ਦੁਹੇਲਾ ਮਾਤ ਚੁਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਭਾਣਾ ਹਰਿ ਸੁਲਤਾਨਾਂ ਆਪਣੇ ਹੱਥ ਰਖਾਇਆ । ਭਾਣਾ ਹੱਥ ਕਰਤਾਰ, ਭੇਦ ਅਭੇਦਿਆ । ਲੋਕਮਾਤੀ ਪਾਵੇ ਸਾਰ, ਅਛਲ ਅਛੇਦਿਆ । ਲੱਖ ਚੁਰਾਸੀ ਗਈ ਹਾਰ, ਜੂਠ ਝੂਠ ਵਹਿੰਦੀ ਧਾਰ, ਪੜ੍ਹ ਪੜ੍ਹ ਥੱਕੇ ਵੇਦ ਕਤੇਬਿਆ । ਗੁਰਮੁਖ ਵਿਰਲਾ ਸੰਤ ਦੁਲਾਰ, ਰਸਨਾ ਗਾਏ ਗੁਣ ਹਰਿ ਹਰਿ ਜੇਹਵਿਆ । ਗੁਰਮੁਖ ਵਿਰਲਾ ਸਾਚੀ ਨਾਰ, ਮਿਲੇ ਮੇਲ ਪੁਰਖ ਭਤਾਰ, ਏਕਾ ਸੇਜਾ ਬ੍ਰਹਮ ਵਿਚਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਤਮ ਸ਼ਬਦ ਤੀਰ ਏਕ ਵਿਧਿਆ । ਪਾਰਬ੍ਰਹਮ ਬ੍ਰਹਮ ਮੇਲ ਪਾਰ ਕਿਨਾਰਿਆ । ਇਕ ਚਲਾਏ ਸਾਚਾ ਧਰਮ ਵਿਚ ਸੰਸਾਰਿਆ । ਸਤਿਜੁਗ ਸਾਚੇ ਤੇਰਾ ਕਰਮ, ਪੁਰਖ ਅਬਿਨਾਸ਼ੀ ਆਪ ਵਿਚਾਰਿਆ । ਏਕਾ ਏਕ ਰਖਾਏ ਸਾਚਾ ਵਰਨ, ਵਰਨ ਅਵਰਨਾ ਲੇਖ ਲਿਖਾ ਰਿਹਾ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਕਲਜੁਗ ਲੇਖ ਵੇਖ ਹਰਿ, ਆਪ ਆਪਣੇ ਰੰਗ ਸਮਾ ਰਿਹਾ । ਆਪ ਆਪਣੇ ਰੰਗ ਸਮਾਏ, ਸ਼ਾਹ ਸੁਲਤਾਨਿਆ । ਭੇਖ ਮਿਟਾਏ ਵਾਲੀ ਦੋ ਜਹਾਨਿਆ । ਰਮਈਆ ਰਾਮਾ ਸ਼ਬਦ ਦਮਾਮਾ ਇਕ ਵਜਾਏ, ਜਨ ਭਗਤਾਂ ਆਤਮ ਬੰਨ੍ਹੇ ਸਾਚਾ ਗਾਨਿਆ । ਕਲਜੁਗ ਲੱਖ ਚੁਰਾਸੀ ਏਕਾ ਤਾਮਾ ਆਪ ਬਣਾਏ, ਰਾਏ ਧਰਮ ਦਰ ਬਹਾਨਿਆ । ਨਾ ਕੋਈ ਨਗਰ ਸ਼ਹਿਰ ਗ੍ਰਾਮਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਭਾਣਾ ਰਾਣਾ ਸੁਘੜ ਸਿਆਣਾ ਏਕਾ ਏਕ ਵਖਾਨਿਆ । ਹਰਿ ਭਾਣਾ ਬਲਵਾਨ, ਸ਼ਬਦ ਜਣਾਈਆ । ਸ਼ਬਦ ਗੁਰ ਮਿਹਰਵਾਨ, ਸ੍ਰਿਸ਼ਟ ਸਬਾਈਆ । ਸ੍ਰਿਸ਼ਟ ਸਬਾਈ ਜੀਆ ਦਾਨ, ਦੇਵਣਹਾਰ ਹਰਿ ਰਘੁਰਾਈਆ । ਹਰਿ ਰਘੁਰਾਈ ਕਰ ਪਛਾਣ, ਜੋਤੀ ਜਾਮਾ ਭੇਖ ਵਟਾਈਆ । ਜੋਤੀ ਜਾਮਾ ਸ੍ਰੀ ਭਗਵਾਨ, ਨੌਂ ਦਵਾਰੇ ਦਿਸ ਨਾ ਆਈਆ । ਨੌਂ ਦਵਾਰੇ ਜਗਤ ਦੁਕਾਨ, ਆਤਮ ਤ੍ਰਿਸਨਾ ਫਿਰੇ ਹਲਕਾਈਆ । ਆਤਮ ਤ੍ਰਿਸਨਾ ਬੇਈਮਾਨ, ਕਾਹਨਾ ਕ੍ਰਿਸ਼ਨਾ ਦਿਸ ਨਾ ਆਈਆ । ਕਾਹਨਾ ਕ੍ਰਿਸ਼ਨਾ ਜੋਤ ਮਹਾਨ, ਵੇਦ ਅਥਰਬਣ ਰਿਹਾ ਚਲਾਈਆ । ਵੇਦ ਅਥਰਬਣ ਵੇਖ ਨਿਸ਼ਾਨ, ਅਲ੍ਹਾ ਰਾਣੀ ਦਏ ਦੁਹਾਈਆ । ਅਲ੍ਹਾ ਰਾਣੀ ਨੌਜਵਾਨ, ਸੰਗ ਮੁਹੰਮਦ ਰਹੀ ਜਗਾਈਆ । ਸੰਗ ਮੁਹੰਮਦ ਵਡ ਬਲਵਾਨ, ਚਾਰ ਯਾਰਾਂ ਸਦ ਰਖਾਈਆ । ਚਾਰ ਯਾਰ ਕਰ ਖਵਾਰ, ਕਲਜੁਗ ਤੇਰੀ ਅੰਤਮ ਵਾਰ, ਸ਼ਬਦ ਧਾਰ ਸੀਸ ਰਖਾਈਆ । ਸ਼ਬਦ ਧਾਰ ਅਪਰ ਅਪਾਰ, ਚਾਰੋਂ ਕੁੰਟ ਵਾਰੋ ਵਾਰ, ਮਾਰੇ ਮਾਰ ਅਪਾਰ, ਦਿਸ ਕਿਸੇ ਨਾ ਆਈਆ । ਗੁਰਮੁਖ ਸੁਹੇਲੇ ਸਾਚੇ ਸੰਤ ਲਏ ਉਭਾਰ, ਸ਼ਬਦ ਜੋਤੀ ਕਰ ਪਿਆਰ, ਚਰਨ ਨਾਤਾ ਪੁਰਖ ਬਿਧਾਤਾ ਇਕ ਬੰਧਾਈਆ । ਰੂਪ ਅਗੰਮਾ ਪਾਵੇ ਸਾਰ, ਹੱਡ ਮਾਸ ਨਾੜੀ ਚੰਮਾ ਆਪ ਸੁਹਾਏ ਦਰ ਦਰਬਾਰ, ਨੌਂ ਦਵਾਰੇ ਬੰਦ ਕਰਾਈਆ । ਦਸਵੇਂ ਦਰਸ ਤਰਸ ਕਰਤਾਰ, ਅੰਮ੍ਰਿਤ ਆਤਮ ਮੇਘ ਦੇਵੇ ਬਰਸ, ਹਉਮੇ ਤ੍ਰਿਸਨਾ ਆਤਮ ਮਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਲੇਖ ਵੇਖ ਹਰਿ, ਆਪ ਆਪਣੇ ਰੰਗ ਸਮਾਈਆ । ਆਪ ਆਪਣੇ ਰੰਗ ਸਮਾਏ, ਰੰਗ ਅਨੂਪਿਆ । ਲੋਕਮਾਤ ਦਿਸ ਨਾ ਆਏ, ਵਡਾ ਸ਼ਾਹੋ ਭੂਪਿਆ । ਕਲਜੁਗ ਹਿਸਾ ਇਕ ਵੰਡਾਏ, ਅੰਧ ਅੰਧੇਰਾ ਅੰਧ ਕੂਪਿਆ । ਜੋਤੀ

ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਕਲਜੁਗ ਅੰਤਮ ਵੇਖ ਹਰਿ, ਹਰਿਜਨ ਸਾਚੇ ਖੋਲ੍ਹ ਦਰ, ਦਰਸ ਵਖਾਏ ਸਤਿ ਸਰੂਪਿਆ । ਸਤਿ ਪੁਰਖ ਸਤਿ ਸਰੂਪ ਸਤਿ ਸਤਿਵਾਦਿਆ । ਵੇਖ ਵਖਾਣੇ ਮਾਨਸ ਦੇਹੀ ਉਲਟਾ ਬ੍ਰਿਖ, ਸ਼ਬਦ ਜਣਾਏ ਬੋਧ ਅਗਾਧਿਆ । ਜਨ ਭਗਤ ਮਿਟਾਏ ਆਤਮ ਤ੍ਰਿਸਨਾ ਤ੍ਰਿਖ, ਸ਼ਬਦ ਸੁਹੇਲਾ ਏਕਾ ਲਾਧਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਵੇਖ ਹਰਿ, ਇਕ ਵਜਾਏ ਸ਼ਬਦ ਨਾਦ ਸੋਹੰ ਸਾਚਾ ਨਾਦਿਆ । ਸ਼ਬਦ ਨਾਦ ਅਪਾਰ ਹਰਿ ਵਜਾਇੰਦਾ । ਚਾਰ ਵਰਨਾਂ ਏਕਾ ਦਾਦ, ਪਾਰ ਕਰਾਇੰਦਾ । ਮੇਲ ਮਿਲਾਵੇ ਮਾਧਵ ਮਾਧ, ਧਰਮ ਜੈਕਾਰ ਵਿਚ ਸੰਸਾਰ ਪਹਿਲੀ ਵਾਰ ਆਪੇ ਆਪ ਵਖਾਇੰਦਾ । ਸੋਲਾਂ ਕਰ ਤਨ ਸ਼ਿੰਗਾਰ, ਗੁਰਮੁਖ ਸਾਚੇ ਕਰ ਪਿਆਰ, ਸ਼ਬਦ ਸਿੰਘਾਸਣ ਆਪ ਬਹਾਇੰਦਾ । ਜੋਤੀ ਨੂਰ ਕਰ ਅਕਾਰ, ਸ਼ਬਦ ਗੁਣ ਭਰਪੂਰ ਸੱਚੀ ਸਰਕਾਰ, ਸ਼ਬਦ ਤੂਰ ਅੰਮ੍ਰਿਤ ਧਾਰ, ਠੰਡੀ ਠਾਰ ਆਪ ਵਹਾਇੰਦਾ । ਨਰ ਨਰਾਇਣ ਖੇਲ ਅਪਾਰ, ਤੀਜੇ ਨੈਣਾ ਭਗਤ ਅਧਾਰ, ਮਹੱਲ ਅਟੱਲ ਸਾਚੇ ਬਹਿਣਾ, ਪੂਰਬ ਜਨਮ ਲਹਿਣਾ ਲੈਣਾ ਮਿਲੇ ਮੇਲ ਪੁਰਖ ਭਤਾਰ । ਅੰਤਮ ਕਲਜੁਗ ਭਾਣਾ ਸਹਿਣਾ, ਲੱਖ ਚੁਰਾਸੀ ਵਹਿਣ ਵਹਿਣਾ, ਨਾਤਾ ਤੁੱਟੇ ਭਾਈ ਭੈਣਾਂ, ਨਾ ਕੋਈ ਦੀਸੇ ਸਾਕ ਸੱਜਣ ਸੈਣਾ, ਗੁਰਮੁਖ ਰਹਿਣਾ ਖ਼ਬਰਦਾਰ । ਗੁਰਮੁਖ ਸ਼ਬਦ ਜਗਾਏ, ਜਗਤ ਗੁਰ ਜਾਗਿਆ । ਏਕਾ ਚੋਟ ਤਨ ਲਗਾਏ, ਹਉਮੇ ਖੋਟ ਜਾਏ ਭਾਗਿਆ । ਕੋਟਨ ਕੋਟ ਫਿਰਨ ਹਲਕਾਏ, ਨਾ ਕੋਈ ਸੁਣਾਏ ਅਨਹਦ ਰਾਗਿਆ । ਨਾ ਕੋਈ ਚੋਲੀ ਰੰਗ ਚੜ੍ਹਾਏ, ਸ਼ਬਦ ਮਿਲੇ ਨਾ ਸਾਚਾ ਤਾਜਿਆ । ਸਾਚੀ ਡੋਲੀ ਕਵਣ ਉਠਾਏ, ਕਲ ਪੜਦਾ ਕਿਸੇ ਨਾ ਕਾਜਿਆ । ਸਾਚੀ ਗੋਲੀ ਆਪ ਬਣਾਏ, ਜਿਸ ਜਨ ਤੇਰਾ ਸਾਜਨ ਸਾਜਿਆ । ਕਲਜੁਗ ਤੇਰਾ ਬੋਲੀ ਆਪ ਵਿਆਹੇ, ਤਖ਼ਤੋਂ ਲਾਹੇ ਰਾਜਨ ਰਾਜਿਆ । ਅਗੰਮ ਅਗੰਮਾ ਭੇਦ ਅਭੇਦਾ ਰਿਹਾ ਖੋਲ੍ਹੀ, ਚਾਰੋਂ ਕੁੰਟ ਪਏ ਭਾਜਿਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਕਲਜੁਗ ਰੇਖ ਵੇਖ ਹਰਿ, ਧੁਰ ਦਰਗਾਹੀ ਜਗਤ ਮਲਾਹੀ ਸਾਚਾ ਸ਼ਾਹੋ ਲੋਕਮਾਤ ਆਇਆ ਭਾਗਿਆ । ਲੋਕਮਾਤ ਪਰਧਾਨ, ਭਗਤ ਭਗਵਾਨਿਆ । ਧਰਮ ਝੁਲਾਏ ਇਕ ਨਿਸ਼ਾਨ, ਵਾਲੀ ਦੋ ਜਹਾਨਿਆ । ਸ੍ਰਿਸ਼ਟ ਸਬਾਈ ਏਕਾ ਆਣ, ਖਾਣ ਪਾਣ ਆਪ ਵਖਾਨਿਆ । ਮੇਟ ਮਿਟਾਏ ਬੇਈਮਾਨ, ਨਾ ਕੋਈ ਦੀਸੇ ਜੀਵ ਸ਼ੈਤਾਨ, ਖਾਣੀ ਬਾਣੀ ਵੇਦ ਪੁਰਾਨ ਅੰਜ਼ੀਲ ਕੁਰਾਨ ਪੁਨਿਆ ਛਾਨਿਆ । ਗਿਆਨੀ ਧਿਆਨੀ ਮਾਰ ਧਿਆਨ, ਪੰਡਤ ਪਾਂਧੇ ਪੁਣ ਛਾਣ, ਮੁਲ੍ਹਾਂ ਸ਼ੇਖ਼ ਮੁਸਾਇਕ ਪੀਰ ਗਲ ਪਾਇਣ ਝੂਠੀ ਗਾਨੀਆ । ਗੁਰਮੁਖ ਗੁਰਮੁਖ ਗੁਰਮੁਖ, ਏਕਾ ਏਕ ਪਛਾਣ । ਮੈਲ ਧੋਏ ਦੁਰਮਤ, ਦੇਵੇ ਨਾਮ ਸ਼ਬਦ ਬਿਬਾਣ । ਆਪ ਸੁਹਾਏ ਕਾਇਆ ਰੁੱਤ, ਪਾਰਬ੍ਰਹਮ ਅਬਿਨਾਸ਼ੀ ਅਚੁੱਤ, ਦੀਪਕ ਜੋਤੀ ਜਗੇ ਮਹਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਰੇਖ ਵੇਖ ਹਰਿ, ਸਾਚਾ ਸ਼ਬਦ ਕਰੇ ਪ੍ਰਧਾਨ । ਗੁਰ ਮੰਤਰ ਸ਼ਬਦ ਅਪਾਰ, ਭਗਤ ਜਣਾਈਆ । ਪ੍ਰਭ ਸਾਚਾ ਬਿਧ ਜਾਣੇ ਅੰਤਰ, ਹਰਿ ਘਟ ਮੇਂ ਰਿਹਾ ਸਮਾਈਆ । ਆਪ ਬੁਝਾਏ ਲੱਗੀ ਤਨ ਬਸੰਤਰ, ਆਤਮ ਤੀਰਥ ਤਟ ਇਸ਼ਨਾਨ ਕਰਾਈਆ । ਬਣੇ ਮਾਤ ਜਗ ਸਾਚੀ ਬਣਤਰ, ਘਟ ਘਟ ਦਰਸ਼ਨ ਪਾਈਆ । ਮਨਮੁਖ ਵਿਛੋੜਾ ਜੁਗਾ ਜੁਗੰਤਰ, ਗੁਰਮੁਖਾਂ ਵਕਤ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕ ਦੇਵੇ ਨਾਮ ਵਡੀ ਵਡਿਆਈਆ । ਹਰਿ ਸ਼ਬਦ ਅਪਾਰ ਮਿਟਾਏ ਰੋਗ ਸੰਤਾਪਿਆ । ਹਰਿ ਸ਼ਬਦ ਵਿਚ ਸੰਸਾਰ, ਅਜਪਾ ਜਾਪ ਜਪ ਜਪ ਮਨ ਜਾਪਿਆ । ਜਗਤ ਤ੍ਰਿਸਨਾ ਰੋਗ ਦਏ ਨਿਵਾਰ, ਮੇਟ ਮਿਟਾਏ ਤੀਨੋ ਤਾਪਿਆ । ਆਤਮ

ਖੋਲ੍ਹੇ ਬੰਦ ਕਿਵਾੜ, ਹਰਿਜਨ ਜਾਣੇ ਆਪਨ ਆਪਿਆ । ਨੇੜ ਨਾ ਆਏ ਪੰਚਮ ਧਾੜ, ਹੋਏ ਸ਼ਬਦ ਵਡ ਪਰਤਾਪਿਆ । ਦਰ ਘਰ ਸਾਚੇ ਦੇਵੇ ਵਾੜ, ਹਰਿ ਜਨ ਥਾਪਨ ਸਾਚਾ ਥਾਪਿਆ । ਆਪੇ ਹੋਏ ਪਿਛੇ ਅਗਾੜ, ਸਦਾ ਸਹਾਈ ਬਾਪਿਆ । ਵੇਖੇ ਪਰਖੇ ਮਿੱਠੇ ਕੌੜ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਨਾਮ ਵਰ, ਕਲਜੁਗ ਪਾਪ ਰਿਹਾ ਕਾਪਿਆ । ਮਤ ਮਨ ਬੁਧ ਨਿਰਗੁਣ ਰਚਨ ਰਚਾਈਆ । ਸਰਗੁਣ ਆਵੇ ਸੁਧ, ਸੁਰਤੀ ਸੁਰਤ ਹਿਲਾਈਆ । ਸੁਰਤੀ ਸੁਰਤ ਹੋਵੇ ਸੁੱਧ, ਸਤਿਗੁਰ ਪੂਰਾ ਦਇਆ ਕਮਾਈਆ । ਤਨ ਮਨ ਅੰਮ੍ਰਿਤ ਆਤਮ ਰਸ ਗੁੱਧ, ਸੀਤਲ ਧਾਰਾ ਠੰਡੀ ਠਾਰਾ ਅੰਮ੍ਰਿਤ ਆਤਮ ਆਪ ਵਹਾਈਆ । ਸ਼ਬਦ ਘੋੜੇ ਬਹਿਣਾ ਕੁੱਦ, ਪੰਚ ਪੰਚਾਇਣੀ ਝੂਠਾ ਯੁੱਧ, ਪ੍ਰਭ ਸਾਚਾ ਲਏ ਛੁਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗਤ ਸੰਤਾਪ ਦੇਵੇ ਹਰਿ, ਆਪ ਆਪਣਾ ਸੰਗ ਨਿਭਾਈਆ । ਸੰਗੀ ਸਾਥੀ ਸਗਲਾ ਸਾਥ । ਹਰਿ ਰਘੁਨਾਥੀ ਤ੍ਰੈਲੋਕੀ ਨਾਥ । ਮਸਤਕ ਲੇਖਾ ਲਿਖੇ ਮਾਥੀ, ਸ਼ਬਦ ਚੜ੍ਹਾਏ ਸਾਚੇ ਰਾਥ । ਕਥਨਾ ਅਕਥ ਕਥ ਕਥ ਕਾਥੀ, ਆਪ ਚਲਾਏ ਆਪਣੀ ਗਾਥ । ਲਹਿਣਾ ਦੇਣਾ ਚੁਕੇ ਬਾਕੀ, ਆਤਮ ਖੋਲ੍ਹੇ ਸ਼ਬਦ ਬੋਲੇ ਝੂਠੀ ਤਾਕੀ, ਲਹਿਣਾ ਦੇਣਾ ਤੀਜੇ ਨੈਣਾ ਸ਼ਬਦ ਗਹਿਣਾ ਹਾਥੋ ਹਾਥ । ਸ਼ਬਦ ਭੰਡਾਰਾ ਏਕ ਹਰਿ ਵਰਤਾਇੰਦਾ । ਜਗਤ ਵਰਤਾਰਾ ਏਕ, ਏਕਾ ਆਪੇ ਆਪ ਅਖਵਾਇੰਦਾ । ਸ੍ਰਿਸ਼ਟ ਸਬਾਈ ਵੇਖੇ ਲੇਖ, ਲੇਖਾ ਆਪਣੇ ਹੱਥ ਰਖਾਇੰਦਾ । ਆਪੇ ਧਾਰੇ ਆਪਣਾ ਭੇਖ, ਭੇਖਾਧਾਰੀ ਆਪ ਅਖਵਾਇੰਦਾ । ਦਰ ਦਵਾਰੇ ਬ੍ਰਹਮਾ ਵਿਸ਼ਨ ਮਹੇਸ਼, ਦਰ ਦਰਵੇਸ਼ ਸੇਵਾ ਲਾਇੰਦਾ । ਨਾ ਕੋਈ ਮੁੱਛ ਦਾਹੜੀ ਨਾ ਕੇਸ, ਜੋਤ ਸਰੂਪੀ ਡਗਮਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲੋਕਮਾਤੀ ਬਣਤ ਬਣਾਇੰਦਾ । ਲੋਕਮਾਤ ਬਣਤ ਬਣਾਈਆ । ਬ੍ਰਹਮੇ ਬ੍ਰਹਮ ਉਪਾਇਆ, ਪਾਰਬ੍ਰਹਮ ਵਡ ਵਡੀ ਵਡਿਆਈਆ । ਆਪ ਆਪਣਾ ਕਰਮ ਕਮਾਇਆ, ਜੀਵ ਜੰਤ ਨਾ ਜਾਣੇ ਰਾਈਆ । ਲੱਖ ਚੁਰਾਸੀ ਵਿਚ ਸਮਾਇਆ, ਵੇਖ ਵਖਾਣੇ ਥਾਉਂ ਥਾਈਆ । ਆਪ ਦਿਸ ਕਿਸੇ ਨਾ ਆਇਆ, ਗੁਰਮੁਖ ਸਾਚੇ ਪਕੜ ਉਠਾਏ ਫੜ ਫੜ ਬਾਹੀਂਆ । ਜੁਗ ਸਤਾਈ ਭੇਖਾਧਾਰੀ ਭੇਖ ਧਰਦਾ ਆਇਆ, ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਕਲਜੁਗ ਅੰਤਮ ਅੰਤ ਏਕਾ ਡੰਕ ਰਿਹਾ ਵਜਾਈਆ । ਏਕਾ ਡੰਕ ਰਾਓ ਰੰਕ ਚਾਰ ਵਰਨ ਹਰਿ ਸੁਣਾਇੰਦਾ । ਹਰਿਜਨ ਵਡਿਆਈ ਜਿਉਂ ਭਗਤ ਜਨਕ, ਬਾਰ ਅਨਕ ਦਰਸ ਦਿਖਾਇੰਦਾ । ਜੋਤ ਸਰੂਪੀ ਲਾਏ ਤਨਕ, ਸ਼ਬਦ ਸਰੂਪੀ ਪਕੜ ਉਠਾਇੰਦਾ । ਪਰਗਟ ਹੋਏ ਵਾਸੀ ਪੁਰੀ ਘਨਕ, ਸਚ ਦਵਾਰਾ ਨਰ ਨਿਰੰਕਾਰਾ ਏਕਾ ਏਕ ਵਖਾਇੰਦਾ । ਇਕ ਦਵਾਰਾ ਖੋਲ੍ਹ ਭਰਮ ਭਉ ਕਟਿਆ । ਪੂਰਾ ਤੋਲ ਪ੍ਰਭ ਤੋਲ, ਦੂਈ ਦਵੈਤੀ ਮੇਟੇ ਫਟਿਆ । ਗੁਰਮੁਖ ਆਤਮ ਰਹੇ ਅਡੋਲ, ਭਾਗ ਲਗਾਏ ਕਾਇਆ ਮੱਟਿਆ । ਏਕਾ ਏਕ ਸੁਣਾਏ ਵਜਾਏ ਸ਼ਬਦ ਸੱਚਾ ਢੋਲ, ਸੋਹੰ ਤਾਲ ਲੱਗੇ ਸਾਚੀ ਸੱਟਿਆ । ਦਸਮ ਦਵਾਰੀ ਪੜਦਾ ਖੋਲ੍ਹ, ਨਜ਼ਰੀ ਆਏ ਹਰਿ ਹਰ ਘਟ ਘਟਿਆ । ਮਾਣਕ ਮੋਤੀ ਲੈਣੇ ਰੋਲ, ਆਤਮ ਸੋਮਾ ਅੰਮ੍ਰਿਤ ਏਕਾ ਚੱਟਿਆ । ਪੁਰਖ ਅਬਿਨਾਸ਼ੀ ਵਸੇ ਕੋਲ, ਕਿਸੇ ਹੱਥ ਨਾ ਆਏ ਤੀਰਥ ਤਟਿਆ । ਚਰਨ ਪ੍ਰੀਤੀ ਘੋਲੀ ਘੋਲ, ਮਿਲੇ ਮੇਲ ਸ਼ਬਦ ਦਲਾਲ, ਕਾਇਆ ਮੰਦਰ ਸਾਚੇ ਅੰਦਰ, ਚੌਦਾਂ ਲੋਕ ਏਕਾ ਹੱਟਿਆ । ਜਗਤ ਜੋਗ ਪ੍ਰਭ ਹੱਥ, ਜਨ ਭਗਤ ਵਡਿਆਈਆ । ਹਉਮੇ ਰੋਗ ਦੇਵੇ ਮਥ, ਚਰਨ ਪ੍ਰੀਤੀ ਇਕ ਵਖਾਈਆ । ਪੰਜਾਂ ਚੋਰਾਂ ਪਾਏ ਨੱਥ, ਕਾਇਆ ਕੀਤੀ ਬੈਲ ਸਬਾਈਆ । ਲੇਖਾ ਚੁੱਕੇ ਸੀਆਂ ਸਾਢੇ ਤਿੰਨ

੩੮੦ ੦੫

ਹੱਥ, ਪੰਚ ਪੰਚਾਂ ਦਇਆ ਕਮਾਈਆ । ਸਗਲ ਵਸੂਰੇ ਜਾਇਣ ਲੱਥ, ਕਾਇਆ ਅੰਦਰ ਮੰਦਰ ਦਰਸ਼ਨ ਪਾਈਆ । ਚੜ੍ਹੇ ਚੜ੍ਹਾਏ ਸਾਚੇ ਰਥ, ਦਰ ਘਰ ਸਾਚਾ ਧਾਮ ਸੁਹਾਈਆ । ਮਹਿੰਮਾ ਜਗਤ ਕਥਨਾ ਅਕਥ, ਲੇਖੇ ਲਿਖ ਨਾ ਕੋਇ ਲਿਖਾਈਆ । ਸਰਬ ਕਲਾ ਆਪੇ ਸਮਰਥ, ਘਟ ਘਟ ਮੇਂ ਰਿਹਾ ਸਮਾਈਆ । ਸਰਬ ਕਲਾ ਸਮਰਥ ਹਰਿ ਭਗਵਾਨਿਆ । ਜਨ ਭਗਤਾਂ ਰੱਖੇ ਦੇ ਕਰ ਹੱਥ, ਵਾਲੀ ਦੋ ਜਹਾਨਿਆ । ਦੇਵੇ ਸ਼ਬਦ ਸਾਚੀ ਵਥ, ਆਤਮ ਜੋਤੀ ਬ੍ਰਹਮ ਗਿਆਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨ ਭਗਤਾਂ ਦੇਵੇ ਨਾਮ ਵਰ, ਸੋਹੰ ਸ਼ਬਦ ਜਗਤ ਭਗਤ ਨਿਸ਼ਾਨਿਆ । ਜਗਤ ਭਗਤ ਨਿਸ਼ਾਨ, ਹਰਿ ਝੁਲਾਇੰਦਾ । ਆਪੇ ਜਾਣੇ ਜਾਣੀ ਜਾਣ, ਦੂਸਰ ਕੋਈ ਭੇਦ ਨਾ ਪਾਇੰਦਾ । ਲੱਖ ਚੁਰਾਸੀ ਪੁਣ ਛਾਣ, ਗੁਰਮੁਖ ਸੋਏ ਮਾਤ ਉਠਾਇੰਦਾ । ਆਪ ਬਿਠਾਏ ਸ਼ਬਦ ਬਿਬਾਣ, ਉਡਾਰੀ ਇਕ ਲਗਾਇੰਦਾ । ਲੋਆਂ ਪੁਰੀਆਂ ਮਾਰ ਧਿਆਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸੰਤ ਸੁਹੇਲੇ ਆਪੇ ਆਪ ਮਿਲਾਇੰਦਾ । ਮਿਲਿਆ ਮੇਲ ਹਰਿ ਬਨਵਾਰੀ, ਆਤਮ ਬ੍ਰਹਮ ਪਛਾਨਿਆ । ਜਗਤ ਜੋਤ ਇਕ ਨਿਰੰਕਾਰੀ, ਸਾਚਾ ਧਰਮ ਜਗਤ ਨਿਸ਼ਾਨਿਆ । ਸੰਤ ਸੁਹੇਲੇ ਆਪ ਉਠਾਏ ਵਾਰੋ ਵਾਰੀ, ਦੇਵੇ ਨਾਮ ਧਨ ਧਨ ਨਾਮ ਗੁਣ ਨਿਧਾਨਿਆ । ਨਿਰਮਲ ਜੋਤੀ ਕਰ ਅਕਾਰੀ, ਸ਼ਬਦ ਸੁਣਾਏ ਸਾਚਾ ਰਾਗ ਨਰ ਨਰਾਇਣਾ । ਹਉਮੇ ਹੰਗਤਾ ਕੱਢ ਬਿਮਾਰੀ, ਦੇਵੇ ਦਰਸ ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਚਰਨ ਪ੍ਰੀਤੀ ਇਕ ਧਿਆਨਿਆ । ਇਕ ਧਿਆਨ ਇਕ ਗਿਆਨ ਇਕ ਬਿਬਾਣ ਰਖਾਣਾ ਏ । ਸ਼ਬਦ ਉਡਾਏ ਜਗਤ ਉਡਾਨ, ਲੋਆਂ ਪੁਰੀਆਂ ਬਾਹਰ ਰਖਾਣਾ ਏ । ਪਰਗਟ ਜੋਤ ਸਰੂਪ ਹਰਿ, ਆਪ ਆਪਣੇ ਵਿਚ ਸਮਾਨਾ ਏ । ਸੋਹੰ ਝੁੱਲੇ ਸਚ ਨਿਸ਼ਾਨ, ਪ੍ਰਭ ਸਾਚੇ ਹੱਥ ਉਠਾਣਾ ਏ । ਨਾ ਕੋਈ ਕੋਟ ਕਿਲ੍ਹਾ ਗੜ੍ਹ ਮਕਾਨ, ਸਾਚੇ ਮੰਦਰ ਆਪ ਟਿਕਾਣਾ ਏ । ਨਾ ਕੋਈ ਦੀਸੇ ਪੰਜ ਸ਼ੈਤਾਨ, ਨਾ ਕੋਈ ਹਦੀਸੇ ਅੰਜ਼ੀਲ ਕੁਰਾਨ, ਨਾ ਗਾਏ ਬਤੀਸੇ ਵੇਦ ਪੁਰਾਨ, ਖਾਣੀ ਬਾਣੀ ਭੇਵ ਛੁਪਾਉਣਾ ਏ । ਨਾ ਕੋਈ ਜਾਣੇ ਰਾਜ ਰਾਜਾਨ, ਭਰਮੇ ਭੁੱਲੇ ਸ਼ਾਹ ਸੁਲਤਾਨ, ਮਾਇਆ ਪੜਦਾ ਹਰਿ ਹਰਿ ਪਾਉਣਾ ਏ । ਗੁਰਮੁਖ ਸਾਚੇ ਚਤੁਰ ਸੁਜਾਨ, ਚਰਨ ਕਵਲ ਹਰਿ ਇਕ ਧਿਆਨ, ਰੰਗਣ ਰੰਗ ਨਾਮ ਰੰਗਾਉਣਾ ਏ । ਦੋ ਜਹਾਨੀ ਖੇਲ ਮਹਾਨ, ਬ੍ਰਹਮਾ ਸ਼ਿਵ ਹੋਏ ਹੈਰਾਨ, ਕਰੋੜ ਤੇਤੀਸਾ ਸੁਰਪਤ ਰਾਜਾ ਇੰਦ ਦਰ ਦਰਵਾਜੇ ਅੰਤ ਪਛੁਤਾਉਣਾ ਏ । ਪਰਗਟ ਹੋਏ ਹਰਿ ਮਰਗਿੰਦ, ਚਾਰੋਂ ਕੁੰਟ ਦੀਸੇ ਨਿੰਦ, ਨਿੰਦਕ ਨਿੰਦਿਆ ਮੁਖ ਭਰਾਉਣਾ ਏ । ਗੁਰਮੁਖ ਉਪਜੇ ਸਾਚੀ ਬਿੰਦ, ਪ੍ਰਭ ਸਾਗਰ ਸਿੰਧ ਧਾਰ ਵਿਹਾਉਣਾ ਏ । ਸੰਤ ਸੁਹੇਲੇ ਸਾਚੇ ਚੁੱਣ, ਧੁਨੀ ਨਾਦ ਉਪਜਾਏ ਸਾਚੀ ਧੁਨ, ਅਨਹਦ ਸਾਚਾ ਰਾਗ ਸੁਣਾਉਣਾ ਏ । ਆਪੇ ਜਾਣੇ ਗੁਣ ਅਵਗੁਣ, ਬਜ਼ਰ ਕਪਾਟੀ ਸਾਚੀ ਹਾਟੀ ਆਪ ਪੜਦਾ ਲਾਹੁਣਾ ਏ । ਜਗੇ ਜੋਤ ਕਾਇਆ ਮਾਟੀ, ਲੇਖਾ ਲਿਖੇ ਧੁਰ ਲਲਾਟੀ, ਔਖੀ ਘਾਟੀ ਆਪ ਚੜ੍ਹਾਉਣਾ ਏ । ਮਿਲੇ ਸਰੋਵਰ ਅੰਮ੍ਰਿਤ ਆਤਮ ਤੀਰਥ ਤਾਟੀ, ਗੁਰਮੁਖ ਸਾਚੇ ਸਚ ਇਸ਼ਨਾਨ ਕਰਾਉਣਾ ਏ । ਦੁਰਮਤ ਮੈਲ ਘਰ ਸਾਚੇ ਕਾਟੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਦਰਸ ਦਿਖਾਉਣਾ ਏ । ਬ੍ਰਹਿਮੰਡ ਖੰਡ ਵਰਵੰਡ ਵੰਡ ਆਪ ਕਰਾਇਆ । ਕਾਇਆ ਮੰਦਰ ਅੰਦਰ ਨਵ ਖੰਡ ਨੌਂ ਦਵਾਰੇ ਸੰਗ ਰਲਾਇਆ । ਸੁਰਤ ਸੁਹਾਗਣ ਸਦਾ ਰੰਡ, ਸਾਚਾ ਕੰਤ ਨਾ ਕਦੇ ਹੰਢਾਇਆ । ਗੁਰ ਸ਼ਬਦ ਦੇਵੇ ਸੀਤਲ ਧਾਰ ਸਾਚੀ ਠੰਡ, ਆਪ ਆਪਣੀ ਦਇਆ ਕਮਾਇਆ । ਗੁਰਮੁਖ ਪੱਲੇ ਬੰਨ੍ਹੇ ਨਾਮ ਗੰਢ, ਰਸਨਾ ਰਸ ਰਸਕ ਗੁਣ ਗਾਇਆ ।

ਗੁਰ ਪੂਰਾ ਕਰੇ ਆਪ ਆਪਣੀ ਵੰਡ, ਜੀਵ ਜੰਤ ਸਾਰ ਨਾ ਪਾਇਆ । ਪੰਚਾਂ ਚੋਰਾਂ ਦੇਵੇ ਦੰਡ, ਕਾਮ ਕਰੋਧ ਲੋਭ ਮੋਹ ਹੰਕਾਰ ਨੇੜ ਨਾ ਆਇਆ । ਜਗਤ ਮਿਟਾਏ ਭੇਖ ਪਖੰਡ, ਸਾਚਾ ਗੇੜਾ ਇਕ ਵਖਾਇਆ । ਮਨੂਆਂ ਖੇਲ ਕਰੇ ਬ੍ਰਹਿਮੰਡ, ਸੁਰਤੀ ਸੁਰਤ ਨਾ ਪਾਇਆ । ਨੌਂ ਦਵਾਰੇ ਜਗਤ ਵਿਕਾਰੇ ਵਿਚ ਵਰਭੰਡ, ਸ੍ਰਿਸ਼ਟ ਸਬਾਈ ਫਿਰੇ ਹਲਕਾਇਆ । ਗੁਰ ਪੂਰੇ ਗੁਰ ਸ਼ਬਦ ਹੱਥ ਫੜਾਏ ਚੰਡ ਪਰਚੰਡ, ਪਹਿਰੇਦਾਰ ਆਪ ਹੋ ਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਵੇਖੇ ਆਤਮ ਦਰ ਸਾਚਾ ਰਾਹ ਵਖਾਇਆ । ਮਨ ਸੁਰਤੀ ਸੁਰਤ ਭਵਾਇਆ । ਗੁਰ ਪੂਰਾ ਦਇਆ ਕਮਾਇਆ । ਸਾਚਾ ਸੂਰਾ ਸੇਵਾ ਲਾਇਆ । ਹਾਜ਼ਰ ਹਜ਼ੂਰਾ ਸਰਬ ਸੁਖਦਾਇਆ । ਨੌਂ ਦਵਾਰੇ ਰਾਹ ਹਧੂਰਾ, ਸਾਚਾ ਰਾਹ ਇਕ ਵਖਾਇਆ । ਜੋਤੀ ਜੋਤ ਸਰੂਪ ਹਰਿ, ਇਕ ਵਿਖਾਏ ਸਚ ਦਰ, ਨੌਂ ਦਵਾਰੇ ਬੰਦ ਕਰਾਇਆ । ਸ਼ਬਦ ਸੁਰਤ ਸ਼ਬਦ ਗੁਰ ਅਧਾਰ । ਗੁਰ ਸ਼ਬਦ ਸੁਰਤ ਪਾਰ । ਸੁਰਤ ਸ਼ਬਦ ਹਰਿ ਕਰਤਾਰ । ਹਰਿ ਕਰਤਾਰ ਪਾਵੇ ਸਾਰ । ਆਪੇ ਖਿਚੇ ਕਰੇ ਵਿਚਾਰ । ਈੜਾ ਪਿੰਗਲਾ ਖ਼ਬਰਦਾਰ । ਸੁਖਮਨ ਟੇਢੀ ਨਾੜ ਅੰਧ ਅੰਧਿਆਰ । ਡੂੰਘੀ ਗਹਿਰ ਨਾ ਉਤਰੇ ਪਾਰ । ਸੁਰਤੀ ਸੁਰਤ ਕਰੇ ਪੁਕਾਰ । ਕਵਣ ਦਵਾਰਾ ਨਿਰੰਜਣ ਜੋਤ, ਨਿਰਮਲ ਨਿਰਵੈਰ ਕਰੇ ਅਕਾਰ । ਲੇਖਾ ਚੁੱਕੇ ਵਰਨ ਗੋਤ, ਸ਼ਬਦ ਵਜੇ ਏਕਾ ਤਾਰ । ਦੁਰਮਤ ਮੈਲ ਝੂਠੀ ਧੋਤ, ਗੁਰ ਸ਼ਬਦ ਕਰੇ ਪਾਰ । ਆਪੇ ਖੋਲ੍ਹੇ ਆਪਣਾ ਸੋਤ, ਗੁਰ ਸ਼ਬਦ ਦਰਸ ਗੁਰ ਰੂਪ ਅਨੂਪ ਸਰੂਪ ਅਪਰ ਅਪਾਰ । ਕਰੇ ਪਰਕਾਸ਼ ਹਰਿ ਵਡਾ ਸ਼ਾਹੋ ਭੂਪ, ਰਾਗ ਨਾਦ ਅਨਾਹਦ ਧਾਰ । ਜੋਤੀ ਜੋਤ ਸਰੂਪ ਹਰਿ, ਸੁਰਤ ਸ਼ਬਦ ਮੇਲ ਕਰ, ਡੂੰਘੀ ਭਵਰ ਪਾਰ ਕਰ, ਦਰ ਦਵਾਰਾ ਇਕ ਅਕਾਰ ਕਰਾਇੰਦਾ । ਸਤਿਗੁਰ ਸ਼ਬਦ ਗਿਆਨ, ਆਤਮ ਬਰਸਿਆ । ਪਾਰਬ੍ਰਹਮ ਚਰਨ ਧਿਆਨ, ਵਡ ਵਡ ਕਰਮਿਆ । ਜੀਵ ਜੰਤ ਵਿਚ ਜਹਾਨ, ਮਰ ਮਰ ਜੰਮਿਆ । ਗੁਰਮੁਖ ਸਾਚਾ ਚੜ੍ਹੇ ਸ਼ਬਦ ਬਿਬਾਣ, ਨਾਤਾ ਤੁੱਟੇ ਝੂਠੇ ਚੰਮਿਆ । ਕਾਇਆ ਮੁੱਕੇ ਝੂਠੀ ਕਾਨ, ਗਰਭਵਾਸ ਨਾ ਕੋਈ ਧਿਆਨ, ਮਿਲੇ ਮੇਲ ਸ੍ਰੀ ਭਗਵਾਨ, ਮੇਟ ਮਿਟਾਏ ਭਰਮ ਭਰਮਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਵੇ ਜਾਵੇ ਖੇਲ ਰਚਾਵੇ, ਮਾਤ ਪਿਤ ਕਿਸੇ ਨਾ ਜੰਮਿਆ । ਸ਼ਬਦ ਇਕ ਅਕਾਰ ਜੋਤ ਅਕਾਲਿਆ । ਦੁਜੀ ਧਾਰ ਸ਼ਬਦ ਸਵਾਲਿਆ । ਤੀਜੀ ਕਰੇ ਰਖਵਾਰ, ਚੌਥੀ ਮੰਗੇ ਸਾਚੀ ਧਾਰ, ਦੇਵਣਹਾਰ ਦਿਆਲਿਆ । ਪੰਚਮ ਪੰਚਮ ਪੰਚ ਅਧਾਰ, ਤੋੜੇ ਕਾਇਆ ਗੜ੍ਹ ਜੰਜਾਲਿਆ । ਛੇਵੇਂ ਘਰ ਸੱਚੀ ਸਰਕਾਰ, ਮੰਗੇ ਮੰਗ ਬਣ ਭਿਖਾਰ, ਦਰ ਸਾਚੇ ਹੋਏ ਸਵਾਲੀਆ । ਪੰਚਮ ਵੇਖੇ ਪੰਚਮ ਯਾਰ, ਵੇਲੇ ਅੰਤਮ ਪਾਏ ਸਾਰ, ਫਲ ਲਗਾਏ ਕਾਇਆ ਡਾਲਿਆ । ਚੌਥੇ ਦਰ ਸੱਚੇ ਦਰਬਾਰ, ਪਰਮ ਪੁਰਖ ਏਕਾ ਜੋਤੀ ਸਾਚੀ ਨਾਰ, ਸ਼ਬਦ ਵਜੇ ਸਾਚੀ ਤਾਲੀਆ । ਤੀਜੇ ਦਰ ਦੇਵੇ ਵਰ, ਵੇਲੇ ਅੰਤਮ ਜਾਣਾ ਤਰ, ਆਪਣਾ ਪੀਠਾ ਖਾ ਲਿਆ । ਦੂਜੀ ਹਦੀਸੇ ਰਹੇ ਨਾ ਕੋਇ, ਸਾਚੀ ਸੋਏ ਹਰਿ ਬਨਵਾਲਿਆ । ਇਕ ਇਕੱਲਾ ਏਕਾ ਹੋਏ, ਜੋਤ ਨਿਰੰਜਣ ਸਚ ਬਲੋਏ, ਕਾਇਆ ਬੀਜ ਸਾਚਾ ਬੋਏ, ਆਪੇ ਬਣੇ ਸਾਚਾ ਹਾਲੀਆ । ਸਾਚਾ ਹਾਲੀ ਇਕ ਅਖਵਾਨਾ । ਸ਼ਬਦ ਪਾਲੀ ਨਾਮ ਤਰਾਨਾ । ਤੀਜੇ ਵੇਖੇ ਮਸਤਕ ਥਾਲੀ, ਦੀਪਕ ਜੋਤੀ ਇਕ ਜਗਾਨਾ । ਚੌਥੇ ਚਲੇ ਚਾਲ ਨਿਰਾਲੀ, ਆਪ ਆਪਣਾ ਭੇਖ ਵਟਾਨਾ । ਆਪੇ ਸ਼ਾਹ ਆਪ ਸਵਾਲੀ, ਪੰਚਮ ਧਾਰਾ ਆਪ ਵਹਾਨਾ । ਛੇਵੇਂ ਕਰੇ ਸਰਬ ਰਖਵਾਲੀ, ਸਾਚਾ ਕੰਡਾ ਹੱਥ ਉਠਾਨਾ । ਸੋਹੰ ਮੰਗੇ ਜਗਤ ਦਲਾਲੀ, ਜੋਤੀ ਜੋਤ ਸਰੂਪ ਹਰਿ, ਛੇਵੇਂ ਛੇ ਭਾਗ ਲਗਾਨਾ । ਸਾਚਾ ਦਰ ਇਕ ਦਰਵਾਜਾ,

੩੮੨ ੦੫

ਨਜ਼ਰ ਕਿਸੇ ਨਾ ਆਇਆ । ਆਪੇ ਜਾਣੇ ਗਰੀਬ ਨਿਵਾਜਾ, ਸਿਫਰਾ ਗੋਲ ਸਾਚਾ ਢੋਲ, ਅਨਹਦ ਆਪਣਾ ਇਕ ਰਖਾਇਆ । ਅਨਹਦ ਰਾਗ ਰਿਹਾ ਬੋਲ, ਛੱਤੀ ਰਾਗ ਭੇਵ ਨਾ ਪਾਇਆ । ਪੂਰੇ ਤੋਲ ਹਰਿ ਜੀ ਤੋਲ, ਦੋਏ ਜੋੜ ਸੀਸ ਨਿਵਾਇਆ । ਅੱਠੇ ਪਹਿਰ ਕਰੇ ਚੋਹਲ, ਕਾਇਆ ਆਤਮ ਪੱਲੂ ਅੱਗੇ ਡਾਹਿਆ । ਸ਼ਬਦ ਸਰੂਪੀ ਅੰਦਰੇ ਅੰਦਰ ਬੋਲ, ਸਾਚਾ ਹੁਕਮ ਸੁਣਾਇਆ । ਸਦਾ ਸੁਹੇਲਾ ਸਦ ਵਸੇ ਕੋਲ, ਇਕ ਇਕੇਲਾ ਆਪ ਅਖਵਾਇਆ । ਆਪੇ ਗੁਰ ਆਪੇ ਚੇਲ, ਸਾਚਾ ਵਰ ਸਾਚੇ ਘਰ ਗੁਰ ਗੋਬਿੰਦੇ ਆਪ ਦਵਾਇਆ । ਕਲਜੁਗ ਅੰਤਮ ਚੁੱਕੇ ਡਰ, ਹਰਿ ਬਖ਼ਸ਼ਿੰਦੇ ਸਾਚਾ ਰਾਹ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਗੋਬਿੰਦੇ ਦਿਤਾ ਵਰ, ਜੀਵ ਜੰਤਾਂ ਭੇਦ ਕਿਸੇ ਨਾ ਪਾਇਆ । ਪੰਜ ਤੱਤ ਪਰਧਾਨ, ਪੰਚ ਸਮਾਇਆ । ਪੰਚਾਂ ਵੇਖੇ ਮਾਰ ਧਿਆਨ, ਪੰਜਾਂ ਨਾਤਾ ਆਪ ਜੁੜਾਇਆ । ਪੰਚਾਂ ਕਰੇ ਆਪ ਪਛਾਣ, ਪੁਰਖ ਬਿਧਾਤਾ ਆਪ ਸਮਾਇਆ । ਫੜੇ ਸ਼ਬਦ ਤੀਰ ਕਮਾਨ, ਨਾਮ ਸੱਚਾ ਤੀਰ ਚਲਾਇਆ । ਜੋਤੀ ਜੋਤ ਸਰੂਪ ਹਰਿ, ਕਿਲ੍ਹਾ ਹੰਕਾਰੀ ਤੋੜ ਗੜ੍ਹ, ਸਾਚੇ ਅੰਦਰ ਆਪ ਵੜ, ਸਾਚਾ ਰਾਹ ਵਖਾਇਆ । ਕਿਲ੍ਹਾ ਗੜ੍ਹ ਤੋੜ ਹੰਕਾਰਿਆ । ਨੌਂ ਦਵਾਰੇ ਵੇਖ ਖੜ, ਕਾਮ ਕਰੋਧ ਲੋਭ ਮੋਹ ਵਿਕਾਰਿਆ । ਸ਼ਬਦ ਸਰੂਪੀ ਲਏ ਫੜ, ਸਾਚਾ ਰਾਹ ਇਕ ਵਖਾ ਰਿਹਾ । ਵੇਖੇ ਖੇਲ ਬਹੱਤਰ ਨੜ, ਮਾਸ ਨਾੜੀ ਵੇਖ ਵਖਾ ਰਿਹਾ । ਸਾਚੇ ਘਾੜਨ ਆਪੇ ਘੜ, ਘਨੜਹਾਰ ਧੜ ਸੀਸ ਆਪ ਧੜ, ਜੀਅ ਪਿੰਡ ਆਪ ਉਪਾ ਰਿਹਾ । ਪੰਜਾ ਤੱਤਾਂ ਨਾਲ ਲੜ, ਜੋਤੀ ਜੋਤ ਸਰੂਪ ਹਰਿ, ਆਪ ਆਪਣਾ ਸ਼ਬਦ ਧਰ, ਸਚ ਰਚਨਾ ਆਪ ਰਚਾ ਲਿਆ । ਸ਼ਬਦ ਡੋਰ ਹੱਥ ਕਰਤਾਰ, ਹਰਿ ਮੰਦਰ ਆਪ ਰਖਾਇਆ । ਪੰਚਮ ਬੰਨ੍ਹੇ ਅੰਦਰ ਬਾਹਰ, ਦਿਸ ਕਿਸੇ ਨਾ ਆਇਆ । ਨੌਂ ਦਵਾਰੇ ਬੰਦ ਕਿਵਾੜ, ਆਪੇ ਆਪ ਕਰਾਇਆ । ਸ਼ਬਦ ਘੋੜੇ ਸਾਚੇ ਚਾੜ੍ਹ, ਸੁਰਤ ਸ਼ਬਦ ਲਏ ਉਠਾਇਆ । ਗੁਰ ਸ਼ਬਦ ਹੋਏ ਪਿਛੇ ਅਗਾੜ, ਝੂਠੀ ਧਾੜ ਪਰ੍ਹੇ ਹਟਾਇਆ । ਪਾਰ ਕਰਾਏ ਕਾਇਆ ਮੰਡਲ ਡੂੰਘੀ ਡੱਲ੍ਹ ਉਜਾੜ ਪਹਾੜ ਨੌਂ ਅਠਾਰਾਂ ਦਏ ਦੁਹਾਇਆ । ਜੋਤੀ ਜੋਤ ਸਰੂਪ ਹਰਿ, ਸ਼ਬਦ ਗੁਰ ਮੇਲ ਦਰ, ਦਵਾਰੇ ਇਕ ਬਹਾਇਆ । ਤੀਜੇ ਦਵਾਰ ਹਰਿ ਬਹਾਇਆ । ਸ਼ਬਦ ਰਖਾਏ ਸਾਚੀ ਟੇਕ, ਦੂਸਰ ਹੋਰ ਨਾ ਕੋਈ ਜਣਾਇਆ । ਪਹਿਲੇ ਕਰੇ ਬੁੱਧ ਬਿਬੇਕ, ਸਾਚਾ ਰਾਹ ਹਰਿ ਵਖਾਇਆ । ਮਾਇਆ ਮਮਤਾ ਨਾ ਲਾਏ ਸੇਕ, ਜੂਠਾ ਝੂਠਾ ਖੇਲ ਕਟਾਇਆ । ਅੰਦਰ ਬੈਠਾ ਰਿਹਾ ਵੇਖ, ਹਰਿਜਨ ਸਾਚਾ ਰਾਹ ਤਕਾਇਆ । ਗੁਰ ਸ਼ਬਦ ਧਾਰੇ ਸਾਚਾ ਭੇਖ, ਵੇਸ ਸ਼ਬਦੀ ਗੁਰ ਆਪ ਵਟਾਇਆ । ਮਸਤਕ ਲੇਖਾ ਲਿਖੇ ਲੇਖ, ਜੋਤ ਨਿਰੰਜਣ ਦਇਆ ਕਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣਾ ਵੇਖ ਦਰ, ਗੁਰਮੁਖ ਸਾਚੇ ਬੂਝ ਬੁਝਾਇਆ । ਗੁਰਮੁਖ ਸਾਚਾ ਕਰ ਵਿਚਾਰ, ਚਰਨ ਧਿਆਨ ਰਖਾਇਆ ਏ । ਗੁਰ ਚਰਨ ਧਿਆਨ ਭਗਤ ਬਿਬਾਣ, ਅੰਦਰ ਮੰਦਰ ਇਕ ਟਿਕਾਇਆ ਏ । ਇਕ ਬਿਬਾਣ ਸ਼ਬਦ ਨਿਸ਼ਾਨ, ਜੀਵ ਪਿੰਡ ਬਾਹਰ ਕਰਾਇਆ ਏ ਆਪ ਉਡਾਏ ਕਰ ਪਛਾਣ, ਸਤਿ ਸਵਰਨੀ ਵਿਚ ਰਖਾਇਆ ਏ । ਸਤਿ ਸਵਰਨੀ ਨੌਜਵਾਨ, ਸ਼ਬਦ ਸਾਚਾ ਕੰਤ ਸੁਹਾਇਆ ਏ । ਸਾਚਾ ਕੰਤ ਹਰਿ ਮਿਹਰਬਾਨ, ਨਾਮ ਪੱਲਾ ਇਕ ਫੜਾਇਆ ਏ । ਪੱਲਾ ਫੜਿਆ ਇਕ ਰਕਾਨ, ਨੌਂ ਦਰ ਝੂਠ ਮਕਾਨ, ਨਾਤਾ ਤੁਟਾ ਭੈਣ ਭਰਾਇਆ ਏ । ਜੂਠਾ ਝੂਠਾ ਪੀਣ ਖਾਣ, ਜਗਤ ਭਗਤ ਨਿਸ਼ਾਨ ਏਕਾ ਹਰਿ ਰਖਾਇਆ ਏ । ਤਨ ਨਗਾਰੇ ਵੱਜੇ ਚੋਟ, ਦੁਰਮਤ ਮੈਲ ਕੱਢੇ ਖੋਟ, ਗੁਰਮੁਖ ਗੁਰਮੁਖ ਗੁਰਮੁਖ ਗੁਰ ਸ਼ਬਦੀ ਮੇਲ ਮਿਲਾਇਆ ਏ । ਜੋਤੀ ਜੋਤ ਸਰੂਪ ਹਰਿ, ਅੰਦਰ

੩੮੩ ੦੫

ਮੰਦਰ ਜੋਤ ਧਰ, ਸ਼ਬਦ ਗੁਰ ਗੁਰ ਸ਼ਬਦ ਵੇਸ ਕਰ, ਦਰ ਦਰਵੇਸ਼ ਆਪੇ ਆਪ ਅਖਵਾਇਆ ਏ ।

### ★ ੧੬ ਮੱਘਰ ੨੦੧੨ ਬਿਕ੍ਰਮੀ ਹਰਿ ਭਗਤ ਦਵਾਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ★

ਹਰਿ ਸ਼ਾਹੋ ਸ਼ਾਬਾਸ, ਸਰਬ ਵਿਆਪਿਆ । ਸਰਬ ਜੀਆਂ ਸਦ ਵਸੇ ਪਾਸ, ਆਪੇ ਜਾਣੇ ਆਪਣਾ ਆਪਿਆ । ਵੇਖ ਵਖਾਣੇ ਹੱਡ ਨਾੜੀ ਮਾਸ, ਜੋਤ ਨਿਰੰਜਣ ਵਡ ਪਰਤਾਪਿਆ । ਅਪ ਤੇਜ਼ ਵਾਏ ਪ੍ਰਿਥਮੀ ਅਕਾਸ, ਕਾਇਆ ਮੰਡਲ ਸਾਚੀ ਰਾਸਿਆ । ਪਵਣ ਚਲਾਏ ਵਿਚ ਸਵਾਸ, ਹੋਏ ਸਹਾਈ ਦਸ ਦਸ ਮਾਸਿਆ । ਲੇਖਾ ਛੋਡੇ ਗਰਭਵਾਸ, ਲੱਖ ਚੁਰਾਸੀ ਦੁੱਖੜਾ ਨਾਸਿਆ । ਦਰ ਘਰ ਸਾਚੇ ਕੀਆ ਵਾਸ, ਪਾਰਬ੍ਰਹਮ ਬ੍ਰਹਮ ਜੋਤ ਪਰਕਾਸਿਆ । ਦਿਵਸ ਰੈਣ ਨਾ ਹੋਏ ਉਦਾਸ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵੇ ਸ਼ਬਦ ਸਵਾਸ ਸਵਾਸਿਆ । ਸ਼ਬਦ ਸਵਾਸਾ, ਧੰਨ ਤਨ ਹਰਿ ਸ਼ਿੰਗਾਰਿਆ । ਗੁਰ ਚਰਨ ਸਚ ਭਰਵਾਸਾ, ਮੰਨਿਆ ਮਨ ਜਗਤ ਉਧਾਰਿਆ । ਨਾਮ ਫੜਾਇਆ ਸਾਚਾ ਕਾਸਾ, ਆਪ ਬਣਾਇਆ ਜਗਤ ਭਿਖਾਰਿਆ । ਆਪੇ ਕੀਆ ਅੰਦਰ ਵਾਸਾ, ਸਾਚਾ ਮੰਦਰ ਆਪ ਸਵਾਰਿਆ । ਗੁਣਵੰਤਾ ਪੂਰਨ ਭਗਵੰਤਾ ਕਰੇ ਖੇਲ ਸ਼ਾਹੋ ਸ਼ਾਬਾਸਾ, ਸਾਚੀ ਨਗਰੀ ਜੋਤ ਅਕਗਰੀ ਧਰਮ ਸਮਗਰੀ ਏਕਾ ਏਕ ਵਖਾ ਰਿਹਾ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਕਲਜੁਗ ਗੁਰਮੁਖ ਸਾਚੇ ਵੇਖ ਦਰ, ਸਾਚੀ ਕਿਰਿਆ ਕਰਮ ਕਰਾ ਰਿਹਾ । ਗੁਰਮੁਖ ਸਾਚਾ ਦਰ ਦਰਬਾਰ, ਮਿਲੇ ਮੇਲ ਭਗਵਾਨਿਆ । ਸ਼ਬਦ ਜੋਤੀ ਇਕ ਅਪਾਰ, ਦੇਵੇ ਵਾਲੀ ਦੋ ਜਹਾਨਿਆ । ਕਰੇ ਖੇਲ ਵਿਚ ਸੰਸਾਰ, ਗੁਣਵੰਤਾ ਹਰਿ ਗੁਣ ਨਿਧਾਨਿਆ । ਕਲਜੁਗ ਤੇਰੀ ਅੰਤਮ ਵਾਰ, ਸਾਧ ਸੰਤ ਨਾ ਕਿਸੇ ਪਛਾਨਿਆ । ਗੁਰ ਸੰਗਤ ਮੰਗ ਅਪਰ ਅਪਾਰ, ਸੋਹੰ ਰਸ ਰਸਨ ਸੁਹਾਨਿਆ । ਸਚ ਸੁਹੇਲਾ ਕੰਤ ਭਤਾਰ, ਗੁਰਮੁਖ ਸਾਚੀ ਸੇਜ ਹੰਢਾਨਿਆ । ਪਾਰਬ੍ਰਹਮ ਬ੍ਰਹਮ ਰੂਪ ਅਪਾਰ, ਜੋਤੀ ਨੂਰ ਜਗਤ ਮਹਾਨਿਆ । ਸਰਬ ਕਲਾ ਭਰਪੂਰ ਸੱਚੀ ਸਰਕਾਰ, ਜਨ ਭਗਤਾਂ ਹੱਥੀਂ ਬੰਨ੍ਹੇ ਗਾਨਿਆ । ਵੇਖੇ ਵਾਰੋ ਵਾਰ, ਚਲੇ ਚਲਾਏ ਆਪਣੇ ਭਾਣਿਆ । ਗੁਰ ਗੋਬਿੰਦੇ ਤੇਰੀ ਧਾਰ, ਨਾ ਕੋਈ ਜਾਣੇ ਖਾਣੀ ਬਾਣੀਆ । ਸਰਬ ਬਖ਼ਸ਼ਿੰਦੇ ਆਪ ਦਾਤਾਰ, ਸ਼ਬਦ ਲੱਗੇ ਤੀਰ ਨਿਸ਼ਾਨਿਆ । ਆਤਮ ਖੋਲ੍ਹੇ ਬੰਦ ਕਿਵਾੜ, ਆਪੇ ਕਰੇ ਵਡ ਮਿਹਰਬਾਨਿਆ । ਰਚਨ ਰਚਾਈ ਪਹਿਲੀ ਹਾੜ, ਜੋਤੀ ਜੋਤ ਸਰੂਪ ਹਰਿ, ਗੁਰਮੁਖ ਸਾਚੇ ਜੋਤ ਧਰ, ਦੇਵੇ ਵਡਿਆਈ ਜਗਤ ਵਧਾਈ ਕਰੋੜ ਤੇਤੀਸਾ ਛਤਰ ਸੀਸਾ ਆਪੇ ਰਿਹਾ ਝੁਲਾਈਆ । ਕਰੋੜ ਤੇਤੀਸਾ ਛਤਰ ਝੁਲਾਰ, ਪ੍ਰਭ ਆਪਣੀ ਬਣਤ ਬਣਾਈਆ । ਗੁਰਮੁਖ ਸਾਚੇ ਕਰਮ ਵਿਚਾਰ, ਪੂਰਬ ਲਹਿਣਾ ਰਿਹਾ ਦਵਾਈਆ । ਬਾਲ ਅੰਞਾਣੇ ਤਨ ਸ਼ਿੰਗਾਰ, ਸੋਲਾਂ ਕਲੀਆਂ ਹਾਰ ਗੁੰਦਾਈਆ । ਅੰਮ੍ਰਿਤ ਬਰਖੇ ਠੰਡੀ ਧਾਰ, ਸਾਚਾ ਝਿਰਨਾ ਰਿਹਾ ਝਿਰਾਈਆ । ਪਵਣ ਉਨੰਜਾ ਛਤਰ ਝੁਲਾਰ, ਦੇ ਹੁਲਾਰਾ ਆਪ ਝੁਲਾਈਆ । ਅਵਣ ਗਵਣ ਕਰੇ ਪਾਰ, ਸਾਚਾ ਸਾਵਣ ਮੇਘ ਬਰਸਾਈਆ । ਪਤਤ ਪਾਵਨ ਵਿਚ ਸੰਸਾਰ, ਸ਼ਬਦ ਤੇਗ ਹੱਥ ਫੜਾਈਆ । ਆਪੇ ਲਾਹੇ ਆਪਣਾ ਭਾਰ, ਕਲਜੁਗ ਤੇਰੀ ਅੰਤਮ ਵਾਰ, ਸਾਚੀ ਸਈਆ ਮਾਤ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਬਾਲ ਅੰਞਾਣੇ ਦੇ ਮਤ ਰਿਹਾ ਸਮਝਾਈਆ । ਬਾਲ ਅੰਞਾਣੇ ਜਗਤ ਦਲਾਲ, ਪ੍ਰਭ ਸਾਚਾ ਹੁਕਮ ਸੁਣਾਇੰਦਾ । ਇਕੋ ਮਾਰੇ

ਸ਼ਬਦ ਉਛਾਲ, ਪੁਰੀ ਇੰਦਰ ਧਰਮ ਧਾਮ ਸੁਹਾਇੰਦਾ । ਲੱਗਾ ਫ਼ਲ ਕਾਇਆ ਡਾਲ੍ਹ, ਝੂਠਾ ਚਾਮ ਲੇਖੇ ਲਾਇੰਦਾ । ਯਮਰਾਜ ਤੁੱਟਾ ਜਾਲ, ਧਰਮਰਾਏ ਫੰਦ ਕਟਾਇੰਦਾ । ਪ੍ਰਭ ਅਬਿਨਾਸ਼ੀ ਚਲੇ ਨਾਲ ਨਾਲ, ਸਾਚਾ ਚੰਦ ਜਗਤ ਚੜ੍ਹਾਇੰਦਾ । ਪੂਰੀ ਘਾਲਨ ਗਿਆ ਘਾਲ, ਕਾਲ ਮਹਾਂਕਾਲ ਮੁਖ ਭਵਾਇੰਦਾ । ਜੋਤੀ ਜਗੇ ਸਾਚੇ ਮਸਤਕ ਥਾਲ, ਲਾਲ ਗੁਲਾਲਾ ਰੰਗ ਵਖਾਇੰਦਾ । ਅੰਮ੍ਰਿਤ ਆਤਮ ਸੁਹਾਇਆ ਤਾਲ, ਸਾਚੀ ਛਾਲ ਇਕ ਲਗਾਇੰਦਾ । ਨੂਰੀ ਜੋਤ ਇਕ ਅਕਾਲ, ਗੁਰਮੁਖ ਲਾਲ ਅਨਮੁਲੜੇ ਭਾਲ, ਦਰ ਦਵਾਰੇ ਹਰਿ ਨਿਰੰਕਾਰੇ ਆਪੇ ਆਪ ਬਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰ ਪਿਆਰ ਵਿਚ ਸੰਸਾਰ ਪਹਿਲੀ ਵਾਰ ਕਲਜੁਗ ਤੇਰੀ ਸੇਜ ਸੁਹਾਇੰਦਾ । ਕਲਜੁਗ ਤੇਰੀ ਸੇਜ ਸਾਢੇ ਤਿੰਨ ਹੱਥ । ਪੁਰਖ ਅਬਿਨਾਸ਼ੀ ਮਾਤ ਚਲਾਈ, ਜਨ ਭਗਤਾਂ ਚਲਾਏ ਸਾਚਾ ਰਥ । ਅੰਮ੍ਰਿਤ ਆਤਮ ਬਰਸਾਏ ਮੀਂਹ, ਪੰਚ ਵਿਕਾਰਾ ਰਿਹਾ ਮਥ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖਾਂ ਪਾ ਹਿਸੇ ਇਕ ਦਵਾਰਾ ਸਰਬ ਕਲਾ ਸਮਰਥ । ਕਰਮ ਧਰਮ ਜਗ ਵੇਖ, ਭਰਮ ਨਿਵਾਰਿਆ । ਆਪੇ ਲਿਖਣ ਆਇਆ ਲੇਖ, ਜੋਤੀ ਜਾਮਾ ਭੇਖ ਅਪਾਰਿਆ । ਸ੍ਰਿਸ਼ਟ ਸਬਾਈ ਰਿਹਾ ਵੇਖ, ਆਪ ਦਿਸ ਕਿਸੇ ਨਾ ਆ ਰਿਹਾ । ਕਲਜੁਗ ਮੇਟਣ ਆਇਆ ਰੇਖ, ਖੁਲ੍ਹੜੇ ਕੇਸ ਦਰ ਦਰਵੇਸ਼ ਅਖਵਾ ਰਿਹਾ । ਪਕੜ ਉਠਾਏ ਬ੍ਰਹਮਾ ਵਿਸ਼ਨ ਮਹੇਸ਼ ਗਣੇਸ਼, ਸ਼ਿਵ ਸ਼ੰਕਰ ਸੋਇਆ ਆਪ ਜਗਾ ਰਿਹਾ । ਆਪੇ ਨਰ ਦਾਤਾ ਨਰੇਸ਼, ਸੁਰਪਤ ਰਾਜਾ ਇੰਦ ਆਪੇ ਆਪ ਹਿਲਾ ਰਿਹਾ । ਪਰਗਟ ਹੋਏ ਹਰਿ ਮਰਗਿੰਦ, ਗੁਰਮੁਖ ਸਾਚੀ ਬਿੰਦ ਉਪਜਾ ਰਿਹਾ । ਆਪ ਮਿਟਾਏ ਸਗਲੀ ਚਿੰਦ, ਸ਼ਬਦ ਸੁਨੇਹੜਾ ਇਕ ਘਲਾ ਰਿਹਾ । ਲੋਕਮਾਤੀ ਭਗਤ ਨਿੰਦ, ਕਰੋੜ ਤੇਤੀਸਾ ਹਰਿ ਸਮਝਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਚਤੁਰ ਸੁਜਾਨ ਮਾਰ ਧਿਆਨ ਬਾਲ ਅੰਞਾਣ, ਸਾਚੀ ਪੁਰੀ ਆਪ ਸੁਹਾ ਰਿਹਾ । ਬਾਲ ਨਿਧਾਨਾ ਸ਼ਬਦ ਨਿਸ਼ਾਨਾ ਕਰ ਤਿਆਰ । ਸ਼ਬਦ ਨਿਸ਼ਾਨਾ ਵਡ ਮਿਹਰਵਾਨਾ ਇਕ ਝੁਲਾਏ ਵਿਚ ਸੰਸਾਰ, ਹਰਿ ਮਿਹਰਬਾਨ ਵਾਲੀ ਦੋ ਜਹਾਨਾ, ਕਰੇ ਖੇਲ ਅਪਰ ਅਪਾਰ । ਇਕ ਉਠਾਏ ਸੋਹੰ ਸੱਚਾ ਤੀਰ ਕਮਾਨਾ, ਲੋਆਂ ਪੁਰੀਆਂ ਪਾਵੇ ਸਾਰ । ਸ਼ਬਦ ਉਡਾਏ ਭਗਤ ਬਿਬਾਣਾ, ਆਪੇ ਅੰਦਰ ਆਪੇ ਬਾਹਰ । ਮੇਲੇ ਮੇਲ ਹਰਿ ਭਗਵਾਨਾ, ਸਾਚੇ ਮੰਦਰ ਗੁਪਤ ਜ਼ਾਹਰ । ਦਰ ਦਵਾਰੇ ਹੋਇਆ ਪਰਵਾਨਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਸੁਹਾਇਆ ਬੰਕ ਦਵਾਰ । ਬੰਕ ਦਵਾਰ ਹਰਿ ਸੁਹਾਇਆ ਏ । ਚਾਰ ਦਿਵਾਰ ਸ਼ਬਦ ਧਾਰ ਖੇਲ ਰਚਾਇਆ ਏ । ਚਾਰੋਂ ਕੁੰਟ ਸ਼ਬਦ ਦਵਾਰ, ਪ੍ਰੇਮ ਲਗਾਇਆ ਗਾਰਾ ਏ । ਗੁਰ ਗੋਬਿੰਦੇ ਤੇਰੀ ਧਾਰ, ਆਪੇ ਰਿਹਾ ਵਹਾਇਆ ਏ । ਜੋਤੀ ਜੋਤ ਸਰੂਪ ਹਰਿ, ਅੰਤਮ ਵੇਲੇ ਪਾਵੇ ਸਾਰਾ, ਵਸਦਾ ਰਹੇ ਇਕ ਦਵਾਰਾ, ਦੂਜਾ ਦਰ ਜਗਤ ਘਰ ਕੋਈ ਰਹਿਣ ਨਾ ਪਾਇਆ ਏ । ਜਗਤ ਦਵਾਰਾ ਝੂਠ ਮਾਤ ਪਸਾਰਿਆ । ਮਾਇਆ ਰਾਣੀ ਫੜਿਆ ਹੱਥ ਵਿਚ ਠੂਠ, ਵਰਨੀ ਬਰਨੀ ਕਰੇ ਖੁਆਰਿਆ । ਗੁਰਮੁਖ ਸਾਚੇ ਨੌਂ ਦਵਾਰੇ ਗਏ ਰੂਠ, ਦਸਮ ਦਵਾਰੇ ਹਰਿ ਬਹਾ ਰਿਹਾ । ਪ੍ਰਭ ਅਬਿਨਾਸ਼ੀ ਜਾਏ ਤੁੱਠ, ਸਾਚਾ ਹੁਕਮ ਸ਼ਬਦ ਸੁਣਾ ਰਿਹਾ । ਆਪ ਬੰਨ੍ਹਾਏ ਨਾਮ ਮੁੱਠ, ਸ਼ਬਦ ਡੰਡਾ ਹੱਥ ਉਠਾ ਰਿਹਾ । ਲੁਕਿਆ ਰਹਿਣ ਨਾ ਦੇਵੇ ਕੋਈ ਗੁੱਠ, ਬੰਦ ਕਿਵਾੜਾ ਹਰਿ ਢਾਹ ਰਿਹਾ । ਜੋਤੀ ਜੋਤ ਸਰੂਪ ਹਰਿ, ਦਸ ਦਸ ਦਸ ਮਾਸ ਲੇਖਾ ਲਿਖਤ ਭਵਿਖਤ ਜਣਾ ਰਿਹਾ । ਭਗਤ ਜਣਾਈ ਆਪ ਹਰਿ ਕਰਾਇੰਦਾ । ਮਿਲੀ ਵਡਿਆਈ ਨਾਮ ਵਡ ਪਰਤਾਪ, ਸਾਚੀ ਭਿਛਿਆ ਝੋਲੀ ਪਾਇੰਦਾ । ਆਪੇ ਮਾਈ ਆਪੇ

੩੮੫
੦੫

ਬਾਪ, ਦਿਵਸ ਰੈਣ ਰਛਿਆ ਆਪ ਕਰਾਇੰਦਾ । ਕਲਜੁਗ ਮਾਰੇ ਤੀਨੋ ਤਾਪ, ਲਿਖਿਆ ਲੇਖ ਧੁਰ ਦਰਗਾਹੀ ਪੂਰਬ ਲਹਿਣਾ ਝੋਲੀ ਪਾਇੰਦਾ । ਗੁਰ ਗੋਬਿੰਦੇ ਜਗਤ ਜਹਾਨਾ ਦਿਸੇ ਮਿਥਿਆ, ਛੋਟੇ ਬਾਲੇ ਦੇ ਮਤ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਸੁਹਾਏ ਸਾਚਾ ਦਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੀਵ ਜੰਤ ਕਿਸੇ ਨਾ ਦਿਸਿਆ । ਨਾ ਦੀਸੇ ਜਗਦੀਸੇ ਭੇਖ ਵਟਾਇਆ । ਪੜ੍ਹ ਪੜ੍ਹ ਥੱਕੇ ਰਾਗ ਛਤੀਸੇ, ਮਾਇਆ ਰਾਣੀ ਸੇਵ ਕਮਾਇਆ । ਕਥਨਾ ਕਥੇ ਦੰਦ ਬਤੀਸੇ, ਸ਼ਾਹ ਸੁਲਤਾਨ ਦਿਸ ਨਾ ਆਇਆ । ਏਕਾ ਏਕ ਛਤਰ ਪ੍ਰਭ ਸਾਚੇ ਸੀਸੇ, ਦੂਸਰ ਕੋਈ ਰਹਿਣ ਨਾ ਪਾਇਆ । ਵੇਖੇ ਖੇਲ ਬੀਸ ਇਕੀਸੇ, ਛੋਟੇ ਬਾਲੇ ਬਚਨ ਇਹ ਅਲਾਇਆ । ਪੁਰੀ ਇੰਦਰ ਸ਼ਬਦ ਚਲੇ ਹਦੀਸੇ, ਸੋਹੰ ਅੱਖਰ ਇਕ ਵਖਾਇਆ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਿੰਘ ਮਨਜੀਤੇ ਸਦਾ ਅਤੀਤੇ, ਸ਼ਬਦ ਸੁਨੇਹੜਾ ਏਕਾ ਏਕ ਘਲਾਇਆ । ਸ਼ਬਦ ਸੁਨੇਹੜਾ ਦੇਵੇ ਘੱਲ, ਜਗਤ ਜੋਗ ਨਾ ਜਾਣਿਆ । ਬੈਠਾ ਰਹੇ ਸਦਾ ਅਟੱਲ, ਜਲ ਥਲ ਚਲੇ ਚਲਾਏ ਆਪਣੇ ਭਾਣਿਆ । ਆਪ ਬਹਾਏ ਦਇਆ ਕਮਾਏ ਉਚ ਮਹੱਲ, ਦਰ ਦਵਾਰਾ ਜਿਨ ਪਛਾਣਿਆ । ਆਵਣ ਜਾਵਣ ਮਿਟਿਆ ਸਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਦਰ ਕੀਆ ਪਰਵਾਣਿਆ । ਸੋਲਾਂ ਕਲੀਆਂ ਸੋਲਾਂ ਕਲ, ਸੋਲਾਂ ਸ਼ਬਦ ਸ਼ਿੰਗਾਰਿਆ । ਆਪੇ ਵਸੇ ਨਿਹਚਲ ਧਾਮ ਅਟੱਲ, ਵੇਖੇ ਖੇਲ ਘੜੀ ਘੜੀ ਪੱਲ ਪੱਲ, ਸੋਲਾਂ ਮਘਰ ਦਿਵਸ ਵਿਚਾਰਿਆ । ਆਪੇ ਵੇਖੇ ਜਲ ਥਲ ਡੂੰਘੀ ਡਲ, ਗੁਰਮੁਖ ਸਾਚੇ ਬੇੜਾ ਆਪ ਬੰਨ੍ਹਾ ਰਿਹਾ । ਸ਼ਬਦ ਸੁਨੇਹੜਾ ਏਕਾ ਘਲ, ਲੋਕਮਾਤੀ ਅਛਲ ਅਛੱਲ, ਵਲ ਛਲ ਜਗਤ ਭੁਲਾ ਲਿਆ । ਭਾਗ ਲਗਾਏ ਕਾਇਆ ਡਲ, ਲੱਖ ਚੁਰਾਸੀ ਮੇਟੇ ਸਲ, ਸਾਚੀ ਬਣਤਾ ਆਪ ਬਣਾ ਰਿਹਾ । ਅੰਮ੍ਰਿਤ ਆਤਮ ਵੇਖੇ ਫਲ, ਦੀਪਕ ਜੋਤੀ ਰਹੀ ਬਲ, ਸ਼ਬਦ ਤਾਲ ਇਕ ਵਜਾ ਰਿਹਾ । ਜੋਤੀ ਜੋਤ ਸਰੂਪ ਹਰਿ, ਪਾਰਬ੍ਰਹਮ ਬ੍ਰਹਮ ਮੇਲ ਕਰ, ਅੱਖਰ ਵੱਖਰ ਏਕਾ ਏਕ ਜਨ ਭਗਤ ਆਪੇ ਆਪ ਸਿਖਾ ਰਿਹਾ । ਗੁਰਮੁਖ ਸਾਚੇ ਬਾਲ ਨਿਧਾਨਾ, ਸਾਚੀ ਸੇਵਾ ਆਪੇ ਆਪ ਲਗਾ ਰਿਹਾ । ਸਾਚੀ ਸੇਵਾ ਆਪ ਲਗਾਈ, ਪ੍ਰਭ ਪੂਰਬ ਕਰਮ ਵਿਚਾਰਿਆ । ਸਾਧਾਂ ਸੰਤਾਂ ਰਿਹਾ ਜਗਾਈ, ਸਿੰਘ ਮਨਜੀਤੇ ਇਹ ਸਮਝਾ ਰਿਹਾ । ਫੜ ਫੜ ਬਾਹੋਂ ਮਾਤ ਉਠਾਈ, ਸਾਚਾ ਗੀਤ ਇਕ ਸੁਣਾ ਰਿਹਾ । ਵੇਖ ਵਖਾਣੇ ਥਾਉਂ ਥਾਈਂ ਪਤਤ ਪੁਨੀਤੇ ਜੋਤ ਜਗਾ ਰਿਹਾ । ਦੇਵਣ ਆਏ ਠੰਡੀਆਂ ਛਾਈਂ, ਅਚਰਜ ਰੀਤੇ ਮਾਤ ਵਖਾ ਰਿਹਾ । ਜੋਤੀ ਜੋਤ ਸਰੂਪ ਹਰਿ, ਲੱਖ ਚੁਰਾਸੀ ਪਰਖੇ ਨੀਤੇ, ਗੁਰਦਵਾਰਾ ਮੰਦਰ ਮਸੀਤ ਗ੍ਰੰਥੀ ਪੰਥੀ ਪੰਡਤ ਪਾਂਧੇ ਮੁਲਾ ਕਾਜੀ ਸ਼ੇਖ਼ ਮੁਸਾਇਕ ਸ਼ਬਦ ਨਾਇਕ ਏਕਾ ਏਕ ਵਖਾ ਰਿਹਾ । ਸੋਲਾਂ ਮੱਘਰ ਜਗਤ ਵਧਾਈ, ਕਲਜੁਗ ਹੋਈ ਕੁੜਮਾਈਆ । ਗੁਰਮੁਖ ਸੋਏ ਰਿਹਾ ਜਗਾਈ, ਸ਼ਬਦ ਘੋੜੀ ਰਿਹਾ ਚੜ੍ਹਾਈਆ । ਆਪ ਉਠਾਏ ਫੜ ਫੜ ਬਾਂਹੀ, ਦੇ ਮਤ ਰਿਹਾ ਸਮਝਾਈਆ । ਸਾਚਾ ਨਾਉਂ ਪੀਣ ਖਾਣ, ਏਕਾ ਤੱਤ ਤ੍ਰਿਖ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਕਲਾ ਸਮਰਥ ਜਗਤ ਰਖਾਏ ਸੀਆਂ ਸਾਢੇ ਤਿੰਨ ਹੱਥ, ਕਲਜੁਗ ਅੰਤਮ ਵੰਡ ਵੰਡਾਈਆ । ਕਲਜੁਗ ਵੰਡ ਹਰਿ ਵੰਡਾ ਰਿਹਾ । ਲੱਖ ਚੁਰਾਸੀ ਹੋਣੀ ਖੰਡ, ਨਾ ਦੀਸੇ ਕੋਈ ਸਹਾਰਿਆ । ਹੱਥ ਫੜੀ ਚੰਡ ਪਰਚੰਡ, ਚਾਰੇ ਕੁੰਟਾਂ ਮਾਰੇ ਵਾਰੋ ਵਾਰਿਆ । ਮਨਮੁਖ ਜੀਵ ਪਾਇਣ ਡੰਡ, ਅੰਤਮ ਆਏ ਪਾਸਾ ਹਾਰਿਆ । ਮੇਟ ਮਿਟਾਏ ਭੇਖ ਪਖੰਡ, ਇਕ ਚਲਾਏ ਧਾਰਨਾ । ਸੱਤਾਂ ਦੀਪਾਂ ਦੇਵੇ ਦੰਡ, ਗੁਰਮੁਖ

ਵਿਰਲਾ ਪਾਰ ਉਤਾਰਨਾ । ਸ੍ਰਿਸ਼ਟ ਸਬਾਈ ਹੋਈ ਰੰਡ, ਸਾਚਾ ਕੰਤ ਵਿਚ ਵਰਭੰਡ, ਕਾਇਆ ਬ੍ਰਹਿਮੰਡ ਹਰਿਜਨ ਇਕ ਹੰਢਾਵਣਾ । ਆਪੇ ਵੇਖੇ ਜੇਰਜ ਅੰਡ, ਉਤਭੁਜ ਸੇਤਜ ਵਿਚ ਸਮਾਵਣਾ । ਆਪੇ ਸੁੱਤਾ ਦੇ ਕਰ ਕੰਡ, ਆਤਮ ਸੇਜਾ ਸ਼ਬਦ ਸਿੰਘਾਸਣ ਜੋਤ ਸਰੂਪੀ ਡੇਰਾ ਲਾਵਣਾ । ਕਲਜੁਗ ਔਧ ਗਈ ਹੰਢ, ਵੇਖੇ ਖੇਲ ਪ੍ਰਿਥਮੀ ਅਕਾਸ਼ਨ, ਚਾਰੋਂ ਕੁੰਟ ਘੇਰਾ ਪਾ ਰਿਹਾ । ਆਤਮ ਭਰਿਆ ਸਰਬ ਘਮੰਡ, ਮਦਿਰਾ ਮਾਸੀ ਧਰਮ ਰਾਏ ਦਰ ਦੇਵੇ ਫਾਸੀ, ਵੇਲੇ ਅੰਤਮ ਨਾ ਕੋਈ ਛੁਡਾ ਰਿਹਾ । ਗੁਰਮੁਖ ਵਿਰਲੇ ਮਾਨਸ ਜਨਮ ਹੋਏ ਰਹਿਰਾਸੀ, ਸ਼ਬਦ ਸਵਾਲੀ ਗੁਰ ਚਰਨ ਪਿਆਸੀ, ਗੁਰਮੁਖ ਕਾਇਆ ਸਾਚੀ ਮਾਟੀ ਲੇਖੇ ਲਾ ਰਿਹਾ । ਇਕ ਖੁਲ੍ਹਾਏ ਸਾਚੀ ਹਾਟੀ, ਕਿਸੇ ਹੱਥ ਨਾ ਆਏ ਤੀਰਥ ਤਾਟੀ, ਕਲਜੁਗ ਤੇਰੀ ਔਖੀ ਘਾਟੀ, ਸਾਢੇ ਤਿੰਨ ਹੱਥ ਸੀਆਂ ਉਚਾ ਮੰਦਰ, ਕੋਈ ਨਾ ਤੋੜੇ ਵੱਜਾ ਜੰਦਰ, ਜਮ ਕੀ ਫਾਸੀ ਨਾ ਕੋਈ ਕਟਾ ਰਿਹਾ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਬਾਲ ਅੰਞਾਣੇ ਦਰ ਪਰਵਾਣੇ, ਸ਼ਬਦ ਬਿਬਾਣੇ ਆਪ ਚੜ੍ਹਾ ਰਿਹਾ । ਖੋਲ੍ਹੇ ਹੱਟ ਅਪਾਰ, ਨਾਮ ਅਮੋਲਿਆ । ਗੁਰਮੁਖਾਂ ਦੇਵੇ ਕਰ ਪਿਆਰ, ਸਚ ਭੰਡਾਰ ਆਪੇ ਖੋਲ੍ਹਿਆ । ਆਪੇ ਢਾਹੇ ਭਰਮਾਂ ਵੱਟ, ਬਜਰ ਕਪਾਟੀ ਪੜਦਾ ਖੋਲ੍ਹਿਆ । ਇਕ ਵਖਾਏ ਤੀਰਥ ਤੱਟ, ਸ਼ਬਦ ਨਾਦ ਅਨਾਦੀ ਏਕਾ ਬੋਲਿਆ । ਜੋਤ ਜਗਾਏ ਲਟ ਲਟ, ਕਾਇਆ ਮੰਦਰ ਅੰਦਰ ਡੂੰਘੀ ਕੰਦਰ ਆਪੇ ਫੋਲਿਆ । ਦਰਸ ਦਿਖਾਏ ਘਟ ਘਟ, ਭਾਗ ਲਗਾਏ ਕਾਇਆ ਚੋਲਿਆ । ਬਣੇ ਹਰਿ ਭਗਤ ਵਣਜਾਰਾ ਸ਼ਬਦ ਅਪਾਰਾ ਸਾਚੇ ਹੱਟ, ਪੁਰਖ ਅਬਿਨਾਸ਼ੀ ਪੂਰੇ ਤੋਲ ਤੋਲਿਆ । ਦੁਰਮਤ ਮੈਲ ਰਿਹਾ ਕੱਟ, ਸਾਚੇ ਮੰਦਰ ਅੰਦਰ ਆਪੇ ਬੋਲਿਆ । ਪ੍ਰਭ ਦਰ ਲਾਹਾ ਲੈਣ ਖੱਟ, ਵੱਜੇ ਨਾਮ ਮਰਦੰਗ ਸੱਚਾ ਢੋਲਿਆ । ਰਸਨਾ ਰਸ ਲੈਣਾ ਚੱਟ, ਦਰ ਦਵਾਰੇ ਨਾਵੇਂ ਦਿਸੇ ਗੋਲਿਆ । ਦੂਈ ਦਵੈਤੀ ਮੇਟੇ ਫੱਟ, ਸ਼ਬਦ ਜੈਕਾਰਾ ਏਕਾ ਬੋਲਿਆ । ਕਾਇਆ ਮਾਟੀ ਜੋਤੀ ਲਟ ਲਟ, ਦਰਸ ਦਿਖਾਏ ਕਲਾ ਸੋਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਸੰਤ ਸੁਹੇਲੇ, ਦਰ ਘਰ ਸਾਚੇ ਹੋਏ ਮੇਲੇ, ਇਕ ਇਕੇਲੇ ਵਿਚੋਂ ਕੋਟਨ ਕੋਟਿਆ । ਕੋਟੀ ਕੋਟ ਆਪ ਅਖਵਾਇੰਦਾ । ਸ਼ਬਦ ਨਗਾਰੇ ਲੱਗੇ ਚੋਟ, ਤਨ ਮਾਟੀ ਖ਼ਾਕ ਛਾਣਦਾ । ਹਰਿ ਜਨ ਜਨ ਹਰਿ ਗੁਰ ਚਰਨ ਰੱਖੇ ਓਟ, ਦੋ ਜਹਾਨੀ ਆਪ ਜਾਣਦਾ । ਮਨਮੁਖ ਆਲਣ੍ਹਿਓਂ ਡਿਗੇ ਬੋਟ, ਕਲਜੁਗ ਨਾ ਕੋਈ ਉਠਾਵੰਦਾ । ਮਾਇਆ ਮਮਤਾ ਅਜੇ ਨਾ ਭਰੀ ਪੋਟ, ਗੁਰ ਪੀਰ ਨਾ ਕੋਈ ਸੁਰਤ ਸੰਭਾਲਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦੇਵੇ ਨਾਮ ਵਰ, ਦਿਵਸ ਰੈਣ ਸਾਕ ਸੱਜਣ ਸੈਣ ਭਾਈ ਭੈਣ, ਅੰਸ ਸਰਬੰਸ ਵਿਸ਼ਨੂੰ ਬੰਸ ਸਾਚੀ ਅੰਸਾ ਗੁਰਮੁਖ ਸਾਚੇ ਪਾਲਦਾ । ਗੁਰਮੁਖ ਸਾਚੀ ਅੰਸ, ਹਰਿ ਰਘੁਰਾਇਆ । ਕਾਗ ਬਣਾਏ ਹੰਸ, ਸੋਹੰ ਸਾਚੀ ਚੋਗ ਚੁਗਾਇਆ । ਪੰਜ ਦੁਸ਼ਟ ਸੰਘਾਰੇ ਜਿਉਂ ਕਾਹਨਾ ਕੰਸ, ਕਾਮ ਕਾਮਨੀ ਨੇੜ ਨਾ ਆਇਆ । ਆਪੇ ਆਪ ਸਹੰਸਾ ਸਹੰਸ ਦਲ ਕਵਲ ਮਵਲ ਜੋਤੀ ਸਗਲੀ ਰੰਗ ਵਟਾਇਆ । ਵਡਿਆਈ ਉਪਰ ਧਵਲ, ਹਰਿਜਨ ਆਤਮ ਜਾਏ ਮਵਲ, ਬਹਾਰ ਬਸੰਤ ਇਕ ਵਖਾਇਆ । ਆਪ ਉਲਟਾਏ ਨਾਭੀ ਕਵਲ, ਅੰਮ੍ਰਿਤ ਆਤਮ ਮੇਘ ਬਰਸਾਇਆ । ਗੁਰਮੁਖ ਗੁਰਮੁਖ ਸੁਰਤੀ ਸੁਰਤ ਅਕਾਲ ਮੂਰਤ ਰਹੇ ਬਵਲ, ਦਿਵਸ ਰੈਣ ਦਰਸ਼ਨ ਪਾਇਆ । ਸ਼ਬਦ ਨਾਦ ਅਨਾਹਦ ਵਜੇ ਸਾਚੀ ਤੂਰਤ, ਕੂੜ ਅਡੰਬਰ ਦਿਸ ਨਾ ਆਇਆ । ਹਰਿ ਜਨ ਜਨਹਰਿ ਸੰਤ ਸੁਹੇਲੇ ਆਸਾ ਮਨਸਾ ਹਰਿ ਜੀ ਪੂਰਤ, ਦੂਰਤ ਨੇੜ ਨਾ ਰਿਹਾ ਕੋਈ ਵਖਾਇਆ । ਨੇੜੇ ਦੂਰ ਨਾ ਜਾਣੇ ਕੋਇ । ਹਾਜ਼ਰ

ਹਜ਼ੂਰ ਗੁਰਮੁਖ ਪਛਾਣੇ ਸੋਹੰ ਸੋਏ । ਸਰਬ ਕਲਾ ਆਪੇ ਭਰਪੂਰ, ਜਾਣੇ ਭੇਦ ਦੋ ਜਹਾਨੀ ਦੋਅੰ ਦੋਏ । ਏਕਾ ਜੋਤੀ ਸਾਚਾ ਨੂਰ, ਹਰਿਜਨ ਅਵਰ ਨਾ ਜਾਣੇ ਕੋਇ । ਵਡ ਦਾਤਾ ਜੋਧਾ ਸੂਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖਾਂ ਮੈਲ ਦੁਰਮਤ ਧੋਏ । ਸੁਰਤ ਸਵਾਣੀ ਜਾਗੀ, ਕਲ ਕਵਣ ਜਗਾਏ । ਸੁਣ ਸੁਣ ਥੱਕੀ ਰਾਗ ਰਾਗੀ, ਪ੍ਰਭ ਸਾਚਾ ਕੰਤ ਨਾ ਪਾਏ । ਨਾ ਕੋਈ ਵਡ ਵਡਭਾਗੀ, ਨਾ ਮਾਤੀ ਬਣਤ ਬਣਾਏ । ਨਾ ਲੇਖਾ ਛੁਟੇ ਜ਼ਾਤ ਪਾਤੀ, ਪੁਰਖ ਬਿਧਾਤਾ ਨਜ਼ਰ ਨਾ ਆਏ । ਨਾ ਦੀਸੇ ਜਲਵਾ ਬਾਤੀ, ਬ੍ਰਹਮ ਗਿਆਨ ਨਾ ਕੋਈ ਹੱਥ ਫੜਾਏ । ਸਾਚੇ ਮੰਦਰ ਅੰਧੇਰੀ ਰਾਤੀ, ਜੋਤ ਪਰਕਾਸ਼ ਨਾ ਦੀਪਕ ਕੋਈ ਜਗਾਏ । ਜੋਤੀ ਜੋਤ ਸਰੂਪ ਹਰਿ, ਕਵਣ ਦਵਾਰੇ ਦੇਵੇ ਵਰ, ਗੁਰਮੁਖ ਸਾਚੇ ਸਹਿਜ ਸੁਭਾਏ । ਸੁਰਤ ਸਵਾਣੀ ਸੁਰਤ ਨਾ ਪਾਈ, ਸੁਰਤੀ ਸੁਰਤ ਭਵਾਇਆ । ਅਕਾਲ ਮੂਰਤ ਦਿਸ ਨਾ ਆਈ, ਨਾਦ ਤੂਰਤ ਸ਼ਬਦ ਨਾਦ ਨਾ ਕਿਸੇ ਵਜਾਇਆ । ਨੌਂ ਦਵਾਰੇ ਵੇਖੇ ਥਾਉਂ ਥਾਈਂ, ਆਸਾ ਮਨਸਾ ਤ੍ਰਿਸਨਾ ਪੂਰਤ ਕੋਈ ਦਿਸ ਨਾ ਆਇਆ । ਕਵਣ ਉਤਾਰੇ ਪਾਰ ਕਿਨਾਰੇ ਫੜ ਫੜ ਬਾਂਹੀ, ਡੂੰਘੀ ਭਵਰ ਅੰਧੇਰੀ ਗੁਫਾ ਤ੍ਰੈਧਾਤਾਂ ਤਾਲਾ ਲਾਇਆ । ਮਨੂਆ ਅਠੇ ਪਹਿਰ ਜਗਤ ਵਿਕਾਰੀ ਭੁੱਖਾ, ਆਪੇ ਰਿਹਾ ਆਪ ਭੁਲਾਇਆ । ਸੁਰਤ ਸਵਾਣੀ ਸ਼ਬਦ ਸਰੂਪੀ ਮੰਗੇ ਸਾਚੀ ਭਿਖਾ, ਗੁਰ ਪੂਰਾ ਦੇਵੇ ਦਇਆ ਕਮਾਇਆ । ਜੋਤੀ ਜੋਤ ਸਰੂਪ ਹਰਿ, ਵੇਖ ਵਖਾਣੇ ਗਰਭਵਾਸ ਉਲਟਾ ਰੁਖ਼ਾ, ਦਿਵਸ ਰੈਣ ਰਿਹਾ ਕੁਰਲਾਇਆ ।



੩੮੮

★ ੨੨ ਮੱਘਰ ੨੦੧੨ ਬਿਕ੍ਰਮੀ ਮਾਤਾ ਬਿਸ਼ਨ ਕੌਰ ਦੇ ਨਵਿਤ ਹਰਿ ਭਗਤ ਦਵਾਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ★

੦੫ ਜਗ ਜੀਤ ਜਗ ਜੀਤ ਜਗ ਜੀਤ ਜਾਪ ਜਪਾਨਿਆ । ਮਨ ਜੀਤ ਮਨ ਜੀਤ ਮਨ ਜੀਤ, ਮਨ ਆਤਮ ਮੰਨਿਆ । ਜਗ ਜੀਤ ਜਗ ਜੀਤ ਚਰਨ ਕਵਲ ਸਚ ਪ੍ਰੀਤ, ਕਲਜੁਗ ਬੇੜਾ ਲਾਏ ਬੰਨ੍ਹਿਆ । ਮਨ ਜੀਤ ਮਨ ਜੀਤ ਕਾਇਆ ਠੰਡੀ ਸੀਤ, ਸੁਣਾਏ ਰਾਗ ਰਾਗੀ ਕੰਨਿਆ । ਜਗ ਜੀਤ ਜਗ ਜੀਤ ਜਗ ਜੀਤ ਸਦਾ ਅਤੀਤ, ਮਿਲੇ ਨਾਮ ਵਡ ਧਨ ਧਨਿਆ । ਮਨ ਜੀਤ ਮਨ ਜੀਤ ਮਨ ਜੀਤ ਪੁਰਖ ਅਬਿਨਾਸ਼ੀ ਦਿਸੇ ਮੀਤ, ਨਾ ਕੋਈ ਲਗਾਏ ਮਾਤ ਸੰਨ੍ਹਿਆ । ਮਨ ਜੀਤ ਜਗ ਜੀਤ ਜਗ ਜੀਤ ਮਨ ਜੀਤ ਕਾਇਆ ਮੰਦਰ ਅੰਦਰ ਦਿਹੁਰਾ ਸਚ ਮਸੀਤ, ਗੁਰਦਵਾਰਾ ਗੁਰਮੁਖ ਸਾਚੇ ਏਕਾ ਏਕ ਮੰਨਿਆ । ਏਕਾ ਮਨ ਮਨਜੀਤ ਬੰਧਾਇਆ । ਸਾਚਾ ਮਨ ਜਗਦੀਸ ਧਰਾਇਆ । ਲੱਗਾ ਡੰਨ ਪੰਜ ਤੀਸ ਗਿਰਾਇਆ । ਭਾਂਡਾ ਭਰਮ ਭੰਨ, ਸ਼ਬਦ ਸੀਸ ਟਿਕਾਇਆ । ਚੜ੍ਹਿਆ ਸਾਚਾ ਚੰਨ, ਬੀਸ ਇਕੀਸ ਸੁਹਾਇਆ । ਬੇੜਾ ਆਪਣਾ ਬੰਨ੍ਹ, ਜੋਤੀ ਜੋਤ ਸਰੂਪ ਹਰਿ, ਏਕਾ ਰਾਗ ਗੁਰਮੁਖ ਲੇਖਾ ਮਸਤਕ ਭਾਗ ਸੋਹੰ ਸੋ ਸਾਚਾ ਆਪ ਸੁਣਾਇਆ । ਸੋਹੰ ਜਨ ਗਾਏ ਗਹਿਰ ਗੰਭੀਰ ਅੰਤਰ ਅੰਤਰਾ । ਪੁਰਖ ਅਬਿਨਾਸ਼ੀ ਦਇਆ ਕਮਾਏ, ਤਨ ਬੁਝਾਏ ਲੱਗੀ ਬਸੰਤਰਾ । ਪਾਰਬ੍ਰਹਮ ਬ੍ਰਹਮ ਮੇਲ ਮਿਲਾਏ ਅੰਮ੍ਰਿਤ ਆਤਮ ਮੁਖ ਚੁਆਏ, ਪਾਰ ਕਰਾਏ ਗਗਨ ਗਗਨੰਤਰਾ । ਭਗਤ ਵਛਲ ਆਪ ਅਖਵਾਏ, ਫੜ ਫੜ ਬਾਹੋਂ ਪਾਰ ਕਰਾਏ ਜੁਗ ਜੁਗੰਤਰਾ । ਆਤਮ ਮੋਖ ਮੋਖ ਰਖਾਏ । ਰੋਠੀ ਸੋਗ ਦੁੱਖ ਮਿਟਾਏ, ਤ੍ਰਿਸਨਾ ਭੁੱਖ ਜਗਤ ਗਵਾਏ, ਆਪ ਬਣਾਏ ਸਾਚੀ ਬਣਤਰਾ । ਜੋਤੀ ਜੋਤ ਸਰੂਪ ਹਰਿ, ਮਨਜੀਤ ਜਗਜੀਤ ਗੁਰਮੁਖ ਬੰਨ੍ਹੇ ਸ਼ਬਦ ਪ੍ਰੀਤ, ਇਕ ਵਖਾਏ

ਸਾਚਾ ਮੰਤਰਾ । ਗੁਰ ਮੰਤਰ ਅਧੀਨ ਪੰਜ ਤੱਤਿਆ । ਸ਼ਬਦ ਰਸਨਾ ਚੀਨ । ਪ੍ਰਭ ਦੇ ਸਮਝਾਵੇ ਮਤਿਆ । ਜਗਤ ਵਿਕਾਰਾ ਹੋਏ ਅਧੀਨ, ਦਸ ਦਸ ਚੇਤਨ ਸਤਿਆ । ਸੱਤਿਆ ਬੁੱਧ ਲਏ ਛੀਨ, ਵੇਖੇ ਨਾਮ ਸਾਚਾ ਭੱਤਿਆ । ਆਪੇ ਮਜ਼੍ਹਬ ਸਾਚਾ ਦੀਨ, ਆਪੇ ਵੇਖੇ ਸਾਚੀ ਵਥਿਆ । ਸੋਹੰ ਸ਼ਬਦ ਵਡ ਪਰਬੀਨ, ਚਾਰ ਵਰਨਾਂ ਏਕਾ ਰਥਿਆ । ਆਪ ਚਲਾਏ ਰੂਸਾ ਚੀਨ, ਸਾਚਾ ਮਥਨ ਆਪੇ ਮਥਿਆ । ਦੀਨ ਮੁਹੰਮਦੀ ਮੰਨੇ ਈਨ, ਰਸਨਾ ਕਥਨ ਸਾਚਾ ਕਥਿਆ । ਇੰਗਲਸਤਾਨ ਦੇ ਯਕੀਨ, ਵੇਖੇ ਆਤਮ ਲਾਹੇ ਸਥਿਆ । ਚਾਰੋਂ ਕੁੰਟਾ ਭੰਨੇ ਹੰਕਾਰੀ ਬੀਨ, ਪਾਵੇ ਡੋਰੀ ਸੋਹੰ ਨੱਥਿਆ । ਕਰੇ ਅਕਾਰ ਲੋਕਤੀਨ, ਸਿਵਪੁਰੀ ਇੰਦਰਪੁਰੀ ਤਖ਼ਤ ਤਾਜ ਦੀਸੇ ਲਥਿਆ । ਗੁਰਮੁਖਾਂ ਦਰੇ ਮੀਨ, ਲੇਖਾ ਚੁੱਕੇ ਸਾਢੇ ਤਿੰਨ ਹੱਥਿਆ । ਪਰਗਟ ਹੋਏ ਰਾਮ ਰਹੀਮ ਕਰੀਮ, ਬੇਐਬ ਪਰਵਰਦਿਗਾਰ ਹਰਿ ਨਿਰੰਕਾਰ, ਸ਼ਬਦ ਉਡਾਰੀ ਦਰਸ ਅਪਾਰ, ਸ਼ਬਦ ਦੇਵੇ ਸਾਚੀ ਗਾਥਿਆ । ਮੇਟ ਮਿਟਾਏ ਧੁੰਦੂਕਾਰਾ, ਜੋਤ ਨਿਰੰਜਣ ਕਰ ਉਜਿਆਰਾ, ਸਾਚਾ ਸ਼ਬਦ ਮਾਤ ਪਿਆਰਾ, ਚਾਰੋਂ ਕੁੰਟ ਜੈਕਾਰਾ, ਚਾਰ ਵਰਨਾਂ ਇਕ ਦਵਾਰਾ, ਮਿਲੇ ਮੇਲ ਪੁਰਖ ਅਪਾਰਾ, ਸੋਹੰ ਦੇਵੇ ਸਾਚੀ ਵਥਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖਾਂ ਦੇਵੇ ਨਾਮ ਵਰ, ਮਨ ਜੀਤ ਜਗ ਜੀਤ ਗੁਰ ਮੀਤ ਆਤਮ ਸਗਲ ਵਸੂਰਾ ਲਾਥਿਆ । ਸਗਲ ਵਸੂਰਾ ਗਿਆ ਲਥ, ਪ੍ਰਭ ਸਾਚੇ ਦਇਆ ਕਮਾਇਆ । ਸ਼ਬਦ ਚੜ੍ਹਾਏ ਸਾਚੇ ਰਥ, ਉਨੀਂ ਅੱਸੂ ਆਪ ਸੁਹਾਇਆ । ਪੰਜਾਂ ਚੋਰਾਂ ਗਿਆ ਮਥ, ਪੰਚਮ ਕੱਤਕ ਰਸਨਾ ਗਾਈਆ । ਧੁਰ ਦਰਗਾਹੀ ਸਾਚੀ ਵਥ, ਗੁਰਮੁਖਾਂ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਏਕਾ ਇਕੀ ਕਲਜੁਗ ਇਕੀ ਕੱਤਕ ਇਕੀ ਲੱਖ ਚੁਰਾਸੀ ਵੰਡ ਵੰਡਾਇਆ । ਲੱਖ ਚੁਰਾਸੀ ਵੰਡੇ ਵੰਡ, ਹਰਿ ਸਾਚਾ ਵੰਡਣ ਆਇਆ । ਚਾਰੋਂ ਕੁੰਟ ਭੇਖ ਪਖੰਡ, ਸਾਚਾ ਰਾਹ ਦਿਸ ਨਾ ਆਇਆ । ਖਾਲੀ ਵੇਖੇ ਜੇਰਜ ਅੰਡ, ਭਰਮ ਭੁਲਾਇਆ । ਵੇਖ ਵਖਾਣੇ ਹਰਿ ਬ੍ਰਹਿਮੰਡ, ਵਰਭੰਡ ਦਿਸ ਨਾ ਆਇਆ । ਇਕ ਇਕੱਲਾ ਨਵ ਨਵ ਖੰਡ, ਸੱਤਾਂ ਦੀਪਾਂ ਫੇਰਾ ਪਾਇਆ । ਮਨਮੁਖ ਸੁੱਤੇ ਦੇ ਕਰ ਕੰਡ, ਗੁਰਮੁਖਾਂ ਰਿਹਾ ਜਗਾਇਆ । ਜੂਠੇ ਝੂਠੇ ਪਾਇਣ ਡੰਡ, ਚੌਥਾ ਦਰ ਸਾਚਾ ਘਰ ਸਾਧ ਸੰਤ ਕਿਸੇ ਦਿਸ ਨਾ ਆਇਆ । ਆਪੇ ਦੇਵੇ ਸਾਚਾ ਵਰ, ਪੁਰਖ ਅਬਿਨਾਸ਼ੀ ਕਿਰਪਾ ਕਰ, ਮੱਘਰ ਸੱਤ ਆਤਮ ਵਡ ਧੀਰਜ ਯਤ ਰੱਖੇ ਪਤਿ, ਸੋਹੰ ਸਾਚਾ ਬੀਜ ਬਿਜਾਇਆ । ਚੌਥੇ ਦਰ ਚੌਥੇ ਘਰ ਚੌਥੇ ਪਦ ਗੁਰਮੁਖ ਸਾਚੇ ਆਪੇ ਸੱਦ, ਸੋਹੰ ਸੋ ਦੁਰਮਤ ਮੈਲ ਧੋ, ਭਗਤ ਰਾਗ ਜਗਤ ਤਿਆਗ ਏਕਾ ਏਕ ਜਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਸਾਚਾ ਮਾਰਗ ਲਾਇਆ । ਪੰਚਮ ਮਾਣ ਪੰਚਮ ਪਰਧਾਨੇ । ਪੰਚਮ ਰਾਜ ਜੋਗ ਮਿਹਰਬਾਨੇ । ਪੰਚਮ ਮੇਟੇ ਜਗਤ ਨਿਸ਼ਾਨੇ । ਪੰਚਮ ਰਸ ਰਸਨਾ ਭੋਗ, ਸੋਹੰ ਸੋ ਰਸਨ ਵਖਾਣੇ । ਆਦਿ ਅੰਤ ਨਾ ਹੋਏ ਵਿਜੋਗ, ਆਤਮ ਬ੍ਰਹਮ ਬ੍ਰਹਮ ਆਤਮ ਸ਼ਬਦ ਡੋਰੀ ਬੰਨ੍ਹੇ ਗਾਨੇ । ਹਰਿ ਬਿਨ ਅਵਰ ਨਾ ਜਾਣੇ ਕੋ, ਗੁਣਵੰਤਾ ਹਰਿ ਗੁਣ ਨਿਧਾਨੇ । ਸ਼ਕਤੀ ਭੁਗਤੀ ਦੋ ਜਹਾਨੇ ਦਿਸੇ ਖੋ, ਕਰੇ ਖੇਲ ਵਿਚ ਜਹਾਨੇ । ਸਾਧ ਸੰਤ ਰਹੇ ਰੋ, ਪੰਚਮ ਉਠਿਆ ਹਰਿ ਬਲਵਾਨੇ । ਜੋਤੀ ਜੋਤ ਸਰੂਪ ਹਰਿ, ਛਿਛਮ ਵਾਰ ਹੋ ਤਿਆਰ, ਲੋਕਮਾਤ ਮਾਤ ਝਾਤ ਤੇਈ ਮੱਘਰ ਆਪ ਝੁਲਾਏ ਸ਼ਬਦ ਨਿਸ਼ਾਨੇ । ਸ਼ਬਦ ਨਿਸ਼ਾਨਾ ਜਾਏ ਝੁੱਲ । ਹਰਿ ਭਗਤ ਸੁਹੇਲਾ ਜਗ ਅਕੇਲਾ, ਗੁਰਮੁਖਾਂ ਕਲ ਪਾਏ ਮੁੱਲ । ਲੱਖ ਚੁਰਾਸੀ ਵਕਤ ਦੁਹੇਲਾ, ਕੋਈ ਨਾ ਤੋਲੇ ਪੂਰੇ ਤੋਲ । ਨੌਂ ਦਵਾਰੇ ਝੂਠਾ ਮੇਲਾ, ਜੂਠਾ ਝੂਠਾ

ਬੀਜ ਰਹੇ ਬੋ । ਭਗਤ ਜਨਾਂ ਗੁਰ ਆਪੇ ਚੇਲਾ, ਅੰਮ੍ਰਿਤ ਆਤਮ ਰਿਹਾ ਚੋ । ਅਚਰਜ ਖੇਲ ਕਲਜੁਗ ਖੇਲਾ, ਵਕਤ ਸੁਹਾਏ ਨੌਂ ਪੋਹ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਛੇਵੇਂ ਘਰ ਛੇਵੇਂ ਦਰ, ਛੇਵੀਂ ਵਾਰ ਕਰ ਵਿਚਾਰ, ਦੇਵੇ ਧਾਰ ਸੋਹੰ ਸੋ । ਨੌਂ ਪੋਹ ਨੌਂ ਦਵਾਰ ਕਰ ਖੁਆਰ ਗੁਰਮੁਖ ਜਗਾਈਆ । ਆਤਮ ਭਰੇ ਸ਼ਬਦ ਭੰਡਾਰ, ਹਰਿ ਦਾਤਾਰ ਸਰਬ ਸਹਾਰ ਆਪ ਅਖਵਾਈਆ । ਪੰਚਾਂ ਮਾਰੇ ਤੇਜ਼ ਕਟਾਰ, ਪਹਿਲੀ ਵਾਰੇ ਦਰ ਦਵਾਰੇ ਬਾਹਰ ਕਢਾਈਆ । ਗੁਰਮੁਖ ਸਾਚੇ ਕਰ ਤਿਆਰ, ਸ਼ਬਦ ਸ਼ਿੰਗਾਰ ਆਤਮ ਸੇਜਾ ਆਸਣ ਲਾਈਆ । ਰੂਪ ਅਗੰਮ ਅਗੰਮ ਅਪਾਰ, ਪਾਰਬ੍ਰਹਮ ਬ੍ਰਹਮ ਕਰ ਵਿਚਾਰ, ਸਾਚਾ ਲੇਖਾ ਰਿਹਾ ਚੁਕਾਈਆ । ਸ਼ਬਦ ਵਿਚੋਲਾ ਵਿਚ ਸੰਸਾਰ, ਸੋਹੰ ਢੋਲਾ ਨਰ ਨਿਰੰਕਾਰ, ਆਪ ਆਪਣਾ ਰਿਹਾ ਸੁਣਾਈਆ । ਪੰਝੀ ਪੋਹ ਦਿਵਸ ਵਿਚਾਰ, ਨੌਂ ਸਤ ਪ੍ਰਭ ਬੰਨ੍ਹੇ ਧਾਰ, ਸ਼ਬਦ ਤੱਤ ਅਪਰ ਅਪਾਰ, ਬਹੱਤਰ ਨਾੜੀ ਉਬਲੇ ਰਤ, ਮਨਮੁਖ ਜੀਵ ਹੋਏ ਗਵਾਰ । ਗੁਰਮੁਖ ਰੱਖੇ ਆਤਮ ਯਤ ਸ਼ਬਦ ਸਰੂਪੀ ਪਹਿਰੇਦਾਰ । ਪੰਜ ਪਿਆਰੇ ਦੇ ਸਮਝਾਏ ਮਤ, ਮਾਤ ਰਹਿਣ ਖ਼ਬਰਦਾਰ । ਸ਼ਬਦ ਚੜ੍ਹਾਏ ਸਾਚੇ ਰਥ, ਰਥ ਰਥਵਾਹੀ ਨਿਰੰਕਾਰ । ਦਰਸ ਦਿਖਾਏ ਹਰਿ ਸਮਰਥ, ਫੜ ਫੜ ਬਾਂਹੋਂ ਲਾਏ ਪਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੰਚਾਂ ਦੇਵੇ ਏਕਾ ਵਰ, ਸ਼ਬਦ ਜੈਕਾਰਾ ਵਿਚ ਸੰਸਾਰ । ਪੰਚਾਂ ਦੇਵੇ ਮਤ ਵਕਤ ਸੁਹਾਵਣਾ । ਆਪੇ ਰੱਖੇ ਮਾਤ ਪਤ, ਜਗ ਜਗਾਵਣਾ । ਸ਼ਬਦ ਸੰਤੋਖ ਧੀਰਜ ਯਤ, ਆਤਮ ਤ੍ਰਿਸਨਾ ਭੁੱਖ ਮਿਟਾਵਣਾ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਮ੍ਰਿਤ ਵੇਲਾ ਅੰਮ੍ਰਿਤ ਫਲ ਏਕਾ ਏਕ ਖਵਾਵਣਾ । ਪੰਝੀ ਪੋਹ ਪੰਚ ਪਿਆਰ । ਪੰਚਮ ਕਰੇ ਹਰਿ ਨਿਰੰਕਾਰ । ਹਰਿਜਨ ਸਾਚਾ ਦਰ ਘਰ ਤਰੇ, ਪਾਏ ਦਰਸ ਅਗੰਮ ਅਪਾਰ । ਆਵੇ ਜਾਵੇ ਨਾ ਜਨਮੇ ਮਰੇ, ਲੱਖ ਚੁਰਾਸੀ ਉਤਰੇ ਪਾਰ । ਇਕ ਵਖਾਏ ਸਚ ਘਰੇ, ਸ਼ਬਦ ਘੋੜਾ ਜੋਤੀ ਜੋੜਾ ਏਕਾ ਏਕ ਦਰ ਦਵਾਰ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਸਤਕ ਇਕਾ ਸ਼ਬਦ ਸਰੂਪੀ ਬੰਨ੍ਹੇ ਸੀਸ ਜਗਦੀਸ ਦਸਤਾਰ । ਦਸਤਾਰ ਦਸਤਾਰ ਦਸਤਾਰ, ਗੁਰਮੁਖਾਂ ਸੀਸ ਟਿਕਾਈਆ । ਕਰਤਾਰ ਕਰਤਾਰ ਕਰਤਾਰ, ਬੀਸ ਇਕੀਸਾ ਖੇਲ ਰਚਾਈਆ । ਦੋ ਦੋ ਧਾਰ, ਆਪ ਆਪਣੀ ਰਿਹਾ ਕਰਾਈਆ । ਆਪੇ ਵਸੇ ਵਿਚਕਾਰ, ਦੋਹਾਂ ਦਿਸ ਨਾ ਆਈਆ । ਬ੍ਰਹਮ ਗਿਆਨੀ ਵਿਦਵਾਨੀ ਜਗ ਦੋਹਾਨੀ ਸੁਰਤੀ ਸੁਰਤ ਆਪ ਵਿਚਾਰ, ਸਾਰ ਨਾ ਪਾਈਆ । ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਜਗਤ ਸਿਆਸਤ ਦੇਵੇ ਭੇਵ ਨਾ ਰਾਈਆ । ਮਾਇਆ ਸੁੱਤਾ ਸੇਜਾ ਬਾਸ਼ਕ, ਸਹੰਸਰ ਮੁਖ ਉਠਾਈਆ । ਜੂਠ ਝੂਠ ਏਕਾ ਤਖ਼ਤ ਤਾਸ਼ਕ, ਦਿਵਸ ਰੈਣ ਫੁੰਕਾਰਾ ਲਾਈਆ । ਸ੍ਰਿਸ਼ਟ ਸਬਾਈ ਸਾਚਾ ਆਸ਼ਕ, ਆਤਮ ਜੋਤੀ ਏਕਾ ਰਿਹਾ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਜਗਤ ਯਾਚਕ ਭਗਤ ਭੰਡਾਰੀ ਆਪੇ ਆਪ ਅਖਵਾਈਆ । ।

## ★ ਪਹਿਲੀ ਪੋਹ ੨੦੧੨ ਬਿਕ੍ਰਮੀ ਹਰਿ ਭਗਤ ਦਵਾਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ★

ਹਰਿ ਵਡ ਬਲੀ ਬਲਵਾਨ, ਭਗਤ ਕਰੰਮਿਆ । ਅੱਠੇ ਪਹਿਰ ਨੌਜਵਾਨ, ਨਾ ਮਰੇ ਨਾ ਕਦੇ ਜੰਮਿਆ । ਸ਼ਬਦ ਰਖੇ ਤੀਰ ਕਮਾਨ, ਆਪ ਹਿਲਾਏ ਗਗਨ ਪਤਾਲੀ ਥੰਮ੍ਹਿਆ । ਲੋਆਂ ਪੁਰੀਆਂ ਏਕਾ ਆਣ, ਆਪੇ ਘੜੇ ਆਪੇ ਭੰਨਿਆ । ਇਕ ਝੁਲਾਏ ਸ਼ਬਦ ਨਿਸ਼ਾਨ, ਰਾਜ ਰਾਜਾਨਾਂ

ਦੇਵੇ ਡੰਨਿਆ । ਚਾਰੋਂ ਕੁੰਟਾਂ ਮਾਰ ਧਿਆਨ, ਲੱਖ ਚੁਰਾਸੀ ਵੇਖੇ ਆਤਮ ਅੰਨ੍ਹਿਆ । ਗੁਰਮੁਖ ਸਾਚੇ ਚਤੁਰ ਸੁਜਾਨ, ਏਕਾ ਰਾਗ ਸੁਣਾਏ ਕੰਨਿਆ । ਨੌਂ ਦਵਾਰੇ ਬੀਆਬਾਨ, ਦਸਵੇਂ ਜੋਤੀ ਇਕ ਰਖੰਨਿਆ । ਹਰਿਜਨ ਸਾਚੇ ਕਰ ਪਛਾਣ, ਜਗਤ ਚੜ੍ਹਾਏ ਸਾਚੇ ਚੰਨਿਆ । ਸੋਹੰ ਦੇਵੇ ਪੀਣ ਖਾਣ, ਅੰਦਰੇ ਅੰਦਰ ਆਤਮ ਮੰਨਿਆ । ਧਰਮ ਬਿਠਾਏ ਇਕ ਬਿਬਾਣ, ਧਰਮ ਰਾਏ ਨਾ ਦੇਵੇ ਡੰਨਿਆ । ਦਰਗਾਹ ਸਾਚੀ ਸਚ ਮਕਾਨ, ਆਪ ਬਹਾਏ ਦਇਆ ਕਮਾਏ, ਹਰਿਜਨ ਸਾਚੇ ਬੇੜਾ ਬੰਨ੍ਹਿਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਲੋਕਮਾਤੀ ਮਿਹਰਬਾਨ ਦੇਵੇ ਜੀਆ ਦਾਨ ਨਾਮ ਨਿਧਾਨ, ਨਾ ਲਾਏ ਕੋਈ ਸੰਨ੍ਹਿਆ । ਨਾਮ ਨਿਧਾਨ ਗੁਣਵੰਤ ਗੁਰਮੁਖ ਜਾਣਿਆ । ਨਾ ਕੋਈ ਜਾਣੇ ਸਾਧ ਸੰਤ, ਮਾਇਆ ਭੁੱਲੇ ਭਰਮ ਭੁਲਾਨਿਆ । ਕਲਜੁਗ ਵੇਲਾ ਆਇਆ ਅੰਤ, ਮਗਰ ਲੱਗੇ ਪੰਜ ਸ਼ੈਤਾਨਿਆ । ਗੁਰਮੁਖ ਵਿਰਲੇ ਮੇਲ ਮਿਲਾਵਾ ਸਾਚੇ ਕੰਤ, ਦੇਵੇ ਦਰਸ ਦਰ ਮਹਾਨਿਆ । ਆਪ ਬਣਾਏ ਸਾਚੀ ਬਣਤ, ਦਰ ਘਰ ਸਾਚਾ ਇਕ ਵਖਾਨਿਆ । ਜੋਤੀ ਜਗਤ ਜਗੇ ਅਗਨੀ ਭਗਤ ਭਗਵੰਤ, ਏਕਾ ਰੰਗ ਸਾਚਾ ਸੰਗ, ਦਰ ਦਵਾਰਾ ਸਾਚਾ ਮਾਨਿਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਕਲਜੁਗ ਅੰਤਮ ਵੇਖ ਹਰਿ, ਪਕੜ ਉਠਾਏ ਰਾਜਾ ਰਾਣਾ, ਸ਼ਾਹ ਸੁਲਤਾਨਿਆ । ਕਰੇ ਕਰਾਏ ਦਰ ਦਰ ਘਰ ਘਰ ਖੁਆਰਿਆ । ਰਾਜ ਰਾਜਾਨਾਂ ਸ਼ਾਹ ਸੁਲਤਾਨ, ਵੇਖੇ ਬੰਕ ਦਵਾਰਿਆ । ਪਰਗਟ ਹੋਏ ਵਾਲੀ ਦੋ ਜਹਾਨ, ਸ਼ਬਦ ਡੰਕ ਇਕ ਵਜਾ ਰਿਹਾ । ਪਾਰਬ੍ਰਹਮ ਬ੍ਰਹਮ ਪਾਰ ਕਰ ਪਛਾਨ, ਰਾਓ ਰੰਕ ਇਕ ਵਖਾ ਰਿਹਾ । ਸਾਚਾ ਧਰਮ ਜੀਵ ਜੰਤ ਜਗਤ ਜਹਾਨ, ਏਕਾ ਏਕ ਅੰਕ ਆਪ ਸਿਖਾ ਰਿਹਾ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਕਲਜੁਗ ਅੰਤਮ ਵੇਖ ਹਰਿ, ਆਪ ਆਪਨਾ ਰੰਗ ਵਟਾ ਰਿਹਾ । ਆਪ ਆਪਨਾ ਰੰਗ ਵਟਾਏ, ਦਿਸ ਕਿਸੇ ਨਾ ਆਇਆ । ਗੁਰਮੁਖ ਸਾਚੇ ਸੰਗ ਸਮਾਇਆ । ਸ਼ਬਦ ਘੋੜੇ ਤੰਗ ਕਸਾਇਆ । ਸਤਵੇਂ ਘਰ ਆਸਣ ਲਾਇਆ । ਜੋਤ ਸਰੂਪੀ ਡਗਮਗਾਏ, ਆਪਨਾ ਆਪ ਰਿਹਾ ਉਪਾਇਆ । ਗੁਰਮੁਖ ਸਾਚੇ ਹੰਸ ਕਗ ਬਣਾਏ, ਸੋਹੰ ਅੱਖਰ ਏਕਾ ਵੱਖਰ ਜਗਤ ਪੜ੍ਹਾਇਆ । ਪਕੜ ਉਠਾਏ ਰੋੜ੍ਹੀ ਸੱਖਰ, ਸ਼ਬਦ ਸੁਨੇਹੜਾ ਰਿਹਾ ਘਲਾਇਆ । ਆਪੇ ਪਾੜੇ ਬਜਰ ਕਪਾਟੀ ਪੱਥਰ, ਪੰਚਾਂ ਸੱਥਰ ਦਏ ਵਿਛਾਇਆ । ਆਪ ਵਰੋਲੇ ਨੇਤਰ ਅੱਥਰ, ਦਸਮ ਦਵਾਰੀ ਸੰਪਟ ਲਾਇਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਕਲਜੁਗ ਅੰਤਮ ਵੇਖ ਹਰਿ, ਆਪ ਆਪਨੇ ਰੰਗ ਸਮਾਇਆ । ਆਪ ਆਪਨੇ ਰੰਗ ਸਮਾਏ, ਭੇਵ ਕੋਈ ਨਾ ਪਾਇੰਦਾ । ਗੁਰਮੁਖ ਸਾਚੇ ਸੰਤ ਜਗਾਏ, ਸਤਿ ਸਰੂਪੀ ਦਰਸ ਦਿਖਾਇੰਦਾ । ਜੋਤ ਜਗਤ ਜਗ ਬਣਤ ਬਣਾਏ, ਵਡ ਸ਼ਾਹੋ ਭੂਪੀ ਆਪ ਅਖਵਾਇੰਦਾ । ਮਹਿੰਮਾ ਅਗਣਤ ਗਣੀ ਨਾ ਜਾਏ, ਅਨੂਪ ਅਨੂਪਾ ਹਰਿ ਸਮਾਇੰਦਾ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਕਲਜੁਗ ਅੰਤਮ ਵੇਖ ਹਰਿ, ਆਪ ਆਪਨੇ ਰੰਗ ਸਮਾਇੰਦਾ । ਹਰਿ ਹਰਿ ਰੰਗ ਅਮੋਲ, ਭੇਵ ਨਾ ਰਾਇਆ । ਗੁਰਮੁਖਾਂ ਪੜਦੇ ਰਿਹਾ ਖੋਲ੍ਹ, ਆਤਮ ਦਰਸ ਦਿਖਾਇਆ । ਸ਼ਬਦ ਵਜਾਏ ਸਾਚਾ ਢੋਲ, ਨਾਦ ਅਨਾਦ ਅਨਾਹਦ ਸਾਚਾ ਰੰਗ ਸਮਾਇਆ । ਦਿਵਸ ਰੈਣ ਸਦ ਵਸੇ ਕੋਲ, ਦੂਈ ਦਵੈਤੀ ਪੜਦਾ ਲਾਹਿਆ । ਕਾਇਆ ਮੰਦਰ ਕਰੇ ਚੋਹਲ, ਕਾਇਆ ਮੰਦਰ ਇਕ ਸੁਹਾਇਆ । ਜੋਤੀ ਜੋਤ ਸਰੂਪ ਹਰਿ, ਨਿਰਗੁਣ ਰੂਪ ਸਤਿ ਸਰੂਪ ਦਿਸ ਨਾ ਆਇਆ । ਨਿਸ਼ਅੱਖਰ ਵੱਖਰ ਰਿਹਾ ਬੋਲ, ਪਰਾ ਪਸੰਤੀ ਸਾਰ ਨਾ ਰਾਇਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਕਲਜੁਗ ਅੰਤਮ ਵੇਖ ਹਰਿ, ਆਪ ਆਪਨੇ ਰੰਗ ਸਮਾਇਆ । ਆਪਣੇ ਰੰਗ

੩੯੧
੦੫

ਸਮਾਏ, ਆਪ ਰੰਗ ਰਾਤਾ ਏ । ਗੁਰਮੁਖ ਸਾਚੇ ਮਾਤ ਜਗਾਏ, ਦੇਵੇ ਨਾਮ ਸੱਚੀ ਸੁਗਾਤਾ ਏ । ਫੜ ਫੜ ਬਾਹੋਂ ਰਾਹੇ ਪਾਏ, ਨਾ ਕੋਈ ਵੇਖੇ ਜ਼ਾਤਾਂ ਪਾਤਾਂ ਏ । ਅੰਤਮ ਜਮ ਕਾ ਫਾਹ ਕਟਾਏ, ਧਰਮ ਰਾਏ ਨਾ ਪੁੱਛੇ ਵਾਤਾ ਏ । ਦਰਗਾਹ ਸਾਚੀ ਸਾਚੇ ਧਾਮ ਬਹਾਏ, ਆਪੇ ਪਿਤਾ ਆਪੇ ਮਾਤਾ ਏ । ਏਕਾ ਏਕ ਜਨ ਭਗਤ ਟੇਕ ਸੋਹੰ ਸਾਚਾ ਜਾਪ ਜਪਾਏ, ਦਰਸ ਦਿਖਾਏ ਇਕ ਇਕਾਂਤਾ ਏ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਕਲਜੁਗ ਅੰਤਮ ਵੇਖ ਹਰਿ, ਸਾਚੇ ਰੰਗ ਰੰਗ ਰਾਤਾ ਏ । ਦੂਜੇ ਦਰ ਨਾ ਗਿਆ ਮੰਗਣ, ਆਪ ਆਪਣਾ ਸੰਗ ਨਿਭਾਇਆ । ਜਨ ਭਗਤਾਂ ਕਟੇ ਭੁੱਖ ਨੰਗਨ, ਸ਼ਬਦ ਕੰਗਣ ਤਨ ਪਹਿਨਾਇਆ । ਸ਼ਬਦ ਸਰੂਪੀ ਵੇਖੇ ਜੰਗਣ, ਨੌਂ ਖੰਡ ਪ੍ਰਿਥਮੀ ਬੰਨ੍ਹੇ ਤੰਦਨ, ਲੱਖ ਚੁਰਾਸੀ ਹੋਈ ਭੰਗਣ, ਗੁਰ ਪੀਰ ਸਾਧ ਕੋਈ ਰਹਿਣ ਨਾ ਪਾਇਆ । ਵਜੇ ਨਾਮ ਮਰਦੰਗਨ, ਸਾਚਾ ਡੰਕ ਰਿਹਾ ਵਜਾਇਆ । ਜਨ ਭਗਤਾਂ ਰਖਾਏ ਆਪਣੇ ਅੰਗਣ, ਆਪ ਆਪਣੀ ਗੋਦ ਉਠਾਇਆ । ਚਿੱਟੇ ਅਸਵ ਕਸੇ ਤੰਗਨ, ਸ਼ਬਦ ਪਲਾਣਾ ਉਪਰ ਪਾਇਆ । ਸੋਹੰ ਚਾੜ੍ਹੇ ਸਾਚੀ ਰੰਗਣ, ਓਅੰਕਾਰਾ ਦੇਸ ਸੁਹਾਇਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਆਪ ਆਪਣਾ ਵੇਸ ਕਰ, ਆਪ ਆਪਣੇ ਰੰਗ ਸਮਾਇਆ । ਹਰਿ ਹਰਿ ਰੰਗ ਚਲੂਲ, ਖੇਲ ਅਗੰਮੜਾ । ਲੱਖ ਚੁਰਾਸੀ ਗਈ ਭੂਲ, ਮਾਇਆ ਰਾਣੀ ਪੱਲੇ ਦਮੜਾ । ਸ਼ਬਦ ਸਿੰਘਾਸਣ ਹਰਿ ਬਿਰਾਜੇ, ਨਾ ਕੋਈ ਪਾਵਾ ਨਾ ਕੋਈ ਚੂਲ, ਨਾ ਕੋਈ ਭਾਈ ਭੈਣ ਅੰਮੜਾ । ਆਪੇ ਆਪ ਕੰਤ ਕੰਤੂਹਲ, ਸਚ ਦਵਾਰਾ ਏਕਾ ਮੱਲੜਾ । ਗੁਰਮੁਖ ਸਾਚੇ ਮਾਤ ਉਪਜਾਏ ਸਾਚੇ ਫੂਲ, ਲੇਖੇ ਲਾਏ ਹੱਡ ਮਾਸ ਨਾੜੀ ਚੰਮੜਾ । ਸ਼ਬਦ ਪੰਘੂੜਾ ਰਿਹਾ ਝੂਲ, ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਕਰੇ ਖੇਲ ਅਗੰਮ ਅਗੰਮੜਾ । ਪੁਰਖ ਅਗੰਮ ਅਗੰਮੜਾ ਅਗੰਮੜੀ ਖੇਲ ਰਚਾਇਆ ਏ । ਹੱਡ ਮਾਸ ਨਾੜੀ ਨਾ ਕੋਈ ਚੰਮੜਾ, ਮਾਤ ਪਿਤ ਨਾ ਕੋਈ ਅਖਵਾਇਆ ਏ । ਪੱਲੇ ਰੱਖੇ ਨਾ ਕੋਈ ਪੈਸਾ ਧੇਲਾ ਦੰਮੜਾ, ਸ੍ਰਿਸ਼ਟ ਸਬਾਈ ਡੋਰੀ ਹੱਥ ਰਖਾਇਆ ਏ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਕਲਜੁਗ ਵੇਖ ਰੇਖ ਹਰਿ, ਬੀਸ ਬਾਰਾਂ ਬਾਰਾ ਬੀਸ ਬੀਸ ਬਤੀਸ ਰਾਗ ਛਤੀਸ ਬੀਸ ਇਕੀਸ ਦੇਵੇ ਸਰਬ ਮਿਟਾਇਆ ਏ । ਏਕਾ ਏਕ ਇਕ ਅਕਾਲਾ ਏ । ਇਕ ਅਕਾਲਾ ਉਚਾ ਦਿਸੇ ਦੀਨ ਦਿਆਲਾ ਏ । ਲੋਆਂ ਪੁਰੀਆਂ ਪਏ ਤਰਥਲਾ, ਕਰੇ ਖੇਲ ਕਾਲ ਮਹਾਂਕਾਲਾ ਏ । ਚੌਥੇ ਜੁਗ ਹੋਇਆ ਅੰਧੂ, ਨਾ ਕੋਈ ਮਿਲੇ ਰਖਵਾਲਾ ਏ । ਜਗਤ ਤ੍ਰਿਸ਼ਨਾ ਮਾਇਆ ਝੂਠਾ ਧੰਦੂ, ਗਲ ਪਿਆ ਮੋਹ ਜੰਜ਼ਾਲਾ ਏ । ਗਲ ਪਾਪਾਂ ਭਾਰ ਉਠਾਇਆ ਕੰਧੂ, ਫ਼ਲ ਨਾ ਲਾਗਾ ਕਿਸੇ ਡਾਲ੍ਹਾ ਏ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਗੁਰਮੁਖ ਵੇਖ ਹਰਿ, ਕਰੇ ਖੇਲ ਜਗਤ ਦਲਾਲਾ ਏ । ਏਕਾ ਏਕ ਤਖ਼ਤ ਬਿਰਾਜਿਆ । ਸ਼ਬਦ ਵੱਜੇ ਸਾਚਾ ਤਾਲ, ਰਾਗ ਅਨਹਦ ਸਾਚਾ ਵਾਜਿਆ । ਅੰਮ੍ਰਿਤ ਸਰ ਸਰੋਵਰ ਇਕ ਉਛਾਲ, ਜਨ ਭਗਤਾਂ ਰੱਖੇ ਲਾਜਿਆ । ਲਾਲ ਅਨਮੁਲੜਾ ਏਕਾ ਭਾਲ, ਲੋਕਮਾਤ ਕਰਾਏ ਸਾਚਾ ਕਾਜਿਆ, ਜਗਤ ਅਵੱਲੜੀ ਚਲੀ ਚਾਲ, ਜੋਤ ਜਗਾਏ ਦੇਸ ਮਾਝਿਆ । ਸਾਚੀ ਘਾਲਣ ਰਿਹਾ ਘਾਲ, ਦੀਪਕ ਜੋਤੀ ਮਸਤਕ ਸਾਚੇ ਥਾਲ, ਜੋਤ ਨਿਰੰਜਣ ਮਾਰੇ ਅਵਾਜ਼ਿਆ । ਸਾਧ ਸੰਤ ਹੋਏ ਬੇਹਾਲ, ਗੁਰ ਪੀਰ ਨਾ ਕੋਈ ਨਿਭੇ ਨਾਲ, ਨਾ ਕੋਈ ਦੀਸੇ ਮੱਕਾ ਕਾਅਬਾ, ਨਾ ਕੋਈ ਹਾਜਨ ਹਾਜਿਆ । ਪਰਗਟ ਹੋਇਆ ਹੱਕ ਜ਼ਨਾਬਾ, ਵੇਖ ਵਖਾਣੇ ਦੋ ਦੋ ਆਬਾ, ਧੁਰ ਦਰਗਾਹੀ ਸਚ ਨਵਾਬਾ, ਲੇਖਾ ਕੱਢੇ ਬਾਕੀਆ । ਚਰਨ ਘੋੜੇ ਦੇ ਰਕਾਬਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

ਕਰ, ਲੋਕਮਾਤ ਹਰਿ ਜੋਤ ਧਰ, ਰਹਿਣ ਨਾ ਦੇਵੇ ਕੋਈ ਆਕੀਆ । ਲੋਕਮਾਤ ਨਾ ਕੋਈ ਆਕੀ, ਹਰਿ ਸੱਚਾ ਸ਼ਾਹ ਸੁਲਤਾਨਾ ਏ । ਲੱਖ ਚੁਰਾਸੀ ਕੱਢੇ ਬਾਕੀ, ਜੋਤ ਸਰੂਪੀ ਪਹਿਰੇ ਬਾਣਾ ਏ । ਕੋਈ ਨਾ ਦੀਸੇ ਬੰਦਾ ਖ਼ਾਕੀ, ਨਾ ਕੋਈ ਗਾਏ ਰਾਗ ਤਰਾਨਾ ਏ । ਔਲੀਏ ਪੀਰ ਗੌਂਸ ਕੁਤਬ ਨਾ ਕੋਈ ਦੀਸੇ ਪਾਕਨ ਪਾਕੀ, ਜੂਠਾ ਝੂਠਾ ਮਿਟੇ ਨਿਸ਼ਾਨਾ ਏ । ਅੰਮ੍ਰਿਤ ਜਾਮ ਨਾ ਕੋਈ ਪਿਆਏ ਬਣ ਬਣ ਸਾਕੀ, ਏਕਾ ਭੁਲਿਆ ਹਰਿ ਭਗਵਾਨਾ ਏ । ਦਸਮ ਦਵਾਰੇ ਕੋਈ ਨਾ ਖੋਲ੍ਹੇ ਬੰਦ ਤਾਕੀ, ਨੌਂ ਦਵਾਰੇ ਅੰਧ ਅੰਧਿਆਨਾ ਏ । ਭਗਤ ਜਨਾਂ ਹਰਿ ਦੇਵੇ ਏਕਾ ਝਾਕੀ, ਸਾਚਾ ਮੰਦਰ ਆਪ ਸੁਹਾਨਾ ਏ । ਸੋਹੰ ਸ਼ਬਦ ਚੜ੍ਹਾਏ ਸਾਚੇ ਰਾਕੀ, ਵਾਗ ਆਪਣੇ ਹੱਥ ਰਖਾਣਾ ਏ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਜੋਤੀ ਜਾਮਾ ਭੇਖ ਧਰ, ਗੁਰਮੁਖ ਅੰਤਮ ਵੇਖ ਹਰਿ, ਸ਼ਬਦ ਬੰਨ੍ਹੇ ਹੱਥੀਂ ਗਾਨਾ ਏ । ਸ਼ਬਦ ਬੰਨ੍ਹੇ ਡੋਰ ਨਾਮ ਨਿਰੰਕਾਰਿਆ । ਕਲਜੁਗ ਅੰਧ ਅੰਧਘੋਰ, ਨਾਤਾ ਤੁੱਟਾ ਪੰਚਮ ਯਾਰਿਆ । ਦਿਵਸ ਰੈਣ ਨਾ ਪਾਇਣ ਸ਼ੋਰ, ਤੀਰ ਛੁੱਟੇ ਏਕਾ ਵਾਰਿਆ । ਆਪ ਚੁਕਾਏ ਮੋਰ ਤੋਰ, ਦੂਸਰ ਹੋਰ ਨਾ ਕੋਈ ਵਖਾ ਰਿਹਾ । ਨਾ ਕੋਈ ਦੀਸੇ ਮੜ੍ਹੀ ਗੋਰ, ਸ਼ਬਦ ਘੋੜਾ ਸਰਬ ਮਿਟਾ ਰਿਹਾ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਕਲਜੁਗ ਅੰਤਮ ਵੇਖ ਹਰਿ, ਆਪ ਆਪਣਾ ਰੰਗ ਵਟਾ ਰਿਹਾ । ਸੁਰਤ ਸ਼ਬਦ ਗਿਆਨਾ, ਜਿਸ ਜਨ ਪਾਇਆ । ਵੇਖੇ ਕਰ ਧਿਆਨਾ, ਦਰ ਦਵਾਰਾ ਕਵਣ ਵਖਾਇਆ । ਕਵਣ ਉਡਾਏ ਵਿਚ ਬਿਬਾਣਾ, ਕਵਣ ਦਿਸ਼ਾ ਰਾਹੇ ਪਾਇਆ । ਕਵਣ ਦੀਸੇ ਵਿਚ ਮਕਾਨਾ, ਦਿਵਸ ਰੈਣ ਰਿਹਾ ਤਕਾਇਆ । ਸਾਚਾ ਦੇਵੇ ਪੀਣ ਖਾਣਾ, ਸਚ ਸੁਨੇਹੜਾ ਰਿਹਾ ਘਲਾਇਆ । ਆਪੇ ਹੋਏ ਜਾਣੀ ਜਾਣਾ, ਦਿਸ ਕਿਸੇ ਨਾ ਆਇਆ । ਨੌਂ ਦਵਾਰੇ ਬੀਆਬਾਨ ਸੁੰਞ ਮਸਾਣਾ, ਦਸਵਾਂ ਦਰ ਸਾਚਾ ਘਰ ਗੁਰਮੁਖ ਵਿਰਲਾ ਚੜ੍ਹੇ ਸੂਰਾ, ਜਿਸ ਗੁਰ ਪੂਰਾ ਵਡ ਦਾਤਾ ਸੂਰਾ ਨਜ਼ਰੀ ਆਇਆ । ਪੰਜਾਂ ਚੋਰਾਂ ਕਰੇ ਚੂਰਾ ਚੂਰਾ, ਸਾਚਾ ਰਾਹ ਨਾ ਹੋਏ ਕਦੇ ਹਦੂਰਾ, ਸੁਖਮਨ ਨਾੜੀ ਪਿੱਛੇ ਅਗਾੜੀ, ਆਪੇ ਕਰੇ ਸ਼ਬਦ ਵਾੜੀ, ਗੁਰ ਚੇਲਾ ਆਪ ਅਖਵਾਇਆ । ਨਾ ਕੋਈ ਦੀਸੇ ਮੁੱਛ ਦਾਹੜੀ, ਕੇਸਾ ਧਾਰੀ ਨਰ ਨਿਰੰਕਾਰੀ ਸਾਚੇ ਘਰ ਨਜ਼ਰ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਗੁਰਮੁਖਾਂ ਪੁੱਛੇ ਸਚ ਘਰ, ਜਿਸ ਜਨ ਖੁਲ੍ਹਾ ਬੰਦ ਦਰ, ਸਾਚਾ ਬਚਨ ਦਏ ਅਲਾਇਆ । ਉਠ ਉਠ ਬਲ ਧਾਰੇ, ਜਿਸ ਪਾਇਆ ਪੁਰਖ ਅਗੰਮ । ਮਿਲਿਆ ਮੇਲ ਕੰਤ ਭਤਾਰੇ, ਲੇਖੇ ਲੱਗੇ ਕਾਇਆ ਚੰਮ । ਸਚ ਸੁਲੱਖਣੀ ਸੋਭਾਵੰਤੀ ਨਾਰੇ, ਜੋਤੀ ਜੋਤ ਸਰੂਪ ਹਰਿ, ਗੁਰਮੁਖਾਂ ਪੁੱਛੇ ਸਚ ਘਰ, ਨੌਂਵੇ ਕਰੇ ਬੰਦ ਦਵਾਰੇ । ਨੌਂ ਦਵਾਰੇ ਤਜ, ਦਸਮ ਵਖਾਈਆ । ਸ਼ਬਦ ਸਿੰਘਾਸਣ ਬਹਿਣਾ ਸਜ, ਦਇਆ ਕਮਾਈਆ । ਆਪਣਾ ਪੜਦਾ ਲੈਣਾ ਕੱਜ, ਮਾਨਸ ਦੇਹੀ ਅੰਤਮ ਪਾਈਆ । ਸਾਚਾ ਤਾਲ ਰਿਹਾ ਵੱਜ, ਰਾਗੀ ਨਾਦੀ ਸੁਣਨ ਨਾ ਪਾਈਆ । ਮੁਖ ਗੁਰ ਗੁਰਮੁਖ ਰੱਖੇ ਲੱਜ, ਬ੍ਰਹਮ ਪਾਰਬ੍ਰਹਮ ਸਰਨਾਈਆ । ਜਗਤ ਤ੍ਰਿਸ਼ਨਾ ਦੇਵੇ ਤਜ, ਅੰਮ੍ਰਿਤ ਆਤਮ ਪੀਵੇ ਰੱਜ, ਆਵਣ ਜਾਵਣ ਗੇੜ ਕਟਾਈਆ । ਏਕਾ ਏਕ ਕਰਾਏ ਆਪਣਾ ਹੱਜ, ਜੋਤੀ ਜੋਤ ਸਰੂਪ ਹਰਿ, ਆਪ ਆਪਣਾ ਦਰਸ ਦਿਖਾਈਆ । ਕਲਜੁਗ ਜੀਵ ਜਾਗ ਪ੍ਰਭ ਠੱਗਣ ਆਇਆ, ਭੇਖੀ ਭੇਖ ਵਟਾਇਆ ਏ । ਕਲਜੁਗ ਜੀਵ ਜਾਗ ਪ੍ਰਭ ਠੱਗਣ ਆਇਆ, ਗੁਰਮੁਖ ਸਾਚੇ ਲਏ ਜਗਾਇਆ ਏ । ਕਲਜੁਗ ਜੀਵ ਜਾਗ ਪ੍ਰਭ ਠੱਗਣ ਆਇਆ, ਬੇਮੁਖ ਭਾਂਡੇ ਕਾਚੇ ਰਿਹਾ ਭੰਨਾਇਆ ਏ । ਕਲਜੁਗ ਜੀਵ ਜਾਗ ਪ੍ਰਭ ਠੱਗਣ ਆਇਆ, ਏਕਾ ਰੰਗ ਵਖਾਏ ਸਾਚੇ ਸਾਚਾ ਸੋਹੰ ਸਾਚਾ ਰੰਗ ਚੜ੍ਹਾਇਆ ਏ । ਜੋਤੀ ਜੋਤ

ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਕਾਲਾ ਵੇਸ ਕਰ, ਕਾਲਾ ਰੰਗ ਵਟਾਇਆ ਏ । ਸਤਿ ਪੁਰਖ ਅਪਾਰ, ਸਤਿ ਸਤਿਵਾਦਿਆ । ਆਪੇ ਜਾਣੇ ਆਪਣੀ ਧਾਰ, ਸ਼ਬਦ ਬਿਬਾਣਾ ਬੋਧ ਅਗਾਧਿਆ । ਜੀਵ ਜੰਤ ਨਾ ਪਾਏ ਸਾਰ, ਪਾਰਬ੍ਰਹਮ ਪੁਰਖ ਅਪਾਰ, ਜੋਤ ਸਰੂਪੀ ਕਰ ਅਕਾਰ, ਸਚ ਦਵਾਰਾ ਏਕਾ ਲਾਧਿਆ । ਨਿਰਗੁਣ ਰੂਪ ਅਗੰਮ ਅਪਾਰ, ਲੋਆਂ ਪੁਰੀਆਂ ਪਾਏ ਸਾਰ, ਗਗਨ ਪਤਾਲਾ ਆਪੇ ਬਾਧਿਆ । ਜੋਤ ਨਿਰੰਜਣ ਕਰ ਅਕਾਰ, ਲੱਖ ਚੁਰਾਸੀ ਪਸਰ ਪਸਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣਾ ਭੇਖ ਕਰ, ਵੇਖੇ ਖੇਲ ਅਨਾਦ ਅਨਾਦਿਆ । ਸਚ ਘਰ ਸੁਲਤਾਨ, ਜੋਤ ਪਰਕਾਸ਼ਿਆ । ਨਾ ਕੋਈ ਦੀਸੇ ਹੋਰ ਨਿਸ਼ਾਨ, ਸਾਚਾ ਮੰਡਲ ਸਾਚੀ ਰਾਸਿਆ । ਆਪੇ ਵੇਖੇ ਮਾਰ ਧਿਆਨ, ਲਾਲ ਗੁਲਾਲਾ ਦੀਨ ਦਿਆਲਾ ਜੋਤੀ ਗੋਤੀ ਸਦ ਅਬਿਨਾਸਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚੇ ਧਾਮ ਆਪੇ ਵਸੇ ਪੁਰਖ ਅਬਿਨਾਸਿਆ । ਸਾਚਾ ਧਾਮ ਆਪ ਸੁਹਾਇਆ । ਲਾਲ ਗੁਲਾਲਾ ਰੰਗ ਚੜ੍ਹਾਇਆ । ਆਪੇ ਜਾਣੇ ਆਪਣੀ ਚਾਲਾ, ਸ਼ਬਦ ਰੰਗੀਲਾ ਪਲੰਘ ਡਹਾਇਆ । ਸਤਿ ਸਰੂਪੀ ਦਏ ਦੁਸ਼ਾਲਾ, ਬਿਨ ਰੰਗ ਰੂਪੀ ਦਿਸ ਨਾ ਆਇਆ । ਆਪ ਬਣਾਏ ਦਇਆ ਕਮਾਏ ਓਅੰਕਾਰਾ ਸੱਚੀ ਧਰਮਸਾਲਾ, ਛੇਵੇਂ ਦਰ ਸਾਚੇ ਘਰ ਚਰਨ ਛੁਹਾਇਆ । ਛੇਵੇਂ ਘਰ ਅਕਾਰ, ਜੋਤੀ ਮਿਲੀ ਵਧਾਈਆ । ਜੋਤੀ ਰੂਪ ਅਪਰ ਅਪਾਰ, ਕੰਚਨ ਵੇਸ ਵਟਾਈਆ । ਦੇਸ ਓਅੰਕਾਰਾ ਆਪ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣਾ ਵੇਸ ਕਰ, ਆਪ ਆਪਣੀ ਬਣਤ ਬਣਾਈਆ । ਆਪ ਆਪਣੀ ਬਣਤ ਬਣਾਏ, ਸਾਚਾ ਖੇਲ ਰਚਾਇਆ ਏ । ਸਤਿ ਪੁਰਖ ਨਿਰੰਜਣ ਛੇਵੇਂ ਘਰ ਲਏ ਵਰ, ਜੋਤੀ ਡੇਰਾ ਲਾਇਆ ਏ । ਜੋਤੀ ਮਿਲੇ ਸਾਚਾ ਵਰ, ਆਪੇ ਦੇਵੇ ਕਿਰਪਾ ਕਰ, ਸ਼ਬਦ ਅਗਾਧਾ ਦਏ ਪਰਗਟਾਇਆ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣਾ ਮਾਰਗ ਲਾਧਾ ਰਸਨਾ ਗਾਏ ਨਾ ਕੋਈ ਸਵਾਦਾ, ਦਿਸ ਕਿਸੇ ਨਾ ਆਇਆ ਏ । ਜੋਤੀ ਸ਼ਬਦ ਹਰਿ ਉਪਾਇਆ, ਗੁਰ ਚੇਲਾ ਇਕ ਬਣਾਇਆ । ਛੇਵੇਂ ਘਰ ਹੋਏ ਮੇਲਾ, ਸੁੰਨ ਅਗੰਮ ਵਿਚ ਸਮਾਇਆ । ਨਾ ਮਰਿਆ ਨਾ ਪਿਆ ਜੰਮ, ਨਾ ਕੋਈ ਪਵਣ ਸਵਾਸੀ ਲਏ ਦਮ, ਆਪ ਆਪਣਾ ਰੰਗ ਵਟਾਇਆ । ਪੀਲੀ ਧਾਰ ਜੋਤ ਨਿਰੰਕਾਰ, ਸੁੰਨ ਅਗੰਮੋ ਆਈ ਪਾਰ, ਸਾਚਾ ਮੰਡਲ ਵੇਖ ਵਖਾਇਆ । ਦਸਮ ਦਵਾਰੀ ਕਰ ਪਿਆਰੀ, ਜੋਤ ਨਿਰੰਕਾਰੀ ਪਹਿਲੀ ਵਾਰੀ, ਚਿੱਟੀ ਚਾਦਰ ਕਰ ਕਰ ਆਦਰ, ਜੋਤ ਪਰਕਾਸ਼ ਇਕ ਅਕਾਸ਼ ਚਿੱਟਾ ਬਾਣਾ ਤਨ ਛੁਹਾਇਆ । ਚਿੱਟੀ ਧਾਰੀ ਦਸਮ ਦਵਾਰੀ ਜੋਤ ਨਿਰੰਕਾਰੀ, ਜਨ ਭਗਤਾਂ ਕਰੇ ਸਾਂਝਾ ਦੇਸ਼, ਨਰੇਸ਼ ਇਕ ਸੁਹਾਇਆ । ਨਾ ਕੋਈ ਗਣਪਤ ਗਣੇਸ਼, ਨਾ ਕੋਈ ਸ਼ਿਵ ਸ਼ੰਕਰ ਬ੍ਰਹਮਾ ਵਿਸ਼ਨ ਮਹੇਸ਼, ਕਰੋੜ ਤੇਤੀਸਾ ਦਿਸ ਨਾ ਆਇਆ । ਨਾ ਕੋਈ ਦੀਸੇ ਧਾਰੀ ਕੇਸ, ਮੂੰਡ ਮੁੰਡਾਇਆ ਭੇਵ ਨਾ ਰਾਇਆ । ਜੋਤ ਨਿਰੰਜਣ ਇਕ ਆਦੇਸ, ਆਪ ਆਪਣਾ ਰੰਗ ਵਟਾਇਆ । ਆਪੇ ਦਾਤਾ ਵਡ ਮਰਗੇਸ਼, ਨੀਲੀ ਧਾਰ ਹੋ ਅਸਵਾਰ, ਦਸਮ ਦਵਾਰੀ ਬਾਹਰ ਆਇਆ ਅਜੱਪਾ ਜਾਪ ਵੇਖੇ ਜਾਪ, ਤੀਨੋ ਮਾਰੇ ਜਗਤ ਤਾਪ, ਪੁੰਨ ਪਾਪ ਕੋਈ ਰਹਿਣ ਨਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰਾਹ ਰਿਹਾ ਵਖਾਇਆ । ਸਾਚਾ ਰਾਹ ਆਪ ਵਖਾਏ । ਨੀਲਮ ਨੀਲਾ ਦਇਆ ਕਮਾਏ । ਸੂਹਾ ਰੰਗ ਇਕ ਚੜ੍ਹਾਏ । ਕਰ ਵੇਸ ਤ੍ਰੈਕੁਟੀ ਦੇਸ, ਆਪ ਆਪਣਾ ਰੰਗ ਵਖਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਦਰ ਬਾਹਰ ਗੁਪਤ ਜ਼ਾਹਿਰ ਆਪੇ ਆਪ ਵੇਖ ਵਖਾਣੇ ਕਾਲੀ ਧਾਰ । ਹਿਰਦੇ ਕਵਲ ਕਰ ਉਜਿਆਰ । ਜਗਤ

ਅਭਿਆਸੀ ਵੇਖ ਵਿਚਾਰ । ਜਗਤ ਉਦਾਸੀ ਦਏ ਨਿਵਾਰ । ਸ਼ਬਦ ਸਵਾਸੀ ਲਏ ਵਿਚਾਰ । ਕਿਸੇ ਹੱਥ ਨਾ ਆਏ ਪੰਡਤ ਕਾਂਸ਼ੀ, ਵੇਦ ਕਿਤੇਬਾਂ ਰਹੇ ਵਿਚਾਰ । ਗੁਰਮੁਖਾਂ ਲਾਹੇ ਜਗਤ ਉਦਾਸੀ, ਦੇਵੇ ਸ਼ਬਦ ਨਾਮ ਅਪਾਰ । ਗੁਰ ਸ਼ਬਦ ਜਨਮ ਰਹਿ ਰਾਸੀ, ਰਸਨਾ ਗਾਏ ਪੰਚਮ ਵਾਰ । ਨਿਰਮਲ ਜੋਤ ਮਾਤ ਪਰਕਾਸ਼ੀ, ਜੋਤ ਸਰੂਪੀ ਘਨਕਪੁਰ ਵਾਸੀ, ਚੌਦਾਂ ਦਸ ਚਾਰ ਚਾਰ ਦਸ ਤਿੰਨ ਤੇਰਾਂ ਕਾਇਆ ਮਟ ਸਾਚੇ ਹਟ ਸ਼ਬਦ ਸੁਣਾਏ ਇਕ ਸਲੋਕ, ਨਾ ਕੋਈ ਸਕੇ ਰੋਕ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਜਨ ਭਗਤਾਂ ਦੇਵੇ ਨਾਮ ਵਰ, ਕਾਇਆ ਤਨ ਸ਼ਬਦ ਨਗਾਰੇ ਲਾਏ ਇਕ ਚੋਟ । ਸ਼ਬਦ ਲੱਗੇ ਚੋਟ ਤਨ ਨਗਾਰਿਆ । ਕਾਇਆ ਕੱਢੇ ਝੂਠਾ ਖੋਟ, ਮਾਇਆ ਮੋਹ ਚੁਕਾ ਰਿਹਾ । ਪ੍ਰੇਮ ਪਿਆਲੇ ਅੰਮ੍ਰਿਤ ਭਰੇ ਪੇਟ, ਦੁਰਮਤ ਹਰੇ ਕਰੇ ਪਾਰ ਕਿਨਾਰਿਆ । ਗੁਰਮੁਖ ਵਿਰਲਾ ਤਰੇ ਵਿਚੋਂ ਕੋਟੀ ਕੋਟ, ਜਿਸ ਜਨ ਦੇਵੇ ਚਰਨ ਪਿਆਰਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦੇਵੇ ਨਾਮ ਵਰ, ਲੱਖ ਚੁਰਾਸੀ ਚੁੱਕੇ ਡਰ, ਅਵਣ ਗਵਣ ਤ੍ਰੈ ਭਵਣ ਸੁਰਤੀ ਸਾਗਰ ਸੁਰਤ ਬਵਨ ਸੁਰੰਗ ਰੰਗ ਅੰਗ ਸੰਗ ਸੂਰਾ ਸਰਬੰਗ ਕਟੇ ਭੁੱਖ ਨੰਗ ਵੱਜੇ ਢੋਲ ਮਰਦੰਗ, ਕਾਇਆ ਤਨ ਸਾਚੀ ਦਇਆ ਕਮਾਈਆ । ਸ਼ਬਦ ਰੰਗੀਲਾ ਚੜ੍ਹੇ ਰੰਗ, ਨਾਮ ਡੋਰ ਬੰਨ੍ਹੇ ਮੰਨ, ਆਪ ਆਪਣਾ ਸੰਗ ਨਿਭਾਈਆ । ਭਾਂਡਾ ਭਰਮ ਦੇਵੇ ਭੰਨ, ਇਕ ਸੁਣਾਏ ਰਾਗ ਕੰਨ, ਹਉਮੇ ਚਿੰਤਾ ਦਏ ਮਿਟਾਈਆ । ਦਰਸ ਦਿਖਾਏ ਆਤਮ ਅੰਨ੍ਹ, ਦਇਆ ਕਮਾਏ ਘਰ ਸਚ ਵਖਾਏ ਨਾ ਕੋਈ ਛੱਪਰੀ ਨਾ ਕੋਈ ਛੰਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੇ ਰੰਗ ਰਾਤਾ ਪੁਰਖ ਬਿਧਾਤਾ ਗੁਰਮੁਖਾਂ ਰੱਖੇ ਉਤਮ ਜ਼ਾਤਾ । ਸ਼ਬਦ ਅਧਾਰੀ ਕਰ ਪਿਆਰ, ਇਕ ਵਖਾਏ ਸ਼ਬਦ ਸਾਰ, ਸੁਰਤ ਤਨ ਪ੍ਰੀਤ । ਗੁਰਮੁਖ ਨਾਰ ਕਰ ਵਿਚਾਰ, ਚਰਨ ਕਵਲ ਉਪਰ ਧਵਲ, ਦਿਵਸ ਰੈਣ ਠੰਡੀ ਸੀਤ । ਪਾਰਬ੍ਰਹਮ ਪ੍ਰਭ ਪਾਏ ਸਾਰ, ਜੋਤ ਨਿਰੰਜਣ ਕਰ ਅਕਾਰ, ਆਪੇ ਜਾਣੇ ਆਪਣੀ ਰੀਤ । ਮਾਨਸ ਦੇਹੀ ਨਾ ਆਏ ਹਾਰ, ਲੇਖਾ ਚੁੱਕੇ ਨੌਂ ਦਵਾਰ, ਦਸਵੇਂ ਅੰਮ੍ਰਿਤ ਠੰਡੀ ਧਾਰ, ਕਾਇਆ ਕਰੇ ਪਤਤ ਪੁਨੀਤ । ਸਾਚਾ ਮੇਲਾ ਮੀਤ ਮੁਰਾਰ । ਇਕ ਅਕੇਲਾ ਦਰ ਦਰਬਾਰ । ਸ਼ਬਦ ਚੜ੍ਹਾਏ ਸਾਚਾ ਤੇਲਾ, ਗੁਰਮੁਖ ਸੁਲੱਖਣੀ ਸਾਚੀ ਨਾਰ । ਸੋਹੰ ਪਾਏ ਸਾਚੀ ਵੇਲਾ ਨਾਮ ਸਤਿ ਅਪਰ ਅਪਾਰ । ਆਪੇ ਗੁਰ ਆਪੇ ਚੇਲਾ, ਅਚਰਜ ਖੇਲ ਕਲਜੁਗ ਖੇਲਾ, ਜੋਤ ਸਰੂਪੀ ਕਰ ਅਕਾਰ । ਦੋਹਾਂ ਧਿਰਾਂ ਘਰ ਸਾਚੇ ਮੇਲਾ, ਪਵਣ ਸ਼ਬਦੀ ਪਸਰ ਪਸਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵੇਖੇ ਗੁਣ ਗੁਣੀ ਗੁਣਵੰਤਾ ਜੀਆਂ ਜੰਤਾਂ ਮੀਤ ਮੁਰਾਰ । ਬੱਤੀ ਦੰਦ ਭੇੜ ਜਗਤ ਭੇੜਿਆ । ਸਾਚਾ ਸ਼ਬਦ ਕਰੇ ਨਿਬੇੜਿਆ । ਕਾਇਆ ਨਗਰ ਆਪੇ ਵੇਖੇ ਖੁਲ੍ਹਾ ਵਿਹੜਿਆ । ਸਾਚਾ ਗੇੜਾ ਆਪੇ ਗੇੜਿਆ । ਗੁਰਮੁਖਾਂ ਆਤਮ ਗੰਢੀ ਆਪੇ ਉਧੇੜਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮਨਮੁਖਾਂ ਲਾਏ ਇਕ ਉਖੇੜਿਆ । ਮਨਮੁਖ ਜਗਤ ਗਵਾਰ ਦਏ ਦੁਹਾਈਆ । ਗੁਰਮੁਖਾਂ ਆਤਮ ਕਰੇ ਪਿਆਰ, ਖ਼ੁਸ਼ੀ ਮਨਾਈਆ । ਮਨਮੁਖ ਰੋਵੇ ਧਾਹਾਂ ਮਾਰ, ਸਾਚਾ ਰਾਹ ਦਿਸ ਨਾ ਆਈਆ । ਗੁਰਮੁਖ ਕਿਰਿਆ ਕਰਮ ਵਿਚਾਰ, ਪ੍ਰਭ ਸਾਚੀ ਦਇਆ ਕਮਾਈਆ । ਮਨਮੁਖ ਆਤਮ ਅੰਧ ਅੰਧਿਆਰ, ਦੀਪਕ ਜੋਤ ਨਾ ਕੋਈ ਜਗਾਈਆ । ਗੁਰਮੁਖਾਂ ਮਿਲਿਆ ਮੇਲਾ ਮੀਤ ਮੁਰਾਰ, ਆਤਮ ਸੇਜਾ ਆਪ ਵਿਛਾਈਆ । ਮਨਮੁਖ ਜੂਏ ਬਾਜੀ ਹਾਰ, ਮਾਨਸ ਦੇਹੀ ਮਾਤ ਗਵਾਈਆ । ਗੁਰਮੁਖਾਂ ਮੇਲਾ ਅਪਰ ਅਪਾਰ, ਸਾਚੀ ਰੰਗਣ ਰੰਗ ਚੜ੍ਹਾਈਆ । ਦਰ ਘਰ ਸਾਚਾ ਇਕ


੩੯੫
੦੫

ਦਰਬਾਰ, ਗਿਆਨ ਗੋਝ ਭੇਵ ਵਖਾਈਆ । ਫੜ ਫੜ ਬਾਹੋਂ ਰਿਹਾ ਤਾਰ, ਦੇ ਮਤ ਰਿਹਾ ਸਮਝਾਈਆ । ਸ਼ਬਦ ਕਰਾਏ ਤਨ ਸ਼ਿੰਗਾਰ, ਪੰਜਾਂ ਤੱਤਾਂ ਤਨ ਛੁਹਾਈਆ । ਸੋਹੰ ਪਹਿਨੇ ਤੇਜ ਕਟਾਰ, ਸ਼ਬਦ ਗਾਤਰੇ ਹਰਿ ਪਾਈਆ । ਅੱਠੇ ਪਹਿਰ ਪਹਿਰੇਦਾਰ, ਤੀਰਥ ਯਾਤਰਾ ਇਕ ਕਰਾਈਆ । ਨੇੜ ਨਾ ਆਇਣ ਪੰਜੇ ਯਾਰ, ਸਾਚਾ ਸ਼ਸਤਰ ਰਿਹਾ ਚਲਾਈਆ । ਦੇਵਣਹਾਰ ਸਰਬ ਸੰਸਾਰ, ਲਹਿਣੇਦਾਰ ਆਪ ਅਖਵਾਈਆ । ਹਰਿਜਨ ਮੰਗੇ ਬਣ ਭਿਖਾਰ, ਆਤਮ ਝੋਲੀ ਰਿਹਾ ਭਰਾਈਆ । ਮਨ ਮਮਤਾ ਦੇਵੇ ਮਾਰ, ਤਾਮਸ ਤ੍ਰਿਸ਼ਨਾ ਦਏ ਮਿਟਾਈਆ । ਸੁਰਤੀ ਸ਼ਬਦ ਕਰ ਪਿਆਰ, ਨੌਂ ਦਵਾਰੇ ਬਾਹਰ ਕਢਾਈਆ । ਜੋਤ ਨਿਰੰਜਣ ਕਰ ਪਸਾਰ, ਦੀਪ ਉਜਿਆਰ ਇਕ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਸਤਿਗੁਰ ਸਾਚਾ ਸਾਕੀ, ਦਿਵਸ ਰੈਣ ਕਰੇ ਰਾਖੀ, ਸਾਚੀ ਨਗਰੀ ਧਾਮ ਸੁਹਾਈਆ । ਤਨ ਮਨ ਮਾਟੀ ਦੀਸੇ ਛਾਰ । ਕਾਇਆ ਹਾਟੀ ਸ਼ਬਦ ਵਪਾਰ । ਦੁਰਮਤ ਮੈਲ ਜਾਏ ਕਾਟੀ, ਏਕਾ ਏਕ ਚਰਨ ਪਿਆਰ । ਸਾਚਾ ਲਾਹਾ ਪ੍ਰਭ ਦਰ ਖਾਟੀ, ਹਉਮੇ ਹੰਗਤਾ ਰੋਗ ਨਿਵਾਰ । ਆਪ ਚੜ੍ਹਾਏ ਔਖੀ ਘਾਟੀ, ਦਰਸ ਦਿਖਾਏ ਅਗੰਮ ਅਪਾਰ । ਸਾਚੀ ਮਧ ਅੰਮ੍ਰਿਤ ਰਸ ਆਤਮ ਘਰ ਏਕਾ ਚਾਟੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵੇ ਨਾਮ ਅਪਰ ਅਪਾਰ । ਅਪਰ ਅਪਾਰ ਹਰਿ ਕਾ ਨਾਉਂ । ਹੋਏ ਸਹਾਈ ਸਭਨੀ ਥਾਉਂ । ਕਾਇਆ ਨਗਰ ਸਾਚੇ ਗਰਾਉਂ । ਨਿਰਮਲ ਜੋਤ ਹੋਏ ਉਜਾਗਰ, ਗੁਰ ਪੂਰਾ ਪਕੜ ਉਠਾਏ ਬਾਹੋਂ । ਜਗਤ ਵਣਜਾਰਾ ਹੋਏ ਸੁਦਾਗਰ, ਏਕਾ ਵੇਖੇ ਅਗੰਮ ਅਥਾਹੇ । ਬੈਠਾ ਦੀਸੇ ਇਕ ਇਕਾਗਰ, ਹੰਸ ਬਣਾਏ ਜੋ ਜਨ ਕਾਓ । ਜੋਤੀ ਨੂਰ ਰਤੀ ਰਤਨਾਗਰ, ਨਿਉਂ ਨਿਉਂ ਸੱਦ ਲਾਗੇ ਪਾਓ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਲਸ ਤਾਮਸ ਜਗਤ ਨਿੰਦਰਾ ਵੇਖ ਵਖਾਣੇ ਥਾਉਂ ਥਾਉਂ । ਆਤਮ ਤਾਮਸ ਮਨ ਹੰਕਾਰ । ਸ਼ਬਦ ਗੁਰ ਗੁਰ ਸ਼ਬਦ ਗੁਰੂ ਗੁਰ ਨਾ ਪਾਏ ਸਾਰ । ਲੇਖਾ ਲਿਖਿਆ ਕਵਣ ਜਾਣੇ ਧੁਰ, ਪੰਚ ਪੰਚਾਇਣੀ ਹੋਏ ਖੁਆਰ । ਗੁਰਮੁਖ ਵਿਰਲੇ ਚਰਨ ਪ੍ਰੀਤੀ ਗਈ ਜੁੜ ਕਲਜੁਗ ਬੇੜਾ ਲਾਵੇ ਪਾਰ । ਸ਼ਬਦ ਚੜ੍ਹਾਏ ਸਾਚੇ ਘੋੜ, ਅਠਾਂ ਤੱਤਾਂ ਭੇਵ ਨਿਵਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵੇਖੇ ਖੇਲ ਵਿਚ ਸੰਸਾਰ । ਵੇਖੇ ਖੇਲ ਖੇਲਣਹਾਰਾ । ਜੂਠਾ ਝੂਠਾ ਜਗਤ ਮੇਲ, ਪਾਰਬ੍ਰਹਮ ਨਾ ਕਿਸੇ ਵਿਚਾਰਾ । ਗੁਰਮੁਖਾਂ ਹੋਏ ਸੱਜਣ ਸੁਹੇਲ, ਆਤਮ ਧਰਮ ਕਲ ਵਿਚਾਰਾ । ਧਰਮ ਰਾਏ ਦੀ ਕਟੇ ਜੇਲ੍ਹ, ਲੱਖ ਚੁਰਾਸੀ ਉਤਰੇ ਪਾਰਾ । ਆਪੇ ਵਸੇ ਰੰਗ ਨਵੇਲ, ਜੀਵ ਜੰਤ ਨਾ ਪਾਏ ਸਾਰਾ । ਜੋਤੀ ਜੋਤ ਸਰੂਪ ਹਰਿ, ਆਦਿ ਅੰਤ ਅੰਤ ਗੁਰ ਮੰਤਰ, ਤਨ ਲਗਾਏ ਜਗਤ ਬਸੰਤਰ, ਚਾਰੋਂ ਕੁੰਟ ਧੁੰਦੂਕਾਰਾ । ਸ਼ਬਦ ਬਸੰਤਰ ਲਗੇ ਤਨ । ਜੀਆ ਜੰਤ ਜੁਗਾ ਜੁਗੰਤਰ, ਆਪੇ ਆਪ ਦੇਵੇ ਡੰਨ । ਹਰਿ ਜਨ ਬਣਾਏ ਸਾਚੀ ਬਣਤਰ, ਰਸਨਾ ਗਾਏ ਧੰਨ ਧੰਨ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਏਕਾ ਰਾਗ ਸੁਣਾਏ ਕੰਨ । ਸ਼ਬਦ ਸੁਣਾਏ ਰਾਗ ਕੰਨ ਹਦੀਸਿਆ । ਭਰਮ ਭੁਲੇਖਾ ਕੱਢੇ ਜਨ, ਨਾ ਕੋਈ ਗਾਏ ਦੰਦ ਬਤੀਸਿਆ । ਮਨ ਮਨੂਆ ਜਾਏ ਮੰਨ, ਸ਼ਬਦ ਤਾਜ ਸਾਚੇ ਸੀਸਿਆ । ਏਕਾ ਦੇਵੇ ਨਾਮ ਸੱਚਾ ਮਾਲ ਧਨ, ਨਾ ਕੋਈ ਕਰੇ ਕਰਾਏ ਮਾਤ ਰੀਸਿਆ । ਧਰਮ ਰਾਏ ਨਾ ਦੇਵੇ ਡੰਨ, ਹੋਏ ਸਹਾਈ ਬੀਸ ਇਕੀਸਿਆ । ਸ੍ਰਿਸ਼ਟ ਸਬਾਈ ਹੋਈ ਖੰਨ, ਕਰੇ ਕਰਾਏ ਆਪ ਜਗਦੀਸਿਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਨਿਹਕਲੰਕ ਨਰਾਇਣ ਨਰ, ਨਾ ਕੋਈ ਪੜ੍ਹਾਏ ਜਗਤ ਹਦੀਸਿਆ । ਦੇਵੇ ਸ਼ਬਦ ਅਪਾਰ, ਸਰਬ

੩੯੭ ੦੫

ਜਣਾਈਆ । ਸਭ ਘਟ ਰਿਹਾ ਪਸਾਰ, ਭੇਵ ਨਾ ਰਾਈਆ । ਗੁਰ ਮੰਤ ਸੰਤ ਭਗਵੰਤ ਰਹੇ ਵਿਚਾਰ, ਆਦਿ ਅੰਤ ਰਿਹਾ ਬਣਤ ਬਣਾਈਆ । ਗੁਣਵੰਤਾ ਹਰਿ ਹਰਿ ਗੁਣਵੰਤ, ਸਾਚਾ ਕੰਤ ਦਿਸ ਕਿਸੇ ਨਾ ਆਈਆ । ਸੋਹੰ ਸ਼ਬਦ ਸੁਣਾਏ ਸੁਹਾਗੀ ਛੰਤ, ਸਤਿਜੁਗ ਸਾਚੀ ਬਣਤ ਬਣਾਈਆ । ਆਪੇ ਜਿਹਵਾ ਮਣੀਆ ਮੰਤ, ਕੌਸਤਕ ਮਣੀ ਮਸਤਕ ਥੇਵਾ ਲਾਈਆ । ਕਾਇਆ ਰੰਗਣ ਰੰਗ ਬਸੰਤ, ਲਾਲ ਫੁਲਵਾੜੀ ਆਪ ਵਖਾਈਆ । ਮਹਿੰਮਾ ਜਗਤ ਭਗਤ ਅਗਣਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਰਿਹਾ ਬਣਤ ਬਣਾਈਆ । ਮਨ ਨਾਚੇ ਨੌਂ ਦਵਾਰਿਆ । ਸੁਰਤੀ ਸੁਰਤ ਨਾ ਜਾਣੇ ਸੱਚੋ ਸੱਚੇ, ਭੇਖ ਪਖੰਡਾ ਵਿਚ ਸੰਸਾਰਿਆ । ਮਾਨਸ ਦੇਹੀ ਭਾਂਡੇ ਕਾਚੇ, ਘੜੇ ਭੰਨੇ ਭੰਨਣਹਾਰਿਆ । ਪੰਜ ਚੋਰ ਦਰ ਸਾਚੇ ਨਾਚੇ, ਨਾ ਦੀਸੇ ਕੋਈ ਸਹਾਰਿਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਗੁਣ ਅਵਗੁਣ ਨਿਰਗੁਣ ਸਰਗੁਣ ਦੋਵੇਂ ਰਿਹਾ ਵਿਚਾਰਿਆ । ਨਿਰਗੁਣ ਧਾਰ ਅਪਾਰ, ਦਿਸ ਨਾ ਆਇਆ । ਸਰਗੁਣ ਪਸਰ ਪਸਾਰ, ਖੇਲ ਰਚਾਇਆ । ਦੋਹਾਂ ਮੇਲ ਅਪਾਰ, ਬਣਤ ਬਣਾਇਆ । ਨਿਰਗੁਣ ਗੁਰ ਕਰ ਅਕਾਰ, ਜੋਤ ਸਰੂਪੀ ਰੰਗ ਵਟਾਇਆ । ਸਰਗੁਣ ਸ਼ਬਦ ਭਰੇ ਭੰਡਾਰ, ਸਾਚੀ ਧਾਰਾ ਰਿਹਾ ਵਹਾਇਆ । ਆਪੇ ਵਸੇ ਹੋ ਹੋ ਬਾਹਰ, ਦੂਸਰ ਦਿਸ ਕਿਸੇ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਆਪ ਆਪਣੇ ਰੰਗ ਸਮਾਇਆ । ਗੁਰ ਸਾਖੀ ਮਿਹਰਵਾਨ ਸ਼ਬਦ ਵਿਚੋਲਿਆ । ਅਠੇ ਪਹਿਰ ਰਹੇ ਮਿਹਰਵਾਨ, ਦਿਵਸ ਰੈਣ ਰਹੇ ਗੋਲਿਆ । ਜਿਸ ਜਨ ਦੇਵੇ ਜੀਆ ਦਾਨ, ਸ਼ਬਦ ਸੁਣਾਏ ਸਾਚਾ ਢੋਲਿਆ । ਦਰ ਦਵਾਰੇ ਹੋਏ ਪਰਵਾਨ, ਆਤਮ ਦੇਵੇ ਬ੍ਰਹਮ ਗਿਆਨ, ਮਾਰੇ ਤੀਰ ਸ਼ਬਦ ਨਿਸ਼ਾਨਿਆ । ਪਾਰ ਕਰਾਏ ਕਾਇਆ ਚੋਲਿਆ । ਇਕ ਬਿਠਾਏ ਸ਼ਬਦ ਬਿਬਾਣ, ਪੁਰੀਆਂ ਲੋਆਂ ਇਕ ਉਡਾਨ, ਪਾਰ ਕਰਾਏ ਕਲਾ ਸੋਲਿਆ । ਚਤੁਰਭੁਜ ਸ੍ਰੀ ਭਗਵਾਨ, ਭੇਵ ਗੁਝ ਸ਼ਬਦ ਨਿਸ਼ਾਨ, ਚਾਰ ਭੁਜ ਨਾ ਦੀਸੇ ਵਿਚ ਜਹਾਨ, ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਵੇਖ ਵਖਾਣੇ ਰਾਜ ਰਾਜਾਨਿਆ । ਮਨ ਰੋਗੀ ਰੋਗ ਵਧਾਇਆ । ਜੀਵ ਜੰਤ ਹੋਏ ਵਿਜੋਗੀ, ਧੁਰ ਸੰਜੋਗੀ ਨਜ਼ਰ ਨਾ ਆਇਆ । ਆਪੇ ਜਗਤ ਰਸ ਰਿਹਾ ਭੋਗੀ, ਅੰਮ੍ਰਿਤ ਆਤਮ ਰਸ ਨਾ ਕੋਈ ਮੁਖ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਉਮੇ ਰੋਗ ਚਿੰਤਾ ਦੁੱਖ, ਜਗਤ ਤ੍ਰਿਸ਼ਨਾ ਆਤਮ ਭੁੱਖ, ਮਾਤ ਗਰਭ ਉਲਟਾ ਰੁਖ਼, ਆਵਣ ਜਾਵਣ ਪਤਤ ਪਾਵਨ ਭੇਖਾਧਾਰੀ ਬਣ ਬਣ ਬਾਵਨ, ਦਰ ਦਰਵੇਸ਼ ਆਪ ਅਖਵਾਇਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਮਨ ਸੁਰਤੀ ਰਿਹਾ ਚਲਾਇਆ । ਤ੍ਰਿਸ਼ਨਾ ਅਗਨ ਲੱਗੀ, ਮਨ ਰਹੇ ਸਦਾ ਵੈਰਾਗਿਆ । ਅੱਠੇ ਪਹਿਰ ਅੰਦਰੇ ਅੰਦਰ, ਨਾ ਸੋਇਆ ਨਾ ਜਾਗਿਆ । ਕਾਇਆ ਜੋਤੀ ਮੂਲ ਨਾ ਜਗੀ, ਨਾ ਹੰਸ ਬਨਿਆ ਕਾਗਿਆ । ਮਨ ਮਤ ਹੋਏ ਰਾਸ ਗੁਰੂ ਗੁਰਮਤੀ ਕਰ ਵਾਸ ਕਾਇਆ ਮੰਡਲ ਆਪੇ ਜੋਤੀ ਜਾਤਿਆ । ਸ਼ਬਦ ਵੈਰਾਗੀ ਚਿਤ ਗੁਰਮੁਖ ਲਾਇਆ । ਜਗਤ ਤ੍ਰਿਸ਼ਨਾ ਇਕ ਤਿਆਗੀ, ਗੁਰ ਚਰਨ ਸੀਸ ਝੁਕਾਇਆ । ਆਪੇ ਧੋਏ ਕਾਇਆ ਦਾਗ਼ੀ, ਸਾਲ ਉਨੀਸੇ ਜੋ ਕਮਾਇਆ । ਆਤਮ ਸੋਈ ਜਗਤ ਨਾ ਜਾਗੀ, ਭਰਮੀ ਭਰਮਾਂ ਅੰਦਰ ਲਾਇਆ । ਸੁਰਤੀ ਹੋਈ ਨਾ ਮਾਤ ਸੁਹਾਗੀ, ਕੰਤ ਸੰਤ ਨਾ ਕਿਸੇ ਮਿਲਾਇਆ । ਨਾ ਕੋਈ ਮਿਲਿਆ ਸੱਚਾ ਵਾਗੀ, ਸਾਚਾ ਰਾਹ ਨਾ ਕਿਸੇ ਵਿਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਸ਼ਬਦ ਦੇਵੇ ਵਰ, ਦੂਜੀ ਤ੍ਰਿਸ਼ਨਾ ਦਏ ਮਿਟਾਇਆ । ਏਕਾ ਇਸ਼ਟ ਦ੍ਰਿਸ਼ਟ ਕਰ ਵਿਚਾਰ ।

ਜਗਤ ਵਿਕਾਰਾ ਹੋਏ ਭ੍ਰਿਸ਼ਟ, ਸੋਹੰ ਸ਼ਬਦ ਤਨ ਸ਼ਿੰਗਾਰ । ਮਿਲੇ ਵਡਿਆਈ ਧਵਲ ਸ੍ਰਿਸ਼ਟ, ਸ਼ਬਦ ਸਵਾਮੀ ਇਕ ਅਧਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਦੇਵੇ ਸਿਪਾਸਲਾਰ । ਬਣ ਭਿਖਾਰੀ ਭਿਖ ਹਰਿ ਦਰ ਮੰਗਿਆ । ਸਾਚਾ ਲੇਖਾ ਰਿਹਾ ਲਿਖ, ਲੋਕਮਾਤ ਨਾ ਸੰਗਿਆ । ਲੋਇਣ ਤੀਜੇ ਲੈਣਾ ਵੇਖ, ਕਵਣ ਭੁੱਖਾ ਕਵਣ ਨੰਗਿਆ । ਹਰਿਜਨ ਵੇਖੇ ਆਤਮ ਤ੍ਰਿਸ਼ਨਾ ਤ੍ਰਿਖ, ਸ਼ਬਦ ਭੰਡਾਰ ਵਡ ਸੰਸਾਰ ਹਰਿ ਦਰ ਮੰਗਿਆ । ਸਾਚਾ ਲੇਖਾ ਰਿਹਾ ਲਿਖ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਗਤ ਨਿਮਾਣੇ ਦੇਵੇ ਵਰ, ਹੋਏ ਸਹਾਈ ਅੰਗ ਸੰਗ ਸੰਗ ਅੰਗਿਆ । ਮਾਂਗ ਮਾਂਗ ਮਾਂਗ ਜੋ ਜਨ ਮੰਗਣ ਆਇਆ । ਆਤਮ ਰਹੇ ਤਰੰਗ, ਪ੍ਰਭ ਰੰਗਣ ਆਇਆ । ਨਿਰਗੁਣ ਵਰਤੇ ਸਵਾਂਗ, ਜੂਠਾ ਝੂਠਾ ਠੂਠਾ ਭੰਨ ਵਖਾਇਆ । ਆਤਮ ਚੜ੍ਹਾਏ ਸਾਚੀ ਕਾਂਗ, ਨਾਮ ਗੰਗ ਹਰਿ ਵਹਾਵਣ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣਾ ਭੇਖ ਧਰ, ਏਕਾ ਦੇਵੇ ਸ਼ਬਦ ਵਰ, ਆਪ ਆਪਣੇ ਅੰਗਣ ਰਖਣ ਆਇਆ । ਮਨ ਮਤ ਬੁਧ ਤਨ ਕਰ ਵਿਚਾਰ । ਦਿਵਸ ਰੈਣ ਪੰਚਾਂ ਯੁੱਧ, ਅੱਠੇ ਪਹਿਰ ਰਹੇ ਕੁੱਦ, ਨਾ ਕੋਈ ਜਾਣੇ ਨਰ ਨਾਰ । ਆਪੇ ਛਾਛ ਵਿਰੋਲੇ ਪਾਣੀ ਦੁੱਧ, ਸਾਚਾ ਮੱਖਣ ਰਿਹਾ ਨਿਤਾਰ । ਸੁਰਤੀ ਮਨ ਮਨ ਸੁਰਤੀ ਦੋਵੇਂ ਕਰੇ ਸੁੱਧ, ਗੁਰ ਪੂਰਾ ਹੋਵੇ ਪਹਿਰੇਦਾਰ । ਜੋਤੀ ਜੋਤ ਸਰੂਪ ਹਰਿ, ਏਕਾ ਦੇਵੇ ਨਾਮ ਵਰ, ਸਦਾ ਸੁਹੇਲਾ ਇਕ ਇਕੇਲਾ ਮੀਤ ਮੁਰਾਰ ।

੩੯੮ ੩੯੮

੦੫ ੦੫

## ★ ਪਹਿਲੀ ਪੋਹ ੨੦੧੨ ਬਿਕ੍ਰਮੀ ਸੰਤ ਕ੍ਰਿਪਲ ਸਿੰਘ ਜੀ ਦਿੱਲੀ ਵਾਲੀਆਂ ਨੂੰ ਸ਼ਬਦ ਭੇਜਿਆ ਗਿਆ ★

ਸੰਤ ਕ੍ਰਿਪਾਲ ਕਵਣ ਦਲਾਲ, ਜਗਤ ਮਲਾਹੀਆ । ਕਵਣ ਮਾਰੇ ਸ਼ਬਦ ਉਛਾਲ, ਕਾਇਆ ਮਸਤਕ ਸਾਚੇ ਥਾਲ, ਜੋਤੀ ਕਵਣ ਜਗਾਈਆ । ਕਵਣ ਸਵਣ ਸਵਾਸੀ ਪਵਣ ਅਵਣ ਗਵਣ ਲਈਏ ਭਾਲ, ਕਵਣ ਚਾਲ ਰਖਾਈਆ । ਨੌਂ ਖੰਡ ਪ੍ਰਿਥਮੀ ਕਿਸ ਦਰ ਅੰਮ੍ਰਿਤ ਮੇਘ ਬਰਸੇ ਸਵਣ, ਸਾਵਣ ਸਾਚਾ ਰੂਪ ਵਟਾਈਆ । ਕਵਣ ਭੇਖਾਧਾਰੀ ਬਾਲਾ ਬਵਣ, ਭੂਪ ਰੂਪ ਆਪ ਅਖਵਾਈਆ । ਕਵਣ ਜੋਤੀ ਤੇਜ ਚਮਕੇ ਦਮਨ, ਦਾਮਨ ਆਪਣਾ ਹੱਥ ਫੜਾਈਆ । ਕਵਣ ਹੋਏ ਕਾਮਨੀ ਕਾਮਨ, ਕਾਮ ਵੰਤ ਕਵਣ ਅਖਵਾਈਆ । ਕਵਣ ਸਰੂਰ ਤਾਮਨੀ ਤਾਮਨ, ਤਾਮਸ ਤ੍ਰਿਸ਼ਨਾ ਦਏ ਮਿਟਾਈਆ । ਕਵਣ ਸੰਭਾਲੇ ਜਾਮਨੀ ਜਾਮਨ, ਜਗ ਮੇਲਾ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਸ਼ਬਦ ਸੁਨੇਹੜਾ ਦੇਵੇ ਵਰ, ਘਰ ਸਾਚੇ ਰਿਹਾ ਜਗਾਈਆ । ਸ਼ਬਦ ਸੁਨੇਹੜਾ ਆਏ ਦਰ, ਸੁਰਤੀ ਸ਼ਬਦ ਜਗਾਉਣੀ । ਰਾਜ ਰਾਜਾਨਾਂ ਵੇਖੇ ਘਰ, ਦਰਗਾਹੀ ਧੁਰ ਇਕ ਸੁਨਾਉਣੀ । ਅੰਮ੍ਰਿਤ ਆਤਮ ਸਾਚੇ ਸਰ, ਏਕਾ ਛਾਲ ਲਵਾਉਣੀ । ਸ਼ਬਦ ਭੰਡਾਰੇ ਸਾਚੇ ਭਰ, ਨਿੰਦਿਆ ਚਿੰਦਿਆ ਦੂਰ ਕਰਾਉਣੀ । ਜੋਤੀ ਜੋਤ ਸਰੂਪ ਹਰਿ, ਸਾਚਾ ਦੇਵੇ ਸ਼ਬਦ ਵਰ, ਇਕ ਰਤ ਇਕ ਮਤ ਇਕ ਤੱਤ ਜਗਤ ਭਗਤ ਏਕਾ ਏਕ ਰਖਾਉਣੀ । ਦਰ ਵਿਚੋਲਾ ਭਗਤ ਦਵਾਰ । ਸ਼ਬਦ ਖੋਲ੍ਹਾ ਸੋਹੰ ਬੋਲਾ ਵਿਚ ਸੰਸਾਰ । ਕਾਇਆ ਚੋਲਾ ਝੂਠਾ ਡੋਲਾ ਵੇਖ ਵਿਚਾਰ । ਜੋਤੀ ਜੋਤ ਸਰੂਪ ਹਰਿ, ਸ਼ਬਦ ਦੇਵੇ ਇਕ ਵਰ, ਮਿਲੇ ਮੇਲ ਮੀਤ ਮੁਰਾਰ । ਸ਼ਬਦ ਸੁਨੇਹੜਾ ਹਰਿ ਘਲਾਏ, ਪੂਰਬ ਕਰ ਵਿਚਾਰ । ਜਗਤ ਝੇੜਾ ਆਪ ਚੁਕਾਏ, ਵਾਲੀ ਹਿੰਦ ਕਰਾਏ ਖ਼ਬਰਦਾਰ । ਜਗਤ ਬੇੜਾ

ਬੰਨ੍ਹ ਵਖਾਏ, ਆਪ ਸੁਹਾਏ ਬੰਕ ਦਵਾਰ । ਭਗਤ ਭਬੀਖਣ ਤਨ ਜਗਾਏ, ਜੋਤੀ ਜੋਤ ਅਪਰ ਅਪਾਰ । ਨਾਮ ਰਖਸ਼ੀਰ ਇਕ ਅਖਵਾਏ, ਤਪੀ ਤਪੀਸ਼ਰ ਸੇਵਾਦਾਰ । ਮੁਨ ਮੁਨੀਸ਼ਰ ਭਰਮ ਗਵਾਏ, ਜਗਤ ਜੁਗੀਸ਼ਰ ਚਰਨ ਪਿਆਰ । ਜੋਤੀ ਜੋਤ ਸਰੂਪ ਹਰਿ, ਸ਼ਬਦ ਸੁਨੇਹੜਾ ਦੇਵੇ ਵਰ, ਆਪ ਆਪਣੀ ਜਾਣੇ ਸਾਰ । ਸ਼ਬਦ ਸੁਨੇਹੜਾ ਰੱਖਣਾ ਯਾਦ । ਪ੍ਰਭ ਅਬਿਨਾਸ਼ੀ ਦੇਵੇ ਦਾਦ । ਗਊ ਗਰੀਬ ਨਿਮਾਣਿਆਂ ਸੁਣੇ ਸੁਣਾਏ ਆਪ ਫਰਿਆਦ । ਵੇਖ ਵਖਾਣੇ ਰਾਜੇ ਰਾਣਿਆਂ, ਮਿਲੇ ਮੇਲ ਰਾਜਿੰਦਰਾ ਪ੍ਰਸਾਦ । ਅੱਸੂ ਤਿੰਨ ਦਿਵਸ ਵਖਾਣਿਆ, ਸੋਹੰ ਵੱਜੇ ਸਾਚਾ ਨਾਦ । ਆਪੇ ਜਾਣੇ ਆਪਣਾ ਭਾਣਿਆ । ਸ਼ਬਦ ਜਣਾਏ ਬੋਧ ਅਗਾਧ, ਸਾਧ ਸੰਤ ਨਾ ਕਿਸੇ ਪਛਾਣਿਆ । ਗੁਰ ਪੀਰ ਨਾ ਦੇਵੇ ਕੋਈ ਦਾਦ, ਤੱਟ ਬਿਆਸਾ ਆਪੇ ਮਾਣਿਆ । ਜਨ ਹਰਿ ਰਸਨਾ ਰਿਹਾ ਅਰਾਧ, ਵਿਚ ਪਰਭਾਸੇ ਡੇਰਾ ਸੁਘੜ ਸਿਆਣਿਆ । ਜੋਤੀ ਜੋਤ ਸਰੂਪ ਹਰਿ, ਏਕਾ ਦੇਵੇ ਸ਼ਬਦ ਵਰ, ਦਰ ਹਰਿ ਹਰਿ ਦਰ ਸਾਚਾ ਲੈਣਾ ਲਾਧ । ਅੱਸੂ ਤਿੰਨ ਆਏ ਚਲ ਦਰ ਦਿੱਲੀ ਦਰਬਾਰ । ਦਿਨ ਲੰਘਾਏ ਗਿਣ ਗਿਣ, ਸ਼ਬਦ ਸਰੂਪੀ ਮਿਲੇ ਮੇਲ, ਵੇਖ ਵਖਾਏ ਚਾਰ ਯਾਰ । ਸਾਚਾ ਹਰਿ ਆਪੇ ਜਾਣੇ ਭਿੰਨ ਭਿੰਨ, ਜੋਤ ਪਰਗਟਾਏ ਘੜੀ ਘੜੀ ਪਲ ਪਲ, ਸ਼ਬਦ ਸਰੂਪੀ ਮਾਰੇ ਮਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਸੁਹੇਲੇ ਦੇਵੇ ਵਰ, ਵੇਖ ਵਖਾਣੇ ਜਮਨ ਕਿਨਾਰ । ਜਨਮ ਕਿਨਾਰਾ ਲਹਿੰਦੀ ਲਹਿਰ । ਕਲਜੁਗ ਅੰਤਮ ਵਰਤੇ ਕਹਿਰ । ਨਾ ਕੋਈ ਦੀਸੇ ਨਗਰ ਖੇੜਾ ਸ਼ਹਿਰ । ਕਾਇਆ ਮਾਟੀ ਝੂਠਾ ਚਾਮਾ, ਏਕਾ ਏਕ ਗਵਰ ਗਹਿਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਦੇਵੇ ਨਾਮ ਵਰ, ਭੇਵ ਚੁਕਾਏ ਦਇਆ ਕਮਾਏ ਸੰਮਤ ਵੀਹ ਸੌ ਤੇਰਾਂ ਚੌਦਾਂ ਪੰਦਰਾਂ ਸੋਲਾਂ ਸਤਾਰਾਂ ਅਠਾਰਾਂ ਆਦਿ ਤਮਾਮ । ਸਾਲ ਉਨੀਸੇ ਜਗ ਜੁਦਾਈ । ਜਗਤ ਜਗਦੀਸੇ ਹੋਈ ਕੁੜਮਾਈ । ਬੀਸ ਬੀਸੇ ਵੱਜੀ ਵਧਾਈ । ਇਕੀਸ ਇਕੀਸੇ ਛਤਰ ਝੁਲਾਈ । ਜੋਤੀ ਜੋਤ ਸਰੂਪ ਹਰਿ, ਸੰਤ ਕ੍ਰਿਪਾਲ ਹੋ ਦਿਆਲ ਰਾਜਿੰਦਰ ਇੰਦਰ ਪ੍ਰਸਾਦ ਸਾਚੀ ਦੇਵੇ ਸ਼ਬਦ ਦਾਦ, ਮਿਲੇ ਮੇਲ ਇਕ ਰਘੁਰਾਈ । ਸਤਿਗੁਰ ਸਾਚਾ ਸਾਖਿਆਤ, ਸਖੀ ਸਰਵਰ ਦੀਨ । ਅੰਮ੍ਰਿਤ ਪਿਆਏ ਆਬੇ ਹਯਾਤ, ਵਡ ਦਾਤਾ ਹਰਿ ਪ੍ਰਬੀਨ । ਏਕਾ ਬੈਠਾ ਰਹੇ ਇਕਾਂਤ, ਭਗਤ ਸੁਹੇਲਾ ਸਦਾ ਅਧੀਨ । ਅੱਠੇ ਪਹਿਰ ਰਹੇ ਪ੍ਰਭਾਤ, ਏਕਾ ਧਾਰਾ ਏਕਾ ਏਕ ਖਾਣ ਪੀਣ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਦੇਵੇ ਜਗਤ ਵਰ, ਠਾਂਡਾ ਕਰੇ ਸੀਨ । ਹਰਿ ਸ਼ਬਦ ਭੰਡਾਰ ਜਗਤ ਸਵਾਇਆ । ਹਰਿ ਸ਼ਬਦ ਭੰਡਾਰ ਸ੍ਰਿਸ਼ਟ ਸਬਾਇਆ । ਹਰਿ ਸ਼ਬਦ ਭੰਡਾਰ, ਦੇਵਣਹਾਰ ਸਰਬ ਅਖਵਾਇਆ । ਹਰਿ ਸ਼ਬਦ ਭੰਡਾਰ, ਗੁਰ ਪੂਰਾ ਵਿਚ ਸਮਾਇਆ । ਹਰਿ ਸ਼ਬਦ ਭੰਡਾਰ ਆਪ ਵਰੋਲੇ ਅੱਠ ਸੱਠ ਤੀਰਥ ਨੀਰ, ਸਰਬ ਥਾਈਂ ਹੋਏ ਸਹਾਇਆ । ਹਰਿ ਸ਼ਬਦ ਭੰਡਾਰ ਆਪੇ ਆਪ ਬਣੇ ਵਰਤਾਰ, ਲੋਕਮਾਤੀ ਪੁਰਖ ਬਿਧਾਤੀ ਸਾਚੀ ਸੇਵਾ ਰਿਹਾ ਕਮਾਇਆ । ਸਾਚੀ ਸੇਵਾ ਆਪ ਕਮਾਏ ਹਰਿ ਸਾਚਾ ਮਿਹਰਵਾਨਾ ਏ । ਕਰੋੜ ਤੇਤੀਸਾ ਰਿਹਾ ਜਗਾਏ, ਸੁਰਪਤ ਰਾਜਾ ਇੰਦ ਹੋਏ ਹੈਰਾਨਾ ਏ । ਸ਼ਿਵ ਸ਼ੰਕਰ ਪਕੜ ਉਠਾਏ, ਬਾਸ਼ਕ ਤਸ਼ਕਾ ਗਲ ਲਟਕਾਏ, ਬ੍ਰਹਮਾ ਅਠੇ ਨੇਤਰ ਰਿਹਾ ਉਠਾਏ, ਪਰਗਟ ਹੋਏ ਸ੍ਰੀ ਭਗਵਾਨਾ ਏ । ਨਾਰਦ ਮੁਨ ਰਾਗ ਛਤੀਸਾ ਗਾਏ, ਸੁਰੱਸਤੀ ਮਾਤ ਸੁਣਾਨਾ ਏ । ਅੰਜ਼ੀਲ ਕੁਰਾਨਾਂ ਵੇਦ ਪੁਰਾਨਾਂ, ਖਾਣੀ ਬਾਣੀ ਖੇਲ ਜਹਾਨਾ ਸਾਚੀ ਰਚਨਾ ਰਿਹਾ ਰਚਾਏ, ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਲੋਆਂ ਪੁਰੀਆਂ ਰਿਹਾ ਹਿਲਾਨਾ ਏ । ਲੋਆਂ ਪੁਰੀਆਂ ਮਾਰ ਧਿਆਨ, ਪ੍ਰਭ ਸਾਚੇ ਜੋਤ ਜਗਾਈਆ । ਬ੍ਰਹਮੇ

ਦੇਵੇ ਬ੍ਰਹਮ ਗਿਆਨ, ਚਾਰੇ ਮੁਖ ਰਿਹਾ ਧਿਆਈਆ । ਅੰਤਮ ਮਿਟੇ ਜਗਤ ਨਿਸ਼ਾਨ, ਕਲਜੁਗ ਕਾਲਾ ਭੇਸ ਵਟਾਈਆ । ਸ਼ਿਵ ਸ਼ੰਕਰ ਬੈਠਾ ਸ਼ਬਦ ਬਿਬਾਣ, ਚਾਰੇ ਕੁੰਟਾਂ ਰਿਹਾ ਤਕਾਈਆ । ਕਵਣ ਝੁਲੇ ਮਾਤ ਨਿਸ਼ਾਨ, ਜਗਤ ਜਗਦੀਸਾ ਰਿਹਾ ਝੁਲਾਈਆ । ਸਰਬ ਜੀਆਂ ਹਰਿ ਜਾਣੀ ਜਾਣ, ਕਰੋੜ ਤੇਤੀਸਾ ਦਏ ਦੁਹਾਈਆ । ਪੁਰੀ ਇੰਦ ਹੋਏ ਵੈਰਾਨ, ਬੀਸ ਇਕੀਸਾ ਭੇਵ ਨਾ ਰਾਈਆ । ਵੇਖੇ ਖੇਲ ਦੋ ਜਹਾਨ, ਵਰਭੰਡੀ ਭੰਡੀ ਪਾਈਆ । ਨੌਂ ਖੰਡ ਪ੍ਰਿਥਮੀ ਝੂਠ ਦੁਕਾਨ, ਸੱਤਾਂ ਦੀਪਾਂ ਮੇਟ ਮਿਟਾਈਆ । ਸੱਤਾਂ ਦੀਪਾਂ ਗੁਣ ਨਿਧਾਨ, ਨੌਵਾਂ ਖੰਡਾਂ ਰਿਹਾ ਹਿਲਾਈਆ । ਨੌਵਾਂ ਖੰਡਾਂ ਬੇਈਮਾਨ, ਚੰਡ ਪਰਚੰਡਾ ਰਿਹਾ ਲਗਾਈਆ । ਨਰ ਹਰਿ ਬਲੀ ਬਲਵਾਨ, ਸੱਤਾਂ ਦੀਪਾਂ ਵੰਡ ਵੰਡਾਈਆ । ਅੱਠੇ ਪਹਿਰ ਨੌਜਵਾਨ, ਜੋਤੀ ਜਾਮਾ ਖੇਲ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੇ ਰੰਗ ਰਿਹਾ ਸਮਾਈਆ । ਬ੍ਰਹਮੇ ਵੇਦ ਵਿਚਾਰ ਵਕਤ ਵਿਚਾਰਨਾ । ਕੋਈ ਨਾ ਪਾਏ ਪ੍ਰਭ ਅਬਿਨਾਸ਼ੀ ਤੇਰਾ ਭੇਦ, ਕਿਸੇ ਦਿਸ ਨਾ ਆਏ ਜਗਤ ਕਿਤੇਬ, ਨਾ ਕੋਈ ਪਾਵੇ ਸਾਰਨਾ । ਆਪੇ ਹੋਏ ਅਛਲ ਅਛੇਦ, ਬੋਧ ਅਗਾਧਾ ਭੇਦ ਅਭੇਦ, ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਲੋਆਂ ਪੁਰੀਆਂ ਬੰਨ੍ਹੇ ਧਾਰਨਾ । ਲੋਆਂ ਪੁਰੀਆਂ ਬੰਨ੍ਹੇ ਧਾਰ, ਸਦਾ ਸਦ ਰਸਨਾ ਗਾਇਣ ਇੰਦ ਇੰਦਰਾਸਣ ਹੋਏ ਖਵਾਰ, ਸ਼ਬਦ ਸਿੰਘਾਸਣ ਦਏ ਤਜਾਇਆ । ਕਰੋੜ ਤੇਤੀਸਾ ਦਰ ਭਿਖਾਰ, ਮੰਗੇ ਮੰਗ ਅਪਰ ਅਪਾਰ, ਪ੍ਰਭ ਸਾਚਾ ਝੋਲੀ ਪਾਇਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਲਿਖਿਆ ਲੇਖ ਆਦਿ ਅੰਤ ਆਪੇ ਵੇਖ ਰਿਹਾ ਮਿਟਾਇਆ । ਸ਼ਿਵ ਸ਼ੰਕਰ ਦਏ ਦੁਹਾਈ, ਕਲਜੁਗ ਕਲਜੁਗ ਕਾਲਿਆ । ਲੱਖ ਚੁਰਾਸੀ ਮਸਤਕ ਸ਼ਾਹੀ, ਵੇਲੇ ਅੰਤ ਕੱਢੇ ਦਵਾਲਿਆ । ਸ਼ਬਦ ਸਰੂਪੀ ਪਾਏ ਫਾਹੀ, ਸੋਹੰ ਜੋੜਾ ਇਕ ਰਖਾ ਲਿਆ । ਨਾ ਕੋਈ ਉਠਾਏ ਫੜ ਫੜ ਬਾਂਹੀ, ਸ਼ਬਦ ਘੋੜਾ ਰਿਹਾ ਲਿਤਾੜਿਆ । ਨਾ ਕੋਈ ਦੇਵੇ ਠੰਡੀਆਂ ਛਾਂਈ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚਾ ਹੁਕਮ ਸੁਣਾ ਰਿਹਾ । ਸਾਚਾ ਭਾਣਾ ਹਰਿ ਕਰਤਾਰ । ਬ੍ਰਹਮਾ ਬ੍ਰਹਮ ਕਰੇ ਵਿਚਾਰ । ਕਲਜੁਗ ਕਾਲਾ ਹੋਇਆ ਧਰਮ, ਜੂਠ ਝੂਠ ਪਸਾਰ । ਸਤਿਜੁਗ ਸਾਚੇ ਦੇਵੇ ਜਰਮ, ਮਿਲੇ ਵਰ ਵਿਚ ਸੰਸਾਰ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਆਪ ਸੁਹਾਏ ਏਕਾ ਏਕ ਬੰਕ ਦਵਾਰ । ਏਕਾ ਏਕ ਬੰਕ ਦਵਾਰਿਆ । ਪੁਰਖ ਅਬਿਨਾਸ਼ੀ ਜੋਤ ਧਰ, ਆਪ ਸੁਹਾਏ ਏਕਾ ਏਕ ਬੰਕ ਦਵਾਰ, ਕਰੇ ਖੇਲ ਵਿਚ ਸੰਸਾਰਿਆ । ਬ੍ਰਹਮਾ ਸ਼ਿਵ ਦੇਵੇ ਵਰ, ਦੋਏ ਜੋੜ ਕਰੇ ਨਿਮਸਕਾਰਿਆ । ਸੁਰਪਤ ਰਾਜਾ ਇੰਦ ਰਿਹਾ ਝਰਿ, ਕਿਰਪਾ ਕਰ ਹਰਿ ਗਿਰਧਾਰਿਆ । ਆਪਣੀ ਕਰਨੀ ਰਿਹਾ ਕਰ, ਵਰਭੰਡੀ ਜੋਤ ਜਗਾ ਰਿਹਾ । ਸ਼ਬਦ ਤਰਨੀ ਰਿਹਾ ਤਰ, ਕਾਇਆ ਸੁਰਤ ਨਾ ਕੋਈ ਬਾਲ ਅਟਕਾ ਰਿਹਾ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਕਲਜੁਗ ਅੰਤਮ ਵੇਖ ਹਰਿ, ਨੌਂ ਖੰਡ ਪ੍ਰਿਥਮੀ ਵੰਡ ਵੰਡਾ ਰਿਹਾ । ਨੌਂ ਖੰਡ ਪ੍ਰਿਥਮੀ ਵੰਡੇ ਵੰਡ, ਅਚਰਜ ਖੇਲ ਰਚਾਈਆ । ਸੱਤਾਂ ਦੀਪਾਂ ਦੇਵੇ ਦੰਡ, ਸਾਚੀ ਬਣਤ ਰਿਹਾ ਬਣਾਈਆ । ਸ੍ਰਿਸ਼ਟ ਸਬਾਈ ਹੋਈ ਅੰਧ, ਸਾਚਾ ਕੰਤ ਨਾ ਕੋਈ ਹੰਢਾਈਆ । ਆਪੇ ਕਰੇ ਖੰਡ ਖੰਡ, ਵੇਖ ਵਖਾਣੇ ਹਰਿ ਬ੍ਰਹਿਮੰਡ, ਜੇਰਜ ਅੰਡ ਉਤਭੁਜ ਸੇਤਜ ਨਾ ਦਏ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਕਲਜੁਗ ਤੇਰੀ ਅੰਤਮ ਵਾਰ ਖੇਲ ਰਚਾਈਆ । ਕਲਜੁਗ ਕਾਲ ਕੂੜ ਕੁੜਿਆਰਾ, ਕਾਲਾ ਮੁਖ ਕਰਾਇਆ ਏ । ਚਾਰੋਂ ਕੁੰਟ ਪੈਣੀ ਮਾਰਾ, ਮਾਇਆ ਮਮਤਾ ਮੋਹ ਵਧਾਇਆ ਏ । ਅੰਤਮ ਵੇਲੇ ਦੇਵੇ ਝਾੜਾ, ਜੂਠਾ ਝੂਠਾ ਭਾਰ ਬੰਧਾਇਆ ਏ । ਨਾ ਕੋਈ


੪੦੦ ੦੫

ਦੀਸੇ ਮੀਤ ਮੁਰਾਰਾ, ਖਾਲੀ ਠੂਠਾ ਨਾਮ ਰਖਾਇਆ ਏ । ਪੰਜਾਂ ਤੱਤਾਂ ਕਰ ਪਿਆਰਾ, ਰੰਗ ਅਨੂਠਾ ਦਰ ਘਰ ਸਾਚੇ ਮੂਲ ਨਾ ਭਾਇਆ ਏ । ਲੱਖ ਚੁਰਾਸੀ ਕਰੇ ਕਰਾਏ ਚੱਠਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧਰਮ ਰਾਏ ਹੁਕਮ ਸੁਣਾਇਆ ਏ । ਪ੍ਰਭ ਅਬਿਨਾਸ਼ੀ ਕਿਰਪਾ ਕਰ, ਲੱਖ ਚੁਰਾਸੀ ਦਏ ਮਿਟਾਏ । ਅੰਤ ਖਪਾਏ, ਕਲਜੁਗ ਦਰ ਦਰ ਘਰ ਘਰ ਕੋਈ ਦਿਸ ਨਾ ਆਏ । ਸ਼ਬਦ ਸਵਾਸੀ ਲਏ ਬਚਾਏ, ਨੌਂ ਖੰਡ ਪ੍ਰਿਥਮੀ ਕਰੇ ਹਰ, ਸਾਚੇ ਹਿਸੇ ਰਿਹਾ ਵੰਡਾਏ । ਆਪੇ ਵੇਖੇ ਵੇਖ ਵਖਾਣੇ, ਦਿਸ ਕਿਸੇ ਨਾ ਆਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨੌਂ ਖੰਡ ਪ੍ਰਿਥਮੀ ਵੇਖ ਹਰਿ, ਸੱਤਾਂ ਦੀਪਾਂ ਪੁਰਖ ਨਿਰੰਜਣ ਸਾਚੀ ਰਚਨਾ ਆਪ ਰਚਾਏ । ਸੱਤ ਸਮੁੰਦਰ ਸੱਤ ਸਾਗਰਾ, ਕਾਇਆ ਗਹਿਰ ਗੰਭੀਰ । ਕਾਇਆ ਮਾਟੀ ਹਾਟੀ ਸਾਚੀ ਗਾਗਰਾ, ਨੌਂ ਖੰਡ ਪਿੰਡ ਸਰੀਰ । ਜੋਤੀ ਨਿਰਮਲ ਰੂਪ ਉਜਾਗਰਾ, ਅੰਮ੍ਰਿਤ ਆਤਮ ਸਾਚਾ ਨੀਰ । ਗੁਰਮੁਖ ਵਿਰਲਾ ਮਾਤ ਸੁਦਾਗਰਾ, ਪ੍ਰਭ ਕੱਢੇ ਹਉਮੇ ਪੀੜ । ਨਿਰਮਲ ਕਰਮ ਹੋਏ ਉਜਾਗਰਾ, ਅੰਮ੍ਰਿਤ ਆਤਮ ਸਾਚਾ ਨੀਰ, ਪੁਰਖ ਅਬਿਨਾਸ਼ੀ ਬੰਨ੍ਹੇ ਬੀੜ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਆਪ ਆਪਣਾ ਵੇਸ ਕਰ, ਭੇਖ ਵਖਾਣੇ ਦਿਆਲ ਬਾਗ਼ ਗੁਰ ਆਗਰਾ । ਦਿਆਲ ਬਾਗ਼ ਗੁਰ ਜਾਣਾ ਜਾਗ, ਪ੍ਰਭ ਸਾਚਾ ਆਪ ਜਗਾਇੰਦਾ । ਪੰਜਾਂ ਤੱਤਾਂ ਲੱਗੀ ਆਗ, ਕੋਈ ਨਾ ਪਕੜੇ ਅੰਤਮ ਵਾਗ, ਮਾਇਆ ਧੋਏ ਨਾ ਕੋਈ ਦਾਗ਼, ਸਾਚਾ ਹੁਕਮ ਸੁਣਾਇੰਦਾ । ਇਕ ਭੁਲਾਇਆ ਸਾਚਾ ਰਾਗ, ਸ਼ਬਦ ਨਾ ਗਾਇਆ ਰਸਨਾ ਸਵਾਦ, ਨਾ ਮਿਲਿਆ ਮੇਲ ਮਾਧਵ ਮਾਧ, ਪੁਰਖ ਅਬਿਨਾਸ਼ੀ ਘਟ ਘਟ ਵਾਸੀ ਜੋਤ ਨਿਰੰਜਣ ਸ਼ਬਦ ਸਿੰਘਾਸਣ ਆਤਮ ਸੇਜਾ ਕੰਤ ਕੰਤੂਲਾ ਨਾ ਕੋਇ ਬਹਾਇੰਦਾ । ਜੋਤੀ ਜੋਤ ਸਰੂਪ ਹਰਿ, ਏਕਾ ਦੇਵੇ ਸ਼ਬਦ ਵਰ, ਜੋਤ ਸਰੂਪੀ ਦੂਲ੍ਹੋ ਦੂਲ੍ਹਾ, ਦੂਰ ਨੇੜੇ ਨਾ ਕੋਈ ਰਖਾਇੰਦਾ । ਦੂਰ ਨੇੜੇ ਨਾ ਨੇੜੇ ਦੂਰ । ਅੱਠੇ ਪਹਿਰ ਹਾਜ਼ਰ ਹਜ਼ੂਰ । ਸੋ ਪੁਰਖ ਨਿਰੰਜਣ ਸਦਾ ਭਰਪੂਰ । ਨੇਤਰ ਪਾਏ ਨਾਮ ਅੰਜਨ, ਰਾਗ ਸੁਣਾਏ ਸਾਚੀ ਤੂਰ । ਚਰਨ ਧੂੜ ਕਰਾਏ ਸਾਚਾ ਮਜਨ, ਕੌਸਤਕ ਮਨੀ ਸਾਚੀ ਧੂੜ । ਭਰਮ ਭਾਂਡੇ ਮਾਤ ਭੱਜਣ, ਸ੍ਰਿਸ਼ਟ ਸਬਾਈ ਜਾਣੇ ਕੂੜੋ ਕੂੜ । ਸ਼ਬਦ ਤਾਲ ਸਾਚੇ ਵੱਜਣ, ਮਿਲੇ ਮੇਲ ਪ੍ਰਭ ਸਾਚੇ ਸੱਜਣ, ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਸ਼ਬਦ ਸਰੂਪੀ ਪਾਏ ਜੂੜ । ਸਾਚੀ ਆਸ ਗੁਰ ਚਰਨ ਦਵਾਰ । ਚਰਨ ਦਾਸ ਜਨ ਬਣੇ ਭਿਖਾਰ । ਸਰਬ ਗੁਣਤਾਸ ਦੱਸੇ ਹੱਕ, ਨਾਮ ਅੱਖਰ ਇਕ ਅਕਾਰ । ਪੰਚਾਂ ਬੇੜਾ ਦੇਵੇ ਬੰਨ੍ਹ, ਸੋਲਾਂ ਕਰੇ ਤਨ ਸ਼ਿੰਗਾਰ । ਚੌਦਾਂ ਹੱਟਾਂ ਚੜ੍ਹੇ ਚੰਨ, ਚੌਦਾਂ ਲੋਕਾਂ ਕਰ ਵਿਚਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਇਕ ਵਖਾਏ ਜਗਤ ਧਾਰ । ਜਗਤ ਧਾਰ ਹਰਿ ਵਖਾਉਣੀ । ਗੁਰ ਪੀਰ ਨਾ ਦੀਸੇ ਗੱਦੀ ਧਾਰ, ਸਾਚੀ ਸਾਰ ਆਪੇ ਪਾਉਣੀ । ਸਰਬ ਮਿਟਾਏ ਮੁਹੰਮਦੀ ਯਾਰ ਚਾਰ । ਸ਼ਬਦ ਉਡਾਰ ਇਕ ਲਗਾਉਣੀ । ਨੌਂ ਦਵਾਰੇ ਵਸੇ ਬਾਹਰ, ਕਾਲ ਕੂਟ ਇਕ ਰਖਾਉਣੀ । ਦਹਿ ਦਿਸ਼ਾ ਪਾਏ ਹਿਸਾ ਸਰਬ ਕਲ ਆਪ ਪ੍ਰਭ, ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਪਰਗਟ ਹੋਏ ਸਾਚੀ ਜੋਤ ਬਿਨ ਵਰਨ ਗੋਤ ਤ੍ਰੈਲੋਕ ਬਲੋਏ, ਜੀਵ ਜੰਤ ਨਾ ਜਾਣੇ ਕੋਇ, ਭਗਤ ਭਗਵੰਤਾ ਹਾਜ਼ਰ ਹਜ਼ੂਰ । ਕਾਇਆ ਮੰਦਰ ਚਾਰ ਦਵਾਰ । ਚੌਥੇ ਜੁਗ ਵੇਖ ਵਿਚਾਰ । ਸਿੰਘ ਗੁਰ ਚਰਨ ਚਰਨ ਸਿੰਘ ਸ਼ਬਦ ਚੋਗ ਸਾਚੀ ਚੁਗ, ਵੇਲੇ ਅੰਤਮ ਉਤਰੇ ਪਾਰ । ਸੋਹੰ ਸ਼ਬਦ ਸਾਚਾ ਜੋਗ, ਤਟ ਬਿਆਸਾ ਆਰ ਪਾਰ । ਦਿਵਸ ਰੈਣ ਨਾਂ ਰਹੇ ਸੋਗ, ਜੋਤੀ

ਨੂਰ ਦਰਸ ਅਮੋਘ ਕਰੇ ਕਰਾਏ ਇਕ ਜੈਕਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕ ਕਰਾਏ ਵਣਜ ਵਪਾਰ । ਵਣਜ ਵਪਾਰਾ ਇਕ ਹਰਿ ਕਰਾਉਣਾ । ਮੰਦਰ ਮਸੀਤ ਵੇਖ ਗੁਰੂਦਵਾਰਾ, ਸਾਚਾ ਸ਼ਬਦ ਡੰਕ ਵਜਾਉਣਾ । ਗੁਰ ਪੀਰ ਸਾਧ ਸੰਤ ਤੀਜੇ ਲੋਚਨ ਰਹੇ ਵੇਖ, ਸਾਚਾ ਡੰਕ ਰਾਓ ਰੰਕ ਇਕ ਵਖਾਉਣਾ । ਵੇਖ ਵਖਾਣੇ ਔਲੀਏ ਪੀਰ ਸ਼ੇਖ਼, ਦਸਤਗੀਰ ਸ਼ਾਹ ਹਕੀਰ ਕੋਈ ਰਹਿਣ ਨਾ ਪਾਉਣਾ । ਕਲਜੁਗ ਤੇਰੀ ਮਿਟਦੀ ਰੇਖ, ਜੋਤੀ ਜਾਮਾ ਧਰਿਆ ਭੇਖ, ਸ਼ਾਹ ਸੁਲਤਾਨਾਂ ਆਪ ਜਗਾਓਣਾ । ਆਪੇ ਹੋਏ ਧਾਰੀ ਕੇਸ, ਜੋਤ ਸਰੂਪੀ ਦਸ ਦਸਮੇਸ, ਸ਼ਿਵ ਸ਼ੰਕਰ ਬ੍ਰਹਮਾ ਵਿਸ਼ਨ ਮਹੇਸ਼ ਨਰ ਨਰੇਸ਼ ਆਪ ਅਖਵਾਉਣਾ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਕਲਜੁਗ ਕਾਲਾ ਵੇਸ ਕਰ, ਕਾਲੇ ਤਨ ਛੁਹਾਉਣਾ । ਕਲਜੁਗ ਕਾਲਾ ਵੇਸ ਤਨ ਕਰਾਉਣਾ ਏ । ਪੁਰਖ ਅਬਿਨਾਸ਼ੀ ਬਣ ਦਰਵੇਸ਼, ਕੋਈ ਨਾ ਚਲੇ ਕਿਸੇ ਪੇਸ਼, ਰਾਜ ਰਾਜਾਨਾਂ ਆਪ ਸੁਨਾਉਣਾ ਏ । ਆਪੇ ਨਰ ਆਪੇ ਨਰੇਸ਼, ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਸ੍ਰਿਸ਼ਟ ਸਬਾਈ ਸਾਚਾ ਮਾਹੀ ਧੁਰ ਦਰਗਾਹੀ ਏਕਾ ਰਾਹ ਵਖਾਓਣਾ । ਕਾਲਾ ਸੂਸਾ ਤਨ ਛੁਹਾਏ, ਛਬੀ ਪੋਹ ਦਿਵਸ ਵਿਚਾਰਿਆ । ਈਸਾ ਮੂਸਾ ਦਏ ਮਿਟਾਏ, ਨਾ ਕੋਈ ਜਾਣੇ ਜੀਵ ਗਵਾਰਿਆ । ਸ਼ਬਦ ਹਦੀਸਾ ਇਕ ਪੜ੍ਹਾਏ, ਅੰਜ਼ੀਲ ਕੁਰਾਨਾਂ ਪੈਣੀ ਮਾਰਿਆ । ਸੋਹੰ ਤਿੱਖਾ ਤੀਰ ਰਖਾਏ, ਲੁਟੀ ਜਾਏ ਦਿਨ ਦਿਹਾੜਿਆ । ਜਗਤ ਜਗਦੀਸ ਦਇਆ ਕਮਾਏ, ਬੀਸ ਇਕੀਸ ਖੇਲ ਰਚਾਏ, ਵਿਚ ਉਨੀਸਾ ਪਏ ਦੁਹਾਏ, ਸਾਲ ਅਠਾਰਵੇਂ ਨਾ ਕੋਈ ਛੁਡਾਏ, ਨਾ ਕੋਈ ਦੀਸੇ ਟਟੂ ਭਾੜਿਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਅੰਦਰੇ ਅੰਦਰ ਸਾਚੇ ਮੰਦਰ, ਮੇਟ ਮਿਟਾਏ ਗੋਰਖ ਮਛੰਦਰ ਉਚੇ ਟਿੱਲੇ ਆਸਣ ਲਾਏ, ਨਾ ਕੋਈ ਧੂਣੀ ਧੂੰਆਂ ਧੁਖਾ ਰਿਹਾ । ਕਲਜੁਗ ਧੂੰਆਂ ਧਾਰ ਜਗਤ ਅੰਧੇਰਿਆ । ਸਤਿਜੁਗ ਸਾਚਾ ਕਰੇ ਵਿਚਾਰ, ਪ੍ਰਭ ਅਬਿਨਾਸ਼ੀ ਪਾਏ ਫੇਰਿਆ । ਮਿਲੇ ਜਨਮ ਵਿਚ ਸੰਸਾਰ, ਮਨਮੁਖਾਂ ਢਾਹੇ ਭਰਮ ਢੇਰਿਆ । ਕਲਜੁਗ ਰੋਵੇ ਧਾਹਾਂ ਮਾਰ, ਜੂਠਾ ਝੂਠਾ ਲਾਏ ਇਕ ਉਖੇੜਿਆ । ਧਰਮ ਰਾਏ ਹੋਏ ਤਿਆਰ, ਧਰਤ ਮਾਤ ਖੁਲ੍ਹਾ ਵਿਹੜਿਆ । ਲਾੜੀ ਮੌਤ ਕਰੇ ਸ਼ਿੰਗਾਰ, ਜੀਆਂ ਜੰਤਾਂ ਛਿੜਿਆ ਝੇੜਿਆ । ਚਿੱਤਰ ਗੁਪਤ ਬਣੇ ਲਿਖਾਰ, ਅੰਤਮ ਲੇਖਾ ਰਿਹਾ ਨਿਬੇੜਿਆ । ਜੰਮ ਰਾਜ ਅੱਧਵਿਚਕਾਰ, ਲੱਖ ਚੁਰਾਸੀ ਦੇਵੇ ਗੇੜਿਆ । ਸ਼ਬਦ ਧਾਰ ਸੱਚੀ ਸਰਕਾਰ, ਸੋਹੰ ਵੱਜੇ ਕਾਇਆ ਨਗਰ ਖੇੜਿਆ । ਨੌਂ ਦਵਾਰੇ ਬੰਦ ਕਿਵਾੜ, ਦਸਵੇਂ ਗੁਰਮੁਖ ਪਾਏ ਫੇਰਿਆ । ਤੱਤੀ ਵਾ ਨਾ ਲੱਗੇ ਹਾੜ, ਕਰੇ ਸ਼ਬਦ ਸਚ ਨਿਬੇੜਿਆ । ਕਲਜੁਗ ਦਏ ਦੁਹਾਈ, ਅੰਤ ਕੁਰਲਾਨਿਆ । ਸਤਿਜੁਗ ਸਾਚੇ ਮਿਲੇ ਵਡਿਆਈ ਵਿਚ ਜਹਾਨਿਆ । ਧਰਤ ਮਾਤ ਮਿਲੀ ਵਧਾਈ, ਪੂਤ ਸਪੂਤਾ ਏਕਾ ਜੰਮਿਆ । ਕਲਜੁਗ ਕਾਲਾ ਭੇਖ ਵਟਾਈ, ਬੇਮੁਖ ਜੀਵਾਂ ਦੇਵੇ ਡੰਨਿਆ । ਸਤਿਜੁਗ ਸਾਚੀ ਸੇਵ ਕਮਾਈ, ਗੁਰਮੁਖ ਚੜ੍ਹਾਏ ਸਾਚੇ ਚੰਨਿਆ । ਧਰਤ ਮਾਤ ਖ਼ੁਸ਼ੀ ਮਨਾਈ, ਕਲਜੁਗ ਅੰਤਮ ਅੰਤ ਪੁਰਖ ਅਬਿਨਾਸ਼ੀ ਬੇੜਾ ਬੰਨ੍ਹਿਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਸ੍ਰਿਸ਼ਟ ਸਬਾਈ ਆਪ ਰਖਾਏ, ਜੂਠੀ ਝੂਠੀ ਹੇਠ ਮਾਇਆ ਛੱਪਰ ਛੰਨਿਆ । ਜੂਠੀ ਝੂਠੀ ਮਾਇਆ ਛੱਪਰੀ ਛਾਇਆ । ਜਾਣੇ ਵਡ ਵਡ ਸੇਠ, ਵੇਲੇ ਅੰਤਮ ਭੰਨੇ ਕੌੜੇ ਰੇਠ, ਨਾ ਸਕੇ ਕੋਈ ਬਚਾਇਆ । ਵਰਤੇ ਕਹਿਰ ਸਵਾ ਪਹਿਰ ਮਹੀਨੇ ਜੇਠ, ਸ਼ਬਦ ਹਲੂਣੇ ਰਿਹਾ ਜਗਾਇਆ । ਕੋਈ ਨਾ ਰੱਖੇ ਸਾਇਆ ਹੇਠ, ਜਗਤ ਜਗਦੀਸੇ ਸ਼ਬਦ ਤੀਰ ਇਕ ਚਲਾਇਆ । ਜੋਤੀ ਜਾਮਾ ਧਰਿਆ ਭੇਖ, ਕਲਜੁਗ ਰੇਖ ਵੇਖ ਗੁਰਮੁਖ ਸੋਏ ਰਿਹਾ ਜਗਾਇਆ । ਗੁਰਮੁਖ ਸੋਇਆ ਜਾਗ ਹਰਿ

ਜਗਾਇੰਦਾ । ਕਲਜੁਗ ਮਾਇਆ ਧੋ ਦਾਗ਼, ਪ੍ਰਭ ਸਾਚਾ ਆਪ ਧਵਾਇੰਦਾ । ਤਨ ਮੰਦਰ ਸਾਚਾ ਰਾਗ, ਰਾਗਨ ਰਾਗੀ ਆਪ ਅਖਵਾਇੰਦਾ । ਕਾਇਆ ਮਾਟੀ ਲੱਗੇ ਭਾਗ, ਭਗਤ ਭਗਵੰਤਾ ਆਪ ਜਗਾਇੰਦਾ । ਆਤਮ ਜੋਤੀ ਜਗੇ ਚਿਰਾਗ, ਸਾਚਾ ਦੀਪਕ ਆਪ ਜਗਾਇੰਦਾ । ਮਾਣਕ ਮੋਤੀ ਸੋਹੰ ਤਾਗ, ਸਾਚੀ ਜੋੜੀ ਆਪ ਜੁੜਾਇੰਦਾ । ਮਨ ਵਿਰੱਕਤੀ ਭਏ ਵੈਰਾਗ, ਸੁਰਤੀ ਸ਼ਬਦ ਆਪ ਭਵਾਇੰਦਾ । ਸੁਰਤ ਸ਼ਬਦ ਸ਼ਬਦ ਸੁਰਤ ਮੇਲ ਮਿਲਾਏ ਹੰਸ ਬਣਾਏ ਕਾਗ, ਸਾਚੀ ਚੋਗ ਨਾਮ ਚੁਗਾਇੰਦਾ । ਆਪ ਬੁਝਾਏ ਤ੍ਰਿਸਨਾ ਆਗ, ਰਾਗ ਅਨਾਦਾ ਜਗਤ ਸੁਹਾਗੀ ਇਕ ਸੁਣਾਇੰਦਾ । ਗੁਰ ਚਰਨ ਧੂੜ ਮਜਨ ਸਾਚਾ ਮਾਘ, ਗੁਰਮੁਖਾਂ ਇਹ ਸਮਝਾਇੰਦਾ । ਆਪ ਆਪਣੇ ਹੱਥ ਰੱਖੇ ਵਾਗ, ਹਉਮੇ ਹੰਗਤਾ ਰੋਗ ਗਵਾਇੰਦਾ । ਮਿਲੇ ਮੇਲ ਕੰਤ ਸੁਹਾਗ, ਤ੍ਰਿਸ਼ਨਾ ਭੁੱਖ ਜਗਤ ਗਵਾਇੰਦਾ । ਮਾਇਆ ਡੱਸੇ ਨਾ ਡੱਸਣੀ ਨਾਗ, ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਗੁਰਮੁਖਾਂ ਦੇਵੇ ਨਾਮ ਵਰ, ਸ਼ਬਦ ਘੋੜਾ ਜੋਤੀ ਜੋੜਾ ਆਪੇ ਮੇਲ ਮਿਲਾਇੰਦਾ । ਸ਼ਬਦ ਘੋੜਾ ਹਰਿ ਦਾਤਾਰ । ਧੁਰਦਰਗਾਹੀ ਆਇਆ ਦੌੜਾ, ਸੋਲਾਂ ਕਲਾਂ ਤਨ ਸ਼ਿੰਗਾਰ । ਵੇਖ ਵਖਾਣੇ ਮਿੱਠਾ ਕੌੜਾ, ਅੱਖਰ ਵੱਖਰ ਪਸਰ ਪਸਾਰ । ਆਪੇ ਹੋਏ ਬ੍ਰਾਹਮਣ ਗੌੜਾ, ਗੌੜ ਬ੍ਰਾਹਮਣ ਪਾਰ ਕਿਨਾਰ । ਸੰਬਲ ਨਗਰੀ ਸਾਚਾ ਦੇਸ ਬਹੁੜਾ, ਗੁਰ ਗੋਬਿੰਦਾ ਭੇਖ ਅਪਾਰ । ਨਾ ਕੋਈ ਜਾਣੇ ਲੰਮਾ ਚੌੜਾ, ਦਸ ਦਸ ਗਿਰਾਂ ਦੇਸ ਮਝਾਰ । ਚਿੱਟਾ ਅਸਵ ਚੁੱਕੇ ਪੌੜਾ, ਕਲਜੁਗ ਤੇਰੀ ਅੰਤਮ ਵਾਰ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਜੁਗ ਜੁਗ ਰੇਖ ਵੇਖ ਹਰਿ, ਭੇਖ ਪਖੰਡਾ ਦਏ ਨਿਵਾਰ । ਕਲਜੁਗ ਭੇਖ ਪਖੰਡ ਨੌਂ ਦਵਾਰਿਆ । ਸਾਧਾਂ ਸੰਤਾਂ ਆਤਮ ਰੰਡ, ਭਰਿਆ ਤਨ ਮਨ ਹੰਕਾਰਿਆ । ਸ਼ਬਦ ਸਰੂਪੀ ਦੇਵੇ ਦੰਡ, ਦੇਵੇ ਦਰ ਸੱਚਾ ਦਵਾਰਿਆ । ਖਾਣੀ ਜੇਰਜ ਅੰਡ ਜੀਓ ਪਿੰਡ ਬ੍ਰਹਿਮੰਡ, ਸਾਚੀ ਖੋਜ ਖੁਜਾ ਰਿਹਾ । ਨੌਵਾਂ ਖੰਡਾਂ ਖੰਡ ਖੰਡ, ਸ਼ਬਦ ਚਲੇ ਚੰਡ ਪਰਚੰਡ, ਤਿੱਖੀ ਧਾਰਾ ਆਪ ਰਖਾ ਰਿਹਾ । ਮਨਮੁਖਾਂ ਵੱਢੇ ਕੰਡ, ਨਾ ਕੋਈ ਕਿਸੇ ਛੁਡਾ ਰਿਹਾ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਗੁਰਮੁਖ ਸੋਏ ਮਾਤ ਜਗਾ ਰਿਹਾ । ਗੁਰ ਪੂਰੇ ਫੜਨਾ ਲੜ । ਕਾਇਆ ਮੰਦਰ ਅੰਦਰ ਜਾਣਾ ਵੜ । ਆਪੇ ਤੋੜੇ ਵਜਾ ਹੰਕਾਰੀ ਜੰਦਰ, ਦਰ ਦਵਾਰੇ ਅੱਗੇ ਖੜ੍ਹ । ਆਸਾ ਤ੍ਰਿਸਨਾ ਭੌਂਦੀ ਬੰਦਰ, ਕੋਇ ਨਾ ਸਕੇ ਪੌੜੀ ਚੜ੍ਹ । ਆਪ ਸੁਹਾਏ ਸਾਚਾ ਧਾਮ ਮੰਦਰ, ਵੇਖ ਵਖਾਣੇ ਕਾਇਆ ਕਿਲ੍ਹਾ ਕੋਟ ਗੜ੍ਹ । ਗੁਰਮੁਖ ਸਾਚੇ ਬਾਹੋਂ ਫੜ, ਆਪ ਬੰਨ੍ਹਾਏ ਆਪਣੇ ਲੜ । ਕਾਇਆ ਕੋਟ ਗੜ੍ਹ ਆਪ ਵਿਚਾਰਿਆ । ਸਾਚਾ ਮੰਦਰ ਅੰਦਰੇ ਅੰਦਰ ਗੁਰਮੁਖ ਸਾਚੇ ਜਾਣਾ ਚੜ੍ਹ, ਵੇਖੇ ਖੇਲ ਅਪਾਰਿਆ । ਆਪੇ ਘਾੜਨ ਰਿਹਾ ਘੜ, ਵੇਖ ਵਖਾਣੇ ਧੁੰਦੂਕਾਰਿਆ । ਏਕਾ ਅੱਖਰ ਜਗਤ ਵੱਖਰ ਸਾਚਾ ਸ਼ਬਦ ਲੈਣਾ ਪੜ੍ਹ, ਭਰਮਾਂ ਕੰਧ ਢਾਹੇ ਚਾਰ ਦਿਵਾਰਿਆ । ਜਗੇ ਜੋਤ ਬਹੱਤਰ ਨੜ, ਜਗਤ ਤ੍ਰਿਸਨਾ ਜਾਏ ਹੜ, ਮਿਟੇ ਲੋਭ ਮੋਹ ਹੰਕਾਰਿਆ । ਪੁਰਖ ਅਬਿਨਾਸ਼ੀ ਦਰ ਦਵਾਰ ਅੱਗੇ ਖੜ, ਆਪ ਫੜਾਏ ਆਪਣਾ ਲੜ, ਨਾ ਕੋਈ ਸੀਸ ਨਾ ਕੋਈ ਧੜ, ਸਾਚਾ ਰਾਹ ਵਖਾ ਰਿਹਾ । ਸਚ ਸਿੰਘਾਸਣ ਬਹਿਣਾ ਚੜ੍ਹ, ਭਾਣਾ ਸਹਿਣਾ ਲੱਗੇ ਜੜ੍ਹ, ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਆਪੇ ਕਰੇ ਪਾਰ ਉਤਾਰਿਆ । ਦਸਮ ਦਵਾਰੀ ਵੇਖ ਮਹੱਲ ਅਟੱਲਿਆ । ਨਾ ਕੋਈ ਦੀਸੇ ਚਾਰ ਦਿਵਾਰਾ, ਨਾ ਕੋਈ ਜੰਗਲ ਜੂਹ ਉਜਾੜ ਪਹਾੜ ਜਲ ਥੱਲਿਆ । ਨਾ ਕੋਈ ਦੀਸੇ ਚੰਦ ਸਿਤਾਰ, ਗਗਨ ਮੰਡਲ ਵਡ ਬਲ ਬੱਲਿਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਗੁਰਮੁਖਾਂ ਦੇਵੇ ਨਾਮ ਵਰ ਇਕ ਦਵਾਰਾ ਗੁਰਮੁਖ ਸਾਚੇ

੪੦੩ ੦੫

ਮੱਲਿਆ । ਆਤਮ ਵਜੀ ਵਧਾਈਆ । ਕਿਸੇ ਹੱਥ ਨਾ ਆਏ ਜੰਗਲ ਜੂਹ ਜਲ ਥਲ ਫਿਰੇ ਲੁਕਾਈਆ । ਦੂਈ ਦਵੈਤੀ ਨਾ ਮਿਟੇ ਥਲ ਨਿਰਮਲ ਜੋਤ ਨਾ ਜਾਏ ਬਲ, ਅਗਿਆਨ ਅੰਧੇਰ ਨਾ ਕੋਈ ਮਿਟਾਈਆ । ਵੇਖੇ ਖੇਲ ਆਪ ਪ੍ਰਬਲ, ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਗੁਰਮੁਖ ਸਾਚੇ ਬੂਝ ਬੁਝਾਈਆ । ਗੁਰਮੁਖ ਮਿਲਿਆ ਸਹਿਜ ਸੁਭਾਈ, ਆਤਮ ਵੱਜੀ ਵਧਾਈਆ । ਹੋਏ ਸਹਾਈ ਸਭਨੀਂ ਥਾਈਂ, ਖ਼ੁਸ਼ੀ ਗ਼ਮੀ ਨਾ ਕੋਈ ਰਖਾਈਆ । ਪਾਰ ਕਰਾਏ ਫੜ ਫੜ ਬਾਂਹੀ, ਪਿਤਾ ਅੰਮੀ ਆਪ ਅਖਵਾਈਆ । ਜੋਤ ਨਿਰੰਜਣ ਕਦੇ ਨਾ ਮਰੇ ਕਦੇ ਨਾ ਜੰਮੀ, ਆਵਣ ਜਾਵਣ ਪਤਤ ਪਾਵਨ ਆਪਣੀ ਖੇਲ ਰਚਾਈਆ । ਸਤਿਜੁਗ ਸਾਚੇ ਦੇਵੇ ਥੰਮੀ, ਸੋਹੰ ਸਾਚਾ ਨਾਉਂ ਰਖਾਈਆ । ਕਰੇ ਖੇਲ ਅਗੰਮ ਅਗੰਮੀ, ਅਗੰਮੜੀ ਕਾਰ ਕਰਾਈਆ । ਵੇਖ ਵਖਾਣੇ ਹਡ ਮਾਸ ਨਾੜ ਨਾੜੀ ਚਮੜੀ, ਦਮੜੀ ਮੁਲ ਨਾ ਕੋਈ ਰਖਾਈਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਗੁਰਮੁਖ ਸਾਚੇ ਵੇਖ ਹਰਿ, ਸੋਏ ਰਿਹਾ ਮਾਤ ਜਗਾਈਆ । ਚਰਨ ਕਵਲ ਗੁਰ ਧਿਆਨ ਜਿਸ ਲਗਾਇਆ । ਤਿੰਨ ਸੌ ਸੱਠ ਹਾਡੀ ਮਾਰ ਧਿਆਨ, ਨਾੜ ਨਾੜੀ ਵੇਖ ਵਖਾਇਆ । ਗੁਰਮੁਖ ਵਿਰਲੇ ਆਤਮ ਬ੍ਰਹਮ ਗਿਆਨ, ਸ਼ਬਦ ਸੁਨੇਹੜਾ ਰਿਹਾ ਸੁਣਾਇਆ । ਬਾਲ ਨਦਾਨਾ ਜੀਵ ਜਹਾਨਾਂ ਰੋਗਾਂ ਸੋਗਾਂ ਪਾਇਆ ਘਾਣ, ਤਨ ਪੀੜਾ ਪੀੜ ਭਰਾਇਆ । ਆਪੇ ਵੇਖੇ ਪਵਣ ਮਸਾਣ, ਅੰਦਰ ਮੰਦਰ ਅੰਧ ਅੰਧਿਆਨ, ਹੱਡੀ ਰੀੜਾ ਦੁੱਖ ਵਧਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਰੋਗ ਸੋਗ ਚਿੰਤ ਮਿਟਾਇਆ । ਸਾਗਰ ਮੇਂ ਸਾਗਰ ਕਵਣ ਗਹਿਰ ਗੰਭੀਰ । ਕਾਇਆ ਗਾਗਰ ਮਲ ਭਰੇ, ਕਵਣ ਦਵਾਰੇ ਆਤਮ ਨੀਰ । ਕਵਣ ਦਵਾਰੇ ਹਰਿ ਸ਼ਬਦ ਸੁਦਾਗਰ ਜਨ ਵਰੇ, ਭਗਤ ਰਤਨਾਗਰ ਹਰਿ ਹਰੇ, ਕਵਣ ਦਵਾਰੇ ਕੱਢੇ ਪੀੜ । ਦੋਹਾਂ ਆਤਮ ਕੌਣ ਵਰੇ, ਕਵਣ ਚੋਟੀ ਚੜ੍ਹੇ ਅਖੀਰ । ਕਵਣ ਸੇਜਾ ਪਗ ਧਰੇ, ਕਵਣ ਪਹਿਨੇ ਬਸਤਰ ਚੀਰ । ਕਵਣ ਨੇਜਾ ਹੱਥ ਫੜੇ ਬਿਰਹੋਂ ਵਿਛੋੜਾ ਜਾਏ ਚੀਰ । ਜੋਤੀ ਜੋਤ ਸਰੂਪ ਹਰਿ, ਨੌਂ ਦਵਾਰੇ ਵੇਖ ਹਰਿ, ਖੋਲ੍ਹ ਬੰਦ ਕਿਵਾੜ ਨਾ ਕੋਈ ਸੀਸ ਨਾ ਕੋਈ ਧੜ, ਪੰਚਾਂ ਲਾਈ ਬੈਠਾ ਜੜ੍ਹ, ਬਹੱਤਰ ਅੰਦਰ ਬੈਠਾ ਵੜ, ਨਾ ਕੋਈ ਸ਼ਾਹ ਨਾ ਫ਼ਕੀਰ । ਸ਼ਾਹ ਫ਼ਕੀਰ ਕਵਣ ਕੰਗਾਲ । ਕਵਣ ਹਕੀਰ ਜਗਤ ਦਲਾਲ । ਕਵਣ ਅਮੀਰ ਤਨ ਬਸਤਰ ਮਾਲ । ਕਵਣ ਪੀੜ ਲੱਗੇ ਕਾਇਆ ਡਾਲ੍ਹ । ਜੋਤੀ ਜੋਤ ਸਰੂਪ ਹਰਿ, ਏਕਾ ਪੁੱਛੇ ਸ਼ਬਦ ਵਰ, ਕਵਣ ਦਵਾਰੇ ਚੁੱਕੇ ਡਰ, ਆਪ ਆਪਣੀ ਬੰਨ੍ਹੇ ਬੀੜ । ਘਾੜਨ ਘੜੇ ਕਵਣ ਘੜਿਆਲ । ਕਵਣ ਸ਼ਬਦ ਤਨ ਵੱਜੇ ਤਾਲ । ਕਵਣ ਫ਼ਲ ਲੱਗੇ ਕਾਇਆ ਡਾਲ੍ਹ । ਕਵਣ ਅੰਮ੍ਰਿਤ ਆਤਮ ਵੇਖੇ ਸਾਚਾ ਤਾਲ । ਗੁਰਮੁਖ ਸਾਚਾ ਕਵਣ ਦਵਾਰੇ ਮਾਰੇ ਛਾਲ । ਪੁਰਖ ਅਬਿਨਾਸ਼ੀ ਪਾਵੇ ਸਾਰੇ, ਭੀਤਰ ਭੀਤਰ ਖੇਲ ਨਿਆਰੇ, ਆਪੇ ਹੋਏ ਭਗਤ ਜਗਤ ਦਲਾਲ । ਜੋਤੀ ਜੋਤ ਸਰੂਪ ਹਰਿ, ਆਪੇ ਜਾਣੇ ਆਪਣੀ ਚਾਲ । ਸ਼ਬਦ ਗੁਰ ਸਾਖਿਆਤ, ਗੁਰ ਗੁਰ ਸਾਚਾ ਨਾਉਂ । ਗੁਰਮੁਖ ਸਾਚਾ ਪਾਰਜ਼ਾਤ, ਦਰ ਘਰ ਸਾਚੇ ਪਾਏ ਥਾਉਂ । ਹਰਿ ਹਰਿ ਨਾਉਂ ਜਗਤ ਦਾਤ, ਦੇਵੇ ਅਗੰਮ ਅਥਾਹੋ । ਪਾਰਬ੍ਰਹਮ ਬ੍ਰਹਮ ਉਤਮ ਜ਼ਾਤ, ਹਰਿ ਹੰਸ ਬਣਾਏ ਕਾਉਂ । ਚਰਨ ਕਵਲ ਕਵਲ ਚਰਨ ਗੁਰ ਸਾਚਾ ਨਾਤ, ਸਦਾ ਸਦ ਬਲ ਬਲ ਜਾਓ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਲੱਖ ਚੁਰਾਸੀ ਵੇਖ ਹਰਿ, ਸ਼ਬਦ ਲੇਖ ਆਪ ਲਿਖਾਇਆ, ਗੁਰਮੁਖ ਸੋਇਆ ਮਾਤ ਜਗਾਇਆ, ਗੁਰ ਗੁਰ ਗੁੜਗਾਉਂ । ਗੁੜਗਾਵਾਂ ਗੁਰ ਸਾਚੇ ਤੇਰੀ ਸੇਵ ਕਮਾਈਆ । ਗੁਰਮੁਖ ਸਾਚੇ ਬਲ ਬਲ ਜਾਵਾਂ, ਆਤਮ ਧੁਨ


੪੦੪ ੦੫

ਨਾਦੀ ਨਾਦ ਵਜਾਈਆ । ਲੱਖ ਚੁਰਾਸੀ ਛਾਣ ਪੁਣ, ਵੇਖ ਵਖਾਣੇ ਵਡ ਵਡ ਮੁਨੀ ਸੁਨੀ ਮੁਨ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਜੋਤ ਜਗਾਈਆ । ਜਗੇ ਜੋਤ ਅਕਾਲ ਹੋਏ ਦਿਆਲ, ਗੁਰਮੁਖਾਂ ਕਰੇ ਸਦਾ ਪ੍ਰਿਤਪਾਲ, ਦਿਵਸ ਰੈਣ ਧਾਰ ਰਖਾ ਲਿਆ । ਫ਼ਲ ਲਗਾਏ ਕਾਇਆ ਡਾਲਿਆ । ਚਲੀ ਮਾਤ ਅਵੱਲੜੀ ਚਾਲ, ਹਰਿਜਨ ਚਾੜ੍ਹੇ ਰੰਗ ਗੁਲਾਲਿਆ । ਸ਼ਬਦ ਲਾਵੇ ਏਕਾ ਛਾਲ, ਧੁਰ ਦਰਗਾਹੀ ਇਕ ਦਲਾਲਿਆ । ਕਦੇ ਸ਼ਾਹ ਕਦੇ ਕੰਗਾਲ, ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਗੁਰਮੁਖ ਸਾਚੇ ਵੇਖ ਦਰ, ਇਕ ਵਜਾਏ ਸਾਚਾ ਤਾਲਿਆ । ਸ਼ਬਦ ਤਾਲ ਵੱਜੇ ਕਵਣ ਦਰ ਸੁਹਾਇਆ । ਭਾਂਡਾ ਭਰਮ ਗੁਰਮੁਖ ਸਾਚੇ ਭੱਜੇ, ਪੰਜਾਂ ਚੋਰਾਂ ਡੰਨ ਚੁਕਾਇਆ । ਕਾਇਆ ਮਾਟੀ ਪੜਦੇ ਕੱਜੇ, ਜੂਠਾ ਝੂਠਾ ਮੋਹ ਚੁਕਾਇਆ । ਏਕਾ ਏਕ ਕਰਾਏ ਮੱਕਾ ਕਾਅਬਾ ਹੱਜੇ, ਦੂਈ ਦਵੈਤੀ ਪੜਦਾ ਲਾਹਿਆ । ਹਰਿਜਨ ਅੰਮ੍ਰਿਤ ਪੀ ਪੀ ਪ੍ਰਭ ਦਰ ਰੱਜੇ, ਆਤਮ ਤ੍ਰਿਸਨਾ ਰੋਗ ਮਿਟਾਇਆ । ਚਰਨ ਧੂੜ ਧੂੜ ਚਰਨ ਗੁਰ ਮਜਨ ਸਾਚੇ ਮਥੇ, ਦੁਰਮਤ ਮੈਲ ਦਏ ਗਵਾਇਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਗੁਰਮੁਖ ਆਤਮ ਵੇਖ ਦਰ, ਸਾਚਾ ਰਾਗ ਇਕ ਸੁਣਾਇਆ । ਰਾਗ ਸੁਣਾਏ ਕੰਨ, ਪੂਰਨ ਜੋਤ ਭਗਵੰਤਿਆ । ਸ਼ਬਦ ਜੋਤ ਜਗਾਏ ਤਨ, ਦੇਵੇ ਵਡਿਆਈ ਆਤਮ ਵਧਾਈ ਲੋਕਮਾਤ ਜੀਵ ਜੰਤਿਆ । ਕਲਜੁਗ ਅੰਤ ਹੋਏ ਕੁੜਮਾਈ, ਸਾਧ ਸੰਤ ਦਏ ਦੁਹਾਈ, ਗੁਰਮੁਖ ਸਾਚੇ ਖ਼ੁਸ਼ੀ ਮਨਾਈ, ਬੇਮੁਖਾਂ ਮਾਇਆ ਪਾਏ ਬੇਅੰਤਿਆ । ਨਿਝਰ ਰਸ ਮੁਖ ਚੁਆਈ, ਉਲਟੀ ਨਭੀ ਆਪ ਕਰਾਈ, ਸਾਚੀ ਬੂੰਦ ਇਕ ਬਸੰਤਿਆ । ਮਿਲੇ ਵਡਿਆਈ ਉਪਰ ਧਵਲ, ਜੋਤੀ ਜੋਤ ਸਰੂਪ ਹਰਿ, ਗੁਰਮੁਖ ਆਤਮ ਵੇਖ ਦਰ, ਦਿਵਸ ਰੈਣ ਸੁਣੇ ਬੇਨੰਤਿਆ । ਸੁਣੇ ਬੇਨੰਤੀ ਦਿਵਸ ਰਾਤ, ਪ੍ਰਭ ਪੂਰਨ ਬੂਝ ਬੁਝਾਨਿਆ । ਆਤਮ ਅੰਦਰ ਸਾਚੇ ਮੰਦਰ ਆਪੇ ਵੇਖੇ ਮਾਰ ਝਾਤ, ਜੋਤੀ ਨੂਰ ਨੁਰਾਨਿਆ । ਬੈਠਾ ਰਹੇ ਇਕ ਇਕਾਂਤ, ਜਨ ਭਗਤਾਂ ਦੇਵੇ ਅੰਮ੍ਰਿਤ ਬੂੰਦ ਸਵਾਂਤ, ਗੁਣਵੰਤਾ ਗੁਣ ਨਿਧਾਨਿਆ । ਏਕ ਬੰਧਾਏ ਚਰਨ ਨਾਤ, ਪੁਰਖ ਅਬਿਨਾਸ਼ੀ ਕਮਲਾਪਾਤ, ਦਰ ਘਰ ਸਾਚੇ ਸਾਚਾ ਮੇਲਾ ਆਪ ਆਪਣੇ ਵਿਚ ਸਮਾਨਿਆ । ਨਾ ਕੋਈ ਵੇਖੇ ਜ਼ਾਤ ਪਾਤ, ਸ਼ਬਦ ਸੁਨੇਹੜਾ ਸਾਚੀ ਦਾਤ, ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਗੁਰਮੁਖ ਆਤਮ ਵੇਖ ਹਰਿ, ਕਰੇ ਖੇਲ ਮਹਾਨਿਆ । ਕਰੇ ਖੇਲ ਮਹਾਨ ਜਗਤ ਵਡਿਆਈਆ । ਆਪੇ ਚਤੁਰ ਸੁਘੜ ਸਿਆਣ, ਸਾਰ ਕਿਸੇ ਨਾ ਪਾਈਆ । ਖੰਡ ਮੰਡਲ ਬ੍ਰਹਿਮੰਡ, ਵਰਭੰਡ ਖੇਲ ਰਚਾਈਆ । ਲੱਖ ਚੁਰਾਸੀ ਪਾਏ ਡੰਡ, ਪੁਰਖ ਅਬਿਨਾਸ਼ੀ ਆਤਮ ਸੇਜਾ ਸੁੱਤਾ ਦੇ ਕਰ ਕੰਡ, ਸੁਹਾਗੀ ਕੰਤ ਨਾ ਕੋਈ ਹੰਡਾਈਆ । ਸ੍ਰਿਸ਼ਟ ਸਬਾਈ ਭੇਖ ਪਖੰਡ, ਜਗਤ ਵਿਕਾਰੀ ਪਾਇਣ ਡੰਡ, ਸ਼ਬਦ ਡੰਡਾ ਕਿਸੇ ਹੱਥ ਨਾ ਆਇੰਦਾ । ਆਪੇ ਜਾਣੇ ਜੇਰਜ ਅੰਡ, ਉਤਭੁਜ ਸੇਹਤਜ ਖਾਣੀ ਬਾਣੀ ਜਗਤ ਰਾਣੀ ਅੰਜ਼ੀਲ ਕੁਰਾਨੀ ਵੇਦ ਪੁਰਾਨੀ, ਜਗਤ ਧਾਰ ਕਰ ਵਿਚਾਰ ਹਰਿ ਕਰਤਾਰ ਆਪਣੀ ਬਣਤ ਬਣਾਇੰਦਾ । ਬਣਾਏ ਬਣਤ ਦੋ ਜਹਾਨਿਆ । ਭਰਮ ਭੁਲਾਏ ਸਾਧ ਸੰਤ, ਭੇਵ ਨਾ ਜਾਣੇ ਕੋਈ ਗਿਆਨੀਆ । ਮਾਇਆ ਰੁੱਲੇ ਜੀਵ ਜੰਤ, ਜੂਠੀ ਝੂਠੀ ਖ਼ਾਕ ਛਾਨਿਆ । ਗੁਰਮੁਖ ਵਿਰਲੇ ਮੇਲ ਮਿਲਾਵਾ ਸਾਚੇ ਕੰਤ, ਹਰਿ ਸਾਚਾ ਗੁਣ ਨਿਧਾਨਿਆ । ਨੂਰ ਉਜਾਲਾ ਹਰਿ ਕਿਰਪਾਲਾ, ਆਦਿ ਅੰਤ ਜੁਗਾ ਜੁਗੰਤ, ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਗੁਰਮੁਖ ਆਤਮ ਵੇਖ ਹਰਿ, ਜੋਤੀ ਦੀਪ ਇਕ ਜਗਾਏ, ਮਸਤਕ ਗਗਨ ਸਾਚੀ ਥਾਲੀਆ । ਸਾਚਾ ਦੀਪ ਸਚ ਪਰਕਾਸ਼ । ਸ਼ਬਦ ਜੋਤ ਜੋਤ ਸ਼ਬਦ ਆਦਿ ਪੁਰਖ ਪੁਰਖ ਆਦਿ,

ਜੁਗਾਦਿ ਜੁਗਾਦਿ ਸਦ ਅਬਿਨਾਸ਼ । ਨਾਦ ਨਾਦ ਵਿਚ ਬ੍ਰਿਹਿਮਾਦ । ਸ਼ਬਦ ਦਾਦ ਗੁਰਮੁਖ ਮੇਲ ਮਾਧਵ ਮਾਧ । ਰਸਨਾ ਰਸ ਰਿਹਾ ਅਰਾਧ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖਾਂ ਦੇਵੇ ਨਾਮ ਵਰ, ਸੱਜਣ ਸੁਹੇਲੇ ਆਪਣੇ ਲਾਧ । ਸੱਜਣ ਸੁਹੇਲਾ ਸਾਚਾ ਮੀਤਾ । ਨਰ ਹਰਿ ਸਾਚਾ ਕੰਤਾ, ਆਪ ਚਲਾਏ ਆਪਣੀ ਰੀਤਾ । ਨਾ ਕੋਈ ਮੰਦਰ ਨਾ ਕੋਈ ਮਸੀਤਾ । ਕਰੇ ਖੇਲ ਬੇ ਬੇਅੰਤਾ, ਇਕ ਸੁਣਾਏ ਸੁਹਾਗੀ ਗੀਤਾ । ਮਾਨਸ ਦੇਹੀ ਲੈਣੀ ਜੀਤ, ਮਿਲੇ ਵਡਿਆਈ ਜੀਵ ਜੰਤਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦਿਵਸ ਰੈਣ ਪਰਖੇ ਨੀਤਾ । ਕਵਣ ਮਾਇਆ ਕਵਣ ਛਾਇਆ, ਕਵਣ ਗੁਰਮੁਖ ਅੰਮ੍ਰਿਤ ਸਾਚੇ ਤੀਰਥ ਨੁਹਾਇਆ, ਚੜ੍ਹਿਆ ਰੰਗ ਬਸੰਤਿਆ । ਕਾਇਆ ਰੰਗ ਬਸੰਤ, ਆਤਮ ਵੱਜੀ ਵਧਾਈਆ । ਮਿਲੇ ਮੇਲ ਪ੍ਰਭ ਸਾਚੇ ਕੰਤ, ਸਾਚੀ ਸੇਜਾ ਰਿਹਾ ਹੰਢਾਈਆ । ਜੋਤੀ ਸ਼ਬਦੀ ਸ਼ਬਦੀ ਜੋਤੀ ਮੇਲ ਸਾਚੇ ਸੰਤ, ਸੁਰਤੀ ਆਪ ਭਵਾਈਆ । ਮਨੂਆਂ ਮਾਣਕ ਹੋਏ ਭਸਮੰਤ, ਪੰਚਮ ਪੰਚਾਂ ਪਰ੍ਹੇ ਹਟਾਈਆ । ਸੋਹੰ ਸ਼ਬਦ ਸਤਿਜੁਗ ਸਾਚੇ ਸੰਤ, ਗੁਰ ਮੰਤਰ ਇਕ ਸਿਖਾਈਆ । ਆਪੇ ਜਾਣੇ ਬਿਧ ਆਦਿ ਅੰਤ, ਜੁਗਾਂ ਜੁਗੰਤ ਜੋਤ ਜਗਾਈਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਸੰਬਲ ਨਗਰੀ ਖੇਲ ਰਘੁਰਾਈਆ । ਸੰਬਲ ਨਗਰ ਨਗਰ ਅਪਾਰਾ, ਉਚ ਅਟੱਲ ਮੁਨਾਰਿਆ । ਕਿਸੇ ਨਾ ਦੀਸੇ ਪਾਰ ਕਿਨਾਰਾ, ਵੇਦ ਪੁਰਾਨ ਨਾ ਪਾਇਣ ਸਾਰਿਆ । ਰਾਜ ਰਾਜਾਨਾਂ ਧੁੰਦੂਕਾਰਾ, ਸਾਧਾਂ ਸੰਤਾਂ ਪਾਸਾ ਹਾਰਿਆ । ਪਰਗਟ ਹੋਏ ਨਰ ਨਿਰੰਕਾਰਾ, ਜੋਤ ਸਰੂਪੀ ਜਾਮਾ ਧਾਰਾ, ਸ਼ਬਦ ਖੰਡਾ ਤੇਜ ਕਟਾਰਿਆ । ਛੱਬੀ ਪੋਹ ਦਿਵਸ ਵਿਚਾਰਾ, ਜਗਤ ਨਾਤਾ ਤੁੱਟੇ ਮੋਹ, ਕਰੇ ਖੇਲ ਅਪਰ ਅਪਾਰਿਆ । ਆਤਮ ਸ਼ਕਤੀ ਸਭ ਦੀ ਰਿਹਾ ਖੋਹ, ਦਰ ਦਰ ਘਰ ਘਰ ਸਾਧ ਸੰਤ ਬੈਠੇ ਰਹੇ ਰੋ, ਦਿਵਸ ਰੈਣ ਹਾਹਾਕਾਰਿਆ । ਸ਼ਬਦ ਸਰੂਪੀ ਹਲ ਰਿਹਾ ਜੋ, ਆਪੇ ਮਨਮੁਖਾਂ ਜੜ੍ਹ ਰਿਹਾ ਉਖਾੜਿਆ । ਗੁਰਮੁਖਾਂ ਦੁਰਮਤ ਮੈਲ ਰਿਹਾ ਧੋ, ਜੋਤ ਜਗਾਏ ਬਹੱਤਰ ਨਾੜਿਆ । ਏਕਾ ਸ਼ਬਦ ਬੋਲਾ ਜਗਤ ਸੋਹੰ ਸੋ, ਧਰਤ ਮਾਤ ਤੇਰਾ ਵੇਖ ਅਖਾੜਿਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਕਾਜ ਰਚਾ ਲਿਆ, ਦਿਵਸ ਸੁਹਾਇਆ ਸਤਾਰਾਂ ਹਾੜਿਆ । ਸੋਹੰ ਸੋ ਜਪਾਇਆ ਜਾਪ, ਜਗਤ ਪਿਤ ਗੁਰਦੇਵਾ । ਗੁਰਮੁਖਾਂ ਮਾਰੇ ਤੀਨੋ ਤਾਪ, ਕਰੇ ਕਰਾਏ ਵਡ ਪਰਤਾਪ, ਅੰਮ੍ਰਿਤ ਫ਼ਲ ਦੇਵੇ ਸਾਚਾ ਮੇਵਾ । ਆਪੇ ਪਿਤਾ ਆਪੇ ਮਾਤ, ਪੁਰਖ ਬਿਧਾਤਾ ਆਤਮ ਜਾਣੇ ਜੋਤ ਨਿਰੰਜਣ ਅਲਖ ਅਭੇਵਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਆਪੇ ਲਾਏ ਆਪਣੀ ਸੇਵਾ । ਕਲਜੁਗ ਜੀਵ ਜਾਗ, ਕਲ ਵਕਤ ਦੁਹੇਲਾ । ਜੂਠਾ ਝੂਠਾ ਧੋ ਦਾਗ਼, ਪ੍ਰਭ ਮਿਲਣ ਦਾ ਸਾਚਾ ਵੇਲਾ । ਏਕਾ ਸੁਣ ਸਾਚਾ ਰਾਗ, ਕਵਣ ਆਤਮ ਜਾਏ ਜਾਗ, ਦਰ ਘਰ ਸਾਚੇ ਸਾਚਾ ਮੇਲਾ । ਆਤਮ ਉਪਜੇ ਇਕ ਵੈਰਾਗ, ਲੋਕਮਾਤੀ ਵਡੇ ਭਾਗ, ਹੋਏ ਮਿਲਾਵਾ ਇਕ ਇਕੇਲਾ । ਦੀਪਕ ਜੋਤੀ ਜਗੇ ਚਿਰਾਗ, ਮਾਇਆ ਡੱਸਣੀ ਨਾ ਡੱਸੇ ਨਾਗ, ਅੰਤਮ ਘਰ ਸਾਚਾ ਦੱਸੇ ਸੱਜਣ ਸੁਹੇਲਾ । ਹੰਸ ਬਣਾਏ ਕਾਗ, ਆਪ ਆਪਣੇ ਹੱਥ ਰੱਖੇ ਵਾਗ, ਸਾਚਾ ਮਜਨ ਗੁਰ ਚਰਨ ਧੂੜੀ ਮਾਘ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸੋਏ ਆਪ ਜਗਾਏ, ਦਇਆ ਕਮਾਏ ਆਪਣੀ ਸੇਵਾ ਲਾਗ । ਸਤਿਗੁਰ ਸੱਜਣ ਮੀਤੜਾ, ਮੇਲਾ ਸਹਿਜ ਸੁਭਾਏ । ਕਾਇਆ ਵੇਖੇ ਮੈਲਾ ਚੀਥੜਾ, ਦੇਵੇ ਨਾਮ ਰੰਗਾਏ । ਗੁਰਮੁਖ ਵਿਰਲੇ ਮਾਤ ਡੀਠੜਾ, ਮਿਲੀ ਹਰਿ ਸਰਨਾਏ । ਮਨਮੁਖ ਕੌੜਾ ਜੀਵ ਰੀਠੜਾ, ਘਰ ਸਚ

ਸਾਰ ਨਾ ਪਾਏ । ਜੋਤੀ ਜੋਤ ਸਰੂਪ ਹਰਿ, ਗੁਰਮੁਖ ਸਾਚਾ ਸੰਤ ਦੁਲਾਰਾ, ਆਪ ਆਪਣੀ ਗੋਦ ਉਠਾਏ । ਗੋਦ ਉਠਾਏ ਲਾਲ, ਭੇਵ ਅਗੰਮੜਾ । ਹੋਏ ਜਗਤ ਦਲਾਲ, ਹੱਡ ਮਾਸ ਨਾੜੀ ਚੰਮੜਾ । ਕਾਇਆ ਮੰਦਰ ਅੰਦਰ ਇਕ ਸੁਹਾਏ ਸੱਚੀ ਧਰਮਸਾਲ, ਨਾ ਕੋਈ ਰੁੱਪਾ ਪੈਸਾ ਦੰਮੜਾ । ਜੋਤੀ ਸ਼ਬਦੀ ਸਦਾ ਦਿਆਲ, ਨਾ ਮਰਿਆ ਨਾ ਕਦੇ ਜੰਮੜਾ । ਅੱਠੇ ਪਹਿਰ ਰਹੇ ਰਖਵਾਲ, ਜੋਤੀ ਜੋਤ ਸਰੂਪ ਹਰਿ, ਗੁਰਮੁਖ ਸਾਚੇ ਵੇਖ ਦਰ, ਆਪੇ ਹੋਏ ਮਾਤ ਪਿਤ ਪਿਤ ਮਾਤ ਅੰਮੀ ਅੰਮੜਾ । ਪੁੱਤ ਸੁਤ ਸੁਲਤਾਨ, ਹਰਿ ਹਰਿ ਜਾਨਿਆ । ਗੁਰਮੁਖ ਸਾਚਾ ਨੌਜਵਾਨ, ਭਾਂਡਾ ਭਰਮ ਭੰਨਾਨਿਆ । ਸ਼ਬਦ ਫੜਾਏ ਤੀਰ ਕਮਾਨ, ਰਸਨਾ ਚਿੱਲੇ ਰਿਹਾ ਚੜ੍ਹਾਨਿਆ । ਨੌਂ ਖੰਡ ਪ੍ਰਿਥਮੀ ਮਾਰ ਧਿਆਨ, ਸੱਤਾਂ ਦੀਪਾਂ ਵੇਖ ਵਖਾਨਿਆ । ਬਿਰਧ ਬਾਲ ਵੇਖ ਨਿਧਾਨ, ਜੀਵਾਂ ਜੰਤਾਂ ਰਿਹਾ ਜਗਾਨਿਆ । ਸ਼ਬਦ ਸਰੂਪੀ ਸਚ ਬਿਬਾਣ, ਦੋ ਜਹਾਨ ਰਿਹਾ ਫਿਰਾਨਿਆ । ਉਡੇ ਉਡਾਵੇ ਵਿਚ ਜਹਾਨ, ਦਿਸ ਕਿਸੇ ਨਾ ਆਨਿਆ । ਗੁਰਮੁਖ ਵਿਰਲਾ ਚਤੁਰ ਸੁਜਾਨ, ਗੁਰ ਚਰਨੀ ਚਿਤ ਲਾਨਿਆ । ਗੁਰ ਪੂਰਾ ਹੋਵੇ ਮਿਹਰਬਾਨ, ਆਤਮ ਦਰਸ ਦਰਸ ਦਿਖਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖਾਂ ਖੋਲ੍ਹੇ ਬੰਦ ਕਿਵਾੜ, ਬਹੱਤਰ ਨਾੜੀ ਜੋਤ ਜਗਾਨਿਆ । ਜਗੇ ਜੋਤ ਅਪਾਰ, ਸ਼ਬਦ ਪਰਕਾਸ਼ਿਆ । ਕਾਇਆ ਮਿਟੇ ਧੁੰਦੂਕਾਰ, ਮਿਲੇ ਮੇਲ ਪੁਰਖ ਅਬਿਨਾਸਿਆ । ਮਾਨਸ ਦੇਹੀ ਪੈਜ ਸਵਾਰ, ਹਰਿਜਨ ਹੋਏ ਦਾਸਨ ਦਾਸਿਆ । ਜੋਤ ਨਿਰੰਜਣ ਨੇਤਰ ਅੰਜਨ ਚਰਨ ਧੂੜ ਮਜਨ ਹਰਿ ਰਖਾਸਿਆ । ਤਾਲ ਤਲਵਾੜੇ ਅੰਦਰ ਰਾਗ ਰਾਗਨੀ ਖੇਲ ਅਪਾਰ । ਮਿਲੇ ਮੇਲ ਪ੍ਰਭ ਸਾਚੇ ਸੱਜਣ, ਪੰਚ ਜੋਰ ਦਰ ਝੂਠਾ ਤਜਣ, ਕਰੇ ਕਰਾਏ ਖ਼ਬਰਦਾਰ । ਜੋਤੀ ਜੋਤ ਸਰੂਪ ਹਰਿ, ਗੁਰਮੁਖਾਂ ਆਤਮ ਵੇਖ ਦਰ, ਜੋਤ ਜਗਾਏ ਅਪਰ ਅਪਾਰ । ਦੀਪਕ ਜੋਤੀ ਕਰ ਉਜਿਆਰਾ, ਪੂਰਨ ਬ੍ਰਹਮ ਜਣਾਈਆ । ਸ਼ਬਦ ਸੁਣਾਏ ਇਕ ਜੈਕਾਰਾ, ਸਾਚਾ ਧਰਮ ਵਖਾਈਆ । ਪਾਰਬ੍ਰਹਮ ਬ੍ਰਹਮ ਇਕ ਦਵਾਰਾ, ਏਕਾ ਅੰਕ ਸਮਾਈਆ । ਪਵਣ ਉਨੰਜਾ ਛਤਰ ਝੁਲਾਰਾ, ਪਵਣ ਸਵਾਸੀ ਸੋਭਾਵੰਤੀ ਸ਼ਬਦ ਵੱਜੇ ਸਚ ਨਗਾਰਾ, ਸਾਚੀ ਜੋਤ ਇਕ ਸਹਾਰਾ, ਆਪੇ ਬਣਤ ਬਣਾਈਆ । ਜੋਤੀ ਜੋਤ ਸਰੂਪ ਹਰਿ, ਗੁਰਮੁਖ ਸਾਚੇ ਸੰਤ ਸੁਹੇਲੇ, ਆਪ ਕਰਾਏ ਆਪਣੇ ਮੇਲੇ, ਆਪੇ ਗੁਰ ਆਪੇ ਚੇਲੇ, ਏਕਾ ਦੂਜਾ ਭਉ ਚੁਕਾਈਆ । ਏਕਾ ਦੂਜਾ ਚੁੱਕੇ ਭਉ । ਮਨ ਮਤ ਹਰਿ ਸੁਣਾਏ ਸਾਚਾ ਰਾਗਨ, ਤੀਜੇ ਨੇਤਰ ਚੜ੍ਹਿਆ ਚਾਓ । ਸੁਰਤੀ ਹੋਈ ਸੁਹਾਗਣ, ਚਰਨ ਕਵਲ ਕਵਲ ਚਰਨ ਨਰ ਹਰਿ ਸਾਚੇ ਲਾਗਣ, ਆਪੇ ਹੋਏ ਬੇਪਰਵਾਹੋ । ਆਪੇ ਰਾਗੀ ਰਾਗ ਰਾਗਣ, ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਗੁਰਮੁਖਾਂ ਸੁਹਾਏ ਇਕ ਘਰ, ਸੋਭਾਵੰਤੀ ਸਾਚੀ ਨਾਰ । ਨਿਰਗੁਣ ਰੂਪ ਅਗੰਮ ਅਗੰਮ ਸਮਾਇਆ । ਸ਼ਬਦ ਸਰੂਪੀ ਪਏ ਜੰਮ, ਦਿਸ ਕਿਸੇ ਨਾ ਆਇਆ । ਹਡ ਮਾਸ ਨਾੜੀ ਨਾ ਕੋਈ ਚੰਮ, ਮਾਤ ਪਿਤ ਨਾ ਕੋਈ ਗੋਦ ਉਠਾਇਆ । ਪਵਣ ਸਵਾਸੀ ਨਾ ਕੋਈ ਲਏ ਦਮ, ਬਹੱਤਰ ਨਾੜੀ ਨਾ ਕੋਈ ਬਣਤ ਬਣਾਇਆ । ਦਿਵਸ ਰੈਣ ਨਾ ਖਾਏ ਕੋਈ ਤਾਮ, ਆਤਮ ਤ੍ਰਿਸ਼ਨਾ ਨਾ ਕੋਈ ਰਖਾਇਆ । ਨੇਤਰ ਨੀਰ ਨਾ ਵਹਾਏ ਛੰਮ ਛੰਮ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੇ ਰੰਗ ਸਮਾਇਆ । ਆਪਣੇ ਰੰਗ ਸਮਾਏ, ਸਗਲ ਪ੍ਰਭ ਸਾਥਿਆ । ਜੋਤੀ ਜਾਮਾ ਭੇਖ ਵਟਾਏ, ਹਰਿ ਰਘੁਨਾਥਿਆ । ਸ਼ਬਦ ਦਮਾਮਾ ਇਕ ਵਜਾਏ, ਤ੍ਰੈਲੋਕੀ ਨਾਥਿਆ । ਪੂਰਨ ਕਾਮਾ ਆਪਣਾ ਆਪ ਕਰਾਏ, ਦੂਸਰ ਕੋਈ ਨਾ ਦੀਸੇ ਸਾਥਿਆ । ਸੋਹੰ ਸਾਚਾ ਨਾਮ ਮਾਤ ਜਪਾਏ, ਹਰਿਜਨ ਚੜ੍ਹਾਏ ਸਾਚੇ ਰਾਥਿਆ । ਕਲਜੁਗ ਰੈਣ

੪੦੭
੦੫

ਅੰਧੇਰੀ ਸ਼ਾਮਾ ਮੇਟ ਮਿਟਾਏ, ਸਤਿਜੁਗ ਤਿਲਕ ਲਗਾਏ ਮਾਥਿਆ । ਲੱਖ ਚੁਰਾਸੀ ਏਕਾ ਤਾਮਾ ਆਪ ਬਣਾਏ, ਲੇਖਾ ਚੁੱਕੇ ਸਾਢੇ ਤਿੰਨ ਹਾਥਿਆ । ਏਕਾ ਆਪਣਾ ਆਪ ਦਿਸਾਏ, ਦੂਸਰ ਕੋਈ ਦਿਸ ਨਾ ਆਏ, ਜੋਤ ਨਿਰੰਜਣ ਡਗਮਗਾਏ, ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਕਥਨਾ ਕਥ ਕਥ ਅਕਾਥਿਆ । ਜੋਤੀ ਜਾਮਾ ਭੇਖ ਵਟਈਆ, ਹਰਿ ਨਿਰੰਕਾਰਿਆ । ਸ਼ਬਦ ਚਲਾਏ ਸਾਚੀ ਨਈਆ, ਕਲਜੁਗ ਅੰਤਮ ਪਾਰ ਕਿਨਾਰਿਆ । ਨਾਤਾ ਤੁੱਟੇ ਭੈਣਾਂ ਭਈਆ, ਨਾ ਕੋਈ ਮਿਲੇ ਸਾਚਾ ਸਈਆ, ਨਾ ਕੋਈ ਦੀਸੇ ਮੀਤ ਮੁਰਾਰਿਆ । ਧਰਮ ਰਾਏ ਲੇਖਾ ਮੰਗੇ ਕੱਢ ਕੱਢ ਵਹੀਆ, ਕੋਈ ਨਾ ਪਕੜੇ ਅਗੇ ਹੋ ਹੋ ਬਹੀਂਆ, ਨਾਤਾ ਤੁੱਟੇ ਝੂਠੇ ਯਾਰਿਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਕਲਜੁਗ ਅੰਤਮ ਵੇਖ ਹਰਿ, ਆਪ ਆਪਣੀ ਖੇਲ ਰਚਾ ਲਿਆ । ਆਪ ਆਪਣੀ ਖੇਲ ਰਚਾਏ, ਕਲਜੁਗ ਅੰਤਮ ਵਾਰਿਆ । ਗੁਰਮੁਖ ਸਾਚੇ ਸੰਤ ਜਗਾਏ, ਦੇਵੇ ਦਰਸ ਅਗੰਮ ਅਪਾਰਿਆ । ਆਪ ਆਪਣਾ ਰੰਗ ਰੰਗਾਏ, ਸ਼ਬਦ ਘੋੜੇ ਤੰਗ ਕਸਾਏ, ਦਿਵਸ ਰੈਣ ਅੱਠੇ ਪਹਿਰ ਬੈਠਾ ਰਹੇ ਨਿਆਰਿਆ । ਜਨ ਭਗਤਾਂ ਲਹਿਣਾ ਦੇਣ ਚੁਕਾਏ, ਮਨਮੁਖ ਡੂੰਘੇ ਵਹਿਣ ਵਹਾਏ, ਨਾ ਕੋਈ ਦੀਸੇ ਪਾਰ ਕਿਨਾਰਿਆ । ਸ਼ਬਦ ਨਿਰਾਲਾ ਤੀਰ ਚਲਾਏ, ਜੋਤ ਜਵਾਲਾ ਖਿਚ ਲਿਆਏ, ਦੀਨ ਦਿਆਲਾ ਭੇਖ ਵਟਾਏ, ਕਾਲ ਮਹਾਂਕਾਲਾ ਹੱਥ ਰਖਾਏ, ਸ਼ਬਦ ਰਖਵਾਲਾ ਆਪ ਹੋ ਜਾਏ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅੰਤਮ ਵੇਖ ਹਰਿ, ਆਪ ਆਪਣੀ ਬਣਤ ਬਣਾਏ । ਕਲਜੁਗ ਅੰਤਮ ਵੇਖ ਬਣਤ ਬਣਾਈਆ । ਗੁਰਮੁਖ ਵਿਰਲਾ ਸਾਚਾ ਜਾਣੇ ਸੰਤ, ਪ੍ਰਭ ਸਾਚੀ ਜੋਤ ਜਗਾਈਆ । ਕਲਜੁਗ ਜੀਵਾਂ ਮਾਇਆ ਪਾਏ ਬੇਅੰਤ, ਗੂੜ੍ਹੀ ਨੀਂਦ ਸਵਾਈਆ । ਗੁਰਮੁਖ ਸਾਚੇ ਮੇਲ ਮਿਲਾਵਾ ਆਤਮ ਅੰਦਰ ਸਾਚੇ ਮੰਦਰ, ਸਾਚੀ ਸੇਜਾ ਕੰਤ ਹੰਢਾਈਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਲੱਖ ਚੁਰਾਸੀ ਵੇਖ ਦਰ, ਗੁਰਮੁਖ ਸੋਇਆ ਮਾਤ ਜਗਾਈਆ । ਗੁਰਮੁਖ ਸੋਇਆ ਮਾਤ ਜਗਾਉਣਾ, ਪ੍ਰਭ ਡੋਰੀ ਹੱਥ ਰਖਾਈਆ । ਏਕਾ ਦੇਵੇ ਸ਼ਬਦ ਹਲੂਣਾ, ਦਿਸ ਕਿਸੇ ਨਾ ਆਈਆ । ਆਪੇ ਵੇਖੇ ਭਰਿਆ ਊਣਾ, ਸ਼ਬਦ ਕੰਡਾ ਤੋਲ ਤੁਲਾਈਆ । ਕਲਜੁਗ ਭਾਰ ਹੋਇਆ ਦੂਣਾ, ਨਾ ਸਕੇ ਕੋਈ ਉਠਾਈਆ । ਘਰ ਘਰ ਧੂੰਆਂ ਧੁਖਦਾ ਧੂਣਾ, ਸਾਚਾ ਧੂਪ ਨਾ ਕੋਇ ਧੁਖਾਈਆ । ਜਨ ਭਗਤ ਨੈਣ ਵਿਹੂਣਾ, ਨੇਤਰ ਨੈਣ ਨਾ ਕੋਇ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਲੱਖ ਚੁਰਾਸੀ ਵੇਖ ਦਰ, ਗੁਰਮੁਖ ਸਾਚੇ ਸੰਤ ਸੁਹੇਲੇ ਦੇ ਮਤ ਰਿਹਾ ਸਮਝਾਈਆ । ਦੇਵੇ ਮਤ ਸ਼ਬਦ ਗੁਰ ਸੰਤਾ, ਚਰਨ ਪ੍ਰੀਤ ਬੰਧਾਈਆ । ਅੱਠੇ ਪਹਿਰ ਪਰਖੇ ਨੀਤਾ, ਦਿਵਸ ਰੈਣ ਸ੍ਰਿਸ਼ਟ ਸਬਾਈਆ । ਗੁਰਮੁਖ ਵਿਰਲਾ ਰਾਖੇ ਚੀਤਾ, ਜਿਸ ਜਨ ਪ੍ਰਭ ਦਇਆ ਕਮਾਈਆ । ਸੋਹੰ ਸ਼ਬਦ ਮਾਤ ਰਖਾਏ, ਕਲਜੁਗ ਅੰਤਮ ਵੇਖ ਵਖਾਏ, ਮਾਣ ਗਵਾਏ ਅਠਾਰਾਂ ਧਿਆਏ ਗੀਤਾ, ਉਲਟੀ ਨਈਆ ਚਲਾਈਆ । ਹਰਿਜਨ ਆਤਮ ਸੀਤਲ ਸੀਤਾ, ਆਪੇ ਕਰੇ ਪਤਤ ਪੁਨੀਤਾ, ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਲੱਖ ਚੁਰਾਸੀ ਵੇਖ ਦਰ, ਗੁਰਮੁਖ ਸਾਚੇ ਸੰਤ ਸੁਹੇਲੇ, ਆਪ ਆਪਣੇ ਕਰ ਕਰ ਮੇਲੇ, ਏਕਾ ਰਾਗ ਰਿਹਾ ਉਪਜਾਈਆ । ਏਕਾ ਰਾਗ ਨਾਦ ਅਨਾਦਾ । ਧੁਨ ਧੁਨੀ ਕੰਨ ਕਾਨਾ, ਗੁਰਮੁਖਾਂ ਦੇਵੇ ਸ਼ਬਦ ਦਾਦਾ । ਬੋਧ ਅਗਾਧ ਆਪ ਜਣਾਏ ਆਪਣਾ ਭਾਣਾ, ਹੋਏ ਮੇਲ ਮਾਧਵ ਮਾਧਾ । ਗੁਰਮੁਖ ਸਾਚਾ ਚਤੁਰ ਸੁਘੜ ਸਿਆਣਾ, ਨੌਂ ਦਵਾਰੇ ਮਨਮੁਖ ਬਾਧਾ । ਮਨਮੁਖ ਚਾਰੋਂ ਕੁੰਟ ਭਵਾਨਾ, ਗੁਰਮੁਖ ਸਾਚੇ ਸੰਤ ਦੁਲਾਰੇ, ਏਕਾ ਨਾਉਂ ਹਰਿ ਹਰਿ ਅਰਾਧਾ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ

ਭੇਖ ਧਰ, ਲੱਖ ਚੁਰਾਸੀ ਵੇਖ ਦਰ, ਗੁਰਸਿਖ ਗੁਰਸਿਖ ਗੁਰ ਸ਼ਬਦ ਡੋਰੀ ਬਾਧਾ । ਗੁਰ ਸ਼ਬਦ ਰਤਨ ਅਮੋਲ, ਗੁਰਮੁਖ ਜਣਾਈਆ । ਗੁਰਮੁਖ ਆਤਮ ਰਹੇ ਅਡੋਲ, ਨਾ ਕੋਈ ਮਾਤ ਡੁਲਾਈਆ । ਮਾਤ ਉਤਰੇ ਪੂਰੇ ਤੋਲ, ਸ਼ਬਦ ਵਸਤ ਇਕ ਦਸਤ ਆਈਆ । ਜੂਠਾ ਝੂਠਾ ਪੜਦਾ ਦੇਵੇ ਖੋਲ੍ਹ, ਵੱਜੇ ਰਾਗ ਸ਼ਬਦ ਤਨ ਢੋਲ, ਕਾਇਆ ਰੰਗਣ ਰੰਗ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਤਮ ਮੰਗ ਸਦਾ ਸੰਗ ਸੱਜਣ ਸੁਹੇਲ ਆਪ ਅਖਵਾਈਆ । ਸੱਜਣ ਸੁਹੇਲਾ ਹਰਿ ਨਿਰੰਕਾਰ, ਘਰ ਸਾਚੇ ਵਸਿਆ ਜੋਤ ਸਰੂਪ ਕਰ ਅਕਾਰ, ਦਰ ਦਵਾਰਾ ਏਕਾ ਦਸਿਆ । ਦੀਪਕ ਜੋਤੀ ਕਰ ਉਜਿਆਰ, ਗੁਰਮੁਖ ਸਾਚੇ ਮੰਦਰ ਹੱਸਿਆ । ਮਿਲੇ ਮੇਲ ਪੁਰਖ ਭਤਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਦਰ ਘਰ ਆਪੇ ਦੱਸਿਆ । ਦਰ ਘਰ ਵਸਤ ਅਮੋਲ, ਆਪ ਰਖਾਈਆ । ਆਪੇ ਤੋਲੇ ਸੱਚਾ ਤੋਲ, ਸਾਚਾ ਕੰਡਾ ਹੱਥ ਉਠਾਈਆ । ਬੈਠਾ ਰਹੇ ਸਦਾ ਅਡੋਲ, ਸ਼ਬਦ ਡੰਡਾ ਹੱਥ ਉਠਾਈਆ । ਤਨ ਸੁਰਤੀ ਰਹੇ ਸਦਾ ਅਨਭੋਲ, ਪੰਚਾਂ ਡੋਰਾਂ ਨਾਲ ਬੰਧਾਈਆ । ਜਗਤ ਵਿਕਾਰਾ ਕਰੇ ਚੋਹਲ, ਸ਼ਬਦ ਧਾਰਾ ਸਾਰ ਨਾ ਰਾਈਆ । ਗੁਰ ਸ਼ਬਦੀ ਰਸਨਾ ਬੋਲ, ਬੰਦ ਕਿਵਾੜਾ ਆਪ ਖੁਲ੍ਹਾਈਆ । ਸੁਣੇ ਨਾਦ ਅਨਾਦਾ ਢੋਲ, ਮਰਦੰਗਾ ਇਕ ਵਜਾਈਆ । ਮੀਤ ਮੁਰਾਰਾ ਦਿਸੇ ਕੋਲ, ਕਲਾ ਸੋਲਾਂ ਸਹਿਜ ਸਭਾਈਆ । ਮਾਣਕ ਮੋਤੀ ਲਏ ਵਰੋਲ, ਜੋਤੀ ਜੋਤ ਸਰੂਪ ਹਰਿ, ਗੁਰਮੁਖ ਸਾਚੇ ਸੰਤ ਦੁਲਾਰੇ ਲੱਖ ਚੁਰਾਸੀ ਵੇਖ ਵਖਾਈਆ । ਤਨ ਚਾਟੀ ਨਾਮ ਮਧਾਣੀ, ਸੁਰਤ ਸਵਾਣੀ ਰਿੜਕਣਾ ਪਾਇਆ । ਗੁਰਮੁਖ ਵਿਰਲਾ ਸਾਚਾ ਲਾਹਾ ਪ੍ਰਭ ਦਰ ਖਾਟੀ, ਦੀਪਕ ਜੋਤੀ ਜਗੇ ਲਲਾਟੀ, ਪ੍ਰਭ ਪੰਚਮ ਝਿੜਕਣ ਆਇਆ । ਆਪ ਚੜ੍ਹਾਏ ਔਖੀ ਘਾਟੀ, ਦੁਰਮਤ ਮੈਲ ਰਿਹਾ ਕਾਟੀ, ਸਾਚੀ ਬਣਤ ਬਣਾਇਆ । ਸਾਚਾ ਸ਼ਬਦ ਵਖਾਏ ਸਾਚੀ ਹਾਟੀ, ਬਜਰ ਕਪਾਟੀ ਅੰਤਰ ਪਾਟੀ, ਬ੍ਰਹਿਮੰਡੀ ਵੰਡ ਵੰਡਾਇਆ । ਨਾ ਕੋਈ ਤੀਰਥ ਨਾ ਕੋਈ ਤਾਟੀ, ਅੰਮ੍ਰਿਤ ਆਤਮ ਰਸ ਏਕਾ ਚਾਟੀ, ਦਰ ਘਰ ਏਕਾ ਏਕ ਵਖਾਇਆ । ਨੌਂ ਦਵਾਰੇ ਖੇਲ ਬਾਜ਼ੀਗਰ ਨਾਟੀ, ਦਸਮ ਦਵਾਰਾ ਹਰਿ ਨਿਰੰਕਾਰਾ ਜੋਤ ਸਰੂਪੀ ਕਰ ਅਕਾਰਾ, ਸ਼ਬਦ ਸਿੰਘਾਸਣ ਸਾਚੀ ਸੇਜਾ ਰਿਹਾ ਵਿਛਾਇਆ । ਮਿਲੇ ਮੇਲ ਜਨ ਪੁਰਖ ਅਬਿਨਾਸਣ, ਅੰਦਰ ਮੰਦਰ ਹਾਸੀ ਹਾਸਨ, ਤਨ ਫੂਲਨ ਹਾਰ ਕਰਾਇਆ । ਏਕਾ ਏਕ ਕਰਾਏ ਪ੍ਰਿਥਮੀ ਅਕਾਸ਼ਨ, ਨੌਂ ਖੰਡਾ ਡੰਡਾ ਬ੍ਰਹਿਮੰਡੀ ਹੱਥ ਫੜਾਇਆ । ਆਪੇ ਪਾਏ ਘਟ ਘਟ ਵੰਡਾ, ਜੋਤੀ ਜੋਤ ਸਰੂਪ ਹਰਿ, ਗੁਰਮੁਖ ਆਤਮ ਵੇਖ ਦਰ, ਦਰ ਮੰਗਲ ਸਾਚਾ ਗਾਇਆ । ਗੁਰਮੁਖ ਆਤਮ ਵੱਜੀ ਵਧਾਈ, ਮਿਲਿਆ ਕੰਤ ਸੁਹਾਗੀ । ਸੋਈ ਸੁਰਤੀ ਸ਼ਬਦ ਜਗਾਈ, ਅੱਠੇ ਪਹਿਰ ਰਹੇ ਬੈਰਾਗੀ । ਸਾਚੇ ਦਰ ਸਾਚੇ ਘਰ ਗੁਰ ਸ਼ਬਦ ਹੋਈ ਕੁੜਮਾਈ, ਸੋਹੰ ਮਿਲਿਆ ਮਾਤ ਲਾਗੀ । ਸਤਿਜੁਗ ਚਲੇ ਨਾਲ ਨਾਈ, ਕਲਜੁਗ ਧੋਵੇ ਕਪੜੇ ਦਾਗੀ, ਏਕਾ ਵੇਖੇ ਸਾਚੀ ਥਾਈਂ, ਚਲੇ ਸ਼ਬਦ ਇਕ ਅਨਰਾਗੀ । ਸਦਾ ਸਦਾ ਠੰਡੀ ਛਾਈ, ਜੋਤੀ ਜੋਤ ਸਰੂਪ ਹਰਿ, ਗੁਰਮੁਖ ਸਾਚੇ ਦੇਵੇ ਵਰ, ਆਪ ਆਪਣੀ ਕਿਰਪਾ ਕਰ, ਹੰਸ ਬਣਾਏ ਕਾਗੀ । ਗੁਰਮੁਖ ਬਣਿਆ ਹੰਸ ਕਾਗ, ਸੁਰਤੀ ਸ਼ਬਦ ਬੰਧਾਈਆ । ਸ਼ਬਦ ਉਪਜਿਆ ਮਨ ਵੈਰਾਗ, ਤਨ ਚੋਟ ਨਗਾਰੇ ਲਾਈਆ । ਆਪ ਆਪਣਾ ਧੋਇਆ ਦਾਗ਼, ਕਾਇਆ ਖੋਟ ਗਵਾਈਆ । ਦੀਪਕ ਜੋਤੀ ਜਗੇ ਚਿਰਾਗ, ਭਾਨਨ ਕੋਟਾਂ ਹੋਏ ਰੁਸ਼ਨਾਈਆ । ਲਗੇ ਭਾਗ ਕਾਇਆ ਮਾਟ, ਅੱਗੇ ਦਿਸੇ ਨੇੜੇ ਵਾਟ, ਸੁਨ ਅਗੰਮਾ ਦਮ ਦਮਾ, ਆਪੇ ਬਾਹਰ ਕਰਾਈਆ । ਆਪੇ ਵੇਖੇ ਹੱਡ ਮਾਸ ਨਾੜੀ ਚੰਮਾ, ਅਵਲ ਅਵਲਾ ਸਹੰਸ ਦਲ ਕਵਲਾ ਏਕਾ

ਏਕ ਪਾਰ ਕਰਾਈਆ । ਸ਼ਬਦ ਭੇਟ ਹਰਿ ਖੇਵਟ ਖੇਟ, ਇਕ ਨੇਤਰ ਗੁਰ ਪੂਰਾ ਗੁਰਮੁਖ ਭੇਟ ਚੜ੍ਹਾਈਆ । ਆਪੇ ਹੋਏ ਮਾਂ ਪਿਉ ਬੇਟ, ਪੂਤ ਸਪੂਤਾ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਸਚ ਮਹੱਲ ਇਕ ਅਟੱਲ ਸਾਚਾ ਰਾਹ ਵਖਾਈਆ । ਅਟੱਲ ਮਹੱਲ ਉਚ ਟਿਕਾਣਾ, ਪ੍ਰਭ ਸਾਚਾ ਰਾਹ ਵਖਾਇੰਦਾ । ਆਪ ਬਿਠਾਏ ਸ਼ਬਦ ਬਿਬਾਣਾ, ਨੌਂ ਦਵਾਰੇ ਪਾਰ ਕਰਾਇੰਦਾ । ਈੜਾ ਪਿੰਗਲ ਹੋਏ ਹੈਰਾਨਾ, ਸੁਖਮਨ ਮੁਖ ਖੁਲ੍ਹਾਇੰਦਾ । ਏਕਾ ਦੇਵੇ ਸ਼ਬਦ ਨਿਸ਼ਾਨਾ, ਹੱਥੀਂ ਬੰਨ੍ਹੇ ਆਪੇ ਗਾਨਾ, ਅੰਦਰ ਬਾਹਰ ਗੁਪਤ ਜਾਹਰ, ਆਰ ਪਾਰ ਪਾਰ ਆਰ ਆਪੇ ਆਪ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪੇ ਵੇਖੇ ਆਤਮ ਦਰ, ਵਿਚ ਅੰਧਕਾਰ ਡੂੰਘੀ ਗਾਰ, ਨਾਤਾ ਤੁੱਟੇ ਸੁੱਟੇ ਪੰਚਮ ਯਾਰ, ਸਾਚਾ ਮੀਤ ਮੁਰਾਰ ਆਪ ਅਖਵਾਇੰਦਾ । ਸ਼ਬਦ ਸਰੂਪੀ ਪਹਿਰੇਦਾਰ, ਵਡਾ ਸ਼ਾਹੋ ਨਰ ਹਰਿ ਭੂਪੀ ਹੋਏ ਸਹਾਈ ਅੰਧ ਅੰਧਿਆਰ, ਨਾ ਕੋਈ ਰੂਪ ਰੰਗ ਸਤਿ ਸਰੂਪੀ ਆਪ ਆਪਣੇ ਰੰਗ ਸਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਸੰਤ ਦੁਲਾਰ, ਏਕਾ ਦੇਵੇ ਸ਼ਬਦ ਹੁਲਾਰ, ਸਾਚੇ ਦਰ ਬਹਾਇੰਦਾ । ਦਰ ਦਵਾਰਾ ਏਕਾ ਭਗਤ ਜਣਾਇੰਦਾ । ਸ਼ਬਦ ਰਖਾਏ ਟੇਕ, ਪਾਰ ਕਰਾਇੰਦਾ । ਬੁੱਧੀ ਕਰੇ ਬਿਬੇਕ, ਦਇਆ ਕਮਾਇੰਦਾ । ਜਗਤ ਮਾਇਆ ਨਾ ਲਾਏ ਸੇਕ, ਮਿਲੀ ਵਡਿਆਈਆ । ਆਪੇ ਆਪ ਰਿਹਾ ਵੇਖ, ਭੁੱਲ ਰਹੇ ਨਾ ਰਾਈਆ । ਜੋਤੀ ਜਾਮਾ ਧਰਿਆ ਭੇਖ, ਸਾਚੀ ਕੁਲ ਵੇਖ ਵਖਾਈਆ । ਮਸਤਕ ਲੇਖਾ ਲਿਖੇ ਲੇਖ, ਪੁਰਖ ਅਬਿਨਾਸ਼ੀ ਧੁਰ ਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਗੁਰਮੁਖ ਸਾਚੇ ਸੰਤ ਦੁਲਾਰੇ ਮਸਤਕ ਟਿੱਕਾ ਲਾਹਵਣ ਆਇਆ ਕਲਜੁਗ ਝੂਠੀ ਛਾਹੀਆ । ਕਲਜੁਗ ਝੂਠੀ ਛਾਹੀ, ਆਪ ਮਿਟਾਇੰਦਾ । ਪਰਗਟ ਹੋਏ ਬੇਪਰਵਾਹੀ, ਬੰਕ ਦਵਾਰਾ ਇਕ ਸੁਹਾਇੰਦਾ । ਆਪੇ ਆਪ ਬਣੇ ਮਲਾਹੀ, ਬੇੜਾ ਆਪਣੇ ਹੱਥ ਰਖਾਇੰਦਾ । ਦੂਸਰ ਕੋਇ ਜਾਣੇ ਨਾਹੀਂ, ਭੇਵ ਅਭੇਦਾ ਅਛਲ ਅਛੇਦਾ ਛਲ ਅਛਲ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਗੁਰਮੁਖ ਆਤਮ ਦੇਵੇ ਵਰ, ਬੰਦ ਕਵਾੜੀ ਖੁਲ੍ਹੇ ਦਰ, ਮੁਨ ਸੁਨ ਸੁਨ ਮੁਨ ਆਪੇ ਆਪ ਤੁੜਾਇੰਦਾ । ਸੁਨ ਮੁਨ ਤੁੜਾਏ ਦਇਆਵਾਨ ਰਘੁਰਾਤਾ । ਸੁਰਤੀ ਸ਼ਬਦੀ ਜੋੜ ਜੁੜਾਏ, ਪਾਰਬ੍ਰਹਮ ਹਰਿ ਬ੍ਰਹਮ ਗਿਆਤਾ । ਨਾਮ ਘੋੜ ਆਪ ਚੜ੍ਹਾਏ, ਗੁਰਮੁਖ ਵੇਖੇ ਉਤਮ ਜ਼ਾਤਾ । ਮਿੱਠਾ ਕੌੜ ਵੇਖ ਵਖਾਏ, ਲੱਖ ਚੁਰਾਸੀ ਉਤਮ ਨਾਤਾ । ਜੋਤੀ ਜੋਤ ਸਰੂਪ ਹਰਿ, ਬ੍ਰਹਿਮਣ ਗੌੜ ਆਪ ਹੋ ਜਾਏ, ਸੰਬਲ ਦੇਸ ਕਰ ਕਰ ਵੇਸ ਆਪ ਆਪਣੇ ਰੰਗ ਰਾਤਾ । ਸੰਬਲ ਦੇਸ ਨਗਰ ਅਮੋਲਾ, ਕਾਇਆ ਚੋਲਾ ਭਾਗ ਲਗਾਇਆ ਏ । ਸ੍ਰਿਸ਼ਟ ਸਬਾਈ ਤੇਰਾ ਡੋਲਾ, ਪੁਰਖ ਅਬਿਨਾਸ਼ੀ ਆਪਣੇ ਕੰਧ ਉਠਾਇਆ ਏ । ਕਲਜੁਗ ਵਿਆਹੇ ਜੂਠਾ ਝੂਠਾ ਬੋਲਾ, ਹੰਕਾਰ ਵਿਕਾਰਾ ਸੰਗ ਰਲਾਇਆ ਏ । ਗੁਰਮੁਖਾਂ ਪੜਦੇ ਆਪੇ ਖੋਲ੍ਹਾ, ਸ਼ਬਦ ਜੈਕਾਰਾ ਏਕਾ ਏਕ ਸੁਣਾਇਆ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੋਹੰ ਸੁਣਾਏ ਸਾਚਾ ਢੋਲਾ, ਸੋ ਪੁਰਖ ਨਿਰੰਜਣ ਵਿਚ ਸਮਾਇਆ ਏ । ਪੰਚਮ ਪੋਹ ਪਿਆਰ, ਨਰ ਹਰਿ ਪੁਰਖ ਸੁਜਾਨਿਆ । ਨੌਂ ਦਵਾਰੇ ਖੋਲ੍ਹ ਦਵਾਰ, ਕਲਜੁਗ ਦੱਸੇ ਜਗਤ ਨਿਸ਼ਾਨਿਆ । ਦਸਮ ਦਵਾਰੀ ਜੋਤ ਅਕਾਰ, ਸ਼ਬਦ ਚਲਾਏ ਸਚ ਤਰਾਨਿਆ । ਹਰਿ ਹਰਿ ਹਰਿਜਨ ਮੇਲਾ ਮੀਤ ਮੁਰਾਰ, ਆਤਮ ਬੰਨ੍ਹੇ ਸੱਚਾ ਗਾਨਿਆ । ਸਾਚਾ ਸ਼ਬਦ ਤਨ ਸ਼ਿੰਗਾਰ, ਚਲੇ ਚਲਾਏ ਆਪਣੇ ਭਾਣਿਆ । ਵੇਖ ਵਖਾਣੇ ਵਾਰੋ ਵਾਰ, ਰਾਜ ਰਾਜਾਨਾਂ ਸ਼ਾਹ ਸੁਲਤਾਨਿਆ । ਜੋਤੀ ਜਾਮਾ ਭੇਖ ਅਪਾਰ, ਕਰੇ ਖੇਲ ਦੋ ਜਹਾਨਿਆ । ਲੋਆਂ ਪੁਰੀਆਂ ਇਕ ਜੈਕਾਰ, ਵਰਭੰਡ ਜੋਤ ਮਹਾਨਿਆ । ਨੌਵਾਂ ਸੱਤਾਂ ਪਸਰ ਪਸਾਰ,



੪੧੦ ੦੫

ਸੱਤਾਂ ਨੌਵਾਂ ਮੇਲ ਮਿਲਾਨਿਆ । ਆਦਿਨ ਅੰਤਾ ਏਕਾ ਏਕ ਓਅੰਕਾਰ, ਏਕਾ ਰੰਗ ਸਮਾਨਿਆ । ਸ਼ਬਦ ਰਖੇ ਤਿੱਖੀ ਧਾਰ, ਨਾਮ ਕਟਾਰ ਇਕ ਰਖਾਨਿਆ । ਫੜੇ ਹੱਥ ਆਪ ਦਾਤਾਰ, ਚਾਰੇ ਕੂਟਾਂ ਕਰੇ ਖੁਆਰ, ਨਾ ਕੋਈ ਦੀਸੇ ਜੀਵ ਸ਼ੈਤਾਨਿਆ । ਚੀਨਾ ਰੂਸਾ ਵੇਖ ਵਖਾਣੇ, ਈਸਾ ਮੂਸਾ ਕਰ ਧਿਆਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੰਚਮ ਕਰੇ ਪੰਚ ਪ੍ਰਧਾਨ । ਪੰਚਮ ਮੋਹ ਜਗਤ ਨਾਤਾ, ਤੋੜੇ ਸ੍ਰਿਸ਼ਟ ਸਬਾਈਆ । ਆਪੇ ਆਪ ਪੁਰਖ ਬਿਧਾਤਾ, ਗੁਰਮੁਖ ਸਾਚੇ ਸ਼ਬਦ ਜੋੜੇ ਉਤਮ ਜ਼ਾਤਾ ਮਾਤ ਰਖਾਈਆ । ਮੇਟ ਮਿਟਾਏ ਅੰਧੇਰੀ ਰਾਤਾ, ਸਾਚੇ ਜੋੜੇ ਜੋਤ ਮਿਲਾਈਆ । ਦੇਵੇ ਦਾਤ ਸੱਚੀ ਨਾਮ ਸੁਗਾਤਾ, ਅੰਧੇਰੀ ਰਾਤਾ ਰਹਿਣ ਨਾ ਪਾਈਆ । ਕਰੇ ਖੇਲ ਇਕ ਇਕਾਂਤਾ, ਹਰਿਜਨ ਦੇਵੇ ਬੂੰਦ ਸਵਾਂਤਾ, ਅੰਮ੍ਰਿਤ ਆਤਮ ਰਿਹਾ ਪਿਆਈਆ । ਵੇਲੇ ਅੰਤਮ ਪੁੱਛੇ ਵਾਤਾ, ਨਾ ਕੋਈ ਪੁੱਛੇ ਜ਼ਾਤਾ ਪਾਤਾ, ਆਪ ਆਪਣੀ ਗੋਦ ਉਠਾਈਆ । ਚਾਰ ਵਰਨ ਕਰਾਏ ਭੈਣ ਭਰਾਤਾ, ਸਾਚੀ ਸਰਨ ਇਕ ਰਘੁਰਾਤਾ, ਸ਼ਬਦ ਮੰਦਰ ਰਿਹਾ ਮਾਤ ਉਪਜਾਈਆ । ਸਾਚਾ ਮੰਦਰ ਕਰ ਤਿਆਰ, ਜੋਤੀ ਹਰਿ ਜਗਾਈਆ । ਲੱਖ ਚੁਰਾਸੀ ਭੌਂਦੀ ਬੰਦਰ, ਸਾਰ ਕਿਸੇ ਨਾ ਪਾਈਆ । ਜਗਤ ਹੰਕਾਰੀ ਵੱਜਾ ਜੰਦਰ, ਨਾ ਕੋਈ ਤੋੜੇ ਤੋੜ ਤੁੜਾਈਆ । ਪੰਚ ਪੰਚਾਇਣੀ ਨਾਚੇ ਕਲੰਦਰ, ਝੂਠੀ ਡੋਰ ਹੱਥ ਉਠਾਈਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਨੌਂ ਦਵਾਰੇ ਦਰ ਦਵਾਰਾ ਰਿਹਾ ਵਖਾਈਆ । ਨੌਂ ਦਵਾਰੇ ਖੋਲ੍ਹ ਦਵਾਰਾ, ਕਲਜੁਗ ਖੇਲ ਰਚਾਇਆ ਏ । ਸੰਬਲ ਦੇਸ ਨਗਰ ਅਪਾਰਾ, ਆਪਣਾ ਆਪ ਸੁਹਾਇਆ ਏ । ਵੱਜੇ ਡੰਕ ਇਕ ਨਗਾਰਾ, ਰਾਓ ਰੰਕਾਂ ਰਿਹਾ ਜਗਾਇਆ ਏ । ਚਾਰ ਵਰਨਾਂ ਇਕ ਪਿਆਰਾ, ਸਾਚਾ ਰਾਹ ਵਖਾਇਆ ਏ । ਕਲਜੁਗ ਮਿਟੇ ਅੰਧੇਰਾ ਕਾਲਾ, ਸਤਿਜੁਗ ਸਾਚਾ ਚੰਨ ਚੜ੍ਹਾਇਆ ਏ । ਨਾ ਕੋਈ ਦਿਸੇ ਮੰਦਰ ਗੁਰੂਦਵਾਰਾ, ਸ਼ਿਵਦਵਾਲਾ ਰਹਿਣ ਨਾ ਪਾਇਆ ਏ । ਨਾ ਕੋਈ ਜੋਤੀ ਜਗੇ ਜਵਾਲਾ, ਅੱਠ ਸੱਠ ਤੀਰਥ ਮੇਟ ਮਿਟਾਇਆ ਏ । ਖਾਣੀ ਬਾਣੀ ਨਾ ਹੋਏ ਕੋਈ ਰਖਵਾਲਾ, ਵੇਦ ਪੁਰਾਨਾ ਵਕਤ ਚੁਕਾਇਆ ਏ । ਅੰਜ਼ੀਲ ਕੁਰਾਨਾਂ ਹੋਏ ਦਵਾਲਾ, ਕਾਲਾ ਸੂਸਾ ਤਨ ਛੁਹਾਇਆ ਏ । ਫ਼ਲ ਨਾ ਦਿਸੇ ਕਿਸੇ ਡਾਲਾ, ਪ੍ਰਭ ਸ਼ਬਦ ਹਲੂਣਾ ਲਾਇਆ ਏ । ਆਪੇ ਚਲੇ ਅਵੱਲੜੀ ਚਾਲਾ, ਗੁਰਮੁਖਾਂ ਦੱਸੇ ਰਾਹ ਸੁਖਾਲਾ, ਸੋਹੰ ਸਾਚਾ ਜਾਪ ਜਪਾਇਆ ਏ । ਬੇਮੁਖਾਂ ਕੱਢੇ ਦਵਾਲਾ, ਧਰਮ ਰਾਏ ਹੋਏ ਬੇਹਾਲਾ, ਚਿਤਰ ਗੁਪਤ ਰਿਹਾ ਘਬਰਾਇਆ ਏ । ਚਰਨ ਦਵਾਰੇ ਕਾਲ ਮਹਾਂਕਾਲਾ, ਦੋਏ ਜੋੜ ਸੀਸ ਨਿਵਾਇਆ ਏ । ਪਰਗਟ ਹੋਏ ਦੀਨ ਦਿਆਲਾ, ਗੁਰਮੁਖਾਂ ਆਪਣੀ ਗੋਦ ਉਠਾਇਆ ਏ । ਹਰਿ ਦੇ ਸ਼ਬਦ ਦੁਸ਼ਾਲਾ, ਦੂਸਰ ਕਿਸੇ ਹੱਥ ਨਾ ਆਇਆ ਏ । ਆਪ ਸੁਹਾਏ ਏਕਾ ਸੱਚਾ ਤਾਲਾ, ਸਚ ਸਰੋਵਰ ਇਕ ਭਰਾਇਆ ਏ । ਅੱਗੇ ਪਿੱਛੇ ਚਲੇ ਨਾਲ ਨਾਲਾ, ਦਸਮ ਦਵਾਰੀ ਰਾਹ ਵਖਾਇਆ ਏ । ਆਪੇ ਸ਼ਾਹ ਆਪੇ ਕੰਗਾਲਾ, ਆਪੇ ਰੱਖੇ ਨਾਮ ਧਨ ਮਾਲਾ, ਦੂਸਰ ਦਰ ਨਾ ਮੰਗਣ ਜਾਇਆ ਏ । ਜਨ ਭਗਤਾਂ ਤੋੜੇ ਜਗਤ ਜੰਜ਼ਾਲਾ, ਸੋਹੰ ਪਾਏ ਫੂਲਨ ਮਾਲਾ, ਸੋਹਣਾ ਸੱਚਾ ਹਾਰ ਬਣਾਇਆ ਏ । ਧੁਰ ਦਰਗਾਹੀ ਆਪ ਦਲਾਲਾ, ਬਣ ਕੇ ਆਇਆ ਮਾਤ ਰਖਵਾਲਾ, ਕਾਇਆ ਇਕ ਵਖਾਏ ਸੱਚੀ ਧਰਮਸਾਲਾ ਏ । ਸਾਚਾ ਗੁਰ ਲਿਖਿਆ ਧੁਰ, ਜਿਥੇ ਆਪ ਬਹਾਇਆ ਏ । ਚਰਨ ਪ੍ਰੀਤੀ ਗਈ ਜੁੜ, ਸ਼ਬਦ ਚੜ੍ਹੇ ਸਾਚੇ ਘੋੜ, ਦੋ ਜਹਾਨੀ ਪਾਰ ਕਰਾਇਆ ਏ । ਵੇਲੇ ਅੰਤਮ ਜਾਏ ਬਹੁੜ, ਸ਼ਬਦ ਲਾਏ ਸਾਚਾ ਪੌੜ, ਉਚਾ ਡੰਡਾ ਵਿਚ ਬ੍ਰਹਿਮੰਡਾਂ ਕਿਸੇ ਹੱਥ ਨਾ ਆਇਆ ਏ । ਵੇਖ ਵਖਾਣੇ ਹਰਿ ਨੌਂ ਖੰਡ, ਸੋਹੰ ਫੜੇ ਚੰਡ ਪਰਚੰਡ, ਰਸਨ ਕਮਾਨੀ ਚਾੜ੍ਹੇ ਚਿੱਲਾ, ਮੇਟ ਮਿਟਾਏ ਬੂਰਾ

ਕੱਕਾ ਬਿੱਲਾ, ਸ਼ਾਹ ਸੁਲਤਾਨਾਂ ਖ਼ਾਕ ਮਿਲਾਇਆ ਏ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਕਲਜੁਗ ਅੰਤਮ ਵੇਖ ਹਰਿ, ਸੰਬਲ ਦੇਸ ਕਰ ਕਰ ਵੇਸ ਨਰ ਨਰੇਸ਼, ਆਪੇ ਆਪ ਸੁਹਾਇਆ ਏ । ਸੰਬਲ ਦੇਸ ਨਗਰ ਅਵੱਲਾ, ਸਾਰ ਕੋਈ ਨਾ ਜਾਣਿਆ । ਪੁਰਖ ਅਬਿਨਾਸ਼ੀ ਇਕ ਮਹੱਲਾ, ਕਿਸੇ ਹੱਥ ਨਾ ਆਏ ਰਾਜੇ ਰਾਣਿਆ । ਸਦਾ ਸਦਾ ਸਦਾ ਨਿਹਚਲ ਧਾਮ ਅਟੱਲ ਅਟੱਲਾ, ਨਾ ਕੋਈ ਜਾਣੇ ਵੇਦ ਪੁਰਾਣਿਆ । ਆਪ ਆਪਣਾ ਘਰ ਆਪੇ ਮੱਲਾ, ਦਰ ਦਵਾਰ ਨਾ ਕਿਸੇ ਵਖਾਣਿਆ । ਸ਼ਬਦ ਫੜੇ ਹੱਥ ਸਾਚਾ ਭੱਲਾ, ਚਾਰੋਂ ਕੁੰਟ ਮਚਾਏ ਤਰਥਲਾ, ਕਲਜੁਗ ਵਰਤੇ ਆਪਣਾ ਭਾਣਿਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਕਲਜੁਗ ਅੰਤਮ ਵੇਖ ਹਰਿ, ਕਰੇ ਖੇਲ ਵਾਲੀ ਦੋ ਜਹਾਨਿਆ । ਵਾਲੀ ਦੋ ਜਹਾਨ, ਰਚਨ ਰਚਾਈਆ । ਸੋਹੰ ਸ਼ਬਦ ਤੀਰ ਕਮਾਨ, ਰਸਨਾ ਕਮਰ ਕਸਾਈਆ । ਚਾਰੋਂ ਕੁੰਟਾਂ ਇਕ ਨਿਸ਼ਾਨ, ਲਹਿੰਦੀ ਦਿਸ਼ਾ ਦਏ ਦੁਹਾਈਆ । ਮੱਕਾ ਕਾਅਬਾ ਹੋਏ ਵੈਰਾਨ, ਬੀਸ ਇਕੀਸਾ ਦਏ ਲਿਖਾਈਆ । ਵੇਖੇ ਖੇਲ ਦੋ ਦੋ ਆਬਾ, ਪਰਗਟ ਹੋਏ ਹੱਕ ਜ਼ਨਾਬਾ, ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਬਸਤਰ ਨੀਲ ਜਗਤ ਦਲੀਲ ਭਗਤ ਅਪੀਲ ਸ਼ਬਦ ਵਕੀਲ ਏਕਾ ਏਕ ਮਾਤ ਬਣਾਈਆ । ਨੀਲ ਬਸਤਰ ਪਹਿਨ ਤਨ, ਕਰੇ ਖੇਲ ਅਪਾਰੀ । ਸ਼ਬਦ ਸ਼ਸਤਰ ਸੋਹੇ ਤਨ, ਹਰਿ ਬਸਨ ਬਨਵਾਰੀ । ਚਾਰੋਂ ਕੁੰਟ ਦੇਵੇ ਡੰਨ, ਤਨ ਤੋੜ ਹੰਕਾਰੀ । ਭਰਮੀ ਭਾਂਡੇ ਦੇਵੇ ਭੰਨ, ਮਾਰੇ ਤੀਰ ਕਟਾਰੀ । ਗੁਰਮੁਖ ਆਤਮ ਜਾਏ ਮਨ, ਭਰਮੀ ਭਰਮ ਨਿਵਾਰੀ । ਏਕਾ ਮਿਲੇ ਨਾਮ ਧਨ, ਹਉਮੇ ਜਾਏ ਜਗਤ ਬਿਮਾਰੀ । ਸ਼ਬਦ ਸਰੂਪੀ ਚੜ੍ਹੇ ਚੰਨ, ਮੇਟ ਮਿਟਾਏ ਅੰਧ ਅੰਧਿਆਰੀ । ਆਪਣਾ ਬੇੜਾ ਲਏ ਬੰਨ੍ਹ, ਕਲਜੁਗ ਤੇਰੀ ਅੰਤਮ ਵਾਰੀ । ਕਲਜੁਗ ਜੀਵ ਕੌੜੇ ਰੀਠੇ ਦੇਵੇ ਭੰਨ, ਸ਼ਬਦ ਹਥੌੜਾ ਏਕਾ ਮਾਰੀ । ਸਾਧਾਂ ਸੰਤਾਂ ਆਤਮ ਲਾਏ ਸੰਨ੍ਹ, ਸ਼ਬਦ ਸੰਦੇਸਾ ਲਾਏ ਪਾੜੀ । ਏਕਾ ਏਕ ਸੁਣਾਏ ਰਾਗ ਕੰਨ, ਜੋਤੀ ਜੋਤ ਸਰੂਪ ਹਰਿ, ਵੇਖ ਵਖਾਏ ਨਾੜ ਨਾੜੀ । ਵੇਖੇ ਨਾੜੀ ਹਾਡੀ ਤਿੰਨ ਸੌ ਸੱਠ, ਜੋੜੀ ਜੋੜ ਜੁੜਾਇਆ । ਪੰਜ ਤੱਤ ਬਣਾਇਆ ਏਕਾ ਇਕੱਠ, ਸ਼ਬਦ ਘੋੜਾ ਇਕ ਦੁੜਾਇਆ । ਦਹਿ ਦਿਸ਼ਾ ਨੱਠ ਨੱਠ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਰੇਖ ਵੇਖ ਹਰਿ, ਆਪ ਗਿੜਾਏ ਉਲਟੀ ਲੱਠ । ਜਗੀ ਜੋਤ ਅਕਾਲ, ਬੀਸ ਇਕੀਸਿਆ । ਸ਼ਬਦ ਵਜਾਏ ਸਾਚਾ ਤਾਲ, ਚਾਰੋਂ ਕੁੰਟ ਇਕ ਹਦੀਸਿਆ । ਰੰਕ ਰਾਜਾਨਾਂ ਸ਼ਾਹ ਸੁਲਤਾਨਾਂ ਏਕਾ ਮਸਤਕ ਏਕਾ ਦੀਪਕ ਏਕਾ ਜੋਤੀ ਏਕਾ ਥਾਲ, ਏਕਾ ਬੰਨ੍ਹੇ ਹੱਥੀਂ ਗਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਸੀਸ ਤਾਜ ਰਾਜ ਕਾਜ ਬਾਜ ਸਾਜਨ ਸਾਜ ਬਣਾਨਿਆ । ਧੰਨ ਕਮਾਈ ਸੰਤ ਜਨ, ਧੰਨ ਸਾਚਾ ਪਾਇਆ । ਧੰਨ ਕਮਾਈ ਭਗਤ ਜਨ, ਹਰਿ ਸਾਚਾ ਗਾਇਆ । ਦੋਹਾਂ ਵਡਿਆਈ ਇਕ ਤਨ, ਗੁਰ ਸ਼ਬਦ ਜਣਾਇਆ । ਵੱਜੀ ਵਧਾਈ ਭਾਂਡਾ ਭਰਮ ਭੰਨ, ਰਾਗ ਨਾਦ ਇਕ ਵਜਾਇਆ । ਜੋਤੀ ਜੋਤ ਸਰੂਪ ਹਰਿ, ਦੋਹਾਂ ਮੇਲ ਆਪ ਮਿਲਾਇਆ । ਧੰਨ ਕਮਾਈ ਭਗਤ ਜਨ, ਦਿਵਸ ਰੈਣ ਧਿਆਇਆ । ਧੰਨ ਕਮਾਈ ਸੰਤ ਜਨ, ਨੇਤਰ ਨੈਣ ਰਿਹਾ ਤਰਸਾਇਆ । ਧੰਨ ਕਮਾਈ ਭਗਤ ਜਨ, ਸੱਜਣ ਸੈਣ ਇਕ ਬਣਾਇਆ । ਧੰਨ ਕਮਾਈ ਸੰਤ ਜਨ, ਭਾਈ ਭੈਣਾਂ ਹਿੱਤ ਤਜਾਇਆ । ਧੰਨ ਕਮਾਈ ਭਗਤ ਜਨ, ਲਹਿਣੇਦਾਰ ਆਪ ਹੋ ਆਇਆ । ਧੰਨ ਕਮਾਈ ਸੰਤ ਜਨ, ਭਾਣਾ ਸਹਿਣਾ ਦੋਹਾਂ ਮਨ ਭਾਇਆ । ਧੰਨ ਕਮਾਈ ਸੰਤ ਜਨ, ਆਤਮ ਰਸ ਮਾਣੇ । ਧੰਨ ਕਮਾਈ ਭਗਤ ਜਨ, ਗੁਣ

ਗਾਏ ਗੁਣ ਨਿਧਾਨੇ । ਧੰਨ ਕਮਾਈ ਸੰਤ ਜਨ, ਹਰਿ ਹਿਰਦੇ ਜਾਏ ਵਸ, ਰਾਹ ਸਾਚਾ ਜਾਏ ਦੱਸ, ਸ਼ਬਦ ਤੀਰ ਮਾਰੇ ਕਸ, ਦੇਵੇ ਦਾਨ ਗੁਣ ਨਿਧਾਨੇ । ਧੰਨ ਕਮਾਈ ਭਗਤ ਜਨ, ਜੋਤ ਜਗਾਏ ਇਕ ਤਨ, ਜੋਤੀ ਜੋਤ ਸਰੂਪ ਹਰਿ, ਜੋਤੀ ਸ਼ਬਦ ਮੇਲ ਦਰ, ਆਪ ਆਪਨੇ ਰੰਗ ਸਮਾਨੇ । ਮਨ ਆਸਾ ਦਰ ਪਰਵਾਨ । ਵੇਖ ਵਖਾਣੇ ਕਾਇਆ ਕਾਸਾ, ਗੁਣਵੰਤਾ ਗੁਣ ਨਿਧਾਨ, ਆਪੇ ਜਾਣੇ ਪ੍ਰਿਥਮੀ ਅਕਾਸਾ, ਨੌਵਾਂ ਖੰਡਾਂ ਵੰਡ ਵੰਡਾਨ । ਚੌਦਾਂ ਹੱਟਾਂ ਵੇਖ ਤਮਾਸ਼ਾ, ਬ੍ਰਹਿਮੰਡਾਂ ਜਾਣੀ ਜਾਣ । ਸ਼ਬਦ ਕਰਾਏ ਜਗਤ ਭਗਤ ਰਵਦਾਸਾ, ਜੇਰਜ ਅੰਡਾਂ ਮਾਰ ਧਿਆਨ, ਆਤਮ ਸਹਿੰਸਾ ਜਿਸ ਜਨ ਵਿਨਾਸਾ, ਗੁਰ ਚਰਨ ਮਿਲੇ ਧਿਆਨ । ਪੂਰਨ ਦੇਵੇ ਨਾਮ ਭਰਵਾਸਾ, ਆਤਮ ਉਪਜੇ ਬ੍ਰਹਮ ਗਿਆਨ । ਨਿੱਜ ਘਰ ਆਤਮ ਰੱਖੇ ਵਾਸਾ, ਜੋਤੀ ਜੋਤ ਸਰੂਪ ਹਰਿ, ਇਕ ਵਖਾਏ ਸ਼ਬਦ ਨਿਸ਼ਾਨ ਸਤਿਗੁਰ ਰਾਹ ਵਖਾਇਆ, ਸਤਿ ਪੁਰਖ ਮਿਲਾਇਆ, ਸਤਿ ਪੁਰਖ ਨਿਰੰਜਣ ਜਾਨਿਆ । ਭਉ ਭਰਮ ਗਵਾਇਆ, ਨੇਤਰ ਅੰਜਨ ਚਰਨ ਧੂੜ ਮਜਨ ਸੁਖ ਸ਼ਾਂਤ ਨਾ ਪਾਨਿਆ । ਜੋਤੀ ਜੋਤ ਸਰੂਪ ਹਰਿ, ਇਕ ਇਕਾਂਤ ਵੇਖੇ ਮਾਰ ਝਾਤ ਸ਼ਬਦ ਬਰਾਤ ਸਾਚਾ ਲਾੜਾ ਦਿਨ ਦਿਹਾੜਾ ਨਾ ਮਾਤ ਸਜਾਨਿਆ । ਆਏ ਸਰਨ ਗਹਿਰ ਗਵਰੇ, ਗੁਰ ਦਾਤਾ ਗੁਣ ਪਾਇਆ । ਆਤਮ ਤਿਆਗ ਕਾਜ ਅਵਰੇ, ਸਾਚੀ ਬਣਤਾ ਮਾਤ ਬਣਾਇਆ । ਮਾਨਸ ਦੇਹੀ ਮਾਤ ਸਵਰੇ, ਆਤਮ ਜੋਤੀ ਦੀਪ ਜਗਾਇਆ । ਜੂਠੀ ਝੂਠੀ ਕਾਇਆ ਕਵਰੇ, ਗੀਤ ਗੋਬਿੰਦ ਸਹਿਜ ਧੁਨ ਧੁਨ ਨਾਦ ਦਰ ਮੰਗਲਾਚਾਰ ਘਰ ਸਾਚਾ ਪਾਇਆ । ਕਲਜੁਗ ਵੇਲਾ ਅੰਤਮ ਪੰਚਮ ਹੋਏ ਬਾਵਰ ਬਵਰੇ, ਜੋਤੀ ਜੋਤ ਸਰੂਪ ਹਰਿ, ਕਰ ਦਰਸ ਆਤਮ ਤ੍ਰਿਸਨਾ ਅਗਨ ਬੁਝਾਇਆ । ਦਰਸ ਨੀਤ ਨੇਤਰ ਨੈਣ ਤ੍ਰਿਪਤਾਇਆ । ਮਿੱਟੀ ਰੇਖ, ਲੱਖ ਚੁਰਾਸੀ ਗੇੜ ਮਿਟਾਇਆ । ਤੀਜੇ ਲੋਚਨ ਲੈਣਾ ਪੇਖ, ਆਤਮ ਘਰ ਖੁਲ੍ਹਾ ਦਹਿਲੀਜ ਇਕ ਵਖਾਇਆ । ਮੰਦਰ ਅੰਦਰ ਬੈਠਾ ਰਿਹਾ ਵੇਖ, ਦਿਸ ਕਿਸੇ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਆਪੇ ਜਾਣੇ ਆਪਨੇ ਭੇਖ, ਗੁਰਮੁਖ ਲੇਖੇ ਲਾਏ ਆਇਆ ਜਾਇਆ । ਗੁਰ ਪੂਰੇ ਸਿਰ ਹੱਥ ਟਿਕਾਇਆ, ਸਾਚੀ ਬਣਤ ਬਣਾਈਆ । ਸ਼ਬਦ ਰਥ ਇਕ ਚੜ੍ਹਾਇਆ, ਮਹਿੰਮਾ ਅਗਣਤ ਗਣੀ ਨਾ ਜਾਈਆ । ਸਗਲ ਵਸੂਰੇ ਮਥ ਵਖਾਇਆ, ਸਾਚੇ ਸੁਤ ਆਪ ਉਪਜਾਈਆ । ਲੇਖਾ ਸੀਆਂ ਸਾਢੇ ਤਿੰਨ ਹੱਥ ਚੁਕਾਇਆ, ਜੀਵ ਜੰਤ ਵਿਚ ਮਿਲੇ ਵਡਿਆਈਆ । ਗੁਰ ਪੂਰਾ ਹਾਜ਼ਰ ਹਜ਼ੂਰਾ ਵਡ ਦਾਤਾ ਸੂਰਾ ਆਪ ਆਪਨੇ ਅੰਕ ਸਮਾਈਆ । ਸਖੀ ਮਿਲਿਆ ਸੁਲਤਾਨ, ਸੋਹਿਆ ਬੰਕ ਦਵਾਰਿਆ । ਗੋਪੀ ਮਿਲਿਆ ਸਾਚਾ ਕਾਹਨ, ਮੋਰ ਮੁੱਕਟ ਸ਼ਬਦ ਸੀਸ ਸੁਹਾ ਰਿਹਾ । ਸਤਿਗੁਰ ਪੂਰਾ ਸਦਾ ਸਦਾ ਨੌਂਜਵਾਨ, ਨਾ ਆਵੇ ਪਾਸਾ ਹਾਰਿਆ । ਜੋਧਾ ਸੂਰਾ ਗੁਰ ਬਲਵਾਨ, ਫੜ ਫੜ ਬਾਹੋਂ ਕਰੇ ਪਾਰ ਕਿਨਾਰਿਆ । ਗੁਰਮੁਖ ਵਡਿਆਈ ਦੋ ਜਹਾਨ, ਕਰ ਕਿਰਪਾ ਜਿਸ ਜਨ ਆਪਨਾ ਆਪ ਵਖਾ ਰਿਹਾ । ਸਤਿਗੁਰ ਸਾਚਾ ਜੀਓ ਪਿੰਡ ਕਾਚਾ ਦੇਵੇ ਜੀਆ ਦਾਨ, ਮਾਨਸ ਦੇਹੀ ਕਾਜ ਸਵਾਰਿਆ । ਸਤਿਗੁਰ ਸਾਵਣ ਜਿਸ ਜਨ ਹਿਰਦੇ ਵਾਚਾ, ਲੱਖ ਚੁਰਾਸੀ ਆਰ ਪਾਰ ਪਾਰ ਆਰ ਕਿਨਾਰਿਆ । ਪਾਰਬ੍ਰਹਮ ਹਰਿ ਪ੍ਰਭ ਆਪ ਹੈ, ਆਪਨੀ ਅੰਸ ਬਣਾਏ । ਅੰਸਾ ਬੰਸਾ ਆਪ ਹੈ, ਸਹੰਸਾ ਵਿਚ ਸਮਾਏ । ਪਾਰਬ੍ਰਹਮ ਸਦਾ ਵਿਸੇਖ ਹੈ, ਆਪਨੇ ਰੰਗ ਸਮਾਏ । ਸ਼ਬਦ ਜਗਤ ਬਿਬੇਕ ਹੈ । ਭਗਤ ਰਿਹਾ ਜਗਾਏ । ਦਸਮ ਦਵਾਰੀ ਦਵਾਰਾ ਏਕ ਹੈ, ਚੌਥੇ ਦਰ ਬਾਹਰ ਖੜ ਪਾਰਬ੍ਰਹਮ ਬ੍ਰਹਮ ਮੇਲ ਮਿਲਾਏ । ਨਾ ਕੋਈ ਸੀਸ ਨਾ ਕੋਈ ਧੜ, ਨਾ ਕੋਈ ਦੀਸੇ ਬਹੱਤਰ ਨੜ, ਮੁਖ ਹੱਥ ਕੰਨ ਨਾ ਕੋਈ ਦਿਸਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਨਾ ਵੇਖੇ ਘਰ,

ਮੰਦਰ ਅੰਦਰ ਬ੍ਰਹਮ ਪਾਰਬ੍ਰਹਮ ਪ੍ਰਭ ਮੇਲ ਮਿਲਾਏ । ਜਨ ਭਗਤ ਰਚਾਇਆ ਕਾਜ, ਖੇਲ ਉਪਨਿਆ । ਆਪ ਰਖਾਈ ਸ਼ਬਦ ਸਾਂਝ, ਵਾਲੀ ਦੋ ਜਹਾਨਿਆ । ਸ਼ਬਦ ਪਹਿਨਾਇਆ ਸੀਸ ਤਾਜ, ਰਾਏ ਧਰਮ ਨਾ ਦੇਵੇ ਡੰਨਿਆ । ਆਦਿ ਅੰਤ ਰਖੇ ਲਾਜ, ਆਪਣਾ ਆਪ ਬੇੜਾ ਬੰਨ੍ਹਿਆ । ਸ਼ਬਦ ਸਰੂਪੀ ਮਾਰੇ ਅਵਾਜ਼, ਨਾ ਕਿਸੇ ਵਸੇ ਛੱਪਰ ਛੰਨਿਆ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਗੁਰਮੁਖਾਂ ਦੇਵੇ ਜਗਤ ਵਡਿਆਈ ਰਸਨਾ ਕਹੇ ਧੰਨ ਧੰਨ ਧੰਨਿਆ । ਸਾਵਣ ਸਾਜਣ ਬਰਖਾ ਲਾਈ, ਹੋਈ ਰੁੱਤ ਬਸੰਤੀਆ । ਸਿੰਘ ਜੈਮਲ ਦਇਆ ਕਮਾਈ, ਮਿਲਿਆ ਮੇਲ ਇਕ ਇਕਵੰਤੀਆ । ਘਰ ਸਾਚੇ ਵੱਜੇ ਵਧਾਈ, ਗੁਰ ਪੂਰੇ ਸੁਣੀ ਬੇਨੰਤੀਆ । ਪ੍ਰਭ ਦੇਵੇ ਸ਼ਬਦ ਜਣਾਈ, ਪੰਚਾਂ ਨਾਤਾ ਇਕ ਰਖੰਤੀਆ । ਮਦਿਰਾ ਮਾਸ ਰਸਨ ਤਜਾਈ, ਸੇਵਾ ਲਾਈ ਸਗਲ ਸਤਿਵੰਤੀਆ । ਧੁਰ ਦੀ ਬਾਣ ਲੇਖ ਲਿਖਾਈ, ਜੋਤੀ ਜੋਤ ਸਰੂਪ ਹਰਿ, ਆਪ ਆਪਣਾ ਭੇਵ ਛੁਪੰਤੀਆ । ਸ਼ਬਦੀ ਮੇਲਾ ਗੁਰ ਗੋਬਿੰਦ ਗੁਰ ਸ਼ਬਦੀ ਭੇਖ ਅਵੱਲਾ । ਕਲਜੁਗ ਵਹਿੰਦੀ ਧਾਰ, ਸਾਗਰ ਸਿੰਧ ਵੇਖੇ ਸਚ ਮਹੱਲਾ । ਚਾਰੋਂ ਕੁੰਟ ਕੂੜ ਕੁੜਿਆਰ, ਦੁਸ਼ਟ ਨਿੰਦ ਪਿਆ ਰਹੇ ਤਰਥੱਲਾ । ਏਕਾ ਗੁਰ ਪੁਰਖ ਅਬਿਨਾਸ਼ੀ ਸਾਚੀ ਬਿੰਦ, ਹੱਥ ਸ਼ਬਦ ਫੜਾਏ ਭੱਲਾ । ਜੋਤੀ ਜੋਤ ਸਰੂਪ ਹਰਿ, ਆਪ ਆਪਣਾ ਭੇਖ ਧਰ, ਵਕਤ ਲੰਘਾਇਆ ਕਰ ਕਰ ਵਲ ਛੱਲਾ । ਗੁਰ ਸ਼ਬਦ ਜਣਾਈ ਦਿਵਸ ਰੈਣ ਰਹੇ ਘਨਘੋਰਾ । ਦਰਸ ਦਿਖਾਏ ਤੀਜੇ ਨੈਣਾ ਨਾ ਕੋਈ ਜਾਣੇ ਜੋਰੂ ਜੋਰਾ । ਸ਼ਬਦ ਸਰੂਪੀ ਸਾਕ ਸੈਣ ਭਈਆ ਭੈਣ ਹੋਰ ਨਾ ਹੋਰਾ । ਜਗਤ ਲਹਿਣਾ ਲੈਣਾ ਦੇਣਾ, ਪੰਚਾਂ ਪਾਏ ਫੜ ਫੜ ਡੋਰਾ । ਰਸਨਾ ਕਿਸੇ ਨਾ ਸਕੇ ਕਹਿਣ, ਗੁਰ ਮੰਤਰ ਅੰਤਰ ਹੋਰਨ ਹੋਰਾ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਆਪੇ ਵੇਖੇ ਮੋਰਨ ਮੋਰਾ । ਕਾਇਆ ਜਾਮਾ ਜਗਤ ਜੁਦਾਈ, ਜੋਤ ਨਿਰੰਜਣ ਦਿਸ ਨਾ ਆਈਆ । ਸਤਿਗੁਰ ਸਾਵਣ ਇਕ ਕਰੀ ਕੁੜਮਾਈ, ਪ੍ਰਭ ਜੋਤੀ ਸ਼ਬਦ ਵਿਆਹੀਆ । ਦਰ ਮੰਦਰ ਅੰਦਰ ਵੱਜੀ ਵਧਾਈ, ਸਾਚੀ ਸੇਜਾ ਆਪ ਬਣਾਈਆ । ਰੰਗ ਰੰਗੀਲਾ ਸੂਹਾ ਪੀਲਾ ਲਾਲ ਕਾਲਾ ਨੀਲਾ ਕੰਚਨ ਕਾਇਆ ਸ਼ਬਦ ਸਵਾਇਆ । ਚਿੱਟਾ ਅਸਵ ਸਾਚਾ ਘੋੜਾ, ਜੋਤੀ ਜੋੜਾ ਅੰਤਮ ਬਹੁੜਾ, ਨੂਰੋ ਨੂਰੀ ਇਕ ਕਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਗਤ ਜਾਮਾ ਮਾਨਸ ਦੇਹੀ ਮੁਖ ਛੁਪਾਇਆ । ਹੋਏ ਸ਼ਬਦ ਉਜਿਆਰ, ਜਗਤ ਪਰਕਾਸ਼ਿਆ । ਮਿਲਿਆ ਮੇਲ ਪੁਰਖ ਭਤਾਰ, ਆਦਿ ਅੰਤ ਨਾ ਕਦੇ ਵਿਨਾਸਿਆ । ਸਾਚਾ ਨਾਤਾ ਮੀਤ ਮੁਰਾਰ, ਮਾਤ ਪਤਾਲ ਪ੍ਰਿਥਮੀ ਅਕਾਸਿਆ । ਦੋਹਾਂ ਸਾਂਝਾ ਇਕ ਪਿਆਰ, ਆਪੇ ਪੁਰਖ ਆਪੇ ਨਾਰ, ਆਪੇ ਘਟ ਘਟ ਰੱਖੇ ਵਾਸਿਆ । ਜੋਤ ਸਰੂਪੀ ਕਰ ਅਕਾਰ, ਸ਼ਬਦ ਸਰੂਪੀ ਦਏ ਹੁਲਾਰ, ਜਾਪ ਜਪਾਏ ਪਵਣ ਸਵਾਸਿਆ । ਗੁਪਤ ਬੈਠ ਸੱਚੀ ਸਰਕਾਰ, ਕਰੇ ਮਾਤ ਜਗਤ ਵਿਹਾਰ, ਹੋਏ ਜ਼ਾਹਰ ਪਤਤ ਉਧਾਰ, ਸਿੰਘ ਸਾਵਣ ਪਕੜੇ ਦਾਮਨ, ਮੇਟ ਮਿਟਾਏ ਕਾਮਨੀ ਕਾਮਨ, ਗੁਰਮੁਖਾਂ ਮਾਨਸ ਜਨਮ ਕਰੇ ਰਹਿਰਾਸਿਆ । ਚੌਥਾ ਘਰ ਚੌਥਾ ਪਦ, ਗੁਰ ਪੂਰੇ ਦਿਤੀ ਮਾਤ ਵਡਿਆਈ । ਅੰਦਰ ਮੰਦਰ ਸਾਚੇ ਸਦ, ਤ੍ਰੈਭਵਨ ਬੂਝ ਬੁਝਾਈ । ਅਵਣ ਗਵਣ ਮੇਟ ਮਿਟਾਈ । ਅੰਮ੍ਰਿਤ ਆਤਮ ਬਰਖੇ ਸਵਣ, ਗੁਰ ਪੂਰੇ ਦਇਆ ਕਮਾਈ । ਗੁਰ ਪੂਰੇ ਗੁਣ ਜਾਣੇ ਕਵਣ, ਨਾ ਕੋਇ ਬੂਝ ਬੁਝਾਈ । ਜੋਤੀ ਜੋਤ ਸਰੂਪ ਹਰਿ, ਸਿੰਘ ਸਿੰਘ ਸਿੰਘ ਬੱਗੇ, ਗੁਰ ਪੂਰੇ ਬੰਨ੍ਹੇ ਸ਼ਬਦ ਤੱਗੇ, ਆਪ ਹੋਏ ਪਿੱਛੇ ਅੱਗੇ, ਸਿਰ ਆਪਣਾ ਹੱਥ ਟਿਕਾਈ । ਅੱਗੇ ਪਿੱਛੇ ਆਪੇ ਹੋਇਆ । ਗੁਰ ਪੂਰਾ ਨਾ ਕਦੇ ਮੋਇਆ । ਦਿਵਸ ਰੈਣ ਨਾ ਜਗਤ ਸੋਇਆ ।

ਆਤਮ ਬੀਜ ਸਾਚਾ ਬੋਇਆ । ਤਨ ਮਨ ਸੀਜ ਭੇਵ ਚੁਕਾਇਆ ਏਕਾ ਦੋਆ । ਲੋਕਮਾਤ ਕਰਾਈ ਆਪ ਰੀਝ, ਅੰਮ੍ਰਿਤ ਆਤਮ ਮੁਖੜੇ ਚੋਇਆ । ਅੱਠੇ ਪਹਿਰ ਖੜਾ ਰਹੇ ਆਤਮ ਦਰ ਦਹਿਲੀਜ, ਸ਼ਬਦ ਰੱਖੇ ਸਾਚਾ ਢੋਇਆ । ਗੁਰ ਸਤਿਗੁਰ ਸਾਚਾ ਸਾਖਿਆਤ, ਅਠੇ ਪਹਿਰ ਰਖੇ ਇਕ ਪਰਭਾਤ, ਦਿਵਸ ਰੈਣ ਸਦ ਨਵਾਂ ਨਰੋਇਆ । ਸਤਮ ਸਪਤਮ ਸਤਿ ਪੁਰਖ ਮਨਾਇਆ । ਸਤਿ ਪੁਰਖ ਨਿਰੰਜਣ ਜੋਤ ਧਰ, ਆਪਣਾ ਦਰਸ ਦਿਖਾਇਆ । ਵਰਨ ਗੋਤ ਵੇਖ ਮਾਤ ਹਰਿ ਤਰਸ ਕਮਾਇਆ । ਜੋਤੀ ਜੋਤ ਸਰੂਪ ਹਰਿ, ਸਤਿਗੁਰ ਸਾਜਣ ਸਾਚਾ ਮੀਤ, ਆਪ ਆਪਣਾ ਨਾਉਂ ਰਖਾਇਆ । ਸਤਿਗੁਰ ਸਾਚਾ ਮੀਤ ਨਾਉਂ ਨਿਰੰਕਾਰਿਆ । ਹਰਿਜਨ ਆਤਮ ਬੰਨ੍ਹੇ ਪ੍ਰੀਤ, ਪਾਰਬ੍ਰਹਮ ਬ੍ਰਹਮ ਅਪਾਰਿਆ । ਏਕਾ ਰਾਗ ਸੁਣਾਏ ਗੀਤ, ਨੀਤ ਅਨੀਤ ਆਪ ਕਰਾ ਰਿਹਾ । ਜੋਤੀ ਨੂਰ ਜਗੰਦਾ, ਸੋਹੰ ਜਾਪ ਸਾਚਾ ਜਿੰਦਾ ਆਪ ਤੁੜਾ ਰਿਹਾ । ਮਨਮੁਖ ਭਾਗਾਂ ਮੰਦਾ, ਰੋਗ ਸੰਤਾਪ ਆਤਮ ਅੰਧਾ, ਜਨਮ ਗਵਾ ਰਿਹਾ । ਭਗਤ ਜਨਾਂ ਹਰਿ ਆਪੇ ਬਖ਼ਸ਼ਿੰਦਾ, ਜੁਗਤੀ ਭੁਗਤ ਮਾਤ ਲਿਖਾ ਰਿਹਾ । ਰਾਗਨ ਰਾਗ ਸੁਣਾਏ ਸੋਹੰ ਸੋ ਸਾਚਾ ਛੰਦਾ, ਲੱਖ ਚੁਰਾਸੀ ਫੰਦ ਕੱਟਾ ਰਿਹਾ । ਦੁਰਮਤ ਮੈਲ ਕਾਇਆ ਧੋ, ਇਕ ਉਪਜਾਏ ਪਰਮਾਨੰਦਾ, ਆਤਮ ਰਸ ਚਵਾ ਰਿਹਾ । ਭਰਮਾਂ ਢਾਹੇ ਝੂਠੀ ਕੰਧਾ, ਬੱਤੀ ਦੰਦਾਂ ਸ਼ਬਦ ਜਪਾ ਰਿਹਾ । ਤਨ ਮੰਦਰ ਧਾਮ ਇਕ ਸੁਹੰਦਾ, ਗੁਰ ਗੋਬਿੰਦਾ ਗੀਤ ਸੁਣਾ ਰਿਹਾ । ਸ਼ਬਦ ਸਰੂਪੀ ਚਾੜ੍ਹੇ ਚੰਦਾ, ਜੋਤ ਜਵਾਲਾ ਇਕ ਵਖਾ ਰਿਹਾ । ਜੋਤੀ ਜੋਤ ਸਰੂਪ ਹਰਿ, ਗੁਰਮੁਖ ਸਾਚੇ ਸੰਤ ਜਨਾਂ ਧਰਮ ਸ਼ਬਦ ਕਰ ਮਾਤ ਵਣਜਾਰੇ, ਮਾਇਆ ਮਮਤਾ ਮੋਹ ਚੁਕਾ ਰਿਹਾ । ਮਾਇਆ ਮਮਤਾ ਮੋਹ ਚੁਕਾਏ, ਆਤਮ ਤ੍ਰਿਸ਼ਨ ਬੁਝਾਈਆ । ਕਾਮ ਕਰੋਧ ਨਾ ਕੋਈ ਸਤਾਏ, ਵਿਸ਼ਨੂੰ ਬੰਸੀ ਆਪ ਬਣਾਈਆ । ਆਤਮ ਤੀਰਥ ਨਾਮ ਸੀਰਥ ਰਸਨਾ ਮੁਖ ਚੁਆਏ, ਜਗਤ ਤ੍ਰਿਸ਼ਨਾ ਆਪੇ ਦਏ ਮਿਟਾਈਆ । ਸ਼ਬਦ ਸਰੂਪੀ ਭੋਗ ਲਗਾਏ, ਜੋਤੀ ਜੋਤ ਸਰੂਪ ਹਰਿ, ਗੁਰਮੁਖ ਸਾਚੇ ਸੰਤ ਦੁਲਾਰੇ ਪੂਰਨ ਬ੍ਰਹਮ ਜਣਾਈਆ । ਪੂਰਨ ਬ੍ਰਹਮ ਜਣਾਈ, ਦਸਮ ਦਵਾਰਿਆ । ਗੁਰ ਚਰਨ ਸੱਚੀ ਸਰਨਾਈ, ਸਾਚਾ ਲੇਖ ਵਿਚ ਸੰਸਾਰਿਆ । ਘਰ ਵੱਜਦੀ ਰਹੇ ਵਧਾਈ, ਤਨ ਮੰਦਰ ਇਕ ਸੁਹਾ ਲਿਆ । ਸੋਹੰ ਸ਼ਬਦ ਹੋਈ ਕੁੜਮਾਈ, ਸੁਰਤ ਸਵਾਣੀ ਨਾਲ ਰਲਾ ਲਿਆ । ਮਨੂਆ ਦਹਿ ਦਿਸ਼ਾ ਦਏ ਦੁਹਾਈ, ਗੁਰ ਮੰਤਰ ਮੇਟ ਮਿਟਾ ਰਿਹਾ । ਪੰਚਾਂ ਮਸਤਕ ਲੱਗੀ ਛਾਹੀ, ਕਾਲਾ ਦਾਗ਼ ਨਾ ਕੋਈ ਧਵਾ ਲਿਆ । ਗੁਰਮੁਖਾਂ ਮਿਲਿਆ ਸਾਚਾ ਸੁਖ, ਸਾਚਾ ਰਾਹ ਵਖਾ ਲਿਆ । ਪਕੜ ਉਡਾਏ ਫੜ ਫੜ ਬਾਂਹੀ, ਲੋਕਮਾਤੀ ਗਲੇ ਲਗਾ ਲਿਆ । ਹੋਏ ਸਹਾਈ ਸਭਨੀਂ ਥਾਈਂ, ਦਿਵਸ ਰੈਣ ਸੇਵ ਕਮਾ ਲਿਆ । ਸਦ ਰੱਖੇ ਠੰਡੀਆਂ ਛਾਈਂ, ਸ਼ਬਦ ਵਿਚੋਲਾ ਆਪ ਬਣਾ ਲਿਆ । ਸਾਚਾ ਢੋਲ ਨਾਮ ਮਰਦੰਗਾ, ਤਨ ਮੰਦਰ ਅੰਦਰ ਵਜਿਆ । ਪੁਰਖ ਅਬਿਨਾਸ਼ੀ ਆਪੇ ਬਹੁੜਾ, ਡੂੰਘੀ ਕੰਦਰ ਸਚ ਦਵਾਰੇ ਆਪੇ ਵੱਸਿਆ । ਭਾਗ ਲਗਾਏ ਕਾਇਆ ਚੋਲਾ, ਆਤਮ ਤੋੜੇ ਵੱਜਾ ਜੰਦਰ, ਸੰਤ ਸੁਹੇਲੇ ਪੜਦਾ ਕਜਿਆ । ਜੋਤੀ ਜੋਤ ਸਰੂਪ ਹਰਿ, ਗੁਰਮੁਖ ਸਾਚੇ ਸੰਤ ਦੁਲਾਰੇ, ਮਿਲੇ ਮੇਲ ਕੰਤ ਭਤਾਰੇ, ਏਕਾ ਤਾਲ ਭਗਤ ਤਲਵਾੜਾ ਬਹੱਤਰ ਨਾੜਾਂ ਵਜਿਆ । ਵੱਜੇ ਤਾਲ ਤਾਲ ਤਾਲਾ । ਗੁਰਮੁਖ ਸਾਚਾ ਦਿਵਸ ਰੈਣ, ਗੁਰ ਚਰਨ ਪ੍ਰੀਤ ਰਹੇ ਬੇਹਾਲਾ । ਦਰਸ਼ਨ ਪੇਖੇ ਲੋਚਨ ਨੈਣ, ਫਲ ਲਗੇ ਕਾਇਆ ਡਾਲ੍ਹਾ । ਮਨ ਸੁਰਤੀ ਵਹੇ ਵਹਿੰਦੀ ਵਹਿਣ, ਅਕਾਲ ਮੂਰਤੀ ਹੋਏ ਰਖਵਾਲਾ । ਸ਼ਬਦ ਤੂਰਤ ਹੋਵੇ ਲਹਿਣ ਦੇਣ, ਦੀਪਕ ਜੋਤੀ ਇਕ ਜਵਾਲਾ । ਜੋਤੀ ਜੋਤ ਸਰੂਪ ਹਰਿ, ਗੁਰਮੁਖ ਸਾਚੇ ਸੰਤ ਦੁਲਾਰੇ, ਗੁਰ ਕਿਰਪਾ ਪਾਰ ਉਤਾਰੇ,

ਦੇਵੇ ਨਾਮ ਜਗਤ ਦਲਾਲਾ । ਜਗਤ ਦਲਾਲੀ ਕਰ ਵਣਜ ਕਰਾਇਆ । ਭਗਤ ਕਰੇ ਰਖਵਾਲੀ, ਸ਼ਬਦ ਜਣਾਇਆ । ਦਿਵਸ ਰੈਣ ਕਰੇ ਪ੍ਰਿਤਪਾਲੀ, ਭਰਮ ਮਿਟਾਇਆ । ਦੋ ਜਹਾਨਾਂ ਹੱਥਾਂ ਰੱਖੇ ਖਾਲੀ, ਧੰਨ ਅਨਮੁੱਲੜਾ ਇਕ ਰਖਾਇਆ । ਜੁਗਾ ਜੁਗੰਤਰ ਅਵੱਲੜੀ ਚਾਲੀ, ਹਰਿ ਜਨ ਸਾਚਾ ਚੰਨ ਚੜ੍ਹਾਇਆ । ਜੋਤੀ ਖੇਲ ਜਗਤ ਨਿਰਾਲੀ, ਗੁਰਮੁਖ ਬੇੜਾ ਬੰਨ੍ਹੇ ਲਾਇਆ । ਲੱਖ ਚੁਰਾਸੀ ਵਿਚੋਂ ਭਾਲੀ, ਪੰਚਾਂ ਝੇੜਾ ਰਿਹਾ ਚੁਕਾਇਆ । ਨੌਂ ਦਵਾਰੇ ਕਰੇ ਖਾਲੀ, ਦਸਵੇਂ ਸਾਚਾ ਰਾਹ ਵਖਾਇਆ । ਹੋਏ ਸੱਚਾ ਆਪੇ ਮਾਲੀ, ਸਾਚੀ ਰਿਹਾ ਸੇਵ ਕਮਾਇਆ । ਜੋਤੀ ਜੋਤ ਸਰੂਪ ਹਰਿ, ਗੁਰਮੁਖ ਸਾਚੇ ਸੰਤ ਦੁਲਾਰੇ, ਕਲਜੁਗ ਅੰਤਮ ਪਾਰ ਉਤਾਰੇ, ਪੰਝੀ ਪੋਹ ਦੁਰਮਤ ਮੈਲ ਧੋ, ਸ਼ਬਦ ਵਜਾਏ ਨਾਦ ਸੋਹੰ ਸੋ ਇਕ ਇੱਕ ਸਦ ਗਿਆਰਾਂ । ਪੰਝੀ ਪੋਹ ਪੰਚ ਪ੍ਰਧਾਨ । ਪੰਚਾਂ ਦੇਵੇ ਨਾਮ ਨਿਸ਼ਾਨ । ਸੋਹੰ ਅੱਖਰ ਜਗਤ ਵਖਰ, ਲੋਕਮਾਤ ਕਰੇ ਕਲਿਆਨ । ਨੇਤਰ ਨੀਰ ਵਰੋਲੇ ਅੱਥਰ, ਦੀਪਕ ਜੋਤੀ ਜਗੇ ਮਹਾਨ । ਲੱਖ ਚੁਰਾਸੀ ਲੱਭੇ ਸੱਥਰ, ਏਕਾ ਰਾਗ ਸੁਣਾਏ ਕਾਨ । ਜੋਤੀ ਜੋਤ ਸਰੂਪ ਹਰਿ, ਗੁਰਮੁਖ ਸਾਚੇ ਸੰਤ ਦੁਲਾਰੇ, ਕਰ ਕਿਰਪਾ ਪਾਰ ਉਤਾਰੇ ਸ਼ਬਦ ਸਰੂਪੀ ਹਰਿ ਵਡਾ ਸ਼ਾਹੋ ਭੂਪੀ ਦੇਵੇ ਸੱਚਾ ਬ੍ਰਹਮ ਗਿਆਨ । ਬ੍ਰਹਮ ਗਿਆਨੀ ਮਸਤਕ ਥੇਵਾ । ਚਤਰਭੁਜ ਹਰਿ ਨਿਸ਼ਾਨੀ, ਪਾਏ ਘਾਲ ਪੂਰਬ ਸੇਵਾ । ਪਰਗਟ ਹੋਏ ਵਡ ਦਾਤਾ ਦਾਨੀ । ਅੰਮ੍ਰਿਤ ਦੇਵੇ ਆਤਮ ਚਰਨ ਧੂੜ ਸੱਚਾ ਇਸ਼ਨਾਨੀ, ਲੇਖੇ ਲਾਏ ਰਸਨਾ ਜਿਹਵਾ । ਜੋਤੀ ਜੋਤ ਸਰੂਪ ਹਰਿ, ਗੁਰਮੁਖ ਸਾਚੇ ਪਾਰ ਉਤਾਰੇ, ਆਪ ਕਰਾਏ ਆਪਣੀ ਸੇਵਾ । ਇਕ ਚਰਨ ਇਕ ਪਿਆਰ । ਇਕ ਸਰਨ ਹਰਿ ਕਰਤਾਰ । ਇਕ ਤਰਨੀ ਸਾਚੀ ਤਰਨ ਵਿਚ ਸੰਸਾਰ । ਚੁੱਕੇ ਮਰਨ ਡਰਨ, ਭਵਜਲ ਉਤਰੇ ਪਾਰ । ਪੰਚਮ ਨਾਤਾ ਤੁਟੇ ਯਾਰ । ਪੰਚਮ ਮਿਲੇ ਮੀਤ ਮੁਰਾਰ । ਪੰਚਮ ਰੰਗ ਬਸੰਤੀ ਕੰਤੀ ਚੁੱਕੇ ਪੌੜਾ ਸ਼ਬਦ ਘੋੜਾ ਮਸਤਕ ਟਿੱਕਾ ਸੀਸ ਦਸਤਾਰ । ਧੁਰ ਦਰਗਾਹੀ ਏਕਾ ਸਿੱਕਾ, ਸਾਚਾ ਸ਼ਬਦ ਨਾਉਂ ਨਿੱਕਾ, ਲੇਖਾ ਲਿਖੇ ਅਪਰ ਅਪਾਰ । ਲੱਖ ਚੁਰਾਸੀ ਫ਼ਲ ਕਾਇਆ ਫਿਕਾ, ਕੋਇ ਨਾ ਪਾਵੇ ਅੰਤਮ ਸਾਰ । ਜੂਠ ਝੂਠ ਮਾਇਆ ਮਮਤਾ ਵਿਕਾ, ਅੰਤਮ ਵਹੇ ਵਹਿੰਦੀ ਧਾਰ । ਜਨ ਭਗਤਾਂ ਦੇਵੇ ਮਸਤਕ ਟਿਕਾ, ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰੇ ਕਰਾਏ ਜਗਤ ਭਗਤ ਵਿਹਾਰ । ਕਰੇ ਪਿਆਰ ਪੰਝੀ ਪੋਹ, ਭਗਤ ਮਾਤ ਵਡਿਆਈਆ । ਆਤਮ ਬੀਜ ਸਾਚਾ ਬੋ, ਕਾਇਆ ਹਰੀ ਕਿਆਰੀ ਆਪ ਕਰਾਈਆ । ਸ਼ਬਦ ਸਰੂਪੀ ਹੱਲ ਸਾਚਾ ਜੋ, ਸਾਚਾ ਬੀਜ ਇਕ ਬਿਜਾਈਆ । ਪੰਚਮ ਬੈਠੇ ਰਹੇ ਰੋ, ਦਿਵਸ ਰੈਣ ਦੇਣ ਦੁਹਾਈਆ । ਪੰਚਮ ਗਾਇਆ ਸੋਹੰ ਸੋ, ਆਤਮ ਵੱਜੀ ਵਧਾਈਆ । ਜਗਤ ਨਾਤਾ ਤੁੱਟੇ ਭਗਤ ਮੋਹ, ਭਗਤਾਂ ਰਿਹਾ ਸਮਾਈਆ । ਆਪੇ ਆਪ ਸਭ ਥਾਈਂ ਹੋ, ਆਪਣੀ ਰਚਨਾ ਰਿਹਾ ਰਚਾਈਆ । ਸਪਤਮ ਵਾਰ ਪ੍ਰਭ ਕਰ ਵਿਚਾਰ, ਦੀਪਕ ਖੰਡ ਪਾਏ ਸਾਰ, ਸਾਚੀ ਰਚਨ ਰਚਾਈਆ । ਜਿਸ ਜਨ ਗਾਇਆ ਪ੍ਰਭ ਚਰਨ ਧਿਆਨ ਲਗਾਇਆ ਸਵਾ ਪਹਿਰ, ਸ਼ਬਦ ਲਹਿਰ ਜਗਤ ਕਹਿਰ ਮਿਟਾਇਆ । ਨਾ ਕੋਈ ਜਾਣੇ ਗੁਣੀ ਗਿਆਨੀ ਗਾਵਤ ਸ਼ਾਇਰ, ਹਰਿ ਸਾਚੇ ਭੇਵ ਨਾ ਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ ਕਾਇਆ ਭਰਮ ਚੁਕਾਇਆ । ਸੋਹੰ ਸੋ ਸ਼ਬਦ ਗੁਣਵੰਤਾ । ਆਪੇ ਵੇਖੇ ਅੰਦਰ ਬਾਹਰ, ਹੋ ਪਤਤ ਪੁਨੀਤ ਪਤਿਵੰਤਾ । ਮਨਮੁਖ ਜੀਵ ਰਹੇ ਸੌਂ, ਭੇਵ ਨਾ ਰਾਇਆ ਆਦਿਨ ਅੰਤਾ । ਗੁਰ ਸ਼ਬਦ ਜਣਾਈ ਜਾਣੇ ਵਿਰਲਾ ਕੋ, ਤਨ ਵਡਿਆਈ ਆਦਿਨ ਅੰਤਾ । ਜੋਤੀ ਜੋਤ ਸਰੂਪ ਹਰਿ,


੪੧੬ ੦੫

ਆਪ ਆਪਣੀ ਜੋਤ ਧਰ, ਵੇਖੇ ਖੇਲ ਨੌਂ ਦਵਾਰੇ ਮੇਲ ਦਸਵੇਂ ਤੇਲ ਬੇਅੰਤ ਬੇਅੰਤ ਬੇਅੰਤਾ । ਸਪਤ ਸਪਤ ਸਪਤ ਵਾਰ ਸਤਿ ਪੁਰਖ ਨਿਰੰਜਣ ਜਿਸ ਜਨ ਗਾਇਆ ਏ । ਬ੍ਰਹਿਮੰਡ ਖੰਡ ਆਤਮ ਵੰਡ ਹੋਏ ਪਾਰ ਵਰਭੰਡ ਫੇਰ ਨਾ ਆਇਆ ਏ । ਨਾਰ ਦੁਹਾਗਣ ਹੋਈ ਰੰਡ, ਕੰਤ ਕੰਤੂਹਲਾ ਦਿਸ ਨਾ ਆਇਆ ਏ । ਮਨਮੁਖ ਜੀਵ ਰਹੇ ਘਮੰਡ, ਜੇਰਜ ਅੰਡ ਭੇਖ ਵਟਾਇਆ ਏ । ਜਨ ਭਗਤਾਂ ਕੀਨੀ ਸਾਚੀ ਵੰਡ, ਸਵਾ ਪਹਿਰ ਰਸਨਾ ਗਾਇਆ ਏ । ਕਲਜੁਗ ਔਧ ਗਈ ਹੰਢ, ਸਤਿਜੁਗ ਸਾਚੇ ਫੇਰਾ ਪਾਇਆ ਏ । ਪੁਰਖ ਅਬਿਨਾਸ਼ੀ ਸਾਚੀ ਵੰਡਾ ਰਿਹਾ ਵੰਡ, ਇਕ ਸਦ ਗਿਆਰਾਂ ਭੇਵ ਛੁਪਾਇਆ ਏ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਸਤਿ ਪੁਰਖ ਨਿਰੰਜਣ ਸਤਿ ਸਤਿਵਾਦੀ ਸਾਚਾ ਰਾਹ ਜਣਾਇਆ ਏ । ਜਪ ਤਪ ਅਭਿਆਸ ਨਾ ਕੋਈ ਜਣਾਇਆ । ਏਕਾ ਸ਼ਬਦ ਸੁਣਾਇਆ ਸੋਹੰ ਸੋ, ਅਕਾਸ਼ ਮਾਤ ਦਿਸ ਨਾ ਆਇਆ । ਗੁਰਮੁਖ ਆਤਮ ਰਹੇ ਪਰਕਾਸ਼, ਸੱਤ ਦਿਨ ਜਿਸ ਜਨ ਰਸਨਾ ਗਾਇਆ । ਇਕ ਇਕ ਲੇਖਾ ਇਕ ਸਦ ਗਿਆਰਾਂ, ਤ੍ਰੈ ਲੋਆਂ ਖੇਲ ਹਰਿ ਪਰਭਾਸ ਸੁਖ ਮੰਦਰ ਕਾਇਆ ਅੰਦਰ ਪ੍ਰਭ ਸਾਚੀ ਸੇਜ ਵਿਛਾਇਆ । ਆਪੇ ਬੈਠਾ ਮਾਰੀ ਜੰਦਰ ਅੰਧੇਰੀ ਕੰਦਰ ਅੰਧ ਘੋਰ ਚੋਰ ਦਿਸ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਭਾਣਾ ਆਪਣੇ ਹੱਥ ਰਖਾਇਆ । ਸੱਤ ਦਿਵਸ ਪ੍ਰਭ ਸ਼ਬਦ ਜਣਾਈ । ਗੁਰਮੁਖ ਸੰਤ ਵਰੋਲੇ, ਮਨਮੁਖਾਂ ਮਸਤਕ ਲੱਗੀ ਛਾਹੀ । ਕਾਇਆ ਸੁੱਤੇ ਝੂਠੇ ਡੋਲੇ, ਤੁੱਟਾ ਨਾਤਾ ਭੈਣਾਂ ਭਾਈ । ਪੁਰਖ ਅਬਿਨਾਸ਼ੀ ਵਸਿਆ ਕੋਲੇ, ਲੇਖਾ ਲਿਖੇ ਥਾਉਂ ਥਾਈਂ । ਨਾ ਕੋਈ ਵੇਖੇ ਪੜਦੇ ਉਹਲੇ, ਜੋਤੀ ਜੋਤ ਸਰੂਪ ਹਰਿ, ਪੰਝੀ ਪੋਹ ਖ਼ੁਸ਼ੀ ਮਨਾਈ । ਇਕ ਸਦ ਗਿਆਰਾਂ ਮਿਲੇ ਵਧਾਈ । ਪੰਚਮ ਮੇਲਾ ਬ੍ਰਹਮ ਪਾਰ ਪ੍ਰਭ ਦਏ ਮਿਲਾਈ । ਸਤਿ ਸਤਿਵਾਦੀ ਸਤਿ ਸਰੂਪ ਸਮਾਇਆ । ਸਤਿ ਸਤਿਵਾਦੀ ਸਤਿ ਸਰਬ ਉਪਾਇਆ । ਸਤਿ ਸਤਿਵਾਦੀ ਸਤਿ ਸਰਬ ਵੇਖਣ ਆਇਆ । ਸਤਿ ਸਤਿਵਾਦੀ ਸਤਿ ਸੱਤ ਅਕਾਸਾਂ ਵਿਚ ਰਹਾਇਆ । ਸਤਿ ਸਤਿਵਾਦੀ ਸਤਿ ਸਤ ਪਤਾਲਾਂ ਵਿਚ ਸਮਾਇਆ । ਸਤਿ ਸਤਿਵਾਦੀ ਸਤਿ ਸਤ ਮੰਡਲ ਰੰਗ ਰੰਗਾਇਆ । ਸਤਿ ਸਤਿਵਾਦੀ ਸਤਿ ਸਤ ਭੂਮਿਕਾ ਥਲ ਸੁਹਾਇਆ । ਸਤਿ ਸਤਿਵਾਦੀ ਸਤਿ ਸਤ ਸਾਗਰ ਵੇਖ ਵਖਾਇਆ । ਸਤਿ ਸਤਿਵਾਦੀ ਸਤਿ ਸਤਿ ਪੁਰਖ ਨਿਰੰਜਣ ਜੋਤ ਜਗਾਇਆ । ਸਤਿ ਸਤਿਵਾਦੀ ਸਤਿ ਜੋਤੀ ਸ਼ਬਦੀ ਪਰਗਟ ਹੋ ਹੋ ਆਇਆ । ਸਤਿ ਸਤਿਵਾਦੀ ਸਤਿ ਓਅੰਕਾਰਾ ਦੇਸ ਸੁਹਾਇਆ । ਸਤਿ ਸਤਿਵਾਦੀ ਸਤਿ ਨਿਗਮ ਅਗੰਮ ਸੁਨ ਅਗੰਮੀ ਪਾਰ ਕਰਾਇਆ । ਸਤਿ ਸਤਿਵਾਦੀ ਸਤਿ ਸਾਂਤਕ ਸਤਿ ਸਮਾਇਆ । ਸਤਿ ਸਤਿਵਾਦੀ ਸਤਿ ਸਤੋ ਗੁਣ ਲਏ ਉਪਜਾਇਆ । ਸਤਿ ਸਤਿਵਾਦੀ ਸਤਿ ਜੋਤੀ ਜੋਤ ਇਕ ਅਖਵਾਇਆ । ਸਤਿ ਸਤਿਵਾਦੀ ਸਤਿ ਸ਼ਬਦ ਧਾਰਾ ਬਾਹਰ ਕਢਾਇਆ । ਸਤਿ ਸਤਿਵਾਦੀ ਸਤਿ ਸੁਨ ਅਗੰਮਾ ਇਕ ਅਕਾਲ ਮੂਰਤ ਜੋਤ ਨਿਰੰਜਣ ਸਾਚੀ ਮਾਤ ਬਣਾਇਆ । ਸਤਿ ਸਤਿਵਾਦੀ ਸਤਿ ਆਪੇ ਜਾਣੇ ਸਾਚਾ ਮਜਨ, ਸ਼ਬਦ ਸਰੂਪੀ ਸਾਚਾ ਸੱਜਣ ਸ਼ਬਦੀ ਸਤਿ ਚਲਾਇਆ । ਸਤਿ ਸਤਿਵਾਦੀ ਸਤਿ ਵਿਜੋਗਣ ਬਣਾਏ ਸਤਿ ਰਾਜਸ ਰਿਹਾ ਖੇਲ ਰਚਾਇਆ । ਸਤਿ ਸਤਿਵਾਦੀ ਸਤਿ ਦੁਰਮਤ ਖੋਟੀ ਤਾਮਸ ਉਪਜੀ ਰਤ, ਵੇਖੇ ਖੇਲ ਧਰਤ ਮਾਤ ਮਹੱਤ, ਤ੍ਰੈਗੁਣ ਮਾਇਆ ਏਕਾ ਮੀਤ ਪੁਰਖ ਅਬਿਨਾਸ਼ੀ ਵੇਖੇ ਹਟ, ਆਪ ਅਕਾਲੀ ਜੋਤੀ ਰਤ, ਨਾਭੀ ਕਵਲ ਫੁੱਲ ਖਿੜਾਇਆ । ਸਤਿ ਸਤਿਵਾਦੀ ਸਤਿ ਪੰਚਾਂ ਅੱਠਾਂ ਆਤਮ ਠੱਗ, ਤ੍ਰਿਸਨਾ ਦੇਵੇ ਸਾਚੀ ਮਤ, ਸਾਂਤਕ ਸਤਿ ਸਰੂਪ ਬਣਾਇਆ । ਸਤਿ ਸਤਿਵਾਦੀ ਸਤਿ ਬੀਜ ਬੀਜੇ ਸਾਚੇ ਵੱਤ, ਜੋਤੀ ਜੋਤ ਸਰੂਪ ਹਰਿ, ਇਕ ਬ੍ਰਹਮਾ

ਘਰ ਸਾਚੇ ਜਨਮਾ, ਆਪੇ ਆਪ ਉਪਾਇਆ । ਸਤਿ ਸਤਿਵਾਦੀ ਸਤਿ ਸਾਚੀ ਸਿਖਿਆ ਆਤਮ ਭਿੱਖਿਆ ਸ਼ਬਦ ਵਿਚੋਲਾ ਬਣਿਆ ਗੋਲਾ, ਕਾਇਆ ਮੰਦਰ ਸੁਣਾਏ ਮਰਦੰਗਾ ਰਾਗ ਢੋਲ ਤੋਲ ਅਤੋਲਾ ਸ਼ਬਦ ਅਮੋਲਾ ਅੱਠੇ ਪਹਿਰ ਚਲਾਇਆ । ਸਤਿ ਸਤਿਵਾਦੀ ਸਤਿ ਚਾਰ ਮੁਖ ਦਹਿ ਦਿਸ਼ ਵੇਖ ਪੰਜ ਸੀਸ ਖੇਲ ਹਰਿ ਜਗਦੀਸ, ਨਾ ਕੋਈ ਭੇਵ ਰਾਗ ਛਤੀਸ, ਏਕਾ ਰੰਗਣ ਕਾਇਆ ਅੰਗਣ ਵਿਚ ਚੜ੍ਹਾਇਆ । ਸਤਿ ਸਤਿਵਾਦੀ ਸਤਿ ਆਪੇ ਦੇ ਸਮਝਾਵੇ ਮਤ, ਤ੍ਰੈਗੁਣ ਸਾਚਾ ਦੇਵੇ ਤੱਤ, ਨਿਰਗੁਣ ਖੇਲ ਅਪਾਰੀ, ਪ੍ਰਭ ਸਾਚੇ ਕਿਰਪਾ ਧਾਰੀ, ਸ਼ਬਦ ਵੱਜੀ ਤੇਜ ਕਟਾਰੀ, ਸੋਹੰ ਸਾਚੀ ਧਾਰ ਰਖਾਇਆ । ਸ੍ਰਿਸ਼ਟ ਸਬਾਈ ਹਰਤਾ ਕਰਤਾ ਆਦਿ ਪੁਰਖ ਅਪਰੰਪਰ ਸਵਾਮੀ ਏਕਾ ਸ਼ਬਦ ਬ੍ਰਹਮੇ ਆਤਮ ਨਾ ਕੋਈ ਜਾਣੇ ਧਰਮ ਸਨਾਤਮ ਆਪਣਾ ਇਕ ਧਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣਾ ਵੇਸ ਕਰ, ਏਕਾ ਰੰਗ ਰੰਗਾਨ ਧੁਰ ਦਰਗਾਹੀ ਢੋਆ ਕਾਇਆ ਮੰਦਰ ਆਪ ਸੁਹਾਇਆ । ਸੁਣਿਆ ਰਾਗ ਘਰ ਸਾਚਾ ਪਾਇਆ । ਆਤਮ ਘਰ ਲਿਆ ਲਾਧ, ਏਕਾ ਦੂਜਾ ਜਗਤ ਗਵਾਇਆ । ਸ਼ਬਦ ਜੰਜ਼ੀਰੀ ਲਿਆ ਬਾਂਧ, ਮਨ ਤਨ ਵਸ ਕਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅੰਤਮ ਵੇਖ ਦਰ, ਆਦਿ ਅੰਤ ਅੰਤ ਆਦਿ ਦੋਹਾਂ ਵਿਚੋਲਾ ਆਪ ਅਖਵਾਇਆ । ਦੋਹਾਂ ਵਿਚੋਲਾ ਆਪ ਹਰਿ ਗਿਰਧਾਰਿਆ । ਸ਼ਬਦ ਸੁਣਾਏ ਸਾਚਾ ਢੋਲਾ, ਜਗਤ ਸਬਾਇਆ । ਸਤਿਜੁਗ ਬਣਾਏ ਨਾਮ ਚੋਲਾ, ਸਾਚੀ ਰੰਗਣ ਆਪ ਚੜ੍ਹਾਇਆ । ਕਲਜੁਗ ਕਾਲਾ ਹੋਇਆ ਗੋਲਾ, ਦਰ ਦਰ ਮੰਗੇ ਭੇਖਾਧਾਰੀ ਆਤਮ ਪੜਦਾ ਦੇਵੇ ਫੋਲਾ, ਗੁਰਮੁਖ ਵਿਰਲਾ ਨਜ਼ਰੀ ਆਇਆ । ਏਕਾ ਬਣਿਆ ਸਾਚਾ ਤੋਲਾ, ਸੋਹੰ ਕੰਡਾ ਨਾਲ ਲਿਆਇਆ । ਧੁਰ ਦਰਗਾਹੀ ਸ਼ਬਦ ਵਿਚੋਲਾ, ਸੋਹੰ ਸੋਹਲਾ ਮਾਤ ਸੁਣਾਇਆ । ਮਨਮੁਖ ਜੀਵਾਂ ਕੱਢੇ ਪੋਲਾ, ਵੇਲੇ ਅੰਤ ਦਏ ਸਜਾਇਆ । ਗੁਰਮੁਖਾਂ ਕਾਇਆ ਮੰਦਰ ਅੰਦਰ ਵਸੇ ਕੋਲਾ, ਦੁਰਮਤ ਮੈਲ ਧੋ ਧੋ ਸਾਂਤਕ ਸਾਂਤ ਕਰਾਇਆ । ਨੌਂ ਦਵਾਰੇ ਹੋ ਹੋ ਆਸਾ ਤ੍ਰਿਸਨਾ ਦਏ ਮਿਟਾਇਆ । ਆਤਮ ਘਰ ਬੀਜ ਸਾਚਾ ਬੋ ਬੋ, ਪਾਰਬ੍ਰਹਮ ਬ੍ਰਹਮ ਮੇਲ ਮਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਸ਼ਬਦ ਧਰਤ ਮਾਤ ਚਲਾਇਆ । ਸ਼ਬਦ ਚਲਾਇਆ ਮਾਤ, ਭਗਤ ਵਡਿਆਈਆ । ਧੁਰ ਦਰਗਾਹੀ ਸਾਚੀ ਦਾਤ, ਪ੍ਰਭ ਸਾਚੇ ਝੋਲੀ ਪਾਈਆ । ਆਪੇ ਬੈਠਾ ਰਹੇ ਇਕਾਂਤ, ਦਿਸ ਕਿਸੇ ਨਾ ਆਈਆ । ਵੇਖ ਵਖਾਣੇ ਮਾਰ ਝਾਤ, ਧਰਤ ਮਾਤ ਖ਼ੁਸ਼ੀ ਮਨਾਈਆ । ਗੁਰਮੁਖਾਂ ਵੇਲੇ ਅੰਤਮ ਪੁਛਣ ਆਇਆ ਵਾਤ, ਸਾਚਾ ਰਾਹ ਰਿਹਾ ਵਖਾਈਆ । ਉਨੀਂ ਅੱਸੂ ਦਿਵਸ ਰਾਤ, ਸ਼ਬਦ ਸਰੂਪੀ ਜਗਤ ਬਰਾਤ ਲੋਕਮਾਤ ਪ੍ਰਭ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੋਹੰ ਸੋ ਸਾਚਾ ਜਾਪ ਜਪਾਈਆ । ਸੋਹੰ ਸੋ ਸਤਿਗੁਰ ਉਪਾਇਆ, ਸਾਚੀ ਬਣਤ ਬਣਾਈਆ । ਜੁਗੋ ਜੁਗ ਕਿਸੇ ਹੱਥ ਨਾ ਆਇਆ, ਦਰ ਦਰ ਦੇਣ ਦੁਹਾਈਆ । ਸਰਬ ਕਲਾ ਸਮਰਥ, ਨੇਤਰ ਪੇਖ ਸਾਚੀ ਜੋਤ ਜਗਾਈਆ । ਗੁਰਮੁਖ ਸਾਚੇ ਮਾਤ ਜਗਾਇਆ, ਫੜ ਫੜ ਬਾਹੋਂ ਰਾਹੇ ਪਾਇਆ, ਏਕਾ ਰਾਹ ਸਚ ਵਖਾਈਆ । ਉਚ ਅਟੱਲਾ ਨਜ਼ਰੀ ਆਇਆ, ਜਲ ਥਲਾਂ ਵਿਚ ਸਮਾਇਆ, ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਸਤਿ ਦਵਾਰ ਕਰ ਵਿਚਾਰ, ਗੁਰਮੁਖ ਪਾਰ ਉਤਾਰੇ, ਸਾਚਾ ਜਨਮ ਕਾਜ ਸਵਾਰੇ ਆਪ ਆਪਣੀ ਕਿਰਪਾ ਧਾਰ । ਪਹਿਲੇ ਦਰ ਮਾਤ ਵਡਿਆਈ । ਦੂਜੀ ਖੋਲ੍ਹੇ ਸਾਚੀ ਧਾਰ, ਤ੍ਰੈ ਤ੍ਰੈ ਲੋਕ ਭਗਤ ਜਸ ਗਾਈ । ਤੀਜੇ ਸੁਣੇ ਹਰਿ ਪੁਕਾਰ, ਕਰੋੜ ਤੇਤੀਸਾ ਦਇਆ ਕਮਾਈ । ਚੌਥੇ ਘੋੜ ਸ਼ਬਦ ਅਸਵਾਰ, ਸ਼ਿਵ ਸ਼ੰਕਰ ਦਰਸ ਦਿਖਾਈ ।

ਪੰਚਮ ਬੈਠ ਸੱਚੀ ਸਰਕਾਰ, ਬਹ੍ਮਾ ਲੇਖਾ ਰਿਹਾ ਚੁਕਾਈ । ਛੇਵੇਂ ਜੋਤੀ ਕਰ ਅਕਾਰ, ਸ਼ਬਦ ਧੁਨ ਮੁਖ ਛੁਪਾਈ । ਸਤਵੇਂ ਪੁਰਖ ਅਪਰ ਅਪਾਰ, ਧਰਮ ਮਾਤ ਦਏ ਵਡਿਆਈ । ਪੰਚਾਂ ਕਰ ਤਿਆਰ, ਭੂਸ਼ਨ ਲਾਲ ਤਨ ਪਹਿਨਾਈ । ਸੀਸ ਧਰ ਸ਼ਬਦ ਦਸਤਾਰ, ਦੂਸਰ ਕਿਸੇ ਹੱਥ ਨਾ ਆਈ । ਪੰਝੀ ਪੋਹ ਭਗਤ ਵਿਹਾਰ, ਕਰੇ ਜਗਤ ਕੁੜਮਾਈ । ਨੌਂ ਪੋਹ ਸ਼ਬਦ ਅਧਾਰ, ਸੁਨ ਅਗੰਮੀ ਰਿਹਾ ਸਮਾਈ । ਤੇਈ ਮੱਘਰ ਕਰ ਪਸਾਰ, ਬ੍ਰਹਮਾ ਦੇ ਮਤ ਰਿਹਾ ਸਮਝਾਈ । ਸਤਿ ਸਤਿਵਾਦੀ ਸੱਤ ਮੱਘਰ ਹੋ ਤਿਆਰ, ਬਾਸ਼ਕ ਤਸ਼ਕਾ ਮੇਲ ਮਿਲਾਈ । ਇੱਕੀ ਕੱਤਕ ਕਰਮ ਵਿਚਾਰ, ਸੁਰਪਤ ਰਾਜਾ ਇੰਦ ਬਾਹਰ ਕਰਾਈ । ਪੰਚਮ ਕੱਤਕ ਪ੍ਰਭ ਪਾਏ ਸਾਰ, ਬੀਸ ਇਕੀਸਾ ਕਰੋੜ ਤੇਤੀਸਾ ਲੋਕਮਾਤ ਜਨਮ ਦਵਾਈ । ਉਨੀ ਅੱਸੂ ਦਰ ਦਵਾਰ, ਗੁਰਮੁਖਾਂ ਮੰਗੇ ਬਣ ਭਿਖਾਰ, ਅੰਮ੍ਰਿਤ ਧਾਰਾ ਠੰਡਾ ਸੀਰ ਸ਼ਬਦ ਸੀਰਾ ਜਗਤ ਵਹੀਰਾ ਆਪੇ ਆਪ ਕਰਾਈ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਇਕ ਸੌ ਗਿਆਰਾਂ, ਸੱਤ ਸੱਤ ਵਾਰਾਂ ਨੌਵਾਂ ਸੱਤਾਂ ਪਾਰ ਕਿਨਾਰਾ, ਗੁਰਮੁਖ ਵਿਰਲੇ ਸ਼ਬਦ ਅਧਾਰਾ, ਰਸਨਾ ਗਾਇਆ ਪੁਰਖ ਅਪਾਰਾ । ਸੋਹੰ ਸੋ ਅਨਹਦ ਧਾਰਾ ਮੇਟ ਮਿਟਾਏ ਧੁੰਦੂਕਾਰਾ । ਜਗਤ ਤ੍ਰਿਸ਼ਨਾ ਨਾਤਾ ਤੁਟੇ ਮੋਹ । ਸਤਿਗੁਰ ਪੂਰਾ ਜਾਣੀਏ, ਬ੍ਰਹਿਮੰਡ ਖੋਜ ਖੁਜਾਏ । ਸਤਿਗੁਰ ਪੂਰਾ ਜਾਣੀਏ, ਏਕਾ ਨਾਮ ਵੰਡ ਵੰਡਾਏ । ਸਤਿਗੁਰ ਪੂਰਾ ਜਾਣੀਏ, ਜੇਰਜ ਅੰਡ ਪਾਰ ਕਰਾਏ । ਸਤਿਗੁਰ ਪੂਰਾ ਜਾਣੀਏ, ਨੌਂ ਖੰਡ ਦੇਵੇ ਕੰਡ ਪਾਏ ਵੰਡ, ਗੁਰਮੁਖ ਸਾਚਾ ਪਾਰ ਉਤਾਰੀਏ । ਜੋਤੀ ਜੋਤ ਸਰੂਪ ਹਰਿ, ਸਤਿਗੁਰ ਸਾਚਾ ਏਕ ਹੈ, ਸੰਤ ਅਸੰਤਾ ਜਗਤ ਵਖਾਈਏ । ਸਤਿਗੁਰ ਸਾਚਾ ਸ਼ਾਹ ਸੁਲਤਾਨ, ਏਕਾ ਜੋਤ ਅਗੰਮਿਆ । ਗੁਰੂਆਂ ਪੀਰਾਂ ਦੇਵੇ ਦਾਨ, ਨਾ ਮਰੇ ਨਾ ਕਦੇ ਜੰਮਿਆ । ਨਰ ਹਰਿ ਪੁਰਖ ਚਤੁਰ ਸੁਜਾਨ, ਜੋਤ ਸਰੂਪੀ ਨਿਗਹਬਾਨ, ਪਵਣ ਸਵਾਸੀ ਪੰਜ ਤੱਤ ਨਾ ਲਏ ਦਮਿਆ । ਆਪ ਆਪਣੀ ਕਰ ਪਰਕਾਸ਼ੀ, ਬ੍ਰਹਿਮੰਡ ਖੰਡ ਵੰਡ ਨਿਵਾਸੀ ਗੁਰ ਦਰ ਮਹੱਲ ਅਟੱਲ ਅਚਲ ਆਪੇ ਵੱਸਿਆ । ਜੋਤੀ ਜੋਤ ਸਰੂਪ ਹਰਿ, ਗੁਰ ਸਤਿਗੁਰ ਸਾਚਾ ਸਤਿ ਭੂਮਿਕਾ ਥਾਮਣ ਥੰਮ੍ਹਿਆ । ਏਕਾ ਏਕ ਪੁਰਖ ਅਬਿਨਾਸ਼ਾ, ਏਕਾ ਇਕ ਅਕੱਲਾ ਏ । ਸ੍ਰਿਸ਼ਟ ਸਬਾਈ ਆਪੇ ਮਵਲਾ, ਆਪੇ ਵੇਖੇ ਦਰ ਦਵਾਰ ਖੁਲ੍ਹਾ ਏ । ਸੱਤਾਂ ਨੌਵਾਂ ਏਕਾ ਦੇਵੇ ਨਾਮ ਭੱਲਾ, ਪੰਜਾਂ ਚੋਰਾਂ ਪਾਏ ਤਰਥੱਲਾ, ਸ਼ਬਦ ਸੁਨੇਹੜਾ ਜਿਸ ਜਨ ਘੱਲਾ ਏ । ਕਿਰਪਾ ਕਰ ਕਾਇਆ ਮੰਦਰ ਅੰਦਰ ਲੇਖਾ ਸਤ ਨੌਂ ਦਵਾਰ ਹਰਿ ਜੀ ਮੱਲਾ ਏ । ਜੋਤੀ ਜੋਤ ਸਰੂਪ ਹਰਿ, ਗੁਰਮੁਖ ਸਾਚੇ ਮਾਤ ਉਪਜਾਏ, ਆਪ ਆਪਣੀ ਜੋਤ ਜਗਾਏ, ਸ਼ਬਦ ਸਰੂਪੀ ਖੇਲ ਖੇਲਾ ਏ । ਹੁਕਮ ਸੁਣਾਏ ਸਤਿਗੁਰ ਸਾਖੀ ਸਾਖਿਆਤ, ਘਰ ਸਚ ਬਲੋਇਆ । ਦੂਜੀ ਦਿਸ਼ਾ ਨਾ ਕੋਈ ਭਾਖਿਆਤ, ਤ੍ਰੈ ਲੋਆਂ ਸੋਇਆ । ਦਿਵਸ ਰੈਣ ਅਠੇ ਪਹਿਰ ਜਾਗਿਆਤ, ਨਾ ਜਨਮੇ ਨਾ ਕਦੇ ਮੋਇਆ । ਹਰਿ ਸੰਤ ਸੁਹੇਲਾ ਲੋਕਮਾਤ ਏਕਾ ਏਕ ਪਾਰਜ਼ਾਤ, ਸ਼ਬਦ ਮੇਲੇ ਧੁਰ ਦਰਗਾਹੀ ਸਾਚਾ ਢੋਇਆ । ਮੇਟ ਮਿਟਾਏ ਅੰਧੇਰੀ ਰਾਤ, ਦਰਸ ਦਿਖਾਏ ਇਕ ਇਕਾਂਤ, ਅੰਮ੍ਰਿਤ ਦੇਵੇ ਬੂੰਦ ਸਵਾਂਤ, ਨਿਝਰ ਝਿਰਨਾ ਅੰਮ੍ਰਿਤ ਚੋਇਆ । ਆਤਮ ਵੇਖੇ ਮਾਰ ਝਾਤ, ਸੰਤ ਦਾਤ ਗੁਰ ਸੰਤ ਸਤਿਗੁਰ ਸਾਚੇ ਅੱਗੇ ਕਰੇ ਨਿੱਤ ਅਰਜ਼ੋਇਆ । ਜੋਤੀ ਜੋਤ ਸਰੂਪ ਹਰਿ, ਆਤਮ ਵੇਖੇ ਸਚ ਘਰ, ਸਿੰਘ ਦੇਵਾ ਸਤਿਗੁਰ ਪੂਰਾ ਅੱਜੇ ਮਾਤ ਨਾ ਹੋਇਆ । ਮੁਕਤ ਜੁਗਤ ਗੁਰ ਹੱਥ, ਦਇਆ ਕਮਾਈਆ । ਜਿਸ ਮਿਲਿਆ ਮੇਲ ਸਮਰਥ, ਕਿਉਂ ਰੋਵੇ ਦਏ ਦੁਹਾਈਆ । ਆਪੇ ਰਖੇ ਦੇ ਕਰ ਹੱਥ, ਆਵਣ ਜਾਵਣ ਗੇੜ ਕਟਾਈਆ । ਸਗਲ ਵਸੂਰੇ ਗਏ ਲੱਥ, ਗੁਰ ਪੂਰੇ ਦਰਸ਼ਨ ਪਾਈਆ । ਧਰਮ

੪੧੯
੦੫

ਰਾਏ ਨਾ ਪਾਏ ਨੱਥ, ਲੇਖਾ ਚੁੱਕੇ ਸਾਢੇ ਤਿੰਨ ਹੱਥ, ਮਾਤ ਗਰਭ ਫੰਦ ਕਟਾਈਆ । ਸ਼ਬਦ ਚੜ੍ਹਾਏ ਸਾਚੇ ਰਥ, ਪੰਚਮ ਜੋੜਾ ਇਕ ਜੁੜਾਈਆ । ਗੁਰ ਪੂਰੇ ਦਿਤੀ ਨਾਮ ਵਥ, ਆਤਮ ਜਿਹਵਾ ਰਿਹਾ ਜਪਾਇਆ । ਗੁਰ ਪੂਰਾ ਗੁਰਮੁਖਾਂ ਪਿੱਛੇ ਅੱਗੇ ਸ਼ਬਦ ਘੋੜਾ ਦੁੜਾਇਆ । ਸਾਂਤਕ ਸਤਿ ਗੁਰ ਦਵਾਰ ਸਤਿ ਗੁਣ ਪਾਇਆ । ਸਤੋਗੁਣ ਤੱਤ ਵਿਚਾਰ, ਕਾਇਆ ਮੰਦਰ ਸਜਾਇਆ । ਭਾਂਡਾ ਭਰਮਾਂ ਭਰਮ ਨਿਵਾਰ, ਆਤਮ ਅੰਧ ਅਗਿਆਨ ਗਵਾਇਆ । ਮਾਨਸ ਦੇਹੀ ਜਨਮ ਸਵਾਰ, ਸਚ ਸਰਨਾਈ ਕੱਲ ਬਹਾਇਆ । ਗੁਰ ਪੂਰੇ ਚਰਨੀ ਚਰਨ ਪਿਆਰ, ਹਾਜ਼ਰ ਹਜ਼ੂਰੇ ਸੇਵ ਕਮਾਇਆ । ਫੜ ਫੜ ਬਾਹੋਂ ਲਾਏ ਪਾਰ, ਕਿਰਤੀ ਕਿਰਤ ਜਨ ਸੇਵ ਕਮਾਇਆ । ਦੇਵੇ ਭਗਤ ਹੁਦਾਰ, ਧਰਨੀ ਧਰਨ ਆਪ ਅਖਵਾਇਆ । ਮਿਲਿਆ ਮੇਲ ਪੁਰਖ ਭਤਾਰ, ਨਾਰ ਸੁਹਾਗਣ ਗੁਰਮੁਖ ਸਾਚਾ ਕੰਤ ਹੰਢਾਇਆ । ਮਾਨਸ ਦੇਹੀ ਪੈਜ ਸਵਾਰ, ਲੱਖ ਚੁਰਾਸੀ ਉਤਰੇ ਪਾਰ, ਗੁਰ ਪੂਰੇ ਸੰਤ ਭਗਵੰਤ ਸਾਚੀ ਦਇਆ ਕਮਾਇਆ । ਜੋਤੀ ਜੋਤ ਸਰੂਪ ਹਰਿ, ਏਕਾ ਰੰਗਨ ਰੰਗ ਚੜ੍ਹਾਇਆ । ਮੁਕਤ ਜਗਤ ਦਰ ਮੰਗਣ, ਦੂਈ ਦਵੈਤੀ ਭਉ ਚੁਕਾਇਆ । ਸਾਚਾ ਸ਼ਬਦ ਦੇਵੇ ਮੁਕਤੀ ਭਗਤ, ਦੋ ਜਹਾਨਾਂ ਪਾਵੇ ਸਾਰਿਆ । ਲੇਖੇ ਲਾਏ ਬੂੰਦ ਰਕਤ, ਪਾਵੇ ਸਾਰ ਵੇਲੇ ਵਕਤ ਨਾ ਹੋਏ ਕਦੇ ਖੁਆਰਿਆ । ਮਿਲੇ ਵਡਿਆਈ ਉਪਰ ਧਵਲ ਜਗਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਸਾਚਾ ਕਾਜ ਰਚਾਰਿਆ । ਮੁਕਤ ਦਵਾਰਾ ਏਕ ਜਗਤ ਗੁਰ ਪੂਰਿਆ । ਦੂਸਰ ਨਾਹੀ ਕੋਇ ਥਾਉਂ, ਆਸਾ ਮਨਸਾ ਹਰਿ ਜੀ ਪੂਰਿਆ । ਵੇਖ ਵਖਾਣੇ ਥਾਉਂ ਥਾਈਂ, ਹਰਿ ਭਗਤ ਸੁਹੇਲਾ ਹਾਜ਼ਰ ਹਜ਼ੂਰਿਆ । ਜਾਣੇ ਭੇਵ ਵਡ ਦੇਵੀ ਦੇਵ, ਅਗੰਮ ਅਗੰਮ ਬੇਪਰਵਾਹੋ, ਹਰਿਜਨ ਕੀਨੀ ਗੁਰ ਪੂਰੇ ਸੇਵ, ਦਮਾ ਦਮ ਜਪੇ ਕਾਇਆ ਫ਼ਲ ਲਗੇ ਸਾਚਾ ਮੇਵ, ਅੰਮ੍ਰਿਤ ਆਤਮ ਫ਼ਲ ਖਵਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦੇਵੇ ਸ਼ਬਦ ਵਰ, ਦਰਗਾਹ ਸਾਚੀ ਏਕਾ ਏਕ ਵਖਾ ਰਿਹਾ । ਜਗਤ ਵਣਜ ਅਪਾਰ ਭਗਤ ਕਰੰਨਿਆ । ਗੁਰ ਪੂਰਾ ਦੇਵੇ ਕਰ ਪਿਆਰ, ਲੋਕਮਾਤ ਨਾ ਲਾਏ ਕੋਈ ਸੰਨ੍ਹਿਆ । ਰੱਖੇ ਕਾਇਆ ਮਹੱਲ ਮੁਨਾਰ, ਦਸਮ ਦਵਾਰੀ ਖੋਲ੍ਹ ਕਿਵਾੜ, ਨਾ ਕੋਈ ਦੀਸੇ ਛੱਪਰ ਛੰਨਿਆ । ਤੱਤੀ ਵਾ ਨਾ ਲੱਗੇ ਹਾੜ, ਗੋਲਾ ਤੀਰ ਨਾ ਵੱਜੇ ਕਾੜ ਕਾੜ, ਕਲਜੁਗ ਮਾਇਆ ਅਗਨੀ ਨਾ ਦੇਵੇ ਸਾੜ, ਹਰਿਜਨ ਬੇੜਾ ਆਪੇ ਬੰਨ੍ਹਿਆ । ਦਰ ਦਵਾਰੇ ਏਕਾ ਵਾੜ, ਮਗਰੋਂ ਲਾਹੇ ਝੂਠੀ ਧਾੜ, ਆਪ ਸਜਾਏ ਗੁਰਮੁਖ ਬਣਾਏ ਸਾਚਾ ਲਾੜ, ਸ਼ਬਦ ਸੀਸ ਸਿਹਰਾ ਬੰਨ੍ਹਿਆ । ਆਪੇ ਹੋਏ ਪਿਛੇ ਅਗਾੜ, ਅੰਦਰ ਬਾਹਰ ਗੁਪਤ ਜਾਹਰ, ਨਿਹਕਲੰਕ ਕੌਸਤਕ ਮਨੀ ਨਾਮ ਤਿਲਕ ਹੋਏ ਪਰਕਾਸ਼ ਕੋਟਨ ਕੋਟ ਸੂਰਜ ਚੰਨ ਸਿਤਾਰ ਰਵ ਸੱਸ ਚੰਨ ਚੰਨਿਆ । ਜਿਸ ਜਨ ਕਿਰਪਾ ਕਰੇ ਅਪਾਰ । ਦੇਵੇ ਸ਼ਬਦ ਨਾਮ ਅਧਾਰ । ਫੜ ਫੜ ਬਾਹੋਂ ਦੇਵੇ ਤਾਰ । ਹਰਿਜਨ ਸਾਚਾ ਤਨ ਸ਼ਬਦ ਸ਼ਿੰਗਾਰ । ਸੋਲਾਂ ਕਲੀਆਂ ਵਲੀਆ ਛਲੀਆ ਵਿਚ ਸੰਸਾਰ । ਜੋਤੀ ਜੋਤ ਸਰੂਪ ਹਰਿ, ਗੁਰਮੁਖ ਆਤਮ ਵੇਖ ਦਰ ਮੇਲ ਮਿਲਾਏ ਜੋਤ ਨਿਰੰਜਣ ਸ਼ਬਦ ਸਰੂਪੀ ਕਰ ਵਿਚਾਰ । ਸ਼ਬਦ ਵਿਚੋਲਾ ਵਿਚ ਜਹਾਨਾਂ, ਮਿਲੇ ਮੇਲ ਸ੍ਰੀ ਭਗਵਾਨਾ, ਆਵਣ ਜਾਵਣ ਫੰਦ ਕਟਾਇਆ । ਗੁਰ ਪੂਰਾ ਹੱਥੀਂ ਬੰਨ੍ਹੇ ਗਾਨਾ, ਗੁਰਮੁਖ ਸਾਚਾ ਸੁਹਣਾ ਲਾੜਾ ਸਾਚੇ ਖਾਰੇ ਆਪ ਚੜ੍ਹਾਇਆ । ਆਪੇ ਬਣਿਆ ਜਾਣੀ ਜਾਣਾ, ਗੁਰ ਪੂਰਾ ਸਾਚਾ ਸ਼ਬਦ ਸੀਸ ਤਾਜ ਟਿਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੋਹੰ ਰਾਗ ਧੋਏ ਕਾਇਆ ਦਾਗ਼, ਸਵਾਣੀ ਸੁਰਤੀ ਜਾਏ ਜਾਗ, ਗੁਰ ਪੂਰਾ ਹੱਥ ਪਕੜੇ ਵਾਗ,


੪੨੦ ੦੫

ਮਾਇਆ ਡੱਸਣੀ ਨਾ ਡੱਸੇ ਨਾਗ, ਹੰਸ ਬਣਾਏ ਕਾਗ, ਸਰ ਸਰੋਵਰ ਇਕ ਇਸ਼ਨਾਨ ਕਰਾ ਰਿਹਾ । ਸੋਹੰ ਸੋ ਅਜਪਾ ਜਾਪ ਆਪ ਕਰਾਏ, ਤੂੰ ਮੈਂ ਮੈਂ ਤੂੰ ਭੇਵ ਚੁਕਾ ਰਿਹਾ । ਧੰਨ ਕਮਾਈ ਸੰਤ ਜਨ, ਹਰਿ ਰਸਨਾ ਗਾਇਆ । ਧੰਨ ਕਮਾਈ ਭਗਤ ਜਨ, ਆਤਮ ਅੰਤਰ ਅੰਤ ਧਿਆਨ ਲਗਾਇਆ । ਦੋਹਾਂ ਵਧਾਈ ਇਕ ਦਰ, ਘਰ ਸਾਚੇ ਮੰਗਲ ਗਾਇਆ । ਜਗਤ ਜੁਦਾਈ ਚੁਕੇ ਡਰ, ਭਾਂਡਾ ਭਰਮ ਭੰਨਾਇਆ । ਦਰਗਾਹ ਸਾਚੀ ਨਾਮ ਵਰ, ਗੁਰ ਪੂਰਾ ਮਾਤ ਪਾਇਆ । ਮਾਨਸ ਦੇਹੀ ਨਾ ਜਾਏ ਹਰਿ, ਕਾਇਆ ਚੋਲੇ ਭਾਗ ਲਗਾਇਆ । ਜੋਤੀ ਜੋਤ ਸਰੂਪ ਹਰਿ, ਨਾ ਕੋਈ ਜਾਣੇ ਨਾਰੀ ਨਰ, ਬਿਰਧਾਂ ਬਾਲ ਜਵਾਨਾਂ ਏਕਾ ਰੰਗ ਸਮਾਇਆ । ਏਕਾ ਰੰਗ ਸਮਾਏ ਰੰਗ ਚਲੂਲਿਆ । ਜੋਤ ਸਰੂਪੀ ਖੇਲ ਰਚਾਏ, ਹਰਿ ਰਘੁਰਾਏ ਦੂਲੋ ਦੂਲ੍ਹਿਆ । ਸ਼ਬਦ ਜਣਾਏ ਸ੍ਰਿਸ਼ਟ ਸਬਾਏ, ਸਾਚੇ ਸੰਤਾਂ ਕੰਤ ਕੰਤੂਹਲਿਆ । ਜੋਤੀ ਜੋਤ ਸਰੂਪ ਹਰਿ, ਗੁਰ ਸੰਗਤ ਦੇਵੇ ਨਾਮ ਵਰ, ਸ਼ਬਦ ਭੰਡਾਰਾ ਆਤਮ ਘਰ, ਆਪ ਚੁਕਾਏ ਲਹਿਣਾ ਦੇਣਾ ਅਗਲਾ ਪਿਛਲਾ ਮੂਲਿਆ । ਗੁਰ ਸੰਗਤ ਲਹਿਣਾ ਲੈਣਾ ਮਾਤ, ਲੋਕਮਾਤ ਮਿਲੇ ਵਡਿਆਈਆ । ਪੁਰਖ ਅਬਿਨਾਸ਼ੀ ਦੇਣਾ ਦੀਆ ਮਾਤ, ਮਾਰ ਝਾਤ ਸਾਚੀ ਭਿੱਛਿਆ ਇਕ ਰਖਾਈ । ਕਲਜੁਗ ਰੈਣ ਅੰਧੇਰੀ ਰਾਤ, ਗੁਰਸਿਖ ਕਿਸੇ ਹੱਥ ਨਾ ਆਈਆ । ਜਨ ਭਗਤਾਂ ਦੇਵੇ ਸਾਚੀ ਦਾਤ, ਆਤਮ ਝੋਲੀ ਰਿਹਾ ਭਰਾਈਆ । ਪੰਚਾਂ ਬਣੀ ਜਗਤ ਬਰਾਤ, ਮਨ ਲਾੜਾ ਲਿਆ ਸਜਾਈਆ । ਸੁਰਤੀ ਪੁਛੇ ਨਾ ਕੋਈ ਵਾਤ, ਗੁਰ ਸ਼ਬਦ ਦਿਸ ਨਾ ਆਈਆ । ਕੋਈ ਨਾ ਰੱਖੇ ਅੰਤਮ ਪਾਤ, ਪਤਵੰਤੀ ਦਏ ਦੁਹਾਈਆ । ਗੁਰ ਸ਼ਬਦ ਸਾਚਾ ਸਾਖਿਆਤ, ਸੁਰਤੀ ਲਏ ਜਗਾਈਆ । ਸੁਰਤੀ ਸੁਰਤ ਦਿਵਸ ਰਾਤ, ਸ਼ਬਦ ਪੱਲੂ ਲੱੜ ਫੜਾਈਆ । ਆਪੇ ਵੇਖੇ ਮਾਰ ਝਾਤ, ਸਾਚਾ ਨਾਤਾ ਚਰਨ ਜੁੜਾਈਆ । ਅੰਦਰ ਮੰਦਰ ਪੁਛੇ ਵਾਤ, ਪਹਿਰੇਦਾਰ ਆਪ ਹੋ ਜਾਈਆ । ਨਾਤਾ ਤੁਟੇ ਭੈਣ ਭਰਾਤ, ਕਮਲਾਪਾਤ ਨਜ਼ਰੀ ਆਈਆ । ਜੂਠੀ ਝੂਠੀ ਛਡ ਜਮਾਤ, ਨਾ ਕੋਈ ਵੇਖੇ ਸੰਝ ਸਵੇਰਾ, ਨਾ ਦਿਵਸ ਨਾ ਪਰਭਾਤ, ਏਕਾ ਰੰਗ ਸਮਾਈਆ । ਨਾ ਕੋਈ ਪਿਤਾ ਨਾ ਕੋਈ ਮਾਤ, ਨਾ ਕੋਈ ਦਿਵਸ ਰਾਤ, ਬੈਠਾ ਰਹੇ ਇਕ ਇਕਾਂਤ, ਜੋਤ ਨਿਰੰਜਣ ਡਗਮਗਾਈਆ । ਅੰਮ੍ਰਿਤ ਦੇਵੇ ਬੂੰਦ ਸਵਾਂਤ, ਜੋਤੀ ਜੋਤ ਸਰੂਪ ਹਰਿ, ਸ਼ਬਦ ਸਿੰਘਾਸਣ ਇਕ ਬਣਾਈਆ । ਕਾਇਆ ਮੰਦਰ ਅੰਦਰ ਡਾਹਿਆ । ਚਾਰ ਦਿਵਾਰ ਨਾ ਕੋਈ ਰਖਾਇਆ । ਹੱਡ ਮਾਸ ਨਾੜੀ ਰਤ ਕਾਲੀ ਛਤ ਬੰਦ ਕਰਾਇਆ । ਇਕ ਦਰਵਾਜ਼ਾ ਗਰੀਬ ਨਿਵਾਜ਼ਾ, ਆਪ ਆਪਣਾ ਆਪੇ ਸਾਜਾ, ਦੂਸਰ ਕਿਸੇ ਦਿਸ ਨਾ ਆਇਆ । ਵੱਜੇ ਨਾਦ ਅਨਾਹਦ ਵਾਜਾ, ਭਗਤ ਜਨਾਂ ਦੀ ਰੱਖੇ ਲਾਜਾ, ਸਚ ਸਿੰਘਾਸਣ ਹਰਿ ਹਰਿ ਬੈਠਾ ਭਗਤ ਜਨਾਂ ਨੂੰ ਮਾਰੇ ਵਾਜ਼ਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚ ਮਹੱਲ ਉਚੇ ਅਟੱਲ ਜਨ ਭਗਤ ਸਵਾਰੇ ਤੇਰਾ ਕਾਜਾ । ਜਨ ਭਗਤ ਸਵਾਰੇ ਕਾਜ ਦਸਮ ਦਵਾਰਿਆ । ਨੌਂ ਦਵਾਰੇ ਖੋਲ੍ਹੇ ਪਾਜ, ਲੱਖ ਚੁਰਾਸੀ ਦੇਵੇ ਦਾਜ, ਕਲਜੁਗ ਤੇਰੀ ਅੰਤਮ ਵਾਰਿਆ । ਚਾਰੋਂ ਕੁੰਟਾਂ ਹੋਏ ਭਾਜ, ਅੱਠ ਸੱਠ ਤੀਰਥ ਗਈ ਲਾਜ, ਲੱਥੇ ਤਾਜ ਰਾਜੇ ਰਾਣਿਆ । ਨਾ ਕੋਈ ਮੱਕਾ ਕਾਅਬਾ ਹਾਜਨ ਹਾਜ, ਦੋ ਦੋਆਬਾ ਹੋਏ ਮਾਹਤਾਬਾ, ਪੁੰਨ ਸਵਾਬਾ ਆਪ ਚੁਕਾ ਰਿਹਾ । ਸ਼ਬਦ ਘੋੜੇ ਚਰਨ ਦੇ ਰਕਾਬਾ । ਜੋਤੀ ਜੋੜਾ ਜੁੜੇ ਸ਼ਬਦ ਜ਼ਨਾਬਾ । ਜਨ ਭਗਤਾਂ ਵਜਾਏ ਕਾਇਆ ਤਨ ਰਬਾਬਾ, ਏਕਾ ਰਾਗ ਸੁਣਾ ਰਿਹਾ । ਲਹਿਣਾ ਦੇਣਾ ਆਪ ਚੁਕਾਏ, ਲੇਖਾ ਲਿਖੇ ਹਿਸਾਬਾ । ਸ਼ਬਦ ਗਹਿਣਾ ਤਨ ਪਹਿਨਾਏ, ਗੁਰਮੁਖ ਸਾਚੇ ਜਾਇਣ ਜਾਗਾ । ਦਰਸ ਦਿਖਾਏ ਤੀਜੇ ਨੈਣਾਂ, ਸੁਰਤੀ ਪਕੜੇ ਹੱਥ ਆਪਣੇ


੪੨੧
੦੫

ਵਾਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਸੰਗਤ ਧੋਵਣ ਆਇਆ ਕਲਜੁਗ ਤੇਰੇ ਦਾਗ਼ਾ । ਕਲਜੁਗ ਧੋਏ ਕਾਲੇ ਦਾਗ਼, ਦੁਰਮਤ ਮੈਲ ਗਵਾਈਆ । ਪ੍ਰਭ ਮਿਲਿਆ ਕੰਤ ਸੁਹਾਗ, ਸਾਚੀ ਨਾਰੀ ਖ਼ੁਸ਼ੀ ਮਨਾਈਆ । ਹੋਏ ਵਡ ਵਡਭਾਗ, ਗੁਰ ਸੰਗਤ ਮੇਲਾ ਭੈਣਾਂ ਭਾਈਆ । ਗੁਰਮੁਖ ਹੰਸ ਬਣਦੇ ਕਾਗ, ਗੁਰ ਚਰਨ ਪ੍ਰੀਤ ਸਰ ਸਰੋਵਰ ਇਕ ਇਸ਼ਨਾਨ ਕਰਾਈਆ । ਜਗਤ ਬੁਝੇ ਤ੍ਰਿਸ਼ਨਾ ਆਗ, ਸ਼ਬਦ ਬੰਨ੍ਹੇ ਤਨ ਸਾਚਾ ਤਾਗ, ਸਾਚੀ ਸਿਖਿਆ ਦਰ ਸਾਚੇ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਸੰਗਤ ਤੇਰੀ ਕਰਨ ਆਇਆ ਮਾਤ ਕੁੜਮਾਈਆ । ਗੁਰਮੁਖ ਵਰਨਾ ਇਕ ਨਾਉਂ । ਧੁਰ ਦਰਗਾਹੀ ਲੇਖਾ, ਸਦਾ ਸੁਹੇਲਾ ਦੇਵੇ ਠੰਡੀ ਛਾਂਓ । ਮਸਤਕ ਲਾਏ ਸਾਚੀ ਮੇਖਾ, ਗੁਰਸਿਖ ਗੁਰ ਪੂਰੇ ਸਦ ਬਲ ਬਲ ਜਾਓ । ਹੰਸ ਬਣਾਏ ਕਾਉਂ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜਾਮਾ ਭੇਖ ਧਰ, ਪਾਰ ਕਰਾਏ ਫੜ ਫੜ ਬਾਹੋਂ ।

### ★ ੯ ਪੋਹ ੨੦੧੨ ਮਾਤਾ ਬਿਸ਼ਨ ਕੌਰ ਦੇ ਗ੍ਰਿਹਿ ਹਰਿ ਭਗਤ ਦਵਾਰ ਜੇਠੂਵਾਲ ★

ਕਲਜੁਗ ਠੱਗਣ ਆਇਆ, ਸਭ ਜਗ ਠੱਗਿਆ । ਕਲਜੁਗ ਠੱਗਣ ਆਇਆ, ਜੂਠ ਝੂਠ ਫਿਰੇ ਪਿੱਛੇ ਅੱਗਿਆ । ਕਲਜੁਗ ਠੱਗਣ ਆਇਆ, ਮਨਮੁਖਾਂ ਪਕੜ ਪਛਾੜੇ, ਫੜ ਫੜ ਸ਼ਾਹ ਰਗਿਆ । ਕਲਜੁਗ ਠੱਗਣ ਆਇਆ, ਗੁਰਸਿਖ ਵਿਰਲਾ ਸਰਨ ਸਰਨਾਈ ਲਗਿਆ । ਕਲਜੁਗ ਠੱਗਣ ਆਇਆ ਰੇ ਠੱਗ ਬਵਰੀ, ਸੁਰਤ ਅੰਵਾਣੀ ਬਾਲੀ । ਨੈਣ ਵਿਹੂਣੀ ਰੋਏ ਕਾਇਆ ਕਵਰੀ, ਦੀਪਕ ਜਗੇ ਨਾ ਮਸਤਕ ਬਾਲੀ । ਮਾਨਸ ਦੇਹੀ ਮਾਤ ਨਾ ਸਵਰੀ, ਫ਼ਲ ਲੱਗਾ ਨਾ ਕਾਇਆ ਡਾਲ੍ਹੀ । ਗੁਰ ਚਰਨ ਪ੍ਰੀਤੀ ਗਹਿਰ ਗਵਰੀ, ਜਗਤ ਅਵੱਲੜੀ ਚਾਲੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਕਰੇ ਦਲਾਲੀ । ਹਰਿ ਭਗਤ ਦਲਾਲੀ, ਦਰ ਘਰ ਸੱਚਿਆ । ਦੇਵੇ ਦਾਤ ਸੱਚਾ ਧਨ ਮਾਲੀ, ਵੇਖ ਵਖਾਣੇ ਕਾਇਆ ਭਾਂਡਾ ਕੱਚਿਆ । ਮਾਰੇ ਸ਼ਬਦ ਸਚ ਉਛਾਲ, ਗੁਰਮੁਖ ਵਿਰਲੇ ਮਾਤ ਪਚਿਆ । ਇਕ ਸੁਹਾਏ ਸਾਚਾ ਤਾਲ, ਪੰਚਮ ਯਾਰ ਨਾ ਝੂਠਾ ਨੱਚਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੱਖ ਚੁਰਾਸੀ ਵੇਖੇ ਦਰ, ਹਰਿਜਨ ਵਿਰਲਾ ਮਾਤ ਬਚਿਆ । ਲੱਖ ਚੁਰਾਸੀ ਰੋਏ ਦਏ ਦੁਹਾਈਆ । ਗੂੜ੍ਹੀ ਨੀਂਦ ਕੋਈ ਨਾ ਸੋਏ, ਆਤਮ ਘਰ ਸੁਖ ਨਾ ਰਾਈਆ । ਨਾ ਜਨਮੇ ਨਾ ਦੀਸਨ ਮੋਏ, ਨਾਰ ਦੁਹਾਗਣ ਰਹੀ ਕੁਰਲਾਈਆ । ਆਤਮ ਬੀਜ ਗੁਰਮੁਖ ਸਾਚਾ ਮਾਤ ਬੋਏ, ਸਾਚਾ ਫ਼ਲ ਸਾਚੇ ਮਾਹੀਆ । ਨਿੱਝਰ ਧਾਰਾ ਹਰਿਜਨ ਚੋਏ, ਕਟੇ ਕਟਾਏ ਜਮ ਕੀ ਫਾਹੀਆ । ਸੋਹੰ ਸੋ ਜਗਾਏ ਸੋਏ, ਲੱਖ ਚੁਰਾਸੀ ਭੇਵ ਨਾ ਰਾਈਆ । ਨੌਂ ਦਵਾਰੇ ਸਬਰ ਹੋਏ, ਅੱਬਰ ਦਸਵੇਂ ਇਕ ਵਖਾਈਆ । ਪੱਥਰ ਪਾੜ ਦੋ ਫਾੜਾ ਹੋਏ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੋਹ ਨੌਂ ਦਿਹਾੜਾ ਸ਼ਬਦ ਅਖਾੜਾ ਪਾਰਬ੍ਰਹਮ ਬ੍ਰਹਮ ਹੋਏ । ਸ਼ਬਦ ਅਖਾੜਾ ਪਾਰਬ੍ਰਹਮ ਬ੍ਰਹਮ ਕਰੇ ਤਿਆਰੀ । ਪੰਚਮ ਧਾੜਾ ਲਾਹੇ ਚੰਮ, ਸ਼ਬਦ ਕਰੇ ਅਸਵਾਰੀ । ਜਗਤ ਵਿਕਾਰੀ ਲੈਣ ਨਾ ਦੇਵੇ ਦਮ, ਮਾਰੇ ਤੇਜ ਕਟਾਰੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਪੈਜ ਸਵਾਰੀ । ਹਰਿ ਜਨ ਸਾਚੇ ਪੈਜ ਸਵਾਰ, ਗੁਰ ਮੰਤਰ

ਸ਼ਬਦ ਜਣਾਇਆ । ਗੁਰ ਸ਼ਬਦ ਜਗਤ ਅਪਾਰ, ਗੁਰਮੁਖ ਵਿਰਲੇ ਆਤਮ ਪਾਇਆ । ਗੁਰਮੁਖ ਆਤਮ ਤਨ ਸ਼ਿੰਗਾਰ, ਪ੍ਰਭ ਸਾਚੇ ਨਾਮ ਕਰਾਇਆ । ਸਾਚਾ ਨਾਮ ਜਗਤ ਵਣਜ ਵਪਾਰ, ਲਹਿਣਾ ਦੇਣਾ ਮਾਤ ਚੁਕਾਇਆ । ਲਹਿਣਾ ਦੇਣਾ ਕਰਮ ਵਿਚਾਰ, ਹਰਿ ਕਰਤੇ ਖੇਲ ਰਚਾਇਆ । ਸਾਚਾ ਮੇਲ ਸੱਚੀ ਸਰਕਾਰ, ਮਾਨਸ ਦੇਹੀ ਲੇਖੇ ਲਾਇਆ । ਮਾਨਸ ਦੇਹੀ ਭਰਮ ਨਿਵਾਰ, ਭਾਂਡਾ ਭਰਮ ਭੰਨਾਇਆ । ਗੜ੍ਹ ਤੋੜ ਕਿਲ੍ਹਾ ਹੰਕਾਰ, ਉਪਰ ਚੜ੍ਹ ਡੰਕ ਵਜਾਇਆ । ਆਪੇ ਵੇਖੇ ਅੰਦਰ ਬਾਹਰ, ਰਾਓ ਰੰਕ ਰਾਜਾਨ ਸ਼ਾਹ ਸੁਲਤਾਨ ਰਿਹਾ ਸੁਣਾਇਆ । ਸ਼ਾਹ ਸੁਲਤਾਨ ਸ਼ਬਦ ਦੀਬਾਣ, ਮੋਹ ਜੰਜ਼ਾਲਾ ਜਗਤ ਵਧਾਇਆ । ਜਗਤ ਜੰਜ਼ਾਲਾ ਝੂਠੀ ਖਾਣ, ਵੇਲੇ ਅੰਤ ਨਾ ਕੋਇ ਸਹਾਇਆ । ਵੇਲੇ ਅੰਤ ਸਰਬ ਪਛਤਾਣ, ਨਾ ਹੋਏ ਕੋਈ ਸਹਾਇਆ । ਗੁਰਮੁਖ ਸਾਚੇ ਖ਼ੁਸ਼ੀ ਮਨਾਣ, ਗੁਰ ਪੂਰਾ ਨਜ਼ਰੀ ਆਇਆ । ਨਜ਼ਰੀ ਨਜ਼ਰ ਕਰੇ ਧਿਆਨ, ਸ਼ਬਦ ਬਿਬਾਣਾ ਇਕ ਵਖਾਇਆ । ਸ਼ਬਦ ਉਡਾਏ ਜਗਤ ਉਡਾਨ, ਤ੍ਰੈ ਲੋਆਂ ਪਾਰ ਕਰਾਇਆ । ਤ੍ਰੈ ਲੋਆਂ ਨਾਮ ਨਿਸ਼ਾਨ, ਬ੍ਰਹਿਮੰਡੀ ਵੰਡ ਵੰਡਾਇਆ । ਚਤਰਭੁਜ ਭਗਵਾਨ, ਨੌਂ ਖੰਡਾਂ ਸਹਿਜ ਸਮਾਇਆ । ਨੌਂ ਖੰਡਾਂ ਇਕ ਗਿਆਨ, ਗੁਰ ਡੰਡਾ ਸ਼ਬਦ ਫੜਾਇਆ । ਸ਼ਬਦ ਡੰਡਾ ਜਗਤ ਬਲਵਾਨ, ਆਤਮ ਰੰਡਾ ਸਰਬ ਕਰਾਇਆ । ਜੇਰਜ ਅੰਡੀ ਮਾਰ ਧਿਆਨ, ਵਰਭੰਡੀ ਡੇਰਾ ਲਾਇਆ । ਵਰਭੰਡ ਵੇਖ ਵਖਾਣੇ ਪਖੰਡ ਝੂਠ ਨਿਸ਼ਾਨ, ਚਾਰੋਂ ਕੁੰਟ ਫਿਰੇ ਹਲਕਾਇਆ । ਚਾਰੋਂ ਕੁੰਟਾਂ ਕਰ ਧਿਆਨ, ਸੋਹੰ ਅੱਖਰ ਇਕ ਪੜ੍ਹਾਇਆ । ਜਗਤ ਵੱਖਰ ਨਾਮ ਨਿਧਾਨ, ਸੋ ਸਾਚਾ ਨਾਲ ਰਲਾਇਆ । ਸੋ ਪੁਰਖ ਨਿਰੰਜਣ ਬ੍ਰਹਮ ਗਿਆਨ, ਆਤਮ ਦਰਸ ਦਿਖਾਇਆ । ਆਤਮ ਦਰਸ ਤੀਰ ਨਿਸ਼ਾਨ, ਬਜਰ ਕਪਾਟੀ ਚੀਰ ਵਖਾਇਆ । ਜੋਤੀ ਜੋਤ ਸਰੂਪ ਹਰਿ, ਸ਼ਬਦ ਸਰੂਪੀ ਕਰ ਧਿਆਨ ਚਰਨ ਦਵਾਰੇ ਸਾਚੀ ਹਾਟੀ ਸਾਚਾ ਹੱਟ ਖੁਲ੍ਹਾਇਆ । ਖੁਲ੍ਹੇ ਸਾਚਾ ਹਟ, ਹਟ ਹਟਵਾਣਿਆ । ਸੋਹੰ ਅੱਖਰ ਸਾਚਾ ਪਟ, ਭਗਤ ਭਗਵਾਨਿਆ । ਕਲਜੁਗ ਮੇਟਣ ਆਇਆ ਫੱਟ, ਦੇਵੇ ਧੰਨ ਜੀਆ ਦਾਨਿਆ । ਲੇਖਾ ਚੁੱਕੇ ਅੱਠ ਸੱਠ ਸੱਠ ਅੱਠ ਰਹਿਣ ਨਾ ਪਾਣਿਆ । ਦਰ ਘਰ ਸਾਚੇ ਨਾਮ ਇਕੱਠ, ਰੰਗਣ ਰੰਗੇ ਹਰਿ ਹਰਿ ਭਗਵਾਨਿਆ । ਸੋਹੰ ਸ਼ਬਦ ਤੇਰੀ ਚੱਠ ਕਰੇ ਹਰਿ, ਹਰਿ ਵਾਲੀ ਦੋ ਜਹਾਨਿਆ । ਜੂਠੇ ਝੂਠੇ ਮੰਡਪ ਗਏ ਢੱਠ, ਖਾਲੀ ਹੋਏ ਖਜ਼ਾਨਿਆ । ਆਪ ਗਿੜਾਏ ਉਲਟੀ ਲੱਠ, ਨਾ ਕੋਈ ਜਾਣੇ ਸ਼ਾਹ ਦੁਰਾਨੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦੇਵੇ ਜਗਤ ਵਰ, ਸੋਹੰ ਸੋ ਗੁਣਵੰਤ ਗੁਣ ਨਿਧਾਨਿਆ । ਸੋਹੰ ਸੋ ਸਾਚਾ ਪੌੜਾ, ਸਤਿ ਪੁਰਖ ਨਿਰੰਜਣ ਲਾਇਆ । ਨਾ ਕੋਈ ਜਾਣੇ ਲੰਮਾ ਚੌੜਾ, ਭੇਵ ਕਿਸੇ ਨਾ ਆਇਆ । ਆਪੇ ਵੇਖੇ ਰਸ ਮਿੱਠਾ ਕੌੜਾ, ਰਸਨਾ ਰਸ ਰਸਨ ਰਸਨ ਰਸਕ ਰਸ ਪਾਇਆ । ਉਚ ਮਹੱਲੇ ਵਸਿਆ ਬ੍ਰਹਿਮਣ ਗੌੜਾ, ਦਿਸ ਕਿਸੇ ਨਾ ਆਇਆ । ਹਰਿ ਜਗਤ ਕੁੜਮਾਈ, ਸ਼ਬਦ ਰਚਾਇਆ ਕਾਜ । ਗੁਰਮੁਖਾਂ ਆਤਮ ਇਕ ਪਰਨਾਈ, ਸੋਹੰ ਨਾਲ ਬਣਾਇਆ ਦਾਜ । ਦਸਵੇਂ ਘਰ ਵੱਜੀ ਵਧਾਈ, ਅਨਹਦ ਵੱਜੇ ਸਾਚਾ ਸਾਜ । ਜੋਤ ਸੁਹਾਗਣ ਵੇਖਣ ਆਈ, ਘਰ ਸਾਚੇ ਮੰਦਰ ਰੱਖੇ ਲਾਜ । ਨਾਮ ਵੈਰਾਗਣ ਪਕੜ ਉਠਾਏ, ਇਕ ਲਗਾਈ ਸਾਚੀ ਅਵਾਜ਼ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲ ਰਚਾਇਆ ਦੇਸ ਮਾਝ । ਸ਼ਬਦ ਰਚਾਇਆ ਕਾਜ, ਸਈਆਂ ਮੰਗਲ ਬੋਲਿਆ । ਧੁਰ ਦਰਗਾਹੀ ਮਿਲੇ ਸੱਚਾ ਰਾਜ, ਸੋਹੰ ਗਾਇਆ ਸੱਚਾ ਢੋਲਿਆ । ਦੋ ਜਹਾਨੀ ਏਕਾ ਤਾਜ, ਲਾਲ ਅਮੋਲਾ ਇਕ ਵਰੋਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਭਗਤ ਬਣਾਇਆ ਨਾਮ ਸੱਚਾ

੪੨੪ ੦੫

ਗੋਲਿਆ । ਸ਼ਬਦ ਕਾਜ ਅਪਾਰ, ਦਿਸ ਨਾ ਆਇਆ । ਪੁਰਖ ਬਿਧਾਤੀ ਸਾਚੀ ਧਾਰ, ਲੋਕਮਾਤੀ ਹਿਸਾ ਵੰਡਾਇਆ । ਸਾਚਾ ਨਾਤੀ ਜੋਤ ਅਧਾਰ, ਕਮਲਾਪਾਤੀ ਕਰਮ ਕਮਾਇਆ । ਦੀਪਕ ਬਾਤੀ ਇਕ ਉਜਿਆਰ, ਅੰਧੇਰੀ ਰਾਤੀ ਸੋਹੰ ਚੰਦ ਚੜ੍ਹਾਇਆ । ਲੇਖ ਲਾਇਆ ਮਸਤਕ ਮਾਥੀ, ਪ੍ਰੇਮ ਹਾਥੀ ਇਕ ਮੰਗਾਇਆ । ਆਪੇ ਬਣਿਆ ਸੱਚਾ ਸਾਥੀ, ਸਾਚਾ ਲਾੜਾ ਸ਼ਬਦ ਬਣਾਇਆ । ਕਰੇ ਖੇਲ ਤ੍ਰੈਲੋਕੀ ਨਾਥੀ, ਭਗਤ ਅਖਾੜਾ ਨਾਲ ਰਖਾਇਆ । ਜਗਤ ਚਲਾਏ ਕਥਾ ਅਕਥਨਾ ਕਾਥੀ, ਦਿਨ ਦਿਹਾੜਾ ਭੇਵ ਛੁਪਾਇਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਏਕਾ ਬੰਕ ਦਵਾਰ ਲੋਕਮਾਤ ਵਡਿਆਇਆ । ਗੁਰ ਆਤਮ ਸਚ ਸਵਾਣੀ, ਸ਼ਬਦ ਲਾੜੇ ਮਾਤ ਪਰਨਾਈਆ । ਦਿਵਸ ਰੈਣ ਦੋਏ ਨੈਣ ਭਰਦੇ ਰਹਿਣ ਪਾਣੀ, ਸਾਚੇ ਹਾਣੀਆਂ ਹਾਣ ਮਿਲਾਈਆ । ਏਕਾ ਅੱਖਰ ਸੋਹੰ ਸ਼ਬਦ ਮਿਲੀ ਸੱਚੀ ਬਾਣੀ, ਹੋਏ ਸਹਾਈ ਸਭਨੀ ਥਾਈਂਆ । ਸਤਿਜੁਗ ਸਾਚੀ ਬਣਨੀ ਰਾਣੀ, ਜਗਤ ਜਗਦੀਸ਼ ਦਇਆ ਕਮਾਈਆ । ਸਾਚਾ ਪੜਦਾ ਰਹੀ ਤਾਣੀ, ਬੀਸ ਇਕੀਸੇ ਖੇਲ੍ਹ ਵਖਾਈਆ । ਨਾ ਕੋਈ ਦੀਸੇ ਬਾਣੀ ਖਾਣੀ, ਵੇਦ ਪੁਰਾਨੀ ਪੁਨੀ ਛਾਣੀ, ਮੰਗਲਚਾਰ ਨਾ ਕੋਈ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਹੱਥ ਰੱਖੀ ਵਡਿਆਈਆ । ਗੁਰਮੁਖ ਆਤਮ ਨੌਜਵਾਨ, ਸਾਚਾ ਤਨ ਸ਼ਿੰਗਾਰਿਆ । ਨੇਤਰ ਖੋਲ੍ਹੇ ਮਾਰ ਧਿਆਨ, ਪੁਰਖ ਅਬਿਨਾਸ਼ੀ ਚਰਨ ਦਵਾਰਿਆ । ਏਕਾ ਮਿਲੇ ਨਾਮ ਨਿਸ਼ਾਨ, ਝੁਲਦਾ ਰਹੇ ਵਿਚ ਸੰਸਾਰਿਆ । ਏਥੇ ਓਥੇ ਚੁਕੇ ਕਾਨ, ਨਾਤਾ ਤੁੱਟੇ ਨੌਂ ਦਵਾਰਿਆ । ਸਾਚਾ ਮੰਦਰ ਇਕ ਮਕਾਨ, ਸ਼ਬਦ ਸਰੂਪੀ ਚਾਰ ਦਿਵਾਰਿਆ । ਪਵਣ ਸਰੂਪੀ ਨਾਮ ਬਿਬਾਣ, ਸੋਹੰ ਬਣੇ ਸਚ ਕਹਾਰਿਆ । ਸਾਚੇ ਕੰਧੀ ਆਪ ਉਠਾਨ, ਲੋਆਂ ਪੁਰੀਆਂ ਬਾਹਰ ਕਢਾ ਰਿਆ । ਆਪੇ ਕਰੇ ਜਾਣ ਪਛਾਣ, ਸਾਚੇ ਅੰਦਰ ਬੂਹਾ ਲਾਹ ਰਿਹਾ । ਪਲੰਘ ਰੰਗੀਲਾ ਸ੍ਰੀ ਭਗਵਾਨ, ਛੈਲ ਛਬੀਲਾ ਬਣਤ ਬਣਾ ਰਿਹਾ । ਆਤਮ ਸੁਰਤ ਸੁਰਤ ਰਕਾਨ, ਮਾਣ ਤਾਣ ਇਕ ਵਖਾ ਰਿਹਾ । ਸਾਚਾ ਮੇਲਾ ਇਕ ਇਕੇਲਾ ਦਰ ਦਵਾਰਾ ਹਰਿ ਘਰ ਪਰਵਾਨ, ਅਚਰਜ ਖੇਲਾ ਆਪ ਵਖਾ ਰਿਹਾ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਗੁਰ ਚੇਲਾ ਏਕਾ ਧਾਮ ਸੁਹਾ ਰਿਹਾ । ਮਿਲਿਆ ਮੇਲ ਆਤਮ ਜਾਗੀ, ਜੋਤੀ ਜੋਤ ਜਗਾਈਆ । ਉਠ ਉਠ ਉਠ ਵੇਖੇ ਵੇਲਾ ਪਰਭਾਤੀ, ਰੈਣ ਅੰਧੇਰੀ ਰਾਤੀ ਰਹਿਣ ਨਾ ਪਾਈਆ । ਏਕਾ ਮਿਲੀ ਅੰਮ੍ਰਿਤ ਆਤਮ ਬੂੰਦ ਸਵਾਂਤੀ, ਸੀਤਲ ਧਾਰਾ ਸਾਂਤ ਕਰਾਈਆ । ਸਾਚਾ ਨ੍ਹਾਵਣ ਪ੍ਰਭ ਦਰ ਨਾਤ੍ਹੀ, ਇਕ ਇਕਾਂਤੀ ਸਦਾ ਸਮਾ ਰਿਹਾ । ਨਾਤਾ ਤੁੱਟੇ ਜ਼ਾਤੀ ਪਾਤੀ, ਕਮਲਾਪਾਤੀ ਇਕ ਮਨਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਦਰ ਬਹਾਈਆ । ਸ਼ਬਦ ਛਬੀਲਾ ਜਗ, ਹਰਿ ਸ਼ਿੰਗਾਰਿਆ । ਸੋਹੰ ਸ਼ਬਦ ਬੰਨ੍ਹਾਏ ਪਗ, ਸਚ ਦਸਤਾਰਿਆ । ਇਕ ਦਵਾਰਾ ਆਪ ਵਖਾਏ ਉਪਰ ਸ਼ਾਹਰਗ, ਨੌਂ ਦਵਾਰੇ ਬੰਦ ਕਰਾ ਰਿਹਾ । ਚੁੱਗੇ ਚੋਗ ਮੋਤੀ ਹੰਸ ਬਣਾਏ ਕੱਗ, ਕੋਟੀ ਕੋਟ ਜਨਮ ਸੁਹਾ ਰਿਹਾ । ਦੋ ਜਹਾਨੀ ਬੁਝੇ ਤ੍ਰਿਸਨਾ ਅੱਗ, ਸਾਚਾ ਸਗ ਮੁਖ ਲਗਾ ਰਿਹਾ । ਵਡ ਦਾਤਾ ਸੂਰਾ ਸਰਬਗ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਪਗ ਨਾਮ ਬੰਨ੍ਹਾ ਰਿਹਾ । ਸ਼ਬਦ ਧਾਗਾ ਬੰਨ੍ਹੇ ਡੋਰੀ, ਦਿਸ ਕਿਸੇ ਨਾ ਆਈਆ । ਵੇਖ ਵਖਾਣੇ ਅੰਧ ਘੋਰੀ, ਆਪਣੀ ਕ੍ਰਿਤ ਕਮਾਇਆ । ਅੱਠੇ ਪਹਿਰ ਕਰੇ ਚੋਰੀ, ਹਰਾਮ ਖੋਰੀ ਨੇੜ ਨਾ ਆਇਆ । ਸ਼ਬਦ ਰੱਖੇ ਸਾਚੀ ਘੋੜੀ, ਦਿਵਸ ਰੈਣ ਰਿਹਾ ਦੁੜਾਈਆ । ਸ਼ਬਦ ਜੋਤੀ ਸਾਚੀ ਜੋੜੀ, ਆਤਮ ਜੋਤੀ ਮੇਲ ਮਿਲਾਈਆ । ਆਪ ਚੜ੍ਹਾਏ ਸਾਚੀ ਪੌੜੀ,

ਵਰਨ ਗੋਤੀ ਭੇਵ ਚੁਕਾਈਆ । ਨਾ ਕੋਈ ਰਾਗ ਸੁਣਾਏ ਗੌੜੀ, ਪ੍ਰਭ ਸਾਚੀ ਖੇਲ ਰਚਾਈਆ । ਸਾਚੇ ਘਰ ਵੱਜੀ ਵਧਾਈ, ਮੇਲ ਮਿਲਾਇਆ । ਮਿਲਿਆ ਮੇਲ ਸਾਚੇ ਮਾਹੀ, ਭਰਮ ਗਵਾਇਆ । ਆਪ ਫੜਾਏ ਆਪਣੀ ਬਾਂਹੀ, ਪਾਰ ਕਿਨਾਰਾ ਇਕ ਵਖਾਇਆ । ਦੇਵੇ ਦਰਸ ਅਗੰਮ ਅਥਾਹੀ, ਸ਼ਬਦ ਸ਼ਿੰਗਾਰ ਤਨ ਕਰਾਇਆ । ਬੈਠਾ ਰਹੇ ਰਥ ਰਥਵਾਹੀ, ਸਾਚਾ ਮਾਰਗ ਇਕ ਵਖਾਇਆ । ਜੋਤੀ ਜੋਤ ਸਰੂਪ ਹਰਿ, ਸੁਰਤੀ ਸੁਰਤ ਸ਼ਬਦ ਜਗਾਇਆ । ਪੁਰਖ ਅਬਿਨਾਸ਼ੀ ਸਾਚੀ ਬਣਤ ਬਣਾਈ, ਆਪ ਹਰਿ ਮਾਤ ਪਿਤ ਪਿਤਾ ਮਾਪਾ । ਇਕ ਵਖਾਏ ਅੱਖਰ ਵੱਖਰ ਝੋਲੀ ਪਾਏ ਸੋਹੰ ਸੱਚਾ ਜਾਪਾ । ਚੌਥੇ ਜੁਗ ਚਾਰ ਕਹਾਰਾਂ ਡੋਲੀ ਆਪ ਉਠਾਏ, ਮੇਟ ਮਿਟਾਏ ਤੀਨੋ ਤਾਪਾ । ਸਾਚੀ ਚੋਲੀ ਤਨ ਸੁਹਾਏ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੋਕਮਾਤ ਕਰੇ ਵਡ ਪਰਤਾਪਾ । ਵਡ ਪਰਤਾਪ ਆਪ ਕਰਾਇਆ । ਸ਼ਬਦ ਅਜਪਾ ਜਾਪ, ਗੁਰਮੁਖ ਸਾਚੇ ਆਪ ਜਪਾਇਆ । ਆਪੇ ਜਾਣੇ ਪੁੰਨ ਪਾਪ, ਦੂਸਰ ਕੋਇ ਭੇਵ ਨਾ ਰਾਇਆ । ਜੀਵ ਜੰਤ ਰਹੇ ਕਾਂਪ, ਦੇਵੀ ਦੇਵ ਰਹੇ ਸ਼ਰਮਾਇਆ । ਮਾਇਆ ਡੱਸਨੀ ਡੱਸੇ ਸਾਂਪ, ਜੂਠੀ ਝੂਠੀ ਸੇਵ ਕਮਾਇਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਅੰਤਮ ਮੇਲਾ ਆਪ ਮਿਲਾਇਆ । ਮਿਲਿਆ ਮੇਲ ਕੰਤ ਸੁਹਾਗ, ਸੁਰਤ ਸਵਾਣੀ ਖ਼ੁਸ਼ੀ ਮਨਾਈਆ । ਕਲਜੁਗ ਸੋਇਆ ਗਿਆ ਜਾਗ, ਸਾਚੀ ਰਾਤ ਦਇਆ ਕਮਾਈਆ । ਇਕ ਬੁਝਾਏ ਤ੍ਰਿਸਨਾ ਆਗ, ਅੰਮ੍ਰਿਤ ਆਤਮ ਮੁਖ ਚੁਆਈਆ । ਦੀਪਕ ਜੋਤੀ ਜਗੇ ਚਿਰਾਗ, ਸੋਹੰ ਬੱਤੀ ਏਕਾ ਲਾਈਆ । ਕਲਜੁਗ ਚੋਲੀ ਲਾਹਵਣ ਆਇਆ ਕਾਲੇ ਦਾਗ਼, ਇਕ ਆਪਣੀ ਦਇਆ ਕਮਾਈਆ । ਸ਼ਬਦ ਘੋੜੀ ਗੁੰਦੇ ਵਾਗ, ਨਾਮ ਮੌਲੀ ਇਕ ਰਖਾਈਆ । ਹੱਥੀਂ ਗਾਨਾ ਸਾਚਾ ਤਾਗ, ਸਚ ਨਿਸ਼ਾਨਾ ਮਾਤ ਲਗਾਈਆ । ਜੋਤ ਨਿਰੰਜਣ ਸੋਹੰ ਪਾਏ ਸਚ ਤੇਲ ਕਾਨਾ, ਨੈਣ ਨਾਈ ਆਪ ਅਖਵਾਈਆ । ਪਾਣੀ ਵਾਰੇ ਦੋ ਜਹਾਨਾਂ, ਮਾਤ ਧਰਤ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਜੋਤ ਸਰੂਪੀ ਪਹਿਰੇ ਬਾਨਾ, ਗੁਰਮੁਖਾਂ ਰਿਹਾ ਬਣਤ ਬਣਾਈਆ । ਗੁਰਮੁਖ ਬਣਤ ਬਣਾਏ, ਸ਼ਬਦ ਜਣਾਈਆ । ਸਾਚਾ ਸ਼ਬਦ ਝੋਲੀ ਪਾਏ, ਸੁਰਤ ਸਵਾਣੀ ਸੇਵ ਕਮਾਈਆ । ਪੰਚਾਂ ਗੋਲੀ ਆਪ ਅਖਵਾਏ, ਸਾਚਾ ਤੋਲ ਰਿਹਾ ਤੁਲਾਈਆ । ਕਲਜੁਗ ਬੋਲੀ ਅੰਤਮ ਵੇਲੇ ਅੰਤ ਵਿਆਹੇ, ਸੋਹੰ ਢੋਲ ਰਿਹਾ ਵਜਾਈਆ । ਗੁਰਮੁਖ ਸਾਚੇ ਮਾਤ ਉਠਾਏ, ਹਿਰਦੇ ਫੋਲ ਆਪ ਵਖਾਈਆ । ਆਪ ਆਪਣੇ ਰੰਗ ਰੰਗਾਏ, ਸਾਚਾ ਜਾਪ ਅਜਪਾ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਤਿਵਹਾਰ ਸਾਚੀ ਖ਼ੁਸ਼ੀ ਮਨਾਈਆ । ਸਚ ਦਿਹਾੜਾ ਸਚ ਸੋ ਵੇਲਾ, ਸਚ ਸੁਹੰਜਣੀ ਰੈਣ ਸਾਚਾ ਲਾੜਾ । ਸਾਚੇ ਮੰਦਰ ਲੈਣਾ ਪੇਖ ਬਹੱਤਰ ਨਾੜਾ । ਭਗਤ ਸੁਹੇਲੇ ਪੇਖੇ ਨੇਤਰ ਦੋਏ ਨੈਣਾ ਕਲਜੁਗ ਅਖਾੜਾ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਜਨ ਭਗਤਾਂ ਚੁਕਾਏ ਲਹਿਣਾ ਦੇਣਾ । ਲਹਿਣਾ ਦੇਣਾ ਆਪ ਚੁਕਾਏ, ਪੰਝੀ ਪੋਹ ਆਪ ਦਿਵਸ ਵਿਚਾਰਿਆ । ਸ਼ਬਦ ਗਹਿਣਾ ਤਨ ਪਹਿਨਾਏ, ਜਗਤ ਮੈਲ ਆਤਮ ਧੋ, ਮੇਲ ਮਿਲਾਏ ਹਰਿ ਨਿਰੰਕਾਰਿਆ । ਪੂਰਨ ਜਾਪ ਸੋਹੰ ਸੋ, ਉਤਰੇ ਪਾਰ ਧਰਮ ਜੈਕਾਰ ਜਿਸ ਜਨ ਰਸਨ ਉਚਾਰਿਆ । ਤਨ ਕਿਆਰੀ ਬੀਜ ਸਾਚਾ ਬੋ, ਫ਼ਲ ਲਗਾਏ ਕਾਇਆ ਡਾਲਿਆ । ਮਿਲੇ ਫ਼ਲ ਦੋ ਜਹਾਨੀ ਅੱਗੇ ਹੋ, ਚਲੇ ਆਪ ਅਵੱਲੜੀ ਚਾਲ ਚਾਲਿਆ । ਲੱਖ ਚੁਰਾਸੀ ਰਹੀ ਰੋ, ਸਭ ਦਿਸੇ ਹੱਥੀਂ ਖਾਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦੇਵੇ ਨਾਮ ਵਰ, ਸ਼ਬਦ ਬਣਾਏ ਜਗਤ ਦਲਾਲਿਆ । ਜਗਤ ਦਲਾਲ ਆਪ ਬਣਾਇਆ, ਜਾਪ ਜਪਾਇਆ ਸੋਹੰ ਸੋ ।


੪੨੫ ੦੫

੪੨੬
੦੫

ਪਾਰਬ੍ਰਹਮ ਪ੍ਰਭ ਭੇਵ ਖੁਲ੍ਹਾਇਆ, ਲੇਖਾ ਚੁੱਕੇ ਏਕਾ ਦੋ । ਕਰੋੜ ਤੇਤੀਸਾ ਰਹਿਣ ਨਾ ਪਾਇਆ, ਸ਼ਿਵ ਸ਼ੰਕਰ ਬੈਠਾ ਰਿਹਾ ਰੋ । ਬ੍ਰਹਮਾ ਸੀਸ ਜਗਦੀਸ ਦਿਸ ਨਾ ਆਇਆ, ਵੇਖੇ ਖੇਲ ਛੱਬੀ ਪੋਹ । ਗੁਰਮੁਖਾਂ ਹਿਸਾ ਮਾਤ ਵੰਡਾਇਆ, ਅੰਮ੍ਰਿਤ ਆਤਮ ਰਿਹਾ ਚੋ । ਜੋਤੀ ਜੋਤ ਸਰੂਪ ਹਰਿ, ਸ਼ਬਦ ਭੰਡਾਰਾ ਇਕ ਰਖਾਏ, ਅਵਰ ਨਾ ਜਾਣੇ ਕੋ । ਸਤੋ ਗੁਣ ਸਤਿ ਸੰਤੋਖਿਆ । ਸਤਿ ਸਰੂਪ ਗੁਰ ਨਾਓ, ਏਕਾ ਦੱਸੇ ਰਾਹ ਸੌਖਿਆ । ਦਰ ਘਰ ਸਾਚੇ ਦੇਵੇ ਥਾਂਓ, ਦਰ ਘਰ ਮਿਲੇ ਮੋਖਿਆ । ਸਦਾ ਸਦਾ ਸਦ ਦੇਵੇ ਠੰਡੀ ਛਾਂਓ, ਲੋਕਮਾਤ ਨਾ ਕਰੇ ਧੋਖਿਆ । ਗੁਰਮੁਖ ਉਠਾਏ ਸ਼ਬਦ ਗੁੜਗਾਉਂ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੇਵੇ ਅਨੋਖਿਆ । ਸ਼ਬਦ ਪਹਿਨਾਏ ਤਨ ਸ਼ਿੰਗਾਰ, ਪ੍ਰਭ ਸਾਚਾ ਮਾਤ ਕਰਾਈਆ । ਵੇਖ ਵਖਾਣੇ ਥਾਈਂ ਥਾਉਂ, ਗੁਰਮੁਖ ਸਾਚੇ ਮਾਤ ਜਗਾਈਆ । ਸਿੰਘ ਬਿਸ਼ਨ ਸਦ ਬਲ ਬਲ ਜਾਓ, ਜਾਗਰਤ ਜੋਤੀ ਲਿਆ ਜਗਾਈਆ । ਦੇਵੇ ਮਾਣ ਥਾਂਈ ਥਾਂਓ, ਸਿੰਘ ਇੰਦਰ ਸਹਿਜ ਸੁਭਾਈਆ । ਆਪੇ ਪਿਤਾ ਆਪੇ ਮਾਂਓ, ਭਾਈ ਭੈਣਾਂ ਆਪ ਅਖਵਾਈਆ । ਜੁਗੋ ਜੁਗ ਰਖਾਏ ਨਾਉਂ, ਕ੍ਰਿਸ਼ਨ ਸੁਦਾਮਾ ਕਾਇਆ ਚਾਮਾ ਲੇਖੇ ਲਾਈਆ । ਬਣਿਆ ਤਨ ਜਗਤ ਦਮਾਮਾ, ਸ਼ਬਦ ਨਗਾਰੇ ਚੋਟ ਲਗਾਈਆ । ਸਿੰਘ ਪ੍ਰੀਤਮ ਪੂਰਨ ਕਾਮਾ, ਕੋਟਨ ਕੋਟ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਬਣਤ ਬਣਾਈਆ । ਹਰਿ ਬਣਤ ਬਣਾਏ ਆਪ ਜਗਾਇੰਦਾ । ਗੁਰਮੁਖ ਸਿੰਘ ਸਾਚੇ ਸੁਤ ਜਗਾਏ, ਏਕਾ ਰਾਹ ਵਖਾਇੰਦਾ । ਦਰ ਘਰ ਸਾਚਾ ਸਾਚੇ ਨਾਏ, ਜਗਤ ਰਾਹ ਵਖਾਇੰਦਾ । ਦਰ ਹੰਸ ਬਣਾਏ ਫੜ ਫੜ ਕਾਗਨ, ਸਿੰਘ ਪਾਲ ਦਇਆ ਕਮਾਇੰਦਾ । ਗੁਰਮੁਖ ਬਣੇ ਸਾਚੀ ਮਾਲਾ, ਸੋਹੰ ਧਾਗੇ ਆਪ ਪੁਰਾਇੰਦਾ । ਆਪੇ ਤੋੜੇ ਜਗਤ ਜੰਜ਼ਾਲਾ, ਰਾਹ ਸੁਖਾਲਾ ਮਾਤ ਚਲਾਇੰਦਾ । ਪੰਝੀ ਪੋਹ ਕਰੇ ਪ੍ਰਿਤਪਾਲਾ, ਕਾਇਆ ਮੰਦਰ ਸੱਚੀ ਧਰਮਸਾਲਾ, ਦੀਪਕ ਜੋਤੀ ਇਕ ਜਵਾਲਾ, ਮਸਤਕ ਲਿਲਾਟੀ ਔਖੀ ਘਾਟੀ ਫੜ ਬਾਹੋਂ ਆਪ ਚੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਹਟ ਸ਼ਬਦ ਵਣਜਾਰਾ, ਘਟ ਘਟ ਆਪ ਅਖਵਾਇੰਦਾ । ਹਰਿ ਹਰਿ ਸਾਚਾ ਮੀਤ, ਵਡ ਵਡ ਸੰਸਾਰਿਆ । ਦਿਵਸ ਰੈਣ ਰਾਖੇ ਚੀਤ, ਕਾਇਆ ਕਰੇ ਪਤਤ ਪੁਨੀਤ, ਨਾ ਆਵੇ ਪਾਸਾ ਹਾਰਿਆ । ਸਦੀ ਚੌਧਵੀਂ ਰਹੀ ਬੀਤ, ਲੱਖ ਚੁਰਾਸੀ ਪਰਖੇ ਨੀਤ, ਚਾਰੋਂ ਕੁੰਟ ਵੇਖ ਵਖਾ ਰਿਹਾ । ਨੌਂ ਖੰਡ ਪ੍ਰਿਥਮੀ ਇਕ ਸੁਹਾਗੀ ਗੀਤ, ਆਪ ਬੰਧਾਏ ਚਰਨ ਪ੍ਰੀਤ, ਸਾਚਾ ਮਾਰਗ ਹਰਿ ਵਖਾ ਰਿਹਾ । ਕਲਜੁਗ ਚਲੇ ਅਵੱਲੜੀ ਰੀਤ, ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਆਪ ਆਪਣਾ ਸੰਗ ਨਿਭਾ ਰਿਹਾ । ਸਾਚਾ ਸੰਗ ਨਿਭਾਏ, ਸਗਲਾ ਸਾਥਿਆ । ਨਾਮ ਰੰਗਣ ਰੰਗ ਚੜ੍ਹਾਏ, ਹਰਿ ਹਰਿ ਨਾਥ ਤ੍ਰੈਲੋਕੀ ਨਾਥਿਆ । ਸ਼ਬਦ ਕੰਗਣ ਤਨ ਪਹਿਨਾਏ, ਸੋਹੰ ਟਿੱਕਾ ਮਸਤਕ ਮਾਥਿਆ । ਦੂਜਾ ਦਰ ਨਾ ਮੰਗਣ ਜਾਏ, ਸਾਚੇ ਅੰਗਣ ਆਪ ਰਖਾਏ, ਆਪੇ ਰੱਖੇ ਦੇ ਕਰ ਹਾਥਿਆ । ਸ਼ਬਦ ਘੋੜੇ ਤੰਗ ਕਸਾਏ, ਲੋਆਂ ਪੁਰੀਆਂ ਪਾਰ ਕਰਾਏ, ਬ੍ਰਹਿਮੰਡ ਖੰਡ ਵਰਭੰਡ ਜੇਰਜ ਅੰਡ ਵੇਖ ਵਖਾਏ ਪ੍ਰਿਥਮੀ ਅਕਾਸ਼ਿਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਕਲਜੁਗ ਅੰਤਮ ਵੇਖ ਹਰਿ, ਆਪ ਆਪਣੇ ਰੰਗ ਸਮਾਏ, ਗੁਣਵੰਤ ਗੁਣ ਨਿਧਾਨ ਗੁਰਮੁਖ ਸਾਚੇ ਸੰਗ ਮਿਲਾ ਰਿਹਾ । ਪਾਰਬ੍ਰਹਮ ਬ੍ਰਹਮ ਮੇਲ ਮਿਲਾਨਾ । ਜਗਤ ਤ੍ਰਿਸ਼ਨਾ ਭੁੱਖ ਨੰਗ, ਗੁਰ ਸ਼ਬਦ ਮਰਦੰਗ ਇਕ ਵਜਾਨਾ । ਨੌਂ ਦਵਾਰੇ ਵਖਾਏ ਲੰਘ, ਦਸਮ ਦਵਾਰੀ ਇਕ ਤਰਾਨਾ । ਵਡ ਦਾਤਾ ਸੂਰਾ ਸਰਬੰਗ, ਆਪ ਅਖਵਾਨਾ । ਜਨ ਭਗਤ ਭਗਤ ਜਨ ਆਤਮ ਬੰਨ੍ਹੇ ਗਾਨਾ । ਜੋਤੀ

ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਏਕਾ ਦੇਵੇ ਨਾਮ ਵਰ ਗੁਣਵੰਤਾ ਗੁਣ ਨਿਧਾਨਾ । ਦੇਵੇ ਨਾਮ ਅਪਾਰ, ਸਚ ਗੁਣਵੰਤਿਆ । ਆਤਮ ਭਰੇ ਭੰਡਾਰ, ਨੂਰੀ ਜੋਤ ਸ੍ਰੀ ਭਗਵੰਤਿਆ । ਵੇਖ ਵਖਾਣੇ ਵਾਰੋ ਵਾਰ, ਖੇਲੇ ਖੇਲ ਜੁਗਾ ਜੁਗੰਤਿਆ । ਆਪੇ ਪੁਰਖ ਆਪੇ ਨਾਰ, ਪਤਿ ਪਤਿਵੰਤ ਸਾਚੇ ਕੰਤਿਆ । ਸੋਲਾਂ ਕਰ ਤਨ ਸ਼ਿੰਗਾਰ, ਹਰਿਜਨ ਜਨ ਹਰਿ ਆਤਮ ਰਸ ਇਕ ਚਵੰਤਿਆ । ਅੰਮ੍ਰਿਤ ਝਿਰਨਾ ਅਪਰ ਅਪਾਰ, ਬਰਸੇ ਮੇਘ ਬੇ ਬੇਅੰਤਿਆ । ਕਾਇਆ ਸੀਤਲ ਠੰਡੀ ਠਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਹਰਿ ਹਰਿ ਜਨ ਬਣਾਏ ਮਾਤ ਬਣਤਿਆ । ਸ਼ਬਦ ਤੱਤ ਪਰਧਾਨ ਗੁਰਮੁਖ ਜਾਣਿਆ । ਗੁਰਮੁਖ ਚਤੁਰ ਸੁਜਾਨ ਚਲੇ ਗੁਰ ਕੇ ਭਾਣਿਆ । ਗੁਰ ਪੂਰਾ ਹੋਏ ਮਿਹਰਵਾਨ, ਦੇਵੇ ਨਾਮ ਵੰਞ ਮੁਹਾਣਿਆ । ਜੁਗਤ ਭੁਗਤ ਭਗਤ ਜੀਆ ਦਾਨ, ਇਕ ਝੁਲਾਏ ਸ਼ਬਦ ਨਿਸ਼ਾਨਿਆ । ਪਾਰਬ੍ਰਹਮ ਮੇਲ ਮਿਲਾਨਿਆ । ਜੋਤੀ ਸ਼ਬਦ ਸ਼ਬਦ ਜੋਤੀ ਰੰਗ ਸਾਚਾ ਮਾਣਿਆ । ਦਰ ਘਰ ਸਾਚਾ ਇਕ ਪਛਾਣ, ਨੌਂ ਦਰ ਵੇਖੇ ਝੂਠ ਦੁਕਾਨ, ਮਿਲੇ ਮੇਲ ਸ੍ਰੀ ਭਗਵਾਨਿਆ । ਲੱਖ ਚੁਰਾਸੀ ਚੁਕੇ ਕਾਣ, ਧਰਮ ਰਾਏ ਨਾ ਲਾਏ ਬਾਣ, ਲੇਖਾ ਲਿਖੇ ਗੁਣ ਨਿਧਾਨਿਆ । ਪੰਚਮ ਚੋਰ ਮਿੱਟੇ ਨਿਸ਼ਾਨ, ਸ਼ਬਦ ਡੋਰ ਇਕ ਉਡਾਨ, ਅੰਧ ਘੋਰ ਨਾ ਕੋਈ ਪਾਏ ਸ਼ੋਰ, ਪੁਰਖ ਅਬਿਨਾਸ਼ੀ ਘਟ ਘਟ ਵਾਸੀ ਫੜ ਫੜ ਬਾਹੋਂ ਅੰਦਰ ਮੰਦਰ ਲਏ ਤੋਰ, ਇਕ ਵਖਾਏ ਨਾਮ ਖਾਨਿਆ । ਨਾ ਕੋਈ ਜ਼ੋਰੂ ਜਾਣੇ ਜ਼ੋਰ, ਗੁਰ ਪੂਰਾ ਰਹੇ ਸਦਾ ਸ਼ਬਦ ਘੋੜ, ਗੁਪਤ ਜ਼ਾਹਿਰ ਰਿਹਾ ਦੌੜ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਨਾਮ ਵਰ, ਭਰਿਆ ਰਹੇ ਸਦਾ ਭੰਡਾਰਿਆ, ਭਰਪੂਰ ਭਰਪੂਰ ਭਰਪੂਰ ਤਨ ਤਨ ਤਨ ਨਾਮ ਖਜ਼ੀਨਿਆ । ਗੁਰ ਹਾਜ਼ਰ ਹਜ਼ੂਰ ਸਤਿਜੁਗ ਸਤਿ ਸਰੂਰ, ਤਨ ਮਨ ਮੌਲੇ ਸਦ ਸਦ ਸਦ ਭੀਨਾ । ਹਰਿ ਹਰਿ ਹਰਿ ਹਾਜ਼ਰ ਹਜ਼ੂਰ, ਜੋਧਾ ਦਾਤਾ ਬੀਰ ਸੂਰ ਸਾਂਤ ਕਰਾਏ ਠਾਂਡਾ ਸੀਨਾ । ਨਿਰਮਲ ਜੋਤੀ ਬਾਤੀ । ਕੋਹ ਕੋਹਨੂਰ ਮਿਟੇ ਅੰਧੇਰੀ ਰਾਤੀ । ਮਿਲੇ ਮੇਲ ਕਮਲਾਪਾਤੀ । ਸ਼ਬਦ ਦੇਵੇ ਸਚ ਸੁਗਾਤੀ । ਆਪੇ ਨੇੜੇ ਆਪੇ ਦੂਰ, ਦਿਵਸ ਰੈਣ ਵੇਖੇ ਮਾਰ ਝਾਕੀ । ਹਰਿਜਨ ਚੁਕਾਏ ਲੈਣ ਦੇਣ ਬਾਕੀ । ਨਾ ਕੋਈ ਜਾਣੇ ਜੀਵ ਜੰਤ ਖ਼ਾਕੀ । ਗੁਰਮੁਖ ਸਾਚੇ ਸੰਤ ਪੁਰਖ ਅਬਿਨਾਸ਼ੀ ਅੰਮ੍ਰਿਤ ਆਤਮ ਪਿਆਲਾ ਭਰ ਪਿਆਏ ਧੁਰ ਦਰਗਾਹੀ ਸੱਚਾ ਸਾਕੀ । ਦੀਨ ਦਿਆਲਾ ਗੁਰ ਗੋਪਾਲਾ, ਅੱਠੇ ਪਹਿਰ ਦਿਵਸ ਰੈਣ ਹੋਏ ਰਖਵਾਲਾ, ਪੰਚ ਪੰਚਾਇਣ ਮਾਇਆ ਮਮਤਾ ਡੈਣ ਕੋਈ ਨਾ ਦਿਸੇ ਆਕੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦੇਵੇ ਸ਼ਬਦ ਵਰ, ਆਪ ਚੜ੍ਹਾਏ ਗੁਰ ਸ਼ਬਦ ਸਾਚੇ ਰਾਕੀ । ਸ਼ਬਦ ਘੋੜਾ ਜਗਤ ਬਲਵਾਨ, ਪ੍ਰਭ ਸਾਚਾ ਮਾਤ ਲਿਆਇਆ । ਗੁਰਮੁਖ ਸਾਚਾ ਨੌਜਵਾਨ, ਮੇਟ ਮਿਟਾਏ ਪੰਜ ਸ਼ੈਤਾਨ, ਕਾਇਆ ਮਾਟੀ ਭਾਂਡਾ ਕਾਚਾ ਸਾਚੇ ਰੰਗ ਰੰਗਾਇਆ । ਮਿਲੇ ਮੇਲ ਹਰਿ ਭਗਵਾਨ, ਦੀਪਕ ਜੋਤੀ ਜਗੇ ਮਹਾਨ, ਏਕਾ ਸ਼ਬਦ ਏਕਾ ਰਾਗ ਕੰਤ ਸੁਹਾਗ ਸੁਣਾਏ ਕਾਨ, ਦੁਰਮਤ ਜਾਏ ਧੋਤੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦੇਵੇ ਸ਼ਬਦ ਵਰ, ਦੋ ਜਹਾਨਾਂ ਇਕ ਤਰਾਨਾ ਅਵਣ ਗਵਣ ਤ੍ਰੈਭਵਣ ਮੇਟ ਮਿਟਾਏ, ਪਾਰ ਉਤਾਰੇ ਵਿਚੋਂ ਕੋਟਨ ਕੋਟੀ । ਕਾਇਆ ਧਰਤੀ ਮੌਲੇ, ਪ੍ਰਭ ਅਮ੍ਰਿਤ ਮੇਘ ਬਰਸਾਈਆ । ਹੋਏ ਬਹਾਰ ਉਪਰ ਧਵਲੇ, ਫੂਲਨ ਸੇਜ ਇਕ ਵਿਛਾਈਆ । ਗੁਰਮੁਖ ਆਤਮ ਰਹੀ ਬਵਲੇ, ਸ਼ਬਦ ਸੁਨੇਹੜਾ ਭੇਜ ਪ੍ਰਭ ਆਪ ਰਿਹਾ ਜਗਾਈਆ । ਆਪ ਉਲਟਾਏ ਨਾਭ ਕਵਲੇ, ਮਾਰੇ ਤੀਰ ਸੋਹੰ ਸੱਚਾ ਨੀਰ, ਆਤਮ ਝਿਰਨਾ ਰਿਹਾ ਝਿਰਾਈਆ । ਆਪੇ ਭਖ ਭੋਜ

੪੨੭ ੦੫

ਆਪੇ ਕਰੇ ਲੇਹਜ ਫੇਹਜ, ਚਾਰੇ ਖਾਏ ਚਾਰ ਵਰਨੀ ਸ਼ਬਦ ਇਕ ਸਾਚੀ ਸੁਰਤੀ ਧਰਨੀ ਧਰਤ ਆਪ ਅਖਵਾਈਆ । ਗੁਰਮੁਖ ਸਾਚੇ ਸਾਚੀ ਤਰਨੀ, ਲੇਖਾ ਚੁੱਕੇ ਮਰਨੀ ਡਰਨੀ, ਨੇਤਰ ਖੁਲ੍ਹੇ ਹਰਨੀ ਫਰਨੀ, ਦੀਪਕ ਜੋਤ ਕਰੇ ਰੁਸ਼ਨਾਈਆ । ਏਕਾ ਸਾਚੀ ਤਰਨੀ ਤਰਨ, ਚਰਨ ਸਰਨ ਸਰਨ ਗੁਰ ਚਰਨ ਨਿੱਤ ਨੀਤੀ ਇਕ ਪੜ੍ਹੀ ਆਪੇ ਜਾਣੇ ਧਰਨੀ ਧਰਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਘਰ ਸਾਚੇ ਏਕਾ ਵਰ, ਦਸਵਾਂ ਦਵਾਰਾ ਜੋਤ ਅਪਾਰਾ ਸ਼ਬਦ ਹੁਲਾਰਾ ਹਰਿ ਪਰਕਾਸ਼, ਰਸਨ ਸਵਾਸ ਕਾਇਆ ਮੰਡਲ ਰਾਸ ਪੂਰਨ ਆਸ ਆਪ ਕਰਾਈਆ । ਭਗਤ ਸੁਹੇਲਾ ਦਾਸਨ ਦਾਸ, ਇਕ ਇਕੇਲਾ ਵਸੇ ਪਾਸ, ਆਪ ਸੁਹਾਏ ਸਾਚਾ ਵੇਲਾ । ਸ਼ਬਦ ਚਲਾਏ ਸਵਾਸ ਸਵਾਸ, ਸੁਰਤੀ ਸ਼ਬਦ ਸਾਚਾ ਮੇਲਾ । ਪਵਣ ਉਡਾਏ ਵਿਚ ਅਕਾਸੀ, ਗੁਰ ਮੰਦਰ ਅੰਦਰ ਗੁਰ ਚੇਲਾ । ਗੁਰ ਪੂਰੇ ਸਦ ਬਲ ਬਲ ਜਾਸੀ, ਅਚਰਜ ਖੇਲ ਆਪੇ ਖੇਲਾ । ਸ਼ਬਦ ਸਰੂਪੀ ਚਾੜ੍ਹੇ ਤੇਲਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖਾਂ ਖੋਲ੍ਹੇ ਬੰਦ ਦਰ, ਦੀਪਕ ਜੋਤੀ ਕਰ ਪਰਕਾਸ਼, ਦਰ ਘਰ ਸਾਚਾ ਆਪ ਸੁਹਾਇਆ । ਦੀਪਕ ਜੋਤੀ ਹੋਏ ਜਗਤ ਪਰਕਾਸ਼, ਮਨ ਧੀਰ ਧਰਾਇਆ । ਹਰਿ ਬਿਨ ਨਾ ਜਾਣੇ ਕੋਇ ਕਾਇਆ ਕਾਸਾ, ਅੰਮ੍ਰਿਤ ਪਿਆਲਾ ਭਰ ਵਖਾਇਆ । ਦੁਰਮਤ ਮੈਲ ਧੋਏ ਸ਼ਬਦ ਚਲਾਏ ਸਵਾਸ ਸਵਾਸਾ, ਮਾਨਸ ਜਨਮ ਹੋਏ ਰਾਸਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਰਾਹ ਜਗਤ ਮਲਾਹ ਬੇਪਰਵਾਹ ਆਪਣਾ ਆਪ ਰਿਹਾ ਵਖਾਇਆ । ਆਪਣਾ ਆਪ ਵਖਾਏ, ਦੋ ਜਹਾਨੀ ਬਣ ਮਲਾਹ । ਗੁਰਮੁਖਾਂ ਬੇੜਾ ਪਾਰ ਕਰਾਏ, ਵੇਖ ਵਖਾਏ ਥਾਉਂ ਥਾਂ । ਸੰਞ ਸਵੇਰ ਨਾ ਭਰਮ ਭੁਲਾਏ, ਨਾ ਕੋਈ ਜਾਣੇ ਪਿਤਾ ਮਾਂ । ਗੁਰਮੁਖ ਸਾਚੇ ਸੋਏ ਮਾਤ ਜਗਾਏ, ਆਪੇ ਦੇਵੇ ਠੰਡੀ ਛਾਂ । ਏਕਾ ਸਾਚਾ ਨਾਮ ਜਪਾਏ, ਵੇਲੇ ਅੰਤਮ ਪਕੜੇ ਬਾਂਹ । ਦਰਗਾਹ ਸਾਚੀ ਸਾਚਾ ਧਾਮ ਆਪ ਸੁਹਾਏ, ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਕਲਜੁਗ ਅੰਤਮ ਵੇਖ ਹਰਿ, ਭਗਤ ਭਗਵੰਤ ਭਗਤੀ ਸਾਚੀ ਲਾਏ । ਭਗਵੰਤ ਭਗਤ ਭਗਤ ਜਲ ਮੀਨ । ਗੁਣਵੰਤ ਸੰਤ ਅੰਤ ਕੰਤ ਰਸ ਰਸਨਾ ਚੀਨ । ਜੀਵ ਜੰਤ ਬਣੇ ਬਣਤ, ਨਾ ਕੋਈ ਮਜ਼੍ਹਬ ਨਾ ਕੋਈ ਦੀਨ । ਜਗਤ ਮਹਿੰਮਾ ਸਦਾ ਅਗੱਣਤ, ਅੱਖਰ ਵੱਖਰ ਗੁਰਮੁਖ ਸਾਚੇ ਵੱਖ ਕੀਨ । ਲੱਖ ਚੁਰਾਸੀ ਲੱਥੀ ਸੱਥਰ, ਨਾ ਕੋਈ ਪਾੜੇ ਬਜਰ ਕਪਾਟੀ ਪੱਥਰ, ਪੰਚ ਵਿਕਾਰਾ ਨਾ ਸਕੇ ਛੀਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਦੇਵੇ ਨਾਮ ਵਰ, ਦਿਵਸ ਰੈਣ ਠਾਂਡਾ ਸੀਨ । ਸਤਿ ਪੁਰਖ ਅਪਾਰ, ਸਤਿ ਸੰਤੋਖਿਆ । ਪੂਰਨ ਜੋਤ ਕਰ ਅਕਾਰ, ਲੱਖ ਚੁਰਾਸੀ ਪਾਵੇ ਸਾਰ, ਵੇਖ ਵਖਾਣੇ ਵਰਨ ਗੋਤਿਆ । ਨੌਂ ਦਵਾਰੇ ਜਗਤ ਭਿਖਾਰ, ਚਾਰੋਂ ਕੁੰਟ ਹਾਹਾਕਾਰ, ਗੁਰਮੁਖ ਵਿਰਲਾ ਪਾਵੇ ਸਾਰ, ਦਸਮ ਦਵਾਰ ਖੋਜ ਖੁਜੰਤਿਆ । ਲੋਕਮਾਤੀ ਸ਼ਬਦ ਅਧਾਰ, ਪੁਰਖ ਬਿਧਾਤੀ ਦੇਵਣਹਾਰ, ਚਰਨ ਨਾਤੀ ਜਗਤ ਪਿਆਰ, ਬੂੰਦ ਸਵਾਂਤੀ ਠਾਂਡੀ ਧਾਰ, ਕਾਇਆ ਰੰਗਣ ਰੰਗ ਬਸੰਤਿਆ । ਕਲਜੁਗ ਤੇਰੀ ਅੰਤਮ ਵਾਰ, ਜੋਤ ਸਰੂਪੀ ਭੇਖ ਅਪਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲੱਖ ਚੁਰਾਸੀ ਵੇਖ ਵਖੰਤਿਆ । ਲੱਖ ਚੁਰਾਸੀ ਭੇਖ ਵਖਾਇਆ, ਪ੍ਰਭ ਜੋਤੀ ਜੋਤ ਜਗਾਈਆ । ਤਖ਼ਤੋਂ ਲਾਹੇ ਰਾਜੇ ਰਾਣੇ, ਵਰਨ ਗੋਤ ਰਹਿਣ ਨਾ ਪਾਈਆ । ਗੁਰਮੁਖ ਸਾਚੇ ਚਤੁਰ ਸੁਘੜ ਸਿਆਣੇ, ਸ਼ਬਦ ਡੋਰ ਰਿਹਾ ਬੰਧਾਇਆ । ਸ਼ਬਦ ਦੇਵੇ ਨਾਮ ਗੁਣ ਨਿਧਾਨੇ, ਦਹਿ ਦਿਸ਼ਾ ਖੇਲ ਰਚਾਈਆ । ਝੁਲੇ ਸ਼ਬਦ ਇਕ ਨਿਸ਼ਾਨੇ, ਸੱਤਾਂ ਦੀਪਾਂ ਰਿਹਾ ਝੁਲਾਈਆ । ਨੌਂ ਖੰਡ ਪ੍ਰਿਥਮੀ ਮਾਰ ਧਿਆਨੇ ਲੋਆਂ

ਪੁਰੀਆਂ ਵੇਖ ਵਖਾਈਆ । ਬ੍ਰਹਮਾ ਵੇਖ ਆਪ ਭਗਵਾਨੇ, ਕਲਜੁਗ ਅੰਤਮ ਜੋਤੀ ਮੇਲ ਮਿਲਾਈਆ । ਸ਼ਿਵ ਸ਼ੰਕਰ ਮਾਰ ਧਿਆਨੇ, ਗੁਰਮੁਖ ਸਾਚੇ ਮੇਲ ਮਿਲਾਈਆ । ਸੁਰਪਤ ਰਾਜਾ ਇੰਦ ਹੋਏ ਪਰਧਾਨੇ, ਕਰੋੜ ਤੇਤੀਸਾ ਸੰਗ ਉਠਾਈਆ । ਕਰੇ ਖੇਲ ਵਾਲੀ ਦੋ ਜਹਾਨੇ, ਬੀਸ ਬੀਸਾ ਜਗਤ ਇਕੀਸਾ ਭਗਤ ਸੀਸਾ ਛਤਰ ਝੁਲਾਈਆ । ਨਾ ਕੋਈ ਜਾਣੇ ਰਾਗ ਛਤੀਸਾ, ਦੰਦ ਬਤੀਸਾ ਕਥਨ ਨਾ ਪਾਈਆ । ਵੇਖ ਵਖਾਣੇ ਅੰਜੀਲ ਕੁਰਾਨ ਹਦੀਸਾ, ਈਸਾ ਮੂਸਾ ਹੋਏ ਹਲਕਾਈਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਕਲਜੁਗ ਅੰਤਮ ਵੇਖ ਹਰਿ, ਨਿਹਕਲੰਕ ਨਾਉਂ ਰਖਾਈਆ । ਨਿਹਕਲੰਕਾ ਨੌਂ ਦਵਾਰ, ਦਿਸ ਕਿਸੇ ਨਾ ਆਇਆ । ਜੋਤ ਸਰੂਪੀ ਕਰ ਅਕਾਰ, ਸ਼ਬਦ ਸਰੂਪੀ ਡੰਕ ਵਜਾਇਆ । ਚਾਰੋਂ ਕੁੰਟਾਂ ਕਰ ਉਡਾਰ, ਦਹਿ ਦਿਸ਼ਾ ਫੇਰਾ ਪਾਇਆ । ਬ੍ਰਹਿਮੰਡ ਖੰਡ ਵਰਭੰਡ, ਅੰਡ ਜੇਰਜ ਉਤਭੁਜ ਸੇਤਜ ਰਿਹਾ ਵੰਡਾਇਆ । ਸੋਹੰ ਫੜ ਚੰਡ ਪਰਚੰਡ, ਕਲਜੁਗ ਤੇਰੀ ਵੱਢੇ ਕੰਡ, ਬੇਮੁਖ ਜੀਵਾਂ ਦੇਵੇ ਦੰਡ, ਚਾਰੋਂ ਕੁੰਟ ਹੋਏ ਹਲਕਾਇਆ । ਨੌਂ ਖੰਡ ਪ੍ਰਿਥਮੀ ਕਰੇ ਖੰਡ ਖੰਡ, ਵੇਖੇ ਖੇਲ ਹਰਿ ਬ੍ਰਹਿਮੰਡ, ਭੇਖ ਪਖੰਡਾ ਕੋਇ ਰਹਿਣ ਨਾ ਪਾਇਆ । ਗੁਰਮੁਖ ਵਿਰਲਾ ਨਾਰ ਸੁਹਾਗਣ, ਸ੍ਰਿਸ਼ਟ ਸਬਾਈ ਹੋਏ ਰੰਡ, ਕੰਤ ਸੁਹਾਗੀ ਸ਼ਬਦ ਲਾਗੀ ਆਤਮ ਸੇਜਾ ਏਕਾ ਏਕ ਹੰਢਾਇਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਕਲਜੁਗ ਅੰਤਮ ਵੇਖ ਹਰਿ, ਸੋਹੰ ਸੋ ਹਰਿ ਬਿਨ ਅਵਰ ਨਾ ਜਾਣੇ ਕੋ, ਲੱਖ ਚੁਰਾਸੀ ਰਹੀ ਰੋ, ਗੁਰਮੁਖ ਵਿਰਲੇ ਆਤਮ ਬੀਜ ਸਾਚਾ ਬੋ, ਮਾਨਸ ਜਮਨ ਲੇਖੇ ਲਾਇਆ । ਮਾਨਸ ਦੇਹੀ ਹੋਈ ਪਰਵਾਨ, ਪ੍ਰਭ ਸਾਚੇ ਦਇਆ ਕਮਾਈਆ । ਪੰਝੀ ਪੋਹ ਕਰ ਧਿਆਨ, ਗੁਰਮੁਖ ਸੋਏ ਰਿਹਾ ਜਗਾਈਆ । ਸ਼ਬਦ ਸਰੂਪੀ ਹਲ ਸਾਚਾ ਜੋ, ਕਾਇਆ ਮੰਦਰ ਅੰਦਰ ਸਾਚਾ ਬੀਜ ਰਿਹਾ ਬਿਜਾਈਆ । ਦੁਰਮਤ ਮੈਲ ਕਲਜੁਗ ਧੋ, ਰਸਨ ਗੀਤ ਸੁਹਾਗਾ ਅਨਹਦ ਰਾਗਾ ਆਪੇ ਆਪ ਰਿਹਾ ਚਲਾਈਆ । ਹਰਿਜਨ ਬਣਾਏ ਹੰਸ ਕਾਗਾ, ਆਪ ਆਪਣੇ ਹੱਥ ਰੱਖੇ ਵਾਗਾ, ਏਕਾ ਰਾਹ ਜਗਤ ਮਲਾਹ ਬੇਪਰਵਾਹ ਦੋ ਜਹਾਨ ਚਲਾਈਆ । ਸ਼ਬਦ ਸੁਣਾਉਣੀ ਪਾਰਬ੍ਰਹਮ ਬ੍ਰਹਮ ਗਿਆਨੀ ਬ੍ਰਹਮ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਕਲਜੁਗ ਰੇਖ ਵੇਖ ਹਰਿ, ਗੁਰਮੁਖ ਸਾਚੇ ਸੰਤ ਜਨ ਸਾਚੀ ਬਣਤ ਮਾਤ ਰਿਹਾ ਬਣਾਈਆ । ਲੋਕਮਾਤ ਹਰਿ ਬਣਤ ਬਣਾਏ, ਗੁਰਮੁਖ ਸੋਇਆ ਮਾਤ ਜਗਾਏ, ਸਾਧ ਸੰਤ ਕਿਸੇ ਹੱਥ ਨਾ ਆਏ । ਰੂਪ ਅਗੰਮਾ ਹੱਡ ਮਾਸ ਨਾੜੀ ਚੰਮਾ, ਮਾਤ ਪਿਤ ਕਰ ਕਰ ਹਿੱਤ, ਕੋਇ ਨਾ ਜਾਣੇ ਖੇਲ ਨਿੱਤ ਨਵਿਤ, ਪਾਰਬ੍ਰਹਮ ਅਬਿਨਾਸ਼ੀ ਅਚੁਤ, ਵਾਰ ਥਿਤ ਨਾ ਕੋਇ ਜਾਣੇ ਆਪੇ ਜਾਣੇ ਗਤ ਮਿਤ, ਮਾਨਸ ਦੇਹੀ ਜਗਤ ਜਿੱਤ ਲੱਖ ਚੁਰਾਸੀ ਫੰਦ ਕਟਾਏ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਸ਼ਬਦ ਭੰਡਾਰਾ ਇਕ ਖੁਲ੍ਹਾਏ । ਸ਼ਬਦ ਭੰਡਾਰਾ ਖੋਲ੍ਹ ਜਗਤ ਜਣਾਈਆ । ਚੌਹ ਅੱਖਰ ਵੱਖਰ ਜਗਤ ਬੋਲ, ਚਾਰ ਵਰਨਾਂ ਰਿਹਾ ਸੁਣਾਈਆ । ਬਜਰ ਕਪਾਟੀ ਪਾੜੇ ਪੱਥਰ ਪੰਚਾਂ ਸਥਰ ਆਪੇ ਲਾਹੀਆ । ਨੇਤਰ ਨੀਰ ਵਰੋਲੇ ਅੱਥਰ, ਕਥਨੀ ਕਥ ਨਾ ਸਕੇ ਰਾਈਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਆਪ ਆਪਣੇ ਹੱਥ ਰੱਖੇ ਵਡਿਆਈਆ । ਪ੍ਰਭ ਹੱਥ ਵਡਿਆਈ, ਸ੍ਰਿਸ਼ਟ ਸਬਾਈਆ । ਸ੍ਰਿਸ਼ਟ ਸਬਾਈ ਦਏ ਦੁਹਾਈ, ਪੁਰਖ ਅਬਿਨਾਸ਼ੀ ਜੋਤ ਜਗਾਈਆ । ਧਰਤ ਮਾਤ ਮਿਲੀ ਵਧਾਈ, ਜਨ ਭਗਤਾਂ ਖ਼ੁਸ਼ੀ ਮਨਾਈਆ । ਲੱਖ ਚੁਰਾਸੀ ਹੋਏ ਕੁੜਮਾਈ, ਲਾੜੀ ਮੌਤ ਹੱਥੀਂ ਮਹਿੰਦੀ ਲਾਈਆ । ਧਰਮ ਰਾਏ ਦੂਰ ਦੁਰਾਡਾ ਵੇਖੇ ਚਾਈਂ ਚਾਈਂ, ਅਠਾਈ ਕੁੰਡਾਂ ਬੂਹਾ ਲਾਹੀਆ । ਕਲਜੁਗ ਕਾਲਾ ਪਕੜ

ਉਠਾਏ ਫੜ ਫੜ ਬਾਹੀਂ, ਆਪ ਆਪਣਾ ਰੰਗ ਵਖਾਈਆ । ਕੋਈ ਨਾ ਦੇਵੇ ਠੰਡੀਆਂ ਛਾਂਈ, ਮਾਤ ਪਿਤ ਪਿਤਾ ਪੂਤ ਨਾ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਸੰਤ ਸੁਹੇਲੇ ਇਕ ਇਕੇਲਾ ਸ਼ਬਦ ਸਰੂਪੀ ਕਰ ਕਰ ਮੇਲਾ, ਆਤਮ ਤ੍ਰਿਸ਼ਨਾ ਭੁੱਖ ਰਿਹਾ ਮਿਟਾਈਆ । ਆਤਮ ਤ੍ਰਿਸ਼ਨਾ ਕਟੇ ਭੁੱਖ, ਹਉਮੇ ਦਏ ਜਲਾਈਆ । ਇਕ ਉਪਾਏ ਸੱਚਾ ਸੁਖ, ਧੁਨ ਨਾਦ ਅਨਾਹਦ ਮਰਦੰਗਾ ਇਕ ਵਜਾਈਆ । ਨਿਸ਼ਅੱਖਰ ਵੱਖਰ ਸ਼ਬਦ ਜੋਤੀ ਸਾਚੇ ਕੰਡੇ ਤੋਲ, ਆਪ ਆਪਣੇ ਰੰਗ ਰੰਗਾਈਆ । ਭਾਗ ਲਗਾਏ ਕਾਇਆ ਚੋਲ, ਸਚ ਦਵਾਰੇ ਪੜਦਾ ਖੋਲ੍ਹ, ਨਿਰਮਲ ਜੋਤ ਕਰ ਅਕਾਰ, ਅੰਮ੍ਰਿਤ ਬਖ਼ਸ਼ੇ ਠੰਡੀ ਧਾਰ ਮੁਖ ਚੁਆਈਆ । ਪਵਣ ਉਨੰਜਾ ਛਤਰ ਝੁਲਾਰ, ਭੇਖ ਬਵੰਜਾ ਦਰ ਦਰਬਾਰ, ਭੇਵ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਲੱਖ ਚੁਰਾਸੀ ਵੇਖ ਹਰਿ, ਆਪ ਆਪਣੀ ਰਚਨ ਰਚਾਈਆ । ਗੁਰ ਮੰਦਰ ਅੰਦਰ ਕਿਸੇ ਦਿਸੇ ਨਾ ਸਚ ਸਚਾਈ, ਪੰਡਤ ਪਾਂਧੇ ਦੇਣ ਦੁਹਾਈ, ਮੁਲਾਂ ਕਾਜ਼ੀ ਹਾਹਾਕਾਰਿਆ । ਆਤਮ ਦਰ ਗੁਰਮੁਖ ਵਿਰਲੇ ਵੱਜੇ ਵਧਾਈ, ਸੁਣਿਆ ਰਾਗ ਸ਼ਬਦ ਅਪਾਰਿਆ । ਮਿਲਿਆ ਮੇਲ ਸਾਚੇ ਮਾਹੀ, ਨਾਤਾ ਤੁੱਟਾ ਨੌਂ ਦਵਾਰਿਆ । ਦਸਵੇਂ ਜੋਤ ਅਗੰਮ ਅਥਾਹੀ, ਦੀਪਕ ਜੋਤੀ ਹੋਏ ਉਜਿਆਰਿਆ । ਹੋਏ ਸਹਾਈ ਸਭਨੀਂ ਥਾਂਈਂ, ਪਾਰਬ੍ਰਹਮ ਪਾਵੇ ਸਾਰਿਆ । ਗੁਰਮੁਖ ਆਉਣਾ ਚਾਈਂ ਚਾਈਂ, ਪੁਰਖ ਨਿਰੰਜਣ ਘਟ ਘਟ ਵਾਸੀ ਸ਼ਬਦ ਸਰੂਪੀ ਪਕੜੇ ਬਾਹੀਂ, ਛੱਬੀ ਪੋਹ ਦਿਵਸ ਵਿਚਾਰਿਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਗੁਰਮੁਖ ਸਾਚੇ ਸੰਤ ਜਨਾਂ ਅੰਮ੍ਰਿਤ ਆਤਮ ਸਾਚਾ ਚੋਅ, ਨਿਝਰ ਧਾਰਾ ਠੰਡੀ ਠਾਰਾ, ਸੀਤਲ ਸਾਂਤ ਸਾਂਤਕ ਆਪ ਕਰਾ ਰਿਹਾ । ਛੱਬੀ ਪੋਹ ਰੁੱਤ ਬਸੰਤਾ, ਲੋਕਮਾਤ ਕਲ ਆਈ । ਮਿਲੇ ਮੇਲ ਪ੍ਰਭ ਸਾਚੇ ਕੰਤਾ, ਗੁਰਮੁਖ ਸ਼ਬਦ ਹੋਏ ਕੁੜਮਾਈ । ਨਾਤਾ ਤੁੱਟੇ ਜੀਵ ਜੰਤਾ, ਮਿਲੇ ਮੇਲ ਹਰਿ ਭਗਵੰਤਾ, ਕਲਜੁਗ ਕਾਲਖ ਲਾਹੇ ਛਾਹੀ । ਕਰੇ ਖੇਲ ਆਦਿਨ ਅੰਤਾ, ਚੌਥੇ ਜੁਗ ਜੋਤ ਜਗੰਤਾ, ਬਣਾਏ ਮਾਤ ਸਾਚੀ ਬਣਤਾ, ਵੇਖ ਵਖਾਣੇ ਥਾਉਂ ਥਾਈਂ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਗੁਰਮੁਖ ਸਾਚੇ ਵੇਖ ਹਰਿ, ਦਵਾਰ ਬੰਕ ਰਾਓ ਰੰਕ ਏਕਾ ਏਕ ਸੁਹਾਇੰਦਾ । ਏਕਾ ਏਕ ਸੁਹਾਏ ਦਵਾਰ, ਰਾਓ ਰੰਕ ਰੰਕ ਰਾਜਾਨ ਸ਼ਾਹ ਸੁਲਤਾਨ ਰਿਹਾ ਜਣਾਈਆ । ਚਾਰ ਵਰਨ ਦਰ ਭਿਖਾਰ, ਸ਼ਬਦ ਮਿਲੇ ਵਸਤ ਅਪਾਰ, ਆਤਮ ਝੋਲੀ ਕਾਇਆ ਡੋਲੀ ਹਰਿ ਸਾਚਾ ਰਿਹਾ ਭਰਾਈਆ । ਆਪੇ ਹੋਏ ਪਹਿਰੇਦਾਰ, ਅੰਦਰ ਬਾਹਰ ਗੁਪਤ ਜਾਹਿਰ, ਸ਼ਬਦ ਕੰਡਾ ਸੋਹੰ ਡੰਡਾ ਵਿਚ ਬ੍ਰਹਿਮੰਡਾ ਆਪਣੇ ਹੱਥ ਰਿਹਾ ਉਠਾਈਆ । ਗੁਰਮੁਖ ਵਿਰਲਾ ਵਿਚ ਮਾਤ ਪਾਏ ਵੰਡਾ, ਫੰਦ ਚੁਕਾਏ ਜੇਰਜ ਅੰਡਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਦੇਵੇ ਜਗਤ ਵਰ, ਜੁਗ ਜੁਗ ਕਾਰ ਕਮਾਈਆ । ਕਾਰ ਕਮਾਵੇ ਕਰਮ ਕਾਂਡ, ਲੱਖ ਚੁਰਾਸੀ ਵੇਖ ਵਖਾਨਿਆ । ਲੱਖ ਚੁਰਾਸੀ ਵੇਖ ਵਖਾਣੇ ਜੀਵ ਜੰਤ ਸਾਧ ਸੰਤ ਪ੍ਰਭ ਪੁਣ ਛਾਣ, ਗੁਰਮੁਖ ਸਾਚੇ ਮਾਤ ਉਪੰਨਿਆ । ਗੁਰਮੁਖ ਸਾਚੇ ਚਤੁਰ ਸੁਜਾਨ, ਮਿਲੇ ਮੇਲ ਗੁਣ ਨਿਧਾਨ, ਆਤਮ ਬ੍ਰਹਮ ਬ੍ਰਹਮ ਗਿਆਨ ਪਾਰਬ੍ਰਹਮ ਮੰਨ ਮੰਨਿਆ । ਸ਼ਬਦ ਫੜਾਏ ਹੱਥ ਤੀਰ ਕਮਾਨ, ਸੋਹੰ ਚੁੱਕੇ ਨੌਜਵਾਨ, ਪੰਜਾਂ ਚੋਰਾਂ ਆਪੇ ਡੰਨਿਆ । ਦਾਤਾ ਜੋਧਾ ਸੂਰਾ ਗੁਣੀ ਗੁਣਵਾਨ, ਸਰਬ ਕਲ ਭਰਪੂਰਾ ਹਾਜ਼ਰ ਹਜ਼ੂਰਾ ਵਡ ਧੰਨ ਧੰਨਿਆ । ਰਾਗ ਅਨਾਦਾਂ ਅਨਾਦੀ ਤੋੜਾ, ਬੋਧ ਅਗਾਧ ਸ਼ਬਦੀ ਪੂਰਾ, ਹਰਿਜਨ ਚੜ੍ਹਾਏ ਸਾਚੇ ਚੰਨ੍ਹਿਆ । ਗੁਰਮੁਖਾਂ ਮਸਤਕ ਲਾਏ ਸਾਚੀ ਧੂੜਾ, ਕਾਇਆ ਰੰਗਣ ਰੰਗ ਚੜ੍ਹਾਏ ਗੂੜ੍ਹਾ, ਚਤੁਰ ਸੁਘੜ ਬਣਾਏ

੪੩੦

ਦਰ ਆਏ ਮੂੜਾ, ਦੇਵੇ ਗਿਆਨ ਗੁਰ ਸ਼ਬਦ ਧਿਆਨ ਆਤਮ ਅੰਨ੍ਹਿਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਕਲਜੁਗ ਰੇਖ ਵੇਖ ਹਰਿ, ਚਾਰ ਵਰਨ ਇਕ ਸਰਨ ਏਕਾ ਰਾਗ ਸੁਣਾਏ ਕੰਨਿਆ । ਸਾਚਾ ਰਾਗ ਕੰਨ ਸੁਣਾਏ, ਕਵਲ ਨੈਣ ਬਿਧ ਨਾਤਾ । ਗੁਰਮੁਖ ਆਤਮ ਜਾਏ ਮੰਨ, ਮਿਲੇ ਮੇਲ ਸਾਕ ਸੈਣ ਪਿਤ ਮਾਤਾ । ਭਾਂਡਾ ਭਰਮ ਦੇਵੇ ਭੰਨ, ਲੇਖਾ ਚੁੱਕੇ ਊਚਾਂ ਨੀਚਾਂ ਜ਼ਾਤਾਂ ਪਾਤਾਂ । ਬੇੜਾ ਆਪਣਾ ਲਏ ਬੰਨ੍ਹ, ਸੋਹੰ ਦਾਤ ਜਿਸ ਜਨ ਮਿਲੇ ਜਗਤ ਸੁਗਾਤਾ । ਨਾ ਕੋਈ ਲਾਏ ਮਾਤ ਸੰਨ੍ਹ, ਮਿਲਾਏ ਮੇਲ ਤਨ ਕਮਲਾਪਾਤਾ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਪਾਰਬ੍ਰਹਮ ਬ੍ਰਹਮ ਪਾਰ ਗਿਆਤਾ । ਸਪਤ ਸਰੋਵਰ ਸਾਂਤ ਰਸ, ਸਤਿਗੁਰ ਸਰਨ ਸਰਨਾਏ । ਸਤਿਜੁਗ ਸਾਚੀ ਆਸ ਰੱਖ, ਕਲਜੁਗ ਕਾਲਖ ਪ੍ਰਭ ਰਿਹਾ ਮਿਟਾਏ । ਗੁਰਮੁਖ ਆਤਮ ਜੋਤ ਰਵ ਸਸ ਮਾਤ ਪਰਤਖ, ਦੀਪਕ ਦੀਪ ਰਿਹਾ ਜਗਾਏ । ਮਨਮੁਖ ਜਗਤ ਗਵਾਰ ਹੋਏ ਭੱਖ, ਜੋਤੀ ਅਗਨੀ ਰਿਹਾ ਜਲਾਏ । ਧੁਰ ਮਸਤਕ ਭਾਗ ਪ੍ਰਭ ਲਏ ਰੱਖ, ਗੁਰਮੁਖ ਸੋਏ ਮਾਤ ਜਗਾਏ । ਲੱਖ ਚੁਰਾਸੀ ਵਿਚੋਂ ਕੀਨੇ ਵਖ, ਸੋਹੰ ਸੋ ਜਾਪ ਜਪਾਏ । ਪੰਝੀ ਪੋਹ ਦਰਸ ਦਿਖਾਏ ਹਰਿ ਪਰਤਖ, ਗੁਰ ਸੰਗਤ ਘਾਲ ਪਾਏ ਥਾਂਏ । ਆਪ ਆਪਣੀ ਗੋਦ ਪ੍ਰਭ ਲਏ ਰੱਖ, ਧਰਮ ਰਾਏ ਨੇੜ ਨਾ ਆਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਸਤਿਵਾਦੀ ਸਤਿ ਪੁਰਖ ਨਿਰੰਜਣ, ਨੇਤਰ ਪਾਇਆ ਸ਼ਬਦ ਅੰਜਨ, ਚਰਨ ਧੂੜ ਕਰਾਏ ਸਾਚਾ ਮਜਨ, ਸਵਾ ਲੱਖ ਪ੍ਰਭ ਇਕ ਕਰਾਏ । ਇਕ ਸਵਾਇਆ ਸਵਾ ਲੱਖ, ਪ੍ਰਭ ਜੋਤੀ ਨੂਰ ਸਵਾਇਆ । ਜੋਤ ਨਿਰੰਜਣ ਰਹੀ ਭਖ, ਅੱਖਰ ਵੱਖਰ ਇਕ ਪੜ੍ਹਾਇਆ । ਹਰਿਜਨ ਆਪ ਚੜ੍ਹਾਏ ਸਾਚੇ ਰਥ, ਸਤਿਜੁਗ ਸਾਚੇ ਮਾਰਗ ਪਾਇਆ । ਸਰਬ ਕਲਾ ਆਪੇ ਸਮਰਥ, ਮਨਮੁਖ ਜੀਵਾਂ ਦਿਸ ਨਾ ਆਇਆ । ਸ੍ਰਿਸ਼ਟ ਸਬਾਈ ਪਕੜੇ ਨੱਥ, ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਰਿਹਾ ਭਵਾਇਆ । ਜਗਤ ਚਲਾਏ ਸ਼ਬਦ ਰਥ, ਅਕਥਨਾ ਅਕਥ ਰਸਨਾ ਕਥ ਨਾ ਸਕੇ ਰਾਇਆ । ਲੋਆਂ ਪੁਰੀਆਂ ਰਿਹਾ ਮਥ, ਬ੍ਰਹਮਾ ਸ਼ਿਵ ਇੰਦਰ ਕਰੋੜ ਤੇਤੀਸਾ ਦਏ ਦੁਹਾਇਆ । ਲੱਖ ਚੁਰਾਸੀ ਸੀਆਂ ਸਾਢੇ ਤਿੰਨ ਹੱਥ, ਕਲਜੁਗ ਆਪਣੀ ਵੰਡ ਵੰਡਾਇਆ । ਜਨ ਭਗਤਾਂ ਪ੍ਰਭ ਰਖੇ ਦੇ ਕਰ ਹੱਥ, ਵਿਚ ਵਰਭੰਡ ਮਿਲੇ ਵਡਿਆਇਆ । ਜੋਤੀ ਜੋਤ ਸਰੂਪ ਹਰਿ, ਕਰ ਦਰਸ ਸਗਲ ਵਸੂਰੇ ਜਾਇਣ ਲਥ, ਛੱਬੀ ਪੋਹ ਜੋ ਜਨ ਦਰਸ਼ਨ ਪਾਇਆ । ਛੱਬੀ ਪੋਹ ਪ੍ਰਭ ਬਣਤ ਬਣਾਉਣੀ, ਕਾਲਾ ਸੂਸਾ ਤਨ ਛੁਹਾਉਣਾ ਏ । ਵੇਖ ਵਖਾਣੇ ਈਸਾ ਮੂਸਾ ਚੀਨਾ ਰੂਸਾ ਭੇਖ ਵਟਾਉਣਾ ਏ । ਆਪੇ ਜਾਣੇ ਅੰਜ਼ੀਲ ਕੁਰਾਨ ਜਗਤ ਹਦੀਸਾ, ਬੀਸ ਇਕੀਸਾ ਖੇਲ ਖਿਲਾਉਣਾ ਏ । ਏਕਾ ਛਤਰ ਸੋਹੇ ਸਿਰ ਜਗਦੀਸਾ, ਦੰਦ ਬਤੀਸਾ ਲੱਖ ਚੁਰਾਸੀ ਗਾਉਣਾ ਏ । ਸ਼ਾਹ ਸੁਲਤਾਨਾਂ ਖਾਲੀ ਖੀਸਾ, ਬੀਸ ਬੀਸੇ ਦਰ ਦਰ ਕਰ ਭਿਖਾਰ, ਭੇਖ ਇਕ ਆਪ ਅਖਵਾਉਣਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਏਕਾ ਰੰਗ ਰਾਓ ਰੰਕ ਸ੍ਰਿਸ਼ਟ ਸਬਾਈ ਆਪਣਾ ਆਪ ਵਖਾਉਣਾ ਏ ।

★ ੨੪ ਪੋਹ ੨੦੧੨ ਬਿਕ੍ਰਮੀ ਹਰਿ ਭਗਤ ਦਵਾਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ★

ਜਗਤ ਜੁਗੀਸ਼ਰ ਆਪ ਪ੍ਰਭ, ਏਕਾ ਜੋਗ ਕਮਾਇਆ । ਜਗਤ ਮੁਨੀਸ਼ਰ ਆਪ ਪ੍ਰਭ, ਚਿੰਤਾ ਰੋਗ ਸੋਗ ਪ੍ਰਭ ਰਿਹਾ ਮਿਟਾਇਆ । ਜਗਤ ਤਪੀਸ਼ਰ ਆਪ ਪ੍ਰਭ, ਤਨ ਮਨ ਰਸਨਾ ਭੋਗ ਮਾਤ ਤਜਾਇਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਜਗਤ ਅਵੱਲੜਾ ਰਾਹ ਚਲਾਇਆ । ਜਪ ਤਪ ਅਭਿਆਸ ਸਰਬ ਸੰਸਾਰਿਆ । ਲਿਖਿਆ ਲੇਖ ਵੇਦ ਵਿਆਸ, ਨਿਹਕਲੰਕ ਲਏ ਅਵਤਾਰਿਆ । ਜੇਰਜ ਖਾਣੀ ਨਾ ਕੋਈ ਜਾਣੇ ਦਸ ਦਸ ਮਾਸ, ਪਾਰਬ੍ਰਹਮ ਭੇਵ ਅਪਾਰਿਆ । ਸਚ ਮੰਡਲ ਜੋਤ ਪਰਕਾਸ਼, ਦੇਵੀ ਦੇਵ ਸਰਬ ਭੁਲਾ ਰਿਹਾ । ਵੇਖ ਵਖਾਣੇ ਪ੍ਰਿਥਮੀ ਅਕਾਸ਼, ਬ੍ਰਹਮ ਸ਼ਿਵ ਸੀਸ ਝੁਕਾ ਰਿਹਾ । ਸ਼ਬਦ ਸਰੂਪੀ ਪਾਵੇ ਰਾਸ, ਪਵਣ ਸਵਾਸ ਇਕ ਚਲਾ ਰਿਹਾ । ਭਗਤ ਸੁਹੇਲਾ ਹੋਇਆ ਦਾਸ, ਸਾਚੀ ਬਣਤ ਮਾਤ ਬਣਾ ਰਿਹਾ । ਘਰ ਮੰਦਰ ਅੰਦਰ ਕੀਨਾ ਵਾਸ, ਸੋਹੰ ਸੋ ਜਾਪ ਜਪਾ ਰਿਹਾ । ਮਿਲਿਆ ਮੇਲ ਸਰਬ ਗੁਣਤਾਸ, ਸਦ ਗਿਆਰਾਂ ਲੇਖੇ ਲਾ ਰਿਹਾ । ਗਿਆਰਾਂ ਸਦ ਜਗਤ ਪਰਭਾਸ, ਗੁਰਮੁਖ ਸੋਏ ਮਾਤ ਜਗਾ ਰਿਹਾ । ਦਿਸੇ ਨਾ ਸ਼ਾਹੋ ਸ਼ਾਬਾਸ, ਕਲਧਾਰੀ ਕਲ ਵਰਤਾ ਰਿਹਾ । ਗੁਰਮੁਖ ਸਾਚੇ ਸਦ ਬਲ ਬਲ ਜਾਸ, ਬ੍ਰਹਮ ਪਾਰਬ੍ਰਹਮ ਪ੍ਰਭ ਸਾਚੀ ਸੇਵ ਕਮਾ ਰਿਹਾ । ਗੁਰਮੁਖ ਸਾਚੀ ਸੇਵ, ਹਰਿ ਸਾਚੇ ਮਾਤ ਲਗਾਈਆ । ਤਨ ਕਾਇਆ ਰਸਨਾ ਸਾਚੀ ਜੇਹਵ, ਵਡ ਦੇਵੀ ਦੇਵ ਦਇਆ ਕਮਾਈਆ । ਅਚਰਜ ਲੀਲਾ ਅਲਖ ਅਭੇਵ, ਜੋਤ ਨਿਰੰਜਣ ਆਪ ਕਰਾਈਆ । ਕਾਇਆ ਫ਼ਲ ਲੱਗਾ ਸਾਚਾ ਮੇਵ, ਸਚ ਦਿਹਾੜਾ ਆਪ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰਾ ਅੰਤ ਵਿਹਾਰਾ, ਸਤਿਜੁਗ ਤੇਰਾ ਸਤਿ ਪਸਾਰਾ, ਦੋਹਾਂ ਵੇਖੇ ਇਕ ਦਵਾਰਾ, ਆਪ ਆਪਣੇ ਰੰਗ ਸਮਾਈਆ । ਆਪ ਆਪਣੇ ਰੰਗ ਸਮਾਇਆ । ਪੰਚਮ ਪੋਹ ਪੰਚ ਪਰਧਾਨਾ, ਪੰਚਮ ਬੇੜਾ ਰਿਹਾ ਬੰਨ੍ਹਾਇਆ । ਪੰਚਮ ਦੇਵੇ ਸ਼ਬਦ ਤਰਾਨਾ, ਜੋਤ ਨਿਰੰਜਣ ਇਕ ਮਹਾਨਾ, ਰਾਗ ਅਨਾਦਾ ਰਿਹਾ ਸੁਣਾਇਆ । ਸ਼ਬਦ ਸਰੂਪੀ ਹੱਥੀਂ ਗਾਨਾ ਏਕਾ ਬੰਨ੍ਹੇ ਸ਼ਾਹ ਸੁਲਤਾਨਾ, ਗੁਣ ਅਵਗੁਣ ਨਾ ਕੋਈ ਜਣਾਇਆ । ਭੇਵ ਅਭੇਦਾ ਖੇਲ ਮਹਾਨਾ, ਅਛਲ ਅਛੇਦਾ ਸ੍ਰਿਸ਼ਟ ਭੁਲਾਨਾ, ਚਾਰ ਵੇਦਾਂ ਵਕਤ ਚੁਕਾਨਾ, ਸੋਹੰ ਸਾਚਾ ਰਾਗ ਸੁਣਾਇਆ । ਜਨ ਭਗਤਾਂ ਸੁਣਾਏ ਸਾਚਾ ਗਾਨਾ, ਧੁਰ ਦਰਗਾਹੀ ਦੇਵੇ ਦਾਨਾ, ਝੁੱਲਦਾ ਰਹੇ ਮਾਤ ਨਿਸ਼ਾਨਾ, ਨਾ ਕੋਈ ਮੇਟੇ ਮੇਟ ਮਿਟਾਇਆ । ਪੂਰਨ ਜੋਤ ਸ੍ਰੀ ਭਗਵਾਨਾ, ਨਿਹਕਲੰਕ ਬਲੀ ਬਲਵਾਨਾ, ਪਰਗਟ ਹੋਏ ਵਾਲੀ ਦੋ ਜਹਾਨਾ, ਸ਼ਬਦ ਡੰਕ ਰਿਹਾ ਵਜਾਇਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਕਲਜੁਗ ਅੰਤਮ ਵੇਖ ਹਰਿ, ਆਪ ਆਪਣਾ ਸੰਗ ਨਿਭਾਇਆ । ਜਗਤ ਤ੍ਰਿਸ਼ਨਾ ਅੱਗ, ਕਲ ਜਲਾਇਆ । ਲੱਖ ਚੁਰਾਸੀ ਰਹੀ ਦਗ, ਨਾ ਕਿਸੇ ਕੋਈ ਛੁਡਾਇਆ । ਜੂਠੀ ਝੂਠੀ ਵਾ ਰਹੀ ਵਗ, ਦਿਵਸ ਰੈਣ ਅੰਧੇਰ ਮਚਾਇਆ । ਮਾਨਸ ਦੇਹੀ ਹੰਸ ਹੋਈ ਕਗ, ਸ਼ਬਦ ਚੋਗ ਨਾ ਕੋਈ ਚੁਗਾਇਆ । ਦੀਪਕ ਜੋਤ ਨਾ ਗਈ ਜਗ, ਅੰਧ ਅਗਿਆਨ ਅੰਧੇਰ ਨਾ ਕੋਇ ਮਿਟਾਇਆ । ਧੀਰਜ ਯਤ ਤੁਟਾ ਤਗ, ਸਤਿ ਧਰਮ ਨਾ ਕੋਇ ਰਖਾਇਆ । ਜਮ ਜਮਕਾਲ ਪਕੜ ਪਛਾੜੇ ਸ਼ਾਹਰਗ, ਨਾ ਹੋਏ ਕੋਈ ਸਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵਡ ਦਾਤਾ ਸੂਰਾ ਸਰਬਗ ਏਕਾ ਏਕ ਅਖਵਾਇਆ । ਏਕਾ ਏਕ ਅਕਾਲ, ਸਰਬ ਘਟ ਵਸਿਆ । ਪਰਗਟ ਹੋਏ ਦੀਨ ਦਿਆਲ, ਰਾਹ ਸਾਚਾ ਮਾਤ ਦੱਸਿਆ । ਦਿਵਸ ਰੈਣ ਰਿਹਾ ਸੁਰਤ ਸੰਭਾਲ, ਅੰਦਰ ਬਾਹਰ ਫਿਰੇ

ਨੱਸਿਆ । ਦੇਵੇ ਨਾਮ ਸੱਚਾ ਧਨ ਮਾਲ, ਨਰ ਹਰਿ ਹਰਿ ਨਰ ਹਿਰਦੇ ਵਸਿਆ । ਜਗਤ ਮਾਇਆ ਤੋੜ ਜੰਜ਼ਾਲ, ਮਾਰੇ ਸ਼ਬਦ ਇਕ ਉਛਾਲ, ਭਾਗ ਲਗਾਏ ਮਾਟੀ ਖਾਲ, ਮਿਲੇ ਨਾਮ ਦਾਨ ਅਨਮੁਲਿਆ । ਦੋ ਜਹਾਨੀ ਦਰ ਦਲਾਲ, ਨੇੜ ਨਾ ਆਏ ਕਾਲ ਮਹਾਂਕਾਲ, ਜਨ ਹਰਿ ਵਰੋਲੇ ਲੋਕਮਾਤੀ ਭਾਲ, ਅੰਤਮ ਬੇੜਾ ਰਿਹਾ ਬੰਨ੍ਹਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਸਰੂਪੀ ਚਲੇ ਨਾਲ ਨਾਲ, ਪੰਚਮ ਪੰਚਾਂ ਦੇਵੇ ਡੰਨਿਆ । ਪੰਚਮ ਦੇਵੇ ਡੰਨ, ਮਾਤ ਜਗਾਇਆ । ਪੰਚਮ ਦੇਵੇ ਭੰਨ, ਪੰਚ ਉਪਜਾਇਆ । ਪੰਚਮ ਲਾਏ ਸੰਨ੍ਹ, ਪੰਚਮ ਝੋਲੀ ਰਿਹਾ ਭਰਾਇਆ । ਪੰਚਮ ਭਰਮੇ ਭੁੱਲੇ ਜਨ, ਪੰਚਮ ਭਾਂਡਾ ਭਰਮ ਭੰਨਾਇਆ । ਜੋਤੀ ਜੋਤ ਸਰੂਪ ਹਰਿ, ਪੰਚਮ ਪੰਚ ਵਿਚੋਲਾ ਪੰਚਮ ਪੰਚਾਂ ਵਿਚ ਸਮਾਇਆ । ਪੰਚ ਗਵਾਏ ਪੰਚ ਬਣਾਏ ਪੰਚਮ ਜੋਤ ਜਗਾਈਆ । ਪੰਚਮ ਸੁਰਤੀ ਸ਼ਬਦ ਸੰਗ ਮਿਲਾਏ, ਪੰਚਮ ਮੁਖ ਭਵਾਈਆ । ਜਮ ਕਾਲ ਰਾਣੀ ਦਰਸ ਦਿਖਾਏ, ਪੰਚਮ ਰੋ ਰੋ ਦਏ ਦੁਹਾਈਆ । ਪੰਚਮ ਅੰਮ੍ਰਿਤ ਆਤਮ ਮੇਘ ਬਰਸ ਵਖਾਏ, ਪੰਚਮ ਦਿਵਸ ਰੈਣ ਰਹੇ ਹਲਕਾਈਆ । ਜੋਤੀ ਜੋਤ ਸਰੂਪ ਹਰਿ, ਪੰਚਮ ਬੰਨ੍ਹੇ ਪੰਚਮ ਨਾਤਾ ਪੰਚਮ ਪੰਚਾਂ ਰਹੇ ਜੁਦਾਈਆ । ਪੰਚਮ ਜੁਦਾਈ ਅੰਤ ਕਲ, ਨਰ ਹਰਿ ਸਾਚੇ ਮਾਤ ਕਰਾਈਆ । ਪੰਚਮ ਵਡਿਆਈ ਜਲ ਥਲ, ਪ੍ਰਭ ਆਪੇ ਬਣਤ ਬਣਾਈਆ । ਪੰਚਮ ਕਮਾਈ ਅੱਜ ਕੱਲ, ਕਾਲਖ ਟਿੱਕਾ ਮਸਤਕ ਛਾਹਿਆ । ਪੰਚਮ ਵਡਿਆਈ ਘੜੀ ਘੜੀ ਪਲ ਪਲ, ਪੰਚਮ ਮਿਲਿਆ ਸਹਿਜ ਸੁਭਾਈਆ । ਪੰਚਮ ਕਰੇ ਵਲ ਛਲ, ਛਲ ਵਲ ਕਰ ਭੁਲਾਈਆ । ਪੰਚਮ ਜਾਏ ਬਲ ਬਲ, ਪੰਚਮ ਰਿਹਾ ਜਗਾਈਆ । ਪੰਚਮ ਲਾਹੇ ਦੂਈ ਦਵੈਤੀ ਸਲ, ਨਾ ਕੋਈ ਮੇਟੇ ਮੇਟ ਮਿਟਾਈਆ । ਪੰਚਮ ਬੈਠਾ ਆਪੇ ਰਲ, ਸੁਨ ਸਮਾਧੀ ਆਸਣ ਲਾਈਆ । ਪੰਚਮ ਮੇਲਾ ਮਨ ਤਨ, ਨੌਂ ਦਵਾਰ ਰਹੇ ਹਲਕਾਈਆ । ਪੰਚਮ ਮਿਲਿਆ ਨਾਮ ਧਨ, ਸਚ ਸਮਗਰੀ ਇਕ ਰਖਾਈਆ । ਪੰਚਮ ਪੰਚਮ ਪ੍ਰਭ ਜਾਏ ਮੰਨ, ਪੰਚਮ ਕਰੇ ਮਾਤ ਕੁੜਮਾਈਆ । ਨਰ ਹਰਿ ਸਾਚਾ ਮੰਨਿਆ, ਪੰਚਮ ਮਿਲੇ ਮੇਲ ਹਰਿ ਰਘੁਰਾਈਆ । ਲੱਗੇ ਭਾਗ ਕਾਇਆ ਛੱਪਰ ਛੰਨਿਆ, ਕਲਜੁਗ ਰੈਣ ਸੁਹੰਜਣੀ ਆਈਆ । ਸੁਰਤੀ ਸ਼ਬਦ ਸੇਵ ਕਮਾਈ, ਨਰ ਹਰਿ ਸਾਚਾ ਸ਼ਾਹੋ ਮੰਨਿਅ, ਗੁਰਮੁਖ ਵੇਖੇ ਥਾਂਓ ਥਾਈਂਆ । ਅਗੰਮ ਅਗੰਮੜਾ ਬੇਪਰਵਾਹੀ ਮੇਟ ਮਿਟਾਏ ਝੂਠਾ ਜੰਨਿਆ, ਜੋਤੀ ਜੋਤ ਸਰੂਪ ਹਰਿ, ਪੰਚਮ ਜੋਤੀ ਇਕ ਕਰ, ਸ਼ਬਦ ਦੇਵੇ ਨਾਮ ਵਰ, ਸਾਚਾ ਰਾਗ ਸੁਣਾਈਆ । ਰਾਗ ਕੰਨ ਸੰਗੀਤ ਪ੍ਰਭ ਸੁਣਾਈਆ । ਸ਼ਬਦ ਸਚ ਸੁਹਾਗੀ ਗੀਤ, ਸੋਹੰ ਸੋ ਮਾਤ ਵਡਿਆਈਆ । ਸਤਿਜੁਗ ਸਤਿ ਮਿਲਿਆ ਗੁਰ ਮੀਤ, ਦੂਸਰ ਕੋਈ ਭੇਵ ਨਾ ਪਾਈਆ । ਨਾ ਕੋਈ ਦਿਹੁਰਾ ਮੰਦਰ ਮਸੀਤ, ਗੁਰਦਵਾਰਾ ਰਹਿਣ ਨਾ ਪਾਈਆ । ਦਰ ਘਰ ਬੈਠਾ ਪਰਖੇ ਨੀਤ, ਨਾ ਕੋਈ ਸਕੇ ਭੇਦ ਛੁਪਾਈਆ । ਜਨ ਭਗਤਾਂ ਬਖ਼ਸ਼ੇ ਚਰਨ ਪ੍ਰੀਤ, ਸੇਵਕ ਸੇਵਾ ਸਾਚੀ ਲਾਈਆ । ਸਾਚਾ ਮੇਲਾ ਸੱਜਣ ਸੁਹੇਲੇ ਮੀਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੰਚਮ ਜੋਤੀ ਇਕ ਧਰ, ਏਕਾ ਰੰਗ ਰੰਗਾਈਆ । ਪੰਚਮ ਰੰਗ ਚਲੂਲ ਹਰਿ ਚੜ੍ਹਨਿਆ । ਮਿਲਿਆ ਮੇਲ ਕੰਤ ਕੰਤੂਹਲ, ਸਤਿਜੁਗ ਚੜ੍ਹਿਆ ਸਾਚਾ ਚੰਨਿਆ । ਸ਼ਬਦ ਪੰਘੂੜਾ ਲੈਣਾ ਝੂਲ, ਗਗਨ ਰਾਗ ਸੁਣਿਆ ਕੰਨਿਆ । ਸ਼ਿਵ ਜੀ ਸੁੱਟੀ ਹੱਥੋਂ ਤ੍ਰਿਸੂਲ, ਸੋਹੰ ਦੇਵਣ ਆਇਆ ਡੰਨਿਆ । ਕਰੋੜ ਤੇਤੀਸਾ ਬਰਖੇ ਫੂਲ, ਹਰਿ ਹਰਿ ਭਾਣਾ ਜਿਸ ਜਨ ਮੰਨਿਆ । ਜੋ ਜਨ ਗਏ ਮਾਤ ਅੰਤ ਕਲ ਭੂਲ, ਮਾਨਸ ਦੇਹੀ ਨਾ ਬੇੜਾ ਬੰਨ੍ਹਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੰਚਮ ਜੋਤੀ ਇਕ ਦਰ, ਦਰ ਦਵਾਰਾ ਏਕਾ ਮੰਨਿਆ । ਕਵਣ ਜਗਾਏ

ਪੰਚ, ਪੰਚਮ ਕਵਣ ਸੋਇਆ । ਵੇਖੇ ਖੇਲ ਕਵਣ ਪਰਪੰਚ, ਪੰਚਮ ਨਾਤਾ ਦਏ ਤੁੜਾਇਆ । ਕਵਣ ਬੁਝਾਏ ਤ੍ਰਿਸਨਾ ਅੰਚ, ਕਵਣ ਸਾਂਤਕ ਸਤਿ ਵਰਤਾਇਆ । ਮਾਨਸ ਦੇਹੀ ਕਾਇਆ ਕੰਚ, ਘੜਨ ਭੰਨਣਹਾਰ ਕਵਣ ਅਖਵਾਇਆ । ਜੋਤੀ ਜੋਤ ਸਰੂਪ ਹਰਿ, ਪੰਚਮ ਜੋਤੀ ਨੂਰ ਕਰ, ਪੰਚ ਪੰਚਾਲੀ ਰਿਹਾ ਸੁਣਾਇਆ । ਪੰਚ ਪੰਚਾਇਣੀ ਤਾਜ, ਹਰਿ ਸੁਹੰਦੜਾ । ਆਪੇ ਕਰੇ ਆਪਣਾ ਕਾਜ, ਭਗਤ ਸੁਹੇਲ ਸਦਾ ਬਖ਼ਸ਼ੰਦੜਾ । ਭਾਗ ਲੱਗੇ ਦੇਸ ਮਾਝ, ਨਾ ਕੋਈ ਜਾਣੇ ਜੀਵ ਅੰਧੜਾ । ਜਨ ਭਗਤਾਂ ਦੇਵੇ ਸ਼ਬਦ ਦਾਜ, ਮਨਮੁਖ ਭਾਗਾਂ ਮੰਦੜਾ । ਜੋਤੀ ਜੋਤ ਸੋਹੰ ਸੋ ਮਾਰੀ ਅਗਾਜ਼, ਗੜ੍ਹ ਹੰਕਾਰੀ ਤੋੜ ਤੁੜਾਏ ਜੰਦਰਾ । ਗੁਰਮੁਖ ਸਾਚੇ ਸ਼ਬਦ ਡੋਰੀ ਰਿਹਾ ਪ੍ਰੋ, ਰੱਖੇ ਲਾਜ ਸਾਜਣ ਸਾਜ ਆਪ ਅਖਵੰਦੜਾ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਨਿਹਕਲੰਕ ਨਰਾਇਣ ਨਰ, ਏਕਾ ਏਕ ਸਾਚਾ ਰਾਹ ਸ੍ਰਿਸ਼ਟ ਸਬਾਈ ਆਪ ਵਖੰਦੜਾ । ਸਤਿਜੁਗ ਸਾਚਾ ਰਾਹ ਵਖਾਏ, ਨਈਆ ਨਾਮ ਚਲਾਈਆ । ਲੱਖ ਚੁਰਾਸੀ ਫਾਹ ਕਟਾਏ, ਭੈਣਾਂ ਭਈਆਂ ਸਾਕ ਤੁੜਾਈਆ । ਧੁਰ ਦਰਗਾਹੀ ਭਗਤ ਮਲਾਹ ਆਪੇ ਹੋ ਜਾਏ, ਸਾਚੀ ਬਈਆਂ ਆਪ ਫੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੰਚਮ ਜੋਤੀ ਨੂਰ ਕਰ, ਸਾਚਾ ਨਾਉਂ ਇਕ ਚਲਾਈਆ । ਨੌਂ ਸਤ ਪ੍ਰਭ ਕਰ ਵਿਹਾਰਾ, ਅੰਤਮ ਅੰਤ ਕਰਾਈਆ । ਪੁਰੀਆਂ ਲੋਆਂ ਇਕ ਜੈਕਾਰਾ, ਏਕਾ ਏਕ ਸੁਣਾਈਆ । ਬ੍ਰਹਿਮੰਡ ਖੰਡ ਪ੍ਰਭ ਬੰਨ੍ਹੇ ਧਾਰਾ, ਵਰਭੰਡ ਰੀਤ ਚਲਾਈਆ । ਕਰੇ ਵੰਡ ਪ੍ਰਭ ਖੇਲ ਨਿਆਰਾ, ਗੁਰਮੁਖਾਂ ਵੰਡ ਵੰਡਾਈਆ । ਅਸੂ ਤਿੰਨ ਸਚ ਦਿਹਾੜਾ, ਪ੍ਰਭ ਸਾਚਾ ਲੇਖ ਲਿਖਾਈਆ । ਉਨੀ ਅਸੂ ਇੰਦਰ ਅਖਾੜਾ, ਰਿਹਾ ਖ਼ੁਸ਼ੀ ਮਨਾਈਆ । ਪੰਚਮ ਕੱਤਕ ਉਚ ਪਹਾੜਾ, ਪਰਬਤ ਅਕਾਸ਼ ਰਿਹਾ ਹਿਲਾਈਆ । ਉਨੀ ਕੱਤਕ ਸ਼ਬਦ ਧਾੜਾ, ਸ਼ਿਵ ਸ਼ੰਕਰ ਰਿਹਾ ਜਗਾਈਆ । ਸੱਤ ਮੱਘਰ ਪਕੜੇ ਦਾੜਾ, ਬ੍ਰਹਮੇ ਮੁਖ ਰਿਹਾ ਭੁਵਾਈਆ । ਤੇਈ ਮੱਘਰ ਜੋਤੀ ਲਾੜਾ, ਸ਼ਬਦ ਆਪ ਬਣਾਈਆ । ਨੌਂ ਪੋਹ ਕਰੇ ਵਾੜਾ, ਗੁਰਮੁਖ ਸਾਚੇ ਹੋਏ ਸਹਾਈਆ । ਪੰਝੀ ਪੋਹ ਖੇਲ ਅਪਾਰਾ, ਬਹੱਤਰ ਨਾੜੀ ਦੀਪਕ ਜੋਤੀ ਰਿਹਾ ਜਗਾਈਆ । ਜੋਤੀ ਜੋਤ ਸਰੂਪ ਹਰਿ, ਮਾਤ ਕਰਾਏ ਧਰਮ ਅਖਾੜਾ, ਗਿਆਨ ਵੈਰਾਗ ਏਕਾ ਦਰ ਬਹਾਈਆ । ਜੋਤੀ ਜੋਤ ਸਰੂਪ ਹਰਿ, ਆਪੇ ਆਪ ਗਿਆ ਜਾਗ, ਸੁੱਤੀ ਸਰਬ ਲੋਕਾਈਆ । ਉਨੀ ਅੱਸੂ ਆਸ ਰਖਾਈ । ਪੰਚਮ ਕੱਤੇ ਵੱਜੇ ਵਧਾਈ । ਇੱਕੀ ਕੱਤਕ ਮਾਤ ਰੁਸ਼ਨਾਈ । ਸੱਤ ਮੱਘਰ ਕੁਕਰਮ ਜੁਦਾਈ । ਤੇਈ ਮੱਘਰ ਤ੍ਰਿਖਾ ਬੁਝਾਈ । ਨੌਂ ਪੋਹ ਦੁਰਮਤ ਮੈਲ ਧੋਹਿ, ਪ੍ਰਭ ਸੁਰਤੀ ਸ਼ਬਦ ਮਿਲਾਈ । ਪੰਝੀ ਪੋਹ ਪ੍ਰਭ ਪਰਗਟ ਹੋ, ਪੰਚਮ ਦੇਣ ਆਇਆ ਵਡਿਆਈ । ਪਰਗਟੇ ਸ਼ਬਦ ਸੋਹੰ ਸੋ, ਜੋਤ ਨਿਰੰਜਣ ਏਕਾ ਡਗਮਗਾਈ । ਸਾਧਾਂ ਸੰਤਾਂ ਆਤਮ ਸ਼ਕਤੀ ਲਏ ਖੋਹ, ਘਰ ਸਾਚੇ ਨਾ ਮਿਲੇ ਕਿਸੇ ਵਧਾਈਆ । ਗੁਰ ਮੰਦਰ ਅੰਦਰ ਬੈਠੇ ਰਹੇ ਰੋ, ਕਾਇਆ ਕਾਅਬਾ ਦਿਸ ਨਾ ਆਈਆ । ਜਨ ਭਗਤਾਂ ਦੁਰਮਤ ਮੈਲ ਧੋ, ਹੱਕ ਜ਼ਨਾਬਾ ਦੋ ਦੋ ਆਬਾ ਰਿਹਾ ਮੇਲ ਮਿਲਾਈਆ । ਅੰਮ੍ਰਿਤ ਝਿਰਨਾ ਨਿਝਰ ਚੋ, ਕਵਲ ਨਾਭੀ ਰਿਹਾ ਆਪ ਉਲਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੰਚਮ ਜੋਤੀ ਨੂਰ ਧਰ, ਨੂਰ ਤੂਰ ਏਕਾ ਏਕ ਰਿਹਾ ਕਰਾਈਆ । ਜੋਤੀ ਨੂਰ ਸ਼ਬਦ ਸੀਸ ਦਸਤਾਰ । ਸਰਬ ਕਲਾ ਭਰਪੂਰ ਹਰਿ ਜਗਦੀਸ ਨਿਹਕਲੰਕ ਲਏ ਅਵਤਾਰ । ਲੇਖਾ ਜਾਣੇ ਬੀਸ ਇੱਕੀਸ, ਨੌਂ ਖੰਡ ਵੰਡ ਪ੍ਰਭ ਪਾਏ ਸਾਰ । ਲੋਆਂ ਪੁਰੀਆਂ ਏਕਾ ਹਦੀਸਾ, ਕਰੇ ਕਰਾਏ ਜੈ ਜੈਕਾਰ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਪੰਚਮ ਦੇਵੇ ਨਾਮ ਵਰ, ਫੜ ਫੜ ਬਾਹੋਂ ਜਾਏ ਤਾਰ ।

੪੩੫ ੦੫

ਇਕ ਇਕੱਲਾ ਹਰਿ ਮਨਾਇਆ । ਦੂਜਾ ਰੱਖੇ ਸ਼ਬਦ ਮਹੱਲਾ, ਤੀਜੇ ਵਾਜਾ ਪਵਣ ਵਜਾਇਆ । ਚੌਥੇ ਦਰ ਗੁਰਮੁਖ ਵਿਰਲੇ ਮੇਲਾ, ਦੂਸਰ ਕਿਸੇ ਹੱਥ ਨਾ ਆਇਆ । ਪੰਚਮ ਪੰਚ ਪਏ ਤਰਥੱਲਾ, ਪੰਚਮ ਵੇਲਾ ਇਕ ਸੁਹਾਇਆ । ਛੇਵੇਂ ਵੇਖੇ ਜਲਾ ਥਲਾ, ਡੂੰਘੀ ਡਲਾ ਭੇਵ ਨਾ ਰਾਇਆ । ਸਤਵੇਂ ਸ਼ਬਦ ਸੁਨੇਹੜਾ ਏਕਾ ਘੱਲਾ, ਗੁਰਮੁਖ ਕਾਇਆ ਅੰਦਰ ਇਕ ਸੁਹਾਇਆ । ਆਪੇ ਵਸੇ ਸਚ ਮਹੱਲਾ ਜੋਤ ਨਿਰੰਜਣ ਡੇਰਾ ਲਾਇਆ । ਦੀਪਕ ਸਾਚਾ ਏਕਾ ਬਲਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੰਝੀ ਪੋਹ ਤਿਲਕ ਲਲਾਟੀ ਸੋਹੰ ਸ਼ਬਦ ਲਗਾਇਆ । ਲੱਗੇ ਤਿਲਕ ਲਲਾਟ, ਪ੍ਰਭ ਲਗਾਇੰਦਾ । ਬਜਰ ਕਪਾਟੀ ਜਾਏ ਪਾਟ, ਪ੍ਰਭ ਸਾਚਾ ਤੀਰ ਚਲਾਇੰਦਾ । ਚੌਦਾਂ ਲੋਕਾਂ ਦਿਸੇ ਏਕਾ ਹਾਟ, ਇਕ ਵਣਜਾਰਾ ਵਣਜ ਕਰਾਇੰਦਾ । ਨੌਂ ਦਵਾਰੇ ਝੂਠਾ ਘਾਟ, ਦਸਵੇਂ ਅੰਮ੍ਰਿਤ ਆਪ ਪਿਆਇੰਦਾ । ਜੋਤੀ ਜਗੇ ਕਾਇਆ ਮਾਟ, ਸ਼ਬਦ ਧੁਨੀ ਨਾਦ ਵਜਾਇੰਦਾ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਗੁਰਮੁਖ ਸਾਚੇ ਸੰਤ ਜਨਾਂ ਏਕਾ ਰਾਹ ਵਖਾਇੰਦਾ । ਸਾਚੀ ਸੁਰਤੀ ਸੁਰਤ ਚਲਾਈ, ਮਤ ਬੁਧ ਭੇਵ ਨਾ ਰਾਇਆ । ਅਕਾਲ ਮੂਰਤ ਕਲ ਦਇਆ ਕਮਾਈ, ਪੰਚਾਂ ਰਿਹਾ ਦਰ ਦੁਰਕਾਇਆ । ਸ਼ਬਦ ਅਨਾਹਦ ਤੁਰਤ ਇਕ ਉਪਜਾਈ, ਸਾਚਾ ਰਾਗ ਕੰਨ ਸੁਣਾਇਆ । ਸਾਚੀ ਸੂਰਤ ਪ੍ਰਭ ਨਜ਼ਰੀ ਆਈ, ਭਾਂਡਾ ਭਰਮ ਭੰਨਾਇਆ । ਲੱਖ ਚੁਰਾਸੀ ਰਹੀ ਝੂਰਤ, ਦਰ ਘਰ ਸਾਚਾ ਕਿਸੇ ਹੱਥ ਨਾ ਆਇਆ । ਨੌਂ ਦਵਾਰੇ ਕੂੜੋ ਕੂੜਤ, ਜਗਤ ਅਡੰਬਰ ਖੇਲ ਰਚਾਇਆ । ਦਰ ਘਰ ਸਾਚੇ ਚਰਨ ਧੂੜਤ, ਪੰਝੀ ਪੋਹ ਜਨ ਭਗਤਾਂ ਪ੍ਰਭ ਸਵੰਬਰ ਮਾਤ ਰਚਾਇਆ । ਚਤੁਰ ਸੁਜਾਨ ਕਰੇ ਮਨ ਮੂੜ੍ਹਤ, ਅਗਿਆਨ ਅੰਧੇਰਾ ਦਏ ਮਿਟਾਇਆ । ਏਕਾ ਰੰਗਣ ਰੰਗ ਚੜ੍ਹਾਏ ਗੂੜ੍ਹਤ, ਸਵਾ ਪਹਿਰ ਦੋਏ ਦੋਏ ਲੋਚਨ ਜਿਸ ਜਨ ਦਰਸ਼ਨ ਪਾਇਆ । ਲੱਗੇ ਭਾਗ ਕੁਲ ਕੁਲਵੰਤੀ ਜਿਉਂ ਬਾਲ ਪਿਤਾ ਬਲੋਚਨ, ਬਲੋਚਨ ਪਿਤਾ ਪ੍ਰਹਿਲਾਦ ਅਖਵਾਇਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਬਾਵਨ ਬਵਰਾ ਅਵਰਾ ਗਵਰਾ ਨਿਹਕਲੰਕ ਭੇਖ ਵਟਾਇਆ । ਗੁਰਮੁਖਾਂ ਪਿਤਾ ਮਾਤ ਪੁੱਤ ਸੱਸੂ ਸੁਹਰਾ, ਦੋਹਾਂ ਵਿਹਾਰਾ ਇਕ ਕਰਾਇਆ । ਦੋ ਜਹਾਨੀ ਕਾਰਜ ਸਵਰਾ, ਪੁਰਖ ਅਬਿਨਾਸ਼ੀ ਦਰਸ਼ਨ ਪਾਇਆ । ਮਿਲਿਆ ਮੇਲ ਪ੍ਰਭ ਗਹਿਰ ਗਵਰਾ, ਚਰਨ ਕਵਲ ਕਵਲ ਚਰਨ ਹੋਏ ਭਵਰਾ, ਸੋਹੰ ਸੋ ਸੁਗੰਧੀ ਦਿਵਸ ਰੈਣ ਤਨ ਮਨ ਰਹੀ ਮਹਿਕਾਇਆ । ਹਉਮੇ ਕੱਢੇ ਵਾਸਨਾ ਗੰਦੀ, ਰਸਨਾ ਗਾਇਆ ਜਿਸ ਜਨ ਬੱਤੀ ਦੰਦੀ, ਪ੍ਰਭ ਸਾਚਾ ਚੰਦ ਚੜ੍ਹਾਇਆ । ਲੱਖ ਚੁਰਾਸੀ ਭਾਗਾਂ ਮੰਦੀ, ਨਾਮ ਵਿਹੂਣੀ ਆਤਮ ਅੰਧੀ, ਭੇਵ ਅਭੇਦ ਨਾ ਪਾਇਆ । ਨਾ ਕੋਈ ਗਾਏ ਰਾਗ ਸੋਰਠ ਸਵਈਆ ਛੰਦ ਬੰਦੀ, ਅਸ਼ਟ ਪਦੀਆਂ ਕਿਸੇ ਪਦ ਨਾ ਲਾਇਆ । ਗੁਰਮੁਖ ਸਾਚੇ ਸੰਤ ਸੁਹੇਲੇ ਪੁਰਖ ਅਬਿਨਾਸ਼ੀ ਘਰ ਆਪਣੇ ਸਦ, ਸ਼ਬਦ ਸਰੂਪੀ ਮੇਲ ਮਿਲਾਇਆ । ਕਲਜੁਗ ਤੇਰੀ ਲੰਘੀ ਹੱਦ, ਲੱਖ ਚੁਰਾਸੀ ਗੇੜ ਕਟਾਇਆ । ਭਾਗ ਲਗਾਇਆ ਯੱਦ, ਬੰਸ ਸਰਬੰਸ ਪਾਰ ਕਰਾਇਆ । ਅੰਮ੍ਰਿਤ ਪੀਣਾ ਸਾਚੀ ਮੱਧ ਛੱਬੀ ਪੋਹ ਦਿਵਸ ਸੁਹਾਇਆ । ਜੋਤ ਨਿਰੰਜਣ ਨਾ ਕੋਈ ਪਛਾਣੇ ਉਚਾ ਲੰਮਾ ਚੌੜਾ ਕੱਦ, ਗੁਰਮੁਖ ਤੇਰੇ ਹਿਰਦੇ ਵਿਚ ਸਮਾਇਆ । ਕਰ ਪਿਆਰ ਗੁਰਮੁਖ ਸਾਚੇ ਪ੍ਰਭ ਦਏ ਸ਼ਿੰਗਾਰ ਸੂਹੇ ਫੂਲਨਹਾਰ ਲਦ, ਆਪ ਆਪਣੀ ਬਣਤ ਬਣਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰ ਸੰਗਤ ਤੇਰਾ ਸੇਵਾਦਾਰ, ਜੋਤੀ ਜਾਮਾ ਭੇਖ ਧਰ, ਆਪੇ ਆਪ ਅਖਵਾਇਆ । ਹਰਿ ਭਿਖਾਰ ਭਿੱਖਕ ਦਿਵਸ ਰੈਣ ਮੰਗੇ ਭਿੱਖਿਆ । ਲੇਖਾ ਲਿਖੇ ਲਿਖਾਰੀ, ਨਿਹਕਲੰਕ ਗੁਰ ਸੰਗਤ ਗੁਰ ਪੂਰੇ ਕਰਨੀ ਰਛਿਆ । ਨਾ ਕੋਈ

ਛੋਟਾ ਵਡਾ ਨਿੱਕਾ, ਏਕਾ ਅੱਖਰ ਜਗਤ ਵੱਖਰ ਸਾਚੀ ਸਿਖਿਆ । ਆਪੇ ਜਾਣੇ ਰਸ ਮਿੱਠਾ ਫਿੱਕਾ, ਜੋ ਜਨ ਪ੍ਰਭ ਚਰਨ ਦਵਾਰੇ ਵਿਕਿਆ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਗੁਰਮੁਖ ਤੇਰੇ ਮਿਲਣ ਦੀ ਦਿਵਸ ਰੈਣ ਰੱਖੇ ਸਿਕਿਆ । ਆ ਮਿਲ ਆ ਮਿਲ ਆ ਮਿਲ ਮੇਰੇ ਮੀਤ, ਹਉਂ ਵਾਰੀ ਮੈਡੇ ਸੱਜਣਾ । ਗਲ ਲਾਗ ਗਲ ਲਾਗ ਸੁਹਾਈ ਰੀਤ, ਮੈਂ ਤੈਂਡਾ ਕਰਾਂ ਮਜਨਾ । ਦਿਵਸ ਰੈਣ ਰਾਖਾਂ ਹਉਂ ਚੀਤ, ਅੰਤ ਤੇਰਾ ਪੜਦਾ ਕੱਜਣਾ । ਕਿਸੇ ਹੱਥ ਨਾ ਆਉਣਾ ਗੁਰੂਦਵਾਰੇ ਮੰਦਰ ਮਸੀਤ, ਭਾਂਡਾ ਝੂਠਾ ਅੰਤਮ ਸੱਦ ਹੈ ਭੱਜਣਾ । ਧੰਨ ਗੁਰ ਧੰਨ ਗੁਰ ਧੰਨ ਗੁਰ ਪਰਖੇ ਨੀਤ, ਵੇਲੇ ਅੰਤਮ ਰੱਖੇ ਲੱਜਨਾ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਰੱਖੇ ਜਗਤ ਲੱਜਨਾ । ।

★ ੨੫ ਪੋਹ ੨੦੧੨ ਬਿਕ੍ਰਮੀ ਹਰਿ ਭਗਤ ਦਵਾਰ ਪਿੰਡ ਜੇਠੂਵਾਲ ਸੋਹੰ ਸੋ ਜਾਪ ਇਕ ਸੌ ਗਿਆਰਾਂ ਦਿਨ ਦੀ ਸਮਾਪਤੀ ਸਮੇਂ ਸ਼ਬਦ ਉਚਾਰਿਆ ★

ਅੰਮ੍ਰਿਤ ਵੇਲਾ ਪੰਝੀ ਪੋਹ, ਪੂਰਨ ਆਸ ਕਰਾਈਆ । ਅੰਮ੍ਰਿਤ ਆਤਮ ਬੀਜ ਸਾਚਾ ਬੋ, ਕਾਇਆ ਪਰਭਾਸ ਸਚ ਨਿਵਾਸ ਕਰਾਈਆ । ਜਗਤ ਮੈਲ ਪਾਪਾਂ ਧੋ, ਸਚ ਪਰਕਾਸ਼ ਕਰਾਈਆ । ਪੰਚਾਂ ਤੋੜੇ ਨਾਤਾ ਮੋਹ, ਪੰਚਾਂ ਜੋੜ ਜੁੜਾਈਆ । ਜਾਪ ਜਪਾਏ ਸੋਹੰ ਸੋ, ਨਾ ਹੋਏ ਵਿਛੋੜਾ ਮਾਤ ਕਦੇ ਜੁਦਾਈਆ । ਗੁਰਮੁਖ ਗੁਰਮੁਖ ਏਕਾ ਜੋਤੀ ਗਏ ਹੋ, ਏਕਾ ਦੂਜਾ ਭਉ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਗੋਦ ਰਿਹਾ ਉਠਾਈਆ । ਪੋਹ ਪੰਝੀ ਪੰਚ ਪਰਧਾਨਿਆ । ਕਾਇਆ ਮੰਦਰ ਆਪ ਬਣਾਇਆ ਸਾਹਿਬ ਮੰਜੀ, ਆਪੇ ਬੈਠੇ ਨੂਰੀ ਨੂਰ ਨੁਰਾਨਿਆ । ਜਾਣੇ ਧਾਰ ਧਾਰ ਬਵੰਜੀ, ਅੱਖਰ ਵੱਖਰ ਕਰ ਕਰ ਪਛਾਨਿਆ । ਕਲਜੁਗ ਵੇਖੇ ਖੇਲ ਸ਼ਤਰੰਜੀ, ਜਗਤ ਮਿਟੇ ਜੀਵ ਨਿਧਾਨਿਆ । ਕਿਸੇ ਹੱਥ ਨਾ ਆਏ ਅੰਧ ਅੰਧ ਅੰਧਘੋਰ ਵੰਞੀ, ਮਨਮੁਖ ਹੋਏ ਬੇਮੁਹਾਨਿਆ । ਗੁਰਮੁਖਾਂ ਲੇਖੇ ਲਾਏ ਦਿਵਸ ਦਿਵਸ ਪੰਝੀ, ਪੰਝੀ ਪੋਹ ਵਕਤ ਸੁਹਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵੇ ਵਰ ਹਰਿ ਮਿਹਰਵਾਨਿਆ । ਬੀਸ ਪੰਜ ਪੰਜ ਬੀਸ ਪ੍ਰਭ ਸਾਚਾ ਰੰਗ ਰੰਗਾਈਆ । ਸ਼ਬਦ ਸੋਹੇ ਕਲ ਸਾਚੇ ਸੀਸ, ਸਾਚਾ ਸੰਗ ਨਿਭਾਈਆ । ਜਗਤ ਪੀਸਣ ਰਿਹਾ ਪੀਸ, ਮਨਮੁਖ ਦਏ ਦੁਹਾਈਆ । ਗੁਰਮੁਖਾਂ ਪੜ੍ਹਾਏ ਇਕ ਸ਼ਬਦ ਹਦੀਸ, ਜਗਤ ਵੱਖ ਕਰ ਵਖਾਈਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਆਪ ਆਪਣਾ ਰੰਗ ਰੰਗਾਈਆ । ਰੰਗ ਵਟਾਇਆ ਰੂਪ ਰੇਖ, ਤਨ ਮਾਟੀ ਕੱਲ ਤਜ । ਜਨਮ ਵਟਾਇਆ ਵੇਖ ਭੇਖ, ਮਾਤ ਗੁਵਾਈ ਲੋਕ ਲੱਜ । ਭਰਮ ਭੁਲਾਇਆ ਔਲੀਆ ਪੀਰ ਸ਼ੇਖ਼, ਹਾਜ਼ੀ ਹੱਜ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਗੁਰਮੁਖ ਸਾਚੇ ਸੰਤ ਦੁਲਾਰੇ ਕਰ ਪਿਆਰੇ ਅੰਮ੍ਰਿਤ ਪਿਆਏ ਆਤਮ ਰੱਜ । ਅੰਮ੍ਰਿਤ ਆਤਮ ਧਾਰ ਵਹਿੰਦੀ, ਚੋਆ ਚੰਦਨ ਮਸਤਕ ਟਿਕਾ । ਗੁਰਮੁਖ ਸਾਚੇ ਸਦਾ ਸਦ ਸਦ ਘਰ ਇਕ ਵਸਦੀ, ਨਾਮ ਜਪਾਇਆ ਭਗਤ ਵਖਾਇਆ ਨੀਕਨ ਨੀਕਾ । ਸੋਹੰ ਡੋਰੀ ਪਾਈ ਸਾਚੀ ਤੰਦੀ, ਸੋ ਗਵਾਏ ਭੇਵ ਜੀਅ ਕਾ । ਆਪ ਚੜ੍ਹਾਏ ਚੰਦ ਨੌਚੰਦੀ, ਰਸਨਾ ਰਸ ਗਵਾਇਆ ਫੀਕਾ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਰਨ ਬੰਧਾਏ ਇਕ ਪ੍ਰੀਤਾ । ਚਰਨ ਪ੍ਰੀਤੀ ਬੰਨ੍ਹੇ ਡੋਰ, ਡੋਰੀ ਆਪਣੇ ਹੱਥ ਰਖਾਈਆ । ਕਲਜੁਗ ਕਾਲਾ ਅੰਧ ਅੰਧਘੋਰ, ਤੋਰੀ ਮੋਰੀ ਜਗਤ ਭੁਲਾਈਆ । ਨਾਮ ਖ਼ਜ਼ਾਨਾ ਕਿਸੇ ਹੱਥ ਨਾ ਆਏ ਸਾਚੀ ਮੋਹਰ, ਸਾਚਾ ਸਿੱਕਾ ਨਾ ਕੋਈ ਵਖਾਈਆ । ਰਾਜਨ ਰਾਜ ਰਾਜਾਨਾਂ ਦਿਸੇ ਹੋਰ, ਸ਼ਾਹ ਸੁਲਤਾਨਾਂ ਮੁਖ ਭੁਵਾਈਆ । ਆਪੇ ਜਾਣੇ ਆਪਣੀ ਗੋਹਰ, ਦੋ ਜਹਾਨਾਂ ਰਚਨ ਰਚਾਈਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਕਰੇ ਖੇਲ ਆਪ ਰਘੁਰਾਈਆ । ਕਰੇ ਖੇਲ ਰਘੁਨਾਥ, ਜਗਤ ਪਸਾਰਿਆ । ਸ਼ਬਦ ਚੜ੍ਹਾਏ ਸਾਚੇ ਰਾਥ, ਭਗਤ ਅਧਾਰਿਆ । ਲੇਖਾ ਚੁੱਕੇ ਨੌਂ ਨੌਂ ਹਾਥ, ਲੇਖਾ ਲਿਖਣਹਾਰ ਆਪ ਅਖਵਾ ਰਿਹਾ । ਜੋਤੀ ਜੋਤ ਸਰੂਪ ਹਰਿ, ਏਕਾ ਸ਼ਬਦ ਬਣਾਏ ਸਗਲਾ ਸਾਥ, ਸੋਹੰ ਸਾਥੀ ਸੋ ਪਹਿਰੇਦਾਰ ਅਖਵਾ ਰਿਹਾ । ਸੋਹੰ ਸੋ ਸਤਿ ਪਰਬੀਨ, ਸੋ ਪੁਰਖ ਪੁਰਖ ਅਧੀਨ । ਹੰ ਅੰਗ ਅੰਗ ਧਾਰ ਗੰਗ ਅੰਮ੍ਰਿਤ ਠਾਂਡਾ ਸੀਨ । ਸੋ ਮਰਦੰਗ ਮਰਦੰਗ ਵੱਜੇ ਲੋਕ ਤੀਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਲਿਖੇ ਸ਼ਾਹ ਸੁਲਤਾਨ ਰੂਸਾ ਚੀਨ । ਲੇਖਾ ਲਿਖੇ ਲਿਖਣਹਾਰ, ਸ੍ਰਿਸ਼ਟ ਸਬਾਈ ਭੇਖਿਆ । ਆਪੇ ਵੇਖੇ ਵੇਖਣਹਾਰ, ਜੋਤੀ ਜਾਮਾ ਧਾਰੇ ਭੇਸਿਆ । ਲੋਚਨ ਪੇਖੇ ਪੇਖਣਹਾਰ, ਦਰ ਦਰ ਘਰ ਘਰ ਧਾਰੀ ਕੇਸਿਆ । ਵੇਖ ਵੇਖ ਵੇਖ ਮੇਟਣਹਾਰ, ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਿਰਲੇ ਨੇਤਰ ਪੇਖਿਆ । ਨੇਤਰ ਪੇਖੇ ਨੈਣ ਮੂੰਧ, ਨਿਰਮਲ ਜੋਤ ਅਕਾਲ । ਅਕਾਲ ਮੂਰਤ ਸ਼ਬਦ ਤੂਰਤ, ਰੰਗ ਲਾਲ ਗੁਲਾਲ । ਲਾਲ ਗੁਲਾਲੀ ਸਾਚੀ ਸੂਰਤ, ਕੰਚਨ ਮਾਰੇ ਇਕ ਉਛਾਲ । ਕੰਚਨ ਆਸਾ ਹਰਿ ਹਰਿ ਪੂਰਤ, ਨੀਲਮ ਨੀਲਾ ਹਰਿ ਹਰਿ ਅਸਵਾਰ । ਨੀਲਾ ਅਸਵਾਰਾ ਜੋਤ ਅਧਾਰਾ ਸ਼ਬਦ ਜੈਕਾਰਾ ਚਿੱਟਾ ਅਸਵ ਚਿੱਟੀ ਧਾਰ । ਚਿੱਟੀ ਧਾਰਾ ਦਸਮ ਦਵਾਰਾ ਬਾਹਰ ਪਾਰ ਪੀਲ ਪਸਾਰ । ਪੀਲ ਪਸਾਰੀ ਖੇਲ ਨਿਆਰੀ, ਅਜਪਾ ਜਪ ਪ੍ਰਭ ਵੇਖ ਵਿਚਾਰੀ, ਤ੍ਰੈਕੁੱਟੀ ਛੁੱਟੀ ਪੰਚਮ ਯਾਰੀ, ਵੇਖ ਰੰਗ ਸੰਗ ਅਪਾਰ । ਸੂਹਾ ਰੰਗ ਰੰਗ ਸੰਗ ਕਾਲਾ ਵੇਸ ਦਰ ਦਰਵੇਸ਼ ਦਿਵਸ ਰੈਣ ਦੀਸੇ ਤੰਗ, ਜੋਤੀ ਜੋਤ ਸਰੂਪ ਹਰਿ, ਹਰਿ ਚਰਨ ਕਵਲ ਉਪਰ ਧਵਲ ਪੇਖ ਉਠ ਰਿਹਾ ਮਵਲ ਸਰਬ ਘਟ ਹਰਿ ਘਟ ਨਿਵਾਸ । ਘਟ ਨਿਵਾਸਾ ਰੱਖ ਰੱਖੇ ਲਜਿਆ । ਗੁਰਮੁਖਾਂ ਦੇ ਭਰਵਾਸਾ, ਸ਼ਬਦ ਸਿੰਘਾਸਣ ਆਪੇ ਸਜਿਆ । ਪਾਰਬ੍ਰਹਮ ਪੁਰਖ ਅਬਿਨਾਸ਼ਾ, ਸ਼ਬਦ ਤਾਲ ਏਕਾ ਵਜਿਆ । ਸੁਣੇ ਸੁਣਾਏ ਪ੍ਰਿਥਮੀ ਆਕਾਸ਼ਾ, ਲੋਆਂ ਪੁਰੀਆਂ ਹਾਜਨ ਹਜਿਆ । ਚਾਰ ਕੁੰਟ ਦਹਿ ਦਿਸ਼ ਕਰਾਏ ਦਾਸਾ, ਕੋਈ ਨਾ ਸਕੇ ਪੜਦਾ ਕੱਜਿਆ । ਲੱਖ ਚੁਰਾਸੀ ਕਰੇ ਅੰਤਮ ਨਾਸਾ, ਜੂਠਾ ਝੂਠਾ ਪਾਪ ਦਝਿਆ । ਹਰਿਜਨ ਜਨ ਹਰਿ ਮਿਲਿਆ ਮੇਲ ਸਰਬ ਗੁਣਤਾਸਾ, ਪੀ ਅੰਮ੍ਰਿਤ ਆਤਮ ਰੱਜਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਲੇ ਅੰਤਮ ਰਖੇ ਲੱਜਿਆ । ਅੰਤਮ ਰਖੇ ਲੱਜ, ਜਗਤ ਭਗਤ ਪਰਵਾਨਿਆ । ਜਗਤ ਵਿਕਾਰਾ ਦੇਵੇ ਤਜ, ਮਿਲੇ ਮੇਲ ਸ਼ਬਦ ਨਿਧਾਨਿਆ । ਸ਼ਬਦ ਸਿੰਘਾਸਣ ਬਹਿਣਾ ਸੱਜ, ਗਾਏ ਗੁਣ ਗੁਣ ਨਿਧਾਨਿਆ । ਸਚ ਨਗਾਰਾ ਰਿਹਾ ਵੱਜ, ਨਾ ਸਕੇ ਕੋਈ ਪਛਾਨਿਆ । ਪੰਚਮ ਧਾਰੀ ਮਾਤ ਬੱਝ, ਰਾਜ ਰਾਜਾਨਾਂ ਕਰੇ ਹੈਰਾਨਿਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਕਰੇ ਖੇਲ ਮਾਤ ਮਹਾਨਿਆ । ਪੰਚਮ ਬੰਨ੍ਹੇ ਧਾਰ, ਪੰਚ ਪੰਚਾਇਣਾ । ਤਨ ਪਾਏ ਸ਼ਬਦ ਕਟਾਰ, ਨੇੜ ਨਾ ਆਏ ਤ੍ਰਿਸ਼ਨਾ ਡਾਇਣਾ । ਸੋਹੰ ਹੋਵੇ ਪਹਿਰੇਦਾਰ, ਸੋ ਚੁਕਾਏ ਲਹਿਣਾ ਦੇਣਾ । ਅੱਗੇ ਹੋ ਸੱਚੀ ਸਰਕਾਰ, ਤਨ

ਪਹਿਨਾਏ ਸਾਚਾ ਗਹਿਣਾ । ਸੀਸ ਬੰਨ੍ਹ ਸੱਚੀ ਦਸਤਾਰ, ਲੋਕਮਾਤ ਚੁਕਾਏ ਲਹਿਣਾ ਦੇਣਾ । ਪੰਚਮ ਨਾਤਾ ਇਕ ਪਿਆਰ, ਇਕ ਹੁਕਮ ਸੁਣਾਏ ਭਾਣਾ ਸਹਿਣਾ । ਉਤਮ ਜ਼ਾਤੀ ਸਚ ਦਰਬਾਰ, ਗੁਣ ਅਵਗੁਣ ਕਿਸੇ ਮਾਤ ਨਾ ਕਹਿਣਾ । ਭਰੇ ਸ਼ਬਦ ਨਾਮ ਭੰਡਾਰ, ਝੂਠੇ ਵਹਿਣ ਜਗਤ ਨਾ ਵਹਿਣਾ । ਆਦਿ ਅੰਤ ਨਾ ਆਏ ਹਾਰ, ਦਰਸ ਦਿਖਾਏ ਦਰ ਦਵਾਰੇ ਸਾਚੇ ਨੈਣਾ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਜਗਤ ਬਣਾਏ ਪੰਚ ਪੰਚਾਇਣਾ । ਸੀਸ ਬੰਨ੍ਹ ਦਸਤਾਰ, ਗੁਰਮੁਖ ਸਮਝਾਇੰਦਾ । ਮਸਤਕ ਟਿੱਕਾ ਨਾਮ ਅਪਾਰ, ਪ੍ਰੇਮ ਝੋਲੀ ਕਾਇਆ ਪਾਇੰਦਾ । ਨਾਮ ਏਕਾ ਮੀਤ ਮੁਰਾਰ, ਸਾਚੀ ਗੋਲੀ ਸੇਵ ਕਮਾਇੰਦਾ । ਦਿਵਸ ਦਿਹਾੜਾ ਆਪ ਵਿਚਾਰ, ਪੰਝੀ ਪੋਹ ਖ਼ੁਸ਼ੀ ਮਨਾਇੰਦਾ । ਗੁਰਸਿਖ ਗੁਰਸਿਖ ਗੁਰਸਿਖ ਸਾਚਾ ਲਾੜਾ ਕਰ ਤਿਆਰ, ਸ਼ਬਦ ਘੋੜੀ ਆਪ ਚੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੰਚ ਵਿਹਾਰਾ ਅਪਰ ਅਪਾਰਾ ਆਪੇ ਆਪ ਕਰਾਇੰਦਾ । ਕਰੇ ਵਿਹਾਰ ਜਗਤ ਰੀਤ, ਸ਼ਾਹ ਸੁਲਤਾਨ ਸਾਰ ਨਾ ਪਾਈਆ । ਏਕਾ ਏਕ ਰਹੇ ਸਦਾ ਅਤੀਤ, ਜੂਠ ਝੂਠ ਦਿਸ ਨਾ ਆਈਆ । ਸਦੀ ਬੀਸਵੀਂ ਰਹੀ ਬੀਤ, ਲੇਖਾ ਮੁਹਮੰਦ ਰਿਹਾ ਲਿਖਾਈਆ । ਹਰਿ ਜਨ ਸਾਚੇ ਰੱਖਣਾ ਚੀਤ, ਪ੍ਰਭ ਸਾਚੀ ਬਣਤ ਬਣਾਈਆ । ਨਾਤਾ ਬਖ਼ਸ਼ੇ ਚਰਨ ਪ੍ਰੀਤ, ਨੇੜੇ ਦੂਰ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਦਵਾਰ ਮੰਦਰ ਮਸੀਤ ਗੁਰ ਚਰਨ ਸਰਨ ਇਕ ਵਖਾਈਆ । ਪੰਝੀ ਪੋਹ ਜਾਪ ਜਪਾਏ ਸਵਾ ਪਹਿਰ । ਜਗਤ ਤ੍ਰਿਸ਼ਨਾ ਹਉਮੇ ਤੀਨੋ ਤਾਪ ਗਵਾਏ, ਆਪ ਤਰਾਏ ਕਰ ਕਰ ਆਪਣੀ ਮਿਹਰ । ਪੁੰਨ ਪਾਪ ਨਾ ਕੋਈ ਜਣਾਏ, ਸੁੰਨ ਅਗੰਮੋ ਪਾਰ ਕਰਾਏ, ਦਸਮ ਦਵਾਰੀ ਬੂਝ ਬੁਝਾਏ, ਜੋਤੀ ਸ਼ਬਦੀ ਵਡ ਪਰਤਾਪ । ਗੁਣ ਅਵਗੁਣ ਕੋਈ ਸੁਣਨ ਨਾ ਪਾਏ, ਗੁਰਮੁਖ ਸਾਚੇ ਸੰਤ ਸੁਹੇਲੇ ਚੁਣ ਆਪ ਆਪਣੀ ਸਰਨ ਲਗਾਏ, ਆਪੇ ਹੋਏ ਮਾਈ ਬਾਪ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਮੇਟ ਮਿਟਾਏ ਜਗਤ ਭਗਤ ਸੰਤਾਪ । ਸਵਾ ਪਹਿਰ ਰਸਨਾ ਗੁਣ ਨੇਤਰ ਦਰਸ਼ਨ ਲੋਏ । ਸ਼ਬਦ ਪੁਕਾਰ ਰਿਹਾ ਸੁਣ, ਵੇਖੇ ਸੁਣੇ ਨਾ ਕੋਏ । ਨਾਦ ਅਨਾਦੀ ਵੱਜੇ ਧੁਨ ਨਾ ਹੱਸੇ ਨਾ ਕਦੇ ਰੋਏ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਆਪੇ ਬੈਠਾ ਲਾਏ ਸਮਾਧੀ ਸੁਨ ਆਪੇ ਬੋਲੇ ਪਰਗਟ ਹੋਏ । ਪਰਗਟ ਹੋਏ ਅੰਤ ਕਲ, ਕਾਲੀ ਰੇਖ ਮਿਟਾਈਆ । ਕਰੇ ਕਰਾਏ ਵਲ ਛਲ, ਭੇਖੀ ਭੇਖ ਸਾਰ ਨਾ ਪਾਈਆ । ਵੇਖ ਵਖਾਣੇ ਜਲ ਥਲ, ਲਿਖਿਆ ਲੇਖ ਨਾ ਸਕੇ ਕੋਈ ਲੁਕਾਈਆ । ਗੁਰਮੁਖ ਸਾਚੇ ਸਦਾ ਜਾਏ ਬਲ ਬਲ, ਵਡ ਵਡੀ ਵਡਿਆਈਆ । ਸਚ ਦਵਾਰਾ ਲੈਣਾ ਮਲ, ਪੰਝੀ ਹੋਏ ਕੁੜਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਬਣਤ ਰਿਹਾ ਬਣਾਈਆ । ਲੱਖ ਬਤਾਲੀ ਮੇਟੇ ਹਰਸ, ਜਨਮੇ ਜਨਮ ਭਰਮਿਆ । ਪੁਰਖ ਅਬਿਨਾਸ਼ੀ ਕੀਨਾ ਤਰਸ, ਕਲਜੁਗ ਅੰਤਮ ਬੇੜਾ ਬੰਨ੍ਹਿਆ । ਅੰਮ੍ਰਿਤ ਮੇਘ ਦੇਵੇ ਬਰਸ, ਭਾਗ ਲਗਾਏ ਕਾਇਆ ਛੱਪਰ ਛੰਨਿਆ । ਪੰਝੀ ਪੋਹ ਕਮਾਏ ਤਰਸ, ਭਰਮੀ ਭਾਂਡਾ ਦਰ ਘਰ ਭੰਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵੇ ਨਾਮ ਧਨ ਵਡ ਧਨ ਧਨਿਆ । ਨਾਮ ਖ਼ਜਾਨਾ ਉਚ ਦਰ । ਗੁਰਮੁਖ ਸੁਗੰਧੀ ਸਚ ਘਰ । ਦਿਵਸ ਸਤ ਗਾਇਆ ਬੱਤੀ ਦੰਦੀ, ਮਿਲੇ ਮੇਲ ਸੱਚਾ ਵਰ । ਜਗਤ ਤ੍ਰਿਸਨਾ ਕੱਢੇ ਗੰਦੀ, ਆਪਣਾ ਕੀਤਾ ਲੈਣ ਭਰ । ਭਗਤ ਸੁਹੇਲਾ ਸਦਾ ਬਖ਼ਸ਼ੰਦੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਨੁਹਾਏ ਅੰਮ੍ਰਿਤ ਆਤਮ ਸਾਚੇ ਸਰ । ਸਾਚੇ ਸਰ ਆਪ ਨੁਹਾਏ, ਦੁਰਮਤ

੪੩੮
੦੫

ਮੈਲ ਗਵਾਇੰਦਾ । ਇਕ ਖੁਲ੍ਹਾਏ ਜਗਤ ਦਰ, ਭਗਤਾਂ ਪਕੜ ਉਠਾਇੰਦਾ । ਨਾਮ ਭੰਡਾਰਾ ਦੇਵੇ ਭਰ, ਸਾਚੀ ਵੰਡ ਆਪ ਵੰਡਾਇੰਦਾ । ਸਚ ਦਸਤਾਰਾ ਸੀਸ ਧਰ, ਗੁਰਮੁਖ ਵਰਭੰਡੀ ਆਪ ਵਡਿਆਇੰਦਾ । ਛੱਬੀ ਪੋਹ ਭੇਟ ਕਰ, ਆਪ ਆਪਣਾ ਕਰਮ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਪੰਚਮ ਪੰਚਮ ਕਰ ਪਰਧਾਨ, ਖੇਵਟ ਖੇਟ ਆਪ ਅਖਵਾਇੰਦਾ । ਪੰਚ ਦਸਤਾਰ ਦੇਵੇ ਬੰਨ੍ਹ, ਸੀਸ ਰਖਾਏ ਤੋੜਾ । ਸ਼ਬਦ ਰਾਗ ਸੁਣਾਏ ਕੰਨ, ਦਰਸ ਦਿਖਾਏ ਚਿੱਟਾ ਘੋੜਾ । ਗੁਰਮੁਖ ਆਤਮ ਜਾਏ ਮੰਨ, ਧੁਰ ਦਰਗਾਹੀ ਆਇਆ ਦੌੜਾ । ਸਤਿਜੁਗ ਸਾਚਾ ਚੜ੍ਹਿਆ ਚੰਨ, ਵੇਖੇ ਖੇਲ ਬ੍ਰਹਿਮਣ ਗੌੜਾ । ਆਪੇ ਬੇੜਾ ਰਿਹਾ ਬੰਨ੍ਹ, ਸਾਢੇ ਤਿੰਨ ਹੱਥ ਰਖਾਏ ਲੰਮਾ ਚੌੜਾ । ਇਕ ਵਖਾਏ ਸੱਚਾ ਧਾਮ ਨਾ ਛੱਪਰੀ ਨਾ ਕੋਈ ਛੰਨ, ਸੋਹੰ ਲਗਾਇਆ ਸਾਚਾ ਪੌੜਾ । ਲੱਗਾ ਭਾਗ ਕਾਇਆ ਤਨ, ਸੋ ਪੁਰਖ ਨਿਰੰਜਣ ਆਇਆ ਦੌੜਾ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਵੇਲੇ ਅੰਤਮ ਦਰ ਦਵਾਰੇ ਆਇਆ ਬਹੁੜਾ । ਛੱਬੀ ਪੋਹ ਬੰਨ੍ਹ ਦਸਤਾਰ, ਪੰਚਾਂ ਦਏ ਵਧਾਈਆ । ਸਵਾ ਪਹਿਰ ਲੇਖ ਲਿਖਾਰ, ਸਾਚੀ ਧਾਰਾ ਇਕ ਰਖਾਈਆ । ਲਿਖੇ ਲੇਖ ਅਪਰ ਅਪਾਰ, ਪੂਰਬ ਲਹਿਣਾ ਝੋਲੀ ਪਾਈਆ । ਸੋਲਾਂ ਕਰੇ ਤਨ ਸ਼ਿੰਗਾਰ, ਜਗਤ ਗਹਿਣਾ ਦੂਰ ਕਰਾਈਆ । ਗੁਰਮੁਖਾਂ ਬਲ ਬਲ ਜਾਏ ਸਦ ਸਦ ਵਾਰ, ਦਰਸ਼ਨ ਨੈਣਾਂ ਆਪ ਕਰਾਈਆ । ਵਲ ਛਲ ਛਲ ਵਲ ਵਿਚ ਸੰਸਾਰ, ਭੈਣਾਂ ਭਈਆ ਜਗਤ ਭੁਲਾਈਆ । ਗੁਰਮੁਖਾਂ ਬਹਿਣਾ ਸਚ ਸੱਚੇ ਦਰਬਾਰ, ਚਿਤਰ ਗੁਪਤ ਨਾ ਲੇਖ ਲਿਖਾਈਆ । ਰਾਜਾ ਧਰਮ ਹੋਏ ਖੁਆਰ, ਦਿਵਸ ਰੈਣ ਰਿਹਾ ਕੁਰਲਾਈਆ । ਗੁਰਮੁਖਾਂ ਦੂਰੋਂ ਕਰੇ ਨਿਮਸਕਾਰ, ਦੋਏ ਜੋੜ ਸੀਸ ਝੁਕਾਈਆ । ਨਿਹਕਲੰਕ ਤੇਰੀ ਸਿਕਦਾਰ, ਪੁਰੀਆਂ ਲੋਆਂ ਰਹੀ ਡਰਾਈਆ । ਸੋਹੰ ਕਰੇ ਖ਼ਬਰਦਾਰ, ਸੋ ਸੁਤਿਆਂ ਰਿਹਾ ਜਗਾਈਆ । ਨੇੜ ਨਾ ਆਏ ਚੋਰ ਯਾਰ, ਪੰਜਾਂ ਕੁੱਤਿਆਂ ਰਿਹਾ ਦੁਰਕਾਈਆ । ਨਾਤਾ ਬਖ਼ਸ਼ੇ ਚਰਨ ਪਿਆਰ, ਅਧਭੁਤਿਆ ਦਇਆ ਕਮਾਈਆ । ਸ਼ਬਦ ਜੋਤੀ ਮੇਲ ਅਪਾਰ, ਪ੍ਰਭ ਟੁੱਟੀਆਂ ਗੰਢ ਵਖਾਈਆ । ਜੋਤੀ ਜਾਮਾ ਭੇਖ ਨਿਆਰ, ਪਰਗਟ ਹੋਏ ਵਿਚ ਸੰਸਾਰ, ਮੰਦਰ ਕੁਟੀਆ ਨਾ ਕੋਈ ਰਖਾਈਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੁਖਮਨ ਈੜਾ ਪਿੰਗਲ ਤ੍ਰੈਕੁਟੀ ਗੁਰਮੁਖ ਸਾਚੇ ਪਾਰ ਕਰਾਈਆ । ਏਕਾ ਤੀਰ ਰਸਨ ਕਮਾਨੋ ਛੁਟਿਆ, ਬਜਰ ਕਪਾਟੀ ਪਾਰ ਕਰਾਈਆ । ਅੰਮ੍ਰਿਤ ਸੋਮਾ ਆਤਮ ਫੁੱਟਿਆ, ਵਹਿੰਦੀ ਧਾਰ ਇਕ ਵਖਾਈਆ । ਦੇਵੇ ਦਰਸ ਵਿਚੋਂ ਕੋਟਨ ਕੋਟਿਆ, ਗਰੀਬ ਨਿਮਾਣੇ ਗਲੇ ਲਗਾਈਆ । ਗਰੀਬ ਨਿਮਾਣਿਆਂ ਆਵਣ ਜਾਵਣ ਲੇਖਾ ਛੁੱਟਿਆ, ਸ਼ਬਦ ਸਰੂਪੀ ਜਿਸ ਜਨ ਆਪਣਾ ਦਰਸ ਦਿਖਾਈਆ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਿਹਰਵਾਨ ਮਿਹਰਵਾਨ ਮਿਹਰਵਾਨ ਆਤਮ ਦਰਸ ਦਿਖਾਈਆ । ਜਪ ਤਪ ਹਠ ਨਾ ਕੋਇ ਕਰਾਇਆ । ਨਾ ਕੋਈ ਵਖਾਏ ਸ਼ਿਵਦਵਾਲਾ ਮੱਠ, ਤੀਰਥ ਤੱਟ ਨਾ ਕੋਇ ਸੁਣਾਇਆ । ਗੁਰਮੁਖ ਸਾਚੇ ਸੰਤ ਸੁਹੇਲੇ ਸ਼ਬਦ ਸਰੂਪੀ ਕਰ ਇਕੱਠ, ਕਾਇਆ ਮੱਠ ਇਕ ਵਖਾਇਆ । ਚਰਨ ਦਵਾਰੇ ਆਏ ਨੱਠ, ਪੰਝੀ ਪੋਹ ਹੁਕਮ ਸੁਣਾਇਆ । ਲੱਖ ਚੁਰਾਸੀ ਪੈਣੀ ਭੱਠ, ਸੋਹੰ ਸੋ ਸਾਚਾ ਤੇਜ ਵਧਾਇਆ । ਪੰਚਾਂ ਕਰੇ ਕਰਾਏ ਪ੍ਰਭ ਸਤਿਜੁਗ ਚੱਠ, ਸ਼ਬਦ ਸਰੂਪੀ ਤੇਲ ਚੜ੍ਹਾਇਆ । ਕਲਜੁਗ ਤਾਪ ਚੜ੍ਹਿਆ ਮੱਠ, ਸਤਿਜੁਗ ਸਾਚਾ ਖ਼ੁਸ਼ੀ ਮਨਾਇਆ । ਪ੍ਰਭ ਅਬਿਨਾਸ਼ੀ ਵੇਖੇ ਦੋਹੰ ਹੱਠ, ਸ਼ਬਦ ਸਿੰਘਾਸਣ ਡੇਰਾ ਲਾਇਆ । ਪੁਰੀਆਂ ਲੋਆਂ ਗੇੜੇ ਉਲਟੀ ਲੱਠ, ਅਬਿਨਾਸ਼ ਅਬਿਨਾਸ਼ ਆਪ ਅਖਵਾਇਆ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ

੪੩੯
੦੫

ਵਿਸ਼ਨੂੰ ਭਗਵਾਨ, ਸਰਬ ਕਲਾ ਸਮਰਥ, ਡੋਰ ਆਪਣੇ ਹੱਥ ਰਖਾਇਆ । ਕਲਜੁਗ ਤੇਰੀ ਘਾਲ, ਪ੍ਰਭ ਸਾਚੇ ਲੇਖੇ ਲਾਈਆ । ਚਾਰੋਂ ਕੁੰਟਾਂ ਵਜਾਏ ਸੱਚਾ ਤਾਲ, ਜੂਠ ਝੂਠ ਮਾਤ ਪਰਨਾਈਆ । ਨਾ ਕੋਈ ਦੀਸੇ ਪਾਤਸ਼ਾਹ ਕੰਗਾਲ, ਏਕਾ ਰਾਹ ਰਿਹਾ ਚਲਾਈਆ । ਗੁਰਮੁਖ ਵਿਰਲਾ ਇਕ ਅਨਮੁਲੜਾ ਲਾਲ, ਪ੍ਰਭ ਸਾਚਾ ਰਿਹਾ ਬਣਾਈਆ । ਫ਼ਲ ਲਗਾਏ ਕਾਇਆ ਡਾਲ੍ਹ, ਪੰਝੀ ਪੋਹ ਰੁੱਤ ਸੁਹਾਈਆ । ਪੰਜਾਂ ਨਾਤਾ ਤੁਟੇ ਜਗਤ ਜੰਜ਼ਾਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਰਿਹਾ ਬਣਤ ਬਣਾਈਆ । ਕਲਜੁਗ ਤੇਰੀ ਘਾਲ, ਨੌਂ ਦਵਾਰਿਆ । ਮਨਮੁਖ ਭੁੱਲੇ ਜੀਵ ਗਵਾਰ, ਨਾ ਕੋਈ ਪਾਵੇ ਸਾਰਿਆ । ਚਾਰੋਂ ਕੁੰਟ ਹਾਹਾਕਾਰ, ਲੱਖ ਚੁਰਾਸੀ ਭਰਮ ਭੁਲਾ ਰਿਹਾ । ਹਰਿਜਨ ਸਾਚੇ ਫੜ ਫੜ ਬਾਹੋਂ ਰਿਹਾ ਤਾਰ, ਪੁਰਖ ਨਿਰੰਜਣ ਸੇਵ ਕਮਾ ਰਿਹਾ । ਆਪ ਉਠਾਏ ਸਿਰ ਆਪਣੇ ਭਾਰ, ਹੌਲੇ ਭਾਰ ਮਾਤ ਰਖਾ ਰਿਹਾ । ਚਲੇ ਮਾਤ ਅਵੱਲੜੀ ਚਾਲ, ਸ਼ਬਦ ਸਰੂਪੀ ਸਾਚੀ ਨਾਰ, ਜੋਤੀ ਜਾਮਾ ਭੇਖ ਵਟਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੰਚਮ ਨਾਤਾ ਪੁਰਖ ਬਿਧਾਤਾ, ਆਤਮ ਜੋਤੀ ਬ੍ਰਹਮ ਗਿਆਤਾ, ਧੁਰ ਦਰਗਾਹੀ ਏਕਾ ਏਕ ਕਰਾ ਰਿਹਾ । ਚਰਨੀ ਨਾਤਾ ਜੋੜ ਧਰਮ ਕਮਾਇਆ । ਵੇਲੇ ਅੰਤਮ ਗਿਆ ਬਹੁੜ, ਨਿਹਕਲੰਕਾ ਭੇਖ ਵਟਾਇਆ । ਆਪੇ ਹੋਏ ਬ੍ਰਹਿਮਣ ਗੌੜ, ਮਾਤ ਪਿਤ ਨਾ ਕਿਸੇ ਜਾਇਆ । ਨਗਰ ਵੇਖਿਆ ਲੰਮਾ ਚੌੜ, ਸੰਬਲ ਵਾਸਾ ਹਰਿ ਰਖਾਇਆ । ਚਿੱਟਾ ਅਸਵ ਚੁੱਕੇ ਪੌੜ, ਸਾਚਾ ਰਾਹ ਰਿਹਾ ਤਕਾਇਆ । ਲੱਖ ਚੁਰਾਸੀ ਵੇਖੇ ਮਿੱਠਾ ਕੌੜ, ਚਾਰੇ ਕੁੰਟ ਘੇਰਾ ਪਾਇਆ । ਬ੍ਰਹਮਾ ਵੇਤਾ ਰਿਹਾ ਦੌੜ, ਸ਼ਿਵ ਸ਼ੰਕਰ ਫਿਰੇ ਹਲਕਾਇਆ । ਕਰੋੜ ਤੇਤੀਸਾ ਹੋਇਆ ਕੌੜ, ਸੁਰਪਤ ਰਾਜਾ ਧੀਰ ਗਵਾਇਆ । ਗੁਰਮੁਖਾਂ ਅੰਤਰ ਆਤਮ ਲੱਗੀ ਔੜ, ਪੁਰਖ ਅਬਿਨਾਸ਼ੀ ਸੰਬਲ ਨਗਰੀ ਕਰ ਵੇਸ ਗੁਰ ਗੁਰ ਦਸਮੇਸ ਅੰਮ੍ਰਿਤ ਧਾਰ ਮਾਤ ਅਪਾਰ ਏਕਾ ਵਾਰ ਉਨੀਂ ਅੱਸੂ ਆਪ ਵਹਾਇਆ । ਉਨੀਂ ਅੱਸੂ ਰਚਨ ਰਚਾਈ, ਪ੍ਰਭ ਸਾਚੇ ਖ਼ੁਸ਼ੀ ਮਨਾਈਆ । ਸੁਰਪਤ ਰਾਜਾ ਇੰਦ ਦਰ ਆਇਆ ਚਾਈਂ ਚਾਈਂ, ਨਿਹਕਲੰਕ ਕਲ ਏਕਾ ਅੰਕ ਦੂਸਰ ਕੋਈ ਦੀਸੇ ਨਾਹੀ, ਆਪ ਉਠਾਏ ਰਾਓ ਰੰਕ ਸ਼ਾਹ ਸੁਲਤਾਨਾ, ਹਰਿ ਮਿਹਰਵਾਨਾ ਏਕਾ ਦੇਵੇ ਨਾਮ ਨਿਧਾਨਾ, ਸੋਹੰ ਸੋ ਜਾਪ ਜਪਾਇਆ, ਜੋਤੀ ਜੋਤ ਸਰੂਪ ਹਰਿ, ਸੰਬਲ ਨਗਰੀ ਡੇਰਾ ਲਾਇਆ । ਸੰਬਲ ਦੇਸ ਰੁੱਤ ਸੁਹੰਜਣੀ, ਜੋਤੀ ਜਾਮਾ ਹਰਿ ਜੀ ਪਾਇਆ । ਗੁਰਮੁਖ ਚਰਨ ਧੂੜ ਕਰਾਏ ਸਾਚਾ ਮਜਨੀ, ਲੱਖ ਚੁਰਾਸੀ ਦਿਸ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਨਿਹਕਲੰਕ ਨਰਾਇਣ ਨਰ, ਗੁਰਮੁਖ ਸਾਚੇ ਸੰਤ ਜਨਾਂ ਦੇਵੇ ਨਾਮ ਧਨਾ, ਸੋਹੰ ਸੋ ਆਤਮ ਅੰਧ ਦੂਸਰ ਕਿਸੇ ਹੱਥ ਨਾ ਆਇਆ । ਸੋਹੰ ਸੋ ਤੇਰੀ ਵਡਿਆਈਆ । ਪ੍ਰਭ ਅਬਿਨਾਸ਼ੀ ਅੰਮ੍ਰਿਤ ਆਤਮ ਰਿਹਾ ਚੋ, ਦਸਮ ਦਵਾਰੇ ਜੋਤ ਜਗਾਈਆ । ਲੋਆਂ ਪੁਰੀਆਂ ਕਰੇ ਕਰਾਏ ਸੋਈ ਰਿਹਾ ਹੋ, ਲੋਕਮਾਤੀ ਭੇਵ ਨਾ ਰਾਈਆ । ਜਨ ਭਗਤਾਂ ਦੁਰਮਤ ਮੈਲ ਰਿਹਾ ਧੋ, ਪੰਝੀ ਪੋਹ ਖ਼ੁਸ਼ੀ ਮਨਾਈਆ । ਨੌਂ ਦਵਾਰੇ ਬੇਮੁੱਖ ਖੁਆਰੇ ਦਸਵੇਂ ਪਰਗਟ ਹੋ, ਨਿਰਮਲ ਜੋਤੀ ਰਿਹਾ ਜਗਾਈਆ । ਝੂਠਾ ਨਾਤਾ ਤੋਟੇ ਜਗਤ ਮੋਹ, ਪ੍ਰਭ ਚਰਨ ਪ੍ਰੀਤੀ ਇਕ ਬੰਧਾਈਆ । ਮਾਇਆ ਮਮਤਾ ਤਨ ਨਾ ਸਕੇ ਪੋਹ, ਦੁਰਮਤ ਮੈਲ ਦਰ ਦੁਹਾਈਆ । ਲੱਖ ਚੁਰਾਸੀ ਰਹੀ ਰੋ, ਸਾਧਾਂ ਸੰਤਾਂ ਸਾਚੀ ਵਸਤ ਹੱਥ ਨਾ ਆਈਆ । ਲੇਖ ਲਿਖਾਏ ਛੱਬੀ ਪੋਹ, ਰਾਜ ਰਾਜਾਨਾਂ ਨੱਥ ਪੁਵਾਈਆ । ਆਤਮ ਸ਼ਕਤੀ ਸਭ ਦੀ ਲਏ ਖੋਹ, ਸੋਹੰ ਜੰਜ਼ੀਰੀ ਸਭ ਦੇ ਗਲ ਵਿਚ ਪਾਈਆ । ਆਪ ਆਪਣਾ ਬਣਾਏ ਢੋ, ਇਕ ਸਦ ਗਿਆਰਾਂ ਨੌਂ ਖੰਡ ਵਿਚਾਰਾ, ਸੱਤਾਂ

ਦੀਪਾਂ ਧੀਰ ਗਵਾਈਆ । ਮਿਲਿਆ ਮੇਲ ਜਨ ਭਗਤਾਂ ਸਾਚਾ ਮੀਤ ਮੁਰਾਰਾ, ਪਰਗਟ ਹੋਇਆ ਹਰਿ ਕਰਤਾਰਾ, ਸੰਬਲ ਦੇਸ ਨਗਰ ਅਪਾਰਾ, ਦਿਨ ਦਿਹਾੜਾ ਲੱਗਾ ਅਖਾੜਾ, ਏਕਾ ਕਾਜ ਸਤਾਰਾਂ ਹਾੜਾ, ਭੇਵ ਰਹੇ ਨਾ ਰਾਈਆ । ਫੜ ਫੜ ਉਠਾਏ ਹੱਥੀਂ ਦਾਹੜਾ, ਪਰਗਟ ਹੋਇਆ ਜੋਤ ਸਰੂਪੀ ਹਰਿ ਹਰਿ ਵਡਾ ਸ਼ਾਹੋ ਭੂਪੀ ਲੱਖ ਚੁਰਾਸੀ ਤੇਰਾ ਲਾੜਾ, ਕਿਸੇ ਨਾ ਦਿਸੇ ਰੰਗ ਲਾਲ ਸ੍ਰਿਸ਼ਟ ਸਬਾਈ ਅੰਧ ਕੂਪੀ ਬਹੱਤਰ ਨਾੜੀ ਵੱਜੇ ਤਾੜਾ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰ ਸੰਗਤ ਤੇਰਾ ਇਕ ਬਣਾਇਆ ਸਾਚਾ ਲਾੜਾ । ਗੁਰ ਸੰਗਤ ਸਚ ਫੁਲਵਾੜੀ ਏ । ਪ੍ਰਭ ਸਾਚੇ ਦੀ ਸਾਚੀ ਲਾੜੀ ਏ । ਜੋਤੀ ਜਗੇ ਨਾੜੀ ਨਾੜੀ ਏ । ਵਰਨ ਗੋਤੀ ਮਿਟੇ, ਦੁਰਮਤ ਮੈਲ ਰਿਹਾ ਸਾੜੀ ਏ । ਏਕਾ ਏਕ ਏਕਾ ਵਰ ਇਕ ਇਕਲੌਤੀ, ਜੋਤੀ ਜੋਤ ਸਰੂਪ ਹਰਿ, ਸਰਬ ਘਟਾਂ ਰਿਹਾ ਪਸਾਰੀ ਏ । ਸੰਤ ਸੁਹੇਲੇ ਉਠ ਉਠ ਜਾਗ, ਰੈਣ ਸੁਹੰਜਣੀ ਆਈ । ਗੁਰ ਪੂਰਾ ਧੋਵਣ ਆਇਆ ਦਾਗ਼, ਮਸਤਕ ਲੇਖਾ ਮਿਟੇ ਸ਼ਾਹੀ । ਲੱਗੇ ਭਾਗ ਕਾਇਆ ਮੰਦਰ ਆਤਮ ਜੋਤੀ ਜਗੇ ਚਿਰਾਗ, ਦੂਸਰ ਕਿਸੇ ਦਿਸੇ ਨਾਹੀ । ਆਪ ਆਪਣੇ ਹੱਥ ਪਕੜੇ ਵਾਗ, ਹੰਸ ਬਣਾਏ ਫੜ ਫੜ ਕਾਗ, ਚਾਰੋਂ ਕੁੰਟ ਰਿਹਾ ਉਡਾਈ । ਮਿਲਿਆ ਮੇਲ ਕੰਤ ਸੁਹਾਗ, ਗੁਰ ਸਤਿਗੁਰ ਸਾਚਾ ਗਿਆ ਜਾਗ, ਅੰਮ੍ਰਿਤ ਮੇਘ ਰਿਹਾ ਬਰਸਾਈ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਵਣ ਬਰਖਾ ਘਰ ਸਾਚੇ ਲਾਈ । ਸਾਵਣ ਰੁੱਤ ਸੁਹਾਈ, ਸਾਵਲ ਸੁੰਦਰਾ । ਘਰ ਸਾਚੇ ਹੋਏ ਕੁੜਮਾਈ, ਗਲ ਪਾਇਆ ਪੰਚਮ ਨਾਮ ਏਕਾ ਮੁੰਦਰਾ । ਨੌਂ ਦਵਾਰੇ ਹੋਈ ਜੁਦਾਈ, ਦਸਵੇਂ ਲਾਹਿਆ ਆਪੇ ਕੁੰਡੜਾ । ਵੱਜੀ ਧੁਨ ਵਧਾਈ, ਪਰਗਟ ਹੋਇਆ ਸੋਹੰ ਸ਼ਬਦ ਘਰ ਸਾਚੇ ਮੁੰਡੜਾ । ਗੁਰਮੁਖ ਸਾਚੇ ਸੰਤ ਸੁਹੇਲੇ ਵੇਖਣ ਆਈ ਜਗਤ ਲੋਕਾਈ, ਹਰਿ ਸਾਜਨ ਢੂੰਡ ਢੂੰਡਦੜਾ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਨਿਹਕਲੰਕ ਨਰਾਇਣ ਨਰ, ਸਰਬ ਜੀਆਂ ਆਪੇ ਬਖ਼ਸ਼ੰਦੜਾ । ਭਗਤ ਦਵਾਰਾ ਏਕ ਹੈ, ਹਰਿ ਭਗਵਾਨਿਆ । ਹਰਿ ਭੰਡਾਰਾ ਏਕ ਹੈ, ਆਪੇ ਕਰੇ ਖੰਨ ਖੰਨਿਆ । ਸ੍ਰਿਸ਼ਟ ਸਬਾਈ ਨੇਤਰ ਪੇਖ, ਹਰਿਜਨ ਸਾਚੇ ਬੇੜਾ ਬੰਨ੍ਹਿਆ । ਮਸਤਕ ਲੇਖਾ ਲਿਖੇ ਸਾਚੀ ਰੇਖ, ਸਾਚਾ ਰਾਗ ਸੁਣਾਏ ਕੰਨਿਆ । ਜੋਤੀ ਜਾਮਾ ਧਰਿਆ ਭੇਖ, ਨਾ ਕਿਸੇ ਵਸੇ ਛੱਪਰ ਛੰਨਿਆ । ਲੱਖ ਚੁਰਾਸੀ ਵੇਖ ਵਖਾਣੇ ਔਲੀਏ ਪੀਰ ਸ਼ੇਖ਼, ਹਰਿਜਨ ਵਿਰਲਾ ਲੋਕਮਾਤ ਜਨਣੀ ਜਨਿਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਬੇੜਾ ਆਪਣਾ ਆਪੇ ਬੰਨ੍ਹਿਆ । ਜੋਤੀ ਜਾਮਾ ਜਗਤ ਭੇਖ, ਸ੍ਰਿਸ਼ਟ ਸਬਾਈ ਹਲਕਾਈਆ । ਗੁਰਮੁਖ ਵਿਰਲੇ ਮਸਤਕ ਲੇਖ, ਸਾਚੀ ਮੇਖ ਆਪ ਲਗਾਈਆ । ਦਰ ਦਵਾਰਾ ਸਾਚਾ ਵੇਖ, ਸਾਚੀ ਰੰਗਣ ਰਿਹਾ ਰੰਗਾਈਆ । ਨੌਂ ਦਵਾਰੇ ਦਰ ਦਰ ਵੇਖ, ਦਸਵੇਂ ਰਿਹਾ ਸਮਾਈਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਪੰਚਮ ਕਰੇ ਸ਼ਬਦ ਕੁੜਮਾਈਆ । ਪੰਚਮ ਮਾਣ ਜਗ ਤਾਣ ਆਪ ਰਖਾਇਆ । ਸ਼ਬਦ ਫੜਿਆ ਤੀਰ ਕਮਾਨ, ਸੋਹੰ ਸਾਚੇ ਰਥ ਚੜ੍ਹਾਇਆ । ਪੁਰੀਆਂ ਲੋਆਂ ਇਕ ਬਿਬਾਣ, ਸਾਚਾ ਨਾਮ ਮਾਤ ਉਡਾਇਆ । ਦਿਵਸ ਰੈਣ ਮਾਰ ਧਿਆਨ, ਘਟ ਘਟ ਅੰਦਰ ਡੇਰਾ ਲਾਇਆ । ਆਪੇ ਚਤੁਰ ਸੁਘੜ ਸਿਆਨ, ਸਭ ਘਟ ਮੇਂ ਰਿਹਾ ਸਮਾਇਆ । ਆਪੇ ਗੁਣਵੰਤਾ ਹਰਿ ਗੁਣ ਨਿਧਾਨ, ਗੁਣਵੰਤੀ ਰਿਹਾ ਸਮਾਇਆ । ਕਰੇ ਖੇਲ ਵਾਲੀ ਦੋ ਜਹਾਨ, ਦੋ ਜਹਾਨਾਂ ਰੰਗ ਰੰਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣਾ ਜਾਣੇ ਸੰਗ, ਜਨ ਭਗਤਾਂ ਸਾਚਾ ਸੰਗ ਨਿਭਾਇਆ । ਸਾਚਾ ਸੰਗ ਨਿਭਾਏ,

ਸਾਰ ਸਮਾ ਲਿਆ । ਆਪ ਆਪਣੇ ਰੰਗ ਸਮਾਏ, ਅੰਗੀਕਾਰ ਆਪ ਅਖਵਾ ਲਿਆ । ਸ਼ਬਦ ਨਾਮ ਮਰਦੰਗ ਵਜਾਏ, ਸਾਚਾ ਰਾਗ ਇਕ ਸੁਣਾ ਲਿਆ । ਚਾਲ ਬਹੰਗਮ ਰਿਹਾ ਚਲਾਏ, ਫੜ ਫੜ ਬਾਹੋਂ ਮੇਲ ਮਿਲਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੇ ਰੰਗ ਸਮਾ ਲਿਆ । ਰੰਗ ਸਮਾਏ ਆਪ, ਅੰਕ ਸਹੇਲੀਆ । ਰੰਗ ਜਣਾਏ ਆਪ, ਡੰਕ ਨਵੇਲੀਆ । ਵਾਸੀ ਪੁਰੀ ਘਨਕ ਅਖਵਾਏ ਆਪ, ਦਵਾਰ ਬੰਕ ਇਕ ਸੁਹਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਵਡਿਆਏ ਜਿਉਂ ਭਗਤ ਜਨਕ, ਜੋਤੀ ਤਿਨਕਾ ਇਕ ਰਖਾ ਲਿਆ । ਆਤਮ ਜੋਤੀ ਸ਼ਬਦੀ ਧਾਰ, ਪਵਣ ਸਵਾਸੀ ਰਿਹਾ ਚਲਾਈਆ । ਪਵਣ ਸਵਾਸੀ ਖੇਲ ਅਪਾਰ, ਸਾਚੇ ਮੰਦਰ ਆਪ ਟਿਕਾਈਆ । ਸਾਚਾ ਮੰਦਰ ਨੌਂ ਦਵਾਰ, ਪ੍ਰਭ ਸਾਚੇ ਲਿਆ ਸਜਾਈਆ । ਸਾਚਾ ਕੀਆ ਤਨ ਸ਼ਿੰਗਾਰ, ਆਲਸ ਨਿੰਦਰਾ ਨਾਲ ਰਲਾਈਆ । ਸੁਰਤੀ ਸੁਰਤ ਹੋਏ ਖੁਆਰ, ਚੈਂਚਲ ਮਤ ਚਤੁਰਾਈਆ । ਚੇਤਨ ਰੂਪ ਸੱਚੀ ਸਰਕਾਰ, ਨਿਤ ਨਵਿਤ ਠਗੌਰੀ ਪਾਈਆ । ਆਪੇ ਕਰੇ ਜਗਤ ਵਿਹਾਰ, ਅਵਰੀ ਗਵਰੀ ਭੇਵ ਨਾ ਰਾਈਆ । ਭਗਤ ਵਿਚੋਲਾ ਸ਼ਬਦ ਉਡਾਰ, ਵੇਖ ਵਖਾਏ ਥਾਉਂ ਥਾਈਂਆ । ਨਾਤਾ ਤੁੱਟੇ ਪੰਚਮ ਯਾਰ, ਮੀਤ ਮੁਰਾਰਾ ਦਰਸ ਦਿਖਾਈਆ । ਦੇਵੇ ਦਰਸ ਅਗੰਮ ਅਪਾਰ, ਦਸਮ ਦਵਾਰਾ ਏਕੰਕਾਰਾ ਦੇਸ ਸੁਹਾਈਆ । ਏਕੰਕਾਰਾ ਦੇਸ ਅਪਾਰਾ, ਜੋਤ ਅਧਾਰਾ ਇਕ ਰਖਾਈਆ । ਜੋਤ ਅਧਾਰਾ ਨਰ ਨਿਰੰਕਾਰਾ, ਦੂਸਰ ਕੋਇ ਦਿਸ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਦਿਆਲ ਕਾਲ ਕਾਲ ਦਿਆਲ ਮਹਾਂਕਾਲ ਭੇਖ ਵਟਾਈਆ । ਦਿਆਲ ਕਾਲ ਅਕਾਲ ਕਲਜੁਗ ਕਾਲਿਆ । ਜਨ ਭਗਤਾਂ ਕਰੇ ਜਗਤ ਪ੍ਰਿਤਪਾਲ, ਦੇਵੇ ਨਾਮ ਸੱਚਾ ਦੁਸ਼ਾਲਿਆ । ਮਾਰੇ ਸ਼ਬਦ ਸੱਚੀ ਉਛਾਲ, ਫ਼ਲ ਲਗਾਏ ਕਾਇਆ ਡਾਲਿਆ । ਅੰਮ੍ਰਿਤ ਸੁਹਾਏ ਸੱਚਾ ਤਾਲ, ਦੀਪਕ ਜੋਤੀ ਜਗੇ ਜਵਾਲਿਆ । ਆਪੇ ਚਲੇ ਨਾਲ ਨਾਲ, ਗੁਰਮੁਖ ਘਾਲਨ ਸਾਚੀ ਘਾਲਿਆ । ਤੋੜ ਤੁੜਾਏ ਜਗਤ ਜੰਜ਼ਾਲ, ਭਾਗ ਲਗਾਏ ਕਾਇਆ ਸੱਚੀ ਧਰਮਸਾਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚਾ ਸਾਚੇ ਦਰ ਆਪੇ ਆਪ ਬਹਾਲਿਆ । ਦਰ ਘਰ ਸਾਚੇ ਬਹੇ, ਗੁਰਮੁਖ ਜਾਗਿਆ । ਗੁਰ ਚਰਨ ਪ੍ਰੀਤੀ ਏਕਾ ਲਾਏ, ਚਰਨ ਧੂੜ ਮਜਨ ਮਾਘਨ ਮਾਘਿਆ । ਨੌਂ ਦਵਾਰੇ ਦਿਸੇ ਭੈ, ਜਗਤ ਬੁਝੇ ਤ੍ਰਿਸ਼ਨਾ ਆਗਿਆ । ਲੇਖਾ ਚੁਕੇ ਤੀਨੋ ਤੈ, ਮੈਂ ਮੇਰਾ ਆਪੇ ਜਾਗਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਲ ਮਿਲਾਵਾ ਕੰਤ ਸੁਹਾਗਿਆ । ਨਾਰ ਸੁਹਾਗੀ ਕੰਤ, ਸ਼ਬਦ ਹੰਢਾਇਆ । ਸ਼ਬਦ ਬਣਾਈ ਬਣਤ, ਜਗਤ ਉਪਾਇਆ । ਜਗਤ ਉਪਾਏ ਜੀਵ ਜੰਤ, ਪ੍ਰਭ ਰਸਨਾ ਰਸ ਚਲਾਇਆ । ਗੁਰਮੁਖ ਵਿਰਲਾ ਆਪ ਜਗਾਏ ਸੰਤ, ਸਾਚਾ ਮਾਰਗ ਇਕ ਵਖਾਇਆ । ਮਿਲੇ ਵਡਿਆਈ ਜੀਵ ਜੰਤ, ਸ਼ਬਦ ਤਾਜ ਸੀਸ ਰਖਾਇਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੀ ਗੋਦ ਉਠਾਇਆ । ਗੋਦ ਉਠਾਏ ਲਾਲ ਦੁਲਾਰੇ, ਗੁਰਮੁਖ ਸਾਚੇ ਸੁੱਤ । ਪਾਰਬ੍ਰਹਮ ਪ੍ਰਭ ਕਿਰਪਾ ਧਾਰੇ, ਮੇਲ ਮਿਲਾਏ ਪੁਰਖ ਅਬਿਨਾਸ਼ੀ ਅਚੁੱਤ । ਪ੍ਰੀਤ ਰਖਾਏ ਚਰਨ ਕਵਲਾਰੇ, ਆਪ ਸੁਹਾਏ ਕਲਜੁਗ ਰੁੱਤ । ਅੰਮ੍ਰਿਤ ਆਤਮ ਦੇਵੇ ਠੰਡੀ ਠਾਰੇ, ਸੁੱਕਾ ਹਰਿਆ ਕਰੇ ਕਾਇਆ ਬੁੱਤ । ਜਗੇ ਜੋਤ ਅਗੰਮ ਅਪਾਰੇ, ਪੰਜਾਂ ਚੋਰਾਂ ਕੱਢੇ ਕੁੱਟ । ਭਰਿਆ ਰਹੇ ਤਨ ਸ਼ਬਦ ਭੰਡਾਰੇ, ਸ਼ਬਦ ਭੰਡਾਰ ਰਹੇ ਅਤੁਟ । ਆਪ ਕਰਾਏ ਵਣਜ ਵਪਾਰੇ, ਜਗਤ ਚੋਗ ਨਾ ਜਾਏ ਨਿਖੁੱਟ । ਜਗੇ ਜੋਤ ਵਿਚ

੪੪੨
੦੫

ਸੰਸਾਰੇ, ਮਨਮੁਖਾਂ ਜੜ੍ਹ ਰਿਹਾ ਪੁੱਟ । ਹਰਿਜਨ ਸਾਚੇ ਪਾਰ ਉਤਾਰੇ, ਸਾਚਾ ਲਾਹਾ ਲੈਣ ਲੁੱਟ । ਜੋਤ ਸਰੂਪੀ ਗਿਰਵਰ ਗਿਰਧਾਰੇ, ਵੇਖ ਉਠਾਏ ਕੋਟਨ ਕੋਟ । ਨਿਹਕਲੰਕ ਸ਼ਬਦ ਡੰਕੀ ਰਾਓ ਰੰਕੀ ਖੇਲ ਅਪਾਰੇ, ਜਗਤ ਨਾਤਾ ਗਿਆ ਛੁਟ । ਜਗਤ ਨਾਤਾ ਛੋੜ, ਭਗਤ ਵਡਿਆਈਆ । ਏਕਾ ਚੜ੍ਹਿਆ ਸਾਚੇ ਘੋੜ, ਧੁਰ ਦੀ ਬਾਣ ਇਕ ਰਖਾਈਆ । ਸ਼ਬਦੀ ਜੋਤੀ ਸਾਚਾ ਜੋੜ, ਜੋੜੀ ਸਾਚੀ ਮਾਤ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਸਭ ਘਟ ਮੇਂ ਰਿਹਾ ਸਮਾਈਆ । ਸਭ ਘਟ ਵਸਿਆ ਆਪ, ਸਰਬ ਜਣਾਈਆ । ਸ੍ਰਿਸ਼ਟ ਸਬਾਈ ਮਾਈ ਬਾਪ, ਜਨ ਭਗਤਾਂ ਰਿਹਾ ਜਗਾਈਆ । ਮੇਟ ਮਿਟਾਏ ਤੀਨੋ ਤਾਪ, ਵਡ ਪਰਤਾਪ ਇਕ ਰਖਾਈਆ । ਕਲਜੁਗ ਪਾਪ ਰਿਹਾ ਕਾਂਪ, ਸੋਹੰ ਸੋ ਸਾਚਾ ਜਾਪ ਜਪਾਈਆ । ਪਿਤਾ ਪੂਤ ਪੂਤ ਪਿਤ ਬਾਪ, ਆਪੇ ਆਪ ਹੋ ਜਾਈਆ । ਨਾ ਕੋਈ ਪੁੱਛੇ ਜ਼ਾਤ ਪਾਤ, ਮੇਟ ਮਿਟਾਏ ਅੰਧੇਰੀ ਰਾਤ, ਸੋਹੰ ਦਾਤ ਵੰਡ ਵੰਡਾਈਆ । ਸਤਿਜੁਗ ਸਾਚੇ ਸਚ ਕਰਾਮਾਤ, ਸਤਿ ਸੰਤੋਖੀ ਧੀਰਜ ਯਤ ਧੁਰ ਦੀ ਬਾਣ ਧਰਮ ਰਖਾਈਆ । ਆਪ ਚਲਾਏ ਆਪਣੀ ਗਾਥ, ਸ਼ਬਦ ਚੜ੍ਹਾਏ ਸਾਚੇ ਰਥ, ਮਸਤਕ ਟਿੱਕਾ ਸਾਚੇ ਮਾਥ, ਲਿਲਾਟੀ ਤਿਲਕ ਲਗਾਈਆ । ਮਹਿੰਮਾ ਜਗਤ ਅਕਥਨਾ ਅਕਥ ਜੋਤ ਨਿਰੰਜਣ ਤ੍ਰੈਲੋਕੀ ਨਾਥ, ਅਨਾਥਾਂ ਨਾਥ ਆਪ ਅਖਵਾਈਆ । ਸੰਤ ਸੁਹੇਲਾ ਸਗਲਾ ਸਾਥ, ਅੰਤਮ ਮੇਲ ਮਸਤਕ ਮਾਥ, ਸ਼ਬਦ ਗੁਰੂ ਗੁਰੂ ਸ਼ਬਦ ਚੇਲਾ ਸਾਚੀ ਬਣਤ ਬਣਾਈਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਆਪ ਆਪਣੇ ਰੰਗ ਸਮਾਈਆ । ਰੰਗ ਸਮਾਏ ਆਪ ਪ੍ਰਭ, ਬਹੁ ਬਹੁ ਰੰਗਾ । ਗੁਰਮੁਖ ਜਗਾਏ ਆਪ ਪ੍ਰਭ, ਨਾਮ ਵਜਾਏ ਸ਼ਬਦ ਮਰਦੰਗਾ । ਸਾਚਾ ਰਾਹ ਵਖਾਏ ਆਪ ਪ੍ਰਭ, ਹੋਏ ਸਹਾਈ ਅੰਗ ਸੰਗਾ । ਕਾਮ ਕਰੋਧ ਲੋਭ ਮੋਹ ਮੇਟ ਮਿਟਾਏ ਝੱਬ, ਅੰਮ੍ਰਿਤ ਧਾਰ ਵਹਾਏ ਗੰਗਾ । ਉਲਟੀ ਕਰੇ ਕਵਲ ਨਭ, ਹਰਿ ਜਨ ਜਨ ਹਰਿ ਅੰਮ੍ਰਿਤ ਧਾਰ ਏਕਾ ਮੰਗਾ । ਲੇਖਾ ਚੁੱਕੇ ਆਦਿ ਅੰਤ ਮਾਤ ਸਭ, ਮਾਨਸ ਦੇਹੀ ਵੇਖ ਵਖਾਣੇ ਭੁੱਖਾ ਨੰਗਾ । ਗੁਰਮੁਖ ਸਾਚੇ ਸੰਤ ਉਧਾਰੀ, ਜੁਗਾ ਜੁਗੰਤਰ ਵਣਜ ਵਪਾਰੀ, ਦੋ ਜਹਾਨਾਂ ਖੇਲ ਨਿਆਰੀ, ਸ਼ਬਦ ਘੋੜੇ ਕਸਿਆ ਤੰਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋਹੰ ਨਾਮ ਵਜਾਇਆ ਇਕ ਮਰਦੰਗਾ ।

## ★ ੨੬ ਪੋਹ ੨੦੧੨ ਬਿਕ੍ਰਮੀ ਹਰਿ ਭਗਤ ਦਵਾਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ★

ਅੰਮ੍ਰਿਤ ਵੇਲਾ ਆਤਮ ਰਸ, ਰਸਨਾ ਮੁਖ ਚਵੀਜੇ । ਪੁਰਖ ਅਬਿਨਾਸ਼ੀ ਰਾਹ ਸਾਚਾ ਦੱਸ, ਜਨ ਭਗਤਾਂ ਕਾਰਜ ਕੀਜੇ । ਗੁਰਮੁਖ ਸਾਚਾ ਨੱਸ ਨੱਸ, ਪ੍ਰਭ ਚਰਨ ਧੂੜ ਮਸਤਕ ਲੀਜੇ । ਪੁਰਖ ਅਬਿਨਾਸ਼ੀ ਹੱਸ ਹੱਸ, ਤਨ ਮਨ ਕਾਇਆ ਸੀਜੇ । ਹਰਿ ਹਰਿ ਹਿਰਦੇ ਅੰਦਰ ਵਸ ਵਸ, ਦਰਸ ਦਿਖਾਏ ਨੈਣ ਤੀਜੇ । ਸ਼ਬਦ ਤੀਰ ਨਿਰਾਲਾ ਕਸ ਕਸ, ਸੋਹੰ ਸੋ ਆਤਮ ਬੀਜ ਨਿਰਾਲਾ ਬੀਜੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨ ਭਗਤਾਂ ਕਰਾਏ ਮਾਤ ਰੀਝੇ, ਅੰਮ੍ਰਿਤ ਵੇਲਾ ਆਤਮ ਜੋਤ, ਬ੍ਰਹਮ ਗਿਆਨ ਜਣਾਈਆ । ਦੁਰਮਤ ਮੈਲ ਪ੍ਰਭ ਕਲਜੁਗ ਧੋਤ, ਕੰਚਨ ਰੰਗ ਚੜ੍ਹਾਈਆ । ਲੇਖਾ ਚੁੱਕੇ ਵਰਨ ਗੋਤ, ਮਿਲੇ ਮੇਲ ਸੱਚੀ ਸਰਨਾਈਆ । ਲੱਖ ਚੁਰਾਸੀ ਰਹੀ ਰੋਤ, ਨਾ ਕੋਈ ਗੋਦ ਉਠਾਈਆ । ਜੋਤੀ

ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਗੁਰਮੁਖ ਸਾਚੇ ਸੰਤ ਦੁਲਾਰੇ ਆਪ ਆਪਣੇ ਰੰਗ ਰੰਗਾਈਆ । ਅੰਮ੍ਰਿਤ ਵੇਲਾ ਆਤਮ ਬੀਜ, ਪ੍ਰਭ ਸਾਚਾ ਆਪ ਬਿਜਾਇਆ । ਸ਼ਬਦ ਸੁਨੇਹੜਾ ਮਾਤ ਭੇਜ, ਗੁਰਮੁਖ ਸਾਚੇ ਰਿਹਾ ਜਗਾਇਆ । ਆਪੇ ਜਾਣੇ ਜੋਤੀ ਤੇਜ, ਨਿਰਮਲ ਜੋਤੀ ਆਪ ਜਗਾਇਆ । ਜਲ ਥਲ ਥਲ ਜਲ ਨੌਂ ਨੌਂ ਨੇਜ, ਸੰਮਤ ਅਠਾਰਾਂ ਵੇਖ ਵਖਾਇਆ । ਗੁਰਮੁਖ ਵਿਰਲਾ ਵੇਖੇ ਜਗਤ ਭਗਤ ਸ਼ਮਸ ਤਬਰੇਜ, ਸੋਹੰ ਸੋ ਸੂਲੀ ਆਪ ਚੜ੍ਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲਹਿਣਾ ਦੇਣਾ ਪਿਛਲਾ ਮੂਲ ਰਿਹਾ ਚੁਕਾਇਆ । ਅੰਮ੍ਰਿਤ ਵੇਲਾ ਆਤਮ ਅੰਧ, ਅਗਿਆਨ ਅੰਧੇਰ ਮਿਟਾਇਆ । ਨੌਂ ਦਵਾਰੇ ਕੀਤੇ ਬੰਦ, ਪ੍ਰਭ ਦਸਵਾਂ ਆਪ ਖੁਲ੍ਹਾਇਆ । ਜਿਸ ਜਨ ਗਾਇਆ ਬੱਤੀ ਦੰਦ, ਸਤਿ ਪੁਰਖ ਨਿਰੰਜਣ ਘਰ ਮੇਂ ਪਾਇਆ । ਲੋਕਮਾਤ ਚੜ੍ਹਿਆ ਸਾਚਾ ਚੰਦ, ਸਤਿਜੁਗ ਤੇਰਾ ਸਤਿ ਉਪਜਾਇਆ । ਦਿਵਸ ਰੈਣ ਅੱਠੇ ਪਹਿਰ ਰੱਖੇ ਪਰਮਾਨੰਦ, ਹਰਿ ਵਿਚ ਸਮਾਇਆ । ਖ਼ੁਸ਼ੀ ਕਰਾਏ ਬੰਦ ਬੰਦ, ਛੱਬੀ ਪੋਹ ਜਿਸ ਦਰਸ਼ਨ ਪਾਇਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਜਗਤ ਦਵਾਰਾ ਜੂਠਾ ਝੂਠਾ ਗੰਦ ਤਜਾਇਆ । ਅੰਮ੍ਰਿਤ ਆਤਮ ਨੀਰ, ਪ੍ਰਭ ਏਕਾ ਧਾਰ ਚਲਾਈਆ । ਗੁਰਮੁਖਾਂ ਦੇਵੇ ਸ਼ਬਦ ਸੀਰ, ਸਚ ਰਸਨਾ ਨਾਲ ਪਿਆਈਆ । ਅਠੇ ਪਹਿਰ ਧੀਰਨ ਧੀਰ, ਹਉਮੇ ਰਿਹਾ ਪੀੜ ਗਵਾਈਆ । ਲੋਕਮਾਤ ਪ੍ਰਭ ਬੰਨ੍ਹੇ ਬੀੜ, ਨਾ ਕੋਈ ਵੇਖੇ ਹਸਤ ਕੀੜ, ਊਚਾਂ ਨੀਚਾਂ ਭੇਵ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਸੰਤ ਦੁਲਾਰ, ਪਾਰਬ੍ਰਹਮ ਕਰ ਵਿਚਾਰ, ਜੋਤ ਨਿਰੰਜਣ ਮਾਤ ਅਕਾਰ, ਸ਼ਬਦ ਨੇਤਰ ਅੰਜਨ ਜਗਤ ਸ਼ਿੰਗਾਰ, ਕਿਰਪਾ ਕਰੇ ਦਰਦ ਦੁੱਖ ਭੈ ਭੰਜਨ, ਸ਼ਬਦ ਹਥੌੜਾ ਰਿਹਾ ਮਾਰ । ਪਰਗਟ ਹੋਇਆ ਸਾਚਾ ਸੱਜਣ, ਦੋ ਜਹਾਨੀ ਮੀਤ ਮੁਰਾਰ । ਜਨ ਭਗਤਾਂ ਆਇਆ ਪੜਦੇ ਕੱਜਣ, ਏਕਾ ਦੇਵੇ ਨਾਮ ਅਧਾਰ । ਲੱਖ ਚੁਰਾਸੀ ਜੂਠੇ ਝੂਠੇ ਭਾਂਡੇ ਭੱਜਣ, ਆਪੇ ਭੰਨੇ ਭੰਨਣਹਾਰ । ਦਰ ਦਰ ਘਰ ਘਰ ਰਾਜ ਰਾਜਾਨ ਸ਼ਾਹ ਸੁਲਤਾਨ ਤਜਣ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਚਾਰ ਕੁੰਟ ਨੌਂ ਖੰਡ ਪ੍ਰਿਥਮੀ ਕਰ ਰਿਹਾ ਵਿਚਾਰ । ਅੰਮ੍ਰਿਤ ਵੇਲਾ ਆਤਮ ਰਸ, ਕਾਇਆ ਚੋਲੀ ਆਪ ਚੜ੍ਹਾਈਆ । ਗੁਰਮੁਖ ਤੇਰਾ ਸਾਚਾ ਸੰਗ, ਪ੍ਰਭ ਸਾਚਾ ਸ਼ਬਦ ਬਣਾਈਆ । ਸੋਹੰ ਡੋਰੀ ਜਗਤ ਪਤੰਗ, ਪ੍ਰਭ ਉਨੀਂ ਅੱਸੂ ਡੋਰੀ ਪਾਈਆ । ਅੰਮ੍ਰਿਤ ਆਤਮ ਵਗੇ ਗੰਗ, ਪੰਝੀ ਪੋਹ ਪ੍ਰਭ ਅਬਿਨਾਸ਼ੀ ਅੰਦਰ ਹੋ ਲੇਖੇ ਲਾਈਆ । ਸੋਹੰ ਸੋ ਰਸਨਾ ਆਪ ਜਪਾਈਆ । ਬੇਮੁਖ ਜੀਵ ਨਾ ਜਾਨਣ ਕੋ, ਗੁਰਮੁਖ ਸਾਚੇ ਸੰਤ ਸੁਹੇਲੇ ਲੋਕਮਾਤ ਬਾਂਹ ਧਰ ਸਰਹਾਣੇ ਜਾਣਾ ਸੌਂ, ਪ੍ਰਭ ਲੱਖ ਚੁਰਾਸੀ ਦੇਵੇ ਫੰਦ ਕਟਾਈਆ । ਜਨਮ ਜਨਮ ਦਾ ਬੀਜਿਆ ਬੀਜ ਮਿਲਿਆ ਫ਼ਲ ਪ੍ਰਭ ਚਰਨ ਦਵਾਰੇ ਅਗੇ ਹੋ, ਲਹਿਣਾ ਦੇਣਾ ਕਰਜ਼ ਰਿਹਾ ਚੁਕਾਈਆ । ਨੌਂ ਦਵਾਰੇ ਰਹੇ ਰੋ, ਜਨ ਭਗਤਾਂ ਆਤਮ ਦਰ ਵੱਜੀ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਛੱਬੀ ਪੋਹ ਗੁਰ ਸੰਗਤ ਦੇਵੇ ਮਾਤ ਵਡਿਆਈਆ । ਅੰਮ੍ਰਿਤ ਵੇਲਾ ਆਤਮ ਰਸ, ਨਿਝਰ ਧਾਰ ਵਹਾਈਆ । ਜੋਤ ਪਰਕਾਸ਼ ਕੋਟਨ ਰਵ ਸਸ, ਹੋਏ ਪਰਕਾਸ਼ ਸਹਿਜ ਸੁਭਾਈਆ । ਗੁਰ ਸੰਗਤ ਤੇਰੀ ਸੇਵਾ ਹੋਈ ਜਗਤ ਬਸ, ਪ੍ਰਭ ਆਤਮ ਮੇਵਾ ਫ਼ਲ ਇਕ ਖਵਾਈਆ । ਵੇਲੇ ਅੰਤਮ ਪਕੜ ਉਠਾਏ ਨੱਸ ਨੱਸ, ਦੂਰ ਨੇੜੇ ਨਾ ਕੋਈ ਜਣਾਈਆ । ਜਗਤ ਨਿਰਾਲਾ ਰਾਹ ਦੱਸ, ਪਾਰ ਬਿਆਸ ਖੇਲ ਰਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤ੍ਰੈਗੁਣ ਜਗਤ ਮਾਇਆ ਮਾਤ ਸਾਚਾ ਮੰਦਰ ਦਏ ਬਣਾਈਆ । ਸੋਹੰ ਸੋ ਵਿਚ ਰਖਾਏ ਕਰਾਮਾਤ,


੪੪੪ ੦੫

ਦੇਸ ਮਾਲਵੇ ਮਿਲੀ ਵਡਿਆਈਆ । ਗੁਰ ਗੋਬਿੰਦੇ ਤੇਰੀ ਬਿੰਦੇ ਗੁਰਮੁਖ ਉਪਜੇ ਪਾਰਜ਼ਾਤ, ਪ੍ਰਭ ਮਸਤਕ ਟਿੱਕਾ ਰਿਹਾ ਲਗਾਈਆ । ਨਾ ਕੋਈ ਵੇਖੇ ਜ਼ਾਤ ਪਾਤ, ਊਚਾਂ ਨੀਚਾਂ ਆਪਣੀ ਗੋਦ ਉਠਾਈਆ । ਏਕਾ ਸ਼ਬਦ ਦੇਵੇ ਸਾਚੀ ਦਾਤ, ਧੁਰ ਦਰਗਾਹੀ ਲੈ ਕੇ ਆਈਆ । ਚਰਨ ਪ੍ਰੀਤੀ ਬੰਨ੍ਹੇ ਨਾਤ, ਨਾ ਕੋਈ ਸਕੇ ਮਾਤ ਤੁੜਾਈਆ । ਪਰਗਟ ਹੋਇਆ ਪੁਰਖ ਬਿਧਾਤ, ਦੋ ਜਹਾਨਾਂ ਏਕਾ ਰਾਹ ਚਲਾਈਆ । ਜਨ ਭਗਤਾਂ ਮਿਲਿਆ ਪ੍ਰਭ ਕਮਲਾਪਾਤ, ਛੱਬੀ ਪੋਹ ਰੁੱਤ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਪਾਰਬ੍ਰਹਮ ਅਬਿਨਾਸ਼ੀ ਅਚੁੱਤ ਆਪ ਆਪਣੀ ਬਣਤ ਬਣਾਈਆ । ਅੰਮ੍ਰਿਤ ਵੇਲਾ ਆਤਮ ਰਾਗ, ਪ੍ਰਭ ਸਾਚਾ ਇਕ ਸੁਣਾਇੰਦਾ । ਗੁਰਮੁਖ ਸੋਇਆ ਗਿਆ ਜਾਗ, ਭਾਗ ਕਾਇਆ ਤਨ ਲਗਾਇੰਦਾ । ਮਿਲਿਆ ਮੇਲ ਕੰਤ ਸੁਹਾਗ, ਹਉਮੇ ਦੁੱਖੜਾ ਰੋਗ ਗਵਾਇੰਦਾ । ਸ਼ਬਦ ਬੰਨ੍ਹੇ ਤਨ ਸਾਚਾ ਤਾਗ, ਲੱਖ ਚੁਰਾਸੀ ਫੰਦ ਕਟਾਇੰਦਾ । ਆਪ ਬੁਝਾਏ ਤ੍ਰਿਸਨਾ ਆਗ, ਧੀਰਜ ਧੀਰ ਇਕ ਧਰਾਇੰਦਾ । ਹੰਸ ਬਣਾਏ ਫੜ ਫੜ ਕਾਗ, ਮਸਤਕ ਧੂੜੀ ਚਰਨ ਛੁਹਾਇੰਦਾ । ਦਿਵਸ ਰੈਣ ਜਨ ਰਹੇ ਵੈਰਾਗ, ਅੰਤਮ ਲੇਖਾ ਮਾਤ ਚੁਕਾਇੰਦਾ । ਮਿਲਿਆ ਮੇਲ ਕੰਤ ਸੁਹਾਗ, ਗੁਰਮੁਖ ਸਾਚਾ ਸਾਚੀ ਨਾਰੀ ਆਤਮ ਸੇਜਾ ਕਰ ਪਿਆਰ ਆਪੇ ਆਪ ਬਹਾਇੰਦਾ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਜੁਗਾਂ ਜੁਗਾਂ ਦੇ ਵਿਛੜੇ ਯਾਰ, ਬਿਦਰ ਸੁਦਾਮਾ ਮੀਤ ਮੁਰਾਰ ਆਪ ਆਪਣਾ ਲੜ ਫੜਾਇੰਦਾ । ਜੋਤੀ ਜੋਤ ਸਰੂਪ ਹਰਿ, ਕਾਇਆ ਮੰਦਰ ਕਿਲੇ ਅੰਦਰ ਉਪਰ ਚੜ੍ਹ, ਸਾਚੀ ਸ਼ਬਦ ਚੋਟ ਨਗਾਰੇ ਏਕਾ ਏਕ ਲਗਾਇੰਦਾ । ਅੰਮ੍ਰਿਤ ਵੇਲਾ ਆਤਮ ਚੜ੍ਹ, ਚੋਟ ਨਗਾਰੇ ਲਾਈਆ । ਪ੍ਰਭ ਅਬਿਨਾਸ਼ੀ ਅੱਗੇ ਖੜ, ਦਸਵੇਂ ਕੁੰਡਾ ਲਾਹੀਆ । ਨਾ ਕੋਈ ਸੀਸ ਨਾ ਕੋਈ ਧੜ, ਨਾ ਕੋਈ ਕੇਸਾਧਾਰੀ ਪਕੜੇ ਲੜ, ਰੁੰਡ ਮੁੰਡ ਭੇਵ ਨਾ ਰਾਈਆ । ਗੁਰਮੁਖ ਸਾਚੇ ਸੰਤ ਸੁਹੇਲੇ ਚਾਰ ਵਰਨਾ ਰਿਹਾ ਫੜ, ਦਿਵਸ ਰੈਣ ਰਿਹਾ ਜਗਾਈਆ । ਲੋਕਮਾਤੀ ਮਾਰ ਝਾਤੀ ਪ੍ਰਭ ਅਬਿਨਾਸ਼ੀ ਸਾਚੇ ਘਾੜਨ ਰਿਹਾ ਘੜ, ਹਰਿ ਹਰਿ ਸੰਗਤ ਮੇਲਾ ਇਕ ਇਕੇਲਾ ਰਿਹਾ ਕਰਾਈਆ । ਏਕਾ ਅੱਖਰ ਜਾਣਾ ਪੜ੍ਹ, ਸੋਹੰ ਸੋ ਸਤਿਜੁਗ ਸਾਚਾ ਰਾਹ ਵਖਾਈਆ । ਜੋਤੀ ਜਗੇ ਬਹੱਤਰ ਨੜ, ਅੰਧ ਅੰਧੇਰ ਰਹਿਣ ਨਾ ਪਾਈਆ । ਧੁਰ ਦਰਗਾਹੀ ਲਾਏ ਜੜ੍ਹ, ਨਾ ਸਕੇ ਕੋਈ ਮਿਟਾਈਆ । ਆਪ ਫੜਾਇਆ ਆਪਣਾ ਲੜ, ਸੋਹੰ ਪੱਲੂ ਅਗੇ ਡਾਹੀਆ । ਸਚ ਦਵਾਰੇ ਜਾਣਾ ਚੜ੍ਹ, ਸ਼ਬਦ ਡੰਡੇ ਹੱਥ ਟਿਕਾਇਆ । ਦਰ ਦਵਾਰੇ ਅਗੇ ਖੜ, ਪ੍ਰਭ ਆਪਣਾ ਦਰਸ ਦਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਸੰਤ ਦੁਲਾਰ ਕਰ ਵਿਚਾਰ ਪਹਿਲੀ ਵਾਰ ਵਿਚ ਸੰਸਾਰ ਰੰਗਣ ਰੰਗ ਚੜ੍ਹਾਈਆ । ਅੰਮ੍ਰਿਤ ਵੇਲਾ ਆਤਮ ਰੰਗ, ਸ਼ਬਦ ਭਬੂਤੀ ਲਾਈਆ । ਗੁਰਮੁਖਾਂ ਕਟੇ ਭੁੱਖ ਨੰਗ, ਸੋਹੰ ਸੋ ਅਹੂਤੀ ਪਾਈਆ । ਦਿਵਸ ਰੈਣ ਕਰੇ ਜੰਗ, ਪੰਚਾਂ ਨਾਲ ਰਹੇ ਲੜਾਈਆ । ਜੂਠੇ ਝੂਠੇ ਭੰਨ੍ਹੇ ਵਾਂਗ ਕਾਚੀ ਵੰਗ, ਗੁਰਮੁਖ ਸਾਚੇ ਕੰਚਨ ਉਪਰ ਨਾਮ ਸੁਹਾਗਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਮਾਇਆ ਧੋਵਣ ਆਇਆ ਦਾਗਾ, ਆਪ ਆਪਣੀ ਦਇਆ ਕਮਾਈਆ । ਅੰਮ੍ਰਿਤ ਵੇਲਾ ਆਤਮ ਪਿਆਰ ਸ਼ਬਦ ਗਿਆਨੀ ਪਾਇਆ ਏ । ਸ਼ਬਦ ਗਿਆਨੀ ਚਰਨ ਅਧਾਰ, ਪ੍ਰਭ ਚਰਨੀ ਚਰਨ ਲਗਾਇਆ ਏ । ਚਰਨ ਕਵਲ ਕਲ ਪ੍ਰਭ ਉਤਰੇ ਪਾਰ, ਕਵਲ ਨਾਭ ਉਲਟਾਇਆ ਏ । ਕਵਲ ਨਾਭੀ ਪੁਰਖ ਅਪਾਰ, ਅੰਮ੍ਰਿਤ ਧਾਰਾ ਰਿਹਾ ਵਹਾਇਆ ਏ । ਅੰਮ੍ਰਿਤ ਧਾਰ ਸਚ ਦਵਾਰ, ਸੋਹੰ ਸੰਪਟ ਲਾਇਆ ਏ । ਸੋ ਹੋੜਾ ਅਪਰ ਅਪਾਰ, ਸੱਸਾ ਕਿਲਾ ਬਣਾਇਆ ਏ । ਦੋਹਾਂ



੪੪੫
੦੫

ਰੱਖੇ ਤਿੱਖੀ ਧਾਰ, ਨਿਰਗੁਣ ਸਰਗੁਣ ਮੇਲ ਮਿਲਾਇਆ ਏ । ਹੋੜਾ ਬਣੇ ਸੁਖਮਨ ਨਾੜਾ, ਗੁਰ ਪੂਰਾ ਵਿਚ ਸਮਾਇਆ ਏ । ਦੋਹਾਂ ਜੋੜਾ ਇਕ ਦਰਬਾਰਾ, ਸ਼ਬਦ ਘੋੜਾ ਸੰਗ ਰਖਾਇਆ ਏ । ਆਤਮ ਅੰਦਰ ਲਾਇਆ ਪੌੜਾ, ਡੰਡਾ ਕਿਸੇ ਹੱਥ ਨਾ ਆਇਆ ਏ । ਧੁਰ ਦਰਗਾਹੀ ਆਇਆ ਦੌੜਾ, ਗੁਰਮੁਖਾਂ ਪਾਈ ਵੰਡਾ, ਬੇੜਾ ਆਪੇ ਪਾਰ ਕਰਾਇਆ ਏ । ਇਕ ਵਖਾਇਆ ਪਾਰ ਕੰਢਾ, ਵਿਚਕਾਰ ਅੱਧ ਨਾ ਕਿਸੇ ਰਖਾਇਆ ਏ । ਗੁਰਮੁਖ ਆਤਮ ਹੋਈ ਨਾ ਰੰਡਾ, ਜਗਤ ਰੰਡੇਪਾ ਆਪ ਕਟਾਇਆ ਏ । ਮਿਲੀ ਵਡਿਆਈ ਵਿਚ ਵਰਭੰਡਾ, ਮਾਨਸ ਦੇਹੀ ਜਨਮ ਜਣੇਪਾ ਇਕ ਸੌ ਗਿਆਰਾਂ ਛਿਲਾ ਕਰਾਇਆ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਮ੍ਰਿਤ ਵੇਲਾ ਆਪੇ ਆਣ ਸੁਹਾਇਆ ਏ । ਅੰਮ੍ਰਿਤ ਵੇਲਾ ਆਤਮ ਦਾਤ, ਮਾਨਸਰੋਵਰ ਕੰਢਾ ਏ । ਗੁਰਮੁਖ ਸਾਚਾ ਪਾਰਜ਼ਾਤ, ਘਰ ਸਾਚੇ ਪਈ ਵੰਡਾ ਏ । ਦਿਵਸ ਰੈਣ ਰਹੇ ਪਰਭਾਤ, ਲੇਖਾ ਚੁਕੇ ਜੇਰਜ ਅੰਡਾ ਏ । ਅੰਦਰ ਮੰਦਰ ਮਿੱਟੀ ਅੰਧੇਰੀ ਰਾਤ, ਮਿਲਿਆ ਅੰਮ੍ਰਿਤ ਸੀਤਲ ਠੰਡਾ ਏ । ਕਾਇਆ ਸੀਤਲ ਸਾਂਤਕ ਹੋਈ ਸਵਾਂਤ, ਲੋਕਮਾਤ ਨਾ ਆਈ ਕੰਡਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਧਾਰਾ ਜਨ ਵਣਜਾਰਾ ਵਿਚ ਸੰਸਾਰਾ ਆਪੇ ਪਾਈ ਸਾਚੀ ਵੰਡਾ ਏ । ਅੰਮ੍ਰਿਤ ਆਤਮ ਪਾਈ ਵੰਡ, ਹਰਿ ਸਾਚਾ ਵੰਡਣ ਆਇਆ ਏ । ਵੇਖ ਵਿਖਾਣੇ ਉਤਭੁਜ ਸੇਤਜ ਜੇਰਜ ਅੰਡ, ਚਾਰੇ ਖਾਣੀ ਵਿਚ ਸਮਾਇਆ ਏ । ਚਾਰੇ ਖਾਣੀ ਸਾਚੀ ਰਾਣੀ, ਸੋਹੰ ਸੋ ਸਾਚਾ ਅੱਖਰ ਇਕ ਪੜ੍ਹਾਇਆ ਏ । ਸਤਿਜੁਗ ਤੇਰੀ ਸਾਚੀ ਰਾਣੀ ਲੱਖ ਚੁਰਾਸੀ ਕੀਨੀ ਵੱਖਰ, ਸ਼ਬਦ ਤਾਜ ਸੀਸ ਟਿਕਾਇਆ ਏ । ਸ਼ਬਦ ਵਿਹੂਣੇ ਲੱਭੇ ਸੱਥਰ, ਜੂਠਾ ਝੂਠਾ ਮਾਇਆ ਭਾਰ ਉਠਾਇਆ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨੇਤਰ ਨੀਰ ਵਰੋਲੇ ਅੱਥਰ, ਸ਼ਬਦ ਸਰੂਪੀ ਆਤਮ ਬੋਲੇ, ਪਾਟੇ ਬਜਰ ਕਪਾਟੀ ਪੱਥਰ, ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਆਪ ਆਪਣੇ ਵਿਚ ਸਮਾਇਆ ਏ । ਅੰਮ੍ਰਿਤ ਵੇਲਾ ਆਤਮ ਜਾਗ, ਜਗਤ ਜੁਦਾਈਆ । ਘਰ ਸਾਚੇ ਲਗਾ ਹੋਏ ਭਾਗ, ਮਾਤ ਰੁਸ਼ਨਾਈਆ । ਆਤਮ ਤ੍ਰਿਸ਼ਨਾ ਬੁਝੇ ਆਗ, ਹਉਮੇ ਰੋਗ ਮਿਟਾਈਆ । ਮਾਇਆ ਡੱਸਣੀ ਨਾ ਡੱਸੇ ਨਾਗ, ਸਾਂਤਕ ਸਤਿ ਸ਼ਬਦ ਵਰਤਾਈਆ । ਦੀਪਕ ਜੋਤੀ ਜਗੇ ਚਿਰਾਗ, ਮਿਟੇ ਜਗਤ ਬਿਨਾਈਆ । ਧੂੜੀ ਮਜਨ ਸਾਚਾ ਮਾਘ, ਰੁੱਤ ਬਸੰਤੀ ਇਕ ਸੁਹਾਈਆ । ਹੰਸ ਬਣਾਏ ਫੜ ਫੜ ਕਾਗ, ਸਰ ਸਰੋਵਰ ਇਕ ਵਖਾਈਆ । ਆਪੇ ਧੋਵਣ ਆਇਆ ਦਾਗ਼, ਅੰਦਰ ਰਿਹਾ ਮੇਘ ਬਰਸਾਈਆ । ਸ਼ਿਵ ਸ਼ੰਕਰ ਸੇਜ ਤਿਆਗ, ਆਏ ਦਰ ਸੱਚੀ ਸਰਨਾਈਆ । ਬ੍ਰਹਮਾ ਗਾਏ ਚਾਰ ਮੁਖ ਰਾਗ, ਪੰਚਮ ਬੈਠਾ ਸੀਸ ਨਿਵਾਈਆ । ਕਲਜੁਗ ਆਇਆ ਕੰਤ ਸੁਹਾਗ, ਜੋਤ ਨਿਰੰਜਣ ਮਾਤ ਜਗਾਈਆ । ਜਨ ਭਗਤਾਂ ਪਕੜੀ ਵਾਗ, ਡੋਰ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਸੋਹੰ ਸੋ ਸਾਚੀ ਜਾਗ ਲਗਾਈਆ । ਸੋਹੰ ਸੋ ਕਲਜੁਗ ਕਲ ਸਾਚੀ ਪੋਹ ਗਈ ਫੁੱਟ । ਆਪ ਬੁਝਾਏ ਤ੍ਰਿਸਨਾ ਆਗ, ਲੱਖ ਚੁਰਾਸੀ ਗਈ ਛੁੱਟ । ਹੱਥੀਂ ਬੰਨ੍ਹੇ ਸ਼ਬਦ ਤਾਗ, ਪੰਜਾਂ ਚੋਰਾਂ ਕੱਢੇ ਕੁੱਟ । ਆਤਮ ਲਾਏ ਇਕ ਵੈਰਾਗ, ਗੁਰਮੁਖ ਹੋਏ ਵਡ ਵਡਭਾਗ ਸਾਚਾ ਲਾਹਾ ਲੈਣ ਲੁੱਟ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦੇਵੇ ਸ਼ਬਦ ਵਰ, ਅੰਮ੍ਰਿਤ ਆਤਮ ਸਾਚਾ ਪੀ, ਲੇਖਾ ਮਿਟੇ ਸਾਢੇ ਤਿੰਨ ਹੱਥ ਸੀਂ, ਦਰ ਘਰ ਘਰ ਦਰ ਇਕ ਪਿਆਏ ਏਕਾ ਘੁੱਟ । ਅੰਮ੍ਰਿਤ ਵੇਲਾ ਜਾਗ ਹਰਿ ਜਗਾਇੰਦਾ । ਵਕਤ ਸੁਹੇਲਾ ਆਦਿ ਅੰਤ ਖ਼ੁਸ਼ੀ ਮਨਾਇੰਦਾ । ਵੇਖੇ

੪੪੬ ੦੫

ਖੇਲ ਸ਼ਬਦ ਬ੍ਰਿਮਾਦ, ਕੰਤ ਬਣਤ ਬਣਾਇੰਦਾ । ਦੇਵੇ ਨਾਮ ਸੱਚੀ ਦਾਦ, ਜੀਵ ਜੰਤ ਵਡਿਆਇੰਦਾ । ਧੁਨੀ ਵੱਜੇ ਸਾਚਾ ਨਾਦ, ਨਾਦੀ ਧੁਨ ਆਪ ਵਜਾਇੰਦਾ । ਰਸਨਾ ਕਿਸੇ ਨਾ ਆਵੇ ਸਾਧ ਨਾਮ ਸਰੋਵਰ ਇਕ ਵਖਾਇੰਦਾ । ਮਿਲੇ ਮੇਲ ਮਾਧਵ ਮਾਧ, ਬੋਧ ਅਗਾਧਾ ਸ਼ਬਦ ਜਣਾਇੰਦਾ । ਦਰ ਘਰ ਸਾਚੇ ਰਿਹਾ ਸਾਜ, ਆਤਮ ਸੇਜਾ ਇਕ ਹੰਢਾਇੰਦਾ । ਦਿਵਸ ਰੈਣ ਜਨ ਰੱਖਣਾ ਯਾਦ, ਸਾਚੀ ਵੰਡਾ ਵੰਡ ਵੰਡਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰਾ ਪਾਰ ਕੰਢਾ, ਸੋਹੰ ਡੰਡਾ ਪਾਰ ਕਰਾਇੰਦਾ । ਅੰਮ੍ਰਿਤ ਵੇਲੇ ਜਾਗ ਨਿਮਾਣੀ, ਸੁਰਤ ਸਵਾਣੀ ਬਾਲੜੀਏ । ਮਿਲਿਆ ਮੇਲ ਸ਼ਬਦ ਹਾਣੀ, ਜੋਤੀ ਜਗੇ ਇਕ ਅਕਾਲੜੀਏ । ਅੰਮ੍ਰਿਤ ਆਤਮ ਲੈਣਾ ਠੰਡਾ ਪਾਣੀ, ਦਿਵਸ ਰੈਣ ਰਹੇ ਸਵਾਲੜੀਏ । ਪਰਗਟ ਹੋਇਆ ਜਾਣ ਜਾਣੀ, ਸੋਹੰ ਸੋ ਆਪ ਬਣਾਇਆ ਵਿਚ ਦਲਾਲੜੀਏ । ਆਪੇ ਜਾਣੇ ਖਾਣੀ ਬਾਣੀ, ਦਰ ਦਵਾਰੇ ਭਰਿਆ ਪਾਣੀ ਨਾਲੜੀਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੀ ਕਾਰ ਹਰਿ ਕਰਤਾਰ, ਜਗਤ ਵਿਹਾਰਾ ਸੱਚੀ ਧਾਰਾ ਇਕ ਸੁਖਾਲੜੀਏ । ਸੁਰਤ ਨਿਮਾਣੀ ਹੋਈ ਬੌਰਾਨੀ, ਰੋ ਰੋ ਧਾਹਾਂ ਮਾਰਦੀ । ਕਲਜੁਗ ਤੇਰੀ ਅੰਤਮ ਵਾਰੀ, ਕਵਣ ਕਰੇ ਪਾਰ ਉਤਾਰੀ, ਜੂਠੀ ਝੂਠੀ ਦਿਸੇ ਯਾਰੀ, ਅੰਤਮ ਪਾਸਾ ਹਾਰਦੀ । ਨੌਂ ਦਵਾਰੇ ਹਾਹਾਕਾਰੀ, ਗੁਰ ਮੰਤਰ ਮਿਲੇ ਨਾ ਸ਼ਬਦ ਅਧਾਰੀ, ਦਿਵਸ ਰੈਣ ਮੰਦਰ ਅੰਦਰ, ਕਾਇਆ ਬਹਿ ਬਹਿ ਆਪਾ ਆਪ ਵਿਚਾਰਦੀ । ਗੁਰ ਪੂਰਾ ਮਿਲਿਆ ਅੰਤ ਭੰਡਾਰੀ । ਸਾਚੇ ਸੰਤਾਂ ਰਿਹਾ ਤਾਰੀ, ਆਈ ਦਵਾਰੀ ਸੋਲਾਂ ਤਨ ਸ਼ਿੰਗਾਰਦੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਦੇਵੇ ਸਾਚਾ ਵਰ, ਗੁਰਮੁਖ ਤੇਰੀ ਆਤਮ ਸੁਰਤੀ ਏਕਾ ਗੁਣ ਗੁਰ ਚਰਨ ਵਿਚਾਰਦੀ । ਸੁਰਤੀ ਸੁਰਤ ਵਿਚਾਰ, ਚਰਨ ਦਵਾਰਿਆ । ਅਕਾਲ ਮੂਰਤ ਅਕਾਰ ਮਾਤ ਪਸਾਰਿਆ । ਦੇਵੇ ਸ਼ਬਦ ਦਾਤੀ ਦਾਤ, ਸੋਹੰ ਸੋ ਅਪਰ ਅਪਾਰਿਆ । ਵੇਲੇ ਅੰਤਮ ਲੈਣ ਆਇਆ ਮਾਤ, ਨਿਹਕਲੰਕੀ ਜਾਮਾ ਧਾਰਿਆ । ਲੱਖ ਚੁਰਾਸੀ ਹੋਈ ਕਲੰਕੀ ਕਮਜ਼ਾਤ, ਮਿਲੇ ਮੇਲ ਨਾ ਪੁਰਖ ਭਤਾਰਿਆ । ਗੁਰਮੁਖ ਸਾਚਾ ਪਾਰਜ਼ਾਤ, ਅੰਮ੍ਰਿਤ ਆਤਮ ਮੇਵਾ ਇਕ ਖਵਾ ਰਿਹਾ । ਆਤਮ ਦਰ ਵੱਜੀ ਵਧਾਈ ਖ਼ੁਸ਼ੀ ਮਨਾਈ ਅੰਮ੍ਰਿਤ ਵੇਲਾ ਹਰਿ ਪਰਭਾਤ, ਦਿਵਸ ਰੈਣ ਇਕ ਵਖਾ ਰਿਹਾ । ਬੈਠਾ ਦਿਸੇ ਇਕ ਇਕਾਂਤ, ਨਿਰਮਲ ਜੋਤੀ ਜੋਤ ਜੋਤ ਜਗਾ ਰਿਹਾ । ਆਪੇ ਵੇਖੇ ਮਾਰ ਝਾਤ, ਦਿਸ ਕਿਸੇ ਨਾ ਆ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਸੰਤ ਸੁਹੇਲੇ, ਦਰ ਘਰ ਸਾਚੇ ਕਰ ਕਰ ਮੇਲੇ, ਸੋਏ ਮਾਤ ਜਗਾ ਰਿਹਾ । ਗੁਰਮੁਖ ਸੋਏ ਮਾਤ ਜਗਾਏ, ਭਿੰਨੜੀ ਰੈਣ ਸੁਹਾਈਆ । ਪ੍ਰਭ ਅਬਿਨਾਸ਼ੀ ਦਇਆ ਕਮਾਏ, ਆਪ ਆਪਣੇ ਰੰਗ ਰੰਗਾਈਆ । ਸ਼ਬਦ ਅਨਾਦੀ ਨੂਰ ਅਕਾਲਾ, ਦੀਨ ਦਿਆਲਾ ਜੋਤੀ ਰਿਹਾ ਜਗਾਈਆ । ਗੋਬਿੰਦ ਗੋਬਿੰਦ ਗੋਬਿੰਦ ਗੁਰ ਗੋਪਾਲਾ, ਭਗਤ ਭਗਤ ਸਦਾ ਰਖਵਾਲਾ, ਦਿਵਸ ਰੈਣ ਰਹੇ ਰਘੁਰਾਈਆ । ਜੋਤ ਨਿਰੰਜਣ ਇਕ ਜਵਾਲਾ, ਆਦਿ ਸ਼ਕਤ ਜਗਤ ਭਵਾਨੀ ਆਵਣ ਜਾਵਣ ਲੇਖੇ ਲਾਈਆ । ਸ਼ਬਦ ਰਖਾਏ ਮਾਤ ਨਿਸ਼ਾਨੀ, ਦੂਸਰ ਵਸਤ ਦਿਸ ਨਾ ਆਈਆ । ਮਾਰੇ ਤੀਰ ਦੋ ਜਹਾਨੀ ਕਾਨੀ, ਤਿੱਖੀ ਧਾਰਾ ਇਕ ਰਖਾਈਆ । ਨਾ ਕੋਈ ਜਾਣੇ ਬ੍ਰਹਮ ਗਿਆਨੀ, ਜਗਤ ਵਿਦਿਆ ਸਾਰ ਨਾ ਪਾਈਆ । ਮਾਇਆ ਭੁੱਲੇ ਚਤੁਰ ਸੁਜਾਨੀ, ਪੜ੍ਹ ਪੜ੍ਹ ਰਸਨਾ ਹੋਈ ਹਲਕਾਈਆ । ਦੇਵੇ ਦਾਤ ਸ਼ਬਦ ਦਾਨੀ, ਦਇਆਵਾਨ ਆਪ ਅਖਵਾਈਆ । ਬਾਲ ਅਵਸਥਾ ਚੜ੍ਹੇ ਜਵਾਨੀ, ਸਾਲ ਪੰਦਰ੍ਹਵੇਂ ਹੋਏ ਰੁਸ਼ਨਾਈਆ । ਬੀਸ ਇਕੀਸੇ ਤੇਰੀ ਨਿਸ਼ਾਨੀ, ਚਾਰੋਂ ਕੁੰਟ ਹੋਏ ਜੁਦਾਈਆ । ਜੋਤੀ ਜੋਤ ਸਰੂਪ

ਹਰਿ, ਕਰੇ ਖੇਲ ਗੁਣ ਨਿਧਾਨੀ, ਸਾਰ ਕੋਈ ਨਾ ਪਾਈਆ । ਜਾਗਤ ਜਾਗਤ ਜਾਗਤ ਰੇ ਜਗ, ਜਾਗਣ ਵੇਲਾ ਆਇਓ ਰੇ । ਭਾਗਤ ਭਾਗਤ ਭਾਗਤ ਰੇ ਜਗ, ਚਾਰੋਂ ਕੁੰਟ ਵਕਤ ਦੁਹੇਲਾ ਰੇ । ਸਰਨਾਗਤ ਸਰਨਾਗਤ ਸਰਨਾਗਤ ਰੇ ਜਗ, ਇਕ ਸਰਨਾਈ ਚਰਨ ਕਵਲਾ ਰੇ । ਮਾਂਗਤ ਮਾਂਗਤ ਮਾਂਗਤ ਰੇ ਜਗ, ਨਾਮ ਨਿਧਾਨਾ ਉਪਰ ਧਵਲਾ ਰੇ । ਸਵਾਂਗੀ ਸਵਾਂਗ ਰਚੇ ਰਚਨਾਗਤ, ਬੈਠਾ ਰਹੇ ਇਕ ਇਕੇਲਾ ਰੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੋਕਮਾਤ ਹਰਿ ਜੋਤ ਧਰ, ਛੱਬੀ ਪੋਹ ਸੁਹਾਇਆ ਦਿਵਸ, ਜਨ ਭਗਤ ਕਰਾਇਆ ਮੇਲਾ ਰੇ । ਛੱਬੀ ਪੋਹ ਵਕਤ ਸੁਹਾਇਆ ਵੇਲਾ, ਸੰਗਤ ਜੋੜ ਜੁੜਾਈਆ । ਸ਼ਬਦ ਸਰੂਪੀ ਚੜ੍ਹਾਇਆ ਤੇਲਾ, ਹੱਥੀਂ ਗਾਨਾ ਬੰਨ੍ਹ ਵਖਾਈਆ । ਫ਼ਲ ਖਵਾਏ ਅੰਮ੍ਰਿਤ ਕੇਲਾ, ਕਾਹਨਾ ਕ੍ਰਿਸ਼ਨਾ ਭੇਖ ਵਟਾਈਆ । ਨਾ ਕੋਈ ਜਾਣੇ ਗੁਰੂ ਚੇਲਾ, ਲੱਖ ਚੁਰਾਸੀ ਹੋਈ ਹਲਕਾਈਆ । ਦਰ ਘਰ ਸਾਚੇ ਸਾਚਾ ਮੇਲਾ, ਆਤਮ ਦਰ ਵੱਜੀ ਵਧਾਈਆ । ਆਪਣੇ ਰੰਗ ਵਸੇ ਹਰਿ ਰੰਗ ਨਵੇਲਾ, ਗੁਰ ਸੰਗਤ ਰੰਗਣ ਰਿਹਾ ਚੜ੍ਹਾਈਆ । ਧਰਮ ਰਾਏ ਦੀ ਕੱਢੇ ਜੇਲ੍ਹਾ, ਸ਼ਬਦ ਸਰੂਪੀ ਜੋਤ ਜਗਾਈਆ । ਜੋਤੀ ਜਾਮਾ ਖੇਲ ਖੇਲਾ, ਸਤਿ ਸਤਿਵਾਦੀ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚ ਘਰ ਬੈਠਾ ਤਾੜੀ ਲਾਈਆ । ਸਚ ਘਰ ਬੈਠਾ ਤਾੜੀ ਲਾਈ, ਆਸਣ ਸ਼ਬਦ ਸਜਾਇਆ ਏ । ਰਚਨ ਰਚਾਈ ਸਤਾਰਾਂ ਹਾੜੀ, ਹਰਿ ਸਾਜਣ ਸਾਚਾ ਮੀਤ ਮੁਰਾਰਾ ਲੋਕਮਾਤ ਅਖਵਾਇਆ ਏ । ਜਨ ਭਗਤਾਂ ਰੱਖੇ ਲਾਜ ਚਰਨ ਛੁਹਾਈ ਦਾਹੜੀ, ਸੋਹੰ ਸੋ ਗੀਤ ਇਕ ਸੁਣਾਇਆ ਏ । ਸ਼ਬਦ ਘੋੜੇ ਰਿਹਾ ਚਾੜ੍ਹੀ, ਪ੍ਰਭ ਅਬਿਨਾਸ਼ੀ ਅਗੇ ਹੋ ਸਾਚਾ ਰਾਗ ਵਖਾਇਆ ਏ । ਨੇੜ ਨਾ ਆਏ ਮੌਤ ਲਾੜੀ, ਧਰਮ ਰਾਏ ਰਿਹਾ ਘਬਰਾਇਆ ਏ । ਚਿਤਰ ਗੁਪਤ ਪਿਛੇ ਅਗਾੜੀ, ਦੋਏ ਜੋੜ ਸੀਸ ਝੁਕਾਇਆ ਏ । ਦਰ ਘਰ ਸਾਚੇ ਗਿਆ ਵਾੜੀ, ਛੱਬੀ ਪੋਹ ਜਿਸ ਜਨ ਦਰਸ਼ਨ ਪਾਇਆ ਏ । ਜਗੇ ਜੋਤ ਬਹੱਤਰ ਨਾੜੀ, ਦਿਵਸ ਰੈਣ ਰਹੇ ਰੁਸ਼ਨਾਇਆ ਏ । ਮਨਮੁਖ ਜੀਵਾਂ ਕਿਸਮਤ ਮਾੜੀ, ਜੋਤ ਨਿਰੰਜਣ ਦਿਸ ਨਾ ਆਇਆ ਏ । ਅੰਤਮ ਵਾਸਾ ਝਾੜ ਝਾੜੀ, ਮੰਦਰ ਮਹੱਲ ਕੋਈ ਰਹਿਣ ਨਾ ਪਾਇਆ ਏ । ਜਗਤ ਤ੍ਰਿਸ਼ਨਾ ਰਿਹਾ ਸਾੜੀ, ਅਗਨ ਮੇਘ ਬਰਸਾਇਆ ਏ । ਗੁਰਮੁਖਾਂ ਫਿਰੇ ਪਿਛੇ ਅਗਾੜੀ, ਅੰਦਰ ਸੇਵਾ ਲਾਇਆ ਏ । ਸਤਿਜੁਗ ਤੇਰੀ ਸਚ ਫੁਲਵਾੜੀ, ਸਤਾਰਾਂ ਹਾੜੀ ਸਚ ਕਿਆਰੀ ਹਰੀ ਮਾਤ ਕਰਾਇਆ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੀਤਲ ਧਾਰਾ ਠੰਡੀ ਠਾਰਾ ਤਨ ਮੰਦਰ ਇਕ ਧਰਾਇਆ ਏ । ਤਨ ਮਨ ਭਰਿਆ ਆਤਮ ਘਰ, ਹੋਇਆ ਵਕਤ ਸੁਹੇਲਾ । ਪ੍ਰਭ ਅਬਿਨਾਸ਼ੀ ਮਿਲਿਆ ਵਰ, ਮੇਲ ਮਿਲਾਇਆ ਗੁਰ ਗੁਰ ਚੇਲਾ । ਨੌਂ ਦਵਾਰੇ ਚੁਕਿਆ ਡਰ, ਹਰਿ ਹਰਿ ਪਾਇਆ ਸੱਜਣ ਸੁਹੇਲਾ । ਨਾ ਜਨਮੇ ਨਾ ਜਾਏ ਮਰ, ਅਚਰਜ ਖੇਲ ਹਰਿ ਹਰਿ ਖੇਲਾ । ਸ਼ਬਦ ਭੰਡਾਰੇ ਰਿਹਾ ਭਰ, ਹੋਏ ਮਾਤ ਨਾ ਵਕਤ ਦੁਹੇਲਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦੇਵੇ ਨਾਮ ਵਰ, ਬੈਠਾ ਰਹੇ ਇਕ ਇਕੇਲਾ । ਵੰਡਣ ਆਇਆ ਨਾਮ ਹਰਿ ਪਰਭਾਤਿਆ । ਪੰਜੇ ਸੁੱਤੇ ਦੇ ਕਰ ਕੰਡ, ਕਲਜੁਗ ਰੈਣ ਅੰਧੇਰੀ ਰਾਤਿਆ । ਪੰਜਾਂ ਮੇਟ ਭੇਖ ਪਖੰਡ, ਪੰਜਾਂ ਹੋਵੇ ਉਤਮ ਜਾਤਿਆ । ਪੰਚਾਂ ਹੋਏ ਵਿਛੋੜਾ ਅੰਡ, ਪੰਜਾਂ ਮਿਲਿਆ ਕਮਲਾਪਾਤਿਆ । ਪੰਜੇ ਰੋਵਣ ਪਾਇਣ ਡੰਡ । ਪੰਜਾਂ ਪ੍ਰਭ ਨਿਰੰਜਣ ਜਾਤਿਆ । ਪੰਜਾਂ ਪਾਈ ਝੂਠੀ ਵੰਡ, ਪੰਜਾਂ ਮਿਲੀ ਸ਼ਬਦ ਦਾਤਿਆ । ਪੰਜਾ ਵਾਸਾ ਜੇਰਜ ਅੰਡ, ਪੰਜਾਂ ਮਿਲਿਆ ਪੁਰਖ ਬਿਧਾਤਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਜੋਤ ਧਰ, ਕਰੇ ਖੇਲ ਹਰਿ ਲੋਕ ਲੋਕਮਾਤਿਆ । ਲੋਕਮਾਤ ਹਰਿ ਰਚਨ ਰਚਾਈ, ਸ਼ਬਦ ਵਜਾਇਆ ਨਾਦਾ ਏ । ਮਹਿੰਮਾ ਅਗਣਤ ਗਣੀ ਨਾ ਜਾਈ, ਭੇਵ ਨਾ ਪਾਇਆ ਸੰਤਾਂ ਸਾਧਾ ਏ । ਜੀਵ ਜੰਤ ਕੋਇ ਨਾਹੀ, ਸ਼ਬਦ ਅਨਾਦੀ ਬੋਧ ਅਗਾਧਾ ਏ । ਗੁਰਮੁਖ ਦਰ ਵੱਜੇ ਵਧਾਈ, ਜਿਸ ਪਾਇਆ ਪਾਰਬ੍ਰਹਮ ਬ੍ਰਹਿਮਾਦਾ ਏ । ਦਿਵਸ ਰੈਣ ਹੋਏ ਰੁਸ਼ਨਾਈਆ, ਗੁਰ ਪੂਰਾ ਘਰ ਆਪਨੇ ਸਾਚਾ ਲਾਧਾ ਏ । ਦੂਜਾ ਦਰ ਨਾ ਮੰਗਣ ਜਾਈ, ਇਕ ਅਕੇਲਾ ਦੀਨ ਦਿਆਲਾ ਆਦਿ ਜੁਗਾਦਾ ਏ । ਵੇਖ ਵਖਾਣੇ ਥਾਂਓ ਥਾਈਂ, ਜੁਗਾ ਜੁਗੰਤਰ ਰੱਖੇ ਯਾਦਾ ਏ । ਪਕੜ ਉਠਾਏ ਫੜ ਫੜ ਬਾਹੀਂ, ਹਰਿ ਹਰਿ ਮੋਹਣ ਮਾਧਵ ਮਾਧਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੋਕਮਾਤ ਹਰਿ ਜੋਤ ਧਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚਾ ਆਪ ਲਾਧਾ ਏ । ਗੁਰਮੁਖ ਸਾਚਾ ਲਧ, ਖੋਜ ਖੁਜੰਨਿਆ । ਅੰਮ੍ਰਿਤ ਆਤਮ ਪਿਆਏ ਮਧ, ਭਾਂਡਾ ਭਰਮ ਭੰਨਿਆ । ਇਕ ਵਜਾਏ ਸ਼ਬਦ ਨਦ, ਸਾਚਾ ਰਗ ਸੁਣਾਏ ਕੰਨਿਆ । ਦਸਮ ਦਵਾਰੇ ਆਪੇ ਸੱਦ, ਸਤਿਗੁਰ ਬੇੜਾ ਬੰਨ੍ਹਿਆ । ਵਿਸ਼ਨੂੰ ਵੰਸੀ ਸਾਚੀ ਯਦ, ਨਾ ਕਿਸੇ ਵਸੇ ਛੱਪਰ ਛੰਨਿਆ । ਕਲਜੁਗ ਤੇਰੀ ਅੰਤਮ ਹਦ, ਵੇਲੇ ਅੰਤਮ ਜਾਏ ਡੰਨਿਆ । ਜਗੇ ਜੋਤ ਇਕ ਬ੍ਰਹਿਮਦ, ਬ੍ਰਹਮਾ ਆਤਮ ਮੰਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਚੜ੍ਹਾਏ ਮਾਤ ਸਾਚੇ ਚੰਨਿਆ । ਕਰਮ ਧਰਮ ਪ੍ਰਭ ਹੱਥ, ਬਣਤ ਬਣਾਇੰਦਾ । ਮਾਨਸ ਦੇਹੀ ਜਨਮ ਦੇਵੇ ਸਮਰਥ, ਨੱਥ ਇਕ ਪਵਾਇੰਦਾ । ਆਤਮ ਤ੍ਰਿਸ਼ਨਾ ਜਗਤ ਵਿਕਾਰ ਦਏ ਮਥ, ਰਤੀ ਰਤ ਵਿੱਚ ਟਿਕਾਇੰਦਾ । ਸਗਲ ਵਸੂਰੇ ਜਾਇਣ ਲੱਥ, ਜੋ ਜਨ ਆਏ ਦਰਸ਼ਨ ਪਾਇੰਦਾ । ਲੇਖਾ ਚੁੱਕੇ ਸੀਆਂ ਸਾਢੇ ਤਿੰਨ ਹੱਥ, ਆਵਣ ਜਾਵਣ ਗੇੜ ਕਟਾਇੰਦਾ । ਪ੍ਰਭ ਅਬਿਨਾਸ਼ੀ ਅਕਥਨਾ ਅਕਥ, ਦੇਵੀ ਦੇਵ ਕੋਈ ਭੇਵ ਨਾ ਪਾਇੰਦਾ । ਸ਼ਬਦ ਚੜ੍ਹਾਏ ਸਾਚੇ ਰਥ, ਜੋ ਜਨ ਆਏ ਗੁਰ ਸੰਗਤ ਸੇਵ ਕਮਾਇੰਦਾ । ਪੰਚ ਪੰਚਾਇਣੀ ਦੇਵੇ ਮਥ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਦਇਆ ਕਮਾਇੰਦਾ । ਮੂਰਖ ਮੁਗਧ ਗਵਾਰ, ਕਰਮ ਵਿਛੁੰਨਿਆ । ਕਰ ਕਿਰਪਾ ਦੇਵੇ ਤਾਰ ਹਰਿ ਕਰਤਾਰ, ਨਾ ਕੋਈ ਜਾਣੇ ਗੁਣ ਅਵਗੁਨਿਆ । ਛੱਬੀ ਪੋਹ ਦਿਵਸ ਅਪਾਰ, ਨਿਹਕਲੰਕ ਲਏ ਅਵਤਾਰ, ਜੋਤੀ ਜਾਮਾ ਭੇਖ ਨਿਆਰ, ਲੱਖ ਚੁਰਾਸੀ ਛਾਣ ਪੁਨਿਆ । ਵੱਜੇ ਡੰਕ ਸ਼ਬਦ ਅਪਾਰ, ਚਾਰੋਂ ਕੁੰਟ ਜੈ ਜੈਕਾਰ, ਨੌਂ ਦਵਾਰੇ ਹਾਹਾਕਾਰ, ਦਸਮ ਦਵਾਰੇ ਗੁਰਮੁਖ ਮੰਨਿਆ । ਪੁਰਖ ਅਬਿਨਾਸ਼ੀ ਸੋਲਾਂ ਕਰੇ ਤਨ ਸ਼ਿੰਗਾਰ, ਚੁਰਾਸੀ ਕਲੀਆਂ ਲਾਏ ਪਾਏ ਗਲ ਵਿਚ ਹਾਰ, ਕਾਲਾ ਵੇਸ ਦਰ ਦਰਵੇਸ਼ ਲੋਕਮਾਤ ਆਏ ਭੰਨਿਆ । ਦਰ ਬੁਲਾਏ ਬ੍ਰਹਮਾ ਵਿਸ਼ਨ ਮਹੇਸ਼ ਗਣੇਸ਼, ਕਰੋੜ ਤੇਤੀਸਾ ਸੁਰਪਤ ਰਾਜਾ ਇੰਦ ਆਤਮ ਮੰਨਿਆ । ਗੁਰਮੁਖ ਸਾਚੇ ਵਿਚ ਪਰਵੇਸ਼, ਨੌਂ ਖੰਡ ਪ੍ਰਿਥਮੀ ਲਾਵੇ ਸੰਨ੍ਹਿਆ । ਨਰ ਨਿਰੰਕਾਰਾ ਨਾ ਕੋਈ ਮੁੱਛ ਦਾਹੜੀ ਨਾ ਕੇਸ, ਮੂੰਡਨ ਮੂੰਡ ਕਿਸੇ ਨਾ ਮੁੰਨਿਆ । ਜੋਤੀ ਜਾਮਾ ਧਰ ਧਰ ਧਰ ਦਸਮੇਸ, ਵੇਸ ਅਨੇਕ ਅਨਨ ਕਰੰਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਮ੍ਰਿਤ ਆਤਮ ਨੁਹਾਏ ਸਾਚੇ ਸਰ, ਸ਼ਬਦ ਬੰਨ੍ਹੇ ਹੱਥੀਂ ਗਾਨਿਆ । ਸ਼ਬਦ ਬੰਨ੍ਹੇ ਹੱਥੀਂ ਗਾਨਾ, ਡੋਰੀ ਤੰਦ ਰਖਾਈਆ । ਦੇਵੇ ਨਾਮ ਜਗਤ ਨਿਸ਼ਾਨਾ, ਬੰਧਨ ਸ਼ਬਦ ਬੰਧ ਬੰਧਾਈਆ । ਆਪੇ ਜਾਣੇ ਪਵਣ ਮਸਾਣਾ, ਬੱਤੀ ਦੰਦ ਪਵਣ ਸਵਾਸ ਚਲਾਈਆ । ਗੁਰਮੁਖਾਂ ਰੱਖੇ ਅੰਦਰ ਭਾਣਾ, ਸਾਚਾ ਭਾਣਾ ਸ਼ਬਦ ਜਣਾਈਆ । ਨਾ ਕੋਈ ਛੁੱਟੇ ਰਾਜਾ ਰਾਣਾ, ਤਾਜ ਸੀਸ ਨਾ ਕੋਈ ਬੰਧਾਈਆ । ਗਲੇ ਲਗਾਏ ਗਊ ਗਰੀਬ ਨਿਮਾਣਾ, ਦੇਸ ਮਾਝ ਜੋਤ ਜਗਾਈਆ । ਦਰ ਦਰ ਫਿਰਾਏ

ਸ਼ਾਹ ਸੁਲਤਾਨਾਂ, ਜਗਤ ਸਾਂਝ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪੇ ਗੋਪੀ ਆਪੇ ਕਾਹਨਾ, ਨਾਮ ਰਖਾਏ ਸਚ ਤਰਾਨਾ, ਸ਼ਬਦ ਜਣਾਏ ਬੀਨਾ ਦਾਨਾ, ਦਾਨਾ ਬੀਨਾ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਗੁਰਮੁਖਾਂ ਦੇਵੇ ਸ਼ਬਦ ਵਰ, ਸ਼ਬਦ ਸਰੂਪੀ ਅੰਦਰ ਵੜ, ਸਾਚੇ ਮੰਦਰ ਜਾਏ ਚੜ੍ਹ, ਦੇਵੇ ਧੀਰ ਸਾਚੇ ਨੀਰ ਜਿਉਂ ਜਲ ਮੀਨਾ ਸਹਿਜ ਸੁਭਾਈਆ । ਜਲ ਮੀਨਾ ਜਲ ਤ੍ਰਿਪਤਾਸਿਆ ਠਾਂਡਾ ਸੀਨਾ, ਫ਼ਲ ਅੰਮ੍ਰਿਤ ਪਾਇਆ । ਗੁਰਮੁਖ ਸਾਚਾ ਪ੍ਰਭ ਸਾਚੇ ਵੱਖ ਕੀਨਾ, ਮਜ਼੍ਹਬ ਦੀਨਾ ਨਾ ਕੋਈ ਰਖਾਇਆ । ਰੰਗਣ ਰੰਗ ਚੜ੍ਹਾਇਆ ਭੀਨਾ, ਸੋਹੰ ਭੱਠੀ ਆਪੇ ਪਾਇਆ । ਮੇਟ ਮਿਟਾਏ ਤਾਪ ਤੀਨਾ, ਤ੍ਰਿਸ਼ਨਾ ਜਗਤ ਕਰ ਇਕੱਠੀ ਆਪੇ ਵਿਚ ਸੁਟਾਇਆ । ਹਰਿਜਨ ਜਨ ਹਰਿ ਤੇਰਾ ਸਾਚਾ ਲੋਕਮਾਤ ਜੀਣਾ, ਦਰ ਸਮਰਥੀ ਦਰਸ਼ਨ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾ ਦੇਵੇ ਸ਼ਬਦ ਵਰ, ਸਾਚਾ ਮਾਰਗ ਰਿਹਾ ਵਖਾਇਆ । ਪੰਜਾਂ ਕਰੇ ਸਚ ਪਿਆਰ, ਸੱਚੇ ਸ਼ਬਦ ਜਣਾਈਆ । ਚਾਰੋਂ ਕੁੰਟਾਂ ਪਹਿਰੇਦਾਰ, ਦਿਵਸ ਰੈਣ ਰਘੁਰਾਈਆ । ਆਪੇ ਬੈਠੇ ਅਧਵਿਚਕਾਰ, ਖੰਡ ਬ੍ਰਹਿਮੰਡ ਖੇਲ ਰਚਾਈਆ । ਸਾਚੇ ਘੋੜ ਹੋ ਅਸਵਾਰ, ਦਿਵਸ ਰੈਣ ਰਿਹਾ ਦੁੜਾਈਆ । ਚਾਰੇ ਕੁੰਟਾਂ ਚਾਰ ਕਿਨਾਰ, ਦਹਿ ਦਿਸ਼ਾ ਵੇਖ ਵਖਾਈਆ । ਜੰਗਲ ਜੂਹ ਉਜਾੜ ਪਹਾੜ, ਡੂੰਘੀ ਕੰਦਰ ਧਿਆਨ ਲਗਾਈਆ । ਧਰਤ ਮਾਤ ਤੇਰਾ ਇਕ ਅਖਾੜ, ਗੁਰਦਵਾਰਾ ਮੰਦਰ ਮਸਜਿਦ ਸ਼ਿਵਦਵਾਲਾ ਮੱਠ ਤੀਰਥ ਤਟ ਕੋਈ ਰਹਿਣ ਨਾ ਪਾਈਆ । ਆਪੇ ਵੇਖੇ ਅੱਠ ਸੱਠ ਨੌਂ ਖੰਡ ਪ੍ਰਿਥਮੀ ਨੱਠ ਨੱਠ, ਸੱਤਾਂ ਦੀਪਾਂ ਲਠ ਗਿੜਾਈਆ । ਅਗਨੀ ਜੋਤੀ ਮੱਠ ਮੱਠ, ਵਰਨ ਗੋਤੀ ਇਕ ਇਕੱਠ, ਸ਼ਬਦੀ ਸ਼ਬਦ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਬਣਤ ਬਣਾਈਆ । ਬਣਤ ਬਣਾਏ ਏਕ, ਇਕ ਅਕਾਰਿਆ । ਦੂਜਾ ਧਰੇ ਜੋਤੀ ਭੇਖ, ਦਿਸ ਕਿਸੇ ਨਾ ਆ ਰਿਹਾ । ਤੀਜੇ ਕਰੇ ਵੇਸ ਅਨੇਕ, ਜੁਗਾ ਜੁਗੰਤਰ ਸਾਚੀ ਕਾਰਿਆ । ਚੌਥੇ ਰਹੇ ਸਦਾ ਬਿਬੇਕ, ਆਪ ਆਪਣੇ ਰੰਗ ਸਮਾ ਰਿਹਾ । ਪੰਚਮ ਭਗਤਾਂ ਦੇਵੇ ਟੇਕ, ਸਾਚਾ ਸੰਗ ਨਿਭਾ ਰਿਹਾ । ਛੇਵੇਂ ਸ਼ਬਦ ਸਰੂਪੀ ਲਾਏ ਮਸਤਕ ਮੇਖ, ਰੇਖ ਰੇਖਾ ਆਪ ਲਿਖਾ ਰਿਹਾ । ਸੱਤਵੇਂ ਸਤਿ ਪੁਰਖ ਨਿਰੰਜਣ ਰਿਹਾ ਵੇਖ, ਅਗੰਮ ਅਗੰਮਾ ਕਾਰ ਕਰਾ ਰਿਹਾ । ਅੱਠਵੇਂ ਅੱਠਾਂ ਤੱਤਾਂ ਰਿਹਾ ਵੇਖ, ਧਰਿਆ ਭੇਖ ਮਤ ਮਨ ਬੁੱਧੀ ਨਾਲ ਰਲਾ ਰਿਹਾ । ਨੌਵੇਂ ਨੌਂ ਦਰ ਭੁੱਲੇ ਔਲੀਏ ਪੀਰ ਸ਼ੇਖ਼, ਦਸਤਗੀਰ ਕਿਸੇ ਨਾ ਪਾ ਲਿਆ । ਦਸਮ ਦਵਾਰ ਸਚ ਨਿਰੰਕਾਰਾ, ਜੋਤ ਅਧਾਰਾ ਸ਼ਬਦ ਜੈਕਾਰਾ ਗੁਰਮੁਖ ਵਿਰਲਾ ਲਏ ਪੇਖ, ਭਾਂਡਾ ਭਰਮ ਭੰਨਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖਾਂ ਦੇਵੇ ਨਾਮ ਵਰ, ਮਾਨਸ ਜਨਮ ਲੇਖੇ ਲਾ ਰਿਹਾ । ਮਾਨਸ ਜਨਮ ਲੇਖੇ ਲਾਏ, ਏਕਾ ਏਕ ਅਕਾਲਿਆ । ਜਗਤ ਭੁਲੇਖੇ ਸਰਬ ਕਢਾਏ, ਕਿਰਪਾ ਕਰੇ ਦੀਨ ਦਿਆਲਿਆ । ਨੇਤਰ ਪੇਖੇ ਦਰਸ਼ਨ ਪਾਏ, ਸ਼ਬਦ ਪਹਿਨਾਏ ਤਨ ਸਾਚੀ ਮਾਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਫ਼ਲ ਲਗਾਏ ਕਾਇਆ ਡਾਲ੍ਹਿਆ । ਕਾਇਆ ਡਾਲ ਲੱਗੇ ਫ਼ਲ, ਨਾਮ ਫੁੱਲੀ ਫੁਲਵਾੜੀਆ । ਗੁਰਮੁਖ ਸਾਚੇ ਜਾਏ ਬਲ ਬਲ, ਦਰ ਦਵਾਰਾ ਏਕਾ ਤਾੜੀਆ । ਰਸਨ ਚਲਾਏ ਸਾਚਾ ਹੱਲ, ਭਾਗ ਲੱਗੇ ਕਾਇਆ ਕਲ, ਅੰਤਮ ਕਟੇ ਸਾਚੀ ਹਾੜੀਆ । ਵੇਖ ਵਖਾਣੇ ਜੰਗਲ ਜੂਹ ਜਲ ਥਲ, ਉਚੇ ਟਿਲੇ ਜਗਤ ਪਹਾੜੀਆ । ਜਨ ਭਗਤਾਂ ਮੇਟੇ ਦੂਈ ਦਵੈਤੀ ਸਲ, ਆਤਮ ਹਿੰਸਾ ਜਗਤ ਵਿਕਾਰੀਆ । ਇਕ ਪਿਆਏ ਅੰਮ੍ਰਿਤ ਆਤਮ ਜਲ, ਮੇਲ ਮਿਲਾਏ ਜੋਤ ਨਿਰੰਕਾਰੀਆ । ਗੁਰ ਸੰਗਤ ਜੋ ਜਨ ਜਾਏ


੪੫੦ ੦੫

ਰਲ, ਕਾਇਆ ਹਰੀ ਹੋਏ ਕਿਆਰੀਆ । ਦੀਪਕ ਜੋਤੀ ਜਾਏ ਬਲ, ਮਿਟੇ ਰੈਣ ਅੰਧਿਆਰੀਆ । ਸਚ ਦਵਾਰਾ ਲੈਣਾ ਮਲ, ਨੌਂ ਦਵਾਰੇ ਜਗਤ ਖੁਆਰੀਆ । ਲੇਖਾ ਚੁੱਕੇ ਡੂੰਘੀ ਡਲ, ਕਾਇਆ ਮੰਦਰ ਅੰਦਰ ਸ਼ਬਦ ਭੰਡਾਰੀਆ । ਰੂਪ ਜਣਾਏ ਸਦਾ ਸਾਵਲ ਸਲ, ਸੂਹਾ ਪੀਲਾ ਲਾਲ ਤਨ ਸ਼ਿੰਗਾਰੀਆ । ਜੋਤੀ ਜਾਮਾ ਭੇਖ ਪਰਬਲ, ਕਾਲਾ ਪੀਲਾ ਕੰਚਨ ਧਾਰੀਆ । ਆਪੇ ਵਸੇ ਉਚ ਮਹੱਲ ਅਟੱਲ, ਨਾ ਕੋਈ ਪਾਵੇ ਸਾਰੀਆ । ਦੀਪਕ ਜੋਤੀ ਰਹੀ ਬਲ, ਦਹਿ ਦਿਸ਼ਾ ਹੋਏ ਉਜਿਆਰੀਆ । ਜੋਤ ਸਰੂਪੀ ਮਾਰ ਅਛੱਲ, ਸੱਤਵੇਂ ਅੰਦਰ ਆਇਆ ਬਾਹਰੀਆ । ਆਪੇ ਜਾਣੇ ਆਪਣੀ ਕਲ, ਛੇਵੇਂ ਘਰ ਖੇਲ ਨਿਆਰੀਆ । ਓਅੰਕਾਰਾ ਪਸਰ ਪਸਾਰਾ ਸਚ ਦਵਾਰਾ ਰਿਹਾ ਮੱਲ, ਉਪਜਿਆ ਸ਼ਬਦ ਅਪਾਰੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੋਤੀ ਸ਼ਬਦੀ ਮੇਲ ਕਰ, ਪੰਚਮ ਕਰੇ ਸੱਚੀ ਕਾਰੀਆ । ਪੰਚਮ ਘਰ ਹਰਿ ਸੁਹਾਏ, ਪਵਣ ਸਵਾਸ ਚਲਾਈਆ । ਜੋਤੀ ਸ਼ਬਦੀ ਮੇਲ ਮਿਲਾਏ, ਏਕਾ ਪਵਣ ਚਲਾਈਆ । ਪਵਣ ਸਵਾਸੀ ਸੇਵ ਕਮਾਏ, ਦਿਵਸ ਰੈਣ ਪੱਖਾ ਝੁਲਾਈਆ । ਦਸ ਦਸ ਮਾਸੀ ਕੋਈ ਦਿਸ ਨਾ ਆਏ, ਵੇਖੇ ਖੇਲ ਅਵਣ ਗਵਣ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੋਕਮਾਤ ਹਰਿ ਜੋਤ ਧਰ, ਬਾਵਣ ਸਾਵਣ ਕਾਮਨੀ ਕਾਮਨ ਖੇਲ ਕਰਾਏ, ਵਲ ਛਲ ਕਰਾਈਆ । ਪੰਚਮ ਘਰ ਮੇਲ ਮਿਲਾਇਆ, ਪਵਣ ਸ਼ਬਦ ਵਧਾਈਆ । ਜੋਤ ਸਰੂਪੀ ਵਿਚ ਸਮਾਇਆ, ਦੋਹਾਂ ਬਣਤ ਬਣਾਈਆ । ਤਿੰਨਾਂ ਰੰਗਾਂ ਇਕ ਵਟਾਇਆ, ਤ੍ਰੈਗੁਣ ਮਾਇਆ ਲਏ ਉਪਜਾਈਆ । ਆਪ ਆਪਣਾ ਤੱਤ ਸਮਾਇਆ, ਹੱਡ ਮਾਸ ਨਾੜੀ ਕੋਈ ਦਿਸ ਨਾ ਆਈਆ । ਕਮਲਾਪਾਤ ਆਪ ਹੋ ਆਇਆ, ਤ੍ਰੈਗੁਣ ਨਾਰੀ ਆਪ ਬਣਾਈਆ । ਸ਼ਬਦ ਧੀਰਜ ਯਤ ਧਰਾਇਆ, ਬ੍ਰਹਮਾ ਆਪ ਲਏ ਉਪਜਾਈਆ । ਚੌਥਾ ਘਰ ਆਪ ਉਪਜਾਇਆ, ਪ੍ਰਭ ਸਾਚੇ ਜੋਤ ਜਗਾਈਆ । ਦੇ ਮਤ ਰਿਹਾ ਸਮਝਾਇਆ, ਪਾਰਬ੍ਰਹਮ ਬ੍ਰਹਮ ਹੋਏ ਜੁਦਾਈਆ । ਤਿੰਨਾਂ ਲੋਕਾਂ ਰਚਨ ਰਚਾਈਆ । ਚੌਦਾਂ ਹੱਟਾਂ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵੇਖ ਵਖਾਣੇ ਥਾਉਂ ਥਾਈਆ । ਚੌਥਾ ਘਰ ਨਰ ਨਾਰੀ, ਕੋਇ ਦਿਸ ਨਾ ਆਈਆ । ਚੌਥਾ ਦਰ ਹਰਿ ਸੁਹਾਏ, ਨਾ ਕੋਈ ਦਿਸੇ ਨਾਰੀ ਨਰ, ਬਾਲ ਅੰਞਾਣਾ ਦਿਸ ਨਾ ਆਏ । ਨਾ ਕੋਈ ਦੀਸੇ ਚਤੁਰ ਸੁਘੜ ਸਿਆਣਾ, ਵੇਦ ਪੁਰਾਨਾਂ ਕੋਈ ਨਾ ਗਾਏ । ਨਾ ਕੋਈ ਗਾਏ ਖਾਣੀ ਬਾਣੀ, ਅੰਜ਼ੀਲ ਕੁਰਾਨਾ ਸਾਰ ਨਾ ਰਾਏ । ਏਕਾ ਏਕ ਪੁਰਖ ਬਿਧਾਤੀ ਜਗੇ ਜੋਤ ਮਹਾਨੀ, ਆਪ ਆਪਣੇ ਵਿਚ ਸਮਾਏ । ਦੂਜੀ ਦੇਵੇ ਸ਼ਬਦ ਨਿਸ਼ਾਨੀ, ਬ੍ਰਹਮਾ ਹੋਏ ਜਗਤ ਵਿਦਵਾਨੀ, ਚਾਰੇ ਕੁੰਟਾਂ ਚਾਰ ਦਵਾਰ ਚਾਰ ਮੁਖ ਲਗਾਏ । ਪ੍ਰਭ ਅਬਿਨਾਸ਼ੀ ਕਿਰਪਾ ਧਾਰ, ਆਤਮ ਦੇਵੇ ਜੋਤ ਅਧਾਰ, ਸ਼ਬਦ ਸਰੂਪੀ ਕਿਰਪਾ ਧਾਰ, ਪਵਣ ਝੁਲਾਏ ਦਇਆ ਕਮਾਏ ਆਪੇ ਆਪ ਕਰੇ ਮਿਹਰਵਾਨੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਬ੍ਰਹਮਾ ਦਿਤਾ ਇਕ ਵਰ, ਭੇਵ ਅਭੇਦਾ ਅਛਲ ਅਛੇਦਾ ਚਾਰੇ ਜੁਗ ਜੋਗ ਰਖੀਸ਼ਰ, ਆਪੇ ਆਪ ਆਪ ਅਖਵਾਏ । ਜੋਤੀ ਜੋਤ ਸਰੂਪ ਹਰਿ, ਚੌਥਾ ਘਰ ਖੋਲ੍ਹ ਦਰ, ਪਹਿਲਾ ਵਰ ਪਾਰਬ੍ਰਹਮ ਬ੍ਰਹਮੇ ਆਪ ਦਵਾਏ । ਜਗਤ ਭੰਡਾਰਾ ਖੋਲ੍ਹ, ਜਗਤ ਤਰਾਇਆ । ਸ਼ਬਦ ਜੈਕਾਰਾ ਬੋਲ, ਭਗਤ ਸੁਹਾਇਆ । ਦੋਹਾਂ ਦਵਾਰਾ ਅਡੋਲ, ਛੱਬੀ ਪੋਹ ਦਿਵਸ ਸੁਹਾਇਆ । ਜਗਤ ਮੰਗ ਅਪਾਰ, ਜਨ ਜਨ ਮੰਗਦਾ । ਗੁਰਮੁਖ ਮੰਗ ਅਪਾਰ, ਕਾਇਆ ਰੰਗਦਾ । ਦੋਹਾਂ ਦੇਵਣਹਾਰ, ਲੋਕਮਾਤ ਨਾ ਸੰਗਦਾ । ਜਗਤ ਕਰਾਏ ਵਣਜ ਵਪਾਰ, ਵੇਖੇ ਖੇਲ ਸੱਚੀ ਸ਼ਤਰੰਜ ਦਾ । ਗੁਰਮੁਖਾਂ ਦੇਵੇ ਸ਼ਬਦ ਅਧਾਰ, ਵਕਤ

੪੫੧
੦੫

ਚੁਕਾਏ ਸਵੇਰ ਸੰਝ ਦਾ । ਦੋਹਾਂ ਸੁਹੇਲਾ ਮੀਤ ਮੁਰਾਰ, ਵਕਤ ਦੁਹੇਲਾ ਨਾਰ ਬਾਂਝ ਦਾ । ਛੱਬੀ ਪੋਹ ਵਕਤ ਵਿਚਾਰ, ਮੇਲ ਮਿਲਾਏ ਹੀਰ ਰਾਂਝੇ ਦਾ । ਹੀਰ ਨਿਮਾਣੀ ਸੁਰਤ ਦਏ ਦੁਹਾਈਆ । ਸ਼ਬਦ ਮਿਲੇ ਰਾਂਝਾ ਸੂਰਤ, ਤੁਟੇ ਜਗਤ ਜੁਦਾਈਆ । ਗੁਰਮੁਖ ਆਸਾ ਮਨਸਾ ਪੂਰਤ, ਮਿਲੇ ਮਾਣ ਵਡਿਆਈਆ । ਜਗਤ ਦਵਾਰਾ ਦਿਸੇ ਨਾ ਦੂਰਤ, ਨਰ ਨਿਰੰਕਾਰਾ ਦਰਸ ਦਿਖਾਈਆ । ਜਗਤ ਵਿਕਾਰੇ ਰਹੇ ਝੂਰਤ, ਤ੍ਰਿਸ਼ਨਾ ਅਗਨ ਜਲਾਈਆ । ਅੰਤਮ ਦਿਸੇ ਕੂੜੇ ਕੂੜਤ, ਕੋਇ ਨਾਲ ਨਾ ਜਾਈਆ । ਏਕਾ ਲੇਖਾ ਗੁਰ ਚਰਨ ਮਸਤਕ ਧੂੜਤ, ਵੇਲੇ ਅੰਤ ਹੋਏ ਸਹਾਈਆ । ਮਾਇਆ ਭੁੱਲੇ ਮਨਮੁਖ ਮੂੜ੍ਹਤ, ਜਗਤ ਤ੍ਰਿਸ਼ਨਾ ਝੂਠ ਵਧਾਈਆ । ਗੁਰਮੁਖਾਂ ਆਸਾ ਮਨਸਾ ਪੂਰਤ, ਸਾਚੇ ਸ਼ਬਦ ਕਰੇ ਕੁੜਮਾਈਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਨਿਹਕਲੰਕ ਨਰਾਇਣ ਨਰ, ਸਤਿਜੁਗ ਤੇਰੀ ਸਾਚੀ ਵਰ, ਛੱਬੀ ਪੋਹ ਰੁੱਤ ਸੁਹਾਈਆ । ਛੱਬੀ ਪੋਹ ਰੁੱਤ ਸੁਹੰਜਣੀ, ਪ੍ਰਭ ਸਾਚੇ ਮਾਤ ਬਣਾਈਆ । ਜਗੀ ਜੋਤ ਨਿਰੰਜਣੀ, ਗੁਰਮੁਖ ਵਿਰਲੇ ਮਿਲਿਆ ਮੀਤ ਮੁਰਾਰਾ ਸਾਚਾ ਸਾਕ ਸਜਣੀ, ਭਾਂਡਾ ਭਰਮ ਰਿਹਾ ਭੰਨਾਈਆ । ਮੰਡਪ ਮਾੜੀ ਅੰਤਮ ਬੰਨ੍ਹਣੀ, ਵਿਚ ਪਰਭਾਸ ਦਰਸ ਦਿਖਾਈਆ । ਵੇਲੇ ਅੰਤਮ ਕਿਸੇ ਲਾਜ ਨਾ ਰੱਖਣੀ, ਝੂਠਾ ਨਾਤਾ ਭੈਣਾਂ ਭਾਈਆ । ਪ੍ਰਭ ਆਇਆ ਪੜਦੇ ਕੱਜਣੀ, ਦੇਵੇ ਸ਼ਬਦ ਸੱਚੀ ਲੇਫ ਤਲਾਈਆ । ਚਰਨ ਧੂੜ ਸਾਚਾ ਮਜਨੀ, ਲੱਖ ਚੁਰਾਸੀ ਰਿਹਾ ਕਟਾਈਆ । ਏਕਾ ਦਰ ਦੋ ਦੋ ਆਬਾ ਮੱਕਾ ਕਾਅਬਾ ਹਾਜਨ ਹਜਨੀ, ਤਨ ਹੱਜ ਕਬੂਲ ਇਕ ਕਰਾਈਆ । ਜਗਤ ਤ੍ਰਿਸ਼ਨਾ ਦਰ ਘਰ ਸਾਚੇ ਤਜਣੀ, ਜਨ ਆਤਮ ਵਰ ਪ੍ਰਭ ਬੇੜੇ ਰਿਹਾ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਝੂਲਾ ਰਿਹਾ ਝੁਲਾਈਆ । ਸ਼ਬਦ ਝੂਲਾ ਹਰਿ ਝੁਲਾਏ, ਗੁਰਮੁਖ ਸੰਤ ਮਿਲਾਈਆ । ਕੰਤ ਕੰਤੂਹਲਾ ਮੇਲ ਮਿਲਾਏ, ਸਾਚੀ ਬਣਤ ਬਣਾਈਆ । ਫੂਲਾਂ ਹਾਰ ਤਨ ਪਹਿਨਾਏ, ਛੱਬੀ ਪੋਹ ਰੁੱਤ ਸੁਹਾਈਆ । ਦੂਲ੍ਹੋ ਦੂਲ੍ਹਾ ਆਪ ਅਖਵਾਏ, ਸ਼ਬਦ ਸੀਸ ਤਾਜ ਰਖਾਈਆ । ਸੋਲਾਂ ਕਲ ਰਿਹਾ ਵਖਾਏ, ਆਪ ਆਪਣਾ ਲੜ ਫੜਾਈਆ । ਕਾਇਆ ਚੋਲੀ ਰੰਗ ਚੜ੍ਹਾਏ, ਸੋਹੰ ਭੱਠੀ ਚੜ੍ਹਾਈਆ । ਸਾਚੀ ਡੋਲੀ ਆਪ ਉਠਾਏ, ਸਚ ਕੁਹਾਰਾ ਹਰਿ ਨਿਰੰਕਾਰਾ ਆਪੇ ਆਪ ਹੋ ਜਾਈਆ । ਕਲਜੁਗ ਤੇਰੀ ਅੰਤਮ ਅੰਤ ਵਿਆਹੇ ਬੋਲੀ, ਲੱਖ ਚੁਰਾਸੀ ਤੇਰੀ ਗੋਲੀ, ਧਰਮ ਰਾਏ ਖ਼ੁਸ਼ੀ ਮਨਾਈਆ । ਗੁਰ ਸੰਗਤ ਹੋਏ ਆਲੀ ਭੋਲੀ, ਆਤਮ ਪੜਦੇ ਰਿਹਾ ਖੋਲ੍ਹੀ, ਦੇਵੇ ਵਸਤ ਨਾਮ ਅਨਮੋਲੀ, ਪ੍ਰਭ ਆਪਣੇ ਅੰਕ ਸਮਾਈਆ । ਗੁਰਮੁਖ ਮੰਗੇ ਸਾਚੀ ਮੰਗ ਆਤਮ ਦਰ ਡਾਹੇ ਝੋਲੀ, ਪ੍ਰਭ ਸ਼ਬਦ ਭੰਡਾਰਾ ਰਿਹਾ ਭਰਾਈਆ । ਪੂਰੇ ਤੋਲ ਰਿਹਾ ਤੋਲੀ, ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਜੋਤੀ ਜਾਮਾ ਭੇਖ ਧਰ, ਕਲਜੁਗ ਤੇਰੀ ਅੰਤਮ ਵਰ, ਸਾਚੀ ਰਿਹਾ ਬਣਤ ਬਣਾਈਆ । ਗੁਰ ਸੰਗਤ ਸਾਚੀ ਬਣਤ ਬਣਾਉਣੀ, ਲੇਖਾ ਲੇਖ ਲਿਖਾਇੰਦਾ । ਰੰਗਤ ਨਾਮ ਇਕ ਚੜ੍ਹਾਉਣੀ, ਝੂਠਾ ਭੇਖ ਮਿਟਾਇੰਦਾ । ਸਚ ਦਵਾਰਾ ਏਕਾ ਮੰਗਤ, ਆਪੇ ਕਟੇ ਭੁੱਖ ਨੰਗਤ, ਦੁੱਖ ਕਲੇਸ਼ ਦਰ ਹਟਾਉਣੀ, ਮਾਣ ਗਵਾਏ ਹੰਗਤਾ ਹੰਗਤ, ਸ਼ਬਦ ਕਟਾਰ ਇਕ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਗੁਰ ਸੰਗਤ ਦੇਵਣ ਆਇਆ ਵਰ, ਸ਼ਬਦ ਸੁਣਾਏ ਇਕ ਸੁਨਾਉਣੀ, ਸ਼ਬਦ ਲਾ ਲਾ ਕਾਨ ਸੁਣਾਇੰਦਾ । ਕਾਇਆ ਮੰਦਰ ਕਲਜੁਗ ਮਕਾਨ । ਨੌਂ ਦਵਾਰੇ ਝੂਠ ਦੁਕਾਨ, ਦਸਮ ਦਵਾਰੇ ਸ੍ਰੀ ਭਗਵਾਨ । ਦਿਸ ਨਾ ਆਏ ਜੀਵ ਨਿਧਾਨ । ਪੰਚਾਂ ਡੋਰ ਹੱਥ ਫੜਾਈ, ਭੁੱਲਿਆ ਮਾਤ ਗੁਣ ਨਿਧਾਨ । ਪੰਜੇ ਚੋਰ ਰਹੇ ਸੁਣਾਈ, ਸੁਰਤੀ ਪੀਣ ਖਾਨ । ਗੁਰਮੁਖ


੪੫੨ ੦੫

ਵਿਰਲੇ ਜਗਤ ਜੁੜਾਈ, ਏਕਾ ਚਰਨ ਧਿਆਨ । ਦਰਗਾਹ ਸਾਚੀ ਮਿਲੇ ਵਡਿਆਈ, ਹੋਏ ਸਹਾਈ ਆਨ । ਪਾਰਬ੍ਰਹਮ ਪ੍ਰਭ ਜੋਤ ਜਗਾਈ, ਨੌਂ ਖੰਡ ਪ੍ਰਿਥਮੀ ਵੇਖੇ ਮਾਰ ਧਿਆਨ । ਲੋਆਂ ਪੁਰੀਆਂ ਰਿਹਾ ਜਗਾਈ, ਸਾਚੀ ਵੰਡਣ ਵੰਡ ਵੰਡਾਣ । ਗੁਰ ਸੰਗਤ ਤੇਰੇ ਹਿਸੇ ਆਈ, ਬੀਸ ਬਾਰ੍ਹਵੇਂ ਹਰਿ ਰਘੁਰਾਈ । ਆਪ ਆਪਣੀ ਦਇਆ ਕਮਾਈ, ਛੱਬੀ ਪੋਹ ਖ਼ੁਸ਼ੀ ਮਨਾਈ । ਕਰੋੜ ਤੇਤੀਸਾ ਸੇਵਾ ਲਾਈ । ਸ਼ਿਵ ਸ਼ੰਕਰ ਤਸ਼ਕਾ ਗਲ ਲਟਕਾਈ । ਬ੍ਰਹਮਾ ਵੇਖੇ ਮੁਖ ਉਠਾਈ । ਨੇਤਰ ਖੋਲ੍ਹੇ ਕਿਹੜੀ ਕੂਟੇ ਹਰਿ ਜੀ ਬੋਲੇ । ਸ਼ਬਦ ਭੰਡਾਰਾ ਹਰਿ ਜੀ ਖੋਲ੍ਹੇ । ਗੁਰਮੁਖਾਂ ਕਾਇਆ ਰੰਗਣ ਰੰਗੇ ਚੋਲੇ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਕਲਜੁਗ ਤੇਰੀ ਅੰਤਮ ਵਰ, ਗੁਰਮੁਖਾਂ ਇਕ ਸੁਣਾਵਣ ਆਇਆ ਸੋਹੰ ਸਾਚਾ ਢੋਲੇ । ਸੋਹੰ ਸੱਚਾ ਢੋਲ ਮਰਦੰਗਿਆ । ਧੁਰ ਦਰਗਾਹੀ ਏਕਾ ਬੋਲ ਗੁਰਮੁਖ ਵਿਰਲੇ ਮਾਤ ਮੰਗਿਆ । ਲੱਖ ਚੁਰਾਸੀ ਪੜਦਾ ਫੋਲ, ਅੱਗੇ ਪਿੱਛੇ ਭੁੱਖਾ ਨੰਗਿਆ । ਸਚ ਵਸਤ ਨਾ ਕਿਸੇ ਕੋਲ, ਨਾਮ ਨੌਂ ਦਵਾਰੇ ਨਾ ਕਿਸੇ ਟੰਗਿਆ । ਬਜਰ ਕਪਾਟੀ ਕੁੰਡਾ ਖੋਲ੍ਹ, ਸਾਚੀ ਹਾਟੀ ਏਕਾ ਸਾਚੀ ਵੰਗਿਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਕਲਜੁਗ ਅੰਤਮ ਵੇਖ ਹਰਿ, ਨਿਹਕਲੰਕ ਨਰਾਇਣ ਨਰ, ਦੇਵਣ ਆਇਆ ਦਾਨ ਹਰਿ ਭਗਵਾਨ, ਜੋ ਜਨ ਆਏ ਮੂੰਹੋ ਮੰਗਿਆ । ਮੰਗਣੀ ਮੰਗ ਅਪਰ ਅਪਾਰ, ਹੋਏ ਰੁੱਤ ਬਸੰਤਿਆ । ਛੱਬੀ ਪੋਹ ਜਗਤ ਅਧਾਰ ਭਗਤ ਸੁਧਾਰ, ਮਿਲੇ ਮੇਲ ਕੰਤ ਸਤਵੰਤਿਆ । ਦੀਪਕ ਜੋਤੀ ਕਰ ਉਜਿਆਰ, ਪਾਰਬ੍ਰਹਮ ਪਾਏ ਸਾਰ, ਘਰ ਸਾਚੇ ਧਾਮ ਵਸੰਤਿਆ । ਗੁਰਮੁਖ ਸਾਚੀ ਨਾਰ, ਚਰਨ ਪ੍ਰੀਤੀ ਕਰੇ ਪਿਆਰ, ਸਤਿ ਸਰੂਪੀ ਜਾਏ ਤਾਰ, ਜੋਤ ਸਰੂਪੀ ਏਕਾ ਧਾਰ, ਮੇਲ ਮਿਲਾਏ ਗੁਣ ਗੁਣਵੰਤਿਆ । ਸੋਹੇ ਦਰ ਬੰਕ ਦਵਾਰ, ਕਾਇਆ ਭਾਂਡਾ ਝੂਠਾ ਜਗਤ ਦਵਾਰ । ਪੰਚ ਦਵਾਰੇ ਜੂਠਾ ਝੂਠਾ ਭੇਵ ਨਾ ਪਾਵੇ ਦਸਮ ਦਵਾਰ । ਜਗਤ ਤ੍ਰਿਸ਼ਨਾ ਅੱਗਨੀ ਮਾਇਆ ਹਉਮੇ ਦੁੱਖ ਨਾ ਦੇਵੇ ਕੋਈ ਨਿਵਾਰ । ਗੁਰਮੁਖ ਵਿਰਲਾ ਆਤਮ ਘਰ ਸਾਚੇ ਸਚ ਦਿਵਸ ਰੈਣ ਰੈਣ ਦਿਵਸ ਇਕ ਇਕੱਲਾ ਸਚ ਮਹੱਲਾ ਸੁੱਤਾ ਰਹੇ ਪੈਰ ਪਸਾਰ । ਪੁਰਖ ਅਬਿਨਾਸ਼ੀ ਜਲ ਥਲਾ, ਅਛਲ ਅਛਲਾ ਪੌਂਦਾ ਰਹੇ ਸਾਰ । ਮਿਲੇ ਵਡਿਆਈ ਅੰਤ ਜੁਦਾਈ । ਜਿਉਂ ਗੁਰ ਗੋਬਿੰਦੇ ਡਲਾ, ਪ੍ਰਭ ਸਾਚਾ ਮੇਲ ਮਿਲਾਈ । ਵੇਖੇ ਖੇਲ ਅਜ ਕਿ ਕਲਾ, ਮਾਲਵੇ ਦੇਸ ਕਰੇ ਹੱਲਾ, ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਏਕਾ ਪਗ ਸੂਰਾ ਸਰਬਗ ਆਪਣਾ ਦਏ ਟਿਕਾਈ । ਮੰਗਣ ਮੰਗ ਅਪਾਰ ਕੋਟਨ ਕੋਟਿਆ । ਗੁਰਮੁਖ ਵਿਰਲੇ ਕਰਨ ਪਿਆਰ, ਵੱਜੇ ਤਨ ਨਗਾਰੇ ਸ਼ਬਦ ਸਾਚੀ ਚੋਟਿਆ । ਲੱਖ ਚੁਰਾਸੀ ਰੋਵੇ ਧਾਹਾਂ ਮਾਰ ਨਾ ਕੋਈ ਕਰੇ ਸੱਚਾ ਵਣਜ ਵਪਾਰ, ਜੂਠੇ ਝੂਠੇ ਤੋੜਨ ਬੋਟੀਆ । ਗੁਰਮੁਖ ਸਾਚੇ ਹਿਰਦੇ ਵਾਸੇ, ਪੰਚ ਚੋਰ ਨਾ ਦਰ ਘਰ ਨਾਚੇ, ਪ੍ਰਭ ਏਕਾ ਬਖ਼ਸ਼ੇ ਚਰਨ ਪਿਆਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜਾਮਾ ਭੇਖ ਧਰ, ਲੋਕਮਾਤ ਹਰਿ ਜੋਤ ਧਰ, ਖਿਚ ਲਿਆਏ ਦਰ ਦਵਾਰ । ਨੌਂ ਦਵਾਰੇ ਜਗਤ ਖੁਲ੍ਹਾਇਆ, ਦਸਵੇਂ ਗੁਝ ਰਖਾਇਆ ਏ । ਪਹਿਲੇ ਦਰ ਭੇਵ ਨਾ ਰਾਇਆ, ਸ੍ਰਿਸ਼ਟ ਸਬਾਈ ਫਿਰੇ ਹਲਕਾਇਆ ਏ । ਦੂਜੇ ਦਰ ਤ੍ਰਿਸ਼ਨ ਰਖਾਈ, ਮਾਇਆ ਮਮਤਾ ਜਾਲ ਵਿਛਾਇਆ ਏ । ਤੀਜੇ ਦਰ ਕਰੀ ਕੁੜਮਾਈ, ਨੌਂ ਅਠਾਰਾਂ ਸਾਧਾਂ ਸੰਤਾਂ ਗੁਰੂਆਂ ਪੀਰਾਂ ਭੇੜ ਭਿੜਾਇਆ ਏ । ਚੌਥਾ ਘਰ ਗੁਰਮੁਖਾਂ ਦੱਸੇ ਰਾਹ ਸਿਧਾ, ਤਨ ਮਨ ਸੀਤਲ ਕਰਾਇਆ ਏ । ਪੰਚਮ ਦੱਸੇ ਆਪਣੀ ਬਿਧਾ, ਸਾਚੀ ਧਾਰਾ ਰਿਹਾ ਵਖਾਇਆ ਏ । ਛੇਵੇਂ ਘਰ ਪਏ ਗਿਧਾ, ਸ਼ਬਦ ਤਾਲ ਵਜਾਇਆ ਏ । ਸਤਵੇਂ ਦਰ ਬਣਾਏ ਬਿਧਾ,

ਲੋਆਂ ਪੁਰੀਆਂ ਰਿਹਾ ਉਪਜਾਇਆ ਏ । ਅਠਵੇਂ ਅਠਾਂ ਤੱਤਾਂ ਆਪੇ ਵਿਧਾ, ਲੱਖ ਚੁਰਾਸੀ ਵਿਚ ਸਮਾਇਆ ਏ । ਨਾਵੇਂ ਦਰ ਮਿਲਿਆ ਜਗਤ ਵਿਕਾਰਾ, ਭਰ ਭੰਡਾਰਾ ਸਾਚੇ ਝੋਲੀ ਪਾਇਆ ਏ । ਗੁਰਮੁਖ ਸਾਚਾ ਰੋਵੇ ਧਾਹਾਂ ਮਾਰ, ਪ੍ਰਭ ਅਬਿਨਾਸ਼ੀ ਕਰੇ ਪਿਆਰ, ਏਕਾ ਦੇਵੇ ਸ਼ਬਦ ਅਧਾਰ, ਦੇ ਮਤ ਰਿਹਾ ਸਮਝਾਇਆ ਏ । ਬਹੱਤਰ ਨਾੜੀ ਨਾ ਉਬਲੇ ਰਤ, ਚਰਨ ਪ੍ਰੀਤੀ ਬਝੇ ਨੱਤ, ਆਪੇ ਜਾਣੇ ਮਿਤ ਗਤ, ਤੀਰਥ ਤੱਟ ਸਰਬ ਤਜਾਇਆ ਏ । ਜਾਣੇ ਜਣਾਏ ਘਟ ਘਟ, ਢਾਹੇ ਭਰਮਾ ਵੱਟ, ਪੰਝੀ ਮਾਰੇ ਸ਼ਬਦ ਸੱਟ, ਚੌਥਾ ਘਰ ਵਖਾਇਆ ਏ । ਚੌਥਾ ਘਰ ਜੋਤ ਲਟ ਲਟ, ਕਵਣ ਮਤ ਕਵਣ ਸਤਿ ਪੰਜਵੇਂ ਬਾਹਰ ਕਢਾਇਆ ਏ । ਪੰਜਵਾਂ ਉਤੋਂ ਦਿਤਾ ਛੱਤ, ਗੁਰ ਸੰਗਤ ਗੁਰ ਸੰਗਤ ਤੇਰਾ ਪੜਦਾ ਬਣਾਇਆ ਏ । ਕੋਈ ਨਾ ਜਾਣੇ ਕਾਇਆ ਮਟ, ਪ੍ਰਭ ਕਰਤੇ ਕੀ ਖੇਲ ਰਚਾਇਆ ਏ । ਦੁਨੀਆਂ ਭਰਮੇ ਭੁੱਲੀ ਮਤ, ਪਿੰਡ ਇੰਡ ਬ੍ਰਹਿਮੰਡ ਖੋਜ ਖੁਜਾਇਆ ਏ । ਦੇਹ ਧਾਰੀ ਵਿਚ ਪਿੰਡ ਘਵਿੰਡ, ਆਪ ਆਪਣਾ ਭੇਵ ਛੁਪਾਇਆ ਏ । ਕਲਜੁਗ ਤੇਰੀ ਮੂਧੀ ਹੋਈ ਟਿੰਡ, ਗਿਆਨੀਆਂ ਧਿਆਨੀਆਂ ਸਾਰ ਨਾ ਰਾਇਆ ਏ । ਵੇਲੇ ਅੰਤਮ ਜਾਣਾ ਖਿੰਡ, ਨਾ ਪੱਲੂ ਕਿਸੇ ਫੜਾਇਆ ਏ । ਗੁਰਮੁਖ ਸਾਚੇ ਆਪ ਉਪਜਾਏ ਸਾਚੀ ਬਿੰਦ, ਜੋਤੀ ਸ਼ਬਦੀ ਮੇਲ ਮਿਲਾਇਆ ਏ । ਵੇਖੇ ਖੇਲ ਪ੍ਰਭ ਸਾਚਾ ਵਿਚ ਹਿੰਦ, ਰਾਮ ਰਮਈਆ ਕ੍ਰਿਸ਼ਨ ਘਨਈਆ ਆਪ ਅਖਵਾਇਆ ਏ । ਗੁਰੂਆਂ ਪੀਰਾਂ ਸਾਧਾਂ ਸੰਤਾਂ ਸ਼ਬਦ ਸਰੂਪੀ ਖਿੱਚੇ ਜਿੰਦ, ਨਾੜ ਸਿਤਾਰ ਨਾ ਕੋਈ ਹਿਲਾਇਆ ਏ । ਛੱਬੀ ਪੋਹ ਪਰਗਟ ਹੋਵੇ ਹਰਿ ਦਾਤਾ ਸੂਰਾ ਵਡ ਮਰਗਿੰਦ, ਏਕਾ ਧਾਰਾ ਰਿਹਾ ਵਹਾਇਆ ਏ । ਚਾਰੋਂ ਕੁੰਟਾਂ ਸ੍ਰਿਸ਼ਟ ਸਬਾਈ ਕਰੇ ਨਿੰਦ, ਨਿਹਕਲੰਕ ਆਪਣਾ ਡੰਕ ਰੰਕ ਅੰਕ ਆਪ ਵਜਾਇਆ ਏ । ਆਪ ਸੁਹਾਏ ਦਵਾਰ ਬੰਕ, ਸਾਚਾ ਧਾਮ ਇਕ ਬਣਾਇਆ ਏ । ਜੁਗ ਤ੍ਰੇਤੇ ਇਕ ਜਨਕ, ਲੋਕਮਾਤ ਵਡਿਆਇਆ ਏ । ਪਰਗਟ ਹੋਇਆ ਵਾਸੀ ਪੁਰੀ ਘਨਕ, ਇਕ ਸਦ ਗਿਆਰਾਂ ਪੰਝੀ ਪੋਹ ਮਾਣ ਦਵਾਇਆ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖ ਵਖਾਣੇ ਦਰ ਦਰ, ਧਰਮ ਰਾਏ ਹੋਏ ਹਲਕਾਇਆ ਏ । ਗੁਰਮੁਖਾਂ ਦੇਵੇ ਮਾਣ, ਸੀਸ ਸਿਰ ਤਾਜਿਆ । ਝੁੱਲੇ ਜਗਤ ਨਿਸ਼ਾਨ, ਰਚਨ ਰਚਾਏ ਸਾਚਾ ਕਾਜਿਆ । ਏਕਾ ਬਖ਼ਸ਼ੇ ਬ੍ਰਹਮ ਗਿਆਨ, ਵੇਲੇ ਅੰਤਮ ਰੱਖੇ ਲਾਜਿਆ । ਸ਼ਬਦ ਉਡਾਏ ਧਰਮ ਬਿਬਾਣ, ਕਰੇ ਪਾਰ ਦੇਸ ਮਾਝਿਆ । ਗੁਰਮੁਖ ਸਾਚੇ ਚੜ੍ਹਨ ਆਣ, ਸੋਹੰ ਉਡੇ ਸਾਚਾ ਬਾਜਿਆ । ਕਲਗੀ ਤੋੜਾ ਜਗਤ ਪਛਾਣ, ਜੋਤੀ ਜੋੜਾ ਸ਼ਬਦ ਧਿਆਨ, ਸੋਹੰ ਮਾਰੇ ਸਾਚੀ ਵਾਜਿਆ । ਪਾਰਬ੍ਰਹਮ ਚਤੁਰ ਸੁਜਾਨ, ਕਲਜੁਗ ਤੇਰੀ ਲਾਹੁਣ ਆਇਆ ਅੰਤ ਮਕਾਣ, ਜੂਠਾ ਝੂਠਾ ਬੰਨ੍ਹੇ ਤੇਰੇ ਪੱਲੇ ਦਾਜਿਆ । ਸਤਿਜੁਗ ਤੇਰਾ ਸਤਿ ਮਕਾਨ, ਨੌਂ ਦਰਵਾਜ਼ੇ ਬੰਦ ਰਖਾਨ, ਮਿਟੇ ਹੱਜ ਕਾਅਬਨ ਕਾਅਬਿਆ । ਚਰਨ ਧੂੜ ਇਕ ਇਸ਼ਨਾਨ ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੀਸ ਰਖਾਏ ਸਾਚਾ ਤਾਜਿਆ । ਨੌਂ ਦਵਾਰੇ ਨੌਂ ਨਿਧਾਂ ਨਾਵੇਂ ਰੰਗ ਰੰਗ ਰਤਿਆ । ਗੁਰਮੁਖ ਸਾਚੇ ਚਤੁਰ ਸੁਜਾਨ, ਪ੍ਰਭ ਦੇ ਸਮਝਾਵੇ ਮਤਿਆ । ਜੀਆਂ ਦੇਵੇ ਦਾਨੀ ਦਾਨ, ਆਤਮ ਸਾਚਾ ਭਤਿਆ । ਸੋਹੰ ਸਾਚਾ ਪੀਣ ਖਾਣ, ਸੋ ਯਤੀ ਯਤਿਆ । ਸਾਵਣ ਬਰਖਾ ਮੇਘ ਮਹਾਨ, ਬੀਜ ਬੀਜੇ ਕਾਇਆ ਵਤਿਆ । ਗੁਰਮੁਖ ਵਿਰਲੇ ਹੋਏ ਚਤੁਰ ਸੁਘੜ ਸਿਆਣ, ਤਨ ਹੋਏ ਨਾ ਸੀਤਲ ਤੱਤਿਆ । ਪਦ ਪਾਇਆ ਇਕ ਨਿਰਬਾਣ, ਰਸਨਾ ਰਸ ਏਕਾ ਚੱਟਿਆ । ਗੁਰ ਪੂਰੇ ਭਗਤ ਨਿਸ਼ਾਨ, ਜਗਤ ਜਹਾਨ ਝੂਠੀ ਮੱਟਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨ ਭਗਤਾਂ ਦੇਵੇ

ਨਾਮ ਵਰ, ਹਰਿ ਜਨ ਵਿਰਲੇ ਲਾਹਾ ਖੱਟਿਆ । ਲਾਹਾ ਖੱਟਣਹਾਰ ਗੁਰਮੁਖ ਗਹਰਿਆ । ਤੀਰਥ ਤੱਟਾਂ ਕਰ ਵਿਚਾਰ, ਪ੍ਰਭ ਸਾਚੇ ਕੀਨੀ ਮਿਹਰਿਆ । ਘਟ ਘਟਾਂ ਕਰ ਪਸਾਰ, ਅੰਦਰ ਬਾਹਰ ਗੁਪਤ ਜ਼ਾਹਰਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣ ਆਇਆ ਸ਼ਬਦ ਭੰਡਾਰਿਆ । ਸ਼ਬਦ ਭੰਡਾਰਾ ਹਰਿ ਹਰਿ ਵੰਡੇ, ਕਲਜੁਗ ਵੰਡਣ ਆਇਆ । ਅੰਮ੍ਰਿਤ ਧਾਰਾ ਅੰਮ੍ਰਿਤ ਖੰਡੇ, ਨਾਮ ਪਿਆਵਣ ਆਇਆ । ਹੱਥ ਫੜਾਏ ਚੰਡ ਪਰਚੰਡੇ, ਸੋਹੰ ਨਾਮ ਧਰਾਇਆ । ਵੇਖੇ ਖੇਲ ਹਰਿ ਵਰਭੰਡੇ, ਬ੍ਰਹਿਮੰਡੇ ਰਚਨ ਰਚਾਇਆ । ਹਰਿ ਭਗਤ ਚੜ੍ਹਾਏ ਸਾਚੇ ਡੰਡੇ, ਕਲਜੁਗ ਕੰਢਾ ਪਾਰ ਕਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅੰਤਮ ਵੇਖ ਹਰਿ, ਆਪ ਆਪਣੀ ਦਇਆ ਕਮਾਇਆ । ਹਰਿ ਭੰਡਾਰ ਅਮੋਲ, ਗੁਰਮੁਖ ਵਿਰਲੇ ਜਾਣਿਆ । ਸ਼ਬਦ ਭੰਡਾਰਾ ਰਿਹਾ ਖੋਲ੍ਹ, ਕਿਸੇ ਹੱਥ ਨਾ ਆਏ ਰਾਜੇ ਰਾਣਿਆ । ਤੋਲਣ ਆਇਆ ਸਾਚਾ ਤੋਲ, ਵਣਜ ਵਣਜਾਰਾ ਹਰਿ ਨਿਰੰਕਾਰਾ ਇਕ ਅਖਵਾ ਰਿਹਾ । ਗੁਰਮੁਖ ਆਤਮ ਰਿਹਾ ਫੋਲ, ਸ਼ਬਦ ਸਰੂਪੀ ਅੰਦਰ ਬੋਲ, ਸਾਚਾ ਰਾਹ ਇਕ ਵਖਾ ਰਿਹਾ । ਮਨਮੁਖਾਂ ਸਦ ਵਸੇ ਕੋਲ, ਦਿਸ ਕਿਸੇ ਨ ਆ ਰਿਹਾ । ਹਰਿਜਨ ਚਰਨ ਪ੍ਰੀਤੀ ਘੋਲੀ ਘੋਲ, ਕਲਾਂ ਸੋਲਾਂ ਮੇਲ ਮਿਲਾ ਲਿਆ । ਕਲਾਂ ਸੋਲਾਂ ਕਰਾਏ ਚੋਹਲ, ਨੌਂ ਸਤ ਖੇਲ ਖਿਲਾ ਰਿਹਾ । ਨੌਂ ਸਤਿ ਸੁਣਾਇਆ ਬੋਲ, ਸਾਚਾ ਰਾਹ ਇਕ ਵਖਾ ਰਿਹਾ । ਸੋਹੰ ਵੱਜੇ ਸਾਚਾ ਢੋਲ, ਛੋਟਾ ਬਾਲਾ ਇਕ ਚੜ੍ਹਾ ਲਿਆ । ਕਰੋੜ ਤੇਤੀਸ ਰਿਹਾ ਅਨਭੋਲ, ਸੁਰਪਤ ਰਾਜਾ ਇੰਦ ਜਗਾ ਲਿਆ । ਆਪੇ ਬੈਠ ਸ਼ਬਦ ਅਡੋਲ, ਗੁਰ ਮੰਤਰ ਤੀਰ ਚਲਾ ਰਿਹਾ । ਏਕਾ ਅੱਖਰ ਵੱਖਰ ਬੋਲ, ਪ੍ਰਭ ਸਾਚੇ ਰਾਗ ਸੁਣਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖਾਂ ਦੇਵੇ ਨਾਮ ਵਰ, ਛੱਬੀ ਪੋਹ ਚਰਨ ਧੂੜੀ ਸਾਚਾ ਮਜਨ ਮਾਘ ਕਰਾ ਲਿਆ । ਸਾਚਾ ਮਜਨ ਆਪ ਕਰਾਏ, ਸੱਜਣ ਸੁਹੇਲ ਸੁਭਾਗਿਆ । ਸਾਚੇ ਸੱਜਣ ਆਣ ਜਗਾਏ, ਸੁਣਾਏ ਸਾਚਾ ਰਾਗਿਆ । ਪੜਦਾ ਕੱਜਣ ਆਪ ਅਖਵਾਏ, ਬ੍ਰਹਮ ਬ੍ਰਹਮ ਬ੍ਰਹਮ ਬ੍ਰਹਿਮਾਦੀਆ । ਜੋਤੀ ਜੋਤ ਸਰੂਪ ਹਰਿ, ਆਪੇ ਜਾਣੇ ਧਰਮ ਕਰਮ ਜਰਮ ਆਦਿ ਆਦਿ ਆਦਿ ਜੁਗਾਦਿ ਜੁਗਾਦਿ ਜੁਗਾਦਿਆ । ਰਸਨਾ ਭੋਗ ਅਪਾਰ, ਸ਼ਬਦ ਲਗਾਇਆ । ਹੋਇਆ ਸੰਜੋਗ ਸਚ ਸੱਚੇ ਦਰਬਾਰ, ਹਉਮੇ ਰੋਗ ਜਲਾਇਆ । ਨਾ ਹੋਏ ਵਿਜੋਗ ਪ੍ਰਭ ਪੁਰਖ ਭਤਾਰ, ਦਰਸ ਅਮੋਘ ਦਰ ਦਿਖਾਇਆ । ਆਤਮ ਰਸ ਸਾਚਾ ਲੈਣਾ ਭੋਗ, ਗੁਰ ਪਰਸਾਦੀ ਗੁਰਮੁਖਾਂ ਆਤਮ ਸਾਧੀ, ਵਾਦ ਵਿਵਾਦ ਗਵਾਇਆ । ਸ਼ਬਦ ਭੋਗ ਤਨ ਅਹਾਰ, ਮਨ ਸਾਂਤਕ ਸੁਖ ਉਪਜਾਇਆ । ਕਰ ਪਿਆਰ ਜੀਵ ਜੰਤ ਅਧਾਰ, ਮੁਖ ਸਾਚੇ ਆਪ ਰਖਾਇਆ । ਸਾਚਾ ਸੁਖ ਸਹਿਜ ਵਿਚਾਰ, ਉਤਰੇ ਤ੍ਰਿਸ਼ਨਾ ਭੁੱਖ ਰੋਗ ਸੋਗ ਨਿਵਾਰ, ਨਿਜਾਨੰਦ ਵਿਚ ਸਮਾਈਆ । ਚਾਰ ਖਾਣ ਜਗਤ ਪਕਾਣ ਛੱਤੀ ਭੋਗ ਛੱਤੀ ਰਾਗ, ਇਕ ਸੰਜੋਗ ਬਿਰਹੋਂ ਵੈਰਾਗ ਆਪਣਾ ਆਪ ਕਰਾਇਆ । ਆਪ ਬਣਾਏ ਹੰਸ ਕਾਗ, ਮਸਤਕ ਧੂੜੀ ਜਨ ਜਾਏ ਲਾਗ, ਦੁਰਮਤ ਮੈਲ ਰਿਹਾ ਧਵਾਇਆ । ਪਾਏ ਹੰਢਾਏ ਕੰਤ ਸੁਹਾਗ, ਸਿਰ ਸਾਚਾ ਹੱਥ ਰਖਾਇਆ । ਜੋਤੀ ਜੋਤ ਸਰੂਪ ਹਰਿ, ਸਰਬ ਕਲਾਂ ਸਮਰਥ, ਦੇਵੇ ਸ਼ਬਦ ਸਾਚੀ ਵੱਥ, ਦੇ ਮਤ ਰਿਹਾ ਸਮਝਾਇਆ । ਸ਼ਬਦ ਦੇਵੇ ਸਾਚੀ ਵਥ, ਸੱਜਣ ਸਾਚਾ ਮੀਤੜਾ । ਆਪ ਚੜ੍ਹਾਏ ਸਾਚੇ ਰਥ, ਕਾਇਆ ਚੋਲੀ ਲਾਹੇ ਜੂਠਾ ਝੂਠਾ ਚੀਥੜਾ । ਵੇਲੇ ਅੰਤਮ ਰੱਖੇ ਦੇ ਕਰ ਹੱਥ, ਤਨ ਮਨ ਹੋਏ ਸੀਤਲ ਸੀਤੜਾ । ਜੋਤੀ ਜੋਤ ਸਰੂਪ ਹਰਿ, ਸਰਬ ਕਲਾ ਆਪੇ ਸਮਰਥ, ਵੇਲਾ ਆਏ ਨਾ ਕਿਸੇ ਹੱਥ ਅੰਤਮ ਕਲਜੁਗ ਬੀਤੜਾ । ਕਲਜੁਗ ਜਾਏ ਬੀਤ,

੪੫੫ ੦੫

ਰੀਤ ਅਵੱਲੜੀ । ਕਿਸੇ ਨਾ ਦਿਸੇ ਸਾਚਾ ਮੀਤ, ਤ੍ਰਿਸ਼ਨਾ ਲੱਗੀ ਕਾਇਆ ਖੱਲੜੀ । ਗੁਰਮੁਖ ਵਿਰਲਾ ਮਾਨਸ ਦੇਹੀ ਜਾਏ ਜੀਤ, ਮਿਲੇ ਮੇਲ ਜੋਤ ਅਕਲੜੀ । ਗਾਏ ਸ਼ਬਦ ਸੁਹਾਗੀ ਗੀਤ, ਦਰ ਦਵਾਰਾ ਏਕਾ ਮਲੜੀ । ਚਰਨ ਪ੍ਰੀਤੀ ਸਾਚੀ ਨੀਤ, ਚਾਲ ਨਿਰਾਲੀ ਜਗਤ ਅਵੱਲੜੀ । ਜੋਤੀ ਜੋਤ ਸਰੂਪ ਹਰਿ, ਆਪੇ ਬੈਠਾ ਰਹੇ ਅਤੀਤ, ਲੱਖ ਚੁਰਾਸੀ ਆਤਮ ਮਲੜੀ । ਸਦਾ ਰਹੇ ਅਤੀਤ, ਆਤਮ ਵਾਸਿਆ । ਜਗਤ ਜਾਣੇ ਆਪੇ ਨੀਤ, ਆਪੇ ਵੇਖੇ ਹੋ ਹੋ ਪਾਸਿਆ । ਅੰਦਰ ਬਾਹਰ ਹਸਤ ਕੀਟ, ਜੰਗਲ ਜੂਹ ਉਜਾੜ ਵਿਚ ਪ੍ਰਭਾਸਿਆ । ਗੁਰਦਵਾਰਾ ਮੰਦਰ ਮਸੀਤ, ਕਾਇਆ ਮੰਡਲ ਜੂਠੀ ਝੂਠੀ ਗਾਸਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕ ਖੁਲ੍ਹਾਏ ਸ਼ਬਦ ਦਰ, ਵੇਖ ਵਖਾਏ ਪ੍ਰਿਥਮੀ ਅਕਾਸਿਆ । ਪ੍ਰਿਥਮੀ ਪਤਾਲ ਅਕਾਸ਼, ਦਿਆਲ ਦਇਆ ਕਰੇ ਗੁਰ ਦੀਨਾ । ਲੱਖ ਚੁਰਾਸੀ ਪਵਣ ਸਵਾਸ, ਰਾਸ ਆਸ ਆਸ ਰਹੇ ਸਦ ਸੀਨਾ । ਹਰਿਜਨ ਹੋਈ ਕਾਇਆ ਰਾਸ, ਪ੍ਰਭ ਮਿਲਣ ਦੀ ਸਾਚੀ ਆਸ, ਮਿਲੇ ਮੇਲ ਸਰਬ ਗੁਣਤਾਸ, ਨਰ ਨਰਾਇਣ ਰਸਨਾ ਚੀਨਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵੇ ਸੱਚਾ ਸ਼ਬਦ ਵਰ, ਜੋ ਜਨ ਤਜਾਏ ਮਦਿਰਾ ਮਾਸ । ਮਦਿਰਾ ਮਾਸ ਜਗਤ ਵਿਕਾਰਾ, ਹਰਿ ਸਾਚੀ ਰਚਨ ਰਚਾਈਆ । ਕਰੇ ਖੇਲ ਮੇਲ ਦੋ ਦੋਆਬਾ, ਭੇਦ ਅਭੇਦ ਭੇਵ ਛੁਪਾਈਆ । ਅੰਮ੍ਰਿਤ ਆਤਮ ਕਰ ਪਿਆਰਾ, ਹਰਿ ਹਰਿ ਰਿਹਾ ਵਰਤਾਈਆ । ਮਦਿਰਾ ਮਾਸ ਕਰੇ ਗਵਾਰਾ, ਮਧ ਮਾਤੀ ਭਰਮ ਭੁਲਾਈਆ । ਦੋਹਾਂ ਖੋਲ੍ਹੇ ਆਪ ਭੰਡਾਰਾ, ਦੇਵਣਹਾਰ ਸਰਬ ਅਖਵਾਈਆ । ਕਲਜੁਗ ਤੇਰੀ ਅੰਤਮ ਵਾਰਾ, ਆਪਣੇ ਹੱਥ ਰੱਖੇ ਵਡਿਆਈਆ । ਚਤੁਰਭੁਜ ਸੱਚੀ ਸਰਕਾਰਾ, ਵਿਸ਼ਨੂੰ ਵੰਸੀ ਆਪ ਅਖਵਾਈਆ । ਕਲਜੁਗ ਵੱਜੇ ਤਾਲ ਦੂਹਰੀ ਧਾਰਾ, ਕਾਹਨਾ ਕ੍ਰਿਸ਼ਨਾ ਖੇਲ ਰਚਾਈਆ । ਸਾਚਾ ਲੱਗੇ ਮਾਤ ਅਖਾੜਾ, ਸੋਹੰ ਬੰਸੀ ਆਪ ਵਜਾਈਆ । ਜੇਠ ਜੇਠ ਪੰਜ ਦਿਹਾੜਾ, ਸਾਚੀ ਸੁਰਤੀ ਸੁਰਤ ਭਵਾਈਆ । ਬਹੱਤਰ ਨਾੜੀ ਵੱਜੇ ਤਾਲ ਤਲਵਾੜਾ, ਅਕਾਲ ਮੂਰਤ ਰਿਹਾ ਵਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖਾਂ ਦੇਵੇ ਸ਼ਬਦ ਵਰ, ਸ਼ਬਦ ਸੁਨੇਹੜਾ ਰਿਹਾ ਘਲਾਈਆ । ਸ਼ਬਦ ਸੁਨੇਹੜਾ ਰਿਹਾ ਘੱਲ, ਦਿਵਸ ਰੈਣ ਜਗਾਏ । ਜੋਤ ਜਗਾਏ ਘੜੀ ਘੜੀ ਪਲ ਪਲ, ਆਪਣਾ ਭੇਵ ਛੁਪਾਏ । ਭੇਖਾਧਾਰੀ ਬਾਵਨ ਬਲ, ਸ੍ਰਿਸ਼ਟ ਸਬਾਈ ਰਿਹਾ ਹਿਲਾਏ । ਗੁਰਮੁਖਾਂ ਮੇਟੇ ਦੂਈ ਦਵੈਤੀ ਸਲ, ਸਾਚਾ ਅੰਮ੍ਰਿਤ ਮੇਘ ਬਰਸਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਚਲ ਧਾਮ ਇਕ ਸੁਹਾਏ । ਨਿਹਚਲ ਧਾਮ ਹਰਿ ਅਟੱਲ, ਹਰਿ ਮਹੱਲਿਆ । ਦੀਪਕ ਜੋਤੀ ਰਿਹਾ ਬਲ, ਪਸਰ ਪਸਾਰੇ ਜਲ ਥਲਿਆ । ਵੇਖੇ ਖੇਲ ਕਲਜੁਗ ਕਲ, ਏਕਾ ਏਕ ਸੁਨੇਹੜਾ ਘੱਲਿਆ । ਆਪ ਸੁਹਾਏ ਸਾਚਾ ਤਾਲ, ਵੇਖ ਵਖਾਣੇ ਜੰਗਲ ਜੂਹ ਜਲ ਥਲਿਆ । ਜੋਤੀ ਸ਼ਬਦ ਗੁਰਮੁਖ ਤੇਰੇ ਅੰਦਰ ਗਈ ਰਲ, ਭਾਗ ਲਗਾਏ ਡੂੰਘੀ ਡੱਲਿਆ । ਸਾਚਾ ਦੀਪਕ ਗਿਆ ਬਲ, ਮਿਟੇ ਅੰਧੇਰ ਕਾਇਆ ਖਲਿਆ । ਸਚ ਦਵਾਰਾ ਲੈਣਾ ਮਲ, ਲੋਕਮਾਤੀ ਫੁਲਿਆ ਫਲਿਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਕਲਜੁਗ ਅੰਤਮ ਵੇਖ ਹਰਿ, ਅੰਮ੍ਰਿਤ ਆਤਮ ਜਾਮ ਪਿਆਏ ਏਕਾ ਏਕ ਚੁਲੀਆ । ਅੰਮ੍ਰਿਤ ਜਾਮ ਮਿਟੇ ਜਮਗਰਾਸ । ਮਿਲੇ ਨਾਮ ਪੁਰਖ ਅਬਿਨਾਸ਼ । ਪੱਲੇ ਨਾਮ ਸ਼ਬਦ ਸਵਾਸ । ਪੂਰਨ ਕਾਮ ਕਾਇਆ ਰਾਸ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੰਚ ਵਿਚੋਲਾ ਸਦ ਵਸੇ ਪਾਸ । ਪੰਜ ਵਿਚੋਲਾ ਸ਼ਬਦ ਪੰਚ ਜਣਾਈਆ । ਪੰਚਾਂ ਹੋਇਆ ਆਪ ਗੋਲਾ, ਪੰਚਾਂ ਵਿਚ ਸਮਾਈਆ । ਪੰਚਮ ਸੁਣਾਏ ਸਾਚਾ

ਢੋਲਾ, ਨਾਦ ਅਨਾਦਾ ਰਿਹਾ ਸੁਣਾਈਆ । ਪੰਚਾਂ ਦੇਵੇ ਏਕਾ ਬੋਲਾ, ਸੋਹੰ ਸਾਚਾ ਜਾਪ ਜਪਾਈਆ । ਪੰਚਾਂ ਪੜਦਾ ਰਿਹਾ ਖੋਲ੍ਹ, ਨਾਮ ਚੋਲਾ ਚੋਲੀ ਪਾਈਆ । ਪੰਚਾਂ ਆਪ ਉਠਾਇਆ ਡੋਲਾ, ਲੋਆਂ ਪੁਰੀਆਂ ਰਿਹਾ ਫਿਰਾਈਆ । ਪੰਚਾਂ ਸਾਚਾ ਤੋਲ ਤੋਲਾ, ਸਾਚਾ ਕੰਡਾ ਰਿਹਾ ਹਿਲਾਈਆ । ਜੋਤੀ ਜੋਤ ਸਰੂਪ ਹਰਿ, ਪੰਚਮ ਪੰਚਮ ਹੋਏ ਵਿਚੋਲਾ, ਛੱਬੀ ਪੋਹ ਖ਼ੁਸ਼ੀ ਮਨਾਈਆ । ਪੰਚਮ ਵਿਚੋਲ ਜਗਤ ਮੀਤ, ਹਰਿ ਹਰਿ ਆਪ ਨਿਰੰਕਾਰਾ । ਜਗਤ ਚਲਾਏ ਅਚਰਜ ਰੀਤ, ਨਾ ਕੋਈ ਦੀਸੇ ਮੰਦਰ ਗੁਰੂਦਵਾਰਾ । ਮੱਕਾ ਕਾਅਬਾ ਹਾਜਨ ਹਾਜੀ ਇਕ ਵਖਾਏ ਸਚ ਮਸੀਤ, ਜੋਤ ਨਿਰੰਜਣ ਕਰ ਪਸਾਰਾ । ਪਾਰਬ੍ਰਹਮ ਅਬਿਨਾਸ਼ੀ ਅਚੁੱਤ, ਮੇਟ ਮਿਟਾਏ ਧੁੰਦੂਕਾਰਾ । ਗੁਰਮੁਖ ਉਪਜਾਏ ਸਾਚੇ ਸੁੱਤ, ਸ਼ਬਦ ਫੜਾਏ ਹੱਥ ਕਟਾਰਾ । ਬੇਮੁਖਾਂ ਵੱਢੇ ਨੱਕ ਗੁਤ, ਰਾਜ ਰਾਜਾਨਾਂ ਵੇਖੇ ਜਾਏ ਦਵਾਰਾ । ਆਪ ਸੁਹਾਏ ਸਾਚੀ ਰੁੱਤ, ਪਹਿਲੀ ਚੇਤ ਥਿਤ ਵਿਚਾਰਾ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਪਰਗਟ ਹੋਏ ਨਿਹਕਲੰਕ ਨਰਾਇਣ ਨਰ ਅਵਤਾਰਾ । ਪਹਿਲੀ ਚੇਤ ਜਗਾਏ ਰਾਜਾ ਸੰਗਰੂਰ, ਦਰ ਦਏ ਸੁਣਾਉਣੀ । ਮੇਟ ਮਿਟਾਏ ਝੂਠੀ ਧਾਰ, ਸਾਚੀ ਬਣਤ ਬਣਾਉਣੀ । ਹੋਏ ਦਿਆਲ ਹਰਿ ਕਿਰਪਾਲ, ਸੰਮਤ ਵੀਹ ਸੌ ਸੋਲਾਂ, ਸੋਲਾਂ ਕਲਾਂ ਜੋਤ ਜਗਾਉਣੀ । ਕਲਜੁਗ ਤੇਰੀ ਅੰਤਮ ਵਰ, ਵੇਖਣ ਜਾਏ ਦਰ ਦਰਵੇਸ਼ ਕਾਲਾ ਵੇਸ ਵਾਂਗ ਜਗਤ ਹਕੀਰਾਂ ਖੇਲ ਰਚਾਉਣੀ । ਜੋਤੀ ਜੋਤ ਸਰੂਪ ਹਰਿ, ਆਪ ਆਪਣਾ ਭੇਖ ਧਰ, ਕਿਸੇ ਦਿਸ ਨਾ ਆਏ ਗੁਰ ਪੀਰ ਸਾਧ ਸੰਤ ਰਾਜ ਰਾਜਾਨ ਸ਼ਾਹ ਸੁਲਤਾਨ, ਗਊ ਗਰੀਬ ਨਿਮਾਣਿਆਂ ਦੇਵੇ ਮਾਣ ਗੁਣ ਨਿਧਾਨ, ਜਗਤ ਪਖੰਡਾ ਮੇਟ ਮਿਟਾਉਣੀ । ਮਿਟਾਏ ਭੇਖ ਜਗਤ ਦਵਾਰੇ । ਆਪੇ ਲਿਖੇ ਸਤਿਜੁਗ ਤੇਰੀ ਰੇਖ, ਪਰਗਟ ਹੋਏ ਨਰ ਨਿਰੰਕਾਰੇ । ਔਲੀਏ ਪੀਰ ਸ਼ੇਖ਼ ਚਾਰੋਂ ਕੁੰਟ ਰਿਹਾ ਵੇਖ, ਭੇਖਾਧਾਰੀ ਭੇਖ ਅਪਾਰੇ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਲੋਕਮਾਤ ਹਰਿ ਜੋਤ ਧਰ, ਮਾਝੇ ਦੇਸ ਕਰ ਕਰ ਵੇਸ ਸਚ ਸੱਚੇ ਦਰਬਾਰੇ । ਮਾਝੇ ਦੇਸ ਤਖ਼ਤ ਸੁਹਾਏ, ਪਰਗਟ ਹੋਏ ਵਾਲੀ ਦੋ ਜਹਾਨਾ । ਹੱਥੀਂ ਬੰਨ੍ਹਣ ਜਾਏ ਸਾਧਾਂ ਸੰਤਾਂ ਰਾਜ ਰਾਜਾਨਾ ਮੌਲੀ ਗਾਨਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਨਾਰੀ ਚਤੁਰ ਸੁਜਾਨ, ਸੇਵਾ ਕਰੇ ਪੁਰਖ ਸੁਜਾਨ, ਸੁਹਾਗੀ ਕੰਤ ਇਕ ਹੰਢਾਨਾ । ਸਾਜਨ ਮੇਰੇ ਉਠ, ਸੰਤ ਦੁਲਾਰਿਆ । ਸਾਜਣ ਸੁੱਤੜੇ ਉਠ, ਸੁਤ ਪਿਆਰਿਆ । ਸਾਜਣ ਸੁਤੜੇ ਉਠ, ਪ੍ਰਭ ਕਰਨ ਆਇਆ ਏਕਾ ਮੁੱਠ, ਪੰਚ ਪੰਚਾਂ ਇਕ ਬਣਾ ਰਿਹਾ । ਪੁਰਖ ਅਬਿਨਾਸ਼ੀ ਗਿਆ ਤੁੱਠ, ਖੋਲ੍ਹੇ ਦਰ ਸੱਚਾ ਦਰਬਾਰਿਆ । ਜੁਗਾਂ ਜੁਗਾਂ ਦਾ ਵਿਛੜਿਆ ਜੋ ਰਿਹਾ ਰੁੱਠ, ਆਪ ਮਨਾਏ ਕਰ ਕਰ ਕਰ ਪਿਆਰਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੋਹ ਛੱਬੀ ਦਿਵਸ ਵਿਚਾਰਿਆ । ਜਗਤ ਨੀਂਦ ਵਸੰਦੜਾ, ਗੁਰ ਪੂਰਾ ਗਿਆ ਭੁੱਲ । ਪ੍ਰੇਮ ਲਗਾਇਆ ਮਾਇਆ ਧੰਦੜਾ, ਅੰਮ੍ਰਿਤ ਆਤਮ ਗਿਆ ਡੁੱਲ੍ਹ । ਸਚ ਦਵਾਰੇ ਵੱਜਾ ਜਿੰਦੜਾ, ਨਾ ਮਿਲੇ ਵਸਤ ਅਨਮੁਲ । ਦੂਈ ਦਵੈਤੀ ਦਿਸੇ ਕੰਧੜਾ, ਨੌਂ ਦਵਾਰੇ ਰਿਹਾ ਤੁਲ । ਜੋਤੀ ਜੋਤ ਸਰੂਪ ਹਰਿ, ਆਪ ਬਣਾਏ ਆਪਣੀ ਬਿੰਦੜਾ, ਸ਼ਬਦ ਚੜ੍ਹਾਏ ਤਨ ਭੇਟ ਸਾਚੇ ਫੁੱਲ । ਜਗਤ ਵਿਕਾਰੀ ਜਗਤ ਰਸ, ਆਤਮ ਮਧ ਵੈਰਾਨਾ । ਗੁਰਮੁਖ ਸਾਚੇ ਘਰ ਸਾਚੇ ਸਦ, ਹੱਥੀਂ ਬੰਨ੍ਹੇ ਸਾਚਾ ਗਾਨਾ । ਏਕਾ ਦੇਵੇ ਸਾਚੀ ਦਾਦ, ਸੋਹੰ ਨਾਮ ਭਗਤ ਤਰਾਨਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨੌਂ ਨੌਂ ਸੋਇਆ ਆਪ ਜਗਾਨਾ । ਨੌਂ ਨੌਂ ਨਰ ਵਿਚਾਰ । ਪੁਰਖ ਭਤਾਰ ਹਰਿ ਕਰਤਾਰ । ਹਰਿ ਕਰਤਾਰ ਜੋਤ ਅਕਾਰ । ਜੋਤ ਅਕਾਰ ਸ਼ਬਦ ਭੰਡਾਰ । ਸੋਹੰ ਵਰਤਾਰ

ਭਗਤ ਦਵਾਰ । ਹਰਿ ਦਾਤਾਰ ਦੇਵਣਹਾਰ । ਕਲਜੁਗ ਤੇਰੀ ਅੰਤਮ ਵਾਰ । ਗੁਰਮੁਖ ਸਾਚਾ ਸੁਹਾਗਣ ਨਾਰ ਸ਼ਬਦ ਭੰਡਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੰਚਮ ਕਰੇ ਸਚ ਵਿਹਾਰ । ਪੰਚਮ ਧਾਰਾ ਆਪ ਕਰ, ਆਪੇ ਰੱਖਣ ਆਇਆ ਸਤਿ । ਸੀਸ ਦਸਤਾਰਾ ਆਪ ਧਰ, ਬੰਨ੍ਹੇ ਧੀਰਜ ਯਤ । ਜੋਤ ਅਕਾਰਾ ਮਾਤ ਕਰ, ਬੀਜ ਬੀਜੇ ਸਾਚਾ ਸਤਿ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇ ਸਮਝਾਵਣ ਆਇਆ ਮਤ । ਸਾਚੀ ਮਤ ਮਾਤ ਦਵਾਈ । ਸੰਤ ਮਨੀ ਸਿੰਘ ਸੇਵ ਕਮਾਈ । ਸਿੰਘ ਮਨੀ ਤੇਰੀ ਵਡ ਵਡਿਆਈ । ਮਿਲਿਆ ਮੇਲ ਵਡ ਧਨ ਧਨੀ, ਨਾਮ ਖਜਾਨਾ ਹਰਿ ਦਰ ਪਾਈ । ਮਹਿੰਮਾ ਅਗਣਤ ਨਾ ਜਾਏ ਗਣੀ, ਸਤਿਜੁਗ ਸਾਚੇ ਹੋਏ ਰੁਸ਼ਨਾਈ । ਕਲਜੁਗ ਤਾਣੀ ਏਕਾ ਤਣੀ, ਚਾਰੋਂ ਕੁੰਟ ਅੰਧੇਰੀ ਛਾਈ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਬਣਤ ਆਪੇ ਆਪ ਬਣਾਈ । ਨਾਮ ਟਿੱਕਾ ਮਸਤੱਕ ਲਗਾਇਆ । ਗੁਰਮੁਖ ਸਾਚਾ ਸੋਇਆ ਮਾਤ ਆਪ ਉਠਾਇਆ । ਦੁਰਮਤ ਮੈਲ ਪਾਪਾਂ ਧੋਇਆ । ਅਵਰ ਨਾ ਜਾਣੇ ਜੰਤ ਕੋਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਗੁਰ ਆਪੇ ਚੇਲਾ, ਆਪੇ ਹੋਏ ਭਗਤ ਸੁਹੇਲਾ, ਸੰਤ ਮਨੀ ਸਿੰਘ ਤੇਰਾ ਵੇਲਾ ਆਪੇ ਆਪ ਸੁਹਾਇਆ । ਸੰਤ ਮਨੀ ਸਿੰਘ ਮੰਗੀ ਮੰਗ । ਪ੍ਰਭ ਅਬਿਨਾਸ਼ੀ ਜੋਤ ਸਰੂਪੀ ਕਾਇਆ ਕੰਚਨ ਤਨ ਮਨ ਰੰਗ । ਸਾਢੇ ਤਿੰਨ ਸਾਲ ਵਿਛੋੜਾ, ਜੋਤੀ ਸ਼ਬਦੀ ਹੋਏ ਜੋੜਾ, ਚਿੱਟਾ ਅਸਵ ਮਿਲੇ ਘੋੜਾ, ਪੁਰਖ ਅਬਿਨਾਸ਼ੀ ਵਾਗਾਂ ਮੋੜਾ, ਨਾ ਕੋਈ ਜਾਣੇ ਬ੍ਰਾਹਮਣ ਗੌੜਾ, ਹਰਿ ਜਨ ਵੇਦ ਪੁਰਾਨਾਂ ਸਾਰ ਨਾ ਪਾਈਆ । ਜੋਤ ਨਿਰੰਜਣ ਪੁਰਖ ਅਪਾਰਾ, ਸ਼ਬਦ ਸਰੂਪੀ ਸਾਚੀ ਧਾਰਾ, ਜੋਤ ਸਰੂਪੀ ਕਰ ਉਜਿਆਰਾ, ਚਾਰੋਂ ਕੁੰਟ ਦਹਿ ਦਿਸ਼ਾ ਰਿਹਾ ਕਰ ਵਿਚਾਰਾ, ਜੋਤੀ ਜੋਤ ਸਰੂਪ ਹਰਿ, ਸੰਤ ਵਿਛੋੜਾ ਸੰਤ ਵਿਛੋੜਾ ਸੰਤ ਵਿਛੋੜਾ ਆਪ ਆਪਣੀ ਬਣਤ ਬਣਾਈਆ । ਸੰਤ ਵਿਛੋੜਾ ਸਾਢੇ ਤਿੰਨ । ਪ੍ਰਭ ਵਕਤ ਲੰਘਾਏ ਗਿਨ ਗਿਨ । ਲੇਖਾ ਲਾਇਆ ਮਸਤੂਆਣੇ, ਰਾਣੇ ਸੰਗਰੂਰ ਮਾਰੀ ਜੰਜ਼ੀਰ ਹੱਥੀਂ ਚਿੰਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦਿਤਾ ਸ਼ਬਦ ਵਰ, ਇਕ ਮਹੀਨਾ ਠਾਂਡਾ ਸੀਨਾ ਵੇਖੇ ਬੈਠਾ ਲੋਕ ਤਿੰਨ । ਤਨ ਮਨ ਸਦਾ ਰਹੇ ਭੀਨਾ । ਜੂਠਾ ਝੂਠਾ ਲੋਕਮਾਤ ਜੀਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦਿਤਾ ਸ਼ਬਦ ਵਰ, ਦਰ ਲੱਗੇ ਭਾਗ ਜਗੇ ਜੋਤ ਚਿਰਾਗ, ਉਨੀ ਕੱਤਕ ਸਾਵਲ ਸੁੰਦਰ ਹੋਏ ਮਹੀਨਾ । ਪ੍ਰਭ ਅਬਿਨਾਸ਼ੀ ਵੇਖਣ ਵੇਖਾ, ਸੰਤ ਮਨੀ ਸਿੰਘ ਧਾਰੇ ਭੇਖਾ, ਜੋਤ ਨਿਰੰਜਣ ਅਲਖ ਅਲੇਖਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਤ ਮਨੀ ਸਿੰਘ ਗਲ ਪਾਇਆ ਸ਼ਬਦ ਸ਼ਿੰਗਾਰ । ਮਿਲਿਆ ਮੇਲ ਪ੍ਰਭ ਮੀਤ ਮੁਰਾਰ । ਪਕੜ ਬਹਾਏ ਦਰ ਦਰਬਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਬਣੇ ਲੇਖ ਲਿਖਾਰ । ਭਗਤਨ ਲਿਖਿਆ ਆਪ ਲੇਖਾ, ਨੇਤਰ ਕਿਸੇ ਦਿਸ ਨਾ ਆਇਆ । ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਪਹਿਲੀ ਚੇਤ ਜਾਏ ਸੁਣਾਇਆ । ਭਾਗ ਲੱਗੇ ਕਾਇਆ ਖੇਤ, ਸੰਤ ਮਨੀ ਸਿੰਘ ਵਡ ਵਡਿਆਇਆ । ਸਾਚੀ ਸੇਵਾ ਪੁਰਖ ਅਬਿਨਾਸ਼ੀ ਆਪ ਲਗਾਇਆ । ਸੋਈ ਸੋਈ ਸੋਈ ਸੁਰਤੀ ਮਾਤ ਜਾਗੀ, ਅਕਾਲ ਮੂਰਤ ਜੋਤ ਜਗੀ, ਸਾਚਾ ਨਾਦ ਨਾਦ ਅਨਾਦਾ ਆਪਣੀ ਧੁਨ ਰਿਹਾ ਉਪਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਤਮ ਲੇਖਾ ਘਰ ਘਰ ਵੇਖਾ ਜਗਤ ਵਿਛੋੜਾ ਦੋਏ ਜੋੜਾ ਭਰਮ ਭੁਲੇਖ ਡਾਹਢਾ ਪਾਇਆ । ਭਰਮ ਭੁਲੇਖਾ ਭਰਮੇ ਭੁੱਲ । ਭਾਗ ਲਗਾਏ ਕਲ ਸਾਚੀ ਕੁਲ । ਸੰਮਤ ਸੋਲਾਂ ਪਏ ਮੁਲ ।

ਲੱਖ ਚੁਰਾਸੀ ਚਾਰੋਂ ਕੁੰਟ ਜਾਏ ਰੁਲ । ਸੰਤ ਮਨੀ ਸਿੰਘ ਤੇਰੀ ਸਚ ਫੁਲਵਾੜੀ, ਮਾਤਲੋਕ ਵਿਚ ਜਾਏ ਫੁੱਲ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੀ ਰੱਖੇ ਲਾਜ ਸਾਜਨ ਸਾਚਾ ਸਾਜ, ਚਰਨ ਛੁਹਾਏ ਮਸਤਕ ਟਿਕਾ ਸਾਚੀ ਦਾਹੜੀ । ਸੰਮਤ ਸੋਲਾਂ ਸੋਲਾਂ ਕਲ ਧਾਰੇ । ਰਾਜੇ ਰਾਣੇ ਕਰੇ ਖਵਾਰੇ । ਮਸਤੂਆਣੇ ਖੇਲ ਅਪਾਰੇ । ਸੰਤ ਮਨੀ ਸਿੰਘ ਲੇਖ ਲਿਖਾਰੇ । ਵੇਖੇ ਵੇਖ ਨੇਤਰ ਲੋਚਨ ਨੈਣਾ ਲੈਣਾ ਵੇਖ, ਵਰਤੇ ਰੰਗ ਰੰਗ ਸੰਗ ਸੱਚੀ ਸਰਕਾਰੇ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਆਪੇ ਜਾਣੇ ਆਪਣੀ ਕਾਰੇ । ਆਪੇ ਜਾਣੀ ਜਾਣ, ਜਗਤ ਜਣਾਈਆ । ਨਾ ਕੋਈ ਜਾਣੇ ਜੀਵ ਨਿਧਾਨ, ਜੋਤ ਨਿਰੰਕਾਰੀ ਖੇਲ ਰਚਾਈਆ । ਸ਼ਬਦ ਘੋੜਾ ਇਕ ਬਲਵਾਨ, ਜੋਤੀ ਜੋੜਾ ਸ਼ਬਦ ਧਾਰੀ ਰਿਹਾ ਵਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਤ ਜੇਲ੍ਹ ਜਗਤ ਵਿਛੋੜਾ ਮੇਲ, ਆਪਣੀ ਖੇਲ ਆਪੇ ਆਪ ਬਣਾਈਆ । ਸਾਕੀ ਸਾਖਤ ਸਾਖਿਆਤ, ਸਰਬ ਕਲ ਭਰਪੂਰੇ । ਗੁਰਮੁਖ ਸਾਚਾ ਪਾਰਜ਼ਾਤ, ਕਲ ਆਸਾ ਮਨਸਾ ਪੂਰੇ । ਗੁਰ ਪੰਚਮ ਦਿਤੀ ਸ਼ਬਦ ਦਾਤ, ਪੰਚਮ ਸ਼ਬਦ ਸਦਾ ਹਜ਼ੂਰੇ । ਦਿਵਸ ਰੈਣ ਪੁੱਛੇ ਵਾਤ, ਸਾਕ ਸੱਜਣ ਹਾਜ਼ਰ ਹਜ਼ੂਰੇ । ਵੇਖੇ ਪਰਖੇ ਇਕ ਇਕਾਂਤ, ਹਰਿ ਸੰਤ ਨਾ ਜਾਨਣ ਦੂਰਨ ਦੂਰੇ । ਚਰਨ ਪ੍ਰੀਤੀ ਸਾਚਾ ਨਾਤ, ਜੋਤੀ ਨੂਰ ਕੋਹ ਕੋਹਤੂਰੇ । ਦਰਸ ਦਿਖਾਏ ਬਹੁ ਬਹੁ ਭਾਂਤ, ਆਤਮ ਬਖ਼ਸ਼ੇ ਨਾਮ ਸਰੂਰੇ । ਲੇਖਾ ਲਿਖੇ ਨੌਂ ਨੌਂ ਸਾਤ, ਨਵ ਸਤ ਕਾਰਜ ਪੂਰੇ । ਉਤਮ ਗੁਰਮੁਖ ਤੇਰੀ ਜ਼ਾਤ, ਜ਼ਾਤ ਪਾਤੀ ਹੋਈ ਚੂਰੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਵੇਖੇ ਆਤਮ ਦਰ, ਕਵਣ ਸੁ ਵੇਲਾ ਹੋਏ ਪਰਭਾਤ । ਪਰਭਾਤੀ ਪਰਭਾਤ ਭਰਮ ਗਵਾਇਆ । ਏਕਾ ਮਿਲਿਆ ਸ਼ਬਦ ਜਮਾਤੀ, ਸਾਚਾ ਸ਼ਬਦ ਪੜ੍ਹਾਇਆ । ਧੁਰ ਦਰਗਾਹੀ ਦਿਤੀ ਸਾਚੀ ਦਾਤੀ, ਚੌਦਾਂ ਤਬਕਾਂ ਵਿਚ ਸਮਾਇਆ । ਅੰਦਰ ਮੰਦਰ ਮਾਰੇ ਝਾਕੀ, ਮਾੜੀ ਮੰਡਪ ਦਿਸ ਨਾ ਆਇਆ । ਆਪ ਚੁਕਾਏ ਪਿੱਛਲੀ ਬਾਕੀ, ਬੰਦ ਤਾਕੀ ਖੋਲ੍ਹ ਵਖਾਇਆ । ਸ਼ਬਦ ਚੜ੍ਹਾਏ ਸਾਚੇ ਰਾਕੀ, ਸਾਚਾ ਢੋਲਾ ਰਿਹਾ ਸੁਣਾਇਆ । ਨਾ ਕੋਈ ਜਾਣੇ ਬੰਦਾ ਖ਼ਾਕੀ, ਚਰਨ ਗੋਲਾ ਇਕ ਸੁਹਾਇਆ । ਪੰਜ ਚੋਰ ਨਾ ਦਿਸੇ ਕੋਇ ਆਕੀ, ਸੋਹੰ ਗੋਲਾ ਏਕਾ ਲਾਇਆ । ਜੋਤੀ ਜੋਤ ਸਰੂਪ ਹਰਿ, ਆਤਮ ਵੇਖੇ ਸਚ ਦਰ, ਪੜਦਾ ਉਹਲਾ ਭੇਵ ਨਾ ਰਾਇਆ । ਕਾਇਆ ਮੰਦਰ ਕੋਟ ਗੜ੍ਹ, ਉਚਾ ਮੰਦਰ ਟਿਲਿਆ । ਆਪੇ ਵੇਖੇ ਅੰਦਰ ਵੜ, ਨਾ ਕੋਈ ਕਰੇ ਕਰਾਏ ਸਿਲਿਆ । ਦਰ ਦਵਾਰੇ ਅੰਦਰ ਵੜ, ਸਾਚਾ ਮੇਲ ਮਿਲਾਏ ਆਪੇ ਮਿਲਿਆ । ਸ਼ਬਦ ਸਰੂਪੀ ਬਾਹੋਂ ਫੜ, ਨਾਮ ਸਰੂਪੀ ਲਾਏ ਮਸਤਕ ਕਿਲਿਆ । ਨੌਂ ਦਵਾਰੇ ਉਖੜੇ ਜੜ, ਦਸਮ ਦਵਾਰੀ ਬੂਹਾ ਖੁਲ੍ਹਿਆ । ਸਾਚੇ ਘਾੜਨ ਰਿਹਾ ਘੜ, ਗੁਰਮੁਖ ਵਿਰਲਾ ਪੂਰੇ ਤੋਲ ਤੁਲਿਆ । ਜਗਤ ਤ੍ਰਿਸ਼ਨਾ ਜਾਏ ਸੜ, ਅਮੋਲ ਅਮੋਲਾ ਮਾਣਕ ਮੋਤੀ ਰੁੱਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਤਮ ਵੇਖੇ ਸ਼ਬਦ ਵਰ, ਕਵਣ ਵਜਾਏ ਢੋਲ ਢੋਲਿਆ । ਵੱਜੇ ਢੋਲ ਮਰਦੰਗ ਨਾਦ ਅਨਾਦਿਆ । ਸਚ ਦਵਾਰੇ ਕਵਣ ਸੰਗ, ਕਵਣ ਦੇਵੇ ਸਾਚੀ ਦਾਦਿਆ । ਸਚ ਦਵਾਰਾ ਏਕਾ ਮੰਗ, ਮਿਲਿਆ ਮੇਲ ਬੋਧ ਅਗਾਧਿਆ । ਸੁਰਤੀ ਚੜ੍ਹੀ ਅਕਾਸ਼ ਪਤੰਗ, ਸ਼ਬਦ ਡੋਰੀ ਸਾਚੀ ਬਾਧਿਆ । ਵਹਿੰਦਾ ਵਹਿਣ ਗਈ ਲੰਘ, ਤਨ ਮਨ ਆਪਣਾ ਆਪੇ ਸੋਧਿਆ । ਰਾਹ ਭੀੜਾ ਦਿਸੇ ਤੰਗ, ਆਪ ਕਰਾਏ ਸਾਚਾ ਜੋਧਨ ਜੋਧਿਆ । ਸ਼ਬਦ ਘੋੜੇ ਕਸੇ ਤੰਗ, ਅੱਗੇ ਹੋ ਵਜਾਏ ਮਰਦੰਗ, ਸੁਰਤੀ ਫੜੇ ਉਪਰ ਬੋਧਿਆ । ਆਪ ਲਪੇਟੇ ਆਪਣੇ ਰੰਗ, । ਨਾੜੀ

੪੬੦

੦੫

ਸੁਖਮਨ ਜਾਏ ਲੰਘ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਵੇਖੇ ਆਤਮ ਦਰ, ਮਨ ਪੰਛੀ ਜਿਸ ਜਨ ਸੋਧਿਆ । ਮਨ ਚੰਚਲ ਚਾਤ੍ਰਿਕ ਦਿਵਸ ਰੈਣ, ਰੈਣ ਦਿਵਸ ਰਹੇ ਪਿਆਸਾ । ਗੁਰ ਪੂਰਾ ਸਾਂਤਕ ਦਰਸ ਨੇਤਰ ਨੈਣ, ਵੇਖੇ ਆਪ ਤਮਾਸ਼ਾ । ਜਗਤ ਭਗਤ ਚੁਕਾਏ ਲਹਿਣ ਦੇਣ, ਕਾਇਆ ਵੇਖੇ ਭਾਂਡਾ ਸਾਚਾ ਕਾਸਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਵੇਖੇ ਆਤਮ ਦਰ, ਖੇਲੇ ਖੇਲ ਸ਼ਬਦ ਤਮਾਸ਼ਾ । ਸ਼ਬਦ ਤਮਾਸ਼ੇ ਖੇਲ ਆਪ ਰਚਾਈਆ । ਆਪੇ ਸੁਰਤੀ ਆਪੇ ਮੇਲ, ਅਕਾਲ ਮੂਰਤੀ ਰੰਗ ਵਟਾਈਆ । ਆਪ ਚੜ੍ਹਾਏ ਜੋਤ ਨਿਰੰਜਣ ਸਾਚਾ ਤੇਲ, ਸੁਰਤ ਸਵਾਣੀ ਲਏ ਪਰਨਾਈਆ । ਆਪੇ ਪਾਏ ਸਾਚੀ ਵੇਲ, ਗੀਤ ਸੁਹਾਗਾ ਏਕਾ ਗਾਈਆ । ਸ਼ਬਦ ਵਿਚੋਲਾ ਖੇਲੇ ਖੇਲ, ਦੋਹਾਂ ਧਿਰਾਂ ਰਿਹਾ ਸੁਣਾਈਆ । ਮਾਨਸ ਦੇਹੀ ਅੰਤਮ ਵੇਲ, ਗੁਰਮੁਖ ਵੇਲਾ ਵਕਤ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਆਤਮ ਵੇਖ ਹਰਿ, ਸ਼ਬਦ ਹਲੂਣਾ ਇਕ ਲਗਾਈਆ । ਇਕ ਹਲੂਣਾ ਸ਼ਬਦ ਲਗਾਏ, ਵੇਖੇ ਪੱਤ ਪੱਤ ਡਾਲ । ਗੁਰਸਿਖ ਗੁਰਸਿਖ ਸੰਤ ਹਰਿ ਭਗਵੰਤ ਭਗਤ ਜੋਤ ਸਰੂਪੀ ਦੂਲੋ ਦੂਲ, ਦੀਪਕ ਜੋਤੀ ਮਸਤਕ ਬਾਲ, ਮਨਮੁਖ ਮਾਇਆ ਮਤਾ ਆਤਮ ਤੱਤਾ ਰਹੇ ਊਨਾ, ਦਿਵਸ ਰੈਣ ਮਨ ਤਨ ਕੰਗਾਲ । ਗੁਰਮੁਖਾਂ ਮਿਲਿਆ ਸ਼ਬਦ ਭੱਤਾ, ਆਪ ਆਪਣਾ ਰਿਹਾ ਪਾਲ । ਅੰਮ੍ਰਿਤ ਆਤਮ ਚੇਤਨ ਸਤਾ, ਚਾਤ੍ਰਿਕ ਸਾਚੇ ਰਿਹਾ ਪਿਆਲ । ਆਪੇ ਆਪ ਸਮਝਾਵੇ ਦੇ ਦੇ ਮੱਤਾਂ, ਦੀਨ ਦਿਆਲਾ ਬਾਗ਼ ਦਿਆਲ । ਜੋਤੀ ਨੂਰ ਏਕਾ ਰਤਾ, ਰਤੀ ਰਤ ਦੇਵੇ ਡਾਲ । ਭਾਗ ਲਗਾਇਆ ਜੈਮਲ ਯਤਾ, ਯਤੀ ਸਤੀ ਸ਼ਬਦ ਪ੍ਰਿਤਪਾਲ । ਧੁਰ ਦਰਗਾਹੀ ਮਿਲਿਆ ਪਤਾ, ਨੌਂ ਦਵਾਰੇ ਹੋਏ ਖਾਲ । ਸੇਵ ਕਮਾਈ ਸਾਂਤਕ ਸਤਾ, ਸਤਿ ਪੁਰਖ ਨਿਰੰਜਣ ਹੋਇਆ ਦਿਆਲ । ਬੀਜ ਬੀਜੇ ਸਾਚੇ ਵਤਾ, ਪਰਮ ਪੁਰਖ ਬਣਾਇਆ ਸਾਚਾ ਲਾਲ । ਆਪ ਸੁਣਾਈ ਆਪਣੀ ਗਾਥਾ, ਫ਼ਲ ਲਗਾਇਆ ਕਾਇਆ ਡਾਲ । ਸਰਬ ਕਲਾ ਦਿਸੇ ਸਮਰਥਾ, ਕਰੇ ਕਰਾਏ ਸਦਾ ਪ੍ਰਿਤਪਾਲ । ਸਗਲ ਵਸੂਰਾ ਤਨ ਮਨ ਲਥਾ, ਨਾਤਾ ਤੁਟੇ ਜਗਤ ਜੰਜ਼ਾਲ । ਧੁਰ ਦਰਗਾਹੀ ਸਾਚੀ ਮਿੱਲੀ ਵੱਥਾ, ਬਣਿਆ ਸ਼ਾਹ ਜਗਤ ਕੰਗਾਲ । ਆਪੇ ਗਾਏ ਰਸਨਾ ਕਥਾ, ਕਥ ਕਥ ਕਥਨੀ ਹੋਏ ਖ਼ੁਸ਼ਹਾਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਵਜਾਏ ਸਾਚਾ ਤਾਲ । ਸ਼ਬਦ ਵਜਾਇਆ ਸਾਚਾ ਤਾਲ, ਤਨ ਮਨ ਵੱਜੀ ਵਧਾਈਆ । ਫ਼ਲ ਲਗਾਏ ਕਾਇਆ ਡਾਲ, ਜੋਤੀ ਨੂਰ ਕਰੇ ਰੁਸ਼ਨਾਈਆ । ਸ਼ਬਦ ਵਿਚੋਲਾ ਭਗਤ ਦਲਾਲ, ਸਾਚੀ ਸੇਵਾ ਰਿਹਾ ਕਮਾਈਆ । ਪੁਰਖ ਨਿਰੰਜਣ ਆਪੇ ਭਾਲ, ਜੋਤ ਨਿਰੰਜਣ ਵਿਚ ਟਿਕਾਈਆ । ਜੋਤ ਨਿਰੰਜਣ ਬੇਮਿਸਾਲ, ਦਿਵਸ ਰੈਣ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੁਰਤੀ ਸ਼ਬਦੀ ਮੇਲ ਮਿਲਾਈਆ । ਸੁਰਤ ਸ਼ਬਦ ਗਿਆਨ, ਤੱਤ ਮਤ ਬੁਧ ਦਿਵਾਨਾ । ਏਕੰਕਾਰਾ ਏਕਾ ਪਤ, ਚਤਰਭੁਜ ਸ੍ਰੀ ਭਗਵਾਨਾ । ਬਹੱਤਰ ਨਾੜੀ ਨਾ ਕੋਈ ਦਿਸੇ ਹੱਡ ਮਾਸ ਨਾੜੀ ਰਤ, ਏਕਾ ਅੰਗ ਅੰਗ ਅੰਗ ਸ਼ਾਹ ਸੁਲਤਾਨਾ । ਸ਼ਬਦ ਕਰਾਇਆ ਸਾਚਾ ਜਪ, ਧਰਮ ਬੰਧਾਇਆ ਹੱਥੀਂ ਬੰਨ੍ਹੇ ਗਾਨਾ । ਜੋਤੀ ਜੋਤ ਸਰੂਪ ਹਰਿ, ਆਪੇ ਜੋਤੀ ਆਪਣਾ ਆਪ, ਆਪੇ ਮਾਨਸ ਦੇਹੀ ਪਛਾਨਾ । ਆਪ ਆਪਣਾ ਮਾਨਸ ਦੇਹ । ਜੋਤ ਨਿਰੰਜਣ ਲਾਗੇ ਨੇਂਹ । ਅੰਮ੍ਰਿਤ ਆਤਮ ਬਰਖੇ ਮੇਂਹ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਆਤਮ ਵੇਖ ਘਰ, ਹਰਿ ਘਰ ਵਸੇਰਾ ਏਕਾ ਰਹੇ । ਮਨ ਆਈ ਪ੍ਰੀਤ, ਤਨ ਮਨ ਜਿਤਿਆ । ਕਾਇਆ ਸੀਤਲ ਸੀਤ, ਪੁਰਖ ਅਬਿਨਾਸ਼ੀ

ਸਾਚਾ ਮਿਤਿਆ । ਮਿਲਿਆ ਮੇਲ ਸਾਚੇ ਮੀਤ, ਝੇੜਾ ਚੁੱਕੇ ਨਿੱਤ ਨਵਿਤਿਆ । ਏਕਾ ਸੁਣਿਆ ਸਾਚਾ ਗੀਤ, ਲੇਖੇ ਲਗੀ ਵਾਰ ਥਿਤਿਆ । ਸੰਤ ਸੁਹੇਲੇ ਸਚ ਪ੍ਰੀਤ, ਆਪ ਕਰਾਇਆ ਆਪਣਾ ਹਿਤਿਆ । ਆਪੇ ਪਰਖੀ ਅੰਦਰ ਮੰਦਰ ਮਸੀਤ, ਆਪੇ ਜਾਣੇ ਆਪਣੀ ਵਿਥਿਆ । ਆਪ ਬੰਧਾਈ ਚਰਨ ਪ੍ਰੀਤ, ਤਨ ਮਨ ਕਾਇਆ ਸੀਤਲ ਧਾਰਾ ਅੰਮ੍ਰਿਤ ਸਾਚਾ ਸਿੰਚਿਆ । ਜੋਤੀ ਜੋਤ ਸਰੂਪ ਹਰਿ, ਆਤਮ ਅੰਦਰ ਵੇਖ ਵੇਖ, ਦਰ ਵੇਖ ਵਖਾਣੇ ਉਚ ਨੀਚ ਨੀਕਨ ਨੀਕਿਆ । ਤਨ ਮੰਦਰ ਵੇਖ ਅਪਾਰ, ਖ਼ੁਸ਼ੀ ਮਨਾਈਆ । ਸ਼ਬਦੀ ਤੋੜੇ ਸਾਚਾ ਜੰਦਰ, ਸੁਰਤ ਸਵਾਣੀ ਤਨ ਸ਼ਿੰਗਾਰ ਕਰਾਈਆ । ਆਪੇ ਵਸੇ ਸਾਚੇ ਅੰਦਰ, ਹਾਣੀਆ ਹਾਣੀ ਮੇਲ ਮਿਲਾਈਆ । ਹੋਏ ਮਿਲਾਵਾ ਡੂੰਘੀ ਕੰਦਰ, ਹੱਡ ਮਾਸ ਨਾੜੀ ਬੰਦ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਮੰਤਰ ਅੰਦਰ ਬਣੇ ਬਣਤਰ, ਸਾਚੀ ਬਣਤ ਮਾਤ ਬਣਾਈਆ । ਮਾਤ ਬਣਾਈ ਬਣਤ, ਗੁਰੂ ਗੁਰ ਜਾਗਿਆ । ਗੁਰ ਗੁਰੂ ਬਣਾਇਆ ਸੰਤ, ਵਡ ਵਡਭਾਗਿਆ । ਸੰਤ ਸਾਂਤਕ ਮਹਿੰਮਾ ਅਗਣਤ, ਸੁਣੇ ਸੁਣਾਵੇ ਅਨਹਦ ਰਾਗਿਆ । ਪਾਰ ਕਰਾਏ ਹਰਿ ਭਗਵੰਤ, ਸੰਤ ਵਿਚੋਲਾ ਪਾਵੇ ਆਗਿਆ । ਬੈਠਾ ਵੇਖੇ ਇਕ ਇਕੰਤ, ਪੁਰਖ ਅਬਿਨਾਸ਼ੀ ਸ਼ਬਦ ਸੁਹਾਗਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿ ਪੁਰਖ ਨਿਰੰਜਣ ਨੇਤਰ ਪਾਏ ਸਾਚਾ ਅੰਜਨ, ਬੁੱਝੇ ਜਗਤ ਤ੍ਰਿਸ਼ਨਾ ਆਗਿਆ । ਜਗਤ ਤ੍ਰਿਸ਼ਨਾ ਦੂਰ, ਆਤਮ ਦਰ ਰੋਗ ਨਿਵਾਰਿਆ । ਮਿਲਿਆ ਮੇਲ ਗੁਰ ਪੂਰੇ ਸੂਰੇ ਸੂਰ, ਸ਼ਬਦ ਚੋਗ ਇਕ ਚੁਗਾ ਰਿਹਾ । ਨੌਂ ਦਰ ਦਿਸੇ ਦੂਰਨ ਦੂਰ, ਨੇਰਨ ਨੇਰ ਆਪ ਵਖਾ ਰਿਹਾ । ਜੋਤ ਸਰੂਪੀ ਪੂਰਨ ਪੂਰ, ਮਨ ਅੰਦਰ ਮੰਦਰ ਆਪ ਸਵਾਰਿਆ । ਸਰਬ ਕਲਾ ਆਪੇ ਭਰਪੂਰ, ਪਰਗਟ ਹੋਏ ਦਰਸ ਦਿਖਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਤਮ ਜੋਤੀ ਨੂਰ ਧਰ, ਸ਼ਬਦ ਗੋਲੀ ਇਕ ਬਣਾ ਰਿਹਾ । ਸ਼ਬਦ ਗੋਲੀ ਪ੍ਰਭ ਮਾਤ ਵਡਾਈ, ਗੁਰ ਪੂਰੇ ਸ਼ਬਦ ਜਣਾਈਆ । ਦਰ ਘਰ ਸਾਚੇ ਵੱਜੀ ਵਧਾਈ, ਸੁਣਿਆ ਰਾਗ ਅਨਾਦੀ ਨਾਦ ਨਾ ਕੋਇ ਗਾਈਆ । ਮਿਲਿਆ ਮੇਲ ਬੇਪਰਵਾਹੀ, ਸਾਚੀ ਜਾਗ ਏਕਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੇ ਹੱਥ ਪਕੜੇ ਵਾਗ, ਜਗਤ ਭਗਤ ਭਗਤ ਜਗਤ ਰਥਵਾਹੀਆ । ਰਥ ਰਥਵਾਹੀ ਇਕ ਇਕ ਅਖਵਾਇਆ । ਬੇਪਰਵਾਹੀ ਤੇਰੀ ਸਾਚੀ ਸਿਕ, ਅੰਕ ਅੰਕ ਰਖਦਾ ਆਇਆ । ਆਪੇ ਰਹੇ ਸਦਾ ਬਿਬੇਕ, ਬਿਬੇਕੀ ਬਾਣਾ ਭੇਵ ਨਾ ਰਾਇਆ । ਭਗਤ ਭਗਵੰਤ ਸੰਤ ਏਕਾ ਟੇਕ, ਏਕਾ ਅੰਕ ਸਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਤਨ ਸ਼ਿੰਗਾਰਾ ਕਰ ਵਿਹਾਰਾ, ਸਾਚੀ ਸੂਰਤ ਅਕਾਲ ਮੂਰਤ ਏਕਾ ਏਕ ਕਰਾਇਆ । ਮਿਲੀ ਵਸਤ ਵਸਤ ਅਪਾਰ, ਮਨ ਅੰਦਰ ਭਰਿਆ ਤਨ ਖ਼ਜ਼ੀਨਾ । ਭਰਿਆ ਰਹੇ ਸ਼ਬਦ ਭੰਡਾਰ, ਦਰ ਘਰ ਸਾਚੇ ਰਹੇ ਭੀਨਾ । ਜਗਤ ਕਰਾਏ ਵਣਜ ਵਾਪਾਰ, ਸਤਿਗੁਰ ਸਾਚਾ ਸ਼ਬਦ ਨਗੀਨਾ । ਫੜ ਫੜ ਬਾਹੋਂ ਰਿਹਾ ਤਾਰ, ਨਾ ਕੋਈ ਜਾਣੇ ਮੁਹੰਮਦੀ ਦੀਨਾ । ਉਚਾਂ ਨੀਚਾਂ ਭੇਵ ਨਿਵਾਰ, ਠਾਂਡਾ ਕਰੇ ਦਰ ਆਇਆ ਸੀਨਾ । ਭਰਮੇ ਭੁੱਲੇ ਜੀਵ ਗਵਾਰ, ਜੀਵ ਨਾ ਜਾਣੇ ਤੀਨੋ ਤੀਨਾ । ਤ੍ਰੈਗੁਣ ਮਾਇਆ ਜਗਤ ਪਸਾਰ, ਆਪੇ ਹੋਏ ਪ੍ਰਭ ਅਧੀਨਾ । ਪ੍ਰਭ ਅਧੀਨਾ ਭਗਤ ਦਵਾਰ, ਨਾ ਕੋਈ ਜਾਣੇ ਜੀਵ ਨਾਬੀਨਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਤਮ ਵੇਖੇ ਸਚ ਦਰ, ਸ਼ਬਦ ਭੰਡਾਰੀ ਸਰਬ ਪਰਬੀਨਾ । ਸ਼ਬਦ ਭੰਡਾਰਾ ਖੋਲ੍ਹ, ਗੁਪਤ ਜਣਾਇਆ । ਪੰਚਮ ਅੱਖਰ ਏਕਾ ਬੋਲ, ਬਣਤ ਬਣਾਈਆ । ਆਪੇ ਵਸੇ ਸਦਾ ਕੋਲ, ਸਤਿਗੁਰ

ਸਾਚਾ ਸਾਚੇ ਸੰਤ ਰਿਹਾ ਉਪਜਾਈਆ । ਕਾਇਆ ਗਗਰੀ ਲੈਣੀ ਫੋਲ, ਗੁਣਵੰਤਾ ਗੁਣੀ ਗੁਣ ਨਿਧਾਨ, ਕਿਸ ਦਰ ਬੈਠਾ ਮੁਖ ਛੁਪਾਈਆ । ਤਨ ਮਨ ਮਨ ਤਨ ਲੈਣਾ ਤੋਲ, ਸ਼ਬਦ ਸਰੂਪੀ ਬੈਠ ਅਡੋਲ, ਕਵਣ ਰਾਗ ਕੰਨ ਸੁਣਾਈਆ । ਦਿਵਸ ਰੈਣ ਕਰੇ ਚੋਹਲ, ਸਾਵਣ ਸਾਵਣ ਸਾਵਣ ਰਸਨਾ ਰਹੀ ਬੋਲ, ਅੰਮ੍ਰਿਤ ਮੇਘ ਰਿਹਾ ਬਰਸਾਈਆ । ਆਪੇ ਹੋਏ ਪਤਤ ਪਾਵਨ, ਦੁਸ਼ਟ ਸੰਘਾਰੇ ਜਿਉਂ ਰਾਮਾ ਰਾਵਣ, ਹਰਿ ਘਟ ਘਟ ਮੇਂ ਨਜ਼ਰੀ ਆਈਆ । ਨੇੜ ਨਾ ਆਏ ਕਾਮਨੀ ਕਾਮਨ, ਮਿਟੇ ਅੰਧੇਰੀ ਸ਼ਾਮਨੀ ਸ਼ਾਮਨ, ਸੰਞ ਸਵੇਰ ਇਕ ਕਰਾਈਆ । ਆਪ ਫੜਾਏ ਆਪਣਾ ਦਾਮਨ, ਚੰਡ ਪਰਚੰਡ ਨਾ ਹੋਰ ਕੋਈ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚ ਦਵਾਰੇ ਕੀਨੀ ਵੰਡ, ਸੰਤ ਸੁਹੇਲਾ ਸਦਾ ਸੁਹਾਗੀ ਨਾ ਹੋਏ ਰੰਡ, ਪਲੇ ਬੰਨ੍ਹੇ ਨਾਮ ਗੰਢ, ਅੱਠੇ ਪਹਿਰ ਰਹੇ ਠੰਡ, ਸੁਰਤ ਸ਼ਬਦ ਚੜ੍ਹੇ ਘੋੜ, ਦਿਵਸ ਰੈਣ ਰਿਹਾ ਦੌੜ ਧੁਰ ਦਰਗਾਹੀ ਏਕਾ ਪੌੜ, ਸਚ ਮਹੱਲਾ ਸ਼ਬਦ ਅਟਾਰੀ, ਜੋਤ ਨਿਰੰਜਣ ਨਰ ਨਿਰੰਕਾਰੀ, ਚਾਰੋਂ ਕੁੰਟ ਕਰਮ ਦਵਾਰੀ, ਭਰਮ ਕਰੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਸੰਤ ਭਗਵੰਤ ਭਗਵਾਨ ਦੇ ਜੀਆ ਦਾਨ ਏਕਾ ਰੰਗ ਰੰਗਾਈਆ । ਗੁਰਮੁਖਾਂ ਦਾਸੀ ਦਾਸ ਦਾਸਨ ਦਾਸ ਆਪ ਅਖਵਾਇੰਦਾ । ਜਿਸ ਜਨ ਤਜਾਇਆ ਮਦਿਰਾ ਮਾਸ, ਸ਼ਬਦ ਸਵਾਸੀ ਜਾਪ ਆਪ ਜਪਾਇੰਦਾ । ਲੇਖੇ ਲਾਏ ਕਾਇਆ ਹੱਡ ਮਾਸ, ਘਨਕਪੁਰ ਵਾਸੀ ਜੋਤ ਜਗਾਇੰਦਾ । ਲੱਖ ਚੁਰਾਸੀ ਕੀਨੀ ਨਾਸ, ਪਾਤਾਲ ਆਕਾਸ਼ ਦਇਆ ਕਮਾਇੰਦਾ । ਗੇੜ ਕਟਾਇਆ ਗਰਭ ਮਾਤ ਮੰਡਲ ਰਾਸ, ਕਾਇਆ ਆਪ ਬਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਗੁਰ ਸੰਗਤ ਸਾਚੀ ਰਿਹਾ ਵਰ, ਸਾਚਾ ਪੱਲਾ ਕਰ ਕਰ ਹੱਲਾ ਆਪਣਾ ਨਾਮ ਫੜਾਇੰਦਾ । ਪੱਲਾ ਨਾਮ ਫੜਾਏ, ਗੁਰ ਗੁਰ ਲਿਖਿਆ । ਸਾਚੇ ਮਾਰਗ ਰਿਹਾ ਲਗਾਏ, ਦਰ ਦਵਾਰੇ ਦੇਵੇ ਸਾਚੀ ਭਿਖਿਆ । ਸਾਰੰਗ ਧਰ ਭਗਵਾਨ ਬੀਠਲਾ ਆਪ ਅਖਵਾਏ, ਸ੍ਰਿਸ਼ਟ ਸਬਾਈ ਦਿਸੇ ਮਿਥਿਆ । ਗੁਰਮੁਖ ਵਿਰਲੇ ਨੇਤਰ ਡੀਠਲਾ ਮਾਇਆ ਮਮਤਾ ਤ੍ਰਿਸ਼ਨਾ ਜਗਤ ਜਲਾਏ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਸੰਗਤ ਦੇਵੇ ਸ਼ਬਦ ਵਰ, ਆਪ ਆਪਣਾ ਭੇਵ ਘਰ ਸਾਚੇ ਰਿਹਾ ਸੁਣਾਏ । ਭੇਵ ਰਖਾਇਆ ਸਚ ਘਰ, ਆਸਣ ਡੇਰਾ ਲਾਇਆ । ਆਸਣ ਲੱਗੇ ਇਕ ਦਰ, ਦੂਸਰ ਕੋਇ ਦਿਸ ਨਾ ਆਇਆ । ਭਰਮੀ ਭਰਮ ਭਰਮ ਤਨ ਗਏ ਹਰ, ਭਾਂਡਾ ਭਰਮ ਨਾ ਕਿਸੇ ਭੰਨਾਇਆ । ਮਰਨੀ ਮਰਨ ਗਏ ਮਰ, ਮਰਨਾ ਮਾਤ ਨਾ ਕਿਸੇ ਸਿਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖਾਂ ਦੇਵੇ ਸ਼ਬਦ ਵਰ, ਆਪ ਆਪਣਾ ਰੰਗ ਵਟਾਇਆ । ਜੋਤੀ ਆਈ ਸਤਿਸੰਗ, ਸਤਿ ਪੁਰਖ ਨਿਰੰਜਣ ਰਾਤਾ । ਗੁਰਮੁਖਾਂ ਮੰਗੀ ਨਾਮ ਮੰਗ, ਦੇਵਣਹਾਰ ਜਗਤ ਬਿਧਾਤਾ । ਪੁਰੀਆਂ ਲੋਆਂ ਆਇਆ ਲੰਘ, ਸੋਹੰ ਸ਼ਬਦ ਲਿਆਏ ਸਚ ਸੁਗਾਤਾ, ਆਪ ਵਿਛਾਇਆ ਧਰਮ ਪਲੰਘ, ਚਾਰੋਂ ਕੁੰਟ ਚਾਰ ਕਨਾਤਾ । ਚਿੱਟੇ ਅਸਵ ਕਸੇ ਤੰਗ, ਕਰੇ ਖੇਲ ਨੌਂ ਨੌਂ ਸਾਤਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖਾਂ ਦਇਆ ਕਮਾਏ, ਏਕਾ ਏਕ ਸ਼ਬਦ ਪੜ੍ਹਾਏ, ਲੇਖਾ ਤੁੱਟੇ ਜ਼ਾਤਾਂ ਪਾਤਾਂ । ਏਕਾ ਅੱਖਰ ਜਿਸ ਜਨ ਪੜ੍ਹਿਆ, ਸਾਚੀ ਪੌੜੀ ਚੜ੍ਹਿਆ ਏ । ਜੋਤ ਸਰੂਪੀ ਅੰਦਰ ਵੜਿਆ, ਸਾਚਾ ਘਾੜਨ ਘੜਿਆ ਏ । ਸ਼ਾਹੋ ਭੂਪੀ ਕਿਸੇ ਨਾ ਫੜਿਆ, ਚੋਰ ਵਿਕਾਰਾ ਬਾਹਰ ਦੜਿਆ ਏ । ਬਿਨ ਰੰਗ ਰੂਪੀ ਅਜੇ ਨਾ ਸੜਿਆ, ਜੋਤ ਨਿਰੰਜਣ ਕੀਆ ਮਾਤ ਪਸਾਰਾ ਏ ।

ਗੁਰਮੁਖ ਸਾਚੇ ਅੰਦਰ ਵੜਿਆ, ਨਿਹਕਲੰਕ ਲਿਆ ਅਵਤਾਰਾ ਏ । ਛੱਬੀ ਪੋਹ ਦਿਵਸ ਸੁਭਾਗੀ ਚੜ੍ਹਿਆ, ਸੰਤ ਮਨੀ ਸਿੰਘ ਲੇਖ ਲਿਖਾਰਾ ਏ । ਸ੍ਰਿਸ਼ਟ ਸਬਾਈ ਨਾਲ ਆਪੇ ਲੜਿਆ, ਫੜਿਆ ਹੱਥ ਸ਼ਬਦ ਕਟਾਰਾ ਦੋ ਧਾਰਾ ਏ । ਸਾਚੇ ਮੰਦਰ ਉਚੇ ਟਿੱਲੇ ਆਪੇ ਚੜ੍ਹਿਆ, ਨਾ ਕੋਈ ਲਾਏ ਇੱਟਾਂ ਗਾਰਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨ ਭਗਤਾਂ ਦੇਵੇ ਨਾਮ ਵਰ, ਧੁਰ ਦਰਗਾਹੀ ਇਕ ਸਹਾਰਾ ਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਸਿੰਘਾਸਣ ਆਸਣ ਲਾਇਆ, ਲੇਖ ਚੁਕਾਇਆ ਨੌਂ ਦਵਾਰੇ ਆਪੇ ਹੋਇਆ ਅੰਦਰ ਆਪੇ ਨਿਕਲੇ ਬਾਹਰਾ ਏ । ਘਰ ਘਰ ਸਾਜਣ ਵਸਿਆ, ਸਚ ਘਰ ਸਚ ਹੋਏ ਪਰਕਾਸ਼ । ਦਰ ਦਰ ਆਪੇ ਫਿਰੇ ਨੱਸਿਆ, ਜੋਤ ਨਿਰੰਜਣ ਪੁਰਖ ਅਬਿਨਾਸ਼ । ਕਲਜੁਗ ਮਿੱਟੇ ਰੈਣ ਅੰਧੇਰੀ ਮਸਿਆ, ਜੋ ਜਨ ਗਾਏ ਰਸਨ ਸਵਾਸ ਸਵਾਸ । ਰਾਹ ਏਕਾ ਅਵੱਲਾ ਦੱਸਿਆ, ਸੋਹੰ ਸੋ ਕਲਜੁਗ ਪਰਭਾਸ । ਸਾਚੇ ਮੰਦਰ ਬਹਿ ਬਹਿ ਹੱਸਿਆ, ਵੇਖ ਵਖਾਣੇ ਪ੍ਰਿਥਮੀ ਅਕਾਸ਼ । ਦੇਵੇ ਨਾਮ ਵਡ ਵਡ ਰਸਿਆ, ਸਾਚਾ ਸ਼ਬਦ ਸਰਬ ਗੁਣਤਾਸ । ਤੀਰ ਨਿਰਾਲਾ ਏਕਾ ਕਸਿਆ, ਲੇਖੇ ਲਾਏ ਦਸ ਦਸ ਮਾਸ । ਵਿਕਾਰਾ ਜਾਏ ਦਰ ਤੋਂ ਨੱਸਿਆ, ਹਰਿ ਜਨ ਹੋਏ ਦਾਸਨ ਦਾਸ । ਜਗੇ ਜੋਤ ਕੋਟਨ ਰਵ ਸੱਸਿਆ, ਸਰਬ ਕਲਾ ਪਰਕਾਸ਼ । ਜੋਤੀ ਜੋਤ ਸਰੂਪ ਹਰਿ, ਏਕਾ ਜੋੜਾ ਦਏ ਜੋੜਾ ਜੋੜੀ ਜੁੜੀ ਸ਼ਾਹੋ ਸ਼ਾਬਾਸ਼ । ਸੱਸਾ ਹੋੜਾ ਸ਼ਬਦ ਲਗਾਇਆ । ਸ਼ਬਦ ਜੋੜਾ ਮੇਲ ਮਿਲਾਇਆ । ਜੋਤੀ ਘੋੜਾ ਇਕ ਰਖਾਇਆ । ਨਾ ਕੋਈ ਦਿਸੇ ਵਰਨ ਗੋਤੀ, ਆਪ ਆਪਣੇ ਰੰਗ ਸਮਾਇਆ । ਜਨ ਭਗਤ ਉਠਾਏ ਆਤਮ ਸੋਤੀ, ਸ਼ਬਦ ਮਰਦੰਗ ਇਕ ਵਜਾਇਆ । ਆਪ ਬਣਾਏ ਮਾਣਕ ਮੋਤੀ, ਸਾਚੀ ਮੰਗਣ ਮੰਗ ਮੰਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋਹੰ ਤੰਦੀ ਪਰਮਾਨੰਦੀ ਨਿਜਾਨੰਦ ਪ੍ਰਭ ਰਿਹਾ ਪੁਚਾਇਆ । ਸੋਹੰ ਅਨੰਦ ਸ਼ਬਦ ਅਪਾਰ । ਖ਼ੁਸ਼ੀ ਕਰਾਏ ਬੰਦ ਬੰਦ, ਦੀਪਕ ਜੋਤੀ ਕਰ ਉਜਿਆਰ । ਨੌਂ ਦਵਾਰੇ ਕੱਢੇ ਗੰਦ, ਦਸਮ ਦਵਾਰੇ ਮੇਲ ਮਿਲਾਰ । ਸਰਬ ਜੀਆਂ ਆਪੇ ਬਖ਼ਸ਼ਿੰਦੇ, ਸ੍ਰਿਸ਼ਟ ਸਬਾਈ ਪਾਏ ਸਾਰ । ਹਰਿਜਨ ਸਾਚਾ ਗਾਏ ਬੱਤੀ ਦੰਦ, ਰਸਨਾ ਜਿਹਵਾ ਕਰ ਪਿਆਰ । ਏਕਾ ਗੀਤ ਸੁਹਾਗੀ ਛੰਦ, ਦੋ ਜਹਾਨਾਂ ਬੇੜਾ ਕਰਿਆ ਪਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਸੰਤ ਸੁਹੇਲੇ ਵੇਖ ਵਖਾਏ ਦਰ ਦਰ ਘਰ ਘਰ ਸੱਚੇ ਦਰਬਾਰ । ਸਚ ਦਰਬਾਰਾ ਮਾਤ ਖੁਲ੍ਹਾਇਆ । ਨੌਂ ਦਰਵਾਜ਼ੇ ਭੇਖਿਆ ਇਕ ਅਕਾਰਾ ਜੋਤ ਟਿਕਾਇਆ । ਸੌ ਸੌ ਵਾਰਾ ਜਨਮ ਦਵਾਇਆ । ਪਾਰਬ੍ਰਹਮ ਬ੍ਰਹਮ ਮੇਲ ਮਿਲਾਇਆ । ਗੁਰਮੁਖ ਸਾਚਾ ਆਤਮ ਨੇਤਰ ਖੋਲ੍ਹ, ਆਪੇ ਆਪ ਵਖਾਇਆ । ਸ਼ਬਦ ਘੋੜੇ ਆਪ ਚੜ੍ਹਾਏ, ਜੋਤੀ ਜੋੜੇ ਮੇਲ ਮਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦਰ ਦਵਾਰਾ ਇਕ ਸੁਹਾਇਆ । ਇਕ ਦਵਾਰਾ ਬੰਕ ਬੰਕ ਦਵਾਰਿਆ । ਨਾ ਕੋਈ ਜਾਣੇ ਰਾਓ ਰੰਕ, ਰੰਕ ਰਾਜਾਨ ਨਾ ਕਿਸੇ ਵਿਚਾਰਿਆ । ਜਨ ਭਗਤਾਂ ਮਿਟਾਏ ਆਤਮ ਸ਼ੰਕ, ਹਉਮੇ ਸਹਿੰਸਾ ਰੋਗ ਗਵਾ ਰਿਹਾ । ਸ਼ਬਦ ਸਰੂਪੀ ਲਾਏ ਤਨਕ, ਦੀਪਕ ਜੋਤੀ ਇਕ ਜਗਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੰਚਮ ਯਾਰ ਹਰਿ ਕਰਤਾਰ, ਪੰਚਮ ਮੇਲਾ ਆਪ ਮਿਲਾ ਰਿਹਾ । ਪੰਚਮ ਮਿਲਿਆ ਮੇਲ, ਮੇਲ ਗੁਰਮਤੇ । ਸ਼ਬਦ ਸਰੂਪੀ ਚੜ੍ਹਿਆ ਤੇਲ, ਸਤਿ ਸਤਵੰਤੇ ਸਾਚੇ ਸਤੇ ਏਕਾ ਆਪਣਾ ਖੇਲੇ ਖੇਲ, ਜੀਵ ਜੰਤ ਸਰਬ ਭਰਮ ਭੁਲੰਤੇ । ਧਰਮ ਰਾਏ ਦੀ ਕਟੇ ਜੇਲ, ਗੁਰਮੁਖ ਸਾਚੇ ਸੰਤ ਸੁਹੇਲੇ ਸਾਚੇ ਧਾਮ ਇਕ ਸੁਹੰਤੇ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ

੪੬੩ ੦੫

ਧਰ, ਜਨ ਭਗਤ ਬਣਾਏ ਮਾਤ ਬਣਤੇ । ਜਗਤ ਬਣਾਏ ਬਣਤ ਆਪ ਸਿਕਦਾਰਿਆ । ਦੇਵੇ ਵਡਿਆਈ ਵਿਚ ਜੀਵ ਜੰਤ, ਦੇਵਣਹਾਰ ਸਰਬ ਸੰਸਾਰਿਆ । ਗੁਰਮੁਖ ਵਿਰਲੇ ਮੇਲ ਮਿਲਾਵਾ ਸਾਚੇ ਕੰਤ, ਆਤਮ ਸੇਜਾ ਸਾਚਾ ਸੰਗ ਹਰਿਜਨ ਜਾਣੇ ਕੰਤ ਭਤਾਰਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਲ ਮਿਲਾਏ ਦਇਆ ਕਮਾਏ ਲੇਖਾ ਲਿਖੇ ਵਾਰੋ ਵਾਰਿਆ । ਲੇਖਾ ਲਿਖਣਹਾਰ ਹਰਿ ਸਮਰੱਥਿਆ । ਲੱਖ ਚੁਰਾਸੀ ਪਾਵੇ ਸਾਰ, ਗੁਰਮੁਖ ਸਾਚੇ ਜਾਏ ਤਾਰ, ਸ਼ਬਦ ਚੜ੍ਹਾਏ ਸਾਚੇ ਰਾਥਿਆ । ਨਿਰਮਲ ਜੋਤੀ ਕਰ ਅਕਾਰ, ਵਰਨ ਗੋਤੀ ਵਸੇ ਬਾਹਰ, ਦੁਰਮਤ ਮੈਲ ਜਾਏ ਧੋਤੀ, ਜੋ ਜਨ ਆਏ ਦਵਾਰਿਆ । ਸੋਹੰ ਫੜੇ ਸ਼ਬਦ ਸੋਟੀ, ਨਾ ਕੋਈ ਜਾਣੇ ਲੰਮੀ ਮੋਟੀ, ਤੀਰ ਨਿਰਾਲਾ ਏਕਾ ਕਸਿਆ । ਚਾਰੋਂ ਕੁੰਟ ਫਿਰ ਫਿਰ ਥੱਕੇ ਕੋਟਨ ਕੋਟੀ, ਕੋਈ ਨਾ ਚੜ੍ਹਿਆ ਉਪਰ ਚੋਟੀ, ਭੇਖ ਭਿਖਾਰੀ ਮੰਗਦੇ ਫਿਰਦੇ ਬੋਟੀ ਬੋਟੀ ਰੋਟੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਸੰਤ ਜਨਾ ਕੱਢੇ ਮੈਲ ਦੁਰਮਤ ਵਾਸਨਾ ਖੋਟੀ । ਦੁਰਮਤ ਮੈਲ ਗਵਾਏ ਦਰ ਦਵਾਰਿਆ । ਗੁਰਮਤ ਰਿਹਾ ਸਮਝਾਏ, ਜੋਤੀ ਜਾਮਾ ਭੇਖ ਬਣਾ ਰਿਹਾ । ਸੋਹੰ ਅਤੁੱਟ ਰਹੇ ਭੰਡਾਰਿਆ । ਸਾਚੀ ਰੀਤੀ ਮਾਤ ਚਲਾ ਰਿਹਾ । ਮਿਤ ਗਤ ਆਪਣੇ ਹੱਥ ਰਖਾਏ, ਆਪਣੇ ਭਾਣੇ ਹਰਿ ਸਮਾ ਰਿਹਾ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਪੰਚਮ ਜ਼ਾਤਾ ਪੰਚ ਪਛਾਤਾ, ਪੰਚਮ ਮੇਲਾ ਇਕ ਮਿਲਾ ਰਿਹਾ । ਪੰਚਮ ਮੇਲਾ ਭਗਤ ਦਰ, ਇਕ ਇਕੇਲਾ ਸੱਜਣ ਸੁਹੇਲਾ । ਵੇਖ ਵਖਾਣੇ ਨਾਵੇਂ ਘਰ, ਨਾਵੇਂ ਘਰ ਨਾ ਕੋਈ ਗੁਰ ਨਾ ਕੋਈ ਚੇਲਾ । ਲੱਖ ਚੁਰਾਸੀ ਰਹੀ ਮਰ, ਆਪ ਸੁਹਾਏ ਅੰਤਮ ਵੇਲਾ । ਕਲਜੁਗ ਚੁਕਾਏ ਝੂਠਾ ਡਰ, ਧਰਮ ਰਾਏ ਦੀ ਕਟੇ ਜੇਲ੍ਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਸੰਤ ਜਨਾਂ ਆਪ ਕਰਾਇਆ ਆਪਣਾ ਮੇਲਾ । ਆਸਾ ਪੂਰਤ ਸਰਬ ਜਨ, ਸਰਬ ਘਟ ਭਰਪੂਰ । ਦੇਵੇ ਸੱਚਾ ਨਾਮ ਧੰਨ, ਜੋਤ ਨਿਰੰਜਣ ਹਾਜ਼ਰ ਹਜ਼ੂਰ । ਹਰਿਜਨ ਆਤਮ ਜਾਏ ਮੰਨ, ਕਾਇਆ ਤਪੇ ਨਾ ਵਾਂਗ ਤੰਦੂਰ । ਜਗਤ ਬੇੜਾ ਜਾਏ ਬੰਨ੍ਹ, ਵੇਲਾ ਨੇੜੇ ਨਾ ਜਾਣੋ ਦੂਰ । ਸਾਚਾ ਰਾਗ ਸੁਣਾਏ ਕੰਨ, ਸ੍ਰਿਸ਼ਟ ਸਬਾਈ ਕੂੜੋ ਕੂੜ । ਭਾਂਡਾ ਭਰਮ ਪ੍ਰਭ ਦੇਵੇ ਭੰਨ, ਜੋ ਜਨ ਮਸਤਕ ਲਾਏ ਚਰਨ ਧੂੜ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਦੇਵੇ ਭਗਤ ਵਰ, ਏਕਾ ਰੰਗ ਚੜ੍ਹਾਏ ਗੂੜ੍ਹ । ਰੰਗ ਚੜ੍ਹਾਏ ਲਾਲ, ਹਰਿ ਰੰਗ ਰਤਿਆ । ਫ਼ਲ ਲਗਾਏ ਕਾਇਆ ਡਾਲ, ਬੀਜ ਬੀਜੇ ਪੰਜ ਸਾਚੇ ਵਤਿਆ । ਗੁਰਮੁਖ ਸਾਚੇ ਜਗਤ ਦਲਾਲ, ਆਪੇ ਦੇ ਸਮਝਾਵੇ ਮਤਿਆ । ਆਪੇ ਸ਼ਾਹ ਆਪੇ ਕੰਗਲ, ਆਪ ਆਪਣੇ ਰੰਗ ਸਦ ਰਤਿਆ । ਸ਼ਬਦ ਵਜਾਏ ਸਾਚਾ ਤਾਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਮੇਲ ਮਿਲਾਏ ਕਮਲਾਪਤਿਆ । ਕਮਲਾਪਤੀ ਧੁਰ ਦਰਗਾਹੀ, ਮੇਲਾ ਲੋਕਮਾਤ ਮਿਲਾਇਆ ਏ । ਵੇਖ ਵਖਾਣੇ ਗੁਰ ਗੁਰ ਚੇਲਾ, ਸ਼ਬਦ ਸੁਹੇਲਾ ਇਕ ਬਣਾਇਆ ਏ । ਆਪੇ ਬੈਠਾ ਹੋ ਹੋ ਵਿਹਲਾ, ਜੋਤ ਨਿਰੰਜਣ ਸੇਵਾ ਲਾਇਆ ਏ । ਅਚਰਜ ਖੇਲ ਹਰਿ ਹਰਿ ਖੇਲਾ, ਸੋਹੰ ਮੇਵਾ ਗੁਰਮੁਖ ਖਵਾਇਆ ਏ । ਪਰਗਟ ਹੋਇਆ ਵਡ ਦੇਵੀ ਦੇਵਾ, ਅਲਖ ਅਭੇਵਾ ਭੇਵ ਨਾ ਕਿਸੇ ਰਾਇਆ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਸੰਤ ਜਨਾਂ ਆਪ ਆਪਣਾ ਸੰਗ ਨਿਭਾਇਆ ਏ । ਸੰਗ ਨਿਭਾਏ ਸਗਲਾ ਸਾਥ, ਦਇਆਵਾਨ ਨਿਧ ਦਾਤਾ । ਸਾਚਾ ਲੇਖਾ ਲਿਖੇ ਮਸਤਕ ਮਾਥ, ਲੇਖਾ ਚੁੱਕੇ ਜ਼ਾਤਾ ਪਾਤਾ । ਮਿਲੇ ਮੇਲ ਤ੍ਰੈਲੋਕੀ ਨਾਥ, ਸ਼ਬਦ ਸੁਣਾਏ ਸਾਚੀ ਗਾਥਾ । ਭਗਤ ਜਗਤ ਜਗਤ

ਭਗਤ ਮਹਿੰਮਾ ਕਥਨਾ ਅਕਾਥਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨ ਭਗਤਾਂ ਦੇਵੇ ਸ਼ਬਦ ਵਰ, ਸਗਲ ਵਸੂਰਾ ਦਰ ਦਵਾਰੇ ਲਾਥਾ । ਪ੍ਰਭ ਆਇਆ ਸੁਣ ਪੁਕਾਰ, ਭਗਤ ਭਗਵੰਤਿਆ । ਸਾਚਾ ਨੇਤਰ ਰਿਹਾ ਵਿਚਾਰ, ਨੇਤਰ ਖੇਤਰ ਕਾਇਆ ਸੁੱਤਿਆ । ਸ਼ਬਦ ਬਹਾਏ ਸਾਚੀ ਧਾਰ, ਰੁੱਤ ਵਖਾਏ ਇਕ ਬਸੰਤਿਆ । ਖਿੜੀ ਨਾਮ ਸੱਚੀ ਗੁਲਜ਼ਾਰ, ਸੋਹੰ ਦੇਵੇ ਸਚ ਸੁਗੰਤਿਆ । ਚਰਨ ਪ੍ਰੀਤੀ ਇਕ ਪਿਆਰ, ਫੂਲਨਹਾਰ ਤਨ ਸ਼ਿੰਗਾਰ ਪਤੀ ਪਤਵੰਤਿਆ । ਨੌਂ ਦਵਾਰੇ ਬੰਦ ਕਵਾੜ, ਦਸਵੇਂ ਖੋਜੇ ਖੋਜ ਖੁਜੰਤਿਆ । ਦਰ ਘਰ ਸਾਚੇ ਦੇਵੇ ਵਾੜ, ਸਾਚਾ ਰਾਗ ਇਕ ਸੁਣੰਤਿਆ । ਸਾਚਾ ਰਾਗ ਬਹੱਤਰ ਨਾੜ, ਮਰਦੰਗਾ ਏਕਾ ਢੋਲ ਵਜੰਤਿਆ । ਕਰੇ ਬੇਨੰਤੀ ਚਰਨ ਦਵਾਰ, ਦਿਵਸ ਰੈਣ ਨਿੱਤ ਨਿਤਿਆ । ਪ੍ਰਭ ਅਬਿਨਾਸ਼ੀ ਕਿਰਪਾ ਧਾਰ, ਮੇਲ ਮਿਲਾਵਾ ਸਾਚੀ ਵਾਰ, ਸਾਚੀ ਥਿਤਿਆ । ਪਰਗਟ ਹੋਏ ਨਰ ਨਿਰੰਕਾਰ, ਦੇਵੇ ਦਰਸ ਅਗੰਮ ਅਪਾਰ, ਨੌਂ ਦਰਵਾਜ਼ੇ ਤਨ ਮਨ ਜਿਤਿਆ । ਸੋਲਾਂ ਕਰੇ ਤਨ ਸ਼ਿੰਗਾਰ, ਰੂਪ ਅਗੰਮਾ ਚਲਾਏ ਪਵਣ ਸਵਾਸ ਸੁਵਾਸਿਆ । ਫੜ ਫੜ ਬਾਹੋਂ ਲਾਏ ਪਾਰ, ਲੇਖਾ ਚੁੱਕੇ ਬਹੱਤਰ ਨਾੜੀ ਨਾ ਮਰੇ ਨਾ ਕਦੇ ਜੰਮਿਆ । ਗੁਰਮੁਖ ਸਾਚੇ ਰਿਹਾ ਉਧਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਜਰ ਕਪਾਟੀ ਲਾਏ ਪਾੜ । ਬਜਰ ਕਪਾਟੀ ਲਾਏ ਪਾੜਾ, ਹਰਿ ਮੰਦਰ ਆਪ ਸੁਹਾਇਆ । ਪਰ੍ਹੇ ਹਟਾਏ ਪੰਚਮ ਧਾੜਾ, ਸਾਚੇ ਅੰਦਰ ਖੇਲ ਰਚਾਇਆ । ਆਪੇ ਵੇਖੇ ਇਕ ਅਖਾੜਾ, ਸੁਰਤੀ ਸ਼ਬਦੀ ਘੋਲ ਕਰਾਇਆ । ਲੁੱਟੀ ਜਾਏ ਦਿਨ ਦਿਹਾੜਾ, ਜੋਤ ਸਰੂਪੀ ਭੇਖ ਵਟਾਇਆ । ਗੁਰਮੁਖ ਸਾਚਾ ਸੰਤ ਸੁਹੇਲਾ ਧੁਰ ਦਰਗਾਹੀ ਸਾਚਾ ਲਾੜਾ, ਸਾਚੀ ਘੋੜੀ ਰਿਹਾ ਚੜ੍ਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬੰਕ ਦਵਾਰਾ, ਏਕਾ ਇਕ ਸੁਹਾਇਆ । ਗੁਰਮੁਖ ਸਾਚੇ ਬੰਕ ਦਵਾਰ ਏਕਾ ਦਰ ਸੁਹਾਇਆ । ਮੇਲ ਮਿਲਾਏ ਅਨਕ ਅਨਕ ਅਨਕ ਬਾਰ, ਆਤਮ ਸਹਿੰਸਾ ਸ਼ਨਕ ਗਵਾਇਆ । ਜੋਤੀ ਤਨਕ ਵਿਚ ਸੰਸਾਰ, ਸਹੰਸਾ ਬੰਸਾ ਰਿਹਾ ਕਰਾਇਆ । ਜੋਤੀ ਜੋਤ ਸਰੂਪ ਹਰਿ, ਆਪੇ ਫੇਰੇ ਮਨ ਕਾ ਮਨਕ, ਅਜਪਾ ਜਾਪ ਰਿਹਾ ਚਲ੍ਹਾਇਆ । ਭੇਵ ਚੁਕਾਏ ਮਨ ਮਨਕਾ, ਸਾਚਾ ਮਾਰਗ ਇਕ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਰਬ ਅਖਵਾਇਆ । ਦੇਵਣਹਾਰ ਦਿਆਲ ਦਾਤ ਅਮੋਲਿਆ । ਸ਼ਬਦ ਕਰਾਏ ਸਚ ਵਿਹਾਰ, ਗੁਰਮੁਖ ਆਤਮ ਕਦੇ ਨਾ ਡੋਲਿਆ । ਜੋਤ ਨਿਰੰਜਣ ਕਰ ਅਕਾਰ, ਸ਼ਬਦ ਸਤਵੰਤਾ ਆਪੇ ਬੋਲਿਆ । ਭਰਿਆ ਰਹੇ ਭਗਤ ਭੰਡਾਰ, ਪੁਰਖ ਅਬਿਨਾਸ਼ੀ ਪੂਰੇ ਤੋਲ ਤੋਲਿਆ । ਮਾਨਸ ਦੇਹੀ ਨਾ ਆਏ ਹਾਰ, ਭਾਗ ਲਗਾ ਕਾਇਆ ਚੋਲਿਆ । ਨਾਤਾ ਤੁੱਟੇ ਨੌਂ ਦਵਾਰ, ਦਰ ਘਰ ਸਾਚੇ ਹੋਏ ਗੋਲਿਆ । ਦਸਵੇਂ ਘਰ ਸੱਚੀ ਸਰਕਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਾਮ ਭੰਡਾਰਾ ਏਕਾ ਖੋਲ੍ਹਿਆ । ਆਪੇ ਰਾਮ ਰਮਈਆ ਜੋਤ ਜਗਾਇੰਦਾ । ਪਰਗਟ ਹੋਇਆ ਸ਼ਾਮ ਘਨਈਆ, ਲੋਕਮਾਤੀ ਭੇਖ ਵਟਾਇੰਦਾ । ਨਾਲ ਲਿਆਇਆ ਸਾਚੀ ਸਈਆ, ਆਪੇ ਗੋਪੀ ਆਪੇ ਕਾਹਨ ਅਖਵਾਇੰਦਾ । ਆਪ ਫੜਾਏ ਆਪਣੀ ਬਹੀਆ, ਜਗਤ ਚੜ੍ਹਾਏ ਨਈਆ, ਬੇੜਾ ਪਾਰ ਕਰਾਇੰਦਾ । ਨਾਤਾ ਤੁਟੇ ਭੈਣਾਂ ਭਈਆ, ਧਰਮ ਰਾਏ ਨਾ ਕੱਢੇ ਵਹੀਆ, ਲੇਖਾ ਆਪ ਚੁਕਾਇੰਦਾ । ਏਕਾ ਏਕ ਜੋਤ ਨਿਰੰਜਣ, ਜੁਗਾ ਜੁਗੰਤਰ ਦੂਸਰ ਕੋਇ ਦਿਸ ਨਾ ਆਇੰਦਾ । ਨਰਾਇਣ ਨਰਾਇਣ ਨਰਾਇਣ ਹਰਿ ਭਗਤ ਜਨ ਜਾਣੇ, ਦੂਸਰ ਕੋਈ ਭੇਵ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਤਮ ਖੋਲ੍ਹੇ ਬੰਦ ਦਰ, ਏਕਾ ਸ਼ਬਦ ਚੋਟ ਤਨ ਨਗਾਰੇ ਲਾਇੰਦਾ । ਭਗਤ ਪਿਆਰੇ

੪੬੫

ਮੋਹੇ ਚਰਨ ਦਰ ਪਿਆਰ ਦੇ । ਆਏ ਦਵਾਰੇ ਜਨ ਕ੍ਰਿਸ਼ਨ ਮੁਰਾਰ ਦੇ । ਭਰੇ ਭੰਡਾਰੇ, ਧਨ ਮਾਲ ਸੱਚੇ ਨਾਮ ਦੇ । ਹੋਏ ਵਣਜਾਰੇ ਗੋਪੀ ਸਾਚੇ ਕਾਹਨ ਦੇ । ਫੂਲਨ ਤਨ ਸ਼ਿੰਗਾਰੇ, ਉਤੋਂ ਆਪਾ ਆਪ ਵਾਰਦੇ । ਨੇਤਰ ਖੋਲ੍ਹੇ ਸ਼ਬਦ ਆਪ ਜਗਾਏ, ਪਿਛਲਾ ਚੁਕਾਏ ਲਹਿਣ ਦੇਣ ਰਸਨਾ ਗਾਏ ਬੱਤੀ ਦੰਦ, ਲੱਖ ਚੁਰਾਸੀ ਵਹਿੰਦੀ ਝੂਠੇ ਵਹਿਣ । ਕਾਇਆ ਮੰਦਰ ਅੰਦਰ ਝੂਠਾ ਗੰਦ । ਹਰਿ ਭਗਤ ਸੁਹੇਲਾ ਇਕ ਦੁਹੇਲਾ, ਕਲਜੁਗ ਤੇਰਾ ਆਪ ਸੁਹਾਏ ਸਾਚਾ ਵੇਲਾ, ਲੋਕਮਾਤ ਚੜ੍ਹਾਏ ਸਾਚੇ ਚੰਦ । ਗੀਤ ਗੋਬਿੰਦ ਗੁਣ ਗਾ, ਨਰਾਇਣ ਨਿਰਵੈਰਿਆ । ਅਠੇ ਪਹਿਰ ਰਹੇ ਤਨ ਚਾ, ਮਿਲੇ ਮੇਲ ਨਾ ਲਾਏ ਦੇਰਿਆ । ਨਿਤ ਉਠ ਉਠ ਵੇਖੇ ਰਾਹ, ਕਵਣ ਸੁ ਵੇਲਾ ਮੇਰਾ ਸ਼ਾਮ ਸੁੰਦਰ ਮੋਹਣ ਮਾਧਵ ਘਰ ਆਵੇ ਪਾਵੇ ਫੇਰਿਆ । ਸਾਚਾ ਕੁੰਡਲ ਸੀਸ ਰਖਾਏ, ਭਗਤ ਸੁਹੇਲਾ ਆਪ ਅਖਵਾਏ, ਆਪੇ ਤਾਰੇ ਕਰ ਕਰ ਮਿਹਰਿਆ । ਜੋਤੀ ਜੋਤ ਸਰੂਪ ਹਰਿ, ਸ੍ਰਿਸ਼ਟ ਸਬਾਈ ਜਗਤ ਭੁਲਾਏ ਕਰ ਕਰ ਹੇਰਾ ਫੇਰਿਆ । ਆਪੇ ਮੁਕੰਦ ਮਨੋਹਰ ਮੁਰਾਰੀ ਹੈ । ਮੋਰ ਮੁਕਟ ਸੀਸ ਸੁਹਾਏ, ਜਗਦੀਸ਼ ਜੋਤ ਨਿਰੰਕਾਰੀ ਹੈ । ਸਾਵਲ ਸੁੰਦਰ ਰੂਪ ਵਟਾਏ, ਕਲਜੁਗ ਤੇਰੀ ਅੰਤਮ ਵਾਰੀ ਹੈ । ਪ੍ਰੇਮ ਸਿੰਘਾਸਣ ਇਕ ਵਿਛਾਏ ਏਕਾ ਸੇਜਾ ਦੋਵੇਂ ਸੁੱਤੇ, ਸਾਚਾ ਕੰਤ ਸੱਚੀ ਭਗਤ ਨਾਰੀ ਹੈ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਰਾਇਣ ਨਰ ਨਰ ਨਰਾਇਣ ਜਾਏ ਮਨ ਤੂਹੀ ਤੂ ਬਲਿਹਾਰੀ ਹੈ । ਨੈਣ ਸੁਹਾਇਆ ਨੇਤਰ ਅੰਜਨ ਰਖੇ ਲਾਜ ਜਿਉਂ ਦਰੋਪਤੀ ਚੀਰ, ਮੇਰੇ ਆਤਮ ਅੰਦਰ ਬੋਲਿਆ । ਹਉਮੇ ਗਈ ਜਗਤ ਪੀੜ, ਭਾਗ ਲਗਾਏ ਕਾਇਆ ਚੋਲਿਆ । ਨਾ ਕੋਈ ਹਸਤ ਨਾ ਕੋਈ ਕੀੜ, ਸ਼ਾਹ ਸੁਲਤਾਨਾਂ ਆਪ ਸੁਣਾਏ ਸੱਚਾ ਢੋਲਿਆ । ਕਲਜੁਗ ਵੇਲਾ ਅੰਤ ਅਖ਼ੀਰ, ਕਰੇ ਪਾਰ ਜਿਸ ਰਸਨਾ ਹਰਿ ਹਰਿ ਬੋਲਿਆ । ਨਾ ਕੋਈ ਦੀਸੇ ਪੀਰ ਫ਼ਕੀਰ, ਲੱਖ ਚੁਰਾਸੀ ਹੋਈ ਧਰਮ ਰਾਏ ਦੀ ਗੋਲਿਆ । ਗੁਰਮੁਖ ਵਿਰਲਾ ਚੋਟੀ ਚੜ੍ਹੇ ਅਖੀਰ, ਜਿਸ ਆਪਣਾ ਆਪ ਘੋਲੀ ਘੋਲਿਆ । ਹਰਿ ਹਰਿ ਬੋਲੇ ਇਕ ਜੈਕਾਰਾ, ਮਿਲੇ ਮਾਤ ਵਡਿਆਈਆ । ਮੇਟਣ ਆਇਆ ਧੁੰਦੂਕਾਰਾ, ਕਰੇ ਜੋਤ ਰੁਸ਼ਨਾਈਆ । ਸ਼ਬਦ ਚਲਾਏ ਅਪਰ ਅਪਾਰਾ, ਸੋਹੰ ਧਾਰ ਰਖਾਈਆ । ਸੋ ਪੁਰਖ ਨਿਰੰਜਣ ਹਰਿ ਗਿਰਧਾਰਾ, ਭਗਤੀ ਭਗਤ ਭਗਤ ਸੁਹੇਲਾ ਕਰ ਪਿਆਰਾ, ਸਾਚੇ ਮਾਰਗ ਰਿਹਾ ਚਲਾਈਆ । ਮੰਗਣ ਆਏ ਮੰਗ ਦਵਾਰਾ, ਆਤਮ ਝੋਲੀ ਅੱਗੇ ਡਾਹੀਆ । ਪੁਰਖ ਅਬਿਨਾਸ਼ੀ ਭਰੇ ਭੰਡਾਰਾ, ਤੋਟ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਲੱਖ ਚੁਰਾਸੀ ਵੇਖੇ ਦਰ, ਹਰਿ ਹਰਿ ਸਾਚਾ ਭਗਤ ਸੁਹੇਲਾ ਕੋਟਨ ਕੋਟ ਦੇਵੇ ਏਕਾ ਏਕ ਏਕ ਹੱਥ ਆਈਆ । ਜੁਗ ਜੁਗ ਧਰਿਆ ਭੇਖ, ਭੇਖ ਵਟਾਇਆ । ਸਤਿ ਪੁਰਖ ਨਿਰੰਜਣ ਏਕਾ ਏਕ, ਵੇਸ ਅਨੇਕ ਰਖਾਇਆ । ਸਨਕ ਸਨੰਦਨ ਸਨਾਤਨ ਸੰਤ ਕੁਮਾਰ ਬਾਲ ਅਧਾਰੀ ਰਹੇ ਬਿਬੇਕ, ਆਪ ਆਪਣਾ ਮਾਤ ਉਪਾਇਆ । ਬਰਾਹ ਰੂਪ ਹੋਏ ਪ੍ਰਭ ਵੇਖ, ਧਰਤ ਧਵਲ ਦਇਆ ਕਮਾਇਆ । ਯਗਹ ਪੁਰਸ਼ ਹੋਏ ਵਿਸੇਖ, ਸਾਚੀ ਯੁਗਤੀ ਰਿਹਾ ਚਲਾਇਆ । ਹਾਵ ਗਰੀਵ ਸਾਚੀ ਟੇਕ, ਵੇਦ ਉਪਰ ਧਰਤ ਬਾਹਰ ਲਿਆਇਆ । ਨਰ ਨਰਾਇਣ ਧਾਰੇ ਭੇਖ, ਨੈਣ ਮੁੰਧਾਰੀ ਧਾਮ ਸੁਹਾਇਆ । ਕਪਲ ਮੁਨੀ ਆਪੇ ਰੇਖ, ਗਿਆਨ ਗੋਝ ਭੇਵ ਚੁਕਾਇਆ । ਦੱਤਾਤ੍ਰੈ ਲਿਖੇ ਲੇਖ, ਭੇਵ ਕਿਸੇ ਨਾ ਰਾਇਆ । ਰਿਖਵ ਦੇਵ ਨਰ ਨਹਿਕੇਵ, ਲੋਕਮਾਤੀ ਰਚਨ ਰਚਾਇਆ । ਪ੍ਰਿਥੁ ਪ੍ਰਿਥਮੀ ਲਾਏ ਸੇਵ, ਸਾਚੀ ਕਰਨੀ ਰਿਹਾ ਕਰਾਇਆ । ਕਛੁਵ ਹੋਏ ਅਲਖ ਅਭੇਵ, ਉਚ ਪਹਾੜਾ ਪਿੱਠ ਉਠਾਇਆ । ਮੋਹਣੀ ਧਾਰੇ, ਭੇਖ ਕਰੇ ਭਗਤ ਸੇਵ, ਸਤਿ ਸਰੋਵਰ ਰਿੜਕ ਵਖਾਇਆ । ਚੌਦਾਂ ਰਤਨ ਰਿਹਾ ਵੇਖ,


੪੬੬ ੦੫

ਲੋਆਂ ਪੁਰੀਆਂ ਆਪ ਟਿਕਾਇਆ । ਆਪੇ ਧਰ ਧਰ ਬਾਵਨ ਭੇਖ, ਬਲ ਰਾਜਾ ਅਛਲ ਛਿਲਾਇਆ । ਹੰਸਾ ਬੰਸਾ ਬਾਰ ਅਨੇਕ, ਗਿਆਨ ਗੋਝ ਆਪ ਖੁਲ੍ਹਾਇਆ । ਹਰੀ ਹਰੀ ਹਰਿ ਏਕਾ ਏਕ, ਗਰਾਹ ਗਜ ਦਏ ਛੁਡਾਇਆ । ਆਪ ਆਪਣਾ ਰੰਗ ਰਿਹਾ ਵੇਖ, ਬਾਲਕ ਧਰੂ ਪਾਰ ਕਰਾਇਆ । ਜੋਤੀ ਜਾਮਾ ਧਰ ਧਰ ਭੇਖ, ਵੈਦ ਧਨੰਤਰ ਆਪ ਅਖਵਾਇਆ । ਸਤਿਜੁਗ ਤੇਰੀ ਵੇਖੇ ਸਾਚੀ ਰੇਖ, ਵਾਰ ਅਠਾਰਾਂ ਜੋਤ ਜਗਾਇਆ । ਆਇਆ ਮਾਤ ਤਰੇਤਾ, ਪ੍ਰਭ ਸਾਚੀ ਰੀਤ ਚਲਾਈਆ । ਆਪੇ ਬਣਿਆ ਜਗਤ ਵੇਤਾ, ਪਰਸ ਰਾਮਾ ਰਾਮ ਸਮਾਈਆ । ਪੰਡਤ ਦੇਵੇ ਸਾਚਾ ਨੇਤਾ, ਸਾਚਾ ਕਿਰਤੀ ਕਿਰਤ ਕਮਾਈਆ । ਘਰ ਕਸ਼ਤਰੀ ਸਾਚਾ ਬੇਟਾ, ਰਾਜਾ ਦਸਰਥ ਹਰਿ ਰਘੁਰਾਈਆ । ਆਪੇ ਬਣਿਆ ਖੇਵਟ ਖੇਟਾ, ਲੰਕਾ ਗੜ੍ਹ ਤੋੜ ਤੁੜਾਈਆ । ਮਾਰੇ ਦੁਸ਼ਟ ਹੰਕਾਰੀ ਰਾਵਣ ਬੇਟਾ, ਜੂਠਾ ਝੂਠਾ ਮੇਘ ਨਾਥਾ ਸੁਰਤ ਭੁਲਾਈਆ । ਜੋਤੀ ਜੋਤ ਸਰੂਪ ਹਰਿ, ਦੋਏ ਦੋਏ ਧਾਰਾ ਏਕਾ ਵਾਰਾ, ਲੋਕਮਾਤੀ ਆਪ ਜਗਾਈਆ । ਰਾਮਾ ਰਾਮ ਭਇਆ ਅਵਤਾਰਾ । ਪੂਰ ਕਰਾਏ ਆਪਣਾ ਕਾਮ, ਵੇਖੇ ਖੇਲ ਕਰ ਕਰ ਪਸਰ ਪਸਾਰਾ । ਭਗਤ ਜਨਾਂ ਦਰ ਸਾਚਾ ਮੇਲ, ਭਬੀਖਨ ਸੋਹੇ ਬੰਕ ਦਵਾਰਾ । ਆਪੇ ਬਣਿਆ ਸੱਜਣ ਸੁਹੇਲ, ਗੌਤਮ ਨਾਰੀ ਪਾਰ ਉਤਾਰਾ । ਚਰਨ ਛੁਹਾਇਆ ਉਪਰ ਸਿਲਾ, ਸਿਲ ਉਡੀ ਮਾਰ ਉਡਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਕੀਆ ਭਗਤ ਪਿਆਰਾ । ਭਗਤ ਅਧੀਨਾ ਹਰੀ ਹਰਿ, ਜੁਗ ਜੁਗ ਸੇਵਾ ਲਾਏ । ਆਪੇ ਹੋਏ ਨੀਕਨ ਨੀਕਾ, ਵਡ ਮਸਕੀਨਾ ਫੀਕਨ ਫੀਕਾ ਰਸ ਰਸਨਾ ਭੋਗ ਲਗਾਏ । ਤਾਰੇ ਭੀਲਨੀ ਜੀਅ ਜੀਅ ਕਾ, ਨਾਮ ਟਿੱਕਾ ਮਸਤਕ ਲਾਏ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਸਭ ਘਟ ਮੇਂ ਰਿਹਾ ਸਮਾਏ । ਸਭ ਘਟ ਰਮਿਆ ਆਪ, ਜੋਤ ਜਗੰਨਿਆ । ਸ੍ਰਿਸ਼ਟ ਸਬਾਈ ਮਾਈ ਬਾਪ, ਦਿਸ ਨਾ ਆਏ ਆਤਮ ਅੰਨ੍ਹਿਆ ਆਪੇ ਜਾਣੇ ਆਪਣਾ ਵਡ ਪਰਤਾਪ, ਜਨ ਭਗਤਾਂ ਆਤਮ ਮੰਨਿਆ । ਜੋਤੀ ਜੋਤ ਸਰੂਪ ਹਰਿ, ਜੁਗਾ ਜੁਗੰਤਰ ਭੇਖ ਧਰ, ਮਨਮੁਖ ਜੀਵਾਂ ਫੜ ਫੜ ਡੰਨਿਆ । ਜੁਗ ਤ੍ਰੇਤਾ ਗਿਆ ਬੀਤ, ਦੁਆਪਰ ਜੋਤ ਜਗਾਈਆ । ਵੇਦ ਵਿਆਸਾ ਹੋਇਆ ਅਤੀਤ, ਸਾਚੇ ਦਰ ਵੱਜੀ ਵਧਾਈਆ । ਸ੍ਰਿਸ਼ਟ ਸਬਾਈ ਚਲਾਏ ਰੀਤ, ਪੁਰਾਨ ਅਠਾਰਾਂ ਗਿਆ ਲਿਖਾਈਆ । ਚਾਰ ਲੱਖ ਹਜ਼ਾਰ ਸਤਾਰਾਂ ਲਿਖ ਲਿਖ, ਸ਼ਬਦ ਸਲੋਕੀ ਰਿਹਾ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲੇਖ ਲਿਖਾਰਾ ਆਪ ਅਖਵਾਈਆ । ਲਿਖਿਆ ਲੇਖ ਅਪਰ ਅਪਾਰਾ, ਕਲਜੁਗ ਅੰਤ ਜਣਾਈਆ । ਪਰਗਟ ਹੋਏ ਹਰਿ ਕਰਤਾਰਾ, ਪਿਤਾ ਪੂਤ ਨਾ ਕੋਇ ਅਖਵਾਈਆ । ਲਿਖਿਆ ਲੇਖ ਅਪਰ ਅਪਾਰਾ, ਗੌੜ ਬ੍ਰਾਹਮਣ ਗੋਤ ਉਜਿਆਰਾ, ਉਚੇ ਪਰਬਤ ਆਸਣ ਲਾਈਆ । ਨਾ ਕੋਈ ਜਾਣੇ ਪਾਰ ਕਿਨਾਰਾ, ਕਵਣ ਕੂਟੇ ਬੈਠਾ ਆਪ ਰਘੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਭਵਿਖਤਾ ਆਪੇ ਆਪ ਰਿਹਾ ਲਿਖਾਈਆ । ਲਿਖਿਆ ਲੇਖ ਅਗੰਮ ਅਥਾਹ, ਪਰਗਟ ਹੋਏ ਮੁਰਾਰ । ਆਪੇ ਹੋਏ ਬੇਪਰਵਾਹ ਬਾਲ ਅਵਸਥਾ ਕੰਸੀ ਮਾਰ । ਜਨ ਭਗਤਾਂ ਬਣੇ ਜਗਤ ਮਲਾਹ, ਬਿਦਰ ਸੁਦਾਮਾ ਜਾਏ ਤਾਰ । ਜਗਤ ਵਖਾਏ ਸਾਚਾ ਰਾਹ, ਦੁਸ਼ਟ ਹੰਕਾਰੀ ਦੁਰਯੋਧਨ ਕਰ ਖੁਆਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਦੁਆਪਰ ਆਪੇ ਜਾਣੇ, ਪਕੜ ਪਛਾੜੇ ਰਾਜੇ ਰਾਣੇ, ਪਾਂਡੋ ਸੁਹਾਏ ਇਕ ਦਰਬਾਰ । ਇਕ ਦਰਬਾਰਾ ਹਰਿ ਸੁਹਾਇਆ । ਪੂਰਨ ਜੋਤ ਜਗਾਇਆ । ਸੋਲਾਂ ਕਲ ਮਾਤ ਅਖਵਾਇਆ । ਹਉਮੇ ਮੈਂ ਹਉਂ ਭੇਵ ਚੁਕਾਇਆ । ਗੀਤਾ ਗਿਆਨ

੪੬੮
੦੫

ਗੋਝ ਲਿਖਾਇਆ । ਏਕਾ ਅਰਜਨ ਆਪ ਸਮਝਾਇਆ । ਲੱਖ ਚੁਰਾਸੀ ਬੋਝ ਉਠਾਇਆ । ਅਠਾਰਾਂ ਧਿਆਏ ਰਿਹਾ ਸਮਝਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਬਣਿਆ ਕ੍ਰਿਸ਼ਨ ਰਥਵਾਹਿਆ । ਆਪੇ ਰਥ ਰਥਵਾਹੀ ਭਗਤ ਚਲਾਇੰਦਾ । ਸ੍ਰਿਸ਼ਟ ਸਬਾਈ ਰਿਹਾ ਮਥ, ਭੇਵ ਕਿਸੇ ਨਾ ਆਇੰਦਾ । ਦੁਸ਼ਟ ਹੰਕਾਰੀਆਂ ਪਾਈ ਨੱਥ, ਸਾਚਾ ਖੇਤਰ ਇਕ ਬਣਾਇੰਦਾ । ਵੇਲੇ ਅੰਤਮ ਹੋਏ ਸਥ, ਅਠਾਰਾਂ ਅਕਸ਼ੂਣੀ ਆਪ ਖਪਾਇੰਦਾ । ਏਕਾ ਅਕਸ਼ੂਣੀ ਅਠਾਈ ਲੱਖ, ਸਾਚਾ ਲੇਖਾ ਆਪ ਲਿਖਾਇੰਦਾ । ਪਰਗਟ ਹੋਏ ਆਪ ਪਰਤਖ, ਧਰਮ ਪੁੱਤ ਦਇਆ ਕਮਾਇੰਦਾ । ਸਿਰ ਅਰਜਨ ਰੱਖੇ ਹੱਥ, ਭਗਤ ਭਗਵੰਤ ਪੂਰ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਯੁੱਗ ਦੁਆਪਰ ਅੰਤ ਮਥ, ਆਪ ਆਪਣਾ ਕਰਮ ਕਮਾਇੰਦਾ । ਆਪ ਆਪਣਾ ਕਰਮ ਕਮਾਇਆ, ਭਗਤ ਮਿਲੀ ਵਡਿਆਈ । ਮਾਨਸ ਦੇਹੀ ਜਨਮ ਦਵਾਇਆ, ਜੋਤ ਟਿਕਾਈ ਵਿਚ ਰਘੁਰਾਈ । ਪੰਜਾਂ ਤੱਤਾਂ ਤਨ ਬਣਾਈਆ, ਮਨ ਬੁਧ ਮਤ ਨਾਲ ਰਲਾਈ । ਆਪ ਆਪਣਾ ਵੇਖ ਵਖਾਇਆ, ਦਿਸ ਕਿਸੇ ਨਾ ਆਈ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਧਾਰੇ ਭੇਖ, ਸ੍ਰਿਸ਼ਟ ਸਬਾਈ ਰਿਹਾ ਵੇਖ, ਦੂਸਰ ਕਿਸੇ ਦਿਸ ਨਾ ਆਈ । ਵਡਾ ਹਰਿ ਧਰਿਆ ਭੇਖ, ਹਰਿ ਬਨਵਾਰਿਆ । ਦੁਆਪਰ ਮਿਟਾਈ ਰੇਖ, ਕ੍ਰਿਸ਼ਨ ਮੁਰਾਰਿਆ । ਕਲਜੁਗ ਦੂਰ ਦੁਰਾਡਾ ਰਿਹਾ ਵੇਖ, ਮੰਗੇ ਮੰਗ ਪ੍ਰਭ ਚਰਨ ਦਵਾਰਿਆ । ਮਸਤਕ ਟਿੱਕਾ ਲਾ ਲਾ ਸਾਚੀ ਮੇਖ, ਝੋਲੀ ਭਰੇ ਜੂਠ ਝੂਠ ਲੋਭ ਮੋਹ ਹੰਕਾਰਿਆ । ਜੋਤੀ ਜੋਤ ਸਰੂਪ ਹਰਿ, ਕਲਜੁਗ ਅੰਤਮ ਵੇਖ ਦਰ, ਕਲਜੁਗ ਕਰੇ ਖੇਲ ਅਪਰ ਅਪਾਰਿਆ । ਲਛਮੀ ਕਰੇ ਚਰਨ ਪਿਆਰ, ਚੋਲੀ ਲਾਲ ਰੰਗਾਈਆ । ਸੁਹਣੀ ਸੇਜਾ ਸੁੱਤਾ ਪੈਰ ਪਸਾਰ, ਦਿਵਸ ਰੈਣ ਕਰੇ ਪਿਆਰ, ਆਲਸ ਨਿੰਦਰਾ ਮਗਰੋਂ ਲਾਹੀਆ । ਹਰਿਜਨ ਕਰਨ ਆਇਆ ਸੱਚਾ ਪਿਆਰ, ਮਿਲੇ ਮੇਲ ਨਾ ਹੋਏ ਜੁਦਾਈਆ । ਫੜ ਫੜ ਬਾਹੋਂ ਜਾਏ ਤਾਰ, ਘਰ ਸਾਚੇ ਹੋਏ ਕੁੜਮਾਈਆ । ਲੱਖ ਚੁਰਾਸੀ ਉਤਰੇ ਪਾਰ, ਜੰਮ ਜੰਮ ਗੇੜਾ ਆਪ ਕਟਾਈਆ । ਨਿਰਮਲ ਜੋਤੀ ਹੋਏ ਉਜਿਆਰ, ਅਗਿਆਨ ਅੰਧੇਰ ਸਰਬ ਮਿੱਟ ਜਾਈਆ । ਨਰਾਇਣ ਨਰਾਇਣ ਦਰਸ ਤੀਜੇ ਨੈਣ, ਮਿਲੇ ਮੇਲ ਸਾਚੇ ਮਾਹੀਆ । ਚੋਲੀ ਰੰਗ ਗੁਲਾਲ ਤਨ ਮਨ ਰਤਿਆ । ਦਰ ਘਰ ਹੋਈ ਸਾਚੀ ਗੋਲੀ, ਤਨ ਮਨ ਆਤਮ ਬੰਨ੍ਹੇ ਧੀਰਜ ਜਤਿਆ । ਆਪ ਉਠਾਏ ਕਾਇਆ ਡੋਲੀ, ਹੌਲੀ ਹੌਲੀ ਅੰਦਰ ਬੋਲੀ, ਵੇਖ ਵਖਾਣੇ ਪੰਜਾਂ ਤੱਤਾਂ, ਅਪ ਤੇਜ਼ ਵਾਏ ਪ੍ਰਿਥਮੀ ਅਕਾਸ਼, ਹੱਡ ਮਾਸ ਨਾੜੀ ਨਾੜ ਰਤ ਰਤਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਆਪ ਮਿਤ ਗਤਿਆ । ਆਏ ਚਰਨ ਦਵਾਰ ਤਨ ਮਨ ਰੰਗਿਆ । ਮਿਲਿਆ ਮੇਲ ਪੁਰਖ ਭਤਾਰ, ਦੇਵੇ ਦਾਨ ਮੂੰਹੇ ਮੰਗਿਆ । ਸੋਲਾਂ ਕਰੇ ਕਰਾਏ ਤਨ ਸ਼ਿੰਗਾਰ, ਜੋ ਜਨ ਪ੍ਰੇਮੀ ਆਤਮ ਭੁੱਖਾ ਨੰਗਿਆ । ਦੇਵਣਹਾਰ ਸਦਾ ਦਾਤਾਰ, ਜਨ ਭਗਤਾਂ ਕੋਲ ਕਦੇ ਨਾ ਸੰਗਿਆ । ਅੰਮ੍ਰਿਤ ਆਤਮ ਦੇਵੇ ਠੰਡੀ ਠਾਰ, ਦਸਮ ਦਵਾਰੀ ਪਿਆਲਾ ਟੰਗਿਆ । ਝਿਰਨਾ ਝਿਰੇ ਅਪਰ ਅਪਾਰ, ਦਰ ਦਵਾਰਾ ਏਕਾ ਮੰਗਿਆ । ਜਗੇ ਜੋਤ ਅਗੰਮ ਅਪਾਰ, ਵੱਜੇ ਤਾਲ ਸ਼ਬਦ ਮਰਦੰਗਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਰੰਗਣ ਕਾਇਆ ਰੰਗਿਆ । ਰੰਗਣ ਆਇਆ ਰੰਗ ਹਰਿ ਲਲਾਰੀਆ । ਸ਼ਬਦ ਘੋੜੇ ਕਸਿਆ ਤੰਗ, ਪਰਗਟ ਹੋਇਆ ਨਿਹਕਲੰਕ ਬਲੀ ਵਡ ਬਲਕਾਰਿਆ । ਨੌ ਖੰਡ ਪ੍ਰਿਥਮੀ ਸ਼ਬਦ ਸਰੂਪੀ ਵੇਖੇ ਜੰਗ, ਜਨ ਭਗਤਾਂ ਵੇਖੇ ਮਾਤ ਇਕ ਅਖਾੜਿਆ । ਇਕ ਉਡਾਰੀ ਚੜ੍ਹੇ ਪਤੰਗ, ਵਸੇ ਬਾਹਰ

ਨੌਂ ਦਵਾਰਿਆ । ਅੰਮ੍ਰਿਤ ਆਤਮ ਵਹਾਈ ਸਾਚੀ ਗੰਗ, ਆਪੇ ਵਸੇ ਆਰ ਪਾਰਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਰ ਨਰਾਇਣ ਤਨ ਭਰੇ ਸ਼ਬਦ ਭੰਡਾਰਿਆ ।

★ ੨੯ ਪੋਹ ੨੦੧੨ ਬਿਕ੍ਰਮੀ ਹਰਿ ਭਗਤ ਦਵਾਰ ਜੇਠੂਵਾਲ ਪੰਜਾਂ ਪਿਆਰਿਆਂ ਦੇ ਨਵਿਤ ★

ਸ਼ਬਦ ਕਰਾਇਆ ਵੇਸ, ਕਲਜੁਗ ਕਾਲਾ ਰੰਗਿਆ । ਸ਼ਬਦ ਬਣਾਇਆ ਦਰ ਦਰਵੇਸ਼, ਮੁਹੰਮਦ ਮੰਗੀ ਸਾਚੀ ਮੰਗਿਆ । ਆਪੇ ਵੇਖੇ ਧਰ ਧਰ ਭੇਸ, ਸਚ ਦਵਾਰੇ ਆਪੇ ਲੰਘਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਵਿਚ ਵਰਭੰਡਿਆ । ਮੰਗੀ ਮੰਗ ਇਕ ਅਪਾਰ, ਮੁਹੰਮਦ ਦੀਨ ਅਲਾਹੀਆ । ਪੁਰਖ ਅਬਿਨਾਸ਼ੀ ਕਿਰਪਾ ਧਾਰ, ਬਣਨਾ ਸਚ ਮਲਾਹੀਆ । ਕਲਜੁਗ ਅੰਤਮ ਹੋਣਾ ਛਾਰ, ਝੂਠੀ ਲੱਗਣੀ ਮਸਤਕ ਛਾਹੀਆ । ਚਾਰ ਯਾਰਾਂ ਆਉਣੀ ਹਾਰ, ਚਾਰੋਂ ਕੁੰਟਾਂ ਪਏ ਦੁਹਾਈਆ । ਸੋਹੰ ਸ਼ਬਦ ਕਰੇ ਖ਼ਬਰਦਾਰ, ਪੀਰ ਫਕੀਰਾਂ ਰਿਹਾ ਜਗਾਈਆ । ਜੋਤੀ ਜਾਮਾ ਧਰ ਕਰਤਾਰ, ਆਪ ਆਪਣਾ ਰੰਗ ਵਟਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਆਪ ਆਪਣੀ ਬਣਤ ਬਣਾਈਆ । ਪ੍ਰਭ ਸਾਚਾ ਦਰ ਦਰਵੇਸ਼, ਜਗਤ ਮੌਲਾਣਾ ਏ । ਜੋਤੀ ਜਾਮਾ ਹਰਿ ਪਰਵੇਸ਼, ਵੇਖ ਵਖਾਣੇ ਰਾਜਾ ਰਾਣਾ ਏ । ਮਾਝੇ ਧਰਿਆ ਹਰਿ ਹਰਿ ਭੇਸ, ਸ਼ਬਦ ਸਿੰਘਾਸਣ ਸਚ ਟਿਕਾਣਾ ਏ । ਨਾ ਕੋਈ ਜਾਣੇ ਧਾਰੀ ਕੇਸ, ਗੁਣਵੰਤਾ ਗੁਣ ਨਿਧਾਨਾ ਏ । ਦਰ ਦਰ ਘਰ ਘਰ ਲਭਦੇ ਫਿਰਨ ਸ੍ਰੀ ਦਸਮੇਸ਼, ਵਰਤੇ ਆਪਣਾ ਭਾਣਾ ਏ । ਪਰਗਟ ਹੋਇਆ ਨਰ ਨਰੇਸ਼, ਤਨ ਪਾਇਆ ਕਾਲਾ ਬਾਣਾ ਏ । ਕੋਈ ਨਾ ਚਲੇ ਕਿਸੇ ਪੇਸ਼, ਤਖ਼ਤੋਂ ਲਾਹੇ ਸ਼ਾਹ ਸੁਲਤਾਨਾਂ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵੇਖੇ ਖੇਲ ਦੋ ਜਹਾਨਾ ਏ । ਦੋ ਜਹਾਨੀ ਕਾਜ ਹਰਿ ਰਚਾਇਆ । ਭਾਗ ਲੱਗੇ ਦੇਸ ਮਾਝ, ਪ੍ਰਭ ਸਾਚੇ ਸਮਾਂ ਸੁਹਾਇਆ । ਧੁਰ ਦਰਗਾਹੀ ਤੇਰਾ ਸਾਚਾ ਰਾਜ, ਲੋਕਮਾਤ ਸ਼ਬਦ ਨਿਸ਼ਾਨਾ ਦਏ ਝੁਲਾਇਆ । ਬੀਸ ਇਕੀਸਾ ਸਿਰ ਸੋਹੇ ਸਾਚਾ ਤਾਜ, ਕਾਜ ਆਪਣਾ ਆਪ ਰਚਾਇਆ । ਜਨ ਭਗਤਾਂ ਰੱਖਣ ਆਇਆ ਲਾਜ, ਆਪ ਆਪਣੇ ਅੰਕ ਸਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਭਾਣਾ ਸਹਿਣਾ ਹੁਕਮ ਸੁਣਾਇਆ । ਹਰਿ ਭਾਣਾ ਬਲਵਾਨ, ਕਿਸੇ ਨਾ ਰੋਕਿਆ । ਪਰਗਟ ਹੋਇਆ ਨੌਜਵਾਨ, ਸ਼ਬਦ ਉਠਾਏ ਇਕ ਨਿਸ਼ਾਨ, ਅਨਾਥ ਅਨਾਥਾਂ ਨਾਥ ਤ੍ਰੈਲੋਕੀਆ । ਆਪ ਉਡਾਏ ਧਰਮ ਬਿਬਾਣ, ਲੋਆਂ ਪੁਰੀਆਂ ਪੁਣ ਛਾਣ, ਸੋਹੰ ਸੋ ਸਚ ਸੁਣਾਏ ਜਗਤ ਸਲੋਕੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣਾ ਭੇਖ ਧਰ, ਗੁਰਮੁਖ ਖੋਜੇ ਤਨ ਬੈਰਾਗੀਆ । ਕਾਇਆ ਮੰਦਰ ਧੁੰਦੂਕਾਰਾ ਏ । ਵਿਰਲੇ ਸੁਰਤੀ ਸ਼ਬਦ ਜਾਗੀ, ਵੱਜੇ ਤਾਲ ਅਪਾਰਾ ਏ । ਕੋਈ ਨਾ ਜਾਣੇ ਜਗਤ ਤਿਆਗੀ, ਘਰ ਘਰ ਧੁੰਦੂਕਾਰਾ ਏ । ਨੁਹਾਵਣ ਨੁਹਾਇਆ ਸਾਚਾ ਮਾਘੀ, ਪ੍ਰਭ ਚਰਨ ਸੱਚੀ ਨਿਮਸਕਾਰਾ ਏ । ਦਰ ਦਵਾਰੇ ਧੋਇਆ ਦਾਗ਼ੀ, ਮਿਲਿਆ ਮੇਲ ਪੁਰਖ ਭਤਾਰਾ ਏ । ਧੁਰ ਦਰਗਾਹੀ ਆਇਆ ਵਾਗੀ, ਹੱਥ ਫੜਿਆ ਸ਼ਬਦ ਕਟਾਰਾ ਏ । ਜੋਤੀ ਜੋਤ ਸਰੂਪ ਹਰਿ, ਗੁਰਮੁਖ ਸਾਚੇ ਸੰਤ ਜਨਾਂ ਆਪੇ ਵੇਖੇ ਪਹਿਰੇਦਾਰਾ ਏ । ਚੌਹਾਂ ਯਾਰਾਂ ਕਰ ਪਿਆਰ, ਸੰਗ ਰਲਾਇਆ ਏ । ਨੀਲੀ ਰੱਖ ਸੀਸ ਦਸਤਾਰ, ਮਸਤਕ ਟਿੱਕਾ

ਲਾਇਆ ਏ । ਗਲ ਚੋਲੀ ਅਪਰ ਅਪਾਰ, ਪੰਜਾਂ ਤੱਤਾਂ ਬੰਦ ਕਰਾਇਆ ਏ । ਤੀਜੇ ਕਰੇ ਆਪ ਪਿਆਰ, ਆਪਣੀ ਭੁਜਾ ਨਾਲ ਸਜਾਇਆ ਏ । ਚੌਥੇ ਬਖ਼ਸ਼ੇ ਚਰਨ ਪਿਆਰ, ਰੰਗਣ ਰੰਗ ਰੰਗਾਇਆ ਏ । ਆਪੇ ਵਸੇ ਹੋ ਹੋ ਬਾਹਰ, ਦਿਸ ਕਿਸੇ ਨਾ ਆਇਆ ਏ । ਅਹਿਮਦ ਮੁਹੰਮਦ ਏਕਾ ਧਾਰ, ਏਕਾ ਮਾਤ ਪਿਤ ਅਖਵਾਇਆ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣਾ ਦਿਤਾ ਵਰ, ਵੇਲੇ ਅੰਤਮ ਤੋੜ ਨਿਭਾਇਆ ਏ । ਤੋੜ ਨਿਭਾਵਣ ਆਇਆ ਵੇਲੇ ਅੰਤ, ਭੇਖਾਧਾਰੀ ਭੇਖ ਵਟਾਈਆ । ਮਹਿੰਮਾ ਰੱਖੇ ਅਗਣਤ, ਅੰਤ ਕੋਈ ਭੇਵ ਨਾ ਪਾਈਆ । ਨਾ ਕੋਈ ਜਾਣੇ ਜਹਾਨ ਕਵਣ ਦਵਾਰੇ ਸੁੱਤਾ ਜੰਤ, ਚਾਰੇ ਕੁੰਟਾਂ ਮਾਰ ਧਿਆਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਨਿਸ਼ਾਨਾ ਇਕ ਵਖਾਈਆ । ਸ਼ਬਦ ਨਿਸ਼ਾਨਾ ਇਕ ਵਖਾਇੰਦਾ । ਪਹਿਲੀ ਚੇਤਰ ਲੇਖ ਲਿਖਾਉਣਾ, ਰਾਜਾ ਰਾਣਾ ਪਕੜ ਉਠਾਇੰਦਾ । ਆਪ ਆਪਣੇ ਚਰਨ ਲਗਾਉਣਾ, ਭਾਣਾ ਸਹਿਣਾ ਹੁਕਮ ਸੁਣਾਇੰਦਾ । ਸੋਹੰ ਸਾਚਾ ਸ਼ਬਦ ਗਾਉਣਾ, ਸਤਿਜੁਗ ਸਾਚਾ ਰਾਹ ਵਖਾਇੰਦਾ । ਕਲਜੁਗ ਵੇਲਾ ਅੰਤਮ ਆਉਣਾ, ਅਗੇ ਹੋ ਨਾ ਕੋਈ ਛੁਡਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੇ ਰੰਗ ਸਮਾਇੰਦਾ । ਚਾਰ ਯਾਰ ਸਾਚਾ ਮੀਤਾ, ਪੁਰਖ ਨਿਰੰਜਣ ਆਇਆ ਏ । ਆਪੇ ਜਾਣੇ ਆਪਣੀ ਰੀਤਾ, ਇਕ ਵਖਾਏ ਸਚ ਮਸੀਤਾ, ਕਾਇਆ ਮੰਦਰ ਇਕ ਸੁਹਾਇਆ ਏ । ਵਜ਼ੂ ਕਰਾਏ ਪਾਕ ਪੁਨੀਤਾ, ਬਰਦਾ ਦਰ ਦਾ ਇਕ ਬਣਾਇਆ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅਚਰਜ ਖੇਲ ਰਚਾਇਆ ਏ । ਖੇਲ ਰਚਾਏ ਜਗਤ ਜਗ, ਭੁੱਲੀ ਸਰਬ ਲੋਕਾਈਆ । ਚਾਰੋਂ ਕੁੰਟ ਲੱਗੇ ਅੱਗ, ਵੇਖੇ ਖੇਲ ਖ਼ੁਦੀ ਖ਼ੁਦਾਈਆ । ਕਿਸੇ ਸੀਸ ਅੰਤਮ ਨਾ ਦਿਸੇ ਪਗ, ਚਾਰੋਂ ਕੁੰਟ ਵਾਹੋ ਦਾਹੀਆ । ਪਰਗਟ ਹੋਇਆ ਸ਼ਾਹ ਸੂਰਾ ਸਰਬਗ, ਦੀਨ ਮੁਹੰਮਦ ਦੇਵਣ ਆਇਆ ਧੁਰ ਦਰਗਾਹੀ ਸੱਚੀ ਇਕ ਸਲਾਹੀਆ । ਧੁਰ ਦਰਗਾਹੀ ਸਚ ਸਲਾਹ, ਦੇਵਣ ਆਇਆ ਜਗਤ ਨਵਾਬ । ਆਪੇ ਹੋਏ ਭਗਤ ਮਲਾਹ, ਚਰਨ ਘੋੜੇ ਦਏ ਰਕਾਬ । ਦਏ ਰਕਾਬ । ਕਿਸੇ ਲੈਣ ਨਾ ਦੇਵੇ ਉਚਾ ਸਾਹ, ਮੁਖ ਰਖਾਏ ਕਾਲੀ ਨਕਾਬ । ਵੇਖ ਵਖਾਣੇ ਥਾਓ ਥਾਂ, ਕਿਸੇ ਹੱਥ ਨਾ ਆਵੇ ਬੇ ਬੇਆਬ । ਨਾ ਕੋਈ ਦਿਸੇ ਪਿਤਾ ਮਾਂ, ਵਰਤੇ ਖੇਲ ਹੱਕ ਜ਼ਨਾਬ । ਜਗਤ ਨਿਸ਼ਾਨਾ ਉਡੇ ਨਾ, ਮੇਟ ਮਿਟਾਏ ਮੱਕਾ ਕਾਅਬ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਕੰਤ ਕੰਤੂਹਲ ਅੰਤ ਸ਼ਿਤਾਬ । ਖੇਲਣਹਾਰ ਖਿਲਾਵਣ ਆਇਆ, ਉਮਤ ਨਬੀ ਰਸੂਲ ਦੀ । ਫੜ ਫੜ ਬਾਹੋਂ ਰਾਹੇ ਪਾਵਣ ਆਇਆ, ਏਕਾ ਹੱਜ ਸਾਚਾ ਜੋ ਕਬੂਲਦੀ । ਦੇ ਮਤ ਜਗਤ ਸਮਝਾਵਣ ਆਇਆ, ਤਿੱਖੀ ਧਾਰ ਸ਼ਬਦ ਤਰਸੂਲ ਦੀ । ਭੇਖਾਧਾਰੀ ਬਾਵਨ ਆਇਆ, ਕਲਜੁਗ ਤੋੜੇ ਜਗਤ ਸਿੰਘਾਸਣ ਭੰਨੇ ਪਾਵੇ ਚੂਲ ਦੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਕੰਤ ਕੰਤੂਹਲ ਦੀ । ਚਾਰ ਯਾਰ ਦੇਣ ਦੁਹਾਈ, ਵੇਲਾ ਅੰਤਮ ਆਇਆ ਏ । ਪਰਗਟ ਹੋਇਆ ਧੁਰ ਦਰਗਾਹੀ, ਦਿਸ ਕਿਸੇ ਨਾ ਆਇਆ ਏ । ਮਸਤਕ ਟਿੱਕਾ ਦਰ ਦਰ ਵੇਖੇ ਲੱਗੀ ਛਾਹੀ, ਭਰਮ ਭੁੱਲਿਆ ਦੀਨ ਸਬਾਇਆ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਚਾਰ ਯਾਰੀ ਰਿਹਾ ਮਿਟਾਇਆ ਏ । ਚਾਰ ਯਾਰੀ ਜਾਏ ਮੁੱਕ, ਵੇਲਾ ਅੰਤ ਕਰਾਉਣਾ ਏ । ਚਾਰੋਂ ਕੁੰਟ ਪਏ ਮੁਖ ਥੁੱਕ, ਨਾ ਕੋਈ ਕਿਸੇ ਛੁਡਾਉਣਾ ਏ । ਰਸਨਾ ਤੀਰ ਕਮਾਣੋ ਜਾਏ ਛੁੱਟ, ਏਕਾ ਚਿਲਾ ਨਾਮ ਚੜ੍ਹਾਉਣਾ ਏ । ਵੇਲਾ ਨੇੜੇ ਆਇਆ ਢੁੱਕ, ਬੂਰਾ ਕੱਕਾ ਬਿੱਲਾ ਨਾਲ ਹਿਲਾਉਣਾ ਏ । ਅਲ੍ਹਾ ਰਾਣੀ ਤੇਰਾ ਬੂਟਾ

ਜਾਏ ਸੁੱਕ, ਫੜ ਜੜ੍ਹ ਆਪ ਹਿਲਾਉਣਾ ਏ । ਕਲਜੁਗ ਕਾਲਾ ਆਪਣਾ ਭਾਰ ਲਏ ਚੁਕ, ਸੰਗ ਮੁਹੰਮਦ ਸਾਚਾ ਯਾਰ ਮਿਲਾਉਣਾ ਏ । ਧਰਤ ਮਾਤ ਦੀ ਖਾਲੀ ਹੋਵੇ ਕੁੱਖ, ਜੂਠਾ ਝੂਠਾ ਨਸ਼ਟ ਕਰਾਉਣਾ ਏ । ਸਤਿਜੁਗ ਸਾਚਾ ਸੁਖਣਾ ਰਿਹਾ ਸੁੱਖ, ਪਰਗਟ ਹੋਏ ਜੇਠਾ ਪੁੱਤ, ਪ੍ਰਭ ਆਪਣੀ ਹੱਥੀਂ ਗੋਦ ਉਠਾਉਣਾ ਏ । ਆਪ ਪਰਗਟਾਏ ਦਇਆ ਕਮਾਏ ਪ੍ਰਭ ਅਬਿਨਾਸ਼ੀ ਪਾਰਬ੍ਰਹਮ ਅਚੁਤ, ਸਾਚੀ ਸੇਵ ਕਮਾਉਣਾ ਏ । ਸਤਿਜੁਗ ਤੇਰੀ ਆਪ ਸੁਹਾਏ ਸਾਚੀ ਰੁੱਤ, ਫਲ ਫੁਲਵਾੜੀ ਮਾਤ ਲਗਾਉਣਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚੀ ਬਣਤ ਬਣਾਉਣਾ ਏ । ਸਾਚੀ ਬਣਤ ਬਣਾਏ ਦਇਆ ਕਮਾਇੰਦਾ । ਨੌਂ ਦਵਾਰੇ ਵੇਖ, ਭਗਤ ਤਰਾਇੰਦਾ । ਦਸਵੇਂ ਵਸੇ ਏਕਾ ਏਕ, ਦਿਸ ਕਿਸੇ ਨਾ ਆਇੰਦਾ । ਗੁਰਮੁਖਾਂ ਕਰੇ ਬੁਧ ਬਿਬੇਕ, ਆਤਮ ਇਕ ਪਿਆਇੰਦਾ । ਚਰਨ ਪ੍ਰੀਤੀ ਦੇਵੇ ਏਕਾ ਟੇਕ, ਗੀਤ ਸੁਹਾਗੀ ਇਕ ਸੁਣਾਇੰਦਾ । ਕਿਸੇ ਹੱਥ ਨਾ ਆਏ ਔਲੀਏ ਪੀਰ ਸ਼ੇਖ਼, ਮੁਲਾਂ ਕਾਜ਼ੀ ਭਰਮ ਭੁਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਾਰ, ਸਾਚਾ ਮਾਰਗ ਲਾਇੰਦਾ । ਕਲਜੁਗ ਅੰਤ ਕਰਾਵਣ ਆਇਆ, ਨਿਹਕਲੰਕ ਅਵਤਾਰਾ ਏ । ਸਾਧ ਸੰਤ ਜਗਾਵਣ ਆਇਆ, ਦੇਵੇ ਸ਼ਬਦ ਹੁਲਾਰਾ ਏ । ਗੁਰਮੁਖ ਸੋਏ ਮਾਤ ਉਠਾਵਣ ਆਇਆ, ਜਨ ਭਗਤ ਸੁਹਾਏ ਚਰਨ ਦਵਾਰਾ ਏ । ਅੰਮ੍ਰਿਤ ਜਾਮ ਪਿਆਵਣ ਆਇਆ, ਧੁਰ ਦਰਗਾਹੀ ਨਾਮ ਭੰਡਾਰਾ ਏ । ਅੰਮ੍ਰਿਤ ਮੇਘ ਸਵਣ ਸਾਵਣ ਬਰਸਾਵਣ ਆਇਆ, ਸਾਵਣ ਸਾਵਲ ਸੁੰਦਰ ਰੂਪ ਅਪਾਰਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਜਾਣੇ ਜਗਤ ਵਿਹਾਰਾ ਏ । ਜਗਤ ਵਿਹਾਰਾ ਰੀਤ, ਹਰਿ ਚਲਾਇੰਦਾ । ਸਦੀ ਬੀਸਵੀਂ ਰਹੀ ਬੀਤ, ਬੀਸ ਇਕੀਸਾ ਬਣਤ ਬਣਾਇੰਦਾ । ਨਾ ਕੋਈ ਗਾਏ ਰਾਗ ਛਤੀਸ, ਰਾਗਾਂ ਨਾਦਾਂ ਵਕਤ ਚੁਕਾਇੰਦਾ । ਨਾ ਕੋਈ ਪੜ੍ਹੇ ਕੁਰਾਨ ਹਦੀਸ, ਅੰਜ਼ੀਲ ਕੁਰਾਨਾਂ ਮੁਖ ਭਵਾਇੰਦਾ । ਵੇਦ ਪੁਰਾਨਾਂ ਰਿਹਾ ਪੀਸ, ਸੀਸ ਕਿਸੇ ਦਿਸ ਨਾ ਆਇੰਦਾ । ਲੱਖ ਚੁਰਾਸੀ ਰਹੀ ਪੀਸ, ਮਾਇਆ ਰਾਣੀ ਚੱਕੀ ਇਕ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਕਾਲਾ ਵੇਸ ਕਰ, ਲੱਖ ਚੁਰਾਸੀ ਭਰਮ ਭੁਲਾਇੰਦਾ । ਭਰਮੇ ਭੁੱਲੀ ਲੱਖ ਚੁਰਾਸੀ ਜੋਤੀ ਭੇਵ ਅਵੱਲੜਾ । ਧਰਮ ਰਾਏ ਦਰ ਦੇਵੇ ਫਾਸੀ, ਪਰਗਟ ਹੋਏ ਇਕ ਇਕੱਲੜਾ । ਕੋਇ ਨਾ ਦੀਸੇ ਮਦਿਰਾ ਮਾਸੀ, ਕਲਜੁਗ ਅੰਤਮ ਹੋਏ ਖਾਲੀ ਪੱਲੜਾ । ਗੁਰਮੁਖ ਵਿਰਲੇ ਵੇਖ ਵਖਾਣੇ ਸ਼ਬਦ ਸਵਾਸੀ, ਪਾਰ ਕਰਾਏ ਕਾਇਆ ਚੰਮੜਾ । ਮਾਨਸ ਜਨਮ ਹੋਏ ਰਹਿਰਾਸੀ, ਮਿਲੇ ਮੇਲ ਸਾਚੇ ਸ਼ਬਦ ਅੰਮੜੀ ਅੰਮੜਾ । ਕਿਸੇ ਹੱਥ ਨਾ ਆਏ ਪੰਡਤ ਕਾਂਸ਼ੀ, ਦਰ ਦਰ ਘਰ ਘਰ ਮੰਗਦੇ ਫਿਰਦੇ ਦਮੜਾ । ਜੋਤੀ ਜੋਤ ਸਰੂਪ ਹਰਿ, ਜੋਤ ਨਿਰੰਜਣ ਮਾਤ ਪਰਕਾਸ਼ੀ, ਕਰੇ ਖੇਲ ਅਗੰਮੜਾ । ਪੁਰਖ ਅਗੰਮ ਅਥਾਹ, ਖੇਲ ਬੇਪਰਵਾਹੀਆ । ਦੋ ਜਹਾਨੀ ਬਣ ਮਲਾਹ, ਲੋਕਮਾਤੀ ਜੋਤ ਜਗਾਈਆ । ਤਿੰਨਾਂ ਲੋਕਾਂ ਏਕਾ ਰਾਹ, ਰਿਹਾ ਬਣਤ ਬਣਾਈਆ । ਬ੍ਰਹਮਾ ਅੱਠੇ ਨੇਤਰ ਰਿਹਾ ਤਕਾ, ਚਾਰੋਂ ਮੁਖ ਚਾਰੇ ਦਿਸ਼ਾ ਭਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਬ੍ਰਹਿਮੰਡ ਖੰਡ ਵੇਖੇ ਥਾਉਂ ਥਾਈਆ । ਨੇਤਰ ਖੋਲ੍ਹੇ ਉਠ ਉਠ ਬੋਲੇ, ਚਾਰ ਕੁੰਟ ਉਜਿਆਰਾ ਏ । ਜਗਤ ਸਿੰਘਾਸਣ ਸਾਰਾ ਡੋਲੇ, ਪਰਗਟ ਹੋਏ ਨਰ ਨਿਰੰਕਾਰਾ ਏ । ਸ਼ਿਵ ਸ਼ੰਕਰ ਅੰਦਰ ਕੁੰਡਾ ਖੋਲ੍ਹੇ, ਵੇਖੇ ਮੰਦਰ ਇਕ ਅਪਾਰਾ ਏ । ਕਰੋੜ ਤੇਤੀਸਾ ਸੁਰਪਤ ਰਾਜਾ ਇੰਦ ਸਾਚਾ ਤੋਲ ਤੋਲੇ, ਕਰਾਏ ਵਣਜ ਸੱਚਾ ਵਪਾਰਾ ਏ । ਨਾਥ ਤ੍ਰੈਲੋਕੀ ਕਰੇ ਖੇਲ ਕਾਇਆ ਚੋਲੇ, ਨਾ ਕੋਈ

ਜਾਣੇ ਜੰਤ ਗਵਾਰਾ ਏ । ਆਪੇ ਵਸੇ ਪੜਦੇ ਓਹਲੇ, ਸਚ ਮਹੱਲੇ ਪਸਰ ਪਸਾਰਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿਜੁਗ ਤੇਰੀ ਬੰਨ੍ਹਣ ਆਇਆ ਸਾਚੀ ਧਾਰਾ ਏ । ਸਤਿਜੁਗ ਸਾਚੀ ਧਾਰ ਬੰਨ੍ਹਾਏ, ਸਾਚਾ ਰਾਹ ਚਲਾਉਣਾ ਏ । ਚਾਰ ਵਰਨ ਇਕ ਥਾਂ ਬਹਾਏ, ਊਚਾਂ ਨੀਚਾਂ ਭੇਵ ਮਿਟਾਉਣਾ ਏ । ਦਰ ਘਰ ਸਾਚੇ ਏਕਾ ਨਾਮ ਜਪਾਏ, ਸੋਹੰ ਸਾਚਾ ਨਾਉਂ ਰਖਾਉਣਾ ਏ । ਤੀਨੋ ਤਾਪ ਮਾਰ ਵਖਾਏ, ਪੁੰਨ ਪਾਪ ਨਾ ਕੋਈ ਜਣਾਉਣਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚਾ ਲੇਖਾ ਆਪ ਲਿਖਾਉਣਾ ਏ । ਲੇਖਾ ਲਿਖਣਹਾਰ ਜਗਤ ਸਵਾਮੀ, ਜੋਤ ਜਗਾਇੰਦਾ । ਜਨ ਭਗਤਾਂ ਪਕੜੇ ਦਾਮਨ ਦਾਨੀ, ਨਿਹਕਾਮੀ ਨਿਹਕਰਮ ਕਮਾਇੰਦਾ । ਕਲਜੁਗ ਤੇਰੀ ਮਿਟੇ ਅੰਧੇਰੀ ਸ਼ਾਮੀ, ਸ਼ਾਮ ਸ਼ਾਮਾ ਰੰਗ ਵਟਾਇੰਦਾ । ਸਰਬ ਘਟਾਂ ਹਰਿ ਅੰਤਰਜਾਮੀ, ਅੰਦਰ ਬਾਹਰ ਵੇਖ ਵਖਾਇੰਦਾ । ਗੁਰਮੁਖ ਵਿਰਲਾ ਪੱਲੇ ਬੰਨ੍ਹੇ ਨਾਮ ਦਾਮੀ, ਲੱਖ ਚੁਰਾਸੀ ਖਾਲੀ ਹੱਥ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਚਲਾਏ ਸਾਚੀ ਬਾਨੀ, ਚਾਰ ਵਰਨਾਂ ਏਕਾ ਰਾਹ ਵਖਾਇੰਦਾ । ਏਕਾ ਬਾਣੀ ਏਕਾ ਖਾਣੀ, ਜੇਰਜ ਭਾਗ ਲਗਾਈਆ । ਕਲਜੁਗ ਤਣਦਾ ਸਾਚੀ ਤਾਣੀ, ਸੁਰਤ ਸਵਾਣੀ ਨਾਲ ਰਲਾਈਆ । ਦਿਵਸ ਰੈਣ ਤਨ ਭਰਦੀ ਪਾਣੀ, ਪੀਸਣ ਪੀਸੇ ਸੇਵ ਕਮਾਈਆ । ਸ਼ਬਦ ਮਿਲ ਗਿਆ ਸਾਚਾ ਹਾਣੀ, ਘਰ ਸਾਚੇ ਖ਼ੁਸ਼ੀ ਮਨਾਈਆ । ਲੇਖੇ ਲੱਗੀ ਜਗਤ ਜਵਾਨੀ, ਸਾਚਾ ਕੰਤ ਇਕ ਪਰਨਾਈਆ । ਆਪੇ ਹੋਏ ਜਾਣ ਜਾਣੀ ਜਾਣੀ ਜਾਣ ਰਹੀ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਕਰੇ ਖੇਲ ਵਡ ਵਡੀ ਵਡਿਆਈਆ । ਨਿਰਵੈਰ ਨਿਰਵੈਰ ਨਿਰਵੈਰ ਨਿਰੰਕਾਰਿਆ । ਨਿਰਵੈਰ ਨਿਰਵੈਰ ਨਿਰਵੈਰ ਸਰਬ ਘਟ ਘਟ ਘਟ ਪਸਰ ਪਸਾਰਿਆ । ਨਿਰਵੈਰ ਨਿਰਵੈਰ ਨਿਰਵੈਰ ਤੀਰਥ ਤਟ ਜਮਨ ਗੰਗ ਕਿਨਾਰਿਆ । ਨਿਰਵੈਰ ਨਿਰਵੈਰ ਨਿਰਵੈਰ ਅੰਗ ਸੰਗ ਸੰਗ ਅੰਗ ਸਰਬ ਸੰਸਾਰਿਆ । ਨਿਰਵੈਰ ਨਿਰਵੈਰ ਨਿਰਵੈਰ ਆਪ ਆਪਣੇ ਵਸੇ ਸੰਗ, ਰੰਗ ਰੰਗੀਲਾ ਮਾਧਵ ਮਾਧ ਆਪਣੀ ਧਾਰਾ ਆਪ ਚਲਾ ਰਿਹਾ । ਆਪ ਚਲਾਏ ਆਪਣੀ ਧਾਰ, ਜੋਤੀ ਨੂਰ ਉਪਾਈਆ । ਜੋਤੀ ਨੂਰ ਅਪਰ ਅਪਾਰ, ਸਾਚੇ ਘਰ ਕਰੇ ਰੁਸ਼ਨਾਈਆ । ਸਾਚਾ ਘਰ ਇਕ ਦਵਾਰ, ਦੂਸਰ ਕੋਇ ਦਿਸ ਨਾ ਆਈਆ । ਪਵਣ ਪਵਣੀ ਨਾ ਪਾਏ ਸਾਰ, ਸ਼ਬਦ ਸੁਰਤ ਨਾ ਕੋਇ ਗਾਈਆ । ਨਾ ਕੋਈ ਰਾਗ ਨਾਦ ਵੱਜੇ ਤੂਰਤ, ਮਰਦੰਗ ਢੋਲ ਨਾ ਕੋਈ ਰਖਾਈਆ । ਏਕਾ ਏਕ ਅਕਾਲ ਮੂਰਤ, ਸਾਚੇ ਘਰ ਡਗਮਗਾਈਆ । ਦੂਜੇ ਦਰ ਵੇਖ ਵਖਾਏ, ਸ਼ਬਦ ਸਰੂਪੀ ਵੱਜੇ ਤਾਲਾ ਏ । ਤੀਜੇ ਘਰ ਚਰਨ ਛੁਹਾਏ, ਪਵਣ ਸਵਾਸੀ ਚਲੇ ਨਾਲਾ ਏ । ਚੌਥੇ ਘਰ ਮੇਲ ਮਿਲਾਏ, ਸਾਚਾ ਮੇਲਾ ਗੁਰ ਗੋਪਾਲਾ ਏ । ਪੰਚਮ ਜੋੜਾ ਆਪ ਮੁਰਾਰੇ, ਚਲੇ ਅਵੱਲੜੀ ਚਾਲਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣਾ ਵੇਖ ਦਰ, ਸੰਗ ਰਖਾਏ ਕਾਲ ਮਹਾਂਕਾਲਾ ਏ । ਸਚ ਸਿੰਘਾਸਣ ਹਰਿ ਜੀ ਸੋਇਆ, ਜੋਤ ਨਿਰੰਜਣ ਕਰ ਅਕਾਰ । ਸ਼ਬਦ ਸਰੂਪੀ ਸਾਚਾ ਢੋਇਆ, ਦੇਵਣ ਆਇਆ ਵਿਚ ਸੰਸਾਰ । ਮਨਮੁਖ ਜੀਵ ਨਾ ਜਾਨਣ ਕੋਆ, ਗੁਰਮੁਖ ਵਿਰਲਾ ਪਾਵੇ ਸਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅੰਤਮ ਕਰੇ ਵਿਚਾਰ । ਕਲਜੁਗ ਕਰ ਵਿਚਾਰ, ਕਰਮ ਕਮਾਇਆ । ਪਰਗਟ ਹੋ ਵਿਚ ਸੰਸਾਰ, ਭਰਮ ਭੁਲੇਖਾ ਰਿਹਾ ਗਵਾਇਆ । ਲੱਖ ਚੁਰਾਸੀ ਵਹਿੰਦੀ ਧਾਰ, ਅੰਤਮ ਲੇਖਾ ਰਿਹਾ ਮੁਕਾਇਆ । ਨਾ ਕੋਈ ਦਿਸੇ ਨਰ ਨਾਰ, ਏਕਾ ਧੱਕਾ ਰਿਹਾ ਲਗਾਇਆ । ਨੌਂ ਖੰਡ ਪ੍ਰਿਥਮੀ ਹੋਏ ਖੁਆਰ, ਸੱਤਾਂ ਦੀਪਾਂ ਰਿਹਾ ਭਵਾਇਆ । ਸ਼ਬਦ ਫੜ ਤੇਜ ਕਟਾਰ, ਸੁਹਣਾ ਤਨ ਸ਼ਿੰਗਾਰ ਕਰਾਇਆ ।


੪੭੨ ੦੫

ਸ਼ਬਦ ਘੋੜਾ ਹਰਿ ਦਾਤਾਰ, ਚਾਰੋਂ ਕੁੰਟਾਂ ਰਿਹਾ ਭਵਾਇਆ। ਮਿਲਿਆ ਜੋੜਾ ਪਹਿਲੀ ਵਾਰ, ਨਿਹਕਲੰਕੀ ਡੰਕ ਵਜਾਇਆ। ਸਾਚਾ ਪੌੜਾ ਅਪਰ ਅਪਾਰ, ਰਾਓ ਰੰਕਾਂ ਇਕ ਵਖਾਇਆ। ਪਰਗਟ ਹੋਏ ਬ੍ਰਾਹਮਣ ਗੌੜਾ, ਵੇਖ ਵਖਾਣੇ ਉਚਾ ਪੌੜਾ, ਵੇਦ ਵਿਆਸਾ ਗਿਆ ਲਿਖਾਇਆ। ਧੁਰ ਦਰਗਾਹੀ ਆਇਆ ਦੌੜਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰਾ ਅੰਤਮ ਵਕਤ ਸੁਹਾਇਆ। ਅੰਤ ਸੁਹਾਏ ਅੰਤ ਅੰਤ ਕਰੰਨਿਆ। ਹਰਿਜਨ ਸਾਚੇ ਆਪ ਜਗਾਏ ਸੰਤ, ਫੜ ਫੜ ਬੇੜਾ ਬੰਨ੍ਹਿਆ। ਸ਼ਬਦ ਜਣਾਏ ਮਣੀਆ ਮੰਤ, ਏਕਾ ਰਾਗ ਸਾਚਾ ਕੰਨਿਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲੱਖ ਚੁਰਾਸੀ ਦੇਵਣ ਆਇਆ ਡੰਨਿਆ। ਲੱਖ ਚੁਰਾਸੀ ਦੇਵੇ ਡੰਨ, ਹੋਏ ਮਾਤ ਜੁਦਾਈਆ। ਜੂਠੇ ਝੂਠੇ ਭਾਂਡੇ ਦੇਵੇ ਭੰਨ, ਨਾ ਸਕੇ ਕੋਈ ਛੁਡਾਈਆ। ਨਾ ਕੋਈ ਦਿਸੇ ਛੱਪਰੀ ਛੰਨ, ਉਚੇ ਮੰਦਰ ਰਿਹਾ ਢਾਹੀਆ। ਦਰ ਭਗਤਾਂ ਦੇਵੇ ਏਕਾ ਮਾਲ ਧਨ, ਨਾ ਸਕੇ ਕੋਈ ਛੁਡਾਈਆ। ਸੁੱਕਾ ਹਰਿਆ ਕਰੇ ਤਨ, ਅੰਮ੍ਰਿਤ ਆਤਮ ਸਿੰਚ ਵਖਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਰਿਹਾ ਬਣਤ ਬਣਾਈਆ। ਸਾਚੀ ਬਣਤ ਬਣਾਏ ਵਡ ਬਲਕਾਰਿਆ। ਸਤਿਜੁਗ ਸਾਚਾ ਮਾਤ ਉਪਜਾਏ, ਪਰਗਟ ਹੋਏ ਵਿਚ ਸੰਸਾਰਿਆ। ਸਾਚੀ ਵਸਤ ਝੋਲੀ ਪਾਏ, ਸੋਹੰ ਸ਼ਬਦ ਸੱਚਾ ਜੈਕਾਰਿਆ। ਜ਼ਾਤ ਪਾਤ ਮੇਟ ਮਿਟਾਏ, ਇਕ ਦਵਾਰ ਆਪ ਖੁਲ੍ਹਾ ਰਿਹਾ। ਅੰਧੇਰੀ ਰਾਤ ਦਿਸ ਨਾ ਆਏ, ਜੋਤ ਉਜਿਆਰਾ ਆਪ ਵਖਾ ਰਿਹਾ। ਮਾਰ ਝਾਤ ਸਰਬ ਜਗਾਏ, ਗੁਰਮੁਖ ਸਾਚੇ ਵੇਖ ਵਖਾ ਰਿਹਾ। ਬੈਠ ਇਕਾਂਤ ਦਇਆ ਕਮਾਏ, ਲੋਕਮਾਤ ਅੰਤ ਸੁਹਾ ਰਿਹਾ। ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਆਪ ਆਪਣਾ ਮੁਖ ਛੁਪਾ ਰਿਹਾ। ਮੁਖ ਛੁਪਾਇਆ ਕਾਲੀ ਧਾਰ, ਰੈਣ ਅੰਧੇਰੀ ਛਾਈਆ। ਵੇਖ ਵਖਾਣੇ ਚਾਰ ਯਾਰ, ਸਾਂਝਾ ਯਾਰ ਆਪ ਹੋ ਜਾਈਆ। ਆਪੇ ਜਾਣੇ ਆਪਣੀ ਕਾਰ, ਦੂਜੀ ਧਾਰ ਰਹੇ ਨਾ ਰਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਜੋਤੀ ਜਾਮਾ ਭੇਖ ਧਰ, ਸਤਿਜੁਗ ਸਾਚਾ ਰਾਹ ਵਖਾਈਆ। ਸਤਿਜੁਗ ਸਾਚੇ ਚੜ੍ਹਿਆ ਚਾਅ, ਪ੍ਰਭ ਪੱਲਾ ਆਪ ਫੜਾਇਆ। ਧੁਰ ਦਰਗਾਹੀ ਮਿਲਿਆ ਸਚ ਮਲਾਹ, ਚੱਪੂ ਨਾਮ ਲਗਾਇਆ। ਜਨ ਭਗਤਾਂ ਤੁੱਟੇ ਲੱਖ ਚੁਰਾਸੀ ਕਲਜੁਗ ਫਾਹ, ਪ੍ਰਭ ਆਪਣੇ ਲੜ ਬੰਧਾਇਆ। ਬੇਮੁਖਾਂ ਦਿਸੇ ਨਾ ਕੋਈ ਰਾਹ, ਨੌਂ ਦਵਾਰ ਫਿਰੇ ਹਲਕਾਇਆ। ਨਾ ਕੋਈ ਪਿਤਾ ਨਾ ਕੋਈ ਮਾਂ, ਭੈਣ ਭਰਾਤਾ ਸਾਕ ਤਜਾਇਆ। ਬਿਨ ਗੁਰ ਪੂਰੇ ਕੋਈ ਨਾ ਪਕੜੇ ਬਾਂਹ, ਜੂਠਾ ਝੂਠਾ ਮੋਹ ਵਧਾਇਆ। ਅੰਤਮ ਦੇਵਣ ਆਇਆ ਠੰਡੀ ਛਾਂ, ਜੁਗਾਂ ਜੁਗਾਂ ਦੇ ਵਿਛੜੇ ਦਰ ਸਾਚੇ ਮੇਲ ਮਿਲਾਇਆ। ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਬਲੀ ਬਲਵਾਨ, ਆਪ ਆਪਣਾ ਸੰਗ ਨਿਭਾਇਆ। ਕਰ ਜੋਤ ਅਕਾਰ, ਵੇਖ ਵਖਾਇਆ। ਪਹਿਲਾ ਦਰ ਜਗਤ ਖੁਆਰ, ਸਾਚਾ ਘਰ ਦਿਸ ਨਾ ਆਇਆ। ਦੂਜੇ ਕਿਸੇ ਨਾ ਮਿਲੇ ਵਰ, ਮਾਇਆ ਤ੍ਰਿਸ਼ਨਾ ਹੋਈ ਹਲਕਾਇਆ। ਤੀਜੇ ਨੌਂ ਅਠਾਰਾਂ ਪਾਵੇ ਡਰ, ਵੇਸ ਆਪਣਾ ਆਪ ਵਟਾਇਆ। ਚੌਥੇ ਘਰ ਮਿਲੇ ਹਰਿ, ਗੁਰਮੁਖ ਵਿਰਲੇ ਮਾਤ ਪਾਇਆ। ਪੰਚਮ ਜੋਤੀ ਨੂਰ ਕਰ, ਸਚ ਦਵਾਰਾ ਇਕ ਖੁਲ੍ਹਾਇਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚੇ ਮੰਦਰ ਰਾਹ ਵਖਾਇਆ। ਨੌਂ ਦਵਾਰੇ ਖੋਲ੍ਹ, ਆਤਮ ਝਾਕੀ ਲਾਈਆ। ਸ਼ਬਦ ਸਰੂਪੀ ਅੰਦਰ ਬੋਲ ਗੁਰਮੁਖਾਂ ਦੇਵਣ ਆਇਆ ਬਾਕੀ, ਸਾਚਾ ਰਿਹਾ ਢੋਲ ਸੁਣਾਈਆ। ਨਾ ਕੋਈ ਜਾਣੇ ਬੰਦਾ ਖ਼ਾਕੀ, ਮਾਇਆ ਰੋਲ ਰੁਲਾਈਆ। ਜੋਤੀ ਜੋਤ


੪੭੩ ੦੫

ਸਰੂਪ ਹਰਿ, ਪੰਚਮ ਘਰ ਆਪੇ ਵਸੇ ਨਾ ਜਾਣੇ ਜਗਤ ਲੋਕਾਈਆ । ਨਿਰਗੁਣ ਅਪਾਰ ਦਿਸ ਕਿਸੇ ਨਾ ਆਈਆ । ਘਰ ਸੱਤਵੇਂ ਕਰ ਅਕਾਰ, ਆਪਣੇ ਸੰਗ ਸਮਾਇਆ । ਪਰਗਟ ਹੋਇਆ ਆਪ ਨਿਰੰਕਾਰ, ਓਅੰਕਾਰਾ ਦੇਸ ਸੁਹਾਇਆ । ਓਅੰਕਾਰ ਸਾਚੀ ਧਾਰ, ਜੋਤੀ ਸ਼ਬਦ ਜਣਾਇਆ । ਛੇਵੇਂ ਘਰ ਲੱਗੀ ਬਹਾਰ, ਸ਼ਬਦ ਚਲੇ ਬੇਪਰਵਾਹਿਆ । ਪੰਚਮ ਵੇਖ ਸੱਚੀ ਸਰਕਾਰ, ਪਵਣ ਸਵਾਸੀ ਰਿਹਾ ਰੁਲਾਇਆ । ਤਿੰਨਾਂ ਮੇਲਾ ਇਕ ਦਵਾਰ, ਜੋਤ ਨਿਰੰਜਣ ਨਾਉਂ ਰਖਾਇਆ । ਪਵਣੀ ਸ਼ਬਦੀ ਏਕਾ ਧਾਰ, ਜੋਤ ਸਰੂਪੀ ਵਿਚ ਸਮਾਇਆ । ਆਪ ਆਪਣੀ ਕਰ ਵਿਚਾਰ, ਲੱਖ ਚੁਰਾਸੀ ਰਿਹਾ ਉਪਾਇਆ । ਚਰਨ ਉਠਾਏ ਸੱਚੀ ਸਰਕਾਰ, ਘਰ ਚੌਥੇ ਆਪ ਟਿਕਾਇਆ । ਤ੍ਰੈਗੁਣ ਮਾਇਆ ਵੇਖ ਵਿਚਾਰ, ਆਪੇ ਬਣਤ ਬਣਾਇਆ । ਆਤਮ ਅੰਦਰ ਰਿਹਾ ਪਸਾਰ, ਮਹਿੰਮਾ ਅਗਣਤ ਗਣੀ ਨਾ ਰਾਇਆ । ਆਪੇ ਕੰਤ ਸੁਹਾਗੀ ਨਾਰ, ਕਵਲ ਫੂਲਾ ਇਕ ਉਪਜਾਇਆ । ਆਪ ਝੁਲਾਏ ਆਪਣਾ ਝੂਲਾ, ਸਾਚੀ ਰਚਨਾ ਰਿਹਾ ਰਚਾਇਆ । ਬਾਹਰ ਆਇਆ ਫਲਿਆ ਫੂਲਾ, ਬ੍ਰਹਮ ਨਾਉਂ ਰਖਾਇਆ । ਮੁਖ ਚਾਰ ਰਖਾਏ ਕੰਤ ਕੰਤੂਹਲਾ, ਸਾਚਾ ਸ਼ਬਦ ਜਣਾਇਆ । ਸ਼ਬਦ ਜਣਾਏ ਦੂਲੋ ਦੂਲ੍ਹਾ, ਚਾਰੇ ਵੇਦਾਂ ਰਿਹਾ ਲਿਖਾਇਆ । ਜੋਤੀ ਜੋਤ ਸਰੂਪ ਹਰਿ, ਆਪੇ ਹੋਏ ਭੇਦ ਅਭੇਦ, ਭੇਵ ਕਿਸੇ ਨਾ ਰਾਇਆ । ਬ੍ਰਹਮਾ ਚਾਰੇ ਵੇਦ ਲਿਖਾਏ, ਪ੍ਰਭ ਆਤਮ ਸ਼ਬਦ ਜਣਾਈਆ । ਅੱਠੇ ਪਹਿਰ ਰਸਨਾ ਗਾਏ, ਵੱਜਦੀ ਰਹੇ ਵਧਾਈਆ । ਨਾ ਕੋਈ ਪਿਤਾ ਨਾ ਕੋਈ ਮਾਏ, ਭਾਈ ਭੈਣਾ ਨਾ ਕੋਈ ਅਖਵਾਈਆ । ਹਰਿ ਹਰਿ ਵੇਖੇ ਸਭਨੀਂ ਥਾਂਏ, ਮਾਤ ਪਾਤਾਲ ਅਕਾਸ਼ ਦਿਸ ਨਾ ਆਈਆ । ਆਪੇ ਆਪ ਅਗੰਮ, ਜੋਤੀ ਜੋਤ ਸਰੂਪ ਹਰਿ, ਇਕ ਪਰਕਾਸ਼ ਆਦਿ ਅੰਤ ਨਾ ਜਾਏ ਵਿਨਾਸ, ਸੱਦ ਰੱਖੇ ਬੇਪਰਵਾਹੀਆ । ਪੰਚਮ ਮੇਲਾ ਮੇਲ, ਬਣਤ ਬਣਾਈਆ । ਘਰ ਚੌਥੇ ਚੜ੍ਹਿਆ ਤੇਲ, ਲੱਖ ਚੁਰਾਸੀ ਆਪ ਉਪਾਈਆ । ਆਪੇ ਹੋਇਆ ਸੱਜਣ ਸੁਹੇਲ, ਅੰਦਰ ਮੰਦਰ ਡੇਰਾ ਲਾਈਆ । ਆਪੇ ਖੇਲੇ ਸਾਚਾ ਖੇਲ, ਦਿਸ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਚਾਰੇ ਜੁਗ ਮਾਤ ਉਪਾਏ, ਛੋਟੇ ਵਡੇ ਵਡੇ ਛੋਟੇ ਭਾਈਆ । ਚਾਰੇ ਜੁਗ ਮਾਤ ਧਰਾਏ, ਸਤਿਜੁਗ ਸਾਂਤਕ ਸੱਤਿਆ । ਆਪ ਆਪਣਾ ਵਿਚ ਟਿਕਾਏ, ਪ੍ਰਭ ਦੇ ਸਮਝਾਵੇ ਮਤਿਆ । ਧੀਰਜ ਯਤ ਇਕ ਵਖਾਏ, ਆਤਮ ਹੋਏ ਕਿਸੇ ਨਾ ਤੱਤਿਆ । ਨੀਲੀ ਛੱਤ ਪਲੰਘ ਰੰਗੀਲਾ ਏਕਾ ਡਾਹੇ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੰਚਮ ਵੇਖੇ ਸਚ ਦਰ, ਲੱਖ ਚੁਰਾਸੀ ਤੇਰਾ ਅੰਤਮ ਵਤਿਆ । ਪੰਚਮ ਬੋਲੇ ਹਰਿ ਨਿਰੰਕਾਰ, ਪੰਚਮ ਪੰਚ ਜਣਾਈਆ । ਪੰਚਮ ਰਹਿਣਾ ਖ਼ਬਰਦਾਰ, ਮਿਲੇ ਮੇਲ ਮਾਤ ਵਡਿਆਈਆ । ਪੰਚਮ ਹੋਣਾ ਮਾਤ ਖੁਆਰ, ਸ਼ਬਦ ਕਟਾਰਾ ਰਿਹਾ ਚਲਾਈਆ । ਪੰਚਮ ਮੇਲਾ ਧੁਰ ਦਰਬਾਰ, ਕਲਜੁਗ ਅੰਤਮ ਰੁੱਤ ਸੁਹਾਈਆ । ਮਿਲਿਆ ਮੇਲ ਕੰਤ ਭਤਾਰ, ਛੱਬੀ ਪੋਹ ਵੱਜੀ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੰਚਮ ਵੇਖੇ ਸਚ ਦਰ, ਸਾਚੀ ਰੰਗਣ ਰਿਹਾ ਚੜ੍ਹਾਈਆ । ਰੰਗਣ ਚਾੜ੍ਹੇ ਰੰਗ ਆਪ, ਪ੍ਰਭ ਸਾਚਾ ਰੰਗਣਹਾਰਾ । ਮਾਰਨ ਆਇਆ ਤੀਨੋ ਤਾਪ, ਤਨ ਕਰੇ ਸ਼ਬਦ ਸ਼ਿੰਗਾਰਾ । ਸੋਹੰ ਸੋ ਜਪਾਇਆ ਸਾਚਾ ਜਾਪ, ਦਿਨ ਲੰਘਾਏ ਇਕ ਸੌ ਗਿਆਰਾਂ । ਆਪੇ ਬਣੇ ਮਾਈ ਬਾਪ, ਸ਼ਬਦ ਗੋਦੀ ਦਏ ਹੁਲਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਉਠਾਏ ਸਾਚਾ ਲਾਲ ਦੁਲਾਰਾ । ਸਾਚੇ ਲਾਲ ਉਠ ਉਠ ਜਾਗ, ਪ੍ਰਭ ਸਾਚੇ ਦਇਆ ਕਮਾਈਆ । ਪ੍ਰਭ ਸਾਚੇ ਚਰਨ ਲਾਗ, ਘਰ ਸਾਚੇ ਵੱਜੇ ਵਧਾਈਆ । ਕਲਜੁਗ ਮਾਇਆ

ਧੋ ਦਾਗ਼, ਹੋਏ ਤਨ ਰੁਸ਼ਨਾਈਆ । ਦੀਪਕ ਜੋਤੀ ਜਗੇ ਚਿਰਾਗ, ਪ੍ਰਭ ਸੋਹੰ ਬੱਤੀ ਲਾਈਆ । ਚਰਨ ਧੂੜੀ ਸਾਚੇ ਮਾਘ, ਛੱਬੀ ਪੋਹ ਰੁੱਤ ਸੁਹਾਈਆ । ਹੰਸ ਬਣਾਏ ਫੜ ਫੜ ਕਾਗ, ਸਿੰਘ ਦਇਆ ਤੇਰੀ ਵਡ ਵਡਿਆਈਆ । ਆਪ ਆਪਣੇ ਹੱਥ ਪਕੜੇ ਵਾਗ, ਮਾਨਸ ਦੇਹੀ ਮਾਤ ਉਪਜਾਈਆ । ਅੱਠੇ ਪਹਿਰ ਰਹੇ ਵੈਰਾਗ, ਗੁਰ ਗੋਬਿੰਦ ਹੋਏ ਸਹਾਈਆ । ਆਪ ਬੁਝਾਏ ਤ੍ਰਿਸ਼ਨਾ ਆਗ, ਅੰਮ੍ਰਿਤ ਆਤਮ ਰਿਹਾ ਪਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੰਚਮ ਮੇਲਾ ਰਿਹਾ ਮਿਲਾਈਆ । ਪੰਚਮ ਮੇਲ ਮਿਲਾਵਣ ਆਇਆ, ਪੰਚਾਂ ਦਰ ਦਰਬਾਰੀਏ । ਪੰਚਾਂ ਮਾਤ ਉਠਾਵਣ ਆਇਆ, ਪੰਚਾਂ ਦਰ ਦੁਰਕਾਰੀਏ । ਪੰਚਾਂ ਸ਼ਬਦ ਪੜ੍ਹਾਵਣ ਆਇਆ, ਪੰਚਾਂ ਤੇਜ ਕਟਾਰੀਏ । ਪੰਚਾਂ ਲੜ ਫੜਾਵਣ ਆਇਆ, ਪੰਚਾਂ ਦਰ ਦੁਰਕਾਰੀਏ । ਪੰਚਾਂ ਗੜ੍ਹ ਤੁੜਾਵਣ ਆਇਆ, ਪੰਚਾਂ ਸੰਗ ਹੰਕਾਰੀਏ । ਪੰਚਾਂ ਘਾੜ ਘੜਾਵਣ ਆਇਆ, ਪੰਚਾਂ ਢਾਹੇ ਮਹੱਲ ਅਟਾਰੀਏ । ਪੰਚਾਂ ਧਾਰ ਬੰਨ੍ਹਣ ਆਇਆ, ਪੰਚਾਂ ਰਿਹਾ ਸਾੜੀਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿਜੁਗ ਤੇਰੀ ਅੱਖ ਉਘਾੜੀਏ । ਸਤਿਜੁਗ ਤੇਰੀ ਉਘੜੀ ਅੱਖ, ਧਰਤ ਮਾਤ ਖ਼ੁਸ਼ੀ ਮਨਾਈਆ । ਗੁਰਮੁਖ ਸਾਚੇ ਕੀਨੇ ਵਖ, ਪੀਸਣ ਪੀਸੇ ਜੂਠੀ ਝੂਠੀ ਸਰਬ ਲੋਕਾਈਆ । ਫੜ ਫੜ ਬਾਹੋਂ ਕਰੇ ਵੱਖ, ਪਰਗਟ ਹੋਇਆ ਹਰਿ ਰਘੁਰਾਈਆ । ਕਰੇ ਖੇਲ ਹਰਿ ਪਰਤਖ, ਭਰਮ ਭੁਲੇਖਾ ਰਿਹਾ ਗਵਾਈਆ । ਸੱਜਣ ਸੁਹੇਲਾ ਸਾਚਾ ਸਿੱਖ, ਅਲੱਖਣਾ ਅਲਖ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੰਚਮ ਮੇਲਾ ਰਿਹਾ ਮਿਲਾਈਆ । ਪੰਚਮ ਪੰਚ ਪਰਧਾਨ ਆਪ ਜਗਾਇਆ । ਪੰਚਮ ਮਾਰੇ ਹਰਿ ਸ਼ੈਤਾਨ, ਤੀਰ ਨਿਰਾਲਾ ਇਕ ਚਲਾਇਆ । ਪੰਚਾਂ ਦੇਵੇ ਬ੍ਰਹਮ ਗਿਆਨ, ਸ਼ਬਦ ਰੰਗਣ ਇਕ ਚੜ੍ਹਾਇਆ । ਪੰਚਾਂ ਦਿਸੇ ਝੂਠ ਮਕਾਨ, ਪੰਚਾਂ ਰਿਹਾ ਵਸਾਇਆ । ਪੰਚਾਂ ਲਾਹੁਣ ਆਇਆ ਮਕਾਣ, ਨਿਹਕਲੰਕਾ ਨਾਂਓ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਰਿਹਾ ਜਗਾਇਆ । ਗੁਰਮੁਖ ਸਾਚੇ ਉਠ, ਪ੍ਰਭ ਸਾਚਾ ਬੂਝ ਬੁਝੰਤਿਆ । ਵੇਲੇ ਅੰਤਮ ਗਿਆ ਤੁਠ, ਹਰਿ ਸਾਚੇ ਫੁੱਲ ਬਸੰਤਿਆ । ਜੁਗਾਂ ਜੁਗਾਂ ਦੇ ਵਿਛੜੇ ਜੋ ਗਏ ਰੁਠ, ਮੇਲ ਮਿਲਾਏ ਸਾਚੇ ਕੰਤਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਜਾਣੇ ਆਪਣਾ ਪੰਥਿਆ । ਪੰਥ ਬਣਾਏ ਨਰ ਨਰਾਇਣ, ਜ਼ਾਤ ਪਾਤ ਨਾ ਰਾਈ । ਲੱਖ ਚੁਰਾਸੀ ਵੇਖੇ ਏਕਾ ਨੈਣ, ਦੂਸਰ ਕੋਈ ਦੀਸੇ ਨਾਹੀ । ਚਾਰ ਵਰਨਾਂ ਏਕਾ ਨਾਤਾ ਭਾਈ ਭੈਣ, ਬਰਨ ਅਠਾਰਾਂ ਦਿਸੇ ਨਾਹੀ । ਆਪ ਚੁਕਾਏ ਲਹਿਣ ਦੇਣ, ਸਦਾ ਸੁਹੇਲਾ ਦੇਵੇ ਠੰਡੀਆਂ ਛਾਈਂ । ਜੋਤੀ ਜੋਤ ਸਰੂਪ ਹਰਿ, ਗੁਰਮੁਖ ਸਾਚੇ ਆਪ ਉਠਾਏ, ਸ਼ਬਦ ਸਰੂਪੀ ਫੜ ਫੜ ਬਾਹੀਂ । ਸ਼ਬਦ ਸਰੂਪੀ ਫੜੇ ਬਾਂਹ, ਗੁਰਮੁਖਾਂ ਰਿਹਾ ਜਗਾਈਆ । ਸਿੰਘ ਬਿਸ਼ਨ ਨਾ ਕਰੇ ਨਾਂਹ, ਅੱਗੇ ਹੋਏ ਸੀਸ ਝੁਕਾਈਆ । ਸਚ ਦਵਾਰੇ ਸਾਚੇ ਥਾਂ, ਸਨਮੁਖ ਰਿਹਾ ਬਹਾਈਆ । ਆਪੇ ਪਿਤਾ ਆਪੇ ਮਾਂ, ਆਪੇ ਗੋਦ ਰਿਹਾ ਉਠਾਈਆ । ਆਪੇ ਜਪਾਇਆ ਸਾਚਾ ਨਾਂ, ਸਾਚੀ ਸੇਵਾ ਲਾਈਆ । ਹੰਸ ਬਣਾਏ ਫੜ ਫੜ ਕਾਂ, ਮਾਣਕ ਮੋਤੀ ਚੋਗ ਚੁਗਾਈਆ । ਭਾਗ ਲਗਾਏ ਗੁਰੂ ਗਰਾਂ, ਗੁੜਗਾਵਾਂ ਆਪ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਹਿਲੀ ਵੇਰ ਮੇਟ ਮਿਟਾਏ ਪੰਜੇ ਚੋਰ, ਸ਼ਬਦ ਸਰੂਪੀ ਬੰਨ੍ਹੇ ਡੋਰ, ਆਪਣੇ ਹੱਥ ਰਖਾਈਆ । ਸ਼ਬਦ ਡੋਰੀ ਕਰ ਤਿਆਰ, ਪ੍ਰਭ ਸਾਚਾ ਲੜ ਬੰਧਾਈਆ । ਅੰਧ ਘੋਰੀ ਪਾਵੇ ਸਾਰ, ਹਰਾਮ ਖੋਰੀ ਨੇੜ ਨਾ ਆਈਆ । ਵੇਖ ਵਖਾਏ ਕਾਇਆ ਗੋਹਰੀ, ਗਵਰੀ ਰਿਹਾ ਭੁਲਾਈਆ । ਜੋਤੀ ਜੋਤ ਸਰੂਪ ਹਰਿ,

ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਰਿਹਾ ਵਡਿਆਈਆ । ਗੁਰਮੁਖ ਸਾਚਾ ਆਪ ਉਠਾਇਆ, ਦਿਸੇ ਸਾਚਾ ਧਾਮਾ । ਸਾਚਾ ਹੁਕਮ ਹਰਿ ਜਣਾਇਆ, ਪੂਰ ਕਰਾਏ ਕਲਜੁਗ ਕਾਮਾ । ਰੈਣ ਅੰਧੇਰੀ ਮੇਟ ਮਿਟਾਇਆ, ਨਾ ਕੋਈ ਦਿਸੇ ਸ਼ਾਮਨ ਸ਼ਾਮਾ । ਸੰਝ ਸਵੇਰ ਇਕ ਕਰਾਏ, ਸ਼ਬਦ ਵਜਾਏ ਸਚ ਦਮਾਮਾ । ਕਲਜੁਗ ਅੰਤਮ ਫੇਰੀ ਪਾਏ, ਨਿਹਕਲੰਕ ਬਲੀ ਬਲਵਾਨਾ । ਗੁਰਮੁਖ ਚੇਰੀ ਆਪ ਬਣਾਏ, ਆਪੇ ਗੋਪੀ ਆਪੇ ਕਾਹਨਾ । ਸਿੰਘ ਸ਼ੇਰ ਸ਼ੇਰ ਦਲੇਰੀ ਇਕ ਵਖਾਏ, ਲੱਖ ਚੁਰਾਸੀ ਦੇਵੇ ਤਾਅਨਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖਾਂ ਹੱਥੀਂ ਬੰਨ੍ਹਣ ਆਇਆ ਗਾਨਾ । ਹੱਥੀਂ ਬੰਨ੍ਹੇ ਗਾਨਾ, ਲਾਲ ਦੁਲਾਰਿਆ । ਦੇਵੇ ਸ਼ਬਦ ਨਿਸ਼ਾਨਾ, ਇੰਦਰ ਸਿੰਘ ਪਿਆਰਿਆ । ਤੁੱਟੇ ਮਾਣ ਜਗਤ ਅਭਿਮਾਨਾ, ਆਪ ਸੁਹਾਏ ਬੰਕ ਦਵਾਰਿਆ । ਮਿਲਿਆ ਨਾਮ ਤੀਰ ਨਿਸ਼ਾਨਾ, ਸੋਹੰ ਚਿਲੇ ਆਪ ਚੜ੍ਹਾ ਰਿਹਾ । ਏਕਾ ਏਕ ਭਗਤ ਬਿਬਾਣਾ, ਫੜ ਫੜ ਬਾਹੋਂ ਰਾਹ ਵਖਾ ਰਿਹਾ । ਜੋਤੀ ਜੋਤ ਸਰੂਪ ਹਰਿ, ਏਕ ਦੇਵੇ ਸੱਚਾ ਦਾਨਾ, ਦਾਨੀ ਦਾਨ ਆਪ ਅਖਵਾ ਰਿਹਾ । ਦੇਵੇ ਦਾਨ ਵਣਜ ਕਰਾਇੰਦਾ । ਚਰਨ ਧੂੜ ਮਾਤ ਇਸ਼ਨਾਨ, ਮਸਤਕ ਲਹਿਣਾ ਆਪ ਚੁਕਾਇੰਦਾ । ਮੇਲਾ ਹੋਏ ਦੋ ਜਹਾਨ, ਭਾਣਾ ਸਹਿਣਾ ਹੁਕਮ ਸੁਣਾਇੰਦਾ । ਆਪੇ ਕਰੇ ਜਾਣ ਪਛਾਣ, ਭਾਂਡਾ ਭਰਮ ਹਰਿ ਭੰਨਾਇੰਦਾ । ਦੇਵੇ ਦਾਤ ਗੁਣ ਨਿਧਾਨ, ਸਾਚੀ ਭਿਛਿਆ ਝੋਲੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਆਪ ਵਡਿਆਇੰਦਾ । ਆਪ ਵਡਿਆਏ ਜੁਗੋ ਜੁਗ ਪੈਜ ਰਖਾਇੰਦਾ । ਜੁਗ ਜੁਗ ਧਰੇ ਭੇਖ, ਵੇਖ ਗੁਰਮੁਖ ਸੋਏ ਉਠਾਇਆ । ਆਪੇ ਲਿਖੇ ਮਸਤਕ ਰੇਖ, ਬਿਧਨਾ ਲੇਖ ਮਿਟਾਇੰਦਾ । ਸਾਚੇ ਲੋਚਨ ਰਿਹਾ ਵੇਖ, ਦੋਏ ਲੋਇਣ ਬੰਦ ਕਰਾਇੰਦਾ । ਜੋਤੀ ਜਾਮਾ ਧਰਿਆ ਭੇਖ, ਭਰਮਾਂ ਕੰਧ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਿੰਘ ਪ੍ਰੀਤਮ ਮਾਣ ਦਵਾਇੰਦਾ । ਸਿੰਘ ਪ੍ਰੀਤਮ ਸਚ ਸੁਲਤਾਨਾਂ, ਸਾਚਾ ਮੇਲ ਮਿਲਾਇਆ । ਭਗਤ ਸੁਦਾਮਾ ਜਗਤ ਨਿਧਾਨਾ, ਰਸਨਾ ਹਰਿ ਗੁਣ ਗਾਇਆ । ਲੇਖੇ ਲਾਏ ਕਾਇਆ ਚਾਮਾ, ਪੁਰਖ ਅਬਿਨਾਸ਼ੀ ਪਾਇਆ । ਪੂਰ ਕਰਾਏ ਆਪਣਾ ਕਾਮਾ, ਰਾਮ ਰਾਮਾ ਦਇਆ ਕਮਾਇਆ । ਕਲਜੁਗ ਅੰਤਮ ਪਾਇਆ ਜਾਮਾ, ਨਿਹਕਲੰਕੀ ਭੇਖ ਵਟਾਇਆ । ਨਾਲ ਰਲਾਇਆ ਭਗਤ ਸੁਦਾਮਾ, ਆਤਮ ਤ੍ਰਿਖਾ ਭੁੱਖ ਰਿਹਾ ਵਧਾਇਆ । ਜੋਤ ਨਿਰੰਜਣ ਕ੍ਰਿਸ਼ਨਾ ਕਾਹਨਾ, ਬ੍ਰਹਮਾ ਵਿਸ਼ਨਾ ਭੇਵ ਨਾ ਰਾਇਆ । ਸ਼ਬਦ ਦੇਵੇ ਸਾਚੀ ਸਿਖਨਾ, ਹਰਿ ਹਰਿ ਲੇਖਾ ਸਾਚਾ ਲਿਖਣਾ, ਨਾ ਸਕੇ ਕੋਈ ਮਿਟਾਇਆ । ਦਰ ਦਵਾਰੇ ਮੰਗੇ ਭਿਖਨਾ, ਆਤਮ ਲਾਹੇ ਝੂਠੀ ਵਿਸਨਾ, ਹਰਿ ਭਾਂਡਾ ਆਪ ਭਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਾਇਆ ਮੰਦਰ ਇਕ ਸੁਹਾਇਆ । ਕਾਇਆ ਮੰਦਰ ਮਾਰ ਝਾਕੀ, ਆਪਣਾ ਕਰਮ ਕਮਾਇੰਦਾ । ਦੁਆਪਰ ਲਹਿਣਾ ਦੇਵੇ ਬਾਕੀ, ਕਲਜੁਗ ਅੰਤ ਚੁਕਾਇੰਦਾ । ਆਪੇ ਬਣੇ ਸਾਚਾ ਸਾਕੀ, ਅੰਮ੍ਰਿਤ ਜਾਮ ਪਿਆਇੰਦਾ । ਬੰਦ ਕੁਆੜੇ ਖੋਲ੍ਹੇ ਤਾਕੀ, ਜੋਤ ਨਿਰੰਜਣ ਵਿਚ ਟਿਕਾਇੰਦਾ । ਨਾ ਕੋਈ ਜਾਣੇ ਬੰਦਾ ਖ਼ਾਕੀ, ਭਾਣਾ ਆਪਣੇ ਹੱਥ ਰਖਾਇੰਦਾ । ਆਪ ਬਣਾਏ ਪਾਕਨ ਪਾਕੀ, ਪਾਰਬ੍ਰਹਮ ਬ੍ਰਹਮ ਮੇਲ ਮਿਲਾਇੰਦਾ । ਜਗਤ ਸੁਣਾਏ ਭਵਿਖਤ ਵਾਕੀ, ਲੇਖਾ ਲਿਖਤ ਲਿਖਾਇੰਦਾ । ਸ਼ਬਦ ਚੜ੍ਹੇ ਸਾਚੇ ਰਾਕੀ, ਬੀਸ ਇਕੀਸਾ ਆਪ ਦੁੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਭਗਤ ਸੁਹੇਲਾ ਕਰ ਕਰ ਮੇਲਾ ਸਾਚਾ ਜੋੜ ਜੁੜਾਇੰਦਾ । ਜੁੜਾਇਆ ਜੋੜ ਹਰਿ ਬਨਵਾਰੀ । ਕਲਜੁਗ ਤੇਰੀ ਅੰਤਮ ਵਾਰੀ । ਏਕਾ ਕੰਤ ਏਕਾ ਨਾਰੀ । ਏਕਾ ਸੰਤ ਇਕ ਪਿਆਰੀ ।

ਦਰ ਦਵਾਰੇ ਬਣੀ ਬਣਤ, ਮਿਲਿਆ ਮੇਲ ਮੇਲ ਗਿਰਧਾਰੀ । ਨਾ ਕੋਈ ਜਾਣੇ ਜੀਵ ਜੰਤ, ਲੋਕਮਾਤ ਮਿਲੀ ਸੱਚੀ ਸਿਕਦਾਰੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖਾਂ ਕਰੇ ਪਹਿਰੇਦਾਰੀ । ਪੰਚਮ ਪੰਚ ਪੰਚ ਅਖਵਾਉਣਾ, ਸਰਬ ਘਟ ਮੇਂ ਆਪ ਸਮਾਇਆ ਏ । ਨਾ ਮਰਿਆ ਨਾ ਕਦੇ ਜੰਮਾ, ਨਾ ਕੋਈ ਮੁੰਮਾ ਮੂੰਹ ਰਖਾਇਆ ਏ । ਨਾ ਕੋਈ ਨਿੰਦਰਾ ਆਲਸ ਤਮ੍ਹਾ, ਜਗਤ ਕੰਮਾਂ ਮੂਲ ਨਾ ਭਾਇਆ ਏ । ਨਾ ਕੋਈ ਪਵਣ ਸਵਾਸੀ ਦਮਾ, ਬਿਨ ਥੰਮ੍ਹਾਂ ਗਗਨ ਰਹਾਇਆ ਏ । ਸ੍ਰਿਸ਼ਟ ਸਬਾਈ ਆਪ ਭੁਲਾਏ ਹਰਿ ਹਰਿ ਭਰਮਾ, ਭਰਮੇ ਅੰਦਰ ਮਾਇਆ ਏ । ਗੁਰਮੁਖਾਂ ਮਾਨਸ ਦੇਹੀ ਲੇਖੇ ਲਾਏ ਜਰਮਾ, ਜਰਮ ਚੰਡੂਲ, ਅਖਵਾਇਆ ਏ । ਆਪੇ ਦੇਵੇ ਆਪਣੀ ਸਰਨਾ, ਨੇਤਰ ਖੋਲ੍ਹੇ ਹਰਨਾ ਫਰਨਾ, ਕਰਨੀ ਕਰਨਾ ਰਿਹਾ ਕਰਾਇਆ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨੀਤ ਅਨੀਤਾ ਵੇਖ ਵਖਾਇਆ ਏ । ਪੰਚ ਦੂਤ ਚੰਡਾਲ, ਜਗਤ ਚਮਯਾਰੜਾ । ਮਨਮੁਖਾਂ ਦਿਸੇ ਦਿਸੇ ਕੰਗਾਲ, ਪ੍ਰਭ ਸਾਚੇ ਕਰੇ ਪਿਆਰੜਾ । ਆਪੇ ਬਣੇ ਮਾਤ ਦਲਾਲ, ਕਰੇ ਵਣਜ ਸੱਚਾ ਵਪਾਰੜਾ । ਗੰਗਾ ਮਾਤਾ ਹੋਈ ਨਿਹਾਲ, ਲਾਡ ਲਡਾਇਆ ਸਾਚੇ ਬਾਲੜਾ । ਫ਼ਲ ਲਗਾਇਆ ਕਾਇਆ ਡਾਲ੍ਹ, ਗਾਇਆ ਗੀਤ ਗੋਬਿੰਦ ਸੁਖਾਲੜਾ । ਸਾਚੇ ਅੰਮ੍ਰਿਤ ਮਾਰੀ ਛਾਲ, ਤਨ ਸੁਹਾਇਆ ਏਕਾ ਦੁਸ਼ਾਲੜਾ । ਆਪ ਚਲਾਇਆ ਨਾਲ ਨਾਲ, ਜੋਤ ਸਰੂਪੀ ਇਕ ਅਕਾਲੜਾ । ਵੇਲੇ ਅੰਤਮ ਹੋਇਆ ਦਿਆਲ, ਗੁਰਮੁਖ ਸਾਚੇ ਭਾਲੜਾ । ਨੇੜ ਨਾ ਆਏ ਕਲਜੁਗ ਕਾਲ, ਆਪੇ ਪਾਏ ਸ਼ਬਦ ਦੁਸ਼ਾਲੜਾ । ਕਾਇਆ ਮੰਦਰ ਇਕ ਵਖਾਏ ਸੱਚੀ ਧਰਮਸਾਲ, ਦੀਪਕ ਜੋਤੀ ਸਾਚਾ ਬਾਲੜਾ । ਸਾਚੇ ਮੰਦਰ ਸੁਹਾਏ ਤਾਲ, ਤੋੜੇ ਜਗਤ ਜੰਜ਼ਾਲੜਾ । ਆਪੇ ਮਾਰੇ ਇਕ ਉਛਾਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਚਲੇ ਮਾਤ ਅਵੱਲੜੀ ਚਾਲੜਾ । ਰਵਦਾਸ ਰਵ ਆਸਿਆ, ਆਸਾ ਪੂਰਨ ਨਾਂਓ । ਰਸਨ ਸਵਾਸ ਗਰਾਸਿਆ, ਦਿਵਸ ਰੈਣ ਸਚ ਚਾਓ । ਲੇਖੇ ਲਗੇ ਦਸ ਦਸ ਮਾਸਿਆ, ਮਿਲੇ ਮੇਲ ਅਗੰਮ ਅਥਾਹੋ । ਉਡੇ ਉਡਾਏ ਵਿਚ ਅਕਾਸਿਆ, ਪਾਰਬ੍ਰਹਮ ਬ੍ਰਹਮ ਬ੍ਰਹਿਮਾਓ । ਪੰਚ ਵਿਕਾਰਾ ਕਰੇ ਨਾਸਿਆ, ਆਪ ਬਹਾਏ ਸਾਚੇ ਥਾਉਂ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿੰਘ ਗੁਰਮੁਖ ਦੇਵੇ ਸਾਚਾ ਵਰ, ਸਦਾ ਸੁਹੇਲਾ ਬਲ ਬਲ ਜਾਓ । ਬਲ ਬਲ ਜਾਏ ਹਰਿ ਬਲਿਹਾਰ । ਅਛਲ ਅਛੱਲ ਵਿਚ ਸੰਸਾਰ । ਵੇਖ ਵਖਾਣੇ ਜੂਹਾਂ ਥਲ, ਜੂਹ ਉਚ ਪਹਾੜ । ਪ੍ਰਭ ਕਾ ਭਾਣਾ ਰਿਹਾ ਚਲ, ਧਾੜਾ ਮਾਰੇ ਧਾੜਵੀ ਧਾੜ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵੇਖ ਵਖਾਣੇ ਸਾਚੇ ਲਾੜ । ਆਪੇ ਵੇਖ ਵਖਾਏ, ਜੁਗ ਜੁਗ ਸਾਚੀ ਕਾਰਾ ਏ । ਡਾਕੇ ਮਾਰੇ ਦਿਨ ਦਿਹਾੜੇ, ਲੁੱਟਿਆ ਮਾਲ ਕਰਾਰਾ ਏ । ਕਲਜੁਗ ਤੇਰੀ ਅੰਤਮ ਵਾਰੇ, ਪ੍ਰਭ ਪਾਇਆ ਅਗੰਮ ਅਪਾਰਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵੇ ਸ਼ਬਦ ਨਾਮ ਅਧਾਰਾ ਏ । ਨਾਮ ਸ਼ਬਦ ਅਧਾਰ ਹਰਿ ਕਰਾਇਆ । ਪ੍ਰਭ ਅਬਿਨਾਸ਼ੀ ਹੋ ਦਿਆਲ, ਸਿੰਘ ਪਾਲ ਪਾਲ ਤਰਾਇਆ । ਆਪੇ ਪਰਖੇ ਸਾਚੇ ਲਾਲ, ਸ਼ਬਦ ਜੌਹਰੀ ਨਾਲ ਲਿਆਇਆ । ਦਰ ਦਵਾਰਾ ਕਵਣ ਕੰਗਾਲ, ਸ਼ਾਹ ਸੁਲਤਾਨਾ ਕਵਣ ਅਖਵਾਇਆ । ਫ਼ਲ ਵੇਖੇ ਕਾਇਆ ਡਾਲ੍ਹ, ਨਾਮ ਹਲੂਣਾ ਏਕਾ ਲਾਇਆ । ਪੰਚਾਂ ਵੱਜੇ ਸ਼ਬਦ ਤਾਲ, ਤਾਲ ਤਲਵਾੜਾ ਰਿਹਾ ਵਜਾਇਆ । ਪੰਚਮ ਪੰਚਾਂ ਰਹੇ ਪਾਲ, ਧਰਮ ਅਖਾੜਾ ਇਕ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੰਚਮ ਪੰਚਾਂ ਮੇਲ ਮਿਲਾਇਆ । ਪੰਚਮ ਮੇਲਾ ਧੁਰ ਦਰਬਾਰ, ਹੋਏ ਕੁੜਮਾਈਆ । ਦੂਸਰ

ਕਿਸੇ ਹੱਥ ਨਾ ਆਈਆ । ਸੋਲਾਂ ਕਰੇ ਤਨ ਸ਼ਿੰਗਾਰ, ਸੋਲਾਂ ਕਲਾਂ ਜੋਤ ਜਗਾਈਆ । ਨੌ ਖੰਡ ਪ੍ਰਿਥਮੀ ਪਾਵੇ ਸਾਰ, ਸੱਤਾਂ ਦੀਪਾਂ ਰਚਨ ਰਚਾਈਆ । ਆਪੇ ਵਸੇ ਹੋ ਹੋ ਬਾਹਰ, ਪੁਰੀਆਂ ਲੋਆਂ ਧਾਰ ਵਹਾਈਆ । ਕਰੋੜ ਤੇਤੀਸਾ ਕਰੇ ਪਿਆਰ, ਸੁਰਪਤ ਰਾਜਾ ਇੰਦ ਦਏ ਦੁਹਾਈਆ । ਸ਼ਿਵ ਸ਼ੰਕਰ ਕਰ ਰਿਹਾ ਵਿਚਾਰ, ਬ੍ਰਹਮਾ ਨੇਤਰ ਰਿਹਾ ਉਠਾਈਆ । ਹੋਣੀ ਅੰਤ ਜੁਦਾਈਆ । ਸ਼ਬਦ ਚਲੇ ਤੀਰ ਕਾੜ, ਲੱਖ ਚੁਰਾਸੀ ਰਿਹਾ ਉਠਾਈਆ । ਗੁਰਮੁਖਾਂ ਸਾਚੀ ਕਰੇ ਵਾੜ, ਸ਼ਬਦ ਸਰੂਪੀ ਰਚਨ ਰਚਾਈਆ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਪੰਚਾਂ ਦੇਵੇ ਮਾਤ ਵਡਿਆਈਆ । ਪੰਚਮ ਸੁਣ ਪੁਕਾਰ, ਪੰਚ ਜਗਾਇਆ । ਪੰਚਮ ਬਣ ਸੱਚੀ ਸਰਕਾਰ, ਪੰਚਮ ਰਾਹ ਵਖਾਇਆ । ਪੰਚਮ ਤਨ ਪਹਿਨਾਏ ਸ਼ਬਦ ਕਟਾਰ, ਸੋਹੰ ਸਾਚਾ ਨਾਉਂ ਰਖਾਇਆ । ਕਿਸੇ ਹੱਥ ਨਾ ਆਏ ਜੀਵ ਗਵਾਰ, ਲੁਹਾਰ ਤਰਖਾਣ ਨਾ ਕੋਇ ਘੜਾਇਆ । ਪੁਰਖ ਅਗੰਮੜੇ ਅਗੰਮੜੀ ਕਾਰ, ਕੋਈ ਦਮੜਾ ਮਾਤ ਨਾ ਲਾਇਆ । ਗੁਰਮੁਖ ਸਾਚੇ ਤੇਰੀ ਕਾਇਆ ਮਾਟੀ ਉਤਮ ਚੰਮੜਾ, ਜੋਤੀ ਭਰਿਆ ਸ਼ਬਦ ਭੰਡਾਰ । ਸਚ ਦਵਾਰਾ ਏਕਾ ਮਲੜਾ, ਖਿੜੀ ਬਸੰਤ ਬਹਾਰ । ਪਰਗਟ ਹੋਇਆ ਇਕ ਅਗੰਮੜਾ, ਨਿਹਕਲੰਕ ਨਰ ਅਵਤਾਰ । ਸਚ ਦਵਾਰਾ ਏਕਾ ਮਲੜਾ, ਲੱਖ ਚੁਰਾਸੀ ਨੌਂ ਕਵਾੜ । ਆਪੇ ਕਰੇ ਭਾਰਾ ਪਲੜਾ, ਮਨਮੁਖ ਜੀਵਾਂ ਰਾਏ ਧਰਮ ਕਰੇ ਖੁਆਰ । ਸੋਹੰ ਹੱਥ ਏਕਾ ਵਾਰ ਕਰਾਏ ਹਲੜਾ, ਲੋਆਂ ਪੁਰੀਆਂ ਹਾਹਾਕਾਰ । ਧੁਰ ਦਰਗਾਹੀ ਇਕ ਸੁਨੇਹੜਾ । ਦਰ ਦਰ ਘਰ ਘਰ ਘਲੜਾ, ਛੋਟੇ ਬਾਲੇ ਕਰ ਤਿਆਰ । ਸਚ ਸਿੰਘਾਸਣ ਆਪੇ ਮਲੜਾ, ਨਾ ਕੋਈ ਜਾਣੇ ਜੀਵ ਗਵਾਰ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਪੰਚਮ ਪੰਚ ਪੰਚਾਇਣ ਸਤਿਜੁਗ ਤੇਰੀ ਆਪ ਬਣਾਏ ਸੱਚੀ ਸਰਕਾਰ । ਸੱਚਾ ਸ਼ਾਹ ਸੁਲਤਾਨ ਹਰਿ ਰਘੁਰਾਈਆ । ਆਪੇ ਉਠਿਆ ਨੌਜਵਾਨ, ਸਾਚਾ ਨਾਉਂ ਨਾਂ ਰਖਾਈਆ । ਨਾਲ ਰਲਾਏ ਪੰਚ ਜਵਾਨ, ਸ਼ਬਦ ਕਟਾਰ ਤਨ ਪਹਿਨਾਈਆ । ਗਰੀਬ ਨਿਮਾਣਿਆਂ ਪਹਿਰੇਦਾਰ, ਪੁਰਖ ਅਬਿਨਾਸ਼ੀ ਆਪ ਅਖਵਾਈਆ । ਤੋੜੇ ਗੜ੍ਹ ਕਿਲ੍ਹਾ ਹੰਕਾਰ, ਤੇਜ ਕਟਾਰਾ ਰਿਹਾ ਚਲਾਈਆ । ਗੁਰਮੁਖਾਂ ਕਰੇ ਤਨ ਸ਼ਿੰਗਾਰ, ਕਲਜੁਗ ਵਾਰੀ ਅੰਤਮ ਆਈਆ । ਬੈਠ ਦਰ ਸੱਚੇ ਦਰਬਾਰ, ਜਨ ਭਗਤਾਂ ਦਏ ਵਡਿਆਈਆ । ਗਲ ਪਾਏ ਫੂਲਨਹਾਰ, ਵੱਜੇ ਨਾਦ ਸ਼ਨਵਾਈਆ । ਜਗਤ ਤ੍ਰਿਸ਼ਨਾ ਦਏ ਨਿਵਾਰ, ਆਪੇ ਹਰਸ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਅੰਮ੍ਰਿਤ ਮੇਘ ਦੇਵੇ ਬਰਸ, ਸੋਹੰ ਸਤਿ ਕਰਾਈਆ । ਪੰਚ ਪੰਚਾਂ ਚੋਟਨ ਚੋਟੀ, ਪ੍ਰਭ ਸਾਚਾ ਆਪ ਚੜ੍ਹਾਈਆ । ਵੇਖ ਵਖਾਣੇ ਕੋਟਨ ਕੋਟੀ, ਗੁਰਮੁਖ ਵਿਰਲਾ ਨਜ਼ਰੀ ਆਈਆ । ਸ਼ਬਦ ਫੜਾਏ ਸਾਚੀ ਸੋਟੀ, ਸੋਹੰ ਨੇਜਾ ਨਾਉਂ ਰਖਾਈਆ । ਪੰਚਾਂ ਕਰੇ ਬੋਟੀ ਬੋਟੀ, ਪੰਚਾਂ ਹੋਏ ਸਹਾਈਆ । ਪੰਚਾਂ ਮਿਲੇ ਭੰਡਾਰਾ ਅਤੋਟੀ, ਪੰਚ ਕਰੇ ਹਲਕਾਈਆ । ਪੰਚਾਂ ਜਗੇ ਆਤਮ ਜੋਤੀ, ਅੰਧੇਰ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣ ਆਇਆ ਮਾਤ ਵਡਿਆਈਆ । ਪੰਚਮ ਪੰਚਮ ਪੰਚਮ ਯਾਰ, ਹਰਿ ਸਾਚਾ ਆਪ ਅਖਵਾਇਆ ਏ । ਦੇਵਣ ਆਇਆ ਨਾਮ ਅਧਾਰ, ਜਗਤ ਪਿਆਰ ਵਧਾਇਆ ਏ । ਕਰਮ ਕਰਾਏ ਇਕ ਕਰਤਾਰ, ਸਾਚਾ ਧਰਮ ਧਰਾਇਆ ਏ । ਊਚਾਂ ਨੀਚਾਂ ਭੇਵ ਨਿਵਾਰ, ਰੰਕ ਰਾਜਾਨਾਂ ਏਕਾ ਧਾਮ ਵਸਾਇਆ ਏ । ਸ਼ਾਹ ਸੁਲਤਾਨਾਂ ਕਰ ਖੁਆਰ, ਚਰਨ ਦਵਾਰ ਇਕ ਸਮਝਾਇਆ ਏ । ਲੱਖ ਚੁਰਾਸੀ ਪੈਣੀ ਮਾਰ, ਨਰ ਹਰਿ ਸਾਚਾ ਹੁਕਮ ਸੁਣਾਇਆ ਏ । ਪੰਚਾਂ ਦੇਵੇ ਸ਼ਬਦ ਦਸਤਾਰ, ਸਾਚੇ ਸੀਸ ਸੁਹਾਇਆ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਬੀਸ ਇਕੀਸਾ ਹੋ ਹੋ ਆਇਆ ਏ ।

ਪੰਚਾਂ ਸਿਰ ਦਸਤਾਰ, ਹਰਿ ਟਿਕਾਈਆ । ਪਹਿਲਾਂ ਕੀਤਾ ਸਚ ਪਿਆਰ, ਅੱਸੂ ਤਿੰਨ ਖ਼ੁਸ਼ੀ ਮਨਾਈਆ । ਕਿਲ੍ਹਾ ਲਾਲ ਦਿੱਲੀ ਦਰਬਾਰ, ਸੰਤ ਮਨੀ ਸਿੰਘ ਵੱਜੀ ਵਧਾਈਆ । ਆਪੇ ਜਾਣੇ ਆਪਣੀ ਕਾਰ, ਜੀਵ ਜੰਤ ਨਾ ਜਾਣੇ ਰਾਈਆ । ਸਾਚੀ ਥਿਤ ਵਾਰ ਵਿਚਾਰ, ਛੱਬੀ ਪੋਹ ਰੁੱਤ ਸੁਹਾਈਆ । ਦੇਹ ਤਜਾਈ ਜੋਤ ਅਕਾਰ, ਆਪ ਆਪਣੀ ਬਣਤ ਬਣਾਈਆ । ਨਾਤਾ ਛੁੱਟਾ ਨੌਂ ਦਵਾਰ, ਦਸਵੇਂ ਆਸਣ ਲਾਈਆ । ਪੁਰੀ ਘਨਕ ਕਰ ਖੁਆਰ, ਆਰ ਪਾਰ ਡੇਰਾ ਲਾਈਆ । ਜੋਤੀ ਤਨਕ ਇਕ ਅਪਾਰ, ਪ੍ਰਭ ਸਾਚੇ ਆਪ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੰਚਮ ਦੇਵੇ ਜਗਤ ਵਡਿਆਈਆ । ਹਰਿ ਹਰਿ ਹਰਿ ਭਗਤ ਜਲਾਦ, ਹਰਿ ਅਖਵਾਇਆ । ਦੂਸਰ ਕੋਈ ਨਾ ਦੇਵੇ ਦਾਦ, ਸਾਕ ਸੈਣ ਵੇਖ ਵਖਾਇਆ । ਸਾਚਾ ਸੰਤ ਨਾ ਜਾਏ ਲਾਧ, ਫਿਰ ਫਿਰ ਵੇਖੇ ਜਗਤ ਸਬਾਇਆ । ਸਾਚਾ ਮੇਲਾ ਮਾਧਵ ਮਾਧ, ਬੋਧ ਅਗਾਧਾ ਹਰਿ ਘਰ ਪਾਇਆ । ਹਰਿ ਘਰ ਪਾਇਆ ਨਾਮ ਵਰ, ਮਸਤਕ ਤਿਲਕ ਲਿਲਾਟੀ । ਜਗਤ ਚੁਕਾਇਆ ਝੂਠਾ ਡਰ, ਆਪ ਚੜ੍ਹਾਏ ਔਖੀ ਘਾਟੀ । ਸਾਚੀ ਤਰਨੀ ਜਾਣਾ ਤਰ, ਚਰਨ ਦਵਾਰਾ ਸਾਚਾ ਤੀਰਥ ਤਾਟੀ । ਸਾਚੀ ਮਰਨੀ ਜਾਣਾ ਮਰ, ਸੌਦਾ ਲੈਣਾ ਸਾਚੀ ਹਾਟੀ । ਆਪਣੀ ਕਿਰਪਾ ਰਿਹਾ ਕਰ, ਜਨ ਭਗਤਾਂ ਦੁਰਮਤ ਮੈਲ ਕਾਟੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਾਗ ਲਗਾਏ ਕਾਇਆ ਮਾਟੀ । ਸ਼ਬਦ ਖੰਡਾ ਹੱਥ ਕਟਾਰ, ਪ੍ਰਭ ਸਾਚੇ ਆਪ ਉਠਾਈਆ । ਤਾਣਾ ਤਣਿਆ ਨੌਂ ਦਵਾਰ, ਗੁਰਮੁਖ ਦਸਵੇਂ ਆਪ ਬਹਾਈਆ । ਦਸਮ ਘਰ ਸਚ ਸਰਕਾਰ, ਸਚ ਵਿਹਾਰਾ ਇਕ ਉਪਜਾਈਆ । ਸ਼ਬਦ ਸਿੰਘਾਸਣ ਅਪਰ ਅਪਾਰ, ਜੋਤ ਅਬਿਨਾਸ਼ ਰਿਹਾ ਜਗਾਈਆ । ਪ੍ਰਿਥਮੀ ਅਕਾਸ਼ ਪਾਵੇ ਸਾਰ, ਸ਼ਬਦ ਸਵਾਸ ਵੇਖ ਵਖਾਈਆ । ਹਰਿਜਨ ਸਾਚੇ ਸੰਤ ਦੁਲਾਰ, ਸਾਚੀ ਬਣਤ ਬਣਾਈਆ । ਖਿੱਚ ਲਿਆਏ ਚਰਨ ਦਵਾਰ, ਸੰਤ ਮਨੀ ਸਿੰਘ ਲੇਖ ਲਿਖਾਈਆ । ਆਪੇ ਵਸੇ ਹੋ ਹੋ ਬਾਹਰ, ਗੁਪਤ ਜ਼ਾਹਿਰ ਰਚਨ ਰਚਾਈਆ । ਕਰੇ ਕਰਾਏ ਕਰਾਵਣਹਾਰ ਕਾਰ, ਕਰਨੀ ਕਲਜੁਗ ਆਈਆ । ਸ਼ਬਦ ਵਹਾਏ ਸਾਚੀ ਧਾਰ, ਮਾਰੇ ਮਾਰ ਹਰਿ ਰਘੁਰਾਈਆ । ਹੋਏ ਆਤਮ ਆਰ ਪਾਰ, ਸੀਸ ਧੜ ਰਿਹਾ ਕਟਾਈਆ । ਲਾਲ ਚੋਲਾ ਤਨ ਸ਼ਿੰਗਾਰ, ਵਹਿੰਦੀ ਧਾਰ ਇਕ ਵਖਾਈਆ । ਬਹੱਤਰ ਨਾੜਾਂ ਕਰ ਪਿਆਰ, ਆਪ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੰਚਮ ਦੇਵੇ ਮਾਤ ਵਡਿਆਈਆ । ਸ਼ਬਦ ਕਟਾਰੀ ਹੱਥ, ਮਾਤ ਭਗਤ ਉਧਾਰਿਆ । ਆਪ ਚੜ੍ਹਾਏ ਸਾਚੇ ਰਥ, ਰਥ ਰਥਵਾਹੀ ਆਪ ਅਖਵਾ ਰਿਹਾ । ਸ਼ਬਦ ਸਰੂਪੀ ਪਾਏ ਨੱਥ, ਜੋਤ ਸਰੂਪੀ ਤਨਕ ਲਗਾ ਰਿਹਾ । ਪੰਚ ਪੰਚਾਇਣੀ ਰਿਹਾ ਮਥ, ਦਵਾਰ ਬੰਕ ਇਕ ਸੁਹਾ ਰਿਹਾ । ਲੇਖਾ ਚੁੱਕੇ ਸੀਆਂ ਸਾਢੇ ਤਿੰਨ ਹੱਥ, ਆਵਣ ਜਾਵਣ ਲੇਖੇ ਲਾ ਰਿਹਾ । ਮਿਲਿਆ ਮੇਲ ਪੁਰਖ ਸਮਰਥ, ਪਤਿਤ ਪਾਵਨ ਪਾਰ ਕਰਾ ਰਿਹਾ । ਮਿਲੇ ਸ਼ਬਦ ਨਾਮ ਸਚ ਵੱਥ, ਸਾਚਾ ਦਾਮਨ ਆਪ ਫੜਾ ਰਿਹਾ । ਮਹਿੰਮਾ ਜਗਤ ਚਲੇ ਅਕੱਥ, ਸਤਿਜੁਗ ਸਾਚਾ ਸਮਾਂ ਸੁਹਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੰਚਮ ਮੇਲਾ ਇਕ ਮਿਲਾ ਰਿਹਾ । ਪੰਚਮ ਮੇਲਾ ਪੰਚ ਪਿਆਰਾ, ਪੰਚਾਂ ਰੰਗ ਸਮਾਈਆ । ਪੰਚਾਂ ਦੇਵੇ ਸ਼ਬਦ ਧਾਰਾ, ਪੰਚਮ ਜੋਤੀ ਨੂਰ ਉਜਿਆਰਾ, ਪੰਚਮ ਵੱਜੇ ਵਧਾਈਆ । ਪੰਚਮ ਮੇਟੇ ਧੁੰਦੂਕਾਰਾ, ਪੰਚਮ ਪੰਚਾਂ ਖ਼ੁਸ਼ੀ ਮਨਾਈਆ । ਕਿਰਪਾ ਕਰੇ ਅਗੰਮ ਅਪਾਰਾ, ਸ਼ਬਦ ਅਸਵਾਰਾ ਇਕ ਅਖਵਾਈਆ । ਪਰਗਟ ਹੋਇਆ ਨਰ ਨਿਰੰਕਾਰਾ, ਨਿਹਕਲੰਕ ਡੰਕ ਵਜਾਈਆ । ਇਕ ਸੁਹਾਏ ਮਾਤ


੪੭੯ ੦੫

ਦਵਾਰਾ, ਨੌਂ ਦਵਾਰੇ ਵੇਖ ਵਖਾਈਆ । ਸਾਚੇ ਘਰ ਕਰੇ ਪਸਾਰਾ, ਆਪ ਆਪਣਾ ਰੰਗ ਵਟਾਈਆ । ਲਾਲ ਗੁਲਾਲਾ ਅਪਰ ਅਪਾਰਾ, ਅਸੁੱਤੇ ਪਰਕਾਸ਼ ਕਰਾਈਆ । ਗੁਰਮੁਖਾਂ ਦੇਵੇ ਜੋਤੀ ਧਾਰਾ, ਚਿੱਟੀ ਧਾਰਾ ਦੂਣ ਸਵਾਈਆ । ਦਸਮ ਦਵਾਰੀ ਖੇਲ ਨਿਆਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੇਲ ਮਿਲਾਈਆ । ਸ਼ਬਦ ਰਤਨ ਅਪਾਰ, ਨਾਮ ਜਣਾਇਆ । ਗੁਰਮੁਖ ਆਤਮ ਜਾਏ ਮੰਨ, ਸੀਸ ਧੜ ਲੇਖੇ ਲਾਇਆ । ਸਾਚਾ ਰਾਗ ਸਾਚਾ ਕੰਨ, ਅੰਦਰ ਚੜ੍ਹ ਢੋਲ ਵਜਾਇਆ । ਦਰ ਦਵਾਰੇ ਅੱਗੇ ਖੜ੍ਹ, ਸੋਹੰ ਸਾਚਾ ਸ਼ਬਦ ਪੜ੍ਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚਾ ਮੇਲ ਮਿਲਾਈਆ । ਅੰਦਰ ਵਸਿਆ ਅੰਧ ਕੂਪ, ਦਿਵਸ ਰੈਣ ਰੰਗ ਰਾਤਾ । ਜੋਤ ਨਿਰੰਜਣ ਸਤਿ ਸਰੂਪ, ਗੁਰਮੁਖ ਵਿਰਲੇ ਮਾਤ ਪਛਾਤਾ । ਦਰ ਦਰ ਘਰ ਘਰ ਦੇਂਦੇ ਧੂਪ, ਕਿਸੇ ਨਾ ਦਿਸੇ ਇਕ ਇਕਾਂਤਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵੇਲੇ ਅੰਤਮ ਪੁੱਛੇ ਵਾਤਾ । ਰਸਨਾ ਚਿਲਾ ਇਕ ਚੜ੍ਹਾਇਆ । ਸੱਸਾ ਕਿਲ੍ਹਾ ਜਗਤ ਵਖਾਇਆ । ਹੋੜਾ ਅੱਗੇ ਏਕਾ ਲਾਇਆ । ਸਾਚਾ ਘੋੜਾ ਸ਼ਬਦ ਦੁੜਾਇਆ । ਪਹਿਲਾ ਪੌੜਾ ਆਪ ਲਗਾਇਆ । ਨਿਰਗੁਣ ਸਰਗੁਣ ਵਿਚ ਸਮਾਇਆ । ਸਰਗੁਣ ਆਪੇ ਬਾਹਰ ਕਢਾਇਆ । ਸ਼ਬਦੀ ਰੂਪ ਇਕ ਬਣਾਇਆ । ਸ਼ਾਹੋ ਭੂਪ ਦਿਸ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਧ ਅੰਧਕੂਪ, ਆਪ ਆਪਣਾ ਭੇਖ ਵਟਾਇਆ । ਕਮਰ ਕਸ ਜਗਤ ਤਿਆਰੀ, ਪ੍ਰਭ ਸਾਚੇ ਆਪ ਕਰਾਈਆ । ਗੁਰਮੁਖਾਂ ਹਿਰਦੇ ਜਾਏ ਵਸ ਕਰੇ ਸ਼ਿੰਗਾਰੀ, ਸਾਚੀ ਬਣਤ ਬਣਾਈਆ । ਸਤਿਜੁਗ ਸਾਚਾ ਰਾਹ ਜਾਏ ਦੱਸ ਵਡ ਸੰਸਾਰੀ, ਸਾਚੀ ਦਇਆ ਕਮਾਈਆ । ਸਿੰਘ ਬਿਸ਼ਨ ਪ੍ਰਭ ਪਹਿਲੀ ਵਾਰੀ, ਹਰਿ ਸੀਸ ਜਗਦੀਸ ਇਕ ਦਸਤਾਰ ਟਿਕਾਈਆ । ਲੇਖਾ ਚੁੱਕੇ ਬੀਸ ਇਕੀਸ, ਬਣੇ ਸਚ ਸੱਚੀ ਸਰਕਾਰੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲਾਈ ਮਾਤ ਸੱਚੀ ਫੁਲਵਾੜੀਆ । ਫਲ ਫੁਲਵਾੜੀ ਗਈ ਮਵਲ । ਭਾਗ ਲੱਗਾ ਉਪਰ ਧਵਲ । ਨਾਭੀ ਉਲਟੀ ਖੁਲ੍ਹਿਆ ਕਵਲ । ਜੋਤੀ ਜੋਤ ਸਰੂਪ ਹਰਿ, ਕਰੇ ਖੇਲ ਸਵਲ । ਆਪ ਆਪਣੀ ਰਚਨ ਰਚਾਈ, ਤਨ ਮਨ ਅੰਦਰ ਰਚਿਆ ਏ । ਗੁਰਮੁਖ ਸਾਚੇ ਬਚਨ ਸੁਣਾਈ, ਸਚ ਵਿਹਾਰਾ ਸਾਚੇ ਸੁਝਿਆ ਏ । ਕਾਇਆ ਝੂਠੀ ਕੱਚ ਕੰਚਨ ਬਣਾਈ, ਰਾਹ ਏਕਾ ਏਕ ਦੱਸਿਆ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਧੁਰ ਦਰਗਾਹੀ ਆਇਆ ਸਈਆ ਏ । ਧੁਰ ਦਰਗਾਹੀ ਆਇਆ ਦੌੜ । ਗੁਰਮੁਖਾਂ ਅੰਤਮ ਗਿਆ ਬਹੁੜ । ਆਤਮ ਦਰ ਸਾਚੇ ਘਰ ਇਕ ਲਗਾਇਆ ਸੋਹੰ ਸੱਚਾ ਪੌੜ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਮਿਲਾਇਆ ਸਾਚਾ ਜੋੜ । ਸਾਚਾ ਜੋੜ ਆਪ ਜੁੜਾਇਆ । ਗੁਰਮੁਖ ਗੁਰਮੁਖਾਂ ਪਾਇਆ । ਸਿੰਘ ਇੰਦਰ ਪ੍ਰਭ ਦਏ ਵਡਿਆਇਆ । ਲਾਧਾ ਲਾਧਾ ਲਾਧਾ ਨਾਮ ਧਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤਨ ਮਨ ਗੁਰ ਸ਼ਬਦ ਬਾਧਾ, ਨਾ ਸਕੇ ਕੋਈ ਛੁਡਾਇਆ । ਧੁਰ ਦਰਗਾਹੀ ਦੇਵੇ ਸਾਚੀ ਦਾਦਾ, ਪੱਲੇ ਗੰਢ ਬੰਧਾਇਆ । ਮਿਲਿਆ ਮੇਲ ਮਾਧਵ ਮਾਧਾ, ਆਤਮ ਸੀਨੇ ਠੰਢ ਰਖਾਇਆ । ਸ਼ਬਦ ਜਣਾਏ ਬੋਧ ਅਗਾਧਾ, ਬੀਸ ਇਕੀਸੇ ਹੋਏ ਸਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗਤ ਜਗਦੀਸ਼ੇ ਸ਼ਬਦ ਤਾਜ, ਧੁਰ ਦਰਗਾਹੀ ਸਾਚਾ ਰਾਜ, ਏਕਾ ਛਤਰ ਸਾਚੇ ਸੀਸ ਟਿਕਾਇਆ । ਸਖਾ ਸਹਾਈ ਸਾਜਣ ਮੀਤ, ਸਾਚਾ ਵਕਤ ਸੁਹਾਉਂਦਾ ਏ । ਅੱਠੇ ਪਹਿਰ ਗਾਉਣਾ

੪੮੧
੦੫

ਗੀਤ, ਗੋਬਿੰਦ ਗੋਬਿੰਦ ਗਾਉਂਦਾ ਏ । ਕਾਇਆ ਬਣਾਈ ਮੰਦਰ ਮਸੀਤ, ਗੁਰਦਵਾਰਾ ਕੋਈ ਦਿਸ ਨਾ ਆਉਂਦਾ ਏ । ਪੁਰਖ ਅਬਿਨਾਸ਼ੀ ਤੇਰੀ ਵੇਖੇ ਅਚਰਜ ਰੀਤ, ਸਾਚੀ ਬਣਤ ਬਣਾਉਂਦਾ ਏ । ਮਾਨਸ ਦੇਹੀ ਜਾਣਾ ਜੀਤ, ਸਾਚਾ ਹੁਕਮ ਸੁਣਾਉਂਦਾ ਏ । ਸਿੰਘ ਪ੍ਰੀਤਮ ਸਦਾ ਅਤੀਤ, ਚਰਨ ਪ੍ਰੀਤ ਨਿਭਾਉਂਦਾ ਏ । ਏਕਾ ਗਾਏ ਸੁਹਾਗੀ ਗੀਤ, ਪ੍ਰਭ ਸੋਹੰ ਸ਼ਬਦ ਫੜਾਉਂਦਾ ਏ । ਸਦੀ ਬੀਸਵੀ ਰਹੀ ਬੀਤ, ਪ੍ਰਭ ਸਾਚਾ ਸੀਸ ਬੰਨ੍ਹ ਦਸਤਾਰ ਆਪੇ ਆਪ ਟਿਕਾਉਂਦਾ ਏ । ਨਾਮ ਭੰਡਾਰਾ ਵੰਡਣ ਆਇਆ, ਸਾਚਾ ਹੱਟ ਖੁਲ੍ਹਾਉਂਦਾ ਏ । ਗੁਰਮੁਖਾਂ ਟੁੱਟੀ ਗੰਢਣ ਆਇਆ, ਸਾਚਾ ਜੋੜ ਜੁੜਾਉਂਦਾ ਏ । ਵਰਭੰਡੀ ਹਰਿ ਭੰਡਣ ਆਇਆ, ਆਪਣੀ ਰੀਤ ਚਲਾਉਂਦਾ ਏ । ਬੇਮੁਖਾਂ ਕੰਡੀ ਵੰਢਣ ਆਇਆ, ਸ਼ਬਦ ਕਟਾਰਾ ਉਠਾਉਂਦਾ ਏ । ਭੇਖ ਪਖੰਡਾ ਦੰਡਣ ਆਇਆ, ਦੋ ਧਾਰਾ ਸ਼ਬਦ ਚਲਾਉਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚ ਵਿਹਾਰਾ ਮਾਤ ਕਰਾਉਂਦਾ ਏ । ਸਚ ਵਿਹਾਰਾ ਸਚ ਸੁਲਤਾਨ, ਸਚ ਵਿਹਾਰ ਕਰਾਇਆ । ਪਰਗਟ ਹੋਇਆ ਹਰਿ ਮਿਹਰਵਾਨ, ਸਾਚੀ ਧਾਰਾ ਰਿਹਾ ਚਲਾਇਆ । ਗੁਰਮੁਖ ਸਾਚਾ ਨੌਜਵਾਨ, ਸੋਇਆ ਮਾਤ ਉਠਾਇਆ । ਆਪ ਬਿਠਾਏ ਸ਼ਬਦ ਬਿਬਾਣ, ਇਕ ਹੁਲਾਰਾ ਰਿਹਾ ਦਵਾਇਆ । ਦਹਿ ਦਿਸ਼ਾ ਵੇਖੇ ਮਾਰ ਧਿਆਨ, ਤਿੰਨਾਂ ਲੋਕਾਂ ਬੂਝ ਬੁਝਾਇਆ । ਝੁਲਦਾ ਜਾਏ ਸ਼ਬਦ ਨਿਸ਼ਾਨ, ਸੋਹੰ ਲੇਖ ਲਿਖਾਇਆ । ਸੱਤਾਂ ਦੀਪਾਂ ਮਾਰ ਧਿਆਨ, ਨੌਂ ਖੰਡਾਂ ਰਿਹਾ ਜਗਾਇਆ । ਗੁਰਮੁਖ ਸਾਚਾ ਚਤੁਰ ਸੁਜਾਨ, ਗੁਰ ਪੂਰੇ ਆਪ ਬਣਾਇਆ । ਗੁਰ ਮੰਤਰ ਦਿਤਾ ਨਾਮ ਨਿਧਾਨ, ਨਿੱਝ ਘਰ ਵਾਸਾ ਆਪ ਰਖਾਇਆ । ਚਰਨ ਧੂੜ ਸੱਚਾ ਇਸ਼ਨਾਨ, ਧੁਰ ਭਰਵਾਸਾ ਮਾਤ ਧਰਾਇਆ । ਜੋਤੀ ਜੋਤ ਸਰੂਪ ਹਰਿ, ਆਪੇ ਵੇਖੇ ਜਗਤ ਤਮਾਸ਼ਾ, ਦਿਸ ਕਿਸੇ ਨਾ ਆਇਆ । ਜਗਤ ਕਿਸੇ ਨਾ ਦਿਸੇ, ਦੂਰਨ ਦੂਰ ਕਿਨਾਰਾ । ਲੱਖ ਚੁਰਾਸੀ ਪੀਸਣ ਪੀਸੇ, ਪ੍ਰਭ ਧਾਰੇ ਭੇਖ ਨਿਆਰਾ । ਸਚ ਵਣਜਾਰੇ ਖਾਲੀ ਖੀਸੇ, ਜੂਠਾ ਝੂਠਾ ਭਰਿਆ ਭੰਡਾਰਾ, ਵੇਖੇ ਖੇਲ ਬੀਸ ਬੀਸੇ, ਨਿਹਕਲੰਕ ਨਰਾਇਣ ਨਰ ਅਵਤਾਰਾ, ਗੁਰਮੁਖਾਂ ਪੜ੍ਹਾਏ ਏਕਾ ਸ਼ਬਦ ਹਦੀਸੇ, ਸੋਹੰ ਸ਼ਬਦ ਸੱਚਾ ਜੈਕਾਰਾ । ਨਾ ਕੋਈ ਕਰੇ ਮਾਤ ਰੀਸੇ, ਜੋਤੀ ਜੋਤ ਸਰੂਪ ਹਰਿ, ਸਿੰਘ ਗੁਰਮੁਖ ਮੁਖ ਗੁਰ ਆਪ ਬੰਨ੍ਹੇ ਦਸਤਾਰਾ । ਸਿੰਘ ਪਾਲ ਕਰੇ ਪ੍ਰਿਤਪਾਲ ਦੀਨ ਦਿਆਲਿਆ । ਦੀਪਕ ਜੋਤੀ ਦਏ ਬਾਲ, ਮਾਰੇ ਸ਼ਬਦ ਉਛਾਲਿਆ । ਆਪ ਬਣਾਏ ਸ਼ਾਹ ਕੰਗਾਲ, ਦਿਤਾ ਨਾਲ ਸੱਚਾ ਧੰਨ ਮਾਲਿਆ । ਫ਼ਲ ਲਗਾਏ ਕਾਇਆ ਡਾਲ੍ਹ, ਅੰਮ੍ਰਿਤ ਸੁਹਾਏ ਸਾਚਾ ਤਾਲਿਆ । ਇਕ ਲਵਾਈ ਸਾਚੀ ਛਾਲ, ਧੁਰ ਦਰਗਾਹੀ ਬਣ ਦਲਾਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਾਮ ਵਜਾਏ ਸਾਚਾ ਤਾਲਿਆ । ਨਾਮ ਵੱਜੇ ਤਲਵਾੜਾ ਹਰਿ ਰੰਗ ਰਤਿਆ । ਸਾਚਾ ਸ਼ਬਦ ਰਹੇ ਅਖਾੜਾ, ਲਗੇ ਵਾ ਨਾ ਤਤਿਆ । ਮੇਟ ਮਿਟਾਏ ਪੰਚਮ ਧਾੜਾ, ਸ਼ਬਦ ਰਖਾਏ ਸਾਚਾ ਜਪਿਆ । ਆਪ ਬਣਾਏ ਸਾਚਾ ਲਾੜਾ, ਮੌਲੀ ਗਾਨਾ ਸਾਚੀ ਅੱਟੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਭਾਗ ਲਗਾਏ ਕਾਇਆ ਮੱਟਿਆ । ਕਾਇਆ ਮੱਟ ਅਪਾਰ ਹੱਟ ਖੁਲ੍ਹਾਇਆ । ਜੋਤ ਜਗਾਏ ਲੱਟ ਲੱਟ, ਅਗਿਆਨ ਅੰਧੇਰ ਮਿਟਾਇਆ । ਲੇਖਾ ਚੁੱਕੇ ਅੱਠ ਸੱਠ, ਤੀਰਥ ਤੱਟਾਂ ਭੇਵ ਮਿਟਾਇਆ । ਦਰ ਦਵਾਰੇ ਆਇਆ ਨੱਠ, ਹੋਏ ਸਦ ਸਹਾਇਆ । ਉਲਟੀ ਗੇੜੇ ਆਪੇ ਲੱਠ, ਦੇ ਮਤ ਹਰਿ ਸਮਝਾਇਆ । ਸਚ ਦਵਾਰੇ ਏਕਾ ਇਕੱਠ, ਆਤਮ ਬ੍ਰਹਮ ਪਾਰਬ੍ਰਹਮ ਜਣਾਇਆ । ਜੋਤੀ ਅਗਨੀ ਡਾਹੇ ਮੱਠ, ਸ਼ਬਦ ਰਿਹਾ ਜਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੰਚ ਤੀਰ ਚਲਾਇਆ । ਪੰਚਮ ਤੀਰ ਚਲਾਏ,

ਪੰਚਮ ਮਾਰਿਆ । ਪੰਚਮ ਪਾਰ ਕਰਾਏ, ਪੰਚ ਸ਼ਿੰਗਾਰਿਆ । ਪੰਚਮ ਮਾਰ ਮਿਟਾਏ, ਪੰਚਮ ਜਿਵਾ ਰਿਹਾ । ਪੰਚਮ ਦਿਸ ਨਾ ਆਏ ਪੰਚਮ ਉਜਿਆਰਿਆ । ਪੰਚਮ ਵਿਚ ਸਮਾਏ, ਪੰਚ ਭੁੱਲਾ ਰਿਹਾ । ਪੰਚਮ ਦਇਆ ਕਮਾਏ, ਪੰਚਮ ਦਿਸ ਨਾ ਆ ਰਿਹਾ । ਸਾਚਾ ਕੰਤ ਇਕ ਅਖਵਾਏ, ਸਾਚੀ ਨਾਰੀ ਆਪ ਪ੍ਰਨਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਭਗਤ ਵਿਹਾਰੀ ਆਪ ਕਰਾ ਰਿਹਾ । ਭਗਤ ਅਧਾਰੀ ਖੇਲ ਖੇਲਾ, ਧੁਰ ਸੰਜੋਗੀ ਮੇਲਾ ਏ । ਸਚ ਦਵਾਰਾ ਏਕਾ ਖੁਲ੍ਹਾ, ਸ਼ਬਦ ਗੁਰੂ ਗੁਰ ਚੇਲਾ ਏ । ਕੋਇ ਨਾ ਲਾਏ ਹਰਿ ਹਰਿ ਮੁੱਲਾ, ਕਲਜੁਗ ਅੰਤਮ ਵਕਤ ਦੁਹੇਲਾ ਏ । ਪੰਚਮ ਨਾਤਾ ਪੁਰਖ ਬਿਧਾਤਾ ਪੰਚਮ ਉਤਮ ਹੋਏ ਜ਼ਾਤਾ, ਪੰਚਮ ਭਰਮ ਭੁਲਾਇਆ ਏ । ਪੰਚਮ ਭੁੱਲਾ ਪੰਚਮ ਮਾਇਆ ਅੰਦਰ ਰੁੱਲਾ, ਪੰਚ ਬਣਾਏ ਪਾਰਜ਼ਾਤਾ ਏ । ਪੰਚਮ ਤੋਲ ਸਾਚੇ ਤੁਲਾ, ਚਰਨ ਪ੍ਰੀਤੀ ਘੋਲ ਘੁਲਾ, ਪੰਚਮ ਮਿਟੇ ਅੰਧੇਰੀ ਰਾਤਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵੇ ਨਾਮ ਸਚ ਧਨ ਮਾਲ ਸਚ ਸੁਗਾਤਾ ਏ । ਸਚ ਸੁਗਾਤੀ ਦੀਨ ਦਿਆਲ, ਦੇਵੇ ਨਾਮ ਏਕਾ ਦਾਤੀ । ਦਿਵਸ ਰੈਣ ਹੋਏ ਰਖਵਾਲ, ਅੱਠੇ ਪਹਿਰ ਰਹੇ ਪਰਭਾਤੀ । ਮਿਲਿਆ ਮੇਲਾ ਹਰਿ ਦਲਾਲ, ਅੰਮ੍ਰਿਤ ਦੇਵੇ ਬੂੰਦ ਸਵਾਂਤੀ । ਕਾਇਆ ਸਿੰਚੇ ਝੂਠੀ ਖਾਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵੇ ਨਾਮ ਸੱਚਾ ਧਨ ਮਾਲ । ਨਾਮ ਖਜਾਨਾ ਵੰਡਣ ਆਇਆ, ਹਰਿ ਹਰਿ ਦੀਨ ਦਿਆਲ । ਪੰਜਾਂ ਚੋਰਾਂ ਖੰਡਨ ਆਇਆ, ਪੰਚ ਕਰੇ ਹਰਿ ਪ੍ਰਿਤਪਾਲ । ਪੰਚਾਂ ਅੰਤਮ ਦੰਡਣ ਆਇਆ, ਪੰਚਮ ਅੰਤਮ ਫ਼ਲ ਲਗਾਏ ਕਾਇਆ ਡਾਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰ ਕਰ ਕਿਰਪਾ ਪਾਰ ਉਤਾਰੇ, ਹਰਿਜਨ ਸਾਚਾ ਸਿੰਘ ਪਾਲ । ਸਿੰਘ ਪਾਲ ਪਾਲ ਸ਼ਬਦ ਅਸਵਾਰ । ਪੁਰਖ ਅਬਿਨਾਸ਼ੀ ਹੋਏ ਦਿਆਲ, ਦਿਆਲ ਦਿਆਲ ਗੁਰ ਕਰਤਾਰ । ਗੁਰਮੁਖ ਸਾਚਾ ਵੇਖੇ ਲਾਲ, ਲਾਲ ਲਾਲ ਰਤਨ ਅਪਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੰਚਮ ਦੇਵੇ ਨਾਮ ਵਰ, ਸੋਹੰ ਸ਼ਬਦ ਸੀਸ ਜਗਦੀਸ ਸੱਚੀ ਦਸਤਾਰ । ਪੰਚਾਂ ਸੀਸ ਦਸਤਾਰ ਹਰਿ ਟਿਕਾਈਆ । ਲੇਖਾ ਲਿਖੇ ਬੀਸ ਇਕੀਸ, ਭੇਵ ਨਾ ਰਾਈਆ । ਵੇਖੇ ਖੇਲ ਹਰਿ ਹਰਿ ਨਰ ਨਰ ਜਗ ਜਗ ਜਗਦੀਸ, ਸਾਚਾ ਤੇਲ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਾਂ ਕਰੇ ਜੋਤ ਸ਼ਬਦ ਕੁੜਮਾਈਆ । ਛੱਬੀ ਪੋਹ ਦਿਵਸ ਦਿਹਾੜਾ, ਭਿੰਨੜੀ ਰੈਣ ਸੁਹਾਈਆ । ਭਿੰਨੜੀ ਰੈੜ ਧਰਮ ਅਖਾੜਾ, ਪੰਚਮ ਮੇਲਾ ਧੁਰ ਦਰਗਾਹੀਆ । ਸ਼ਬਦ ਸਰੂਪੀ ਕਰੇ ਵਾੜਾ, ਨਾ ਕੋਈ ਸਕੇ ਜੜ੍ਹ ਉਖੜਾਈਆ । ਨੇੜ ਨਾ ਆਏ ਜਗਤ ਧਾੜਾ, ਫੜ ਉਠਾਏ ਆਪੇ ਬਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੋਏ ਸਹਾਈ ਥਾਉਂ ਥਾਈਆ । ਪੰਚਮ ਕਰ ਤਿਆਰ, ਪੰਚ ਸਵਾਰਿਆ । ਪੰਚਮ ਮਾਰੇ ਮਾਰ, ਸ਼ਬਦ ਉਡਾਰਿਆ । ਪੰਚਾਂ ਦੇਵੇ ਤਾਰ, ਨਰ ਨਿਰੰਕਾਰਿਆ । ਤਨ ਪਹਿਨਾਏ ਸਾਚਾ ਹਾਰ, ਸਾਚੀ ਬਰਖਾ ਮੇਘ ਬਰਸਾ ਰਿਹਾ । ਮਾਨਸ ਦੇਹੀ ਕਾਜ ਸਵਾਰ, ਜਗਤ ਹਰਸ ਆਪ ਮਿਟਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ੍ਰਿਸ਼ਟ ਸਬਾਈ ਬਣਤ ਬਣਾ ਰਿਹਾ । ਸ੍ਰਿਸ਼ਟ ਸਬਾਈ ਬਣਤ ਬਣਾਏ, ਏਕਾ ਰਾਹ ਵਖਾਇਆ । ਗੁਰਮੁਖ ਸਾਚੇ ਸੰਤ ਜਗਾਏ, ਸਾਚਾ ਸ਼ਬਦ ਸੁਣਾਇਆ । ਸਾਚੇ ਸ਼ਬਦ ਮਿਲੀ ਵਡਿਆਈ, ਹਰਿ ਹਿਰਦੇ ਨਾਮ ਵਸਾਇਆ । ਛੱਬੀ ਪੋਹ ਹੋਈ ਕੁੜਮਾਈ, ਪੰਚਾਂ ਨਾਤਾ ਜੋੜ ਜੁੜਾਇਆ । ਊਚਾਂ ਨੀਚਾਂ ਭੈਣਾਂ ਭਈਆ ਭਾਈ ਭੈਣਾ ਆਪ ਅਖਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,

ਪੰਚ ਦਵਾਰਾ ਇਕ ਸੁਹਾਇਆ । ਪੰਚਾਂ ਸੋਹੇ ਤਾਜ, ਸੀਸ ਟਿਕਾਇੰਦਾ । ਕਰਿਆ ਕਾਜ ਦੇਸ ਮਾਝ, ਸਾਚੀ ਬਣਤ ਬਣਾਇੰਦਾ । ਸਾਚੇ ਸਾਜਨ ਰਿਹਾ ਸਾਜ, ਸੰਤ ਅਸੰਤ ਵੇਖ ਵਖਾਇੰਦਾ । ਵੇਲੇ ਅੰਤਮ ਰੱਖਣ ਆਇਆ ਲਾਜ, ਕਲ ਵਿਛੜੇ ਮੇਲ ਮਿਲਾਇੰਦਾ । ਸੋਹੰ ਸ਼ਬਦ ਉਡਾਇਆ ਸਾਚਾ ਬਾਜ, ਚਾਰੋਂ ਕੁੰਟ ਆਪ ਫਿਰਾਇੰਦਾ । ਸ਼ਬਦ ਸਰੂਪੀ ਮਾਰੇ ਅਵਾਜ਼, ਜਨ ਹਰਿ ਸੋਏ ਮਾਤ ਜਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੰਚਮ ਮੇਲਾ ਇਕ ਇਕੇਲਾ ਆਪੇ ਆਪ ਕਰਾਇੰਦਾ । ਪੰਚਮ ਮੇਲਾ ਇਕ ਦਵਾਰ । ਸ਼ਬਦ ਮੇਲਾ ਜੋਤੀ ਨਿਰੰਕਾਰ । ਪਵਣ ਸੁਹੇਲਾ ਧੁਰ ਦਰਬਾਰ । ਚੌਥੇ ਜੁਗ ਸਾਚੀ ਵੇਲ, ਲੱਗੇ ਫ਼ਲ ਕਾਇਆ ਡਾਲ । ਜੋਤ ਨਿਰੰਜਣ ਚਾੜ੍ਹੇ ਤੇਲਾ, ਕੰਤ ਸੁਹਾਗੀ ਵਰ ਭਤਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣਾ ਕੀਤਾ ਮੇਲਾ, ਪਾਰਬ੍ਰਹਮ ਬ੍ਰਹਮ ਰੂਪ ਅਪਾਰ । ਪਾਰਬ੍ਰਹਮ ਬ੍ਰਹਮ ਮੇਲ ਮਿਲਾਇਆ । ਇਕ ਵਖਾਇਆ ਸਾਚਾ ਧਰਮ, ਧਰਨੀ ਧਰਨ ਆਪ ਅਖਵਾਇਆ । ਜਨ ਭਗਤਾਂ ਵੇਖੇ ਮਾਤ ਕਰਮ, ਕਰਮੀ ਕਰਮ ਕਰਮ ਲਿਖਾਇਆ । ਦੂਈ ਦਵੈਤੀ ਮੇਟੇ ਵਰਮ, ਏਕਾ ਮਾਰਗ ਏਕ ਦਿਸਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੰਚ ਦਵਾਰ ਬੰਕ ਸੁਹਾਇਆ । ਪੂਰਨ ਸੇਵਾ ਘਾਲ ਘਾਲ, ਦਰ ਦਵਾਰ ਕਰਾਈਆ । ਆਤਮ ਮੇਵਾ ਕਾਇਆ ਡਾਲ, ਅੰਮ੍ਰਿਤ ਫ਼ਲ ਖਵਾਈਆ । ਸੁਰਤੀ ਰਹੇ ਹਾਲ ਬੇਹਾਲ, ਦੀਨ ਦਿਆਲ ਸੇਵਾ ਲਾਈਆ । ਦਿਵਸ ਰੈਣ ਏਕਾ ਚਾਲ, ਸਿੰਘ ਦਰਸਨ ਦਰਸ਼ਨ ਹਰਿ ਹਰਿ ਪਾਇਆ, ਦਿਵਸ ਰੈਣ ਕਲਮ ਚਲਾਈਆ । ਪੁਰਖ ਅਬਿਨਾਸ਼ੀ ਤਰਸ ਕਮਾਇਆ, ਭਿੰਨੜੀ ਰੈਣ ਸੁਹਾਈਆ । ਅੰਮ੍ਰਿਤ ਮੇਘ ਬਰਸ ਵਖਾਇਆ, ਛੁੱਟੇ ਜਗਤ ਜੁਦਾਈਆ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਦੇਵੇ ਵਡਿਆਈਆ । ਮਿਲੇ ਮਾਤ ਵਡਿਆਈ, ਚਰਨ ਦਵਾਰਿਆ । ਮਸਤਕ ਮਿੱਟੇ ਝੂਠੀ ਛਾਹੀ, ਮਾਨਸ ਦੇਹੀ ਕਾਜ ਸਵਾਰਿਆ । ਸ਼ਬਦ ਸਰੂਪੀ ਪਾਈ ਫ਼ਾਹੀ, ਖਿਚ ਲਿਆਏ ਚਰਨ ਦਵਾਰਿਆ । ਗੋਝ ਗਿਆਨਾ ਭੇਵ ਖੁਲ੍ਹਾਈ, ਧਰਮ ਨਿਸ਼ਾਨਾ ਇਕ ਝੁੱਲਾ ਰਿਹਾ । ਨਾਮ ਤਰਾਨਾ ਇਕ ਵਜਾਈ, ਰਾਗ ਸਿਆਨਾ ਆਪ ਜਣਾ ਰਿਹਾ । ਚਰਨ ਧੂੜ ਸੱਚਾ ਇਸ਼ਨਾਨਾ ਮਾਤ ਕਰਾਈ, ਸੀਤਲ ਧਾਰਾ ਆਪ ਵਹਾ ਰਿਹਾ । ਦਿਵਸ ਰੈਣ ਸੇਵ ਕਮਾਈ, ਲੇਖਾ ਲਿਖਣਹਾਰ ਆਪ ਅਖਵਾ ਰਿਹਾ । ਆਤਮ ਦਰ ਵੱਜੇ ਵਧਾਈ, ਪ੍ਰਭ ਅਬਿਨਾਸ਼ੀ ਜੋਤ ਜਗਾਈ, ਸ਼ਬਦ ਸਰੂਪੀ ਮੇਲ ਮਿਲਾਈ, ਸਿੰਘ ਦਰਸ਼ਨ ਸੀਸ

ਪ੍ਰਭ ਦੇਸ ਮਾਝ ਰਚ ਭਗਤਾਂ ਕਾਜ, ਆਪੇ ਆਪ ਕਰਾ ਰਿਹਾ । ਚਾਕਰ ਸੇਵਾ ਚਾਕਰੀ, ਦਿਵਸ ਰੈਣ ਪਰਭਾਤ । ਅੰਤਮ ਨੇੜੇ ਆਈ ਵਾਟੜੀ, ਪ੍ਰਭ ਦੇਵੇ ਸੱਚੀ ਦਾਤ । ਨਾਮ ਲੱਭੇ ਸਾਚੀ ਗਾਠੜੀ, ਸੋਹੰ ਸ਼ਬਦ ਸੱਚੀ ਕਰਾਮਾਤ । ਹੱਥ ਫੜਾਏ ਸਾਚੀ ਲਾਠੜੀ, ਇਕ ਕਰਾਏ ਦਿਵਸ ਰਾਤ । ਸ਼ਬਦ ਹਠੀਲਾ ਸਾਚਾ ਹਾਠੜੀ, ਚਰਨ ਕਵਲ ਸੱਚਾ ਨਾਤ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵੇ ਨਾਮ ਕਾਇਆ ਚਾਮ ਸੱਚੀ ਦਾਤ । ਨਾਮ ਦਾਤ ਦਰ ਵੰਡਣ ਆਇਆ, ਠਾਕਰ ਠਾਕਰ ਵੇਸਾ । ਗੁਰਮੁਖ ਸਾਚੇ ਕਾਇਆ ਚੋਲੀ ਰੰਗਣ ਆਇਆ, ਕਰ ਕਰ ਵੇਸ ਅਨੇਕਾ । ਚਰਨ ਪ੍ਰੀਤੀ ਸਾਚੀ ਮੰਗਣ ਆਇਆ, ਕਰੇ ਬੁਧ ਬਿਬੇਕਾ । ਸ਼ਬਦ ਕੰਗਣ ਤਨ ਵੇਖਣ ਆਇਆ, ਕਲਜੁਗ ਮਾਇਆ ਨਾ ਲਾਏ ਸੇਕਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸ਼ਬਦ ਵਰ, ਸਦਾ ਰਹੇ ਬਿਬੇਕਾ । ਠਾਕਰ ਸੇਵਾ ਸਿੰਘ ਠਾਕਰ ਜਾਗੇ । ਅੰਮ੍ਰਿਤ ਮੇਵਾ ਆਤਮ ਮਾਂਗੇ । ਪ੍ਰਭ ਅਬਿਨਾਸ਼ੀ ਘਟ ਘਟ ਵਾਸੀ, ਚਰਨ ਪ੍ਰੀਤੀ ਏਕਾ ਲਾਗੇ । ਪਰਗਟ ਹੋਏ ਘਨਕਪੁਰ ਵਾਸੀ, ਜੋਤ

੪੮੩
੦੫

ਸਰੂਪੀ ਸ਼ਾਹੋ ਸ਼ਾਬਾਸੀ ਜਗਤ ਬੁਝਾਏ ਤ੍ਰਿਸਨਾ ਆਗੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਉਪਜਾਏ ਸ਼ਬਦ ਵੈਰਾਗੇ । ਸ਼ਬਦ ਵੈਰਾਗ ਰਹੇ ਤਨ ਅੰਦਰ, ਮਨ ਅੰਦਰ ਦਏ ਦੁਹਾਈਆ । ਜੋਤੀ ਜਗੇ ਸਾਚੇ ਅੰਦਰ, ਡੂੰਘੀ ਕੰਦਰ ਹੋਏ ਰੁਸ਼ਨਾਈਆ । ਆਪੇ ਤੋੜੇ ਵੱਜਾ ਜੰਦਰ, ਤੀਜੇ ਨੈਣ ਜਾਏ ਬੀਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵੇ ਭਗਤ ਜਗਤ ਵਡਿਆਈਆ । ਭਗਤ ਭੰਡਾਰਾ ਭਰਪੂਰ ਭਰਮ ਭਓ ਲੱਥਿਆ । ਪੁਰਖ ਅਬਿਨਾਸ਼ੀ ਆਸਾ ਮਨਸਾ ਪੂਰ, ਲੇਖਾ ਦੇਵੇ ਹੱਥੋ ਹਥਿਆ । ਆਪੇ ਨੇੜੇ ਆਪੇ ਦੂਰ, ਆਪੇ ਵੇਖੇ ਮਸਤੱਕ ਸਾਚੇ ਮਥਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਦੇਵੇ ਤੂਰ, ਜੋਤ ਸਰੂਪੀ ਸਾਚਾ ਨੂਰ, ਸਗਲ ਵਸੂਰਾ ਦਰ ਘਰ ਸਾਚੇ ਲੱਥਿਆ । ਸਗਲ ਵਸੂਰਾ ਜਾਏ ਲੱਥ, ਮਿਲਿਆ ਮੇਲ ਪੁਰਖ ਭਤਾਰਾ । ਪੰਚਾਂ ਚੋਰਾਂ ਪਾਏ ਨੱਥ, ਸ਼ਬਦ ਫੜਾਏ ਹੱਥ ਕਟਾਰਾ । ਜਗਤ ਚਲਾਏ ਸਾਚੀ ਗੱਥ, ਸੋਹੰ ਸ਼ਬਦ ਭਗਤ ਜੈਕਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਰੋਗ ਸੋਗ ਚਿੰਤ ਵਿਜੋਗ ਮਥ, ਸੀਸ ਬੰਨਾਏ ਸ਼ਬਦ ਸੱਚਾ ਦਸਤਾਰਾ । ਲੜ ਫੜਾਏ ਆਪਣਾ, ਹਰਿ ਲਾਡ ਲਡਾਏ । ਇਕ ਜਪਾਇਆ ਸਾਚਾ ਜਾਪਨਾ, ਏਕਾ ਅੱਖਰ ਮਾਤ ਪੜ੍ਹਾਏ । ਮੇਟ ਮਿਟਾਏ ਤੀਨੋ ਤਾਪਨਾ, ਸਾਚੀ ਦਾਤ ਹਰਿ ਝੋਲੀ ਪਾਏ । ਆਪ ਬੁਝਾਏ ਭੇਵ ਆਪਣਾ, ਅਗਿਆਨ ਅੰਧੇਰਾ ਰਿਹਾ ਮਿਟਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਰਨ ਦਵਾਰਾ ਨਰ ਨਿਰੰਕਾਰਾ ਏਕਾ ਏਕ ਵਖਾਏ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਘਟ ਘਟ ਮੇਂ ਰਿਹਾ ਸਮਾਏ । ਤ੍ਰੈਗੁਣ ਮਾਇਆ ਤੱਤ ਕਰ ਪਰਧਾਨਿਆ । ਆਪ ਬਣਾਏ ਪੰਚਮ ਰਤ, ਸਾਚਾ ਮੇਲ ਮਿਲਾਨਿਆ । ਬੀਜੇ ਬੀਜ ਕਾਇਆ ਸਾਚੇ ਵਤ, ਉਲਟਾ ਬਿਰਖ ਆਪ ਉਗਾਨਿਆ । ਲਹੂ ਮਿੱਝ ਬਣਾਏ ਹੱਡ ਮਾਸ ਨਾੜੀ ਰਤ, ਬਣਤ ਬਣਾਏ ਸ੍ਰੀ ਭਗਵਾਨਿਆ । ਵਿਚ ਰਖਾਏ ਸਾਚਾ ਤੱਤ, ਪਵਣ ਸਵਾਸੀ ਵੇਖ ਵਖਾਣਿਆ । ਨਾ ਕੋਈ ਕਥਨੀ ਸਕੇ ਕਥ, ਕਵਣ ਦਵਾਰੇ ਆਏ ਜਾਏ ਸ੍ਰੀ ਭਗਵਾਨਿਆ । ਨੌਂ ਅਠਾਰਾਂ ਮਿਲੀ ਵੱਥ, ਦੇਵਣਹਾਰ ਹਰਿ ਸਮਰਥ ਸਾਚੀ ਦਇਆ ਕਮਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵੇ ਧੀਰ ਸਰੀਰ ਇਕ ਤਰਾਨਿਆ । ਮਾਇਆ ਕੁੱਖ ਨਾ ਲੱਗੇ ਦੁੱਖ, ਉਲਟੀ ਨਾਭੀ ਵਾਸਾ ਏ । ਮਿੱਟੀ ਰਹੇ ਤ੍ਰਿਸ਼ਨਾ ਭੁੱਖ, ਮਿਲਿਆ ਮੇਲ ਪੁਰਖ ਅਬਿਨਾਸ਼ਾ ਏ । ਸਾਚੀ ਸੁੱਖਣਾ ਰਿਹਾ ਸੁੱਖ, ਵੇਖੇ ਅੰਦਰ ਪ੍ਰਿਥਮੀ ਅਕਾਸਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਕੀਤਾ ਅੰਦਰ ਵਾਸਾ ਏ । ਆਪੇ ਅੰਦਰ ਵਸ ਜੋਤ ਜਗਾਇਆ । ਆਪੇ ਰਵ ਸਸ, ਅਗਿਆਨ ਅੰਧੇਰਾ ਰਿਹਾ ਮਿਟਾਇਆ । ਆਪੇ ਆਏ ਬਾਹਰ ਨੱਸ, ਪੂਤ ਸਪੂਤਾ ਨਾਉਂ ਧਰਾਇਆ । ਮਾਇਆ ਰਾਣੀ ਦਏ ਡੱਸ, ਭਰਮੇ ਭਰਮ ਭੁਲਾਇਆ । ਜੋਤੀ ਜੋਤ ਸਰੂਪ ਹਰਿ, ਕਰੇ ਕਰਮ ਲੇਖਾ ਇਕ ਲਿਖਾਇਆ । ਲਿਖਿਆ ਲੇਖਾ ਚੁੱਕੇ ਮਾਤ, ਵੇਲਾ ਅੰਤਮ ਆਏ । ਨਾ ਕੋਈ ਜਾਣੇ ਦਿਵਸ ਰਾਤ, ਸੁਬਾਹ ਸ਼ਾਮ ਨਾ ਕੋਈ ਸਮਝਾਏ । ਅੱਠੇ ਪਹਿਰ ਵੇਖੇ ਮਾਰ ਝਾਤ, ਆਪੇ ਮੇਟੇ ਮੇਟ ਮਿਟਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਹਰਿ ਰਘੁਰਾਏ । ਅੰਤਮ ਵੇਲਾ ਔਖਾ ਘਾਟ, ਸਾਰ ਕੋਈ ਨਾ ਰਾਇਆ । ਕਾਇਆ ਪਿੰਜਰ ਆਨ ਬਾਟ, ਪ੍ਰਭ ਮਾਇਆ ਪੜਦਾ ਪਾਇਆ । ਆਤਮ ਜੋਤੀ ਖਿੱਚੇ ਲਿਲਾਟ, ਉਪਰੋਂ ਨੇੜੇ ਆਇਆ । ਆਪੇ ਪਾੜੇ ਪਾਲ ਕਪਾਟ, ਆਪਣਾ ਰਾਹ ਵਖਾਇਆ । ਸ਼ਬਦ ਮਾਰੇ ਸਾਚੀ ਚਾਟ, ਜੋਤੀ ਲਾਟ ਦਏ ਬੁਝਾਇਆ । ਲੇਖਾ ਚੁੱਕੇ ਸਾਚੇ ਹਾਟ, ਰੋਮ ਰੋਮੀ ਬਾਹਰ ਕਰਾਇਆ । ਜੋਤੀ

੪੮੪
੦੫

ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤ੍ਰੈਲੋਕੀ ਧਾਰਾ ਮਸਤਕ ਪਾਰਾ ਆਪੇ ਰਿਹਾ ਵਖਾਇਆ । ਹੋਏ ਮਨ ਵੈਰਾਗੀ ਚਰਨ ਦਵਾਰਿਆ । ਚਰਨ ਪ੍ਰੀਤੀ ਜਿਸ ਜਨ ਲਾਗੀ, ਨਾਤਾ ਤੁੱਟੇ ਨੌਂ ਦਵਾਰਿਆ । ਬੁਝੀ ਜਗਤ ਤ੍ਰਿਸ਼ਨਾ ਆਗੀ, ਸਾਚਾ ਮੇਲਾ ਕੰਤ ਭਤਾਰਿਆ । ਆਪੇ ਬਣ ਜਾਏ ਹਰਿ ਸਰਬਾਗੀ, ਦੇਵੇ ਸ਼ਬਦ ਸਚ ਤੱਤ ਸਹਾਰਿਆ । ਸੋਈ ਸੁਰਤੀ ਜਿਸ ਜਨ ਜਾਗੀ, ਮਿਲੇ ਵਸਤ ਅਪਰ ਅਪਾਰਿਆ । ਦਰ ਦਵਾਰੇ ਏਕਾ ਏਕ ਵਡ ਵਡਭਾਗੀ, ਜੋਤੀ ਸ਼ਬਦੀ ਮੇਲ ਮਿਲਾ ਰਿਹਾ । ਮਨ ਚੰਚਲ ਕਰੇ ਚਤਰਾਈਆ । ਸੁਰਤ ਸਵਾਣੀ ਰੋਵੇ ਧਾਹਾਂ ਮਾਰ, ਹਰਿ ਹਰਿ ਸ਼ਬਦ ਤੇਰੀ ਵਡਿਆਈਆ । ਕਰ ਕਿਰਪਾ ਪਾਰ ਉਤਾਰ, ਨਾ ਹੋਏ ਕਦੇ ਜੁਦਾਈਆ । ਦਿਵਸ ਰੈਣ ਰੈਣ ਦਿਵਸ ਏਕਾ ਚਰਨ ਪਿਆਰ, ਸੁਰਤੀ ਸ਼ਬਦ ਮੇਲ ਮਿਲਾਈਆ । ਮੇਲ ਮਿਲਾਵਾ ਡੂੰਘੀ ਗਾਰ, ਨਾ ਕੋਈ ਧੀ ਪੁੱਤ ਜਣਾਈਆ । ਏਕਾ ਸ਼ਬਦ ਸੱਚੀ ਕੁੜਮਾਈਆ । ਸੁਤੀ ਨਾਰੀ ਕੰਤ ਵਿਆਹੀਆ । ਖਿੱਚ ਲਿਆਏ ਦਰ ਸਚ ਦਰਬਾਰ, ਫੂਲਨ ਸੇਜਾ ਇਕ ਵਿਛਾਈਆ । ਜੋਤੀ ਨੂਰ ਕਰੇ ਅਕਾਰ, ਨਾਦ ਧੁਨ ਸੱਚੀ ਉਪਜਾਈਆ । ਚਾਰੋਂ ਕੁੰਟ ਢੋਲ ਮਰਦੰਗ ਰਿਹਾ ਵਜਾਈਆ । ਦੋਹਾਂ ਮੇਲਾ ਕੰਤ ਭਤਾਰ, ਸਾਚੀ ਸੇਜਾ ਏਕਾ ਸੁੱਤੇ ਸੁੱਤਿਆ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸੁਰਤੀ ਸੁਰਤ ਸਵਾਣੀ ਮੇਲ ਮਿਲਾਏ ਸ਼ਬਦ ਹਾਣੀ, ਏਕਾ ਨਾਤਾ ਪੁਰਖ ਬਿਧਾਤਾ ਦੋਹਾਂ ਜੋੜ ਜੁੜਾਈਆ । ਜੋੜ ਜੁੜਾਇਆ ਸਚ ਦਰਬਾਰ, ਪ੍ਰਭ ਸਾਚੇ ਮੇਲ ਮਿਲਾਇਆ । ਸ਼ਬਦ ਘੋੜਾ ਕਰ ਤਿਆਰ, ਸੁਰਤ ਸਵਾਣੀ ਲਏ ਚੜ੍ਹਾਇਆ । ਆਪੇ ਹੋਏ ਪਹਿਰੇਦਾਰ, ਗੁਰ ਪੂਰਾ ਜਿਸ ਨਾਮ ਰਖਾਇਆ । ਦਿਵਸ ਰੈਣ ਰੈਣ ਦਿਵਸ ਕਰੇ ਉਜਿਆਰ, ਅੰਧ ਅੰਧੇਰਾ ਰਹਿਣ ਨਾ ਪਾਇਆ । ਸੋਲਾਂ ਕਲੀਆਂ ਤਨ ਸ਼ਿੰਗਾਰ, ਨਾਮ ਟਿੱਕਾ ਮਸਤਕ ਲਾਇਆ । ਵਲੀਆ ਛਲੀਆ ਹਰਿ ਕਰਤਾਰ, ਜੋਤ ਸਰੂਪੀ ਭੇਖ ਵਟਾਇਆ । ਪੁਰਖ ਅਬਿਨਾਸ਼ੀ ਕਿਰਪਾ ਧਾਰ, ਸੁਹਣਾ ਹਾਰ ਗਲ ਪਹਿਨਾਇਆ । ਕਰੇ ਖੇਲ ਅਪਰ ਅਪਾਰ, ਚੁਰਾਸੀ ਕਲੀਆਂ ਆਪਣੇ ਲੜ ਬੰਨ੍ਹਾਇਆ । ਸੁਰਤ ਕਮਾਉਣੀ ਸੇਵ, ਪ੍ਰਭ ਜਣਾਇੰਦਾ । ਮਿਲੇ ਮੇਲ ਘਰ ਸਾਚੇ ਦੇਵ, ਸਾਚਾ ਰਾਹ ਵਖਾਇੰਦਾ । ਆਤਮ ਦੇਵੇ ਸਾਚਾ ਮੇਵ, ਅੰਮ੍ਰਿਤ ਫ਼ਲ ਖੁਵਾਇੰਦਾ । ਵਡ ਗੁਣੀ ਗੁਣ ਰਸਨਾ ਜਿਹਵ, ਜੋਤੀ ਜੋਤ ਸਰੂਪ ਹਰਿ, ਜੋ ਜਨ ਰਸਨਾ ਗਾਇੰਦਾ । ਸਤਿਗੁਰ ਭਾਏ ਸਹਿਜ ਸੁਭਾਏ, ਸਖੀਆਂ ਮੰਗਲ ਗਾਇਆ ਏ । ਜੋਤ ਸਰੂਪੀ ਦਰਸ ਦਿਖਾਏ, ਮਾਇਆ ਸੰਗਲ ਕਟਾਇਆ ਏ । ਜਗਤ ਤ੍ਰਿਸ਼ਨਾ ਹਰਸ ਮਿਟਾਏ, ਦਰ ਦਵਾਰਾ ਜੋ ਜਨ ਮੰਗਣ ਆਇਆ ਏ । ਚਰਨ ਪ੍ਰੀਤੀ ਤਰਸ ਕਮਾਏ, ਆਤਮ ਝੋਲੀ ਭਿਛਿਆ ਪਾਇਆ ਏ । ਆਤਮ ਮੇਘ ਬਰਸ ਵਖਾਏ, ਗੁਰਮੁਖ ਤੇਰੀ ਇਛਿਆ ਪੂਰ ਕਰਾਇਆ ਏ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਆਪ ਆਪਣੇ ਰੰਗ ਸਮਾਇਆ ਏ । ਦਰ ਮੰਗੇ ਮੰਗ ਭਿਖਾਰ, ਚਤੁਰ ਸੁਜਾਨਾ । ਪ੍ਰਭ ਖੋਲ੍ਹੇ ਬੰਦ ਕਿਵਾੜ, ਨੇੜ ਨਾ ਆਏ ਪੰਚ ਸ਼ੈਤਾਨਾ । ਪੰਚਮ ਮੇਟੇ ਧਾੜ, ਮਾਰੇ ਤੀਰ ਇਕ ਨਿਸ਼ਾਨਾ । ਚਾਰੋਂ ਕੁੰਟ ਸ਼ਬਦ ਸਰੂਪੀ ਆਪੇ ਕਰੇ ਵਾੜ, ਗੁਰ ਪੂਰਾ ਜਿਸ ਪਛਾਨਾ । ਨੌਂ ਅਠਾਰਾਂ ਆਪ ਚਬਾਏ ਆਪਣੀ ਦਾੜ੍ਹ, ਗੁਣਵੰਤ ਗੁਣ ਨਿਧਾਨਾ । ਵਾ ਨਾ ਲਗੇ ਤੱਤੀ ਹਾੜ੍ਹ, ਅੰਮ੍ਰਿਤ ਦੇਵੇ ਠੰਡਾ ਖਾਨ ਪਾਨਾ । ਮਨਮੁਖਾ ਕਾਇਆ ਲਈ ਸਾੜ, ਬਾਲ ਬਿਰਧ ਵਿਚ ਜਵਾਨਾ । ਗੁਰਮੁਖ ਉਪਜਾਏ ਸਾਚੇ ਲਾਲ, ਜਿਨ੍ਹਾਂ ਲੇਖਾ ਮਸਤਕ ਆਪ ਲਿਖਾਨਾ । ਧੁਰ ਦਰਗਾਹੀ ਮਾਤ ਨਿਸ਼ਾਨਿਆ । ਸਾਚਾ ਲੇਖਾ ਆਪ ਚੁਕਾਇਆ, ਪ੍ਰਭ ਕਰ ਕਰ ਵਡ ਮਿਹਰਬਾਨਿਆ । ਚਰਨ ਪ੍ਰੀਤੀ ਆਪ ਬੰਧਾਇਆ, ਦੇਵੇ

ਧੂੜ ਸੱਚਾ ਇਸ਼ਨਾਨਿਆ । ਕਾਇਆ ਨਾਰ ਜਤੀ ਜਗਤ ਰਖਾਇਆ, ਮਾਇਆ ਮੂੜ੍ਹ ਚਤੁਰ ਸੁਜਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖਾਂ ਦੇਵੇ ਦਾਨ ਸੱਚਾ ਨਾਮ ਦਾਨਿਆ, ਦੇਵਣਹਾਰ ਦਾਤਾਰ ਸ੍ਰਿਸ਼ਟ ਸਬਾਈਆ । ਆਦਿ ਅੰਤ ਨਾ ਜਾਏ ਹਾਰ, ਏਕਾ ਰੰਗ ਰਿਹਾ ਸਮਾਈਆ । ਸਤਿ ਪੁਰਖ ਨਿਰੰਜਣ ਅਪਰ ਅਪਾਰ, ਸਾਰ ਕੋਈ ਨਾ ਪਾਈਆ । ਗੁਰਮੁਖ ਨੇਤਰ ਅੰਜਨ ਸ਼ਬਦ ਸ਼ਿੰਗਾਰ, ਸਾਚੀ ਬਣਤਾ ਰਿਹਾ ਬਣਾਈਆ । ਮਾਨਸ ਦੇਹੀ ਕੱਜਲ ਧਾਰ, ਸਾਚੇ ਨੇਤਰ ਪਾਈਆ । ਨੇਤਰ ਵੇਖੇ ਖੋਲ੍ਹ ਉਘਾੜ, ਅੰਧ ਅੰਧੇਰ ਮਿਟਾਈਆ । ਬਜਰ ਕਪਾਟੀ ਪੱਥਰ ਪਾੜ, ਸਾਚੀ ਹਾਟੀ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਗੁਰ ਚੇਲਾ ਦਰ ਘਰ ਸਾਚੇ ਸਾਚਾ ਮੇਲਾ ਏਕਾ ਧਾਮ ਸੁਹਾਈਆ । ਗੁਰ ਚੇਲਾ ਸਚ ਘਰ ਵਸਿਆ, ਗੁਰ ਪੂਰੇ ਦਇਆ ਕਮਾਈ । ਦਰ ਸਾਚਾ ਮਾਤ ਦੱਸਿਆ, ਮਿਲੀ ਜਗਤ ਵਡਿਆਈ । ਅਸਥਿਲ ਮੰਦਰ ਬਹਿ ਬਹਿ ਹੱਸਿਆ, ਦਿਵਸ ਰੈਣ ਹੋਏ ਰੁਸ਼ਨਾਈ । ਅੰਮ੍ਰਿਤ ਮੇਘ ਏਕਾ ਵਸਿਆ, ਸਾਵਣ ਬਰਖਾ ਹਰਿ ਹਰਿ ਲਾਈ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖਾਂ ਅੰਦਰ ਰਿਹਾ ਜੋਤ ਜਗਾਈ । ਪਹਿਲੀ ਚੇਤਰ ਚੇਤਨ ਚਿਤ, ਪ੍ਰਭ ਚੇਤਾ ਮਾਤ ਕਰਾਇਆ । ਕਰੇ ਖੇਲ ਨਿੱਤ ਨਵਿੱਤ, ਭਗਤਾਂ ਹਿਤ ਜੋਤੀ ਜਾਮਾ ਪਾਇਆ । ਵੇਖ ਵਖਾਣੇ ਕਾਇਆ ਖੇਤ, ਆਤਮ ਸਾਚਾ ਬੀਜ ਬਿਜਾਇਆ । ਲੱਗੀ ਧੁਪ ਮਹੀਨਾ ਜੇਠ, ਸਾਚਾ ਫ਼ਲ ਪਕਾਇਆ । ਸਤਾਰਾਂ ਹਾੜੀ ਕਰੇ ਸਾਇਆ ਹੇਠ, ਜੋਤੀ ਸਾਇਆ ਸ਼ਬਦ ਵਧਾਇਆ । ਲੇਖੇ ਲਾਏ ਕੌੜੇ ਰੇਠ, ਅੰਮ੍ਰਿਤ ਆਤਮ ਜਾਮ ਪਿਆਇਆ । ਚਾੜ੍ਹੇ ਏਕਾ ਰੰਗ ਮਜੀਠ, ਕਾਇਆ ਚੋਲੀ ਰੰਗ ਵਖਾਇਆ । ਹਰਿ ਹਰਿ ਸਾਚਾ ਜਿਸ ਜਨ ਲਿਆ ਡੀਠ, ਆਪ ਆਪਣਾ ਭਰਮ ਮਿਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਮ੍ਰਿਤ ਆਤਮ ਸਿੰਚ ਭੰਡਾਰਾ ਦਰ ਦਵਾਰੇ ਇਕ ਵਰਤਾਇਆ । ਅੰਮ੍ਰਿਤ ਸਾਚਾ ਕਰ ਤਿਆਰ, ਸੋਹੰ ਸੋ ਸਮਾਇਆ । ਸੋਹੰ ਵੇਖੇ ਸਾਚੀ ਧਾਰ, ਨਿੱਝਰ ਧਾਰਾ ਰਿਹਾ ਵਹਾਇਆ । ਨਿੱਝਰ ਧਾਰਾ ਅਪਰ ਅਪਾਰ, ਨੌਂ ਦਵਾਰੇ ਬੰਦ ਕਰਾਇਆ । ਨੌਂ ਦਵਾਰੇ ਬੰਦ ਕਿਵਾੜ, ਸ਼ਬਦ ਅਖਾੜਾ ਇਕ ਬਣਾਇਆ । ਸ਼ਬਦ ਉਠਾਏ ਦਰ ਦਰਬਾਰ, ਹਾੜ ਸਤਾਰਾ ਤਾਲ ਵਜਾਇਆ । ਵਜੇ ਤਾਲ ਭਗਤ ਅਧਾਰ, ਫੜ ਫੜ ਬੇੜਾ ਪਾਰ ਕਰਾਇਆ । ਕਲਜੁਗ ਤੇਰੀ ਅੰਤਮ ਵਾਰ, ਜੂਠਾ ਝੂਠਾ ਝੇੜਾ ਰਿਹਾ ਮਿਟਾਇਆ । ਪਰਗਟ ਹੋਏ ਨਰ ਨਿਰੰਕਾਰ, ਬੀਸ ਇਕੀਸਾ ਭੇਵ ਛੁਪਾਇਆ । ਛੱਬੀ ਪੋਹ ਦਿਵਸ ਵਿਚਾਰ, ਕਾਇਆ ਮਾਟੀ ਦੇਹ ਤਜਾਇਆ । ਜਗੀ ਜੋਤ ਅਗੰਮ ਅਪਾਰ, ਜੋਤੀ ਜਾਮਾ ਭੇਖ ਵਟਾਇਆ । ਗੁਰਮੁਖਾਂ ਕਰੇ ਮਾਤ ਪਿਆਰ, ਆਤਮ ਤ੍ਰਿਸ਼ਨਾ ਰਿਹਾ ਬੁਝਾਇਆ । ਪੰਚਮ ਪਿਆਰੇ ਸ਼ਬਦ ਦੁਲਾਰ, ਨਾਮ ਵਣਜਾਰਾ ਇਕ ਕਰਾਇਆ । ਆਪੇ ਬਖ਼ਸ਼ੇ ਚਰਨ ਪਿਆਰ, ਚਰਨੀ ਨਾਤਾ ਇਕ ਵਖਾਇਆ । ਇਕ ਸਦ ਗਿਆਰਾਂ ਕਰ ਵਿਚਾਰ, ਨੌਵਾਂ ਸੱਤਾਂ ਵੰਡ ਵੰਡਾਇਆ । ਸੋਹੰ ਸੋ ਸ਼ਬਦ ਜੈਕਾਰ, ਪ੍ਰਭ ਅਬਿਨਾਸ਼ੀ ਆਪਣਾ ਆਪ ਕਰਾਇਆ । ਸਾਚੀ ਰਸਨਾ ਗਾਏ ਹਰਿ ਨਿਰੰਕਾਰ, ਜੀਵਾਂ ਜੰਤਾਂ ਲੇਖੇ ਲਾਇਆ । ਕਿਰਪਾ ਕਰ ਅਪਰ ਅਪਾਰ, ਸਾਚੀ ਸੇਵਾ ਰਿਹਾ ਲਗਾਇਆ । ਅੰਮ੍ਰਿਤ ਹਰਿ ਭਰੇ ਭੰਡਾਰ, ਅਚਰਜ ਰੀਤੀ ਰਿਹਾ ਚਲਾਇਆ । ਜਨ ਭਗਤਾਂ ਬੰਨ੍ਹੇ ਆਪ ਦਸਤਾਰ, ਲਹਿਣਾ ਦੇਣਾ ਰਿਹਾ ਚੁਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੇ ਰੰਗ ਸਮਾਇਆ । ਅੰਮ੍ਰਿਤ ਜਲ ਆਤਮ ਧਾਰਾ, ਸਾਚੀ ਗੰਗ ਵਹਾਈਆ । ਜਨ ਭਗਤਾਂ ਦੇਵੇ ਕਰ ਪਿਆਰਾ, ਰੰਗਣ ਰੰਗ ਰਿਹਾ ਚੜ੍ਹਾਈਆ ।



੪੮੬
੦੫

ਦਰ ਦਵਾਰੇ ਇਕ ਵਣਜਾਰਾ, ਹਰਿਜਨ ਸਾਚਾ ਆਪ ਬਣਾਈਆ । ਆਪੇ ਬਣੇ ਮਾਤ ਵਰਤਾਰਾ, ਦੋਵੇਂ ਧਾਰਾ ਰਿਹਾ ਚਲਾਈਆ । ਜੋਤੀ ਜਾਮਾ ਭੇਖ ਨਿਆਰਾ, ਮੋਹਣੀ ਰੂਪ ਹਰਿ ਵਟਾਈਆ । ਦੇਵਤ ਦੇਵੀ ਦੇਵ ਦੇਵੇ ਧਾਰਾ, ਅੰਮ੍ਰਿਤ ਕਲਸ ਹੱਥ ਉਠਾਈਆ । ਮਨਮੁਖਾਂ ਕੀਆ ਮਧ ਪਿਆਰਾ, ਭਰਮ ਭੁਲੇਖੇ ਆਪ ਭੁਲਾਈਆ । ਸਤਿਜੁਗ ਤੇਰਾ ਸਚ ਵਿਹਾਰਾ, ਏਕਾ ਰਾਹ ਸੁਹਾਈਆ । ਏਕਾ ਨਰ ਸੱਚਾ ਨਿਰੰਕਾਰਾ, ਏਕਾ ਜੋਤੀ ਰਿਹਾ ਜਗਾਈਆ । ਏਕਾ ਦਰਸ ਦਵਾਰਾ, ਦੂਜਾ ਦਰ ਰਹਿਣ ਨਾ ਪਾਈਆ । ਅੰਮ੍ਰਿਤ ਦੇਵੇ ਠੰਡੀ ਧਾਰਾ, ਸ਼ਾਂਤਕ ਸੀਤਲ ਸਤਿ ਵਰਤਾਈਆ । ਪਾਰਬ੍ਰਹਮ ਬ੍ਰਹਮ ਪਾਏ ਸਾਰਾ, ਪੂਰਨ ਆਸ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਸਵਾਸ ਰਸਨਾ ਭਗਤ ਜਣਾਈਆ । ਅੰਮ੍ਰਿਤ ਆਤਮ ਪਿਰਮ ਪਿਆਲਾ, ਪ੍ਰਭ ਸਾਚੇ ਆਪ ਬਣਾਇਆ । ਦੇਵਣਹਾਰ ਦੀਨ ਦਿਆਲਾ ਗੁਰ ਸੰਗਤ ਰਿਹਾ ਵਰਤਾਇਆ । ਫ਼ਲ ਲਗਾਏ ਕਾਇਆ ਡਾਲ੍ਹਾ, ਆਪ ਆਪਣਾ ਰੰਗ ਚੜ੍ਹਾਇਆ । ਹੋਏ ਸਦਾ ਸਦਾ ਰਖਵਾਲਾ, ਸਖੀ ਸੱਜਣ ਆਪ ਅਖਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦ੍ਰਿਸ਼ਟੀ ਦ੍ਰਿਸ਼ਟ ਆਪਣੀ ਪਾਇਆ । ਕਲਜੁਗ ਵਣਜ ਵਹਾਜਿਆ, ਦੁੱਖ ਭੁੱਖ ਕੁੜਮਾਈ । ਕੋਈ ਨਾ ਰੱਖੇ ਕਿਸੇ ਲਾਜਿਆ, ਚਾਰੋਂ ਕੁੰਟ ਪਈ ਦੁਹਾਈ । ਜੋ ਜਨ ਆਏ ਦਰ ਘਰ ਭਾਜਿਆ, ਦੇਵੇ ਸ਼ਬਦ ਸੱਚੀ ਸਰਨਾਈ । ਆਪ ਆਪਣਾ ਸਾਜਨ ਸਾਜਿਆ, ਜੋਤ ਨਿਰੰਜਣ ਮਾਤ ਜਗਾਈ । ਰਚਿਆ ਕਾਜ ਦੇਸ ਮਾਝਿਆ, ਗੁਰਮੁਖਾਂ ਦੇਵੇ ਮਾਤ ਵਡਿਆਈ । ਰੱਖਣ ਆਇਆ ਲਾਜਨ ਲਾਜਿਆ, ਪੱਲਾ ਰਿਹਾ ਨਾਮ ਫੜਾਈ । ਸ਼ਬਦ ਘੋੜੇ ਸਾਚੇ ਤਾਜਿਆ, ਫੜ ਫੜ ਬਾਹੋਂ ਰਿਹਾ ਚੜ੍ਹਾਈ । ਆਪ ਉਠਾਏ ਦਰ ਘਰ ਜਾਏ ਸ਼ਬਦ ਸਰੂਪੀ ਮਾਰੇ ਵਾਜ਼ਿਆ, ਗੁਰਮੁਖ ਸੋਇਆ ਰਹਿਣ ਨਾ ਪਾਈ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਦਵਾਰੇ ਮੇਲ ਮਿਲਾਈ । ਦੁੱਖ ਰੋਗ ਸੰਤਾਪ, ਜਗਤ ਸਤਾਇਆ । ਕਲਜੁਗ ਤੇਰਾ ਵਧਿਆ ਪਾਪ, ਜੂਠਾ ਝੂਠਾ ਤਾਪ ਚੜ੍ਹਾਇਆ । ਨਾ ਕੋਈ ਜਾਣੇ ਆਪਾ ਆਪ, ਗੁਰ ਪੂਰਾ ਨਜ਼ਰ ਨਾਂ ਆਇਆ । ਏਕਾ ਭੁੱਲਿਆ ਸੱਚਾ ਬਾਪ, ਹਉਮੇ ਹੰਗਤਾ ਤਾਪ ਚੜ੍ਹਾਇਆ । ਗੁਰਮੁਖ ਵਿਰਲਾ ਗੁਰ ਦਰ ਮੇਟੇ ਜਗਤ ਸੰਤਾਪ, ਏਕਾ ਓਟ ਰਿਹਾ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਨਗਾਰੇ ਲਾਏ ਚੋਟ, ਕਾਇਆ ਤਾਲ ਸੁਹਾਇਆ । ਕਾਇਆ ਨਗਾਰਾ ਵੱਜੇ ਤਾਲ, ਸ਼ਬਦ ਚੋਟ ਲਗਾਈਆ । ਸੁਰਤ ਨਿਮਾਣੀ ਹੋਏ ਬੇਹਾਲ, ਨਾ ਦਰਸ਼ਨ ਪੀਆ ਪਾਈਆ । ਬਾਹੋਂ ਫੜ ਲਏ ਉਠਾਲ, ਆਪ ਆਪਣੇ ਰੰਗ ਰੰਗਾਈਆ । ਦਰ ਦਵਾਰਾ ਇਕ ਵਖਾਲ, ਆਪ ਆਪਣੇ ਵਿਚ ਸਮਾਈਆ । ਆਤਮ ਜਾਮ ਇਕ ਪਿਆਲ, ਦਿਵਸ ਰੈਣ ਰਿਹਾ ਰੰਗ ਲਾਈਆ । ਪਰਗਟ ਹੋਏ ਦੀਨ ਦਿਆਲ, ਦੀਨਾਂ ਬੰਧੂ ਆਪ ਅਖਵਾਈਆ । ਹਰਿਜਨ ਸਾਚੇ ਜਗਤ ਕੰਗਾਲ, ਨਾਮ ਖਜ਼ਾਨਾ ਰਿਹਾ ਭਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰ ਸਰਬ ਸੁਖਦਾਈਆ । ਦੇਵਣਹਾਰ ਹਰਿ ਸਾਚੀ ਜੁਗਤਾ, ਮੁੱਕਤੀ ਮੁੱਕਤ ਦਵਾਈਆ । ਮਾਨਸ ਦੇਹੀ ਆਪ ਸਵਾਰੇ ਤੇਰੀ ਭੁਗਤਾ, ਸਾਚੀ ਜੁਗਤਾ ਸ਼ਬਦ ਸੁਣਾਈਆ । ਏਕਾ ਅੱਖਰ ਸਾਚਾ ਨੁਕਤਾ, ਪ੍ਰਭ ਅਬਿਨਾਸ਼ੀ ਰਿਹਾ ਲਗਾਈਆ । ਆਪੇ ਬੈਠਾ ਬਣ ਕੇ ਮੁਕਤਾ, ਦੂਜਾ ਡੰਡਾ ਨਾਲ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨ ਭਗਤਾਂ ਦੇਵੇ ਮਾਤ ਵਡਿਆਈਆ । ਉਪਜਿਆ ਮਨ ਵੈਰਾਗ, ਸੋਇਆ ਜਾਗਿਆ । ਗੁਰ ਪੂਰੇ ਲਾਇਆ ਭਾਗ, ਧੋਇਆ ਦਾਗ਼ਿਆ । ਆਪ ਬੁਝਾਏ ਜਗਤ ਤ੍ਰਿਸ਼ਨਾ ਆਗ, ਦੀਪਕ ਜੋਤੀ ਜਗੇ

ਚਿਰਾਗਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਦੇਵੇ ਸਚ ਵਰ, ਸਰਨ ਸਰਨਾਈ ਜੋ ਜਨ ਲਾਗਿਆ । ਗੁਰਮੁਖ ਤੱਤ ਪਛਾਣ ਆਪਾ ਜਾਣਿਆ । ਗੁਰਮਤ ਜਗਤ ਪਰਧਾਨ, ਭਰਮ ਚੁਕਾਨਿਆ । ਨਾਮ ਚੜ੍ਹਾਏ ਇਕ ਬਿਬਾਨ, ਲੇਖਾ ਚੁੱਕੇ ਜੇਰਜ ਖਾਣੀਆ । ਦੇਵੇ ਦਰਸ ਗੁਣ ਨਿਧਾਨ, ਲੱਖ ਚੁਰਾਸੀ ਪਾਰ ਕਰਾਨਿਆ । ਗਾਵਤ ਗਾਵਤ ਗਾਵਤ ਨਰ ਹਰਿ ਸਾਚਾ ਰਸਨਾ ਗਾਵਤ, ਕਰ ਕਿਰਪਾ ਪਾਰ ਉਤਾਰਿਆ । ਗੁਰਮੁਖ ਰੰਗ ਲਾਲ ਰੰਗ ਲਾਲੜਾ । ਗੁਰਮੁਖ ਤੋਲੇ ਪੂਰੇ ਤੋਲ, ਇਕ ਵਖਾਏ ਸਚ ਮਹੱਲੜਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਫੜਾਏ ਸਾਚਾ ਪਲੜਾ । ਨਿਸ਼ਅੱਖਰ ਵੱਖਰ ਰਿਹਾ ਬੋਲ, ਦੀਪਕ ਜੋਤੀ ਏਕਾ ਬਲੜਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਚਾਲ ਅਵੱਲੜੀ ਜਗਤ ਚਲੜਾ । ਜਗਤ ਅਵੱਲੜੀ ਚਾਲ, ਭੇਵ ਨਾ ਰਾਇਆ । ਪੁਰਖ ਅਬਿਨਾਸ਼ੀ ਖੇਲ ਅਪਾਰ, ਨੌਂ ਖੰਡ ਪ੍ਰਿਥਮੀ ਪਾਵੇ ਸਾਰ, ਸੱਤਾਂ ਦੀਪਾਂ ਕਰਮ ਵਿਚਾਰ, ਦਿਸ ਕਿਸੇ ਨਾ ਆਇਆ । ਲੋਆਂ ਪੁਰੀਆਂ ਇਕ ਜੈਕਾਰ, ਸ਼ਬਦ ਕਰਾਏ ਹਰਿ ਗਿਰਧਾਰ, ਕਲਜੁਗ ਤੇਰੀ ਅੰਤਮ ਵਾਰ, ਸੋਹੰ ਸਾਚਾ ਜਾਪ ਜਪਾਇਆ । ਪਵਣ ਉਨੰਜਾ ਛਤਰ ਝੁਲਾਰ, ਸਾਲ ਬਵੰਜਾ ਖੇਲ ਅਪਾਰ ਖੇਲੇ ਖੇਲ ਜਿਉਂ ਸ਼ਤਰੰਜ । ਲੱਖ ਚੁਰਾਸੀ ਤੇਰੀ ਅੰਤਮ ਵਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਆਤਮ ਰਿਹਾ ਵਿਚਾਰ । ਗੁਰਮੁਖ ਮੰਗੇ ਮੰਗ ਦਰ ਘਰ ਮੰਗਿਆ, ਪੁਰਖ ਅਬਿਨਾਸ਼ੀ ਚਾੜ੍ਹੇ ਸਾਚਾ ਰੰਗ, ਅੰਮ੍ਰਿਤ ਆਤਮ ਵਹਾਏ ਸਾਚੀ ਗੰਗਿਆ । ਨੌਂ ਦਵਾਰੇ ਜਾਏ ਲੰਘ, ਦਸਵੇਂ ਵੇਖੇ ਸ਼ਬਦ ਰੰਗੀਲਾ ਪਲੰਘਿਆ । ਸੁਰਤੀ ਡੋਰੀ ਸ਼ਬਦ ਪਤੰਗ, ਆਪ ਆਪਣੇ ਰੱਖੇ ਅੰਗ, ਚਲੇ ਚਾਲ ਇਕ ਬਿਹੰਗ, ਚਿੱਟੇ ਘੋੜੇ ਕਸੇ ਤੰਗਿਆ । ਡੂੰਘੀ ਕੰਦਰ ਜਾਏ ਲੰਘ, ਦਰ ਘਰ ਸਾਚੇ ਦਹਿ ਦਿਸ਼ਾ ਭਰਮ ਨਿਵਾਰੇ ਵਜਾ ਜੰਦ, ਜਗੇ ਜੋਤ ਰਵ ਰਵ ਸੱਸਿਆ । ਜੋਤੀ ਜੋਤ ਸਰੂਪ ਹਰਿ, ਆਪ ਸੁਹਾਏ ਕਾਇਆ ਮੰਦਰ, ਗੁਰਮੁਖਾਂ ਰਾਹ ਸਾਚਾ ਦੱਸਿਆ । ਕਾਇਆ ਮੰਦਰ ਹਰਿ ਰਘੁਨਾਥ, ਆਤਮ ਸੇਜਾ ਸੁੱਤਾ ਪੈਰ ਪਸਾਰਿਆ । ਸ੍ਰਿਸ਼ਟ ਸਬਾਈ ਸਗਲਾ ਸਾਥ, ਦਿਸ ਕਿਸੇ ਨਾ ਆ ਰਿਹਾ । ਗੁਰਮੁਖਾਂ ਮਸਤਕ ਲੇਖਾ ਲਿਖੇ ਮਾਥ, ਧੁਰ ਦਰਗਾਹੀ ਮੇਲ ਮਿਲਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਸੁਹੇਲਾ ਆਪ ਅਖਵਾ ਰਿਹਾ । ਸ਼ਬਦ ਸੁਹੇਲਾ ਸੰਗ ਸਖਾਈ, ਨਰ ਨਰਾਇਣ ਨਿਰਵੈਰਾ । ਵੇਖ ਵਖਾਣੇ ਥਾਉਂ ਥਾਈਂ, ਗੁਰਮੁਖ ਸਾਚੇ ਕਰ ਕਰ ਮਿਹਰਾ । ਪਕੜ ਉਠਾਏ ਫੜ ਫੜ ਬਾਹੀਂ, ਕਲਜੁਗ ਅੰਤ ਨਾ ਲਾਏ ਦੇਰਾ । ਦਿਵਸ ਰੈਣ ਦੇਵੇ ਠੰਡੀਆਂ ਛਾਂਈਂ, ਮਾਇਆ ਭਰਮਾਂ ਢਾਹੇ ਡੇਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਵਖਾਏ ਏਕਾ ਘਰ ਸੰਵ ਸਵੇਰਾ । ਏਕਾ ਘਰ ਇਕ ਉਜਾਲਾ, ਦਿਵਸ ਰੈਣ ਰੁਸ਼ਨਾਈਆ । ਜੋਤੀ ਜਗੇ ਗੁਰ ਗੋਪਾਲਾ, ਅੰਧ ਅੰਧੇਰ ਰਹਿਣ ਨਾ ਪਾਈਆ । ਸ਼ਬਦ ਭੂਸ਼ਣ ਰੰਗ ਲਾਲਾ, ਅਸੁਤੇ ਪਰਕਾਸ਼ ਕਰਾਈਆ । ਸਤਿ ਪੁਰਖ ਨਿਰੰਜਣ ਸਤਿ ਬਣਾਏ ਧਰਮਸਾਲਾ, ਆਪ ਆਪਣਾ ਵਿਚ ਟਿਕਾਇਆ । ਆਪ ਚਲੇ ਅਵੱਲੜੀ ਚਾਲਾ, ਭੇਵ ਕਿਸੇ ਨਾ ਰਾਈਆ । ਜੋਤ ਨਿਰੰਜਣ ਇਕ ਅਕਾਲਾ, ਘਟ ਘਟ ਮੇਂ ਰਿਹਾ ਸਮਾਈਆ । ਲੱਖ ਚੁਰਾਸੀ ਵੇਖੇ ਕਾਇਆ ਮਸਤਕ ਦੀਪਕ ਥਾਲਾ, ਮਾਣਕ ਮੋਤੀ ਕਵਣ ਟਿਕਾਈਆ । ਮੰਦਰ ਅੰਦਰ ਵੇਖੇ ਧਰਮਸਾਲਾ, ਮਸਜਿਦ ਕਾਅਬਾ ਕੁੰਡਾ ਲਾਹੀਆ । ਬਜਰ ਕਪਾਟੀ ਤੋੜੇ ਤਾਲਾ, ਸ਼ਬਦ ਹਥੌੜਾ ਇਕੋ ਲਾਈਆ । ਵੇਖੇ ਫ਼ਲ ਕਾਇਆ ਡਾਲ੍ਹਾ, ਚਾਰੋਂ ਕੁੰਟ ਵੇਖ ਵਖਾਈਆ । ਗੁਰਮੁਖ ਵਿਰਲੇ ਮਿਲਿਆ ਹਰਿ ਹਰਿ

ਸ਼ਬਦ ਦਲਾਲਾ, ਗੁਰ ਪੂਰੇ ਰਿਹਾ ਮਿਲਾਈਆ । ਸ਼ਬਦ ਸਰੂਪੀ ਉਪਰ ਦੇਵੇ ਨਾਮ ਦੁਸ਼ਾਲਾ, ਕਾਇਆ ਚੋਲੀ ਪੜਦਾ ਪਾਈਆ । ਸਤਿਜੁਗ ਦੱਸੇ ਰਾਹ ਸੁਖਾਲਾ, ਸੋਹੰ ਸੋ ਸਾਚਾ ਜਾਪ ਜਪਾਈਆ । ਦਿਵਸ ਰੈਣ ਕਰੇ ਪ੍ਰਿਤਪਾਲਾ, ਜੋ ਜਨ ਰਸਨਾ ਰਿਹਾ ਗਾਈਆ । ਨਾ ਕੋਈ ਜਾਣੇ ਹਨਾਲ ਸਿਆਲਾ, ਬਾਰਾਂ ਤੀਸ ਏਕਾ ਰੰਗ ਸਮਾਈਆ । ਜਗਤ ਅਵੱਲੜੀ ਚਲੇ ਚਾਲਾ, ਰਾਗ ਛਤੀਸ ਭੇਵ ਨਾ ਪਾਈਆ । ਗੋਬਿੰਦ ਗੋਬਿੰਦ ਗੋਬਿੰਦ ਖੇਲ ਨਿਰਾਲਾ, ਵੇਦ ਪੁਰਾਨਾਂ ਰਿਹਾ ਭੁਲਾਈਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਅੰਜ਼ੀਲ ਕੁਰਾਨਾ ਵਿਚ ਜਹਾਨਾਂ ਦਿਸ ਕਿਸੇ ਨਾ ਆਈਆ । ਨਾ ਦੀਸੇ ਵੇਖਣਹਾਰ, ਹਰ ਘਟ ਸਮਾਇਆ । ਸ਼ਬਦ ਝੁਲਾਏ ਸਾਚਾ ਸੀਸੇ ਤਾਜ ਬਾਜ ਇਕ ਉਡਾਇਆ । ਇਕ ਚਲਾਏ ਸ਼ਬਦ ਹਦੀਸੇ, ਸੋਹੰ ਸਚ ਅਵਾਜ਼ ਲਗਾਇਆ । ਖਾਣੀ ਬਾਣੀ ਖਾਲੀ ਖੀਸੇ, ਮਾਇਆ ਰਾਣੀ ਪੰਧ ਮੁਕਾਇਆ । ਲੇਖਾ ਚੁੱਕੇ ਦੰਦ ਬਤੀਸੇ, ਨਰ ਨਰਾਇਣਾ ਰਸਨਾ ਗਾਇਆ । ਮੇਲ ਮਿਲਾਏ ਬੀਸ ਇਕੀਸੇ, ਆਪ ਆਪਣਾ ਦਇਆ ਕਮਾਇਆ । ਏਕਾ ਛਤਰ ਝੁਲੇ ਸੀਸ ਜਗਤ ਜਗਦੀਸੇ, ਦੂਸਰ ਕੋਈ ਰਹਿਣ ਨਾ ਪਾਇਆ । ਕਾਲਾ ਸੂਸਾ ਈਸੇ ਮੂਸੇ, ਵਿਚ ਉਨੀਸੇ ਦਏ ਮਿਟਾਇਆ । ਪਕੜ ਉਠਾਏ ਸ਼ਾਹ ਅਬਨੂਸੇ, ਅੱਠ ਅਠਾਰਾਂ ਹੋਏ ਹਲਕਾਇਆ । ਲੇਖਾ ਮੰਗੇ ਚੀਨੇ ਰੂਸੇ, ਸੰਮਤ ਸਤਾਰਾਂ ਭੇਵ ਖੁਲ੍ਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਆਤਮ ਵੇਖ ਦਰ, ਸਾਚੀ ਰੰਗਣ ਰਿਹਾ ਰੰਗਾਇਆ । ਰੰਗ ਅਮੋਲਾ ਚਾੜ੍ਹ, ਕਾਇਆ ਚੋਲੀ ਹਰਿ ਰੰਗਾਈਆ । ਪਰ੍ਹੇ ਹਟਾਈ ਪੰਚਮ ਧਾੜ, ਸੁਰਤ ਸ਼ਬਦੀ ਮੇਲ ਮਿਲਾਈਆ । ਦਰ ਘਰ ਸਾਚੇ ਦੇਵੇ ਵਾੜ, ਸਾਚਾ ਧਾਮ ਇਕ ਵਖਾਈਆ । ਆਪੇ ਹੋਏ ਪਿੱਛੇ ਅਗਾੜ, ਜੋਤੀ ਸ਼ਬਦੀ ਸੇਵ ਕਮਾਈਆ । ਹਰਿ ਹਰਿ ਰਮਿਆ ਨਾੜ ਨਾੜ, ਨਾੜ ਬਹੱਤਰ ਜੋੜ ਜੁੜਾਈਆ । ਪੰਚ ਪੰਚਾਇਣੀ ਦੇਵੇ ਝਾੜ, ਸ਼ਬਦ ਡੰਡਾ ਰਿਹਾ ਉਠਾਈਆ । ਗੁਰਮੁਖ ਸਾਚਾ ਸਾਚਾ ਲਾੜ, ਸ਼ਬਦ ਘੋੜੇ ਰਿਹਾ ਚੜ੍ਹਾਈਆ । ਨਾ ਕੋਈ ਜਾਣੇ ਜੰਗਲ ਜੂਹ ਉਜਾੜ ਪਹਾੜ, ਉਚੇ ਟਿੱਲੇ ਪਰਬਤ ਪਾਰ ਕਰਾਈਆ । ਵਾ ਨਾ ਲੱਗੇ ਤੱਤੀ ਹਾੜ, ਸੀਤਲ ਧਾਰਾ ਅੰਮ੍ਰਿਤ ਆਤਮ ਆਪ ਪਿਆਈਆ । ਜਗਤ ਤ੍ਰਿਸਨਾ ਦੇਵੇ ਸਾੜ, ਆਪ ਆਪਣਾ ਸਿਰ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਆਤਮ ਵੇਖ ਦਰ, ਸਾਚੇ ਘਰ ਵੱਜੇ ਵਧਾਈਆ । ਆਤਮ ਘਰ ਵਜੇ ਵਧਾਈ, ਪੁਰਖ ਅਬਿਨਾਸ਼ੀ ਪਾਇਆ । ਦਿਵਸ ਰੈਣ ਨਾ ਹੋਏ ਜੁਦਾਈ, ਸੋਹੰ ਮੰਗਲ ਸਾਚਾ ਗਾਇਆ । ਕਲਜੁਗ ਮੇਟੇ ਅੰਤਮ ਛਾਹੀ, ਸਤਿਜੁਗ ਸਾਚਾ ਚੰਨ ਚੜ੍ਹਾਇਆ । ਹਰਿ ਭਗਤ ਉਠਾਏ ਫੜ ਫੜ ਬਾਹੀਂ, ਅੰਦਰੇ ਅੰਦਰ ਰਿਹਾ ਮਿਲਾਇਆ । ਮਨਮੁਖ ਰੋਂਦੇ ਮਾਰਨ ਧਾਂਹੀ, ਗੁਰ ਗੋਬਿੰਦ ਨਜ਼ਰ ਨਾ ਆਇਆ । ਗੁਰਮੁਖ ਦਰਸ਼ਨ ਪਾਇਣ ਚਾਈਂ ਚਾਈਂ, ਛੱਬੀ ਪੋਹ ਸ਼ਬਦ ਦਿਹਾੜਾ ਆਪ ਬਣਾਇਆ । ਪੌਣ ਸੁਨੇਹੜਾ ਦੇਵੇ ਜਾਂਦੇ ਰਾਹੀ, ਗੁਰ ਪੂਰੇ ਸੇਵਾ ਲਾਇਆ । ਪੁਰੀਆਂ ਲੋਆਂ ਵੇਖ ਵਖਾਈ, ਪੱਲੂ ਏਕਾ ਏਕ ਫੜਾਇਆ । ਦੂਸਰ ਕੋਇ ਜਾਣੇ ਨਾਹੀ, ਪੁਰਖ ਅਬਿਨਾਸ਼ੀ ਆਪਣਾ ਭੇਸ ਵਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਆਤਮ ਵੇਖ ਦਰ, ਪੂਰਬ ਲਹਿਣਾ ਮਾਤ ਦਵਾਇਆ । ਪੂਰਬ ਲਹਿਣਾ ਮਾਤ ਦਵਾਏ, ਲੇਖਾ ਜਗਤ ਚੁਕਾਇਆ ਏ । ਸ਼ਬਦ ਗਹਿਣਾ ਤਨ ਪਹਿਨਾਏ, ਭਾਂਡਾ ਭਰਮ ਭੰਨਾਇਆ ਏ । ਭਾਣਾ ਸਹਿਣਾ ਹੁਕਮ ਸੁਣਾਏ, ਤੀਜਾ ਲੋਇਣ ਖੁਲ੍ਹਾਇਆ ਏ । ਦਰ ਘਰ ਸਾਚੇ ਏਕਾ ਬਹਿਣਾ, ਗੁਰ ਸੰਗਤ ਮੇਲ ਮਿਲਾਇਆ ਏ । ਝੂਠੇ ਵਹਿਣ ਮਾਤ ਨਾ ਵਹਿਣਾ, ਊਚਾਂ

ਨੀਚਾਂ ਭੇਵ ਚੁਕਾਇਆ ਏ । ਪੁਰਖ ਅਬਿਨਾਸ਼ੀ ਏਕਾ ਰਹਿਣਾ, ਕਲਜੁਗ ਵੇਲਾ ਅੰਤਮ ਆਇਆ ਏ । ਲੱਖ ਚੁਰਾਸੀ ਲੇਖਾ ਦੇਣਾ ਪੈਣਾ, ਧਰਮ ਰਾਏ ਹੁਕਮ ਸੁਣਾਇਆ ਏ । ਗੁਰਮੁਖ ਸਾਚਾ ਨੇਤਰ ਵੇਖੇ ਪ੍ਰਭ ਅਬਿਨਾਸ਼ੀ ਸਾਚੇ ਨੈਣਾ, ਆਪ ਆਪਣੀ ਗੋਦ ਉਠਾਇਆ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਮੰਤਰ ਸ਼ਬਦ ਪੜ੍ਹਾਇਆ ਏ । ਗੁਰ ਮੰਤਰ ਸ਼ਬਦ ਅਮੋਲ, ਹਰਿ ਪੜ੍ਹਨਿਆ । ਲੱਖ ਚੁਰਾਸੀ ਰਿਹਾ ਤੋਲ, ਜਨ ਭਗਤਾਂ ਬੇੜਾ ਬੰਨ੍ਹਿਆ । ਕਾਇਆ ਗਗਰੀ ਲਏ ਫੋਲ, ਦਿਸ ਨਾ ਆਏ ਮਾਤ ਆਤਮ ਅੰਨ੍ਹਿਆ । ਗੁਰਮੁਖ ਵਿਰਲੇ ਭਾਗ ਲਗਾਏ ਕਾਇਆ ਚੋਲ, ਸ਼ਬਦ ਸੁਣਾਏ ਸਾਚਾ ਬੋਲ, ਕਿਸੇ ਹੱਥ ਨਾ ਆਏ ਛੱਪਰ ਛੰਨਿਆ । ਨਾਮ ਮਰਦੰਗਾ ਵਜੇ ਢੋਲ, ਮਾਇਆ ਪੜਦੇ ਦੇਵੇ ਖੋਲ੍ਹ, ਜੂਠਾ ਝੂਠਾ ਭੰਨੇ ਭਾਂਡਾ ਜੋ ਜਨ ਕਾਚੀ ਵੰਗਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਆਤਮ ਵੇਖ ਹਰਿ, ਨੌਂ ਦਵਾਰ ਆਪੇ ਲੰਘਿਆ । ਨੌਂ ਦਵਾਰੇ ਛਡ, ਦਇਆ ਕਮਾਇੰਦਾ । ਨਾਤਾ ਤੁੱਟਾ ਮਾਸ ਨਾੜੀ ਹੱਡ, ਜੋਤ ਨਿਰੰਜਣ ਦਇਆ ਕਮਾਇੰਦਾ । ਡੂੰਘੀ ਭਵਰੇ ਸੁਰਤੀ ਕੱਢ, ਸ਼ਬਦੀ ਮੇਲ ਮਿਲਾਇੰਦਾ । ਪੰਜਾਂ ਚੋਰਾਂ ਦੇਵੇ ਵੱਢ, ਸ਼ਬਦ ਖੰਡਾ ਇਕ ਚਲਾਇੰਦਾ । ਗੁਰਮੁਖਾਂ ਆਪ ਲਡਾਏ ਲਡ, ਆਪ ਆਪਣੀ ਗੋਦ ਉਠਾਇੰਦਾ । ਜੋਧਾ ਸੂਰਾ ਹਰਿ ਵਡ ਵਡ, ਰਣ ਸਾਚਾ ਜਿੱਤ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਆਤਮ ਵੇਖ ਦਰ, ਕਾਇਆ ਚੋਲੇ ਭਾਗ ਲਗਾਇੰਦਾ । ਕਾਇਆ ਚੋਲਾ ਫ਼ਲ ਅਪਾਰਾ, ਪੁਰਖ ਅਬਿਨਾਸ਼ੀ ਜੋਤ ਜਗਾਈਆ । ਗੁਰਮੁਖ ਨਾ ਜਾਣੇ ਆਲਾ ਭੋਲਾ, ਪ੍ਰਭ ਸਾਚੇ ਦਇਆ ਕਮਾਈਆ । ਪਰਗਟ ਹੋਇਆ ਕਲਾ ਸੋਲਾ, ਨਿਹਕਲੰਕ ਨਰਾਇਣ ਨਰ, ਜੋਤੀ ਜਾਮਾ ਭੇਖ ਵਟਾਈਆ । ਕਲਜੁਗ ਤੇਰਾ ਅੰਤਮ ਖੇਡਣ ਆਇਆ ਹੋਲਾ, ਲੱਖ ਚੁਰਾਸੀ ਰੰਗ ਗੁਲਾਲਾ ਰਿਹਾ ਚੜ੍ਹਾਈਆ । ਪੂਰਾ ਤੋਲ ਅੰਤਮ ਤੋਲਾ, ਸੋਹੰ ਅੱਖਰ ਏਕਾ ਬੋਲਾ, ਗੁਰਮੁਖ ਵਿਰਲਾ ਤੋਲ ਤੁਲਾਈਆ । ਲੱਖ ਚੁਰਾਸੀ ਤਨ ਮਨ ਫੋਲਾ, ਧਰਮ ਰਾਏ ਦੇ ਦਿਸਣ ਗੋਲਾ, ਸਾਚਾ ਨਾਮ ਕਿਸੇ ਦਰ ਦਿਸ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖਾਂ ਆਤਮ ਵੇਖ ਦਰ, ਆਪ ਆਪਣਾ ਰੰਗ ਵਖਾਇੰਦਾ । ਆਪ ਆਪਣਾ ਰੰਗ ਵਖਾਏ, ਹਰਿ ਰੰਗ ਪ੍ਰਭ ਰਾਤਾ । ਭਗਤ ਸੁਹੇਲਾ ਸੰਗ ਨਿਵਾਏ, ਗੁਰਮੁਖ ਸਾਚੇ ਪਾਰਜ਼ਾਤਾ । ਅੰਗ ਸੰਗ ਸੰਗ ਅੰਗ ਆਪ ਹੋ ਜਾਏ, ਮੇਟ ਮਿਟਾਏ ਅੰਧੇਰੀ ਰਾਤਾ । ਸ਼ਬਦ ਘੋੜੇ ਤੰਗ ਕਸਾਏ, ਚਾਰੋਂ ਕੁੰਟ ਰਿਹਾ ਦੁੜਾਏ, ਪੁਰੀਆਂ ਲੋਆਂ ਪਾਰ ਕਰਾਏ ਨੇੜੇ ਆਏ ਕਲਜੁਗ ਅੰਤਮ ਵਾਟਾ । ਸਤਿਜੁਗ ਸਾਚੇ ਰਿਹਾ ਜਗਾਏ, ਧਰਤ ਮਾਤ ਦੀ ਗੋਦ ਬਿਠਾਏ, ਮਸਤਕ ਟਿੱਕਾ ਲਾਏ ਲਿਲਾਟਾ । ਗੁਰਮੁਖ ਸਾਚੇ ਸੰਗ ਰਲਾਏ, ਭਿੰਨੜੀ ਰੈਣ ਖ਼ੁਸ਼ੀ ਮਨਾਏ, ਭੈਣਾਂ ਭਈਆ ਇਕ ਬਣਾਏ, ਲੇਖਾ ਚੁੱਕੇ ਜ਼ਾਤਾਂ ਪਾਤਾਂ । ਸਾਚਾ ਸਈਆ ਮੰਗਲ ਗਾਏ, ਜਗਤ ਨਈਆ ਇਕ ਚਲਾਏ, ਜਨ ਭਗਤਾਂ ਦੇਵੇ ਨਾਮ ਸੁਗਾਤਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਆਤਮ ਵੇਖ ਹਰਿ, ਦੇਵੇ ਦਰਸ ਬਹੁ ਬਹੁ ਭਾਂਤਾ । ਬਹੁ ਭਾਂਤੀ ਬਹੁ ਭਾਂਤ ਹਰਿ ਭਤਾਰਿਆ । ਆਪੇ ਬੈਠਾ ਦਿਸੇ ਇਕਾਂਤ, ਆਪੇ ਘਟ ਘਟ ਰਿਹਾ ਪਸਾਰਿਆ । ਆਪੇ ਰੈਣ ਅੰਧੇਰੀ ਰਾਤ, ਆਪੇ ਜੋਤ ਕਰੇ ਉਜਿਆਰਿਆ । ਆਪੇ ਪਿਤਾ ਆਪੇ ਮਾਤ, ਆਪੇ ਪੂਤ ਸਪੂਤਾ ਕਰੇ ਪਿਆਰਿਆ । ਆਪੇ ਗੋਤੀ ਵਰਨ ਜ਼ਾਤ, ਆਪੇ ਵਸੇ ਸਭ ਤੋਂ ਬਾਹਰਿਆ । ਆਪੇ ਸ਼ਬਦੀ ਦਾਤਾ ਵਡ ਕਰਾਮਾਤ, ਆਪੇ ਦਿਸ ਕਿਸੇ ਨਾ ਆ ਰਿਹਾ । ਆਪੇ ਅੰਮ੍ਰਿਤ ਵੇਲਾ ਸਚ ਪਰਭਾਤ, ਆਪੇ ਸੰਧਿਆ ਸੰਖ ਵਜਾ ਰਿਹਾ ਆਪੇ ਜੋਤੀ

ਕਮਲਾਪਾਤ, ਆਪੇ ਹਵਨ ਕਰਾ ਰਿਹਾ । ਆਪੇ ਹੋਏ ਉਤਮ ਜ਼ਾਤ, ਆਪੇ ਨੀਚੋ ਨੀਚ ਅਖਵਾ ਰਿਹਾ । ਆਪੇ ਹੋਏ ਸਾਚੀ ਦਾਤ, ਆਪੇ ਖਾਲੀ ਹੱਥ ਵਖਾ ਰਿਹਾ । ਆਪੇ ਗਾਏ ਸਾਚੀ ਗਾਥ, ਆਪੇ ਮੁਖ ਭੁਵਾ ਰਿਹਾ । ਆਪੇ ਆਪ ਤ੍ਰੈਲੋਕੀ ਨਾਥ, ਆਪੇ ਸਾਥ ਤਜਾ ਰਿਹਾ । ਆਪੇ ਮਸਤਕ ਲੇਖਾ ਲਿਖੇ ਮਾਥ, ਆਪੇ ਲੇਖ ਮਿਟਾ ਰਿਹਾ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਗੁਰਮੁਖ ਆਤਮ ਵੇਖ ਦਰ, ਸਾਚਾ ਸਾਥ ਆਪ ਨਿਭਾ ਰਿਹਾ । ਆਪੇ ਚਤੁਰ ਸੁਜਾਨ, ਆਪੇ ਮੂੜ੍ਹਿਆ । ਆਪੇ ਬ੍ਰਹਮ ਗਿਆਨ, ਆਪੇ ਕੂੜਿਆ । ਆਪੇ ਸ਼ਬਦ ਨਿਸ਼ਾਨ, ਆਪੇ ਦਿਸੇ ਦੂਰਿਆ । ਆਪੇ ਗੋਪੀ ਸਾਚਾ ਕਾਹਨ, ਜਨ ਭਗਤਾਂ ਦਿਸੇ ਹਾਜ਼ਰ ਹਜ਼ੂਰਿਆ । ਆਪੇ ਸ਼ਬਦੀ ਫੜੇ ਤੀਰ ਕਮਾਨ, ਲੱਖ ਚੁਰਾਸੀ ਕਰੇ ਚੂਰਿਆ । ਆਪੇ ਜੋਧਾ ਬਲੀ ਬਲਵਾਨ, ਪ੍ਰਭ ਸਰਬ ਕਲਾ ਭਰਪੂਰਿਆ । ਆਪੇ ਦੇਵੇ ਪੀਣ ਖਾਣ, ਜੋਧਾ ਦਾਤਾ ਸੱਚਾ ਸੂਰਿਆ । ਆਪੇ ਮੇਟੇ ਜਮ ਕੀ ਕਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨ ਭਗਤਾਂ ਆਤਮ ਵੇਖ ਵਰ, ਆਸਾ ਮਨਸਾ ਪੂਰਿਆ । ਆਸਾ ਮਨਸਾ ਪੂਰ, ਸਗਲੀ ਚਿੰਤ ਮਿਟਾਇੰਦਾ । ਏਕਾ ਬਖ਼ਸ਼ੇ ਚਰਨ ਧੂੜ, ਮਹਿੰਮਾ ਅਗਣਤ ਗਣੀ ਨਾ ਜਾਇੰਦਾ । ਸ੍ਰਿਸ਼ਟ ਸਬਾਈ ਦਿਸੇ ਕੂੜੋ ਕੂੜ, ਗੁਰਮੁਖ ਵਿਰਲੇ ਸਾਚੇ ਸੰਤ ਬੂਝ ਬੁਝਾਇੰਦਾ । ਮਨਮੁਖ ਨਾ ਜਾਣੇ ਜਗਤ ਮੂੜ੍ਹ, ਮਨਮਤੀ ਵਿਚ ਸਮਾਇੰਦਾ । ਗੁਰਮੁਖ ਵਿਰਲੇ ਰੰਗ ਚੜ੍ਹਾਏ ਕਾਇਆ ਗੂੜ੍ਹ, ਨਾਮ ਰਤੀ ਵਿਚ ਟਿਕਾਇੰਦਾ । ਧਰਮ ਰਾਏ ਪ੍ਰਭ ਕਟੇ ਜੂੜ, ਏਕਾ ਪੱਟੀ ਸ਼ਬਦ ਪੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਆਤਮ ਵੇਖ ਦਰ, ਸਾਚੀ ਵੱਟੀ ਸੋਹੰ ਨਾਉਂ ਸਾਚੇ ਦੀਪਕ ਵਿਚ ਟਿਕਾਇੰਦਾ । ਸੱਸਾ ਦੀਪਕ ਕਰ ਤਿਆਰ, ਹੋੜੇ ਵੱਟੀ ਲਾਈਆ । ਪ੍ਰੇਮ ਪਿਆਲਾ ਤੇਲ ਅਪਾਰ, ਚੌਦਾਂ ਹੱਟੀ ਵੇਖ ਵਖਾਈਆ । ਸੱਜਣ ਸੁਹੇਲ ਆਪ ਕਰਤਾਰ, ਦੋਵੇਂ ਧਾਰਾ ਰਿਹਾ ਕਟੀ, ਕੋਈ ਭੇਵ ਨਾ ਜਾਣੇ ਰਾਈਆ । ਆਪ ਟਿਕਾਏ ਕਾਇਆ ਮਟੀ ਨਿਰਗੁਣ ਸਰਗੁਣ ਖੇਲ ਕਰਾਈਆ । ਗੁਰਮੁਖ ਵਿਰਲੇ ਲਾਹਾ ਜਾਣ ਖੱਟੀ, ਜੋ ਜਨ ਰਸਨਾ ਰਹੇ ਗਾਈਆ । ਕਿਸੇ ਹੱਥ ਨਾ ਆਵੇ ਤੀਰਥ ਤਟੀ, ਅਠ ਸਠ ਭੌਂਦੀ ਫਿਰੇ ਲੋਕਾਈਆ । ਨੌਂ ਦਵਾਰੇ ਨਾ ਕੋਇ ਵਖਾਏ ਨਾਮ ਹਟੀ, ਸਾਚੀ ਵਸਤ ਕਿਸੇ ਹੱਥ ਨਾ ਆਈਆ । ਜਨ ਭਗਤਾਂ ਦੁਰਮਤ ਮੈਲ ਪ੍ਰਭ ਸਾਚੇ ਕਟੀ, ਸੋਹੰ ਸਾਚਾ ਜਾਪ ਜਪਾਈਆ । ਆਤਮ ਜੋਤ ਜਗੇ ਲਟ ਲਟੀ, ਦਿਵਸ ਰੈਣ ਕਰੇ ਰੁਸ਼ਨਾਈਆ । ਦੂਈ ਦਵੈਤੀ ਮੇਟੇ ਫੱਟੀ, ਪ੍ਰਭ ਸਾਚੀ ਪੱਟੀ ਲਾਈਆ । ਦੰਦ ਬਤੀਸੇ ਵਟੀ ਵਟੀ, ਰਸਨਾ ਵਟ ਚੜ੍ਹਾਈਆ । ਹਾਹੇ ਟਿੱਪੀ ਪ੍ਰਭ ਲਾਏ ਸਿਪੀ ਦੋਵੇਂ ਪਾਸੇ ਕਟੀ, ਤਿੱਖੇ ਮੂੰਹ ਰਖਾਈਆ । ਧਾਰਾ ਬੱਤੀ ਰੱਖੇ ਨਿੱਕੀ, ਉਪਰ ਜੋਤ ਜਗਾਈਆ । ਬਲੇ ਤੇਲ ਆਵੇ ਖਿਚੀ, ਸੁਰਤੀ ਸੁਰਤ ਬੰਨ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਸਾ ਹੋੜਾ ਹਾਹਾ ਟਿੱਪੀ ਕਾਇਆ ਮੰਦਰ ਅੰਦਰ ਇਕ ਟਿਕਾਈਆ । ਹਾਹਾ ਡੰਡਾ ਰਿਹਾ ਵੱਖ, ਨੌਂ ਦਵਾਰੇ ਅੰਤਮ ਕੰਢਾ, ਪ੍ਰਭ ਅਬਿਨਾਸ਼ੀ ਲਿਆ ਰਖ । ਪਿੰਡ ਬ੍ਰਹਿਮੰਡ ਪ੍ਰਭ ਪਾਈ ਵੰਡਾ, ਦੋਹਾਂ ਕੀਨਾ ਵੱਖ ਵੱਖ । ਹਾਹੇ ਮੋੜਾ ਸੁਖਮਨ ਨਾੜੀ ਜੋੜਾ, ਕੋਈ ਨਾ ਰਸਨਾ ਸਕੇ ਲੱਖ । ਅੱਗੇ ਜਾਏ ਅੱਧਵਿਚਕਾਰੇ ਜੋੜਾ, ਭੇਵ ਕੋਇ ਨਾ ਪਾਏ । ਸਤਿਗੁਰ ਸਾਚਾ ਪਰਗਟ ਹੋਏ ਫਿਰ ਆਏ ਬੌਹੜਾ, ਸੋ ਪੁਰਖ ਨਿਰੰਜਣ ਦਇਆ ਕਮਾਏ । ਇਕ ਲਗਾਏ ਸਾਚਾ ਪੌੜਾ, ਦਰ ਘਰ ਸਾਚਾ ਧਾਮ ਸੁਹਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਆਤਮ ਵੇਖ ਦਰ, ਮਿੱਠਾ ਕੌੜਾ ਆਪ ਜਣਾਏ । ।

★ ੨੭ ਪੋਹ ੨੦੧੨ ਬਿਕ੍ਰਮੀ ਹਰਿ ਭਗਤ ਦਵਾਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ★

ਚਾਰ ਜੁਗ ਪ੍ਰਭ ਚਾਕਰੀ, ਲੋਕਮਾਤ ਕਰਦਾ ਆਇਆ । ਕਲਜੁਗ ਤੇਰੀ ਅੰਤਮ ਵਾਟੜੀ, ਭੇਖਾਧਾਰੀ ਭੇਖ ਵਟਾਇਆ । ਚਾਰੋਂ ਕੁੰਟ ਅੰਧੇਰੀ ਰਾਤੜੀ, ਦਹਿ ਦਿਸ਼ ਅੰਧੇਰਾ ਛਾਇਆ । ਜੂਠੀ ਝੂਠੀ ਵਾ ਵਗੇ ਤਾਤੜੀ, ਧਰਮ ਕਰਮ ਦਿਸ ਨਾ ਆਇਆ । ਪਾਪਾਂ ਬੰਨ੍ਹੀ ਘਰ ਘਰ ਗਾਠੜੀ, ਅੰਤਮ ਪਾਰ ਬੁਲਾਇਆ । ਗੁਰਮੁਖ ਵਿਰਲੇ ਮਿਲਿਆ ਪ੍ਰਭ ਸਖੜੀ, ਸੱਚਾ ਜਾਮ ਪਿਆਇਆ । ਕਲਜੁਗ ਕਾਇਆ ਮਾਇਆ ਆਕੜੀ, ਨਾ ਹੋਏ ਕੋਇ ਸਹਾਇਆ । ਪ੍ਰਭ ਆਪ ਉਠਾਇਆ ਸਾਚਾ ਸ਼ਬਦ ਮਸਤ ਹਾਥੜੀ, ਸੋਹੰ ਨੇਜਾ ਹੱਥ ਫੜਾਇਆ । ਜਨ ਭਗਤਾਂ ਪੁਛਣ ਆਇਆ ਵਾਤੜੀ, ਆਪ ਆਪਣਾ ਰੰਗ ਵਟਾਇਆ । ਜਗਤ ਚਲਾਏ ਸਾਚੀ ਗਾਥੜੀ, ਅਕਥਨੀ ਕਥਾ ਨਾ ਕਿਸੇ ਗਾਇਆ । ਆਤਮ ਚਿੰਤਾ ਪ੍ਰਭ ਦਰ ਲਾਥੜੀ, ਦਰ ਦਵਾਰੇ ਦਰਸ਼ਨ ਪਾਇਆ । ਮਿਲਿਆ ਮੇਲ ਤ੍ਰੈਲੋਕੀ ਨਾਥੜੀ, ਨਾਥ ਅਨਾਥਾਂ ਹੋਏ ਸਹਾਇਆ । ਧੁਰ ਦਰਗਾਹੀ ਸਾਚਾ ਸਾਥੜੀ, ਸਾਚਾ ਸੰਗ ਨਿਭਾਇਆ । ਲੇਖਾ ਲਿਖੇ ਮਸਤਕ ਮਾਥੜੀ, ਲਿਖਣਹਾਰ ਆਪ ਰਘੁਰਾਇਆ । ਹੱਥ ਫੜੇ ਸਾਚੀ ਤਾਕੜੀ, ਸੋਹੰ ਕੰਡਾ ਨਾਮ ਉਠਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰਾ ਅੰਤਮ ਕੰਢਾ ਲੱਖ ਚੁਰਾਸੀ ਰਿਹਾ ਵਖਾਇਆ । ਲੱਖ ਚੁਰਾਸੀ ਅਨਭੋਲੀਏ, ਮਾਤ ਹੋਈ ਅੰਧੇਰੀ ਰੈਣਾ । ਨੌਂ ਦਵਾਰੇ ਗੋਲੀਏ, ਨਾਤਾ ਤੁੱਟੇ ਭਾਈ ਭੈਣਾ, ਧਰਮ ਰਾਏ ਦੀ ਚੋਲੀਏ, ਨਾ ਕੋਈ ਦਿਸੇ ਸਾਕ ਸੈਣਾ । ਅਲ੍ਹੜ ਜਵਾਨੀ ਬਾਲ ਅਨਭੋਲੀਏ, ਨੇਤਰ ਕੱਜਲ ਕਿਸੇ ਨਾ ਰਹਿਣਾ । ਪ੍ਰਭ ਚਾੜ੍ਹਨ ਆਇਆ ਡੋਲੀਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੱਖ ਚੁਰਾਸੀ ਦੇਵੇ ਵਰ, ਭਾਣਾ ਪੈਣਾ ਸਭ ਨੂੰ ਸਹਿਣਾ । ਸੀਸ ਤਾਜ ਸੁਲਤਾਨਿਆ, ਹਰਿ ਸਾਚੇ ਸ਼ਾਹ ਸੁਲਤਾਨ । ਸੀਸ ਤਾਜ ਮਿਹਰਬਾਨਿਆ, ਹਰਿ ਸਾਚੇ ਮਿਹਰਬਾਨ । ਸੀਸ ਤਾਜ ਜੀਆ ਦਾਨਿਆ, ਦੇਵੇ ਜੀਆ ਦਾਨ । ਸੀਸ ਤਾਜ ਗੁਣ ਨਿਧਾਨਿਆ, ਗੁਣਵੰਤਾ ਗੁਣ ਰਿਹਾ ਪਛਾਣ । ਸੀਸ ਤਾਜ ਪੁਰਖ ਸੁਜਾਨਿਆ, ਲੱਖ ਚੁਰਾਸੀ ਰਿਹਾ ਵਖਾਨ । ਸੀਸ ਤਾਜ ਬਲੀ ਬਲਵਾਨਿਆ, ਰਾਜ ਰਾਜਾਨਾਂ ਵੇਖੇ ਆਨ । ਸੀਸ ਤਾਜ ਨੌਜਵਾਨਿਆ, ਨੌਜਵਾਨਾ ਵੇਖੇ ਵਿਚ ਮੈਦਾਨ । ਸੀਸ ਤਾਜ ਆਪ ਟਿਕਾਨਿਆ, ਜੋਤ ਸਰੂਪ ਸ੍ਰੀ ਭਗਵਾਨ । ਸਾਚਾ ਤੋੜਾ ਨਾਮ ਲਗਾਨਿਆ, ਝੰਡਾ ਝੂਲੇ ਜਗਤ ਨਿਸ਼ਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨ ਭਗਤਾਂ ਦੇਵਣ ਆਇਆ ਬ੍ਰਹਮ ਗਿਆਨ । ਆਤਮ ਬ੍ਰਹਮ ਗਿਆਨ, ਸ਼ਬਦ ਜਣਾਈਆ । ਪੁਰਖ ਅਬਿਨਾਸ਼ੀ ਕਰ ਧਿਆਨ, ਗੁਰਮੁਖ ਸਾਚੇ ਰਿਹਾ ਜਗਾਈਆ । ਦੇਵੇ ਨਾਮ ਗੁਣ ਨਿਧਾਨ, ਆਤਮ ਤ੍ਰਿਸ਼ਨਾ ਭੁੱਖ ਮਿਟਾਈਆ । ਆਪ ਮਿਟਾਏ ਜਮ ਕੀ ਕਾਨ, ਲੱਖ ਚੁਰਾਸੀ ਫੰਦ ਕਟਾਈਆ । ਮਾਇਆ ਭੁੱਲੇ ਜੀਵ ਨਾਦਾਨ, ਜੂਠਾ ਝੂਠਾ ਮੋਹ ਵਧਾਈਆ । ਕਲਜੁਗ ਖਾਕ ਰਹੇ ਛਾਣ, ਲਾਲ ਅਮੁਲਾ ਹੱਥ ਨਾ ਆਈਆ । ਹਰਿ ਭਗਤ ਸੁਹੇਲਾ ਉਲਟਾ ਮਾਰੇ ਬਾਣ, ਸੋਹੰ ਚਿਲਾ ਰਸਨ ਚੜ੍ਹਾਈਆ । ਆਵਣ ਜਾਵਣ ਤੋੜੇ ਬਾਣ, ਪਤਤ ਪਾਵਨ ਆਪ ਅਖਵਾਈਆ । ਪੰਚ ਸੰਘਾਰੇ ਰਾਮਾ ਰਾਵਨ, ਸਾਚੀ ਨਾਮ ਕਮਾਨ ਉਠਾਈਆ । ਭੇਖਾਧਾਰੀ ਨਰ ਹਰਿ ਬਾਵਨ, ਵਲ ਛਲ ਆਪ ਕਰਾਈਆ । ਕਲਜੁਗ ਵੇਖੇ ਕਾਮਨੀ ਕਾਮਨ ਦਿਵਸ ਰੈਣ ਫਿਰੇ ਹਲਕਾਈਆ । ਜਨ ਭਗਤਾਂ ਹੋਵੇ ਸਾਚਾ ਜਾਮਨ, ਧੁਰ ਦਰਗਾਹ ਦਏ ਗਵਾਹੀਆ । ਆਪ ਫੜਾਏ ਆਪਣਾ ਦਾਮਨ, ਨਾ ਸਕੇ ਕੋਇ ਛੁਡਾਈਆ । ਲੇਖੇ ਲਾਏ ਕਾਇਆ ਚਾਮਨ, ਪੰਜਾਂ ਤੱਤਾਂ ਤੱਤ ਸਮਾਈਆ ।

ਇਕ ਕਰਾਏ ਸਾਚਾ ਨ੍ਹਾਵਣ, ਸਾਚੇ ਅੰਮ੍ਰਿਤ ਤਾਲ ਨੁਹਾਈਆ । ਆਪੇ ਹੋਇਆ ਪਤਤ ਪਾਵਨ, ਪਤਤ ਪੁਨੀਤਾ ਰਿਹਾ ਕਰਾਈਆ । ਨੌਂ ਦਵਾਰੇ ਬਹਿ ਬਹਿ ਗਾਵਣ, ਦਸਵੇਂ ਕੋਇ ਸਾਰ ਨਾ ਪਾਈਆ । ਨਾ ਕੋਈ ਬਰਖੇ ਮੇਘ ਸਾਵਨ, ਕਲਜੁਗ ਕਾਲੀ ਘਟਾ ਛਾਈਆ । ਮਾਇਆ ਚਮਕੇ ਦਾਮਨੀ ਦਾਮਨ, ਆਪਣਾ ਤੇਜ ਰਹੀ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖਾਂ ਰਿਹਾ ਸਮਝਾਈਆ । ਕਲਜੁਗ ਅੰਧੇਰੀ ਰੈਨੜੀਏ, ਨੇਤਰ ਖੋਲ੍ਹ ਉਘਾੜ । ਕਲਜੁਗ ਕਾਲੀ ਰੈਣ ਅੰਧੇਰੜੀਏ, ਕਾਲਾ ਘੁੰਗਟ ਪਾੜ । ਕਲਜੁਗ ਕਾਲੀ ਰੈਣ ਅੰਧੇਰੜੀਏ, ਕਾਲਾ ਸੂਸਾ ਦੇਣਾ ਸਾੜ । ਕਲਜੁਗ ਕਾਲੀ ਰੈਣ ਅੰਧੇਰੜੀਏ, ਈਸਾ ਮੂਸਾ ਦੇਣੇ ਝਾੜ । ਕਲਜੁਗ ਕਾਲੀ ਰੈਣ ਅੰਧੇਰੜੀਏ, ਨਾਲ ਉਠਾਈ ਮੌਤ ਲਾੜ । ਕਲਜੁਗ ਕਾਲੀ ਰੈਣ ਅੰਧੇਰੜੀਏ, ਜੋਤੀ ਜੋਤ ਸਰੂਪ ਹਰਿ, ਏਕਾ ਦੇਵੇ ਜਗਤ ਵਰ, ਮਨਮੁਖ ਝੂਠੇ ਦੇਵੀਂ ਸਾੜ । ਕਾਲ ਰੈਣ ਖ਼ੁਸ਼ੀ ਮਨਾਈ, ਪ੍ਰਭ ਸਾਚੇ ਦਇਆ ਕਮਾਈਆ । ਕਲਜੁਗ ਤੇਰੇ ਘਰ ਵੱਜੇ ਵਧਾਈ, ਹਾਹਾਕਾਰ ਕਰੇ ਲੋਕਾਈਆ । ਲੱਖ ਚੁਰਾਸੀ ਭੇਵ ਨਾ ਜਾਣੇ ਰਾਈ, ਪ੍ਰਭ ਸਾਚੇ ਬਣਤ ਬਣਾਈਆ । ਅੰਤਮ ਪਾਵਣ ਆਇਆ ਫਾਹੀ, ਮਾਇਆ ਜਾਲ ਇਕ ਵਿਛਾਈਆ । ਜੂਠਾ ਝੂਠਾ ਮਾਤ ਮਾਹੀ, ਮਾਹੀਗੀਰ ਕਾਲ ਰਖਵਾਈਆ । ਆਪਣੀ ਕਲ ਰਿਹਾ ਵਰਤਾਈ, ਚਾਰੋਂ ਕੁੰਟ ਰਿਹਾ ਭਵਾਈਆ । ਵਲ ਛਲ ਸਭਨੀਂ ਥਾਈਂ, ਸੁਰਤ ਕਿਸੇ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਾਲੀ ਰੈਣ ਦਿਤਾ ਵਰ, ਹੋਏ ਵਡ ਵਡੀ ਵਡਿਆਈਆ । ਮਨਮੁਖਾਂ ਪੀ ਪੀ ਲਹੂ ਰੱਜਣ ਆਈ, ਆਪਾ ਮੁਖ ਖੁਲ੍ਹਾਇਆ ਏ । ਅੰਮ੍ਰਿਤ ਧਾਰਾ ਤਜਣ ਆਈ, ਮਦਿਰਾ ਮਾਸ ਹਲਕਾਇਆ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇ ਮਤ ਰਿਹਾ ਸਮਝਾਇਆ ਏ । ਦੇਵੇ ਮਤ ਛੋਟੀ ਬਾਲੀ, ਰੈਣ ਅੰਧੇਰੀ ਬਾਲੜੀਏ । ਚਾਰੋਂ ਕੁੰਟ ਅੰਧੇਰੀ ਛਾਈ, ਕੋਈ ਕੂਟ ਨਾ ਦੀਸੇ ਖਾਲੜੀਏ । ਜਗਤ ਅਵੱਲੜੀ ਚਲੀ ਚਾਲੀ, ਨਾ ਕੋਈ ਦੀਸੇ ਬਾਗ਼ ਮਾਲੜੀਏ । ਪਵਣ ਭਰਪੂਰ ਮਾਰੇ ਛਾਲੀ, ਜੜ੍ਹ ਉਖਾੜੇ ਪੱਤ ਪੱਤ ਡਾਲੜੀਏ । ਜਗੇ ਜੋਤ ਇਕ ਅਕਾਲੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨ ਭਗਤਾਂ ਦੇਵੇ ਨਾਮ ਵਰ, ਦੋ ਹੱਥੀਂ ਰਹਿਣਾ ਖਾਲੜੀਏ । ਰੈਣ ਅੰਧੇਰੀ ਅਰਜ ਗੁਜਾਰੇ, ਕਿਰਪਾ ਕਰ ਗਿਰਧਾਰਿਆ । ਲੱਖ ਚੁਰਾਸੀ ਜੀਵ ਜੰਤ ਚਾਰੋਂ ਕੁੰਟ ਹੋਏ ਹੰਕਾਰੇ, ਧਰਤ ਮਾਤ ਰਹੇ ਪੁਕਾਰਿਆ । ਹਉਮੇ ਹੰਗਤਾ ਕਰੇ ਪਸਾਰੇ, ਕੂੜੋ ਕੂੜ ਹੋਈ ਕੁੜਿਆਰਿਆ । ਭੁੱਖਾ ਨੰਗਾ ਮਾਰ ਲਲਕਾਰੇ, ਫਿਰਦਾ ਕਾਲ ਚਾਰ ਚੁਫੇਰਿਆ । ਕੋਈ ਨਾ ਪਾਵੇ ਸਾਰੇ, ਰੈਣ ਕਾਲੀ ਆ ਘੇਰਿਆ । ਆਪ ਵਖਾਏ ਸਚ ਦਵਾਰੇ, ਪੁਰਖ ਅਬਿਲਾਸ਼ੀ ਪਾਇਆ ਫੇਰਿਆ । ਲੋਕਮਾਤ ਲਏ ਅਵਤਾਰੇ, ਜਾਣਾ ਦਰ ਨਾ ਲਾਈਂ ਦੇਰਿਆ । ਦੇਵੇ ਵਰ ਸੱਚੀ ਸਰਕਾਰੇ, ਆਇਆ ਘਰ ਕਰੇ ਮਿਹਰਿਆ । ਦੇਵਣਹਾਰ ਸਰਬ ਸੰਸਾਰੇ, ਦਰ ਦਵਾਰਾ ਨੇਰਨ ਨੇਰਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਅਪਾਰੇ । ਕਾਲੀ ਰੈਣ ਦੇਵੇ ਮੱਤਾ, ਕਾਲ ਰਹੀ ਸਮਝਾਈਆ । ਪੰਜਾਂ ਤੱਤਾਂ ਪੀਤੀ ਰਤਾ, ਸਾਚਾ ਰਾਹ ਰਹੀ ਵਖਾਈਆ । ਨਿਹਕਲੰਕ ਚਰਨ ਨਾਤਾ, ਤੇਰਾ ਰਹੀ ਜੁੜਾਈਆ । ਪਰਗਟ ਹੋਇਆ ਪੁਰਖ ਸੁਜਾਤਾ, ਸਾਰ ਕਿਸੇ ਨਾ ਪਾਈਆ । ਦੇਵਣ ਆਇਆ ਸਾਚੀ ਦਾਤਾ, ਜੋ ਜਨ ਆਏ ਸਰਨਾਈਆ । ਰੈਣ ਅੰਧੇਰੀ ਕਾਲੀ ਰਾਤਾ, ਦੋਏ ਜੋੜ ਸੀਸ ਰਹੀ ਝੁਕਾਈਆ । ਇਕੱਠੇ ਹੋਏ ਭੈਣ ਭਰਾਤਾ, ਪ੍ਰਭ ਜੋੜੀ ਰਿਹਾ ਬਣਾਈਆ । ਸ੍ਰਿਸ਼ਟ ਸਬਾਈ ਏਕਾ ਖਾਤਾ, ਦਿਨ ਸੱਤਾਂ ਦਏ ਭਰਾਈਆ । ਇਕ ਬਣਾਈਏ ਧਰਤੀ ਮਾਤਾ,

ਦੂਸਰ ਕੋਈ ਰਹਿਣ ਨਾ ਪਾਈਆ । ਪੁਰਖ ਅਬਿਨਾਸ਼ੀ ਰਹਿ ਜਾਏ ਜ਼ਾਤਾ, ਵਰਨ ਗੋਤ ਮੇਟ ਮਿਟਾਈਆ । ਜੋਤ ਨਿਰੰਜਣ ਗਾਏ ਗਾਥਾ, ਦੂਸਰ ਅੱਖਰ ਨਾ ਕੋਈ ਪੜ੍ਹਾਈਆ । ਸ਼ਬਦ ਦਿਸੇ ਸਾਚਾ ਰਾਥਾ, ਤਿੰਨਾਂ ਲੋਕਾਂ ਰਿਹਾ ਚਲਾਈਆ । ਦੇਵੇ ਦਾਤ ਤ੍ਰੈਲੋਕੀ ਨਾਥਾ, ਜਾਏ ਪੈ ਸਰਨ ਸਰਨਾਈਆ । ਕਲਜੁਗ ਅੱਗੋਂ ਟੇਕੇ ਮਾਥਾ, ਕਾਲ ਕਾਲੇ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਬਣਤ ਰਿਹਾ ਬਣਾਈਆ । ਕਾਲੀ ਰੈਣ ਰਾਹ ਵਖਾਇਆ ਏ । ਆਇਆ ਕਾਲ ਦਵਾਰਿਆ ਪੁਰਖ ਅਬਿਨਾਸ਼ੀ ਦਰ ਦਵਾਰੇ, ਦੋਏ ਜੋੜ ਸੀਸ ਝੁਕਾਇਆ ਏ । ਨੈਣ ਮੁੰਧਾਰੀ ਨੈਣ ਉਘਾੜੇ, ਲੋਚਨ ਖੋਲ੍ਹ ਵਖਾਇਆ ਏ । ਕਾਲ ਕਾਲਾ ਕੱਢੇ ਹਾੜੇ, ਭੁੱਖਾ ਢਿੱਡ ਵਖਾਇਆ ਏ । ਮੈਂ ਲੁੱਟਿਆ ਗਿਆ ਦਿਨ ਦਿਹਾੜੇ, ਕੋਈ ਤਾਮਾ ਹੱਥ ਨਾ ਆਇਆ ਏ । ਮੇਰੇ ਦਿਨ ਆਏ ਮਾੜੇ, ਪ੍ਰਭ ਸਾਚੇ ਦਿਲੋਂ ਭੁਲਾਇਆ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੀਰਜ ਸ਼ਾਂਤ ਰਿਹਾ ਧਰਾਇਆ ਏ । ਕਾਲ ਬਲੀ ਬਲਵਾਨ, ਚਰਨ ਨਿਮਸਕਾਰਿਆ । ਪੁਰਖ ਅਬਿਨਾਸ਼ੀ ਮਾਰ ਧਿਆਨ, ਨੇਤਰ ਰੋਵੇ ਕਰੇ ਗਿਰਿਆਜ਼ਾਰਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਅਪਰ ਅਪਾਰਿਆ । ਨੇਤਰ ਖੋਲ੍ਹੇ ਨੈਣ ਉਘਾੜਦਾ । ਕਾਲੇ ਕਾਲ ਪ੍ਰਭ ਜੀ ਤਾੜਦਾ । ਏਕਾ ਰੰਗ ਵਖਾਏ ਬੱਤੀ ਧਾੜ ਦਾ । ਸੰਗ ਨਿਭਾਏ ਮੌਤ ਲਾੜ ਦਾ । ਮਹੀਨਾ ਵਖਾਏ ਜਗਤ ਹਾੜ ਦਾ । ਲੱਖ ਚੁਰਾਸੀ ਹਰਿ ਜੀ ਸਾੜਦਾ । ਮਨਮੁਖਾਂ ਸੀਨੇ ਪਾੜਦਾ । ਵਡ ਧਾਵੜੀ ਧਾੜ ਮਾਰਦਾ । ਉਚ ਪਹਾੜ ਟਿਲੇ ਢਾਹਵੰਦਾ । ਅੰਮ੍ਰਿਤ ਤੀਰ ਚਿਲੇ ਚੜ੍ਹਾਵੰਦਾ । ਕਲਜੁਗ ਤੇਰੇ ਸ਼ਿਲੇ ਕਰਾਵੰਦਾ । ਇਕ ਸਦ ਗਿਆਰਾਂ ਦਿਨ ਲਿਖਾਵੰਦਾ । ਸੱਤਾਂ ਦੀਪਾਂ ਵੰਡ ਵੰਡਾਵੰਦਾ । ਨੌਵਾਂ ਖੰਡਾਂ ਰੰਡ ਕਰਾਵੰਦਾ । ਬ੍ਰਹਿਮੰਡਾਂ ਵਿਚ ਸੁਣਾਵੰਦਾ । ਜੇਰਜ਼ ਅੰਡਾਂ ਮੇਟ ਮਿਟਾਵੰਦਾ । ਵਰਭੰਡਾ ਦਿਸ ਨਾ ਆਵੰਦਾ । ਸੋਹੰ ਖੰਡਾ ਇਕ ਉਠਾਵੰਦਾ । ਨਾਮ ਡੰਡਾ ਲੰਬਾ ਰਖਾਵੰਦਾ । ਆਪੇ ਵੰਡਣ ਆਇਆ ਵੰਡਾਂ, ਨਾ ਕੋਈ ਕਿਸੇ ਛੁਡਾਵੰਦਾ । ਮੇਟ ਮਿਟਾਏ ਭੇਖ ਪਖੰਡਾ, ਸਾਚੀ ਵੰਡਾ ਵੰਡ ਵੰਡਾਵੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੇ ਰੰਗ ਸਮਾਵੰਦਾ । ਰੰਗ ਸਮਾਇਆ ਸੱਤ ਰੰਗ । ਸੱਤ ਰੰਗਾ ਹਰਿ ਸਤਵੰਤਿਆ । ਕਾਲ ਦੁਹਾਈ ਭੁੱਖ ਨੰਗ, ਚਾਰੋਂ ਕੁੰਟ ਨਾ ਮਿਲੇ ਪਤਿਆ । ਦਰ ਦਵਾਰਾ ਰਿਹਾ ਲੰਘ, ਪ੍ਰਭ ਦੇ ਸਮਝਾਵੇ ਮੱਤਿਆ । ਹੋਏ ਸਹਾਈ ਅੰਗ ਸੰਗ, ਲੱਖ ਚੁਰਾਸੀ ਕਰਨੀ ਹੱਤਿਆ । ਇਕ ਫੜਾਏ ਹਰਿ ਮਰਦੰਗ, ਆਪ ਵਜਾਏ ਚੌਦਾਂ ਹੱਟਿਆ । ਜੂਨ ਅਜੂਨੀ ਕਰਨੀ ਭੰਗ, ਨਾ ਕੋਈ ਦਿਸੇ ਕਾਇਆ ਮੱਟਿਆ । ਲੱਖ ਚੁਰਾਸੀ ਕਾਇਆ ਵੰਗ, ਉਪਰ ਮਾਰੇ ਸਾਚੀ ਸੱਟਿਆ । ਸ਼ਬਦ ਘੋੜੇ ਕਸੇ ਤੰਗ, ਵਡ ਜੋਧਾ ਸੂਰਾ ਮਰਹੱਟਿਆ । ਸਚ ਦਵਾਰਾ ਲੈਣਾ ਮੱਲ, ਵਡ ਜੱਟ ਜਟੇਟੇ ਜੱਟਿਆ । ਕਲਜੁਗ ਔਧ ਗਈ ਹੰਢ, ਅੰਤਮ ਵੇਲੇ ਜਾਏ ਫਟਿਆ । ਕਰੇ ਖੇਲ ਹਰਿ ਬ੍ਰਹਿਮੰਡ, ਜਿਉਂ ਨਾਚ ਨਟੂਆ ਨਟਿਆ । ਖਾਣੀ ਜਾਣੇ ਜੇਰਜ ਅੰਡ, ਵੇਖ ਵਖਾਣੇ ਸਾਚੇ ਹੱਟਿਆ । ਅੰਤਮ ਕਰੇ ਖੰਡ ਖੰਡ, ਬਾਹਰ ਕਢਾਏ ਆਨ ਬਾਟਿਆ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਵਿਰਲੇ ਸੰਤ ਜਨ ਰਸਨਾ ਨਾਉਂ ਰਟਿਆ । ਗੁਰਮੁਖ ਏਕਾ ਨਾਉਂ ਹੈ, ਵਸੇ ਹਰਿ ਹਰਿ ਰਾਏ । ਨਾਮ ਸੱਚਾ ਨਿਸ਼ਾਨ ਹੈ, ਵੇਖੇ ਸਭ ਸਭ ਥਾਂਏ । ਹਰਿ ਹਰਿ ਥਾਉਂ ਧਰਮ ਦੀਬਾਣ ਹੈ, ਦੂਸਰ ਕੋਈ ਜਾਣੇ ਨਾਹੇ । ਗੁਰ ਗੋਬਿੰਦ ਗੋਬਿੰਦ ਗੁਰ ਗੁਰ ਗੋਬਿੰਦ ਪਾਰਬ੍ਰਹਮ ਗਿਆਨ ਹੈ । ਪਾਰਬ੍ਰਹਮ ਗਿਆਨ ਇਕ ਧਿਆਨ, ਹੱਡ ਮਾਸ ਨਾੜੀ ਨਾ ਕੋਈ ਚਰਮ, ਪਿਤਾ

ਪੂਤ ਨਾ ਕੋਈ ਜਰਮ, ਸ਼ਬਦ ਧਾਗਾ ਸਾਚਾ ਸੂਤ, ਪਵਣ ਕਰਮ ਜੋਤੀ ਹਵਨ ਕੁਰਾਨ ਹੈ । ਜੋਤੀ ਜੋਤ ਸਰੂਪ ਹਰਿ, ਆਦਿ ਆਦਿ ਆਦਿ ਗੁਰ ਬ੍ਰਹਿਮਾਦ ਬ੍ਰਹਿਮਾਦ ਬ੍ਰਹਿਮਾਦ ਸ਼ਬਦ ਸੁਰ ਜੁਗਾਦਿ ਜੁਗਾਦਿ ਜੁਗਾਦਿ ਆਦਿ ਮਿਹਰਬਾਨ ਹੈ । ਜੋਤੀ ਨੂਰ ਨੂਰ ਨਿਰਵੈਰ ਨਾ ਕੋਈ ਵਰਨ ਗੋਤੀ, ਨਾ ਦਿਸੇ ਕਿਸੇ ਗਰਾਮ ਸ਼ਹਿਰ ਹੈ । ਸਰਬ ਕਲਾ ਆਪੇ ਭਰਪੂਰ, ਆਪੇ ਜਾਣੇ ਆਪਣੀ ਮਿਹਰ, ਕਦੇ ਨਾ ਹੋਵੇ ਨੇੜ ਦੂਰ ਸ਼ਬਦ ਪਿਆਏ ਸਾਚਾ ਸੀਰ, ਸ਼ਬਦ ਪ੍ਰੇਮੀ ਸਾਚੀ ਮਿਹਰ ਹੈ । ਤਰਜ਼ ਸੁਣਾਏ ਸਾਚਾ ਰਾਗ, ਏਕਾ ਲਹਿਰ ਹੈ । ਪਵਣ ਦੇਵੇ ਸਾਚੀ ਤੂਰ, ਗੋਬਿੰਦ ਗੋਬਿੰਦ ਗੋਬਿੰਦ ਗੁਰ ਗੁਰ ਗੁਰ ਸ਼ਬਦ ਜੋਤੀ ਜਗੇ ਨੂਰੋ ਨੂਰ ਹੈ । ਨੂਰ ਜੋਤ ਉਜਾਲਾ, ਗੁਰ ਸ਼ਬਦ ਗੁਰ ਗੋਪਾਲਾ, ਸਿਰ ਪਵਨ ਹਵਨ ਦਿਆਲਾ ਧਰ, ਜੋਤੀ ਜੋਤ ਸਰੂਪ ਹਰਿ, ਆਪੇ ਆਪ ਆਪੇ ਵੇਖੇ ਕੋਟੀ ਕੋਟ ਹੈ । ਗੁਰ ਗੁਰ ਗੁਰ ਗੋਬਿੰਦ ਗੋਬਿੰਦ ਗੋਬਿੰਦ ਰਖਵਾਲਾ ਤੂੰ ਗੋਬਿੰਦ । ਗਹਿਰ ਗਹਿਰ ਗਹਿਰ ਗਵਰ ਗਵਰ ਗਵਰ ਏਕਾ ਮਾਂਗੇ ਮਿਹਰ ਮਿਹਰ ਮਿਹਰ ਨਿੰਦ ਨਿੰਦ ਨਿੰਦ ਚੁਕਾਏ ਚੁੱਕੇ ਹੇਰ ਫੇਰ ਮੇਰ ਤੇਰ । ਧਾਰ ਧਾਰਾ ਅੰਮ੍ਰਿਤ ਸਿੰਧ ਆਪ ਪਿਆਏ ਕਰ ਕਰ ਕਰ ਫੇਰ ਫੇਰ ਫੇਰ । ਆਪੇ ਜਾਣੇ ਜਗਤ ਨਿੰਦ, ਜੁਗਾ ਜੁਗੰਤਰ ਕਈ ਕਈ ਵੇਰ ਵੇਰ ਵੇਰ । ਸਗਲ ਮਿਟਾਏ ਸਗਲੀ ਚਿੰਦ, ਨਾ ਲਾਏ ਦੇਰ ਦੇਰ ਦੇਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਫੇਰਾ ਪਾਇਆ ਦੂਜੀ ਵੇਰ । ਮਾਤ ਤਜਾਇਆ ਦਰ ਘਰ, ਸਾਚਾ ਘਰ ਸਾਚਾ ਹਰਿ ਜੋਤ ਮਿਲਾਇਆ । ਜੋਤ ਜਗਾਇਆ ਮਿਲਿਆ ਵਰ, ਲੋਕਮਾਤੀ ਫੇਰਾ ਪਾਇਆ । ਸ਼ਬਦ ਭੰਡਾਰਾ ਨਾਲ ਭਰ, ਪੰਚਮ ਕੁੰਡਾ ਲਾਹਿਆ । ਆਪ ਆਪਣੀ ਕਿਰਪਾ ਕਰ, ਸਾਚਾ ਕਰਮ ਕਮਾਇਆ । ਧਰਨੀ ਧਰਨੀ ਧਰਨੀ ਧਰ, ਵਰਨੀ ਵਰਨੀ ਵਰਨੀ ਕਰ, ਸਰਨੀ ਸਰਨੀ ਸਰਨੀ ਪੜ, ਸਾਚੀ ਸਰਨ ਨਿਭਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣਾ ਵੇਸ ਕਰ, ਲੋਕਮਾਤ ਕਲ ਤਜਿਆ ਦਰ, ਆਪਣਾ ਰੰਗ ਵਖਾਇਆ । ਰੰਗ ਰੰਗਾਇਆ ਰੰਗ ਰਤੜੇ, ਰੰਗ ਕੀਆ ਕਰਤਾਰ । ਵਸਿਆ ਦਰ ਘਰ ਸਾਚੇ ਸੁੱਤੜੇ, ਪੁਰਖ ਪੁਰਖੋਤਮ ਜੋਤ ਨਿਰੰਜਣ ਕਰ ਆਕਾਰ । ਆਪੇ ਆਇਆ ਭਾਗ ਲਗਾਇਆ ਦਰ ਘਰ ਸਾਚੇ ਵਤੜੇ, ਗੁਰਮੁਖ ਸਾਚੇ ਕਰ ਪਿਆਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੇ ਆਇਆ ਘਰ ਬਾਹਰ । ਖੋਲ੍ਹੇ ਦਰ ਕਰੇ ਖੇਲ ਅਪਰ ਅਪਾਰੀ । ਸਚ ਦਵਾਰਾ ਤਜ ਕੇ ਆਇਆ, ਪਾਰਬ੍ਰਹਮ ਉਪਕਾਰੀ । ਲੋਕਮਾਤ ਵਿਚ ਭੱਜ ਕੇ ਆਇਆ, ਛੱਡੀ ਦੇਹ ਪਿਆਰੀ । ਜੋਤੀ ਲਾੜਾ ਸਜ ਕੇ ਆਇਆ, ਪੂਰਨ ਸਿੰਘ ਮਿਲੀ ਸੱਚੀ ਨਾਰੀ । ਆਪਣਾ ਪੜਦਾ ਕੱਜ ਕੇ ਆਇਆ, ਏਕਾ ਪਾਈ ਸੋਹੰ ਫੁਲਕਾਰੀ । ਜਗਤ ਜਵਾਨੀ ਤਜ ਕੇ ਆਇਆ, ਜੋਤ ਨਿਰੰਜਣ ਕਰ ਅਕਾਰੀ ਨਰ ਨਿਰੰਕਾਰੀ । ਸ਼ਬਦ ਘੋੜੇ ਸਜ ਕੇ ਆਇਆ, ਵੇਖੇ ਖੇਲ ਮੁਰਾਰੀ । ਅੰਮ੍ਰਿਤ ਪੀ ਪੀ ਰੱਜ ਕੇ ਆਇਆ, ਭਰਦਾ ਰਹੇ ਭੰਡਾਰੀ । ਜੋਤੀ ਜੋਤ ਸਰੂਪ ਹਰਿ, ਗੋਬਿੰਦ ਗੋਬਿੰਦ ਗੋਬਿੰਦ ਗੁਰ ਗੁਰ ਗੁਰ ਕਰੇ ਖੇਲ ਅਪਾਰੀ । ਨਾਰੀ ਕੰਤ ਹੰਢਾਵਣ ਆਇਆ, ਕਲਜੁਗ ਦੂਜੀ ਵਾਰੀ । ਸਾਚੀ ਜੋਤ ਜਗਾਵਣ ਆਇਆ, ਸੋਹੰ ਵਡਾ ਬਲਕਾਰੀ । ਆਪਣੀ ਹੱਥੀਂ ਤੇਲ ਚੜ੍ਹਾਵਣ ਆਇਆ, ਦੇਵਣ ਆਇਆ ਮਾਤ ਸੱਚੀ ਸਰਦਾਰੀ । ਰਾਜਾ ਰਾਣਾ ਤਖ਼ਤੋਂ ਲਾਹਵਣ ਆਇਆ, ਸੀਸ ਬੰਨ੍ਹ ਸੱਚੀ ਸਰਦਾਰੀ । ਸੰਤ ਮਨੀ ਸਿੰਘ ਸੋਇਆ ਮਾਤ ਉਠਾਵਣ ਆਇਆ, ਕਰੇ ਖੇਲ ਅਪਰ ਅਪਾਰੀ । ਚਾਰੇ ਕੁੰਟਾਂ ਰਸਨਾ ਗਾਵਣ ਆਇਆ, ਨਾ ਕੋਈ ਜਾਣੇ ਜੀਵ ਬੇਚਾਰੀ । ਸਾਚਾ ਧਾਮ ਸੁਹਾਵਣ ਆਇਆ, ਨੌਂ ਦਵਾਰਿਆਂ ਵਸਿਆ ਬਾਹਰੀ । ਦੁਸ਼ਟ ਹੰਕਾਰੀ ਰਾਵਣ ਰਾਮਾ ਮਾਰਨ ਆਇਆ,

ਜਿਉਂ ਕੰਸਾ ਕ੍ਰਿਸ਼ਨ ਮੁਰਾਰੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੇ ਵਸਿਆ ਘਰ, ਪਰਗਟ ਹੋਇਆ ਪਹਿਲੀ ਵਾਰੀ । ਆਇਆ ਸੰਤ ਸੁਹੇਲਾ ਇਕ ਸੁਹੇਲੜੀਆ । ਆਪ ਮਿਲਾਇਆ ਆਪਣਾ ਮੇਲਾ, ਗੁਰਮੁਖ ਬਣਾਏ ਸਾਚੀ ਚੇਲੜੀਆ । ਕਲਜੁਗ ਤੇਰਾ ਅੰਤ ਸੁਹਾਏ ਵੇਲਾ, ਪੁਰਖ ਅਬਿਨਾਸ਼ੀ ਵਡ ਵਡ ਅਲਬੇਲੜੀਆ । ਆਪਣੇ ਘਰ ਕਰਾਏ ਮੇਲਾ, ਨਾ ਹੋਏ ਵਕਤ ਦੁਹੇਲਾ, ਕਲਜੁਗ ਵੇਲਾ ਅੰਤ ਸੁਹੇਲੜੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੇ ਵਸਿਆ ਘਰ, ਲੋਕਮਾਤ ਹਰਿ ਜੋਤ ਧਰ, ਸਾਚਾ ਮੇਲ ਮੇਲੜੀਆ । ਸਾਚੀ ਨਾਰੀ ਕੰਤ ਪਿਆਰੀ ਆਪੇ ਆਪ ਸੁਹਾਉਂਦਾ ਏ । ਆਪੇ ਕਰੇ ਸਾਚੀ ਕਾਰੀ, ਪਹਿਲਾ ਪ੍ਰੇਮ ਪਹਿਲੀ ਵਾਰੀ ਆਪਣੀ ਗੋਦ ਉਠਾਉਂਦਾ ਏ । ਆਪੇ ਬੈਠਾ ਭੁਜਾਂ ਪਸਾਰੀ, ਆਪੇ ਮਾਤ ਉਠਾਉਂਦਾ ਏ । ਆਪੇ ਛੁਪਿਆ ਅੰਦਰ ਬਾਹਰੀ, ਦਿਸ ਕਿਸੇ ਨਾ ਆਉਂਦਾ ਏ । ਗੁਰਮੁਖਾਂ ਦੇਵੇ ਨਾਮ ਖੁਮਾਰੀ, ਦਿਵਸ ਰੈਣ ਏਕਾ ਰੰਗ ਰੰਗਾਉਂਦਾ ਏ । ਸੰਤ ਮਨੀ ਸਿੰਘ ਕਰ ਵਿਚਾਰੀ, ਆਪਣੀ ਵੰਡ ਵੰਡਾਉਂਦਾ ਏ । ਮਿਲਿਆ ਮੇਲ ਹਰਿ ਨਿਰੰਕਾਰੀ, ਏਕਾ ਗੁੰਝਲ ਪਾਉਂਦਾ ਏ । ਕਲਜੁਗ ਵੇਲਾ ਅੰਤਮ ਭਾਰੀ, ਆਪਣਾ ਹੁਕਮ ਚਲਾਉਂਦਾ ਏ । ਬਿਰਧ ਅਵਸਥਾ ਦੁੱਖ ਲੱਗਾ ਭਾਰੀ, ਬੰਦੀਖਾਨੇ ਬੰਦ ਕਰਾਉਂਦਾ ਏ । ਦੋਏ ਜੋੜ ਕਰੇ ਨਿਮਸਕਾਰੀ, ਪੂਰੀ ਘਨਕ ਸੀਸ ਨਿਵਾਉਂਦਾ ਏ । ਜਨਮ ਨਾ ਦਿਵਾਉਣਾ ਦੂਜੀ ਵਾਰੀ, ਹੋਰ ਨਾ ਦੁੱਖ ਉਠਾਉਣਾ ਏ । ਮੇਰਾ ਕਰਜ਼ ਰਿਹਾ ਸਿਰ ਭਾਰੀ, ਤੂੰ ਜੋਧਾ ਸੂਰ ਬਲਕਾਰੀ, ਮੈਂ ਜਾਵਾਂ ਤੈਥੋਂ ਬਲਿਹਾਰੀ, ਮੁਖੋਂ ਆਖ ਸੁਣਾਉਂਦਾ ਏ । ਪ੍ਰਭ ਪੂਰੇ ਕਿਰਪਾ ਧਾਰੀ, ਇਕ ਦਿਤਾ ਸੀਸ ਪਿਆਰੀ, ਮਾਇਆ ਮਮਤਾ ਕਰ ਨਿਆਰੀ, ਆਪਣਾ ਆਪ ਜਪਾਉਂਦਾ ਏ । ਵੇਖੇ ਖੇਲ ਰਾਜ ਦਰਬਾਰੀ, ਮਿਲੇ ਮੇਲ ਸੱਚੀ ਸਰਕਾਰੀ, ਸਾਚਾ ਆਪਣਾ ਹੁਕਮ ਸੁਣਾਉਂਦਾ ਏ । ਏਕਾ ਹੋਵੇ ਹਾਹਾਕਾਰੀ, ਕਵਣ ਸ੍ਰਿਸ਼ਟੀ ਰਿਹਾ ਮਾਰੀ, ਜੂਠਾ ਝੂਠਾ ਲੇਖ ਲਿਖਾਉਂਦਾ ਏ । ਜੋਤ ਨਿਰੰਜਣ ਤੇਜ ਕਟਾਰੀ, ਵਾਲੀ ਹਿੰਦ ਪਹਿਲੀ ਮਾਰੀ, ਨਾ ਕੋਈ ਹੋਰ ਛੁਡਾਉਂਦਾ ਏ । ਮਿਲੇ ਹੁਕਮ ਸੱਚੀ ਸਰਕਾਰੀ, ਪਕੜੇ ਜੀਵ ਜੰਤ ਗਵਾਰੀ, ਜੋ ਰਸਨਾ ਤੀਰ ਚਲਾਉਂਦਾ ਏ । ਆਉਣਾ ਚਲ ਸੱਚੇ ਦਰਬਾਰੀ, ਵੇਖਣ ਸਿੰਘ ਪੂਰਨ ਕਿਹੜਾ ਲਾਈ ਬੈਠਾ ਧੁਰ ਦਰਗਾਹੀ ਯਾਰੀ, ਮਨਮੁਖਾਂ ਆਈ ਕਿਸਮਤ ਮਾੜੀ, ਸੰਤ ਮਨੀ ਸਿੰਘ ਤੇਰੀ ਲਾਜ ਰਖਾਏ ਚਰਨ ਛੁਹਾਈ ਦਾਹੜੀ, ਸੁਹਣੀ ਬਣਤ ਬਣਾਉਂਦਾ ਏ । ਤੇਰੇ ਸੰਗ ਨਾ ਆਈ ਮੌਤ ਲਾੜੀ, ਪੁਰਖ ਅਬਿਨਾਸ਼ੀ ਪਿਛੇ ਅਗਾੜੀ, ਭੇਵ ਕੋਇ ਨਾ ਪਾਉਂਦਾ ਏ । ਹੋਏ ਖੇਲ ਸਤਾਰਾਂ ਹਾੜੀ, ਪ੍ਰਭ ਸਾਚਾ ਲੇਖ ਲਿਖਾਉਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਸਰਨ ਰਖਾਉਂਦਾ ਏ । ਜੁਗ ਜੁਗ ਮੇਲਾ ਆਪ ਕਰ, ਜੁਗ ਜੁਗ ਮੇਲ ਮਿਲਾਇੰਦਾ । ਸੱਜਣ ਸੁਹੇਲਾ ਆਪ ਬਣ, ਬੇੜਾ ਬੰਨ੍ਹੇ ਲਾਇੰਦਾ । ਨਗਰ ਖੇੜਾ ਇਕ ਤਨ ਖੁਲ੍ਹਾ ਵਿਹੜਾ ਆਪ ਵਖਾਇੰਦਾ । ਆਵਣ ਜਾਵਣ ਗੇੜਾ ਜਨ, ਆਪਣਾ ਆਪ ਸੰਗ ਨਿਭਾਇੰਦਾ । ਆਪੇ ਦੇਵੇ ਨਾਮ ਧਨ, ਪੱਲੇ ਗੰਢ ਬੰਨ੍ਹਾਇੰਦਾ । ਸ਼ਬਦ ਸੁਣਾਏ ਰਾਗ ਕੰਨ, ਸਾਚੀ ਭਿਖਿਆ ਇਕ ਵਖਾਇੰਦਾ । ਹਰਿ ਭਗਤ ਚੜ੍ਹਾਏ ਸਾਚੇ ਚੰਨ, ਜੋਤੀ ਆਪਣੀ ਵਿਚ ਟਿਕਾਇੰਦਾ । ਹਰਿਜਨ ਆਤਮ ਜਾਏ ਮਨ, ਨੈਣ ਨੈਣਾ ਵਿਚ ਸਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੋਹਾਂ ਜੋੜਾ ਇਕ ਦਰ, ਇਕ ਵਖਾਏ ਸਾਚਾ ਘਰ, ਸਾਚਾ ਤਖ਼ਤ ਸੁਹਾਇੰਦਾ । ਸਾਚਾ ਤਖ਼ਤ ਜਗਤ ਸੁਲਤਾਨ, ਉਤੇ ਹਰਿ ਮੁਰਾਰਿਆ । ਸਾਵਲ ਸੁੰਦਰ ਗੋਪੀ ਕਾਹਨ, ਮੋਰ ਮੁਕਟ ਸੀਸ ਦਸਤਾਰਿਆ । ਤਿੰਨਾਂ ਲੋਆਂ ਮਾਰ ਧਿਆਨ, ਬੈਠਾ ਕਰ ਸੋਲਾਂ ਸ਼ਿੰਗਾਰਿਆ । ਦਰ ਦਵਾਰੇ ਖੜ ਆਪ

ਦਰਬਾਨ, ਧਰੂ ਨਾਮ ਅਪਾਰਿਆ । ਦਿਵਸ ਰੈਣ ਰੱਖੇ ਚਰਨ ਧਿਆਨ, ਪਾਰਬ੍ਰਹਮ ਕਰੇ ਉਪਕਾਰਿਆ । ਬਿਪਰ ਸੁਦਾਮਾ ਆਇਆ ਅੰਞਾਣ, ਢਹਿ ਪਿਆ ਦਵਾਰਿਆ । ਕਵਣ ਦਵਾਰੇ ਮਿਲਦਾ ਮਾਣ ਮਿਲੇ ਮੇਲ ਕ੍ਰਿਸ਼ਨ ਮੁਰਾਰਿਆ । ਦੇਣਾ ਇਕ ਸੱਚਾ ਫ਼ਰਮਾਣ ਆਇਆ ਦਰ ਭਗਵੰਤ ਭਗਤ ਭਿਖਾਰਿਆ । ਅੱਗੋਂ ਬੋਲੇ ਦਰ ਦਰਬਾਨ, ਕਵਣ ਨਾਤਾ ਵਿਚ ਸੰਸਾਰਿਆ । ਬੋਲੇ ਸੁਦਾਮਾ ਲੈ ਕੇ ਆਇਆ ਧੁਰ ਫ਼ਰਮਾਣ, ਮੀਤ ਮੀਤ ਮੀਤ ਗੁਵਾਰਿਆ । ਮਿਲੇ ਮੇਲ ਨਿਗਹਬਾਨ, ਹੋਏ ਭਗਤ ਪਾਰ ਕਿਨਾਰਿਆ । ਹੁਕਮ ਸੁਣਾਇਆ ਦਰ ਦਵਾਰ, ਆਪ ਉਠਾਇਆ ਕ੍ਰਿਸ਼ਨ ਮੁਰਾਰ, ਵਿਚ ਵਿਚੋਲਾ ਆਪ ਅਖਵਾ ਰਿਹਾ । ਜੋਤੀ ਜੋਤ ਸਰੂਪ ਹਰਿ, ਕਲਜੁਗ ਅੰਤਮ ਅੰਤ ਤਿੰਨਾਂ ਮੇਲਾ ਇਕ ਦਰਬਾਰ, ਸਾਚਾ ਘਰ ਵਖਾ ਰਿਹਾ । ਸਾਚਾ ਤਖ਼ਤ ਹਰਿ ਸ਼ਾਹੋ ਬਿਰਾਜੇ, ਵੇਖੇ ਰੰਗ ਅਪਾਰਿਆ । ਭਗਤ ਜਨਾਂ ਹਰਿ ਕਰੇ ਕਾਜੇ, ਸ੍ਰਿਸ਼ਟ ਸਬਾਈ ਕਰੇ ਖੁਆਰਿਆ । ਭਾਗ ਲੱਗੇ ਦੇਸ ਮਾਝੇ, ਜਾਗੇ ਵਡ ਵਡ ਸੰਤ ਪ੍ਰਭ ਕਰੇ ਪਰਉਪਕਾਰਿਆ । ਬੇਅੰਤ ਬੇਅੰਤ ਬੇਅੰਤ ਗਣਤ ਅਗਣਤ ਨਾ ਪਾਵੇ ਕੋਈ ਸਾਰਿਆ । ਆਪੇ ਖੇਲੇ ਆਦਿ ਅੰਤ, ਆਪੇ ਮੇਲੇ ਜੁਗਾ ਜੁਗੰਤ, ਆਪੇ ਬੰਨ੍ਹੇ ਸਾਚੀ ਧਾਰਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਧੁਰ ਦਾ ਵਰ, ਨਾ ਹੋਏ ਮਾਤ ਖੁਆਰਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਜਿਸ ਜਨ ਮੰਗਿਆ ਆਏ ਵਰ, ਘਰ ਸਰ ਸੱਚਾ ਚਰਨ ਦਵਾਰਿਆ । ਗੋਕਲ ਮਥਰਾ ਮਾਣ, ਮਨ ਡੇਰਾ ਲਾਇਆ । ਵਣ ਤ੍ਰਿਣ ਮੌਲਿਆ ਹਰਿ ਭਗਵਾਨ, ਪ੍ਰਭ ਦਰਸ਼ਨ ਪਾਇਆ । ਪ੍ਰਭ ਦਰਸ਼ਨ ਗੁਣ ਨਿਧਾਨ, ਸਾਚੀ ਉਤਪਤ ਦਏ ਕਰਾਇਆ । ਉਤਪਤ ਹੋਏ ਵਿਚ ਬੀਆਬਾਨ, ਸਚ ਮਹੱਲਾ ਦਏ ਵਸਾਇਆ । ਕਿਰਪਾ ਕਰ ਆਪ ਭਗਵਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਕਰਮ ਰਿਹਾ ਕਮਾਇਆ । ਤਨ ਗੋਕਲ ਮਨ ਮਥਰਾ ਮਾਨ, ਸੁਰਤੀ ਮਨ ਕਰ ਪਛਾਣ । ਸ਼ਬਦ ਬਣੇ ਤੇਰਾ ਬਿੰਦਰਾਬਨ, ਜੋਤ ਨਿਰੰਜਣ ਸਾਚਾ ਕਾਹਨ । ਭਰਮ ਭਰਮ ਭਰਮ ਪ੍ਰਭ ਦੇਵੇ ਭੰਨ, ਸ਼ਬਦ ਵਖਾਏ ਇਕ ਨਿਸ਼ਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵੇ ਦਾਤ ਗੁਣ ਨਿਧਾਨ । ਮਨ ਮੌਲਿਆ ਹੋਈ ਫੁਲਵਾੜੀ, ਰੁੱਤ ਬਸੰਤੀ ਆਈ । ਰੁੱਤ ਬਸੰਤ ਮਿਲਿਆ ਮੇਲ ਕੰਤ, ਆਤਮ ਘਰ ਵੱਜੀ ਵਧਾਈ । ਕੋਈ ਨਾ ਦਿਸੇ ਹੋਰ ਸਾਚਾ ਸੰਤ, ਭੇਖ ਪਖੰਡਾ ਭਰੀ ਲੋਕਾਈ । ਏਕਾ ਓਟ ਏਕਾ ਚੋਟ ਏਕਾ ਜੋਤ ਮਹਿੰਮਾ ਅਗਣਤ, ਅਕਥ ਨਾ ਕਥਿਆ ਜਾਈ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਇਆ ਕਮਾਏ ਦਰ ਦਵਾਰ, ਦੇਵੇ ਸਰਨ ਸੱਚੀ ਸਰਨਾਈ । ਸੁਰਤੀ ਬਿੰਦਰਾ ਕਰ ਤਿਆਰ । ਸ਼ਬਦ ਬੰਧਾਏ ਫੂਲਨ ਹਾਰ । ਦੀਪਕ ਜੋਤੀ ਕਰ ਉਜਿਆਰ । ਅੰਦਰ ਮੰਦਰ ਵੇਖ ਅਪਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਇਆ ਕਮਾਏ ਦਰ ਦਵਾਰ । ਦਰ ਦਵਾਰਾ ਦੂਖਨ ਦੂਖਿਆ । ਰੋਗ ਸੋਗ ਦਰ ਚਿੰਤਾ ਸ਼ਬਦ ਵਿਚੋਲਾ ਸੂਖਨ ਸੂਖਿਆ । ਪੂਰਨ ਜੋਤ ਭਗਵੰਤ, ਚਰਨ ਪ੍ਰੀਤੀ ਭੂਖਨ ਭੂਖਿਆ । ਪ੍ਰੇਮ ਮਧਾ ਮਧ ਕੰਤਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵੇ ਦਾਨ ਜੀਵਾਂ ਜੰਤਾਂ । ਜਾਣੀ ਜੀਵ ਜੰਤ ਗੁਣਵੰਤ ਭਗਵਾਨ । ਦਾਸੀ ਜੀਵ ਚਰਨ ਗੁਰ, ਗੁਰ ਦੇਵਣਹਾਰ ਜਹਾਨ । ਏਕਾ ਲੇਖ ਲਿਖਾਏ ਧੁਰ, ਧੁਰਦਰਗਾਹੀ ਸਚ ਫ਼ਰਮਾਣ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਦਵਾਰੇ ਦੇਵੇ ਮਾਣ । ਦਰ ਦਵਾਰਾ ਵੇਖ ਦਇਆ ਕਮਾਇੰਦਾ । ਆਪ ਮਿਟਾਏ ਪਿਛਲੀ ਰੇਖ, ਲੇਖਾ ਆਪਣੇ ਹੱਥ ਰਖਾਇੰਦਾ । ਅੰਦਰ ਬਾਹਰ

੪੯੭ ੦੫

ਗੁਪਤ ਜਾਹਿਰ, ਦਿਸ ਕਿਸੇ ਨਾ ਆਇੰਦਾ । ਆਪੇ ਜਾਣੇ ਆਪਣੀ ਮਿਹਰ, ਕਵਣ ਸੋ ਵੇਲੇ ਭਗਤ ਸੁਹੇਲੇ ਫੜ ਫੜ ਬਾਹੋਂ ਪਾਰ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੋਚਨ ਨੇਤਰ ਨੈਣ ਪੇਖਣ ਦਰਸ ਹਰਸ ਮਿਟਾਇੰਦਾ । ਪੇਖ ਪੇਖ ਮਨ ਬਿਗਸਾਇਆ, ਤਨ ਵਜੀ ਵਧਾਈ । ਪੁਰਖ ਅਬਿਨਾਸ਼ੀ ਦਰਸ਼ਨ ਪਾਇਆ, ਮਿਲੀ ਜਗਤ ਸਰਨਾਈ । ਭਾਂਡਾ ਭੌ ਭਰਮ ਨਾ ਕਿਸੇ ਭੰਨ ਵਖਾਇਆ, ਨਾ ਹੋਈ ਸੱਚੀ ਰੁਸ਼ਨਾਈ । ਜੋਤੀ ਜੋਤ ਸਰੂਪ ਹਰਿ, ਸੰਤ ਅਸੰਤਾ ਵੇਖ ਵਿਚਾਰੇ ਅੰਦਰ ਬਾਹਰੇ, ਜੀਵ ਜੰਤ ਨਾ ਜਾਣੇ ਰਾਈ । ਕਿਆ ਰਾਜਾ ਕਿਆ ਦਰ ਭਿਖਾਰੀ । ਪ੍ਰਭ ਅਬਿਨਾਸ਼ੀ ਏਕਾ ਤੁੱਠਾ, ਸ਼ਬਦ ਲਿਆਏ ਸਾਚੀ ਵੰਡਾ, ਵੰਡੀ ਜਾਏ ਵਡ ਸਰਦਾਰੀ । ਕੋਈ ਨਾ ਦਿਸੇ ਭਗਤ ਰੁੱਠਾ, ਆਪ ਆਪਣੀ ਕਿਰਪਾ ਧਾਰੀ । ਲੱਖ ਚੁਰਾਸੀ ਟੰਗੇ ਪੁੱਠਾ, ਚਾਰੋਂ ਕੁੰਟ ਹੋਏ ਖੁਆਰੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣ ਆਇਆ ਸਾਚੇ ਮੰਦਰ ਸ਼ਬਦ ਸਰੂਪੀ ਇਕ ਬਹਾਰੀ । ਸ਼ਬਦ ਬਹਾਰੀ ਹਰਿ ਫਿਰਾਏ । ਦੁਰਮਤ ਮੈਲ ਦੂਰ ਕਰਾਏ । ਗੁਰਮਤ ਗੁਰਮਤ ਗੁਰਮਤ ਸਾਚੀ ਧਾਰ, ਹਰਿ ਹਿਰਦੇ ਵਿਚ ਸਮਾਏ । ਦੁਰਮਤ ਦੁਰਮਤ ਦੁਰਮਤ ਦਰ ਦੁਰਕਾਰ, ਸਾਚਾ ਰਾਹ ਇਕ ਵਖਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਭੇਖ ਧੁਰ ਦੀ ਬਾਣ, ਲਿਖ ਮਸਤੱਕ ਟਿੱਕਾ ਲਾਏ । ਜਾਗੇ ਭਾਗ ਗੁਰ ਸੰਗਤ ਪਾਈਆ । ਗੁਰ ਸੰਗਤ ਬੁਝਾਏ ਆਗ, ਜਨ ਸੇਵ ਕਮਾਈਆ । ਸੇਵਾ ਧੋਏ ਕਾਇਆ ਦਾਗ਼, ਅੰਮ੍ਰਿਤ ਫ਼ਲ ਖੁਵਾਈਆ । ਦੁਰਮਤ ਮੈਲ ਗਈ ਭਾਗ, ਪ੍ਰਭ ਸਾਚੇ ਦਇਆ ਕਮਾਈਆ । ਜਗਤ ਬੁਝਾਏ ਤ੍ਰਿਸ਼ਨਾ ਆਗ, ਮਿਲੀ ਸ਼ਬਦ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲਹਿਣਾ ਦੇਣਾ ਰਿਹਾ ਮੂਲ ਚੁਕਾਈਆ । ਨੇਤਰ ਲੋਚਨ ਨੈਣ ਵਿਹੂਣੇ ਚਾਰੋਂ ਕੁੰਟ ਵਖਾਨਣ । ਭੇਖ ਪਖੰਡਾ ਜੂਠੇ ਝੂਠੇ ਨਾ ਕੋਈ ਜਾਣੇ ਪਵਣ ਮਸਾਨਣ । ਭਰਮੇ ਭੁੱਲੇ ਬਾਲ ਅੰਞਾਨਣ । ਸੀਸ ਨਿਵਾਰੇ ਹੋਏ ਗਵਾਰੇ, ਲੇਖ ਲਿਖਾਏ ਕਾਲ ਕਾਲਨ । ਗੁਰਮੁਖ ਵਿਰਲੇ ਗੁਰ ਪੂਰਾ ਆਸਾ ਮਨਸਾ ਪੂਰੇ, ਦੇਵੇ ਸ਼ਬਦ ਦਲਾਲਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਫ਼ਲ ਲਗਾਏ ਕਾਇਆ ਡਾਲਨ । ਕਾਇਆ ਡਾਲ ਫੂਲ ਲਗਾਏ । ਫ਼ਲ ਲੁਵਾਏ ਅਵਲਾ, ਸਚ ਕੰਤੂਹਲ ਦਇਆ ਕਮਾਏ । ਰੁੱਤ ਬਸੰਤੀ ਇਕ ਲਿਆਏ । ਆਪੇ ਵੇਖੇ ਬੈਠ ਇਕੱਲਾ, ਰੰਗ ਰੰਗੀਲੇ ਵੇਖ ਵਖਾਏ । ਕਾਲੇ ਕੰਚਨ ਸੂਹੇ ਪੀਲੇ ਚਿੱਟੇ ਨੀਲੇ ਲਾਲ ਰਿਹਾ ਸਜਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਕਰ ਕਰ ਆਪਣੇ ਮੇਲੇ, ਜਗਤ ਵਸੀਲੇ ਰਿਹਾ ਬਣਾਏ । ਵੇਖਣ ਵੇਖੇ ਦਿਸ ਨਾ ਆਇਆ, ਫ਼ਲ ਜਗਤ ਲਗਾਈ । ਪ੍ਰਭ ਅਬਿਨਾਸ਼ੀ ਭੇਵ ਛੁਪਾਇਆ, ਜੋਤੀ ਜੋਤ ਜਗਾਈ । ਦੇਵੀ ਦੇਵ ਕਿਸੇ ਹੱਥ ਨਾ ਆਇਆ, ਸ਼ਿਵ ਬ੍ਰਹਮਾ ਖੋਜ ਖੁਜਾਈ । ਆਪ ਆਪਣੇ ਅੰਗ ਸਮਾਇਆ, ਸ਼ਬਦ ਕਰੇ ਜਣਾਈ । ਸਚ ਦਵਾਰਾ ਲੰਘ ਵਖਾਇਆ, ਆਪ ਆਪਣੀ ਦਇਆ ਕਮਾਈ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਭੇਵ ਰਹੇ ਨਾ ਰਾਈ । ਹਰਿ ਸਰਨਾਈ ਸਦਾ ਸੁਖ, ਜਗਤ ਸੋਗ ਵਿਆਪੇ । ਉਜਲ ਹੋਏ ਜਗਤ ਮੁੱਖ, ਮੇਟ ਮਿਟਾਏ ਆਪ ਸੰਤਾਪੇ । ਆਪ ਮਿਟਾਏ ਤ੍ਰਿਸ਼ਨਾ ਭੁੱਖ, ਜਾਪ ਜਪਾਏ ਅਜਪਾ ਜਾਪੇ । ਸੁਫਲ ਕਰਾਏ ਮਾਤ ਕੁੱਖ, ਜਿਸ ਜਨ ਦਰਸ਼ਨ ਦੇਵੇ ਆਪਣਾ ਆਪੇ । ਜੋਤੀ ਜੋਤ ਸਰੂਪ ਹਰਿ, ਆਪੇ ਹੋਏ ਮਾਈ ਬਾਪੇ । ਦਰਸ਼ਨ ਵੇਖ ਮਨ ਤ੍ਰਿਪਤਾਵੇ, ਭਏ ਸ਼ਾਂਤ ਸਰੀਰਾ । ਪੁਰਖ ਅਬਿਨਾਸ਼ੀ ਘਰ ਸਾਚੇ ਪਾਵੇ, ਮਿਲਿਆ ਮੇਲ ਗੁਣੀ ਗਹੀਰਾ । ਸਾਚੇ ਨ੍ਹਾਵਣ ਨ੍ਹਾਵੇ,

ਚੁੱਕੇ ਹਉਮੇ ਪੀੜਾ । ਏਕਾ ਰਾਗ ਗਾਵਣ ਗਾਵੇ, ਚੜ੍ਹੇ ਸਿਖਰ ਅਖੀਰਾ । ਪੁਰਖ ਅਬਿਨਾਸ਼ੀ ਲੜ ਜਿਸ ਜਨ ਫੜਾਵੇ, ਲੋਕਮਾਤ ਬੰਨ੍ਹੇ ਬੇੜਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖੇ ਲਾਏ ਕਾਇਆ ਜੀਊੜਾ । ਕਾਇਆ ਮੰਦਰ ਮਹੱਲ ਤਨ ਉਸਾਰਿਆ । ਨੌਂ ਦਵਾਰੇ ਜਗਤ ਚੜ੍ਹਾਇਆ ਚੰਨ, ਵੇਖ ਵਖਾਣੇ ਕਰ ਉਜਿਆਰਿਆ । ਦਸਵੇਂ ਆਪ ਰਖਾਇਆ ਸਾਚਾ ਧੰਨ, ਬੰਦ ਕਰਾਇਆ ਦਿਸ ਕਿਸੇ ਨਾ ਆ ਰਿਹਾ । ਆਪ ਆਪਣੀ ਕਿਰਪਾ ਕਰ, ਗੁਰਮੁਖ ਵਿਰਲੇ ਆਤਮ ਜਿੰਦਰ ਦੇਵੇ ਭੰਨ, ਇਕਾ ਵਖਾਏ ਸ਼ਬਦ ਭੰਡਾਰਿਆ । ਕੋਇ ਨਾ ਲਾਏ ਮਾਤ ਸੰਨ੍ਹ, ਕਾਇਆ ਡੂੰਘੀ ਕੰਦਰ ਆਪੇ ਆਪ ਲਗਾ ਰਿਹਾ । ਨਾ ਕੋਈ ਜਾਣੇ ਨਾ ਕੋਈ ਪਛਾਣੇ ਨਾ ਕੋਈ ਤੋਲੇ ਧੜੀ ਸੇਰ । ਮਨ ਰਤੀ ਰਤ ਨਾ ਕਿਸੇ ਤੁਲਾ ਰਿਹਾ । ਆਪੇ ਆਪ ਗਿਆ ਮਨ, ਪਿਤ ਮਾਤ ਨਾ ਕੋਈ ਬਣਾ ਰਿਹਾ । ਸਾਚੇ ਅੰਦਰ ਤਾਣੇ ਤਾਣ, ਸ਼ਬਦ ਬਸਤਰ ਇਕ ਉਣਾ ਰਿਹਾ । ਤਖ਼ਤ ਸੁਹਾਗੀ ਦਸਮ ਦਵਾਰੀ ਸਾਚਾ ਰਾਮ ਬਣ, ਸਾਚੀ ਸੇਜਾ ਆਸਣ ਲਾ ਰਿਹਾ । ਆਪੇ ਆਪ ਜੋਤ ਭਗਵਾਨਨ, ਸੋਹੰ ਤਾਜ ਸੀਸ ਟਿਕਾ ਲਿਆ । ਆਪੇ ਆਪ ਜਗਤ ਵਿਦਵਾਨਾ ਬਣ, ਸਾਚਾ ਰਾਗ ਜਗਤ ਸੁਣਾ ਰਿਹਾ । ਆਪੇ ਆਪ ਧਰਮਸ਼ਾਲਾ ਬਣ, ਆਪ ਆਪਣੇ ਸੰਗ ਮਿਲਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਵਾਰ ਦਰ ਦਰ ਦਵਾਰ ਇਕ ਸੁਹਾ ਰਿਹਾ । ਸੁਹਾਏ ਦਵਾਰ ਬੰਕ, ਡੰਕ ਵਜਾਇਆ । ਇਕ ਰਖਾਏ ਆਣ ਅੰਕ, ਸ਼ੰਕ ਆਤਮ ਦਏ ਮਿਟਾਇਆ । ਦਰਸ ਦਿਖਾਏ ਵਾਸੀ ਪੁਰੀ ਘਨਕ, ਬਾਰ ਅਨਕ ਜੋਤ ਜਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਰੰਗ ਰੰਗਾਇਆ । ਕਿਆ ਰੰਗ ਦਿਸੇ ਮਨਮੁਖ, ਚੋਲੀ ਹੋਈ ਪੁਰਾਨੀ । ਕੋਈ ਨਾ ਦੇਵੇ ਨਾਮ ਸੁਖ, ਸੁਰਤੀ ਹੋਈ ਬੌਰਾਨੀ । ਕਾਇਆ ਬੂਟਾ ਔਖਾ ਔਖਮ, ਅੰਮ੍ਰਿਤ ਮਿਲੇ ਨਾ ਠੰਡਾ ਪਾਣੀ । ਦਿਵਸ ਰੈਣ ਸਦ ਰਹੇ ਭੂਖਮ, ਬਾਲ ਬਾਲਾ ਕੋਈ ਨਾ ਚੜ੍ਹੇ ਜੁਵਾਨੀ । ਪ੍ਰਭ ਕੱਟਣ ਆਇਆ ਚਿੰਤਾ ਦੂਖਮ, ਲੋਕਮਾਤ ਰਹੇ ਨਿਸ਼ਾਨੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵੇ ਦਾਤ ਗੁਣ ਨਿਧਾਨੀ । ਗੁਣ ਨਿਧਾਨ ਦੇਵੇ ਦਾਤ, ਦ੍ਰਿਸ਼ਟ ਇਸ਼ਟ ਵਖਾਈਆ । ਵੇਖੇ ਖੇਲ ਬਹੁ ਬਹੁਭਾਂਤ, ਨਗਰ ਪ੍ਰਾਂਤ ਕਿਸੇ ਦਿਸ ਨਾ ਆਈਆ । ਮਿਟਾਵਣ ਆਇਆ ਅੰਧੇਰੀ ਰਾਤ, ਚਰਨ ਬੰਧਾਏ ਸਾਚਾ ਨਾਤ, ਅੰਧ ਅੰਧੇਰਾ ਰਿਹਾ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਵੇਲਾ ਰਿਹਾ ਸੁਹਾਈਆ ।।

### ★ ੨੮ ਪੋਹ ੨੦੧੨ ਬਿਕ੍ਰਮੀ ਗਿਰਧਾਰਾ ਸਿੰਘ ਦੇ ਗ੍ਰਿਹਿ ਪਿੰਡ ਬਲੋਵਾਲ ਜ਼ਿਲਾ ਗੁਰਦਾਸਪੁਰ ★

ਸਗਲ ਪਸਾਰਾ ਆਪ ਮਾਤ ਕਰਾਇਆ । ਆਪੇ ਵੇਖੇ ਪੁੰਨ ਪਾਪ, ਜਪ ਤਪ ਖੇਲ ਰਚਾਇਆ । ਸ੍ਰਿਸ਼ਟ ਸਬਾਈ ਮਾਈ ਬਾਪ, ਪਰਗਟ ਹੋਏ ਨੇਤਰ ਪੇਖੇ ਜੋਤ ਜਗਾਇਆ । ਕਵਣ ਪਛਾਣੇ ਆਪਾ ਆਪ, ਪਾਰਬ੍ਰਹਮ ਪ੍ਰਭ ਰਿਹਾ ਵਧਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪਰਗਟ ਧੁਨ ਰਿਹਾ ਸਮਾਇਆ । ਘਟ ਘਟ ਮੰਦਰ ਜੋਤ ਅਕਾਰ, ਮਾਇਆ ਪੜਦਾ ਪਾਇਆ । ਮਨਮੁਖ ਸੁੱਤੇ ਪੈਰ ਪਸਾਰ, ਕਲਜੁਗ ਕਾਲਾ ਕਫਨ ਪਾਇਆ । ਗੁਰਮੁਖ ਵਿਰਲੇ ਮਿਲੇ, ਮੇਲ ਪ੍ਰਭ ਕੰਤ ਭਤਾਰ ਸ਼ਿੰਗਾਰ ਕਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ

ਧਰ, ਕਲਜੁਗ ਤੇਰੀ ਅੰਤਮ ਵਰ, ਸ੍ਰਿਸ਼ਟ ਸਬਾਈ ਵੇਖ ਵਖਾਇਆ । ਆਪੇ ਵੇਖੇ ਨੇਤਰ ਖੋਲ੍ਹੇ, ਦਿਸ ਕਿਸੇ ਨਾ ਆਇੰਦਾ । ਘਟ ਘਟ ਅੰਦਰ ਹਰਿ ਜੀ ਬੋਲੇ, ਮਨਮੁਖ ਮੂਲ ਨਾ ਭਾਇੰਦਾ । ਗੁਰਮੁਖ ਸਾਚੇ ਤੋਲ ਤੋਲੇ, ਸ਼ਬਦ ਕੰਡੇ ਆਪ ਚੜ੍ਹਾਇੰਦਾ । ਆਪ ਰੰਗਾਏ ਕਾਇਆ ਚੋਲੇ, ਰੰਗ ਬਸੰਤੀ ਇਕ ਵਖਾਇੰਦਾ । ਆਤਮ ਗੱਠੜੀ ਰਿਹਾ ਫੋਲੇ, ਸ਼ਬਦ ਭੰਡਾਰਾ ਇਕ ਵਖਾਇੰਦਾ । ਆਦਿ ਅੰਤ ਕਦੇ ਨਾ ਡੋਲੇ, ਭਗਤ ਜਨਾਂ ਸਦ ਵਸੇ ਕੋਲੇ, ਮਨਮੁਖਾਂ ਦਿਸ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਦੇਵੇ ਨਾਮ ਸੁਖਾ, ਜਗਤ ਮਿਟਾਏ ਤ੍ਰਿਸ਼ਨਾ ਭੁੱਖਾ, ਹਉਮੇ ਰੋਗ ਗੁਵਾਇੰਦਾ । ਹਉਮੇ ਰੋਗ ਗਵਾਏ, ਦਇਆ ਕਮਾਇੰਦਾ । ਸਚ ਵਸਤ ਪ੍ਰਭ ਝੋਲੀ ਪਾਏ, ਸ਼ਬਦ ਦਸਤਾਰ ਇਕ ਰਖਾਇੰਦਾ । ਗੁਰਮੁਖ ਵਿਰਲੇ ਸੰਤ ਸੁਹੇਲੇ ਫੜ ਫੜ ਬਾਹੋਂ ਆਪ ਉਠਾਇੰਦਾ । ਆਪ ਕਰਾਏ ਆਪਣੇ ਮੇਲੇ, ਆਪੇ ਗੁਰ ਆਪੇ ਚੇਲੇ, ਦੂਜਾ ਦਰ ਨਾ ਕੋਈ ਵਖਾਇੰਦਾ । ਅਚਰਜ ਖੇਲ ਪਾਰਬ੍ਰਹਮ ਕਲ ਖੇਲੇ, ਧਰਮ ਰਾਏ ਦੀ ਕਟੇ ਜੇਲੇ, ਜੋ ਜਨ ਆਏ ਚਰਨੀ ਸੀਸ ਨਿਵਾਇੰਦਾ । ਸ਼ਬਦ ਸਰੂਪੀ ਚਾੜ੍ਹੇ ਤੇਲੇ, ਕਾਇਆ ਰੰਗੇ ਰੰਗ ਨਵੇਲੇ, ਰੰਗਣ ਆਪ ਚੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਵਿਰਲੇ ਸੰਤ ਵਰੋਲੇ ਆਪ ਆਪਣੀ ਗੋਦ ਉਠਾਇੰਦਾ । ਸੰਤ ਵਰੋਲੇ ਆਪ ਹਰਿ, ਸਾਚੀ ਦਇਆ ਕਮਾਇੰਦਾ । ਗੁਰਮੁਖ ਵਿਰਲਾ ਭਗਤ ਜਨ, ਪ੍ਰਭ ਸਾਚਾ ਮੇਲ ਮਿਲਾਇੰਦਾ । ਏਕਾ ਰਾਗ ਸੁਣਾਏ ਕੰਨ, ਭਾਂਡਾ ਭਰਮ ਭੰਨਾਇੰਦਾ । ਜੋਤ ਜਗਾਏ ਸਾਚੇ ਤਨ, ਅਗਿਆਨ ਅੰਧੇਰ ਮਿਟਾਇੰਦਾ । ਗੁਰਮੁਖ ਆਤਮ ਜਾਏ ਮਨ, ਪ੍ਰਭ ਦਰਸੀ ਦਰਸ ਦਿਖਾਇੰਦਾ । ਆਪ ਵਸਾਏ ਸਾਚੇ ਘਰ, ਛੱਪਰੀ ਛੰਨ ਨਾ ਕੋਈ ਰਖਾਇੰਦਾ । ਨਾ ਮਰੇ ਨਾ ਜਾਏ ਜੰਮ, ਏਕਾ ਧਾਮ ਸੁਹਾਇੰਦਾ । ਨਾ ਕੋਈ ਰੱਖੇ ਪੱਲੇ ਦਮ, ਨਾਮ ਵਸਤ ਇਕ ਲਿਆਇੰਦਾ । ਨਾ ਨੇਤਰ ਰੋਵੇ ਛੰਮ ਛੰਮ, ਹੰਝੂ ਨੀਰ ਨਾ ਕੋਈ ਵਹਾਇੰਦਾ । ਪਵਣ ਸਵਾਸੀ ਲਏ ਨਾ ਦਮ, ਸਦ ਅਡੋਲ ਟਿਕਾਇੰਦਾ । ਆਪੇ ਜਾਣੇ ਆਪਣਾ ਕੰਮ, ਲੱਖ ਚੁਰਾਸੀ ਭਰਮੇ ਭਰਮ ਭੁਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਸੰਤ ਸੁਹੇਲੇ ਦਰ ਘਰ ਸਾਚੇ ਮੇਲ ਮਿਲਾਇੰਦਾ । ਦਰ ਘਰ ਸਾਚਾ ਇਕ ਪਛਾਣਾ, ਗੁਰ ਪੂਰੇ ਜੋਤ ਜਗਾਈਆ । ਮਿਲਿਆ ਮੇਲ ਪੁਰਖ ਨਿਧਾਨਾ, ਗੀਤ ਸੁਹਾਗੀ ਗਾਈਆ । ਚਰਨ ਪ੍ਰੀਤੀ ਸੱਚਾ ਨਾਤਾ, ਨਾ ਹੋਏ ਕਦੇ ਜੁਦਾਈਆ । ਦੇਵੇ ਨਾਮ ਸ਼ਬਦ ਸੁਗਾਤਾ, ਪ੍ਰਭ ਸਾਚਾ ਧੁਰ ਦਰਗਾਹੀਆ । ਅੰਤਮ ਵੇਲੇ ਪੁੱਛੇ ਵਾਤਾ, ਲੱਖ ਚੁਰਾਸੀ ਫੰਦ ਕਟਾਈਆ । ਬੈਠਾ ਰਹੇ ਇਕ ਇਕਾਂਤਾ, ਸ੍ਰਿਸ਼ਟ ਸਬਾਈ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੇ ਰੰਗ ਸਮਾਈਆ । ਰੰਗ ਰੰਗੀਲਾ ਹਰਿ ਰੰਗ, ਪ੍ਰਭ ਨਰ ਹਰਿ ਰਤਿਆ । ਜਨ ਭਗਤਾਂ ਨਿਭਾਏ ਆਪਣਾ ਸੰਗ, ਦੇ ਦੇ ਸਮਝਾਏ ਮਤਿਆ । ਅੰਮ੍ਰਿਤ ਆਤਮ ਧਾਰ ਵਹਾਏ ਗੰਗ, ਜੂਠਾ ਝੂਠਾ ਕੱਢੇ ਪਾਣੀ ਤੱਤਿਆ । ਚਲੇ ਚਾਲ ਇਕ ਬਿਹੰਗ, ਬੀਜੇ ਬੀਜ ਸਾਚੇ ਵਤਿਆ । ਨਾਮ ਵਜਾਏ ਸਾਚਾ ਮਰਦੰਗ, ਪੰਜਾਂ ਚੋਰਾਂ ਕਰੇ ਹੱਤਿਆ । ਅੰਮ੍ਰਿਤ ਵਹਾਏ ਸਾਚੀ ਗੰਗ, ਸਾਚੀ ਧਾਰ ਸਾਚੀ ਸਤਿਆ । ਸ਼ਬਦ ਡੋਰੀ ਚੜ੍ਹੇ ਪਤੰਗ, ਗੁਰਮੁਖ ਸਾਚਾ ਆਤਮ ਧੀਰਜ ਸਤਿ ਸੰਤੋਖੀ ਰੱਖੇ ਜਤਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖਾਂ ਵੇਖੇ ਆਤਮ ਦਰ, ਰੰਗਣ ਨਾਉਂ ਨਾਮ ਰੰਗ ਰਤਿਆ । ਰੰਗਣ ਨਾਮ ਅਪਾਰ, ਗੁਰ ਪੂਰੇ ਤਨ ਚੜ੍ਹਾਈਆ । ਦਰ ਘਰ ਮੰਗਣ ਹਰਿ ਦਵਾਰ, ਪ੍ਰਭ ਭਿਛਿਆ ਸਾਚੀ ਪਾਈਆ । ਮਨਮੁਖ ਭੁੱਲੇ ਜੀਵ ਗਵਾਰ, ਰਸਨ ਫਿਰੇ ਹਲਕਾਈਆ ।

ਭਰਮੇ ਭੁੱਲੇ ਨਾ ਪਾਵਣ ਸਾਰ, ਹਉਮੇ ਤ੍ਰਿਸ਼ਨਾ ਜਗਤ ਵਧਾਈਆ । ਹਰਿਜਨ ਸਾਚੇ ਪੁਰਖ ਅਬਿਨਾਸ਼ੀ ਚਰਨ ਪਿਆਰ, ਆਤਮ ਵੱਜਦੀ ਰਹੇ ਵਧਾਈਆ । ਆਪੇ ਪੁਰਖ ਆਪੇ ਨਾਰ, ਆਪੇ ਕੰਤ ਭਤਾਰਾ ਮੀਤ ਮੁਰਾਰ, ਆਪਣੀ ਸੇਜਾ ਰਿਹਾ ਹੰਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਸੰਤ ਦੁਲਾਰੇ, ਜਨਮ ਕਰਮ ਪ੍ਰਭ ਮਾਤ ਵਿਚਾਰੇ, ਲਹਿਣਾ ਦੇਣਾ ਮੂਲ ਚੁਕਾਈਆ । ਲਹਿਣਾ ਦੇਣਾ ਦੇਵਣ ਆਇਆ, ਕਰ ਕਿਰਪਾ ਗਿਰਧਾਰੀ । ਚਰਨ ਪ੍ਰੀਤੀ ਬੰਨ੍ਹਣ ਆਇਆ, ਬਖ਼ਸ਼ੇ ਨਾਮ ਖੁਮਾਰੀ । ਦੂਈ ਦਵੈਤੀ ਜਨ ਕੱਟਣ ਆਇਆ, ਹਉਮੇ ਕਟੇ ਬਿਮਾਰੀ । ਅੰਮ੍ਰਿਤ ਆਤਮ ਨਾਮ ਪਿਆਵਣ ਆਇਆ, ਕਾਇਆ ਸੀਤਲ ਕਰੇ ਠੰਡੀ ਠਾਰੀ । ਆਪਣਾ ਆਪ ਦਾਮਨ ਫੜਾਵਣ ਆਇਆ, ਕਰ ਕਿਰਪਾ ਹਰਿ ਗਿਰਧਾਰੀ । ਧੁਰ ਦਰਗਾਹੀ ਸਾਚਾ ਜਾਮਨ ਆਪ ਅਖਵਾਵਣ ਆਇਆ, ਹਰਿ ਜੋਤ ਜੋਤ ਨਿਰੰਕਾਰੀ । ਅੰਮ੍ਰਿਤ ਮੇਘ ਸਾਵਣ ਬਰਸਾਵਣ ਆਇਆ, ਕਰੇ ਬਸੰਤ ਬਹਾਰੀ । ਮਨਮੁਖਾਂ ਆਤਮ ਧੁਆਵਣ ਆਇਆ, ਮਾਰੇ ਤੇਜ ਕਟਾਰੀ । ਗੁਰਮੁਖਾਂ ਵਕਤ ਸੁਹਾਵਣ ਆਇਆ, ਗਾਏ ਗੀਤ ਸੁਹਾਗੀ ਨਾਰੀ । ਹਰਿਜਨ ਸੋਏ ਮਾਤ ਜਗਾਵਣ ਆਇਆ, ਸ਼ਬਦ ਫੁਕਾਰਾ ਰਿਹਾ ਮਾਰੀ । ਫੜ ਫੜ ਬਾਹੋਂ ਰਾਹੇ ਪਾਵਣ ਆਇਆ, ਦੇਵੇ ਨਾਮ ਖੁਮਾਰੀ । ਆਪ ਆਪਣੇ ਰੰਗ ਰੰਗਾਵਣ ਆਇਆ, ਪ੍ਰਭ ਬਣਿਆ ਸਚ ਲਿਲਾਰੀ । ਹਰਿ ਹਿਰਦੇ ਵਿਚ ਵਸਾਵਣ ਆਇਆ, ਜੋਤੀ ਜਾਮਾ ਭੇਖ ਨਿਆਰੀ । ਦੁਰਮਤ ਮੈਲ ਗਵਾਵਣ ਆਇਆ, ਏਕਾ ਬਖ਼ਸ਼ੇ ਚਰਨ ਪਿਆਰੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਏਕ ਚਰਨ ਟੇਕ, ਦੇਵੇ ਸ਼ਬਦ ਅਧਾਰੀ । ਉਠ ਜਾਗ ਭਿੰਨੀ ਰੈਨੜੀਏ, ਸੰਤ ਸੁਹੇਲੇ ਆਏ ਮਾਤ । ਉਠ ਜਾਗ ਭਿੰਨੀ ਰੈਨੜੀਏ, ਪ੍ਰਭ ਦੇਵਣ ਆਇਆ ਦਾਤ । ਉਠ ਜਾਗ ਭਿੰਨੀ ਰੈਨੜੀਏ, ਮਿਲੇ ਮੇਲ ਕੰਤ ਸੁਹਾਗ । ਉਠ ਜਾਗ ਭਿੰਨੀ ਰੈਨੜੀਏ, ਪ੍ਰਭ ਧੋਵਣ ਆਇਆ ਦਾਗ਼ । ਉਠ ਜਾਗ ਭਿੰਨੀ ਰੈਨੜੀਏ, ਪ੍ਰਭ ਦੀਪਕ ਜੋਤੀ ਆਪ ਜਗਾਏ ਚਿਰਾਗ । ਉਠ ਜਾਗ ਭਿੰਨੀ ਰੈਨੜੀਏ, ਨਰ ਨਰਾਇਣ ਪਕੜੇ ਤੇਰੀ ਵਾਗ । ਉਠ ਜਾਗ ਭਿੰਨੀ ਰੈਨੜੀਏ, ਗੁਰਮੁਖ ਬਣਨ ਲੱਗੇ ਹੰਸ ਕਾਗ । ਉਠ ਜਾਗ ਭਿੰਨੀ ਰੈਨੜੀਏ, ਚਰਨ ਕਵਲ ਕਵਲ ਚਰਨ ਪੁਰਖ ਅਬਿਨਾਸ਼ੀ ਲਾਗ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚਾ ਮਜਨ ਇਕ ਕਰਾਏ ਚਰਨ ਧੂੜੀ ਸਾਚਾ ਮਾਘ । ਭਿੰਨੀ ਰੈਣ ਦੇ ਸਲਾਹ, ਪ੍ਰਭ ਸੋਈ ਮਾਤ ਜਗਾਈਆ । ਕਵਣ ਆਇਆ ਜਗਤ ਮਲਾਹ, ਫੜ ਫੜ ਉਠਾਏ ਬਾਹੀਆ । ਜਨ ਭਗਤਾਂ ਜਪਾਏ ਸਾਚਾ ਨਾਂ, ਵੇਖ ਵਖਾਣੇ ਥਾਉਂ ਥਾਈਆ । ਗੁਰ ਪੂਰੇ ਸਦ ਬਲ ਬਲ ਜਾਂ, ਸਾਚੀ ਬਣਤ ਬਣਾਈਆ । ਆਪੇ ਪਿਤਾ ਆਪੇ ਮਾਂ, ਭੈਣਾਂ ਭਈਆ ਸਾਕ ਸੈਣਾ ਸਾਚਾ ਸੱਜਣ ਆਪ ਅਖਵਾਈਆ । ਸ਼ਬਦ ਸੁਹੇਲਾ ਦੇਵੇ ਠੰਡੀ ਛਾਂ, ਏਥੇ ਓਥੇ ਹੋਏ ਸਹਾਈਆ । ਨਿਤ ਨੈਣ ਉਘਾੜੇ ਮੈਂ ਖੜੀ ਉਡੀਕਾਂ ਰਾਹ, ਕਵਣ ਕੂਟੇ ਹਰਿ ਪ੍ਰਭ ਸਾਚੇ ਜੋਤ ਜਗਾਈਆ । ਮਨਮੁਖ ਜੀਵ ਅੰਤਮ ਸੁੱਕ ਗਏ ਬੂਟੇ, ਫ਼ਲ ਕਾਇਆ ਰਹਿਣ ਨਾ ਪਾਈਆ । ਗੁਰਮੁਖਾਂ ਦੇਵੇ ਸ਼ਬਦ ਝੂਟੇ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਮ੍ਰਿਤ ਆਤਮ ਸਰ ਸਾਚੇ ਤਾਲ ਰਿਹਾ ਨੁਹਾਈਆ । ਅੰਮ੍ਰਿਤ ਆਤਮ ਤਾਲ ਸੁਹਾਇਆ, ਗੁਰਮੁਖ ਲਾਏ ਤਾਰੀ । ਪਾਰ ਕਿਨਾਰਾ ਕਿਸੇ ਦਿਸ ਨਾ ਆਇਆ, ਕੋਈ ਵੇਖੇ ਨਾਂ ਜੀਵ ਗਵਾਰੀ । ਸਾਚੇ ਧਾਮ ਆਪ ਟਿਕਾਇਆ, ਹਰਿਜਨ ਵਿਰਲੇ ਪਾਏ ਸਾਰੀ । ਪੁਰਖ ਅਬਿਨਾਸ਼ੀ ਰਾਹ ਵਖਾਇਆ, ਨਾਤਾ ਤੋੜੇ ਨੌਂ ਦਵਾਰੀ । ਦਰ ਘਰ ਸਾਚਾ ਇਕ ਸੁਹਾਇਆ, ਮੰਦਰ ਅੰਦਰ ਬ੍ਰਹਮਚਾਰੀ । ਅੰਮ੍ਰਿਤ ਸਾਚਾ ਤਾਲ ਭਰਾਇਆ,

ਨਿਝਰ ਝਿਰਨਾ ਝਿਰੇ ਅਪਾਰੀ । ਕਵਣ ਸੱਸਾ ਉਪਰ ਟਿਕਾਇਆ, ਤਾਲ ਭਰੇ ਸ਼ਬਦ ਭਾਰੀ । ਕਿਲ੍ਹਾ ਕੋਟ ਪ੍ਰਭ ਆਪ ਬਣਾਇਆ, ਸ਼ਬਦ ਸਰੂਪੀ ਚਾਰ ਦਿਵਾਰੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਰਿਹਾ ਤਾਰੀ । ਤਾਰੇ ਤਾਰਨਹਾਰ, ਪ੍ਰਭ ਹੱਥ ਵਡਿਆਈਆ । ਲੋਕਮਾਤ ਨਾ ਹੋਏ ਖੁਆਰ, ਗੁਰ ਪੂਰੇ ਸੰਗ ਨਿਭਾਈਆ । ਪੂਰਬ ਕਰਮ ਰਿਹਾ ਵਿਚਾਰ, ਨੇਤਰ ਨੈਣਾਂ ਦਰਸ ਦਿਖਾਈਆ । ਲਹਿਣਾ ਦੇਣਾ ਦੇਵੇ ਕਰ ਪਿਆਰ, ਦੇਵਣਹਾਰ ਆਪ ਅਖਵਾਈਆ । ਭਾਣਾ ਸਹਿਣਾ ਵਿਚ ਸੰਸਾਰ, ਸਾਚਾ ਰਿਹਾ ਹੁਕਮ ਸੁਣਾਈਆ । ਅੱਠੇ ਪਹਿਰ ਰਹਿਣਾ ਖ਼ਬਰਦਾਰ, ਜੂਠੇ ਝੂਠੇ ਜੀਵ ਗਵਾਰ, ਚੁਗਲੀ ਨਿੰਦਿਆ ਮੁਖ ਰਖਾਈਆ । ਗੁਰਮੁਖ ਵਿਰਲੇ ਚਰਨ ਅਧਾਰ, ਦਿਵਸ ਰੈਣ ਕਰੇ ਪਿਆਰ, ਸ਼ਬਦ ਸਰੂਪੀ ਦੇਵੇ ਧਾਰ, ਅੰਮ੍ਰਿਤ ਆਤਮ ਮੁਖ ਰਿਹਾ ਚੁਆਈਆ । ਹਰਿ ਜਨ ਮੇਲਾ ਕੰਤ ਭਤਾਰ, ਆਤਮ ਸੇਜਾ ਕਰ ਤਿਆਰ, ਵੇਖ ਵਖਾਏ ਪਹਿਲੀ ਵਾਰ, ਫੂਲਨ ਬਰਖਾ ਲਾਈਆ । ਨਿਰੰਜਣ ਜੋਤ ਕਰ ਅਕਾਰ, ਸ਼ਬਦ ਸਰੂਪੀ ਬਣ ਭਿਖਾਰ, ਸ਼ਾਹੋ ਭੂਪੀ ਵਡ ਸਿਕਦਾਰ, ਤਖ਼ਤ ਤਾਜ ਇਕ ਸੁਹਾਈਆ । ਆਪੇ ਜਾਣੇ ਆਪਣੀ ਕਾਰ, ਨਾ ਕੋਈ ਜਾਣੇ ਜੰਤ ਗਵਾਰ, ਬੇਅੰਤ ਬੇਅੰਤ ਬੇਅੰਤ ਆਪੇ ਨਿਰੰਕਾਰ, ਆਪ ਆਪਣੇ ਰੰਗ ਸਮਾਈਆ । ਸ੍ਰਿਸ਼ਟ ਸਬਾਈ ਕਰੇ ਵਿਹਾਰ, ਨੌਂ ਖੰਡ ਪ੍ਰਿਥਮੀ ਪਾਵੇ ਸਾਰ, ਸਤਾਂ ਦੀਪਾਂ ਰਿਹਾ ਵਡਿਆਈਆ । ਬ੍ਰਹਮੇ ਰਹਿਣਾ ਖ਼ਬਰਦਾਰ, ਮਾਰੇ ਸ਼ਬਦ ਤੀਰ ਕਟਾਰ, ਚਾਰੇ ਮੁੱਖਾਂ ਰਿਹਾ ਭੁਵਾਈਆ । ਸ਼ਿਵ ਸ਼ੰਕਰ ਤੇਰੀ ਅੰਤਮ ਵਾਰ, ਮਿਲੇ ਜੋਤ ਪੁਰਖ ਭਤਾਰ, ਅੰਤਮ ਮੇਲਾ ਆਪ ਕਰਾਈਆ । ਇੰਦ ਇੰਦਰਾਸਣ ਆਈ ਹਾਰ, ਸ਼ਬਦ ਸਿੰਘਾਸਣ ਕਰ ਤਿਆਰ, ਪੁਰਖ ਅਬਿਨਾਸ਼ਨ ਘਟ ਘਟ ਵਾਸਨ ਸਾਚੀ ਸੇਜਾ ਮਾਤ ਬਣਾਈਆ । ਭਗਤ ਜਨਾਂ ਹੋਏ ਦਾਸੀ ਦਾਸਨ, ਜੋ ਜਨ ਤਜਾਏ ਮਦਿਰਾ ਮਾਸਨ, ਸ਼ਬਦ ਚਲਾਏ ਸਵਾਸ ਸਵਾਸਨ, ਮਾਨਸ ਜਨਮ ਕਰੇ ਰਹਿਰਾਸਨ, ਸਾਚੀ ਸੇਵ ਲਗਾਈਆ । ਜਗੇ ਜੋਤ ਪ੍ਰਿਥਮੀ ਅਕਾਸ਼ਨ, ਮਨਮੁਖ ਜੀਵ ਅੰਤ ਵਿਨਾਸਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਰੰਗ ਵਟਾਈਆ । ਆਪ ਆਪਣਾ ਰੰਗ ਵਟਾਏ, ਦਿਸ ਕਿਸੇ ਨਾ ਆਇੰਦਾ । ਗੁਰਮੁਖ ਸਮਝਾਏ ਆਪਾ, ਮਾਤ ਹੁਕਮ ਸੁਣਾਇੰਦਾ । ਸ਼ਬਦ ਪੱਲਾ ਫੜਾਏ ਆਪਾ, ਸ਼ਬਦੀ ਮੇਲ ਮਿਲਾਇੰਦਾ । ਹੱਡ ਮਾਸ ਨਾੜੀ ਚੰਮੜਾ, ਮਾਨਸ ਦੇਹੀ ਜਨਮ ਦਵਾਇਆ ਅੰਤਮ ਲੇਖੇ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚਾ ਸੰਤ ਸੁਹੇਲਾ ਆਪ ਆਪਣੇ ਸੰਗ ਰਲਾਇੰਦਾ । ਧੁਰ ਦਰਗਾਹੀ ਧੁਰ ਦੀ ਬਾਣਾ, ਧੁਰ ਫ਼ਰਮਾਣਾ ਗਾਇਆ ਏ । ਭਗਤ ਜਨਾਂ ਦੇਵੇ ਨਾਮ ਨਿਸ਼ਾਨਾ, ਹੱਥੀਂ ਬੰਨ੍ਹੇ ਸ਼ਬਦ ਗਾਨਾ, ਦੂਸਰ ਕਿਸੇ ਹੱਥ ਨਾ ਆਇਆ ਏ । ਰਸਨਾ ਚਿਲਾ ਤੀਰ ਕਮਾਨਾ, ਅੱਠੇ ਪਹਿਰ ਬਲੀ ਬਲਵਾਨਾ, ਸ੍ਰਿਸ਼ਟ ਸਬਾਈ ਇਕ ਨਿਸ਼ਾਨਾ ਆਪੇ ਰਿਹਾ ਲਗਾਇਆ ਏ । ਨਾ ਕੋਈ ਦਿਸੇ ਰਾਜਾ ਰਾਣਾ, ਤਖ਼ਤੋਂ ਲਾਹੇ ਸ਼ਾਹ ਸੁਲਤਾਨਾ, ਗਰੀਬ ਨਿਮਾਣਾ ਗਲੇ ਲਗਾਇਆ ਏ । ਆਪੇ ਗੋਪੀ ਆਪੇ ਕਾਹਨਾ, ਆਪੇ ਜੋਤ ਸਰੂਪੀ ਭਗਵਾਨਾ, ਵਰਨ ਗੋਤ ਮੇਟ ਮਿਟਾਇਆ ਏ । ਆਪੇ ਬੀਨਾ ਆਪੇ ਦਾਨਾ, ਆਪੇ ਪੀਣਾ ਆਪ ਖਾਣਾ, ਆਪੇ ਤ੍ਰਿਸ਼ਨਾ ਭੁੱਖ ਵਧਾਇਆ ਏ । ਆਪੇ ਮਰਨਾ ਆਪੇ ਜੀਣਾ, ਆਪੇ ਪਾਟਾ ਆਪੇ ਸੀਣਾ, ਆਪੇ ਖਾਏ ਖਾਣਾ, ਅੰਤਮ ਅੰਤ ਅੰਤ ਕਲ ਨਾ ਹੋਏ ਕੋਈ ਸਹਾਇਆ ਏ । ਪਰਗਟ ਹੋਏ ਹਰਿ ਪਰਬੀਨਾ, ਜਨ ਭਗਤ ਕਰਾਏ ਠਾਂਡਾ ਸੀਨਾ, ਅੰਮ੍ਰਿਤ ਸਾਚਾ ਜਾਮ ਪਿਆਇਆ ਏ । ਹੋਏ ਵਿਛੋੜਾ ਜਿਉਂ ਜਲ ਮੀਨਾ, ਮੇਲ ਮਿਲਾਏ ਲੋਕਾਂ ਤੀਨਾਂ, ਸਚ ਖੰਡੀ ਧਾਮ ਸੁਹਾਇਆ ਏ । ਜੋਤੀ ਜੋਤ ਸਰੂਪ

੫੦੨ ੦੫

ਹਰਿ, ਆਪ ਆਪਣੀ ਜੋਤ ਧਰ, ਗੁਰਮੁਖਾਂ ਦੇਵੇ ਸ਼ਬਦ ਵਰ, ਸਾਚੀ ਰੰਗਣ ਰਿਹਾ ਚੜ੍ਹਾਇਆ ਏ । ਸਤਿਜੁਗ ਸਾਚਾ ਸਤਿ ਸਰੂਪ, ਸਾਂਤਕ ਵਿਚ ਸਮਾਇਆ । ਸਾਂਤਕ ਵਰਤੇ ਸਚ ਭੂਪ, ਰੂਪ ਰੰਗ ਵਟਾਇਆ । ਰੂਪ ਰੰਗ ਪ੍ਰਭ ਸਦਾ ਅਨੂਪ, ਗੁਰਮਖ ਵਿਰਲੇ ਪਾਇਆ । ਸ੍ਰਿਸ਼ਟ ਸਬਾਈ ਅੰਧਕੂਪ, ਦਿਸ ਕਿਸੇ ਨਾ ਆਇਆ । ਦਰ ਦਰ ਘਰ ਘਰ ਗੁਰ ਦਰ ਮੰਦਰ ਦੇਵਣ ਧੂਪ, ਦੀਨਾਂ ਨਾਥ ਦਿਸ ਕਿਸੇ ਨਾ ਆਇਆ । ਭੇਖਾਧਾਰੀ ਵਡ ਸੰਸਾਰੀ ਫਿਰਦੇ ਕਰ ਕਰ ਬਹੁ ਰੂਪ, ਰੂਪਾਂ ਵਾਲਾ ਕਿਸੇ ਹੱਥ ਨਾ ਆਇਆ । ਜੰਗਲ ਜੂਹ ਉਜਾੜ ਪਹਾੜਾਂ ਲੱਭਦੇ ਫਿਰਦੇ ਮਸਤਕ ਰੇਖ, ਜੋਤ ਸਰੂਪੀ ਭਗਤ ਦਲਾਲੀ, ਸ਼ਬਦ ਸਵਾਲੀ ਸਾਰ ਨਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮਖਾਂ ਪੂਰ ਕਰਾਏ ਘਾਲਣ ਘਾਲੀ, ਸਾਚੀ ਸੇਵਾ ਅੰਮ੍ਰਿਤ ਆਤਮ ਮੇਵਾ, ਵਡ ਦੇਵੀ ਦੇਵਾ ਲੇਖੇ ਲਾਇਆ । ਲੇਖਾ ਲਿਖਣ ਆਇਆ, ਬਣ ਬਣ ਲਿਖਾਰੀ । ਸਾਚੀ ਸਿਖਿਆ ਦੇਵਣ ਆਇਆ, ਪ੍ਰਭ ਸਾਚਾ ਸ਼ਬਦ ਭੰਡਾਰੀ । ਗੋਬਿੰਦ ਗੋਬਿੰਦ ਗੋਬਿੰਦ ਗੁਰਮੁਖਾਂ ਦਰ ਇਕ ਸੁਹਾਵਣ ਆਇਆ, ਪਰਗਟ ਜੋਤ ਨਿਰੰਕਾਰੀ । ਔਲੀਏ ਪੀਰ ਸ਼ੇਖ਼ ਮਿਟਾਵਣ ਆਇਆ, ਸੰਗ ਮੁਹੰਮਦ ਚਾਰ ਯਾਰੀ । ਕਲਜੁਗ ਤੇਰਾ ਮਸਤਕ ਲਹਿਣਾ ਅੰਤਮ ਵੇਖਣ ਆਇਆ, ਚਾਰੋਂ ਕੁੰਟ ਜੂਠ ਝੂਠ ਮਾਤ ਪਸਾਰੀ । ਸ਼ਬਦ ਗੀਤਾ ਗੁਰਮੁਖ ਤੇਰੀ ਰਸਨਾ ਮਤ ਬੁਧ ਮਨ ਏਕਾ ਦੇਵਣ ਆਇਆ, ਕਰ ਕਰ ਕਰ ਕਰ ਕਰ ਕਰ ਸੱਚੀ ਹਿਤਕਾਰੀ । ਚਰਨ ਪ੍ਰੀਤੀ ਏਕਾ ਟੇਕ ਧੀਰਜ ਧੀਰ ਧਰਾਵਣ ਆਇਆ, ਵਡ ਜੋਧਾ ਦਾਤਾ ਸੂਰਬੀਰ ਬਲਕਾਰੀ । ਅੰਮ੍ਰਿਤ ਨਾਮਾ ਠਾਂਡਾ ਸੀਰ ਨੀਰ ਪਿਆਵਣ ਆਇਆ, ਹਉਮੇ ਤ੍ਰਿਸ਼ਨਾ ਜਗਤ ਨਿਵਾਰੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਦੇਵੇ ਨਾਮ ਗੁਰ ਗੁਰ ਨਾਮ ਅਧਾਰੀ । ਨਾਮ ਅਧਾਰਾ ਆਪ ਜਨ ਪ੍ਰਭ, ਰੰਗਣ ਰੰਗ ਰੰਗਾਤਾ । ਹਰਿਜਨ ਦੇਵੇ ਨਾਮ ਧੰਨ, ਉਤਮ ਹੋਈ ਜ਼ਾਤਾ । ਧਰਮ ਰਾਏ ਨਾ ਦੇਵੇ ਡੰਨ, ਪ੍ਰਭ ਅਬਿਨਾਸ਼ੀ ਇਕ ਪਛਾਤਾ । ਸਾਚਾ ਰਾਗ ਸੁਣਾਏ ਕੰਨ, ਚਰਨ ਪ੍ਰੀਤੀ ਬੰਨ੍ਹੇ ਨਾਤਾ । ਅੰਤਮ ਬੇੜਾ ਜਾਏ ਬੰਨ੍ਹ, ਸਰਬ ਜੀਆਂ ਪ੍ਰਭ ਏਕਾ ਦਾਤਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਹੋਏ ਬ੍ਰਹਮ ਗਿਆਤਾ । ਪਾਰਬ੍ਰਹਮ ਬ੍ਰਹਮ ਜਣਾਈਆ । ਗਿਆਨੀ ਧਿਆਨੀ ਸਾਰ ਨਾ ਪਾਈਆ । ਬ੍ਰਹਮ ਪਾਰਬ੍ਰਹਮ ਸਰਨਾਈਆ । ਵਿਦਵਾਨੀ ਰਹੇ ਦੁੱਖ ਦਾਈਆ । ਪਾਰਬ੍ਰਹਮ ਬ੍ਰਹਮ ਦਇਆ ਕਮਾਈਆ । ਭਰਮੇ ਭੁੱਲੀ ਸਰਬ ਲੋਕਾਈਆ । ਆਪੇ ਜਾਣੇ ਭਗਤ ਕਰਮ, ਧਰਮ ਧਰਤੀ ਉਪਰ ਰਖਾਈਆ । ਮੇਟ ਮਿਟਾਏ ਦੂਈ ਦਵੈਤੀ ਜੂਠਾ ਝੂਠਾ ਵਰਮ, ਸਾਚੀ ਸਰਨ ਇਕ ਤਕਾਈਆ । ਨੇਤਰ ਖੋਲ੍ਹੇ ਹਰਨ ਫਰਨ, ਲੋਚਨ ਨੈਣਾ ਦਰਸ ਦਿਖਾਈਆ । ਹਰਿਜਨ ਸਾਚਾ ਤਰਨੀ ਤਰਨ, ਪ੍ਰਭ ਦਰ ਮਿਲੀ ਵਡਿਆਈਆ । ਆਪ ਚੁਕਾਏ ਮਰਨ ਡਰਨ, ਸ਼ਬਦ ਚੋਲੀ ਤਨ ਪਹਿਨਾਈਆ । ਦਰ ਘਰ ਆਇਆ ਵਰਨੀ ਵਰਨ, ਦਰ ਘਰ ਸਾਚਾ ਮਾਹੀਆ । ਆਪੇ ਹੋਏ ਕਰਨੀ ਕਰਨ, ਕਰਨ ਕਰਾਵਣਹਾਰ ਆਪ ਅਖਵਾਈਆ । ਆਪ ਆਪਣੀ ਦੇਵੇ ਸਰਨ ਸਰਨਾਈ, ਆਤਮ ਦਰ ਵੱਜੀ ਵਧਾਈ, ਮੰਗਲਾਚਾਰ ਸਹਿਜ ਸੁਭਾਈ, ਪੰਚਮ ਸੁੱਤਿਆਂ ਸੰਗ ਮਿਲਾਈ, ਢੋਲ ਮਰਦੰਗਾ ਨਾਮ ਵਜਾਈ, ਨਾਮ ਮਰਦੰਗਾ ਨਾਲ ਰਲਾਈ, ਏਕਾ ਸੰਗਾ ਸਹਿਜ ਸੁਖਦਾਈ, ਕਿਰਪਾ ਕਰੇ ਆਪ ਰਘੁਰਾਈ, ਦਿਵਸ ਰੈਣ ਨਾ ਹੋਏ ਜੁਦਾਈ, ਮਿਲਿਆ ਮੇਲ ਸਾਚੇ ਮਾਹੀ, ਗਲੇ ਲਗਾਏ ਫੜ ਫੜ ਬਾਂਹੀਂ, ਜੋਤੀ ਜੋਤ ਸਰੂਪ ਹਰਿ, ਸਾਚੇ ਥਾਂ ਸਾਚੀ ਸੇਜਾ ਇਕ ਵਿਛਾਈਆ । ਸਾਚੇ ਧਾਮ ਵਸਣਾ ਤੇਰਾ ਹਰਿ ਹਰਿ ਮੀਤ, ਹਰਿ ਜਾਣੇ ਸਾਚੇ ਮੀਤ, ਹਰਿਜਨ ਸਾਚੇ ਪਾਰ ਕਰੰਦੜਾ ।

ਆਪੇ ਪਰਖੇ ਨੀਤ, ਜੁਗ ਜੁਗ ਬਖ਼ਸ਼ਿੰਦੜਾ । ਬੈਠਾ ਰਹੇ ਅਤੀਤ, ਮਨਮੁਖ ਨਿੰਦਕ ਦੁਸ਼ਟ ਦੁਰਾਚਾਰ ਦਿਵਸ ਰੈਣ ਕਰ ਨਿੰਦੜਾ । ਹੋਏ ਨੀਤ ਅਨੀਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨ ਭਗਤਾਂ ਦੇਵੇ ਨਾਮ ਵਰ ਗੁਣੀ ਗਹਿੰਦੜਾ । ਗੁਣੀ ਗਹਿੰਦੜਾ ਗਹਿਰ ਪ੍ਰਭ, ਗੁਣਵੰਤਾ ਗੁਣ ਨਿਧਾਨ । ਗਿਆਨ ਧਿਆਨ ਕਵਲ ਨਭ, ਉਲਟੀ ਹੋਏ ਬਿਧਨਾਨ । ਬਿਧ ਨਾਤਾ ਪ੍ਰਭ ਆਪੇ ਜ਼ਾਤਾ, ਗੁਰਮੁਖ ਸਾਚਾ ਲਏ ਲੱਭ, ਲੋਕਮਾਤੀ ਕਰ ਪਰਗਟ ਜੋਤ ਜਗਾਏ ਝੱਬ, ਮਨਮੁਖ ਨਿੰਦਕ ਲਏ ਦੱਬ, ਕਰੇ ਖੇਲ ਅੰਤ ਮਹਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨ ਭਗਤਾਂ ਦੇਵੇ ਬ੍ਰਹਮ ਗਿਆਨ । ਸ਼ਬਦ ਜਣਾਈ, ਆਤਮ ਹੋਏ ਉਜਿਆਰਿਆ । ਚਰਨ ਧਿਆਨ ਮਿਲੇ ਵਡਿਆਈ, ਦਰ ਸਾਚਾ ਇਕ ਸੁਹਾ ਰਿਹਾ । ਰਸਨਾ ਗਾਇਆ ਸਰਬ ਸੁਖਦਾਈ, ਰਾਮ ਰਮਈਆ ਰਾਮ ਮਿਲਾ ਰਿਹਾ । ਦਰ ਘਰ ਸਾਚੇ ਦੇਵੇ ਮਾਣ ਹੋਏ ਸਹਾਈ, ਅੰਮ੍ਰਿਤ ਆਤਮ ਜਾਮ ਪਿਲਾ ਰਿਹਾ । ਵੇਖ ਵਖਾਣੇ ਜੰਗਲ ਜੂਹ ਪਹਾੜ ਉਜਾੜ ਬੀਆਬਾਨ, ਸਾਗਰ ਗਹਿਰ ਨਾ ਕੋਈ ਭੇਵ ਛੁਪਾ ਰਿਹਾ । ਸ਼ਬਦ ਨਿਸ਼ਾਨਾ ਚਲੇ ਏਕਾ ਬਾਣ, ਨਗਰ ਖੇੜਾ ਸ਼ਹਿਰ ਨਾ ਕੋਈ ਵਸਾ ਲਿਆ । ਲੱਖ ਚੁਰਾਸੀ ਆਪਣਾ ਕੀਤਾ ਆਪੇ ਪਾਣ, ਪੁਰਖ ਅਬਿਨਾਸ਼ੀ ਕਹਿਰ ਵਰਤਾ ਰਿਹਾ । ਜੂਠੇ ਝੂਠੇ ਸੋਹਲੇ ਘਰ ਘਰ ਗਾਣ, ਗਾਵਣ ਗੀਤ ਨੀਤ ਕੰਤ ਸੁਹਾਗੀ ਕਿਸੇ ਨਾਰ ਨਾ ਪਾ ਲਿਆ । ਅਠੇ ਪਹਿਰ ਨਾ ਆਵੇ ਚੀਤ, ਜੂਠੇ ਝੂਠੇ ਫਿਰਦੇ ਮੰਦਰ ਮਸੀਤ, ਮਾਇਆ ਭਰਮੇ ਭਰਮ ਭੁਲਾ ਰਿਹਾ । ਸਦੀ ਚੌਧਵੀਂ ਰਹੀ ਬੀਤ, ਪਰਗਟ ਹੋਏ ਇਕ ਅਤੀਤ, ਲੱਖ ਚੁਰਾਸੀ ਪਰਖੇ ਨੀਤ, ਆਤਮ ਅੰਦਰ ਸਾਚੀ ਸੇਜਾ ਬੈਠ ਵੇਖ ਵਖਾ ਲਿਆ । ਗੁਰਮੁਖ ਵਿਰਲਾ ਰਾਖੇ ਚੀਤ, ਮਾਨਸ ਦੇਹੀ ਜਾਏ ਜੀਤ, ਕਾਇਆ ਹੋਏ ਠੰਡੀ ਸੀਤ, ਪ੍ਰਭ ਅਬਿਨਾਸ਼ੀ ਦਰਸ਼ਨ ਪਾ ਲਿਆ । ਚਰਨ ਪ੍ਰੀਤੀ ਸਾਚੀ ਰੀਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਮੇਲਾ ਆਪ ਮਿਲਾ ਰਿਹਾ । ਗੁਰਮੁਖ ਪਾਏ ਨਾਮ ਰੰਗ, ਪ੍ਰਭ ਸਾਚੇ ਚਰਨ ਕਵਲਾਰੇ । ਪ੍ਰਭ ਸਾਚਾ ਸ਼ਬਦ ਘੋੜੇ ਕਸੇ ਤੰਗ, ਕਰੇ ਖੇਲ ਉਪਰ ਧਵਲਾਰੇ । ਸੋਹੰ ਨਾਮ ਵੱਜੇ ਮਰਦੰਗ, ਚਾਰੋਂ ਕੁੰਟ ਹੋਏ ਖ਼ਬਰਦਾਰੇ । ਸ਼ਬਦ ਅਸਤਰ ਪਹਿਨੇ ਸਾਚੇ ਅੰਗ, ਨਾ ਕੋਈ ਜਾਣੇ ਜੀਵ ਗਵਾਰੇ । ਗਊ ਗਰੀਬ ਨਿਮਾਣਿਆਂ ਕਟੇ ਭੁੱਖ ਨੰਗ, ਦੇਵੇ ਨਾਮ ਅਧਾਰੇ । ਭਗਤ ਸੁਹੇਲਾ ਸਾਚਾ ਸੰਗ, ਭਰਮੇ ਭੁੱਲੇ ਜੀਵ ਗਵਾਰੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵੇ ਦਾਨ ਭਗਤ ਭਗਵਾਨ ਸ਼ਬਦ ਅਪਾਰੇ । ਸ਼ਬਦ ਦਾਨ ਮਹਾਨ ਭਗਤ ਭਗਵਾਨਿਆ । ਚਰਨ ਧੂੜ ਇਸ਼ਨਾਨ ਜੀਆਂ ਦਾਨਿਆ । ਸ਼ਬਦ ਤੀਰ ਕਮਾਨ ਨੌਜਵਾਨਿਆ । ਲੱਖ ਚੁਰਾਸੀ ਏਕਾ ਆਣ, ਆਪਣੀ ਆਣ ਰਖਾਨਿਆ । ਏਕਾ ਗੀਤ ਰਾਗ ਵਿਚ ਜਹਾਨ, ਲੱਖ ਚੁਰਾਸੀ ਕਰੇ ਬੌਰਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਵੇਖੇ ਆਤਮ ਦਰ, ਦਰ ਦਵਾਰਾ ਇਕ ਪਛਾਨਿਆ । ਆਤਮ ਦਰ ਦਵਾਰ ਹਰਿ ਖੁਲ੍ਹਾਇਆ । ਕਿਰਪਾ ਕਰ ਅਪਾਰ, ਮੰਦਰ ਅੰਦਰ ਡੇਰਾ ਲਾਇਆ । ਆਪੇ ਵੇਖੇ ਡੂੰਘੀ ਗਾਰ, ਸਾਗਰ ਗਹਿਰ ਜਗਤ ਹਰਿ ਵੇਖ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨ ਹਰਿ ਹਰਿ ਜਨ ਦੇਵੇ ਸ਼ਬਦ ਵਰ, ਦੂਜਾ ਦਰ ਨਾ ਕੋਈ ਵਖਾਇਆ । ਦਰ ਦਰਵਾਜ਼ਾ ਖੋਲ੍ਹ, ਆਪੇ ਬੋਲਿਆ । ਸ਼ਬਦ ਵਜਾਏ ਸਾਚਾ ਢੋਲ, ਅਨਹਦ ਰਾਗਾਂ ਪੜਦਾ ਖੋਲ੍ਹਿਆ । ਆਪ ਬਣਾਏ ਹੰਸ ਕਾਗਾ, ਜੋਤ ਸਰੂਪੀ ਪਕੜੇ ਵਾਗਾ, ਜੋ ਜਨ ਚਰਨ ਪ੍ਰੀਤੀ ਘੋਲ ਘੋਲਿਆ । ਧੋਵੇ ਦੁਰਮਤ ਮੈਲ ਦਾਗ਼ਾ, ਆਪ ਬੁਝਾਏ ਤ੍ਰਿਸ਼ਨਾ

ਆਗਾ, ਹਰਿਜਨ ਹੋਏ ਵਡ ਵਡਭਾਗਿਆ । ਮਿਲਿਆ ਮੇਲ ਕੰਤ ਸੁਹਾਗਾ, ਭਾਂਡਾ ਭਰਮ ਭਉ ਭੰਨਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖਾਂ ਦੇਵੇ ਸ਼ਬਦ ਵਰ, ਲੱਖ ਚੁਰਾਸੀ ਚੁਕੇ ਡਰ, ਜਨਮ ਮਰਨ ਮਰਨ ਜਨਮ ਆਵਣ ਜਾਵਣ ਪਤਤ ਪਾਵਣ ਗੇੜ ਕਟਾ ਰਿਹਾ । ਆਵਣ ਜਾਵਣ ਮਿਟੇ ਗੇੜਾ, ਲੱਖ ਚੁਰਾਸੀ ਫੰਦ ਕਟਾਈਆ । ਆਪੇ ਬੰਨ੍ਹੇ ਲਾਏ ਬੇੜਾ, ਸ਼ਬਦ ਮੁਹਾਣਾ ਵੰਞ ਇਕ ਲਗਾਈਆ । ਕਾਇਆ ਵਸੇ ਨਗਰ ਖੇੜਾ ਨਾ ਕੋਈ ਦਿਸੇ ਸਵੇਰ ਸੰਞ, ਪੁਰਖ ਨਿਰੰਜਣ ਸਾਚੀ ਜੋਤ ਜਗਾਈਆ । ਲੱਖ ਚੁਰਾਸੀ ਨਾਰ ਬੰਝ, ਸਾਚਾ ਪੂਤ ਜਗਤ ਸਪੂਤਾ ਨਾ ਕੋਈ ਜਨਮ ਦਵਾਈਆ । ਮਾਇਆਧਾਰੀ ਰੋਵਣ ਨੀਰ ਵਹਾਇਣ ਹੰਞ, ਕਾਰੂ ਗੰਜ ਰਹਿਣ ਨਾ ਪਾਈਆ । ਨਾਤਾ ਤੁੱਟੇ ਭੈਣ ਭਾਈ ਸੰਗ, ਮਾਤਾ ਪਿਤਾ ਪੂਤ ਹਿਤ ਨਾ ਦੀਸੇ ਕੋਈ ਸਹਾਈਆ । ਜਗਤ ਤਾਲ ਰਿਹਾ ਵੱਜ, ਕਲਜੁਗ ਕਾਲ ਰਿਹਾ ਭੱਜ, ਧਰਮ ਦਵਾਰਾ ਰਿਹਾ ਸੱਜ, ਲਾੜੀ ਮੌਤ ਲਹੂ ਪੀਏ ਰੱਜ, ਅੰਤਮ ਵੇਲਾ ਆਈਆ । ਜਨ ਭਗਤਾਂ ਪੜਦੇ ਲਏ ਕੱਜ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਦੇਵੇ ਸਾਚਾ ਵਰ, ਜਗਤ ਭਗਤ ਭਗਤ ਜਗਤ ਗੁਰ ਮੰਤ ਸੰਤ ਅੰਤ ਹੋਏ ਸਹਾਈ ਗੁਰ ਸ਼ਬਦ ਕੁੜਮਾਈਆ । ਗੁਰ ਸ਼ਬਦ ਹੋਏ ਕੁੜਮਾਈ, ਮੁਖ ਸਾਚਾ ਸਗਨ ਲਗਾਇਆ । ਘਰ ਸਾਚੇ ਵੱਜੇ ਵਧਾਈ, ਪੁਰਖ ਅਬਿਨਾਸ਼ੀ ਵੇਖਣ ਆਇਆ । ਪੰਚਮ ਮਿਲ ਮਿਲ ਮੰਗਲ ਗਾਈ, ਸਾਚਾ ਢੋਲਕ ਰਿਹਾ ਵਜਾਇਆ । ਆਪੇ ਨੈਣ ਆਪੇ ਨਾਈ, ਆਪੇ ਵੱਟਣਾ ਹੱਥੀਂ ਲਾਇਆ ਆਪੇ ਪਾਣੀ ਵਾਰਨ ਆਈ, ਮਾਤ ਸਵਾਣੀ ਆਪ ਅਖਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖਾਂ ਦੇਵੇ ਨਾਮ ਵਰ, ਸ਼ਬਦ ਸ਼ਿੰਗਾਰ ਤਨ ਅਪਾਰਾ, ਸਾਚਾ ਲਾੜਾ ਰਿਹਾ ਸੁਹਾਇਆ । ਸਾਚਾ ਲਾੜਾ ਸ਼ਬਦ ਸ਼ਿੰਗਾਰ ਫੂਲਨ ਸਿਹਰਾ ਲਾਇਆ । ਪੁਰਖ ਅਬਿਨਾਸ਼ੀ ਕਿਰਪਾ ਧਾਰ, ਆਪੇ ਵੇਖੇ ਕਰ ਵਿਚਾਰ, ਮੂਲਨ ਮੂਲ ਚੁਕਾਇਆ । ਆਤਮ ਜਾਮਾ ਏਕਾ ਧਾਰ, ਪਵਣ ਉਨੰਜਾ ਛਤਰ ਝੁਲਾਰ ਸੁਰਤ ਭਰਜਾਈ ਨੇਤਰ ਕੱਜਲ ਨਾਮ ਪਾਇਆ । ਵਾਗ ਗੁੰਦੇ ਕਰ ਪਿਆਰ, ਨੇਤਰ ਮੁੰਦੇ ਹੋਏ ਸ਼ਰਮਸਾਰ, ਆਤਮ ਖ਼ੁਸ਼ੀ ਅਪਰ ਅਪਾਰ, ਬੁਧ ਨਿਮਾਣੀ ਭੈਣ ਪਿਆਰੀ ਸਾਚਾ ਸੀਸ ਗੁੰਦਾਇਆ । ਪੁਰਖ ਅਬਿਨਾਸ਼ੀ ਕਿਰਪਾ ਧਾਰ, ਆਪੇ ਜਾਣੇ ਸਚ ਵਿਹਾਰ, ਗਿਰਵਰ ਤੇਰਾ ਗਿਰ ਗਿਰਧਾਰ, ਗ੍ਰਿਹ ਮੰਦਰ ਅੰਦਰ ਸਾਚੇ ਤਨ ਸਾਚਾ ਰੰਗ ਰੰਗਾਇਆ । ਸਾਚਾ ਰੰਗ ਰੰਗਾਏ ਲਾਡ ਲਡੰਨਿਆ । ਸਾਚਾ ਗਾਨਾ ਹੱਥ ਬੰਨ੍ਹਾਏ, ਪੰਡਤ ਪਾਂਧਾ ਕੋਈ ਨਾ ਮੰਨਿਆ । ਚਰਨ ਧੂੜ ਇਸ਼ਨਾਨ ਇਕ ਕਰਾਏ, ਦੁਰਮਤ ਮੈਲ ਕਰੇ ਖੰਨ ਖੰਨਿਆ । ਚੰਨਣ ਚੌਂਕੀ ਸਾਚੀ ਡਾਹੇ, ਨਾਮ ਰਤੀ ਰਤਨ ਜੜਾਉ ਅੰਗਣ ਲਾਏ ਅੰਗਿਆ । ਗੁਰਮੁਖ ਸ਼ੌਕਾ ਨਾਲ ਹੰਢਾਏ, ਪ੍ਰਭ ਦੇ ਸਮਝਾਵੇ ਮੱਤਿਆ । ਆਪੇ ਵੇਖਣ ਮਾਤ ਆਏ, ਪਾਏ ਨੱਕ ਸੁਹਾਗੀ ਨੱਥਿਆ । ਮੁਖੋਂ ਕਹਿ ਕਹਿ ਖ਼ੁਸ਼ੀ ਮਨਾਏ, ਸੁਹਣਾ ਮੁਖੜਾ ਹਰਿ ਸਮਰੱਥਿਆ । ਹਉਮੇ ਦੁੱਖਾਂ ਰੋਗ ਗਵਾਏ, ਆਪ ਆਪਣਾ ਦਰਸ ਦਿਖਾਏ, ਸਗਲ ਵਸੂਰਾ ਅੰਤਮ ਲੱਥਿਆ । ਤਨ ਮੰਦਰ ਭਾਗ ਲਗਾਏ, ਦੀਪਕ ਜੋਤੀ ਇਕ ਜਗਾਏ, ਦਿਵਸ ਰੈਣ ਹੋਏ ਰੁਸ਼ਨਾਏ, ਆਪ ਚੜ੍ਹਾਏ ਸਾਚੇ ਰਥਿਆ । ਰਥ ਰਥਵਾਹੀ ਆਪ ਅਖਵਾਏਂ, ਨੌਂ ਦਵਾਰੇ ਬਾਹਰ ਕਢਾਏ, ਪੰਜੇ ਚੋਰ ਰਹੇ ਕੁਰਲਾਏ । ਅੰਕ ਸਹੇਲੜੀਆਂ ਰੋ ਰੋ ਵੈਣ ਪਾਏ, ਆਸਾ ਤ੍ਰਿਸ਼ਨਾ ਦਏ ਦੁਹਾਏ । ਸੁਹਰੇ ਪਈਏ ਜੋੜ ਜੁੜਾਏ । ਇਕ ਵਿਛੋੜਾ ਜੀਉ ਪਿੰਡ, ਬ੍ਰਹਿਮੰਡ ਪਿੰਡ ਵਸਾਏ । ਸ਼ਬਦ ਘੋੜਾ ਗੁਰਮੁਖ ਸਾਚੇ ਦੇਵੇ ਮਰਗਿੰਦ, ਬਾਹੋਂ ਪਕੜ ਚੜ੍ਹਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗਤ

੫੦੫

ਪ੍ਰੀਤੀ ਸਾਚੀ ਰੀਤੀ ਰਿਹਾ ਮਾਤ ਸੁਣਾਏ । ਸਤਿ ਸਵਰਨੀ ਕਰ ਤਿਆਰ, ਸੋਭਾਵੰਤੀ ਨਾਰ ਸੁਹਾਈਆ । ਪ੍ਰੇਮ ਪਿਆਰ ਤਨ ਸ਼ਿੰਗਾਰ, ਹੱਥੀਂ ਮਹਿੰਦੀ ਲਾਈਆ । ਨੈਣੀਂ ਕੱਜਲ ਤਿੱਖੀ ਧਾਰ, ਸੋਹੰ ਕੰਗਣ ਹੱਥ ਪਹਿਨਾਈਆ । ਪ੍ਰੇਮ ਪਿਆਰੀ ਹੋਈ ਮੁਟਿਆਰ, ਗੁਰ ਪੂਰਾ ਵੇਖ ਵਖਾਈਆ । ਆਪੇ ਕਰੇ ਭਗਤ ਵਿਹਾਰ, ਸਾਚੀ ਭਗਤ ਨਾਰ ਵਿਆਹੀਆ । ਆਤਮ ਸ਼ਕਤੀ ਦੇਤ ਅਧਾਰ, ਬੂੰਦ ਰਕਤੀ ਲੇਖੇ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੋਹਾਂ ਦੇਵੇ ਇਕ ਵਰ, ਸਾਚਾ ਘਰ ਸੁਹਾਈਆ । ਦਰ ਪਾਇਆ ਘਰ ਸਾਚੜੇ, ਸਚ ਮਿਲੀ ਵਡਿਆਈ । ਜੀਓ ਪਿੰਡ ਪਿੰਡ ਕਾਚੜੇ, ਅੰਤ ਰਹਿਣ ਨਾ ਪਾਈ । ਪੰਜ ਚੋਰ ਦਿਵਸ ਰਾਤ ਨਾਚੜੇ, ਜਗਤ ਵਿਕਾਰਾ ਰਹੇ ਵਧਾਈ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਸ਼ਬਦ ਵਖਾਏ ਇਕ ਦਰ, ਧੁਰ ਦਰਗਾਹੀ ਸਾਚੇ ਸਾਕੜੇ । ਘਰ ਵਸਾਇਆ ਇਕ ਏਕਾ ਸੇਜ ਵਿਛਾਈਆ । ਸ਼ਬਦ ਸੁਨੇਹੜਾ ਏਕਾ ਭੇਜ, ਸਾਚੀ ਨਾਰੀ ਆਪ ਬਣਾਈਆ । ਆਪੇ ਵੇਖੇ ਦਰ ਦਹਿਲੀਜ, ਦਸਮ ਦਵਾਰੀ ਬੈਠਾ ਰਾਹ ਤਕਾਈਆ । ਦਿਵਸ ਰੈਣ ਨੇਤਰ ਖੋਲ੍ਹ ਲਾਈ ਰੱਖੇ ਰੀਝ, ਆਲਸ ਨਿੰਦਰਾ ਮਗਰੋਂ ਲਾਹੀਆ । ਤਨ ਮਨ ਸੀਤਲ ਹੋਇਆ ਸੀਤ, ਸੁਖ ਸਾਂਤਕ ਸਹਿਜ ਸੁਭਾਈਆ । ਅਨਹਦ ਬਾਣੀ ਸਾਚਾ ਰਾਗ ਗਾਉਂਦਾ ਰਹੇ ਗੋਬਿੰਦ ਦੇ ਗੀਤ, ਮੀਤ ਪਿਆਰਾ ਰਿਹਾ ਰਿਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸ਼ਬਦ ਵਰ, ਸਾਚੀ ਜੋੜੀ ਜੋੜ ਜੁੜਾਈਆ । ਸਾਚਾ ਧਾਮ ਇਕ ਸੁਹੰਨਾ, ਊਚ ਅਟੱਲ ਮਹੱਲਿਆ । ਗੁਰਮੁਖ ਲਾੜੇ ਆਤਮ ਮੰਨਾ, ਪ੍ਰਭ ਵੇਖੇ ਖੇਲ ਇਕ ਇਕੱਲਿਆ । ਦੇਵੇ ਦਾਤ ਨਾਮ ਧੰਨਾ, ਵਡ ਧੰਨ ਧੰਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਫਲਿਆ ਆਪੇ ਫੁੱਲਿਆ । ਫ਼ਲ ਫੁੱਲ ਫੁੱਲਵਾੜੀ ਗਈ ਮਵਲ, ਰੁੱਤ ਬਸੰਤੀ ਆਈਆ । ਉਲਟੀ ਨਭੀ ਖਿੜਿਆ ਕਵਲ ਪ੍ਰਭ ਅੰਮ੍ਰਿਤ ਧਾਰਾ ਆਪ ਵਹਾਈਆ । ਮਿਲੇ ਵਡਿਆਈ ਉਪਰ ਧਵਲ, ਗਿਰਧਾਰਾ ਗਿਰਵਰ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰਮ ਧਰਮ ਜਰਮ ਲੇਖੇ ਰਿਹਾ ਲਗਾਈਆ । ਲੇਖੇ ਲਾਏ ਕਰਮ, ਸਦਾ ਬਖ਼ਸ਼ੰਦੜਾ । ਨਾਤਾ ਤੋੜੇ ਦੂਈ ਦਵੈਤੀ ਵਰਮ, ਇਕ ਉਪਜਾਏ ਪਰਮਾਨੰਦੜਾ । ਮਾਨਸ ਦੇਹੀ ਸਾਚਾ ਜਰਮ, ਪ੍ਰਭ ਸਾਚਾ ਰੰਗ ਰੰਗੰਦੜਾ । ਲੱਖ ਚੁਰਾਸੀ ਭੁੱਲੀ ਭਰਮ, ਨਾ ਕੋਈ ਤੋੜੇ ਆਤਮ ਜਿੰਦੜਾ । ਗੁਰਮੁਖ ਸਾਚੇ ਸੰਤ ਦੁਲਾਰੇ ਪ੍ਰਭ ਫੜ ਫੜ ਬਾਹੋਂ ਜਾਏ ਤਾਰ, ਆਪ ਆਪਣੇ ਘਰ ਵਸੰਦੜਾ । ਹਰਿ ਘਰ ਅਪਾਰ, ਚਾਰ ਦਰਵਾਜ਼ਿਆ । ਸ਼ਬਦ ਸਰੂਪੀ ਏਕਾ ਧਾਰ, ਅਨਹਦ ਵਾਜਿਆ । ਜੋਤ ਨਿਰੰਜਣ ਇਕ ਅਕਾਰ, ਸਾਜਨ ਸਾਜਿਆ । ਨਾ ਕੋਈ ਦੀਵਾ ਬਾਤੀ ਤੇਲ ਦੀ ਧਾਰ, ਧੂਪ ਦੀਪ ਨਾ ਕੋਈ ਰਾਖਿਆ । ਪਵਣ ਉਨੰਜਾ ਛਤਰ ਝੁਲਾਰ, ਏਕਾ ਆਪਣਾ ਸਾਜਨ ਸਾਜਿਆ । ਆਪੇ ਬੈਠ ਸੱਚੀ ਸਰਕਾਰ, ਆਤਮ ਸੇਜਾ ਇਕ ਸੁਹਾਏ ਤਖ਼ਤ ਤਾਜਿਆ । ਗੁਰਮੁਖ ਸਾਚੇ ਕਰੇ ਪਿਆਰ, ਵੇਲੇ ਅੰਤਮ ਰੱਖੇ ਲਾਜਿਆ । ਮਿਲਿਆ ਮੇਲ ਸੱਚੀ ਸਰਕਾਰ, ਆਪੇ ਆਪ ਸਵਾਰੇ ਜਗਤ ਕਾਜਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗਊ ਗਰੀਬਾਂ ਦੇਵੇ ਵਰ, ਧੁਰ ਦਰਗਾਹੀ ਆਪੇ ਭਾਜਿਆ । ਧੁਰ ਦਰਗਾਹੀ ਆਇਆ ਦੌੜ, ਜਨ ਭਗਤਾਂ ਹੋਏ ਸਹਾਈਆ । ਚੜ੍ਹਕੇ ਆਇਆ ਸ਼ਬਦ ਘੋੜ, ਦਿਸ ਕਿਸੇ ਨਾ ਆਈਆ । ਆਪੇ ਵੇਖੇ ਮਿੱਠੇ ਕੌੜ, ਦਿਸ ਕਿੱਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਲੋਕਮਾਤ ਹਰਿ ਜੋਤ ਧਰ, ਆਪੇ ਆਪ ਸਾਚਾ ਸੰਗ ਨਿਭਾਈਆ । ਕਲਜੁਗ ਝੂਠਾ ਤਾਜ, ਤਖ਼ਤ

ਸੁਹਾਇਆ । ਕਲਜੁਗ ਝੂਠਾ ਰਾਜ, ਰਾਜਨ ਰਾਜ ਕਮਾਇਆ । ਕਲਜੁਗ ਝੂਠਾ ਕਾਜ, ਕੁਕਰਮੀ ਕਾਜੀ ਕਾਜ ਬਣ ਕਾਜ ਕਮਾਇਆ । ਕਲਜੁਗ ਝੂਠਾ ਹਾਜੀ ਹਾਜ ਹੱਜ ਕਰਾਇਆ । ਜੋਤੀ ਜੋਤ ਸਰੂਪ ਹਰਿ, ਕਲਜੁਗ ਅੰਤਮ ਵੇਖ ਹਰਿ, ਲਾਜੀ ਲਾਜ ਰੱਖਣ ਆਇਆ । ਕਲਜੁਗ ਝੂਠਾ ਸ਼ਾਹੋ ਸ਼ਾਹ ਪਰਧਾਨਿਆਂ । ਕਲਜੁਗ ਝੂਠਾ ਰਾਜ ਝੂਠ ਮੁਹਾਨਿਆ । ਕਲਜੁਗ ਝੂਠਾ ਦਰ ਘਰ ਸਾਚੇ ਏਕਾ ਰੂਠਾ, ਪਾਰਬ੍ਰਹਮ ਬ੍ਰਹਮ ਪਛਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹੱਥੀਂ ਬੰਨ੍ਹਣ ਆਇਆ ਗਾਨਿਆ । ਹੱਥੀਂ ਬੰਨ੍ਹੇ ਗਾਨਾ ਲੱਖ ਚੁਰਾਸੀਆ । ਮਿਟੇ ਨਾਮ ਨਿਸ਼ਾਨਾ, ਮਦਿਰਾ ਮਾਸੀਆ । ਵੱਜੇ ਤੀਰ ਨਿਸ਼ਾਨਾ, ਪੰਡਤ ਕਾਸ਼ੀਆ । ਝੁਲੇ ਸ਼ਬਦ ਇਕ ਨਿਸ਼ਾਨਾ, ਪੁਰਖ ਅਬਿਨਾਸ਼ੀਆ । ਕਰੇ ਖੇਲ ਵਾਲੀ ਦੋ ਜਹਾਨਾ, ਸ੍ਰਿਸ਼ਟ ਸਬਾਈ ਵੇਖ ਤਮਾਸ਼ਿਆ । ਗੁਰਮੁਖ ਵਿਰਲੇ ਆਪੇ ਕਰੇ ਪਛਾਨਾ, ਮਾਨਸ ਜਨਮ ਕਰੇ ਰਹਿਰਾਸਿਆ । ਮਨਮੁਖ ਭੁੱਲੇ ਜੀਵ ਨਿਧਾਨਾ, ਦਰ ਦਰ ਘਰ ਘਰ ਕਰਨ ਹਾਸਿਆ । ਲਾੜੀ ਮੌਤ ਗਾਏ ਤਰਾਨਾ, ਗਾਵੇ ਏਕਾ ਸੱਚਾ ਗਾਨਾ, ਸਭ ਦੇ ਵਸੇ ਆਸ ਪਾਸਿਆ । ਮਾਣ ਤੋੜੇ ਸਰਬ ਅਭਿਮਾਨਾ, ਕਰੇ ਦਾਸਨ ਦਾਸਿਆ । ਵੇਖੇ ਖੇਲ ਸ੍ਰੀ ਭਗਵਾਨਾ, ਗੁਰਮੁਖ ਵਿਰਲਾ ਜਾਣੇ ਸ਼ਬਦ ਸਵਾਸਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਏਕਾ ਰਹੇ ਸਚ ਤਖ਼ਤ ਬਹੇ, ਆਦਿ ਪੁਰਖ ਅਪਰੰਪਰ ਕਰਤਾ ਜਗਤ ਮੀਤ ਅਬਿਨਾਸ਼ਿਆ । ਏਕਾ ਰਸਨਾ ਨਾਂਓ, ਸ੍ਰਿਸ਼ਟ ਸਬਾਈਆ । ਦੂਸਰ ਨਾਹੀ ਕੋਇ ਥਾਉਂ, ਚਾਰੋਂ ਕੁੰਟ ਹੋਏ ਦੁਹਾਈਆ । ਘਰ ਘਰ ਅੰਤਮ ਉਡੇ ਕਾਉਂ, ਲਾੜੀ ਮੌਤ ਪਾਏ ਫਾਹੀਆ । ਆਪ ਪਕੜ ਉਠਾਏ ਬਾਂਹੋਂ, ਕੋਈ ਨਾ ਦੇਵੇ ਕਿਸੇ ਠੰਡੀਆਂ ਛਾਈਆ । ਕਲਜੁਗ ਕਾਲਾ ਮਸਤਕ ਟਿੱਕਾ ਲਾਏ ਛਾਹੀ, ਗੁਰਮੁਖ ਸਾਚੇ ਬਲ ਬਲ ਜਾਈਆ । ਪਾਰਬ੍ਰਹਮ ਬ੍ਰਹਮ ਜਿਸ ਰਸਨਾ ਚਾਓ, ਦਰ ਘਰ ਸਾਚਾ ਇਕ ਸੁਹਾਈਆ । ਫੜ ਫੜ ਹੰਸ ਬਣਾਏ ਕਾਂਓ, ਏਕਾ ਦੇਵੇ ਸੱਚਾ ਨਾਂਓ, ਜੋਤ ਨਿਰੰਜਣ ਰਿਹਾ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲੱਖ ਚੁਰਾਸੀ ਵੇਖੇ ਦਰ, ਸ੍ਰਿਸ਼ਟ ਸਬਾਈ ਬੂਝ ਬੁਝਾਈਆ । ਲੱਖ ਚੁਰਾਸੀ ਵੇਖਣ ਆਇਆ, ਜੋਤ ਸਰੂਪੀ ਜਾਮਾ ਧਾਰੇ । ਔਲੀਏ ਪੀਰ ਸ਼ੇਖ਼ ਮਿਟਾਵਣ ਆਇਆ, ਅਲ੍ਹਾ ਰਾਣੀ ਹਾਹਾਕਾਰੇ । ਗੁਰਮੁਖ ਸਾਚੇ ਸ਼ਬਦ ਲਪੇਟਣ ਆਇਆ, ਨਾਮ ਕਰਾਏ ਜੈ ਜੈਕਾਰੇ । ਨੌਂ ਖੰਡ ਪ੍ਰਿਥਮੀ ਸੱਤਾਂ ਦੀਪਾਂ ਸਾਢੇ ਤਿੰਨ ਹੱਥ ਸੀਆਂ ਮਨਮੁਖ ਜੀਆਂ ਬੇਚਣ ਆਇਆ, ਨਾਮ ਕਰਾਏ ਜੈ ਜੈਕਾਰੇ । ਅੰਤਮ ਆਪਣੀ ਵੰਡ ਵੰਡਾਈਆ । ਸਤਿਜੁਗ ਤੇਰੀ ਸਾਚੀ ਰੱਖਣ ਆਇਆ ਨੀਆ, ਕਲਜੁਗ ਅੰਤਮ ਜੜ੍ਹ ਉਖੜਾਈਆ । ਗੁਰਮੁਖ ਸਾਚੇ ਅੰਤਮ ਸਚ ਸਾਚਾ ਹੀਆ, ਅੰਮ੍ਰਿਤ ਨਿਧਾਨ ਆਤਮ ਏਕਾ ਪੀਆ, ਪ੍ਰਭ ਸਾਚਾ ਮੁਖ ਚੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਕੀਆ ਹੀਆ, ਜੀਆਂ ਜੰਤਾਂ ਭੇਵ ਨਾ ਰਾਈਆ । ਜੀਵ ਜੰਤ ਨਾ ਜਾਣੇ ਕੋਇ, ਮਾਇਆ ਭਰਮ ਭੁਲਾਇਆ ਏ । ਸਾਧਾਂ ਸੰਤਾਂ ਜੂਠਾ ਮੋਹ, ਆਦਿ ਅੰਤ ਦਿਸ ਨਾ ਆਇਆ ਏ । ਕਰਮ ਦਵਾਰੇ ਬੈਠੇ ਰਹੇ ਰੋ, ਮਾਨਸ ਜਨਮ ਨਾ ਕਿਸੇ ਲੇਖੇ ਲਾਇਆ ਏ । ਕਲਜੁਗ ਕਾਲਾ ਦਾਗ਼ ਜੂਠੇ ਝੂਠੇ ਮਸਤੱਕ ਟਿੱਕੇ ਸਕੇ ਨਾ ਧੋ, ਮਨ ਚੈਂਚਲਹਾਰਾ ਏ । ਨੌਂ ਦਵਾਰੇ ਦਹਿ ਦਿਸ਼ਾ ਚਾਰੋਂ ਕੁੰਟ ਰਿਹਾ ਫਿਰਾਇਆ ਏ । ਗੁਰਮੁਖ ਸਾਚੇ ਪੁਰਖ ਅਬਿਨਾਸ਼ੀ ਜੋਤ ਨਿਰੰਜਣ ਦਸਮ ਦਵਾਰੇ ਅੱਗੇ ਹੋ, ਜਾਪ ਜਪਾਏ ਸੋਹੰ ਸੋ, ਸਤਿਜੁਗ ਸਾਚਾ ਸਤਿ ਧਰਤ ਮਾਤ ਤੇਰੀ ਧਰਮੀ ਗੋਦ ਆਪੇ ਆਪ ਬਿਠਾਇਆ ਏ । ਪੁਰਖ ਅਬਿਨਾਸ਼ੀ ਪਾਰਬ੍ਰਹਮ ਅਚੁਤ, ਤੇਰੀ ਆਪ ਸੁਹਾਏ ਸਾਚੀ ਰੁੱਤ, ਸਤਿ ਸਤਿਵਾਦੀ

ਸ਼ਬਦ ਅਨਾਦੀ ਬੋਧ ਅਗਾਧੀ ਸਾਚਾ ਮਾਰਗ ਲਾਇਆ ਏ । ਦੇਵੇ ਦਾਤ ਵਡ ਕਰਾਮਾਤੀ, ਗੁਰਮੁਖ ਵਿਰਲੇ ਆਤਮ ਲਾਬੀ, ਪੰਜਾਂ ਚੋਰਾਂ ਤਨ ਮਨ ਬਾਧੀ, ਸੂਖਮ ਕਾਇਆ ਆਪਣੀ ਸਾਧੀ, ਸਤਿਗੁਰ ਸਾਚਾ ਪਾਇਆ ਏ । ਦਿਵਸ ਰੈਣ ਰਹੇ ਅਰਾਧੀ, ਮਿਲਿਆ ਮੇਲ ਮਾਧਵ ਮਾਧੀ, ਪਾਰਬ੍ਰਹਮ ਪ੍ਰਭ ਮੇਲ ਮਿਲਾਇਆ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਕਲਜੁਗ ਤੇਰੀ ਅੰਤਮ ਵਰ, ਭੇਖਾਧਾਰੀ ਧਾਰੇ ਭੇਖ, ਸ੍ਰਿਸ਼ਟ ਸਬਾਈ ਰਿਹਾ ਵੇਖ, ਲੱਖ ਚੁਰਾਸੀ ਤੇਰੀ ਰੇਖ, ਆਪਣੀ ਰੇਖਾ ਰਿਹਾ ਛੁਪਾਇਆ ਏ । ਆਪੇ ਵੇਖੇ ਵੇਖਣ ਆਇਆ, ਆਪਣਾ ਆਪ ਛੁਪਾਏ । ਸੰਤ ਸੁਹੇਲੇ ਪਰਖਣ ਆਇਆ, ਗੁਰਮੁਖ ਸਾਚੇ ਸੋਏ ਮਾਤ ਜਗਾਏ । ਲਜ ਪਤ ਲਾਜਾ ਲਾਜ ਰੱਖਣ ਆਇਆ, ਆਪ ਸਵਾਰੇ ਆਪਣਾ ਕਾਜਾ, ਪਰਗਟ ਹੋਏ ਦੇਸ ਮਾਝਾ, ਸ੍ਰਿਸ਼ਟ ਸਬਾਈ ਸਾਜਨ ਸਾਜਾ, ਗਰੀਬ ਨਿਵਾਜਾ ਦਇਆ ਕਮਾਏ । ਭਗਤ ਜਨਾਂ ਹਰਿ ਮਾਰੇ ਅਵਾਜਾ, ਸ਼ਬਦ ਰਖਾਏ ਸੀਸ ਤਾਜਾ, ਚਿੱਟੇ ਅਸਵ ਸਾਜਨ ਸਾਜਾ, ਨੀਲੀ ਛਤੇ ਪਾੜਾ ਲਾਏ । ਧਰਤ ਮਾਤ ਰਚਾਏ ਤੇਰਾ ਕਾਜਾ, ਅਨਹਦ ਵੱਜੇ ਸਾਚਾ ਵਾਜਾ, ਸੋਹੰ ਦੇਵੇ ਸਾਚਾ ਦਾਜਾ, ਧੁਰ ਦਰਗਾਹੀ ਲੈ ਕੇ ਆਏ । ਦੂਰ ਦੁਰਾਡਾ ਆਇਆ ਭਾਜਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਸਤਿਜੁਗ ਸਾਚੀ ਰਿਹਾ ਬਣਤ ਬਣਾਏ । ਸਤਿਜੁਗ ਸੋਇਆ ਮਾਤ ਜਗਾਏ, ਭਗਤ ਜਗਾਵਣ ਆਇਆ । ਆਪ ਆਪਣੀ ਰੁੱਤ ਸੁਹਾਏ, ਗੁਰਮੁਖਾਂ ਮੁਖ ਸੁਹਾਵਣ ਆਇਆ । ਮਨਮੁਖਾਂ ਅੰਤਮ ਅੰਤ ਕਰਾਏ, ਕੋਈ ਭੇਵ ਨਾ ਪਾਏ ਰਾਇਆ । ਜੂਠਾ ਝੂਠਾ ਮਾਇਆ ਲੂਠਾ ਸਾਧ ਸੰਤ ਕੋਈ ਰਹਿਣ ਨਾ ਪਾਏ, ਖਾਲੀ ਠੂਠਾ ਹੱਥ ਫੜਾਇਆ । ਭਗਤ ਸੁਹੇਲਾ ਜੁਗਾਂ ਜੁਗਾਂ ਦਾ ਰੂਠਾ, ਆਪ ਆਪਣਾ ਮੇਲ ਮਿਲਾਇਆ । ਆਦਿਨ ਅੰਤਾ ਆਪੇ ਤੁੱਠਾ, ਲੁਕਿਆ ਰਹਿਣ ਨਾ ਦੇਵੇ ਕੋਈ ਗੁੱਠਾ, ਨੇਤਰ ਖੋਲ੍ਹੇ ਸ਼ਬਦੀ ਬੋਲੇ ਪਵਣ ਝਕੋਲੇ ਤ੍ਰੈਲੋਆਂ ਰਿਹਾ ਵੇਖ ਵਖਾਇਆ । ਭਾਗ ਲਗਾਏ ਕਾਇਆ ਚੋਲੇ, ਰੰਗੇ ਰੰਗ ਇਕ ਅਮੋਲੇ, ਬਜਰ ਕਪਾਟੀ ਪੜਦੇ ਖੋਲ੍ਹੇ, ਆਪ ਆਪਣਾ ਅੰਕ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦੇਵੇ ਨਾਮ ਵਰ, ਦਸਮ ਦਵਾਰੀ ਦਰਸ ਦਿਖਾਇਆ । ਦਸਮ ਦਵਾਰੀ ਖੋਲ੍ਹ ਦਰਸ ਦਿਖਾਇੰਦਾ । ਰਾਗ ਅਨਾਦਾ ਬੋਲ, ਭਰਮ ਚੁਕਾਇੰਦਾ । ਮਾਧਵ ਮਾਧਾ ਦਿਸੇ ਅਡੋਲ, ਸਾਚਾ ਧਾਮ ਸੁਹਾਇੰਦਾ । ਭਗਤ ਜਨਾਂ ਸਦ ਵਸੇ ਕੋਲ, ਆਪਣੇ ਰੰਗ ਸਮਾਇੰਦਾ । ਸਾਚੇ ਮੰਦਰ ਰਿਹਾ ਮੌਲ, ਸ਼ਬਦ ਸੁਗੰਧੀ ਇਕ ਵਖਾਇੰਦਾ । ਸਾਚਾ ਤੋਲਣ ਰਿਹਾ ਤੋਲ, ਪਰਮਾਨੰਦ ਵਿਚ ਸਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖਾਂ ਕੱਢੇ ਵਾਸਨਾ ਗੰਦੀ, ਨੌਂ ਚੰਦੀ ਚੰਦ ਚੜ੍ਹਾਇੰਦਾ । ਆਤਮ ਕੱਢੇ ਵਾਸਨਾ ਗੰਦੀ, ਰਸਨਾ ਹਰਿ ਹਰਿ ਨਾਉਂ । ਜੋ ਜਨ ਗਾਏ ਬੱਤੀ ਦੰਦੀ, ਦਰਗਾਹ ਸਾਚੀ ਦੇਵੇ ਥਾਉਂ । ਧਰਮ ਰਾਏ ਨਾ ਪਾਏ ਬੰਦੀ, ਚਿਤਰ ਗੁਪਤ ਨਾ ਕਰੇ ਨਿਆਂਓ । ਸ੍ਰਿਸ਼ਟ ਸਬਾਈ ਆਤਮ ਅੰਧੀ, ਜੂਠੇ ਝੂਠੇ ਉਡਾਏ ਕਾਉਂ । ਗੁਰਮੁਖ ਵਿਰਲਾ ਰਸ ਜਾਣੇ ਪਰਮਾਨੰਦੀ, ਪ੍ਰਭ ਮੇਲਾ ਸਹਿਜ ਸੁਭਾਓ । ਮਾਇਆ ਰਾਣੀ ਝੂਠੀ ਤੰਦੀ, ਮਨਮੁਖਾਂ ਪਾਏ ਗਲ ਕਵਾਓ । ਆਪੇ ਆਪ ਸਦਾ ਬਖ਼ਸ਼ੰਦੀ, ਵੇਖ ਵਖਾਣੇ ਥਾਈਂ ਥਾਉਂ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ੍ਰਿਸ਼ਟ ਸਬਾਈ ਵੇਖ ਦਰ, ਕਰੇ ਖੇਲ ਅਗੰਮ ਅਥਾਹੋ । ਅਗੰਮ ਅਗੰਮ ਅਗੰਮ ਅਥਾਹੋ, ਅਥਾਹ ਬੇਪਰਵਾਹੀਆ । ਸ੍ਰਿਸ਼ਟ ਸਬਾਈ ਹਰਿ ਮਲਾਹੋ, ਸ਼ਬਦ ਬੇੜਾ ਰਿਹਾ ਬੰਨ੍ਹਾਈਆ । ਹਰਿਜਨ ਪਕੜ ਬਹਾਏ ਬਾਹੋਂ, ਸਾਚਾ ਨਾਉਂ ਰਿਹਾ ਜਪਾਈਆ । ਦਰ ਘਰ

ਦੇਵੇ ਠੰਡੀ ਛਾਉਂ । ਅੰਮ੍ਰਿਤ ਆਤਮ ਸਹਾਰ ਪਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੀਰਜ ਧੀਰ ਰਿਹਾ ਧਰਾਈਆ । ਆਤਮ ਧੀਰਜ ਸਤਿ ਸੰਤੋਖ, ਗੁਰ ਮੰਤਰ ਜਗ ਮਾਣ । ਅੰਤਰ ਮੋਖ ਆਤਮ ਬ੍ਰਹਮ ਗਿਆਨ । ਰਾਹ ਦਿਸੇ ਸੋਖ, ਸ਼ਬਦ ਸਰੂਪੀ ਬ੍ਰਹਮ ਪਛਾਨ । ਆਪ ਮਿਟਾਏ ਤ੍ਰਿਸ਼ਨਾ ਭੋਖ, ਹਰਿ ਵਡਾ ਸ਼ਾਹੋ ਭੂਪੀ ਤਖ਼ਤ ਬਿਰਾਜੇ ਹਰਿ ਸੁਲਤਾਨ । ਸੁਫਲ ਕਰਾਏ ਮਾਤ ਕੁੱਖ, ਗੁਣਵੰਤਾ ਹਰਿ ਗੁਣ ਨਿਧਾਨ । ਉਲਟਾ ਵਾਸ ਨਾ ਹੋਏ ਗਰਭ ਰੁਖ਼, ਲੱਖ ਚੁਰਾਸੀ ਫੰਦ ਕਟਾਨ । ਮਾਨਸ ਦੇਹੀ ਮਿਲੀ ਮਾਨੁਖ, ਪ੍ਰਭ ਪੂਰਾ ਜਪ ਭਗਵਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਜੀਆ ਦਾਨ । ਜੀਅ ਜੰਤ ਪ੍ਰਭ ਦੇਵਣਹਾਰਾ । ਆਪੇ ਰਹੇ ਸਦਾ ਅਡੋਲ, ਸਾਧ ਸੰਤ ਹਰਿ ਪਰਖਣਹਾਰਾ । ਸ਼ਬਦ ਚੋਹ ਅੱਖਰ ਰਸਨਾ ਬੋਲ, ਭਗਤ ਜਨਾਂ ਹਰਿ ਰੱਖਣਹਾਰਾ । ਸ਼ਬਦ ਵਸਤ ਅਨਮੋਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕ ਕਰਾਏ ਸਾਚਾ ਵਣਜ ਵਾਪਾਰਾ । ਸਾਚਾ ਵਣਜ ਕਰਾਏ ਨਾਮ ਧਨ, ਗੁਰਮੁਖ ਜਗਤ ਖਜ਼ੀਨਿਆ । ਲੋਕਮਾਤ ਨਾ ਲਾਏ ਕੋਈ ਸੰਨ੍ਹ, ਨਾ ਸਕੇ ਕੋਈ ਛੀਨਿਆ । ਏਕਾ ਰਾਗ ਸੁਣਾਏ ਕੰਨ, ਵਡ ਦਾਤਾ ਸੂਰਾ ਸੂਰ ਬੀਨਿਆ । ਜੋਤੀ ਨੂਰ ਚੜ੍ਹੇ ਚੰਨ, ਉਪਜੇ ਰਾਗ ਸਾਚਾ ਕੰਨ, ਸਾਂਤਕ ਸੀਤਲ ਸੀਨਿਆ । ਹਰਿਜਨ ਕਹੇ ਧਨ ਧਨ, ਮਿਲੇ ਮੇਲ ਪ੍ਰਭ ਦਾਨੇ ਬੀਨਿਆ । ਨੌਂ ਖੰਡ ਪ੍ਰਿਥਮੀ ਖੰਨ ਖੰਨ, ਕਲ ਅੰਤਮ ਵੱਖ ਵੱਖ ਕੀਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੋਤ ਸਰੂਪੀ ਵੇਖੇ ਦਰ ਰੂਸਾ ਚੀਨਿਆ । ਰੂਸਾ ਚੀਨਾ ਮਾਰ ਧਿਆਨ । ਈਸਾ ਮੂਸਾ ਹੋਏ ਹੈਰਾਨ । ਕਾਲਾ ਸੂਸਾ ਤਨ ਤਨ ਸ਼ੈਤਾਨ । ਸ਼ਾਹ ਅਬਨੂਸਾ ਬੇਈਮਾਨ । ਕੁਰਾਨ ਹਦੀਸਾ ਵਿਚ ਜਹਾਨ । ਬੀਸ ਇਕੀਸਾ ਮੇਟ ਮਿਟਾਨ । ਰਾਗ ਛੱਤੀਸਾ ਹੋਏ ਵੈਰਾਨ । ਦੰਦ ਬਤੀਸਾ ਜਗਤ ਗਾਨ । ਬੀਸ ਇਕੀਸਾ ਨਾ ਸਕੇ ਕੋਈ ਪਛਾਨ, ਵੇਦ ਪੁਰਾਨੀ ਆਈ ਵਿਚਾਰ, ਸ਼ਬਦ ਨਿਸ਼ਾਨੀ ਹਰਿ ਕਰਤਾਰ, ਬ੍ਰਹਮ ਗਿਆਨੀ ਨਾ ਪਾਏ ਸਾਰ, ਵਿਦਵਾਨੀ ਕਲ ਹੋਏ ਖੁਆਰ । ਗੁਣ ਗਿਆਨੀ ਰੋਵੇ ਧਾਹਾਂ ਮਾਰ । ਚਤੁਰ ਸੁਜਾਨੀ ਡੁੱਬਾ ਵਿਚ ਮੰਝਧਾਰ । ਹਰਿਜਨ ਜਨਹਰਿ ਏਕਾ ਓਟ ਪ੍ਰਭ ਚਰਨ ਧਿਆਨੀ, ਦੋ ਜਹਾਨੀ ਲਾਵੇ ਪਾਰ । ਸ਼ਬਦ ਸੁਣਾਏ ਧੁਰ ਦੀ ਬਾਣੀ, ਧੁਰ ਦਰਗਾਹੀ ਅੰਤ ਸਹਾਰ । ਚਰਨ ਸਰਨ ਚਰਨ ਪ੍ਰੀਤੀ ਕਲ ਕੁਰਬਾਨੀ, ਲੱਗੇ ਸੀਸ ਤੇਜ਼ ਸ਼ਬਦ ਕਟਾਰ । ਆਪੇ ਵੇਖੇ ਜੇਰਜ ਖਾਣੀ, ਕਵਣ ਦੀਪਕ ਹੋਏ ਉਜਿਆਰ । ਨਿਸ਼ਅੱਖਰ ਵੱਖਰ ਏਕਾ ਬੋਲੇ ਬਾਣੀ, ਪਰ੍ਹਾ ਪਸੰਤੀ ਕਰ ਵਿਚਾਰ । ਸ਼ਬਦ ਮਿਲੇ ਜਿਸ ਜਨ ਸਾਚਾ ਹਾਣੀ, ਸੋ ਸੁਹੰਜਣੀ ਸੋਭਾਵੰਤੀ ਨਾਰ । ਅੰਮ੍ਰਿਤ ਦੇਵੇ ਠੰਡਾ ਪਾਣੀ, ਆਤਮ ਸੇਜਾ ਬਹੇ ਸਵਾਣੀ, ਸੋਲਾਂ ਕਰੇ ਤਨ ਸ਼ਿੰਗਾਰ । ਆਪੇ ਜਾਣੇ ਜਾਣ ਜਾਣੀ, ਹਰਿ ਦਾਤਾ ਵਡ ਸ਼ਾਹ ਸੁਲਤਾਨੀ । ਤਖ਼ਤ ਬਿਰਾਜੇ ਗੁਣ ਨਿਧਾਨੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖਾਂ ਦੇਵੇ ਸਾਚਾ ਵਰ, ਹੱਥ ਫੜਾਏ ਸ਼ਬਦ ਮਧਾਨੀ । ਸ਼ਬਦ ਮਧਾਣਾ ਹੱਥ ਫੜਾਇਆ, ਮਤ ਵਰੋਲੇ ਤਨ । ਦੋਹਾਂ ਹੱਥਾਂ ਗੇੜ ਲਗਾਇਆ, ਵਿਚ ਚਲਾਇਆ ਮਨ । ਸੁਰਤ ਸ਼ਬਦ ਮੇਲ ਮਿਲਾਇਆ, ਪ੍ਰਭ ਰਾਗ ਸੁਣਾਇਆ ਕੰਨ । ਸੋਹੰ ਸਾਚਾ ਤੇਲ ਚੜ੍ਹਾਇਆ, ਮਸਤੱਕ ਟਿੱਕਾ ਲਾਇਆ ਚੰਨ । ਆਪ ਆਪਣਾ ਮੇਲ ਮਿਲਾਇਆ, ਭਾਂਡਾ ਭਰਮ ਪ੍ਰਭ ਝੂਠਾ ਭੰਨ । ਹਉਮੇ ਚਿੰਤਾ ਰੋਗ ਗਵਾਇਆ, ਹਰਿਜਨ ਆਤਮ ਗਿਆ ਮੰਨ । ਸ਼ਬਦ ਸਰੂਪੀ ਗਿਆਨ ਦਵਾਇਆ, ਜੋਤ ਸਰੂਪੀ ਵਿਚ ਸਮਾਇਆ, ਦੂਸਰ ਕਿਸੇ ਦਿਸ ਨਾ ਆਏ ਤਨ । ਸਰਬ ਕਲਾ ਹਰਿ ਆਪ ਅਖਵਾਇਆ, ਅਟੱਲ ਅਟਲਿਆ ਇਕ

ਧਾਮ ਸੁਹਾਇਆ, ਕਿਸੇ ਦਿਸ ਨਾ ਆਇਆ ਛੱਪਰ ਛੰਨ । ਗੁਰਮੁਖ ਸਾਚੇ ਸੰਗ ਰਖਾਇਆ । ਸ਼ਬਦ ਘੋੜੇ ਤੰਗ ਕਸਾਇਆ । ਸੋਹੰ ਸੱਚਾ ਮਰਦੰਗ ਵਜਾਇਆ । ਨੌਂ ਦਵਾਰੇ ਪਾਰ ਲੰਘਾਇਆ । ਦਸਵੇਂ ਆਸਣ ਹਰਿ ਹਰਿ ਲਾਇਆ । ਸ਼ਬਦ ਸਵਾਸ ਰਸਨ ਚਲਾਇਆ । ਮਾਤ ਪਾਤਾਲ ਆਕਾਸ਼ ਅਕਾਸ਼ਨ, ਗਗਨ ਗਗਨੰਤਰ ਹਰਿ ਰਿਹਾ ਸੁਹਾਇਆ । ਢੋਲ ਮਰਦੰਗਾ ਤਾਲ ਵਜੰਤਰ, ਸਾਚੀ ਬਣਤਰ ਰਿਹਾ ਬਣਾਇਆ । ਰਾਗ ਰਾਗਨੀ ਕੰਨ ਸੁਣੰਤਰ, ਸ਼ਬਦ ਬਣਾਏ ਸਾਚੀ ਬਣਤਰ, ਗਾਵਤ ਸੁਨਤ ਸੁਨਤ ਗਾਵਤ ਪਾਵਤ ਧਿਆਵਤ ਆਪਣਾ ਰਾਹ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖਾਂ ਮੇਲਾ ਸਹਿਜ ਸੁਭਾਵਤ, ਪੂਰਬ ਲਹਿਣਾ ਝੋਲੀ ਪਾਇਆ । ਲਹਿਣਾ ਦੇਣਾ ਦੇਵਣਹਾਰ, ਦੋ ਜਹਾਨੀ ਦਾਤਾ । ਗੁਰਮੁਖ ਸਾਚਾ ਸੇਵਣਹਾਰ, ਪਾਰਬ੍ਰਹਮ ਪ੍ਰਭ ਪੁਰਖ ਬਿਧਾਤਾ । ਆਪ ਆਪਣਾ ਲੇਵਣਹਾਰ, ਚਰਨ ਪ੍ਰੀਤੀ ਬੰਨ੍ਹੇ ਨਾਤਾ । ਜਨਮ ਕਰਮ ਧਰਮ ਪ੍ਰਭ ਰਿਹਾ ਵਿਚਾਰ, ਨਾ ਕੋਈ ਵੇਖੇ ਜ਼ਾਤਾ ਪਾਤਾ । ਸ਼ਬਦ ਸਰੂਪੀ ਕਰ ਸ਼ਿੰਗਾਰ, ਜੋਤ ਸਰੂਪੀ ਤਨ ਆਕਾਰ, ਸਾਚਾ ਧਾਮ ਇਕ ਸੁਹਾਤਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨ ਭਗਤਾਂ ਦੇਵੇ ਸ਼ਬਦ ਵਰ, ਮੇਟ ਮਿਟਾਏ ਅੰਧੇਰੀ ਰਾਤਾ । ਅਕਾਲ ਮੂਰਤ ਸਭ ਤੋਂ ਪਿਆਰੀ ਏ । ਦੀਨ ਦਿਆਲ ਕਰੀ ਚਰਨ ਭਿਖਾਰੀ ਏ । ਕਰੇ ਪ੍ਰਿਤਪਾਲ ਕਲਜੁਗ ਤੇਰੀ ਅੰਤਮ ਵਾਰੀ ਏ । ਅਨਮੁਲੜਾ ਇਹ ਲਾਲ, ਇਹਦੀ ਖਲੜੀ ਕਾਲੀ ਏ । ਦੀਪਕ ਜਗੇ ਮਸਤਕ ਥਾਲ, ਸ੍ਰਿਸ਼ਟੀ ਦੰਮੜੀ ਸਾਰੀ ਏ । ਪ੍ਰਭ ਚਲੇ ਨਾਲ ਨਾਲ, ਮਾਤਾ ਅੰਮੜੀ ਵਿਸਾਰੀ ਏ । ਫ਼ਲ ਲੱਗੇ ਕਾਇਆ ਡਾਲ੍ਹ, ਰੁੱਤ ਫ਼ਲ ਫੁਲੀ ਫੁਲਵਾੜੀ ਏ । ਮਾਰੇ ਸ਼ਬਦ ਉਛਾਲ, ਵਾ ਮਿਟੇ ਤੱਤੀ ਹਾੜੀ ਏ । ਸੋਹੇ ਅੰਮ੍ਰਿਤ ਤਾਲ, ਨੇੜ ਆਏ ਨਾ ਮੌਤ ਲਾੜੀ ਏ । ਭਇਆ ਪ੍ਰਭ ਦਿਆਲ, ਕਲ ਕਾਲ ਰਿਹਾ ਤਨ ਸਾੜੀ ਏ । ਅਨਮੁਲੜਾ ਇਹ ਲਾਲ, ਇਹਦੀ ਸ਼ਬਦ ਸੱਚੀ ਵਾੜੀ ਏ । ਪ੍ਰਭ ਭਇਆ ਕ੍ਰਿਪਾਲ, ਲਾਜ ਰੱਖੇ ਇਹਦੀ ਦਾਹੜੀ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਘੋੜੇ ਰਿਹਾ ਚਾੜ੍ਹੀ ਏ । ਜਨ ਭਗਤ ਤੇਰੀ ਵਡਿਆਈਆ । ਗੁਰ ਚਰਨੀ ਚਿਤ ਲਾਇਆ, ਲੋਕ ਲੱਜਿਆ ਭਗਤ ਤਜਾਇਆ । ਦਰ ਘਰ ਸਾਚਾ ਹਰਿ ਹਰਿ ਪਾਇਆ, ਆਤਮ ਘਰ ਵੱਜੀ ਵਧਾਈਆ । ਗੁਰ ਸੰਗਤ ਮਿਲੇ ਸਾਚੀ ਸਖੀਆਂ, ਸਾਚਾ ਮੰਗਲ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗਰੀਬ ਨਿਮਾਣਾ ਜਗਤ ਨਿਤਾਣਾ ਬੇਮੁਹਾਣਾ ਫੜ ਬਾਹੋਂ ਬੰਨ੍ਹੇ ਲਾਈਆ । ਜਿਸ ਦਾ ਕੋਈ ਮਾਤ ਨਾ ਵਾਲੀ ਏ । ਪ੍ਰਭ ਬਣਦਾ ਆਪ ਰਖਵਾਲੀ ਏ । ਫ਼ਲ ਲਗਾਏ ਕਾਇਆ ਡਾਲ੍ਹੀ ਏ । ਜਗੇ ਜੋਤ ਇਕ ਅਕਾਲੀ ਏ । ਇਹ ਧੁਰ ਦੀ ਅਵੱਲੜੀ ਚਾਲੀ ਏ । ਗੁਰਮੁਖ ਸਾਚੇ ਜੋੜੀ ਜੁੜਦੀ, ਲਿਖੀ ਰੇਖ ਨਾ ਕਦੇ ਮੁੜਦੀ, ਸ੍ਰਿਸ਼ਟ ਸਬਾਈ ਜਾਂਦੀ ਰੁੜਦੀ, ਨਾ ਮਿਲਦਾ ਕੋਈ ਪਾਲੀ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦੇਵਣ ਆਇਆ ਏਕਾ ਨਾਮ ਸੱਚਾ ਧਨ ਸਚ ਸੱਚਾ ਧਨ ਮਾਲੀ ਏ । ਨਾਮ ਖ਼ਜ਼ਾਨਾ ਵੰਡਣ ਆਇਆ, ਹਰਿ ਵਡਾ ਸ਼ਾਹ ਸੁਲਤਾਨਾ । ਬੇਮੁਖਾਂ ਕਲ ਫੰਡਣ ਆਇਆ, ਫੜ ਸੋਹੰ ਤੀਰ ਕਮਾਨਾ । ਨੌਂ ਖੰਡ ਪ੍ਰਿਥਮੀ ਸਤਾਂ ਦੀਪਾਂ ਚੰਡ ਪਰਚੰਡਨ ਘਰ ਘਰ ਰੰਡਨ ਕਰਨ ਆਇਆ, ਲਾੜੀ ਮੌਤ ਬੰਨ੍ਹੇ ਗਾਨਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਭਗਤ ਜਨਾਂ ਦਰ ਦੇਵੇ ਵਰ, ਬ੍ਰਹਿਮੰਡ ਖੰਡ ਪ੍ਰਭ ਪਾਏ ਵੰਡ ਜੇਰਜ ਅੰਡ ਜੂਠੇ ਝੂਠੇ ਭਾਂਡੇ ਭੰਨਣ ਆਇਆ । ਮੰਗੀ ਨਾਮ ਇਕ ਭਿਖ, ਪ੍ਰਭ ਚਰਨ ਦਵਾਰ । ਸਾਚੀ ਰੇਖ ਪ੍ਰਭ ਦਏ ਲਿਖ,

ਬਣ ਬਣ ਲੇਖ ਲਿਖਾਰ । ਜਗਤ ਮਿਟਾਏ ਤ੍ਰਿਸ਼ਨਾ ਤ੍ਰਿਖ, ਸ਼ਬਦ ਭਰੇ ਭੰਡਾਰ । ਆਤਮ ਲਾਹੇ ਮਾਇਆ ਵਿਖ, ਕਰਮ ਧਰਮ ਵਿਚਾਰ । ਗੁਰਮੁਖ ਗੁਰਸਿਖ ਸਾਚਾ ਸਿੱਖ, ਸਿੱਖੀ ਸਿੱਖਿਆ ਸਰਬ ਪਿਆਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਮ੍ਰਿਤ ਆਤਮ ਦੇਵੇ ਠੰਢੀ ਧਾਰ । ਅੰਮ੍ਰਿਤ ਪੀਆ ਜਗਤ ਜੀਆ ਮਿਲਿਆ ਪੀਆ ਬੀਜ ਬੀਜੇ ਬੀਆ, ਨਾ ਕੋਈ ਜੜ੍ਹ ਸਕੇ ਉਖਾੜ । ਨੇਤਰ ਲੋਚਨ ਤੀਜਾ ਦੀਆ, ਆਤਮ ਜੋਤੀ ਜਗਿਆ ਦੀਆ, ਆਪ ਆਪਣੇ ਜਿਹਾ ਕੀਆ, ਭਰਮ ਭੁਲੇਖਾ ਦਏ ਨਿਵਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਭਗਤ ਸੁਹੇਲਾ ਕਰੇ ਪਿਆਰ, ਚਰਨ ਦਾਸੀ ਚਰਨ ਪਿਆਰ । ਤੂੰ ਤੂੰ ਕਰ ਪੁਕਾਰਦੀ । ਪ੍ਰਭ ਅਬਿਨਾਸ਼ੀ ਕਿਰਪਾ ਕਰ, ਤੂੰ ਤੂੰ ਵਾਜਾ ਮਾਰਦੀ । ਆਪਣੀ ਜੋਤ ਆਤਮ ਧਰ, ਮੇਰੀ ਕਾਇਆ ਔਗੁਣ ਹਾਰ ਦੀ । ਸ਼ਬਦ ਭੰਡਾਰਾ ਭਰ, ਮੈਂ ਦੁਹਾਗਣ ਨਾਰ ਸੰਸਾਰ ਦੀ । ਚਰਨ ਵਣਜਾਰਾ ਬਣ ਕਰ, ਮੰਗੀ ਏਕਾ ਸਿੱਕ ਤੇਰੇ ਦੀਦਾਰ ਦੀ । ਜਨਮ ਕਰਮ ਪਾਰ ਉਤਾਰਾ ਕਰ, ਗੁਣ ਅਵਗੁਣ ਮਨ ਮਤੀ ਨਾ ਵਿਚਾਰਦੀ । ਸਾਚਾ ਸ਼ਬਦ ਸਾਚੇ ਘਰ ਅਧਾਰਾ ਕਰ, ਰੱਖੇ ਲਾਜ ਚਰਨ ਪਿਆਰ ਦੀ । ਸਾਚੇ ਘਰ ਸ਼ਬਦ ਜੈਕਾਰਾ ਕਰ, ਮਿੱਟੇ ਰੈਣ ਅੰਧੇਰੀ ਧੁੰਦੂਕਾਰ ਦੀ । ਆਪਣਾ ਦੀਪ ਉਜਿਆਰਾ ਘਰ ਸਾਚੇ ਹਰਿ ਕਰ, ਕਿਰਪਾ ਕਰ ਸਵੱਛ ਸਰੂਪੀ ਦਰਸ ਅਪਾਰ ਦੀ । ਫੜ ਫੜ ਖੜ ਖੜ ਬਹਿ ਬਹਿ ਗਈ ਥੱਕ, ਅੰਮ੍ਰਿਤ ਫ਼ਲ ਨਾ ਗਿਆ ਪੱਕ, ਦੂਰ ਦੁਰਾਡੀ ਨੌਂ ਦਵਾਰ ਆਪੇ ਪਈ ਵਿਚਾਰਦੀ । ਕਰੇ ਨਿਬੇੜਾ ਅੰਤਮ ਹੱਕ, ਚੜ੍ਹਾਂ ਪੌੜੀ ਸੱਚੀ ਸਰਕਾਰ ਦੀ । ਆਪਣੀ ਗੋਦੀ ਲਏ ਚੱਕ, ਹੋਵੇ ਮਿਹਰ ਤੇਰੇ ਸੱਚੇ ਦਰਬਾਰ ਦੀ । ਸ਼ਬਦ ਪਾਈਂ ਨਕੇਲ ਨੱਕ, ਕੁੰਜੀ ਦੇਵੀਂ ਦਸਮ ਦਵਾਰ ਦੀ । ਭਰਮ ਨਾ ਰਹੇ ਕੋਈ ਸ਼ਕ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਰਨ ਦਾਸੀ ਹੋਈ ਰਾਸੀ ਬੰਦ ਖੁਲਾਸੀ, ਪਾਰ ਉਤਾਰਾ ਚਰਨ ਪਿਆਰਾ, ਇਕ ਵਣਜਾਰਾ ਦੁਹਰੀ ਧਾਰਾ, ਆਪੇ ਡੋਬੇ ਆਪੇ ਤਾਰਦੀ । ਤਾਰਨ ਆਇਆ ਤਾਰਨਹਾਰ, ਗੁਰਮੁਖ ਚਰਨ ਦਵਾਰ । ਮਾਨਸ ਜਨਮ ਸਵਾਰਨ ਆਇਆ ਦੇਵੇ ਸ਼ਬਦ ਉਡਾਰ । ਸਾਚਾ ਘਰ ਇਕ ਵਸਾਵਣ ਆਇਆ, ਖੋਲ੍ਹੇ ਬੰਦ ਕਿਵਾੜ । ਅੰਮ੍ਰਿਤ ਮੇਘ ਬਰਸਾਵਣ ਆਇਆ, ਸੀਤਲ ਕਰੇ ਬਹੱਤਰ ਨਾੜ । ਆਪਣਾ ਦਾਮਨ ਆਪ ਫੜਾਵਣ ਆਇਆ, ਸ਼ਬਦ ਘੋੜੇ ਦੇਵੇ ਚਾੜ੍ਹ । ਧੁਰ ਦਰਗਾਹੀ ਜਾਮਨ ਆਪੇ ਹੋਏ ਸਹਾਇਆ, ਜੰਗਲ ਜੂਹ ਉਜਾੜ ਪਹਾੜ । ਮਸਤਕ ਟਿੱਕਾ ਲਾਹਵਣ ਆਇਆ, ਬਿਧਨਾ ਲਿਖੀ ਰੇਖ, ਚਰਨ ਪ੍ਰੀਤੀ ਜੋ ਜਨ ਕਮਾਇਆ, ਆਪੇ ਹੋਇਆ ਪਿਛੇ ਅਗਾੜ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਸਜਾਏ ਧੁਰ ਦਰਗਾਹੀ ਸਾਚਾ ਲਾੜ । ਜਗ ਕਰਤਾ ਪ੍ਰਭ ਆਪ, ਕਰਨ ਕਰਾਵਣ ਜੋਗ । ਵਖ ਕਰਤਾ ਪ੍ਰਭ ਆਪ, ਲੇਖਾ ਲਿਖੇ ਧੁਰ ਸੰਜੋਗ । ਨਾਮ ਧਰਤਾ ਪ੍ਰਭ ਆਪ, ਆਤਮ ਰਸਨਾ ਦੇਵੇ ਭੋਗ । ਘਟ ਘਟ ਦਾਤਾ ਆਪ, ਨਾ ਹੋਏ ਕਦੇ ਵਿਜੋਗ । ਜੋਤੀ ਜੋਤ ਸਰੂਪ ਹਰਿ, ਜੁਗਾ ਜੁਗੰਤਰ ਜੋਤ ਧਰ, ਜਨ ਭਗਤਾਂ ਮੇਲਾ ਧੁਰ ਸੰਜੋਗ । ਭਗਤ ਮਿਲਾਏ ਮੇਲ, ਕਲ ਜੋਤੀ ਨੂਰ ਉਪਾਇਆ । ਸ਼ਬਦ ਦਵਾਰਾ ਵੇਖ, ਘਰ ਨਾਦੀ ਨਾਦ ਵਜਾਇਆ । ਪੰਜਾਂ ਚੋਰਾਂ ਚੂਰ ਕਰ, ਸ਼ਬਦ ਅਗਾਧੀ ਝੋਲੀ ਪਾਇਆ । ਸਰਬ ਕਲਾ ਭਰਪੂਰ ਹਰਿ, ਬੋਧ ਅਗਾਧੀ ਨਾਮ ਰਖਾਇਆ । ਆਸਾ ਮਨਸਾ ਪੂਰ ਦਰ, ਦਰ ਦਰਵੇਸ਼ਾ ਜੋ ਜਨ ਆਇਆ । ਜੋਤੀ ਜੋਤ ਸਰੂਪ ਹਰਿ, ਜੋਤ ਨਿਰੰਜਣ ਘਟ ਘਟ ਪਰਵੇਸ਼ਾ, ਦਿਸ ਕਿਸੇ ਨਾ ਆਇਆ । ਨਾ ਦੀਸੇ ਨਾ ਦਿਸਣ ਯੋਗ, ਸਚ ਮਹੱਲ ਵਸੇਰਾ ਏ ।

੫੧੧
੦੫

ਸ੍ਰਿਸ਼ਟ ਸਬਾਈ ਰਸਨਾ ਰਸ ਰਹੀ ਭੋਗ, ਆਤਮ ਰਸ ਕਿਸੇ ਨਾ ਪਾਇਆ ਏ । ਹਉਮੇ ਤ੍ਰਿਸ਼ਨਾ ਲੱਗਾ ਰੋਗ, ਨੈਣ ਮੁੰਧਾਰਾ ਸਾਵਲ ਕ੍ਰਿਸ਼ਨਾ ਦਿਸ ਕਿਸੇ ਨਾ ਆਇਆ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੇ ਰੰਗ ਸਮਾਇਆ ਏ । ਰੰਗ ਰਤੜਾ ਲਾਲ, ਪ੍ਰਭ ਸਾਚਾ ਭੇਖ ਵਟਾਉਂਦਾ ਏ । ਦੋ ਜਹਾਨੀ ਜਗਤ ਜਲਾਲ, ਪ੍ਰਭ ਸਾਚਾ ਸੰਗ ਨਿਭਾਉਂਦਾ ਏ । ਸੰਤ ਸੁਹੇਲੇ ਭਾਲ, ਪ੍ਰਭ ਅੰਮ੍ਰਿਤ ਜਾਮ ਪਿਆਉਂਦਾ ਏ । ਦੀਪਕ ਜੋਤੀ ਧਰ ਮਸਤਕ ਥਾਲ, ਪ੍ਰਭ ਅਗਿਆਨ ਅੰਧੇਰ ਮਿਟਾਉਂਦਾ ਏ । ਸਰਬ ਜੀਆਂ ਦਰ ਕੰਗਾਲ, ਪ੍ਰਭ ਤਨ ਮੰਦਰ ਅਲਖ ਜਗਾਉਂਦਾ ਏ । ਪੂਰਬ ਕਰਮਾਂ ਕਰ ਵਿਚਾਰ, ਪ੍ਰਭ ਨਾਮ ਭਿਛਿਆ ਪਾਉਂਦਾ ਏ । ਮਾਨਸ ਦੇਹੀ ਜਨਮ ਸਵਾਰ, ਪ੍ਰਭ ਹੰਸ ਆਪ ਬਣਾਉਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਭੇਖੀ ਭੇਖ ਵਖਾਉਂਦਾ ਏ । ਭੇਖੀ ਭੇਖ ਅਵੱਲੜਾ, ਭੇਵ ਕਿਸੇ ਨਾ ਪਾਇਆ । ਆਪੇ ਵਸੇ ਇਕ ਇਕੱਲੜਾ, ਜੋਤੀ ਨੂਰ ਕਰੇ ਰੁਸ਼ਨਾਇਆ । ਸਾਚਾ ਧਾਮ ਸਚ ਦਵਾਰਾ ਪੁਰਖ ਅਬਿਨਾਸ਼ੀ ਏਕਾ ਮੱਲੜਾ, ਸਚ ਸਿੰਘਾਸਣ ਆਸਣ ਲਾਇਆ । ਤ੍ਰੈਗੁਣ ਮਾਇਆ ਕੋਈ ਨਾ ਦਿਸੇ ਪੱਲੜਾ, ਅਸੁੱਤੇ ਪਰਕਾਸ਼ ਕਰਾਇਆ । ਸ਼ਬਦ ਸੁਨੇਹੜਾ ਏਕਾ ਏਕ ਘੱਲੜਾ, ਤ੍ਰੈ ਲੋਆਂ ਧਾਰ ਬੰਧਾਇਆ । ਆਪ ਫੜਾਏ ਆਪਣਾ ਪੱਲੜਾ, ਜੋਤੀ ਦੇਵੇ ਜਗਤ ਸਬਾਇਆ । ਦਰ ਦਵਾਰੇ ਅੱਗੇ ਖਲੜਾ, ਦਿਸ ਕਿਸੇ ਨਾ ਆਇਆ । ਪੰਚਾਂ ਚੋਰਾਂ ਕੀਤਾ ਹੱਲੜਾ, ਮਨਮੁਖਾਂ ਸਾਰ ਨਾ ਪਾਇਆ । ਆਪੇ ਸੁੱਟੇ ਡੂੰਘੀ ਡੱਲੜਾ, ਅੰਧ ਅੰਧੇਰ ਰਖਾਇਆ । ਗੁਰਮੁਖ ਵਿਰਲੇ ਸੰਤ ਜਨ ਸੰਤ ਸੁਹੇਲੇ ਮੀਤ ਹਰਿ ਦਰ ਦਵਾਰਾ ਏਕਾ ਮਲੜਾ, ਪੁਰਖ ਅਬਿਨਾਸ਼ੀ ਦਰਸ਼ਨ ਪਾਇਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਕਲ ਭੇਖੀ ਭੇਖ ਵਟਾਇਆ । ਕਲਜੁਗ ਧਾਰੇ ਭੇਖ, ਜੋਤ ਨਿਰੰਕਾਰਿਆ । ਸ੍ਰਿਸ਼ਟ ਸਬਾਈ ਰਿਹਾ ਵੇਖ, ਪ੍ਰਭ ਆਪ ਦਿਸ ਕਿਸੇ ਨਾ ਆ ਰਿਹਾ । ਨੌਂ ਦਵਾਰੇ ਲਿਖੀ ਜਗਤ ਰੇਖ, ਕਲਜੁਗ ਸਾਚਾ ਕਰਮ ਕਮਾ ਰਿਹਾ । ਗੁਰਮੁਖ ਸਾਚੇ ਆਤਮ ਬੁੱਧ ਰਹੇ ਬਿਬੇਕ, ਚਰਨ ਪ੍ਰੀਤੀ ਇਕ ਰਖਾ ਰਿਹਾ । ਸ਼ਬਦ ਰਖਾਏ ਸਾਚੀ ਟੇਕ, ਆਤਮ ਅਤੀਤੀ ਹਰਿ ਹਿਰਦੇ ਵਿਚ ਵਸਾ ਰਿਹਾ । ਜਗਤ ਮਾਇਆ ਨਾ ਲਾਏ ਸੇਕ, ਕਾਇਆ ਸੀਤਲ ਸੀਤੀ ਅੰਮ੍ਰਿਤ ਧਾਰ ਮੁਖ ਚੁਆ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲੱਖ ਚੁਰਾਸੀ ਵੇਖ ਹਰਿ, ਭੇਖ ਪਖੰਡਾ ਚਾਰੋਂ ਕੁੰਟ ਦਿਸਾ ਰਿਹਾ । ਕਲਜੁਗ ਭੇਖ ਪਖੰਡ, ਘਰ ਘਰ ਵਸਿਆ । ਕਲਜੁਗ ਜੀਵ ਨਾਰ ਦੁਹਾਗਣ ਰੰਡ, ਪ੍ਰਭ ਮੇਲਾ ਕਿਸੇ ਨਾ ਦੱਸਿਆ । ਪ੍ਰਭ ਅਬਿਨਾਸ਼ੀ ਵੇਖ ਵਖਾਏ ਖੋਜ ਖੁਜਾਏ ਵਿਚ ਬ੍ਰਹਿਮੰਡ, ਪੁਰੀਆਂ ਲੋਆਂ ਫਿਰੇ ਨੱਸਿਆ । ਖਾਣੀ ਵੇਖੇ ਜੇਰਜ ਅੰਡ, ਉਤਭੁਜ ਸੇਤਜ ਬਹਿ ਬਹਿ ਹੱਸਿਆ । ਆਪੇ ਕਰੇ ਆਪਣੀ ਵੰਡ, ਸੋਹੰ ਤੀਰ ਨਿਰਾਲਾ ਕਸਿਆ । ਸੋਹੰ ਫੜੇ ਚੰਡ ਪਰਚੰਡ, ਮੇਟ ਮਿਟਾਏ ਕਲਜੁਗ ਰੈਣ ਅੰਧੇਰੀ ਮੱਸਿਆ । ਸ੍ਰਿਸ਼ਟ ਸਬਾਈ ਖੰਡ ਖੰਡ, ਮਾਇਆ ਨਾਗਣੀ ਸਭ ਜਗ ਡੱਸਿਆ । ਮਨਮੁਖ ਜੀਵਾਂ ਦੇਵੇ ਦੰਡ, ਜਨ ਭਗਤਾਂ ਹਿਰਦੇ ਅੰਦਰ ਵਸਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅੰਤਮ ਵੇਖ ਦਰ, ਕਰੇ ਜੋਤ ਪਰਕਾਸ਼ ਕੋਟਨ ਕੋਟ ਰਵ ਸਸਿਆ । ਰਵ ਸੱਸ ਭਾਨ ਤੇਜ, ਜਗਤ ਜਵਾਇਆ । ਸ਼ਬਦ ਸੁਨੇਹੜਾ ਰਿਹਾ ਭੇਜ, ਸਾਚੀ ਕਰਨੀ ਕਿਰਤ ਕਮਾਇਆ । ਸ਼ਬਦ ਸਿੰਘਾਸਣ ਬੈਠਾ ਸਾਚੀ ਸੇਜ, ਸਾਚਾ ਧਾਮ ਹਰਿ ਸੁਹਾਇਆ । ਜੋਤੀ ਜੋਤ ਸਰੂਪ ਹਰਿ, ਆਪੇ ਜਾਣੇ ਪ੍ਰਿਥਮੀ ਆਕਾਸ਼, ਆਕਾਸ਼ ਅਕਾਸ਼ਾਂ ਵਿਚ ਸਮਾਇਆ । ਪ੍ਰਿਥਮੀ ਆਕਾਸ਼ ਅਕਾਸ਼ ਅਕਾਸ਼ਾ । ਪਾਰਬ੍ਰਹਮ ਪ੍ਰਭ ਪੁਰਖ ਅਬਿਨਾਸ਼ਾ ।


੫੧੨ ੦੫

ਨਾ ਮਰੇ ਨਾ ਪਏ ਜੰਮ, ਆਪੇ ਜਾਣੇ ਆਪਣੀ ਰਾਸਾ । ਜੁਗਾਂ ਜੁਗੰਤਰ ਕਰੇ ਕੰਮ, ਵੇਖਣ ਆਏ ਜਗਤ ਤਮਾਸ਼ਾ । ਜੀਵ ਗਵਾਰੀ ਆਤਮ ਹੰਕਾਰੀ ਜੂਠੇ ਝੂਠੇ ਭਾਂਡੇ ਦੇਵੇ ਭੰਨ, ਕਿਸੇ ਹੱਥ ਨਾ ਦਿਸੇ ਮਾਇਆ ਕਾਸਾ । ਜਨ ਭਗਤਾਂ ਦੇਵੇ ਨਾਮ ਧਨ, ਚਰਨ ਪ੍ਰੀਤੀ ਧੁਰ ਭਰਵਾਸਾ । ਏਕਾ ਰਾਗ ਸੁਣਾਏ ਕੰਨ, ਰਤੀ ਨਾ ਉਬਲੇ ਮਾਸਾ । ਦੋ ਜਹਾਨੀ ਬੇੜਾ ਜਾਏ ਬੰਨ੍ਹ, ਹਰਿ ਹਰਿ ਸਾਚਾ ਸ਼ਾਹੋ ਸ਼ਾਬਾਸਾ । ਧਰਮ ਰਾਏ ਨਾ ਦੇਵੇ ਡੰਨ, ਚਿਤਰ ਗੁਪਤ ਹੋਏ ਦਾਸਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲੱਖ ਚੁਰਾਸੀ ਵੇਖ ਦਰ, ਕਿਸੇ ਦਿਸ ਨਾ ਆਏ, ਆਪੇ ਜਾਣੇ ਜਾਣ ਪਛਾਣੇ ਜਨ ਹਰਿ ਹਰਿ ਹਰਿ ਭਗਤ ਕਰੇ ਜਨਮ ਰਹਿਰਾਸਾ । ਹਰਿਜਨ ਹਰਿ ਘਟ ਵੇਖ, ਘਟ ਘਟ ਮੌਲਿਆ । ਨੇਤਰ ਲੋਚਨ ਸਾਚੇ ਪੇਖ, ਉਲਟੀ ਨਭੀ ਨਾਭ ਕਵਲਿਆ । ਆਪੇ ਲੇਖਾ ਲਿਖੇ ਰੇਖ, ਦੇਵੇ ਮਾਣ ਉਪਰ ਧਵਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲੱਖ ਚੁਰਾਸੀ ਵੇਖ ਦਰ, ਕਿਸੇ ਦਿਸ ਨਾ ਆਏ ਸੁੰਦਰ ਸਾਵਲਿਆ । ਸਾਵਲ ਸੁੰਦਰ ਮੀਤ ਮੁਰਾਰਾ, ਨੈਣ ਮੂੰਦਨ ਸਦ ਰਹਿੰਦਾ ਏ । ਇਕ ਕਰਾਏ ਵਣਜ ਵਾਪਾਰਾ, ਸਾਚੇ ਤਖ਼ਤ ਬਹਿੰਦਾ ਏ । ਭਗਤ ਜਨਾਂ ਹਰਿ ਕਰਮ ਵਿਚਾਰਾ, ਲਹਿਣਾ ਦੇਣਾ ਦਹਿੰਦਾ ਏ । ਧਰਮ ਕਰਾਏ ਸ਼ਬਦ ਜੈਕਾਰਾ, ਕੂੜ ਕੁੜਿਆਰਾ ਢਹਿੰਦਾ ਏ । ਪਾਰਬ੍ਰਹਮ ਬ੍ਰਹਮ ਖੇਲ ਅਪਾਰਾ, ਸਚ ਸੁਨੇਹੜਾ ਦੇਂਦਾ ਏ । ਜਗੇ ਜੋਤ ਅਗੰਮ ਅਪਾਰਾ, ਸ੍ਰਿਸ਼ਟ ਸਬਾਈ ਵੱਜੇ ਵਧਾਈ ਪਾਵਣ ਆਇਆ ਨੇਂਦਾ ਏ । ਕਰੇ ਕਰਾਏ ਆਪਣੀ ਕਾਰਾ, ਨੌਂ ਖੰਡ ਪ੍ਰਿਥਮੀ ਆਪ ਭਵਾਏ ਗੇਂਦਾ ਏ । ਮਾਰੇ ਡੰਡਾ ਸ਼ਬਦ ਕਰਾਰਾ ਏ । ਵੇਖ ਵਖਾਣੇ ਸਾਗਰ ਸਿੰਧਾ, ਉਚੇ ਪਰਬਤ ਢਾਹੇ ਕਿਨਾਰਾ ਏ । ਨਾ ਕੁਛ ਖਾਏ ਨਾ ਕੁਛ ਪੀਂਦਾ, ਸ੍ਰਿਸ਼ਟ ਸਬਾਈ ਦੇਵਣਹਾਰਾ ਏ । ਜੋਤ ਅਧਾਰੀ ਆਪੇ ਜੀਂਦਾ, ਅੱਠੇ ਪਹਿਰ ਰਹੇ ਉਜਿਆਰਾ ਏ । ਲੱਖ ਚੁਰਾਸੀ ਬੀਜ ਬੀਂਦਾ, ਬ੍ਰਹਮਾ ਲਾਏ ਸਚ ਫੁਲਵਾੜਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨੌਂ ਖੰਡ ਪ੍ਰਿਥਮੀ ਸਤਾਂ ਦੀਪਾਂ ਵੇਖਣ ਆਇਆ ਇਕ ਅਖਾੜਾ ਏ । ਨੌਂ ਖੰਡ ਪ੍ਰਿਥਮੀ ਵੇਖੇ ਅਖਾੜਾ, ਪ੍ਰਭ ਸਾਚੀ ਬਣਤ ਬਣਾਉਂਦਾ ਏ । ਵਕਤ ਸੁਹਾਏ ਸਤਾਰਾਂ ਹਾੜਾ, ਜੀਵ ਜੰਤ ਸਾਧ ਸੰਤ ਸਰਬ ਕੁਰਲਾਉਂਦਾ ਏ । ਜਗੇ ਜੋਤ ਬਹੱਤਰ ਨਾੜਾ, ਨਾ ਕੋਈ ਮਾਤ ਬੁਝਾਉਂਦਾ ਏ । ਕਾਲ ਚਬਾਏ ਆਪਣੀ ਦਾੜ੍ਹਾ, ਲਾੜੀ ਮੌਤ ਨਾਲ ਰਲਾਉਂਦਾ ਏ । ਧਰਮ ਰਾਏ ਦਾ ਭਰੇ ਵਾੜਾ, ਰਾਜਾ ਜਨਕ ਖਾਲੀ ਕਰਾਉਂਦਾ ਏ । ਚਾਰੋਂ ਕੁੰਟ ਫਿਰੇ ਅਗੰਮੀ ਧਾੜਾ, ਜੀਵ ਜੰਤ ਸਭ ਕੱਢੇ ਹਾੜਾ, ਨਾ ਪੱਲੂ ਕੋਈ ਫੜਾਉਂਦਾ ਏ । ਲੁੱਟਿਆ ਜਾਏ ਮਾਲ ਧੰਨ ਦਿਨ ਦਿਹਾੜਾ, ਅੱਗੇ ਹੋ ਨਾ ਕੋਈ ਛੁਡਾਉਂਦਾ ਏ ਗੁਰਮੁਖ ਸਾਚਾ ਸਾਚਾ ਲਾੜਾ, ਪ੍ਰਭ ਸ਼ਬਦ ਘੋੜੇ ਆਪ ਚੜ੍ਹਾਉਂਦਾ ਏ । ਆਪੇ ਹੋਏ ਪਿੱਛੇ ਅਗਾੜਾ, ਦਿਵਸ ਰੈਣ ਤਰਸ ਕਮਾਉਂਦਾ ਏ । ਬਜਰ ਕਪਾਟੀ ਲਾਏ ਪਾੜਾ, ਔਖੀ ਘਾਟੀ ਆਪ ਚੜ੍ਹਾਉਂਦਾ ਏ । ਸ਼ਬਦ ਵਖਾਏ ਸਾਚੀ ਹਾਟੀ, ਚੌਦਾਂ ਹੱਟਾਂ ਫੋਲ ਵਖਾਉਂਦਾ ਏ । ਦੁਰਮਤ ਮੈਲ ਰਿਹਾ ਕਾਟੀ, ਜੋ ਦਰ ਆਏ ਸੀਸ ਝੁਕਾਉਂਦਾ ਏ । ਜੋਤ ਜਗਾਏ ਮਸਤਕ ਲਿਲਾਟੀ, ਸਤਿ ਪਰਕਾਸ਼ ਕਰਾਉਂਦਾ ਏ । ਅੰਮ੍ਰਿਤ ਆਤਮ ਦੇਵੇ ਕਾਇਆ ਬਾਟੀ, ਦਸਮ ਦਵਾਰੀ ਤਾਲ ਸੁਹਾਉਂਦਾ ਏ । ਹਰਿਜਨ ਸਾਚਾ ਨਿਝਰ ਰਸ ਰਿਹਾ ਚਾਟੀ, ਨਿਜਾਨੰਦ ਸਮਾਉਂਦਾ ਏ । ਦੂਸਰ ਨਾ ਕੋਈ ਤੀਰਥ ਤਾਟੀ, ਅੱਠ ਸੱਠ ਵੇਖ ਵਖਾਉਂਦਾ ਏ । ਅੰਮ੍ਰਿਤ ਆਤਮ ਕਾਇਆ ਮਾਟੀ, ਪ੍ਰਭ ਸਾਚਾ ਜਾਮ ਪਿਆਉਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੱਖ ਚੁਰਾਸੀ ਵੇਖ ਦਰ, ਆਪ ਆਪਣੇ ਰੰਗ ਰੰਗਾਉਂਦਾ ਏ । ਰੰਗ

੫੧੩ ੦੫

ਵਟਾਏ ਜਗਤ ਪ੍ਰਭ, ਵੇਖੇ ਸਰਬ ਲੋਕਾਈ । ਸੰਗ ਨਿਭਾਏ ਭਗਤ ਪ੍ਰਭ, ਹੋਏ ਮਾਤ ਰੁਸ਼ਨਾਈ । ਆਤਮ ਦੇਵੇ ਸ਼ਕਤ ਪ੍ਰਭ, ਸੋਹੰ ਸਾਚ ਜਾਪ ਜਪਾਈ । ਲੇਖੇ ਲਾਏ ਬੂੰਦ ਰਕਤ ਪ੍ਰਭ, ਹਡ ਮਾਸ ਨਾੜੀ ਦਇਆ ਕਮਾਈ । ਹੋਏ ਸਹਾਈ ਵੇਖੇ ਵਕਤ ਪ੍ਰਭ, ਕਲਜੁਗ ਰੈਣ ਅੰਧੇਰੀ ਛਾਈ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਸੰਤ ਜਨਾਂ ਏਕਾ ਦੇਵੇ ਨਾਮ ਧਨਾ, ਸ਼ਬਦ ਸੁਣਾਏ ਰਾਗ ਕੰਨਾ, ਦੇਵਣ ਆਇਆ ਸਚ ਸੱਚੀ ਵਧਾਈ । ਮਿਲੇ ਵਧਾਈ ਸਚ ਘਰ, ਹਰਿ ਪ੍ਰਭ ਸਾਚਾ ਪਾਇਆ । ਹੋਏ ਜੁਦਾਈ ਨੌਂ ਦਰ, ਤ੍ਰਿਸ਼ਨਾ ਭੁੱਖ ਗਵਾਇਆ । ਅੰਮ੍ਰਿਤ ਨੁਹਾਏ ਸਚ ਸਰ, ਭਰਮਾ ਮੈਲ ਗਵਾਇਆ । ਪੰਜਾਂ ਚੋਰਾਂ ਚੁਕੇ ਡਰ, ਪ੍ਰਭ ਸ਼ਬਦ ਤਾਜ ਸੀਸ ਪਹਿਨਾਇਆ । ਕਰਨੀ ਕਿਰਤ ਧਰਨੀ ਧਿਰਤ ਜਨ ਰਿਹਾ ਭਰ, ਸਚ ਸੀਰਤ ਮੁਖ ਚੁਆਇਆ । ਲੱਖ ਚੁਰਾਸੀ ਪੀੜੇ ਪੀੜਤ, ਧਰਮ ਰਾਏ ਗਲ ਫਾਸੀ ਪਾਇਆ । ਨਾ ਕੋਈ ਜਾਣੇ ਹਸਤ ਕੀੜਤ, ਜੋਤ ਨਿਰੰਜਣ ਜੋਤ ਜਗਾਇਆ । ਭਗਤ ਜਨਾਂ ਹਰਿ ਬੰਨ੍ਹੇ ਬੀੜਤ, ਵਰਨ ਗੋਤ ਨਾ ਕੋਈ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲੱਖ ਚੁਰਾਸੀ ਵੇਖ ਦਰ, ਜਗਤ ਵਿਚੋਲਾ ਬਣ ਕੇ ਆਇਆ । ਸ਼ਬਦ ਵਿਚੋਲਾ ਜਗਤ ਕਰ, ਲੇਖਾ ਧੁਰ ਦਰਗਾਹੀ ਦਾ । ਸੋਹੰ ਬੋਲਾ ਮਾਤ ਧਰ, ਸੋਹੰ ਸਾਚਾ ਮਾਤ ਵਡਿਆਈ ਦਾ । ਕਲਜੁਗ ਤੋਲਾ ਆਪ ਹਰਿ, ਲੇਖਾ ਆਪਣੇ ਹੱਥ ਰਖਾਈ ਦਾ । ਕਾਇਆ ਚੋਲਾ ਵੇਖ ਸਭ, ਭੋਲੇ ਭਾਓ ਗੋਬਿੰਦ ਮਿਲਾਈ ਦਾ । ਨਾਮ ਝੂਲਾ ਦਏ ਸਭ, ਪਾਰ ਕਿਨਾਰਾ ਆਪ ਕਰਾਈ ਦਾ । ਪਰਗਟ ਜੋਤ ਜੋਤ ਝੱਬ, ਸਵੱਛ ਸਰੂਪੀ ਦਰਸ ਦਿਖਾਈ ਦਾ । ਉਲਟੀ ਕਰੇ ਕਵਲ ਨਭ, ਅੰਮ੍ਰਿਤ ਆਤਮ ਮੁਖ ਚੁਆਈ ਦਾ । ਹਰਿ ਸੰਤ ਸੁਹੇਲੇ ਲਏ ਲੱਭ, ਤਨ ਮੰਦਰ ਖੋਜ ਖੁਜਾਈ ਦਾ । ਧੰਨ ਮਾਲ ਮਾਲ ਧੰਨ ਘਰ ਸਾਚੇ ਦੇਵੇ ਦੱਬ, ਕੁੰਜੀ ਆਪਣੇ ਹੱਥ ਰਖਾਇੰਦਾ । ਵਡ ਦਾਤਾ ਸੂਰਾ ਸਰਬਗ, ਦਇਆਵਾਨ ਦਇਆਨਿਧ ਆਪ ਅਖਵਾਇੰਦਾ । ਮਨਮੁਖ ਪਕੜ ਪਛਾੜੇ ਸ਼ਾਹਰਗ, ਰਾਮਾ ਰਾਵਣ ਜਿਉਂ ਖਪਾਇੰਦਾ । ਜੂਠਾ ਝੂਠਾ ਤੋੜੇ ਤਗ, ਕ੍ਰਿਸ਼ਨਾ ਕੰਸਾ ਆਪ ਮਿਟਾਇੰਦਾ । ਗੁਰਮੁਖ ਵਿਰਲਾ ਚਰਨ ਪ੍ਰਭ ਜਾਏ ਲੱਗ, ਪਾਏ ਦਰਸ ਰਘੁਪਤ ਰਘੁਰਾਈ ਦਾ । ਜਗਤ ਬੁਝਾਏ ਤ੍ਰਿਸ਼ਨਾ ਅੱਗ, ਹਰਿ ਹਰਿ ਰਸਨ ਸਾਚਾ ਗਾਈ ਦਾ । ਸ਼ਬਦ ਤਾਲ ਤਨ ਜਾਏ ਵੱਜ, ਮੁਨ ਸੁਨ ਆਪ ਤੁੜਾਈ ਦਾ । ਆਪਣਾ ਪੜਦਾ ਲਏ ਕੱਜ, ਸ਼ਬਦ ਸੁਰਤੀ ਹੱਜ ਕਰਾਈ ਦਾ । ਆਪੇ ਰੱਖੇ ਘਰ ਸਾਚੇ ਲੱਜ, ਨੌਂ ਦਵਾਰੇ ਬੰਦ ਰਖਾਈ ਦਾ । ਸ਼ਬਦ ਸਿੰਘਾਸਣ ਚੜ੍ਹਨਾ ਭੱਜ, ਗੁਰਮੁਖ ਸਾਚੇ ਰਾਹ ਵਖਾਈ ਦਾ । ਲੋਕ ਲੱਜਿਆ ਦੇਣੀ ਤਜ, ਪਤ ਪਤਵੰਤਾ ਸਾਚਾ ਕੰਤਾ ਪੁਰਖ ਅਬਿਨਾਸ਼ੀ ਸਾਚਾ ਮਾਹੀ ਫਿਰ ਪਾਈ ਦਾ । ਸਚ ਦਵਾਰੇ ਬਹਿਣਾ ਸਜ, ਲੇਖਾ ਚੁੱਕੇ ਮੱਕਾ ਕਾਅਬਾ ਹਾਜਨ ਹੱਜ, ਅੰਜ਼ੀਲ ਕੁਰਾਨਾ ਵੇਦ ਪੁਰਾਨਾਂ ਖਾਣੀ ਬਾਣੀ ਰਾਗ ਅਨਾਦਾ ਬੋਧ ਅਗਾਧਾ ਦਿਵਸ ਰੈਣ ਪ੍ਰਭ ਮੰਦਰ ਸਾਚੇ ਗਾਈ ਦਾ । ਜਗਤ ਤ੍ਰਿਸ਼ਨਾ ਦੇਵੇ ਤਜ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦੇਵੇ ਨਾਮ ਵਰ, ਇਕ ਵਖਾਏ ਸਾਚਾ ਘਰ, ਆਤਮ ਸੇਜਾ ਸ਼ਬਦ ਸ਼ਿੰਗਾਰ । ਫੂਲਨ ਬਰਖਾ ਪ੍ਰੇਮ ਪਿਆਰ, ਅੰਮ੍ਰਿਤ ਧਾਰ ਠੰਢੀ ਠਾਰ । ਪਵਣ ਉਨੰਜਾ ਛਤਰ ਝੁਲਾਰ । ਜੋਤ ਨਿਰੰਜਣ ਇਕ ਆਕਾਰ, ਮਿਲੇ ਮੇਲ ਕੰਤ ਸੁਹਾਗੀ ਨਾਰ । ਰੈਣ ਸਬਾਈ ਵੱਜਦੀ ਰਹੇ ਵਧਾਈ, ਸਾਚਾ ਮੰਗਲ ਗਾਈ ਦਾ । ਅੱਠੇ ਪਹਿਰ ਨਾ ਹੋਏ ਜੁਦਾਈ, ਪ੍ਰਭ ਪੂਰੇ ਕਰੇ ਮਾਤ ਕੁੜਮਾਈ, ਜੋਤੀ ਜੋਤ ਮਿਲਾਈ ਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੱਖ ਚੁਰਾਸੀ ਵੇਖ ਦਰ, ਸਾਚਾ ਸੰਗ ਨਿਭਾਈ

ਦਾ । ਸਾਚਾ ਸੰਗ ਨਿਭਾਵਣ ਆਇਆ, ਹੱਥੀਂ ਬੰਨ੍ਹੇ ਗਾਨਾ । ਨਾਮ ਰੰਗ ਚੜ੍ਹਾਵਣ ਆਇਆ, ਸੋਹੰ ਬਣੇ ਨਿਸ਼ਾਨਾ । ਵਡ ਦਾਤਾ ਸੂਰਾ ਸਰਬਗ ਅਖਵਾਵਣ ਆਇਆ, ਵੇਖ ਵਖਾਇਆ ਰਾਜਾ ਰਾਣਾ । ਸ਼ਬਦ ਘੋੜੇ ਕਸ ਤੰਗ ਚਾਰੋਂ ਕੁੰਟ ਦੁੜਾਵਣ ਆਇਆ, ਨਾਮ ਵਜਾਏ ਸਚ ਮਰਦੰਗ । ਦਹਿ ਦਿਸ਼ਾ ਆਪ ਸੁਣਾਵਣ ਆਇਆ, ਜੋਤੀ ਜੋਤ ਸਰੂਪ ਹਰਿ, ਗੜ੍ਹ ਹੰਕਾਰੀ ਤੋੜਨ ਆਇਆ, ਗੁਰਮੁਖ ਵਿਛੜੇ ਜੁਗੋ ਜੁਗ ਜੋੜੀ ਜੁੜਾਵਣ ਆਇਆ, ਸਚ ਦਵਾਰਾ ਜਿਸ ਜਨ ਲਿਆ ਮੰਗ । ਮਾਂਗਣ ਕੋ ਏਕਾ ਭਗਵਾਨ, ਦੇਵੇ ਸ੍ਰਿਸ਼ਟ ਸਬਾਈਆ । ਸ੍ਰਿਸ਼ਟ ਸਬਾਈ ਜੀਆ ਦਾਨ, ਭੇਵ ਨਾ ਜਾਣੇ ਰਾਈਆ । ਭੇਵ ਅਭੇਦਾ ਅਛਲ ਅਛੇਦਾ ਵਿਚ ਜਹਾਨ, ਭੇਵ ਨਾ ਪਾਏ ਰਾਈਆ । ਪੜ੍ਹ ਪੜ੍ਹ ਥੱਕੇ ਚਾਰੇ ਵੇਦਾ, ਚਾਰੇ ਮੁਖ ਬ੍ਰਹਮਾ ਗਾਈਆ । ਵੇਦ ਵਿਆਸਾ ਲਿਖੇ ਕਿਤੇਬਾ, ਪਰਾਨ ਅਠਾਰਾਂ ਰਿਹਾ ਸਮਝਾਈਆ । ਕਥਨੀ ਕਥਾ ਕਰ ਕਰ ਥੱਕੀ ਜਿਹਵਾ, ਭਗਵੰਤ ਅੰਤ ਸੰਤ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲੱਖ ਚੁਰਾਸੀ ਵੇਖ ਦਰ, ਜੁਗਾ ਜੁਗੰਤਰ ਖੇਲ ਰਚਾਈਆ । ਜੁਗਾ ਜੁਗੰਤਰ ਖੇਲ ਸਾਚੀ ਕਾਰਾ, ਜੁਗ ਜੁਗ ਕਰਦਾ ਆਈਆ । ਲੋਕਮਾਤ ਲਏ ਅਵਤਾਰਾ, ਭੇਵ ਕਿਸੇ ਨਾ ਪਾਈਆ । ਸਤਿਜੁਗ ਤ੍ਰੇਤਾ ਦੁਆਪਰ ਖੇਲ ਅਪਾਰਾ, ਬਾਈ ਵਾਰਾਂ ਜੋਤ ਜਗਾਈਆ । ਬੋਧ ਅਗਾਧਾ ਆਪ ਕਰਤਾਰਾ, ਕਲਜੁਗ ਰਚਨ ਰਚਾਈਆ । ਅੰਤਮ ਵੇਖੇ ਧੁੰਦੂਕਾਰਾ, ਚਾਰੋਂ ਕੁੰਟ ਅੰਧੇਰਾ ਛਾਈਆ । ਸੰਗ ਮੁਹੰਮਦ ਚਾਰ ਯਾਰਾਂ, ਮਿਲਿਆ ਵਰ ਅਪਰ ਅਪਾਰਾ, ਅਲ੍ਹਾ ਰਾਣੀ ਵੇਲ ਵਧਾਈਆ । ਮੂਸਾ ਈਸਾ ਕਰ ਤਿਆਰਾ, ਦੰਦ ਬਤੀਸਾ ਕਰੇ ਵਿਚਾਰਾ, ਸਚ ਹਦੀਸਾ ਨਾ ਕਦੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲੱਖ ਚੁਰਾਸੀ ਵੇਖ ਦਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਲਏ ਮਾਤ ਅਵਤਾਰਾ । ਨਿਹਕਲੰਕ ਨਰਾਇਣ ਨਰ, ਲਏ ਮਾਤ ਅਵਤਾਰ ਚੌਬੀਸਾ । ਰਸਨਾ ਕਿਸੇ ਨਾ ਸਕੇ ਕਹਿਣ ਦਰ, ਨਾ ਕੋਈ ਗਾਏ ਦੰਦ ਬਤੀਸਾ । ਜੇਰਜ ਖਾਣੀ ਆਤਮ ਸਤਿਆ ਗਈ ਹਰ, ਲੇਖਾ ਚੁੱਕੇ ਰਾਗ ਛੱਤੀਸਾ । ਚਾਰੋਂ ਕੁੰਟ ਆਉਣਾ ਡਰ, ਅੱਲਾ ਰਾਣੀ ਵਿਚ ਉਨੀਸਾ । ਪਏ ਸਿਆਪਾ ਘਰ ਘਰ, ਸੰਮਤ ਅਠਾਰਾਂ ਖਾਲੀ ਖੀਸਾ । ਮਾਈ ਬਾਪਾ ਨਾ ਮਿਲੇ ਵਰ, ਕਰੇ ਕਰਾਏ ਬੀਸ ਇਕੀਸਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਏਕਾ ਛਤਰ ਝੁਲਾਏ ਜਗਤ ਪਿਤ ਜਗਦੀਸ ਆਪਣੇ ਸੀਸਾ । ਜਗਤ ਪਿਤ ਜਗਦੀਸ, ਛਤਰ ਝੁਲਾਵਣਾ । ਲੇਖਾ ਚੁੱਕੇ ਬੀਸ ਇਕੀਸ, ਆਪ ਆਪਣਾ ਰੰਗ ਵਖਾਵਣਾ । ਕਵਣ ਕਰੇ ਪ੍ਰਭ ਤੇਰੀ ਰੀਸ, ਭੇਵ ਕਿਸੇ ਨਾ ਪਾਵਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖਾਂ ਖੋਲ੍ਹੇ ਬੰਦ ਦਰ, ਦੇ ਮਤ ਸ਼ਬਦ ਤੱਤ ਜਗਤ ਭਗਤ ਭਗਤ ਜਗਤ ਆਪ ਸਮਝਾਵਣਾ । ਹਰਿ ਸੰਗਤ ਹਰਿ ਰੰਗ ਮਾਣਿਆ । ਹਰਿ ਦਵਾਰੇ ਹੋਈ ਮੰਗਤ, ਆਪਣਾ ਆਪ ਪਛਾਣਿਆ । ਕਟੇ ਜਗਤ ਦਵਾਰੇ ਭੁੱਖ ਨੰਗਤ, ਦੇਵੇ ਮਾਣ ਨਿਮਾਣਿਆ । ਦਰ ਦਵਾਰੇ ਸਾਚੀ ਪੰਗਤ, ਸਾਚਾ ਦੇਵੇ ਨਾਮ ਖਾਣਿਆ । ਮੇਟ ਮਿਟਾਏ ਰੋਗ ਹੰਗਤ, ਮਾਰੇ ਸੋਹੰ ਤੀਰ ਸੱਚਾ ਬਾਣਿਆ । ਮਾਨਸ ਦੇਹੀ ਨਾ ਹੋਏ ਭੰਗਤ, ਆਪ ਚੁਕਾਏ ਝੂਠੀ ਕਾਣਿਆ । ਇਕ ਚੜ੍ਹਾਏ ਨਾਮ ਰੰਗਤ, ਨਾ ਕੋਈ ਸਕੇ ਜੀਵ ਪਛਾਣਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਸੰਗਤ ਦੇਵੇ ਇਕ ਵਰ, ਧੁਰ ਦਰਗਾਹੀ ਗੁਣਵੰਤਾ ਗੁਣ ਨਿਧਾਨਿਆ । ਨਾਮ ਧੰਨ ਵਰ ਲੈ ਕੇ ਜਾਣਾ, ਪ੍ਰਭ ਸਾਚਾ ਦਇਆ ਕਮਾਇੰਦਾ । ਦੋ ਜਹਾਨੀ ਬਹਿ ਕੇ ਖਾਣਾ, ਆਵਣ ਜਾਵਣ ਗੇੜ ਕਟਾਇੰਦਾ । ਗੁਰ ਸੰਗਤ



੫੧੫ ੦੫

ਸਾਚੀ ਬਹਿ ਕੇ ਜਾਣਾ, ਰੰਗਣ ਰੰਗ ਮਜੀਠ ਚੜ੍ਹਾਇੰਦਾ । ਧੰਨ ਧੰਨ ਧੰਨ ਗੁਰਦੇਵ ਰਸਨਾ ਲਾਈ ਸ਼ਬਦ ਸੇਵ, ਹਰਿ ਹਰਿ ਰਸਨਾ ਕਹਿ ਕੇ ਜਾਣਾ, ਜੋਤ ਨਿਰੰਜਣ ਅਲਖ ਅਭੇਵ, ਵਡ ਦਾਤਾ ਦੇਵੀ ਦੇਵ, ਦੇਵਾ ਦੇਵ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਦੇਵੇ ਸਾਚਾ ਵਰ, ਗੁਰਮੁਖ ਸਾਚੇ ਵਿਦਾ ਕਰਾਇੰਦਾ । ਦੀਰਘ ਰੋਗ ਜਗਤ ਹੈ, ਆਤਮ ਤ੍ਰਿਸ਼ਨਾ ਅੱਗ । ਧਰਮ ਸੰਜੋਗ ਗੁਰੂ ਭਗਤ ਹੈ, ਹਰਿਜਨ ਜਾਏ ਲੱਗ । ਲੇਖੇ ਲਾਏ ਬੂੰਦ ਰਕਤ ਹੈ, ਹੰਸ ਬਣਾਏ ਕਗ । ਆਤਮ ਜੋਤੀ ਦੇਵੇ ਸ਼ਕਤ ਹੈ, ਦਰਸ ਦਿਖਾਏ ਉਪਰ ਸ਼ਾਹਰਗ । ਜੋਤੀ ਜੋਤ ਸਰੂਪ ਹਰਿ, ਆਪੇ ਆਪ ਵਡ ਦਾਤਾ ਸੂਰਾ ਸਰਬਗ । ਜਗਤ ਵਿਕਾਰਾ ਰਸਨਾ ਭੋਗ ਹੈ, ਮਨ ਤਨ ਹਰਿਆ ਜਿਤ । ਗੁਰਦਵਾਰ ਸਦਾ ਵਿਜੋਗ ਹੈ, ਪੰਚ ਖੇਲੇ ਨਿਤ ਨਵਿਤ । ਗੁਰਮੁਖ ਵਿਰਲੇ ਧੁਰ ਸੰਜੋਗ ਹੈ, ਪ੍ਰਭ ਸਾਚਾ ਮਿਲਿਆ ਮਿਤ । ਦੇਵੇ ਦਰਸ ਅਮੋਘ ਹੈ, ਨਾ ਕੋਈ ਜਾਣੇ ਵਾਰ ਥਿਤ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਤਾਰੇ ਕਰ ਕਰ ਹਿੱਤ । ਜਗਤ ਵਿਕਾਰੀ ਅੰਧ ਹੈ, ਅੰਧ ਅੰਧੇਰ ਅਗਿਆਨ । ਪਾਪਾਂ ਆਤਮ ਗੰਦ ਹੈ, ਜੂਠ ਝੂਠ ਨਿਸ਼ਾਨ । ਮਾਇਆ ਮਤੀ ਧਨ ਹੈ, ਸ਼ਬਦ ਭੁੱਲਿਆ ਗੁਣ ਨਿਧਾਨ । ਜਗਤ ਜੰਜਾਲਾ ਹੱਥਕੜੀ ਕੀਤਾ ਬੰਦ ਹੈ, ਤੁਟਿਆ ਮਾਣ ਤਾਣ । ਰਸਨ ਵਿਕਾਰਾ ਮਾਸ ਗੰਦ ਹੈ, ਮਨਮੁਖ ਮੈਲੇ ਖਾਣ । ਸ਼ਬਦ ਸਵਾਸ ਵਰੋਲੇ ਗੁਰਮੁਖ ਬੱਤੀ ਦੰਦ ਹੈ, ਆਪ ਜਣਾਏ ਜਾਣੀ ਜਾਣ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਬ੍ਰਹਮ ਗਿਆਨ । ਜਗਤ ਵਿਕਾਰਾ ਤੱਤ ਹੈ, ਤੱਤ ਦਵਾਰੇ ਨੀਤ । ਗੁਰ ਕੀ ਰਾਹ ਸਤਿ ਹੈ, ਕਰੇ ਕਰਾਏ ਚਰਨ ਪ੍ਰੀਤ । ਚਰਨ ਪ੍ਰੀਤੀ ਸਾਚਾ ਨੱਤ ਹੈ, ਨਾ ਕੋਈ ਦਿਹੁਰਾ ਮੰਦਰ ਮਸੀਤ । ਆਤਮ ਧੀਰਜ ਸਤਿ ਸੰਤੋਖੀ ਯਤ ਹੈ, ਸਦਾ ਸਦ ਰਾਖੇ ਚੀਤ । ਵੇਲੇ ਅੰਤਮ ਰੱਖੇ ਪਤ ਹੈ, ਮਾਨਸ ਦੇਹੀ ਜਾਣਾ ਜੀਤ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਗਾਏ ਸੁਹਾਗੀ ਗੀਤ । ਜਗਤ ਵਿਕਾਰਾ ਕਰਮ, ਜਨ ਕਮਾਇੰਦਾ । ਸ਼ਬਦ ਜੈਕਾਰਾ ਧੰਨ, ਗੁਰਮੁਖ ਦਵਾਰਾ ਮਾਤ ਵਖਾਇੰਦਾ । ਚਾਰ ਵਰਨ ਦਵਾਰਾ ਇਕ ਮਿਟਾਏ ਭਰਮ, ਪੁਰਖ ਅਬਿਨਾਸ਼ੀ ਆਪ ਮਿਟਾਇੰਦਾ । ਲੱਖ ਚੁਰਾਸੀ ਏਕਾ ਬ੍ਰਹਮ, ਬ੍ਰਹਮ ਰੂਪ ਸਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਰੰਗ ਰੰਗਾਇੰਦਾ । ਹਰਿ ਸਾਜਨ ਸੁਖਵੰਤ ਹੈ, ਜੀਵ ਜੰਤ ਅਧਾਰ । ਦਰ ਰਾਜ ਰਾਜਨ ਭਗਤ ਹੈ, ਪਾਰਬ੍ਰਹਮ ਪੁਰਖ ਅਪਾਰ । ਹਰਿਜਨ ਸਾਚਾ ਸੰਤ ਹੈ, ਸੋਹੇ ਗੁਰ ਗੋਬਿੰਦ ਗੁਰ ਚਰਨ ਦਵਾਰ । ਅੰਤਮ ਵੇਲਾ ਜੀਵ ਜੰਤ ਹੈ, ਮਸਤਕ ਧੂੜ ਖ਼ਾਕ ਮਿਲੇ ਜਗਤ ਪਿਆਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵੇ ਦੇਵਣਹਾਰ ਦਾਤਾਰ । ਚਰਨੋਦਕ ਚਰਨ ਧੂੜ ਹਰਿ ਜਨ ਅੰਮ੍ਰਿਤ ਪੀ । ਅੰਮ੍ਰਿਤ ਆਤਮ ਸਾਚਾ ਸਰ, ਸਦਾ ਸਦਾ ਠੰਢਾ ਥੀ । ਇਕ ਵਸਾਏ ਆਪਣਾ ਘਰ, ਲੋਕਮਾਤ ਰਖਾਏ ਨੀਂਹ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਆਤਮ ਬੀਜ ਸਾਚਾ ਬੀ । ਆਤਮ ਬੀਜ ਬੋਏ, ਸ਼ਬਦ ਭਗਵਾਨਿਆ । ਤਨ ਮਨ ਹਰਿਆ ਹੋਏ, ਉਪਜੇ ਬ੍ਰਹਮ ਗਿਆਨਿਆ । ਖੇਲ ਖੇਲ ਸਾਚੀ ਸੋਏ, ਭੁੱਲੇ ਜਗਤ ਨਿਸ਼ਾਨਿਆ । ਅਵਰ ਨਾ ਦੀਸੇ ਹਰਿ ਬਿਨ ਕੋਏ, ਗੋਬਿੰਦ ਗੁਰ ਗੋਬਿੰਦ ਏਕਾ ਧਾਮ ਰਖਾਨਿਆ । ਨੂਰ ਉਜਾਲਾ ਆਤਮ ਹੋਏ, ਅਗਿਆਨ ਅੰਧੇਰਾ ਦੂਰ ਕਰਾਨਿਆ । ਕਰਨੀ ਕਿਰਤ ਕਰੇ ਜੋ ਹੋਏ, ਨਾ ਜਾਣੇ ਜੀਵ ਨਿਧਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,

ਦੇਵੇ ਦਰਸ ਕਰ ਤਰਸ ਮਿਹਰਵਾਨਿਆ । ਮਿਹਰਵਾਨ ਮਿਹਰਵਾਨ ਗੁਰ ਮੀਤ । ਦਇਆਵਾਨ ਦਇਆਵਾਨ ਜਗਤ ਪ੍ਰੀਤ । ਸਦਾ ਸਦਾ ਸਦਾ ਅਟਲ, ਊਚਾਂ ਨੀਚਾਂ ਠਾਂਢਾ ਸੀਤ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਆਤਮ ਦੇਵੇ ਅੰਮ੍ਰਿਤ ਪਤਤ ਪੁਨੀਤ ।।

★ ਪਹਿਲੀ ਮਾਘ ੨੦੧੨ ਬਿਕ੍ਰਮੀ ਮਾਤਾ ਬਿਸ਼ਨ ਕੌਰ ਨਵਿਤ ਹਰਿ ਭਵਤ ਦਵਾਰ ਜੇਠੂਵਾਲ ★

ਪੁਰਖ ਅਗੰਮ ਅਪਾਰ ਅਪਰ ਅਪਾਰਿਆ । ਆਪੇ ਆਪ ਖਸਮ ਖਸਮ ਨਰ ਨਿਰੰਕਾਰਿਆ । ਜੋਤੀ ਨਾਰੀ ਪਿਰਮ ਪਿਆਰੀ ਪਾਵੇ ਆਪੇ ਸਾਰਿਆ । ਤਨ ਸ਼ਿੰਗਾਰੀ ਫੂਲਨਹਾਰੀ ਖੇਲ ਘਰ ਬਾਹਰੀ, ਭੇਵ ਕੋਈ ਨਾ ਪਾ ਰਿਹਾ । ਦੋਹਾਂ ਮੇਲ ਦਰ ਦਰਬਾਰੀ, ਸਤਿ ਸੰਤੋਖੀ ਸਚ ਵਿਹਾਰੀ, ਦੂਸਰ ਨਾ ਕੋਈ ਸੰਗ ਰਖਾ ਰਿਹਾ । ਸਾਚੀ ਸੇਜਾ ਅਪਰ ਅਪਾਰੀ, ਪੁਰਖ ਅਗੰਮਾ ਸਾਚਾ ਕੰਤ ਜੋਤ ਨਿਰੰਜਣ ਸਾਚੀ ਨਾਰੀ, ਏਕਾ ਧਾਮ ਸੁਹਾ ਰਿਹਾ । ਬ੍ਰਹਮ ਪਾਰ ਹਰਿ ਕਰਤਾਰ ਨਿਰਵਿਕਾਰ ਆਪ ਆਪਣਾ ਆਪ ਉਪਾ ਲਿਆ । ਜੋਤੀ ਕੰਤੀ ਕੰਤ ਬੇਅੰਤੀ, ਏਕਾ ਧਾਮ ਸੁਹੰਤੀ, ਏਕਾ ਰੰਗ ਰੰਗਾ ਰਿਹਾ । ਅੰਕ ਅੰਕ ਅੰਕ ਪੁਰਖ ਪੁਰਖ ਪੁਰਖ ਜੋਤੀ ਜੋਤੀ ਨਾਰੀ ਸੁਹਾਇਆ ਦਵਾਰ ਬੰਕ, ਨਾ ਕੋਈ ਜਾਣੇ ਬ੍ਰਹਮ ਵਿਚਾਰੀ । ਆਪ ਆਪਣੀ ਖੇਲ ਕਰੇ ਅੰਕ, ਹਰਿ ਨਰ ਨਰਾਇਣ ਨਿਰੰਜਣ ਨਿਜ਼ ਘਰ ਪਸਰ ਪਸਾਰੀ । ਜੋਤੀ ਜੋਤ ਸਰੂਪ ਹਰਿ, ਸਤਿ ਪੁਰਖ ਨਿਰੰਜਣ ਭੇਵ ਨਾ ਰਾਇਆ, ਆਪੇ ਜਾਣੇ ਆਪਣੀ ਧਾਰੀ । ਜੋਤੀ ਪੁਰਖਾ ਮੇਲ ਮਿਲਾਇਆ । ਪੁਰਖਾ ਜੋਤੀ ਅੰਕ ਸੁਹਾਇਆ । ਅੰਕਾ ਜੋਤੀ ਤਨ ਕਮਾਇਆ । ਪੁਰਖ ਅਬਿਨਾਸ਼ੀ ਦਇਆ ਕਰ, ਸਾਚਾ ਸੁਤ ਇਕ ਉਪਜਾਇਆ । ਅਗਾਧ ਬੋਧ ਬੋਧ ਅਗਾਧਾ ਨਾਉਂ ਰਖਾਇਆ । ਜੋਤੀ ਮਾਤਾ ਖ਼ੁਸ਼ੀ ਮਨਾਈ । ਸੁਤ ਸੁਤ ਸਾਚਾ ਸ਼ਬਦ ਗੋਦ ਉਠਾਈ । ਸਾਚਾ ਸ਼ਬਦ ਪਰਗਟ ਹੋਇਆ, ਮਿਲੀ ਮਾਤ ਵਧਾਈ । ਆਦਿ ਪੁਰਖ ਨਿਰੰਜਣ ਸਵਾਮੀ ਆਪਣੀ ਰਚਨਾ ਆਪ ਰਚਾਈ । ਸ਼ਬਦ ਪੂਤ ਹੋਇਆ ਬਲਵਾਨ । ਲੋਆਂ ਪੁਰੀਆਂ ਇਕ ਧਿਆਨ । ਕੋਈ ਨਾ ਦੀਸੇ ਕਿਸੇ ਨਿਸ਼ਾਨ । ਕੋਈ ਨਾ ਦੀਸੇ ਖਾਣੀ ਬਾਣੀ, ਕੋਈ ਨਾ ਦੀਸੇ ਜ਼ਿਮੀ ਅਸਮਾਨ । ਕੋਈ ਨਾ ਦੀਸੇ ਰਾਜਾ ਰਾਣਾ, ਕੋਈ ਨਾ ਦੀਸੇ ਸ਼ਾਹ ਸੁਲਤਾਨ । ਕੋਈ ਨਾ ਦੀਸੇ ਜੀਵ ਜਹਾਨੀ, ਕੋਈ ਨਾ ਦੀਸੇ ਪੀਣ ਖਾਣ । ਏਕਾ ਏਕ ਪੁਰਖ ਪੁਰਖੋਤਮ ਚਰਨ ਦਾਸੀ ਜੋਤੀ ਨਾਰ । ਸਾਚਾ ਸ਼ਬਦ ਸਾਚਾ ਸੁਤ ਦਰ ਦਿਵਸ ਰੈਣ ਕਰੇ ਪਿਆਰ । ਆਪ ਆਪਣੀ ਰਚਨ ਰਚਾਈ, ਸ਼ਬਦ ਸੁਤ ਕਰੇ ਨਿਮਸਕਾਰ । ਮਾਤਾ ਜੋਤੀ ਦੇਤ ਅਧਾਰ, ਪਿਤ ਪੁਰਖੋਤਮ ਪ੍ਰਭ ਪਾਵੇ ਸਾਰ । ਏਕਾ ਦੇਵੇ ਬਾਲ ਅਧਾਰ । ਜੋਤੀ ਜੋਤ ਸਰੂਪ ਹਰਿ, ਬ੍ਰਹਿਮੰਡ ਖੰਡ ਤੇਰੀ ਪਾਏ ਵੰਡ, ਆਪੇ ਰੱਖੇ ਤੇਰਾ ਅਧਾਰ । ਸਾਚਾ ਸੁਤ ਸੀਸ ਨਿਵਾਏ । ਪੁਰਖ ਅਬਿਨਾਸ਼ੀ ਪਾਰਬ੍ਰਹਮ ਅਚੁੱਤ, ਆਪ ਆਪਣਾ ਸਿਰ ਹੱਥ ਟਿਕਾਏ । ਮਾਤਾ ਜੋਤੀ ਖ਼ੁਸ਼ੀ ਮਨਾਏ । ਸਾਚੀ ਰੁੱਤ ਮਸਤਕ ਟਿੱਕਾ ਸਾਚਾ ਲਾਏ । ਜੋਤੀ ਪੁਰਖਾ ਏਕਾ ਕਰਮਾ ਏਕਾ ਧਰਮਾ ਏਕਾ ਸੁਤ ਏਕਾ ਬ੍ਰਹਮਾ ਬ੍ਰਹਿਮੰਡ ਵਿਚ ਸਮਾਏ । ਸ਼ਬਦ ਸੁਤ ਕਰੀ ਵਿਚਾਰ । ਏਕਾ ਮੰਗਾਂ ਸਾਚੀ ਮੰਗ, ਪ੍ਰਭ ਅਬਿਨਾਸ਼ੀ ਦੇਵੇ ਤਾਰ । ਨਾ ਕੋਈ ਦੀਸੇ ਦੂਜਾ ਸੰਗਾ, ਦੋ ਜਹਾਨਾਂ ਮੀਤ ਮੁਰਾਰ । ਜੋਤੀ ਪੁਰਖਾ ਅੰਗਾ ਸੰਗਾ, ਏਕਾ ਬਖ਼ਸ਼ੇ ਚਰਨ ਪਿਆਰ । ਪੁਰਖ ਅਗੰਮਾ ਸੁਣ ਪੁਕਾਰ, ਸ਼ਬਦ ਸੱਚੀ ਜਣਾਈ । ਸਾਚੇ ਸੁਤ ਕਰ ਅਕਾਰ, ਪ੍ਰਭ ਸਾਚਾ ਰਿਹਾ ਤਕਾਈ । ਤ੍ਰੈਗੁਣ ਮਾਇਆ ਕਰ ਤਿਆਰ, ਧੁਰ ਫ਼ਰਮਾਣਾ

ਇਕ ਸੁਣਾਈ । ਸੁਤ ਸ਼ਬਦ ਕਰੇ ਵਾਪਾਰ, ਨੌਂ ਨਿਧ ਬਣਤ ਬਣਾਈ । ਜੋਤੀ ਜਾਮਾ ਕਰੇ ਨਿਮਸਕਾਰ, ਮਾਤ ਸ਼ਕਤੀ ਵੱਜੇ ਵਧਾਈ । ਤ੍ਰੈਗੁਣ ਮਾਇਆ ਸੱਚਾ ਤੱਤ ਵਿਚਾਰ, ਚਰਨ ਧੂੜ ਦਏ ਮਸਤਕ ਲਾਈ । ਪੁਰਖ ਅਗੰਮੜਾ ਅਗੰਮੜੀ ਕਾਰ, ਆਪਣੀ ਬਣਤ ਰਿਹਾ ਬਣਾਈ । ਸ਼ਬਦ ਸੁਤ ਭਇਆ ਵੈਰਾਗ । ਤ੍ਰੈਗੁਣ ਮਾਇਆ ਕਵਣ ਲਗਾਏ ਜਾਗ । ਦੂਸਰ ਕੋਇ ਦਿਸ ਨਾ ਆਇਆ, ਕਵਣ ਪਕੜੇ ਮੇਰੀ ਵਾਗ । ਜੋਤੀ ਪੁਰਖਾ ਸੁਤ ਨਾ ਜਾਇਆ, ਕੋਈ ਨਾ ਦੂਸਰ ਦੀਸੇ ਰਾਗ । ਜੋਤੀ ਮਾਤਾ ਦੇਵੇ ਮਤ । ਤ੍ਰੈਗੁਣ ਮਾਇਆ ਪ੍ਰਭ ਚਰਨੀ ਨੱਤ । ਪ੍ਰਭ ਚਰਨ ਧੂੜ ਜੋਤੀ ਰਤ । ਜੋਤੀ ਰਤ ਉਪਜੇ ਸਾਚਾ ਸੁਤ । ਸਾਚਾ ਸੁਤ ਮੇਰੇ ਅੰਦਰੇ ਤੱਤ । ਪਿਤਾ ਪੂਤ ਪੁਰਖਾ ਏਕਾ ਏਕ ਯਤ । ਪੁਰਖਾ ਜੋਤੀ ਜੋਤੀ ਪੁਰਖਾ ਏਕਾ ਬੱਧਾ ਸੱਚਾ ਨਤ । ਮਾਤਾ ਸਿਖਿਆ ਸਚ ਦਿਲਾਈ । ਸਾਚੇ ਸੁਤ ਸੇਵ ਕਮਾਈ । ਪੁਰਖ ਅਗੰਮਾ ਚਰਨ ਧੂੜ ਮਸਤਕ ਲਾਈ । ਮਸਤਕ ਧੂੜ ਸਾਚੀ ਸ਼ਾਹੀ ਮਾਤਾ ਜੋਤੀ ਦਏ ਲਗਾਈ । ਮਾਤਾ ਜੋਤੀ ਖ਼ੁਸ਼ੀ ਮਨਾਈ । ਸਾਚਾ ਸੁਤ ਲਏ ਉਪਜਾਈ । ਸਾਚਾ ਸੁਤ ਪਾਰਬ੍ਰਹਮ ਅਚੁਤ ਆਪੇ ਰਿਹਾ ਬਣਾਈ । ਨਾ ਕੋਈ ਜਾਣੇ ਅਧਭੁਤ, ਕਵਲ ਨਾਭੀ ਬਾਹਰ ਕਰਾਈ । ਆਪ ਸੁਹਾਏ ਆਪਣੀ ਰੁੱਤ, ਬ੍ਰਹਮਾ ਪੁੱਤ ਜੋਤੀ ਜਾਈ । ਜੋਤੀ ਪੁਰਖਾ ਆਦਿ ਆਦਿ ਆਦੀ ਆਦਿ ਰਿਹਾ ਬਣਤ ਬਣਾਈ । ਤ੍ਰੈਗੁਣ ਮਾਇਆ ਕਰਮ ਕਮਾਇਆ । ਬ੍ਰਹਮਾ ਸੁਤ ਜੋਤੀ ਜਾਇਆ । ਸ਼ਬਦ ਪੁੱਤ ਖ਼ੁਸ਼ੀ ਮਨਾਇਆ । ਪਾਰਬ੍ਰਹਮ ਅਚੁਤ ਦੇ ਮਤ ਰਿਹਾ ਸਮਝਾਇਆ । ਸਾਚਾ ਮੇਲਾ ਏਕਾ ਘਰ, ਸਾਚੇ ਸ਼ਬਦ ਸੁਣਾਇਆ । ਆਪ ਖੁਲ੍ਹਾਇਆ ਆਪਣੀ ਹੱਥੀਂ ਦਰ ਸਾਚੇ ਮੰਦਰ ਆਪ ਬਹਾਇਆ । ਬ੍ਰਹਮਾ ਭੇਵ ਨਾ ਪਾਵੇ ਸਾਰ, ਕਵਣ ਬਿਧ ਪ੍ਰਭ ਰਿਹਾ ਕਰਾਇਆ । ਸ਼ਬਦ ਸੁਤ ਗਿਆ ਅੰਦਰ ਵੜ, ਭਾਈਆ ਭਾਈਆ ਮੇਲ ਮਿਲਾਇਆ । ਪੁਰਖ ਅਬਿਨਾਸ਼ੀ ਵੇਖੇ ਖੜ, ਸਾਚੀ ਰਚਨਾ ਰਿਹਾ ਰਚਾਇਆ । ਜੋਤੀ ਪੁਰਖਾ ਕੰਤਾ ਨਾਰੀ, ਸੁਤ ਅਸੁਤ ਵੇਖ ਵਿਚਾਰੀ, ਸ਼ਬਦ ਪਰਕਾਸ਼ ਰਿਹਾ ਕਰਾਇਆ । ਸ਼ਬਦ ਸੁਤ ਪ੍ਰਭ ਦਏ ਜਣਾਏ । ਹਰਿ ਸ਼ਬਦ ਲੋਆਂ ਪੁਰੀਆਂ ਦਏ ਮਿਟਾਏ । ਬ੍ਰਹਮਾ ਵੇਖੇ ਖੁਲ੍ਹਾ ਵਿਹੜਾ, ਚਾਰੇ ਮੁਖ ਅੱਠੇ ਨੇਤਰ ਦੂਸਰ ਕੋਈ ਦੀਸੇ ਨਾਹੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਾਰੇ ਹਿਸੇ ਰਿਹਾ ਪਾਏ । ਸ਼ਬਦ ਸੁਤ ਰਸਨਾ ਗਾ ਉਚਾਰੇ । ਚਾਰੇ ਵੇਦ ਬ੍ਰਹਮਾ ਉਪਜਾਏ, ਚਾਰੇ ਜੁਗਾ ਰਖਾਏ । ਸਤਿਜੁਗ ਤ੍ਰੇਤਾ ਦੁਆਪਰ ਜਾਏ । ਕਲਜੁਗ ਅੰਤਮ ਨੇੜੇ ਆਏ । ਪ੍ਰਭ ਅਬਿਨਾਸ਼ੀ ਜਾਮਾ ਪਾਏ । ਜਗਤ ਝੇੜੇ ਰਿਹਾ ਮਿਟਾਏ । ਨਗਰ ਖੇੜੇ ਰਿਹਾ ਢਾਹੇ । ਭਗਤ ਬੇੜੇ ਬੰਨ੍ਹ ਵਖਾਏ । ਸ੍ਰਿਸ਼ਟ ਸਬਾਈ ਉਲਟੇ ਗੇੜੇ ਕਲਜੁਗ ਲਠ ਰਿਹਾ ਗਿੜਾਏ । ਰਾਜ ਰਾਜਾਨਾਂ ਲਏ ਫੜ, ਸ਼ਾਹ ਸੁਲਤਾਨਾਂ ਭੱਠ ਕਰਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅੰਤਮ ਨੱਠ ਨੱਠ, ਘਟ ਘਟ ਅੰਦਰ ਵੇਖ ਵਖਾਏ । ਵੇਖੇ ਚਾਰ ਦਿਵਾਰੀ, ਚਾਰੇ ਜੁਗ ਆਪਾ ਕਿਲ੍ਹਾ ਬਣਾਇਆ ਏ । ਜੂਠੀ ਝੂਠੀ ਚਾਰ ਯਾਰੀ, ਕਾਲੀ ਰੈਣ ਅੰਧ ਅੰਧਿਆਰੀ, ਸਚ ਸੁੱਚ ਨਜ਼ਰ ਨਾ ਆਇਆ ਏ । ਮਾਇਆ ਰਾਣੀ ਦਏ ਬਹਾਰੀ, ਸ੍ਰਿਸ਼ਟ ਸਬਾਈ ਵਹਿੰਦੀ ਧਾਰੀ, ਕੋਈ ਨਾ ਜਾਣੇ ਨਰ ਅਵਤਾਰੀ, ਪ੍ਰਭ ਸਾਚੇ ਭੇਵ ਨਾ ਪਾਇਆ ਏ । ਵੇਲੇ ਅੰਤਮ ਹੋਏ ਖਵਾਰੀ, ਨਾ ਕੋਈ ਦਿਸੇ ਸ਼ਾਹ ਸਵਾਰੀ, ਹਾਹਾਕਾਰ ਜਗਤ ਕਰਾਇਆ ਏ । ਭਗਤ ਜਨਾਂ ਪ੍ਰਭ ਪਾਏ ਸਾਰੀ, ਦਇਆ ਕਮਾਏ ਵਾਰੋ ਵਾਰੀ, ਜੋਤ ਨਿਰੰਜਣ ਕਰ ਉਜਿਆਰੀ, ਸ਼ਬਦ ਸਰੂਪੀ ਰਿਹਾ ਜਗਾਇਆ ਏ । ਸੰਤ ਸੁਹੇਲਾ ਮੀਤ ਮੁਰਾਰੀ, ਕਲਜੁਗ ਮੇਲਾ ਅੰਤਮ ਵਾਰੀ, ਗੁਰ ਚੇਲਾ ਆਪ ਅਖਵਾਇਆ


੫੧੮
੦੫

ਏ । ਉਚੇ ਮੰਦਰ ਢਾਹੇ ਅਟਾਰੀ, ਨਾ ਕੋਈ ਦੀਸੇ ਬੰਕ ਦਵਾਰੀ, ਮਹੱਲ ਅਟਾਰੀ ਨਜ਼ਰ ਨਾ ਆਇਆ ਏ । ਜੀਵ ਜਹਾਨਾ ਹੋਏ ਵਿਭਚਾਰੀ, ਨਾਰ ਦੁਹਾਗਣ ਕੰਤ ਵਿਸਾਰੀ, ਸਾਧ ਸੰਤ ਜੂਏ ਬਾਜੀ ਹਾਰੀ, ਸਾਚੀ ਦਾਦ ਕਿਸੇ ਹੱਥ ਨਾ ਆਇਆ ਏ । ਜਗੇ ਜੋਤ ਅਗੰਮ ਅਪਾਰੀ, ਜਗਤ ਮੁਦਾਰੀ ਕਲਜੁਗ ਤੇਰੀ ਕਾਲੀ ਧਾਰੀ, ਕਾਲਾ ਦਾਗ਼ ਕਿਸੇ ਨਾ ਲਾਹਿਆ ਏ । ਨਰ ਨਰਾਇਣ ਖੇਲ ਅਪਾਰ, ਲਹਿਣਾ ਦੇਣਾ ਵਿਚ ਸੰਸਾਰ, ਭਾਣਾ ਸਹਿਣਾ ਗੁਰ ਚਰਨ ਦਵਾਰ, ਸਾਚਾ ਹੁਕਮ ਸੁਣਾਇਆ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਚੌਥੇ ਜੁਗ ਚਾਰ ਦਿਵਾਰੀ ਆਪੇ ਢਾਹਿਆ ਏ । ਚਾਰ ਜੁਗ ਪ੍ਰਭ ਚਾਕਰੀ, ਜੁਗ ਜੁਗ ਕਰਦਾ ਆਇਆ । ਕਲਜੁਗ ਧਾਰੇ ਭੇਖ ਰੇਖ ਵੇਖ ਕਰਮ ਧਰਮ ਬਿਰਦ ਆਪਣਾ ਰੱਖਦਾ ਆਇਆ । ਸ੍ਰਿਸ਼ਟ ਸਬਾਈ ਵੇਖ ਵੇਖ, ਮਾਨਸ ਦੇਹੀ ਭਗਤ ਜਨਾਂ ਦੇ ਮਤ ਸਮਝਾਵਣ ਆਇਆ । ਅਪਣੀ ਕਿਰਪਾ ਆਪੇ ਕਰਦਾ, ਜੀਵ ਜੰਤ ਸਰਬ ਦੋਸ਼ੀ ਧਰਦਾ, ਬੈਠਾ ਰਹੇ ਸਦ ਖ਼ਾਮੋਸ਼ੀ, ਸ੍ਰਿਸ਼ਟ ਸਬਾਈ ਬੁਲਾਵਣ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਸ਼ਬਦ ਸੁਨੇਹੜਾ ਸਾਚਾ ਗੁਰ ਧੁਰ ਦਰਗਾਹੀ ਲੈ ਕੇ ਆਇਆ । ਧੁਰ ਫ਼ਰਮਾਣਾ ਪ੍ਰਭ ਸਾਚਾ ਮਾਤ ਲਿਆਇਆ ਏ । ਆਪ ਮਿਟਾਏ ਰਾਜਾ ਰਾਣਾ, ਪੜਦਾ ਉਹਲਾ ਰਹਿਣ ਨਾ ਪਾਇਆ ਏ । ਪਕੜ ਉਠਾਏ ਚਤੁਰ ਸੁਜਾਨਾ, ਸਾਧਾਂ ਸੰਤਾਂ ਰਿਹਾ ਸੁਣਾਇਆ ਏ । ਪਰਗਟ ਜੋਤ ਵਾਲੀ ਦੋ ਜਹਾਨਾਂ, ਬ੍ਰਹਮ ਰਿਹਾ ਮਿਲਾਇਆ ਏ । ਮਾਰੇ ਤੀਰ ਇਕ ਨਿਸ਼ਾਨਾ, ਸ਼ਿਵ ਸ਼ੰਕਰ ਸੀਸ ਝੁਕਾਇਆ ਏ । ਜੋਤੀ ਜਗੇ ਹਰਿ ਬਲਵਾਨਾ, ਸੁਰਪਤ ਰਾਜੇ ਇੰਦ ਤਖ਼ਤ ਤਜਾਇਆ ਏ । ਸਰਬ ਜੀਆਂ ਪ੍ਰਭ ਜਾਣੀ ਜਾਣ, ਹਰ ਘਟ ਮੇਂ ਰਿਹਾ ਸਮਾਇਆ ਏ । ਆਪੇ ਜਾਣੇ ਆਪਣਾ ਭਾਣਾ, ਭਾਣੇ ਅੰਦਰ ਲੋਕ ਸਬਾਇਆ ਏ । ਆਪੇ ਜਾਣੇ ਪੀਣਾ ਖਾਣਾ, ਖਾਣਾ ਪੀਣਾ ਆਪ ਬਣਾਇਆ ਏ । ਆਪੇ ਜਾਣੇ ਮਰਨਾ ਜੀਣਾ, ਜੀਣਾ ਮਰਨਾ ਰਚਨ ਰਚਾਇਆ ਏ । ਆਪੇ ਜਾਣੇ ਲੋਕਾਂ ਤੀਨਾਂ, ਤੀਨਾਂ ਲੋਕਾ ਆਪ ਅਪਨਾਇਆ ਏ । ਆਪੇ ਜਾਣੇ ਰਾਮ ਰੁਮੀਕਾ, ਅਵਣਾ ਗਵਣਾ ਭੇਵ ਨਾ ਰਾਇਆ ਏ । ਆਪੇ ਜਾਣੇ ਪਾਤਾਲਾਂ ਭੂਮਿਕਾ, ਭੂਮੀ ਭਰਤਾ ਆਪ ਅਖਵਾਇਆ ਏ । ਆਪ ਜਾਣੇ ਜੋਤੀ ਨੂਰ ਨੂਰਕਾ, ਨੂਰੀ ਨੂਰ ਉਪਾਇਆ ਏ । ਆਪੇ ਜਾਣੇ ਸ਼ਬਦ ਤੂਰ ਤੂਰਕਾ, ਸ਼ਬਦ ਅਧਾਰੀ ਆਪ ਅਖਵਾਇਆ ਏ । ਆਪੇ ਹੋਏ ਆਸਾ ਮਨਸਾ ਪੂਰਨਾ, ਦਇਆਵਾਨ ਸੁਖਦਾਇਆ ਏ । ਆਪੇ ਆਪ ਪ੍ਰਭ ਕਲਾ ਭਰਪੂਰਕਾ, ਭਰਮਾ ਭਰਮ ਮਿਟਾਇਆ ਏ । ਆਪੇ ਆਪ ਨੇੜੇ ਦੂਰਕਾ ਦੂਰੋਂ ਨੇੜੇ ਨੇੜ ਆਇਆ ਏ । ਆਪੇ ਹੋਏ ਜੋਧਾ ਸੂਰਕਾ, ਸੂਰਬੀਰ ਆਪ ਅਖਵਾਇਆ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਸ਼ਬਦ ਸੁਨੇਹੜਾ ਧੁਰ ਦਰਗਾਹੀ ਅੰਤਮ ਮਾਤ ਲੈ ਕੇ ਆਇਆ ਏ । ਸ਼ਬਦ ਸੁਨੇਹੜਾ ਲੈ ਕੇ ਆਇਆ, ਦੇਵੇ ਰਾਜ ਰਾਜਾਨਾ ਨੂੰ । ਧੁਰ ਦਰਗਾਹੀ ਕਹਿ ਕੇ ਆਇਆ, ਮੇਟਾਂ ਜਗਤ ਨਿਸ਼ਾਨਾਂ ਨੂੰ । ਸੋਲਾਂ ਕਲਾਂ ਕਲ ਲੈ ਕੇ ਆਇਆ, ਚਾਰ ਭੁਜਾਂ ਬਲੀ ਬਲਵਾਨਾ ਨੂੰ । ਸਾਚੇ ਤਖ਼ਤ ਸਿੰਘਾਸਣ ਬਹਿ ਕੇ ਆਇਆ, ਆਪੇ ਜਾਣੇ ਆਪਣੇ ਕਾਮਾ ਨੂੰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪੇ ਜਾਣੇ ਆਪਣੀ ਸ਼ਾਨਾਂ ਨੂੰ । ਰਾਜ ਰਾਜਾਨਾਂ ਦਏ ਜਗਾਏ, ਪ੍ਰਭ ਫੇਰਾ ਮਾਤ ਪਾਇਆ ਏ । ਸ਼ਹਾ ਸੁਲਤਾਨਾਂ ਦਏ ਉਠਾਏ, ਸ਼ਬਦ ਡੰਡਾ ਹੱਥ ਉਠਾਇਆ ਏ । ਪਹਿਲੀ ਚੇਤਰ ਖ਼ੁਸ਼ੀ ਮਨਾਏ, ਸੰਗਰੂਰੀਂ ਚਰਨ ਛੁਹਾਉਣਾ ਏ । ਦੂਜੀ ਚੇਤਰ ਧਰਮ ਕਮਾਏ, ਸ਼ਾਹ ਪਟਿਆਲ ਹਿਲਾਉਣਾ ਏ । ਤੀਜੀ

ਚੇਤਰ ਜੋਤ ਜਗਾਏ, ਫਰੀਦਕੋਟ ਹਿਲਾਉਣਾ ਏ । ਚੌਥੀ ਚੇਤਰ ਖੇਲ ਰਚਾਏ, ਸਿੰਘ ਈਸ਼ਰ ਫੜ ਜਗਾਉਣਾ ਏ । ਪੰਚਮ ਚੇਤਰ ਭਰਮ ਮਿਟਾਏ, ਸਿੰਘ ਰਣਧੀਰ ਭਰਮ ਮਿਟਾਉਣਾ ਏ । ਛੇਵੇਂ ਚੇਤਰ ਕਰਮ ਕਮਾਏ, ਸਿੰਘ ਮਿਹਰ ਪ੍ਰਭ ਕਾਇਆ ਖੇਤਰ ਫੋਲ ਫੁਲਾਉਣਾ ਏ । ਸੱਤਵੇਂ ਚੇਤਰ ਸਤਿ ਪੁਰਖ ਨਿਰੰਜਣ, ਕਪੂਰਥਲਾ ਵਕਤ ਸੁਹਾਉਣਾ ਏ । ਅੱਠਵੇਂ ਚੇਤਰ ਵੇਖੇ ਨੇਤਰ, ਤਟ ਬਿਆਸਾ ਮੇਟ ਮਿਟਾਉਣਾ ਏ । ਨਾਵੇਂ ਚੇਤਰ ਲਾਏ ਚਿਤ, ਸਿੰਘ ਤੇਜਾ ਲਾਭ ਉਠਾਨਾ ਏ । ਸੈਦ ਪੁਰੇ ਦੀ ਲਾਹੇ ਵਿੱਸ, ਪ੍ਰਭ ਸਾਚੇ ਕਰਮ ਕਮਾਣਾ ਏ । ਦਸਵੇਂ ਚੇਤਰ ਦਹਿ ਦਿਸ਼ ਧਾਰ, ਦਾਸ ਹਰਨਾਮ ਤੇਰੀ ਪਾਵੇ ਸਾਰ, ਸਿੰਘ ਹਰਨਾਮ ਆਪ ਹਿਲਾਣਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਰਚਨ ਰਚਾਣਾ ਏ । ਪਹਿਲੀ ਅੱਸੂ ਆਸ ਰਖਾਉਣੀ, ਸਿੰਘ ਪਰਤਾਪ ਸੁਰਤ ਜਗਾਉਣੀ । ਦੂਜੀ ਅੱਸੂ ਸ਼ਬਦ ਜਗਾਉਣੀ, ਸਿੰਘ ਕਿਰਪਾਲ ਖ਼ੁਸ਼ੀ ਮਨਾਉਣੀ । ਤੀਜੀ ਅਸੂ ਦਰਸ ਅਪਾਰ, ਚਰਨ ਛੁਹਾਏ ਦਿੱਲੀ ਦਰਬਾਰ । ਆਪ ਆਪਣੀ ਜਾਣੇ ਸਾਰ । ਪੰਚਮ ਸਿੱਖ ਕਰੇ ਪਿਆਰ । ਛੇਵਾਂ ਲੇਖਣੀ ਲਿਖਣਹਾਰ । ਸੱਤਵਾਂ ਰੱਖੇ ਸਾਂਝਾ ਯਾਰ । ਦੂਸਰ ਨਾ ਕੋਈ ਮੀਤ ਮੁਰਾਰ । ਨਾ ਕੋਈ ਸਕਾ ਸੁਹੇਲਾ ਨਾਰੀ ਨਾਰ । ਸਰਬ ਜੀਆਂ ਪ੍ਰਭ ਆਪੇ ਦਾਤਾ, ਦੇਵਣਹਾਰ ਸਰਬ ਸੰਸਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਧਾਰ । ਦਇਆਵਾਨ ਦਇਆਵਾਨ ਦਇਆਵਾਨ ਸਰਬ ਸੁਖਦਾਈਆ । ਭਗਵਾਨ ਭਗਵਾਨ ਭਗਵਾਨ ਹਰਿ ਅਖਵਾਈਆ । ਜੀਆ ਦਾਨ ਜੀਆ ਦਾਨ ਜੀਆ ਦਾਨ ਸਰਬ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਰੀਤੀ ਆਪਣੇ ਹੱਥ ਰਖਾਈਆ । ਸਰਬ ਕਲਾ ਸਮਰਥ ਹਰਿ ਰਘੁਬੰਸਿਆ । ਆਪ ਬਣਾਏ ਸਾਚਾ ਬੰਸਾ, ਵਿਸ਼ਨੂੰ ਵੰਸ ਜਗਤ ਸਰਬੰਸਾ, ਦੁਸ਼ਟ ਸੰਘਾਰੇ ਜਿਉਂ ਕਾਹਨਾ ਕੰਸਾ, ਭਗਤ ਅਧਾਰੇ ਵਿਚ ਸਹੰਸਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਗੁਣਵੰਤ ਗੁਣਵੰਤਿਆ । ਅਸੂ ਤਿੰਨ ਧਰਮ ਦਵਾਰ, ਪ੍ਰਭ ਸਾਚਾ ਦਇਆ ਕਮਾਏ । ਸ਼ਬਦ ਸੀਸ ਜਗਦੀਸ ਪ੍ਰਭ ਕਰ ਤਿਆਰ, ਵਾਲੀ ਹਿੰਦ ਫੜਾਏ । ਸੋਹੰ ਤਾਜ ਨੌਂ ਖੰਡ ਪ੍ਰਿਥਮੀ ਰਾਜ ਸਚ ਨਿਸ਼ਾਨ ਰਖਾਏ । ਕਰਮ ਅਵਾਜ਼ ਰੱਖੇ ਲਾਜ, ਸਤਿ ਸਤਵੰਤ ਕਰਾਏ । ਪਰਗਟ ਜੋਤੀ ਦੇਸ ਮਾਝ, ਸ੍ਰਿਸ਼ਟ ਸਬਾਈ ਸਵਾਰੇ ਰਾਜ, ਸ੍ਰਿਸ਼ਟ ਸਬਾਈ ਡੋਰੀ ਆਪਣੇ ਹੱਥ ਰਖਾਏ । ਭਾਰਤ ਖੰਡ ਤੇਰੀ ਰੱਖੇ ਲਾਜ, ਨਿਹਕਲੰਕ ਜੋਤ ਜਗਾਏ । ਜੋਤੀ ਜੋਤ ਸਰੂਪ ਹਰਿ, ਸਤਿਜੁਗ ਹਰਿ ਭਗਤ ਦੇ ਮਤ ਆਪ ਸਮਝਾਏ । ਸੋਹੰ ਤਾਜ ਹਰਿ ਬਣਾਉਣਾ । ਅੱਖਰ ਵੱਖਰ ਚਾਰ, ਸਾਚਾ ਕਾਜ ਆਪ ਕਰਾਉਣਾ । ਜਾਏ ਦਿੱਲੀ ਦਰਬਾਰ, ਜਗਤ ਸਾਂਝ ਇਕ ਵਖਾਉਣਾ । ਚਾਰ ਵਰਨ ਇਕ ਪਿਆਰ, ਜੋਤੀ ਜੋਤ ਸਰੂਪ ਹਰਿ, ਸਾਚਾ ਰਾਜ ਇਕ ਕਰਾਉਣਾ । ਊਚਾਂ ਨੀਚਾਂ ਭੇਵ ਨਿਵਾਰ, ਵਰਨ ਗੋਤ ਜ਼ਾਤੀ ਪਾਤੀ ਭਰਮ ਮਿਟਾਣਾ । ਇਕ ਕਰਾਉਣਾ ਜੈ ਜੈਕਾਰ, ਧੁਰ ਦਰਗਾਹੀ ਧੁਰ ਫ਼ਰਮਾਣਾ । ਕਰੇ ਕਰਾਏ ਖ਼ਬਰਦਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵੇਖੇ ਖੇਲ ਨਰ ਨਿਰੰਕਾਰ । ਦੂਸਰ ਵਸਤ ਇਕ ਅਮੋਲ, ਪੁਰਖ ਅਬਿਨਾਸ਼ੀ ਰੱਖੇ ਕੋਲ । ਸੋਹੰ ਸ਼ਬਦ ਸਦਾ ਅਡੋਲ । ਦੋ ਜਹਾਨੀ ਰਿਹਾ ਪੜਦੇ ਖੋਲ੍ਹ । ਭਗਤ ਸੁਹੇਲੇ ਦੱਸੇ ਬੋਲ । ਇਕ ਇਕੇਲੇ ਪੜਦੇ ਖੋਲ੍ਹ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਤੋਲੇ ਪੂਰੇ ਤੋਲ, ਹਰਿ ਨਿਸ਼ਾਨਾ ਹਰਿ ਬਣਾਉਣਾ । ਸੋਹੰ ਉਪਰ ਲੇਖ ਲਿਖਾਉਣਾ । ਕਾਲੀ ਧਾਰ ਨਾਲ ਜੁੜਾਉਣਾ । ਚਿੱਟਾ ਅੱਖਰ ਆਪੇ ਪਾਉਣਾ । ਕਰ ਕਰ ਵੱਖਰ, ਲੋਕਮਾਤੀ ਵਿਚ ਰਖਾਉਣਾ । ਜੋਤੀ

ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਰੰਗ ਵਖਾਉਣਾ । ਕਿਰਪਾ ਕਰੇ ਤੀਜੀ ਵਾਰ । ਜੋਤ ਸਰੂਪੀ ਅਪਰ ਅਪਾਰ । ਚਿੱਟਾ ਜੋੜਾ ਹਰਿ ਦਾਤਾਰ । ਨਾ ਮਿੱਠਾ ਨਾ ਦਿਸੇ ਕੌੜਾ, ਸਰਬ ਜੀਆਂ ਦਾ ਸਾਂਝਾ ਯਾਰ । ਧੁਰ ਦਰਗਾਹੀ ਏਕਾ ਪੌੜਾ, ਊਚਾਂ ਨੀਚਾਂ ਦਏ ਨਿਵਾਰ । ਧੁਰ ਦਰਗਾਹੀ ਆਏ ਦੌੜਾ, ਵੇਖੇ ਖੇਲ ਅਪਰ ਅਪਾਰ । ਪਰਗਟ ਹੋਏ ਬ੍ਰਾਹਮਣ ਗੌੜਾ, ਨਿਹਕਲੰਕਾ ਨਰ ਅਵਤਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਬੀਸ ਇਕੀਸਾ ਹਰਿ ਜਗਦੀਸਾ ਚਰਨ ਛੁਹਾਏ ਦਇਆ ਕਮਾਏ, ਜੋਤ ਸਰੂਪੀ ਜਾਮਾ ਧਾਰ । ਚੌਥਾ ਰੰਗ ਰੰਗ ਕਰਾਏ । ਸ਼ਬਦ ਮਰਦੰਗ ਇਕ ਵਜਾਏ ਗਊ ਗਰੀਬ ਨਿਮਾਣਿਆ ਭੁੱਖ ਨੰਗ ਕੱਟ ਵਖਾਏ । ਆਪ ਜਣਾਏ ਸ਼ਾਹ ਸੁਲਤਾਨਾਂ, ਰਾਜੇ ਰਾਣਿਆ ਸ੍ਰਿਸ਼ਟ ਸਬਾਈ ਸੰਗ ਰਖਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਘੋੜੇ ਤੰਗ ਕਸਾਏ । ਸ਼ਬਦ ਘੋੜਾ ਕਰ ਤਿਆਰ । ਸੋਹੰ ਡੰਡਾ ਫੜੇ ਹੱਥ ਸਰਕਾਰ । ਨੌਂ ਖੰਡ ਪ੍ਰਿਥਮੀ ਪਾਏ ਵੰਡਾਂ, ਖਿੱਚੀ ਜਾਏ ਵਾਰੋ ਵਾਰ । ਵੇਖ ਵਖਾਏ ਜੇਰਜ ਅੰਡਾ, ਕੋਈ ਨਾ ਕਰੇ ਮਾਤ ਉਧਾਰ । ਮੇਟ ਮਿਟਾਏ ਭੇਖ ਪਖੰਡਾ, ਵਰਨਾਂ ਬਰਨਾਂ ਵਸੇ ਬਾਹਰ । ਕਲਜੁਗ ਤੇਰਾ ਅੰਤਮ ਕੰਢਾ, ਵਾਲੀ ਹਿੰਦ ਕਰੇ ਖ਼ਬਰਦਾਰ । ਇਕ ਵਖਾਏ ਸਾਚੀ ਵੰਡਾ, ਸ਼ਬਦ ਡੰਡਾ ਦਿੱਲੀ ਦਰਬਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚੌਥੇ ਘਰ ਚਾਰ ਦਿਵਾਰ । ਪੰਚਮ ਪੰਚਾਂ ਲੇਖ ਲਿਖਾਉਣਾ । ਸ਼ਬਦ ਕਮਾਨ ਇਕ ਵਖਾਉਣਾ । ਜੀਵ ਜਹਾਨੀ ਭੇਵ ਨਾ ਪਾਉਣਾ । ਰਾਜ ਰਾਜਾਨਾਂ ਮੁਖ ਛੁਪਾਉਣਾ । ਸ਼ਾਹ ਸੁਲਤਾਨਾਂ ਦੁੱਖ ਉਠਾਉਣਾ । ਆਪ ਆਪਣੀ ਜੋਤ ਧਰ, ਉਜਲ ਮੁਖ ਜਗਤ ਕਰਾਉਣਾ । ਭਗਤ ਜਨਾਂ ਹਰਿ ਦੇਵਣਹਾਰ, ਦੇਵੇ ਮਾਤ ਵਡਿਆਈਆ । ਇਹ ਬਣਾਏ ਸ਼ਬਦ ਸ਼ਿੰਗਾਰ, ਸਾਚਾ ਲੇਖ ਰਿਹਾ ਲਿਖਾਈਆ । ਤ੍ਰੈ ਕੁੰਟ ਵੇਖੇ ਵੇਖ ਵਿਚਾਰ, ਚੌਥੀ ਨਾਭ ਆਪ ਰਖਾਈਆ । ਉਪਰ ਰਖੇ ਸੋਹੰ ਧਾਰ, ਅਚਰਜ ਬਣਤ ਬਣਾਈਆ । ਆਪੇ ਵਸੇ ਅੱਧਵਿਚਕਾਰ, ਵਿਸ਼ਨੂੰ ਰੂਪ ਵਟਾਈਆ । ਭਗਵਨ ਜੋਤੀ ਨਰ ਨਿਰੰਕਾਰ, ਜੋਤ ਸਰੂਪ ਆਪ ਅਖਵਾਈਆ । ਵਰਨ ਗੋਤੀ ਵਸੇ ਬਾਹਰ, ਸਾਚਾ ਲੇਖਾ ਰਿਹਾ ਲਿਖਾਈਆ । ਕੰਚਨ ਅੱਖਰ ਕਰ ਤਿਆਰ, ਪੁਰਖ ਅਬਿਨਾਸ਼ੀ ਪਹਿਲੀ ਵਾਰ ਦਿੱਲੀ ਦਰਬਾਰ ਭੇਟ ਚੜ੍ਹਾਈਆ । ਪਰਗਟ ਹੋਵੇ ਨਰ ਨਿਰੰਕਾਰ, ਬੀਸ ਇਕੀਸਾ ਪਾਵੇ ਸਾਰ ਹਰਿ ਰਘੁਰਾਈਆ । ਛਤਰ ਝੁਲਾਏ ਅਪਰ ਅਪਾਰ, ਮਾਣਕ ਮੋਤੀ ਜੋੜ ਜੁੜਾਈਆ । ਗੁਰਮੁਖ ਸੋਹੇ ਚਰਨ ਦਵਾਰ, ਧੁਰ ਫ਼ਰਮਾਣਾ ਇਕ ਸੁਣਾਈਆ । ਰਾਓ ਰੰਕ ਨਾ ਕੋਈ ਵਿਚਾਰ, ਰਾਜਾ ਰਾਣਾ ਕੋਈ ਦਿਸ ਨਾ ਆਈਆ । ਜੋਤ ਨਿਰੰਜਣ ਇਕ ਅਕਾਰ, ਸਰਬ ਨਿਮਾਣਾ ਜੀਵ ਅਖਵਾਈਆ । ਤਨ ਪਹਿਨਾਏ ਸ਼ਬਦ ਕਟਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅਚਰਜ ਰੀਤ ਮਾਤ ਚਲਾਈਆ । ਦੇਵੇ ਵਸਤ ਘਰ ਸਾਚੇ ਦਾਤ, ਰਖਣੀ ਮਾਤ ਸੰਭਾਲ । ਬੀਸ ਇਕੀਸਾ ਪੁੱਛੇ ਵਾਤ, ਸ੍ਰਿਸ਼ਟ ਸਬਾਈ ਖਾਏ ਕਾਲ । ਪਰਗਟ ਹੋਏ ਕਮਲਾਪਾਤ, ਤੋੜ ਤੁੜਾਏ ਜਗਤ ਜੰਜਾਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਜਾਣੇ ਆਪਣੀ ਚਾਲ । ਜਗਤ ਕਰਾਏ ਕਾਜ ਦੇਸ ਮਾਝਿਆ । ਜਨ ਭਗਤ ਲਗਾਏ ਅਵਾਜ਼, ਸੋਹੰ ਸਾਜਨ ਸਾਜਿਆ । ਲੋਕਮਾਤ ਰਖਾਏ ਲਾਜ, ਪਰਗਟ ਹੋਏ ਸੀਸ ਸ਼ਬਦ ਰਖਾਏ ਸਾਚਾ ਤਾਜਿਆ । ਵੇਲੇ ਅੰਤਮ ਰੱਖੇ ਲਾਜ, ਸ੍ਰਿਸ਼ਟ ਸਬਾਈ ਪਏ ਭਾਜਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦੇਵੇ ਸ਼ਬਦ ਸੱਚਾ ਦਾਜ ਦਾਜਿਆ । ਕਾਜ ਰਚਾਇਆ ਜਗਤ ਪ੍ਰਭ, ਸੋਹੰ ਤੇਲ ਚੜ੍ਹਾਉਂਦਾ ਏ । ਰਾਜ ਰਾਜਾਨਾਂ

੫੨੧ ੦੫

ਲਾਹੇ ਤਾਜ, ਪ੍ਰਭ ਧਰਮ ਰਾਏ ਜੇਲ ਵਖਾਉਂਦਾ ਏ । ਕੋਈ ਨਾ ਰੱਖੇ ਕਿਸੇ ਲਾਜ, ਕਲਜੁਗ ਕਾਲੀ ਰੇਖ ਵਖਾਉਂਦਾ ਏ । ਆਪ ਭੁਲਾਏ ਕਰ ਵਲ ਛਲ, ਅਛਲ ਅਛਲੀਆ ਆਪ ਅਖਵਾਉਂਦਾ ਏ । ਵੇਖ ਵਖਾਏ ਜਲ ਥਲ, ਜਲਾਂ ਥਲਾਂ ਵਿਚ ਸਮਾਉਂਦਾ ਏ । ਫਲ ਨਾ ਦਿਸੇ ਕਿਸੇ ਡਾਲ੍ਹ, ਕਾਇਆ ਸਿੰਮਲ ਨਜ਼ਰੀ ਆਉਂਦਾ ਏ । ਗੁਰਮੁਖ ਵਿਰਲਾ ਸੋਹੇ ਸਾਚੇ ਧਾਮ, ਪ੍ਰਭ ਅਬਿਨਾਸ਼ੀ ਰਸਨਾ ਗਾਉਂਦਾ ਏ । ਸਾਚਾ ਰਾਗ ਸੁਣੇ ਕਾਨ, ਭਾਂਡਾ ਭਰਮ ਭੰਨਾਉਂਦਾ ਏ । ਅੰਤਮ ਲੇਖਾ ਚੁੱਕੇ ਜਨ, ਸਾਚਾ ਧਨ ਪ੍ਰਭ ਝੋਲੀ ਪਾਉਂਦਾ ਏ । ਆਪਣਾ ਬੇੜਾ ਲਏ ਬੰਨ੍ਹ, ਮਾਨਸ ਦੇਹੀ ਲੇਖੇ ਲਾਉਂਦਾ ਏ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਕਲਜੁਗ ਤੇਰਾ ਰਚਿਆ ਕਾਜ, ਜੂਠਾ ਝੂਠਾ ਲੱਖ ਚੁਰਾਸੀ ਅੰਤ ਮਿਟਾਉਂਦਾ ਏ । ਲੱਖ ਚੁਰਾਸੀ ਚੁੱਕਣਾ ਭਾਰ, ਵੇਲਾ ਅੰਤਮ ਆਇਆ ਏ । ਨਾਤਾ ਤੁੱਟੇ ਮੀਤ ਮੁਰਾਰ, ਨਾ ਕੋਈ ਦੀਸੇ ਸਾਂਝਾ ਯਾਰ, ਚਾਰੋਂ ਕੁੰਟ ਦਿਸੇ ਪਾਸਾ ਹਾਰ, ਲਹਿਣਾ ਦੇਣਾ ਨਾ ਕੋਇ ਰਿਹਾ ਚੁਕਾਇਆ ਏ । ਮਾਤ ਪਿਤ ਨਾ ਕੋਇ ਸਹਾਰ, ਸਗਲਾ ਸਾਥ ਪ੍ਰਭ ਤਜਾਇਆ ਏ । ਅੰਤਮ ਰੋਣਾ ਧਾਹਾਂ ਮਾਰ, ਪੁਰਖ ਅਬਿਨਾਸ਼ੀ ਦਿਸ ਨਾ ਆਇਆ ਏ । ਗੁਰਮੁਖਾਂ ਕਰੇ ਹਰਿ ਪਿਆਰ, ਸ਼ਬਦ ਗੋਦੀ ਆਪ ਉਠਾਇਆ ਏ । ਸੋਲਾਂ ਕਰੇ ਤਨ ਸ਼ਿੰਗਾਰ, ਆਪ ਆਪਣਾ ਰੰਗ ਰੰਗਾਇਆ ਏ । ਵੇਖੇ ਪਰਖੇ ਪਰਖਣਹਾਰ, ਮਨਮੁਖ ਗੁਰਮੁਖ ਥਾਉਂ ਥਾਈਂ ਬਹਾਇਆ ਏ । ਆਪੇ ਰੱਖੇ ਰੱਖਣਹਾਰ, ਜਿਸ ਜਨ ਚਰਨ ਕਵਲ ਚਿਤ ਲਾਇਆ ਏ । ਪਾਰਬ੍ਰਹਮ ਬ੍ਰਹਮ ਰੂਪ ਅਪਾਰ, ਉਪਰ ਧਵਲੀ ਜੋਤ ਜਗਾਇਆ ਏ । ਕਲਜੁਗ ਤੇਰਾ ਅੰਤਮ ਕਰਮ ਵਿਚਾਰ, ਕਿਸ਼ਨਾ ਸਵਲਾ ਰੂਪ ਵਟਾਇਆ ਏ । ਸ਼ਬਦ ਫੜੇ ਪ੍ਰਭ ਹੱਥ ਕਟਾਰ, ਨਾਭੀ ਕਵਲੀ ਰਿਹਾ ਭੁਵਾਇਆ ਏ । ਅੰਮ੍ਰਿਤ ਦੇਵੇ ਠੰਡੀ ਧਾਰ, ਗੁਰਮਖਾਂ ਮੁਖ ਚੁਆਇਆ ਏ । ਸਾਚਾ ਕਰੇ ਸ਼ਬਦ ਪਿਆਰ, ਦਸਮ ਦਵਾਰੀ ਰਾਹ ਵਖਾਇਆ ਏ । ਸਚ ਦਵਾਰੀ ਮਹੱਲ ਅਪਾਰ, ਚਾਰੋਂ ਕੁੰਟ ਹੋਏ ਰੁਸ਼ਨਾਇਆ ਏ । ਦੀਪਕ ਜੋਤੀ ਇਕ ਉਜਿਆਰ, ਤੇਲ ਬਾਤੀ ਨਾ ਕੋਈ ਟਿਕਾਇਆ ਏ । ਧੂਪ ਦੀਪ ਨਾ ਕਰ ਵਿਚਾਰ, ਸੁਗੰਧੀ ਸੋਹੰ ਸੋ ਪਾਇਆ ਏ । ਪਵਣ ਧੂੰਆਂ ਸਾਚੀ ਧਾਰ, ਸੀਸ ਛਤਰ ਝੁਲਾਇਆ ਏ । ਸ਼ਬਦ ਸਿੰਘਾਸਣ ਬੈਠ ਦਾਤਾਰ, ਆਪਣਾ ਰੂਪ ਵਟਾਇਆ ਏ । ਅਗੰਮ ਅਗੰਮੀ ਕਰੇ ਕਾਰ, ਹੱਡ ਮਾਸ ਨਾੜੀ ਚੰਮੀ ਡੇਰਾ ਲਾਇਆ ਏ । ਜੋਤ ਨਿਰੰਜਣ ਕਦੇ ਮਰੀ ਨਾ ਕਦੇ ਜੰਮੀ, ਕਪਾਲ ਘਾਟ ਏਕਾ ਆਪਣਾ ਰਾਹ ਵਖਾਇਆ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਾਇਆ ਮੰਦਰ ਅੰਦਰ ਵੇਖੇ ਚੌਦਾਂ ਹਾਟ, ਸਾਚਾ ਹੱਟ ਇਕ ਰਖਾਇਆ ਏ । ਸਾਚਾ ਹੱਟ ਸ਼ਬਦ ਵਣਜਾਰਾ, ਗੁਰ ਪੂਰਾ ਆਪ ਕਰਾਇੰਦਾ । ਆਪ ਕਰਾਏ ਇਕ ਵਾਪਾਰਾ, ਮੋਲ ਅਮੋਲਾ ਝੋਲੀ ਪਾਇੰਦਾ । ਅੰਦਰ ਬਾਹਰ ਦਏ ਸਹਾਰਾ, ਗੁਪਤ ਜਾਹਰਾ ਅੰਕ ਸਮਾਇੰਦਾ । ਸਚ ਝਕੋਲਾ ਦਏ ਹੁਲਾਰਾ, ਅਵਣ ਗਵਣ ਪਾਰ ਕਰਾਇੰਦਾ । ਸੋਹੰ ਬੋਲਾ ਸਤਿਜੁਗ ਤੇਰਾ ਜੈ ਜੈਕਾਰਾ, ਚਾਰ ਵਰਨਾਂ ਇਕ ਕਰਾਇੰਦਾ । ਆਪੇ ਬੰਨ੍ਹੇ ਆਪਣੀ ਧਾਰਾ, ਦੂਸਰ ਕੋਈ ਨਾ ਸੰਗ ਰਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਘੋੜਾ ਸੰਗ ਰਖਾਇੰਦਾ । ਸ਼ਬਦ ਘੋੜਾ ਹਰਿ ਦਾਤਾਰ, ਚਾਰੋਂ ਕੁੰਟ ਦੁੜਾਇੰਦਾ । ਸ਼ਬਦ ਫੜ ਹੱਥ ਤੀਰ ਕਟਾਰ, ਦੋ ਧਾਰਾਂ ਆਪ ਕਰਾਇੰਦਾ । ਗੁਰਮੁਖਾਂ ਮੇਲਾ ਮੀਤ ਮੁਰਾਰ, ਮਨਮੁਖਾਂ ਅੰਤ ਮਿਟਾਇੰਦਾ । ਏਕਾ ਸਾਚਾ ਸੁਖਾ, ਅੰਮ੍ਰਿਤ ਆਤਮ ਧਾਰ, ਹਉਮੇ ਰੋਗ ਗਵਾਇੰਦਾ । ਉਜਲ ਹੋਏ ਮਾਤ ਮੁਖਾ, ਚਿੰਤਾ ਸੋਗ ਮਿਟਾਇੰਦਾ ।

ਮਾਤ ਗਰਭ ਨਾ ਉਲਟਾ ਰੁਖ਼ਾ, ਲੱਖ ਚੁਰਾਸੀ ਫੰਦ ਕਟਾਇੰਦਾ । ਕਵਲ ਚਰਨ ਚਰਨ ਕਵਲ ਜੋ ਜਨ ਭੁੱਖਾ, ਪ੍ਰਭ ਨੇਤਨ ਨੇਤ ਕਾਇਆ ਖੇਤ ਤੀਜੇ ਲੋਚਨ ਦਰਸ਼ਨ ਪਾਇੰਦਾ । ਸੁਫਲ ਕਰਾਏ ਮਾਤ ਕੁੱਖਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚੇਤਨ ਚੇਤ ਆਪ ਅਖਵਾਇੰਦਾ । ਹਰਿ ਸੱਚਾ ਸ਼ਾਹ ਸੁਲਤਾਨ, ਸ਼ਬਦ ਜਣਾਈਆ । ਪਰਗਟ ਹੋਇਆ ਹਰਿ ਮਿਹਰਵਾਨ, ਦੇ ਮਤ ਰਿਹਾ ਸਮਝਾਈਆ । ਇਕ ਬਣਾਏ ਧਰਮ ਨਿਸ਼ਾਨ, ਸੱਤਾਂ ਦੀਪਾਂ ਨਾਉਂ ਲਿਖਾਈਆ । ਵੇਖੇ ਖੇਲ ਵਾਲੀ ਦੋ ਜਹਾਨ, ਨੌਂ ਖੰਡਾਂ ਵੰਡ ਵੰਡਾਈਆ । ਪਰਗਟ ਹੋਏ ਸਾਚਾ ਕਾਹਨ, ਬ੍ਰਹਿਮੰਡਾਂ ਤਾਜ ਸੁਹਾਈਆ । ਸ਼ਬਦ ਫੜੇ ਤੀਰ ਕਮਾਨ, ਸੋਹੰ ਡੰਡਾ ਹੱਥ ਉਠਾਈਆ । ਚਿੱਟਾ ਜੋੜਾ ਨੌਜਵਾਨ, ਸ਼ਬਦ ਘੋੜਾ ਵਾਗ ਉਠਾਈਆ । ਪੰਚਮ ਬਹੁੜਾ ਗੁਣ ਨਿਧਾਨ, ਪੰਚਮ ਟਿੱਕਾ ਮਸਤਕ ਲਾਈਆ । ਆਪੇ ਵੇਖੇ ਮਿੱਠਾ ਕੌੜਾ, ਰਾਜ ਰਾਜਾਨ ਸ਼ਾਹ ਸੁਲਤਾਨ ਵਡ ਦਾਤਾ ਬੇਪਰਵਾਹੀਆ । ਪੰਚਮ ਨਿਸ਼ਾਨਾ ਹਰਿ ਗੋਬਿੰਦ, ਆਪਣੇ ਰੰਗ ਰਖਾਇਆ ਏ । ਵਿਚ ਜਹਾਨਾਂ ਸਾਚੀ ਬਿੰਦ, ਹਰਿ ਭਗਤ ਰਿਹਾ ਉਪਾਇਆ ਏ । ਸ਼ਬਦ ਵਹਾਏ ਧਾਰ ਸਾਗਰ ਸਿੰਧ, ਨਾ ਕੋਈ ਸਕੇ ਧੀਰ ਧਰਾਇਆ ਏ । ਹਰਿ ਜੋਧਾ ਸੂਰਾ ਹਰਿ ਮਰਗਿੰਦ, ਸਾਚਾ ਤੀਰ ਰਿਹਾ ਚਲਾਇਆ ਏ । ਜੋਤੀ ਜੋਤ ਸਰੂਪ ਹਰਿ, ਮੇਲ ਮਿਲਾਵੇ ਵਾਲੀ ਹਿੰਦ, ਸਾਚਾ ਮੇਲਾ ਆਪ ਮਿਲਾਇਆ ਏ । ਸਾਚਾ ਮੇਲਾ ਆਪ ਕਰਾਇਆ, ਵਾਲੀ ਹਿੰਦ ਸ਼ਬਦ ਜਣਾਏ ਕਰੇ ਖੇਲ ਬਹੁ ਰੰਗੀ, ਆਪ ਆਪਣਾ ਅੰਕ ਦਿਖਾਏ । ਹੁਕਮ ਸੁਣਾਏ ਸ਼ਾਹ ਫਰੰਗੀ, ਦਵਾਰ ਬੰਕ ਇਕ ਸੁਹਾਏ । ਸੋਹੰ ਕਟਾਰ ਕਰੇ ਨੰਗੀ, ਰਾਓ ਰੰਕ ਰਿਹਾ ਜਗਾਏ । ਨਾਮ ਵਸਤ ਸ਼ਬਦ ਦਸਤ ਕਿਸੇ ਹੱਥ ਨਾ ਆਏ ਮੰਗੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਵਡ ਦਾਤਾ ਸੂਰਾ ਸਰਬੰਗੀ । ਵਾਲੀ ਹਿੰਦ ਧੁਰ ਫ਼ਰਮਾਣਾ, ਪ੍ਰਭ ਸਾਚੇ ਆਪ ਸੁਣਾਉਣਾ ਏ । ਨਾ ਕੋਈ ਦੀਸੇ ਰਾਜਾ ਰਾਣਾ, ਤਖ਼ਤ ਨਿਵਾਸੀ ਦਿਸ ਨਾ ਆਉਣਾ ਏ । ਅੰਤਮ ਮੇਟੇ ਸੁਘੜ ਸਿਆਣਾ, ਸ਼ਾਹ ਸ਼ਾਹਾਨਾ ਸੀਸ ਤਾਜ ਨਾ ਕਿਸੇ ਮਾਤ ਰਖਾਉਣਾ ਏ । ਚਾਰ ਵਰਨਾ ਏਕਾ ਆਣਾ, ਸੋਹੰ ਸ਼ਬਦ ਬ੍ਰਹਮ ਗਿਆਨਾ, ਜੋਤ ਨਿਰੰਜਣ ਤੀਰ ਨਿਸ਼ਾਨਾ ਏਕਾ ਏਕ ਲਗਾਉਣਾ ਏ । ਪਰਗਟ ਹੋਇਆ ਹਰਿ ਭਗਵਾਨਾ, ਧਰਮ ਝੁਲਾਏ ਇਕ ਨਿਸ਼ਾਨਾ, ਕਰਮ ਕਮਾਏ ਜੀਵ ਨਿਧਾਨਾ, ਜਨਮ ਅਜਨਮਾ ਭੇਵ ਨਾ ਪਾਉਣਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੂਰਨ ਬ੍ਰਹਮ ਬ੍ਰਹਮ ਭੇਵ ਖੁਲ੍ਹਾਉਣਾ ਏ । ਪੰਚ ਵਸਤ ਅਮੋਲ, ਪ੍ਰਭ ਪੰਚਮ ਸੰਗ ਮਿਲਾਇੰਦਾ । ਸ਼ਬਦ ਸਰੂਪੀ ਕੁੰਡਾ ਖੋਲ੍ਹ, ਸਾਚੇ ਮੰਦਰ ਆਪ ਟਿਕਾਇੰਦਾ । ਸ਼ਬਦ ਚੌਹ ਅੱਖਰ ਏਕਾ ਬੋਲ, ਧੁਰ ਫ਼ਰਮਾਣਾ ਆਪ ਸੁਣਾਇੰਦਾ । ਸ੍ਰਿਸ਼ਟ ਸਬਾਈ ਕਰ ਕਰ ਵੱਖਰ, ਢੋਲ ਮਰਦੰਗ ਇਕ ਵਜਾਇੰਦਾ । ਕਵਣ ਦਵਾਰੇ ਮਾਟੀ ਪੱਥਰ, ਕਵਣ ਸੱਥਰ ਹੇਠ ਵਿਛਾਇੰਦਾ । ਸ੍ਰਿਸ਼ਟ ਸਬਾਈ ਅੰਤ ਵਰੋਲੇ ਨੇਤਰ ਨੈਣੀ ਅੱਥਰ, ਵਾਲੀ ਹਿੰਦ ਆਪ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਭਗਤ ਦਲਾਲੀ ਭਗਤ ਰਖਵਾਲੀ ਆਪੇ ਆਪ ਕਰਾਇੰਦਾ । ਜਗਤ ਦਲਾਲਾ ਹਰਿ ਹਰੀ, ਆਪੇ ਆਪ ਅਖਵਾਇਆ । ਗੁਰ ਗੋਪਾਲਾ ਕਿਰਪਾ ਮਾਤ ਕਰੀ, ਦੇ ਮਤ ਸਮਝਾਵਣ ਆਇਆ । ਵਾਲੀ ਹਿੰਦ ਨਾ ਅੰਤ ਡਰੀਂ, ਪ੍ਰਭ ਆਪਣਾ ਲੜ ਫੜਾਇਆ । ਚਾਰੋਂ ਕੁੰਟ ਨਾ ਕੋਈ ਦੀਸੇ ਘਰ ਘਰੀ, ਕਲਜੁਗ ਵੰਡਾਂ ਵੰਡ ਵੰਡਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚਾ ਕਰਮ ਰਿਹਾ ਕਮਾਇਆ । ਆਪ ਆਪਣਾ ਕਰਮ ਕਮਾਏ, ਪੱਲਾ ਨਾਮ ਫੜਾਇਆ

ਏ । ਧਰਤ ਮਾਤ ਤੇਰਾ ਧਰਮ ਰਖਾਏ, ਸ਼ਬਦ ਹੱਲਾ ਇਕ ਕਰਾਇਆ ਏ । ਗੁਰਮੁਖਾਂ ਮਾਨਸ ਦੇਹੀ ਜਨਮ ਲੇਖੇ ਲਾਏ, ਅੰਮ੍ਰਿਤ ਆਤਮ ਇਕ ਪਿਆਇਆ ਏ । ਪਵਣ ਸਵਾਸੀ ਦਮ ਦਮਾ ਜਾਪ ਜਪਾਏ, ਸੋਹੰ ਮੰਮਾ ਮੁਖ ਰਖਾਇਆ ਏ । ਆਪ ਸਵਾਰੇ ਆਪਣਾ ਕੰਮਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਰੰਗ ਵਟਾਇਆ ਏ । ਰੰਗ ਵਟਾਇਆ ਭੇਖ ਧਰ, ਜਗਤ ਪਖੰਡ ਮਿਟਾਇੰਦਾ । ਨੌਂ ਖੰਡ ਪ੍ਰਿਥਮੀ ਵੇਖ ਦਰ, ਸ਼ਬਦ ਖੰਡਾ ਹੱਥ ਉਠਾਇੰਦਾ । ਆਪਣੀ ਕਰਨੀ ਰਿਹਾ ਕਰ, ਬ੍ਰਹਿਮੰਡਾਂ ਵੰਡ ਵੰਡਾਇੰਦਾ । ਲੋਆਂ ਪੁਰੀਆਂ ਕਰੇ ਸਰ, ਜੇਰਜ ਅੰਡਾਂ ਚਰਨੀ ਨਿਵਾਇੰਦਾ । ਹਰਿ ਭਗਤ ਸੁਹੇਲਾ ਦੇਵੇ ਵਰ, ਅੰਤਮ ਕੰਢਾ ਕਲਜੁਗ ਪਾਰ ਕਰਾਇੰਦਾ । ਬੀਸ ਇਕੀਸੇ ਚੁੱਕੇ ਡਰ, ਵਰਭੰਡੀ ਭੰਡ ਮਿਟਾਇੰਦਾ । ਇਕ ਸੁਹਾਏ ਸਾਚਾ ਦਰ, ਨੌਂ ਖੰਡੀ ਰਾਹ ਵਖਾਇੰਦਾ । ਅੰਮ੍ਰਿਤ ਭੰਡਾਰਾ ਦੇਵੇ ਭਰ, ਸਾਚੀ ਡੰਡੀ ਮਾਰਗ ਪਾਇੰਦਾ । ਭਰਮ ਭੁਲੇਖੇ ਕੱਢੇ ਨਾਰੀ ਨਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਬ੍ਰਹਿਮੰਡੀ ਬ੍ਰਹਿਮੰਡ ਸਮਾਇੰਦਾ । ਨੌਂ ਸਤ ਚਾਰ ਦਿਵਾਰ, ਸੋਹੰ ਤਾਜ ਬਣਾਉਣਾ ਏ । ਸ਼ਬਦ ਰੱਖੇ ਪਹਿਰੇਦਾਰ, ਸਾਚਾ ਕਰਮ ਕਮਾਉਣਾ ਏ । ਆਪੇ ਬੈਠੇ ਅੱਧਵਿਚਕਾਰ, ਉਪਰ ਮੁਖ ਰਖਾਉਣਾ ਏ । ਚਾਰੇ ਦਿਸ਼ਾ ਕਰਮ ਵਿਚਾਰ, ਸਾਚਾ ਹਿਸਾ ਆਪ ਵੰਡਾਉਣਾ ਏ । ਬੀਸ ਇਕੀਸ ਨਰ ਨਿਰੰਕਾਰ, ਨਰ ਨਰੇਸ਼ਾ ਆਪ ਜਗਾਉਣਾ ਏ । ਕਰੇ ਖੇਲ ਅਪਰ ਅਪਾਰ, ਦਰ ਦਰਵੇਸ਼ਾ ਭੇਵ ਕਿਸੇ ਨਾ ਆਉਣਾ ਏ । ਦੇਵੇ ਵਰ ਦਿੱਲੀ ਦਰਬਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣਾ ਵੇਸ ਕਰ, ਵੇਸਾਧਾਰੀ ਵੇਸ ਵਟਾਉਣਾ ਏ । ਸ਼ਬਦ ਤਾਜ ਅਪਰ ਅਪਾਰ, ਸਾਚੀ ਜੜਤ ਜੜਾਇੰਦਾ । ਨੌਂ ਖੰਡ ਪ੍ਰਿਥਮੀ ਪਾਵੇ ਸਾਰ, ਸੱਤਾਂ ਦੀਪਾਂ ਸੰਗ ਰਲਾਇੰਦਾ । ਜਗਤ ਅਵੱਲੜੀ ਚਲੇ ਚਾਲ, ਕੋਇ ਦੋਏ ਭੇਵ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਤ੍ਰੈਲੋਏ ਰਚਨ ਰਚਾਇੰਦਾ । ਸ਼ਬਦ ਤਾਜ ਅਮੋਲ, ਹਰਿ ਬਣਾਈਆ । ਸ੍ਰਿਸ਼ਟ ਸਬਾਈ ਰਹੀ ਡੋਲ, ਇਕ ਅਡੋਲ ਆਪ ਰਹਿ ਜਾਈਆ । ਵਾਲੀ ਹਿੰਦ ਸੁਣਾਏ ਅੱਖਰ ਵੱਖਰ ਬੋਲ, ਸੋਹੰ ਬੋਲੀ ਭਗਤ ਵਧਾਈਆ । ਏਕਾ ਵਜੇ ਮਰਦੰਗਾ ਢੋਲ, ਨੌਂ ਖੰਡ ਸ਼ਬਦ ਲੜਾਈਆ । ਸ਼ਬਦ ਖੰਡਾ ਰੱਖੇ ਕੋਲ, ਦਿਸ ਕਿਸੇ ਨਾ ਆਈਆ । ਪਾਏ ਵੰਡਾਂ ਨਾ ਰਹੇ ਅਨਭੋਲ, ਕਲਜੁਗ ਕੰਢਾ ਅੰਤਮ ਵਖਾਈਆ । ਅੰਤਮ ਪੜਦੇ ਰਿਹਾ ਫੋਲ, ਬ੍ਰਹਿਮੰਡਾਂ ਹਰਿ ਸਮਾਈਆ । ਲੱਖ ਚੁਰਾਸੀ ਦੇਵੇ ਰੋਲ, ਜਮ ਕੀ ਫਾਸੀ ਇਕ ਲਗਾਈਆ । ਮਦਿਰਾ ਮਾਸੀ ਖੇਲੇ ਹੋਲ, ਲਾਲ ਗੁਲਾਲਾ ਰੰਗ ਚੜ੍ਹਾਈਆ । ਗੁਰਮੁਖ ਵਿਰਲਾ ਸੰਤ ਸੁਹੇਲਾ ਪੁਰਖ ਅਬਿਨਾਸ਼ੀ ਵਸੇ ਕੋਲ, ਆਪ ਆਪਣਾ ਸੰਗ ਨਿਭਾਈਆ । ਸ਼ਬਦ ਤਾਜ ਜਗਤ ਅਪਾਰਾ, ਪੰਚਮ ਧਾਰਾ ਨਾਲ ਸਿਵਾਉਂਦਾ ਏ । ਸੂਈ ਚਲੇ ਤਿੱਖੀ ਆਲ੍ਹਾ, ਨਾਮ ਧਾਗਾ ਇਕ ਰਖਾਉਂਦਾ ਏ । ਭਾਰਤ ਖੰਡੀ ਵਸੇ ਇਕ ਮਹੱਲਾ, ਵਾਲੀ ਹਿੰਦ ਆਪ ਜਗਾਉਂਦਾ ਏ । ਸੋਹੰ ਫੜੇ ਪ੍ਰਭ ਤਿੱਖਾ ਭੱਲਾ, ਡੂੰਘੀ ਡੱਲਾ ਵੇਖ ਵਖਾਉਂਦਾ ਏ । ਰਸਨ ਕਮਾਨੀ ਚੜ੍ਹਿਆ ਚਿੱਲਾ, ਕਲਜੁਗ ਸ਼ਿਲਾ ਆਪ ਕਮਾਉਂਦਾ ਏ । ਲੇਖ ਲਿਖਾਏ ਬੂਰਾ ਕੱਕਾ ਬਿਲਾ, ਸੰਗ ਮੁਹੰਮਦ ਨਾਲ ਰਲਾਉਂਦਾ ਏ । ਈਸਾ ਮੂਸਾ ਢਾਹੇ ਟਿਲਾ, ਪਾਤਾਲੀ ਕਿਲਾ ਨਾ ਕੋਈ ਲਗਾਉਂਦਾ ਏ । ਰੂਸਾ ਚੀਨਾ ਆਤਮ ਹਿਲਾ, ਸ਼ਾਹ ਪਰਬੀਨਾ ਆਪ ਹਿਲਾਉਂਦਾ ਏ । ਵਾਲੀ ਹਿੰਦ ਠਾਂਡਾ ਸੀਨਾ, ਪ੍ਰਭ ਸਾਚੀ ਦਇਆ ਕਮਾਉਂਦਾ ਏ । ਨਾਥ ਤ੍ਰੈਲੋਕੀ ਵਾਲੀ ਲੋਕ ਤੀਨਾ, ਇਕ ਅਧੀਨਾ ਭਗਤ ਰਖਾਉਂਦਾ ਏ । ਆਪੇ ਜਲ ਆਪੇ ਮੀਨਾ, ਅੰਮ੍ਰਿਤ ਆਤਮ ਦੇਵੇ ਭੀਨਾ, ਸਾਂਤਕ ਸਤਿ ਵਰਤਾਉਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਜੋਤ ਧਰ, ਸ਼ਬਦ ਨਾਮ ਦੇਵੇ ਵਰ, ਸਾਚਾ ਕਰਮ ਆਪ ਕਮਾਉਂਦਾ ਏ । ਸ਼ਬਦ ਤਾਜ ਕਰ ਤਿਆਰ, ਪੰਚਮ ਧਾਰ ਚਲਾਇੰਦਾ । ਪੰਚਮ ਮੇਲਾ ਮੀਤ ਮੁਰਾਰ, ਸਵਾ ਹੱਥ ਹਰਿ ਸਮਰਥ, ਏਕਾ ਕਾਰ ਕਮਾਇੰਦਾ । ਦਸ ਉਂਗਲੀ ਰੱਖੇ ਚੌੜਾ, ਆਤਮ ਗਿਰਹਾ ਸਾਚਾ ਪੌੜਾ, ਨਾ ਕੋਈ ਜਾਣੇ ਲੰਮਾ ਚੌੜਾ, ਸਾਚੀ ਵੰਡ ਵੰਡਾਇੰਦਾ । ਅੱਖਰ ਵੱਖਰ ਸੱਸੇ ਹੋੜਾ, ਹਾਹੇ ਟਿੱਪੀ ਜੋੜ ਜੋੜਾ, ਸਾਚੀ ਬਣਤ ਬਣਾਇੰਦਾ । ਕਾਲੀ ਧਾਰ ਹੇਠ ਦੌੜਾ, ਚਿੱਟਾ ਦੌੜੇ ਸ਼ਬਦ ਘੋੜਾ, ਗੁਰਮੁਖਾਂ ਮਸਤਕ ਲੇਖ ਲਿਖਾਇੰਦਾ । ਬੀਸ ਇਕੀਸਾ ਆਪੇ ਬਹੁੜਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਧੁਰ ਫ਼ਰਮਾਣਾ ਹਰਿ ਭਗਵਾਨਾ ਏਕਾ ਏਕ ਜਣਾਇੰਦਾ । ਪੰਚਮ ਧਾਰੀ ਪੰਚ ਪਰਮੁੱਖ । ਕਰਮ ਵਿਚਾਰੀ ਦੇਵੇ ਸੁਖ । ਧਰਮ ਸੰਸਾਰੀ ਸਰਬ ਮਨੁੱਖ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਉਜਿਆਰੀ ਬੀਸ ਇਕੀਸਾ ਉਜਲ ਮੁੱਖ । ਉਜਲ ਮੁਖ ਜੀਵ ਜਹਾਨ । ਮਿਲੇ ਸੁਖ ਚਰਨ ਭਗਵਾਨ । ਮਿਟੇ ਦੁੱਖ ਦੋ ਜਹਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੀਜਾ ਦੇਵੇ ਭਗਤ ਨਿਸ਼ਾਨ । ਭਗਤ ਨਿਸ਼ਾਨਾ ਅਪਰ ਅਪਾਰ । ਸੋਹੰ ਡੰਡਾ ਵਿਚ ਸੰਸਾਰ । ਆਰ ਪਾਰ ਨਾ ਦੀਸੇ ਕੰਢਾ, ਬੈਠਾ ਰਹੇ ਤਨ ਵਿਚਕਾਰ । ਆਵੇ ਜਾਵੇ ਵਿਚ ਬ੍ਰਹਿਮੰਡਾਂ, ਜੀਓ ਪਿੰਡ ਜਨ ਡੂੰਘੀ ਗਾਰ । ਵੇਖੇ ਖੇਲ ਵਿਚ ਵਰਭੰਡਾ, ਵਰਭੰਡੀ ਕਰਮ ਰਿਹਾ ਵਿਚਾਰ । ਸੋਹੰ ਸ਼ਬਦ ਸਾਚਾ ਡੰਡਾ, ਰਖੇ ਹੱਥ ਸੱਚੀ ਸਰਕਾਰ । ਵਾਲੀ ਹਿੰਦ ਵੰਡਾਈ ਵੰਡਾ, ਪ੍ਰਭ ਆਪੇ ਦੇਵੇ ਕਿਰਪਾ ਧਾਰ । ਅੰਤਮ ਅੰਤ ਨਾ ਹੋਏ ਰੰਡਾ, ਏਕਾ ਬਖ਼ਸ਼ੇ ਚਰਨ ਪਿਆਰ । ਮਾਣ ਤਾਣ ਤੋੜ ਜਗਤ ਘਮੰਡਾ, ਚਰਨ ਕਵਲ ਉਪਰ ਧਵਲ ਇਕ ਅਧਾਰ । ਮੇਟ ਮਿਟਾਏ ਭੇਖ ਪਖੰਡਾ, ਸੋਹੰ ਖੰਡਾ ਸਾਚੀ ਧਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਦੇਵੇ ਵਿਚ ਸੰਸਾਰ । ਚੌਥਾ ਜੋੜਾ ਜੋੜ ਜੁੜਾਇਆ । ਚਿੱਟਾ ਰੰਗਣ ਰੰਗ ਰੰਗਾਇਆ । ਸਤਿਜੁਗ ਸਾਚਾ ਆਇਆ ਮੰਗਣ, ਪ੍ਰਭ ਅਬਿਨਾਸ਼ੀ ਚਰਨ ਛੁਹਾਇਆ । ਆਪ ਆਪਣੇ ਰੱਖੇ ਅੰਗਣ, ਆਪ ਆਪਣੀ ਗੋਦ ਉਠਾਇਆ । ਸ਼ਬਦ ਘੋੜੇ ਕਸੇ ਤੰਗਨ, ਸ਼ਾਹ ਅਸਵਾਰਾ ਆਪ ਅਖਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਾਮ ਜੈਕਾਰਾ ਇਕ ਕਰਾਇਆ । ਚਿੱਟਾ ਜੋੜਾ ਚਰਨ ਦਵਾਰ । ਨਾ ਹੋਏ ਵਿਜੋੜਾ ਵਿਚ ਸੰਸਾਰ । ਮਿੱਠਾ ਕੌੜਾ ਜੀਵ ਗਵਾਰ । ਬ੍ਰਾਹਮਣ ਗੌੜਾ ਬੰਨ੍ਹੇ ਧਾਰ । ਸੋਹੰ ਪੌੜਾ ਅਪਰ ਅਪਾਰ । ਧੁਰ ਦਰਗਾਹੀ ਆਇਆ ਦੌੜਾ, ਆਪੇ ਦੇਵੇ ਕਰ ਪਿਆਰ । ਪੰਦਰਾਂ ਸੋਲਾਂ ਲੰਮਾ ਚੌੜਾ, ਚਰਨੀ ਨਾਤਾ ਮੀਤ ਮੁਰਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵੇ ਵਸਤ ਸਾਚੇ ਦਸਤ ਦਰ ਦਿੱਲੀ ਦਰਬਾਰ । ਪੰਚ ਨਿਸ਼ਾਨਾ ਪੰਚ ਹਰਿ, ਸਪਤਮ ਰੰਗ ਰੰਗਾਏ । ਸਤਿ ਪੁਰਖ ਨਿਰੰਜਣ ਹੱਥ ਫੜ, ਨਵ ਖੰਡੀ ਲੜ ਬੰਨ੍ਹਾਏ । ਕਿਲ੍ਹੇ ਹੰਕਾਰੀ ਉਪਰ ਚੜ੍ਹ, ਆਪੇ ਲਏ ਛੁਡਾਏ । ਜੀਵ ਸ਼ੈਤਾਨੀ ਮਾਤ ਫੜ, ਆਪੇ ਮੇਟ ਮਿਟਾਏ । ਪੁਰੀਆਂ ਲੋਆਂ ਆਪ ਲੜ, ਦਿਸ ਕਿਸੇ ਨਾ ਆਏ । ਸ਼ਬਦ ਅੱਖਰ ਏਕਾ ਪੜ੍ਹ, ਸ੍ਰਿਸ਼ਟ ਸਬਾਈ ਰਿਹਾ ਪੜ੍ਹਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲੇਖਾ ਲੇਖ ਲਿਖਤ ਭਵਿਖਤ ਆਪਣਾ ਆਪ ਲਿਖਾਏ । ਪੰਚਮ ਨਿਸ਼ਾਨਾ ਸੱਤ ਰੰਗ ਸੱਤ ਦੀਪ ਜਗਾਈਆ । ਸਤਿਜੁਗ ਮੰਗੀ ਸਾਚੀ ਮੰਗ, ਪ੍ਰਭ ਸਾਚੇ ਦਇਆ ਕਮਾਈਆ । ਕਲਜੁਗ ਧਾਰਾ ਹੋਈ ਭੁੱਖ ਨੰਗ, ਕਾਲੀ ਹੇਠਾਂ ਆਪ ਰਖਾਈਆ । ਸਤਿਜੁਗ ਸਾਚੇ ਅੰਗ ਸੰਗ, ਲਾਲ ਭੂਸ਼ਨ ਤਨ ਪਹਿਨਾਈਆ । ਸ਼ਬਦ ਵਜਾਏ ਨਾਮ ਮਰਦੰਗ, ਕੰਚਨ ਰੰਗ ਚੜ੍ਹਾਈਆ । ਜਗਤ ਦਵਾਰਾ ਜਾਏ ਲੰਘ,


੫੨੫ ੦੫

ਪੀਲਾ ਰੰਗ ਵਟਾਈਆ । ਆਪ ਨਿਭਾਏ ਆਪਣਾ ਸੰਗ, ਚਿੱਟਾ ਅਸਵ ਚਿੱਟਾ ਰੰਗ, ਚਿੱਟੇ ਘਰ ਰਿਹਾ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਰਿਹਾ ਬਣਤ ਬਣਾਈਆ । ਨੀਲਾ ਕਾਲਾ ਨੀਲਾ ਰੰਗ, ਸੂਹਾ ਆਪ ਚੜ੍ਹਾਇੰਦਾ । ਸ਼ਬਦ ਘੋੜੇ ਕਸੇ ਤੰਗ, ਧਰਮ ਬੂਹਾ ਆਪ ਖੁਲ੍ਹਾਇੰਦਾ । ਸ਼ਬਦ ਦਵਾਰੇ ਜਾਏ ਲੰਘ, ਨਾਮ ਸੂਹਾ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਰਿਹਾ ਕਿਰਪਾ ਕਰ, ਭਗਤ ਭਗਵਾਨ ਆਪ ਝੁਲਾਇੰਦਾ । ਪ੍ਰਭ ਸਾਚਾ ਕਰਮ ਕਮਾਵਣਾ । ਕਾਲਾ ਸੂਸਾ ਤਨ ਛੁਹਾਵਣਾ । ਦਰ ਦਰਵੇਸ਼ ਆਪ ਅਖਵਾਵਣਾ । ਕਿਸੇ ਨਾ ਚਲੇ ਕੋਈ ਪੇਸ਼, ਪ੍ਰਭ ਸਾਚੇ ਪਕੜ ਉਠਾਵਣਾ । ਫੜ ਫੜ ਉਠਾਏ ਨਰ ਨਰੇਸ਼, ਪਰਗਟ ਹੋਇਆ ਧੁਰਦਰਗਾਹੀ ਜਾਮਨਾ । ਜੋਤੀ ਜੋਤ ਸਰੂਪ ਹਰਿ, ਭੇਖਾਧਾਰੀ ਬਲ ਦਵਾਰੇ ਬਾਵਨਾ । ਭੇਖਾਧਾਰੀ ਭੇਖ ਵਟਾਇਆ ਏ । ਜੋਤੀ ਜਾਮਾ ਹਰਿ ਜੀ ਪਾਇਆ ਏ । ਸ੍ਰਿਸ਼ਟ ਸਬਾਈ ਰਹੀ ਸੋਤੀ, ਦਿਸ ਕਿਸੇ ਨਾ ਆਇਆ ਏ । ਸ਼ਬਦ ਫੜੀ ਹਰਿ ਸਾਚੀ ਸੋਟੀ, ਇਕ ਸਹਾਰ ਬਣਾਇਆ ਏ । ਸ਼ਬਦੀ ਪਵਣੀ ਰਲਿਆ ਜੋਤੀ, ਪਹਿਲੀ ਚੇਤਰ ਵਕਤ ਸੁਹਾਇਆ ਏ । ਰਾਜ ਰਾਜਾਨਾਂ ਤੇੜ ਲੰਗੋਟੀ, ਏਕਾ ਏਕ ਚੀਰ ਸੁਹਾਇਆ ਏ । ਸਾਧ ਸੰਤ ਵੇਖੇ ਵਿਚੋਂ ਕੋਟਨ ਕੋਟੀ, ਜੂਠਾ ਝੂਠਾ ਝੇੜ ਮਿਟਾਇਆ ਏ । ਲੱਖ ਚੁਰਾਸੀ ਬੋਟੀ ਬੋਟੀ, ਨਾ ਹੋਏ ਕੋਈ ਸਹਾਇਆ ਏ । ਜੀਵਾਂ ਜੰਤਾਂ ਕਿਸਮਤ ਖੋਟੀ, ਕਲਜੁਗ ਮਾਇਆ ਛਾਇਆ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੇ ਰੰਗ ਸਮਾਇਆ ਏ । ਪ੍ਰਭ ਸਾਚਾ ਰੰਗ ਰੰਗਾਇੰਦਾ । ਦਿਸ ਕਿਸੇ ਨਾ ਆਇੰਦਾ । ਸਾਧਾਂ ਸੰਤਾਂ ਭਰਮ ਚੁਕਾਇੰਦਾ । ਲੇਖਾ ਆਪਣੇ ਹੱਥ ਰਖਾਇੰਦਾ । ਜੀਵਾਂ ਜੰਤਾਂ ਕਰਮ ਬਣਾਇੰਦਾ । ਜੋ ਜਨ ਆਏ ਸੀਸ ਝੁਕਾਇੰਦਾ । ਮਹਿੰਮਾ ਅਗਣਤ ਗਣੀ ਨਾ ਜਾਇੰਦਾ । ਮਾਇਆ ਪਾਈ ਜਗਤ ਅਗਣਤ, ਆਪ ਆਪਣਾ ਭੇਵ ਛੁਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਰੰਗ ਵਖਾਇੰਦਾ । ਰੰਗ ਵਖਾਏ ਲਾਲੜਾ, ਰੰਗ ਰਤਾ ਰੰਗੀਲਾ । ਕਲਜੁਗ ਤੋੜੇ ਜਗਤ ਜੰਜਾਲਾ, ਸ਼ਬਦ ਸਰੂਪੀ ਕਰ ਕਰ ਹੀਲਾ । ਜਨ ਭਗਤਾਂ ਗਲ ਪਾਏ ਸੋਹੰ ਸੱਚੀ ਮਾਲੜਾ, ਨਾਂਓ ਰਖਾਏ ਕੰਠ ਨੀਲਾ । ਪਰਗਟ ਹੋਏ ਧੁਰ ਦਰਗਾਹੀ ਹਰਿ ਸੱਚਾ ਦਲਾਲੜਾ, ਸੰਤ ਜਨਾਂ ਦਾ ਸਤਿ ਵਸੀਲਾ । ਮਨਮੁਖਾਂ ਮੁਖ ਕਰੇ ਕਾਲੜਾ, ਮਾਇਆ ਅਗਨੀ ਲਾਏ ਕਲਜੁਗ ਤੀਲਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਕਰੇ ਖੇਲ ਨੀਲਮ ਨੀਲਾ । ਨੀਲੀ ਧਾਰ ਭੇਵ ਨਾ ਰਾਇਆ । ਪੁਰਖ ਅਬਿਨਾਸ਼ੀ ਸ਼ਾਹ ਸਵਾਰ, ਆਪੇ ਆਪ ਬਾਹਰ ਆਇਆ । ਲੱਖ ਚੁਰਾਸੀ ਕਰਮ ਵਿਚਾਰ, ਜੋਤੀ ਜਾਮਾ ਭੇਖ ਵਟਾਇਆ । ਸ਼ਬਦ ਫੜੇ ਹੱਥ ਕਟਾਰ, ਸ਼ਬਦ ਖੰਡਾ ਨਾਉਂ ਧਰਾਇਆ । ਲੋਆਂ ਪੁਰੀਆਂ ਕਰੇ ਖ਼ਬਰਦਾਰ, ਸ਼ਬਦ ਬੇੜਾ ਰਿਹਾ ਬਚਾਇਆ । ਪਰਗਟ ਹੋਇਆ ਨਰ ਨਿਰੰਕਾਰ, ਦੇਵਣ ਆਇਆ ਮਾਤ ਸਜਾਇਆ । ਨਾ ਕੋਈ ਦੀਸੇ ਮੁਹੰਮਦੀ ਯਾਰ, ਈਸਾ ਮੂਸਾ ਰਹਿਣ ਨਾ ਪਾਇਆ । ਖਾਣੀ ਬਾਣੀ ਕਰ ਵਿਚਾਰ, ਜੇਰਜ ਡੇਰਾ ਰਿਹਾ ਢਾਹਿਆ । ਅਗੰਮ ਅਗੰਮੜੀ ਮਾਰੇ ਮਾਰ, ਦੇਵ ਕਿਸੇ ਹੱਥ ਨਾ ਆਇਆ । ਦੀਪਾਂ ਲੋਆਂ ਕਰੇ ਖੁਆਰ, ਖੰਡ ਮੰਡਲ ਪ੍ਰਭ ਰਿਹਾ ਹਿਲਾਇਆ । ਦਰ ਦਰਵੇਸ਼ਾ ਨਰ ਨਰੇਸ਼ਾ ਹਾਹਾਕਾਰ, ਸ਼ਾਹ ਸੁਲਤਾਨਾਂ ਰਿਹਾ ਮਿਟਾਇਆ । ਕਰੇ ਖੇਲ ਅਪਰ ਅਪਾਰ, ਨੌਂ ਦਵਾਰੇ ਸੁਰਤ ਸਜਾਇਆ । ਗੁਰਮੁਖ ਵਿਰਲਾ ਪ੍ਰਭ ਅਬਿਨਾਸ਼ੀ ਪਾਏ ਸਾਰ, ਦਸਮ ਦਵਾਰੀ ਬੂਝ ਬੁਝਾਇਆ । ਜਗਤ ਤ੍ਰਿਸ਼ਨਾ ਦਏ ਨਿਵਾਰ, ਸ਼ਬਦ ਡੰਕ ਪ੍ਰਭ ਰਿਹਾ ਵਜਾਇਆ ।


੫੨੬ ੦੫

ਪਾਰਬ੍ਰਹਮ ਪ੍ਰਭ ਖੇਲ ਅਪਾਰ, ਜੋਤ ਸਰੂਪੀ ਦੀਪ ਜਗਾਇਆ । ਕਲ ਮੰਦਰ ਵੇਖ ਅਪਾਰ, ਅਗਿਆਨ ਅੰਧੇਰਾ ਰਿਹਾ ਮਿਟਾਇਆ । ਜੋਤ ਸਰੂਪੀ ਪਸਰ ਪਸਾਰ, ਗੁਰਮੁਖ ਹਿਰਦੇ ਵਿਚ ਸਮਾਇਆ । ਕਲਜੁਗ ਤੇਰੀ ਅੰਤਮ ਵਾਰ, ਨਿਹਕਲੰਕ ਨਰਾਇਣ ਨਰ, ਜੋਤ ਸਰੂਪੀ ਜਾਮਾ ਧਾਰ, ਆਪ ਆਪਣਾ ਰੰਗ ਵਟਾਇਆ । ਰੰਗ ਰੰਗਾਇਆ ਜਗਤ ਭੇਖ, ਭੇਵ ਕੋਈ ਨਾ ਪਾਇੰਦਾ । ਸ੍ਰਿਸ਼ਟ ਸਬਾਈ ਲਿਖੇ ਲੇਖਾ ਲੇਖ, ਲਿਖਣਹਾਰ ਦਿਸ ਕਿਸੇ ਨਾ ਆਇੰਦਾ । ਹਰਿਜਨ ਸਾਚਾ ਸੰਤ ਸੁਹੇਲਾ ਦਰ ਦਵਾਰੇ ਨੇਤਰ ਨੈਣ ਲੋਚਨ ਲਏ ਪੇਖ, ਦਰ ਦਵਾਰੇ ਦਰਸ ਦਿਖਾਇੰਦਾ । ਲੱਖ ਚੁਰਾਸੀ ਮੇਟਣ ਆਇਆ ਰੇਖ, ਨਾ ਕੋਈ ਦਿਸੇ ਔਲੀਆ ਪੀਰ ਸ਼ੇਖ਼, ਆਪ ਆਪਣੇ ਰੰਗ ਰੰਗਾਇੰਦਾ । ਨਾ ਕੋਈ ਜਾਣੇ ਧਾਰੀ ਕੇਸ, ਚਾਰ ਵਰਨਾਂ ਏਕਾ ਸਰਨਾ, ਸਾਚੀ ਸਰਨ ਹਰਿ ਲਿਖਾਇੰਦਾ । ਕਿਸੇ ਹੱਥ ਨਾ ਆਏ ਸ੍ਰੀ ਦਸਮੇਸ਼, ਦਹਿ ਦਿਸ਼ਾ ਵੇਖ ਵਖਾਇੰਦਾ । ਪੰਡਤ ਪਾਂਧੇ ਰਹੇ ਵੇਖ, ਗੌੜ ਬ੍ਰਾਹਮਣ ਕਵਣ ਚੋਟੀ ਆਸਣ ਲਾਇੰਦਾ । ਸੰਬਲ ਨਗਰੀ ਕਿਹੜੀ ਰੇਖ, ਸਾਚਾ ਰਾਹ ਕਿਸੇ ਦਿਸ ਨਾ ਆਇੰਦਾ । ਜੋਤੀ ਜਾਮਾ ਧਰਿਆ ਭੇਖ, ਸ੍ਰਿਸ਼ਟ ਸਬਾਈ ਰਿਹਾ ਵੇਖ, ਸਾਚਾ ਮਾਹੀ ਦਿਸ ਨਾ ਆਇੰਦਾ । ਸੰਬਲ ਨਗਰੀ ਸਚ ਟਿਕਾਣਾ, ਪ੍ਰਭ ਸਾਚੇ ਜੋਤ ਜਗਾਈਆ । ਸ਼ਬਦ ਸਰੂਪੀ ਇਕ ਬਿਬਾਣਾ, ਚਾਰੋਂ ਕੁੰਟ ਰਿਹਾ ਉਡਾਈਆ । ਸਚ ਤਖ਼ਤ ਪ੍ਰਭ ਆਪ ਸੁਹਾਨਾ, ਸ਼ਬਦ ਸਿੰਘਾਸਣ ਨਾਉਂ ਰਖਾਈਆ । ਨੌਂ ਦਵਾਰੇ ਮੁਖ ਰਖਾਣਾ, ਸਾਚੀ ਬਣਤ ਬਣਾਈਆ । ਦਸਵੇਂ ਅੰਦਰ ਹਰਿ ਸਮਾਨਾ, ਸਾਚਾ ਖੇੜਾ ਰਿਹਾ ਵਸਾਈਆ । ਕਰੇ ਖੇਲ ਸ੍ਰੀ ਭਗਵਾਨਾ, ਜੋਤੀ ਸ਼ਬਦੀ ਮੇਲ ਮੇਲੇ, ਪਵਣ ਸਵਾਸੀ ਰਿਹਾ ਚਲਾਈਆ । ਗੁਣਵੰਤਾ ਹਰਿ ਗੁਣ ਨਿਧਾਨਾ, ਚਤਰਭੁਜ ਗੁਣ ਨਿਧਾਨਾ, ਦੋ ਜਹਾਨੀ ਰਚਨ ਰਚਾਈਆ । ਆਪੇ ਵੇਖੇ ਮਾਰ ਧਿਆਨਾ, ਲੋਆਂ ਪੁਰੀਆਂ ਮਾਰ ਧਿਆਨ, ਸ਼ਬਦ ਸਰੂਪੀ ਮਿਹਰਵਾਨ, ਦਇਆ ਨੰਦ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਬਲ ਨਗਰੀ ਸ਼ਬਦ ਟਿਕਾਣਾ, ਜੋਤੀ ਜੋਤ ਜਗਾਈਆ । ਸੰਬਲ ਨਗਰੀ ਹਰਿ ਸਮਾਇਆ । ਸਾਚੇ ਆਸਣ ਡੇਰਾ ਲਾਇਆ । ਸਾਚੀ ਧਾਰਾ ਰਿਹਾ ਵਹਾਇਆ । ਅੰਮ੍ਰਿਤ ਆਤਮ ਸਾਚਾ ਜਲ ਏਕਾ ਨੀਰ ਵਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚਾ ਮੰਦਰ ਆਪ ਸੁਹਾਇਆ । ਸਾਚਾ ਮੰਦਰ ਆਪ ਸੁਹਾਇੰਦਾ । ਜੋਤੀ ਜਗੇ ਅੰਦਰੇ ਅੰਦਰ, ਅਗਿਆਨ ਅੰਧੇਰ ਮਿਟਾਇੰਦਾ । ਲੱਗਾ ਭਾਗ ਡੂੰਘੀ ਕੰਦਰ, ਗੁਰ ਗੋਬਿੰਦਾ ਆਸਣ ਲਾਇੰਦਾ । ਆਪ ਤੁੜਾਇਆ ਵੱਜਾ ਜੰਦਰ, ਸਾਚਾ ਕੁੰਡਾ ਆਪ ਖੁਲ੍ਹਾਇੰਦਾ । ਆਪੇ ਗੁਰ ਆਪੇ ਗੋਬਿੰਦਾ, ਆਪੇ ਜੋਤੀ ਸ਼ਬਦੀ ਆਪੇ ਬਿੰਦਾ, ਆਪੇ ਸੁਤ ਮਾਤ ਪਿਤ ਆਪ ਅਖਵਾਇੰਦਾ । ਪਾਰਬ੍ਰਹਮ ਅਬਿਨਾਸ਼ੀ ਅਬਿਨਾਸ਼ੀ ਅਚੁੱਤ, ਆਪ ਸੁਹਾਈ ਆਪਣੀ ਰੁੱਤ, ਫ਼ਲ ਫੁਲਵਾੜੀ ਮਾਤ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲੇਖਾ ਆਪਣੇ ਹੱਥ ਰਖਾਇੰਦਾ । ਸੰਬਲ ਨਗਰੀ ਚਾਰ ਦਿਵਾਰੀ ਏ । ਪ੍ਰਭ ਸਾਚੇ ਕਰੀ ਤਿਆਰ, ਨੌਂ ਦਵਾਰੀ ਨਾਲ ਸ਼ਿੰਗਾਰੀ ਏ । ਆਪ ਆਪਣਾ ਕੀਆ ਪਿਆਰ, ਜੰਮਿਆ ਸ਼ਬਦ ਸੁਤ ਦੁਲਾਰ, ਜੋਤੀ ਬਣੀ ਮਾਂ ਪਿਆਰੀ ਏ । ਅੱਠੇ ਪਹਿਰ ਦੇਵੇ ਗੋਦ ਹੁਲਾਰ, ਪਾਰਬ੍ਰਹਮ ਪ੍ਰਭ ਸਾਚੀ ਕਾਰ, ਦੋ ਜਹਾਨਾਂ ਵਾਰੋ ਵਾਰੀ ਏ । ਪੂਰਬ ਲਹਿਣਾ ਕਰ ਵਿਚਾਰ, ਦਰਸ਼ਨ ਨੈਣਾ ਖੇਲ ਅਪਾਰ, ਵੇਖੇ ਰੰਗ ਅਪਰ ਅਪਾਰੀ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਸੰਬਲ ਨਗਰੀ ਸਚ ਟਿਕਾਣਾ ਬੈਠਾ ਦਸਮ ਦਵਾਰੀ ਏ । ਸੰਬਲ ਨਗਰੀ ਦਸਮ ਦਵਾਰੀ, ਸਾਚਾ ਖੇੜਾ ਆਪ ਬਣਾਇਆ ਏ । ਪਾਰਬ੍ਰਹਮ

ਬ੍ਰਹਮ ਜੋਤ ਅਕਾਰੀ, ਲੋਕਮਾਤੀ ਝੇੜਾ ਆਪ ਚੁਕਾਇਆ ਏ । ਸ਼ਬਦ ਰੱਖੀ ਪ੍ਰਭ ਸਚ ਪਟਾਰੀ, ਸ੍ਰਿਸ਼ਟ ਸਬਾਈ ਦੇਵਣਹਾਰ ਆਪ ਅਖਵਾਇਆ ਏ । ਵੇਂਹਦਾ ਜਾਏ ਵਾਰੋ ਵਾਰੀ, ਗੁਰਮੁਖ ਸਾਚੇ ਰਿਹਾ ਜਗਾਇਆ ਏ । ਗੋਬਿੰਦ ਗੋਬਿੰਦ ਤੇਰੀ ਸਾਚੀ ਧਾਰੀ, ਧਰਮ ਸਪੂਤਾ ਆਪ ਬਣਾਇਆ ਏ । ਨਰ ਨਰਾਇਣ ਪ੍ਰਭ ਪਾਏ ਸਾਰੀ, ਸਚ ਵਿਸ਼ਨੂੰ ਨਾਮ ਟਿਕਾਇਆ ਏ । ਆਪੇ ਜਾਣੇ ਆਪਣੀ ਕਾਰੀ, ਭੇਵ ਕਿਸੇ ਨਾ ਆਇਆ ਏ । ਇਕ ਸੁਹਾਇਆ ਬੰਕ ਦਵਾਰੀ, ਘਰ ਸਾਚਾ ਇਕ ਵਸਾਇਆ ਏ । ਜੋਤ ਨਿਰੰਜਣ ਕਰ ਅਕਾਰੀ, ਸਾਚਾ ਖੇਲ ਕਰੇ ਰਘੁਰਾਇਆ ਏ । ਨੌਂ ਦਵਾਰੇ ਮਹੱਲ ਉਸਾਰੀ, ਜਗਤ ਭੁਲੇਖਾ ਪਾਇਆ ਏ । ਦਸਵੇਂ ਘਰ ਸ਼ਬਦ ਉਡਾਰੀ, ਸਚ ਸਿੰਘਾਸਣ ਡੇਰਾ ਲਾਇਆ ਏ । ਸੰਬਲ ਨਗਰੀ ਅਪਰ ਅਪਾਰੀ, ਕੰਚਨ ਗੜ੍ਹ ਨਾ ਕੋਈ ਤੋੜੇ ਨਾ ਸਕੇ ਮਾਤ ਤੁੜਾਇਆ ਏ । ਕੰਚਨ ਗੜ੍ਹ ਹਰਿ ਬਣਾਇੰਦਾ । ਪੁਰਖ ਅਬਿਨਾਸ਼ੀ ਉਪਰ ਚੜ੍ਹ, ਸਾਚਾ ਤਖ਼ਤ ਸੁਹਾਇੰਦਾ । ਨਾ ਕੋਈ ਸੀਸ ਨਾ ਕੋਈ ਧੜ, ਜੋਤੀ ਨੂਰ ਰਖਾਇੰਦਾ । ਨਾ ਕੋਈ ਵਿਦਿਆ ਜਾਏ ਪੜ੍ਹ, ਏਕਾ ਅੱਖਰ ਸਰਬ ਪੜ੍ਹਾਇੰਦਾ । ਸਾਚੇ ਘਾੜਨ ਆਪੇ ਘੜ, ਘਨੜਹਾਰ ਆਪ ਅਖਵਾਇੰਦਾ । ਸ਼ਬਦ ਬਿਬਾਣੇ ਜਾਏ ਚੜ੍ਹ, ਦਿਸ ਕਿਸੇ ਨਾ ਆਇੰਦਾ । ਸੰਤ ਸੁਹੇਲੇ ਮਾਤ ਫੜ, ਸੋਏ ਆਪ ਜਗਾਇੰਦਾ । ਆਪ ਫੜਾਏ ਆਪਣਾ ਲੜ, ਪੂਰਬ ਲਹਿਣਾ ਝੋਲੀ ਪਾਇੰਦਾ । ਜੋਤ ਜਗਾਏ ਬਹੱਤਰ ਨੜ, ਕਿਲ੍ਹਾ ਹੰਕਾਰ ਕੋਟ ਗੜ੍ਹ ਤੁੜਾਇੰਦਾ । ਪੰਚ ਵਿਕਾਰੀ ਜਾਏ ਸੜ, ਜੋਤੀ ਅਗਨੀ ਏਕਾ ਲਾਇੰਦਾ । ਦਰ ਘਰ ਸਾਚੇ ਵੜ, ਗੁਰਮੁਖਾਂ ਸਾਚਾ ਰਾਹ ਵਖਾਇੰਦਾ । ਪੁਰਖ ਅਬਿਨਾਸ਼ੀ ਅੱਗੇ ਖੜ, ਫੜ ਬਾਹੋਂ ਪਾਰ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਪਾਰ ਉਤਾਰਾ ਆਪ ਕਰਾਇੰਦਾ ।



★ ੪ ਮਾਘ ੨੦੧੨ ਬਿਕ੍ਰਮੀ ਸੰਤ ਕਿਰਪਾਲ ਸਿੰਘ ਨਾਲ ਬਚਨ ਹੋਏ ਹਰਿ ਭਗਤ ਦਵਾਰ ਜੇਠੂਵਾਲ ★

ਸੰਤ ਦਵਾਰਾ ਸਤਿ ਹੈ, ਗੁਰ ਸਤਿਗੁਰ ਭਾਏ । ਨਾਮ ਅਧਾਰਾ ਤੱਤ ਹੈ, ਦੇ ਮਤ ਸਮਝਾਏ । ਸ੍ਰਿਸ਼ਟ ਸਬਾਈ ਏਕਾ ਰਤ ਹੈ, ਗੁਰਮੁਖਾਂ ਨਾਉਂ ਬੀਜ ਬਿਜਾਏ । ਗੁਰ ਪੂਰਾ ਰੱਖਣਹਾਰਾ ਪਤ ਹੈ, ਸਭ ਥਾਈਂ ਹੋਏ ਸਹਾਏ । ਸੰਤ ਸੁਹੇਲਾ ਜਗਤ ਯਤ ਹੈ, ਘਰ ਸਾਚੇ ਮੇਲ ਮਿਲਾਏ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਹਰ ਘਟ ਮੇ ਰਿਹਾ ਸਮਾਏ । ਸੰਤ ਸੁਹੇਲਾ ਇਕ ਮੀਤ ਪਾਰਬ੍ਰਹਮ ਅਤੀਤ । ਸ਼ਬਦ ਗਾਏ ਰਸ ਰਸਨਾ ਚੀਤ । ਗੁਰ ਚਰਨ ਸਰਨ ਸਰਨ ਗੁਰ ਚਰਨ ਏਕਾ ਸਚ ਪ੍ਰੀਤ । ਸ੍ਰਿਸ਼ਟ ਸਬਾਈ ਵਰਨੀ ਵਰਨ, ਵੇਖੇ ਪਰਖੇ ਨੀਤ ਅਨੀਤ । ਆਪੇ ਆਪ ਕਰਨੀ ਕਰਨ, ਗਾਏ ਗਵਾਏ ਸ਼ਬਦ ਸੁਹਾਗੀ ਗੀਤ । ਬੁਧ ਮਤ ਜਗ ਸਾਚੀ ਧਰਨੀ, ਕਾਇਆ ਰਹੇ ਸੀਤਲ ਸੀਤ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਵੇਖੇ ਖੇਲ ਦਰ ਦਵਾਰੇ ਇਕ ਅਤੀਤ । ਸੰਤ ਸੁਹੇਲਾ ਸਾਖਿਆਤ, ਸਰਬ ਜੀਆਂ ਅਧਾਰ । ਨਾਮ ਵਖਾਏ ਪਾਰਜ਼ਾਤ, ਅੰਮ੍ਰਿਤ ਫ਼ਲ ਅਪਾਰ । ਨਾ ਕੋਈ ਵੇਖੇ ਜ਼ਾਤ ਪਾਤ, ਵਰਨਾਂ ਬਰਨਾਂ ਦਿਸੇ ਬਾਹਰ । ਨੌਂ ਖੰਡ ਪ੍ਰਿਥਮੀ ਏਕਾ ਦਾਤ, ਦੇਵਣਹਾਰ ਇਕ ਕਰਤਾਰ । ਗੁਰ ਸੰਗਤ ਗੁਰ ਸ਼ਬਦ ਸ਼ਬਦ ਗੁਰ ਸੱਚੀ ਕਰਾਮਾਤ, ਆਤਮ ਜੋਤੀ ਨੂਰ ਅਕਾਰ । ਮੇਟ ਮਿਟਾਏ ਅੰਧੇਰੀ ਰਾਤ, ਜਗਤ

ਅੰਧੇਰਾ ਧੁੰਦੂਕਾਰ । ਅੰਮ੍ਰਿਤ ਬਰਖੇ ਬੂੰਦ ਸਵਾਂਤ, ਸੀਤਲ ਕਰੇ ਠੰਡੀ ਠਾਰ । ਜੋਤੀ ਜੋਤ ਸਰੂਪ ਹਰਿ, ਸੰਤ ਸੁਹੇਲਾ ਇਕ ਦਰ, ਇਕ ਇਕੇਲਾ ਮਿਲੇ ਵਰ, ਜੋਤੀ ਸ਼ਬਦੀ ਸਾਚਾ ਨਾਤ । ਜੋਤੀ ਸ਼ਬਦੀ ਨਾਤਾ ਇਕ ਜੁੜਾਇਆ ਏ । ਲੇਖਾ ਚੁੱਕੇ ਵਰਨ ਗੋਤੀ, ਰੂਪ ਰੰਗ ਕੋਈ ਦਿਸ ਨਾ ਆਇਆ ਏ । ਪ੍ਰੇਮ ਪਿਆਰ ਧੁਰ ਮਸਤਕ ਲੇਖ ਲਿਖਾਇਆ ਏ । ਹਰਿ ਸੰਤ ਨਾਮ ਵਿਚੋਲਾ ਕੋਟਨ ਕੋਟੀ, ਲੋਕਮਾਤੀ ਨਜ਼ਰੀ ਆਇਆ ਏ । ਸ਼ਬਦ ਸਰੂਪੀ ਚੜ੍ਹਿਆ ਸਾਚੀ ਚੋਟੀ, ਨੌਂ ਦਵਾਰੇ ਗਈ ਵਾਸਨਾ ਖੋਟੀ, ਦਸਵਾਂ ਦਰ ਇਕ ਖੁਲ੍ਹਾਇਆ ਏ । ਨਾ ਕੋਈ ਹਡ ਮਾਸ ਨਾ ਬੋਟੀ, ਆਪਣਾ ਆਪ ਰੂਪ ਵਟਾਇਆ ਏ । ਬਲੀ ਜੋਤ ਇਕ ਇਕਲੋਤੀ, ਸ਼ਬਦ ਵਿਚੋਲਾ ਵਿਚ ਰਖਾਇਆ ਏ । ਨਾਤਾ ਤੁਟੇ ਅੰਨ ਦਾਨਾ ਜੀਆਂ ਰੋਟੀ, ਆਤਮ ਭੰਡਾਰ ਇਕ ਭਰਾਇਆ ਏ । ਜੋਤੀ ਜੋਤ ਸਰੂਪ ਹਰਿ, ਸੰਤ ਸੁਹੇਲੇ ਦੇਵੇ ਸ਼ਬਦ ਵਰ ਵਰਭੰਡੀ ਰਿਹਾ ਜਗਾਇਆ ਏ । ਵਰਭੰਡ ਜਗਾਏ ਸ਼ਬਦ ਚੋਟ, ਤਨ ਨਗਾਰੇ ਰਿਹਾ ਲਗਾਈਆ । ਮਾਨਸ ਦੇਹੀ ਕਢੇ ਖੋਟ, ਸਚ ਵਣਜ ਵਣਜਾਰਾ ਇਕ ਕਰਾਈਆ । ਭੰਡਾਰਾ ਭਰਿਆ ਇਕ ਅਤੋਟ, ਤੋਟ ਕਦੇ ਨਾ ਆਈਆ । ਦਿਵਸ ਰੈਣ ਅੱਠੇ ਪਹਿਰ ਜੁਗਾ ਜੁਗੰਤ ਰਹੇ ਨਿਕਟ, ਕਲਜੁਗ ਦੂਰ ਕਦੇ ਨਾ ਜਾਈਆ । ਮਨਮੁਖਾਂ ਜੜ੍ਹ ਰਿਹਾ ਪੁੱਟ, ਤਿੱਖਾ ਤੀਰ ਸ਼ਬਦ ਚਲਾਈਆ । ਗੁਰਮੁਖ ਲਾਹਾ ਲੈਣ ਲੁੱਟ, ਜੋ ਜਨ ਰਹੇ ਸਰਨਾਈਆ । ਅੰਮ੍ਰਿਤ ਆਤਮ ਪਿਆਏ ਸਾਚਾ ਘੁੱਟ, ਤ੍ਰਿਸ਼ਨਾ ਅਗਨ ਬੁਝਾਈਆ । ਆਪ ਸੁਹਾਏ ਸਾਚੀ ਰੁੱਤ, ਮੰਦਰ ਅੰਦਰ ਜੋਤ ਜਗਾਈਆ । ਜੋਤੀ ਜੋਤ ਸਰੂਪ ਹਰਿ, ਜੋਤੀ ਸ਼ਬਦੀ ਮੇਲ ਦਰ, ਪਵਣ ਸਵਾਸੀ ਵਿਚ ਰਖਾਈਆ । ਸ਼ਬਦ ਬੋਲਾ ਜਗਤ ਧਰ, ਸਾਚਾ ਕਰਮ ਕਮਾਇਆ । ਸਤਿਜੁਗ ਸਾਚੇ ਦੀਆ ਮਾਤ ਵਰ, ਪਾਰਬ੍ਰਹਮ ਚਿਤ ਲਾਇਆ । ਆਪ ਆਪਣਾ ਕਰਮ ਕਰ, ਭਾਂਡਾ ਭਰਮ ਭੰਨਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਤ ਸਹਾਰ ਸਚ ਦਰ, ਦਰ ਘਰ ਸਾਚਾ ਇਕ ਵਖਾਇਆ । ਜਗਤ ਵਿਚੋਲਾ ਹਰਿ ਸੰਤ, ਜੀਵ ਜੰਤ ਅਧਾਰੀ । ਦੇਵੇ ਨਾਮ ਨਿਤ ਨਵਿਤ, ਕਿਰਪਾ ਕਰ ਅਪਰ ਅਪਾਰੀ । ਮਹਿੰਮਾ ਮਾਤ ਗਣਤ ਅਗਣਤ, ਨਾ ਕੋਈ ਜਾਣੇ ਜੀਵ ਗਵਾਰੀ । ਮਿਲੇ ਵਡਿਆਈ ਧੁਰ ਦਰਗਾਹੀ ਸਾਚਾ ਮੇਲਾ ਆਦਿ ਅੰਤ, ਜੋਤੀ ਸ਼ਬਦੀ ਖੇਲ ਅਪਾਰੀ । ਹਰਿ ਪਾਇਆ ਦਰ ਸੁਹਾਇਆ ਮੇਲ ਮਿਲਾਵਾ ਸਾਚੇ ਕੰਤ, ਜੋਤੀ ਜੋਤ ਸਰੂਪ ਹਰਿ, ਸੰਤ ਸੁਹੇਲਾ ਸਚ ਦਰ, ਸਾਚਾ ਖੇੜਾ ਰਿਹਾ ਵਸਾਇਆ । ਕਾਇਆ ਨਗਰ ਸਾਚਾ ਖੇੜਾ, ਸਚ ਮਹੱਲ ਬਣਾਇਆ ਏ । ਦਿਵਸ ਰੈਣ ਪੰਚਾਂ ਝੇੜਾ, ਪੰਚਾਂ ਰੰਗ ਵਟਾਇਆ ਏ । ਪੰਚਾਂ ਬੰਨ੍ਹੇ ਆਪੇ ਬੇੜਾ, ਪੰਚਾ ਦੂਰ ਵਖਾਇਆ ਏ । ਪੰਚਾਂ ਵੇਖੇ ਖੁਲ੍ਹਾ ਵਿਹੜਾ, ਪੰਚਾਂ ਦਿਸ ਨਾ ਆਇਆ ਏ । ਪੰਚਾਂ ਕਰੇ ਹੱਕ ਨਿਬੇੜਾ, ਪੰਚਾਂ ਰਾਹ ਭੁਲਾਇਆ ਏ । ਪੰਚਮ ਪੰਚ ਪੰਚ ਪਿਆਰਾ, ਸੰਤ ਸੁਹੇਲਾ ਜਗਤ ਵਣਜਾਰਾ, ਸਾਚਾ ਨਾਮ ਏਕਾ ਝੋਲੀ ਪਾਇਆ ਏ । ਜੀਆਂ ਅੰਦਰ ਸਚ ਖੇਤ, ਫ਼ਲ ਫੁਲਵਾੜੀ ਲਾਇਆ ਏ । ਰੁੱਤ ਬਸੰਤੀ ਰਹੇ ਚੇਤ, ਨਾਮ ਸੁਗੰਧੀ ਰਿਹਾ ਉਪਜਾਇਆ ਏ । ਦਰਸ ਦਿਖਾਏ ਨੇਤਨ ਨੇਤ, ਸਚ ਸਿੰਘਾਸਣ ਆਸਣ ਲਾਇਆ ਏ । ਗੁਰ ਪੂਰਾ ਹਾਜ਼ਰ ਹਜ਼ੂਰਾ ਖੇਵਟ ਖੇਟ, ਬੇੜਾ ਬੰਨ੍ਹੇ ਲਾਇਆ ਏ । ਹਰਿ ਸ਼ਬਦ ਸ਼ਬਦ ਹਰਿ ਗੁਰਮੁਖ ਗੁਰ ਦਰ ਬੇਟ, ਮਾਤ ਪਿਤ ਮੀਤ ਆਪਣੀ ਦਇਆ ਕਮਾਇਆ ਏ । ਜੋਤੀ ਜੋਤ ਸਰੂਪ ਹਰਿ, ਸੰਤ ਸੁਹੇਲਾ ਇਕ ਦਰ ਏਕਾ ਏਕ ਰਖਾਇਆ ਏ । ਇਕ ਅਕੇਲਾ ਇਕ ਸਚ ਮਹੱਲ ਵਸਾਇਆ ਏ । ਆਪੇ ਵਸੇ ਜਲ ਥਲਾ, ਜਲ ਥਲ ਵਿਚ ਸਮਾਇਆ ਏ । ਆਪੇ ਵੇਖੇ ਜੰਗਲ ਜੂਹ ਉਜਾੜ ਪਹਾੜ ਡੂੰਘੀ ਡੱਲਾ, ਕਾਇਆ ਮੰਦਰ

ਅੰਦਰ ਡੇਰਾ ਲਾਇਆ ਏ । ਗੁਰਮੁਖ ਵਿਰਲੇ ਆਤਮ ਜੋਤੀ ਦੀਪਕ ਬਲਾ, ਅੰਧ ਅਗਿਆਨ ਜਗਤ ਅੰਧੇਰ ਮਿਟਾਇਆ ਏ । ਜੀਵ ਜੰਤ ਭੁਲਾਏ ਕਰ ਕਰ ਵਲਾ ਛਲਾ, ਵਲੀਆਂ ਛਲੀਆਂ ਭੇਦ ਨਾ ਰਾਇਆ ਏ । ਆਪੇ ਵਸੇ ਨਿਹਚਲ ਧਾਮ ਅਟੱਲਾ, ਸਾਚਾ ਧਾਮ ਇਕ ਸੁਹਾਇਆ ਏ । ਹਰਿ ਸੰਤ ਆਤਮ ਦਰ ਦਵਾਰੇ ਅੱਗੇ ਖੱਲਾ, ਆਪ ਆਪਣਾ ਰੰਗ ਵਖਾਇਆ ਏ । ਦਰਸ ਦਿਖਾਏ ਘੜੀ ਘੜੀ ਪਲ ਪਲਾ, ਅੰਦਰ ਬਾਹਰ ਗੁਪਤ ਜ਼ਾਹਿਰ ਭੇਵ ਦੇਵੀ ਦੇਵ ਨਾ ਕੋਈ ਛੁਪਾਇਆ ਏ । ਦਰ ਦਵਾਰਾ ਏਕਾ ਮੱਲਾ, ਸ਼ਬਦ ਸੁਨੇਹੜਾ ਧੁਰ ਦਰਗਾਹੀ ਘੱਲਾ, ਦਿਸ ਕਿਸੇ ਨਾ ਆਇਆ ਏ । ਜੋਤੀ ਜੋਤ ਸਰੂਪ ਹਰਿ, ਸੰਤ ਸੁਹੇਲਾ ਇਕ ਦਰ, ਇਕ ਪੱਲਾ ਨਾਮ ਸ੍ਰਿਸ਼ਟ ਸਬਾਈ ਆਪ ਫੜਾਇਆ ਏ । ਨਾਮ ਪੱਲਾ ਜਗਤ ਫੜਾਇਆ, ਕਰੇ ਭਗਤ ਕੁੜਮਾਈਆ । ਸਾਚਾ ਰਾਹ ਇਕ ਵਖਾਇਆ, ਨੌਂ ਖੰਡ ਪ੍ਰਿਥਮੀ ਵੱਜੇ ਵਧਾਈਆ । ਲਹਿਣ ਦੇਣਾ ਰਿਹਾ ਚੁਕਾਇਆ, ਲੇਖਾ ਆਪਣੇ ਹੱਥ ਰਖਾਈਆ । ਸ਼ਬਦ ਗਹਿਣਾ ਤਨ ਪਹਿਨਾਇਆ, ਤਨ ਸ਼ਿੰਗਾਰ ਇਕ ਕਰਾਈਆ । ਤੀਜੇ ਨੈਣਾ ਦਰਸ ਦਿਖਾਇਆ, ਬ੍ਰਹਮ ਪਾਰਬ੍ਰਹਮ ਮੇਲ ਮਿਲਾਈਆ । ਭਾਣਾ ਸਹਿਣਾ ਹੁਕਮ ਸੁਣਾਇਆ, ਸਾਚਾ ਧਰਮ ਸਤਿਗੁਰ ਪੂਰੇ ਸੱਚੀ ਸਰਨਾਈਆ । ਲੱਖ ਚੁਰਾਸੀ ਜੂਠੇ ਝੂਠ ਵਹਿਣ ਵਹਿਣ, ਨਾ ਹੋਵੇ ਕੋਈ ਸਹਾਈਆ । ਸਾਚੇ ਧਾਮ ਅਟੱਲ ਅਡੋਲ ਹਰਿਜਨ ਸਾਚੇ ਸੰਤ ਬਹਿਣਾ, ਦੂਸਰ ਕਿਸੇ ਹੱਥ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਸੰਤ ਸੁਹੇਲੇ ਇਕ ਵਰ, ਦਰ ਦਵਾਰਾ ਰਿਹਾ ਸੁਹਾਈਆ । ਨੌਂ ਦਵਾਰੇ ਤਜ ਦਸਮ ਸਵਾਰਿਆ । ਸ਼ਬਦ ਸਿੰਘਾਸਣ ਚੜ੍ਹਿਆ ਭੱਜ, ਗੁਰ ਪੂਰੇ ਕਿਰਪਾ ਧਾਰਿਆ । ਅੰਮ੍ਰਿਤ ਆਤਮ ਪੀਣਾ ਰੱਜ, ਖੁਲ੍ਹੇ ਬੰਦ ਕਵਾੜਿਆ । ਕਾਇਆ ਕਾਅਬਾ ਕੀਨਾ ਸਾਚਾ ਹੱਜ, ਮਿਲਿਆ ਮੇਲ ਪਰਵਰਦਿਗਾਰਿਆ । ਜਗਤ ਤ੍ਰਿਸ਼ਨਾ ਦਿਤੀ ਤਜ, ਪਾਇਆ ਨਾਮ ਅਗੰਮ ਅਪਾਰਿਆ । ਸ਼ਬਦ ਤਾਲ ਗਿਆ ਵੱਜ, ਦਿਵਸ ਰੈਣ ਰਹੇ ਧੁੰਨਕਾਰਿਆ । ਜੋਤੀ ਜੋਤ ਸਰੂਪ ਹਰਿ, ਸੰਤ ਸੁਹੇਲਾ ਸ਼ਬਦ ਵਰ, ਸਾਚਾ ਮੇਲਾ ਇਕ ਦਰ, ਆਪੇ ਵੇਖੇ ਵੇਖ ਵਖਾ ਰਿਹਾ । ਸ਼ਬਦ ਵੱਜੇ ਸਾਚਾ ਤਾਲ, ਦਿਵਸ ਰੈਣ ਵੱਜੇ ਸ਼ਹਿਨਾਈਆ । ਅੰਮ੍ਰਿਤ ਭਰਿਅ ਆਤਮ ਤਾਲ, ਗੁਰਮੁਖਾਂ ਰਿਹਾ ਪਿਆਈਆ । ਗੁਰਮੁਖ ਵਿਰਲਾ ਮਾਰੇ ਏਕਾ ਛਾਲ, ਕਾਗ ਹੰਸ ਹੰਸ ਬਣ ਜਾਇਆ । ਫ਼ਲ ਲੱਗੇ ਕਾਇਆ ਡਾਲ੍ਹ, ਸਾਚੀ ਅੰਸ ਸ਼ਬਦ ਗੁਰ ਸ਼ਬਦ ਅਖਵਾਈਆ । ਪੰਜ ਦੂਤ ਸੰਘਾਰੇ ਜਿਉਂ ਕਾਹਨਾ ਕ੍ਰਿਸ਼ਨਾ ਕੰਸ, ਸਚ ਕਟਾਰ ਰਿਹਾ ਉਠਾਈਆ । ਜੋਤੀ ਜੋਤ ਸਰੂਪ ਹਰਿ, ਕਲਜੁਗ ਰੱਖੇ ਦੁਹਰੀ ਧਾਰ, ਵੇਖੇ ਖੇਲ ਸ੍ਰਿਸ਼ਟ ਸਬਾਈਆ । ਦੂਜੀ ਧਾਰ ਜਗਤ ਦਲੀਲ । ਸ਼ਬਦ ਵਿਚੋਲਾ ਸੰਤ ਵਕੀਲ । ਏਕਾ ਤੋਲ ਸਾਚਾ ਤੋਲਾ, ਆਪੇ ਪਹਿਨੇ ਬਸਤਰ ਨੀਲ । ਦਰ ਦਵਾਰਾ ਏਕਾ ਖੋਲ੍ਹਾ, ਪਰਗਟ ਹੋਏ ਛੈਲ ਛਬੀਲ । ਚਾਰ ਵਰਨ ਸੁਣਾਏ ਏਕਾ ਢੋਲਾ, ਨਾ ਕੋਈ ਜਾਣੇ ਬ੍ਰਹਿਮਣ ਭੀਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਤ ਸੁਹੇਲਾ ਇਕ ਦਰ ਆਪੇ ਜਾਣੇ ਸੀਤਲ ਸੀਲ । ਸਾਚੀ ਬਣਤ ਬਣਾਏ, ਸਖੀ ਸੁਲਤਾਨਿਆ । ਸਾਚੇ ਸੰਤ ਮੇਲ ਮਿਲਾਏ ਵਾਲੀ ਦੋ ਜਹਾਨਿਆ । ਆਦਿ ਅੰਤ ਇਕ ਹੋ ਜਾਏ, ਨਾ ਕੋਈ ਜਾਣੇ ਜੀਵ ਨਿਧਾਨਿਆ । ਨੈਣੀ ਨੇਤਰ ਲੋਚਨ ਪੇਖਣ ਪਾਏ, ਹੱਥੀ ਬੰਨ੍ਹੇ ਸ਼ਬਦ ਗਾਨਿਆ । ਮਸਤਕ ਨਾਮ ਮੇਖ ਮੇਖਣ ਸਾਚੀ ਲਾਏ, ਦੇਵੇ ਨਾਮ ਧੁਰ ਫ਼ਰਮਾਨਿਆ । ਦਿੱਲੀ ਦਰਬਾਰ ਵੇਖਣ ਜਾਏ, ਅੱਸੂ ਤਿੰਨ ਦਿਵਸ ਸੁਹਾਨਿਆ । ਸੰਤ ਕਿਰਪਾਲ ਦਿਆਲ ਸੰਗ ਰਲਾਏ, ਝੁਲਾਏ ਧਰਮ ਸੱਚਾ ਨਿਸ਼ਾਨਿਆ । ਲਾਲ ਗੁਲਾਲ ਰੰਗ ਚੜ੍ਹਾਏ, ਕੰਚਨ ਧਾਰ ਵੇਖ ਵਖਾਨਿਆ । ਸੂਹੀ ਸੁਰਤੀ ਨਾਲ ਭਵਾਏ ਚਿੱਟੀ ਚਿੱਟਾ ਅਸਵ ਹਰਿ ਭਗਵਾਨਿਆ ।

ਨੀਲੀ ਧਾਰ ਹੋ ਅਸਵਾਰ ਪਾਰ ਕਰਾਏ, ਪੀਲੀ ਵੇਖੇ ਪੁਰਖ ਸੁਜਾਨਿਆ । ਕਲ ਕਾਲੀ ਰੈਣ ਮਿਟਾਏ ਸਤਿ ਪੁਰਖ ਨਿਰੰਜਣ ਸਤਿ ਸਤਿਵਾਦੀ । ਪਾਰਬ੍ਰਹਮ ਬ੍ਰਹਮ ਸ਼ਬਦ ਬੋਧ ਅਗਾਧੀ । ਸਾਚਾ ਸੰਗ ਨਿਭਾਏ, ਲੇਖਾ ਲਿਖਿਆ ਆਦਿ ਜੁਗਾਦੀ । ਜੋਤੀ ਜੋਤ ਸਰੂਪ ਹਰਿ, ਸਚ ਸੁਨੇਹੜਾ ਲੈ ਕੇ ਜਾਏ ਸੰਤ ਸੁਹੇਲਾ ਸਾਚੀ ਗੋਦ ਬਹਿਕੇ ਜਾਏ, ਮਿਲੇ ਮੇਲ ਮਾਧਵ ਮਾਧੀ । ਅਸੂ ਤਿੰਨ ਤਿੰਨ ਵਿਚਾਰ । ਖੇਲ ਕਰੇ ਪ੍ਰਭ ਭਿੰਨ ਭਿੰਨ, ਨੌਂ ਖੰਡ ਪ੍ਰਿਥਮੀ ਮਾਰੇ ਮਾਰ । ਵਕਤ ਲੰਘਾਏ ਗਿਣ ਗਿਣ, ਲੇਖ ਲਿਖਾਏ ਦਿੱਲੀ ਦਰਬਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਦੇਵੇ ਸਾਚਾ ਵਰ, ਆਤਮ ਖੋਲ੍ਹੇ ਬੰਦ ਕਿਵਾੜ । ਰਾਜ ਇੰਦਰ ਇੰਦਰ ਪਰਸਾਦ । ਸ਼ਬਦ ਦੇਵੇ ਪ੍ਰਭ ਸਾਚੀ ਦਾਦ । ਆਤਮ ਧੁਨੀ ਸਾਚਾ ਨਾਦ । ਮਿਲੇ ਮੇਲ ਹਰਿ ਵਡ ਗੁਣ ਗੁਣੀ, ਖੋਜ ਖੁਜਾਏ ਜੀਓ ਪਿੰਡ ਬ੍ਰਹਿਮਾਦ । ਜੋਤੀ ਜੋਤ ਸਰੂਪ ਹਰਿ, ਸੰਤ ਸੁਹਾਏ ਇਕ ਦਰ, ਦਿਵਸ ਰੈਣ ਰਹੇ ਅਰਾਧ । ਸੰਤ ਕਿਰਪਾਲ ਕਿਰਪਾ ਕਲ ਕਰੀ । ਹੋਏ ਦਿਆਲ, ਗੁਰ ਪੂਰੇ ਆਤਮ ਲਾਈ ਸ਼ਬਦ ਸਾਵਣ ਸਾਚੀ ਝੜੀ । ਆਪ ਉਪਾਇਆ ਸਾਚਾ ਲਾਲ, ਫ਼ਲ ਲਗਾਇਆ ਕਾਇਆ ਡਾਲ, ਸਚ ਵਸਤ ਆਤਮ ਜੋਤ ਧਰੀ । ਸ਼ਬਦ ਇਕੱਲਾ ਮਾਰੇ ਇਕ ਉਛਾਲ, ਗਊ ਗਰੀਬ ਨਿਮਾਣਿਆਂ ਬਣਿਆ ਜਗਤ ਦਲਾਲ, ਹੱਥੋਂ ਲਾਹੇ ਧਰਮ ਰਾਏ ਦੀ ਝੂਠੀ ਕੜੀ । ਆਪੇ ਸ਼ਾਹ ਆਪੇ ਕੰਗਾਲ, ਗੁਰ ਸਤਿਗੁਰ ਸਾਚਾ ਹੋਏ ਰਖਵਾਲ । ਤਿੰਨ ਮਾਘ ਵਡ ਵਡਭਾਗੀ । ਏਕਾ ਇਛਿਆ ਜਗਤ ਵਿਜੋਗ, ਧਰਤ ਮਾਤ ਸੋਈ ਜਾਗੀ । ਧੋਵਣ ਆਇਆ ਕਾਲੇ ਦਾਗ਼, ਹਰਿ ਸੰਤ ਸੁਹੇਲਾ ਕਲਜੁਗ ਝੂਠਾ ਦਾਗ਼ੀ । ਗੁਰ ਪੂਰੇ ਹੱਥ ਪਕੜੀ ਵਾਗ, ਹਰਿ ਮੇਲਾ ਸ਼ਾਹੋ ਕੰਤ ਸੁਹਾਗੀ । ਜੀਵ ਜੰਤ ਬੁਝਾਏ ਤ੍ਰਿਸ਼ਨਾ ਆਗ, ਇਕ ਉਪਜਾਏ ਸਾਚਾ ਰਾਗੀ । ਜਗਤ ਵਿਛੋੜਾ ਰਹੇ ਭਗਤ ਵੈਰਾਗ, ਕਵਲ ਚਰਨ ਚਰਨ ਕਵਲ ਪ੍ਰੀਤ ਗੁਰ ਪੂਰੇ ਲਾਗੀ । ਮਸਤਕ ਲੇਖਾ ਧੁਰ ਵਡਭਾਗ, ਮਾਇਆ ਮਮਤਾ ਤਨ ਤਿਆਗੀ । ਏਕਾ ਪਾਇਆ ਕੰਤ ਸੁਹਾਗ, ਜੋਤੀ ਜੋਤ ਸਰੂਪ ਹਰਿ, ਸੰਤ ਸੁਹਾਏ ਇਕ ਦਰ, ਸ਼ਬਦ ਰਖਾਏ ਸਾਚਾ ਤਾਲ । ਆਏ ਦਵਾਰ ਕਿਰਪਾ ਕਰ, ਅਚਰਜ ਰੀਤ ਚਲਾਈਆ । ਵੇਖ ਵਖਾਏ ਇਕ ਘਰ, ਕਾਇਆ ਮੰਦਰ ਮਸੀਤ ਇਕ ਸੁਹਾਈਆ । ਬੰਦ ਕਰਾਏ ਨੌਂ ਦਰ, ਦਸਵੇਂ ਗੀਤ ਸੁਹਾਗੀ ਗਾਈਆ । ਸਾਚੇ ਮੰਦਰ ਗਿਆ ਚੜ੍ਹ, ਦਰ ਘਰ ਵੱਜੀ ਵਧਾਈਆ । ਪੁਰਖ ਅਬਿਨਾਸ਼ੀ ਲੜ ਲਿਆ ਫੜ, ਗੁਰ ਪੂਰਾ ਹੋਏ ਸਹਾਈਆ । ਨਾ ਕੋਈ ਸੀਸ ਨਾ ਕੋਈ ਧੜ, ਸ਼ਬਦ ਸਰੂਪੀ ਮੇਲਾ ਸਹਿਜ ਸੁਭਾਈਆ । ਜਗੇ ਜੋਤ ਬਹੱਤਰ ਨੜ, ਦਿਵਸ ਰੈਣ ਹੋਏ ਰੁਸ਼ਨਾਈਆ । ਪੰਚ ਵਿਕਾਰਾ ਗਿਆ ਸੜ, ਸ਼ਬਦ ਜੈਕਾਰਾ ਮਿਲੀ ਵਡਿਆਈਆ । ਧਰਮ ਦਵਾਰੇ ਗਿਆ ਖੜ, ਸ੍ਰਿਸ਼ਟ ਸਬਾਈ ਰਿਹਾ ਜਗਾਈਆ । ਜੋਤੀ ਜੋਤ ਸਰੂਪ ਹਰਿ, ਸੰਤ ਸੁਹੇਲੇ ਦੇਵੇ ਵਰ, ਮਾਘ ਤਿੰਨ ਵੇਲਾ ਵਕਤ ਸੁਹਾਈਆ । ਆਏ ਦਰ ਦਵਾਰ, ਭਾਗ ਲਗੱਨਿਆ । ਸਾਚਾ ਮੇਲਾ ਮੀਤ ਮੁਰਾਰ, ਚਿਰੀ ਵਿਛੁਨਿਆ । ਸਾਚੀ ਸੇਜਾ ਕੰਤ ਭਤਾਰ, ਨੈਣੀ ਭਰ ਭਰ ਰੁਨਿਆ । ਜੋਤੀ ਜੋਤ ਸਰੂਪ ਹਰਿ, ਸੰਤ ਸੁਹੇਲੇ ਇਕ ਵਰ, ਵਡ ਦਾਤ ਦਾਤਾਰ ਸ਼ਬਦ ਗੁਣ ਗੁਣਿਆ । ਸਾਚੀ ਸੇਜਾ ਕੰਤ ਬਹਾਇਆ, ਆਤਮ ਸੇਜ ਵਿਛਾਈਆ । ਰਾਗ ਅਨਾਦੀ ਇਕ ਸੁਣਾਇਆ, ਸਾਚੀ ਸੇਵ ਕਮਾਈਆ । ਸ਼ਬਦ ਬ੍ਰਹਿਮਾਦੀ ਨਾਲ ਰਲਾਇਆ, ਆਦਿ ਜੁਗਾਦੀ ਦਇਆ ਕਮਾਈਆ । ਮੋਹਣ ਮਾਧਵ ਮਾਧੀ ਘਰ ਸਚ ਬਹਾਇਆ, ਵੱਜਦੀ ਰਹੇ ਸਦਾ ਵਧਾਈਆ । ਅਰਾਧਨ ਅਰਾਧੀ ਰਸਨ ਰਸ ਪੁਰਖ ਅਬਿਨਾਸ਼ੀ ਸਾਚਾ ਪਾਇਆ, ਜੋਤੀ ਜੋਤ ਸਰੂਪ ਹਰਿ, ਸੰਤ ਸੁਹੇਲੇ ਇਕ ਵਾਰ ਨਾ ਹੋਏ ਵਿਛੋੜਾ ਨਾ ਮਿਲੇ

ਕਦੇ ਜੁਦਾਈਆ । ਵਕਤ ਸੁਹਾਏ ਅੰਤ ਕਲ, ਮੇਲ ਮਿਲਾਇਆ ਆਣ । ਮਿਲਿਆ ਮੇਲ ਸੰਤ ਜਨ, ਚੜ੍ਹਿਆ ਸ਼ਬਦ ਬਿਬਾਣ । ਸਾਚੀ ਵਸਤ ਨਾਮ ਧਨ, ਧਨ ਵਿਚ ਜਹਾਨ । ਸਾਚਾ ਰਾਗ ਸੁਣਾਏ ਕੰਨ, ਸ਼ਬਦ ਸਾਚਾ ਬ੍ਰਹਮ ਗਿਆਨ । ਭਾਂਡਾ ਭਰਮ ਦੇਵੇ ਭੰਨ, ਹਰਿ ਸੰਤ ਸਾਚਾ ਚਤੁਰ ਸੁਜਾਨ । ਆਪ ਵਸੇਰਾ ਛੱਪਰੀ ਛੰਨ, ਕਾਇਆ ਮੰਦਰ ਦਿਸੇ ਝੂਠ ਮਕਾਨ । ਜੋਤੀ ਜੋਤ ਸਰੂਪ ਹਰਿ, ਵੇਖੇ ਸ਼ਬਦ ਸਚ ਘਰ, ਕਵਣ ਬੈਠਾ ਲਾ ਧਿਆਨ । ਕਵਣ ਅਬਿਨਾਸ਼ੀ ਅਭਿਆਸ ਕਮਾਏ । ਕਵਣ ਵਾਸ ਕਾਇਆ ਵਿਚ ਰਖਾਏ । ਕਵਣ ਸਵਾਸ ਹਰਿ ਰਸਨਾ ਗਾਏ । ਕਵਣ ਪਰਭਾਸ ਪ੍ਰਭ ਡੇਰਾ ਲਾਏ । ਕਵਣ ਨਿਵਾਸ ਸ਼ਬਦ ਸਿੰਘਾਸਣ ਆਪ ਵਿਛਾਏ । ਕਵਣ ਦਵਾਰਾ ਰੱਖੇ ਵਾਸ, ਆਪ ਆਪਣਾ ਰੰਗ ਵਟਾਏ । ਪੁਰਖ ਅਬਿਨਾਸ਼ੀ ਸ਼ਾਹੋ ਸ਼ਾਬਾਸ, ਸੰਗ ਸੁਹੇਲਾ ਇਕ ਅਖਵਾਏ । ਵੇਖ ਵਖਾਣੇ ਪ੍ਰਿਥਮੀ ਆਕਾਸ਼, ਨਾਮ ਮਰਦੰਗ ਰਿਹਾ ਵਜਾਏ । ਜੂਠੇ ਝੂਠੇ ਮਾਇਆ ਲੂਠੇ ਹੋਣੇ ਨਾਸ, ਜਨ ਭਗਤਾਂ ਅੰਗ ਸੰਗ ਰਖਾਏ । ਜੋਤੀ ਜੋਤ ਸਰੂਪ ਹਰਿ, ਸੰਤ ਸੁਹੇਲਾ ਇਕ ਵਰ, ਸਚ ਦਵਾਰੇ ਦਰਸ ਕਰਾਏ । ਤ੍ਰੈਗੁਣ ਮਾਇਆ ਤੱਤ ਆਪ ਉਪਾਇਆ । ਸ਼ਬਦ ਜਣਾਈ ਘਰ ਸਾਚੇ ਮਤ, ਮਿਲੀ ਮਾਤ ਵਡਿਆਇਆ । ਧਰਤ ਮਾਤ ਤੇਰੀ ਰੱਖੇ ਪਤ, ਜੋਤੀ ਜਾਮਾ ਭੇਖ ਵਟਾਇਆ । ਗੁਰਮੁਖਾਂ ਬੀਜ ਬੀਜੇ ਆਤਮ ਸਾਚੇ ਵਤ, ਸੋਹੰ ਸਾਚਾ ਹਲ ਚਲਾਇਆ । ਕਲਜੁਗ ਖੇਤ ਗਿਆ ਪੱਕ, ਅੰਤਮ ਵੇਲੇ ਵੰਡ ਵੰਡਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਤ੍ਰੈਗੁਣ ਮਾਇਆ ਅੰਕ ਸੁਹਾਇਆ । ਤ੍ਰੈਗੁਣ ਮਾਇਆ ਅੰਗ ਭਬੂਤ ਹਰਿ ਚੜ੍ਹਾਇਆ । ਸ਼ਬਦ ਧਾਗਾ ਸਾਚਾ ਸੂਤ, ਆਪੇ ਆਪ ਹੱਥ ਵਖਾਇਆ । ਵਡਾ ਹਰਿ ਨਾ ਕੋਈ ਰੰਗ ਰੂਪ, ਭੇਵ ਨਾ ਰਾਇਆ । ਸ਼ਾਹ ਸੁਲਤਾਨਾ ਵਡਾ ਭੂਪ, ਪਰਗਟ ਹੋਇਆ ਸਤਿ ਸਰੂਪ, ਜੋਤ ਨਿਰੰਜਣ ਰਿਹਾ ਜਗਾਇਆ । ਹੋਏ ਪਰਕਾਸ਼ ਅੰਧ ਕੂਪ, ਅਗਿਆਨ ਅੰਧੇਰ ਰਿਹਾ ਮਿਟਾਇਆ । ਪਵਣ ਦੇਵੇ ਸਾਚਾ ਧੂਪ, ਨਾਮ ਸੁਗੰਧੀ ਰਿਹਾ ਉਪਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲੇਖ ਵੇਖ ਧੁਰ ਫ਼ਰਮਾਣ, ਲੱਖ ਚੁਰਾਸੀ ਰਿਹਾ ਸੁਣਾਇਆ । ਲੱਖ ਚੁਰਾਸੀ ਆਪ ਜਣਾਏ, ਵਡ ਵਡੀ ਵਡਿਆਈਆ । ਮਨ ਉਦਾਸੀ ਆਪੇ ਲਾਹੇ, ਵੇਖੇ ਖੇਲ ਹਰਿ ਰਘੁਰਾਈਆ । ਮਨਮੁਖ ਜੀਵ ਧਰਮ ਰਾਏ ਦੇ ਦੇਵੇ ਫਾਹੇ, ਨਾ ਸਕੇ ਕੋਇ ਛੁਡਾਈਆ । ਗੁਰਮੁਖ ਸਾਚੇ ਫੜ ਫੜ ਬਾਹੋਂ ਪਾਏ ਰਾਹੇ, ਸਾਚਾ ਮਾਰਗ ਇਕ ਵਖਾਈਆ । ਦਰਗਾਹ ਸਾਚੀ ਦੇਵੇ ਥਾਂਏ, ਆਪ ਆਪਣੇ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਰਚਨਾ ਰਿਹਾ ਰਚਾਈਆ ।

### ★ ੧੦ ਮਾਘ ੨੦੧੨ ਬਿਕ੍ਰਮੀ ਮਾਤਾ ਬਿਸ਼ਨ ਕੌਰ ਦੇ ਗ੍ਰਿਹ ਹਰਿ ਭਗਤ ਦਵਾਰ ਜੇਠੂਵਾਲ ★

ਹਰਿ ਸਾਜਣ ਜਗ ਮੀਤ, ਦੋ ਜਹਾਨਿਆ । ਸਦਾ ਸਦ ਜਨ ਰਖੇ ਚੀਤ, ਦੇਵੇ ਮਾਣ ਭਗਤ ਭਗਵਾਨਿਆ । ਦਿਵਸ ਰੈਣ ਪਰਖੇ ਨੀਤ, ਜੀਵ ਜੰਤ ਜੰਤ ਜੀਵ ਸ਼ੈਤਾਨਿਆ । ਗੁਰਮੁਖ ਵਿਰਲੇ ਕਾਇਆ ਠੰਢੀ ਸੀਤ, ਪੀਵੇ ਅੰਮ੍ਰਿਤ ਨਾਮ ਨਿਧਾਨਿਆ । ਆਪੇ ਕਰੇ ਪਤਤ ਪੁਨੀਤ, ਜਿਸ ਜਨ ਬਖ਼ਸ਼ੇ ਚਰਨ ਧਿਆਨਿਆ । ਸ਼ਬਦ ਸੁਹੇਲਾ ਰਹੇ ਅਤੀਤ, ਮਿਲੇ ਮੇਲ ਪੁਰਖ ਸੁਜਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵੇਖੇ ਖੇਲ ਗੁਣਵੰਤਾ ਗੁਣ ਨਿਧਾਨਿਆ । ਜਗਤ ਜੀਵ ਅਧੀਨ, ਨਾਮ ਵਿਸਾਰਿਆ । ਨਾ ਕੋਈ ਸਹਾਏ ਲੋਕਾ ਤੀਨ, ਲੋਕਾ

ਤੀਨ ਹੋਏ ਖੁਆਰਿਆ । ਹਰਿਜਨ ਸਾਚੇ ਕਾਇਆ ਮੰਦਰ ਆਤਮ ਠਾਂਢਾ ਸੀਨ, ਦੇਵੇ ਦਾਨ ਸ਼ਬਦ ਨਿਸ਼ਾਨਿਆ । ਅੱਖਰ ਵੱਖਰ ਜਗਤ ਕੀਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਕਰੇ ਪੁਣ ਛਾਣਿਆ । ਪੁਣ ਛਾਣ ਪ੍ਰਭ ਜਗਤ ਵਰੋਲੇ, ਭੇਵ ਕਿਸੇ ਨਾ ਆਈਆ । ਏਕ ਤੋਲ ਸਾਚਾ ਤੋਲੇ, ਸ਼ਬਦ ਕੰਡਾ ਰਿਹਾ ਲਗਾਈਆ । ਆਦਿ ਅੰਤ ਕਦੇ ਨਾ ਡੋਲੇ, ਇਕ ਅਡੋਲ ਆਪ ਅਖਵਾਈਆ । ਭਗਤ ਜਨਾਂ ਹਰਿ ਅੰਦਰ ਬੋਲੇ, ਮੁਖ ਸਹਿਜ ਸਹਿਜ ਗੁਣ ਗਾਈਆ । ਭਾਗ ਲਗਾਇਆ ਕਾਇਆ ਚੋਲੇ, ਸ਼ਬਦ ਸੁਨੇਹੜਾ ਭੇਜ ਰਿਹਾ ਜਗਾਈਆ । ਆਤਮ ਪੜਦੇ ਅੰਤਮ ਖੋਲ੍ਹੇ, ਅੰਗ ਅੰਗ ਮਿਲੀ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਸ਼ਬਦ ਸੱਚੀ ਕੁੜਮਾਈਆ । ਜਗਤ ਜੁਗਤੀ ਜਾਣ, ਭਗਤ ਪਛਾਣਿਆ । ਸਾਚੀ ਮੁਕਤੀ ਵਿਚ ਜਹਾਨ, ਚਰਨ ਸਰਨ ਸਰਨ ਚਰਨ ਗੁਰ ਧਿਆਨਿਆ । ਕਾਇਆ ਭੁਗਤੀ ਗੁਣ ਨਿਧਾਨ, ਸ਼ਬਦ ਬੰਨ੍ਹੇ ਹੱਥੀਂ ਗਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵੇ ਦਾਨ ਜੀਆ ਦਾਨਿਆ । ਜੀਵ ਜੰਤ ਭਿਖਾਰ ਦਰ ਦਵਾਰਿਆ । ਦੇਵਣਹਾਰ ਦਾਤਾਰ ਵਡ ਸੰਸਾਰਿਆ । ਆਪੇ ਪਾਏ ਸਾਰ, ਕਰਮ ਵਿਚਾਰਿਆ । ਮਾਨਸ ਦੇਹੀ ਆਈ ਹਾਰ, ਜਨਮ ਗਵਾ ਰਿਹਾ । ਕੋਈ ਨਾ ਲਾਵੇ ਪਾਰ, ਮਾਇਆ ਭਰਮ ਭੁਲਾ ਰਿਹਾ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਇਕ ਦੇਵੇ ਸ਼ਬਦ ਅਧਾਰ, ਸਾਚਾ ਮਾਰਗ ਇਕ ਵਖਾ ਰਿਹਾ । ਆਪੇ ਜਾਣੇ ਆਪਣੀ ਧਾਰ, ਮਾਤ ਪਿਤ ਹਿਤ ਨਿਤ ਨਵਿਤ ਦਿਵਸ ਰੈਣ ਆਪ ਕਰਾ ਰਿਹਾ । ਆਪੇ ਜਾਣੇ ਵਾਰ ਥਿਤ, ਰੁੱਤ ਮਾਹ ਨਾ ਭੇਵ ਛੁਪਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰਾਹ ਇਕ ਵਖਾ ਰਿਹਾ । ਏਕਾ ਰਾਹ ਇਕ ਆਕਾਰ, ਇਕ ਅਧਾਰ ਰਖਾਈਆ । ਏਕਾ ਨਾਂਓ ਏਕਾ ਥਾਂਓ ਚਰਨ ਪਿਆਰ ਰਖਾਈਆ । ਏਕਾ ਪਿਤਾ ਏਕਾ ਮਾਊਂ, ਬੱਤੀ ਧਾਰਾਂ ਸੀਰ ਪਿਆਈਆ । ਏਕਾ ਹਿਤਾ ਪਕੜੇ ਬਾਹੋਂ, ਅੰਮ੍ਰਿਤ ਆਤਮ ਸੀਰ ਮੁਖ ਚੁਆਈਆ । ਦਿਵਸ ਰੈਣ ਜਨ ਰਾਖੇ ਚੀਤ, ਜਗਤ ਜੰਜ਼ੀਰ ਗਲੋਂ ਕਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦਰ ਦਵਾਰੇ ਦਇਆ ਕਮਾਈਆ । ਧੂੜ ਰੈਣ ਖ਼ਾਕ । ਪ੍ਰਭ ਚਰਨ ਪਾਕ । ਖੁਲ੍ਹੇ ਸੋਤ ਬੰਦ ਤਾਕ । ਲੇਖਾ ਜਾਣੇ ਭਵਿਖਤ ਵਾਕ । ਨੇਤਰ ਨੀਰ ਸੁਗੰਧ ਨਾਕ । ਤਨ ਚੀਰ ਸ਼ਬਦ ਧੀਰ ਨਾਮ ਗੁਰ ਜਗਤ ਸਾਕ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਚਰਨ ਧੂੜੀ ਬਖ਼ਸ਼ੇ ਖ਼ਾਕ । ਬੁਧ ਮਤ ਮਨ ਤਨ ਚਤਰਾਈ । ਚੈਂਚਲ ਚਿਤ ਪ੍ਰਭ ਵੇਖ ਵਖਾਈ । ਹੱਡ ਮਾਸ ਨਾੜੀ ਰਿਤ, ਰਤ ਆਪ ਉਪਾਈ । ਅੰਮ੍ਰਿਤ ਆਤਮ ਕਾਇਆ ਸਿਤ, ਆਪੇ ਹਰਿਆ ਰਿਹਾ ਕਰਾਈ । ਨੈਣ ਮੁਧਾਰੀ ਆਤਮ ਚਿਤ ਤ੍ਰਿਸ਼ਨਾ ਤਿਆਗ ਅੱਗ ਤਨ ਬੁਝਾਈ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਤਾਗ ਤਨ ਬੰਧਾਈ । ਦਰ ਦਵਾਰਾ ਇਕ ਸੁਹਾਨਾ, ਨਿਰਮਲ ਜੋਤ ਜਗਾਈਆ । ਸਾਚਾ ਸ਼ਬਨ ਇਕ ਸੁਹਾਨਾ, ਵਰਨ ਗੋਤੀ ਮੇਟ ਮਿਟਾਈਆ । ਪਾਰਬ੍ਰਹਮ ਬ੍ਰਹਮ ਵਿਚ ਸਮਾਨਾ, ਏਕਾ ਦੂਜਾ ਭੇਵ ਚੁਕਾਈਆ । ਅੰਮ੍ਰਿਤ ਆਤਮ ਤੀਰਥ ਸਾਚੇ ਨਹਾਨਾ, ਅਠਸਠ ਲੇਖ ਦਏ ਮਿਟਾਈਆ । ਪੁਰਖ ਅਬਿਨਾਸ਼ੀ ਦਰ ਘਰ ਸਾਚੇ ਪਾਨਾ, ਮੰਦਰ ਮਸੀਤ ਨਾ ਕੋਈ ਰਖਾਈਆ । ਦਿਵਸ ਰੈਣ ਰੈਣ ਦਿਵਸ ਸਦ ਰਸਨਾ ਗਾਨਾ, ਗੰਭੀਰ ਗਹਿਰ ਗਹਿਰ ਗੰਭੀਰ ਸ਼ਬਦ ਸਹਿਜ ਸੁਖਦਾਈਆ । ਏਕਾ ਰਾਗ ਜਗਤ ਵੈਰਾਗ ਕੰਨ ਸੁਣਾਨਾ, ਸੋਹੰ ਤੀਰ ਬਜਰ ਕਪਾਟੀ ਜਾਏ ਚੀਰ, ਅੰਤ ਅਖੀਰ ਜਿਸ ਕਰਾਈਆ । ਗੁਰ ਸ਼ਬਦ ਭਗਤ ਕੁੜਮਾਈ,

੫੩੪ ੦੫

ਸਾਚੀ ਰਚਨ ਰਚਾਈਆ । ਆਤਮ ਘਰ ਵੱਜੀ ਵਧਾਈ, ਗੋਬਿੰਦ ਗੀਤ ਸੁਹਾਗੀ ਗਾਈਆ । ਮਿਲਿਆ ਮੇਲ ਪਾਰਬ੍ਰਹਮ ਸਰਨਾਈ, ਅਚਰਜ ਰੀਤ ਮਾਤ ਚਲਾਈਆ । ਆਤਮ ਘਰ ਵੱਜੀ ਵਧਾਈ, ਪ੍ਰਭ ਸਾਚੇ ਦਇਆ ਕਮਾਈਆ । ਨਾਤਾ ਤੁਟਾ ਭੈਣਾਂ ਭਾਈ, ਮਾਤ ਪਿਤ ਸਾਚਾ ਹਿਤ ਨਿਤ ਨਵਿਤ ਸਾਰ ਨਾ ਰਾਈਆ । ਨਰ ਨਰਾਇਣ ਹਰਿ ਹਰਿ ਚਿਤ, ਦਰਸ ਪਾਏ ਤੀਜੇ ਨੈਣਾ ਮੇਲ ਮਿਲਾਵਾ ਸਾਚੇ ਮਿਤ, ਚਰਨ ਪ੍ਰੀਤ ਇਕ ਵਖਾਈਆ । ਨੌਂ ਦਵਾਰੇ ਰਹੇ ਜਿੱਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸ਼ਬਦ ਸੁਹੇਲਾ ਦੇਵੇ ਵਰ, ਭਗਤ ਮਾਤ ਵਧਾਈਆ । ਵਡੀ ਵਡ ਵਡਿਆਈ, ਗੁਰਮੁਖ ਨਾਉਂ ਅਪਾਰਿਆ । ਨਾ ਹੋਏ ਮਾਤ ਜੁਦਾਈ, ਦੋ ਜਹਾਨੀ ਪਾਰ ਉਤਾਰਿਆ । ਪਾਰ ਕਰਾਏ ਫੜ ਫੜ ਬਾਹੀ, ਲੱਖ ਚੁਰਾਸੀ ਭਵ ਜਲ ਪਾਰ ਉਤਾਰਿਅ । ਦੂਸਰ ਕੋਈ ਦੀਸੇ ਨਾਹੀ, ਆਦਿ ਅੰਤ ਜੁਗਾ ਜੁਗੰਤ ਸਾਧ ਸੰਤ ਭਗਤ ਭਗਵੰਤ, ਸ਼ਬਦ ਰੰਗ ਸਾਚਾ ਸੰਗ, ਏਕਾ ਏਕ ਬਲੀ ਬਲਵਾਨ, ਸਾਧ ਸੰਤ ਰਿਹਾ ਜਗਾਈਆ । ਆਪੇ ਵੇਖੇ ਮਾਰ ਧਿਆਨ, ਖੰਡ ਮੰਡਲ ਵਰਭੰਡ ਵਰਭੰਡੀ ਦਿਸ ਨਾ ਆਈਆ । ਭੇਖਾਧਾਰੀ ਭੇਖ ਨਿਧਾਨ, ਜੋਤ ਅਧਾਰੀ ਹਰਿ ਭਗਵਾਨ, ਸਾਚੀ ਵੰਡਨ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪਹਿਲੀ ਚੇਤ ਵੇਖੇ ਕਾਇਆ ਖੇਤ, ਰਾਜ ਰਾਜਾਨਾ ਸ਼ਾਹ ਸੁਲਤਾਨਾਂ ਏਕਾ ਸ਼ਬਦ ਜਣਾਈਆ । ਸ਼ਬਦ ਜਣਾਏ ਹਰਿ ਨਿਰੰਕਾਰ, ਪਹਿਲੀ ਚੇਤ ਜਣਾਇੰਦਾ । ਕਰੇ ਖੇਲ ਅਪਰ ਅਪਾਰ, ਕਾਇਆ ਖੇਤ ਵੇਖ ਵਖਾਇੰਦਾ । ਕਾਲਾ ਵੇਸ ਦਰ ਦਰਵੇਸ਼, ਕਾਲੀ ਧਾਰ ਦਿਸ ਨਾ ਆਇੰਦਾ । ਆਪੇ ਹੋਵੇ ਧਾਰੀ ਕੇਸ, ਮੂੰਡ ਮੁੰਡਾਨਾ ਆਪ ਅਖਵਾਇੰਦਾ । ਆਪੇ ਦਾਤਾ ਨਰ ਨਰੇਸ਼, ਆਪੇ ਦਸ ਦਸਮੇਸ ਬਣਾਇੰਦਾ । ਆਪੇ ਬ੍ਰਹਮਾ ਵਿਸ਼ਨ ਮਹੇਸ਼ ਗਣੇਸ਼, ਸ਼ਿਵ ਸ਼ੰਕਰ ਆਪ ਉਪਾਇੰਦਾ । ਆਪੇ ਆਵੇ ਜਾਵੇ ਕਰ ਕਰ ਵੇਸ, ਕਰੋੜ ਤੇਤੀਸਾ ਸੁਰਪਤ ਰਾਜਾ ਇੰਦ ਸੇਵ ਲਗਾਇੰਦਾ । ਕਲਜੁਗ ਅੰਤਮ ਲੈਣਾ ਵੇਖ, ਲੱਖ ਚੁਰਾਸੀ ਮਿੱਟਦੀ ਰੇਖ, ਨਾ ਕੋਈ ਦੀਸੇ ਔਲੀਆ ਪੀਰ ਸ਼ੇਖ, ਆਪ ਆਪਣੀ ਬਣਤ ਬਣਾਇੰਦਾ । ਜੋਤੀ ਜਾਮਾ ਧਰਿਆ ਭੇਖ, ਗੁਰਮੁਖਾਂ ਮਸਤਕ ਲਾਏ ਰੇਖ, ਸ਼ਬਦ ਰੰਗਣ ਰੰਗ ਚੜ੍ਹਾਇੰਦਾ । ਨੌਂ ਦਵਾਰੇ ਚੁਕੇ ਲੇਖ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਦੇਵੇ ਵਰ, ਦਰ ਦਵਾਰਾ ਇਕ ਸੁਹਾਇੰਦਾ । ਘਰ ਸਾਜਣ ਪੁਰਖ ਅਗੰਮੜਾ, ਦਿਵਸ ਰੈਣ ਰੱਖੇ ਉਡੀਕ । ਨਾ ਕੋਈ ਵੇਖੇ ਚੰਮੀ ਚੰਮੜਾ, ਸੁਰਤੀ ਧਾਰੀ ਸ਼ਬਦ ਬਾਰੀਕ । ਆਪੇ ਮਾਈ ਪਿਤ ਅੰਮੜਾ, ਆਪੇ ਬਿਰਧ ਬਾਲ ਵਡ ਨੀਕਨ ਨੀਕ । ਜੋਤੀ ਜੋਤ ਸਰੂਪ ਹਰਿ, ਸੁਰਤੀ ਸ਼ਬਦ ਮੇਲ ਕਰ, ਨਾ ਕੋਈ ਦੀਸੇ ਹੋਰ ਸ਼ਰੀਕ । ਸੁਰਤ ਸਵਾਣੀ ਸਤਿ ਗੁਣ ਸਤਿ ਸਤਿਵੰਤਾ । ਤਨ ਨਾਮ ਨਿਰੰਜਣ ਤਪੋ ਤਨ, ਤਾਮਸ ਤ੍ਰਿਸ਼ਨਾ ਅਗਨ ਗਗਨ ਲਗਨਤਾ । ਮੁਖ ਸ਼ਬਦ ਸਗਨ ਨਾਮ ਰੰਗਣ, ਅਗਣ ਅਗਣਤਾ । ਸ਼ਬਦ ਭਿਖਾਰੀ ਦਰ ਸਾਚਾ ਮੰਗਣ, ਹਉਮੇ ਰੋਗ ਤੋੜੇ ਹੰਗਤਾ । ਨੌਂ ਦਵਾਰੇ ਜੂਠੇ ਝੂਠੇ ਮੰਗਣ, ਦਸਵੇਂ ਘਰ ਮੇਲ ਸਾਚੇ ਸਾਚੀ ਸੰਗਤਾ । ਜੋਤੀ ਜੋਤ ਸਰੂਪ ਹਰਿ, ਸੁਰਤੀ ਸ਼ਬਦ ਮੇਲ ਕਰ, ਏਕਾ ਏਕ ਦੇਵੇ ਸ਼ਬਦ ਸੱਚੀ ਸੁਗੰਧਤਾ । ਸ਼ਬਦ ਸੁਗੰਧੀ ਦਿਵਸ ਰੈਣ, ਮੰਦਰ ਤਨ ਮਹਿਕਾਈਆ । ਨੇਤਰ ਨੈਣ ਬੰਦੀ, ਦੁਰਮਤ ਮੈਲ ਆਤਮਾ ਵਾਸਨਾ ਗੰਦੀ, ਡੋਰੀ ਚੋਰੀ ਸ਼ਬਦ ਹਰਿ ਪਾਈਆ । ਗਾਏ ਸੁਭਾਏ ਬੱਤੀ ਦੰਦੀ, ਜੋਤੀ ਨੂਰੀ ਆਪ ਜਗਾਈਆ । ਮਸਤਕ ਚੜ੍ਹੇ ਸਾਚਾ ਚੰਦ ਨੌਂ ਚੰਦੀ, ਆਤਮ ਅੰਧੀ ਭਰਮ ਗਵਾਈਆ । ਸ਼ਬਦ ਗਾਏ ਸੁਹਾਗੀ ਛੰਦੀ, ਭਰਮਾ ਕੰਧੀ ਝੂਠੀ ਢਾਹੀਆ । ਮਨਮੁਖ ਸੁਰਤੀ ਭਾਗਾਂ ਮੰਦੀ, ਪਰਮਾਨੰਦੀ ਰਸ ਨਾ

ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੁਰਤੀ ਸ਼ਬਦੀ ਮੇਲ ਕਰ, ਅਨੰਦ ਅਨੰਦ ਅਨੰਦ ਨਿਜਾਨੰਦ ਨਿਜ ਘਰ ਮੇਂ ਰਿਹਾ
ਉਪਾਈਆ । ਨਿਜ ਘਰ ਆਤਮ ਚਾਰ ਕੁੰਟ, ਦਹਿ ਦਿਸ਼ਾ ਹਰਿ ਵਸੇਰਾ । ਨਾਮ ਰਸ ਰਸਨਾ ਹਰਿਜਨ ਲਏ ਲੁੱਟ, ਮਿਟੇ ਅੰਧ ਅੰਧੇਰਾ । ਤੀਰ
ਨਿਰਾਲਾ ਜਾਏ ਛੁੱਟ, ਚੁਕਾਏ ਮੇਰਾ ਤੇਰਾ । ਸ਼ਬਦ ਪੰਘੂੜਾ ਹਰਿਜਨ ਲਏ ਝੂਟ, ਪ੍ਰਭ ਦੇਵੇ ਦਰਸ ਕਰ ਕਰ ਆਪਣੀ ਮਿਹਰਾ । ਕਾਇਆ ਮਾਟੀ
ਜੂਠਾ ਝੂਠਾ ਭਾਂਡਾ ਜਾਏ ਫੁਟ ਵੇਲੇ ਅੰਤ ਨਾ ਲਾਏ ਦੇਰਾ । ਕਰਮ ਵਿਕਾਰਾ ਕੱਢੇ ਕੁੱਟ, ਇਕ ਵਖਾਏ ਸੰਝ ਸਵੇਰਾ । ਹਰਿ ਜਨ ਜਨ ਹਰਿ ਦਰ
ਘਰ ਸਾਚੇ ਲੁੱਟ, ਸ਼ਬਦ ਸਰੂਪੀ ਪਾਏ ਘੇਰਾ । ਮਨਮੁਖਾਂ ਹੱਥ ਫੜਾਏ ਠੁਠ, ਦਰ ਦਰ ਘਰ ਘਰ ਫੇਰੀ ਫੇਰਾ । ਹਰਿ ਭਗਤ ਵਿਚੋਲਾ ਏਕਾ
ਮੰਗੇ ਨਾਮ ਮੁਠ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੁਰਤੀ ਸ਼ਬਦੀ ਮੇਲ ਕਰ, ਕਰੇ ਸਾਚਾ ਸਚ ਨਿਬੇੜਾ । ਰਸਨ ਰਸ
ਤਿਆਗ, ਆਤਮ ਰਸ ਪਾਇਆ । ਆਤਮ ਤ੍ਰਿਸ਼ਨਾ ਬੁਝੀ ਪਿਆਸ, ਅੰਮ੍ਰਿਤ ਆਤਮ ਮੁਖ ਚੁਆਇਆ । ਸੋਈ ਸੁਰਤੀ ਗਈ ਜਾਗ, ਹਉਮੇ
ਚਿੰਤਾ ਰੋਗ ਗਵਾਇਆ । ਦਰ ਘਰ ਸਾਚੇ ਬਣਿਆ ਹੰਸ ਕਾਗ, ਧੁਰ ਸੰਜੋਗੀ ਮੇਲ ਮਿਲਾਇਆ । ਹੱਥ ਆਪਣੇ ਪਕੜੇ ਵਾਗ, ਹਰਿ ਅਮੋਗੀ
ਦਰਸ ਦਿਖਾਇਆ । ਚਰਨ ਕਵਲ ਜਨ ਸਾਚੇ ਲਾਗ, ਜਗਤ ਵਿਜੋਗੀ ਫੰਦ ਕਟਾਇਆ । ਮਾਨਸ ਦੇਹੀ ਵਡ ਵਡਭਾਗ, ਪਾਰਬ੍ਰਹਮ ਮਿਲੀ ਸਰਨਾਇਆ ।
ਸ਼ਬਦ ਬੰਨੇ ਸਾਚਾ ਤਾਗ, ਸਾਚਾ ਧਰਮ ਇਕ ਵਖਾਇਆ । ਨਾਮ ਉਪਜਾਏ ਸਾਚਾ ਰਾਗ, ਨਾਦ ਅਨਾਦਾ ਧੁਨ ਵਜਾਇਆ । ਆਪ ਆਪਣਾ ਜਨ
ਲਏ ਲਾਧ, ਅੰਦਰ ਮੰਦਰ ਦੀਪਕ ਜੋਤੀ ਦਏ ਜਗਾਇਆ । ਪੰਚਮ ਚੋਰਾਂ ਤਨ ਮਨ ਬਾਂਧ, ਡੂੰਘੀ ਕੰਦਰ ਦਏ ਸੁਟਾਇਆ । ਨਰ ਨਰਾਇਣ ਰਸਨ
ਅਰਾਧ, ਹੰਕਾਰੀ ਜੰਦਰ ਦਏ ਤੁੜਾਇਆ । ਵੇਖ ਵਖਾਣੇ ਸੰਤ ਸਾਧ, ਜੋਤੀ ਜਾਮਾ ਭੇਵ ਵਟਾਇਆ । ਗੁਰਮੁਖ ਸਾਚੇ ਲਏ ਲਾਧ, ਰਮਈਆ
ਰਾਮਾ ਮੇਲ ਮਿਲਾਇਆ । ਆਤਮ ਮੇਟੇ ਵਾਦ ਵਿਵਾਦ, ਵਿਦਿਆ ਬ੍ਰਹਮ ਇਕ ਸਿਖਾਇਆ । ਸ਼ਬਦ ਜਣਾਏ ਬੋਧ ਅਗਾਧ, ਬੋਧ ਅਗਾਧਾ ਭੇਵ
ਨਾ ਰਾਇਆ । ਧੁਰ ਦਰਗਾਹੀ ਮੇਲਾ ਮਾਧਵ ਮਾਧ, ਪੁਰਖ ਅਬਿਨਾਸ਼ੀ ਦਰ ਘਰ ਪਾਇਆ । ਆਤਮ ਮੇਲਾ ਆਦਿ ਜੁਗਾਦਿ, ਜੁਗਾ ਜੁਗੰਤਰ
ਮੇਲ ਮਿਲਾਇਆ । ਪਾਰਬ੍ਰਹਮ ਬ੍ਰਹਮ ਵਿਚ ਬ੍ਰਹਿਮਾਦ, ਅੰਤ ਮੰਤ ਸ਼ਬਦ ਜਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ
ਸਾਚੇ ਸੰਤ ਜਨਾਂ ਕਲਜੁਗ ਮਾਇਆ ਲਗੀ ਬਸੰਤਰ, ਅੰਦਰੇ ਅੰਦਰ ਦਏ ਬੁਝਾਇਆ । ਕਲਜੁਗ ਅਗਨ ਅਥਾਹ, ਜਗਤ ਜਲਾਇਆ । ਨਾ ਕੋਈ
ਦੀਸੇ ਸਾਚਾ ਰਾਹ, ਮਾਇਆ ਭਰਮ ਭੁਲਾਇਆ । ਨਾ ਕੋਈ ਪਕੜੇ ਅੰਤਮ ਬਾਂਹ, ਜੂਠਾ ਝੂਠਾ ਭੈਣ ਭਰਾਇਆ । ਲੱਖ ਚੁਰਾਸੀ ਅੰਤਮ ਫਾਹ,
ਰਾਏ ਧਰਮ ਰਿਹਾ ਲਟਕਾਇਆ । ਗੁਰ ਪੂਰਾ ਜਗਤ ਮਲਾਹ, ਸ਼ਬਦ ਬੇੜੇ ਰਿਹਾ ਚੜ੍ਹਾਇਆ । ਪਵਣ ਸਵਾਸੀ ਰਸਨਾ ਸਾਹ, ਸਾਚਾ ਜਾਪ ਰਿਹਾ
ਜਪਾਇਆ । ਹੋਏ ਸਹਾਈ ਸਭਨੀ ਥਾਂ, ਮਾਤ ਪਿਤ ਆਪ ਅਖਵਾਇਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਨਿੱਤ ਨਵਿੱਤ ਕਰ
ਕਰ ਹਿੱਤ, ਹਰਿਜਨ ਸਾਚੇ ਲਏ ਬਚਾਇਆ । ਜਨ ਹਰਿ ਸਾਚਾ ਦਿਵਸ ਰੈਣ ਚਰਨ ਕਵਲ ਚਿਤ ਲਾਈਆ । ਰਸਨ ਸਵਾਸੀ ਕਾਮ ਧੇਨ, ਅੰਮ੍ਰਿਤ
ਆਤਮ ਮੁਖ ਚੁਆਈਆ । ਪੇਖਣ ਵੇਖਣ ਦਰਸਨ ਤੀਜੇ ਨੈਣ, ਨਿਗਾਹ ਖੋਲ੍ਹ ਵਖਾਈਆ । ਦਰ ਘਰ ਸਾਚੇ ਸਾਚਾ ਬਹਿਣ, ਧਰਮਸਾਲਾ ਇਕ
ਵਖਾਈਆ । ਆਪ ਚੁਕਾਏ ਲੈਣ ਦੇਣ, ਸ਼ਾਹ ਕੰਗਾਲਾ ਹਰਿ ਰਘੁਰਾਈਆ । ਮਨਮੁਖ ਡੁੱਬੇ ਵਹਿੰਦੇ ਵਹਿਣ, ਮੁਖ ਕਾਲਾ ਮਾਤ ਕਰਾਈਆ ।

ਗੁਰਮੁਖ ਸਾਚੇ ਸੰਤ ਸੁਹੇਲੇ ਦਰ ਦਵਾਰੇ ਲਾਹਾ ਸਾਚਾ ਲੈਣ, ਸ਼ਬਦ ਝੋਲੀ ਹਰਿ ਭਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਨਾਮ ਇਕ ਜਪਾਈਆ । ਜਪ ਨਾਮ ਗੁਰਦੇਵ, ਜਨ ਭੀਤਰ ਅੰਤਰਾ । ਪਾਰਬ੍ਰਹਮ ਬ੍ਰਹਮ ਸੇਵ, ਲੋਕ ਤੀਨ ਬੁਝੇ ਬਸੰਤਰਾ । ਅੰਮ੍ਰਿਤ ਆਤਮ ਰਸ ਸਾਚਾ ਮੇਵ, ਸਾਚਾ ਮੇਲਾ ਜੁਗਾ ਜੁਗੰਤਰਾ । ਕਰੇ ਕਰਾਏ ਆਪ ਨਹਿਕੇਵ, ਸਤਿਜੁਗ ਜਪਾਏ ਸਾਚਾ ਮੰਤਰਾ । ਪੁਰਖ ਨਿਰੰਜਣ ਅਲਖ ਅਭੇਵ, ਆਦਿ ਅੰਤ ਬਣਾਏ ਬਣਤਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖ ਵਖਾਣੇ ਗਗਨ ਗਗਨੰਤਰਾ । ਤ੍ਰੈਲੋਕ ਪ੍ਰਭ ਖੇਲ ਜੋਤ ਜਗਾਈਆ । ਲੋਕਮਾਤੀ ਮਾਰ ਝਾਤੀ ਜਨ ਭਗਤਾਂ ਕਰਾਏ ਮੇਲ, ਵਰਨ ਗੋਤ ਭੇਵ ਨਾ ਰਾਈਆ । ਆਤਮ ਖੋਲ੍ਹੇ ਬੰਦ ਤਾਕੀ ਸਤਿਗੁਰ ਸਾਚਾ ਸੱਜਣ ਸੁਹੇਲ, ਦੁਰਮਤ ਮੈਲ ਧੋਤ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਵਸੇ ਰੰਗ ਨਵੇਲ, ਲੱਖ ਚੁਰਾਸੀ ਦਿਸ ਨਾ ਆਈਆ । ਲੱਖ ਚੁਰਾਸੀ ਤਨ ਜਲਾਨਾ, ਪ੍ਰਭ ਸਾਚੇ ਸਾਰ ਨਾ ਪਾਈਆ । ਮਨਮੁਖ ਭੁੱਲੇ ਜੀਵ ਨਿਧਾਨਾ, ਰਸਨ ਵਿਕਾਰ ਵਧਾਈਆ । ਗੁਰਮੁਖ ਵਿਰਲਾ ਚਤੁਰ ਸੁਜਾਨਾ, ਜਿਸ ਜਨ ਆਤਮ ਬੂਝ ਬੁਝਾਈਆ । ਹੱਥੀਂ ਬੰਨ੍ਹੇ ਧੁਰ ਦਰਗਾਹੀ ਨਾਮ ਗਾਨਾ, ਵੇਦ ਪੁਰਾਨਾਂ ਅੰਜ਼ੀਲ ਕੁਰਾਨਾਂ ਭੇਵ ਨਾ ਰਾਈਆ । ਕਰੇ ਖੇਲ ਸ੍ਰੀ ਭਗਵਾਨਾ, ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਵੇਖ ਵਖਾਣੇ ਨਾ ਕੋਈ ਜਾਣੇ ਔਲੀਆ ਪੀਰ ਸ਼ੇਖ਼, ਅੰਜ਼ੀਲ ਕੁਰਾਨਾ ਭੇਵ ਨਾ ਜਾਣਾ, ਜਨ ਭਗਤਾਂ ਵੇਖੇ ਆਤਮਕ ਮਸਤਕ ਲੱਗੀ ਰੇਖ, ਸਾਚੇ ਨੈਣ ਲੋਚਨ ਨੇਤਰ ਨੈਣ ਪੇਖਣ, ਆਪ ਆਪਣਾ ਰੰਗ ਵਟਾਈਆ । ਸਤਿਗੁਰ ਸੱਚਾ ਸ਼ਾਹ ਸੁਲਤਾਨਾ, ਦੋ ਜਹਾਨੀ ਵੱਸਿਆ । ਆਪੇ ਵੇਖੇ ਜਾਣੇ ਗੁਣ ਨਿਧਾਨਾ, ਜਨ ਭਗਤਾਂ ਰਾਹ ਸਾਚਾ ਦੱਸਿਆ । ਲੱਖ ਚੁਰਾਸੀ ਪੁਣ ਛਾਣਾ, ਹਰਿਜਨ ਬਹਿ ਬਹਿ ਅੰਦਰ ਹੱਸਿਆ । ਸ਼ਬਦ ਫੜਾਏ ਤੀਰ ਕਮਾਨਾ, ਸ਼ਬਦ ਚਿੱਲਾ ਏਕਾ ਕਸਿਆ । ਆਪ ਝੁਲਾਏ ਧਰਮ ਨਿਸ਼ਾਨਾ, ਮੇਟ ਮਿਟਾਏ ਅੰਧੇਰੀ ਰੈਣ ਜਨ ਮਸਿਆ । ਦਾਤਾ ਸੂਰਾ ਜੋਧਾ ਬਲੀ ਬਲਵਾਨਾ, ਪਰਗਟ ਹੋਏ ਵਿਚ ਜਹਾਨਾ, ਜਨ ਭਗਤਾਂ ਦਵਾਰੇ ਆਏ ਨੱਸਿਆ । ਆਪੇ ਗੋਪੀ ਆਪੇ ਕਾਹਨਾ, ਦੀਪਕ ਜੋਤੀ ਜਗੇ ਮਹਾਨਾ, ਗੁਰਮੁਖ ਸਾਚੇ ਮਾਣਕ ਮੋਤੀ ਲੋਕਮਾਤੀ ਕਰੇ ਪਛਾਨਾ, ਸਭ ਘਟ ਵਾਸੀ ਹਿਰਦੇ ਅੰਦਰ ਵਸਿਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਕਲਜੁਗ ਅੰਤਮ ਵੇਖ ਦਰ, ਆਪੇ ਵੇਖੇ ਮਿੱਠਾ ਕੌੜਾ ਰਸਿਆ । ਰਸਨਾ ਰਸ ਰਸਾਇਣ, ਹਰਿ ਜਨ ਪਾਇਆ । ਦਰਸ ਪੇਖੇ ਤੀਜੇ ਨੈਣ, ਮਨ ਤਨ ਤਨ ਮਨ ਤ੍ਰਿਪਤਾਇਆ । ਰਸਨਾ ਕਿਸੇ ਨਾ ਸਕੇ ਕਹਿਣ, ਜੂਠਾ ਝੂਠਾ ਜਨ ਖੁਲ੍ਹਾਇਆ । ਮਾਇਆ ਖਾਏ ਨਾ ਡੱਸਨੀ ਡੈਣ, ਭਾਂਡਾ ਭਰਮ ਭੰਨ ਵਖਾਇਆ । ਮਨਮੁਖ ਵਹਿੰਦੇ ਝੂਠੇ ਵਹਿਣ, ਆਤਮ ਧੰਨ ਨਾ ਕਿਸੇ ਵਖਾਇਆ । ਹਰਿ ਭਗਤ ਚੁਕਾਏ ਲਹਿਣ ਦੇਣ, ਸ਼ਬਦ ਸਾਚਾ ਤਨ ਵਸਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਮਿਟਾਏ ਅੰਧੇਰੀ ਰੈਣ, ਸੋਹੰ ਸਾਚਾ ਚੰਦ ਚੜ੍ਹਾਇਆ । ਸੋਹੰ ਸ਼ਬਦ ਪਰਕਾਸ਼ ਤ੍ਰੈ ਤ੍ਰੈ ਲੋਕਿਆ । ਜੋਤ ਨਿਰੰਜਣ ਪੁਰਖ ਅਬਿਨਾਸ਼, ਪੁਰੀਆਂ ਲੋਆਂ ਇਕ ਸੁਣਾਏ ਸਤਿ ਸਲੋਕਿਆ । ਆਪੇ ਰੱਖੇ ਘਟ ਘਟ ਵਾਸ, ਬ੍ਰਹਮਾ ਚਾਰੇ ਮੁਖ ਰਖਾਏ ਮੋਖਿਆ । ਸ਼ਿਵ ਸ਼ੰਕਰ ਜਟਾ ਜੂਟ ਧਾਰ ਕਰੇ ਵਿਚਾਰ, ਕਲਜੁਗ ਅੰਤਮ ਕਰੇ ਧੋਖਿਆ । ਕਰੋੜ ਤੇਤੀਸਾ ਸੁਰਪਤ ਰਾਜਾ ਇੰਦ ਰੋਵੇ ਧਾਹਾਂ ਮਾਰ, ਪ੍ਰਭ ਕਾ ਭਾਣਾ ਕਿਸੇ ਨਾ ਰੋਕਿਆ । ਪਰਗਟ ਹੋਏ ਹਰਿ ਜਗਦੀਸਾ ਨਿਹਕਲੰਕ ਨਰਾਇਣ ਨਰ ਅਵਤਾਰ, ਲੋਕਮਾਤ ਪੁਰਖ ਬਿਧਾਤ ਜਨ ਭਗਤਾਂ ਦੇਵੇ ਅੰਤਮ

੫੩੬
੦੫

ਮੋਖਿਆ । ਹਰਿ ਭਗਤ ਵਡਿਆਈ ਜਗਤ ਉਪਾਇਆ । ਆਤਮ ਬੂਝ ਬੁਝਾਈ, ਬ੍ਰਹਮ ਜਣਾਇਆ । ਪਾਰਬ੍ਰਹਮ ਸਰਨਾਈ, ਭਰਮ ਚੁਕਾਇਆ । ਮਿਲਿਆ ਮੇਲ ਸਾਚੇ ਮਾਹੀ, ਆਵਣ ਜਾਵਣ ਜਨਮ ਕਟਾਇਆ । ਸ਼ਬਦ ਸਰੂਪੀ ਪਕੜੇ ਬਾਂਹੀ, ਸੋਹੰ ਸਾਚਾ ਦਾਮਨ ਫੜਾਇਆ । ਸਦਾ ਸੁਹੇਲਾ ਰਖੇ ਠੰਢੀਆਂ ਛਾਂਈ, ਆਪ ਆਪਣੇ ਅੰਕ ਸਮਾਇਆ । ਦੂਸਰ ਕੋਈ ਦੀਸੇ ਨਾਹੀ, ਰਾਓ ਰੰਕ ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਏਕਾ ਰਾਹ ਵਖਾਇਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਕਲਜੁਗ ਅੰਤਮ ਵੇਖ ਦਰ, ਆਪ ਆਪਣਾ ਅੰਕ ਚਲਾਇਆ । ਆਪ ਆਪਣਾ ਅੰਕ ਚਲਾਏ, ਸ਼ਬਦ ਜਗਤ ਅਮੋਲਾ । ਰਾਓ ਰੰਕ ਰੰਕ ਉਠਾਏ, ਪੁਰਖ ਅਬਿਨਾਸ਼ੀ ਬਣਿਆ ਤੋਲਾ । ਦਵਾਰ ਬੰਕ ਬੰਕ ਇਕ ਸੁਹਾਏ, ਨੌਂ ਦਵਾਰੇ ਦਰ ਦਰ ਖੋਲ੍ਹਾ । ਜੋਤ ਸਰੂਪੀ ਤਨਕ ਲਗਾਏ, ਸ਼ਬਦ ਸਰੂਪੀ ਅੰਦਰ ਬੋਲਾ । ਵਾਸੀ ਪੁਰੀ ਘਨਕ ਅਖਵਾਏ, ਸੰਬਲ ਨਗਰੀ ਸਾਚਾ ਢੋਲਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਭਾਗ ਲਗਾਏ ਕਾਇਆ ਚੋਲਾ । ਭਾਗ ਲਗਾਏ ਕਾਇਆ ਚੋਲਾ, ਰੰਗਣ ਗੂੜ੍ਹ ਪ੍ਰਭ ਸਾਚਾ ਆਪ ਚੜ੍ਹਾਇੰਦਾ । ਕਲਜੁਗ ਤੇਰਾ ਅੰਤਮ ਬੋਲਾ, ਨਾ ਕੋਈ ਜਾਣੇ ਜੀਵਤ ਮੂੜ੍ਹ, ਜੀਵ ਜੰਤ ਕੋਈ ਭੇਵ ਨਾ ਪਾਇੰਦਾ । ਗੁਰਮੁਖ ਵਿਰਲਾ ਦਰ ਘਰ ਸਾਚੇ ਮਸਤਕ ਲਾਏ ਚਰਨ ਧੂਲਾ, ਪੜਦਾ ਉਹਲਾ ਭੇਵ ਚੁਕਾਇੰਦਾ । ਇਕ ਸੁਣਾਏ ਰਾਗ ਸੋਹਲਾ, ਸ੍ਰਿਸ਼ਟ ਸਬਾਈ ਕੂੜੇ ਕੂੜ ਨੌਂ ਦਵਾਰੇ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਸ਼ਬਦ ਜਣਾਏ ਭਗਤ ਵਿਚੋਲਾ, ਲੱਖ ਚੁਰਾਸੀ ਕਟੇ ਜੂੜ, ਧਰਮ ਰਾਏ ਨੇੜ ਨਾ ਆਇੰਦਾ । ਧਰਮ ਰਾਏ ਨਾ ਮੰਗੇ ਲੇਖਾ, ਜਿਸ ਜਨ ਦਇਆ ਕਮਾਈਆ । ਆਪੇ ਜਾਣੇ ਆਪਣੀ ਰੇਖਾ, ਦਸਮ ਦਵਾਰੀ ਬੂਝ ਬੁਝਾਈਆ । ਨੌਂ ਦਵਾਰੇ ਭਗਤ ਭੁਲੇਖਾ, ਪ੍ਰਭ ਅਬਿਨਾਸ਼ੀ ਦਿਸ ਨਾ ਆਈਆ । ਕਲਜੁਗ ਜੀਵ ਭੁੱਲੇ ਰੁੱਲੇ ਭਰਮ ਭੁਲੇਖਾ, ਮਦਿਰਾ ਮਾਸ ਰਸਨ ਹਲਕਾਈਆ । ਜੋਤੀ ਜੋਤ ਸਰੂਪ ਹਰਿ, ਆਪੇ ਵੇਖੇ ਬੁਧ ਵਿਸੇਖਾ, ਕਵਣ ਦਰ ਕਵਣ ਘਰ ਕਵਲ ਨਰ ਕਵਣ ਨਾਰੀ ਕਵਣ ਤਰੇ ਸਾਚੀ ਤਰਨੀ ਰਿਹਾ ਤਰ, ਦਰ ਦਵਾਰਾ ਹਰਿ ਨਿਰੰਕਾਰਾ, ਜੋਤ ਨਿਰੰਜਣ ਕਰ ਪਸਾਰਾ, ਸ਼ਬਦ ਖੋਲ੍ਹੇ ਇਕ ਭੰਡਾਰਾ, ਚਾਰ ਵਰਨਾਂ ਏਕਾ ਸਰਨਾ ਰਾਓ ਰੰਕ ਰੰਕ ਰਾਜਾਨਾਂ ਸ਼ਾਹ ਸੁਲਤਾਨਾਂ ਨਾਮ ਭਿਛਿਆ ਝੋਲੀ ਪਾਈਆ । ਆਤਮ ਝੋਲੀ ਭਰ ਭੰਡਾਰਾ, ਹੋਏ ਸ਼ਬਦ ਜਣਾਈਆ । ਨੌਂ ਦਵਾਰੇ ਬੰਦ ਕੁਆੜਾ, ਦਸਵੇਂ ਜੋਤ ਟਿਕਾਈਆ । ਵਾ ਨਾ ਲੱਗੇ ਤੱਤੀ ਹਾੜ੍ਹਾ, ਆਪ ਆਪਣੇ ਰੰਗ ਰੰਗਾਈਆ । ਆਪੇ ਹੋਏ ਪਿਛੇ ਅਗਾੜਾ, ਸਾਚਾ ਸੰਗ ਨਿਭਾਈਆ । ਭਾਗ ਲਗਾਏ ਬਹੱਤਰ ਨਾੜਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੀਪਕ ਜੋਤੀ ਜੋਤ ਜਗਾਈਆ । ਨਿਰਗੁਣ ਨਿਰਗੁਣ ਖੇਲ ਇਕ ਮਹੱਲਿਆ । ਸਰਗੁਣ ਸਰਗੁਣ ਮੇਲ ਗੁਰੂ ਗੁਰ ਚੇਲਿਆ । ਨਿਰਗੁਣ ਸੱਜਣ ਸੁਹੇਲ, ਸ਼ਬਦ ਚੜ੍ਹਾਏ ਸਰਗੁਣ ਤੇਲਿਆ । ਸਰਗੁਣ ਵੱਧੇ ਮਾਤ ਵੇਲ, ਨਿਰਗੁਣ ਅੰਦਰੇ ਅੰਦਰ ਬੋਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲੱਖ ਚੁਰਾਸੀ ਆਤਮ ਮੌਲਿਆ । ਲੱਖ ਚੁਰਾਸੀ ਆਤਮ ਮੌਲੇ, ਭੇਵ ਰਹੇ ਨਾ ਰਾਈਆ । ਆਪੇ ਵੇਖੇ ਨਾਭ ਕਵਲੇ, ਅੰਮ੍ਰਿਤ ਧਾਰਾ ਆਪ ਵਹਾਈਆ । ਜੀਵ ਜੰਤ ਸਾਧ ਸੰਤ ਉਪਰ ਧਵਲੇ, ਨੌਂ ਦਵਾਰੇ ਫਿਰੇ ਹਲਕਾਈਆ । ਗੁਰਮੁਖ ਵਿਰਲੇ ਆਤਮ ਭਵਰੇ, ਚਰਨ ਪਿਆਰਾ ਇਕ ਰਖਾਈਆ । ਮਿਲੇ ਮੇਲ ਪ੍ਰਭ ਸਾਵਲ ਸਵਲੇ, ਸਾਵਲ ਸੁੰਦਰ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਕਾਇਆ ਮੰਦਰ ਅੰਦਰ ਡੂੰਘੀ ਕੰਦਰ ਨੌਂ ਦਵਾਰੇ ਖੋਜ ਖੁਜਾਈਆ । ਨੌਂ ਦਵਾਰੇ ਦਰ ਦਰਬਾਨ, ਜੀਵ ਜੰਤ ਹੰਕਾਰੀ ।

੫੩੭
੦੫

ਮਗਰ ਲੱਗੇ ਪੰਚ ਸ਼ੈਤਾਨ, ਹਉਮੇ ਲੱਗੀ ਤਨ ਬਿਮਾਰੀ । ਸ਼ਬਦ ਨਾ ਮਿਲੇ ਸਚ ਨਿਸ਼ਾਨ, ਮਾਇਆ ਮਮਤਾ ਨਾੜ ਨਾੜੀ । ਆਤਮ ਅੰਧੇਰਾ ਅੰਧ ਅਗਿਆਨ, ਹਉਮੇ ਭਰੀ ਤਨ ਪਟਾਰੀ । ਸਾਚਾ ਮੰਦਰ ਸੁੰਞ ਮਸਾਣ, ਦੀਪਕ ਜੋਤ ਨਾ ਹੋਏ ਉਜਿਆਰੀ । ਜਗਤ ਵਿਕਾਰਾ ਪੀਣ ਖਾਣ, ਕਾਮ ਕਰੋਧ ਤਨ ਸ਼ਿੰਗਾਰੀ । ਮਿਲਿਆ ਮੇਲ ਨਰ ਹਰਿ ਭਗਵਾਨ, ਪੰਜਾਂ ਨਾਤਾ ਤੁਟੀ ਯਾਰੀ । ਦਰ ਦਵਾਰੇ ਮੂਲ ਨਾ ਭਾਣ, ਜੋਤੀ ਜੋਤ ਸਰੂਪ ਹਰਿ, ਅੰਤਮ ਵੇਖੇ ਬੰਦ ਦਰ, ਆਪੇ ਆਪ ਆਪ ਮੁਰਾਰੀ । ਨਾ ਕੋਈ ਮੰਗੇ ਨਾ ਮੰਗਣ ਜਾਏ, ਕਿਸੇ ਹੱਥ ਨਾ ਆਏ ਰਾਜੇ ਰਾਣੇ ਸੁਘੜ ਸਿਆਣੇ, ਗੁਰਮੁਖ ਵਿਰਲਾ ਹਰਿ ਘਰ ਘਰ ਹਰਿ ਦਰ ਮਾਣੇ, ਚਲੇ ਚਲਾਏ ਆਪਣੇ ਭਾਣੇ, ਸ਼ਬਦ ਫੜਾਏ ਤੀਰ ਕਮਾਨੇ, ਪੰਜਾਂ ਮਾਰੇ ਧੁਰ ਦੀ ਬਾਣੇ, ਆਪ ਰਖਾਏ ਆਪਣੀ ਆਣੇ, ਏਕਾ ਸ਼ਬਦ ਜਣਾਈਆ । ਜੋਤੀ ਜੋਤ ਸਰੂਪ ਹਰਿ, ਜੀਆਂ ਜੰਤਾਂ ਆਤਮ ਘਰ ਤਾਣੇ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਜੀਆਂ ਬਿਧ ਆਪੇ ਜਾਣੇ, ਤਨ ਮੰਦਰ ਸਚ ਮਹੱਲਾ, ਇਕ ਇਕੱਲਾ ਕਿਸੇ ਨਾ ਪਾਇਆ । ਨਾ ਕੋਈ ਫਲਿਆ ਨਾ ਕੋਈ ਫੁਲਿਆ, ਮਾਇਆ ਭਰਮੇ ਜਗਤ ਭੁੱਲਿਆ, ਅੰਮ੍ਰਿਤ ਆਤਮ ਕਾਇਆ ਡੁਲ੍ਹਿਆ, ਭਾਗ ਲੱਗੇ ਨਾ ਸਾਚੇ ਕੁਲਿਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰਮ ਧਰਮ ਧਰਮ ਕਰਮ ਆਪੇ ਵੇਖ ਜਗਾਇੰਦਾ । ਹਰਿ ਸ਼ਬਦ ਗੁਰ ਜਣਾਈ । ਗੁਰ ਸ਼ਬਦ ਭਗਤ ਵਡਿਆਈ । ਭਗਤ ਸ਼ਬਦ ਜਨਮ ਸੁਖਦਾਈ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਰੰਗਣ ਰਿਹਾ ਰੰਗਾਈ । ਹਰਿ ਸ਼ਬਦ ਸ਼ਬਦ ਅਮੋਲ । ਗੁਰ ਸ਼ਬਦ ਕੀਆ ਮਰਦੰਗ ਢੋਲ । ਭਗਤ ਸ਼ਬਦ ਰਸ ਰਸਨਾ ਬੋਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚਾ ਹੱਟ ਰਿਹਾ ਵਰੋਲ । ਹਰਿ ਸ਼ਬਦ ਬੋਧ ਅਗਾਧ । ਗੁਰ ਸ਼ਬਦ ਭਗਤ ਲਾਧ । ਭਗਤ ਸ਼ਬਦ ਧੁਨੀ ਨਾਦ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਵਿਚ ਬ੍ਰਹਿਮਾਦ । ਹਰਿ ਸ਼ਬਦ ਸੁੰਨ ਅਗੰਮ । ਗੁਰ ਸ਼ਬਦ ਕਾਇਆ ਖੇਤ ਪਏ ਜੰਮ । ਭਗਤ ਸ਼ਬਦ ਦਮਾ ਦਮ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਆਪੇ ਜਾਣੇ ਆਪਣਾ ਕੰਮ । ਹਰਿ ਸ਼ਬਦ ਸ਼ਬਦ ਅਥਾਹ । ਗੁਰ ਸ਼ਬਦ ਭਗਤ ਮਲਾਹ । ਭਗਤ ਸ਼ਬਦ ਸਦਾ ਬੇਪਰਵਾਹ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਪਕੜੇ ਘਰ ਘਰ ਜਾ । ਹਰਿ ਸ਼ਬਦ ਜੋਤ ਜਗਾਈ । ਗੁਰ ਸ਼ਬਦ ਬੂਝ ਬੁਝਾਈ । ਭਗਤ ਸ਼ਬਦ ਏਕਾ ਦੂਜ ਭਉ ਮਿਟਾਈ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨੇਤਰ ਤੀਜੇ ਵੇਖ ਵਖਾਈ । ਗੁਰ ਚਰਨ ਹਰਿ ਦਵਾਰ । ਗੁਰਮੁਖ ਸਾਚੇ ਸਾਚਾ ਜਾਪਾ ਸਾਚੀ ਸਰਨ ਵਿਚ ਸੰਸਾਰ । ਕਾਇਆ ਮਾਟੀ ਲੇਖੇ ਲਾਇਆ, ਲੱਖ ਚੁਰਾਸੀ ਉਤਰੇ ਪਾਰ । ਜਮ ਕੀ ਫਾਸੀ ਗਲ ਕਟਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਚੌਅੱਖਰ ਸ਼ਬਦ ਸਵਾਸੀ, ਕਾਇਆ ਮੰਡਲ ਸਾਚੀ ਰਾਸੀ, ਸਾਚਾ ਮੇਲਾ ਇਕ ਇਕੇਲਾ ਮਾਤ ਮਿਲਾਇਆ । ਮੇਲਾ ਮੇਲ ਇਕ ਇਕੱਲਾ, ਨਰ ਨਰਾਇਣ ਨਿਰੰਕਾਰਾ । ਦੂਜਾ ਦੱਸਿਆ ਸ਼ਬਦ ਮਹੱਲਾ, ਮਿਲਿਆ ਮੇਲ ਪੁਰਖ ਭਤਾਰਾ । ਤੀਜਾ ਦੱਸੇ ਰਾਹ ਸੁਖਾਲਾ, ਨੈਣ ਉਘਾੜੇ ਅੰਮ੍ਰਿਤ ਧਾਰਾ । ਚੌਥਾ ਦਰ ਮੇਲ ਦਰ ਵਸਿਆ ਘਰ ਕਾਇਆ ਮੰਦਰ ਡੂੰਘੀ ਡੱਲਾ, ਗੁਰਮੁਖ ਸਾਚਾ ਸੁਤ ਦੁਲਾਰਾ । ਪੰਚ ਪਾਇਆ ਪੰਚ ਗਵਾਇਆ । ਪੰਚ ਜਗਾਇਆ ਕਾਇਆ ਖੱਲਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਰੰਗਣ ਦਏ ਰੰਗਾਇਆ । ਛੇਵੇਂ ਘਰ ਸ਼ਬਦ ਘਨਘੋਰਾ, ਹਰਿ ਸਾਚਾ ਰਿਹਾ ਜਣਾਇਆ । ਸਤਿ ਪੁਰਖ ਨਿਰੰਜਣ ਦਰ

ਘਰ ਸਾਚੇ ਏਕਾ ਬਹੁੜਾ, ਏਕਾ ਜੋਤੀ ਰਿਹਾ ਜਗਾਇਆ । ਅੱਠਾਂ ਤੱਤਾਂ ਜੁੜਿਆ ਜੋੜਾ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਮਤ ਮਨ ਬੁਧ ਰਖਾਇਆ । ਨਾਵੇਂ ਨੌਵਾਂ ਦਰਾਂ ਹੋਏ ਵਿਛੋੜਾ, ਸ਼ਬਦ ਘੋੜੇ ਰਿਹਾ ਚੜ੍ਹਾਇਆ । ਦਸਵੇਂ ਦਸਮ ਦਵਾਰਾ ਲਾਇਆ ਪੌੜਾ, ਸੱਸਾ ਹੋੜਾ ਡੰਡਾ ਇਕ ਰਖਾਇਆ । ਨਾ ਕੋਈ ਜਾਣੇ ਲੰਮਾ ਚੌੜਾ, ਚਾਰ ਕੁੰਟ ਦਿਸ ਨਾ ਆਇਆ । ਅੰਮ੍ਰਿਤ ਆਤਮ ਰਸ ਨਾ ਕੋਈ ਵੇਖੇ ਮਿੱਠਾ ਕੌੜਾ, ਭੇਵ ਪਖੰਡ ਜਗਤ ਹਲਕਾਇਆ । ਭਗਤ ਸੁਹੇਲਾ ਹੋਇਆ ਵਸ ਧੁਰ ਦਰਗਾਹੀ ਆਇਆ ਦੌੜਾ, ਜੀਵ ਜਹਾਨੀ ਰੰਡਾ ਵੇਖ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਜੋਤ ਨਿਰੰਜਣ ਕਰ ਉਜਿਆਰੀ, ਸ਼ਬਦ ਫੜ ਹੱਥ ਕਟਾਰੀ, ਸਾਚੀ ਵੰਡ ਰਿਹਾ ਵਡਾਇਆ । ਗੁਰਮੁਖਾਂ ਵੰਡੇ ਵੰਡ ਨਾਮ ਅਮੋਲਿਆ । ਮਨਮੁਖਾਂ ਸੁੱਤਾ ਦੇ ਕਰ ਕੰਡ, ਆਤਮ ਦਰ ਕਿਸੇ ਨਾ ਖੋਲ੍ਹਿਆ । ਗੁਰਮੁਖਾਂ ਦੇਵੇ ਵਡਿਆਈ ਵਿਚ ਬ੍ਰਹਿਮੰਡ, ਵਰਭੰਡ ਸੁਣਾਏ ਸੋਹੰ ਸਾਚਾ ਢੋਲਿਆ । ਮਨਮੁਖ ਜੀਵਾਂ ਦੇਵੇ ਅੰਤਮ ਕੰਡ, ਧਰਮ ਰਾਏ ਦਰ ਬਹਾਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਅੰਦਰ ਵੜ, ਸ਼ਬਦ ਅਨਾਦੀ ਏਕਾ ਏਕ ਬੋਲਿਆ । ਸ਼ਬਦ ਅਨਾਦੀ ਬੋਲ ਭਰਮ ਚੁਕਾਇਆ । ਕਰੇ ਖੇਲ ਆਦਿ ਜੁਗਾਦੀ, ਸਾਚਾ ਧਰਮ ਮਾਤ ਧਰਾਇਆ । ਆਪੇ ਆਪ ਵਡ ਪਰਤਾਪ ਬ੍ਰਹਮ ਬ੍ਰਹਿਮਾਦੀ, ਪਾਰਬ੍ਰਹਮ ਵਿਚ ਸਮਾਇਆ । ਗੁਰਮੁਖ ਸਾਚੇ ਸੰਤ ਸੁਹੇਲੇ ਵਸਤ ਅਮੋਲ ਮਾਤ ਲਾਧੀ, ਵਡ ਕਰਮੀ ਕਰਮ ਕਮਾਇਆ । ਆਪ ਕਰਾਏ ਆਪਣੇ ਮੇਲੇ ਸ਼ਬਦ ਦੇਵੇ ਸਾਚੀ ਦਾਦੀ, ਆਤਮ ਝੋਲੀ ਪਾਇਆ । ਵੇਖੇ ਖੇਲੇ ਗੁਰੂ ਗੁਰ ਚੇਲੇ ਕਾਇਆ ਚੋਲੀ, ਜਗਤ ਡੋਲੀ ਅੰਦਰ ਮੰਦਰ ਵੇਖ ਵਖਾਇਆ । ਕਵਣ ਦਵਾਰੇ ਪੰਚਮ ਗੋਲੀ, ਕਵਣ ਦਵਾਰੇ ਸ਼ਬਦ ਬੋਲੀ, ਕਵਣ ਦਵਾਰੇ ਮਿਲੇ ਨਾਮ ਵਸਤ ਦਸਤ ਅਸਤ ਸ਼ਬਦ ਇਕ ਅਨਮੋਲੀ, ਕਵਣ ਦਵਾਰਾ ਕਾਇਆ ਪਿੰਡ ਬ੍ਰਹਿਮੰਡ ਸ਼ਬਦ ਖੁਲ੍ਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਦਰ ਗੁਰ ਘਰ ਅੰਦਰ ਮੰਦਰ ਕਾਇਆ ਮੰਡਪ ਮਾੜੀ ਮਠ ਸ਼ਿਵਦਵਾਲਾ ਗੁਰ ਗੋਪਾਲਾ ਸਾਚੀ ਨਾਮ ਵਸਤ ਖੋਜ ਖੁਜਾਇਆ । ਸਾਚਾ ਘਾੜਨ ਆਪੇ ਘੜ, ਤ੍ਰੈਗੁਣ ਤੱਤ ਬਣਾਈਆ । ਨੌਂ ਦਵਾਰੇ ਉਪਰ ਚੜ੍ਹ, ਦਸਵੇਂ ਡੇਰਾ ਲਾਈਆ । ਨਾ ਕੋਈ ਸਕੇ ਮਾਤ ਫੜ, ਆਪ ਆਪਣਾ ਮੁਖ ਛੁਪਾਈਆ । ਨਾ ਕੋਈ ਸੀਸ ਨਾ ਕੋਈ ਧੜ, ਜੋਤੀ ਸ਼ਬਦੀ ਹਰਿ ਰਘੁਰਾਈਆ । ਏਕਾ ਏਕ ਜਨ ਭਗਤ ਫੜਾਏ ਸਾਚਾ ਲੜ, ਆਪ ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਵੇਖੇ ਆਤਮ ਦਰ, ਦਰ ਦਵਾਰਾ ਬੰਦ ਖੁਲ੍ਹਾਈਆ । ਆਤਮ ਦਰ ਸ਼ਬਦ ਵਿਚਾਰ, ਪ੍ਰਭ ਸਾਚਾ ਬੂਝ ਬੁਝਾਈਆ । ਜੋਤ ਸਰੂਪੀ ਕਰ ਅਕਾਰ, ਅਗਿਆਨ ਅੰਧੇਰ ਮਿਟਾਈਆ । ਆਪੇ ਵਸੇ ਅੰਦਰ ਬਾਹਰ, ਬਾਹਰ ਅੰਦਰ ਆਪ ਹੋ ਜਾਈਆ । ਇਕ ਅਕੇਲਾ ਮੀਤ ਮੁਰਾਰ, ਭਗਤ ਸੁਹੇਲਾ ਆਪ ਅਖਵਾਈਆ । ਜਗਤ ਭਗਤ ਜੋਤ ਨਿਰੰਜਣ ਕਰ ਅਕਾਰ, ਸਾਚਾ ਮੇਲਾ ਰਿਹਾ ਮਿਲਾਈਆ । ਸ਼ਬਦ ਸਰੂਪੀ ਤਨ ਸ਼ਿੰਗਾਰ, ਪਵਣੀ ਪੱਖਾ ਰਿਹਾ ਝੁਲਾਈਆ । ਲੇਖਾ ਚੁੱਕੇ ਨੌਂ ਦਵਾਰ, ਏਕਾ ਨਾਤਾ ਚਰਨ ਬੰਧਾਈਆ । ਗੁਣਵੰਤਾ ਗੁਣ ਰਿਹਾ ਵਿਚਾਰ, ਜੀਵਾਂ ਜੰਤਾਂ ਭੇਵ ਨਾ ਰਾਈਆ । ਸਰਬ ਪੁਕਾਰ ਰਿਹਾ ਸੁਣ, ਘਟ ਮੰਦਰ ਆਸਣ ਲਾਈਆ । ਹਰਿਜਨ ਸਾਚੇ ਮਾਤ ਚੁਣ, ਸ਼ਬਦ ਸਿੰਘਾਸਣ ਇਕ ਵਿਛਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਕਾਲਾ ਵੇਸ ਦਰ, ਦਰ ਦਰਵੇਸ਼ ਨਰ ਨਰੇਸ਼ ਸਹਿਜ ਸੁਖਦਾਈਆ । ਕਲਜੁਗ ਕਾਲੀ ਧਾਰ, ਕਾਲੀ ਰੈਣਿਆ । ਪ੍ਰਭ ਅਬਿਨਾਸ਼ੀ

ਕਰੇ ਵਿਚਾਰ, ਲੋਕਮਾਤ ਚੁਕਾਏ ਲਹਿਣਾ ਦੇਣਿਆ । ਲੱਖ ਚੁਰਾਸੀ ਪਾਵੇ ਸਾਰ, ਜਨ ਭਗਤਾਂ ਸੁਣਾਏ ਭਾਣਾ ਸਹਣਿਆ । ਆਦਿ ਅੰਤ ਨਾ ਜਾਏ ਹਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਵੇਖੇ ਖੇਲ ਨੇਤਰ ਨੈਣਿਆ । ਕਲਜੁਗ ਨੇਤਰ ਖੋਲ੍ਹ, ਵੇਖ ਵਖਾਇੰਦਾ । ਸਾਚਾ ਅੱਖਰ ਏਕਾ ਬੋਲ, ਜੂਠਾ ਝੂਠਾ ਭੇਖ ਮਿਟਾਇੰਦਾ । ਨਾਮ ਮਰਦੰਗਾ ਵੱਜੇ ਢੋਲ, ਪੂਰਨ ਤੋਲ ਤੁਲਾਇੰਦਾ । ਹਰਿਜਨ ਆਤਮ ਪੜਦੇ ਰਿਹਾ ਖੋਲ੍ਹ, ਦਰਸ ਅਮੋਲਾ ਇਕ ਵਖਾਇੰਦਾ । ਨਿਜ ਘਰ ਵਾਸੀ ਸਦਾ ਕੋਲ, ਸੋਲਾਂ ਕਲ ਵੇਸ ਵਟਾਇੰਦਾ । ਲੱਖ ਚੁਰਾਸੀ ਰਿਹਾ ਰੋਲ, ਦਰ ਦਰਵੇਸ਼ ਦਿਸ ਨਾ ਆਇੰਦਾ । ਗੁਰੂਆਂ ਪੀਰਾਂ ਸਾਧਾਂ ਸੰਤਾਂ ਪੜਦਾ ਖੋਲ੍ਹ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦਰ ਦਵਾਰੇ ਨਰ ਨਿਰੰਕਾਰੇ ਆਪੇ ਵੇਖ ਵਖਾਇੰਦਾ ਦਰ ਦਵਾਰਾ ਵੇਖੇ, ਜਾਏ ਪਵਣ ਸੁਵਾਸਿਆ । ਨੌਂ ਦਵਾਰੇ ਭੇਵ ਖੁਲ੍ਹਾਏ, ਦਸਵੇਂ ਪੁਰਖ ਅਬਿਨਾਸ਼ਿਆ । ਸ਼ਬਦ ਗੁਰ ਗੁਰ ਸ਼ਬਦ ਕਿਸ ਵਸੇ ਥਾਂਏ, ਕਾਇਆ ਕਰੇ ਮੰਡਲ ਰਾਸਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅੰਤਮ ਵੇਖ ਹਰਿ, ਪਰਗਟ ਹੋਏ ਘਨਕਪੁਰ ਵਾਸਿਆ । ਪਰਗਟ ਹੋਏ ਨਰ ਨਿਰੰਕਾਰਾ, ਅਛਲ ਅਛੱਲ ਕਰਾਇਆ । ਜੋਤ ਸਰੂਪੀ ਇਕ ਉਜਿਆਰਾ, ਜਲ ਥਲ ਵਿਚ ਸਮਾਇਆ । ਪਹਿਲੀ ਚੇਤਰ ਦਿਵਸ ਵਿਚਾਰਾ, ਰਾਜ ਰਾਜਾਨਾਂ ਰਿਹਾ ਉਲਟਾਇਆ । ਆਪੇ ਬੰਨ੍ਹੇ ਆਪਣੀ ਧਾਰਾ, ਸਾਧਾਂ ਸੰਤਾਂ ਰਿਹਾ ਹਿਲਾਇਆ । ਇਕ ਵਖਾਏ ਜਗਤ ਜੈਕਾਰਾ, ਸੋਹੰ ਸਾਚਾ ਨਾਉਂ ਧਰਾਇਆ । ਭਰਿਆ ਨਾਉਂ ਅਗਣਤ ਭੰਡਾਰਾ, ਤੋਟ ਕਦੇ ਨਾ ਆਇਆ । ਬਣਿਆ ਹਰਿ ਆਪ ਵਰਤਾਰਾ, ਦੇਵਣਹਾਰ ਸਰਬ ਅਖਵਾਇਆ । ਭਰਮੇ ਭੁਲੇ ਜੀਵ ਗਵਾਰਾ, ਅੰਮ੍ਰਿਤ ਧਾਰਾ ਕਿਸੇ ਹੱਥ ਨਾ ਆਇਆ । ਪਰਗਟ ਹੋਏ ਚਵੀਆਂ ਅਵਤਾਰਾ, ਨਿਹਕਲੰਕਾ ਨਾਉਂ ਰਖਾਇਆ । ਵੇਦ ਵਿਆਸ ਬਣੇ ਲਿਖਾਰਾ, ਚਾਰ ਲੱਖ ਸਤਾਰਾਂ ਹਜ਼ਾਰ ਅਠਾਰਾਂ ਪੁਰਾਨਾਂ ਭੇਵ ਖੁਲ੍ਹਾਇਆ । ਗੁਰ ਗੋਬਿੰਦੇ ਹਰਿ ਨਿਆਰਾ, ਵਾਲੀ ਹਿੰਦੇ ਹਰਿ ਦਾਤਾਰਾ, ਸੰਬਲ ਨਗਰੀ ਰੁੱਤ ਸੁਹਾਇਆ । ਕੋਈ ਨਾ ਪਾਏ ਮਾਤ ਸਾਰਾ, ਪਾਰਬ੍ਰਹਮ ਬ੍ਰਹਮ ਖੇਲ ਅਪਾਰਾ, ਜੋਤ ਉਜਗਰੀ ਇਕ ਕਰਾਇਆ । ਨੌਂ ਦਵਾਰੇ ਜਗਤ ਦੁਵਾਰਾ, ਦਸਵਾਂ ਖੋਲ੍ਹੇ ਬੰਦ ਕੁਆੜਾ, ਆਪ ਆਪਣੇ ਵਿਚ ਟਿਕਾਇਆ । ਸ਼ਬਦ ਸਰੂਪੀ ਸਾਚਾ ਲਾੜਾ, ਚੜ੍ਹਾਏ ਤੇਲ ਸਤਾਰਾਂ ਹਾੜਾ, ਸੋਹੰ ਟਿੱਕਾ ਮਸਤਕ ਲਾਇਆ । ਨੌਂ ਖੰਡ ਪ੍ਰਿਥਮੀ ਵੇਖ ਅਖਾੜਾ, ਲੱਖ ਚੁਰਾਸੀ ਆਪ ਚਬਾਏ ਆਪਣੀ ਦਾਹੜਾ, ਰਾਏ ਧਰਮ ਖ਼ੁਸ਼ੀ ਮਨਾਇਆ । ਕੋਈ ਰਹਿਣ ਨਾ ਦੇਵੇ ਉਚ ਪਹਾੜਾ, ਵੇਖ ਵਖਾਣੇ ਜੰਗਲ ਜੂਹ ਉਜਾੜ ਪਹਾੜਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲੱਖ ਚੁਰਾਸੀ ਵੇਖ ਹਰਿ, ਸਾਚਾ ਰਿਹਾ ਕਰਮ ਕਮਾਇਆ । ਕਰਮ ਕਮਾਏ ਆਪਣਾ, ਦੋ ਜਹਾਨਾਂ ਵਾਲੀ । ਏਕਾ ਜਾਪ ਜਪਾਏ ਸਾਚਾ ਜਪਨਾ, ਤਟ ਤੀਰਥ ਕਰੇ ਖਾਲੀ । ਮਾਇਆ ਡੱਸਣੀ ਨਾ ਡੱਸੇ ਸੱਪਨਾ, ਦੇਵੇ ਸ਼ਬਦ ਨਾਮ ਦਲਾਲੀ । ਜੋਤੀ ਜੋਤ ਸਰੂਪ ਹਰਿ, ਭੇਵ ਖੁਲ੍ਹਾਏ ਆਪ ਆਪਣਾ, ਦੀਪਕ ਜੋਤੀ ਜਗੇ ਦਿਵਾਲੀ । ਭੇਵ ਖੁਲ੍ਹਾਏ ਆਪਣਾ । ਹਰਿ ਜਣਾਈ ਸ਼ਾਹ ਸੰਗਰੂਰ ਏਕਾ ਜਾਪ ਲੋਕਮਾਤੀ ਜਪਣਾ । ਪਟ ਪਟਿਆਲਾ ਹਰਿ ਹਜ਼ੂਰ, ਮੇਟ ਮਿਟਾਏ ਤੀਨੋ ਤਪਨਾ । ਸ਼ਾਹ ਫਰੀਦ ਕਾਇਆ ਚੋਟ, ਕਲਜੁਗ ਮਾਇਆ ਵਿਚ ਨਾ ਤਪਣਾ । ਜੋਤੀ ਜੋਤ ਸਰੂਪ ਹਰਿ, ਦਰ ਦਵਾਰੇ ਜੋਤ ਧਰ, ਸਿੰਘ ਈਸ਼ਰ ਵੇਖ ਜਗਦੀਸਰ ਕਲਜੁਗ ਮਾਇਆ ਡੱਸਣੀ ਡੱਸੇ ਸੱਪਣਾ । ਸਿੰਘ ਰਣਧੀਰ ਤਨ ਲਥੇ ਚੀਰ । ਪਾਇਆ ਘਰ ਨਾ ਮਿਲਿਆ ਵਰ, ਚੋਟੀ ਚੜ੍ਹਿਆ ਨਾ ਅੰਤ ਅਖੀਰ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਵੇਖ

ਵਖਾਏ ਗੁਰੂਦਵਾਰਾ ਕਵਣ ਅੰਮ੍ਰਿਤ ਆਤਮ ਸੀਰ । ਸਿੰਘ ਮੇਹਰ ਮਨ ਲੈਣਾ ਜਿਤ । ਚੇਤਰ ਛੇ ਵਾਰ ਥਿਤ । ਕਵਣ ਗੁਰ ਜਿਸ ਲਾਇਆ ਨੇਹ, ਕਵਣ ਬਣਿਆ ਸਾਚਾ ਮਿਤ । ਕਾਇਆ ਮਾਟੀ ਝੂਠਾ ਮੱਠ, ਨਾ ਕੋਈ ਮਾਤ ਨਾ ਕੋਈ ਪਿਤ । ਅੰਮ੍ਰਿਤ ਆਤਮ ਕਵਣ ਬਰਸੇ ਮੇਹ, ਦੇਵੇ ਦਰਸ ਨੇਤਨ ਨਿਤ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦਰ ਦਵਾਰਾ ਵੇਖਣ ਆਏ ਦਰ ਦਵਾਰਾ ਸਾਚਾ ਹਿੱਤ । ਰਾਜ ਅਭਿਮਾਨ ਅਬਗਤ ਹੋਏ । ਦੁਰਮਤ ਮੈਲ ਨਾ ਕੋਈ ਧੋਏ । ਵੇਖੇ ਖੇਲ ਸੰਤ ਮਨੀ ਸਿੰਘ ਕੱਟੀ ਜੇਲ੍ਹ, ਬੀਜ ਬੀਜਿਆ ਰਸਨਾ ਹੱਲ ਜੋਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਰਾਜ ਕਪੂਰ ਥਲ ਅਸਗਾਹ ਬੇਪਰਵਾਹ ਵੇਖੇ ਨੈਣ ਲੋਚਨ ਦੋਏ । ਸੰਗ ਸੰਗ ਬਿਆਸ । ਕਵਣ ਵਸਤ ਸਿੰਘ ਗੁਰਚਰਨ ਤੇਰੇ ਪਾਸ । ਗੁਰ ਸ਼ਬਦ ਫੜਿਆ ਅਸਤ, ਕਵਣ ਮੰਡਲ ਵੇਖੀ ਰਾਸ । ਕਵਣ ਮਿਲਿਆ ਸਾਚਾ ਹਸਤ, ਕਵਣ ਕਵਲ ਹੋਇਆ ਪਰਕਾਸ਼ । ਕਵਣ ਵੇਲਾ ਰਹੇ ਮਸਤ, ਮਨ ਮਤ ਬੁੱਧ ਨਾ ਹੋਏ ਉਦਾਸ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਉਠ ਉਠ ਨੱਠ ਨੱਠ ਆਏ ਦਰ ਦੇਵੇ ਵਰ, ਕਰੇ ਤਰਸ ਗਾਉਣਾ ਗੁਣ ਗੁਣ ਸਵਾਸ । ਸਿੰਘ ਤੇਜ ਨੌਂ ਦਵਾਰ । ਪੁਰਖ ਅਬਿਨਾਸ਼ੀ ਨਾ ਪਾਈ ਸਾਰ । ਸੁਖਮਨ ਨਾੜੀ ਡੂੰਘੀ ਭਵਰ, ਆਪੇ ਬੈਠਾ ਅੱਧਵਿਚਕਾਰ । ਤਨ ਕਾਇਆ ਮਾਟੀ ਜਗਤ ਕਵਰ, ਭਰਿਆ ਕਾਮ ਕਰੋਧ ਲੋਭ ਮੋਹ ਹੰਕਾਰ । ਮਾਨਸ ਜਨਮ ਨਾ ਗਿਆ ਸਵਰ, ਮਿਲਿਆ ਮੇਲ ਨਾ ਮੀਤ ਮੁਰਾਰ । ਗੁਰ ਪੂਰਾ ਨਾ ਸੀਸ ਝੁਲਾਏ ਚਵਰ, ਨਾ ਗੋਦ ਉਠਾਏ ਕਰ ਪਿਆਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨੌਂ ਚੇਤ ਵੇਖੇ ਨੌਂ ਦਰ, ਦਸਵਾਂ ਖੁਲ੍ਹਾ ਕਵਣ ਕਿਵਾੜ । ਸਾਵਣ ਰੁੱਤ ਨਾ ਤਨ ਸੁਹਾਈ । ਕਾਇਆ ਮਾਟੀ ਝੂਠਾ ਬੁਤ, ਮਨ ਮਮਤਾ ਸੰਗ ਰਲਾਈ । ਸਤਿਜੁਗ ਸਾਚਾ ਇਕ ਉਪਜਾਏ ਸਾਚਾ ਸੁਤ, ਆਤਮ ਬ੍ਰਹਮ ਦਵਾਏ । ਪੰਜਾਂ ਚੋਰਾਂ ਕੱਢੇ ਕੁਟ, ਪੂਰਬ ਕਰਮ ਕਮਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿੰਘ ਲਾਭ ਵੇਖੇ ਕਵਲ ਨਾਭ, ਕਵਣ ਸਵੇਲਾ ਕਵਣ ਮੁਖ ਰਿਹਾ ਉਲਟਾਏ । ਕਵਣ ਅੰਮ੍ਰਿਤ ਆਤਮ ਧਾਰ, ਪ੍ਰਭ ਸਾਚੇ ਆਪ ਟਿਕਾਈਆ । ਕਵਣ ਸਵੇਲਾ ਦੇਵੇ ਕਰ ਪਿਆਰ, ਭਾਂਡੇ ਕਾਚੇ ਦਇਆ ਕਮਾਈਆ । ਕਵਣ ਸਵੇਲਾ ਹੋਏ ਉਜਿਆਰ, ਦਿਵਸ ਰੈਣ ਅੱਠੇ ਪਹਿਰ ਕਵਣ ਰੂਪ ਰੰਗ ਕਵਣ ਭੇਖ ਵਟਾਈਆ । ਨੌਂ ਜੇਠ ਕਵਣ ਰੱਖੇ ਸਾਇਆ ਹੇਠ, ਸਤਿਗੁਰ ਸਾਵਣ ਕਵਣ ਕੂਟੇ ਸ਼ਬਦ ਝੂਟੇ ਰਿਹਾ ਭਗਤ ਦਵਾਈਆ । ਸਾਵਣ ਵੇਖੇ ਸੁਰਤ ਗਿਆਨੀ, ਨੈਣ ਵਿਹੂਣੇ ਅੰਧੇ । ਕਵਣ ਦਵਾਰੇ ਸ਼ਬਦ ਨਿਸ਼ਾਨੀ, ਚੜ੍ਹਿਆ ਚੰਦ ਨੌਂ ਚੰਦੇ । ਵੱਜੇ ਤੀਰ ਏਕਾ ਕਾਨੀ, ਕਵਣ ਗਾਇਆ ਬੱਤੀ ਦੰਦੇ । ਆਦਿ ਪੁਰਖ ਦੀ ਕਵਣ ਨਿਸ਼ਾਨੀ, ਕਵਣ ਹੋਏ ਮਾਤ ਬਖ਼ਸ਼ਿੰਦੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਜਾਮਾ ਭੇਖ ਧਰ, ਲੋਕਮਾਤੀ ਆਏ ਦਰ, ਢਾਹੇ ਭਰਮਾ ਕੰਧੇ । ਸਿੰਘ ਹਰਿਨਾਮ ਹਰਿ ਹਰਿ ਹਰਿਜਨ ਜਨ ਜਨ ਤਨ ਜਾਣ । ਕਵਣ ਕਾਮ ਕਵਣ ਚਾਮ ਕਵਣ ਧਾਮ ਕਵਣ ਦਾਮ ਕਵਣ ਨਾਮ ਆਤਮ ਘਰ ਪਛਾਣ । ਕਵਣ ਹਰਿ ਕਵਣ ਸਰ ਕਵਣ ਦਰ ਕਵਣ ਘਰ ਮਿਲੇ ਵਰ ਚੁੱਕੇ ਆਵਣ ਜਾਣ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦਰ ਦਵਾਰੇ ਨਰ ਨਿਰੰਕਾਰੇ ਮੰਗੇ ਭਿਖ ਏਕਾ ਏਕ ਨਾਮ ਅਗੰਮ ਅਪਾਰੇ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਅੰਤ ਜੁਗਾ ਜੁਗੰਤ ਜੁਗ ਜੁਗ ਆਦੀ ਸ਼ਬਦ ਬ੍ਰਹਿਮਾਦੀ ਪਰਗਟ ਹੋਏ ਤ੍ਰੈ ਤ੍ਰੈਲੋਏ, ਗੁਰਮੁਖ ਵਿਰਲਾ ਜਾਣੇ ਕੋਇ ਸਚ ਵਸਤ ਜਿਸ ਜਨ ਦਰ ਘਰ ਸਾਚੇ ਲਾਧੀ ।

## ★ ਪਹਿਲੀ ਫੱਗਣ ੨੦੧੨ ਬਿਕ੍ਰਮੀ ਹਰਿ ਭਗਤ ਦਵਾਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ★

ਜੋਤੀ ਜੋਤ ਅਕਾਲਾ, ਹਰਿ ਜਗਾਈਆ । ਜੋਤੀ ਜੋਤ ਜਵਾਲਾ, ਹਰਿ ਰਖਾਈਆ । ਜੋਤੀ ਜੋਤ ਦੀਨ ਦਿਆਲਾ, ਕਰੇ ਰੁਸ਼ਨਾਈਆ । ਜੋਤੀ ਜੋਤ ਭਗਤ ਰਖਵਾਲਾ, ਕਰੇ ਖੇਲ ਰਘੁਰਾਈਆ । ਜੋਤੀ ਜੋਤ ਗੁਰ ਗੁਰ ਗੋਬਿੰਦ ਧਾਰਾ ਰਿਹਾ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਮਾਤ ਨਿਰਾਲਾ ਜਾਣੇ ਭੇਵ ਨਾ ਰਾਈਆ । ਜੋਤੀ ਜੋਤ ਦਿਵਸ ਰਾਤ, ਸੂਰਜ ਚੰਦ ਰਖਾਏ ਭਾਨਿਆ । ਜੋਤੀ ਜੋਤ ਅਜ਼ਾਤ, ਕਿਸੇ ਨਾ ਜਾਣਿਆ । ਜੋਤੀ ਜੋਤ ਬਹੁ ਭਾਂਤ, ਨਾ ਕਰੇ ਕੋਈ ਪਛਾਨਿਆ । ਜੋਤੀ ਜੋਤ ਭਗਤ ਪਰਭਾਤ, ਏਕਾ ਏਕ ਹਰਿ ਜਾਣਿਆ । ਜੋਤੀ ਜੋਤ ਜਗਤ ਪਿਤ ਮਾਤ, ਉਪਜਾਏ ਬਾਲ ਸਦ ਅੰਞਾਣਿਆ । ਜੋਤੀ ਜੋਤ ਆਤਮ ਦਾਤ, ਦੇਵਣਹਾਰ ਹਰਿ ਗੁਣ ਨਿਧਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵੇਖੇ ਖੇਲ ਦੋ ਜਹਾਨਿਆ । ਜੋਤੀ ਜੋਤ ਅਗੰਮ, ਭੇਵ ਨਾ ਰਾਇਆ । ਜੋਤੀ ਜੋਤ ਗਈ ਜੰਮ, ਮਾਤ ਪਿਤ ਨਾ ਸਕੇ ਜਣਾਇਆ । ਜੋਤੀ ਜੋਤ ਨਾ ਦਿਸੇ ਕੋਈ ਚੰਮ, ਤਨ ਮੰਦਰ ਦਿਸ ਨਾ ਆਇਆ । ਜੋਤੀ ਜੋਤ ਨਾ ਰੋਏ ਛੰਮ ਛੰਮ, ਪਵਣ ਸਵਾਸਾ ਦਮ ਨਾ ਕੋਈ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਜਾਣੇ ਆਪਣਾ ਕੰਮ, ਆਪ ਆਪਣੇ ਵਿਚ ਸਮਾਇਆ । ਜੋਤੀ ਜੋਤ ਅਡੋਲ, ਆਪ ਰਖਾਈਆ । ਜੋਤੀ ਜੋਤ ਅਮੋਲ, ਦਿਸ ਕਿਸੇ ਨਾ ਆਈਆ । ਜੋਤੀ ਜੋਤ ਅਤੋਲ, ਨਾ ਸਕੇ ਕੋਈ ਤੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚਾ ਸੰਗ ਇਕ ਨਿਭਾਈਆ । ਜੋਤੀ ਖੇਲ ਅਪਾਰ, ਸੰਗ ਨਿਭਾਇਆ । ਸ਼ਬਦ ਉਪਾਇਆ ਸਾਚੀ ਧਾਰ, ਸੁਨ ਅਗੰਮੀ ਪਾਰ ਕਰਾਇਆ । ਪਰਗਟ ਹੋ ਆਪ ਦਾਤਾਰ, ਆਪ ਆਪਣਾ ਨਾਉਂ ਧਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਮੀਤੜਾ ਨਾ ਕੋਈ ਜਾਣੇ ਰੰਗ ਮਜੀਠੜਾ, ਆਪ ਆਪਣੇ ਅੰਕ ਲਗਾਇਆ । ਹਰਿ ਜੋਤੀ ਸ਼ਬਦ ਸਪੂਤ ਇਕ ਉਪਨਿਆ । ਵੇਖ ਵਖਾਣੇ ਦਹਿ ਦਿਸ਼ਾ ਕੂਟੋ ਕੂਟ, ਨਾ ਕੋਈ ਸੂਰਜ ਨਾ ਕੋਈ ਚੰਨਿਆ । ਆਪ ਆਪਣਾ ਝੂਟਾ ਰਿਹਾ ਝੂਟ, ਨਾ ਕੋਈ ਦੀਸੇ ਛੱਪਰ ਛੰਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਗੁਣੀ ਸਾਚਾ ਮੁਨੀ ਸ਼ਬਦ ਸਾਚਾ ਜੰਮਿਆ । ਸ਼ਬਦ ਜਣੇਪਾ ਆਪ ਕਰ, ਜੋਤੀ ਖ਼ੁਸ਼ੀ ਮਨਾਈਆ । ਸੱਚਖੰਡ ਖੰਡ ਸਚ ਰੰਡੇਪਾ ਇਕ ਘਰ, ਨਾਰ ਸੁਹਾਗਣ ਸਰਬ ਸੁਖਦਾਈਆ । ਆਪਣਾ ਆਪ ਆਪੇ ਵਰ, ਆਪ ਆਪਣੀ ਸੇਜ ਹੰਢਾਈਆ । ਸ਼ਬਦ ਸਪੂਤਾ ਗੋਦ ਧਰ, ਸਾਚੀ ਧਾਰਾ ਮੁਖ ਚੁਆਈਆ । ਨਾ ਜਨਮੇ ਨਾ ਜਾਏ ਮਰ, ਆਦਿ ਅੰਤ ਰਹੇ ਸਭਨੀਂ ਥਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦਰ ਘਰ ਸਾਚੇ ਵੱਜੀ ਇਕ ਵਧਾਈਆ । ਘਰ ਜੰਮਿਆ ਸੁਤ ਦੁਲਾਰ, ਹੋਏ ਖੇਲ ਨਵ ਰੰਗਿਆ । ਜੋਤੀ ਕਰੇ ਸ਼ਬਦ ਪਿਆਰ, ਆਪ ਉਠਾਏ ਆਪਣੇ ਅੰਗਿਆ । ਸਾਚਾ ਸ਼ਬਦ ਕਰੇ ਪਿਆਰ, ਅੰਮ੍ਰਿਤ ਸੀਰ ਏਕ ਮੰਗਿਆ । ਜੋਤ ਸਰੂਪੀ ਕਰ ਅਕਾਰ, ਦੇਵੇ ਧਾਰ ਸੂਰਾ ਸਰਬੰਗਿਆ । ਆਤਮ ਤ੍ਰਿਸ਼ਨਾ ਸ਼ਬਦ ਨਿਵਾਰ, ਰੰਗ ਆਪਣੇ ਆਪੇ ਰੰਗਿਆ । ਇਕ ਕਰਾਇਆ ਵਣਜ ਵਾਪਾਰ, ਬਾਲ ਅੰਞਾਣੇ ਇਹ ਵਰ ਮੰਗਿਆ । ਕਵਣ ਭੂਮਿਕਾ ਹੋਏ ਉਧਾਰ । ਕਵਣ ਸੁ ਧਾਮਾ ਲੱਗੇ ਚੰਗਿਆ । ਜੋਤ ਸਰੂਪੀ ਕਰ ਵਿਚਾਰ, ਇਕ ਫੜਾਇਆ ਸਚ ਮਰਦੰਗਿਆ । ਆਪੇ ਵੇਖਾਂ ਤੇਰੀ ਧਾਰ, ਆਦਿ ਅੰਤ ਨਾ ਹੋਏ ਨੰਗਿਆ । ਸ੍ਰਿਸ਼ਟ ਸਬਾਈ ਮਹੱਲ ਉਸਾਰ, ਤ੍ਰੈਗੁਣ ਮਾਇਆ ਨਾਲ ਰਲਿਆ । ਏਕਾ ਕੀਆ

ਧਰਮ ਪਿਆਰ, ਨਾਭੀ ਕਵਲੀ ਡੇਰਾ ਮੱਲਿਆ । ਜੁਗ ਸਤਾਈ ਇਹ ਧਾਰ, ਕਵਲ ਫੁਲਿਆ ਅਤੇ ਫਲਿਆ । ਪਾਰਬ੍ਰਹਮ ਸ਼ਬਦੀ ਧਾਰ, ਸ਼ਬਦ ਅਧਾਰਾ ਬ੍ਰਹਮ ਰੱਖਨਿਆ । ਬ੍ਰਹਮਾ ਉਤਪਤ ਕਰ ਆਕਾਰ, ਆਪ ਆਪਣਾ ਬੇੜਾ ਬੰਨ੍ਹਿਆ । ਸ਼ਬਦ ਦਿਤਾ ਕਰ ਪਿਆਰ, ਵਡ ਧਨ ਧਨ ਧੰਨਿਆ । ਸ੍ਰਿਸ਼ਟ ਸਬਾਈ ਕਰ ਤਿਆਰ, ਪੁਰਖ ਅਬਿਨਾਸ਼ੀ ਬੇੜਾ ਬੰਨ੍ਹਿਆ । ਲੱਖ ਚੁਰਾਸੀ ਬ੍ਰਹਮ ਅਪਾਰ, ਆਪੇ ਢਾਹੇ ਆਪੇ ਭੰਨਿਆ । ਧਾਮ ਵਖਾਏ ਇਕ ਦਰਬਾਰ, ਨੌਂ ਦਵਾਰੇ ਆਂਧਨ ਅੰਨ੍ਹਿਆ । ਦਸਵੇਂ ਖੋਲ੍ਹ ਇਕ ਕਿਵਾੜ, ਵਿਕਾਰੀ ਹੰਕਾਰੀ ਜਿੰਦਾ ਭੰਨਿਆ । ਵਖਾਏ ਮਹੱਲ ਅਪਰ ਅਪਾਰ, ਸ਼ਬਦ ਸਾਚੇ ਇਹ ਮਨ ਮੰਨਿਆ । ਆਪ ਬਿਠਾਏ ਕਰ ਪਿਆਰ, ਨਾ ਕੋਈ ਲਾਏ ਮਾਤ ਸੰਨ੍ਹਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਸਾਚੇ ਦੇਵੇ ਵਰ, ਸਾਚਾ ਰਾਗ ਗੁਰਮੁਖ ਵਿਰਲਾ ਜਾਏ ਜਾਗ, ਸੁਣੇ ਸੁਣਾਏ ਏਕਾ ਕੰਨਿਆ । ਸ਼ਬਦ ਸਪੂਤਾ ਏਕ, ਸਦਾ ਪਰਕਾਸ਼ਿਆ । ਜੋਤੀ ਜੋਤ ਰਖਾਏ ਟੇਕ, ਏਕਾ ਏਕ ਏਕ ਅਬਿਨਾਸਿਆ । ਆਪਣਾ ਆਪ ਕੀਆ ਬਿਬੇਕ, ਘਟ ਘਟ ਸਦ ਰੱਖੇ ਵਾਸਿਆ । ਨਾ ਠੰਢਾ ਨਾ ਲਾਏ ਸੇਕ, ਏਕਾ ਮੰਡਲ ਏਕਾ ਰਾਸਿਆ । ਸ੍ਰਿਸ਼ਟ ਸਬਾਈ ਰਿਹਾ ਵੇਖ, ਦਿਵਸ ਰੈਣ ਕਰੇ ਹਾਸਿਆ । ਬ੍ਰਹਮੇ ਬ੍ਰਹਮ ਕਰੇ ਪਰਵੇਸ਼, ਕੀਆ ਦਾਸਨ ਦਾਸਿਆ । ਜੋਤੀ ਸ਼ਬਦ ਸੁਤ ਆਦੇਸ, ਨਾ ਆਏ ਗਰਭ ਵਾਸਿਆ । ਲੱਖ ਚੁਰਾਸੀ ਰਹੇ ਪਰਵੇਸ, ਕੀਆ ਦਾਸਨ ਦਾਸਿਆ । ਸ਼ਬਦ ਜਣਾਏ ਬ੍ਰਹਮਾ ਵਿਸ਼ਨ ਮਹੇਸ਼ ਗਣੇਸ਼, ਆਪੇ ਜਾਣੇ ਆਪਣੀ ਰਾਸਿਆ । ਜੋਤੀ ਸੁਤ ਸ਼ਬਦ ਵਰ ਦਰ ਦਰਵੇਸ਼, ਜੋਤੀ ਜੋਤ ਸਰੂਪ ਹਰਿ, ਜਿਸ ਜਨ ਦੇਵੇ ਚਰਨ ਭਰਵਾਸਿਆ । ਜੋਤੀ ਸੁਤ ਸ਼ਬਦ ਬਲਵਾਨ, ਜਗਤ ਜੈਕਾਰਿਆ । ਆਪਣਾ ਫੜਿਆ ਤੀਰ ਕਮਾਨ, ਵੇਖ ਵਖਾਣੇ ਚਾਰੋਂ ਕੁੰਟ ਸਰਬ ਹੰਕਾਰਿਆ । ਮਾਰੇ ਮਾਰ ਪੰਜ ਸ਼ੈਤਾਨ, ਨੌਂ ਦਵਾਰੇ ਪਾਵੇ ਸਾਰਿਆ । ਚੜ੍ਹਾ ਚਿਲ੍ਹਾ ਇਕ ਜਹਾਨ, ਢਾਹਵੇ ਝੂਠਾ ਕਿਲ੍ਹਾ ਜੋ ਉਸਾਰਿਆ । ਖੋਲ੍ਹੇ ਨਾਮ ਬੰਦ ਦੁਕਾਨ, ਬਜਰ ਕਪਾਟੀ ਲਾਵੇ ਪਾੜਿਆ । ਇਕ ਝੁਲਾਏ ਸਚ ਨਿਸ਼ਾਨ, ਆਪੇ ਵੇਖੇ ਧਰਮ ਅਖਾੜਿਆ । ਜੋਤੀ ਵੇਖੇ ਮਾਰ ਧਿਆਨ, ਸਾਚਾ ਸੁਤ ਚੜ੍ਹਿਆ ਘੋੜੇ ਸਾਚਾ ਲਾੜਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਸੁਤ ਸੁਹਾਏ ਰੁੱਤ ਦਰ ਘਰ ਸਾਚੇ ਆਪੇ ਵਾੜਿਆ । ਸਾਚਾ ਲਾੜਾ ਆਇਆ ਘਰ, ਜੋਤ ਮਾਤ ਖ਼ੁਸ਼ੀ ਮਨਾਈਆ । ਬਜਰ ਕਪਾਟੀ ਲਾਏ ਪਾੜ ਟੁੱਟਾ ਗੜ੍ਹ, ਅੰਧੇਰੀ ਰਾਤ ਰਹਿਣ ਨਾ ਪਾਈਆ । ਸਾਚੇ ਅੰਦਰ ਜਾਣਾ ਵੜ, ਅੰਮ੍ਰਿਤ ਧਾਰੇ ਸਾਚਾ ਪਾਣੀ ਨਿਝਰ ਧਾਰਾ ਇਕ ਵਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਦੁਲਾਰੇ ਕਰ ਪਿਆਰੇ, ਆਪ ਆਪਣਾ ਧਾਮ ਵਖਾਈਆ । ਸ਼ਬਦ ਦੁਲਾਰਾ ਵੇਖ ਘਰ, ਚਰਨੀ ਸੀਸ ਨਿਵਾਉਂਦਾ ਏ । ਮਾਤ ਸੁਲਖਣੀ ਕਿਰਪਾ ਕਰ, ਏਕਾ ਮੰਗ ਮੰਗਾਉਂਦਾ ਏ । ਨੌਂ ਦਵਾਰੇ ਆਵੇ ਡਰ, ਦਸਵਾਂ ਰੰਗ ਰੰਗਾਉਂਦਾ ਏ । ਛਾਤੀ ਤੇਰੀ ਲਵਾਂ ਚੜ, ਅੰਮ੍ਰਿਤ ਸੀਰ ਸਾਚਾ ਪਾਉਂਦਾ ਏ । ਕਰਾਂ ਦਰਸ ਨਿੱਤ ਅੱਗੇ ਖੜ੍ਹ, ਇਹ ਮੇਰੇ ਮਨ ਭਾਉਂਦਾ ਏ । ਏਕਾ ਅੱਖਰ ਤੇਰੀ ਸਾਚੀ ਸਿਖਿਆ ਲਈ ਪੜ੍ਹ, ਜੁਗਾ ਜੁਗ ਲੰਘਾਉਂਦਾ ਏ । ਨਾ ਕੋਈ ਸੀਸ ਨਾ ਕੋਈ ਧੜ, ਸਭ ਦੇ ਅੰਦਰ ਡੇਰਾ ਲਾਉਂਦਾ ਏ । ਰਾਜ ਰਾਜਾਨਾ ਸ਼ਾਹ ਸੁਲਤਾਨਾ ਨਾ ਕੋਈ ਸਕੇ ਫੜ, ਤੀਰ ਕਟਾਰ ਨਾ ਕੋਈ ਚਲਾਉਂਦਾ ਏ । ਲੋਆਂ ਪੁਰੀਆਂ ਰਿਹਾ ਲੜ, ਆਪ ਆਪਣਾ ਹੱਥ ਵਖਾਉਂਦਾ ਏ । ਜਨ ਭਗਤਾਂ ਤੋੜੇ ਕਿਲ੍ਹਾ ਹੰਕਾਰੀ ਗੜ੍ਹ, ਏਕਾ ਏਕ ਹਥੌੜਾ ਲਾਉਂਦਾ ਏ । ਸਚ ਮਹੱਲੇ ਉਤੇ ਚੜ੍ਹ, ਆਪਣਾ ਰਾਗ ਸੁਣਾਉਂਦਾ ਏ । ਜੋਤੀ ਮਾਤਾ ਲਏ ਬਾਹੋਂ ਫੜ, ਜਗਤ


੫੪੩
੦੫

ਸੁਤੀਲਾ ਨਾਤਾ ਤੋੜ ਵਖਾਉਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਸ਼ਬਦੀ ਮੇਲ ਕਰ, ਏਕਾ ਘਰ ਵਸਾਉਂਦਾ ਏ । ਏਕਾ ਘਰ ਵਸੰਦੜਾ, ਪ੍ਰਭ ਸਾਚੇ ਬਣਤ ਬਣਾਈਆ । ਜੋਤੀ ਮੇਲ ਮਿਲੰਦੜਾ, ਸ਼ਬਦ ਘੋਰੀ ਰਿਹਾ ਉਠਾਈਆ । ਨਾ ਕੋਈ ਵੇਖ ਵਖੰਦੜਾ, ਦਿਸ ਕਿਸੇ ਨਾ ਆਈਆ । ਸਰਬ ਜੀਆਂ ਬਖ਼ਸ਼ੰਦੜਾ, ਹਰ ਘਟ ਮੇਂ ਰਿਹਾ ਸਮਾਈਆ । ਲੱਖ ਚੁਰਾਸੀ ਘਰ ਘਰ ਕਰਦੀ ਨਿੰਦੜਾ, ਗੁਰਮੁਖ ਸੋਏ ਰਿਹਾ ਜਗਾਈਆ । ਨਾ ਜਾਣੇ ਜੀਵ ਪਿੰਡ ਪਿੰਡੜਾ, ਬ੍ਰਹਿਮੰਡ ਖੋਜ ਨਾ ਰਾਈਆ । ਧਰਿਆ ਭੇਖ ਹਰਿ ਘਵਿੰਡੜਾ, ਨਾ ਜਾਣੇ ਜੀਵ ਗੁਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚੀ ਰਚਨਾ ਆਪ ਰਚਾਈਆ । ਰਚਨ ਰਚਾਈ ਆਪਣੀ, ਕਰਿਆ ਖੇਲ ਅਗੰਮਾ । ਨਾ ਕੋਈ ਜਪਾਏ ਜਾਪ ਜਾਪਨੀ, ਆਪੇ ਵੇਖ ਵਖਾਣੇ ਕਾਇਆ ਚੰਮ ਚੰਮਾ । ਮੇਟ ਮਿਟਾਏ ਤੀਨੋ ਤਾਪਨੀ, ਦੋ ਜਹਾਨੀ ਬਣੇ ਸਾਚਾ ਥੰਮ੍ਹਾ । ਨੇੜ ਨਾ ਆਇਣ ਪਾਪਨ ਪਾਪਨੀ, ਆਪ ਕਰਾਏ ਆਪਣਾ ਕੰਮਾ । ਜੋਤ ਸਰੂਪੀ ਵਡ ਪਰਤਾਪਨੀ, ਸ਼ਬਦ ਪੂਤ ਸਪੂਤਾ ਸੱਚਾ ਜੰਮਾ । ਸ੍ਰਿਸ਼ਟ ਸਬਾਈ ਅੰਤਮ ਕਾਪਨੀ, ਲੱਖ ਚੁਰਾਸੀ ਰੋਵੇ ਛੰਮ ਛੰਮਾ । ਸਾਢੇ ਤਿੰਨ ਤਿੰਨ ਹੱਥ ਸੀਆਂ ਸਭ ਨੇ ਨਾਪਨੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲੇਖੇ ਲਾਏ ਨਾ ਕਿਸੇ ਚੰਮਾ । ਹਰਿ ਜੋਤੀ ਆਪ ਜਗਾਈ, ਸ਼ਬਦ ਚਲਾਈ ਧਾਰਾ ਏ । ਲੱਖ ਚੁਰਾਸੀ ਭੇਵ ਨਾ ਰਾਈ, ਪਰਗਟ ਹੋਇਆ ਨਰ ਨਿਰੰਕਾਰਾ ਏ । ਕਲ ਭੁੱਲੀ ਮਾਤ ਲੋਕਾਈ, ਘਟ ਵੇਖੇ ਵੇਖਣਹਾਰਾ ਏ । ਅੰਤਮ ਹੋਈ ਸਰਬ ਜੁਦਾਈ, ਨਾ ਕੋਈ ਦੀਸੇ ਮੀਤ ਮੁਰਾਰ ਏ । ਗੁਰਮੁਖਾਂ ਕਰੇ ਸਚ ਕੁੜਮਾਈ, ਗਲ ਪਾਏ ਫੂਲਨਹਾਰਾ ਏ । ਦੇਵੇ ਨਾਮ ਜਗਤ ਵਡਿਆਈ, ਸੋਹੰ ਸੋ ਅਪਰ ਅਪਾਰਾ ਏ । ਆਪੇ ਧੋਵੇ ਪਿਛਲੀ ਛਾਹੀ, ਅੰਮ੍ਰਿਤ ਦੇਵੇ ਸਾਚੀ ਧਾਰਾ ਏ । ਸ਼ਬਦ ਬਣਾਏ ਨੈਣ ਨਾਈ, ਗੁਰਮੁਖ ਸਾਚਾ ਬਣਿਆ ਲਾੜਾ ਏ । ਆਪੇ ਧੀ ਆਪੇ ਜਵਾਈ, ਆਪੇ ਘਰ ਕਰੇ ਕੁੜਮਾਈ, ਪਲੰਘ ਰੰਗੀਲਾ ਇਕ ਵਿਛਾਈ, ਕਰੇ ਖੇਲ ਅਪਰ ਅਪਾਰਾ ਏ । ਛੱਬੀ ਪੋਹ ਵੱਜੇ ਵਧਾਈ, ਪੰਚਮ ਮੀਤਾ ਰਿਹਾ ਜਗਾਈ, ਮੇਟ ਮਿਟਾਏ ਧੁੰਦੂਕਾਰਾ ਏ । ਰਾਜ ਰਾਜਾਨਾਂ ਰਿਹਾ ਜਗਾਈ, ਸਾਧਾਂ ਸੰਤਾਂ ਰਿਹਾ ਸੁਣਾਈ, ਪਹਿਲੀ ਚੇਤਰ ਕਰੇ ਵਿਹਾਰਾ ਏ । ਸ਼ਾਹ ਸੰਗਰੂਰ ਹਿਲਾਏ ਫੜ ਫੜ ਬਾਂਹੀ, ਲੇਖਾ ਮੰਗੇ ਥਾਉਂ ਥਾਈ, ਨਾ ਕਰੇ ਕੋਈ ਉਧਾਰਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰਿਆ ਸ਼ਬਦ ਇਕ ਪਿਆਰਾ ਏ । ਇਕ ਸ਼ਬਦ ਉਜਾਗਰ ਹਰਿ ਕਰਾਇੰਦਾ । ਆਪੇ ਬਣੇ ਭਗਤ ਸੁਦਾਗਰ, ਸਾਚਾ ਵਣਜ ਇਕ ਰਖਾਇੰਦਾ । ਆਪ ਟਿਕਾਏ ਕਾਇਆ ਗਾਗਰ, ਦਿਸ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੇ ਰੰਗ ਸਮਾਇੰਦਾ । ਜੀਓ ਪਿੰਡ ਮਰਯਾਦ ਹੈ, ਸੁਣੇ ਵਿਚ ਬ੍ਰਹਿਮਾਦ । ਨੌਂ ਦਵਾਰੇ ਜਿਸ ਜਨ ਯਾਦ ਹੈ, ਪ੍ਰਭ ਦੇਵੇ ਸਾਚੀ ਦਾਦ । ਕਾਇਆ ਨਗਰ ਕਰੇ ਆਬਾਦ ਹੈ, ਹਰਿਜਨ ਸਾਚੇ ਲਏ ਲਾਧ । ਮੇਲ ਮਿਲਾਵਾ ਮਾਧਵ ਮਾਧ ਹੈ, ਸ਼ਬਦ ਵਜਾਏ ਸਾਚਾ ਨਾਦ । ਹੋਏ ਜਣਾਈ ਬੋਧ ਅਗਾਧ ਹੈ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚੀ ਦਾਦ । ਮੰਗੀ ਮੰਗ ਅਮੋਲ, ਦਰ ਦਰ ਰੁਨਿਆ । ਪ੍ਰਭ ਸਾਚਾ ਸ਼ਬਦ ਵਿਰੋਲ, ਦੇਵੇ ਦਾਨ ਵਡ ਗੁਣ ਗੁਣੀਆ । ਬਜਰ ਕਪਾਟੀ ਪੜਦਾ ਖੋਲ੍ਹ, ਮੇਲ ਮਿਲਾਵੇ ਚਿਰੀ ਵਿਛੁੰਨਿਆ । ਵੱਜੇ ਨਾਦ ਅਨਾਦਾ ਸੱਚਾ ਢੋਲ, ਸੰਤ ਸੁਹੇਲਾ ਸਾਚਾ ਚੁਨਿਆ । ਨਰ ਨਿਰੰਕਾਰਾ ਦਿਸੇ ਕੋਲ, ਰਾਗ ਅਪਾਰਾ ਏਕਾ ਸੁਣਿਆ । ਦਸਮ ਦਵਾਰੀ ਕਰੇ ਚੋਲ੍ਹ, ਜੋਤੀ ਜੋਤ ਸਰੂਪ ਹਰਿ, ਆਪ

ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਸੰਤ ਸੁਹੇਲੇ ਲੋਕਮਾਤ ਚਾੜ੍ਹੇ ਚੰਨਿਆ । ਸੁਰਤ ਜਗਾਏ ਸ਼ਬਦ ਚੋਟ ਹਰਿ ਸਾਚਾ ਆਪ ਲਗਾਇੰਦਾ । ਹਰਿਜਨ ਵਰੋਲੇ ਕੋਟੀ ਕੋਟ, ਮਾਨਸ ਦੇਹੀ ਵੇਖ ਵਖਾਇੰਦਾ । ਸ਼ਬਦ ਭੰਡਾਰਾ ਭਰੇ ਅਤੋਟ, ਬੇਪਰਵਾਹੀ ਦਇਆ ਕਮਾਇੰਦਾ । ਜਗਤ ਤ੍ਰਿਸ਼ਨਾ ਭਰੇ ਪੋਟ, ਸਾਵਲ ਸੁੰਦਰ ਰੂਪ ਵਖਾਇੰਦਾ । ਨੌਂ ਦਵਾਰੇ ਕੱਢੇ ਖੋਟ, ਨਾਮ ਮੁੰਦਰ ਏਕਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਦੇਵੇ ਸਾਚਾ ਵਰ, ਤਨ ਮੰਦਰ ਇਕ ਸੁਹਾਇੰਦਾ । ਤਨ ਮੰਦਰ ਆਪ ਸੁਹਾਏ, ਦੀਪਕ ਜੋਤ ਜਗਾਈਆ । ਅੰਦਰੇ ਅੰਦਰ ਦਇਆ ਕਮਾਏ, ਵਰਨ ਗੋਤ ਭੇਵ ਮਿਟਾਈਆ । ਦੂਈ ਦਵੈਤੀ ਜੰਦਰ ਤੋੜ ਵਖਾਏ, ਦੁਰਮਤ ਮੈਲ ਰਹੇ ਨਾ ਰਾਈਆ । ਸਾਢੇ ਤਿੰਨ ਕਰੋੜ ਸੋਤ ਖੁਲ੍ਹਾਏ, ਰਾਗਣ ਰਾਗ ਰਿਹਾ ਉਪਜਾਈਆ । ਜੋਤੀ ਸ਼ਬਦੀ ਮੇਲ ਮਿਲਾਏ, ਜਗਤ ਵਿਛੋੜਾ ਰਿਹਾ ਮਿਟਾਈਆ । ਸ਼ਬਦੀ ਜੋਤੀ ਖੇਲ ਖਿਲਾਏ, ਨਾਮ ਘੋੜਾ ਰਿਹਾ ਦੁੜਾਈਆ । ਸਾਚੇ ਘੋੜੇ ਆਪ ਚੜ੍ਹਾਏ, ਪ੍ਰੇਮ ਵਾਗਾਂ ਹੱਥ ਫੜਾਈਆ । ਸਾਚਾ ਰਾਹ ਇਕ ਵਖਾਏ, ਧੁਰ ਦਰਗਾਹੀ ਸਾਚਾ ਮਾਹੀਆ । ਦਸਮ ਦਵਾਰੀ ਕੁੰਡਾ ਲਾਹੇ, ਸ਼ਬਦ ਸਿੰਘਾਸਣ ਦਏ ਸਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਦੇਵੇ ਸਾਚਾ ਵਰ, ਸੰਤ ਸੁਹੇਲੇ ਸਾਚੇ ਧਾਮ ਆਪ ਬਹਾਈਆ । ਗੁਰਮੁਖ ਵਸਣਾ ਸਚ ਘਰ, ਨਿਜ ਘਰ ਹੋਏ ਵਸੇਰਾ । ਨੌਂ ਦਵਾਰੇ ਬੰਦ ਦਰ, ਮਿਟੇ ਅੰਧ ਅੰਧੇਰਾ । ਆਪ ਨੁਹਾਏ ਸਾਚੇ ਸਰ, ਲੱਖ ਚੁਰਾਸੀ ਕਟਾਏ ਗੇੜਾ । ਆਪ ਆਪਣੇ ਜਿਹਾ ਕਰ, ਇਕ ਵਖਾਏ ਖੁਲ੍ਹਾ ਵਿਹੜਾ । ਨਾ ਜਨਮੇ ਨਾ ਜਾਏ ਮਰ, ਪੰਚਾਂ ਨਾਤਾ ਤੁੱਟੇ ਝੇੜਾ । ਸ਼ਬਦ ਭੰਡਾਰਾ ਮਿਲੇ ਵਰ, ਕਾਇਆ ਵਸਦਾ ਰਹੇ ਖੇੜਾ । ਸਾਚੀ ਤਰਨੀ ਜਾਣਾ ਤਰ, ਪ੍ਰਭ ਬੰਨ੍ਹਣ ਵਾਲਾ ਬੇੜਾ । ਹਰਨੀ ਫਰਨੀ ਖੁਲ੍ਹੇ ਦਰ, ਘਰ ਸਾਚੇ ਹੱਕ ਨਿਬੇੜਾ । ਧਰਮ ਰਾਏ ਦਰ ਚੁੱਕੇ ਡਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਦੇਵੇ ਸਾਚਾ ਵਰ, ਸੰਤ ਸੁਹੇਲੇ ਇਕ ਇਕੇਲੇ, ਦਰ ਘਰ ਸਾਚੇ ਸਾਚੇ ਮੇਲੇ, ਜਗੇ ਜੋਤ ਬਹੱਤਰ ਨਾੜਾ । ਨਾੜ ਬਹੱਤਰ ਨਾਤਾ ਜੋੜਾ, ਪ੍ਰਭ ਜੋੜੀ ਜੋੜ ਜੁੜਾਈਆ । ਸ਼ਬਦ ਚੜ੍ਹਾਏ ਸਾਚੇ ਘੋੜਾ, ਵਾਗ ਆਪਣੇ ਹੱਥ ਰਖਾਈਆ । ਧੁਰ ਦਰਗਾਹੀ ਆਏ ਦੌੜਾ, ਦਿਸ ਕਿਸੇ ਨਾ ਆਈਆ । ਲੋਆਂ ਪੁਰੀਆਂ ਪੁਰੀਆਂ ਲੋਆਂ ਨਾ ਕੋਈ ਪੈਂਡਾ ਜਾਣੇ ਲੰਮਾ ਚੌੜਾ, ਫਿਰ ਫਿਰ ਥੱਕੀ ਜਗਤ ਲੋਕਾਈਆ । ਸ਼ਬਦ ਘੋੜਾ ਚੁੱਕੇ ਪੌੜਾ, ਜੀਓ ਪਿੰਡ ਬਾਹਰ ਕਰਾਈਆ । ਨੀਕਨ ਨੀਕਾ ਰਾਹ ਦਿਸੇ ਸੌੜਾ, ਗੁਰ ਪੂਰਾ ਵੇਖ ਵਖਾਈਆ । ਕਿਲ੍ਹੇ ਕੋਟ ਤਨ ਮੰਦਰ ਅੰਦਰ ਹਰਿ ਹਰਿ ਸਾਚਾ ਬਹੁੜਾ, ਆਪ ਆਪਣਾ ਦਰਸ ਦਿਖਾਈਆ । ਦਸਮ ਦਵਾਰੀ ਲਾਏ ਏਕਾ ਪੌੜਾ, ਸਾਚਾ ਡੰਡਾ ਇਕ ਵਖਾਈਆ । ਆਪੇ ਜਾਣੇ ਰਸ ਮਿੱਠਾ ਕੌੜਾ, ਨੌਂ ਦਸ ਭੇਵ ਮਿਟਾਈਆ । ਭਗਤ ਸੁਹੇਲਾ ਜਾਏ ਬਹੁੜ, ਨੱਸ ਨੱਸ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਰਾਹ ਸਾਚਾ ਦੱਸ, ਸੁਰਤ ਸਵਾਣੀ ਕਰੇ ਵਸ, ਹੱਸ ਹੱਸ ਆਪਣੇ ਅੰਗ ਲਗਾਈਆ । ਅੰਗ ਲਗਾਏ ਆਪ ਪ੍ਰਭ, ਜਗਤ ਨਿਮਾਣੀ ਭਗਤ ਅਧੀਨ । ਲੇਖਾ ਲੇਖ ਚੁਕਾਏ ਆਪ ਸਭ, ਦੇਵੇ ਦਾਤ ਸ਼ਬਦ ਪਰਬੀਨ । ਪਰਗਟ ਜੋਤ ਦਰਸ ਦਿਖਾਏ ਝੱਬ, ਸ਼ਬਦ ਘੋੜੇ ਪਾਏ ਜ਼ੀਨ । ਉਲਟੀ ਕਰੇ ਕਵਲ ਨਭ, ਅੰਮ੍ਰਿਤ ਝਿਰਨਾ ਇਕ ਝਿਰਾਏ ਠਾਂਢਾ ਹੋਏ ਸੀਨ । ਪੰਚਾਂ ਚੋਰਾਂ ਲਏ ਦੱਬ, ਪੰਚ ਪੰਚਾਇਣੀ ਲਏ ਛੀਨ । ਗੁਰਮੁਖ ਸਾਚੇ ਸੰਤ ਸੁਹੇਲੇ ਲੋਕਮਾਤ ਪ੍ਰਭ ਲਏ ਲੱਭ, ਜੁਗਾਂ ਜੁਗੰਤ ਰਹੇ ਅਧੀਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸੰਤ ਸੁਹੇਲੇ ਦੇਵੇ ਵਰ, ਮਿਲੇ ਵਡਿਆਈ ਲੋਕਾਂ

ਤੀਨ । ਲੋਕ ਤੀਨ ਪ੍ਰਭ ਚਰਨ ਦਵਾਰ, ਘਰ ਸਾਚੇ ਸਚ ਵਸੇਰਾ । ਲੋਆਂ ਪੁਰੀਆਂ ਪ੍ਰਭ ਰਿਹਾ ਛੀਨ, ਕਲਜੁਗ ਤੇਰੀ ਅੰਤਮ ਵੇਰਾ । ਬ੍ਰਹਮਾ ਸ਼ਿਵ ਖੜੇ ਮਸਕੀਨ, ਕਰੋੜ ਤੇਤੀਸੇ ਢੱਠਾ ਡੇਰਾ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਲੱਖ ਚੁਰਾਸੀ ਕਰੇ ਨਿਬੇੜਾ । ਲੱਖ ਚੁਰਾਸੀ ਲੇਖ ਆਪ ਲਿਖਾਵਣਾ । ਕਰੋੜ ਤੇਤੀਸਾ ਰਿਹਾ ਵੇਖ, ਨਾ ਭੇਵ ਕਿਸੇ ਛੁਪਾਵਣਾ । ਆਪ ਵੱਸਿਆ ਸਦ ਵਿਸੇਖ, ਬ੍ਰਹਮੇ ਮੁੱਖੜਾ ਮੁਖ ਛੁਪਾਵਣਾ । ਸ਼ਿਵ ਸ਼ੰਕਰ ਲਏ ਵੇਖ, ਅਜਪਾ ਜਾਪ ਇਕ ਜਪਾਵਣਾ । ਬ੍ਰਹਿਮੰਡ ਖੰਡ ਪ੍ਰਭ ਰਿਹਾ ਵੇਖ, ਦਿਸ ਕਿਸੇ ਨਾ ਆਵਣਾ । ਗੁਰਮੁਖ ਵਿਰਲਾ ਨੇਤਰ ਲੋਚਨ ਲਏ ਪੇਖ, ਚਰਨ ਧਿਆਨ ਇਕ ਲਗਾਵਣਾ । ਮਸਤਕ ਲੇਖਾ ਲਿਖੇ ਰੇਖ, ਬ੍ਰਹਮ ਗਿਆਨ ਇਕ ਦਵਾਵਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਸਾਧਾਂ ਸੰਤਾਂ ਜੀਆਂ ਜੰਤਾਂ ਏਕਾ ਰਾਹ ਵਖਾਵਣਾ । ਏਕਾ ਰਾਹ ਜਗਤ ਵਖਾਏ, ਪ੍ਰਭ ਸਾਚੇ ਜੋਤ ਜਗਾਈਆ । ਰਾਜ ਰਾਜਾਨਾਂ ਰਿਹਾ ਸਮਝਾਏ, ਵਰਨ ਗੋਤੀ ਭੇਵ ਮਿਟਾਈਆ । ਸਾਧ ਸੰਤ ਸੰਤ ਸਾਧ ਭਾਂਡਾ ਭਰਮ ਭੰਨਾਏ, ਦਰ ਦਵਾਰਾ ਵੇਖ ਵਿਖਾਈਆ । ਨਿਹਕਰਮੀ ਕਰਮ ਕਮਾਏ, ਸਾਚਾ ਧਰਮੀ ਧਰਮ ਚਲਾਏ, ਭੁੱਲ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੇ ਹੱਥ ਰੱਖੇ ਵਡਿਆਈਆ ।

੦੫

★ ਪਹਿਲੀ ਫੱਗਣ ੨੦੧੨ ਹਰਿ ਭਗਤ ਦਵਾਰ ਜੇਠੂਵਾਲ ਮਹਾਰਾਜਿਆਂ ਅਤੇ ਸੰਤਾਂ ਨੂੰ ਸ਼ਬਦ ਸੰਦੇਸ ਭੇਜਿਆ ਕਿ ਪਹਿਲੀ ਚੇਤ ਤੋਂ ਆਪ ਦੇ ਪਾਸ ਸ਼ਬਦੀ ਲਿਖਤ ਮੁਤਾਬਿਕ ਆਉਣਾ ਹੈ ★

ਪੂਰਨ ਜੋਤ ਹੋਏ ਪਰਕਾਸ਼, ਹਰਿ ਸ਼ਬਦ ਜਗਤ ਜੈਕਾਰਾ । ਪਰਗਟ ਹੋਏ ਹਰਿ ਅਬਿਨਾਸ਼, ਕਰੇ ਮਾਤ ਸਚ ਵਿਹਾਰਾ । ਭਗਤ ਜਨਾਂ ਹਰਿ ਦਾਸਨ ਦਾਸ, ਸ਼ਬਦ ਘੋੜ ਅਸਵਾਰਾ । ਨਿੱਜ ਘਰ ਆਤਮ ਰੱਖੇ ਵਾਸ, ਕਾਇਆ ਕੰਦਰ ਚਾਰ ਦਿਵਾਰਾ । ਵੇਖਣ ਆਏ ਮੰਡਲ ਰਾਸ, ਨਗਰ ਖੇੜਾ ਸ਼ਹਿਰ ਅਪਾਰਾ । ਰਾਜ ਰਾਜਾਨਾਂ ਮੇਲਾ ਸ਼ਾਹੋ ਸ਼ਾਬਾਸ, ਸਾਧਾਂ ਸੰਤਾਂ ਵਣਜ ਵਪਾਰਾ । ਵੇਖ ਵਖਾਣੇ ਪ੍ਰਿਥਮੀ ਆਕਾਸ਼, ਏਕਾ ਏਕ ਏਕੰਕਾਰਾ । ਲੱਖ ਚੁਰਾਸੀ ਹੋਣੀ ਨਾਸ, ਮਾਰੇ ਸ਼ਬਦ ਤੇਜ ਕਟਾਰਾ । ਪਹਿਲੀ ਚੇਤ ਚੇਤਨ ਚਿਤ ਰੱਖਣਾ ਯਾਦ, ਦਿਵਸ ਦਿਹਾੜਾ । ਸ਼ਬਦ ਭਰਪੂਰ ਜੋਤ ਆਧਾਰੀ । ਵੇਖੇ ਦਰ ਦਰਬਾਰ, ਰਾਜ ਰਾਜਾਨਾਂ ਵਾਰੋ ਵਾਰੀ । ਪਹਿਲੀ ਚੇਤ ਆਏ ਦਰ, ਸ਼ਾਹ ਸੰਗਰੂਰ ਕਰ ਤਿਆਰੀ । ਦੂਜੀ ਚੇਤ ਮੀਤ ਮੁਰਾਰ, ਸ਼ਾਹ ਪਟਿਆਲਾ ਕਰੇ ਉਧਾਰੀ । ਤੀਜੇ ਚੇਤ ਨਾਮ ਆਧਾਰ, ਕੋਟ ਫਰੀਦ ਖ਼ਬਰਦਾਰੀ । ਚੇਤਰ ਚਾਰ ਖੇਲ ਅਪਾਰ, ਸਿੰਘ ਈਸ਼ਰ ਰਹਿਣਾ ਖ਼ਬਰਦਾਰੀ । ਪੰਚਮ ਚੇਤ ਨੇਤਨ ਨੇਤ ਸਿੰਘ ਰਣਧੀਰ ਵੇਖੇ ਤਨ ਬਸਤਰ ਚੀਰ ਲੱਥੇ ਅਪਰ ਅਪਾਰੀ । ਛੇ ਚੇਤ ਵੇਖੇ ਕਾਇਆ ਖੇਤ, ਸਿੰਘ ਮੇਹਰ ਫੜ ਸ਼ਬਦ ਕਟਾਰੀ । ਚੇਤ ਸੱਤ ਪ੍ਰਭ ਵੇਖੇ ਪਤ, ਥਲ ਕਪੂਰ ਕਰ ਕਰਮ ਵਿਚਾਰੀ । ਚੇਤ ਅੱਠ ਦਰ ਘਰ ਇਕੱਠ ਸ਼ਬਦ ਘੋੜੇ ਨੱਠ, ਸਿੰਘ ਗੁਰਚਰਨ ਤੇਰੀ ਆਈ ਵਾਰੀ । ਚੇਤ ਨੌਂ ਦਹਿ ਦਿਸ਼ਾਂ ਵੇਖਣੀਆਂ ਭੌਂ, ਚਾਰ ਕੁੰਟ ਮਹੱਲ ਅਪਾਰੀ । ਸਿੰਘ ਤੇਜਾ ਬਾਂਹ ਦੇ ਸਰਹਾਣੇ ਨਾ ਰਹਿਣ ਸੌਂ, ਵੇਖੇ ਖੇਲ ਦਸਮ ਦਵਾਰੀ ਮੇਲ ਹਰਿ ਗਿਰਧਾਰੀ । ਸਿੰਘ ਲਾਭ ਕਵਣ ਵਿਚੋਲਾ ਵਿਚ ਦੋ ਆਬ, ਕਵਣ ਤੇਜ ਝੁੱਲੇ

ਤਾਬ ਕਿਸ ਮਿਲੇ ਦਵਾਰੀ । ਸਿੰਘ ਹਰਨਾਮ ਗੁਰ ਗੋਬਿੰਦੇ ਕਵਣ ਚਰਨ ਘੋੜੇ ਦਿਸੇ ਰਕਾਬ, ਕਵਣ ਕੂਟੇ ਕਰੇ ਅਸਵਾਰੀ । ਚੇਤ ਦਸ ਜੋਤੀ ਸ਼ਬਦ ਏਕਾ ਘਰ ਗਏ ਵਸ ਨਾ ਜਾਇਣ ਨੱਸ, ਕਾਇਆ ਮਹੱਲ ਚਾਰ ਦਿਵਾਰੀ । ਕਵਣ ਦਵਾਰੇ ਮਿਲੇ ਪਰਕਾਸ਼ ਰਵ ਸਸ, ਕਵਣ ਮੇਲਾ ਮੇਲ ਮਿਲਾਏ ਦਸਮ ਦਵਾਰੀ । ਕਵਣ ਗੁਰ ਕਵਣ ਚੇਲਾ, ਜੋਤੀ ਜੋਤ ਸਰੂਪ ਹਰਿ, ਸ਼ਬਦ ਸੁਨੇਹੜਾ ਦੇਵੇ ਵਰ, ਰਾਜ ਰਾਜਾਨਾਂ ਸਾਧਨ ਸੰਤਾਂ ਦਰ ਦਰਵੇਸਾ ਕਾਲਾ ਵੇਸਾ ਵੇਖਣ ਆਏ ਬੰਕ ਦਵਾਰੀ । ਸੰਤ ਜਗਾਏ ਸਤਿ ਪੁਰਖ, ਜੁਗ ਜੁਗ ਸਾਚੀ ਧਾਰਾ । ਏਕਾ ਏਕ ਵਖਾਏ ਨਾਮ ਪਰਖ, ਤ੍ਰਿਸ਼ਨਾ ਤ੍ਰਿਖ ਮਿਟਾਏ ਜਗਤ ਧੁੰਦੂਕਾਰਾ । ਪੰਚ ਪੰਚਾਇਣ ਰਹੀ ਹਰਖ, ਮਾਇਆ ਮਮਤਾ ਪਾਏ ਵੈਣ ਨੈਣ ਵਿਹੂਣੀ ਕਰੇ ਹਾਹਾਕਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਬੋਲੇ ਆਤਮ ਬੋਲਾ, ਖੋਲ੍ਹੇ ਜਗਤ ਭੰਡਾਰਾ । ਜਗਤ ਭੰਡਾਰਾ ਖੋਲ੍ਹ, ਭਗਤ ਜਗਾਇਆ । ਨਾਮ ਚਹੁ ਅੱਖਰ ਬੋਲ, ਕਰਮ ਕਮਾਇਆ । ਆਪੇ ਵੇਖੇ ਕਾਇਆ ਸੱਥਰ, ਅੱਥਰ ਨੇਤਰ ਨੀਰ ਵਹਾਇਆ । ਬੰਦ ਕਵਾੜਾ ਕਪਾਟੀ ਪੱਥਰ, ਅੰਮ੍ਰਿਤ ਸੀਰ ਦਿਸ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਗਤ ਦਵਾਰਾ ਇਕ ਵਿਖਾਇਆ । ਜਗਤ ਦਵਾਰਾ ਭਗਤ ਜਣਾਈ, ਪ੍ਰਭ ਸਾਚਾ ਆਪ ਕਰਾਇੰਦਾ । ਦੇਵੇ ਨਾਮ ਸ਼ਬਦ ਅਪਾਰਾ, ਦਰ ਘਰ ਸਾਚੇ ਵਜੇ ਵਧਾਈ, ਸਾਚਾ ਮੇਲ ਮਿਲਾਇੰਦਾ । ਜੋਤ ਨਿਰੰਜਣ ਕਰ ਉਜਿਆਰਾ, ਨਾਦ ਵਜਾਏ ਅਨਹਦ ਧਾਰਾ, ਸਾਚੀ ਤਾਰ ਹਿਲਾਇੰਦਾ । ਆਪੇ ਵਸੇ ਸਭ ਤੋਂ ਬਾਹਰਾ, ਮਹੱਲ ਅਚਲ ਇਕ ਉਸਾਰਾ, ਦਿਸ ਕਿਸੇ ਨਾ ਆਇੰਦਾ । ਸ਼ਬਦ ਸਰੂਪੀ ਚਾਰ ਦਿਵਾਰਾ, ਸ਼ਾਹੋ ਭੂਪੀ ਸੁੱਤਾ ਪੈਰ ਪਸਾਰਾ, ਦਿਸ ਕਿਸੇ ਨਾ ਆਇੰਦਾ । ਇਕ ਇਕੱਲਾ ਏਕੰਕਾਰਾ, ਸ਼ਬਦ ਮਹੱਲਾ ਜੋਤ ਅਧਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖਾਂ ਕਰੇ ਨਾਮ ਪਿਆਰਾ, ਆਤਮ ਝੋਲੀ ਪਾਇੰਦਾ । ਆਤਮ ਝੋਲੀ ਆਪ ਭਰਾਏ, ਹਰਿ ਹਰਿ ਨਾਮ ਅਮੋਲਾ । ਕਾਇਆ ਚੋਲੀ ਨਾਮ ਰੰਗਾਏ, ਦਰ ਦਵਾਰਾ ਏਕਾ ਖੋਲ੍ਹਾ । ਸਾਚੀ ਡੋਲੀ ਆਪ ਉਠਾਏ, ਇਕ ਸੁਣਾਏ ਸ਼ਬਦ ਸੱਚਾ ਢੋਲਾ । ਹੌਲੀ ਹੌਲੀ ਅੰਦਰ ਬੋਲਾ । ਆਪ ਚੁਕਾਏ ਪੜਦਾ ਉਹਲਾ । ਤਨ ਸ਼ਿੰਗਾਰ ਕਰਾਏ ਸੋਲਾਂ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨ ਭਗਤ ਬਣਾਇਆ ਦਰ ਘਰ ਗੋਲਾ । ਸੋਲਾਂ ਤਨ ਸ਼ਿੰਗਾਰ, ਨੌਂ ਸਤ ਵੰਡਿਆ । ਸੋਲਾਂ ਇੱਛਿਆ ਕਰ ਵਿਚਾਰ, ਮੇਲਾ ਮਿਲੇ ਹਰਿ ਵਰਭੰਡਿਆ । ਦਹਿ ਦਿਸ਼ਾ ਪਾਵੇ ਸਾਰ, ਵੇਖ ਵਖਾਣੇ ਬ੍ਰਹਿਮੰਡਿਆ । ਸਾਚੀ ਭਿੱਛਿਆ ਨਾਮ ਅਪਾਰ, ਪਾਰ ਕਰਾਏ ਜੇਰਜ ਅੰਡਿਆ । ਕਰੇ ਰੱਖਿਆ ਵਿਚ ਸੰਸਾਰ, ਭਗਤ ਜਗਤ ਜਗਤ ਭਗਤ ਤਨ ਮਨ ਸਦਾ ਰੱਖੇ ਠੰਢਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵੇਖੇ ਖੇਲ ਬਿਆਸ ਕਿਨਾਰਾ ਪਾਰ ਆਰ ਕੰਢਿਆ । ਬੇਆਸ ਬੇਆਸ ਮਨਮੁਖ ਮਨ ਮਤੀ ਦਏ ਦੁਹਾਈਆ । ਸਦਾ ਸਦਾ ਤਨ ਰਹੇ ਦੁੱਖ, ਵਾ ਤੱਤੀ ਅਗਨ ਜਲਾਈਆ । ਆਵੇ ਜਾਵੇ ਗਰਭ ਉਲਟਾ ਰੁਖ਼, ਨਾਮ ਰਤੀ ਹੱਥ ਨਾ ਆਈਆ । ਜਗਤ ਤ੍ਰਿਸ਼ਨਾ ਰਹੇ ਭੁੱਖ, ਧੀਰਜ ਯਤੀ ਨਾ ਕੋਈ ਦਵਾਈਆ । ਕਲਜੁਗ ਕਾਲਖ ਕਾਲਾ ਹੋਇਆ ਮੁੱਖ, ਚਰਨ ਨੀਤੀ ਨਾ ਕੋਈ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵੇਖੇ ਖੇਲ ਬਿਆਸ ਕਿਨਾਰਾ ਪਾਰ ਆਰ ਕੰਢਿਆ, ਜਨ ਭਗਤਾਂ ਦੇ ਸਮਝਾਵੇ ਮਤੀ, ਏਕਾ ਨਾਮ ਰਸਨਾ ਭੋਗ, ਰਾਗ ਰਾਗਣੀ ਛੱਤੀ ਲੇਖਾ ਦਏ ਚੁਕਾਈਆ । ਜੋ ਜਨ ਗਾਏ ਦੰਦ ਬੱਤੀ, ਸੁਰਤ ਸਵਾਣੀ ਹੋਏ ਸਤੀ, ਸਤਿਗੁਰ ਸਾਚਾ ਪੰਚਾਂ ਚਿਖਾ ਆਪ ਬਣਾਏ ਲੋਕ ਵਿਕਾਰਾ ਰਿਹਾ ਜਲਾਇਆ । ਸਾਚੀ ਚਿਖਾ ਕਰ ਤਿਆਰ,

ਅਚਰਜ ਖੇਲ ਰਚਾਇਆ । ਮਾਇਆ ਮਮਤਾ ਕਰ ਪਿਆਰ, ਦੋਹਾਂ ਮੇਲ ਮਿਲਾਇਆ । ਅਗੰਮ ਅਗੰਮਾ ਕਰੇ ਖੁਆਰ, ਜੂਠਾ ਝੂਠਾ ਤੇਲ ਚੜ੍ਹਾਇਆ । ਕਲਜੁਗ ਵੇਖ ਅੰਤਮ ਵਾਰ, ਖਾਲੀ ਠੂਠਾ ਲੱਖ ਚੁਰਾਸੀ ਹੱਥ ਫੜਾਇਆ । ਗੁਰਮੁਖ ਸਾਚੇ ਸੰਤ ਦੁਲਾਰ ਦੇਵੇ ਨਾਮ ਏਕਾ ਮੁਠਾ, ਸ਼ਬਦ ਝੋਲੀ ਰਿਹਾ ਭਰਾਇਆ । ਭਰਿਆ ਰਹੇ ਭਗਤ ਭੰਡਾਰ, ਨਰ ਨਰਾਇਣ ਸਾਚਾ ਤੁੱਠਾ, ਤੋਟ ਰਹੇ ਨਾ ਰਾਇਆ । ਜਗਤ ਕਰਾਏ ਵਣਜ ਵਾਪਾਰ ਲੁਕਿਆ ਰਹਿਣ ਨਾ ਦੇਵੇ ਕੋਈ ਗੁੱਠਾ, ਵੇਖ ਵਖਾਣੇ ਅੰਦਰ ਬਾਹਰ ਸੰਤ ਸੁਹੇਲਾ ਜੋ ਜਨ ਰੁੱਠਾ, ਜੁਗਾਂ ਜੁਗਾਂ ਦਾ ਵਿਛੜਿਆਂ ਯਾਰ, ।ਮੇਲ ਮਿਲਾਏ ਦਰ ਦਰਬਾਰ, ਜਗਤ ਭਗਤ ਪ੍ਰੀਤੀ ਸਚ ਵਿਹਾਰ, ਆਪ ਆਪਣਾ ਕਰਮ ਕਮਾਇਆ । ਆਪੇ ਜਾਣੇ ਜੋਗ ਜੁਗਤ, ਜੋਗ ਜੁਗੀਸ਼ਰ ਆਪ । ਆਪੇ ਜਾਣੇ ਮੋਖ ਮੁਕਤ, ਤਪ ਤਪੀਸ਼ਰ ਆਪ । ਆਪੇ ਜਾਣੇ ਸਚ ਭਗਤ, ਮੁਨ ਮੁਨੀਸ਼ਰ ਆਪ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਜਾਣੇ ਆਪਣਾ ਵਡ ਪਰਤਾਪ । ਵਡ ਪਰਤਾਪ ਕਰੇ ਰਘੁਰਾਈ । ਲੇਖਾ ਰਿਹਾ ਬਾਕੀ ਸਾਲ ਢਾਈ । ਨਾਤਾ ਤੁਟੇ ਧੀ ਜੁਵਾਈ । ਲਾੜੀ ਮੌਤ ਕਰੇ ਕੁੜਮਾਈ । ਧਰਮ ਰਾਏ ਘਰ ਵੱਜੀ ਵਧਾਈ । ਚੌਂਸਠ ਚੌਂਸਠ ਪਾਇਣ ਵੇਲ, ਇਕ ਰੁੱਤ ਵੇਖਣ ਕਾਇਆ ਬੁੱਤ ਮਾਈ ਕਾਲਕਾ ਆਈ । ਦਰ ਦਰ ਘਰ ਘਰ ਨੌਂ ਦਵਾਰੇ ਦਿਸੇ ਦੁੱਖ, ਮਹੱਲ ਅਟਾਰੀ ਤ੍ਰਿਸ਼ਨਾ ਭੁੱਖ, ਜੀਵ ਜੰਤ ਗਵਾਰੇ ਸਾਰ ਨਾ ਪਾਈ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਸੰਤ ਜਨਾਂ ਏਕਾ ਦੇਵੇ ਨਾਮ ਧਨਾ, ਲੋਕਮਾਤ ਨਾ ਹੋਏ ਜੁਦਾਈ । ਏਕਾ ਢਈਆ ਸ਼ਬਦ ਨਈਆ, ਪ੍ਰਭ ਸੱਚਾ ਰਿਹਾ ਚਲਾਈਆ । ਚਿਤਰ ਗੁਪਤ ਸਾਚਾ ਸਈਆ, ਧਰਮ ਰਾਏ ਕੱਢੇ ਵਹੀਆ, ਭੈਣਾਂ ਭਈਆ ਨਾ ਕੋਈ ਸਹਾਈਆ । ਕਲਜੁਗ ਵਹਿਣ ਏਕਾ ਵਹਈਆ, ਗੁਰਮੁਖ ਵਿਰਲਾ ਮਾਤ ਰਹਈਆ, ਲੱਖ ਚੁਰਾਸੀ ਦਏ ਸਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਸੰਤ ਜਨਾਂ ਦੇਵੇ ਨਾਮ ਵਡੀ ਵਡਿਆਈਆ । ਢਈਆ ਢਾਹੇ ਗੜ੍ਹ ਕੋਟ ਕਿਲ੍ਹਾ ਮਹੱਲ ਅਟੱਲ ਉਚ ਮੁਨਾਰ । ਏਕਾ ਵਜੇ ਸ਼ਬਦ ਚੋਟ, ਨਿਰੰਕਾਰ ਨਿਰੰਕਾਰ ਅਪਰ ਅਪਾਰ । ਮੇਟ ਮਿਟਾਏ ਕੋਟਨ ਕੋਟ, ਗੁਰਮੁਖ ਵਿਰਲਾ ਉਧਰੇ ਪਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨ ਭਗਤਾਂ ਦੇਵੇ ਸ਼ਬਦ ਵਰ, ਵੇਖੇ ਪਰਖੇ ਪਰਖਣਹਾਰ । ਜਗ ਢਈਆ ਢਹਿ ਢਹਿ ਹੋਏ ਢੇਰਾ । ਨਾ ਕੋਈ ਦੀਸੇ ਸੰਞ ਸਵੇਰਾ । ਸ੍ਰਿਸ਼ਟ ਸਬਾਈ ਆਪ ਭੁਲਾਈ, ਕਰੇ ਕਰਾਏ ਹੇਰਾ ਫੇਰਾ । ਕਲਜੁਗ ਪਾਏ ਕਾਲ ਦੁਹਾਈ, ਚਾਰੋਂ ਕੁੰਟ ਪਾਏ ਘੇਰਾ । ਦੀਨ ਦਿਆਲ ਦਇਆ ਕਮਾਈ, ਜਨ ਭਗਤ ਉਧਾਰੇ ਕਰ ਕਰ ਹੇਰਾ ਫੇਰਾ ਆਪਣੀ ਮਿਹਰਾ । ਆਪ ਆਪਣਾ ਦਰਸ ਦਿਖਾਈ, ਸਦਾ ਸਦ ਵਸੇ ਨੇਰਨ ਨੇਰਾ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਕਲਜੁਗ ਅੰਤਮ ਵੇਖ ਕਰ, ਕਰੇ ਕਰਾਏ ਸਚ ਨਿਬੇੜਾ । ਕਰੇ ਨਿਬੇੜਾ ਹੱਕ, ਨੂਰ ਜਲਾਲਿਆ । ਦਰ ਦਵਾਰਾ ਰਿਹਾ ਤੱਕ, ਜੋਤ ਨਿਰੰਜਣ ਇਕ ਅਕਾਲਿਆ । ਲੱਖ ਚੁਰਾਸੀ ਫ਼ਲ ਗਿਆ ਪੱਕ, ਨਾ ਕੋਈ ਜਗਤ ਦਲਾਲਿਆ । ਸਾਧ ਸੰਤ ਬੈਠੇ ਵਿਚ ਸ਼ੱਕ, ਪਰਗਟ ਹੋਏ ਗੋਬਿੰਦ ਗੋਬਿੰਦ ਗੁਰ ਗੋਪਾਲਿਆ । ਵੇਲੇ ਅੰਤਮ ਅਗੇ ਲਾਏ ਸਾਰੇ ਹੱਕ, ਕਾਇਆ ਮੰਦਰ ਇਕ ਦਵਾਲਿਆ । ਕੋਈ ਨਾ ਸਕੇ ਕਿਸੇ ਮਾਤ ਰੱਖ, ਜੋਤੀ ਜਗਤ ਬੁਝੇ ਜੁਵਾਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਵਜਾਏ ਸਾਚਾ ਤਾਲ, ਦੋ ਜਹਾਨਾਂ ਏਕਾ ਤਾਲਿਆ । ਦੋ ਜਹਾਨੀ ਵੱਜੇ ਤਾਲ, ਸ਼ਬਦ ਨਗਾਰਾ ਵਜਦਾ ਏ । ਗੁਰਮੁਖ ਵਿਰਲਾ ਸਾਚਾ ਵੇਖੇ ਲਾਲ, ਮਨਮੁਖ ਦਰ ਦਵਾਰਾ ਤਜਦਾ

੫੪੮ ੦੫

ਏ । ਹਰਿ ਪਕੜ ਉਠਾਏ ਕਾਲ ਮਹਾਂਕਾਲ, ਲੱਖ ਚੁਰਾਸੀ ਖਾ ਖਾ ਮੂਲ ਨਾ ਰੱਜਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨ ਭਗਤਾਂ ਕਰੇ ਸਦਾ ਸਦਾ ਪ੍ਰਿਤਪਾਲ, ਧਰਮ ਦਵਾਰੇ ਬਹਿ ਬਹਿ ਸਜਦਾ ਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਇਕ ਝੁਲਾਏ ਸ਼ਬਦ ਨਿਸ਼ਾਨ, ਜਨ ਭਗਤਾਂ ਪੜਦੇ ਕੱਜਦਾ ਏ । ।

### ★ ੨ ਫੱਗਣ ੨੦੧੨ ਬਿਕ੍ਰਮੀ ਪਿੰਡ ਬੋਪਾ ਰਾਏ ਨਸੀਬ ਸਿੰਘ ਦੇ ਗ੍ਰਹਿ ★

ਪੂਰਬ ਲਹਿਣਾ ਲੇਖ ਹੈ, ਵੇਖੇ ਲਿਖਣਹਾਰ । ਸਭ ਘਟ ਆਪ ਵਿਸੇਖ ਹੈ, ਆਪਣੇ ਰੰਗ ਰਵੇ ਕਰਤਾਰ । ਸਾਚੇ ਨੇਤਰ ਰਿਹਾ ਪੇਖ ਹੈ, ਪੇਖਣਹਾਰ ਸਰਬ ਸੰਸਾਰ । ਗੁਰਮੁਖਾਂ ਮਸਤਕ ਲਾਏ ਨਾਮ ਸਾਚੀ ਮੇਖ ਹੈ, ਕਿਰਪਾ ਕਰੇ ਅਪਰ ਅਪਾਰ । ਆਪ ਪਛਾਣੇ ਧਰਿਆ ਭੇਖ ਹੈ, ਜੋਤ ਨਿਰੰਜਣ ਕਰ ਅਕਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਰਨ ਧੂੜੀ ਸਾਚਾ ਮਜਨ ਕਰਾਏ ਤਨ ਸ਼ਿੰਗਾਰ । ਸਾਚਾ ਮਜਨ ਚਰਨ ਧੂੜ, ਗੁਰ ਸ਼ਬਦੀ ਆਪ ਕਰਾਈਆ । ਜਗ ਚਤੁਰ ਮਨ ਮੂਰਖ ਮੂੜ, ਤਨ ਭਾਂਡਾ ਕਾਚਾ ਭਾਗ ਲਗਾਈਆ । ਲੱਖ ਚੁਰਾਸੀ ਕੂੜੋ ਕੂੜ, ਹਰਿ ਭਾਣਾ ਸਹਿਜ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਵਣਜਾਰਾ ਏਕਾ ਵਣਜ ਕਰਾਈਆ । ਏਕਾ ਵਣਜ ਕਰਾਏ, ਦਵਾਰਾ ਖੋਲ੍ਹਿਆ । ਦਰ ਦਵਾਰਾ ਇਕ ਵਖਾਏ, ਸ਼ਬਦ ਚਹੁ ਅੱਖਰ ਹਰਿ ਹਰਿ ਬੋਲਿਆ । ਫੜ ਫੜ ਬਾਹੋਂ ਰਾਹੇ ਪਾਏ, ਨਾਮ ਸੁਣਾਏ ਸਾਚਾ ਢੋਲਿਆ । ਏਥੇ ਓਥੇ ਹੋਏ ਸਹਾਏ, ਹਰਿਜਨ ਚਰਨ ਬਣਾਏ ਗੋਲਿਆ । ਦਰ ਘਰ ਸਾਚੇ ਦੇਵੇ ਥਾਂਏ, ਪੂਰਾ ਤੋਲ ਹਰਿ ਹਰਿ ਤੋਲਿਆ । ਪਾਰ ਕਰਾਏ ਫੜ ਫੜ ਬਾਂਹੇਂ, ਚਰਨ ਪ੍ਰੀਤੀ ਜੋ ਜਨ ਘੋਲੀ ਘੋਲਿਆ । ਗੁਰਮੁਖ ਹੰਸ ਬਣਾਏ ਕਾਏਂ, ਅੰਮ੍ਰਿਤ ਆਤਮ ਏਕਾ ਡੋਲ੍ਹਿਆ । ਨਾ ਕੁਛ ਪੀਏ ਨਾ ਕੁਛ ਖਾਏ, ਸ਼ਬਦ ਰਲਾਇਆ ਨਾਲ ਵਿਚੋਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚਾ ਨਾਮ ਮਧਾਣੇ ਜਗਤ ਵਿਰੋਲਿਆ । ਨਾਮ ਮਧਾਣਾ ਕਾਇਆ ਚਾਟੀ, ਗੁਰ ਪੂਰਾ ਰਿਹਾ ਚਲਾਈਆ । ਦੁਰਮਤ ਮੈਲ ਜਾਏ ਕਾਟੀ, ਵਡ ਸੂਰਾ ਦਇਆ ਕਮਾਈਆ । ਲੇਖ ਚੁਕਾਏ ਅੱਠਸੱਠ ਤੀਰਥ ਤਾਟੀ, ਸਰਬ ਕਲ ਭਰਪੂਰਾ ਦਰਸ ਦਿਖਾਈਆ । ਜੋਤ ਜਗਾਏ ਕਾਇਆ ਮਾਟੀ, ਨੂਰੋ ਨੂਰ ਜੋਤ ਸਵਾਈਆ । ਦਰ ਦਵਾਰਾ ਨੇੜੇ ਵਾਟੀ, ਗੁਰਮੁਖ ਵਿਰਲੇ ਬੂਝ ਬੁਝਾਈਆ । ਮਨਮੁਖ ਨੌਂ ਦਵਾਰੇ ਰਸਨਾ ਰਸ ਰਹੇ ਚਾਟੀ, ਸਾਚਾ ਰਾਹ ਨਾ ਕੋਈ ਵਖਾਈਆ । ਜਨ ਭਗਤਾਂ ਆਪ ਚੜ੍ਹਾਏ ਔਖੀ ਘਾਟੀ, ਫੜ ਬਾਹੋਂ ਪਾਰ ਕਰਾਈਆ । ਮਸਤਕ ਲੇਖਾ ਲਿਖੇ ਲਿਲਾਟੀ, ਆਦਿ ਸ਼ਕਤ ਜਗਤ ਭਗਤ ਜੋਤ ਨਿਰੰਜਣ ਰਿਹਾ ਜਗਾਈਆ । ਦਰ ਦਵਾਰੇ ਬਜਰ ਕਪਾਟੀ ਪਾਟੀ, ਏਕਾ ਰੰਗਣ ਰੰਗ ਵਖਾਈਆ । ਸੰਤ ਸੁਹੇਲੇ ਲਾਹਾ ਹਰਿ ਦਰ ਖਾਟੀ, ਵੇਲਾ ਗਿਆ ਹੱਥ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੇ ਅੰਕ ਸਮਾਈਆ । ਆਪ ਆਪਣੇ ਅੰਕ ਸਮਾਇਆ, ਗੁਰਮੁਖ ਸੋਏ ਜਗਾਏ । ਰਾਓ ਰੰਕ ਕਿਸੇ ਭੇਵ ਨਾ ਰਾਇਆ, ਦਵਾਰ ਬੰਕ ਇਕ ਵਖਾਏ । ਮਾਤ ਪਿਤ ਕਿਸੇ ਨਾ ਜਾਇਆ, ਜੀਵਤ ਜੀ ਮਰ ਜਾਏ । ਗੁਰ ਸ਼ਬਦ ਵਿਚੋਲਾ ਹਰਿ ਪ੍ਰਭ ਪਾਇਆ, ਧਰਨੀ ਧਰ ਆਪ ਅਖਵਾਏ । ਸਾਚਾ ਢੋਲਾ ਰਾਗ ਸੁਣਾਇਆ, ਨਾਮ ਚਲਾਏ

ਸਾਚੀ ਨਾਏ । ਏਕਾ ਬੋਲਾ ਜਗਤ ਵਿਹਾਇਆ, ਨੌਂ ਖੰਡ ਪ੍ਰਿਥਮੀ ਕਰੇ ਖੈ । ਸਾਚਾ ਤੋਲਾ ਆਪ ਅਖਵਾਇਆ, ਗੁਰਮੁਖ ਮਨਮੁਖ ਬਚਿਆ ਕੋਈ ਨਾ ਰਹੇ । ਕਲਾਂ ਸੋਲਾਂ ਜੋਤ ਜਗਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਸਿੰਘਾਸਣ ਸਾਚੇ ਬਹੇ । ਸ਼ਬਦ ਸਿੰਘਾਸਣ ਹਰਿ ਦਾਤਾਰ, ਆਪਣਾ ਆਪ ਸੁਹਾਇਆ । ਜੋਤ ਅਬਿਨਾਸ਼ਣ ਕਰ ਉਜਿਆਰ, ਸਾਚਾ ਚਰਨ ਛੁਹਾਇਆ । ਹੋਏ ਪਰਕਾਸ਼ ਵਿਚ ਸੰਸਾਰ, ਅੰਧ ਅੰਧੇਰ ਮਿਟਾਇਆ । ਪ੍ਰਿਥਮੀ ਆਕਾਸ਼ਨ ਏਕਾ ਧਾਰ, ਸੂਰਜ ਚੰਦ ਚੰਦ ਰਹੇ ਲਿਵ ਲਾਇਆ । ਆਪੇ ਵਸੇ ਹੋ ਹੋ ਬਾਹਰ, ਬੰਦ ਬੰਦ ਵਿਚ ਸਮਾਇਆ । ਆਪੇ ਵਰਤੇ ਗੁਪਤ ਜ਼ਾਹਿਰ ਰੰਗ ਰੂਪ ਕਿਸੇ ਭੇਵ ਨਾ ਪਾਇਆ । ਆਪੇ ਗੂਝ ਗਿਆਨਾ ਦਾਤਾ ਸ਼ਾਇਰ, ਸ਼ਰਅ ਸ਼ਰੀਅਤ ਵਿਚ ਨ ਆਇਆ । ਪੰਚਮ ਪਕੜ ਪਛਾੜੇ ਕਾਇਰ, ਨਾਮ ਕਟਾਰਾ ਰਿਹਾ ਚਲਾਇਆ । ਨੇੜ ਨਾ ਆਇਣ ਐਰ ਗੈਰ, ਚੌਸਠ ਖੇਲੇ ਖੇਲ ਰਚਾਇਆ । ਹਰਿਜਨ ਤਾਰੇ ਕਰ ਕਰ ਮਿਹਰ, ਮਿਹਰਵਾਨ ਸਰਬ ਸੁਖਦਾਇਆ । ਪਰਗਟ ਹੋਏ ਸ਼ੇਰ ਦਲੇਰ, ਸਿੰਘ ਸ਼ੇਰਾ ਸ਼ੇਰ ਅਖਵਾਇਆ । ਨੌਂ ਖੰਡ ਪ੍ਰਿਥਮੀ ਲਵੇ ਘੇਰ, ਸੱਤਾਂ ਦੀਪਾਂ ਫੇਰਾ ਪਾਇਆ । ਅੰਤਮ ਢਹਿ ਢਹਿ ਹੋਏ ਢੇਰ, ਨਾ ਸਕੇ ਕੋਈ ਬਚਾਇਆ । ਨਾ ਕੋਈ ਜਾਣੇ ਸੰਞ ਸਵੇਰ, ਅੰਧ ਅੰਧੇਰ ਕਲਜੁਗ ਛਾਇਆ । ਜੀਵ ਜੰਤ ਸਾਧ ਸੰਤ ਭੁਲਾਏ ਕਰ ਕਰ ਹੇਰ ਫੇਰ, ਦੇਵੀ ਦੇਵ ਭਰਮ ਭੁਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗਰੀਬ ਨਿਮਾਣਿਆਂ ਦੇਵੇ ਵਰ, ਜਿਉਂ ਭੀਲਣੀ ਦਰ ਖਾਏ ਬੇਰ, ਅੰਮ੍ਰਿਤ ਆਤਮ ਜਾਮ ਪਿਆਇਆ । ਅੰਮ੍ਰਿਤ ਆਤਮ ਜਾਮ ਅਵੱਲਾ, ਨਿੱਝਰ ਰਸ ਚਵੀਜੇ । ਗੁਰਮੁਖਾਂ ਵੇਖੇ ਇਕ ਮਹੱਲਾ, ਖੜਾ ਰਹੇ ਦਰ ਦਹਿਲੀਜੇ । ਸ੍ਰਿਸ਼ਟ ਸਬਾਈ ਅਛਲ ਅਛੱਲਾ, ਕਿਸੇ ਦਿਸ ਨਾ ਆਏ ਨੇਤਰ ਤੀਜੇ । ਹਰਿ ਭਗਤ ਸੁਨੇਹੜਾ ਏਕਾ ਘੱਲਾ, ਸ਼ਬਦ ਬੀਜ ਸਾਚਾ ਬੀਜੇ । ਪੰਚ ਪੰਚਾਇਣ ਕਰੇ ਹੱਲਾ, ਤਨ ਮਨ ਮਨ ਤਨ ਗੁਰ ਸ਼ਬਦ ਭਿੰਨਾ ਜਗਤ ਭੀਜੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਗਤ ਨਿਮਾਣਾ ਵੇਖ ਦਰ, ਆਪ ਕਰਾਏ ਸ਼ਬਦ ਸਰੂਪੀ ਸਾਚੀ ਰੀਝੇ । ਸ਼ਬਦ ਵਸਤ ਅਪਾਰ, ਹਰਿ ਰਖਾਈਆ । ਕਲਜੁਗ ਅੰਤਮ ਕੀਆ ਪਿਆਰ, ਗੁਰਮੁਖ ਸਾਚੇ ਲੇਖਾ ਰਿਹਾ ਸਮਝਾਈਆ । ਤੀਜੇ ਲੋਚਨ ਦੋਹਰੀ ਧਾਰ, ਅੰਤਮ ਭਿਛਿਆ ਝੋਲੀ ਪਾਈਆ । ਜਗਤ ਵਿਕਾਰਾ ਮਾਰੇ ਮਾਰ, ਆਪਣੀ ਰਛਿਆ ਰਿਹਾ ਕਰਾਈਆ । ਜੋਤ ਸਰੂਪੀ ਕਰ ਆਕਾਰ, ਲੇਖਾ ਲਿਖਿਆ ਰਿਹਾ ਚੁਕਾਈਆ । ਉਪਜੇ ਸ਼ਬਦ ਸੱਚੀ ਧੁਨਕਾਰ, ਧੁਨੀ ਨਾਦ ਅਨਾਦਾ ਰਿਹਾ ਵਜਾਈਆ । ਪਰ੍ਹਾ ਪਸੰਤੀ ਜਾਣੇ ਧਾਰ, ਮਧਮ ਬੈਖਰੀ ਭੇਵ ਨਾ ਰਾਈਆ । ਸਾਚੀ ਕੰਤੀ ਪੁਰਖ ਭਤਾਰ, ਸਾਚੀ ਸੇਵਾ ਰਿਹਾ ਕਮਾਈਆ । ਆਤਮ ਸੇਜਾ ਕਰ ਤਿਆਰ, ਪ੍ਰੇਮ ਵਿਛੋਣਾ ਇਕ ਵਿਛਾਈਆ । ਸੋਲਾਂ ਕਰੇ ਤਨ ਸ਼ਿੰਗਾਰ, ਰੂਪ ਅਨੂਪਾ ਆਪ ਵਖਾਈਆ । ਜੋਤ ਨਿਰੰਜਣ ਕਰ ਆਕਾਰ, ਸ਼ਾਹੋ ਭੂਪਾ ਆਪ ਅਖਵਾਈਆ । ਸਾਚਾ ਸੱਜਣ ਮੀਤ ਮੁਰਾਰ, ਏਕਾ ਦੂਜਾ ਭਉ ਚੁਕਾਈਆ । ਸ਼ਬਦ ਬਖ਼ਸ਼ੇ ਸਾਚੀ ਧਾਰ, ਧਾਰਾ ਆਪਣੇ ਹੱਥ ਰਖਾਈਆ । ਸੁਨ ਅਗੰਮੋ ਆਵੇ ਪਾਰ, ਦਸਮ ਦਵਾਰੇ ਵਿਚ ਟਿਕਾਈਆ । ਸੁਨ ਅਗੰਮੀ ਸ਼ਬਦ ਅਪਾਰ, ਓਅੰਕਾਰਾ ਦੇਸ ਸੁਹਾਈਆ । ਓਅੰਕਾਰਾ ਸ਼ਬਦ ਜੈਕਾਰ, ਜੋਤੀ ਸੁਤ ਰਿਹਾ ਉਪਜਾਈਆ । ਜੋਤੀ ਜੋਤ ਬਲੀ ਲਲਕਾਰ, ਵਰਨ ਗੋਤ ਨਾ ਕੋਈ ਰਖਾਈਆ । ਆਪਣੇ ਰੰਗ ਰਵੇ ਕਰਤਾਰ, ਧੁੰਆਂਧਾਰ ਰਹਿਣ ਨਾ ਪਾਈਆ । ਪਰਗਟ ਹੋਏ ਵਿਚ ਸੰਸਾਰ, ਜੁਗਾ ਜੁਗੰਤ ਬਣਤ ਬਣਾਈਆ । ਕਲਜੁਗ ਤੇਰੀ ਅੰਤਮ ਵਾਰ, ਹਰਿਜਨ ਸਾਚੇ ਰਿਹਾ ਜਗਾਈਆ । ਮਨਮੁਖ ਭੁੱਲੇ ਮੁਗਧ ਗਵਾਰ, ਗੁਣਵੰਤਾ ਨਜ਼ਰ ਨਾ ਆਈਆ ।


੫੫੦
੦੫

ਅੰਤਮ ਆਵੇ ਪਾਸਾ ਹਾਰ, ਲੱਖ ਚੁਰਾਸੀ ਰੋਵੇ ਧਾਹਾਂ ਮਾਰ, ਨਾ ਸਕੇ ਕੋਈ ਛੁਡਾਈਆ । ਪਰਗਟ ਹੋਏ ਨਿਹਕਲੰਕ ਨਰਾਇਣ ਨਰ ਅਵਤਾਰ, ਸ਼ਬਦ ਫੜੇ ਤੀਰ ਕਮਾਨ ਚਾਰੋਂ ਕੁੰਟਾਂ ਮਾਰੇ ਵਾਰੋ ਵਾਰ, ਦਹਿ ਦਿਸ਼ਾ ਵੇਖ ਵਖਾਈਆ । ਗਗਨ ਪਤਾਲਾਂ ਪਾਵੇ ਸਾਰ, ਪੁਰੀਆਂ ਲੋਆਂ ਹਾਹਾਕਾਰ, ਕਰੋੜ ਤੇਤੀਸਾ ਕਰੇ ਵਿਚਾਰ, ਸ਼ਿਵ ਸ਼ੰਕਰ ਰੋਵੇ ਜ਼ਾਰੋ ਜ਼ਾਰ, ਬ੍ਰਹਮਾ ਵੇਤਾ ਦਏ ਦੁਹਾਈਆ । ਪਰਗਟ ਹੋਏ ਹਰਿ ਕਰਤਾਰ, ਕਲਜੁਗ ਵੇਖੇ ਕਾਲੀ ਧਾਰ, ਨੌਂ ਖੰਡ ਪ੍ਰਿਥਮੀ ਇਕ ਦਵਾਰ, ਸੱਤਾਂ ਦੀਪਾਂ ਭਗਤ ਵਿਹਾਰ, ਸਾਚੀ ਜੋਤੀ ਰਿਹਾ ਜਗਾਈਆ । ਪਵਣ ਸਵਾਸੇ ਕਰ ਪਿਆਰ, ਨਾਮ ਅਰਦਾਸਾ ਅੰਤਮ ਅੰਤ ਵਿਚ ਸੰਸਾਰ, ਗੁਰਮੁਖਾਂ ਦੇਵੇ ਚਰਨ ਭਰਵਾਸਾ, ਜੋਤੀ ਜੋਤ ਸਰੂਪ ਹਰਿ, ਸਦਾ ਬਖ਼ਸ਼ਿੰਦਾ ਬਖ਼ਸ਼ਣਹਾਰ । ਕਿਆ ਮਾਂਗੇ ਜਨ ਮੰਗਤਾ, ਮੰਗਣ ਮੰਗ ਦਵਾਰ । ਗੁਰ ਪੂਰਾ ਕਾਇਆ ਚੋਲੀ ਰੰਗਤਾ, ਨਾਤਾ ਤੁਟੇ ਨੌਂ ਦਵਾਰ । ਪ੍ਰਭ ਪਾਇਆ ਮੇਲ ਮਿਲਾਇਆ ਸਾਚੀ ਸੰਗਤਾ, ਖੁੱਲ੍ਹੇ ਬੰਦ ਕਿਵਾੜ । ਹਉਮੇ ਰੋਗ ਗਵਾਏ ਹੰਗਤਾ, ਨੇੜ ਨਾ ਆਏ ਪੰਚਮ ਧਾੜ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨੀਕਨ ਨੀਕਾ ਦੇਵੇ ਵਰ, ਨੇੜ ਨਾ ਆਵੇ ਮੌਤ ਲਾੜ । ਹਰਿ ਸ਼ਬਦ ਅਪਾਰ, ਹਰਿ ਉਪਾਇਆ । ਗੁਰ ਪੂਰੇ ਦੇ ਅਧਾਰ, ਲੋਕਮਾਤ ਜਣਾਇਆ । ਲੋਕਮਾਤੀ ਕਰ ਵਿਚਾਰ, ਸਾਚੀ ਧਾਰਾ ਰਿਹਾ ਵਹਾਇਆ । ਸਾਚੀ ਧਾਰਾ ਅਪਰ ਅਪਾਰ, ਕਾਇਆ ਮੰਦਰ ਅੰਦਰ ਇਕ ਵਖਾਇਆ । ਦੀਪਕ ਜੋਤੀ ਕਰ ਉਜਿਆਰ, ਅਗਿਆਨ ਅੰਧੇਰਾ ਸਰਬ ਮਿਟਾਇਆ । ਕਲਜੁਗ ਭੇਖ ਵਟਾਏ, ਭੇਵ ਨਾ ਰਾਇਆ । ਲੱਖ ਚੁਰਾਸੀ ਵੇਖ ਵਖਾਏ, ਦਿਸ ਕਿਸੇ ਨਾ ਆਇਆ । ਔਲੀਏ ਪੀਰ ਸ਼ੇਖ਼ ਮੇਟ ਮਿਟਾਏ, ਸਾਚੇ ਹਿਸੇ ਰਿਹਾ ਵੰਡਾਇਆ । ਬਿਧਨਾ ਲਿਖੀ ਰੇਖ ਮਿਟਾਏ, ਗੁਰ ਸੋਏ ਮਾਤ ਜਗਾਏ, ਨੇਤਰ ਲੋਚਨ ਨੈਣ ਸਾਚਾ ਵੇਖ ਵਖਾਏ, ਦੂਈ ਦਵੈਤੀ ਪੜਦਾ ਲਾਹਿਆ । ਨਾਮ ਮੇਖਣ ਮਸਤਕ ਸਾਚੀ ਲਾਏ, ਨੌਂ ਦਵਾਰੀ ਬੰਦ ਕਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅੰਤਮ ਵੇਖ ਹਰਿ, ਆਪਣੇ ਭਾਣੇ ਵਿਚ ਸਮਾਇਆ । ਹਰਿ ਭਾਣਾ ਬਲਵਾਨ, ਕਿਸੇ ਨਾ ਜਾਣਿਆ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਲੋਆਂ ਪੁਰੀਆਂ ਵੇਖੇ ਮਾਰ ਧਿਆਨ, ਆਪੇ ਜਾਣੇ ਆਵਣ ਜਾਣਿਆ । ਜੀਵ ਜੰਤ ਜਹਾਨੀ ਪੜ੍ਹ ਪੜ੍ਹ ਥੱਕੇ ਵੇਦ ਪੁਰਾਨ, ਅੰਜ਼ੀਲ ਕੁਰਾਨਾ ਆਈ ਹਾਣਿਆ । ਪਰਗਟ ਹੋਏ ਹਰਿ ਸ਼ਬਦ ਨੌਜਵਾਨ, ਰਸਨਾ ਫੜੇ ਤੀਰ ਕਮਾਣਿਆ । ਲੱਖ ਚੁਰਾਸੀ ਏਕਾ ਮਾਰੇ ਸੱਚਾ ਬਾਣ, ਕਲਜੁਗ ਤੇਰੀ ਅੰਤ ਨਿਸ਼ਾਨੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅੰਤਮ ਵੇਖ ਦਰ, ਜਨ ਭਗਤਾਂ ਦੇਵੇ ਨਾਮ ਗੁਣ ਨਿਧਾਨਿਆ । ਕਲਜੁਗ ਕਾਲੀ ਰੈਣ ਅੰਧੇਰਾ ਛਾਇਆ ਏ । ਮਾਇਆ ਰਾਣੀ ਝੂਠੀ ਡੈਣ, ਬੇਮੁਖਾਂ ਭੇਵ ਨਾ ਰਾਇਆ ਏ । ਅੰਤਮ ਚੁੱਕਣਾ ਲਹਿਣ ਦੇਣ, ਧਰਮ ਰਾਏ ਰਿਹਾ ਅਟਕਾਇਆ ਏ । ਨਾਮਾ ਤੁੱਟੇ ਮਾਤ ਪਿਤ ਭਾਈ ਭੈਣ ਸਾਕ ਸੱਜਣ ਸੈਣ, ਕੂੜ ਕੁਟੰਬ ਮਾਤ ਬਣਾਇਆ ਏ । ਗੁਰਮੁਖ ਵਿਰਲਾ ਦਰ ਦਵਾਰੇ ਦਰਸ ਪੇਖੇ ਤੀਜੇ ਨੈਣ, ਆਤਮ ਗਹਿਣਾ ਪ੍ਰਭ ਸਾਚੇ ਤਨ ਪਹਿਨਾਇਆ ਏ । ਸ਼ਬਦ ਜਣਾਏ ਭਾਣਾ ਸਹਿਣ, ਕਲਜੁਗ ਮਾਇਆ ਝੂਠਾ ਵਹਿਣ, ਆਪੇ ਹੋਏ ਸਹਾਇਆ ਏ । ਸੰਤ ਸੁਹੇਲੇ ਇਕ ਇਕੇਲੇ, ਧੁਰ ਦਰਗਾਹੀ ਅੰਤਮ ਮੇਲੇ ਬੈਠ ਇਕੱਠੇ ਰਹਿਣ, ਆਤਮ ਸੇਜਾ ਸਚ ਸੁਹਾਗਣ ਏਕਾ ਨਾਰੀ ਕੰਤ ਪਿਆਰੀ ਸ਼ਬਦ ਰੰਗੀਲਾ ਪਲੰਘ ਵਿਛਾਇਆ ਏ । ਮੋਹਣ ਮਾਧਵ ਨੈਣ ਮੁਧਾਰ ਪਾਰਬ੍ਰਹਮ ਬ੍ਰਹਮ ਰੂਪ ਪਸਾਰੀ, ਏਕਾ ਰੰਗ ਆਪਣਾ ਆਪ ਵਟਾਇਆ ਏ । ਕਰੇ ਖੇਲ ਦਸਮ ਦਵਾਰੀ, ਆਪੇ ਖੋਲ੍ਹੇ ਬੰਦ ਕਿਵਾੜੀ, ਸਾਚੀ ਹਾਟੀ

ਇਕ ਵਖਾਏ ਤੀਰਥ ਤਾਟੀ, ਅੰਮ੍ਰਿਤ ਆਤਮ ਸਚ ਸਰੋਵਰ ਇਕ ਇਸ਼ਨਾਨ ਕਰਾਇਆ ਏ । ਹਰਿਜਨ ਚੜ੍ਹਾਏ ਔਖੀ ਘਾਟੀ, ਦੀਪਕ ਜੋਤੀ ਜਗੇ ਲਿਲਾਟੀ, ਨੂਰੋ ਨੂਰ ਕਰਾਇਆ ਏ । ਅਗੇ ਦਿਸੇ ਨੇੜੇ ਵਾਟੀ, ਜੋਤੀ ਜੋਤ ਸਰੂਪ ਹਰਿ, ਕਲਜੁਗ ਅੰਤਮ ਵੇਖ ਹਰਿ, ਏਕਾ ਰੰਗ ਭਗਤ ਜਨਾਂ ਦਰ ਸਾਚਾ ਸੰਗ ਜਗਤ ਵਿਛੋੜਾ ਸ਼ਬਦੀ ਜੋੜਾ ਧਰਨੀ ਮੇਲ ਮਿਲਾਇਆ ਏ । ਸੁਰਤ ਸਵਾਣੀ ਹੋਈ ਸੁਹਾਗਣ, ਕੰਤ ਮਿਲਾਵਾ ਪਾਇਆ ਏ । ਇਕ ਉਪਜਾਏ ਸਾਚਾ ਰਾਗਨ, ਨੇੜ ਨਾ ਆਈ ਪੰਚਮ ਨਾਗਨ, ਪ੍ਰਭ ਸਚ ਸ਼ਿੰਗਾਰ ਕਰਾਇਆ ਏ । ਦਰ ਮੰਦਰ ਅੰਦਰ ਹੋਏ ਵਡ ਵਡਭਾਗਨ, ਪੰਜੇ ਮੋਏ ਪੰਜੇ ਸੋਏ ਪੰਚਾਂ ਰਿਹਾ ਜਗਾਇਆ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਆਤਮ ਵੇਖ ਹਰਿ, ਦੀਪਕ ਜੋਤੀ ਰਿਹਾ ਟਿਕਾਇਆ ਏ । ਦੀਪਕ ਜੋਤੀ ਦੀਪ ਬਲੋਏ, ਵੇਖੇ ਤ੍ਰੈ ਤ੍ਰੈਲੋਆ, ਵਰਨ ਗੋਤੀ ਮੇਟ ਮਿਟਾਏ । ਆਪ ਆਪਣਾ ਰੰਗ, ਪੁਰਖ ਅਬਿਨਾਸ਼ੀ ਸਾਚਾ ਸੋਹੇ । ਸ਼ਬਦ ਘੋੜੇ ਕਸੇ ਤੰਗ, ਨਾਮ ਨਗਾਰਾ ਵਜੇ ਮਰਦੰਗ, ਲੋਆਂ ਪੁਰੀਆਂ ਜਾਏ ਲੰਘ, ਕਰੇ ਕਰਾਏ ਸੋਈ ਸੋਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅੰਤਮ ਵੇਖ ਦਰ, ਦੁਰਮਤ ਮੈਲ ਜਨ ਭਗਤਾਂ ਦਰ ਦਵਾਰੇ ਸਾਚੇ ਧੋਏ । ਦੁਰਮਤ ਧੋਏ ਮੈਲ, ਦਇਆ ਕਮਾਇੰਦਾ । ਅਠਸਠ ਤੀਰਥ ਰਹੀ ਫੈਲ, ਨਾ ਭੇਵ ਕੋਇ ਜਣਾਇੰਦਾ । ਹਰਿਜਨ ਜਨ ਹਰਿ ਸਾਚੇ ਸੰਤ ਸੁਹੇਲੇ ਏਕਾ ਘਰ ਮਿਲੇ ਸਾਚਾ ਵਰ, ਖੁਲ੍ਹੇ ਸ਼ਬਦ ਦਰ, ਸਾਚਾ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਸਾਚੀ ਤਰਨੀ ਰਿਹਾ ਤਰ, ਨਾ ਜਨਮੇ ਨਾ ਜਾਏ ਮਰ, ਲੱਖ ਚੁਰਾਸੀ ਚੁਕੇ ਡਰ, ਹਰਿ ਭਗਤ ਦਵਾਰਾ ਜੋਤ ਨਿਰੰਕਾਰਾ ਹਰਿ ਸ਼ਬਦ ਜੈਕਾਰਾ ਏਕਾ ਏਕ ਕਰਾਇੰਦਾ । ਸ਼ਬਦ ਜੈਕਾਰਾ ਏਕ ਏਕ ਜਣਾਈਆ । ਜਨ ਭਗਤਾਂ ਕਰੇ ਬੁਧ ਬਿਬੇਕ, ਆਤਮ ਭਿਛਿਆ ਝੋਲੀ ਸਾਚੀ ਪਾਈਆ । ਚਰਨ ਕਵਲ ਕਵਲ ਚਰਨ ਹਰਿ ਸਾਚੀ ਟੇਕ, ਸ੍ਰਿਸ਼ਟ ਸਬਾਈ ਮਿਥਿਆ ਆਪ ਵਖਾਈਆ । ਜਗਤ ਮਾਇਆ ਨਾ ਲਾਏ ਸੇਕ, ਸਾਚੀ ਸਿਖਿਆ ਰਿਹਾ ਸਿਖਾਈਆ । ਦਰਸ ਅਨੋਖਾ ਸਾਚੇ ਨੇਤਰ ਨੈਣ ਪੇਖ, ਧੁਰ ਸੰਜੋਗਾ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਸਚ ਦੁਲਾਰਿਆ, ਪਾਰਬ੍ਰਹਮ ਬ੍ਰਹਮ ਪਾਏ ਸਾਰ, ਵਰਭੰਡੀ ਰਿਹਾ ਜਗਾਈਆ । ਵਰਭੰਡ ਪ੍ਰਭ ਪਾਏ ਵੰਡ, ਗੁਰਮੁਖ ਮਾਤ ਜਗਾਏ । ਨੌਂ ਦਵਾਰੇ ਕੀਨੇ ਖੰਡ, ਦਸਵੇਂ ਬੂਝ ਬੁਝਾਏ । ਹੱਥ ਫੜਾਏ ਚੰਡ ਪਰਚੰਡ, ਪੰਚਮ ਖੰਡ ਖੰਡ ਕਰਾਏ । ਪੰਚਮ ਦੂਰ ਦੁਰਾਡੇ ਪਾਇਣ ਡੰਡ, ਪੰਚਮ ਪੰਚਾਂ ਮੇਲ ਮਿਲਾਏ । ਪੰਚਮ ਪੰਚ ਜਵਾਨੀ ਗਈ ਹੰਢ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੰਚਮ ਰੰਗਣ ਰੰਗ ਰੰਗਾਏ । ਰੰਗਣ ਰੰਗ ਅਪਾਰ ਆਪ ਰੰਗਾਇੰਦਾ । ਜੋ ਜਨ ਮੰਗਣ ਨੌਂ ਦਵਾਰ ਸ਼ਬਦ ਘੋੜੇ ਤੰਗਨ, ਆਪ ਕਸਾਇੰਦਾ । ਆਪ ਰਖਾਏ ਆਪਣੇ ਅੰਗਨ, ਆਰ ਪਾਰ ਦੂਜਾ ਦਰ ਨਾ ਮੰਗਣ ਜਾਇੰਦਾ । ਨਾਤਾ ਤੋੜੇ ਭੁੱਖ ਨੰਗਨ, ਵਜਾਏ ਨਾਮ ਮਰਦੰਗਨ, ਮਾਨਸ ਦੇਹੀ ਨਾ ਹੋਏ ਭੰਗਨ, ਲੱਖ ਚੁਰਾਸੀ ਪਾਰ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲੱਖ ਚੁਰਾਸੀ ਵੇਖ ਦਰ, ਕਲਜੁਗ ਕਾਇਆ ਖੇੜ ਵਖਾਇੰਦਾ । ਜੋਤ ਅਕਾਲ ਦਿਆਲ ਜਗਤ ਜਗਾਈਆ । ਆਪੇ ਚਲੇ ਅਵੱਲੜੀ ਚਾਲ, ਕਿਸੇ ਦਿਸ ਨਾ ਆਈਆ । ਦਿਵਸ ਰੈਣ ਰਹੇ ਰਖਵਾਲ, ਪ੍ਰਿਤਪਾਲ ਰਿਹਾ ਕਰਾਈਆ । ਸਦ ਵਸੇ ਨਾਲ ਨਾਲ ਅੰਦਰ ਮੰਦਰ ਡੇਰਾ ਲਾਈਆ । ਗੁਰਮੁਖਾਂ ਰਿਹਾ ਸੁਰਤ ਸੰਭਾਲ, ਵੱਜਾ ਜੰਦਰ ਤੋੜ ਵਖਾਈਆ । ਮਾਰੇ ਸ਼ਬਦ ਇਕ ਉਛਾਲ, ਡੂੰਘੀ ਕੰਦਰ ਪਾਰ ਕਰਾਈਆ । ਦੇਵੇ ਨਾਮ ਅਨਮੁੱਲੜਾ ਲਾਲ,

੫੫੨ ੦੫

ਮਸਤਕ ਬਾਲੀ ਵਿਚ ਟਿਕਾਈਆ । ਹਰਿ ਜਨ ਜਨ ਹਰਿ ਸਾਚੀ ਘਾਲਨ ਰਹੇ ਘਾਲ, ਗੁਰ ਪੂਰਾ ਮਾਤ ਦਲਾਲ, ਲੱਖ ਚੁਰਾਸੀ ਫੰਦ ਕਟਾਈਆ । ਆਪ ਵਖਾਏ ਕਾਇਆ ਮੰਦਰ ਇਕ ਸੁਹਾਵਾ ਤਾਲ, ਅੰਮ੍ਰਿਤ ਝਿਰਨਾ ਰਿਹਾ ਝਿਰਾਈਆ । ਫ਼ਲ ਲਗਾਏ ਕਾਇਆ ਡਾਲ੍ਹ, ਅੰਮ੍ਰਿਤ ਆਤਮ ਮੇਵਾ ਇਕ ਖਵਾਈਆ । ਸੁਰਤ ਸਵਾਣੀ ਹੋਏ ਬੇਹਾਲ, ਦੇਵੀ ਦੇਵਾ ਦਰਸ ਪਾਈਆ । ਬਹੱਤਰ ਨਾੜੀ ਵੱਜੇ ਸ਼ਬਦ ਸੱਚਾ ਤਾਲ, ਪਿਛਾ ਅਗਾੜੀ ਦਿਸ ਨਾ ਆਈਆ । ਕਾਇਆ ਦਿਸੇ ਜੰਗਲ ਜੂਹ ਉਜਾੜ ਪਹਾੜ, ਉਚਾ ਟਿੱਲਾ ਨੌਂ ਦਵਾਰੇ ਹਰਿ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਸਮ ਦਵਾਰੀ ਵੇਖੇ ਕਿਲ੍ਹਾ, ਬਜਰ ਕਪਾਟੀ ਸਿਲਾ, ਨਾ ਕੋਈ ਸਕੇ ਬੂਹਾ ਲਾਹੀਆ । ਸ਼ਬਦ ਸਰੂਪੀ ਚਾਰ ਦਿਵਾਰ, ਪ੍ਰਭ ਸਾਚੇ ਰਚਨ ਰਚਾਈਆ । ਜੋਤ ਨਿਰੰਜਣ ਪਹਿਰੇਦਾਰ, ਨਾਮ ਖੰਡਾ ਹੱਥ ਉਠਾਈਆ । ਨਾ ਕੋਈ ਦੀਸੇ ਪੰਚਮ ਯਾਰ, ਨਾਰੀ ਧੌਂਤ ਨਾ ਕੋਈ ਵਖਾਈਆ । ਨਾ ਕੋਈ ਸੁਣੇ ਸੁਣਾਏ ਪੁਕਾਰ, ਹਾਹਾਕਾਰ ਨਾ ਕੋਇ ਜਣਾਈਆ । ਏਕਾ ਏਕ ਸ਼ਬਦ ਸਰੂਪੀ ਵਹਿੰਦੀ ਧਾਰ, ਸਾਚੀ ਧਾਰਾ ਰਿਹਾ ਵਹਾਈਆ । ਦਸਮ ਦਵਾਰੀ ਖੁਲ੍ਹੇ ਬੰਦ ਕਿਵਾੜ, ਸੁਨ ਅਗੰਮੀ ਪਾਰ ਕਰਾਈਆ । ਪਾਰਬ੍ਰਹਮ ਬ੍ਰਹਮ ਪਸਾਰ, ਆਪ ਆਪਣਾ ਰੰਗ ਰੰਗਾਈਆ । ਨਿਹਕਰਮੀ ਕਰਮ ਵਿਚਾਰ, ਧਰਮ ਦਵਾਰ ਧਰਮ ਕਮਾਈਆ । ਮਾਨਸ ਜਨਮ ਦਏ ਸੁਧਾਰ, ਝੂਠੀ ਮਾਇਆ ਭਰਮ ਮਿਟਾਈਆ । ਨਿਰਮਲ ਜੋਤੀ ਕਰ ਉਜਿਆਰ, ਕਾਇਆ ਚੋਟੀ ਉਪਰ ਚੜ੍ਹਾਈਆ । ਦੇਵੇ ਸ਼ਬਦ ਸੱਚੀ ਧੁਨਕਾਰ, ਕੋਟਨ ਕੋਟੀ ਰਾਗ ਹੱਥ ਨਾ ਆਈਆ । ਧੰਨ ਧੰਨਵੰਤਾ ਇਕ ਦਾਤਾਰ, ਸਤਿ ਸਤਵੰਤਾ ਆਪ ਅਖਵਾਈਆ । ਹਰਿਜਨ ਬਣਾਏ ਸਾਚੀ ਬਣਤਾ, ਸਾਚਾ ਸਈਆ ਮੇਲ ਮਿਲਾਈਆ । ਸ਼ਬਦ ਚਾੜ੍ਹੇ ਰੰਗ ਬਸੰਤਾ, ਆਦਿ ਅੰਤਾ ਅੰਕ ਸਮਾਈਆ । ਮਹਿੰਮਾ ਜਗਤ ਭਗਤ ਗਿਣਾਏ ਅਗਣਤਾ, ਅਗਣਤ ਗਣੀ ਨਾ ਜਾਈਆ । ਦੇਵੇ ਵਡਿਆਈ ਹਰਿ ਸਾਚੇ ਸੰਤਾ, ਜਨ ਜਨਣੀ ਲੇਖੇ ਲਾਈਆ । ਹਉਮੇ ਰੋਗ ਗਵਾਏ ਹੰਗਤਾ, ਸਾਚੀ ਸੰਗਤਾ ਗੁਰ ਸਰਨਾਈਆ । ਦਰ ਦਵਾਰਾ ਏਕਾ ਮੰਗਤਾ, ਅਕਾਲ ਮੂਰਤ ਮੂਰਤ ਰਘੁਰਾਈਆ । ਆਪੇ ਹੋਏ ਭੁੱਖਾ ਨੰਗਤਾ, ਸ਼ਾਹ ਕੰਗਾਲ ਸਹਿਜ ਸੁਖਦਾਈਆ । ਇਕ ਵਹਾਏ ਅੰਮ੍ਰਿਤ ਧਾਰਾ ਸਾਚੀ ਗੰਗਤਾ, ਗੰਗਾ ਗੋਦਾਵਰੀ ਸਾਰ ਨਾ ਪਾਈਆ । ਸ਼ਬਦ ਘੋੜੇ ਕਸੇ ਤੰਗਤਾ, ਚੌਥਾ ਪੌੜਾ ਰਿਹਾ ਉਠਾਈਆ । ਪੰਚ ਪੰਚਾਇਨੀ ਹੋਏ ਜੰਗਤਾ, ਬ੍ਰਹਿਮਣ ਗੌੜਾ ਭੇਵ ਨਾ ਰਾਈਆ । ਸੰਬਲ ਨਗਰੀ ਵਾਸਾ ਸੌੜਾ, ਗੁਰ ਗੋਬਿੰਦਾ ਜੋਤ ਜਗਾਈਆ । ਧੁਰ ਦਰਗਾਹੀ ਆਇਆ ਦੌੜਾ, ਦਿਸ ਕਿਸੇ ਨਾ ਆਈਆ । ਦਰ ਘਰ ਸਾਚੇ ਲਾਇਆ ਏਕਾ ਪੌੜਾ, ਨਾ ਹੱਥ ਕਿਸੇ ਫੜਾਈਆ । ਆਪੇ ਜਾਣੇ ਲੰਮਾ ਚੌੜਾ, ਸਾਢੇ ਤਿੰਨ ਹੱਥ ਸੀਆਂ ਅੰਦਰ ਰਿਹਾ ਟਿਕਾਈਆ । ਭਗਤ ਜਨਾਂ ਹਰਿ ਸਾਚਾ ਬਹੁੜਾ, ਜੀਵਾਂ ਜੰਤਾ ਭੇਵ ਨਾ ਰਾਈਆ । ਹਰਿ ਸੰਤ ਸੁਹੇਲੇ ਆਤਮ ਲਗੀ ਔੜਾ, ਅੰਮ੍ਰਿਤ ਮੇਘ ਰਿਹਾ ਬਰਸਾਈਆ । ਲੱਖ ਚੁਰਾਸੀ ਵੇਖੇ ਫ਼ਲ ਮਿੱਠਾ ਕੌੜਾ, ਨੌਂ ਖੰਡ ਪ੍ਰਿਥਮੀ ਸਤਾਂ ਦੀਪਾਂ ਆਪੇ ਵੰਡ ਵੰਡਾਈਆ । ਲੋਆਂ ਪੁਰੀਆਂ ਅਗੰਮ ਅਗੰਮਾ, ਹਡ ਮਾਸ ਨਾ ਨਾੜੀ ਚੰਮਾ, ਮਾਤ ਪਿਤ ਨਾ ਕਿਸੇ ਜੰਮਾ, ਆਪ ਆਪਣਾ ਰਿਹਾ ਉਪਾਈਆ । ਪਵਣ ਸਵਾਸੀ ਨਾ ਲਏ ਦੰਮਾ, ਨੇਤਰ ਨੀਰ ਵਰੋਲੇ ਨਾ ਛੰਮ ਛੰਮਾ, ਸਾਚੀ ਕਾਰਾ ਰਿਹਾ ਕਰਾਈਆ । ਖੰਡ ਮੰਡਲ ਬ੍ਰਹਿਮੰਡ ਕਰੇ ਖੰਡ ਖੰਡਾ, ਕਲਜੁਗ ਦੇਵੇ ਅੰਤ ਦੁਹਾਈਆ । ਬ੍ਰਹਮੇ ਆਤਮ ਹੋਈ ਰੰਡਾ, ਚਾਰੇ ਵੇਦਾਂ ਵਕਤ ਚੁਕਾਈਆ । ਸ਼ਿਵ ਜੀ ਤੋੜੇ ਮਾਣ ਘਮੰਡਾ, ਬਾਸ਼ਕ ਤਸ਼ਕਾ ਗਲ ਲਟਕਾਈਆ । ਕਰੋੜ ਤੇਤੀਸਾ ਹੋਇਆ ਰੰਡਾ, ਸੁਰਪਤ ਰਾਜਾ ਇੰਦ ਦਏ ਦੁਹਾਈਆ । ਪੁਰਖ

੫੫੪ ੦੫

ਅਬਿਨਾਸ਼ੀ ਘਟ ਘਟ ਵਾਸੀ ਲੋਕਮਾਤ ਮਾਰ ਝਾਤ, ਸੋਹੰ ਫੜਿਆ ਹੱਥ ਵਿਚ ਡੰਡਾ, ਚਾਰੋਂ ਕੁੰਟ ਦਹਿ ਦਿਸ਼ਾ ਰਿਹਾ ਉਲਟਾਈਆ । ਆਪੇ ਤੋੜੇ ਸਰਬ ਘਮੰਡਾ, ਮੇਟ ਮਿਟਾਏ ਭੇਖ ਪਖੰਡਾ, ਰਾਜ ਰਜਾਨਾਂ ਸ਼ਾਹ ਸੁਲਤਾਨਾਂ ਜੀਵ ਜਹਾਨਾ ਰਿਹਾ ਜਗਾਈਆ । ਜੋਤ ਸਰੂਪੀ ਖੇਲ ਮਹਾਨਾ, ਆਪੇ ਵੇਖੇ ਵਾਲੀ ਦੋ ਜਹਾਨਾ, ਲੱਖ ਚੁਰਾਸੀ ਅੰਤਮ ਅੰਤ ਬੰਨ੍ਹਣ ਆਇਆ ਏਕਾ ਗਾਨਾ, ਲਾੜੀ ਮੌਤ ਖ਼ੁਸ਼ੀ ਮਨਾਈਆ । ਪਰਗਟ ਹੋਏ ਗੁਣ ਨਿਧਾਨਾ, ਧਰਮ ਰਾਏ ਸੀਸ ਝੁਕਾਨਾ, ਅਠਾਈ ਕੁੰਡਾਂ ਕੁੰਡਾ ਲਾਹੀਆ । ਗੁਰਮੁਖ ਸਾਚੇ ਚਤੁਰ ਸੁਜਾਨਾ, ਮਿਲੇ ਮੇਲ ਸ੍ਰੀ ਭਗਵਾਨਾ, ਆਤਮ ਦੇਵੇ ਬ੍ਰਹਮ ਗਿਆਨਾ, ਵੱਜੇ ਤੀਰ ਸ਼ਬਦ ਨਿਸ਼ਾਨਾ, ਬਜਰ ਕਪਾਟੀ ਪਾਰ ਕਰਾਈਆ । ਚਰਨ ਪ੍ਰੀਤੀ ਇਕ ਧਿਆਨਾ, ਆਪ ਬਿਠਾਏ ਸ਼ਬਦ ਬਿਬਾਣਾ, ਨੌਂ ਦਵਾਰੇ ਇਕ ਉਡਾਨਾ, ਜੀਓ ਪਿੰਡ ਬਾਹਰ ਕਢਾਈਆ । ਪਾਏ ਵੰਡ ਸਗਲ ਟਿਕਾਨਾ, ਸੱਚਾ ਸ਼ਬਦ ਇਕ ਸੁਣਾਨਾ, ਛੱਤੀ ਰਾਗਾਂ ਇਕ ਤਰਾਨਾ, ਅਨਹਦ ਧੁਨ ਸੁਣਾਏ ਕਾਨਾ, ਆਪੇ ਆਪ ਰਿਹਾ ਉਪਜਾਈਆ । ਨਿਜ ਘਰ ਆਸਣ ਇਕ ਵਿਛਾਨਾ, ਹਰਿਜਨ ਸਾਚਾ ਸੰਗ ਸਮਾਨਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਤਮ ਸੇਜਾ ਕੰਤ ਕੰਤੂਹਲਾ ਸ਼ਬਦ ਝੂਲਾ ਸੋਹੰ ਬਰਖੇ ਬਰਖਾ ਫੂਲਾ, ਅਗਲਾ ਪਿਛਲਾ ਮੂਲ ਆਪ ਚੁਕਾਨਾ । ਸਤਿ ਪੁਰਖ ਅਪਾਰ, ਸਤਿ ਉਪਾਇਆ । ਘਰ ਸਤਵੇਂ ਕਰ ਆਕਾਰ, ਜੋਤੀ ਨੂਰ ਕਰਾਇਆ । ਜੋਤੀ ਨੂਰ ਹੋਇਆ ਉਜਿਆਰ, ਸਾਇਆ ਹੇਠ ਆਪ ਰਖਾਇਆ । ਜੋਤੀ ਸਾਇਆ ਖੇਲ ਅਪਾਰ, ਓਅੰਕਾਰਾ ਦੇਸ ਵਸਾਇਆ । ਓਅੰਕਾਰਾ ਸਾਚੀ ਧਾਰਾ, ਸਾਚੀ ਧਾਰ ਰਿਹਾ ਵਹਾਇਆ । ਸਾਚੀ ਧਾਰਾ ਅਪਰ, ਸੋ ਸਾਚਾ ਨਾਉਂ ਰਖਾਇਆ । ਸੋ ਹੋੜਾ ਇਕ ਅਪਾਰ, ਜੋਤੀ ਜੋੜਾ ਨਾਲ ਮਿਲਾਇਆ । ਜੋਤੀ ਜੋੜਾ ਇਕ ਵਿਚਾਰ, ਸਾਚਾ ਤੋੜਾ ਸੀਸ ਲਗਾਇਆ । ਸਾਚਾ ਤੋੜਾ ਤਨ ਸ਼ਿੰਗਾਰ, ਸੋਲਾਂ ਕਲੀਆਂ ਨਾਲ ਬੰਧਾਇਆ । ਸੋਲਾਂ ਕਲੀਆਂ ਅਪਰ ਅਪਾਰ, ਸੋਲਾਂ ਇਛਿਆ ਬੰਨ੍ਹ ਵਖਾਇਆ । ਸੋਲਾਂ ਇਛਿਆ ਧਰਮ ਜੈਕਾਰ, ਪਾਈ ਭਿਛਿਆ ਧਰਮ ਕਰਮ ਕਮਾਇਆ । ਸਾਚਾ ਸ਼ਬਦ ਕਿਸੇ ਨਾ ਦਿਸਿਆ ਚੰਦ ਬਤੀਸਾ ਰਿਹਾ ਗਾਇਆ । ਰਾਗ ਛਤੀਸਾ ਪਾਇਆ ਹਿਸਾ, ਮੁਨ ਮੁਨੀਸ਼ਰ ਆਪ ਸੁਣਾਇਆ । ਪੰਚਮ ਪਾਵੇ ਸਾਚਾ ਹਿੱਸਾ, ਪਵਣ ਸਵਾਸੀ ਸੰਗ ਰਲਾਇਆ । ਜੋਤੀ ਜੋਤ ਸਰੂਪ ਹਰਿ, ਪੰਚ ਦਵਾਰੇ ਜੋਤੀ ਸ਼ਬਦੀ ਮੇਲ ਅਪਾਰੇ, ਪਵਣ ਹੁਲਾਰਾ ਇਕ ਦਵਾਇਆ । ਜੋਤੀ ਸ਼ਬਦੀ ਮੇਲ ਪਵਣ ਸਵਾਸਿਆ । ਜੋਤ ਨਿਰੰਜਣ ਚਾੜ੍ਹੇ ਤੇਲ ਪ੍ਰਿਥਮੀ ਆਕਾਸਿਆ । ਚੌਥੇ ਘਰ ਵੇਖੇ ਵੇਹਲ, ਗੁਰਮੁਖ ਸਾਚੇ ਸੰਤ ਸੁਹੇਲੇ ਆਪੇ ਸੱਦੇ, ਨਿਜ ਘਰ ਰਖੇ ਸਦ ਵਾਸਿਆ । ਦਰਸ ਦਿਖਾਏ ਦਇਆ ਕਮਾਏ ਆਪ ਆਪਣੇ ਮਧ ਮਧੇ, ਮਧ ਆਤਮ ਜਾਮ ਪਿਲਾਇਆ । ਚਰਨ ਕਵਲ ਕਵਲ ਚਰਨ ਜਨ ਹਰਿ ਸਾਚੇ ਬੱਧੇ, ਪੱਲੇ ਦਾਮ ਨਾਮ ਬੰਨ੍ਹਾਇਆ । ਜੋਤੀ ਜੋਤ ਸਰੂਪ ਹਰਿ, ਆਪੇ ਵੇਖੇ ਤੀਜੇ ਦਰ ਤੇਰੀ ਹੱਦੇ, ਨੌਂ ਅਠਾਰਾਂ ਰੰਗ ਰੰਗਾਇਆ । ਦੂਜੇ ਘਰ ਸਾਚੀ ਬਿਧੇ, ਆਸਾ ਤ੍ਰਿਸ਼ਨਾ ਫਿਰੇ ਹਲਕਾਇਆ । ਏਕਮ ਏਕ ਏਕਾ ਗੁਰਮੁਖ ਵਿਰਲੇ ਲਾਧੇ, ਗੁਰ ਮੰਤਰ ਸ਼ਬਦ ਜਣਾਇਆ । ਪਾਇਆ ਪਦ ਅਮਰ ਵੱਜੇ ਨਾਦ ਨਦੇ ਰਾਗ ਅਨਾਦਾ ਅਨਹਦ ਇਕ ਸੁਣਾਇਆ । ਆਪੇ ਜਾਣੇ ਭੇਵ ਬੋਧ ਅਗਾਧਾ, ਬ੍ਰਹਿਮਾਦਾ ਖੇਲ ਰਚਾਇਆ । ਗੁਰਮੁਖ ਵਿਰਲੇ ਰਸਨ ਅਰਾਧਾ, ਸਾਚਾ ਦੇਵੇ ਸਾਚੀ ਨਾਮ ਦਾਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਭਗਤ ਸੁਹਾਏ ਇਕ ਦਰ, ਦਰ ਘਰ ਸਾਚਾ ਇਕ ਸੁਹਾਇਆ । ਜਨ ਦਵਾਰਾ ਬੰਕ ਹੈ, ਬੰਕ ਦਵਾਰਾ ਆਪ । ਆਪੇ ਰਾਓ ਰੰਕ ਹੈ, ਸ੍ਰਿਸ਼ਟ ਸਬਾਈ ਮਾਈ ਬਾਪ । ਪ੍ਰਭ ਸਾਚਾ

ਜੋਤ ਸਰੂਪੀ ਵਾਸੀ ਪੁਰੀ ਘਨਕ ਹੈ, ਜਨ ਭਗਤਾਂ ਮੇਟ ਮਿਟਾਏ ਤੀਨੋ ਤਾਪ । ਜੋਤ ਪਰਗਟਾਏ ਬਾਰ ਅਨਕ ਹੈ, ਆਪ ਜਪਾਏ ਆਪਣਾ ਜਾਪ । ਹਰਿਜਨ ਵਡਿਆਈ ਜਿਉਂ ਜਨਕ ਹੈ, ਨਾ ਦਿਸੇ ਕੋਈ ਸੰਤਾਪ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਦੇਵੇ ਵਰ, ਦਰਸ ਦਿਖਾਏ ਆਪਣਾ ਆਪ । ਵਰ ਪਾਇਆ ਘਰ ਆਪਣੇ, ਮਿਲੇ ਮੇਲ ਗੋਬਿੰਦਾ । ਜਪੇ ਜਾਪ ਜਪ ਜਪਨੇ, ਹਰਿ ਸਦਾ ਸਦਾ ਬਖ਼ਸ਼ਿੰਦਾ । ਮੇਟ ਮਿਟਾਏ ਤਪ ਤਪਨੇ, ਸਗਲ ਮਿਟਾਏ ਆਤਮ ਚਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਸਰੂਪੀ ਦੇਵੇ ਵਰ, ਹਰਿਜਨ ਬਣਾਏ ਲੋਕਮਾਤ ਸਾਚੀ ਬਿੰਦਾ । ਗੁਰਮੁਖ ਗੁਰਮੁਖ ਗੁਰਮੁਖ, ਗੁਰ ਚਰਨ ਧਿਆਨਾ । ਆਤਮ ਤ੍ਰਿਸ਼ਨਾ ਉਤਰੇ ਭੁੱਖ, ਦੇਵੇ ਨਾਮ ਸ਼ਬਦ ਬਿਬਾਣਾ । ਉਜਲ ਕਰੇ ਮਾਤ ਕੁੱਖ ਸ਼ਬਦ ਚਲਾਏ ਨਾਮ ਨਿਸ਼ਾਨਾ । ਸੁਫਲ ਕਰਾਏ ਮਾਤ ਕੁੱਖ, ਸੋਭਾਵੰਤੀ ਨਾਰ ਸੁਹਾਨਾ । ਮਾਤ ਗਰਭ ਨਾ ਉਲਟਾ ਰੁਖ਼, ਲੱਖ ਚੁਰਾਸੀ ਫੰਦ ਕਟਾਨਾ । ਮਾਨਸ ਦੇਹੀ ਮਿਲੀ ਮਨੁੱਖ, ਮਿਲਿਆ ਮੇਲ ਹਰਿ ਭਗਵਾਨਾ । ਜਗਤ ਵਸੂਰਾ ਉਤਰੇ ਦੁੱਖ, ਚਰਨ ਕਵਲ ਗੁਰ ਇਕ ਧਿਆਨਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋਹੰ ਬੰਨ੍ਹੇ ਹੱਥੀਂ ਗਾਨਾ । ਸੋਹੰ ਗਾਨਾ ਨਾਮ ਡੋਰੀ, ਪ੍ਰਭ ਸਾਚਾ ਤੰਦ ਬੰਧਾਈਆ । ਲੋਕਮਾਤ ਕਲ ਕਰੇ ਚੋਰੀ, ਬੰਦੀ ਬੰਧ ਬੰਧਾਈਆ । ਨਾ ਕੋਈ ਜਾਣੇ ਜੋਰ ਜੋਰੀ, ਅੰਧ ਘੋਰੀ ਵੇਖ ਵਖਾਈਆ । ਆਪ ਆਪਣੇ ਹੱਥ ਰੱਖੇ ਡੋਰੀ, ਸੰਗ ਅੰਗ ਪ੍ਰਭ ਜਾਏ ਤੋਰੀ, ਆਪ ਆਪਣਾ ਸੰਗ ਨਿਭਾਈਆ । ਸ਼ਬਦ ਚਾੜ੍ਹੇ ਸਾਚੀ ਘੋੜੀ, ਧੁਰ ਦਰਗਾਹੀ ਜੁੜੀ ਜੋੜੀ, ਜਗਤ ਵਿਛੋੜਾ ਭਗਤੀ ਜੋੜਾ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਗ ਸੰਗ ਸੰਗ ਅੰਗ ਨਾਮ ਮਰਦੰਗ ਰਿਹਾ ਵਜਾਈਆ । ਨਾਮ ਮਰਦੰਗ ਵੱਜੇ ਤਨ ਹੋਏ ਸ਼ਬਦ ਘਨਘੋਰਾ । ਪ੍ਰਭ ਅਬਿਨਾਸ਼ੀ ਕਿਰਪਾ ਧਾਰੀ, ਮਿਟੇ ਪੰਜ ਚੋਰਾ । ਦਰ ਘਰ ਸਾਚੇ ਬੂਝ ਬੁਝਾਈ, ਚੁੱਕੇ ਮੋਰਾ ਤੋਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਬਖ਼ਸ਼ੇ ਸ਼ਬਦ ਘੋੜਾ । ਮਨਮਤ ਜਗਤ ਵਿਕਾਰ ਹੈ, ਸਹਿੰਸਾ ਰੋਗ ਜਲਾਏ । ਗੁਰ ਸ਼ਬਦ ਨਾ ਕਿਸੇ ਪਿਆਰ ਹੈ । ਦੁਰਮਤ ਰਹੀ ਬਿਲਲਾਏ । ਪੰਜਾਂ ਤੱਤਾਂ ਹਾਹਾਕਾਰ ਹੈ, ਨਾ ਕੋਈ ਧੀਰ ਧਰਾਏ । ਰਤੀ ਰਤ ਉਬਲੇ ਘਾਰ ਹੈ, ਸਾਰ ਕੋਈ ਨਾ ਪਾਏ । ਨਾ ਕੋਈ ਪੁਰਖ ਪੁਰਖੋਤਮ ਨਾਰ ਹੈ, ਕੰਤ ਸੁਹਾਗੀ ਆਪ ਹੰਢਾਏ । ਵਰਨ ਗੋਤ ਨਾ ਸ਼ਬਦ ਵਪਾਰ ਹੈ, ਸਾਚਾ ਵਣਜ ਕਰਾਏ । ਏਕਾ ਜੋਤ ਜਗਤ ਅਧਾਰ ਹੈ, ਪਵਣ ਉਨੰਜਾ ਵਿਚ ਸਮਾਏ । ਹਰਿ ਭਗਤ ਸ਼ਬਦ ਅਧਾਰ ਹੈ, ਬਵੰਜਾ ਅੱਖਰ ਵਖਰ ਰਖਾਏ । ਏਕਾ ਏਕ ਜੋਤ ਨਿਰੰਕਾਰ ਹੈ, ਸੁਰਤ ਬਿਬੇਕ ਬਣਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਉਮੇ ਰੋਗ ਗਵਾਏ । ਮਨਮਤ ਜਗਤ ਵਿਕਾਰ ਹੈ, ਤਨ ਮਨ ਹੋਏ ਪੁਰਾਣਾ । ਲੋਭ ਮੋਹ ਹੰਕਾਰ ਹੈ, ਕਾਮ ਕਰੋਧ ਨਿਸ਼ਾਨਾ । ਨੌਂ ਦਵਾਰੇ ਸਦ ਖੁਆਰ ਹੈ, ਰਸ ਰਸਨਾ ਫਿਰ ਵਖਾਨਾ । ਗੁਰਮਤੀ ਨਾਮ ਅਧਾਰ ਹੈ, ਤਨ ਭਾਂਡਾ ਭਰਮ ਭੰਨਾਨਾ । ਵਾ ਤੱਤੀ ਨਾ ਘਰ ਸੱਚੇ ਦਰਬਾਰ ਹੈ, ਚਰਨ ਧੂੜ ਸਚਾ ਇਸ਼ਨਾਨਾ । ਦੀਆ ਬੱਤੀ ਨਾ ਕੋਈ ਵਿਹਾਰ ਹੈ, ਦੀਪਕ ਜੋਤੀ ਇਕ ਜਗਾਨਾ । ਅਠੇ ਪਹਿਰ ਰਹੇ ਉਜਿਆਰ ਹੈ, ਸੰਝ ਸਵੇਰ ਨਾ ਕੋਈ ਦਿਖਾਨਾ । ਦਹਿ ਦਿਸ਼ਾ ਮਹੱਲ ਅਪਾਰ ਹੈ, ਚਾਰੇ ਕੁੰਟਾਂ ਬੰਦ ਰਖਾਨਾ । ਨਾਮ ਝਰੋਖਾ ਇਕ ਅਪਾਰ ਹੈ, ਦਰ ਦਰਵਾਜਾ ਧਰਮ ਨਿਸ਼ਾਨਾ । ਹਰਿ ਜਨ ਜਨ ਹਰਿ ਮੌਕਾ ਅੰਤਮ ਵਾਰ ਹੈ, ਮਿਲੇ ਮੇਲ ਸ੍ਰੀ ਭਗਵਾਨਾ । ਸੋਹੰ ਬੇੜਾ ਜਗਤ

ਤਿਆਰ ਹੈ, ਗੁਰਮੁਖ ਵਿਰਲੇ ਚਰਨ ਟਿਕਾਨਾ । ਏਕਾ ਦੂਜਾ ਆਪੇ ਬੰਨ੍ਹੇ ਵਾਰ ਹੈ, ਸਾਚੀ ਸਰਨ ਇਕ ਰਖਾਨਾ । ਲੇਖੇ ਲਾਏ ਸੌ ਸੌ ਜਨਮ ਲਿਆ ਅਵਤਾਰ ਹੈ, ਸੋ ਸਾਚਾ ਜਾਪ ਜਪਾਨਾ । ਦੇਵਣ ਆਇਆ ਭਗਤ ਅਧਾਰ ਹੈ, ਆਪਣਾ ਦੇਣ ਮੂਲ ਚੁਕਾਨਾ । ਭਾਣਾ ਸਹਿਣਾ ਕਰਮ ਵਿਚਾਰ ਹੈ, ਮਾਨਸ ਜਨਮ ਲੇਖੇ ਲਾਣਾ । ਸਾਚੇ ਬਹਿਣਾ ਦਰ ਦਰਬਾਰ ਹੈ, ਚੁੱਕੇ ਆਵਣ ਜਾਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵੇ ਨਾਮ ਗੁਣ ਨਿਧਾਨਾ । ਮਨਮਤ ਜਗਤ ਸਭ ਮਥਿਆ, ਰਹੀ ਰਤ ਵਰੋਲ । ਰਸਨਾ ਗਾਏ ਨਾ ਸਾਚੀ ਗਾਥਿਆ, ਅਨਜਾਣੀ ਬਾਲੀ ਰਹੀ ਅਨਭੋਲ । ਪੰਚਮ ਪੰਜਾਂ ਪਾਈ ਨੱਥਿਆ, ਕਾਇਆ ਮੰਦਰ ਡੂੰਘਾ ਢੋਲ । ਨਾ ਕੋਈ ਚੜ੍ਹਾਏ ਸਾਚੇ ਰਥਿਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੱਖ ਚੁਰਾਸੀ ਵੇਖੇ ਘਰ, ਆਪੇ ਵਸੇ ਸਦਾ ਕੋਲ । ਮਨਮਤ ਤੇਰਾ ਨਾਤਾ, ਮਨਮੁਖ ਤਨ ਜੁੜਾਇਆ । ਏਕਾ ਭੁੱਲਿਆ ਪੁਰਖ ਬਿਧਾਤਾ, ਕਾਇਆ ਸੁਖ ਉਪਜਾਇਆ । ਦਿਵਸ ਰੈਣ ਅੰਧੇਰੀ ਰਾਤਾ, ਸਤਿਗੁਰ ਗੁਰ ਸਤਿ ਮੁਖ ਨਾ ਨਜ਼ਰੀ ਆਇਆ । ਕਰਮ ਹੀਣ ਨਾਰ ਕੁਲੱਖਣੀ ਕਮਜ਼ਾਤਾ, ਸਾਚਾ ਕੰਤ ਨਾ ਸੇਜ ਹੰਢਾਇਆ । ਨਾ ਕੋਈ ਦੇਵੇ ਸਾਚੀ ਦਾਤਾ, ਸ਼ਬਦ ਭੰਡਾਰ ਹਰਿ ਝੋਲੀ ਪਾਇਆ । ਵੇਲੇ ਅੰਤ ਨਾ ਪੁੱਛੇ ਵਾਤਾ, ਪਿਤਾ ਮਾਤ ਗੋਦ ਜਿਸ ਉਠਾਇਆ । ਹਰਿ ਜਨ ਜਨ ਹਰਿ ਏਕਾ ਏਕ ਨਿਰੰਜਣ ਜ਼ਾਤਾ, ਚਰਨ ਨਾਤਾ ਧਰਮ ਧਰਾਇਆ । ਆਪ ਸੁਣਾਏ ਆਪਣੀ ਗਾਥਾ, ਸਾਚੀ ਵਰਨੀ ਹੰਸ ਬਿਠਾਇਆ । ਮਿਲਿਆ ਮੇਲ ਕਮਲਾਪਤਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖਾਂ ਦੇਵੇ ਸ਼ਬਦ ਵਰ, ਮਨਮੁਖਾਂ ਦਿਸ ਨਾ ਆਇਆ । ਮਨ ਮਤ ਵਿਭਚਾਰ ਨਾ ਰੰਗ ਰਾਤੀ । ਕਲਜੁਗ ਜੀਵਾਂ ਕਰਮ ਰਹੀ ਵਿਚਾਰ, ਕਰੇ ਖੇਲ ਬਹੁ ਬਹੁ ਭਾਂਤੀ । ਵਰਨ ਅਵਰਨਾ ਹਾਹਾਕਾਰ, ਚਾਰੋਂ ਚਾਰ ਬਣਾਏ ਸਾਥੀ । ਪੰਚਮ ਪੰਚਮ ਨਾ ਪਾਇਣ ਸਾਰ, ਪੰਚਮ ਟਿਕਾ ਕਾਲਾ ਮਾਥਨ ਮਾਥੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਵਿਰਲੇ ਸੰਤ ਵਿਰੋਲੇ, ਭਾਗ ਲਗਾਏ ਕਾਇਆ ਚੋਲੇ, ਸ਼ਬਦ ਬਿਠਾਏ ਸਾਚੇ ਡੋਲੇ ਨਾਮ ਕਹਾਰਾ ਸਾਚਾ ਸਾਥੀ । ਤਨ ਮਨ ਹਰਿਆ ਸੀਤਲਾ, ਮਿਲਿਆ ਪੁਰਖ ਅਗੰਮਾ । ਮੇਲ ਮਿਲਾਵਾ ਸਾਤੇ ਮੀਤਲਾ, ਲੇਖੇ ਲੱਗੇ ਕਾਇਆ ਚੰਮਾ । ਮਾਨਸ ਦੇਹੀ ਜਗਤ ਜਗ ਜੀਤਲਾ, ਰਸਨਾ ਗਾਏ ਦਮ ਦਮਾ । ਸਤਿਜੁਗ ਸਾਚੀ ਚਲੇ ਰੀਤਲਾ, ਏਕਾ ਏਕ ਹਰਿ ਹਰਿ ਨਾਉਂ ਨਿਮਾ । ਸਾਚਾ ਮੰਦਰ ਗੁਰੂਦਵਾਰਾ ਤਨ ਮਸੀਤਲਾ, ਜੋਤੀ ਜੋਤ ਸਰੂਪ ਹਰਿ, ਸਾਚਾ ਸ਼ਬਦ ਦੇਵੇ ਸਾਚਾ ਪੂਰਨ ਹੋਏ ਕੰਮਾ । ਤਨ ਮੰਦਰ ਗੁਰਦਵਾਰ, ਗੁਰ ਗੁਰ ਜਾਣਿਆ । ਗੁਰ ਮੰਦਰ ਬੈਠ ਅਪਾਰ, ਕਰਮ ਪਛਾਨਿਆ । ਸ਼ਬਦ ਬਖ਼ਸ਼ੀ ਸਾਚੀ ਧਾਰ, ਸਾਚਾ ਧਰਮੀ ਧਰਮ ਕਮਾਨਿਆ । ਪਾਰਬ੍ਰਹਮ ਬ੍ਰਹਮ ਖੇਲ ਅਪਾਰ, ਜਰਮੀ ਜੰਮ ਅਪਾਰਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਦੇਵੇ ਜਗਤ ਵਰ, ਸਤਿਜੁਗ ਤੇਰੀ ਸਾਚੀ ਧਾਰਿਆ । ਸਤਿਜੁਗ ਸਾਚੀ ਧਾਰ ਆਪ ਬਣਾਇੰਦਾ । ਕਲਜੁਗ ਤੇਰੀ ਅੰਤਮ ਵਾਰ, ਸ਼ਬਦ ਘੋੜ ਹਰਿ ਅਸਵਾਰ, ਲੋਆ ਪੁਰੀਆਂ ਆਪ ਜਣਾਇੰਦਾ । ਤ੍ਰੈ ਤ੍ਰੈਲੋਆਂ ਏਕਾ ਕਾਰ, ਵਰਭੰਡ ਖੰਡ ਪ੍ਰਭ ਸ਼ਬਦ ਅਧਾਰ, ਬ੍ਰਹਿਮੰਡ ਰਚਨ ਰਚਾਇੰਦਾ । ਸ਼ਬਦ ਫੜ ਤੇਜ ਕਟਾਰ, ਮਾਰੀ ਜਾਏ ਵਾਰੋ ਵਾਰ, ਬ੍ਰਹਮਾ ਸ਼ਿਵ ਇੰਦ ਹਿਲਾਇੰਦਾ । ਵਰਭੰਡੀ ਕਰੇ ਖ਼ਬਰਦਾਰ, ਭੇਖ ਪਖੰਡੀ ਚੋਰ ਯਾਰ, ਸਾਚੀ ਡੰਡੀ ਨਾਮ ਅਧਾਰ, ਨਾਮ ਕੰਢੀ ਇਕ ਵਖਾਇੰਦਾ । ਨਾਰ ਦੁਹਾਗਣ ਮਨਮੁਖ ਬੇਹੰਢੀ ਦੋ ਜਹਾਨਾਂ ਦਿਸੇ ਰੰਡੀ, ਕੰਤ ਭਤਾਰ ਨਾ ਕੋਇ ਹੰਢਾਇੰਦਾ । ਗੁਰਮੁਖ ਵਿਰਲੇ ਮਾਤ

ਸਾਚੀ ਵੰਡੀ, ਦਾਤ ਇਕ ਸ਼ਬਦ ਨਾਮ ਪਰਚੰਡੀ, ਸਾਚੀ ਭਿਛਿਆ ਝੋਲੀ ਪਾਇੰਦਾ । ਲੱਖ ਚੁਰਾਸੀ ਦੇਵਣ ਆਇਆ ਦੰਡੀ, ਰਾਜ ਰਾਜਾਨਾਂ ਵੱਢੇ ਕੰਡੀ, ਖੰਡਨ ਖੰਡੀ ਆਪ ਕਰਾਇੰਦਾ । ਚਰਨ ਛੁਹਾਏ ਸਕੇਤ ਮੰਡੀ, ਸੰਮਤ ਚੌਦਾਂ ਚੌਦਾਂ ਲੋਕਾਂ ਚੌਦਾਂ ਹੱਟਾਂ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪਰਬਤ ਟਿੱਲੇ ਉਚ ਪਹਾੜ, ਆਪ ਚਬਾਏ ਆਪਣੀ ਦਾੜ੍ਹ, ਜੰਗਲ ਜੂਹ ਜਲ ਥਲ ਵਿਚ ਸਮਾਇੰਦਾ । ਵਲ ਛਲ ਛਲ ਧਾਰ ਭੇਖਨ ਬਾਵਨਾ । ਕਲਜੁਗ ਕਾਲਾ ਕਲ ਚਾਰੋਂ ਕੁੰਟ ਅੰਧੇਰੀ ਸ਼ਾਮਨਾ । ਨਾ ਕੋਈ ਜੀਵ ਜਹਾਨੀ ਜਾਣੇ ਅੰਮ੍ਰਿਤ ਆਤਮ ਸਾਚਾ ਜਲ, ਤ੍ਰਿਸ਼ਨਾ ਤਜੇ ਨਾ ਕਾਮਨੀ ਕਾਮਨਾ । ਦੂਈ ਦਵੈਤੀ ਮਿਟੇ ਨਾ ਸਲ, ਨਾ ਕੋਈ ਫੜਾਏ ਸਾਚਾ ਦਾਮਨਾ । ਸ਼ਬਦ ਚਲਾਏ ਨਾ ਸਾਚਾ ਹਲ, ਲੱਗੇ ਫ਼ਲ ਨਾ ਕਾਇਆ ਡਾਲਨਾ । ਸਚ ਦਵਾਰਾ ਨਾ ਲਿਆ ਮਲ, ਵੇਲੇ ਅੰਤ ਸੰਤ ਕੰਤ ਪਛਾਤਾਵਨਾ । ਗੁਰਮੁਖ ਗੁਰ ਸ਼ਬਦੀ ਗਿਆ ਰਲ, ਗੁਰਮਤੀ ਬੂਝ ਬੁਝਾਵਨਾ । ਸਾਚੀ ਘਾਲਨ ਘਾਲੀ ਘਾਲ, ਆਤਮ ਜੋਤੀ ਦੀਪ ਜਗਾਵਣਾ । ਭਾਗ ਲਗਾਏ ਕਾਇਆ ਖੱਲ, ਵਰਨ ਗੋਤੀ ਭੇਵ ਮਿਟਾਵਣਾ । ਜੋਤੀ ਜੋਤ ਸਰੂਪ ਹਰਿ, ਦੂਈ ਦਵੈਤੀ ਮਿਟੇ ਸਲ, ਏਕਾ ਨਾਮ ਹਰਿਜਨ ਆਤਮ ਤਾਮ ਸਾਚਾ ਭੋਗ ਰਸਨਾ ਮੁਖ ਲਗਾਵਣਾ । ਸਾਚਾ ਭੋਗ ਆਤਮ ਰਸ, ਨਿਜ ਘਰ ਆਤਮ ਪਾਏ । ਪੁਰਖ ਅਬਿਨਾਸ਼ੀ ਹੋਏ ਵਸ, ਰੈਣ ਦਿਵਸ ਦਿਵਸ ਰੈਣ ਸਦ ਸੇਵ ਕਮਾਏ । ਪ੍ਰੇਮ ਤਰਾਨਾ ਤੀਰ ਮਾਰੇ ਕਸ, ਦੋ ਜਹਾਨੀ ਕਾਰ ਕਰਾਏ । ਸ਼ਬਦ ਸੁਨੇਹੜਾ ਰਾਹ ਸਾਚਾ ਜਾਏ ਦੱਸ, ਧੁਰ ਨਿਸ਼ਾਨੀ ਇਕ ਵਖਾਏ । ਮਿਟੇ ਰੈਣ ਅੰਧੇਰੀ ਕਲਜੁਗ ਮਸ, ਬ੍ਰਹਮ ਗਿਆਨਾ ਇਕ ਜਣਾਏ । ਦਰ ਘਰ ਸਾਚੇ ਮੇਲਾ ਹੱਸ ਹੱਸ, ਨਾਦ ਅਨਾਦਾ ਅਨਹਦ ਧੁਨੀ ਸਾਚਾ ਰਾਗ ਸੁਣਾਏ । ਸਾਚੀ ਜੋਤ ਹੋਏ ਪਰਕਾਸ਼, ਨਾ ਕੋਈ ਦਿਸੇ ਰਵ ਸੱਸ, ਬੋਧ ਅਗਾਧਾ ਸ਼ਬਦ ਜਣਾਏ । ਅੰਮ੍ਰਿਤ ਆਤਮ ਮੁਖ ਚੁਆਏ ਸਾਚਾ ਰਸ, ਤੀਰਥ ਤਟ ਕੋਈ ਦਿਸ ਨਾ ਆਏ । ਏਕਾ ਘਰ ਦੋਏ ਗਏ ਵਸ, ਸੁਰਤ ਸ਼ਬਦੀ ਸਾਚਾ ਮੇਲ ਮਿਲਾਵਾ ਹੋਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਮੇਲਾ ਸਚ ਘਰ, ਦਰ ਘਰ ਸਾਚੇ ਏਕਾ ਦਾਅਵਾ ਹੋਏ । ਸੱਚਾ ਦਾਅਵਾ ਧੁਰ ਅਪੀਲ । ਗੁਰਮੁਖ ਕਰਨਾ ਸ਼ਬਦ ਵਕੀਲ । ਏਕਾ ਦੇਵੇ ਜਗਤ ਦਲੀਲ, ਜੋਤੀ ਜੋਤ ਸਰੂਪ ਹਰਿ, ਕਲਜੁਗ ਤੇਰੀ ਅੰਤਮ ਵਰ, ਪਰਗਟ ਹੋਏ ਸੰਬਲ ਨਗਰੀ ਸਾਚਾ ਵਾਸਾ, ਉਪਰ ਛੱਪਰ ਛਾਇਆ ਨੀਲ । ਛੱਪਰ ਛਾਇਆ ਨੀਲ ਹਰਿ ਸੁਹਾਇਆ । ਚੰਦ ਸਿਤਾਰ ਟਿਕਾਇਆ । ਆਪ ਆਪਣੇ ਰੰਗ ਸਮਾਇਆ । ਸਾਚੀ ਸੇਵਾ ਜਗਤ ਲਗਾਇਆ । ਸੂਰ ਸੂਰੀਆ ਸਾਚਾ ਬੰਸਾ ਇਕ ਪਰਕਾਸ਼ ਵਖਾਇਆ । ਜੋਤੀ ਜੋਤ ਸਰੂਪ ਹਰਿ, ਸੰਬਲ ਨਗਰੀ ਇਕ ਇਕੱਗਰੀ ਜੋਤ ਨਿਰੰਜਣ ਸੰਗ ਰਖਾਏ, ਸਗਲ ਸਮਗਰੀ ਤਿੰਨਾਂ ਲੋਆਂ ਪਾਇਆ, ਅਡੰਬਰ ਨਾਮ ਸਵੰਬਰ ਸ਼ਬਦ ਵਿਚੋਲਾ ਦੋ ਜਹਾਨੀ ਏਕਾ ਏਕ ਰਖਾਇਆ । ਸੰਬਲ ਨਗਰ ਸਚ ਮਹੱਲਾ, ਦੋ ਜਹਾਨਾਂ ਟਿਕਾਣਾ । ਆਪੇ ਵਸੇ ਇਕ ਇਕੱਲਾ, ਸ਼ਬਦ ਪਵਣ ਵਿਚ ਸਮਾਣਾ । ਆਪੇ ਵੇਖੇ ਜਲ ਥਲਾ, ਨੌਂ ਖੰਡ ਵੰਡ ਵੰਡਾਣਾ । ਸਤਾਂ ਦੀਪਾਂ ਆਪੇ ਰਲਾ, ਬ੍ਰਹਿਮੰਡ ਵਿਚ ਸਮਾਨਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਜ ਘਰ ਵਾਸਾ ਇਕ ਰਖਾਣਾ । ਦੂਸਰ ਕਿਸੇ ਦਿਸ ਨਾ ਆਏ, ਜਨ ਭਗਤਾਂ ਸਾਚਾ ਸੰਗ ਰਖਾਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਾਰੋਂ ਕੁੰਟ ਦਹਿ ਦਿਸ਼ਾ ਮਾਰ ਧਿਆਨਾ । ਆਪੇ ਵਰਤੇ ਆਪਣਾ ਭਾਣਾ । ਜਨਮ ਕਰਮ ਪ੍ਰਭ ਹੱਥ, ਜਿਸ ਉਪਾਇਆ । ਆਪੇ ਰੱਖੇ ਦੇ ਕਰ ਹੱਥ, ਦਇਆ ਕਮਾਇਆ । ਸ਼ਬਦ ਚੜ੍ਹਾਏ ਸਾਚੇ ਰਥ, ਸਾਚਾ ਮਾਰਗ ਰਿਹਾ


੫੫੭
੦੫

੫੫੮ ੦੫

ਚਲਾਇਆ । ਜਗਤ ਵਿਚਾਰਾ ਦੇਵੇ ਮਥ, ਸ਼ਬਦ ਕੁੰਡਾ ਏਕਾ ਲਾਹਿਆ । ਲੇਖਾ ਚੁੱਕੇ ਸੀਆਂ ਸਾਢੇ ਤਿੰਨ ਹੱਥ, ਦਰ ਦਵਾਰਾ ਇਕ ਵਖਾਇਆ । ਸਗਲ ਵਸੂਰੇ ਜਾਇਣ ਲੱਥ, ਜੋਤ ਨਿਰੰਕਾਰਾ ਦਰਸ਼ਨ ਪਾਇਆ । ਰਸਨਾ ਕਥਨੀ ਨਾ ਸਕੇ ਕਥ, ਅਕੱਥ ਕਥਾ ਅਖਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਦਵਾਰ ਜਗਤ ਉਜਿਆਰ ਆਪਣਾ ਚਰਨ ਛੁਹਾਇਆ । ਭਗਤ ਨਿਮਾਣਾ ਹੀਨ ਹੈ, ਗੁਰ ਪੂਰੇ ਲਗੇ ਪਾਏ । ਗੁਰ ਬਚਨ ਸ਼ਬਦ ਅਧੀਨ ਹੈ, ਵਡ ਸੂਰੇ ਸੇਵ ਕਮਾਏ । ਰਸਨਾ ਰਸ ਚੀਨ ਹੈ, ਹਰਿ ਹਜ਼ੂਰੇ ਵਿਚ ਸਮਾਏ । ਵਖਰ ਅੱਖਰ ਜਗਤ ਕੀਨ ਹੈ, ਸਾਚੇ ਘਰ ਵਸਾਏ । ਮਨਮੁਖਾਂ ਕਾਇਆ ਮੰਦਰ ਵਿਚ ਹੰਕਾਰੀ ਬੀਨ ਹੈ, ਪੁਰਖ ਅਬਿਨਾਸ਼ੀ ਦਿਸ ਨਾ ਆਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਬੰਧਾਏ ਤੱਤਾਂ ਤੀਨ ਹੈ, ਮਨ ਮਤ ਬੁਧ ਏਕਾ ਰੰਗ ਰੰਗਾਏ । ਮਨ ਮਤ ਬੁਧ ਪ੍ਰਭ ਪਾਏ ਡੋਰੀ, ਸ਼ਬਦ ਨਾਮ ਰਖਾਇਆ । ਦਰ ਦਵਾਰੇ ਕਾਰਜ ਸੁਧ, ਮਨਮੁਖ ਜੀਵਾਂ ਕਰੇ ਚੋਰੀ, ਕਲਜੁਗ ਰੈਣ ਅੰਧੇਰ ਘੋਰੀ, ਦਿਸ ਕਿਸੇ ਨਾ ਆਇਆ । ਜਗਤ ਚੁਕਾਏ ਮੋਰੀ ਤੋਰੀ, ਪੰਚ ਨਾ ਪਾਇਣ ਦਰ ਦਵਾਰੇ ਸ਼ੋਰੀ, ਆਪੇ ਆਪ ਰਿਹਾ ਦੁਰਕਾਇਆ । ਹਰਿ ਜਨ ਜਨ ਹਰਿ ਸਾਚਾ ਪਿੰਡ ਚੜ੍ਹੇ ਸ਼ਬਦ ਸਾਚੀ ਘੋੜੀ, ਨਾਮ ਸਿਹਰਾ ਸੀਸ ਗੁੰਦਾਇਆ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਦੇਵੇ ਜੀਆਂ ਦਾਨ ਜੋਗ ਜੁਗਤ ਭਗਤ ਗੁਰ ਚਰਨ ਧਿਆਨ ਲਗਾਇਆ । ਕੋਟ ਬ੍ਰਹਿਮੰਡ ਖੋਜ ਥੱਕੇ, ਭੇਵ ਕਿਸੇ ਨਾ ਪਾਇਆ । ਜੇਰਜ ਅੰਡ ਪਿੰਡ ਬ੍ਰਹਿਮੰਡ ਵੰਡ, ਲੇਖ ਸਕੇ ਵੇਖ ਬ੍ਰਹਮਾ ਨਾ ਰਾਇਆ । ਆਪ ਸੁਣਾਏ ਨੌਂ ਖੰਡ, ਸੁਰਤ ਸੁਹਾਗਣ ਦਿਸੇ ਰੰਡ, ਸਾਚੀ ਸੇਵ ਨਾ ਕੋਈ ਕਮਾਇਆ । ਗੁਰਮੁਖ ਵਿਰਲਾ ਹੱਥ ਫੜੇ ਚੰਡ ਪਰਚੰਡ, ਏਕਾ ਵੰਡ ਵੰਡਾਇਆ । ਨਰ ਹਰਿ ਸਾਚਾ ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਵਾਲੀ ਦੋ ਜਹਾਨਾਂ ਸ਼ਬਦ ਸਰੂਪੀ ਦੇਵੇ ਦੰਡੇ, ਸ਼ਬਦ ਕੁਹਾੜਾ ਹੱਥ ਉਠਾਇਆ । ਮੇਟ ਮਿਟਾਏ ਭੇਖ ਪਖੰਡੇ, ਜੋਤੀ ਜੋਤ ਸਰੂਪ ਹਰਿ, ਗੁਰਮੁਖ ਸਾਚੇ ਸੰਤ ਜਨਾਂ ਦਿਵਸ ਰੈਣ ਰੈਣ ਦਿਵਸ ਹੋਏ ਸਦ ਸਹਾਇਆ । ਦਿਵਸ ਰੈਣ ਆਤਮ ਘਰ ਮੇਲ ਮਿਲਾਵਾ ਹਰਿ ਹਰਿ ਕੰਤਾ । ਆਪ ਚੁਕਾਏ ਜਗਤ ਮੋਹ, ਭੇਖਾਧਾਰੀ ਜੁਗਾ ਜੁਗੰਤਾ । ਚਰਨ ਧੂੜ ਨੁਹਾਏ ਸਾਚੇ ਸਰ, ਲੋਕਮਾਤ ਬਣਾਏ ਸਾਚੀ ਬਣਤਾ । ਚਰਨ ਕਵਲ ਕਵਲ ਚਰਨ ਹਰਿਜਨ ਸਾਚਾ ਜਾਏ ਤਰ, ਮਿਲੇ ਵਡਿਆਈ ਸਾਧਨ ਸੰਤਾ । ਏਕਾ ਏਕ ਹਰੀ ਹਰਿ, ਨਾ ਜਨਮੇ ਨਾ ਜਾਏ ਮਰ, ਪੂਰਨ ਜੋਤ ਸ੍ਰੀ ਭਗਵੰਤਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤ ਦਵਾਰ ਕਰ ਵਿਚਾਰ, ਮੇਲ ਮਿਲਾਏ ਸਾਚੇ ਕੰਤਾ । ਪੰਚਮ ਮਾਰ ਪੰਚ ਜਿਵਾਇਆ । ਪੰਚਮ ਕਰ ਸ਼ਬਦ ਪੰਚ ਸੇਵ ਕਮਾਈਆ । ਪੰਚਮ ਸ਼ਬਦ ਕਟਾਰ, ਪੰਚਮ ਫੂਲਨ ਹਾਰ ਪਹਿਨਾਇਆ । ਪੰਚਮ ਮੇਲਾ ਇਕ ਦਵਾਰ, ਪੰਚਮ ਪੰਚਾਂ ਵਿਚ ਸਮਾਇਆ । ਪੰਚਮ ਗਾਏ ਪੰਚ ਸੁਣ, ਪੰਚ ਸ਼ਬਦ ਜਣਾਇਆ । ਪੰਚ ਜਣਾਏ ਪੰਚ ਜਨ, ਪੰਚਮ ਆਪ ਉਠਾਈਆ । ਪੰਚਮ ਅਲਾਹੇ ਪੰਚਮ ਸ਼ਬਦ ਧੁਨ, ਪੰਚਮ ਰਾਗ ਮਿਟਾਈਆ । ਪੰਚਮ ਪੁਕਾਰ ਰਿਹਾ ਸੁਣ, ਜੋਤੀ ਜੋਤ ਸਰੂਪ ਹਰਿ, ਪੰਚਮ ਰੰਗ ਰੰਗਾਈਆ । ਪੰਚਮ ਮਾਇਆ ਪੰਚਮ ਪਾਇਆ, ਪੰਚਮ ਪੁਰਖ ਅਪਾਰਾ । ਪੰਚਮ ਆਇਆ ਪੰਚਮ ਜਾਇਆ, ਪੰਚਮ ਸ਼ਬਦ ਹੁਲਾਰਾ । ਪੰਚਮ ਪਾਇਆ ਪੰਚਮ ਵਡਿਆਇਆ, ਪੰਚਮ ਨਾਮ ਜੈਕਾਰਾ । ਪੰਚਮ ਮਿਲਾਇਆ ਪੰਚ ਤ੍ਰਿਪਤਾਇਆ, ਪੰਚਮ ਭਰੇ ਭੰਡਾਰਾ । ਪੰਚਮ ਮਿਟਾਇਆ ਪੰਚਮ ਪਾਇਆ, ਪੰਚਮ ਮੇਲ ਅਪਾਰਾ । ਪੰਚ ਸੁਹਾਇਆ ਪੰਚ ਜਗਾਇਆ, ਪੰਚਮ ਦਏ ਹੁਲਾਰਾ ।

ਪੰਚਮ ਪੰਚਾਂ ਵਿਚ ਸਮਾਇਆ, ਪੰਚਾਂ ਵਸੇ ਆਪੇ ਬਾਹਰਾ । ਪੰਚ ਪਾਇਣ ਪੰਚ ਗਾਇਣ, ਪੰਚਮ ਰੰਗ ਰੰਗਾਇਆ । ਪੰਚ ਆਇਣ ਪੰਚਮ ਜਾਇਣ, ਪੰਚਾਂ ਸੰਗ ਨਿਭਾਇਆ । ਪੰਚ ਖਾਇਣ ਪੰਚ ਡਾਇਣ, ਪੰਚ ਪੰਚਾਂ ਹੱਥ ਫੜਾਇਆ । ਪੰਚਮ ਜੋਤੀ ਇਕ ਮਿਲਾਇਣ, ਪੰਚਮ ਸ਼ਬਦ ਜਣਾਇਆ । ਪੰਚਮ ਵੇਖੇ ਏਕਾ ਨੈਣ, ਪੰਚਮ ਗੋਤੀ ਇਕ ਬਣਾਇਆ । ਪੰਚਮ ਭਾਣਾ ਸਿਰ ਤੇ ਸਹਿਣ, ਪੰਚਮ ਰੋਤੀ ਰੋ ਰੋ ਨੀਰ ਵਹਾਇਆ । ਪੰਚ ਚੁਕਾਇਆ ਲਹਿਣ ਦੇਣ, ਕੋਟੀ ਕੋਟ ਫਿਰਨ ਹਲਕਾਇਆ । ਜੋਤੀ ਜੋਤ ਸਰੂਪ ਹਰਿ, ਪੰਚਮ ਮੇਲਾ ਪੰਚਮ ਘਰ ਪੰਚ ਦਰ ਇਕ ਖੁਲ੍ਹਾਇਆ । ਪੰਚ ਉਪੱਨਾ ਸ਼ਬਦੀ ਧੰਨਾ, ਨਾਮ ਵਸਤ ਅਮੋਲਾ । ਪੰਚਮ ਭੰਨਾ ਪੰਚਮ ਖੰਨਾ, ਪੰਚਮ ਤੋਲ ਅਤੋਲਾ । ਪੰਚਮ ਚੰਨਾ ਪੰਚਮ ਡੰਨਾ, ਪੰਚਮ ਘੋਲ ਘੋਲਾ । ਪੰਚਮ ਮੰਨਾ ਪੰਚਮ ਸੰਨਾ, ਪੰਚਮ ਵਸੇ ਕੋਲਾ । ਪੰਚਮ ਤਨਾ ਛੱਪਰੀ ਛੰਨਾ, ਪੰਚਮ ਬੋਲੇ ਢੋਲਾ । ਪੰਚਮ ਪੰਚਮ ਪੰਚਮ ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲ ਕਲਾ ਸੋਲਾ । ਪੰਚਮ ਮੀਤਾ ਪੰਚਮ ਚੀਤਾ, ਪੰਚਮ ਰੀਤ ਚਲਾਇਆ । ਪੰਚਮ ਸਈਆ ਪੰਚਮ ਨਈਆ, ਪੰਚਮ ਗੀਤਾ ਇਕ ਸੁਣਾਇਆ । ਪੰਚਮ ਜੀਤਾ ਅੰਮ੍ਰਿਤ ਪੀਤਾ, ਪੰਚਮ ਚੀਤਾ ਇਕ ਰਖਾਇਆ । ਪੰਚਮ ਤੱਤਿਆ ਕਾਇਆ ਮੰਦਰ ਮਤਿਆ, ਚਾਰ ਦਿਵਾਰੀ ਇਕ ਬਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੰਚਮ ਪਰਖੇ ਆਪੇ ਮੀਤਾ, ਆਪ ਆਪਣੇ ਵਿਚ ਸਮਾਇਆ । ਪੰਚਮ ਬੋਲੇ ਕਾਇਆ ਚੋਲੇ, ਪੰਚਮ ਰਿਹਾ ਲੁਕਾਈਆ । ਪੰਚਮ ਆਤਮ ਪੜਦੇ ਫੋਲੇ, ਵੇਖ ਵਖਾਣੇ ਕਾਇਆ ਚੋਲੇ, ਪੰਚਮ ਰਹੇ ਜੁਦਾਈਆ । ਪੰਚਮ ਤੋਲ ਸਾਚਾ ਤੋਲੇ, ਪੰਚਮ ਤੱਤ ਸ਼ਬਦ ਵਰੋਲੇ, ਕਾਇਆ ਮਥਨਾ ਆਪ ਅਖਵਾਈਆ । ਪੰਚਮ ਵਸੇ ਹਰਿ ਹਰਿ ਕੋਲੇ, ਪੰਚਮ ਪੰਚ ਰਹੇ ਅਨਭੋਲੇ, ਪੰਚਮ ਗੋਲੇ ਰਿਹਾ ਬਣਾਈਆ । ਪੰਚਮ ਤੋਲ ਸਾਚਾ ਤੋਲੇ, ਜੋਤੀ ਜੋਤ ਸਰੂਪ ਹਰਿ, ਪੰਚਮ ਖੰਡਾ ਏਕਾ ਸ਼ਬਦ ਰਿਹਾ ਲਗਾਈਆ । ਪੰਚਮ ਜੋਗ ਪਰਪੰਚ ਗਵਾਇਆ । ਪੰਚਮ ਭੋਗ ਆਤਮ ਰਸ ਪਾਇਆ । ਪੰਚਮ ਸੰਜੋਗ ਹਰਿ ਹਰਿ ਹਰਿ ਵਰ ਵਰ ਵਰ ਘਰ ਸਾਚੇ ਪਾਇਆ । ਜੋਤੀ ਜੋਤ ਸਰੂਪ ਹਰਿ, ਪੰਚਮ ਮੇਲਾ ਮੇਲ ਕਰ, ਪੰਚਮ ਪੰਚ ਉਪਾਇਆ । ਪੰਚ ਉਪਾਏ ਪੰਚ ਮਿਟਾਏ, ਪੰਚਾਂ ਸ਼ਬਦ ਜਣਾਈਆ । ਪੰਚ ਉਠਾਏ ਪੰਚ ਖਪਾਏ, ਪੰਚਮ ਮੇਲ ਮਿਲਾਈਆ । ਪੰਚ ਹਸਾਏ ਪੰਚ ਰਵਾਏ ਪੰਚਾਂ ਤੇਲ ਚੜ੍ਹਾਈਆ । ਪੰਚ ਛੁਡਾਏ ਪੰਚ ਬੰਧਾਏ, ਪੰਚਾਂ ਅੰਗ ਲਗਾਈਆ । ਪੰਚ ਜਣਾਏ ਪੰਚ ਭੁਲਾਏ, ਪੰਚਾਂ ਭਰਮ ਮਿਟਾਈਆ । ਪੰਚ ਉਠਾਏ ਪੰਚ ਰੁਲਾਏ, ਪੰਚਾਂ ਪੰਚਮ ਮੀਤਾ ਏਕਾ ਸ਼ਬਦ ਸੁਣਾਈਆ । ਮਾਣ ਰਖਾਏ ਅਠਾਰਾਂ ਧਿਆਏ ਗੀਤਾ, ਅਰਜਨ ਨੀਤਾ ਵੇਖ ਵਖਾਈਆ । ਪੰਚਮ ਮੰਨਿਆ ਪੰਚਮ ਡੰਨਿਆ, ਪੰਚਮ ਭਏ ਭਿਆਨਕ । ਪੰਚਮ ਰਾਗ ਸੁਣਾਏ ਕੰਨਿਆ, ਪੰਚ ਉਠਾਏ ਅਚਨ ਅਚਾਨਕ । ਪੰਚਮ ਪੰਚ ਸਾਚਾ ਜਣਿਆ, ਪੰਚ ਸੁਹਾਏ ਸਾਚਾ ਥਾਨਕ । ਪੰਚਮ ਰਾਹ ਏਕਾ ਬੰਨਿਆ, ਪੰਚਮ ਵੇਖੇ ਮੋਤੀ ਮਾਣਕ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਵੇਖ ਵਖਾਣੇ ਖ਼ਲਕ ਖ਼ਾਲਕ । ਜਗਤ ਜੋਗ ਪ੍ਰਭ ਦਏ ਤਿਆਗ । ਚਰਨ ਛੁਹਾਏ ਅਯੁਧਿਆ ਪਰਾਗ । ਵੇਖ ਵਖਾਣੇ ਅਬਿਨਾਸ਼ ਸਨਿਆਸ ਵੈਰਾਗ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਸੋਇਆ ਜਾਏ ਜਾਗ । ਅਯੁਧਿਆ ਪਰਾਗ ਦਰ ਦਰ ਘਰ ਘਰ ਮੰਦਰ ਅੰਦਰ ਵੇਖੇ ਲੱਗੀ ਤ੍ਰਿਸ਼ਨਾ ਆਗ । ਕਵਣ ਹਵਨ ਕਵਣ ਜੋਤੀ ਸਾਚਾ ਦੀਪਕ ਜਗੇ ਚਿਰਾਗ । ਕਵਣ ਭਬੂਤੀ ਤਨ ਧੋਤੀ, ਕਵਣ ਹੰਸ ਕਵਣ ਕਾਗ । ਕਵਣ ਮਧ ਆਤਮ ਰਸ ਪੀਤੀ ਬੂਟੀ, ਕਵਣ ਸੰਤ ਹੱਥ ਪਕੜੇ

ਵਾਗ । ਕਵਣ ਘਰ ਜੀਵ ਜਨਕੀ ਛੂਟੀ, ਕਵਣ ਦਵਾਰੇ ਮਜਨ ਮਾਘ । ਕਵਣ ਜਣਾਏ ਸ਼ਬਦ ਤ੍ਰੈਕੁਟੀ, ਕਵਣ ਦਵਾਰੇ ਵੱਜੇ ਅਨਹਦ ਸਾਚਾ ਨਾਦ । ਜਗਤ ਮਾਇਆ ਕਲਜੁਗ ਛੂਟੀ, ਸ੍ਰਿਸ਼ਟ ਸਬਾਈ ਡੱਸੇ ਡੱਸਣੀ ਨਾਗ । ਧੁਰ ਦਰਗਾਹੀ ਅੰਤਮ ਰੁਠੀ, ਕੋਈ ਨਾ ਪਕੜੇ ਅੰਤਮ ਵਾਗ । ਜੋਤ ਨਿਰੰਜਣ ਏਕਾ ਤੁੱਠੀ, ਦਰ ਘਰ ਸਾਚੇ ਲਾਏ ਭਾਗ । ਚਾਰ ਵਰਨ ਕਰ ਏਕਾ ਮੁੱਠੀ, ਮੇਲ ਮਿਲਾਏ ਕੰਤ ਸੁਹਾਗ । ਪੰਡਤ ਪਾਂਧੇ ਰਹਿਣ ਨਾ ਦੇਵੇ ਕਿਸੇ ਗੁਠੀ, ਧੋਤੀ ਟਿਕਾ ਤਨ ਬਸਤਰ ਵੇਖੇ ਭਾਗ । ਸੰਤ ਸੁਹੇਲੇ ਜੁਗਾ ਜੁਗੰਤਰ ਗਏ ਰੁਠੀ, ਆਪ ਮਿਲਾਏ ਦਇਆ ਕਮਾਏ ਇਕ ਉਪਜਾਏ ਸ਼ਬਦ ਵੈਰਾਗ । ਕਵਲ ਨਾਭੀ ਕਰੇ ਪੁੱਠੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦਰ ਦਵਾਰਾ ਇਕ ਪਛਾਨੇ, ਗੁਰਮੁਖ ਸਾਚੇ ਸੁਘੜ ਸਿਆਣੇ ਸਾਚਾ ਮੇਲਾ ਕੰਤ ਸੁਹਾਗ । ਨੀਕਣ ਨੀਕਾ ਫੀਕਨ ਫੀਕਾ । ਦ੍ਰਿਸ਼ਟ ਜਗਤ ਅਗੋਚਰ ਸਵਾਮੀ ਭੇਵ ਜਾਣੇ ਜਨ ਜੀਆ ਕਾ । ਅੰਤ ਆਦਿ ਆਦਿ ਅੰਤ ਨਿਹਕਾਮੀ, ਲੇਖ ਲਿਖਾਣੇ ਵੇਖ ਵਖਾਣੇ ਰਾਜ ਰਾਜਾਨੇ ਸਾਢੇ ਤਿੰਨ ਹੱਥ ਸੀਂ ਕਾ । ਘਟ ਘਟ ਅੰਤਰਯਾਮੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਹੋਏ ਬਲੋਏ ਘਰ ਸਾਚੇ ਨਾਮੀ । ਆਪ ਅਨਾਮੀ ਆਪ ਨੇਹਕਾਮੀ ਅੰਤਰਯਾਮੀ ਜਾਨਤ । ਆਪੇ ਰੈਣ ਆਪੇ ਸ਼ਾਮੀ, ਆਪੇ ਪੀਰ ਫ਼ਕੀਰ ਪਛਾਨਤ । ਆਪੇ ਰਸ ਆਪੇ ਤਾਮੀ, ਆਪੇ ਕਰੋਧੀ ਕਪਟੀ ਹੋਏ ਕਾਮੀ, ਆਪੇ ਬ੍ਰਹਮ ਗਿਆਨਤ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲੱਖ ਚੁਰਾਸੀ ਵੇਖ ਘਰ, ਕਰੇ ਕਰਾਏ ਸਰਬ ਪਛਾਨਤ । ਆਪ ਪਛਾਣੇ ਆਪੇ ਜਾਣੇ ਆਪੇ ਪੜਦੇ ਉਹਲੇ । ਆਪ ਜਗਾਏ ਚਤੁਰ ਸੁਘੜ ਸਿਆਣੇ, ਭਾਗ ਲਗਾਏ ਕਾਇਆ ਚੋਲੇ । ਆਪ ਸੁਣਾਏ ਨਾਦ ਅਨਾਦੀ ਸਾਚੇ ਗਾਣੇ, ਸੋਹੰ ਸੋ ਸਾਚੇ ਢੋਲੇ । ਆਪ ਜਗਾਏ ਰਾਜੇ ਰਾਣੇ, ਦਰ ਦਵਾਰ ਬਣਾਏ ਗੋਲੇ । ਆਪ ਉਠਾਏ ਸਾਧ ਸੰਤ ਬੇਮਹਾਨੇ, ਪੂਰਾ ਤੋਲ ਹਰਿ ਹਰਿ ਤੋਲੇ । ਆਪ ਚਲਾਏ ਨਾਮ ਵੰਞ ਮੁਹਾਣੇ, ਸ੍ਰਿਸ਼ਟ ਸਬਾਈ ਕਾਇਆ ਫੋਲੇ । ਆਪ ਰਖਾਏ ਆਪਣੇ ਭਾਣੇ, ਹਰਿਜਨ ਅੰਤ ਮਾਤ ਨਾ ਡੋਲੇ । ਆਪ ਉਠਾਏ ਇਕ ਨਿਸ਼ਾਨੇ, ਪਰਗਟ ਹੋਏ ਕਲਾ ਸੋਲੇ । ਚੜ੍ਹੇ ਸ਼ਬਦ ਸੱਚੇ ਬਿਬਾਣੇ, ਲੱਖ ਚੁਰਾਸੀ ਅੰਤ ਵਰੋਲੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਕਾਇਆ ਡੂੰਘੀ ਕੰਦਰ ਸਾਚੇ ਮੰਦਰ ਜਗਤ ਪੁਜਾਰੀ ਸ਼ਬਦ ਸਰੂਪੀ ਬਹਿ ਬਹਿ ਬੋਲੇ । ਸ਼ਬਦ ਪੁਜਾਰੀ ਪ੍ਰੇਮ ਇਸ਼ਟ, ਏਕਾ ਏਕ ਰਖਾਈਆ । ਆਪੇ ਜਾਣੇ ਆਪਣੀ ਦ੍ਰਿਸ਼ਟ, ਵਸ਼ਿਸ਼ਟ ਵਸ਼ਿਸ਼ਟ ਗੁਰ ਬਣਾਈਆ । ਕਲ ਹਿਲਾਏ ਮਾਤ ਸ੍ਰਿਸ਼ਟ, ਦਿਸ ਕਿਸੇ ਨਾ ਆਈਆ । ਮਤ ਬੁਧੀ ਹੋਈ ਨਸ਼ਟ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਕਲ ਵਰਤਾਈਆ । ਆਪਣੀ ਕਲ ਆਪ ਵਰਤਾਏ, ਸ਼ਬਦ ਕਹਿਰ ਅੰਧੇਰਾ । ਵਲ ਛਲ ਪ੍ਰਭ ਆਪ ਕਰਾਏ, ਨਾ ਕੋਈ ਜਾਣੇ ਸੰਞ ਸਵੇਰਾ । ਜਗਤ ਧਾਮ ਆਪ ਡੁਲਾਏ, ਨੌਂ ਖੰਡ ਪ੍ਰਿਥਮੀ ਪਾਏ ਘੇਰਾ । ਚਾਰੋਂ ਕੁੰਟ ਉਠ ਉਠ ਧਾਏ, ਸਿੰਘ ਸ਼ੇਰ ਪ੍ਰਭ ਸ਼ੇਰ ਦਲੇਰਾ । ਲੱਖ ਚੁਰਾਸੀ ਰੋਵੇ ਹਾਵੇ, ਨਾਤਾ ਤੁੱਟੇ ਮੇਰੀ ਮੇਰਾ । ਗੁਰਮੁਖ ਵਿਰਲਾ ਗੀਤ ਅਨਾਦੀ ਏਕਾ ਗਾਵੇ, ਜਿਸ ਜਨ ਕਰੇ ਆਪਣੀ ਮਿਹਰਾ । ਏਕਾ ਪਦ ਘਰ ਸਾਚੇ ਪਾਵੇ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸ਼ਬਦ ਵਰ, ਨਾ ਮਾਤ ਕਲ ਲਾਵੇ ਡੇਰਾ । ਇਕ ਸ਼ਬਦ ਇਕ ਸ਼ਿੰਗਾਰ । ਇਕ ਗੁਰ ਇਕ ਅਧਾਰ । ਇਕ ਸੁਰ ਇਕ ਨਾਦ ਬੋਧ ਅਗਾਧ ਅਪਰ ਅਪਾਰ । ਜੋਤੀ ਜੋਤ ਸਰੂਪ ਹਰਿ, ਆਤਮ ਵੇਖੇ ਸਚ ਘਰ, ਕਵਣ ਦਵਾਰੇ ਮੇਲਾ ਮਾਧਵ ਮਾਧ । ਹਰਿ ਦਵਾਰਾ ਆਪ ਪਛਾਣੇ, ਨੌਂ

ਦਵਾਰੇ ਤਜ । ਭਗਤ ਜਨਾਂ ਹਰਿ ਪਾਵੇ ਸਾਰੇ, ਕਲਜੁਗ ਮਾਇਆ ਪੜਦੇ ਕੱਜ । ਆਵਣ ਜਾਵਣ ਗੇੜ ਨਿਵਾਰੇ, ਅੰਤਮ ਰੱਖੇ ਲਜ । ਪਤਤ ਪਾਵਨ ਖੇਲ ਅਪਾਰੇ, ਪਿਆਏ ਅੰਮ੍ਰਿਤ ਆਤਮ ਰਜ । ਦਰਸ ਦਿਖਾਏ ਅਗੰਮ ਅਪਾਰੇ, ਕਾਇਆ ਕਾਅਬਾ ਇਕ ਕਰਾਏ ਸਾਚਾ ਹੱਜ । ਸ਼ਬਦ ਜਣਾਏ ਸੱਚੀ ਧੁਨਕਾਰੇ, ਸ਼ਬਦ ਸਰੂਪੀ ਮਾਰੇ ਅਵਾਜ । ਜੋਤ ਨਿਰੰਜਣ ਇਕ ਅਕਾਰੇ, ਇਕ ਸੁਨੇਹੜਾ ਗੁਰ ਮੰਤ ਦੇਵੇ ਗੁਰ ਸ਼ਬਦ ਸਾਚਾ ਭੱਜ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਘਰ ਘਰ ਦਰ ਏਕਾ ਏਕ ਬਹੇ ਸਜ । ਸਤਿ ਪੁਰਖ ਅਪਾਰ, ਸਤਿ ਸਮਾਇਆ । ਘਰ ਸਤਵੇਂ ਕਰ ਆਕਾਰ, ਜੋਤੀ ਨੂਰ ਉਪਾਇਆ । ਆਪੇ ਵੇਖੇ ਆਪਣੀ ਧਾਰ, ਪ੍ਰਭ ਆਪਣਾ ਦਰ ਸੁਹਾਇਆ । ਛੇਵਾਂ ਘਰ ਕਰ ਤਿਆਰ, ਜੋਤੀ ਸੁਤ ਸ਼ਬਦ ਜਣਾਇਆ । ਸ਼ਬਦ ਚਲੇ ਅਪਰ ਅਪਾਰ, ਆਦਿ ਅੰਤ ਭੇਵ ਨਾ ਰਾਇਆ । ਆਪੇ ਵੇਖੇ ਦਰ ਦਵਾਰ, ਪੰਚਮ ਕੁੰਡਾ ਆਪੇ ਲਾਹਿਆ । ਪੰਚਮ ਕਰ ਪਵਣ ਅਧਾਰ, ਸਚ ਸਵਾਸੀ ਰਿਹਾ ਚਲਾਇਆ । ਚੌਥਾ ਘਰ ਜੋਤ ਨਿਰੰਕਾਰ, ਦੂਰ ਨੇੜੇ ਦਿਸ ਨਾ ਆਇਆ । ਸਾਧਾਂ ਸੰਤਾਂ ਕਰੇ ਪਿਆਰ, ਨਾਮ ਵਿਚੋਲਾ ਵਿਚ ਰਖਾਇਆ । ਆਪੇ ਹੋਏ ਬਾਹਰ ਵਾਰ, ਦੂਸਰ ਕੋਇ ਰਹਿਣ ਨਾ ਪਾਇਆ । ਸੋਲਾ ਕਰੇ ਤਨ ਸ਼ਿੰਗਾਰ, ਸ਼ਬਦ ਸਿੰਘਾਸਣ ਦਏ ਵਖਾਇਆ । ਏਕਾ ਘਰ ਸੱਚਾ ਦਰਬਾਰ, ਦਰ ਦਰਵੇਸ਼ਾ ਭੇਖ ਵਟਾਇਆ । ਕਲਜੁਗ ਅੰਤਮ ਵੇਖ ਵਿਚਾਰ, ਨਿਹਕਲੰਕੀ ਜੋਤ ਜਗਾਇਆ । ਬੀਸ ਬੀਸੇ ਖ਼ਬਰਦਾਰ, ਭਾਣਾ ਆਪਣੇ ਹੱਥ ਰਖਾਇਆ । ਬੀਸ ਤੇਰਾਂ ਤੇਰਾਂ ਨਾਨਕ ਧਾਰ, ਨੈਣ ਨੇਤਰ ਵੇਖਣ ਆਇਆ । ਰਾਜ ਰਾਜਾਨਾਂ ਕਰੇ ਖ਼ਬਰਦਾਰ, ਸ਼ਬਦ ਸੁਨੇਹੜਾ ਦਰ ਪੁਚਾਇਆ । ਸਾਧਾਂ ਸੰਤਾਂ ਪਾਵੇ ਸਾਰ, ਦਸਮ ਦਵਾਰੀ ਬੂਹਾ ਲਾਹਿਆ । ਆਪੇ ਪੁੱਛੇ ਜਗਤ ਵਿਹਾਰ, ਕਵਣ ਚੇਲਾ ਕਵਣ ਗੁਰ ਹੋਏ ਸਹਾਇਆ । ਕਵਣ ਉਠਾਏ ਕਾਇਆ ਮਾਟੀ ਭਾਰ, ਤੀਰਥ ਤਾਟੀ ਦੁਰਮਤ ਮੈਲ ਧਵਾਇਆ । ਕਵਣ ਚੜ੍ਹਾਏ ਔਖੀ ਘਾਟੀ, ਭਾਂਡਾ ਭਰਮ ਦਏ ਭੰਨਾਇਆ । ਦੀਪਕ ਜੋਤੀ ਜਗੇ ਕੋਲ ਲਿਲਾਟੀ, ਸਤਿ ਪਰਕਾਸ਼ ਕਰਾਇਆ । ਬਜਰ ਕਪਾਟੀ ਜਿਸ ਜਨ ਪਾਟੀ, ਤਨ ਸਾਚੀ ਹਾਟੀ ਜੋਤ ਸਰੂਪੀ ਖੇਲ ਰਚਾਇਆ । ਕਰੇ ਖੇਲ ਬਾਜੀਗਰ ਨਾਟੀ, ਅਗੇ ਦਿਸੇ ਨੇੜੇ ਵਾਟੀ, ਕੰਢਾ ਪਾਰ ਨਾ ਕੋਈ ਜਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੇ ਰੰਗ ਸਮਾਇਆ । ਪ੍ਰਭ ਆਪਣੇ ਰੰਗ ਸਮਾਏ, ਭੇਵ ਭੇਵ ਅਭੇਦਾ । ਨੌਂ ਖੰਡ ਪ੍ਰਿਥਮੀ ਖੇਲ ਖਿਲਾਏ, ਸਤਾਂ ਦੀਪਾਂ ਅਛਲ ਅਛੇਦਾ । ਬ੍ਰਹਿਮੰਡ ਖੰਡ ਪ੍ਰਭ ਵੰਡ ਵੰਡੇ ਭੇਵ ਗਵਾਏ ਪ੍ਰਭ ਚਾਰੇ ਵੇਦਾ । ਸੋਹੰ ਖੰਡਾ ਇਕ ਉਠਾਏ, ਨਾ ਕੋਈ ਜਾਣੇ ਜਗਤ ਕਿਤੇਬਾ । ਚਾਰ ਕੁੰਟ ਜਾਮ ਪਿਲਾਏ ਕਥਨੀ ਕਥੇ ਨਾ ਕੋਈ ਜਿਹਵਾ । ਜੇਰਜ ਅੰਡਾਂ ਵੇਖ ਵਖਾਏ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੰਚਮ ਮੇਲਾ ਇਕ ਕਰ ਵਡ ਦੇਵੀ ਦੇਵਾ । ਪੰਚਮ ਲਾਇਆ ਪੰਚ ਹਰਿ, ਪੰਚਮ ਜੋਤ ਜਗਾਈਆ । ਪੰਚ ਚੁਕਾਏ ਆਪ ਡਰ, ਪੰਚਮ ਧੀਰ ਧਰਾਈਆ । ਪੰਚਮ ਦੇਵੇ ਭਗਤ ਵਰ, ਪੰਚਮ ਕਰੇ ਹਲਕਾਈਆ । ਪੰਚਮ ਖੋਲ੍ਹੇ ਆਤਮ ਦਰ, ਪੰਚਮ ਆਪ ਭਵਾਈਆ । ਪੰਚਮ ਨੁਹਾਏ ਸਾਚੇ ਸਰ, ਪੰਚਮ ਸਾਰ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਚਿੰਤ ਕਾਇਆ ਖੇਤ, ਸੋਹੰ ਬੀਜ ਤਨ ਮਨ ਸੀਜ ਸਾਚੇ ਮੰਦਰ ਰਿਹਾ ਬਿਜਾਈਆ । ਏਕਾ ਬਾਣਾ ਏਕਾ ਰਤ, ਸ਼ਬਦ ਚੜ੍ਹਾਏ ਸਾਚੇ ਰਥ, ਦਿਵਸ ਰੈਣ ਰਹੇ ਖੁਮਾਰੀ । ਆਦਿ ਅੰਤ ਪ੍ਰਭ ਰੱਖੇ ਪਤ, ਦਿਵਸ ਰੈਣ ਆਪੇ ਖੁਮਾਰੀ । ਪਵਣ ਤੱਤ ਪ੍ਰਭ ਰੱਖੇ ਪਤ, ਸਤਿ ਸੰਤੋਖੀ ਧੀਰਜ ਯਤ, ਜੋਤ ਜਗਾਏ


੫੬੧ ੦੫

ਅਗੰਮ ਅਪਾਰੀ । ਭਾਗ ਲਗਾਏ ਕਾਇਆ ਹਟ, ਤਨ ਮੰਦਰ ਅੰਦਰ ਚੌਦਾਂ ਹਟ, ਦੇਵੇ ਨਾਮ ਵਸਤ ਨਾਮ ਪਸਾਰੀ । ਇਕ ਵਖਾਏ ਤੀਰਥ ਤਟ, ਦੁਰਮਤ ਮੈਲ ਕਾਇਆ ਕੱਟ ਦੂਈ ਦਵੈਤੀ ਮੇਟੇ ਫੱਟ, ਏਕਾ ਦੇਵੇ ਸ਼ਬਦ ਅਧਾਰੀ । ਦੀਪਕ ਜੋਤੀ ਲਟ ਲਟ, ਸੀਸ ਹਥੌੜਾ ਮਾਰੇ ਸੱਟ, ਪ੍ਰਭ ਖੋਲ੍ਹੇ ਬੰਦ ਕਵਾੜੀ । ਸਾਚਾ ਲਾਹਾ ਲੈਣ ਖਟ, ਹਰਿ ਸ਼ਬਦ ਪਹਿਨਾਏ ਤਨ ਸਾਚਾ ਪਟ, ਮਾਨਸ ਦੇਹੀ ਪੈਜ ਸਵਾਰੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੋਕਮਾਤ ਫੜਾਏ ਆਪਣਾ ਲੜ, ਦੋ ਜਹਾਨ ਸ੍ਰੀ ਭਗਵਾਨ ਦੇਵੇ ਸਚ ਸੱਚੀ ਸਰਦਾਰੀ ।

★ ੧੯ ਫੱਗਣ ੨੦੧੨ ਬਿਕ੍ਰਮੀ ਮਾਤਾ ਬਿਸ਼ਨ ਕੌਰ ਦੇ ਗ੍ਰਿਹ ਹਰਿ ਭਗਤ ਦਵਾਰ ਜੇਠੂਵਾਲ ★

ਦਹਿ ਦਿਸ਼ਾ ਹਰਿ ਦਿਵਸ ਵਿਚਾਰ । ਪਾਏ ਹਿਸਾ ਵਿਚ ਸੰਸਾਰ । ਬੀਸ ਇਕੀਸਾ ਜੋਤ ਆਕਾਰ । ਛਤਰ ਝੁੱਲੇ ਪ੍ਰਭ ਸਾਚੇ ਸੀਸਾ, ਰਾਜ ਰਾਜਾਨਾਂ ਕਰੇ ਖ਼ਬਰਦਾਰ । ਏਕਾ ਸ਼ਬਦ ਚਲੇ ਹਦੀਸਾ, ਚਾਰ ਵਰਨਾਂ ਏਕਾ ਧਾਰ । ਮਾਇਆ ਰਾਣੀ ਜੂਠਾ ਝੂਠਾ ਪੀਸਣ ਪੀਸਾ, ਕਲਜੁਗ ਅੰਤਮ ਗਈ ਹਾਰ । ਸ਼ਾਹ ਸੁਲਤਾਨਾਂ ਖਾਲੀ ਖੀਸਾ, ਰੋਵਣ ਧਾਹਾਂ ਮਾਰ । ਗਾਇਆ ਰਾਗ ਦੰਦ ਬਤੀਸਾ, ਨਾ ਕੋਈ ਸੁਣੇ ਮਾਤ ਪੁਕਾਰ । ਏਕਾ ਛਤਰ ਝੁੱਲੇ ਪ੍ਰਭ ਸਾਚੇ ਸੀਸਾ, ਸੋਹੰ ਸ਼ਬਦ ਧਰਮ ਜੈਕਾਰ । ਪੁਰਖ ਅਬਿਨਾਸ਼ੀ ਇਕ ਬੁਲਾਇਆ, ਨੌਂ ਖੰਡ ਪ੍ਰਿਥਮੀ ਬੰਨ੍ਹੇ ਧਾਰ । ਲੋਕਮਾਤੀ ਵੇਖਣ ਆਇਆ, ਸ਼ਬਦ ਘੋੜੇ ਹੋ ਅਸਵਾਰ । ਜ਼ਾਤ ਅਜ਼ਾਤੀ ਪਰਖਣ ਆਇਆ ਗੁਰਮੁਖਾਂ ਦੇਵੇ ਚਰਨ ਪਿਆਰ । ਨਾਮ ਨਾਤੀ ਬੰਨ੍ਹਣ ਆਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਬੈਠ ਸਿੰਘਾਸਣ ਲੱਖ ਚੁਰਾਸੀ ਵੇਖੇ ਪਰਖੇ ਦਿਸ ਨਾ ਆਇਆ । ਵੇਖੇ ਪਰਖੇ ਪਰਖਣਹਾਰ । ਨਾਮ ਘਸਵਟੀ ਲਾਏ, ਕਰੇ ਖੇਲ ਅਪਰ ਅਪਾਰ । ਸੋਹੰ ਸਾਚੀ ਬਾਣੀ ਇਕ ਪੜ੍ਹਾਏ, ਗੁਰਮੁਖ ਸਾਚਾ ਵੇਖਣਹਾਰ । ਤੀਰਥ ਤੱਟੀ ਇਕ ਇਸ਼ਨਾਨ ਕਰਾਏ, ਆਪੇ ਵਸੇ ਘੱਟ ਘੱਟੀ, ਘਟ ਘਟ ਅੰਦਰ ਡੇਰਾ ਲਾਏ, ਮਨਮੁਖ ਜੀਵਾਂ ਅੰਤਮ ਭਰਨੀ ਧਰਮ ਰਾਏ ਦੀ ਚਟੀ, ਡਾਹਢੇ ਹੋਣ ਖੁਆਰ । ਗੁਰਮੁਖਾਂ ਜੋਤ ਜਗਾਏ ਲੱਟ ਲੱਟੀ, ਕਾਇਆ ਮਟੀ ਕਰੇ ਰੁਸ਼ਨਾਏ, ਸ਼ਬਦ ਧਾਰ ਅਪਰ ਅਪਾਰ । ਦਰ ਘਰ ਸਾਚੇ ਸੁਟੀ, ਆਪੇ ਨਿਕਲੇ ਹੋ ਹੋ ਬਾਹਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦੁਰਮਤ ਰਿਹਾ ਕੱਟੀ, ਅੰਮ੍ਰਿਤ ਆਤਮ ਦੇਵੇ ਠੰਡਾ ਠਾਰ । ਅੰਮ੍ਰਿਤ ਆਤਮ ਭਰ ਪਿਆਲਾ, ਗੁਰਮੁਖਾਂ ਆਪ ਪਿਆਇੰਦਾ । ਪਰਗਟ ਹੋਏ ਦੀਨ ਦਿਆਲਾ, ਸੋਹੰ ਸਾਚਾ ਜਾਪ ਜਪਾਇੰਦਾ । ਵੇਖੇ ਖੇਲ ਖੇਲ ਤੱਤ ਕਾਲਾ, ਸਾਚੀ ਘਾਲਾ ਘਾਲਣ ਲੇਖੇ ਲਾਇੰਦਾ । ਗਲ ਪਹਿਨਾਏ ਸਾਚੀ ਮਾਲਾ, ਤੋੜੇ ਮਾਇਆ ਜਗਤ ਜੰਜ਼ਾਲਾ, ਰਾਹ ਸੁਖਾਲਾ ਇਕ ਵਖਾਇੰਦਾ । ਨੇੜ ਨਾ ਆਏ ਕਾਲ ਮਹਾਂਕਾਲਾ, ਅਗਨੀ ਜੋਤ ਜਗੇ ਜਵਾਲਾ, ਕਾਇਆ ਮੰਦਰ ਸੱਚੀ ਧਰਮਸਾਲਾ, ਸਾਚਾ ਧਾਮ ਇਕ ਸੁਹਾਇੰਦਾ । ਬੰਦ ਕੁਆੜੀ ਤੁੱਟੇ ਤਾਲਾ, ਫ਼ਲ ਲੱਗੇ ਕਾਇਆ ਡਾਲ੍ਹਾ, ਚਲੇ ਮਾਤ ਅਵੱਲੜੀ ਚਾਲਾ, ਚਾਲ ਨਿਰਾਲੀ ਸ਼ਬਦ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਸੁਨੇਹੜਾ ਦੇਵੇ ਵਰ, ਕਾਇਆ ਤਾਲ ਇਕ ਸੁਹਾਇੰਦਾ । ਕਾਇਆ ਅੰਮ੍ਰਿਤ ਆਤਮ ਸੋਹੇ ਤਾਲ, ਸਾਚੇ ਅੰਦਰ ਧਰਿਆ । ਗੁਰਮੁਖ ਵਿਰਲਾ ਮਾਰੇ ਛਾਲ, ਦੋ ਜਹਾਨੀ ਤਨ ਮਨ ਹਰਿਆ । ਸੁਰਤ ਸਵਾਣੀ ਦੀਨ ਦਿਆਲ, ਆਤਮ ਬੂਟਾ ਏਕਾ ਹੋਇਆ । ਨਾਮ ਫ਼ਲ ਪੱਤ ਡਾਲ,

ਰੁੱਤ ਬਸੰਤ ਕਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਚਲੇ ਨਾਲ ਨਾਲ, ਮਨਮੁਖ ਦੰਦ ਬਤੀਸਾ ਮਾਤ ਫੜਿਆ । ਮਾਣ ਮੋਹ ਤੁਟੇ ਅਭਿਮਾਨਾ । ਵੱਜੇ ਤੀਰ ਸ਼ਬਦ ਨਿਸ਼ਾਨਾ । ਪੁਰਖ ਅਬਿਨਾਸ਼ੀ ਪੜਦੇ ਕੱਜੇ, ਹੋਏ ਸਹਾਈ ਵਾਲੀ ਦੋ ਜਹਾਨਾ । ਆਪੇ ਹੋਏ ਖੱਬੇ ਸੱਜੇ ਪਿੱਛੇ, ਅਗੇ ਜੋਤ ਮਹਾਨਾ । ਪੰਚ ਵਿਕਾਰਾ ਚਰਨਾਂ ਹੇਠ ਦੱਬੇ, ਆਤਮ ਉਪਜੇ ਬ੍ਰਹਮ ਗਿਆਨਾ । ਹਰਿ ਜਨ ਜਨ ਹਰਿ ਸਾਚਾ ਦਰ ਘਰ ਸਾਚਾ ਏਕਾ ਲੱਭੇ, ਮਿਲੇ ਮੇਲ ਹਰਿਜਨ ਸੱਜਣ ਸੁਹੇਲ, ਸਾਵਲ ਸੁੰਦਰ ਗੋਪੀ ਕਾਹਨਾ । ਅੰਮ੍ਰਿਤ ਆਤਮ ਰਸ ਚੁਆਏ ਕਵਲ ਨੱਭੇ, ਤੇਜ ਪਰਕਾਸ਼ ਕੋਟਨ ਭਾਨਾ । ਪੂਰ ਕਰਾਏ ਕਾਰਜ ਸੱਭੇ, ਜੋ ਜਨ ਰਖੇ ਏਕਾ ਚਰਨ ਧਿਆਨਾ । ਚਰਨ ਧਿਆਨ ਜਗਤ ਚਤੁਰਾਈ, ਪ੍ਰਭ ਪੂਰਨ ਬੂਝ ਬੁਝਾਈਆ । ਦਰ ਘਰ ਮਿਲੇ ਸੱਚੀ ਵਡਿਆਈ, ਆਤਮ ਭੇਵ ਗੂਝ ਖੁਲ੍ਹਾਈਆ । ਹੋਏ ਸਹਾਈ ਸਭਨੀਂ ਥਾਂਈ, ਏਕਾ ਦੂਜਾ ਭਉ ਚੁਕਾਈਆ । ਆਪ ਉਠਾਏ ਫੜ ਫੜ ਬਾਹੀਂ, ਇਕ ਪ੍ਰੀਤੀ ਭਗਤ ਰੀਤੀ ਜਗਤ ਅਤੀਤੀ ਚਰਨ ਕਵਲ ਚਰਨ ਪੰਚਮ ਤੱਤ ਰਤ ਸਤਿ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸ਼ਬਦ ਵਰ, ਆਪ ਆਪਣੀ ਗੋਦ ਉਠਾਈਆ । ਆਪੇ ਬਾਲ ਆਪ ਅੰਞਾਣਾ । ਆਪੇ ਚਤੁਰ ਸੁਘੜ ਸਿਆਣਾ । ਗੁਰਮੁਖ ਗੁਰਮੁਖ ਗੋਬਿੰਦ ਗੋਬਿੰਦ ਗੋਬਿੰਦ ਏਕਾ ਰੰਗ ਸਾਚਾ ਮਾਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸ਼ਬਦ ਵਰ, ਗੁਰਮੁਖਾਂ ਦੇਵੇ ਸ਼ਬਦ ਵਰ, ਦਿਵਸ ਰੈਣ ਰੈਣ ਦਿਵਸ ਰੰਗ ਰੰਗੇ ਨਾਮ ਮਹਾਨਾ । ਨਾਮ ਰੰਗ ਰੰਗ ਅਵੱਲਾ, ਗੁਰਮੁਖ ਵਿਰਲੇ ਕਾਇਆ ਚੋਲਾ ਮਾਤ ਰੰਗਾਈਆ । ਪੁਰਖ ਅਬਿਨਾਸ਼ੀ ਇਕ ਇਕੱਲਾ, ਲੱਖ ਚੁਰਾਸੀ ਵੇਖੇ ਕਾਇਆ ਮਹੱਲਾ, ਜੇਰਜ ਅੰਡ ਉਤਭੁਜ ਸੇਤਜ ਰਿਹਾ ਸਮਾਈਆ । ਆਪੇ ਹੋਏ ਅਛਲ ਅਛਲਾ, ਕਿਸੇ ਹੱਥ ਨਾ ਆਏ ਜੰਗਲ ਜੂਹ ਉਜਾੜ ਪਹਾੜ ਜਲ ਥਲ ਡੂੰਘੀ ਡੱਲਾ ਵੇਖ ਵਖਾਈਆ । ਆਪ ਆਪਣੀ ਵਰਤੇ ਕਲਾ, ਸ਼ਬਦ ਫੜੇ ਹੱਥ ਤਿੱਖਾ ਭੱਲਾ, ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਕਲਜੁਗ ਅੰਤਮ ਵੇਖ ਹਰਿ, ਗੁਰਮੁਖ ਸਾਚੇ ਸੰਤ ਸੁਹੇਲੇ, ਆਪ ਆਪਣੇ ਰੰਗ ਸਮਾਈਆ । ਆਪ ਆਪਣੇ ਅੰਕ ਲਗਾਏ, ਹਉਮੇ ਰੋਗ ਗਵਾਇੰਦਾ । ਰਾਓ ਰੰਕ ਸਦ ਆਏ ਜਣਾਏ, ਦਵਾਰ ਬੰਕ ਇਕ ਸੁਹਾਏ, ਕਾਇਆ ਮੰਦਰ ਸਾਚੇ ਅੰਦਰ ਜੋਤ ਸਰੂਪੀ ਹਰਿ ਹਰਿ ਵਡਾ ਸ਼ਾਹੋ ਭੂਪੀ, ਏਕਾ ਤਾਲ ਵਜਾਇੰਦਾ । ਸ੍ਰਿਸ਼ਟ ਸਬਾਈ ਅੰਧ ਕੂਪੀ, ਗੁਰਮੁਖ ਵਿਰਲਾ ਸਵੱਛ ਸਰੂਪੀ, ਮਾਇਆ ਮਮਤਾ ਜਗਤ ਜੰਜਾਲਾ, ਆਤਮ ਨੌਂ ਦਵਾਰੇ ਖੋਹ ਘਰ ਦਸਵਾਂ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੁਰਮਤ ਮੈਲ ਹਰਿਜਨ ਧੋ, ਆਤਮ ਬੀਜ ਸਾਚਾ ਬੋ, ਏਕਾ ਨਾਮ ਨਿਹਚਲ ਧਾਮ ਅਟੱਲ ਸੋਹੰ ਸਾਚਾ ਫ਼ਲ ਕਲਜੁਗ ਅੰਤਮ ਆਪ ਖਵਾਇੰਦਾ । ਆਤਮ ਫ਼ਲ ਗੁਰਮੁਖ ਰਸ, ਰਸਨ ਰਸ ਨਾ ਜਾਣਿਆ । ਪੁਰਖ ਅਬਿਨਾਸ਼ੀ ਹੋਵੇ ਵਸ, ਏਕਾ ਰਾਹ ਦੇਵੇ ਦਸ, ਨਾ ਕੋਈ ਜਾਣੇ ਖਾਣੀ ਬਾਣੀਆ । ਕਰੇ ਪਰਕਾਸ਼ ਜੋਤ ਕੋਟਨ ਰਵ ਸਸ, ਮਿਟੇ ਰੈਣ ਅੰਧੇਰੀ ਮਸ, ਮਾਰੇ ਤੀਰ ਇਕ ਨਿਸ਼ਾਨਿਆ । ਸ਼ਬਦ ਸੁਹੇਲਾ ਆਪ ਕਰਾਏ ਆਪਣਾ ਮੇਲਾ ਦਰ ਘਰ ਸਾਚੇ ਆਏ ਨੱਸ, ਜੋਤ ਨਿਰੰਜਣ ਦੇਵੇ ਨਾਮ ਅੰਜਨ ਘਟ ਘਟ ਆਪੇ ਜਾਣਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਦੇਵੇ ਨਾਮ ਵਰ, ਅੰਮ੍ਰਿਤ ਆਤਮ ਦਿਵਸ ਰੈਣ ਠੰਢਾ ਪਾਣੀਆ । ਅੰਮ੍ਰਿਤ ਆਤਮ ਸਾਚੀ ਧਾਰ, ਗੁਰਮੁਖ ਵਿਰਲੇ ਪਾਈਆ । ਨੌਂ ਦਵਾਰੇ ਬੰਦ ਕਿਵਾੜ, ਪੰਚਮ ਧਾੜ ਪਰ੍ਹੇ ਹਟਾਈਆ । ਦਰ ਘਰ ਸਾਚੇ ਹਰਿ ਹਰਿ ਸਾਚਾ ਦੇਵੇ

੫੬੩ ੦੫

ਵਾੜ, ਜਿਸ ਜਨ ਸਾਚੀ ਸੇਵ ਕਮਾਈਆ । ਆਪੇ ਹੋਏ ਪਿਛੇ ਅਗਾੜ, ਨੇੜ ਨਾ ਆਏ ਮੌਤ ਲਾੜ, ਰਾਏ ਧਰਮ ਰਿਹਾ ਸ਼ਰਮਾਈਆ । ਸ਼ਬਦ ਘੋੜੇ ਦੇਵੇ ਚਾੜ੍ਹ, ਜੋਤ ਜਗਾਏ ਬਹੱਤਰ ਨਾੜ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਦੇਵੇ ਜਗਤ ਵਰ, ਭਵਿਖਤ ਵਾਕੀ ਏਕਾ ਰਾਹ ਜਗਤ ਮਲਾਹ ਬੇਪਰਵਾਹ ਆਪਣਾ ਆਪ ਵਖਾਈਆ । ਆਪ ਆਪਣਾ ਰਾਹ ਵਖਾਏ, ਕਲਜੁਗ ਅੰਤਮ ਵਾਰਿਆ । ਸੋਹੰ ਸਾਚਾ ਨਾਮ ਜਪਾਏ, ਜੋਤ ਨਿਰੰਜਣ ਨਰ ਨਿਰੰਕਾਰਿਆ । ਹਰਿਜਨ ਸੋਏ ਆਪ ਜਗਾਏ, ਮਾਰੇ ਸ਼ਬਦ ਸੱਚੀ ਉਡਾਰਿਆ । ਦੁਰਮਤ ਮੈਲ ਕਾਇਆ ਧੋਏ, ਚਰਨ ਕਵਲ ਕਵਲ ਚਰਨ ਜੋ ਜਨ ਕਰੇ ਪਿਆਰਿਆ । ਮਨਮੁਖ ਜੀਵ ਰਹੇ ਰੋਏ, ਆਤਮ ਭਰਿਆ ਇਕ ਹੰਕਾਰਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਜਨ ਵਿਰਲਾ ਦੇਵੇ ਸ਼ਬਦ ਭੰਡਾਰ, ਅਨਹਦ ਸਾਚੀ ਧਾਰ ਵਜਦੀ ਰਹੇ ਵਾਰੋ ਵਾਰਿਆ । ਅਨਹਦ ਧਾਰ ਅਨਹਦ ਧੁਨ । ਆਪ ਤੁੜਾਏ ਮੁਨ ਸੁਨ । ਗੁਰਮੁਖ ਸਾਚੇ ਮਾਤ ਚੁਣ । ਆਪੇ ਜਾਣੇ ਗੁਣ ਅਵਗੁਣ । ਲੱਖ ਚੁਰਾਸੀ ਛਾਣ ਪੁਣ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਸਿੰਘਾਸਣ ਬੈਠ ਹਰਿ, ਸਰਬ ਪੁਕਾਰ ਰਿਹਾ ਸੁਣ । ਮਸਤਕ ਟਿੱਕਾ ਨਾਮ ਲਿਲਾਟੀ । ਆਪ ਚੜ੍ਹਾਏ ਔਖੀ ਘਾਟੀ । ਵੇਖ ਵਖਾਣੇ ਕਾਇਆ ਮਾਟੀ । ਆਪਣੀ ਬਿਧ ਆਪੇ ਜਾਣੇ, ਕਿਸੇ ਹੱਥ ਨਾ ਆਏ ਤੀਰਥ ਤਾਟੀ । ਭਰਮੇ ਭੁੱਲੇ ਸੁਘੜ ਸਿਆਣੇ, ਸਾਚਾ ਨਾਮ ਨਾ ਮਿਲੇ ਕਿਸੇ ਜਗਤ ਹਾਟੀ । ਗੁਰਮੁਖ ਸਾਚੇ ਬਾਲ ਅੰਵਾਣੇ, ਸਾਚਾ ਲਾਹਾ ਦਰ ਘਰ ਸਾਚੇ ਰਹੇ ਖਾਟੀ । ਦਰਗਾਹ ਦੇਵੇ ਮਾਣੇ, ਜੋਤ ਜਗਾਏ ਹਰਿ ਰਘੁਰਾਏ ਏਕਾ ਏਕ ਨਿਰੰਜਣ ਲਿਲਾਟੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਮ੍ਰਿਤ ਆਤਮ ਨਾਮ ਪਿਆਲਾ ਇਕ ਪਿਆਏ ਦਇਆ ਕਮਾਏ ਦਿਸ ਨਾ ਆਏ ਹਰਿਜਨ ਸਾਚਾ ਰਸਨ ਰਸ ਰਿਹਾ ਚਾਟੀ । ਨਾਮ ਸਤਿ ਸ਼ਬਦ ਮਸਤਾਨਾ । ਸੋਹੰ ਸਤਿ ਨੌਜਵਾਨਾ । ਤਨ ਸਤਿ ਗੁਣ ਨਿਧਾਨਾ । ਮਿਲੇ ਵਸਤ ਸ੍ਰੀ ਭਗਵਾਨਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਤਮ ਬੰਨ੍ਹੇ ਨਾਮ ਗਾਨਾ । ਨਾਮ ਗਾਨਾ ਤਨ ਸ਼ਿੰਗਾਰ । ਸ਼ਬਦ ਨਿਸ਼ਾਨਾ ਆਰ ਪਾਰ । ਮਿਲੇ ਬਿਬਾਣਾ ਵਿਚ ਸੰਸਾਰ । ਗੁਣ ਨਿਧਾਨਾ ਗੁਣ ਗੁਣਵੰਤਾ ਆਦਿਨ ਅੰਤਾ ਰਿਹਾ ਵਿਚਾਰ । ਮਿਲੇ ਵਡਿਆਈ ਜੀਵ ਜੰਤ ਆਪ ਬਣਾਏ ਸਾਚੀ ਬਣਤਾ, ਸਾਚੀ ਨਾਰੀ ਕੰਤ ਭਤਾਰ । ਸਾਚਾ ਧਾਮ ਇਕ ਸੁਹੰਤਾ, ਸੁਰਤ ਸਵਾਣੀ ਸਾਚਾ ਮੇਲਾ ਪ੍ਰਭ ਸਾਚੇ ਸੰਤ ਏਕਾ ਰੰਗ ਅਪਰ ਅਪਾਰ । ਨਾ ਵਿਛੋੜਾ ਹੋਏ ਆਦਿ ਅੰਤਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਰਿਹਾ ਤਾਰ । ਆਤਮ ਮਧ ਪ੍ਰੇਮ ਰਸ ਜ਼ਾਤਾ, ਪੁਰਖ ਅਬਿਨਾਸ਼ੀ ਘਟ ਘਟ ਵਾਸ । ਦਰ ਘਰ ਸਾਚੇ ਏਕਾ ਹੱਦ, ਸਦ ਮੇਲ ਮਿਲਾਇਆ ਸ਼ਾਹੋ ਸ਼ਾਬਾਸ । ਨਾਮ ਖੁਮਾਰੀ ਅਨਹਦ ਨਦ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰਾਗ ਜਗਤ ਤਿਆਗ ਭਗਤ ਵੈਰਾਗ ਏਕਾ ਰਿਹਾ ਉਪਾਇਆ । ਏਕਾ ਨਾਮ ਸਚ ਘਰ ਪਤ ਪਤਵੰਤਾ ਪਾਈਆ । ਜਗਤ ਚੁਕਾਏ ਜਮ ਕਾ ਡਰ, ਚਰਨ ਸਰਨ ਜਨ ਜਾਏ ਤਰ, ਸਾਚੇ ਕੰਤਾ ਮੇਲ ਮਿਲਾਈਆ । ਆਪਣੀ ਕਰਨੀ ਰਿਹਾ ਕਰ, ਅੰਮ੍ਰਿਤ ਨੁਹਾਏ ਸਾਚੇ ਸਰ, ਜਗਤ ਤ੍ਰਿਸ਼ਨਾ ਅਗਨ ਬੁਝਾਈਆ । ਨਾਮ ਭਤਾਰਾ ਏਕਾ ਵਰ, ਕਰਮ ਵਿਚਾਰਾ ਵਸਿਆ ਦਰ, ਭਰਮ ਨਿਵਾਰਾ ਭੇਵ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਤਮ ਤੱਤ ਭਗਤ ਮਤ ਏਕਾ ਏਕ ਬੰਧਾਈਆ । ਚਰਨ ਨਾਤਾ ਧੁਰ ਦਰਗਾਹ, ਪ੍ਰਭ ਸਾਚੀ ਦਇਆ ਕਮਾਈਆ । ਸ਼ਬਦ ਬਣਾਏ ਇਕ ਮਲਾਹ,

੫੬੪ ੦੫

ਸਾਚੀ ਨਈਆ ਰਿਹਾ ਚੜ੍ਹਾਈਆ । ਦੋ ਜਹਾਨੀ ਪਕੜੇ ਬਾਂਹ, ਸੱਜਣ ਸੁਹੇਲਾ ਆਪ ਅਖਵਾਈਆ । ਆਪੇ ਪਿਤਾ ਆਪੇ ਮਾਂ, ਪੂਤ ਸਪੂਤਾ ਗੋਦ ਉਠਾਈਆ । ਸਦਾ ਸੁਹੇਲਾ ਦੇਵੇ ਠੰਢੀ ਛਾਂ, ਰੁੱਤ ਬਸੰਤਾ ਇਕ ਸੁਹਾਈਆ । ਹੰਸ ਬਣਾਏ ਫੜ ਫੜ ਕਾਂ, ਨਾਮ ਚੋਗ ਇਕ ਚੁਗਾਈਆ । ਗੁਰਮੁਖ ਸਾਚੇ ਸਦਾ ਬਲ ਬਲ ਜਾਂ, ਸਾਚਾ ਜੋਗ ਜੋ ਜਨ ਰਿਹਾ ਕਮਾਈਆ । ਚਰਨ ਕਵਲ ਪ੍ਰਭ ਦੇਵੇ ਥਾਂ, ਧੁਰ ਸੰਜੋਗਾ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਵਿਚੋਲਾ ਇਕ ਕਰ, ਸਾਚਾ ਮੇਲਾ ਮੇਲ ਮਿਲਾਈਆ । ਜਗਤ ਵਿਕਾਰਾ ਕਾਇਆ ਹੱਟ, ਮਨਮੁਖ ਸਾਰ ਨਾ ਰਾਈਆ । ਗੁਰਮੁਖ ਵਿਰਲਾ ਇਕ ਵਰੋਲੇ ਸ਼ਬਦ ਪਟ, ਸਾਚੀ ਤਾਰ ਨਾਮ ਰਖਾਈਆ । ਮਨਮੁਖ ਫਿਰ ਫਿਰ ਥੱਕੇ ਤੀਰਥ ਤਟ, ਅੱਠਸੱਠ ਜੋਗ ਕਮਾਈਆ । ਗੁਰਮੁਖ ਵਿਰਲਾ ਏਕਾ ਵੇਖੇ ਕਾਇਆ ਮੱਠ, ਜੋਤ ਜਵਾਲਾ ਹਰਿ ਜਗਾਈਆ । ਸ਼ਬਦ ਵਣਜਾਰਾ ਕਰੇ ਇਕੱਠ, ਨਾਦ ਅਨਾਦਾ ਨਾਦ ਵਜਾਈਆ । ਜੋਤੀ ਅਗਨੀ ਤਪੇ ਮਠ, ਕਾਇਆ ਭੱਠੀ ਇਕ ਬਣਾਈਆ । ਪੰਜੇ ਚੋਰ ਜਾਇਣ ਨੱਠ, ਗੁਰ ਚਰਨ ਸਰਨ ਸੱਚੀ ਵਡਿਆਈਆ । ਦੇਵੇ ਦਾਤ ਦਾਨ ਜੀਆਂ ਹਰਿ ਸਮਰਥ, ਧੁਰ ਦੀ ਬਾਣ ਆਪਣੇ ਹੱਥ ਰਖਾਈਆ । ਉਲਟੀ ਗੇੜੇ ਕਾਇਆ ਲੱਠ, ਪੁਣ ਛਾਣ ਨਾੜ ਨਾੜੀ ਆਪ ਕਰਾਈਆ । ਹਾਡੀ ਵੇਖੇ ਤਿੰਨ ਸੌ ਸੱਠ, ਜੋੜੀ ਜੋੜ ਜੜਤ ਜੁੜਾਈਆ । ਨਾਮ ਅਨਮੁੱਲਾ ਵਿਚ ਰੱਖੀ ਗੱਠ, ਜੀਵ ਜੰਤ ਕਿਸੇ ਹੱਥ ਨਾ ਆਈਆ । ਹਰਿ ਚਰਨ ਦਵਾਰੇ ਜੋ ਜਨ ਗਿਆ ਢੱਠ, ਪ੍ਰਭ ਆਤਮ ਬ੍ਰਹਮ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਵਣਜਾਰਾ ਭਗਤ ਭੰਡਾਰਾ ਵਡ ਸੰਸਾਰਾ ਦੇਵਣਹਾਰਾ ਸ੍ਰਿਸ਼ਟ ਸਬਾਈਆ । ਜਗਤ ਰਚਾਇਆ ਕਾਜ, ਪੁਰਖ ਅਬਿਨਾਸ਼ੀਆ । ਕਰੇ ਖੇਲ ਪ੍ਰਭ ਦੇਸ ਮਾਝ, ਹਰਿ ਸਾਜਨ ਸਾਚਾ ਸ਼ਾਹੋ ਸ਼ਾਬਾਸੀਆ । ਇਕ ਬਣਾਏ ਸ਼ਬਦ ਸਾਚਾ ਤਾਜ, ਵੇਖ ਵਖਾਣੇ ਪ੍ਰਿਥਮੀ ਆਕਾਸਿਆ । ਨੌਂ ਖੰਡ ਪ੍ਰਿਥਮੀ ਲਾਏ ਇਕ ਆਵਾਜ਼, ਹਰਿਜਨ ਗਾਏ ਰਸਨ ਸਵਾਸਿਆ । ਵੇਲੇ ਅੰਤਮ ਰੱਖੇ ਲਾਜ, ਕਰੇ ਕਰਾਏ ਬੰਦ ਖੁਲਾਸਿਆ । ਸਾਚਾ ਸਾਜਨ ਰਿਹਾ ਸਾਜ, ਜੋਤੀ ਜੋਤ ਸਰੂਪ ਹਰਿ, ਆਪ ਆਪਣਾ ਵੇਖ ਦਰ, ਭੇਵ ਨਾ ਰਾਏ ਪੰਡਤ ਕਾਂਸ਼ਿਆ । ਪੰਡਤ ਪਾਂਧੇ ਭੇਵ ਨਾ ਪਾਇਆ, ਭਰਮੇ ਭੁੱਲੇ ਗਿਆਨੀ । ਨੌਂ ਦਵਾਰੇ ਬਾਂਧੇ ਫਿਰੇ ਹਲਕਾਇਆ, ਸਾਚਾ ਸ਼ਬਦ ਨਾ ਮਿਲੇ ਮਾਤ ਨਿਸ਼ਾਨੀ । ਦਰ ਦਵਾਰਾ ਨਾ ਬੰਦ ਖੁਲ੍ਹਾਇਆ, ਬਿਰਹੋਂ ਵੱਜੀ ਨਾ ਤੀਰ ਕਾਨੀ । ਦਰ ਘਰ ਸਾਚਾ ਮਾਤ ਨਾ ਪਾਇਆ, ਧੁਰ ਦਰਗਾਹ ਨਾ ਮਿਲੀ ਸਚ ਨਿਸ਼ਾਨੀ । ਭਾਂਡਾ ਭਰਮ ਨਾ ਭੌ ਭੰਨਾਇਆ, ਅੱਖਰ ਵੱਖਰ ਨਾ ਗਾਈ ਸਾਚੀ ਬਾਣੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਵੇਖੇ ਵੇਖ ਵਖਾਣੇ, ਰਾਜ ਰਾਜਾਨੇ ਸ਼ਾਹ ਸੁਲਤਾਨੇ, ਵੇਦ ਪੁਰਾਨੇ ਅੰਜ਼ੀਲ ਕੁਰਾਨੇ ਖਾਣੀ ਬਾਣੀ । ਖੋਲ੍ਹੇ ਭੇਵ ਅਭੇਦਾ, ਪੁਰਾਨ ਅਠਾਰਾਂ ਆਪੇ ਗਾਏ । ਆਪੇ ਹੋਏ ਅਛਲ ਅਛੇਦਾ, ਵੇਦ ਵਿਆਸਾ ਸੰਗ ਰਲਾਏ । ਬ੍ਰਹਮਾ ਨੇਤਰ ਰਿਹਾ ਉਠਾਏ, ਚਾਰੇ ਮੁਖ ਭਵਾਏ ਚਾਰੇ ਵੇਦਾ । ਕਲਜੁਗ ਅੰਤਮ ਸਾਰ ਨਾ ਪਾਏ, ਈਸਾ ਮੂਸਾ ਹੋਏ ਧਿਆਏ, ਕਾਲਾ ਸੂਸਾ ਤਨ ਛੁਹਾਏ, ਆਪੇ ਹੋਏ ਅਛਲ ਅਛਲ ਅਛੇਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲੱਖ ਚੁਰਾਸੀ ਵੇਖੇ ਘਰ, ਕਵਣ ਵਖਾਏ ਕਵਣ ਜਣਾਏ ਦਸਮ ਦਵਾਰੀ ਜੋਤ ਨਿਰੰਕਾਰ ਸ਼ਬਦ ਭੰਡਾਰੀ ਅੰਮ੍ਰਿਤ ਧਾਰੀ ਏਕਾ ਰਾਹ ਸਾਚਾ ਸਿਧਾ । ਸ਼ਬਦ ਭੰਡਾਰਾ ਹਰਿ ਦਵਾਰ, ਕਾਇਆ ਬੰਦ ਕਵਾੜਿਆ । ਆਪੇ ਦੇਵੇ ਦੇਵਣਹਾਰ, ਮਨਮੁਖ ਸੁੱਤੇ ਪੈਰ ਪਸਾਰ, ਲਾੜੀ ਮੌਤ ਚਬਾਏ ਦਾੜ੍ਹਿਆ । ਹਰਿ ਹਰਿ ਸਾਚਾ ਕੰਤ ਭਤਾਰ,

੫੬੫ ੦੫

ਗੁਰਮੁਖ ਸੁਹਾਗਣ ਸਾਚੀ ਨਾਰ, ਸ਼ਬਦ ਵਿਚੋਲਾ ਇਕ ਪਿਆਰ, ਜੋਤ ਜਗਾਏ ਨਾੜੀ ਨਾੜਿਆ । ਸੋਹੰ ਢੋਲਾ ਅਪਰ ਅਪਾਰ, ਬਜਰ ਕਪਾਟੀ ਪੜਦਾ ਖੋਲ੍ਹਾ, ਪਰਗਟ ਹੋਏ ਨਰ ਨਿਰੰਕਾਰ । ਆਪ ਚੁਕਾਏ ਆਪਣਾ ਉਹਲਾ, ਦਰਸ ਦਿਖਾਏ ਅਗੰਮ ਅਪਾਰ, ਕਾਲ ਕਲੰਕਾ ਕਲਾ ਸੋਲਾ ਸ਼ਬਦ ਵਜਾਏ ਏਕਾ ਡੰਕਾ, ਹਰਿਜਨ ਜਗਾਏ ਭੋਲਾ ਭਾਲਾ, ਕਰੇ ਕਰਾਏ ਸ਼ਬਦ ਸਾਚੀ ਵਾੜਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਸੁਨੇਹੜਾ ਦੇਵੇ ਵਰ ਕਲਜੁਗ ਤੇਰੀ ਅੰਤਮ ਵਰ, ਆਪੇ ਮੱਲੇ ਜਗਤ ਪਰਬਤ ਬ੍ਰਹਿਮਣ ਗੌੜ ਸ਼ਬਦ ਪਹਾੜਿਆ । ਬ੍ਰਹਿਮਣ ਗੌੜ ਜਨ ਜਣਾਏ । ਧੁਰ ਦਰਗਾਹੀ ਆਇਆ ਦੌੜ, ਸਾਚਾ ਰਾਗ ਕੰਨ ਸੁਣਾਏ । ਚੌਥੇ ਘਰ ਸਾਚਾ ਪਦ ਏਕਾ ਪੌੜ, ਬਾਹੋਂ ਫੜ ਆਪ ਚੜ੍ਹਾਏ । ਆਤਮਕ ਧੁਨ ਵੱਜੇ ਸਾਚਾ ਨਦ, ਕਾਇਆ ਰਸ ਹਰਿ ਮਧੇ ਮਿੱਠਾ ਕੌੜਾ ਆਪ ਵਖਾਏ, ਭਾਗ ਲੱਗੇ ਗੁਰਮੁਖ ਤੇਰੀ ਸਾਚੀ ਯੱਦ । ਰਸਨ ਤਜਾਇਆ ਜਗਤ ਮਦਿ । ਅੰਮ੍ਰਿਤ ਆਤਮ ਪ੍ਰਭ ਮੁਖ ਚੁਆਇਆ, ਦਰ ਦਵਾਰੇ ਸਾਚੇ ਸੱਦ । ਕਲਜੁਗ ਅੰਤਮ ਲੱਗੀ ਔੜ, ਜੋਤ ਨਿਰੰਜਣ ਦੁੱਖ ਦਰਦ ਭੈ ਭੰਜਨ ਨਾ ਕੋਈ ਜਾਣੇ ਊਚਾ ਲੰਮਾ ਕੱਦ । ਮਨਮੁਖ ਸੁੱਤੇ ਮਾਇਆ ਵਿਗੁਤੇ ਨੌਂ ਦਵਾਰੀ ਕੁੱਤੇ, ਦਸਮ ਦਵਾਰੀ ਨਾ ਮਿਲੀ ਹੱਦ । ਗੁਰਮੁਖਾਂ ਸੁਹਾਏ ਆਪ ਸਾਚੀ ਰੁੱਤੇ, ਆਪੇ ਹੋਏ ਮਾਈ ਬਾਪ ਪੁਰਖ ਅਬਿਨਾਸ਼ੀ ਹਰਿ ਅਚੁੱਤੇ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਸੁਨੇਹੜਾ ਦੇਵੇ ਵਰ, ਸ਼ਬਦ ਜਣਾਈ ਬੋਧ ਅਗਾਧ । ਅਗਾਧ ਬੋਧ ਦੀਨ ਦਿਆਲਾ । ਗੁਰਮੁਖ ਕਾਇਆ ਰਿਹਾ ਸੋਧ, ਦੀਪਕ ਜੋਤੀ ਕਰ ਉਜਾਲਾ । ਦਾਤਾ ਸੂਰਾ ਵਡ ਜੋਧਨ ਜੋਧ, ਦਿਵਸ ਰੈਣ ਰੈਣ ਦਿਵਸ ਅਠੇ ਪਹਿਰ ਰਹੇ ਰਖਵਾਲਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦੇਵੇ ਸ਼ਬਦ ਵਰ, ਸੋਹੰ ਸੋ ਆਤਮ ਬੀਜ ਸਾਚਾ ਬੋ, ਲੋਕਮਾਤ ਜੀਵ ਜੰਤ ਸਾਧ ਸੰਤ ਨਾ ਜਾਣੇ ਕੋ । ਪ੍ਰਭ ਮਾਇਆ ਪਾਈ ਬੇਅੰਤ, ਦਰ ਦਰ ਘਰ ਘਰ ਬੈਠੇ ਰਹੇ ਰੋ । ਹਰਿਜਨ ਮੇਲਾ ਗੁਣ ਗੁਣਵੰਤ, ਆਤਮ ਮਧ ਨਿੱਝਰ ਰਸ ਕਵਲ ਨਭੀ ਦੇਵੇ ਚੋ । ਗੁਰਮੁਖ ਸਵਾਣੀ ਪੁਰਖ ਅਬਿਨਾਸ਼ੀ ਸਾਚੇ ਹਾਣੀ ਏਕਾ ਮਜਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਸਰੂਪੀ ਦੇਵੇ ਵਰ, ਚੁਕਾਏ ਜਗਤ ਨਾਤਾ ਝੂਠਾ ਮੋਹ । ਜਗਤ ਨਾਤਾ ਜਗਤ ਹੈ, ਭਗਤ ਨਾ ਜਾਣੇ ਕੋਇ । ਭਗਤ ਨਾਤਾ ਭਗਵੰਤ ਹੈ, ਆਦਿ ਅੰਤ ਵਿਛੋੜਾ ਨਾ ਹੋਏ । ਹਰਿਜਨ ਸਾਚਾ ਸੰਤ ਹੈ, ਮੇਲ ਮਿਲਾਵਾ ਏਕਾ ਭਗਤ ਹੈ, ਨਾਮ ਘੋੜਾ ਜੋਤੀ ਸ਼ਬਦੀ ਜੋੜਾ ਏਕਾ ਘਰ ਧੁਰ ਦਰਗਾਹੀ ਆਇਆ ਦੌੜਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦੇਵੇ ਵਰ, ਦਰ ਘਰ ਸਾਚੇ ਏਕਾ ਬਹੁੜਾ । ਸ਼ਬਦ ਚੋਲਾ ਤਨ ਸ਼ਿੰਗਾਰੇ, ਗੁਰਮੁਖਾਂ ਵਾਜਾਂ ਮਾਰਦਾ । ਪੁਰਖ ਅਬਿਨਾਸ਼ੀ ਪੈਜ ਸਵਾਰੇ, ਇਕ ਕਰਾਏ ਸ਼ਬਦ ਜੈਕਾਰੇ, ਪੁਰੀਆਂ ਲੋਆਂ ਪਾਵੇ ਸਾਰੇ, ਵਖਾਏ ਘਰ ਸੱਚੀ ਸਰਕਾਰ ਦਾ । ਆਪੇ ਖੜਾ ਦਿਸੇ ਦਰ ਦਰਬਾਰੇ, ਜੋਤ ਸਰੂਪ ਅਗੰਮ ਅਪਾਰੇ, ਨੂਰੋ ਨੂਰ ਇਕ ਅਕਾਰੇ, ਮਿਲਿਆ ਮੇਲ ਸਚ ਸੱਚੇ ਪਰਵਰਦਿਗਾਰ ਦਾ । ਪਾਰਬ੍ਰਹਮ ਪਾਵੇ ਸਾਰੇ, ਹਡ ਮਾਸ ਨਾੜੀ ਚੰਮ ਕਾਇਆ ਉਧਰੇ ਪਾਰੇ, ਸਾਚਾ ਮੇਲ ਸਾਚੇ ਮੀਤ ਮੁਰਾਰ ਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਸੰਤ ਜਨਾਂ ਅੰਦਰ ਬਾਹਰ ਗੁਪਤ ਜ਼ਾਹਿਰ ਆਪਣੇ ਰੰਗ ਰੰਗਾਏ ਆਪੇ ਪੈਜ ਸਵਾਰਦਾ । ਪੈਜ ਸਵਾਰੇ ਭਗਤ ਜਨ, ਹਰਿ ਹੱਥ ਵਡੀ ਵਡਿਆਈਆ । ਏਕਾ ਰਾਗ ਸੁਣਾਏ ਕੰਨ ਸਗਲ ਵਸੂਰੇ ਜਾਇਣ ਲੱਥ, ਮਿਲੀ ਚਰਨ ਸਰਨ ਸੱਚੀ ਸਰਨਾਈਆ । ਜਨਣੀ ਜਣੇ ਸਾਚਾ

ਜਨ, ਲੱਖ ਚੁਰਾਸੀ ਜਾਏ ਮਥ, ਪੂਤ ਸਪੂਤਾ ਪਿਤਾ ਪੂਤ ਉਪਜਾਈਆ । ਹਰਿ ਹਰਿ ਭਗਤ ਮਹਿੰਮਾ ਅਕਥ, ਸ਼ਬਦ ਚੜ੍ਹਿਆ ਸਾਚੇ ਰਥ, ਸਿੰਘ ਸੁੰਦਰ ਤਨ ਨਾਮ ਮੁੰਦਰ ਸ਼ਬਦ ਗਹਿਣਾ ਸੰਤ ਮਨੀ ਸਿੰਘ ਚੁੱਕਿਆ ਲਹਿਣਾ, ਪ੍ਰਭ ਆਪੇ ਲੇਖਾ ਰਿਹਾ ਮੁਕਾਈਆ । ਦਿਵਸ ਰੈਣ ਦਰਸ ਸਾਚੇ ਨੈਣਾ, ਮਾਟੀ ਕਾਇਆ ਭਾਂਡੇ ਅੰਤ ਮਾਤ ਨਾ ਰਹਿਣਾ, ਜੋਤੀ ਜੋਤ ਸਰੂਪ ਹਰਿ, ਏਕਾ ਸ਼ਬਦ ਦੇਵੇ ਸਾਚਾ ਸਾਕ ਸੱਜਣ ਮਾਤ ਪਿਤ ਭਾਈ ਭੈਣਾ ਨਾ ਸਕੇ ਕੋਈ ਛੁਡਾਈਆ । ਧੰਨ ਧੰਨ ਧੰਨ ਗੁਰਸਿਖ ਤੇਰੀ ਕਾਇਆ, ਧੰਨ ਧੰਨ ਧੰਨ ਜਿਸ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅਗੰਮ ਅਥਾਹ ਬੇਪਰਵਾਹ ਨਾ ਮਰੇ ਨਾ ਪਏ ਜੰਮ, ਵੇਖ ਵਖਾਣੇ ਥਲ ਅਸਗਾਹ ਏਥੇ ਓਥੇ ਦੋ ਜਹਾਨੀ ਬ੍ਰਹਿਮੰਡ ਖੰਡ ਵਰਭੰਡ ਜੇਰਜ ਅੰਡ ਵੇਖ ਵਖਾਈਆ ।



★ ੨੩ ਫੱਗਣ ੨੦੧੨ ਬਿਕ੍ਰਮੀ ਮਾਤਾ ਬਿਸ਼ਨ ਕੌਰ ਦੇ ਗ੍ਰਿਹ ਹਰਿ ਭਗਤ ਦਵਾਰ ਜੇਠੂਵਾਲ ★

ਹਰਿ ਭੇਖੀ ਭੇਖ ਵਟਾਏ, ਭੇਵ ਨਾ ਰਾਇਆ । ਵੇਖ ਵੇਖੀ ਜਗਤ ਭੁਲਾਏ, ਦਿਸ ਨਾ ਆਇਆ । ਮਸਤਕ ਰੇਖੀ ਗੁਰਮੁਖ ਜਗਾਏ, ਸਾਚਾ ਹਿਸਾ ਮਾਤ ਵੰਡਾਇਆ । ਜੋਤੀ ਜੋਤ ਸਰੂਪ ਹਰਿ, ਏਕਾ ਧਾਰ ਸ਼ਬਦ ਅਪਾਰ ਘਰ ਸਾਚੇ ਵੇਖੀ, ਸਾਚੀ ਰਿਹਾ ਬਣਤ ਬਣਾਇਆ । ਸ਼ਬਦ ਧਾਰ ਅਵੱਲੀ, ਹਰਿ ਚਲਾਈਆ । ਵਗਦੀ ਰਹੇ ਇਕ ਇਕੱਲੀ, ਸੰਸਾਰ ਸਾਗਰ ਵਿਚ ਸਮਾਈਆ । ਆਪੇ ਵਸੇ ਜਲ ਥਲੀ, ਕਾਇਆ ਗਾਗਰ ਸਰਬ ਟਿਕਾਈਆ । ਅੰਮ੍ਰਿਤ ਆਤਮ ਪੀ ਪੀ ਪਲੀ, ਅਹੂਤੀ ਬਲੀ ਜੋਤ ਚੜ੍ਹਾਈਆ । ਆਪੇ ਬਣਿਆ ਵਲ ਛਲੀ, ਅਛਲ ਅਛੱਲ ਖੇਲ ਕਰਾਈਆ । ਕਲਜੁਗ ਤੇਰੀ ਡੂੰਘੀ ਗਲੀ, ਨਾ ਕੋਈ ਸਕੇ ਪੈਰ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਰਿਹਾ ਜਗਾਈਆ । ਕਲਜੁਗ ਡੂੰਘਾ ਵਹਿਣ, ਨੌਂ ਦਵਾਰਿਆ । ਲੱਖ ਚੁਰਾਸੀ ਲਹਿਣਾ ਦੇਣ, ਦੇਵਣਹਾਰ ਆਪ ਅਖਵਾ ਰਿਹਾ । ਗੁਰਮੁਖ ਵਿਰਲੇ ਦਰਸ ਪੇਖ, ਤੀਜੇ ਨੈਣ ਤ੍ਰਿਸ਼ਨਾ ਭੁੱਖ ਮਿਟਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੇ ਰੰਗ ਰੰਗਾ ਰਿਹਾ । ਵੇਖੇ ਰੰਗ ਗੁਲਾਲ ਵਿਚ ਸੰਸਾਰਿਆ । ਮਾਰੇ ਸ਼ਬਦ ਉਛਾਲ, ਦਿਵਸ ਵਿਚਾਰਿਆ । ਨਾਲ ਰਖਾਏ ਕਾਲ ਮਹਾਂਕਾਲ, ਦੀਨ ਦਿਆਲ ਜੋਤ ਜਗਾ ਰਿਹਾ । ਲੱਖ ਚੁਰਾਸੀ ਵੇਖੇ ਪਰਖੇ ਕਾਇਆ ਡਾਲ੍ਹ, ਅੰਮ੍ਰਿਤ ਆਤਮ ਨਭੀ ਕਵਲ ਸੁਹਾ ਰਿਹਾ । ਨੌਂ ਖੰਡ ਪ੍ਰਿਥਮੀ ਕਵਣ ਦਵਾਰੇ ਏਕਾ ਇਕ ਸੱਚੀ ਧਰਮਸਾਲ, ਦੀਪਕ ਜੋਤੀ ਕਵਣ ਜਗਾ ਰਿਹਾ । ਗੁਰਮੁਖ ਅਨਮੁਲੜਾ ਏਕਾ ਲਾਲ, ਧੁਰ ਦਰਗਾਹੀ ਮੇਲਾ ਸ਼ਬਦ ਦਲਾਲ, ਮਾਤ ਵਿਚੋਲਾ ਇਕ ਬਣਾ ਰਿਹਾ । ਦਿਵਸ ਰੈਣ ਕਰੇ ਪ੍ਰਿਤਪਾਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਗੋਦ ਉਠਾ ਰਿਹਾ । ਸ਼ਬਦ ਉਠਾਏ ਭਗਤ ਤਨ, ਸੁਰਤੀ ਸੁਰਤ ਜਗਾਈਆ । ਜੋਤ ਜਗਾਏ ਕਾਇਆ ਤਨ, ਅਕਾਲ ਮੂਰਤ ਦਇਆ ਕਮਾਈਆ । ਸਾਚੇ ਮੰਦਰ ਲਾਏ ਸੰਨ੍ਹ, ਨਾਦ ਤੂਰਤੀ ਇਕ ਵਜਾਈਆ । ਭਾਂਡਾ ਭਰਮ ਭਉ ਦੇਵੇ ਭੰਨ, ਦੂਰਤ ਦੂਰ ਨੇਰਨ ਨੇਰ ਨੇਰ ਵਖਾਈਆ । ਏਕਾ ਰਾਗ ਸੁਣਾਏ ਕੰਨ, ਸਿੰਘ ਸ਼ੇਰ ਸ਼ੇਰ ਦਲੇਰ ਹੇਰ ਫੇਰ ਮਿਟਾਈਆ । ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਮਾਰੇ ਘੇਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਕਲ ਆਪਣੇ

ਹੱਥ ਰਖਾਈਆ । ਕਲਜੁਗ ਕਲਾ ਕਲ ਪ੍ਰਭ ਧਾਰੀ, ਕਾਲ ਰੂਪ ਵਟਾਇਆ । ਪਰਗਟ ਹੋਏ ਨਰ ਨਰਾਇਣ, ਨਰਾਇਣ ਨਰ ਅਵਤਾਰੀ, ਭੂਪਤ ਭੂਪ ਆਪ ਅਖਵਾਈਆ । ਸ੍ਰਿਸ਼ਟ ਸਬਾਈ ਵਹਾਏ ਵਹਿੰਦੇ ਵਹਿਣ, ਲਾੜੀ ਮੌਤ ਖਾਏ ਡੈਣ, ਸਤਿ ਸਰੂਪ ਹਰਿ ਅਨੂਪ ਦਿਸ ਕਿਸੇ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨੌਂ ਖੰਡ ਪ੍ਰਿਥਮੀ ਵੇਖੇ ਅੰਧ ਕੂਪ, ਦੀਪਕ ਜੋਤੀ ਜੋਤੀ ਦੀਪਕ ਚਾਰੋਂ ਕੁੰਟ ਦਹਿ ਦਿਸ਼ਾ ਦਿਸ ਨਾ ਆਇਆ । ਦੀਪਕ ਦੀਪਕ ਦੀਪਕ ਹੋਏ ਪਰਕਾਸ਼, ਪਰਕਾਸ਼ ਆਕਾਸ਼ ਭਇਆ । ਵਿਨਾਸ ਦਾਸ ਦਾਸ ਦਾਸ ਦਾਸ ਪੁਰਖ ਅਬਿਨਾਸ਼, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖਾਂ ਦੇਵੇ ਨਾਮ ਵਰ, ਮਾਨਸ ਜਨਮ ਕਰੇ ਰਾਸ । ਪਹਿਲੀ ਚੇਤ ਚਾਤ੍ਰਿਕ ਬੂੰਦ ਅੰਮ੍ਰਿਤ ਮੇਘ ਹਰਿ ਬਰਸਾਈਆ । ਗੁਰਮੁਖ ਸਾਚੇ ਸਾਂਤਕ ਸਾਂਤ, ਆਤਮ ਤ੍ਰਿਪਤ ਕਰਾਈਆ । ਆਪੇ ਵਸੇ ਇਕ ਇਕਾਂਤ, ਨੌਂ ਖੰਡ ਪ੍ਰਿਥਮੀ ਵੇਖੇ ਮਾਰ ਝਾਤ, ਕਲਜੁਗ ਰੈਣ ਅੰਧੇਰੀ ਰਾਤ ਦਿਸ ਕਿਸੇ ਨਾ ਆਈਆ । ਪੰਚ ਸ਼ਬਦ ਜਗਤ ਜਗ ਦਾਤ, ਧੁਰ ਦਰਗਾਹੀ ਵਡ ਕਰਾਮਾਤ, ਏਕਾ ਏਕ ਵਖਾਈਆ । ਕਰੇ ਖੇਲ ਪ੍ਰਭ ਕਮਲਾਪਾਤ, ਧਰਤੀ ਧਵਲਾ ਚਰਨ ਨਾਤ, ਕਾਇਆ ਕਵਲਾ ਪਾਰਜ਼ਾਤ ਆਪੇ ਰਿਹਾ ਖਿੜਾਈਆ । ਵੇਖੇ ਖੇਲ ਹਰਿ ਪਰਭਾਤ, ਜੋਤੀ ਜੋਤ ਸਰੂਪ ਹਰਿ, ਆਪ ਆਪਣਾ ਵੇਖ ਦਰ, ਦਰ ਦਵਾਰੇ ਅਲੱਖ ਜਗਾਈਆ । ਦਰ ਦਵਾਰਾ ਵੇਖਣ ਜਾਏ, ਆਏ ਪੁਰਖ ਅਬਿਨਾਸ਼ਾ । ਖਾਲੀ ਹੱਥ ਸਰਬ ਵਖਾਏ, ਫੜੇ ਸ਼ਬਦ ਹੱਥ ਸਾਚਾ ਕਾਸਾ । ਰਾਜ ਰਾਜਾਨਾਂ ਹੱਥ ਵਖਾਏ, ਭੇਖ ਧਾਰੀ ਵੇਖ ਤਮਾਸ਼ਾ । ਸੀਆਂ ਸਾਢੇ ਤਿੰਨ ਹੱਥ ਦਿਸਾਏ, ਅੰਤਮ ਅੰਤਾ ਤ੍ਰੈਲੋਕੀ ਨਾਥਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਕਲ ਕਲਾ ਕਲ ਵਰਤੇ, ਭੇਦ ਅਭੇਵ ਭੇਵ ਨਾ ਰਾਏ ।

### ★ ੩੦ ਫੱਗਣ ੨੦੧੨ ਬਿਕ੍ਰਮੀ ਜੇਠੂਵਾਲ ★

(ਮਹਾਰਾਜਿਆਂ ਅਤੇ ਸੰਤਾਂ ਦੇ ਪਾਸ ਜਾਣ ਤੋਂ ਪਹਿਲੇ ਵਿਹਾਰ ਹੋਇਆ ਅਤੇ ਇਹ ਚੀਜਾਂ ਨਾਲ ਲਈਆਂ :- ੧) ਦਸਤਾਰਾਂ ੪ ੨) ਕੂਜਾ ਮਿਸ਼ਰੀ, ੩) ਕੇਸਰ ੫ ਰਤੀ, ੪) ਭਸਮ ੧੦ ਰਤੀ, ੫) ਨਲੇਰ ੧

ਸ਼ਬਦ ਸਿੰਘਾਸਣ ਪ੍ਰਭ ਚਰਨ ਟਿਕਾਇਆ । ਨੌਂ ਖੰਡ ਪ੍ਰਿਥਮੀ ਦਏ ਉਲਟਾਇਆ । ਆਪੇ ਪਾਏ ਆਪਣੀ ਵੰਡ, ਦਿਸ ਕਿਸੇ ਨਾ ਆਇਆ । ਸ਼ਬਦ ਤੀਰ ਪ੍ਰਭ ਚੰਡ ਪਰਚੰਡ, ਰਾਜ ਰਾਜਾਨ ਦਏ ਸਜਾਇਆ । ਆਤਮ ਤੋੜੇ ਸਰਬ ਘਮੰਡ, ਸੋਹੰ ਡੰਡਾ ਹੱਥ ਉਠਾਇਆ । ਵੱਢਣ ਚਲਿਆ ਘਰ ਘਰ ਕੰਡ, ਸਾਧਾਂ ਸੰਤਾਂ ਮੁਖ ਛੁਪਾਇਆ । ਨਾਰ ਦੁਹਾਗਣ ਹੋਈ ਰੰਡ, ਅੰਤਮ ਕੰਢਾ ਨੇੜੇ ਆਇਆ । ਵੇਖੇ ਖੇਲ ਵਿਚ ਬ੍ਰਹਿਮੰਡ, ਵਰਭੰਡੀ ਡੇਰਾ ਆਪਣਾ ਲਾਇਆ । ਗੁਰਮੁਖਾਂ ਨਾਮ ਨਾਮ ਨਾਮ ਪ੍ਰਭ ਰਿਹਾ ਵੰਡ, ਅੰਮ੍ਰਿਤ ਸਾਚਾ ਜਾਮ ਪਿਆਇਆ । ਸਦਾ ਸੁਹੇਲਾ ਰੱਖੇ ਠੰਢ, ਪੱਲੇ ਗੰਢ ਇਕ ਰਖਾਇਆ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਸੰਤ ਮਨੀ ਸਿੰਘ ਤੇਰੀ ਧਾਰ, ਜੋਤ ਸਰੂਪੀ ਕਰ ਆਕਾਰ, ਵੇਲਾ ਅੰਤ ਸੰਤ ਸੁਹਾਇਆ । ਸੰਤ ਮਨੀ ਸਿੰਘ ਘਾਲੀ ਘਾਲ, ਪ੍ਰਭ ਸਾਚੇ ਸ਼ਬਦ ਜਣਾਈਆ । ਮਨਮੁਖਾਂ

ਪ੍ਰਭ ਲਾਹੁਣ ਆਇਆ ਖਾਲ, ਦੇਵੇ ਮਾਤ ਸਜਾਈਆ । ਫੜ ਫੜ ਤੋੜੇ ਕਾਇਆ ਡਾਲ੍ਹ, ਲੇਖਾ ਲਿਖ ਸਾਲ ਢਾਈਆ । ਸ਼ਾਹ ਸੁਲਤਾਨਾਂ ਰਿਹਾ ਉਠਾਲ, ਆਪ ਆਪਣੀ ਬਣਤ ਬਣਾਈਆ । ਆਪੇ ਬਣੇ ਜਗਤ ਕੰਗਾਲ, ਦਰ ਦਰਵੇਸ਼ਾ ਆਪ ਅਖਵਾਈਆ । ਗੁਰਮੁਖਾਂ ਦੇਵੇ ਨਾਮ ਸੱਚਾ ਧਨ ਮਾਲ, ਦੋ ਜਹਾਨਾਂ ਸ਼ਬਦ ਵਡਿਆਈਆ । ਤਨ ਬਸਤਰ ਸ਼ਬਦ ਦੋਸ਼ਾਲ, ਪ੍ਰਭ ਸਾਚਾ ਤਨ ਪਹਿਨਾਈਆ । ਆਪੇ ਚਲੇ ਨਾਲ ਨਾਲ, ਕਲਜੁਗ ਕਾਲੀ ਨਿੰਦਰਾ ਮਸਤਕ ਟਿੱਕਾ ਰੱਖੇ ਛਾਹੀਆ । ਜੋਤੀ ਜੋਤ ਸਰੂਪ ਹਰਿ, ਸੰਤ ਮਨੀ ਸਿੰਘ ਤੇਰੀ ਕਰੀ ਸ਼ਬਦ ਕੁੜਮਾਈਆ । ਸੰਤ ਮਨੀ ਸਿੰਘ ਕਰ ਕੁੜਮਾਈ, ਸਾਚਾ ਸ਼ਬਦ ਸਗਨ ਮੁਖ ਲਗਾਇਆ । ਸਾਚੇ ਦਰ ਘਰ ਵੱਜੀ ਵਧਾਈ, ਨਿਹਕਲੰਕਾ ਡੰਕ ਵਜਾਇਆ । ਏਕਾ ਘਰ ਧੀ ਜਵਾਈ, ਦੂਸਰ ਘਰ ਦਿਸ ਕੋਇ ਨਾ ਆਇਆ । ਸ਼ਬਦ ਜੋਤੀ ਆਪ ਪਰਨਾਈ, ਸਾਚੀ ਡੋਲੀ ਫੜ ਫੜ ਪਾਈ, ਜਗਤ ਕਹਾਰਾ ਆਪ ਅਖਵਾਇਆ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਤੇਰਾ ਅੰਤ ਵਿਹਾਰਾ ਆਪ ਆਪਣੇ ਹੱਥ ਰਖਾਇਆ । ਕਰੇ ਵਿਹਾਰ ਹਰਿ ਜਗਦੀਸਾ, ਅਚਰਜ ਬਣਤ ਬਣਾਈਆ । ਛਤਰ ਨਾ ਝੁੱਲੇ ਕਿਸੇ ਸੀਸਾ, ਸਾਚਾ ਹੁਕਮ ਰਿਹਾ ਸੁਣਾਈਆ । ਲੇਖਾ ਚੁੱਕੇ ਬੀਸ ਇਕੀਸਾ, ਰਾਜ ਰਾਜਾਨਾਂ ਜਾਏ ਸੁਣਾਈਆ । ਏਕਾ ਪੜ੍ਹਨਾ ਸ਼ਬਦ ਹਦੀਸਾ, ਦੂਸਰ ਕੋਇ ਰਹਿਣ ਨਾ ਪਾਈਆ । ਜੂਠਾ ਝੂਠਾ ਪੀਸਣ ਪੀਸਾ, ਸਚ ਵਸਤ ਕਿਸੇ ਹੱਥ ਨਾ ਆਈਆ । ਚੜ੍ਹੇ ਰੰਗ ਕਲਜੁਗ ਤੇਰਾ ਕਾਲਾ, ਕਾਲ ਉਨੀ ਉਨੀਸਾ ਦਏ ਦੁਹਾਈਆ । ਜਲ ਥਲ ਥਲ ਜਲ ਜਗਤ ਉਛਾਲ, ਦਸ ਅਠ ਅਠਾਰਾਂ ਸਾਰ ਨਾ ਪਾਈਆ । ਦਸ ਸਤ ਸਤਾਰਾਂ ਸ਼ਾਹ ਕੰਗਾਲ, ਚਾਰੋਂ ਕੁੰਟ ਦਏ ਦੁਹਾਈਆ । ਸੋਲਾਂ ਸੋਲਾਂ ਤਨ ਲਾਹੇ ਸ਼ਿੰਗਾਰ, ਨਾਰੀ ਨਰ ਫਿਰੇ ਹਲਕਾਈਆ । ਪੰਦਰ੍ਹਾਂ ਪੰਦਰ੍ਹਾਂ ਤੇਰੀ ਧਾਰ, ਤਿੱਖੀ ਨਾਮ ਇਕ ਰਖਾਈਆ । ਚੌਦਾਂ ਚੌਦਾਂ ਵੇਖੇ ਹੱਟ ਮੀਤ ਮੁਰਾਰ, ਸੰਗ ਮੁਹੰਮਦ ਖੇਲ ਖਿਲਾਈਆ । ਤੇਰਾਂ ਤੇਰਾਂ ਕਰੇ ਪਿਆਰ, ਪ੍ਰਭ ਸਾਚੀ ਖ਼ੁਸ਼ੀ ਮਨਾਈਆ । ਪਹਿਲੀ ਚੇਤ ਦਿਵਸ ਵਿਚਾਰ, ਖੇਲੇ ਖੇਲ ਹਰਿ ਰਘੁਰਾਈਆ । ਪੰਚਾਂ ਦੇਵੇ ਨਾਮ ਅਧਾਰ, ਸ਼ਬਦ ਲਿਖਾਰਾ ਸੰਗ ਰਖਾਈਆ । ਆਪੇ ਬਣ ਰਿਹਾ ਭਿਖਾਰ, ਗੁਰਮੁਖਾਂ ਦੇਵੇ ਮਾਣ ਵਡਿਆਈਆ । ਰੱਖੇ ਸੰਗ ਚਾਰ ਦਸਤਾਰ, ਰਾਜ ਰਾਜਾਨਾਂ ਵੇਖ ਵਖਾਈਆ । ਕਵਣ ਹੋਇਆ ਖ਼ਬਰਦਾਰ, ਪ੍ਰਭ ਦੇਵੇ ਭੇਟ ਚੜ੍ਹਾਈਆ । ਰਤੀ ਦਸ ਭਸਮ ਤਿਆਰ, ਮਸਤਕ ਟਿੱਕਾ ਦੇਵੇ ਲਾਈਆ । ਗਿਆਰਾਂ ਗਿਆਰਾਂ ਕਰ ਵਿਚਾਰ, ਇਕ ਇੱਕ ਅਗੇ ਦਏ ਰਖਾਈਆ । ਪੰਚਮ ਕੇਸਰ ਪੰਚ ਪਿਆਰ, ਨਾਮ ਰਤੀ ਮਸਤਕ ਲਾਈਆ । ਆਪੇ ਕਰੇ ਜਗਤ ਵਿਹਾਰ, ਇਕ ਨਲੇਰ ਸੰਗ ਰਖਾਈਆ । ਸਾਧ ਸੰਤ ਵੇਖੇ ਸਾਚਾ ਯਾਰ, ਦਸਮ ਦਵਾਰੀ ਜੋ ਬੈਠਾ ਆਸਣ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣਾ ਵੇਸ ਕਰ, ਸਾਚੀ ਰਚਨਾ ਰਿਹਾ ਰਚਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਬਲੀ ਬਲਵਾਨ, ਦਰ ਘਰ ਸਾਚੇ ਸਦਾ ਵੱਜਦੀ ਰਹੇ ਵਧਾਈਆ ।

★ ਪਹਿਲੀ ਚੇਤ ੨੦੧੩ ਬਿਕ੍ਰਮੀ ਮਹਾਰਾਜ ਸੰਗਰੂਰ ਦੇ ਘਰ ਜਾ ਕੇ ਸ਼ਬਦ ਉਚਾਰਨ ਕੀਤਾ ★

ਪ੍ਰਭ ਸਾਚਾ ਸਾਚੀ ਦਇਆ ਕਮਾਏ । ਜੀਓ ਪਿੰਡ ਕਾਚਾ, ਨਾਮ ਸਾਚਾ ਵਿਚ ਰਖਾਏ । ਗੁਰਮੁਖ ਸਾਚੇ ਹਿਰਦੇ ਵਾਚਾ, ਪਾਰਬ੍ਰਹਮ ਸਰਨਾਏ ।

ਏਕਾ ਸ਼ਬਦ ਹਰਿ ਸਾਚੋ ਸਾਚਾ, ਸਾਚੀ ਜੁਗਤ ਭੁਗਤ ਵਿਚ ਜਗ ਰਹਿ ਜਾਏ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਲੋਕਮਾਤ ਹਰਿ ਜੋਤ ਜਗਾਏ । ਨਿਹਕਲੰਕ ਪਰਗਟ ਹੋਇਆ, ਦੋ ਜਹਾਨਾਂ ਵਾਲੀ । ਜੋਤ ਸਰੂਪੀ ਖੇਲ ਰਚਾਇਆ, ਸ਼ਬਦ ਸਰੂਪੀ ਦੇਵੇ ਸਾਚੀ ਡਾਲ੍ਹੀ । ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਏਕਾ ਢੋਆ, ਦੋਹਾਂ ਹੱਥਾਂ ਰੱਖੇ ਖਾਲੀ । ਹਰਿ ਬਿਨ ਅਵਰ ਨਾ ਜਾਣੇ ਕੋਇ ਦੋਆ, ਧੁਰ ਦਰਗਾਹੀ ਆਪ ਦਲਾਲੀ । ਗੁਰਮੁਖ ਆਪ ਉਠਾਏ ਲੋਕਮਾਤ ਸੋਇਆ, ਪੁਰਖ ਅਬਿਨਾਸ਼ੀ ਸਾਚਾ ਪਾਲੀ । ਆਤਮ ਬੀਜ ਅੰਮ੍ਰਿਤ ਨਾਮ ਰਸ ਸਾਚਾ ਬੋਇਆ, ਲੱਗੇ ਫ਼ਲ ਕਾਇਆ ਡਾਲ੍ਹੀ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਲੋਕਮਾਤ ਹਰਿ ਜੋਤ ਧਰ, ਆਪ ਆਪਣੇ ਜਿਹਾ ਹੋਇਆ । ਆਏ ਦਰ ਬਣ ਭਿਖਾਰੀ । ਜੋਤ ਸਰੂਪੀ ਖੇਲ ਅਪਾਰੀ । ਸ਼ਬਦ ਭੂਪ ਨਾ ਕੋਈ ਰੰਗ ਨਾ ਕੋਈ ਰੂਪ, ਅਗੰਮ ਅਗੰਮਾ ਨਾ ਕਦੇ ਮਰੇ ਨਾ ਕਦੇ ਜੰਮਾ, ਸਰਬ ਘਟ ਪ੍ਰਭ ਰਿਹਾ ਪਸਾਰੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਵੇਖੇ ਸਚ ਘਰ, ਸਾਚਾ ਵਣਜ ਵਪਾਰੀ । ਸਚ ਘਰ ਸਚ ਟਿਕਾਣਾ । ਏਕਾ ਏਕ ਸ਼ਬਦ ਬਿਬਾਣਾ । ਰਾਮ ਰਹੀਮ ਰਹਿਮਾਨ ਕ੍ਰਿਸ਼ਨਾ ਕਾਹਨ ਗੋਕਲ ਕਾਹਨਾ । ਜੋਤ ਨਿਰੰਜਣ ਨੇਤਰ ਅੰਜਨ ਸ਼ਬਦ ਭੂਪ ਹਰਿ ਵਡ ਮਿਹਰਬਾਨਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਾਹ ਸੰਗਰੂਰ ਦੇਵਣ ਆਇਆ ਧਰਮ ਨਿਸ਼ਾਨਾ । ਸ਼ਾਹ ਸੰਗਰੂਰ ਤੇਰੀ ਧਾਰ । ਪੁਰਖ ਅਬਿਨਾਸ਼ੀ ਪਾਏ ਸਾਰ । ਸੰਮਤ ਬੀਸ ਸਦ ਸੋਲਾਂ ਕਰ ਵਿਚਾਰ । ਸਾਚੇ ਘਰ ਵੱਜੇ ਨਦ, ਪਾਰਬ੍ਰਹਮ ਮਿਲੇ ਪੁਰਖ ਭਤਾਰ । ਮਾਨਸ ਦੇਹੀ ਲੇਖੇ ਲੱਗੇ ਚੰਮ, ਏਕਾ ਮੇਲਾ ਏਕੰਕਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਹਿਲੀ ਚੇਤ ਸੁਹਾਏ ਦਰ, ਏਕਾ ਕਰੇ ਭਗਤ ਵਿਹਾਰ । ਪਹਿਲੀ ਚੇਤ ਚੇਤਨ ਆਇਆ, ਪੁਰਖ ਅਬਿਨਾਸ਼ੀ ਅਗੰਮਾ । ਨੈਣ ਨੇਤਰ ਹਰਿ ਸੰਤ ਵਖਾਇਆ, ਪਵਣ ਸਵਾਸੀ ਘਟ ਘਟ ਦਮਾ । ਮੀਤਨ ਮੀਤ ਮੀਤ ਆਪ ਅਖਵਾਇਆ, ਆਪੇ ਜਾਣੇ ਬ੍ਰਹਮ ਬ੍ਰਹਮਾ । ਜੋਤੀ ਜੋਤ ਸਰੂਪ ਹਰਿ, ਸਾਚੀ ਰੀਤੀ ਰੀਤਨ ਜਗਤ ਚਲਾਇਆ, ਆਪ ਸੁਹਾਵੇ ਸਾਚਾ ਧਾਮਾ । ਸਾਚਾ ਧਾਮ ਹਰਿ ਸੁਹਾਏ । ਜੋਤ ਸਰੂਪੀ ਜਾਮਾ ਪਾਏ । ਮਸਤੂਆਣੇ ਡੇਰਾ ਲਾਏ । ਰਾਜੇ ਰਾਣੇ ਲਏ ਬੁਲਾਏ । ਧੁਰ ਫ਼ਰਮਾਣਾ ਇਕ ਸੁਣਾਏ । ਜੀਵ ਜੰਤ ਨਾ ਕਿਸੇ ਦਿਖਾਏ । ਸਾਧ ਸੰਤ ਫਿਰੇ ਹਲਕਾਏ । ਆਪੇ ਜਾਣੇ ਆਪਣਾ ਭਾਣਾ, ਦੋ ਜਹਾਨੀ ਬੈਠਾ ਆਸਣ ਲਾਏ । ਗੋਬਿੰਦ ਗੋਬਿੰਦ ਗੋਬਿੰਦ ਰਾਮ ਰਾਮ ਰਾਮ ਰਹੀਮ ਰਹੀਮ ਰਹੀਮ ਆਪੇ ਹੋਏ ਸੁਘੜ ਸਿਆਣਾ, ਜਨ ਹਰਿ ਸਾਚੇ ਮਾਤ ਉਪਜਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚਾ ਸਗਨ ਆਤਮ ਜੋਤੀ ਰਹੇ ਮਗਨ ਜੋ ਜਨ ਰਸਨਾ ਮੁਖ ਲਗਾਏ । ਸਾਚਾ ਸਗਨ ਮੁਖ ਲਗਾਏ, ਦੇਵੇ ਗੁਰ ਪਰਸਾਦੀ । ਅੱਠੇ ਪਹਿਰ ਮਗਨ ਰਖਾਏ, ਮਿਲੇ ਮੇਲ ਬ੍ਰਹਮ ਬ੍ਰਹਿਮਾਦੀ । ਏਕਾ ਰੰਗਣ ਰੰਗ ਰੰਗਾਏ, ਉਪਜੇ ਸ਼ਬਦ ਨਾਦ ਧੁਨ ਧੁਨ ਅਨਾਦ ਅਨਾਦੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਾਹ ਸੰਗਰੂਰ ਦੇਵੇ ਵਰ, ਮਿਲੇ ਮੇਲ ਪ੍ਰਭ ਬੋਧ ਅਗਾਧੀ ।


੫੭੦ ੦੫

## ★ ਪਹਿਲੀ ਚੇਤ ੨੦੧੩ ਬਿਕ੍ਰਮੀ ਸੰਗਰੂਰ ਸ: ਚੰਨਣ ਸਿੰਘ ਮਹਾਰਾਜ ਸਾਹਿਬ ਦੇ ਹਾਊਸ ਹੋਲਡਰ ਦੇ ਨਵਿਤ ਸ਼ਬਦ ਉਚਾਰਿਆ ਗਿਆ ★

ਗੁਰਮੁਖ ਸਾਚੇ ਤਨ ਰਤਿਆ, ਤਨ ਸ਼ਬਦ ਸ਼ਿੰਗਾਰ । ਕਲਜੁਗ ਵਾ ਨਾ ਲਾਏ ਤੱਤਿਆ, ਪ੍ਰਭ ਦੇਵੇ ਨਾਮ ਆਧਾਰ । ਆਪੇ ਦੇ ਸਮਝਾਵੇ ਮੱਤਿਆ, ਜੀਵ ਜੰਤ ਅੰਤ ਹੋਣ ਖੁਆਰ । ਲੱਖ ਚੁਰਾਸੀ ਜਾਣੇ ਮਿਤ ਗਤਿਆ, ਜੋਤ ਸਰੂਪੀ ਏਕਾ ਕਾਰ । ਚਾਰ ਵਰਨ ਬਣਾਏ ਏਕਾ ਨਤਿਆ, ਗੁਰਮੁਖ ਸਤੀਆ ਸਾਚੀ ਨਾਰ । ਧਰਮ ਜੋਗ ਆਤਮ ਯਤ ਸਾਚਾ ਯੱਤਿਆ, ਮਿਲੇ ਮੇਲ ਇਕ ਕਰਤਾਰ । ਸਰਬ ਕਲ ਆਪੇ ਸਮਰਥੀਆ, ਦੇਵਣਹਾਰ ਸਰਬ ਸੰਸਾਰ । ਸਗਲ ਵਸੂਰਾ ਜਿਸ ਜਨ ਲੱਥਿਆ, ਦਰਸ਼ਨ ਪਾਏ ਚਰਨ ਦਵਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਜਗਤ ਵਰ, ਭਰਿਆ ਰਹੇ ਸ਼ਬਦ ਭੰਡਾਰ । ਨਾਮ ਭੰਡਾਰ ਰਹੇ ਅਤੁਟ, ਭੁੱਖ ਰਹੇ ਨਾ ਰਾਈਆ । ਲੱਖ ਚੁਰਾਸੀ ਜਾਏ ਛੁੱਟ, ਜੋ ਜਨ ਸਾਚੀ ਸੇਵ ਕਮਾਈਆ । ਪੰਜ ਚੋਰਾਂ ਬਾਹਰ ਕੱਢੇ ਕੁੱਟ, ਸ਼ਬਦ ਡੰਡਾ ਹੱਥ ਫੜਾਈਆ । ਸਾਚਾ ਲਾਹਾ ਗੁਰਮੁਖ ਸਾਚੇ ਲੋਕਮਾਤ ਲੈਣ ਲੁੱਟ, ਮਨਮੁਖਾਂ ਮਸਤਕ ਟਿੱਕਾ ਛਾਹੀਆ । ਅੰਮ੍ਰਿਤ ਆਤਮ ਪੀਣਾ ਏਕਾ ਘੁੱਟ, ਦਸਮ ਦਵਾਰੀ ਪੜਦਾ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਸ਼ਬਦ ਵਰ, ਨੌਂ ਦਵਾਰੇ ਬੰਦ ਕਰਾਈਆ ।



੫੭੧

## ★ ੨ ਚੇਤ ੨੦੧੩ ਬਿਕ੍ਰਮੀ ਮਹਾਰਾਜਾ ਯਾਦਵਿੰਦਰ ਸਿੰਘ ਮੋਤੀ ਮਹੱਲ ਪਟਿਆਲਾ ਵਿਚ ਸ਼ਬਦ ਉਚਾਰਨ ਕੀਤਾ ਗਿਆ ★

੦੫ ਧੁਰ ਮਸਤਕ ਲੇਖਾ ਵੇਖ, ਰੇਖ ਜਗਾਇੰਦਾ । ਜੋਤੀ ਜਾਮਾ ਧਾਰੇ ਭੇਖ, ਦਰ ਦਰਵੇਸ਼ ਆਪ ਅਖਵਾਇੰਦਾ । ਵੇਖ ਵਖਾਣੇ ਨਰ ਨਰੇਸ਼, ਗੁਰ ਦਸਮੇਸ਼ ਰੂਪ ਵਟਾਇੰਦਾ । ਨਾ ਕੋਈ ਜਾਣੇ ਬ੍ਰਹਮਾ ਵਿਸ਼ਨ ਮਹੇਸ਼ ਗਣੇਸ਼, ਸ਼ਿਵ ਸ਼ੰਕਰ ਭੇਵ ਨਾ ਪਾਇੰਦਾ । ਲੋਕਮਾਤ ਨਾ ਚਲੇ ਕਿਸੇ ਪੇਸ਼, ਗਿਆਨ ਧਿਆਨ ਨਾ ਕੋਈ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਸੰਬਲ ਨਗਰੀ ਇਕ ਸੁਹਾਇੰਦਾ । ਸੰਬਲ ਨਗਰ ਧਾਮ ਅਵੱਲਾ, ਪ੍ਰਭ ਸਾਚੇ ਜੋਤ ਜਗਾਈਆ । ਇਕ ਰਖਾਏ ਸ਼ਬਦ ਭੱਲਾ, ਸ੍ਰਿਸ਼ਟ ਸਬਾਈ ਰਿਹਾ ਜਗਾਈਆ । ਕਿਸੇ ਦਿਸ ਨਾ ਆਏ ਜਲ ਥਲਾ, ਘਟ ਘਟ ਮੇਂ ਰਿਹਾ ਸਮਾਈਆ । ਭਾਗ ਲਗਾਏ ਗੋਬਿੰਦ ਡੱਲਾ, ਇਕ ਇਕੱਲਾ ਫੇਰਾ ਪਾਈਆ । ਦੀਪਕ ਜੋਤੀ ਜਿਸ ਆਤਮ ਘਰ ਸਾਚੇ ਬਲਾ, ਸ਼ਬਦ ਭੰਡਾਰ ਰਿਹਾ ਵਰਤਾਈਆ । ਦੂਈ ਦਵੈਤੀ ਮੇਟੇ ਸਲਾ, ਚਾਰ ਵਰਨ ਕਰੇ ਕਰਾਏ ਇਕ ਸਰਨਾਈਆ । ਸਚ ਦਵਾਰ ਗੁਰਮੁਖ ਸਾਚੇ ਪ੍ਰਭ ਦਰ ਘਰ ਸਾਚੇ ਏਕਾ ਮੱਲਾ, ਮਾਣ ਤਾਣ ਦੋ ਜਹਾਨ ਹਰਿ ਭਗਵਾਨ ਆਪ ਰਖਾਈਆ । ਸ਼ਬਦ ਪਹਿਨਾਏ ਤੀਰ ਕਮਾਨ, ਜੋਧਾ ਸੂਰਾ ਵਡ ਬਲੀ ਬਲਵਾਨ, ਅੰਮ੍ਰਿਤ ਆਤਮ ਪੀਣ ਖਾਨ, ਤ੍ਰਿਸ਼ਨਾ ਭੁੱਖ ਦਏ ਜਲਾਈਆ । ਸਰਬ ਜੀਆਂ ਪ੍ਰਭ ਜਾਣੀ ਜਾਣ, ਇਕ ਝੁਲਾਏ ਧਰਮ ਨਿਸ਼ਾਨ, ਪਰਗਟ ਹੋਏ ਵਾਲੀ ਦੋ ਜਹਾਨ, ਨੌਂ ਖੰਡ ਪ੍ਰਿਥਮੀ ਇਕ ਮਕਾਨ, ਸਤਾਂ ਦੀਪਾਂ ਰੰਗ ਰੰਗਾਈਆ । ਸੱਤ ਰੰਗ ਰੰਗ ਰੰਗਾਏ । ਪਰਗਟ ਹੋਏ ਨਿਹਕਲੰਕ ਨਰਾਇਣ ਨਰ ਅਵਤਾਰ, ਸ਼ਬਦ ਮਰਦੰਗ ਇਕ ਵਜਾਏ । ਚਾਰੋਂ ਕੁੰਟ ਕਰਾਏ ਜੈ ਜੈਕਾਰ, ਹਰਿ ਜਨ ਜਨ ਹਰਿ ਸਾਚੇ ਸੰਤ ਜਗਾਏ । ਪਾਰਬ੍ਰਹਮ

ਬ੍ਰਹਮ ਪਾਏ ਸਾਰ, ਸ਼ਬਦ ਘੋੜੇ ਤੰਗ ਕਸਾਏ । ਲੋਆਂ ਪੁਰੀਆਂ ਪਾਰ ਕਿਨਾਰ, ਆਪ ਆਪਣੇ ਰੰਗ ਸਮਾਏ । ਪੰਜਾਂ ਤੱਤਾਂ ਵਸੇ ਬਾਹਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਬਲ ਨਗਰੀ ਜੋਤ ਇਕਗਰੀ, ਸ਼ਬਦ ਸਿੰਘਾਸਣ ਡੇਰਾ ਲਾਏ । ਸ਼ਬਦ ਸਿੰਘਾਸਣ ਹਰਿ ਦਾਤਾਰ, ਏਕਾ ਜੋਤ ਜਗਾਈਆ । ਨੌਂ ਦਵਾਰੇ ਜਗਤ ਦਵਾਰ, ਪੁਰਖ ਅਬਿਨਾਸ਼ੀ ਦਿਸ ਨਾ ਆਈਆ । ਜਨ ਭਗਤਾਂ ਦੇਵੇ ਨਾਮ ਅਧਾਰ, ਆਤਮ ਬੂਝ ਬੁਝਾਈਆ । ਏਕਾ ਭਰੇ ਸ਼ਬਦ ਭੰਡਾਰ, ਏਕਾ ਦੂਜਾ ਭਉ ਚੁਕਾਈਆ । ਗੁਣਵੰਤਾ ਗੁਣ ਰਿਹਾ ਵਿਚਾਰ, ਪੂਰਬ ਲਹਿਣਾ ਝੋਲੀ ਪਾਈਆ । ਸੰਮਤ ਚੜ੍ਹਿਆ ਵੀਹ ਸਦ ਤੇਰਾ ਸਚ ਵਿਹਾਰ ਹਰਿ ਕਰਤਾਰ ਸ਼ਬਦ ਅਧਾਰਾ ਆਪ ਕਰਾਈਆ । ਆਪ ਸੁਹਾਏ ਬੰਕ ਦਵਾਰ, ਭੇਖਾਧਾਰੀ ਭੇਖ ਅਪਾਰਾ, ਗੁਰਮੁਖ ਸਾਚੇ ਵਿਚ ਪਸਾਰਾ, ਜੋਤ ਨਿਰੰਜਣ ਡਗਮਗਾਈਆ । ਕਾਲ ਮਹਾਂਕਾਲ ਰਹੇ ਦਵਾਰਾ, ਸ੍ਰਿਸ਼ਟ ਸਬਾਈ ਕਰੇ ਪ੍ਰਿਤਪਾਲ ਆਪੇ ਬਣੇ ਨਾਮ ਅਧਾਰਾ, ਲੱਖ ਚੁਰਾਸੀ ਵੇਖੇ ਕਾਇਆ ਖਾਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਬਲ ਨਗਰੀ ਵੇਸ ਕਰ, ਕਰੇ ਖੇਲ ਅਗੰਮ ਅਪਾਰਾ । ਅਗੰਮ ਅਪਾਰ ਬੇਪਰਵਾਹ ਕਲਜੁਗ ਜੋਤ ਜਗਾਈਆ । ਵੇਖ ਵਖਾਣੇ ਥਾਂਓ ਥਾਂ, ਗੁਰਮੁਖ ਸਾਚੇ ਰਿਹਾ ਉਠਾਈਆ । ਆਪ ਫੜਾਏ ਹਰਿ ਸ਼ਬਦ ਸਾਚੀ ਬਾਂਹ, ਪਲੂ ਨਾਮ ਲੜ ਬੰਧਾਈਆ । ਦੋ ਜਹਾਨੀ ਦੇਵੇ ਠੰਢੀ ਛਾਂ, ਸਚ ਦਿਵਾਰੀ ਅੰਦਰ ਚੜ੍ਹ, ਕਿਲ੍ਹਾ ਹੰਕਾਰੀ ਤੋੜੇ ਗੜ੍ਹ, ਪੰਜਾਂ ਚੋਰਾਂ ਆਪੇ ਫੜ ਸਾਚੀ ਪ੍ਰੀਤ ਜਣਾਈਆ । ਨਾ ਕੋਈ ਸੀਸ ਨਾ ਕੋਈ ਧੜ, ਜੋਤ ਜਗਾਏ ਬਹੱਤਰ ਨੜ, ਸਚ ਸਿੰਘਾਸਣ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣਾ ਭੇਖ ਧਰ, ਦਰ ਦਰਵੇਸ਼ਾ ਨਰ ਨਰੇਸ਼ਾ ਇਕ ਦਵਾਰੇ ਹਰਿ ਨਿਰੰਕਾਰੇ ਨਾਮ ਨਿਰੰਜਣ ਸਾਚੀ ਅਲਖ ਜਗਾਈਆ । ਆਪ ਅਲੱਖ ਨਾ ਲਖਿਆ ਜਾਏ, ਲੇਖਾ ਲਿਖਣਹਾਰ ਹੋਏ ਪਰਤਖ ਹਰਿ ਸੰਤ ਸੁਹੇਲੇ ਲਏ ਰੱਖ, ਸ੍ਰਿਸ਼ਟ ਸਬਾਈ ਹਾਹਾਕਾਰ । ਜਗਤ ਵਿਚੋਲਾ ਸ਼ਬਦ ਸੁਣਾਏ ਸਾਚਾ ਢੋਲਾ ਫੜ ਫੜ ਬਾਹੋਂ ਕਰੇ ਵਖ, ਆਦਿ ਅੰਤਾ ਜੁਗਾ ਜੁਗੰਤਾ ਪੂਰਨ ਭਗਵੰਤਾ ਸਾਚੀ ਕਾਰ । ਨੌਂ ਖੰਡ ਪ੍ਰਿਥਮੀ ਉਡੇ ਕੱਖ, ਨਾ ਕੋਈ ਦਿਸੇ ਸ਼ਾਹ ਕਰੋੜੀ ਲੱਖ, ਆਪੇ ਹੋਏ ਭੇਖ ਭੱਖ, ਜੋਤੀ ਜੋਤ ਸਰੂਪ ਹਰਿ, ਇਕ ਸੁਹਾਏ ਬੰਕ ਦਵਾਰ । ਰਾਜ ਰਾਜਾਨਾਂ ਸ਼ਾਹ ਸੁਲਤਾਨਾ । ਸ਼ਾਹੋ ਭੂਪ ਸਤਿ ਸਰੂਪ ਆਦਿ ਪੁਰਖ ਮਹਿੰਮਾ ਅਨੂਪ, ਗੁਰਮੁਖਾਂ ਬੰਨ੍ਹੇ ਹੱਥੀਂ ਗਾਨਾ । ਹੱਥੀਂ ਗਾਨਾ ਨਾਮ ਡੋਰੀ, ਪ੍ਰਭ ਸਾਚੇ ਆਪ ਬੰਧਾਈਆ । ਲੱਖ ਚੁਰਾਸੀ ਕਰੇ ਚੋਰੀ, ਕਿਸੇ ਦਿਸ ਨਾ ਆਏ ਆਤਮ ਘੋਰੀ, ਆਪ ਆਪਣੀ ਬਣਤ ਬਣਾਈਆ । ਸ਼ਬਦ ਚੜ੍ਹੇ ਸਾਚੀ ਘੋੜੀ, ਜੋਤੀ ਸ਼ਬਦੀ ਜੁੜੀ ਜੋੜੀ, ਲੋਆਂ ਪੁਰੀਆਂ ਏਕਾ ਰਾਹ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਸੁਨੇਹੜਾ ਦੇਵੇ ਵਰ ਅਲੱਖ ਨਿਰੰਜਣ ਅਲੱਖ ਅਲਖਣਾ, ਦੋਵੇਂ ਹੱਥੀਂ ਫਿਰੇ ਸਖਣਾ, ਛਾਛ ਵਰੋਲੇ ਸਾਚੇ ਮੱਖਣਾ, ਹਰਿ ਸੰਤਾਂ ਰਿਹਾ ਜਗਾਈਆ । ਰਾਜ ਜੋਗ ਜਗਤ ਸੁਲਤਾਨ, ਮਿਲੇ ਨਾਮ ਵਡਿਆਈਆ । ਸਾਚਾ ਮੇਲਾ ਸ੍ਰੀ ਭਗਵਾਨ, ਦੋ ਜਹਾਨਾਂ ਹੋਏ ਰੁਸ਼ਨਾਈਆ । ਕਾਇਆ ਮਾਟੀ ਝੂਠਾ ਮਕਾਨ, ਸੰਤ ਅਸੰਤ ਅੰਤ ਰਹਿਣ ਨਾ ਪਾਈਆ । ਗੁਰ ਮੰਤਰ ਸ਼ਬਦ ਨਿਧਾਨ, ਆਤਮ ਉਪਜੇ ਬ੍ਰਹਮ ਗਿਆਨ, ਭਰਮ ਭੁਲੇਖਾ ਰਹਿਣ ਨਾ ਪਾਈਆ । ਫੜੇ ਸ਼ਬਦ ਤੀਰ ਕਮਾਨ, ਦਾਤਾ ਜੋਧਾ ਸੂਰਾ ਵਡ ਬਲੀ ਬਲਵਾਨ ਏਕਾ ਆਣ ਰਖਾਈਆ । ਨਿਹਕਲੰਕ ਨਰਾਇਣ ਬਲੀ ਬਲਵਾਨ, ਜੋਤੀ ਜਾਮਾ ਵਿਚ ਜਹਾਨ, ਸ਼ਬਦ ਡੰਕ ਰਿਹਾ ਵਜਾਈਆ । ਸੰਮਤ ਵੀਹ ਸੌ ਸੋਲਾਂ ਵੇਖੇ ਮਾਰ ਧਿਆਨ, ਪੁਰੀਆਂ ਲੋਆਂ ਹੋਣ ਹੈਰਾਨ, ਸ਼ਿਵ ਸ਼ੰਕਰ ਲੁੱਟੀ ਜਾਏ ਦੁਕਾਨ, ਬ੍ਰਹਮਾ ਦੇਵੇ


੫੭੨
੦੫

ਅੰਤ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗਤ ਭਿਖਾਰੀ ਇਕ ਸੁਹਾਏ ਭਗਤ ਦਰ, ਦੇਵੇ ਸ਼ਬਦ ਜਗਤ ਸੱਚਾ ਬਿਬਾਣ, ਸੀਸ ਤਾਜ ਜਗਤ ਭੇਟ ਸਾਚੀ ਭੇਟ ਚੜ੍ਹਾਈਆ । ਧੁਰ ਦਰਗਾਹੀ ਖੇਵਟ ਖੇਟ, ਲੋਕਮਾਤੀ ਬਣਤ ਬਣਾਈਆ । ਆਪੇ ਹੋਏ ਬੇਟੀ ਬੇਟ, ਮਾਤ ਪਿਤ ਆਪ ਅਖਵਾਈਆ । ਸ਼ਬਦ ਦੁਸ਼ਾਲੇ ਗੁਰ ਗੋਪਾਲੇ ਹਰਿ ਸੰਤ ਸੁਹੇਲੇ ਲਏ ਲਪੇਟ, ਕਰੇ ਜਗਤ ਸੱਚੀ ਕੁੜਮਾਈਆ । ਜੋਤੀ ਜੋਤ ਸਰੂਪ ਹਰਿ, ਏਕਾ ਦੇਵੇ ਨਾਮ ਸਗਨ, ਅਠੇ ਪਹਿਰ ਰਹੇ ਮਗਨ, ਨਿਰਮਲ ਜੋਤੀ ਇਕ ਇਕਲੌਤੀ ਨਾ ਕੋਈ ਵਰਨ ਨਾ ਕੋਈ ਗੋਤੀ, ਸ਼ਬਦ ਧੁਨਕਾਰਾ ਹਰਿ ਆਕਾਰ, ਕਾਇਆ ਮੰਦਰ ਤੁਟੇ ਜੰਦਰ ਉਚ ਮਹੱਲਾ ਅਟੱਲ ਅਟੱਲਾ ਸ਼ਬਦ ਸਿੰਘਾਸਣ ਨਰ ਨਿਰੰਕਾਰ ਏਕਾ ਦਰਸ਼ਨ ਪਾਈਆ । ਸ਼ਬਦ ਸੀਸ ਜਗਤ ਦਸਤਾਰ । ਕਰੇ ਕਰਾਏ ਸਚ ਵਿਹਾਰ । ਬੀਸ ਬੀਸਾ ਹਰਿ ਜਗਦੀਸਾ ਪਰਗਟ ਹੋਏ ਵਿਚ ਸੰਸਾਰ । ਵੇਖੇ ਖੇਲ ਵਿਚ ਉਨੀਸਾ, ਅਠ ਅਠਾਰਾਂ ਜਲ ਜਲ ਧਾਰ । ਸਤ ਸਤਾਰਾਂ ਵਹਿੰਦੀ ਧਾਰਾ, ਮਨਮੁਖ ਡੁੱਬੇ ਵਿਚ ਮੰਝਧਾਰ । ਛੇ ਦਸ ਸੋਲਾਂ ਕਲ ਸੋਲਾਂ ਜੋਤੀ ਜੋਤ ਸਰੂਪ ਹਰਿ, ਪਰਗਟ ਹੋਵੇ ਵਿਚ ਸੰਸਾਰ । ।

★ ੩ ਚੇਤ ੨੦੧੩ ਬਿਕ੍ਰਮੀ ਫਰੀਦ ਕੋਟ ਦੇ ਰਾਜੇ ਨੂੰ ਕਿਲੇ ਅੰਦਰ ਜਾ ਕੇ
ਇਕ ਦਸਤਾਰ ਬਖ਼ਸ਼ੀਸ਼ ਕੀਤੀ ਅਤੇ ਸ਼ਬਦ ਉਚਾਰਿਆ ਗਿਆ ★



ਪੁਰਖ ਅਬਿਨਾਸ਼ੀ ਜੋਤ ਜਗਾਈ, ਆਇਆ ਬੰਕ ਦਵਾਰ । ਨਰ ਨਰਾਇਣਾ ਸਾਰ ਨਾ ਪਾਈ, ਕਲਜੁਗ ਤੇਰੀ ਧਾਰ । ਪਾਰਬ੍ਰਹਮ ਬ੍ਰਹਮ ਭੇਵ ਨਾ ਰਾਈ, ਪੁਰਖ ਅਗੰਮਾ ਏਕਾ ਏਕ ਆਕਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਦਰਵੇਸ਼ਾ ਨਰ ਨਰੇਸ਼ਾ ਆਇਆ ਬੰਕ ਦਵਾਰ । ਹਰਿ ਭਗਵਾਨ ਲੇ ਕੇ ਆਇਆ ਸ਼ਬਦ ਨਿਸ਼ਾਨਾ । ਧੁਰ ਦਰਗਾਹੀ ਇਕ ਫ਼ਰਮਾਨਾ । ਨਿਹਕਲੰਕਾ ਵਾਸੀ ਪੁਰੀ ਘਨਕਾ, ਇਕ ਵਜਾਏ ਡੰਕ ਉਠਾਏ ਰਾਓ ਰੰਕ ਰਾਜ ਰਾਜਾਨਾਂ ਸ਼ਾਹ ਸੁਲਤਾਨਾਂ । ਜੋਤੀ ਸਰੂਪੀ ਲਾਏ ਤਨਕਾ, ਪਰਗਟ ਹੋਏ ਵਾਰ ਅਨਕ, ਆਪ ਆਪਣੇ ਸੰਗ ਸਮਾਨਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਕਰੇ ਖੇਲ ਵਾਲੀ ਦੋ ਜਹਾਨਾਂ । ਵਾਲੀ ਦੋ ਜਹਾਨ ਹਰਿ ਰਘੁਰਾਈਆ । ਫੜਾਏ ਸ਼ਬਦ ਤੀਰ ਕਮਾਨ, ਚਾਰੋਂ ਕੁੰਟ ਵੇਖ ਵਖਾਈਆ । ਦਾਤਾ ਜੋਧਾ ਸੂਰਾ ਵਡ ਬਲੀ ਬਲਵਾਨ, ਸ਼ਬਦ ਖੰਡਾਂ ਹੱਥ ਉਠਾਈਆ । ਨੌਂ ਖੰਡ ਪ੍ਰਿਥਮੀ ਵੇਖੇ ਮਾਰ ਧਿਆਨ, ਸੱਤਾਂ ਦੀਪਾਂ ਵੰਡ ਵੰਡਾਈਆ । ਚਤਰਭੁਜ ਸ੍ਰੀ ਭਗਵਾਨ, ਸ਼ਬਦ ਘੋੜੇ ਤੰਗ ਕਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਫਰੀਦ ਕੋਟ ਸ਼ਬਦ ਚੋਟ ਇਕ ਨਗਾਰੇ ਰਿਹਾ ਲਗਾਈਆ । ਇਕ ਨਗਾਰਾ ਸ਼ਬਦ ਤਨ, ਵੱਜੇ ਅਗੰਮ ਅਪਾਰੀ । ਆਤਮ ਅੰਦਰ ਜਾਏ ਮੰਨ, ਮਿਲੇ ਮੇਲ ਜੋਤੀ ਨਿਰੰਕਾਰੀ । ਭਾਂਡਾ ਭਰਮ ਪ੍ਰਭ ਦੇਵੇ ਭੰਨ, ਸੋਲਾਂ ਕਰੇ ਤਨ ਸ਼ਿੰਗਾਰੀ । ਜੋਤ ਨਿਰੰਜਣ ਚਾੜ੍ਹੇ ਚੰਨ, ਜਿਸ ਜਨ ਖੋਲ੍ਹੇ ਦਸਮ ਦਵਾਰੀ । ਸਾਚਾ ਸ਼ਬਦ ਦੇਵੇ ਮਾਲ ਧਨ, ਨਾ ਕੋਈ ਲੁੱਟੇ ਚੋਰ ਯਾਰੀ । ਏਕਾ ਰਾਗ ਸੁਣਾਏ ਕੰਨ, ਦੋ ਜਹਾਨਾਂ ਪਾਰ ਉਤਾਰੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦਰ ਦਵਾਰੇ ਫੇਰਾ ਪਾਏ ਬਣਿਆ ਦਰ ਦਰਵੇਸ਼ ਭਿਖਾਰੀ । ਆਪ ਭਿਖਾਰੀ ਆਪੇ ਸ਼ਾਹ ਵਾਲੀ

ਦੋ ਜਹਾਨਿਆ । ਜਨ ਭਗਤਾਂ ਬਣੇ ਜਗਤ ਮਲਾਹ, ਹੱਥੀਂ ਬੰਨ੍ਹੇ ਸ਼ਬਦ ਸੱਚਾ ਗਾਨਿਆ । ਵੇਖ ਵਖਾਣੇ ਥਾਂਓ ਥਾਂ, ਸੰਮਤ ਵੀਹ ਸਦ ਸੋਲਾਂ ਗੁਣ ਨਿਧਾਨਿਆ । ਜੋਤੀ ਜੋਤ ਸਰੂਪ ਹਰਿ, ਸ਼ਬਦ ਸੁਨੇਹੜਾ ਲੈ ਕੇ ਆਇਆ, ਧੁਰ ਦਰਗਾਹੀ ਸਾਚੇ ਬਹਿ ਕੇ ਆਇਆ । ਆਪ ਆਪਣਾ ਭਾਣਾ ਸਹਿ ਕੇ ਆਇਆ । ਸੋਲਾਂ ਕਲ ਸੋਲਾਂ ਧਾਰ ਪੂਰਬ ਇਛਿਆ ਕਰਮ ਵਿਚਾਰ, ਸਾਚੀ ਵਸਤ ਲੈ ਕੇ ਆਇਆ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਆਪ ਆਪਣੀ ਜੋਤ ਧਰ, ਪੂਰਬ ਲਹਿਣਾ ਜਗਤ ਦੇਣਾ ਦਰਸ ਦਿਖਾਏ ਤੀਜੇ ਨੈਣਾ, ਆਪ ਚੁਕਾਏ ਅਗਲਾ ਪਿਛਲਾ ਮੂਲ । ਪ੍ਰਭ ਆਪ ਚੁਕਾਏ ਕੰਤ ਕੰਤੂਹਲ, ਜੁਗਾ ਜੁਗੰਤ ਨਾ ਜਾਏ ਭੂਲ । ਗੁਰਮੁਖ ਸਾਚੇ ਸੰਤ ਜਗਾਏ, ਤਨ ਸ਼ਬਦ ਚੜ੍ਹਾਏ ਸਾਚੇ ਫੂਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅੰਤਮ ਵੇਖ ਦਰ, ਸ਼ਬਦ ਪੰਘੂੜਾ ਰਿਹਾ ਝੂਲ । ਚੇਤਰ ਤਿੰਨ ਚਿਤ ਚਿਤਾਵਨੀ । ਨਿਤ ਨਵਿਤ ਪ੍ਰਭ ਜੋਤ ਜਗਾਵਣੀ । ਵੇਖ ਵਖਾਣੇ ਕਾਇਆ ਖੇਤ, ਸਾਚੇ ਮੀਤ ਬਣਤ ਬਣਾਵਣੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖਾਂ ਆਤਮ ਕਾਇਆ ਸੀਤ, ਅੰਮ੍ਰਿਤ ਬੂੰਦ ਇਕ ਪਿਆਵਣੀ । ਅੰਮ੍ਰਿਤ ਆਤਮ ਦੇਵੇ ਸੀਰ ਸਾਚੀ ਦਇਆ ਕਮਾਈਆ । ਅੰਤਮ ਅੰਤ ਕਟੇ ਭੀੜ, ਬਖ਼ਸ਼ੇ ਦਰ ਸੱਚੀ ਸਰਨਾਈਆ । ਨਾ ਕੋਈ ਵੇਖੇ ਹਸਤ ਕੀੜ, ਊਚਾਂ ਨੀਚਾਂ ਸ਼ਾਹ ਸੁਲਤਾਨਾਂ ਬੰਕ ਦਵਾਰਾ ਨਰ ਨਿਰੰਕਾਰਾ ਏਕਾ ਏਕ ਵਖਾਈਆ । ਏਕਾ ਬਖ਼ਸ਼ੇ ਸੀਸ ਦਸਤਾਰਾ, ਲੋਕਮਾਤੀ ਤੇਰਾ ਸਚ ਵਿਹਾਰਾ, ਪਰਗਟ ਹੋਏ ਪੁਰਖ ਅਬਿਨਾਸ਼ੀ ਘਟ ਘਟ ਵਾਸੀ ਸਰਬ ਕਲ ਧਾਰਾ ਭੇਵ ਰਹੇ ਨਾ ਰਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਕਲਜੁਗ ਅੰਤਮ ਜੋਤ ਧਰ, ਲੋਆਂ ਪੁਰੀਆਂ ਰਿਹਾ ਧਾਰ ਬੰਨ੍ਹਾਈਆ । ਮੰਗੀ ਮੰਗ ਹਰਿ ਦਾਤਾਰ, ਗੁਰ ਸੰਗਤ ਕਰ ਪਿਆਰਾ । ਮਿਲੇ ਧਾਮ ਕਰਮ ਮੰਦਰ ਮਹੱਲ ਉਚ ਅੱਟਲ ਮੁਨਾਰਾ । ਪੰਚਮ ਮੀਤਾ ਪੰਚਮ ਯਾਰ, ਪੰਚਮ ਕਰੇ ਸ਼ਬਦ ਪਿਆਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣਾ ਵੇਖ ਘਰ, ਆਪੇ ਜਾਣੇ ਆਪਣੀ ਧਾਰਾ । ਪੰਜ ਮਿੰਟ ਮੰਗੀ ਮੰਗ, ਪੁਰਖ ਅਬਿਨਾਸ਼ੀ ਬੋਲੇ । ਕਾਇਆ ਚੋਲੀ ਚੜ੍ਹੇ ਰੰਗ, ਜੋ ਜਨ ਕੁੰਡਾ ਖੋਲ੍ਹੇ । ਪੁਰਖ ਅਬਿਨਾਸ਼ੀ ਸ਼ਬਦ ਘੋੜੇ ਕਸਿਆ ਤੰਗ, ਲੋਆਂ ਪੁਰੀਆਂ ਪੁਰੀਆਂ ਲੋਆਂ ਅੰਦਰ ਬਾਹਰ ਗੁਪਤ ਜ਼ਾਹਿਰ ਆਪੇ ਬੋਲੇ । ਨਾਮ ਵਜਾਏ ਇਕ ਮਰਦੰਗ, ਆਪੇ ਵਸੇ ਕਾਇਆ ਚੋਲੇ । ਭਗਤ ਸੁਹੇਲਾ ਸਦਾ ਸਹਾਈ ਅੰਗ ਸੰਗ, ਆਦਿ ਅੰਤ ਜੁਗਾ ਜੁਗੰਤ ਭਗਤ ਭਗਵੰਤ ਕਦੇ ਨਾ ਡੋਲੇ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦੇਵੇ ਸ਼ਬਦ ਵਰ, ਦਿਵਸ ਰੈਣਾ ਤੀਜੇ ਨੈਣਾ ਸਦ ਵਸੇ ਕੋਲੇ ।

★ ੪ ਚੇਤ ੨੦੧੩ ਬਿਕ੍ਰਮੀ ਸੰਤ ਈਸ਼ਰ ਸਿੰਘ ਪਾਸ ਜਾ ਕੇ ਸ਼ਬਦ ਉਚਾਰਿਆ
ਗੁਰੂਦਵਾਰਾ ਨਾਨਕਸਰ ਜ਼ਿਲਾ ਲੁਧਿਆਣਾ ★

ਆਇਆ ਦਰ ਭਿਖਾਰ, ਬਣ ਸਵਾਲੀਆ । ਆਪੇ ਵੇਖੇ ਸ਼ਾਹ ਕੰਗਾਲ, ਵਾਲੀ ਦੋ ਜਹਾਨੀਆ । ਸ਼ਬਦ ਵਿਚੋਲਾ ਜਗਤ ਦਲਾਲ, ਜੋਤ ਲਿਲਾਟ ਇਕ ਜਗਾਲੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੋਵੇਂ ਹੱਥਾਂ ਰਖੇ ਖਾਲੀਆ । ਆਪੇ ਸ਼ਾਹ ਆਪੇ ਕੰਗਾਲਾ ।

ਆਪੇ ਨਾਮ ਸੱਚਾ ਧਨ ਮਾਲਾ । ਭਗਤ ਜਨਾਂ ਹਰਿ ਦੇਵਣਹਾਰ, ਆਦਿ ਅੰਤ ਦਿਵਸ ਰੈਣ ਹੋਏ ਰਖਵਾਲਾ । ਮਨਮੁਖ ਜੀਵਾਂ ਮਾਇਆ ਪਾਏ ਬੇਅੰਤ, ਹਰਿਜਨ ਉਠਾਏ ਸਾਚੇ ਸੰਤ, ਆਪੇ ਦੱਸੇ ਰਾਹ ਸੁਖਾਲਾ । ਗੁਰਮੁਖ ਵਿਰਲੇ ਮੇਲ ਮਿਲਾਵਾ ਸਾਚੇ ਕੰਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਚਾਰੋਂ ਕੁੰਟ ਚਾਰ ਵਰਨਾਂ ਇਕ ਵਖਾਏ ਸ਼ਿਵਦਵਾਲਾ । ਕਲਜੁਗ ਮਾਇਆ ਪਾਏ ਬੇਅੰਤ, ਕੋਇ ਸਾਰ ਨਾ ਪਾਈਆ । ਪਰਗਟ ਹੋਇਆ ਹਰਿ ਸਾਚਾ ਕੰਤ, ਸ਼ਬਦ ਡੰਕ ਰਿਹਾ ਵਜਾਈਆ । ਨਾ ਕੋਈ ਜਾਣੇ ਜੀਵ ਜੰਤ, ਕਲਜੁਗ ਮਾਇਆ ਰਹੀ ਭੁਲਾਈਆ । ਆਦਿ ਪੁਰਖ ਅਪਰੰਪਰ ਸਵਾਮੀ, ਘਟ ਘਟਾਂ ਅੰਤਰਜਾਮੀ, ਹਰ ਘਟ ਮੇਂ ਰਿਹਾ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵੇਖ ਵਖਾਣੇ ਤੀਰਥ ਤਟ ਕਵਣ ਦਵਾਰੇ ਜਗੇ ਜੋਤ ਇਕ ਰਘੁਰਾਈਆ । ਜਗੇ ਜੋਤ ਕਵਣ ਦਵਾਰ । ਸ਼ਬਦ ਸਰੂਪੀ ਭਰੇ ਭੰਡਾਰ । ਹਰਿ ਹਰਿ ਸਾਚਾ ਹਿਰਦੇ ਵਸੇ, ਬਿਨ ਰੰਗ ਰੂਪੀ ਏਕਾ ਏਕ ਕਰਾਏ ਕਾਰ । ਸਤਿ ਪੁਰਖ ਨਿਰੰਜਣ ਸਤਿ ਸਰੂਪੀ, ਪਾਰਬ੍ਰਹਮ ਬ੍ਰਹਮ ਰਿਹਾ ਪਸਾਰ । ਜੀਵ ਜੰਤ ਕਲ ਅੰਧ ਕੂਪੀ, ਹੋਇਆ ਅੰਧ ਅੰਧਿਅਰ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਸ੍ਰਿਸ਼ਟ ਸਬਾਈ ਵੇਖ ਦਰ, ਵੇਖ ਵਖਾਣੇ ਸੰਤ ਸੁਹੇਲੇ ਧੁਰ ਦਰਗਾਹੀ ਸਾਚਾ ਯਾਰ । ਆਪੇ ਨਰ ਆਪੇ ਨਰੇਸ਼, ਆਪਣਾ ਆਪ ਉਪਾਇੰਦਾ । ਜੋਤੀ ਜਾਮਾ ਧਾਰੇ ਭੇਸ, ਗੁਰ ਦਸਮੇਸ਼ ਤਨ ਸੁਹਾਇੰਦਾ । ਆਪੇ ਵੇਖੇ ਧਾਰੀ ਕੇਸ, ਬਸਤਰ ਸ਼ਸਤਰ ਤਨ ਸਜਾਇੰਦਾ । ਕਲਜੁਗ ਅੰਤਮ ਕਰਿਆ ਵੇਸ, ਗਗਨ ਗਗਨੰਤਰ ਵਿਚ ਸਮਾਇੰਦਾ । ਭਾਗ ਲਗਾਏ ਮਾਝੇ ਦੇਸ, ਸੰਬਲ ਨਗਰੀ ਨਾਮ ਉਪਾਇੰਦਾ । ਸਾਲ ਤੇਰ੍ਹਵਾਂ ਜੋਤ ਵਰੇਸ, ਆਪ ਆਪਣੇ ਰੰਗ ਸਮਾਇੰਦਾ । ਵੇਖੇ ਖੇਲ ਦੇਸ ਪਰਦੇਸ, ਸ਼ਾਹ ਸੁਲਤਾਨਾਂ ਪਕੜ ਹਿਲਾਇੰਦਾ । ਸਾਧ ਸੰਤ ਰਿਹਾ ਵੇਖ, ਕਾਇਆ ਖੇਤ ਫੋਲ ਫੁਲਾਇੰਦਾ । ਦਿਵਸ ਦਿਹਾੜਾ ਮਹੀਨਾ ਚੇਤ, ਚੌਥੀ ਥਿਤ ਵਾਰ ਲਿਖਾਇੰਦਾ । ਦਰ ਦਵਾਰੇ ਆਇਆ ਨੇਤਨ ਨੇਤ, ਨੇਤ ਨੇਤੀ ਵੇਖ ਵਖਾਇੰਦਾ । ਵੇਖ ਵਖਾਣੇ ਜਿੰਨ ਪ੍ਰੇਤ, ਭੇਵ ਅਭੇਦਾ ਅਛਲ ਅਛ ਦਿਸ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਖੇਲ ਖਿਲਾਇੰਦਾ । ਗੁਰ ਦਸਮੇਸ਼ ਜਨਮ ਦਵਾਇਆ, ਜੋਤੀ ਵਿਚ ਟਿਕਾਈਆ । ਮੁਛ ਦਾਹੜੀ ਕੇਸ ਸਜਾਇਆ, ਵਰਨ ਗੋਤੀ ਭਰਮ ਮਿਟਾਈਆ । ਕੰਗਾ ਕੱਛ ਕੜਾ ਕਿਰਪਾਨ ਕਿਸੇ ਦਿਸ ਨਾ ਆਇਆ, ਸ਼ਬਦ ਗਾਤਰੇ ਇਕ ਰਖਾਈਆ । ਸਾਚਾ ਹਿਸਾ ਰਿਹਾ ਵੰਡਾਇਆ, ਲੋਕਮਾਤ ਕਰੇ ਕੁੜਮਾਈਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਸੰਬਲ ਨਗਰੀ ਭਾਗ ਲਗਾਈਆ । ਸੰਬਲ ਨਗਰ ਆਪ ਸੁਹਾਇਆ, ਗੁਰ ਗੋਬਿੰਦ ਉਪਾਇਆ । ਪੁਰਖ ਨਿਰੰਜਣ ਜੋਤ ਟਿਕਾਏ, ਸਦ ਬਖ਼ਸ਼ਿੰਦਾ ਆਇਆ । ਵਰਨ ਗੋਤ ਕੋਈ ਰਹਿਣ ਨਾ ਪਾਇਆ, ਏਕਾ ਰੰਗਣ ਰਿਹਾ ਰੰਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣਾ ਭੇਖ ਧਰ, ਭੇਖਾਧਾਰੀ ਨਰ ਨਿਰੰਕਾਰੀ ਦਰ ਦਰਵੇਸ਼ ਸੰਮਤ ਤੇਰਾਂ ਬੀਸ ਸੰਤ ਸੁਹੇਲੇ ਮੰਗਣ ਆਇਆ । ਮੰਗਣ ਆਇਆ ਚਰਨ ਪ੍ਰੀਤੀ, ਧੁਰ ਦਰਗਾਹੀ ਦਾਤਾ । ਗੁਰੂਦਵਾਰ ਅੰਦਰ ਵੇਖੇ ਨੀਤੀ, ਸਰਬ ਜੀਆਂ ਪ੍ਰਭ ਗਿਆਤਾ । ਕਲਜੁਗ ਔਧ ਅੰਤਮ ਬੀਤੀ, ਜੂਠਾ ਝੂਠਾ ਟੁੱਟੇ ਨਾਤਾ । ਸਤਿਜੁਗ ਚਲੇ ਸਾਚੀ ਰੀਤੀ, ਪ੍ਰਭ ਸਾਚਾ ਖੇਲ ਰਚਾਤਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮੇਟ ਮਿਟਾਏ ਅੰਧੇਰੀ ਰਾਤਾ । ਆਇਆ ਦਰ ਸ਼ਬਦ ਭੰਡਾਰੀ, ਲੈ ਕੇ ਧੁਰ ਫ਼ਰਮਾਣਾ । ਵੇਖੇ ਖਾਲੀ ਮਹੱਲ ਅਟਾਰੀ, ਨਾ ਕੋਈ ਸੁਘੜ ਸਿਆਣਾ । ਸੰਤ ਸੁਹੇਲਾ ਹੋਇਆ ਬਾਹਰੀ ਭੁੱਲਿਆ ਗੁਣ ਨਿਧਾਨਾ । ਕਲਜੁਗ

ਅੰਤਮ ਹੋਏ ਖਵਾਰੀ, ਨਾ ਕੋਈ ਦੀਸੇ ਰਾਹ ਟਿਕਾਣਾ। ਪਰਗਟ ਹੋਏ ਨਿਹਕਲੰਕ ਨਰਾਇਣ ਨਰ ਅਵਤਾਰੀ, ਸੋਹੰ ਸ਼ਬਦ ਰਖਾਏ ਸਚ ਬਿਬਾਣਾ। ਕਰੇ ਖੇਲ ਅਪਰ ਅਪਾਰੀ, ਦਰ ਦਰ ਫਿਰਾਏ ਰਾਜਾ ਰਾਣਾ। ਏਕਾ ਏਕ ਕਰੇ ਜੈਕਾਰੀ, ਲੋਆਂ ਪੁਰੀਆਂ ਏਕਾ ਏਕ ਧਿਆਨ ਰਖਾਨਾ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਵਾਲੀ ਦੋ ਜਹਾਨਾਂ। ਮਹੱਲ ਅਟੱਲ ਉਚ ਮੁਨਾਰਾ, ਲੋਕਮਾਤ ਬਣਾਇਆ। ਦਿਸ ਨਾ ਆਇਆ ਓਅੰਕਾਰਾ। ਨਿਰੰਕਾਰਾ ਭੇਵ ਨਾ ਰਾਇਆ, ਤਨ ਮੰਦਰ ਅੰਦਰ ਧੁੰਦੂਕਾਰਾ, ਆਤਮ ਗਿਆਨ ਨਾ ਪਾਇਆ। ਰਸਨ ਰਸਾਇਣੀ ਬੋਲ ਵਿਕਾਰਾ, ਪੜ੍ਹ ਪੜ੍ਹ ਵਾਦ ਵਧਾਇਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਸੁਨੇਹੜਾ ਇਕ ਘਲਾਇਆ। ਸ਼ਬਦ ਸੁਨੇਹੜਾ ਆਇਆ ਦਵਾਰ, ਆਤਮ ਸਾਰ ਨਾ ਪਾਈਆ। ਮਾਇਆ ਜੇੜਾ ਬੰਦੀ ਚਾਰ, ਕਾਇਆ ਖੇੜਾ ਭਰਮ ਭੁਲਾਈਆ। ਅੰਤਮ ਕਰੇ ਹੱਕ ਨਿਬੇੜਾ, ਨਿਹਕਲੰਕ ਨਰਾਇਣ ਨਰ ਅਵਤਾਰ, ਭਰਮਾਂ ਕੰਧੀ ਦੇਵੇ ਢਾਹੀਆ। ਸਿੰਘ ਈਸ਼ਰ ਰਹਿਣਾ ਖ਼ਬਰਦਾਰ, ਪਰਗਟ ਹੋਇਆ ਹਰਿ ਰਘੁਰਾਈਆ। ਜੋਤ ਸਰੂਪੀ ਕਰ ਆਕਾਰ, ਸ਼ਬਦ ਘੋੜਾ ਰਿਹਾ ਦੁੜਾਈਆ। ਨੀਲੀ ਛੱਤੋਂ ਆਇਆ ਬਾਹਰ, ਨਾਮ ਤੋੜਾ ਸੀਸ ਲਗਾਈਆ। ਆਪੇ ਹੋਏ ਸ਼ਾਹ ਅਸਵਾਰ, ਕਲਗੀ ਤੋੜਾ ਜਗਤ ਵਖਾਈਆ। ਨੌਂ ਖੰਡ ਪ੍ਰਿਥਮੀ ਮਾਰੇ ਮਾਰ, ਚੌਥਾ ਪੌੜਾ ਰਿਹਾ ਉਠਾਈਆ। ਸੰਬਲ ਨਗਰੀ ਕਰ ਆਕਾਰ, ਮਿੱਠਾ ਕੌੜਾ ਵੇਖ ਵਖਾਈਆ। ਗੋਬਿੰਦ ਕਾਇਆ ਰੂਪ ਅਪਾਰ, ਸਤਿ ਸਰੂਪੀ ਵਿਚ ਸਮਾਈਆ। ਭਰਮੇ ਭੁੱਲੇ ਭਰਮ ਗਵਾਰ, ਸ਼ਾਹੋ ਭੂਪੀ ਦਿਸ ਨਾ ਆਈਆ। ਅੰਤਮ ਅੰਤ ਕਰੇ ਖੁਆਰ, ਕਲਜੁਗ ਰੈਣ ਅੰਧੇਰੀ ਅੰਧ ਕੂਪੀ ਦਏ ਦੁਹਾਈਆ। ਲੋਆਂ ਪੁਰੀਆਂ ਪਾਵੇ ਸਾਰ, ਖੰਡ ਮੰਡਲ ਵਰਭੰਡ ਬ੍ਰਹਿਮੰਡ ਜੇਰਜ ਅੰਡ ਲੁਕਿਆ ਕੋਈ ਰਹਿਣ ਨਾ ਪਾਈਆ। ਸ੍ਰਿਸ਼ਟ ਸਬਾਈ ਮੇਟ ਮਿਟਾਏ ਭੇਖ ਪਖੰਡ, ਸਤਿਜੁਗ ਸਾਚੀ ਦਾਤ ਏਕਾ ਨਾਮ ਦਏ ਵੰਡ, ਬੀਸ ਇਕੀਸਾ ਹਰਿ ਜਗਦੀਸਾ ਆਤਮ ਝੋਲੀ ਦਏ ਭਰਾਈਆ। ਏਕਾ ਛਤਰ ਝੁਲਾਏ ਸੀਸਾ, ਵੇਖ ਵਖਾਣੇ ਰਾਗ ਛਤੀਸਾ, ਅੰਜ਼ੀਲ ਕੁਰਾਨਾਂ ਵੇਦ ਪੁਰਾਨਾਂ ਜਾਣੇ ਥਾਉਂ ਥਾਈਂਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵੇਖਣ ਆਇਆ ਸਚ ਦਰ, ਚੇਤਰ ਚਾਰ ਦਿਵਸ ਵਿਚਾਰ, ਖਾਲੀ ਬੰਕ ਦਵਾਰ, ਸੰਤ ਸਾਜਨ ਦਿਸ ਨਾ ਆਈਆ।

★ ੫ ਚੇਤ ੨੦੧੩ ਬਿਕ੍ਰਮੀ ਸੰਤ ਰਣਧੀਰ ਸਿੰਘ ਦੀ ਕੋਠੀ ਸ਼ਬਦ ਉਚਾਰਿਆ
ਲੁਧਿਆਣਾ ਪੁਰਾਣਾ ਮਾਡਲ ਟਾਊਨ ★

ਆਇਆ ਗਿਆ ਬੰਕ ਦਵਾਰ, ਦਿਸ ਕਿਸੇ ਨਾ ਆਇਆ। ਆਪੇ ਜਾਣੇ ਆਪਣੀ ਧਾਰ, ਜੋਤੀ ਸ਼ਬਦੀ ਰੰਗ ਰੰਗਾਇਆ। ਕਰੇ ਖੇਲ ਅਪਰ ਅਪਾਰ, ਸਚ ਮਰਦੰਗਨ ਰਿਹਾ ਵਜਾਇਆ। ਹੋਏ ਵਿਛੋੜਾ ਮੀਤ ਮੁਰਾਰ, ਮੀਤ ਮੀਤਾ ਦਿਸ ਨਾ ਆਇਆ। ਸ਼ਬਦ ਖੰਡਾ ਰੱਖੇ ਤਿੱਖੀ ਧਾਰ, ਵੇਲੇ ਅੰਤਮ ਵੇਖ ਵਖਾਇਆ। ਜੋਤੀ ਜੋਤ ਸਰੂਪ ਹਰਿ, ਅੰਤ ਸੰਤ ਸੰਤ ਕੰਤ ਜਗਤ ਵਿਛੋੜਾ ਧੁਰ ਦਾ ਲੇਖ ਲਿਖਾਇਆ।

★ ੬ ਚੇਤ ੨੦੧੩ ਬਿਕ੍ਰਮੀ ਮਿਹਰ ਸਿੰਘ ਦੇ ਡੇਰੇ ਸ਼ਬਦ ਉਚਾਰਿਆ ਪਰੰਤੂ ਉਹਨਾਂ ਅੰਦਰੋਂ ਕੁੰਡੇ ਮਾਰ ਲਏ ਤੇ ਅੰਦਰ ਨਾ ਵੜਨ ਦਿਤਾ ਜਲੰਧਰ ਨਵਾਂ ਮਾਡਲ ਟਾਊਨ ★

ਪੁਰਖ ਅਬਿਨਾਸ਼ੀ ਜਾਮਾ ਪਾਇਆ । ਕਰੇ ਖੇਲ ਅਗੰਮਾ, ਕਲਜੁਗ ਜੀਵਾਂ ਦਿਸ ਨਾ ਆਇਆ । ਵਸੇ ਕਾਇਆ ਚੰਮਾ, ਜਗਤ ਵਿਕਾਰਾ ਆਤਮ ਹੰਕਾਰਾ ਏਕਾ ਹਿਸਾ ਵੰਡ ਵੰਡਾਇਆ । ਲੇਖੇ ਲਾਏ ਨਾ ਪਵਣ ਸਵਾਸੀ ਦਮਾ, ਆਪ ਆਪਣੀ ਕੰਡ ਵਖਾਇਆ । ਨਾਰ ਦੁਹਾਗਣ ਦਿਸੇ ਰੰਡ, ਸੰਤ ਸੁਹਾਗੀ ਕੰਤ ਨਾ ਪਾਇਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਨਿਹਕਲੰਕ ਨਰਾਇਣ ਨਰ, ਨਰ ਨਰੇਸ਼ਾ ਦਰ ਦਵਾਰੇ ਸੰਤ ਸੁਹੇਲੇ ਭੇਖ ਭਿਖਾਰੀ ਮੰਗਣ ਆਇਆ । ਬੰਦ ਕੁਆੜੀ ਵੱਜੇ ਤਾਲਾ । ਮਿਲੇ ਮੇਲ ਨਾ ਗੁਰ ਗੋਪਾਲਾ । ਦਿਵਸ ਰੈਣ ਅੱਠੇ ਪਹਿਰ ਲੋਕਮਾਤ ਪਿਆ ਜੰਜ਼ਾਲਾ । ਕਾਇਆ ਨਗਰ ਨਾ ਦਿਸੇ ਸ਼ਹਿਰ, ਮਾਇਆ ਰਾਣੀ ਏਕਾ ਲਹਿਰ, ਦਰ ਘਰ ਸਾਚੇ ਹੋਏ ਕੰਗਾਲਾ । ਕਲਜੁਗ ਅੰਤਮ ਵਰਤੇ ਕਹਿਰ, ਜੋਤੀ ਜੋਤ ਸਰੂਪ ਹਰਿ, ਆਪੇ ਵੇਖੇ ਪਰਖੇ ਕਾਇਆ ਫ਼ਲ ਕਿਸੇ ਲਗੇ ਡਾਲ੍ਹਾ । ਆਇਆ ਦਰ ਦਰਵੇਸ਼ ਭੇਖ ਧਾਰਿਆ । ਕਲਜੁਗ ਕਾਲਾ ਕਰਿਆ ਵੇਸ, ਜਗਾਏ ਜੋਤ ਅਗੰਮ ਅਪਾਰਿਆ । ਨਾ ਕੋਈ ਜਾਣੇ ਬ੍ਰਹਮਾ ਵਿਸ਼ਨ ਮਹੇਸ਼ ਗਣੇਸ਼, ਸੰਤ ਸੁਹੇਲੇ ਕਰੇ ਵਿਚਾਰਿਆ । ਆਪੇ ਸ਼ਾਹ ਕੰਗਾਲ ਨਰ ਨਰੇਸ਼, ਆਪੇ ਆਪ ਨਰ ਨਿਰੰਕਾਰਿਆ । ਆਪੇ ਹੋਇਆ ਧਾਰੀ ਕੇਸ, ਮੂੰਡ ਮੁੰਡਾਈ ਆਪ ਸੰਸਾਰਿਆ । ਕਿਸੇ ਨਾ ਚਲੇ ਕੋਈ ਪੇਸ਼, ਪ੍ਰਭ ਫੜੇ ਖੰਡਾ ਸ਼ਬਦ ਦੋ ਧਾਰਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵੇਖਣ ਆਇਆ ਬੰਕ ਦਵਾਰਿਆ । ਬੰਕ ਦਵਾਰਾ ਹਰਿ ਹਰਿ ਵੇਖੇ, ਖਾਲੀ ਦਿਸਣ ਭੰਡਾਰੇ । ਸੰਤ ਸੁਹੇਲੇ ਨੇਤਰ ਪੇਖੇ, ਕਵਣ ਸ਼ਬਦ ਵਣਜਾਰੇ । ਮਸਤਕ ਲੱਗੀ ਸਾਚੀ ਮੇਖੇ, ਜਗੇ ਜੋਤ ਅਗੰਮ ਅਪਾਰੇ । ਮਾਇਆ ਭੁੱਲੇ ਭਰਮ ਭੁਲੇਖੇ, ਮਿਲਿਆ ਮੇਲ ਨਾ ਕੰਤ ਭਤਾਰੇ । ਅੰਤਮ ਮਿਟਣੀ ਕਲਜੁਗ ਰੇਖੇ, ਖਾਲੀ ਰਹਿਣ ਦਵਾਰੇ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਕਰੇ ਖੇਲ ਅਪਰ ਅਪਾਰੇ । ਸ਼ਬਦ ਸੁਨੇਹੜਾ ਹਰਿ ਘਲਾਇਆ । ਬਣੇ ਦਰ ਸਵਾਲੀ, ਖੁਲ੍ਹਾ ਵਿਹੜਾ ਇਕ ਵਖਾਇਆ । ਕਾਇਆ ਮੰਦਰ ਸਾਚੇ ਅੰਦਰ ਦੀਪਕ ਜੋਤ ਜਗੇ ਦਿਵਾਲੀ, ਡੂੰਘੀ ਕੰਦਰ ਦਿਸ ਨਾ ਆਇਆ । ਸੁਰਤ ਸਵਾਣੀ ਹੋਈ ਬੇਹਾਲੀ, ਆਤਮ ਜੰਦਰ ਇਕ ਲਗਾਇਆ । ਸ਼ਬਦ ਵਿਹੂਣਾ ਦਿਸੇ ਖਾਲੀ, ਪੁਰਖ ਅਬਿਨਾਸ਼ੀ ਡੇਰਾ ਲਾਇਆ । ਧੁਰ ਦਰਗਾਹੀ ਸਾਚਾ ਮਾਲੀ ਸ਼ਬਦ ਘੇਰਾ ਇਕ ਰਖਾਇਆ । ਨਿਰਮਲ ਜੋਤ ਜਗੇ ਅਕਾਲੀ, ਸੰਞ ਸਵੇਰਾ ਦਏ ਮਿਟਾਇਆ । ਏਕਾ ਸ਼ਬਦ ਵਜਾਏ ਸਾਚਾ ਆਤਮ ਅੰਦਰ ਅਨਾਦ ਅਨਾਦਾ ਸਾਚਾ ਤਾਲੀ, ਅੰਮ੍ਰਿਤ ਆਤਮ ਜਾਮ ਪਿਆਇਆ । ਕਾਇਆ ਮਾਟੀ ਲੇਖੇ ਚਾਮ ਲਗਾਇਆ । ਸ਼ਬਦ ਘੋੜਾ ਧੁਰਦਰਗਾਹੀ ਆਇਆ ਦੌੜ, ਹਰਿ ਸੰਤ ਦਵਾਰੇ ਬਣ ਸਵਾਲੀ, ਆਪੇ ਪਰਖੇ ਮਿੱਠੇ ਕੌੜ, ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਨਿਹਕਲੰਕ ਨਰਾਇਣ ਨਰ, ਆਪ ਆਪਣੇ ਅੰਗ ਸਮਾਇਆ । ਵਾਰ ਥਿਤ ਵਿਚਾਰ, ਬਣਤ ਬਣਾਇੰਦਾ । ਆਤਮ ਜੋਤੀ ਸ਼ਬਦੀ ਪਵਣੀ ਵੇਖੇ ਸਾਚੀ ਧਾਰ, ਅਵਣੀ ਗਵਣੀ ਵਿਚ ਸਮਾਇੰਦਾ । ਦੀਵਾ ਬਾਤੀ ਕਮਲਾਪਾਤੀ ਕਵਣ ਘਰ ਉਜਿਆਰ, ਕਾਇਆ ਮੰਦਰ ਕਵਣ ਸੁਹਾਇੰਦਾ । ਮਾਇਆ ਰਾਣੀ ਕੂੜ ਪਸਾਰ, ਕੂੜੋ ਕੂੜ ਜਗਤ ਵਿਹਾਰ, ਏਕਾ ਰੰਗਣ ਨਾਮ ਸਾਚੀ ਰੰਗ ਵਖਾਇੰਦਾ । ਕਾਇਆ ਮਾਟੀ ਭਾਂਡੇ ਕਾਚੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ,

ਸਾਚੇ ਮੰਦਰ ਅੰਦਰ ਆਪੇ ਆਪ ਸੁਹਾਇੰਦਾ । ਦਸਮ ਦਵਾਰੀ ਰਹੀ ਬੰਦ । ਗਾ ਗਾ ਥੱਕੇ ਬੱਤੀ ਦੰਦ । ਪੜ੍ਹ ਪੜ੍ਹ ਅੱਕੇ ਸ਼ਬਦ ਚੜ੍ਹਿਆ ਨਾ ਸਾਚਾ ਚੰਦ । ਨਾਤਾ ਤੁੱਟੇ ਲੱਖ ਚੁਰਾਸੀ ਜਗਤ ਸਾਕ ਸੈਣ ਕੱਚੇ ਅਗਿਆਨ ਅੰਧੇਰ ਨਾ ਗਿਆ ਅੰਧ । ਸੰਮਤ ਸੋਲਾਂ ਪ੍ਰਭ ਫੜ ਫੜ ਬਾਹੋਂ ਧੁਰ ਦਰਗਾਹੀ ਅੱਗੇ ਹੱਕੇ, ਨਾ ਕੋਈ ਕਿਸੇ ਸੁਣਾਏ ਛੰਦ ਬੰਦ । ਏਕਾ ਸ਼ਬਦ ਨਕੇਲ ਪਾਏ ਨੱਕੇ, ਭਰਮਾਂ ਢਾਹੇ ਝੂਠੀ ਕੰਧ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨ ਭਗਤਾਂ ਦੇਵਣ ਆਇਆ ਵਰ, ਸ਼ਬਦ ਸੁਨੇਹੜਾ ਧੁਰ ਦਰਗਾਹੀ ਜਗਤ ਮਲਾਹੀ ਬੇਪਰਵਾਹੀ ਖ਼ੁਸ਼ੀ ਕਰਾਏ ਬੰਦ ਬੰਦ । ਸ਼ਬਦ ਗੁਰ ਜਿਸ ਤਨ ਵਸਾਏ, ਮਸਤਕ ਲੇਖਾ ਵੇਖੇ ਲਿਖਿਆ । ਸ਼ਬਦ ਨਾਦ ਨਾ ਕੋਈ ਵਜਾਏ ਨਾ ਉਪਜੇ ਸਾਚੀ ਸੁਰ, ਰਾਗ ਰਾਗਨੀ ਕਿਸੇ ਨਾ ਗਾਇਆ । ਏਕਾ ਦਿਸੇ ਸ਼ਬਦ ਘੋੜ, ਬ੍ਰਹਿਮੰਡ ਵੰਡ ਜਿਸ ਵੰਡਾਇਆ । ਗੁਰਮੁਖ ਵਿਰਲਾ ਚੜ੍ਹੇ ਤੋੜ, ਨੌਂ ਦਵਾਰੇ ਡੇਰਾ ਸਭ ਨੇ ਲਾਇਆ । ਜੋਤ ਨਿਰੰਜਣ ਪਾਵੇ ਅੰਜਨ ਸ਼ਬਦ ਪ੍ਰੀਤ ਜਿਸ ਜਨ ਗਈ ਜੁੜ, ਆਤਮ ਪੜਦਾ ਦੇਵੇ ਲਾਹਿਆ । ਗੁਰ ਪੂਰੇ ਚਰਨ ਧੂੜ ਜਿਸ ਜਨ ਕੀਆ ਮਜਨ, ਆਤਮ ਅੰਦਰ ਕਾਇਆ ਕੰਦਰ ਮਿਲੇ ਸਾਚਾ ਸੱਜਣ, ਭਾਂਡੇ ਭਰਮ ਨੌਂ ਦਵਾਰੇ ਭੱਜਣ, ਅੰਮ੍ਰਿਤ ਆਤਮ ਪੀ ਪੀ ਸੰਤ ਸੁਹੇਲੇ ਰੱਜਣ, ਜਿਸ ਜਨ ਪੁਰਖ ਅਬਿਨਾਸ਼ੀ ਸਾਚਾ ਦਰਸ਼ਨ ਪਾਇਆ । ਜੂਠੇ ਝੂਠੇ ਆਪਣੇ ਪੜਦੇ ਕੱਜਣ, ਦਰ ਦਵਾਰੇ ਛੱਡ ਛੱਡ ਭੱਜਣ, ਲੋਕਮਾਤ ਨਾ ਆਏ ਲੱਜਨ, ਸ਼ਬਦ ਡੰਕ ਪ੍ਰਭ ਆਪ ਵਜਾਇਆ । ਰਾਓ ਰੰਕ ਸ਼ਾਹ ਸੁਲਤਾਨਾਂ ਰਾਜ ਰਾਜਾਨਾਂ ਵਾਲੀ ਦੋ ਜਹਾਨਾਂ ਏਕਾ ਅੰਕ ਰਿਹਾ ਸੁਣਾਇਆ । ਲਾੜੀ ਮੌਤ ਬੰਨ੍ਹੇ ਹੱਥੀਂ ਗਾਨਾ, ਨਿਹਕਲੰਕ ਨਰਾਇਣ ਨਰ, ਏਕਾ ਫੜੇ ਸ਼ਬਦ ਤੀਰ ਕਮਾਨਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲੱਖ ਚੁਰਾਸੀ ਅੰਤ ਮਿਟਾਏ, ਸਾਧ ਸੰਤ ਕੋਈ ਰਹਿਣ ਨਾ ਪਾਏ, ਇਕ ਰਖਾਏ ਨਾਮ ਸੱਚਾ ਸ਼ਬਦ ਬਿਬਾਣਾ । ਸਤਿ ਕਰਤਾਰ ਸਤਿ ਨਾ ਜਾਣਿਆ । ਆਤਮ ਉਪਜੀ ਨਾ ਬ੍ਰਹਮ ਮਤ, ਪਾਰਬ੍ਰਹਮ ਨਾ ਦਰ ਪਛਾਣਿਆ । ਬਹੱਤਰ ਨਾੜੀ ਉਬਲੀ ਰਤ, ਜੂਠਾ ਝੂਠਾ ਪੀਣਾ ਖਾਣਿਆ । ਧੀਰਜ ਸ਼ਬਦ ਨਾ ਦਿਤੀ ਸਾਚੀ ਮਤ, ਚਰਨ ਨੱਤ ਨਾ ਪੁਰਖ ਨਿਧਾਨਿਆ । ਸਰਬ ਜੀਆਂ ਪ੍ਰਭ ਜਾਣੇ ਮਿਤ ਗਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵੇਖ ਵਖਾਣੇ ਸੁਘੜ ਸਿਆਣੇ ਦਰ ਘਰ ਸਾਚੇ ਏਕਾ ਏਕ ਮਾਰ ਧਿਆਨਿਆ । ।

੫੭੮ ੦੫

### ★ ੭ ਚੇਤ ੨੦੧੩ ਬਿਕ੍ਰਮੀ ਕਪੂਰਥਲੇ ਦੇ ਰਾਜੇ ਦੇ ਮਹੱਲਾ ਵਿਚ ਜਾ ਕੇ ਸ਼ਬਦ ਉਚਾਰਿਆ ਅਤੇ ਇਕ ਦਸਤਾਰ ਸਿਰੋਪਾਓ ਦਿਤਾ ★

ਪੁਰਖ ਅਬਿਨਾਸ਼ੀ ਜਾਮਾ ਪਾਇਆ, ਲੋਕਮਾਤ ਵੱਜੀ ਵਧਾਈ । ਗੁਰਮੁਖ ਸਾਚੇ ਲਏ ਜਗਾਇਆ, ਦੇਵੇ ਜਗਤ ਵਡਿਆਈ । ਆਪ ਆਪਣਾ ਦਰਸ ਦਿਖਾਇਆ, ਸਿਰੋਪਾਓ ਸੀਸ ਟਿਕਾਈ । ਅੰਮ੍ਰਿਤ ਆਤਮ ਮੇਘ ਬਰਸ ਵਖਾਇਆ, ਸ਼ਬਦ ਧੁਨ ਉਪਜੇ ਸੁਨ ਖੁਲ੍ਹਾਈ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਹਰਿ ਹਰ ਥਾਈਂ । ਰਾਜ ਕਪੂਰ ਸ਼ਬਦ ਜੋਗ ਤਨ ਸ਼ਿੰਗਾਰ । ਆਤਮ ਰਸ ਸਾਚਾ ਭੋਗ, ਮਿਲੇ ਮੇਲ ਨਰ ਹਰਿ ਕਰਤਾਰ । ਲੇਖਾ ਲਿਖਿਆ ਧੁਰ ਸੰਜੋਗ, ਆਦਿ ਅੰਤ ਨਾ ਹੋਏ ਵਿਜੋਗ, ਚਰਨ ਸਰਨ ਪ੍ਰਭ ਇਕ ਪਿਆਰ । ਦੇਵੇ ਦਰਸ ਆਪ

ਅਮੋਘ, ਜਗਤ ਵਿਛੋੜਾ ਕਟੇ ਰੋਗ, ਬਾਹੋਂ ਫੜ ਫੜ ਲਾਏ ਪਾਰ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਕਲਜੁਗ ਅੰਤਮ ਵੇਖ ਦਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਅਵਤਾਰ । ਨਿਹਕਲੰਕ ਨਰਾਇਣ ਨਰ, ਜੋਤ ਜਗਾਇੰਦਾ । ਸ਼ਬਦ ਡੰਕ ਇਕ ਅਪਾਰ, ਚਾਰ ਵਰਨਾਂ ਆਪ ਸੁਣਾਇੰਦਾ । ਰਾਓ ਰੰਕ ਮੀਤ ਮੁਰਾਰ, ਦੋ ਜਹਾਨਾਂ ਹੋਏ ਸਹਾਏ । ਸੰਮਤ ਵੀਹ ਸੌ ਸੋਲਾਂ ਸਦ ਵਿਚਾਰ, ਆਪ ਆਪਣਾ ਮੇਲ ਮਿਲਾਏ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਸੰਬਲ ਨਗਰੀ ਜੋਤ ਇਕਗਰੀ ਸ਼ਬਦ ਘੋੜ ਅਸਵਾਰੀ, ਜੋਤੀ ਜੋਤ ਨਿਰੰਕਾਰੀ, ਆਪ ਆਪਣੇ ਅੰਗ ਸਮਾਏ । ਭਰਿਆ ਰਹੇ ਭੰਡਾਰ, ਤੋਟ ਨਾ ਆਈਆ । ਦੇਵਣਹਾਰ ਦਾਤਾਰ, ਸਰਬ ਥਾਈਂਆ । ਰਾਜ ਰਾਜਾਨਾਂ ਖੜਾ ਰਹੇ ਦਰ ਦਰਬਾਰ, ਖੇਵਟ ਖੇਟ ਆਪ ਅਖਵਾਈਆ । ਵੇਲੇ ਅੰਤਮ ਕਰੇ ਪਿਆਰ, ਦਰਸ ਦਿਖਾਈਆ । ਬਿਆਸ ਕਿਨਾਰਾ ਆਰ ਪਾਰ ਸ਼ਬਦ ਨਗਾਰਾ ਇਕ ਵਜਾਈਆ । ਕਰੇ ਖੇਲ ਹਰਿ ਕਰਤਾਰ, ਨਾਮ ਵਣਜਾਰਾ ਵਣਜ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪਰਗਟ ਹੋਏ ਜੋਤ ਬਲੋਏ, ਕਰੇ ਪਰਕਾਸ਼ ਤ੍ਰੈ ਤ੍ਰੈ ਲੋਏ, ਸੰਮਤ ਸੋਲਾਂ ਏਕਾ ਚਰਨ ਦਰ ਸਾਚੇ ਆਪਣਾ ਆਪ ਛੁਹਾਈਆ ।

★ ਮਹਾਰਾਜਾ ਕਪੂਰਥਲਾ ਦੇ ਸੈਕਟਰੀ ਮੇਜਰ ਕਿਰਪਾਲ ਸਿੰਘ ਨਵਿਤ ਸ਼ਬਦ ਉਚਾਰਿਆ ★

ਕਿਰਪਾਲ ਕਿਰਪਾ ਦੇਵੇ ਕਰ, ਘਰ ਸਾਚੇ ਵੱਜੀ ਵਧਾਈਆ । ਗੁਰ ਸ਼ਬਦ ਪਾਇਆ ਸਾਚਾ ਵਰ, ਤੁੱਟੀ ਜਗਤ ਜੁਦਾਈਆ । ਕਾਇਆ ਭਾਂਡਾ ਲਿਆ ਭਰ, ਅੰਮ੍ਰਿਤ ਆਤਮ ਸਾਚਾ ਸਰ, ਸੀਤਲ ਧਾਰ ਵਹਾਈਆ । ਧੁਰ ਦਰਗਾਹੀ ਮਿਲਿਆ ਵਰ, ਲੱਖ ਚੁਰਾਸੀ ਚੁੱਕੇ ਡਰ, ਜਮ ਕੀ ਫਾਸੀ ਆਪਣੀ ਆਪ ਕਟਾਈਆ । ਚਰਨ ਕਵਲ ਪ੍ਰਭ ਜਾਏ ਪੜ੍ਹ, ਪੰਜਾਂ ਚੋਰਾਂ ਨਾਲ ਲੜ, ਘਟ ਘਟ ਵਾਸੀ ਦਰਸ ਦਿਖਾਈਆ । ਨਾ ਕੋਈ ਸੀਸ ਨਾ ਕੋਈ ਧੜ, ਜੋਤੀ ਜੋਤ ਸਰੂਪ ਹਰਿ, ਜਿਸ ਜਨ ਕਿਰਪਾ ਦੇਵੇ ਕਰ, ਆਪ ਆਪਣੇ ਰੰਗ ਰੰਗਾਈਆ । ।

★ ੮ ਚੇਤ ੨੦੧੩ ਬਿਕ੍ਰਮੀ ਬਿਆਸ ਸਤਿਸੰਗ ਘਰ ਡੇਰਾ ਬਾਬਾ ਜੈਮਲ ਸਿੰਘ, ਚਰਨ ਸਿੰਘ ਦੇ ਨਾਲ ਸ਼ਬਦ ਉਚਾਰਿਆ ★

ਸੋਈ ਸੁਰਤ ਸਵਾਣੀ, ਸੁਰਤ ਨਾ ਰਾਈਆ । ਮਿਲੇ ਮੇਲ ਨਾ ਸਾਚੇ ਹਾਣੀ, ਸਾਰ ਸ਼ਬਦ ਸਾਰ ਨਾ ਪਾਈਆ । ਅੰਮ੍ਰਿਤ ਆਤਮ ਮਿਲੇ ਨਾ ਠੰਢਾ ਪਾਣੀ, ਠੰਢੀ ਧਾਰ ਨਾ ਕੋਈ ਵਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਧਾਂ ਸੰਤਾਂ ਜੀਆਂ ਜੰਤਾਂ ਆਤਮ ਪੁਣ ਛਾਣ ਛਾਣ ਪੁਣ ਰਿਹਾ ਕਰਾਈਆ । ਕਲਜੁਗ ਸੰਤ ਜਗਤ ਦੁਹਾਗਣ, ਸੁਹਾਗੀ ਕੰਤ ਨਾ ਕੋਈ ਹੰਢਾਈਆ । ਦਰ ਦਵਾਰੇ ਛੱਡ ਛੱਡ ਭਾਗਣ, ਮਾਇਆ ਰਾਣੀ ਬਣਤ ਬਣਾਈਆ । ਮਾਨਸ ਦੇਹੀ ਹੰਸ ਬਣੇ ਕਾਗਣ, ਏਕਾ ਵਿਸ਼ਟਾ ਮੁਖ ਰਖਾਈਆ । ਗੁਰਮੁਖ ਵਿਰਲੇ ਸੋਏ ਮਾਤ ਜਾਗਣ, ਆਤਮ ਦ੍ਰਿਸ਼ਟਾ ਜਿਨ ਖੁਲ੍ਹਾਈਆ । ਉਪਜਾਏ ਸ਼ਬਦ ਸੱਚਾ ਵੈਰਾਗਣ, ਵਿਚ ਸ੍ਰਿਸ਼ਟ ਦਏ ਵਡਿਆਈਆ । ਦਰਸ ਦਿਖਾਏ ਵਡ ਵਡਭਾਗਣ, ਏਕਾ ਇਸ਼ਟ ਜੋਤ ਰਘੁਰਾਈਆ । ਹੰਸ ਬਣਾਏ ਫੜ ਫੜ ਕਾਗਣ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਰਾਓ ਰੰਕ ਰੰਕ ਰਾਜਾਨ ਸ਼ਾਹ

ਸੁਲਤਾਨ ਵਾਲੀ ਦੋ ਜਹਾਨ ਏਕਾ ਰਾਹ ਵਖਾਈਆ । ਸਾਧ ਸੰਤ ਹੋਏ ਗਵਾਰ, ਮਾਇਆ ਭਰਮ ਭੁਲਾਇਆ । ਭਰਮੇ ਭੁੱਲੇ ਜੀਵ ਗਵਾਰ, ਪ੍ਰਭ ਅਬਿਨਾਸ਼ੀ ਦਿਸ ਨਾ ਆਇਆ । ਜੂਠਾ ਝੂਠਾ ਤਨ ਬੁਖਾਰ, ਕਾਇਆ ਰੰਗਣ ਸਾਚੀ ਰੰਗਤ ਨਾ ਸਕੇ ਕੋਇ ਚੜ੍ਹਾਇਆ । ਪੰਜ ਵਿਕਾਰਾ ਅੱਠੇ ਪਹਿਰ ਕਰੇ ਖਵਾਰ, ਜਗਤ ਧੁੰਦੂਕਾਰਾ ਤਨ ਰਖਾਇਆ । ਹਰਿ ਜਨ ਸਾਚਾ ਦਰ ਘਰ ਸਾਚਾ ਏਕਾ ਮਾਣੇ ਗੁਰ ਚਰਨ ਪ੍ਰੀਤੀ ਏਕਾ ਰੰਗਤ ਸ਼ਬਦ ਰਾਗ ਆਤਮ ਧੁਨ ਆਪੇ ਆਪ ਦਏ ਉਪਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵੇਖ ਵਖਾਣੇ ਘਰ ਘਰ ਏਕਾ ਸਾਚਾ ਢੋਲ ਵਜਾਇਆ । ਵਜੇ ਢੋਲ ਮਰਦੰਗ, ਨਾ ਨਗਾਰਿਆ । ਆਰ ਪਾਰ ਕਿਨਾਰਾ ਜਾਏ ਲੰਘ, ਵੇਖ ਵਖਾਣੇ ਵਿਚ ਮੰਝਧਾਰਿਆ । ਜਨ ਭਗਤਾਂ ਕਟੇ ਭੁੱਖ ਨੰਗ, ਦੇਵੇ ਸ਼ਬਦ ਸੱਚਾ ਭੰਡਾਰਿਆ । ਚਿੱਟੇ ਅਸਵ ਕਸੇ ਤੰਗ, ਸਾਧਾਂ ਸੰਤਾਂ ਪਾਵੇ ਸਾਰਿਆ । ਅੰਮ੍ਰਿਤ ਆਤਮ ਵੇਖੇ ਗੰਗ, ਸਚ ਸੁਰਸਤੀ ਵਹਿੰਦੀ ਧਾਰਿਆ । ਜੋਤੀ ਜੋਤ ਸਰੂਪ ਹਰਿ, ਲੋਆਂ ਪੁਰੀਆਂ ਰਿਹਾ ਲੰਘ, ਬ੍ਰਹਿਮੰਡ ਖੰਡ ਪ੍ਰਭ ਜਾਏ ਵੰਡ, ਜੇਰਜ ਅੰਡ ਵਿਚ ਸਮਾ ਰਿਹਾ । ਵੰਡੇ ਵੰਡ ਅਪਾਰ, ਭੇਵ ਨਾ ਰਾਇਆ । ਮੇਟ ਮਿਟਾਏ ਭੇਖ ਪਖੰਡ, ਜੋਤੀ ਜਾਮਾ ਭੇਖ ਵਟਾ ਰਿਹਾ । ਸ਼ਬਦ ਫੜ ਚੰਡ ਪਰਚੰਡ ਨੌਂ ਖੰਡ ਪ੍ਰਿਥਮੀ ਕਰੇ ਖੰਡ ਖੰਡ, ਸਾਚਾ ਖੰਡਾ ਹੱਥ ਉਠਾ ਰਿਹਾ । ਮਨਮੁਖ ਜੀਵਾਂ ਵੱਢੇ ਕੰਡ, ਵੇਲੇ ਅੰਤਮ ਦੇਵੇ ਦੰਡ, ਨਾ ਸਕੇ ਕੋਈ ਛੁਡਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਬਿਆਸ ਕਿਨਾਰਾ ਰਿਹਾ ਲੰਘ, ਵੇਖੇ ਖੇਲ ਦੋ ਜਹਾਨੀ ਲਾਲ, ਸ਼ਬਦ ਤੇਲ ਕਿਸੇ ਤਨ ਚੜ੍ਹਾਇਆ । ਸ਼ਬਦ ਵਣਜਾਰਾ ਕਲਜੁਗ ਕਵਣ, ਕਰੇ ਜੋਤ ਕੁੜਮਾਈਆ । ਕਵਣ ਫਿਰੇ ਅਵਣ ਗਵਣ, ਵਰਨੀ ਵਰਨ ਰਹੇ ਭਵਾਈਆ । ਕਵਣ ਆਤਮ ਮੇਘ ਬਰਸੇ ਸਵਣ, ਸਾਵਣ ਸੁਰਤੀ ਸ਼ਬਦ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਚਮਕੇ ਦਾਮਨੀ ਦਾਮਨ, ਕਾਮਨ ਕਮਨ ਖੇਲ ਖਿਲਾਈਆ । ਆਪੇ ਵੇਖੇ ਅੰਦਰ ਬਾਹਰ, ਸਚ ਦਵਾਰੇ ਵੜਿਆ । ਨੌਂ ਦਵਾਰੇ ਭੇਖ ਭਿਖਾਰ, ਉਚੇ ਟਿੱਲੇ ਆਪੇ ਚੜ੍ਹਿਆ । ਡੂੰਘੀ ਕੰਦਰ ਪਾਵੇ ਸਾਰ, ਜੋਤ ਨਿਰੰਜਣ ਕਰ ਆਕਾਰ, ਆਪੇ ਬਹੇ ਆਪੇ ਖੜ੍ਹਿਆ । ਸ਼ਬਦ ਫੜੇ ਤੇਜ ਕਟਾਰ, ਮਾਰੀ ਜਾਏ ਵਾਰੋ ਵਾਰ, ਮੇਟ ਮਿਟਾਏ ਸੀਸ ਧੜਿਆ । ਗੁਰਮੁਖਾਂ ਬਖ਼ਸ਼ੇ ਚਰਨ ਪਿਆਰ, ਦਰ ਦਰ ਲੋਚਨ ਦਰਸ ਅਪਾਰ, ਦਰ ਦਵਾਰੇ ਅੱਗੇ ਖੜ੍ਹਿਆ । ਸ਼ਬਦ ਕਰਾਏ ਵਣਜ ਵਾਪਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਘੋੜੇ ਚਿੱਟੇ ਅਸਵ ਹੋ ਅਸਵਾਰ, ਸਾਚੀ ਘੋੜੀ ਰਿਹਾ ਚੜ੍ਹਾਇਆ । ਸਾਚੇ ਘੋੜੇ ਆਪ ਚੜ੍ਹਿਆ, ਨਾਮ ਵਾਗ ਗੁੰਦਾਈਆ । ਸੱਤਾਂ ਦੀਪਾਂ ਵੇਖੇ ਖੜ੍ਹ, ਏਕਾ ਆਵਾਜ਼ ਰਿਹਾ ਲਗਾਈਆ । ਰਹਿਣ ਨਾ ਦੇਵੇ ਕਿਸੇ ਦੀ ਲੱਗੀ ਜੜ੍ਹ, ਸ਼ਬਦ ਉਖੇੜਾ ਇਕ ਲਗਾਈਆ । ਏਕਾ ਅੱਖਰ ਨਾ ਗਿਆ ਪੜ੍ਹ, ਕੁਰਾਨ ਹਦੀਸਾ ਹਰਿ ਜਗਦੀਸਾ ਬੀਸ ਇਕੀਸਾ ਆਪਣੇ ਭਾਣੇ ਵਿਚ ਸਮਾਈਆ । ਵੇਖ ਵਖਾਣੇ ਰਾਗ ਛਤੀਸਾ, ਕਾਲਾ ਸੂਸਾ ਈਸਾ ਮੂਸਾ ਨਾ ਕੋਈ ਗਾਏ ਦੰਦ ਬਤੀਸਾ, ਵੇਦ ਪੁਰਾਨਾਂ ਏਕਾ ਵੇਖੇ ਵਾਲੀ ਦੋ ਜਹਾਨਾਂ ਭੇਵ ਰਹੇ ਨਾ ਰਾਈਆ । ਸ਼ਬਦ ਝੁਲਾਏ ਸਚ ਨਿਸ਼ਾਨਾ, ਉਡੇ ਇਕ ਬਿਬਾਣ ਜਨ ਭਗਤਾਂ ਬ੍ਰਹਮ ਗਿਆਨਾ, ਪੂਰਨ ਬੂਝ ਬੁਝਾਈਆ । ਆਪੇ ਗੋਪੀ ਆਪੇ ਕਾਹਨਾ, ਆਪੇ ਰਾਮ ਰਹੀਮ ਰਹਿਮਾਨਾ, ਜੁਗਾ ਜੁਗੰਤ ਬਣਤ ਬਣਾਈਆ । ਕਰੇ ਖੇਲ ਘਨਈਆ ਸ਼ਾਮਾ, ਲੱਖ ਚੁਰਾਸੀ ਕਰੇ ਏਕਾ ਤਾਮਾ, ਏਕਾ ਬਾਣ ਜਗਤ ਨਿਸ਼ਾਨ ਆਪਣਾ ਰਿਹਾ ਝੁਲਾਈਆ । ਗੁਰਮੁਖਾਂ ਕਰੇ ਮਾਤ ਪਛਾਨਾ । ਨਾਥ ਤ੍ਰੈਲੋਕੀ ਮਾਰ ਧਿਆਨਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਜੋਤ ਧਰ, ਕਰੇ ਖੇਲ ਜਗਤ ਮਹਾਨਾ । ਕਰੇ ਖੇਲ ਮਹਾਨ ਜਗਤ ਬਨਵਾਰਿਆ । ਨਾ ਕੋਈ ਜਾਣੇ ਜੀਵ ਜਹਾਨ, ਆਤਮ ਸ਼ਬਦੀ ਕਲ ਹੰਕਾਰਿਆ । ਹਰਿਜਨ ਸਾਚਾ ਚਤੁਰ ਸੁਜਾਨ, ਏਕਾ ਰੱਖੇ ਪ੍ਰਭ ਚਰਨ ਧਿਆਨ, ਸਾਚਾ ਦੇਵੇ ਜੀਆ ਦਾਨ, ਦੇਵਣਹਾਰ ਸਰਬ ਸੰਸਾਰਿਆ । ਅੰਮ੍ਰਿਤ ਆਤਮ ਪੀਣ ਖਾਣ, ਆਪ ਚੁਕਾਏ ਜਮ ਕੀ ਕਾਨ, ਰਾਏ ਧਰਮ ਦਰ ਦੁਰਕਾਰਿਆ । ਫ਼ਲ ਲੱਗੇ ਕਾਇਆ ਡਾਲ੍ਹ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਿਸ ਜਨ ਕਿਰਪਾ ਦੇਵੇ ਕਰ, ਸ਼ਬਦ ਭੰਡਾਰਾ ਦੇਵੇ ਭਰ, ਮਿਲੇ ਮੇਲ ਪ੍ਰਭ ਸਾਚੇ ਸੱਜਣ, ਭਾਂਡੇ ਭਰਮ ਮਾਤ ਭੱਜਣ, ਦਰਸ ਪੇਖਤ ਦੋਏ ਦੋਏ ਨੈਣਾ । ਸਤਿਗੁਰ ਸਾਚਾ ਸਾਖਿਆਤ, ਨੇਤਰ ਜੋਤ ਬਲੋਏ । ਆਤਮ ਅੰਦਰ ਵੇਖੇ ਮਾਰ ਝਾਤ, ਅਗਿਆਨ ਅੰਧੇਰ ਰਹੇ ਨਾ ਕੋਏ । ਮੇਲ ਮਿਲਾਵਾ ਕਮਲਾਪਾਤ, ਆਤਮ ਸੇਜਾ ਇਕੱਠੇ ਰਹਿਣ ਦੋਏ । ਚਰਨ ਕਵਲ ਬਖ਼ਸ਼ੇ ਸਾਚਾ ਨਾਤ, ਨਾ ਜਨਮੇ ਨਾ ਕਦੇ ਮੋਏ । ਗੁਰਮੁਖ ਸਾਚਾ ਪਾਰਜ਼ਾਤ, ਦਰ ਘਰ ਸਾਚੇ ਰਿਹਾ ਖਲੋਏ । ਨਾ ਕੋਈ ਪੁਛੇ ਜ਼ਾਤ ਪਾਤ, ਧੁਰ ਦਰਗਾਹੀ ਏਕਾ ਸੱਚਾ ਢੋਏ । ਸ਼ਬਦ ਦੇਵੇ ਜਨ ਸਾਚੀ ਦਾਤ, ਦੁਰਮਤ ਮੈਲ ਕਾਇਆ ਧੋਏ । ਆਪੇ ਰੱਖੇ ਦੇ ਕਰ ਹਾਥ, ਆਦਿ ਅੰਤ ਸਾਧ ਸੰਤ ਹਰਿ ਭਗਵੰਤ ਜਗਤ ਵਿਛੋੜਾ ਕਦੇ ਨਾ ਹੋਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰਸ ਦਿਖਾਏ ਦਇਆ ਕਮਾਏ ਵੇਖ ਵਖਾਏ ਤੀਜੇ ਲੋਏ । ਲੋਇਣ ਤੀਜਾ ਸਾਚਾ ਨੇਤਰ, ਗੁਰਮੁਖ ਵਿਰਲੇ ਪਾਇਆ । ਵੇਖੇ ਸਗਲ ਕਾਇਆ ਖੇਤਰ, ਆਪ ਆਪਣੀ ਬੂਝ ਬੁਝਾਇਆ । ਲੱਗੇ ਬਹਾਰ ਮਹੀਨੇ ਚੇਤਰ, ਚਿਤ ਵਿਤ ਨਿਤ ਨਵਿਤ ਹਰਿ ਹਰਿ ਕਰਦਾ ਆਇਆ । ਸਾਚਾ ਹਿਤ ਜਗਤ ਠਗੋਰੀ ਦਏ ਮਿਟਾਇਆ । ਆਪੇ ਹੋਏ ਮਾਤ ਪਿਤ ਨਾ ਕੋਈ ਵੇਖੇ ਵਾਰ ਥਿਤ, ਅੰਮ੍ਰਿਤ ਆਤਮ ਕਾਇਆ ਸਿਤ, ਠੰਢੀ ਠਾਰ ਕਰਾਇਆ । ਨੌਂ ਦਵਾਰੇ ਲੈਣ ਜਿਤ, ਜੋਤੀ ਜੋਤ ਸਰੂਪ ਹਰਿ, ਜਿਸ ਜਨ ਏਕਾ ਨਾਮ ਮਿਲੇ ਦਾਮ, ਧੁਰ ਦਰਗਾਹੀ ਦਏ ਸੁਣਾਇਆ । ਕਾਇਆ ਅੰਦਰ ਸਚ ਟਿਕਾਣਾ, ਹਰਿ ਹਰਿ ਵੇਸ ਅਨੇਕਾ । ਗੁਰਮੁਖ ਵਿਰਲਾ ਚੜ੍ਹੇ ਸ਼ਬਦ ਬਿਬਾਣਾ, ਇਕ ਰਖਾਏ ਪ੍ਰਭ ਚਰਨ ਧਿਆਨਾ । ਦਰ ਘਰ ਸਾਚੇ ਨਰ ਹਰਿ ਸਾਚਾ ਏਕਾ ਇਕ ਪਛਾਨਾ । ਹੋਏ ਬੁੱਧ ਬਿਬੇਕਾ, ਧੁਰ ਦਰਗਾਹੀ ਦੇਵੇ ਮਾਣਾ । ਕਲਜੁਗ ਮਾਇਆ ਨਾ ਲਾਏ ਸੇਕਾ, ਸਰਨ ਸਰਨਾਈ ਰਾਜਾ ਰਾਣਾ । ਸਾਧ ਸੰਤ ਬੇਮੁਹਾਣਾ, ਗੁਰਮੁਖ ਵਿਰਲੇ ਆਤਮ ਨੇਤਰ ਪੁਰਖ ਅਬਿਨਾਸ਼ੀ ਸਾਚਾ ਪੇਖਾ, ਆਪ ਚਲਾਏ ਆਪਣੇ ਭਾਣਾ । ਹਰਿ ਸਮਰਥ ਅਕਥਨਾ ਅਕੱਥ, ਲੱਖ ਚੁਰਾਸੀ ਪਾਏ ਨੱਥ, ਸੋਹੰ ਡੰਡਾ ਹੱਥ ਉਠਾਨਾ । ਲੋਆਂ ਪੁਰੀਆਂ ਰਿਹਾ ਮਥ, ਜਨ ਭਗਤਾਂ ਦੇਵੇ ਸਾਚੀ ਦਾਤ ਵਥ, ਸਾਚੇ ਰਥ ਚੜ੍ਹਾਨਾ । ਸਗਲ ਵਸੂਰੇ ਜਾਇਣ ਲਥ, ਲੇਖਾ ਚੁਕੇ ਸੀਆਂ ਸਾਢੇ ਤਿੰਨ ਹੱਥ, ਸਰਨ ਸਰਨਾਈ ਹਰਿ ਰਘੁਰਾਈ ਏਕਾ ਓਟ ਰਖਾਨਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਮੇਲ ਮਿਲਾਏ, ਆਤਮ ਬ੍ਰਹਮ ਬ੍ਰਹਮ ਗਿਆਨ, ਪਾਰਬ੍ਰਹਮ ਜਨ ਮੇਲ ਮਿਲਾਨਾ । ਮਿਲੇ ਮੇਲ ਪਾਰਬ੍ਰਹਮ ਆਤਮ ਧੁਨ ਵੱਜੀ ਵਧਾਈਆ । ਲੇਖੇ ਲੱਗੇ ਕਾਇਆ ਚੰਮ, ਸੁਨ ਮੁਨ ਰਿਹਾ ਤੁੜਾਈਆ । ਪਲੇ ਬੰਨ੍ਹੇ ਨਾਮ ਦਮ, ਦੋ ਜਹਾਨਾ ਹੋਏ ਸਹਾਈਆ । ਏਕਾ ਏਕ ਰਮਈਆ ਰਾਮ ਜੁਗਾ ਜੁਗੰਤ ਭੇਖ ਵਟਾਈਆ । ਕਾਇਆ ਮਾਟੀ ਝੂਠੀ ਹਾਟੀ ਅੰਤਮ ਕਿਸੇ ਨਾ ਆਵੇ ਕੰਮ, ਮਾਇਆ ਮਮਤਾ ਰੋਗ ਹੰਗਤਾ ਤਨ ਰਖਾਈਆ । ਲੇਖੇ ਲੱਗੇ ਪਵਣ ਸਵਾਸੀ ਸਾਚਾ ਦਮ, ਨਰ ਹਰਿ ਸਾਚਾ ਰਸਨਾ ਗਾਈਆ । ਨੇਤਰ ਨੀਰ ਵਰੋਲੇ ਛੰਮ ਛੰਮ, ਬਿਰਹੋਂ ਰੋਗ ਇਕ ਲਗਾਈਆ । ਅੰਮ੍ਰਿਤ ਆਤਮ ਪੀਵੇ ਸਾਚਾ ਜਾਮ, ਇਕ ਖੁਮਾਰੀ

੫੮੧
੦੫

ਰਿਹਾ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਜਿਸ ਜਨ ਕਿਰਪਾ ਦੇਵੇ ਕਰ, ਨਰ ਨਿਰੰਕਾਰੀ ਜੋਤ ਅਧਾਰੀ ਦੇਵੇ ਦਾਤ ਸ਼ਬਦ ਭੰਡਾਰੀ ਅਤੁਟ ਭੰਡਾਰਾ ਇਕ ਰਖਾਈਆ । ਰੋਗ ਸੋਗ ਤਨ ਵਗੇ ਨਖ਼ੂਰ, ਪੁਰਖ ਅਬਿਨਾਸ਼ੀ ਕਿਰਪਾ ਕਰ, ਆਸਾ ਮਨਸਾ ਦੇਵੇ ਪੂਰ । ਰਸਨਾ ਗਾਉਣਾ ਏਕਾ ਨਾਉਂ ਸਾਚਾ ਹਰਿ ਸਾਚੀ ਬਖ਼ਸ਼ੇ ਚਰਨ ਧੂੜ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਦਵਾਰੇ ਦੇਵੇ ਵਰ, ਕਾਇਆ ਰੰਗਣ ਰੰਗ ਚੜ੍ਹਾਏ ਗੂੜ੍ਹ । ਕਰਮ ਜਰਮ ਪ੍ਰਭ ਹੱਥ, ਜਿਸ ਜਨ ਬਣਤ ਬਣਾਈਆ । ਲੇਖਾ ਲੇਖ ਲਿਖੇ ਮਸਤਕ ਮਾਥ, ਪੂਰਬ ਕਰਮਾਂ ਰਿਹਾ ਜਗਾਈਆ । ਕਾਇਆ ਮਾਟੀ ਚੜ੍ਹੇ ਸਾਚੇ ਰਥ, ਵਿਚ ਬੈਠਾ ਰਿਹਾ ਚਲਾਈਆ । ਪੰਜਾਂ ਚੋਰਾਂ ਪਾਈ ਨੱਥ, ਡੋਰ ਆਪਣੇ ਹੱਥ ਰਖਾਈਆ । ਪੰਚਾਂ ਲਾਹੇ ਆਤਮ ਸਥ, ਸਾਚਾ ਸਾਥ ਨਾ ਕੋਈ ਨਿਭਾਈਆ । ਰਸਨਾ ਗਾਏ ਅਕਥਨਾ ਅਕਥ, ਅਕਥ ਕਥੀ ਦਇਆ ਕਮਾਈਆ । ਸਗਲ ਵਸੂਰੇ ਜਾਇਣ ਲਥ, ਮਨ ਚਿੰਦਿਆ ਜਗਤ ਨਿੰਦਿਆ ਆਪ ਬਣਾਏ ਸਾਚੀ ਬਿੰਦਿਆ, ਮਾਨਸ ਦੇਹੀ ਵੇਖ ਵਖਾਈਆ । ਤਨ ਮਨ ਵੱਜਾ ਏਕਾ ਜੰਦਿਆ, ਜੋਤੀ ਜੋਤ ਸਰੂਪ ਹਰਿ, ਜੀਵ ਜੰਤ ਜੰਤ ਜੀਵ ਜਗਤ ਜੋਤ ਧਰ, ਲਹਿਣਾ ਦੇਣਾ ਰਿਹਾ ਚੁਕਾਈਆ । ਆਤਮ ਬਿਧ ਆਪੇ ਜਾਣੇ, ਅੰਦਰ ਮੰਦਰ ਡੇਰਾ ਲਾਈਆ । ਨੌਂ ਅਠਾਰਾਂ ਨਾ ਕੋਈ ਪਛਾਣੇ, ਸਤਿ ਵਸਤੂ ਵਿਚ ਸਮਾਈਆ । ਦਰ ਦਵਾਰੇ ਹੋਏ ਨਿਮਾਣੇ, ਏਕਾ ਏਕ ਰੱਖੀ ਸਰਨਾਈਆ । ਜਗਤ ਫੰਦ ਪ੍ਰਭ ਆਪ ਕਟਾਨੇ, ਬੱਤੀ ਦੰਦਾਂ ਜਾਪ ਜਪਾਈਆ । ਸਾਚਾ ਚੰਦ ਆਪ ਚੜ੍ਹਾਨੇ, ਜਗਤ ਵਿਕਾਰਾ ਗੰਦ ਮਿਟਾਈਆ । ਖ਼ੁਸ਼ੀ ਬੰਦ ਬੰਦ ਕਰਾਨੇ, ਆਸਾ ਮਨਸਾ ਪੂਰ ਕਰਾਈਆ । ਪਾਰਬ੍ਰਹਮ ਪ੍ਰਭ ਏਕ, ਸ਼ਬਦ ਜਣਾਈਆ । ਗੁਰ ਪੂਰਾ ਰੱਖੇ ਸਾਚੀ ਟੇਕ, ਆਤਮ ਵੱਜੇ ਸੱਚੀ ਵਧਾਈਆ । ਜੀਵਾਂ ਜੰਤਾਂ ਕਰੇ ਬੁੱਧ ਬਿਬੇਕ, ਗੀਤ ਸੁਹਾਗੀ ਇਕ ਸੁਣਾਈਆ । ਕਲਜੁਗ ਮਾਇਆ ਨਾ ਲਾਏ ਸੇਕ, ਜਿਸ ਜਨ ਉਤੇ ਹੱਥ ਟਿਕਾਈਆ । ਲੱਖ ਚੁਰਾਸੀ ਰਿਹਾ ਵੇਖ, ਆਪ ਦਿਸ ਕਿਸੇ ਨਾ ਆਈਆ । ਮਾਇਆ ਭੁੱਲੇ ਭਰਮ ਭੁਲੇਖ, ਘਟ ਘਟ ਵਾਸੀ ਦਿਸ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅੰਤਮ ਵੇਖ ਹਰਿ, ਕਰੇ ਖੇਲ ਆਪ ਰਘੁਰਾਈਆ । ਕਲਜੁਗ ਜੋਤੀ ਜਾਮਾ ਪਾਇਆ, ਕਰਿਆ ਭੇਖ ਅਵੱਲਾ । ਸਾਚਾ ਸ਼ਬਦ ਡੰਕ ਵਜਾਇਆ, ਇਕ ਵਖਾਇਆ ਸਚ ਮਹੱਲਾ । ਅੰਦਰ ਸੁਤਿਆਂ ਰਿਹਾ ਜਗਾਇਆ, ਸ਼ਬਦ ਸੁਨੇਹੜਾ ਏਕਾ ਘੱਲਾ । ਸਾਧਾਂ ਸੰਤਾਂ ਰਿਹਾ ਜਗਾਇਆ, ਹੱਥੀਂ ਫੜਿਆ ਸੋਹੰ ਭੱਲਾ । ਪੂਰਬ ਲਹਿਣਾ ਕਰਮ ਕਮਾਇਆ, ਵਲੀਆ ਛਲੀਆ ਹਰਿ ਰਘੁਰਾਇਆ, ਆਪੇ ਵਸੇ ਜਲਾਂ ਥਲਾਂ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚ ਦਵਾਰਾ ਬੰਕ ਏਕਾ ਏਕ ਸੁਹਾਇਆ । ਖੁਲ੍ਹੇ ਬੰਕ ਦਵਾਰ, ਦਸਮ ਦਵਾਰਿਆ । ਕਲਜੁਗ ਜੀਵ ਭੁੱਲੇ ਨਾਮ ਗਵਾਰ, ਨੌਂ ਦਰ ਭਰੇ ਹੰਕਾਰਿਆ । ਗੁਰਮੁਖ ਸਾਚੇ ਉਤਰੇ ਪਾਰ, ਗੁਰ ਪੂਰੇ ਨਿਮਸਕਾਰ, ਫੜ ਫੜ ਬਾਹੋਂ ਕਰਾਏ ਪਾਰ, ਪਾਰ ਕਿਨਾਰਾ ਵਹਿੰਦੀ ਧਾਰ, ਆਤਮ ਖੋਲ੍ਹੇ ਬੰਦ ਕੁਆੜ, ਮੇਟ ਮਿਟਾਏ ਪੰਚਮ ਧਾੜ, ਮਾਰੇ ਖੰਡਾ ਦੋ ਧਾਰਿਆ । ਜਗਤ ਵਿਕਾਰਾ ਦੇਵੇ ਸਾੜ, ਜੋਤ ਜਗਾਏ ਬਹੱਤਰ ਨਾੜ, ਇਕ ਵਖਾਏ ਧਰਮ ਅਖਾੜ, ਉਪਜੇ ਸ਼ਬਦ ਸੱਚੀ ਧੁਨਕਾਰਿਆ । ਧੁਰ ਦਰਗਾਹੀ ਸਾਚਾ ਲਾੜ, ਸ਼ਬਦ ਘੋੜੇ ਦੇਵੇ ਚਾੜ੍ਹ, ਆਪੇ ਹੋਏ ਪਿਛੇ ਅਗਾੜ, ਡੂੰਘੀ ਕਵਰੀ ਕਾਇਆ ਬਵਰੀ ਆਪੇ ਪਾਰ ਉਤਾਰਿਆ । ਮਾਨਸ ਦੇਹੀ ਸਵਰੀ, ਮਿਲਿਆ ਮੇਲ ਪ੍ਰਭ ਗਹਿਰ ਗਵਰੀ, ਲੇਖਾ ਲਿਖਣਹਾਰ ਦਾਤਾਰਿਆ । ਦੋ ਜਹਾਨੀ ਪਾਵੇ ਸਾਰ, ਅੰਦਰ ਬਾਹਰ ਗੁਪਤ ਜ਼ਾਹਿਰ, ਆਪ ਕਰਾਏ ਇਕ ਵਣਜ

ਵਾਪਾਰ, ਆਪ ਆਪਣੇ ਰੰਗ ਸਮਾ ਰਿਹਾ । ਆਪ ਆਪਣੇ ਅੰਕ ਸਮਾਏ, ਜੋਤੀ ਜਾਮਾ ਧਾਰਿਆ । ਵੇਖਣ ਆਏ ਅਛਲ ਅਛੱਲ ਅਟੱਲ ਮਹੱਲ ਕਵਣ ਸ਼ਬਦ ਵੱਜੇ ਸਾਚੀ ਧੁਨਕਾਰਿਆ । ਸਰਬ ਜੀਆਂ ਪ੍ਰਭ ਆਪੇ ਜਾਣੇ, ਸੰਤ ਸੁਹੇਲੇ ਜਾਣ ਪਛਾਣੇ, ਸਚ ਕਰਾਏ ਵਣਜ ਵਾਪਾਰੋ, ਪਕੜ ਉਠਾਏ ਰਾਜੇ ਰਾਣੇ, ਮਾਰੇ ਤੀਰ ਏਕਾ ਬਾਣਿਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਰਾਓ ਰੰਕਾਂ ਵੇਖ ਹਰਿ, ਆਪ ਆਪਣੇ ਅੰਕ ਸਮਾਣਿਆ । ਆਪ ਆਪਣੇ ਅੰਕ ਸਮਾਏ, ਸ਼ਬਦ ਕਲਾ ਕਲ ਧਾਰੀ । ਪਾਰਬ੍ਰਹਮ ਬ੍ਰਹਮ ਭੇਵ ਨਾ ਰਾਏ, ਵਸੇ ਸਚ ਮਹੱਲ ਉਚ ਅਟਾਰੀ । ਗੁਰਮੁਖ ਵਿਰਲੇ ਦਰਸ਼ਨ ਪਾਇਆ, ਲੇਖਾ ਚੁਕੇ ਨੌਂ ਦਵਾਰੀ । ਆਤਮ ਸਹਿੰਸਾ ਰੋਗ ਗਵਾਇਆ, ਜਗੇ ਜੋਤ ਅਗੰਮ ਅਪਾਰੀ । ਪੰਚਮ ਮੇਲਾ ਆਪ ਮਿਲਾਇਆ, ਕਰੇ ਕਰਾਏ ਸਚ ਪਿਆਰੀ । ਸਾਚਾ ਦਰ ਇਕ ਸੁਹਾਇਆ, ਜੋਤ ਸਰੂਪੀ ਡਗਮਗਾਇਆ, ਸ਼ਬਦ ਸਿੰਘਾਸਣ ਡੇਰਾ ਲਾਇਆ, ਨਰਾਇਣ ਨਰਾਇਣ ਨਰਾਇਣ ਜੋਤ ਨਿਰੰਕਾਰੀ । ਨਿਰੰਕਾਰ ਨਿਰੰਕਾਰ ਨਿਰੰਕਾਰ, ਸ਼ਬਦ ਸੱਚਾ ਜਣਾਈਆ । ਏਕਾ ਸ਼ਬਦ ਸੱਚੀ ਧੁਨਕਾਰ, ਲੋਆਂ ਪੁਰੀਆਂ ਰਿਹਾ ਸੁਣਾਈਆ । ਬ੍ਰਹਮਾ ਸ਼ਿਵ ਕਰੋੜ ਤੇਤੀਸਾ ਸੁਰਪਤ ਰਾਜਾ ਇੰਦ, ਪ੍ਰਭ ਵੇਖ ਵਖਾਏ ਗੁਣੀ ਗਹਿੰਦ, ਦਿਵਸ ਰੈਣ ਸੁਣੇ ਪੁਕਾਰ, ਘਰ ਸਾਚੇ ਬੈਠਾ ਤਾੜੀ ਲਾਈਆ । ਲੱਖ ਚੁਰਾਸੀ ਕਰਮ ਕੁਕਰਮਾਂ ਰਿਹਾ ਵਿਚਾਰ, ਜੋਤ ਨਿਰੰਜਣ ਕਰ ਪਸਾਰ, ਕਾਇਆ ਮੰਦਰ ਡੂੰਘੀ ਕੰਦਰ ਬੈਠਾ ਸੇਜ ਵਿਛਾਈਆ । ਹਰਿਜਨ ਮੇਟੇ ਅੰਧ ਅੰਧਿਆਰ, ਸ਼ਬਦ ਲਪੇਟੇ ਤਨ ਕਰੇ ਸ਼ਿੰਗਾਰ, ਗੁਰ ਪੂਰਾ ਹੋਏ ਖੇਵਟ ਖੇਟੇ, ਫੜ ਫੜ ਬਾਹੋਂ ਲਾਏ ਪਾਰ, ਪਾਰ ਕਿਨਾਰਾ ਦਏ ਵਖਾਈਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਚੇਤਰ ਅੱਠ ਦਰ ਆਏ ਨੱਠ, ਵੇਖੇ ਰੰਗ ਘਰ ਸਾਚਾ ਸੰਗ, ਕਸੇ ਘੋੜ ਤੰਗ, ਤੀਜੇ ਨੈਣ ਮੁਧਾਰਿਆ । ਸ਼ਬਦ ਘੋੜੇ ਤੰਗ ਕਸਾਇਆ । ਚਿੱਟੇ ਅਸਵ ਅਸਵਾਰਾ ਨੌਂ ਦਵਾਰੇ ਲੰਘ ਵਖਾਇਆ । ਦਸਵੇਂ ਸ਼ਬਦ ਹੁਲਾਰਾ, ਦੂਸਰ ਨਾ ਕੋਈ ਸੰਗ ਰਖਾਇਆ । ਆਪ ਆਪਣਾ ਕਰ ਆਕਾਰਾ, ਨਾਮ ਮਰਦੰਗਾ ਇਕ ਵਜਾਇਆ । ਜਗਤ ਮੇਟੇ ਧੁੰਦੂਕਾਰਾ ਅੰਮ੍ਰਿਤ ਆਤਮ ਗੰਗ ਵਹਾਇਆ । ਜਨ ਭਗਤਾਂ ਕਰੇ ਠੰਢੀ ਠਾਰ, ਭੁੱਖ ਨੰਗ ਕਲ ਰਿਹਾ ਕਟਾਇਆ । ਦੇਵੇ ਸ਼ਬਦ ਆਧਾਰ, ਭੇਖਾਧਾਰੀ ਭੇਖ ਧਾਰਾ ਦਰ ਦਰਵੇਸ਼ਾ ਬਣਕੇ ਆਇਆ । ਮੰਗੇ ਸ਼ਬਦ ਅਪਾਰ, ਕਲਜੁਗ ਸੂਸਾ ਤਨ ਸੁਹਾਇਆ । ਈਸਾ ਮੂਸਾ ਦਿਸ ਨਾ ਆਇਆ । ਵੇਦ ਪੁਰਾਨਾਂ ਸਾਰ ਨਾ ਰਾਇਆ । ਅੰਜ਼ੀਲ ਕੁਰਾਨਾ ਦਏ ਦੁਹਾਇਆ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਜੋਤੀ ਜਾਮਾ ਭੇਖ ਧਰ, ਆਪ ਆਪਣਾ ਵੇਸ ਵਟਾਇਆ । ਜੋਤੀ ਜਾਮਾ ਭੇਖ ਵਟਾਏ, ਵੇਖੇ ਖੇਲ ਮੰਦਰ, ਗੁਰਮੁਖ ਸਾਚੇ ਸੰਤ ਜਗਾਏ, ਆਤਮ ਬੈਠਾ ਅੰਦਰ । ਰਾਜੇ ਰਾਣੇ ਕਿਸੇ ਦਿਸ ਨਾ ਆਏ, ਖਾਲੀ ਦਿਸਣ ਮੰਦਰ । ਗੁਰਮੁਖ ਸਾਚਾ ਸਾਚੇ ਘਰ ਏਕਾ ਹਿਸਾ ਰਿਹਾ ਵੰਡਾਏ, ਬਜਰ ਕਪਾਟੀ ਤੋੜੇ ਜੰਦਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੇਤੀ ਜਾਮਾ ਭੇਖ ਹਰਿ, ਕਰੇ ਖੇਲ ਕਲੰਦਰ । ਸਾਵਣ ਸਾਵਣ ਸਾਵਣ ਕਹਿੰਦੇ, ਸਤਿਗੁਰ ਸਾਵਣ ਕਿਸੇ ਨਾ ਪਾਇਆ । ਸਤਿਗੁਰ ਸਾਵਣ ਪਕੜੇ ਦਾਮਨ, ਮੇਟ ਮਿਟਾਏ ਕਾਮਨੀ ਕਾਮਨ, ਨਿਜ ਘਰ ਆਤਮ ਜਿਸ ਵਸਾਇਆ । ਕਲਜੁਗ ਰੈਣ ਅੰਧੇਰੀ ਸ਼ਾਮਨ, ਨਾ ਕੋਈ ਫੜੇ ਕਿਸੇ ਦਾਮਨ, ਪੱਲਾ ਨਾਮ ਨਾ ਕਿਸੇ ਫੜਾਇਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਕਲਜੁਗ ਅੰਤਮ ਵੇਖ ਹਰਿ, ਆਪ ਆਪਣੇ ਰੰਗ ਸਮਾਇਆ । ਸਤਿਗੁਰ ਸਚ ਦਵਾਰ ਹੈ, ਕਰੇ ਸਚ ਨਿਆਉਂ । ਲਿਖਿਆ ਲੇਖਾ ਅਪਰ ਅਪਾਰ ਹੈ, ਗੁਰਚਰਨ ਸਿੰਘ ਰਹਿਣਾ

ਸਾਚੇ ਥਾਉਂ । ਦਰ ਆਏ ਬਣ ਭਿਖਾਰ ਹੈ, ਮੰਗੇ ਸਾਚਾ ਨਾਉਂ । ਇਕ ਕਰਾਉਣਾ ਵਣਜ ਵਾਪਾਰ ਹੈ, ਮਿਲੇ ਮੇਲ ਅਗੰਮ ਅਥਾਹੋ । ਲੇਖਾ ਤੁੱਟੇ ਨੌਂ ਦਵਾਰ ਹੈ, ਮਸਤਕ ਟਿੱਕਾ ਲੱਭੇ ਛਾਹੀ, ਮਿਲੇ ਮੇਲ ਪ੍ਰਭ ਸਾਚੇ ਮਾਹੀ, ਧੁਰ ਦਰਗਾਹੀ ਹੰਸ ਬਣਾਏ ਕਾਉਂ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਦਰ ਦਰਵੇਸ਼ਾ ਆਇਆ, ਵੇਖ ਵਖਾਣੇ ਸਭਨੀ ਥਾਉਂ । ਸਚ ਸਗਨ ਪ੍ਰਭ ਸ਼ਬਦ ਲਗਾਇਆ, ਜੋਤੀ ਸ਼ਬਦੀ ਵੇਖੇ ਮੰਗਣ ਆਏ, ਹਰ ਘਟ ਸਮਾਇਆ ਏ । ਸਰਨ ਸਰਨਾਈ ਜੋ ਜਨ ਮੰਗਣ ਸੰਤ ਸੁਹੇਲੇ ਇਕ ਇਕੇਲੇ ਧੁਰ ਦਰਗਾਹੀ ਸਾਚੇ ਮੇਲੇ ਅੰਤਮ ਅੰਤ ਦਰ ਘਰ ਸਾਚੇ ਦਏ ਮਿਲਾਇਆ ਏ । ਆਪੇ ਗੁਰ ਆਪੇ ਚੇਲੇ ਅਚਰਜ ਖੇਲੇ ਪਾਰਬ੍ਰਹਮ ਕਲ ਖੇਲੇ, ਸ਼ਬਦ ਸੁਨੇਹੜਾ ਅੰਤਮ ਤੁੱਟੇ ਜਮ ਕਾ ਜੇੜਾ, ਪੰਚਾਂ ਚੋਰਾਂ ਕਟੇ ਗੇੜਾ, ਲੱਖ ਚੁਰਾਸੀ ਗੇੜ ਗੇੜਾ, ਕਰੇ ਕਰਾਏ ਹੱਕ ਨਿਬੇੜਾ, ਕਾਇਆ ਦਿਸੇ ਨਗਰ ਖੇੜਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਜਾਮਾ ਭੇਖ ਧਰ, ਦਰ ਦਰਵੇਸ਼ਾ ਨਰ ਨਰੇਸ਼ਾ ਮੰਗਣ ਆਇਆ ਬਣ ਭਿਖਾਰੀ, ਆਪੇ ਬਣ ਕੇ ਸ਼ਬਦ ਅਧਾਰੀ, ਦੋ ਜਹਾਨਾਂ ਪਾਰ ਕਰਾਏ ਵਸਤ ਨਾਮ ਅਨਮੋਲ, ਗੁਰਮੁਖ ਵਿਰਲੇ ਮਾਤ ਪਾਇਆ ਏ । ਪੂਰੇ ਤੋਲ ਰਿਹਾ ਤੋਲ, ਨਿਸ਼ਅੱਖਰ ਵੱਖਰ ਆਪੇ ਬੋਲ, ਦਿਸ ਕਿਸੇ ਨਾ ਆਈਆ । ਜਿਸ ਜਨ ਪਾੜੇ ਬਜਰ ਕਪਾਟੀ ਪੱਥਰ, ਨੇਤਰ ਨੀਰ ਵਰੋਲੇ ਅੱਥਰ, ਪੰਚ ਪੰਚਾਇਣ ਲਭੇ ਸੱਥਰ, ਸਚ ਸਮਗਰੀ ਹਰਿ ਰਘੁਰਾਈਆ । ਕਾਇਆ ਮੰਦਰ ਸਾਚੇ ਅੰਦਰ ਜੋਤ ਨਿਰੰਜਣ ਡਗਮਗਾਈਆ । ਏਕਾ ਸ਼ਬਦ ਧੁਨ ਅਨਾਦ ਸਾਚਾ ਰਾਗ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਗੁਰਮੁਖ ਸਾਚੇ ਸੰਤ ਜਨਾਂ ਏਕਾ ਦੇਵੇ ਨਾਮ ਧਨਾ, ਦਰ ਘਰ ਸਾਚੇ ਏਕਾ ਏਕ ਕਰੇ ਸ਼ਬਦ ਕੁੜਮਾਈਆ । ਸ਼ਬਦ ਕੁੜਮਾਈ ਘਰ ਸਾਚੇ ਹੋਵੇ, ਆਤਮ ਵੱਜੇ ਵਧਾਈ । ਦਿਵਸ ਰੈਣ ਨਾ ਹੋਵੇ ਜੁਦਾਈ, ਅੱਠੇ ਪਹਿਰ ਮੰਗਲਾਚਾਰ ਕਰਾਈ, ਨਾਤਾ ਤੁੱਟੇ ਭੈਣ ਭਾਈ ਸਾਕ ਸੱਜਣ ਸੈਣ ਏਕਾ ਏਕ ਅਖਵਾਈਆ । ਦਰਸ ਦਿਖਾਏ ਤੀਜੇ ਨੈਣਾ, ਆਪ ਚੁਕਾਏ ਲਹਿਣਾ ਦੇਣਾ, ਸ਼ਬਦ ਪਹਿਨਾਏ ਤਨ ਸਾਚਾ ਗਹਿਣਾ, ਹਰਿ ਸ਼ਿੰਗਾਰ ਕਰਾਈਆ । ਦਰ ਦਵਾਰੇ ਸਾਚੇ ਬਹਿਣਾ, ਪੁਰਖ ਅਬਿਨਾਸ਼ੀ ਭਾਣਾ ਸਹਿਣਾ, ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਕਲਜੁਗ ਅੰਤਮ ਵੇਖ ਹਰਿ, ਕਰੇ ਖੇਲ ਰਘੁਰਾਈਆ । ਕਲਜੁਗ ਅੰਤਮ ਅੰਤ ਕਰਾਏ, ਸ਼ਬਦ ਵਜਾਏ ਡੰਕਾ । ਸੰਤ ਜਨਾਂ ਦਰ ਮੇਲ ਮਿਲਾਏ, ਭੇਵ ਮਿਟਾਏ ਰਾਓ ਰੰਕਾ । ਏਕਾ ਨਾਮ ਤੇਲ ਚੜ੍ਹਾਏ, ਭਰਮ ਮਿਟਾਏ ਜੀਵ ਜਨ ਕਾ । ਧਰਮ ਰਾਏ ਦੀ ਜੇਲ੍ਹ ਕਟਾਏ, ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਇਕ ਸੁਹਾਏ ਦਵਾਰ ਬੰਕਾ । ਗੁਰਮਤ ਜਗਤ ਪਰਧਾਨ ਹੈ, ਹਰਿਜਨ ਵਿਰਲਾ ਪਾਏ । ਮਨਮੁਖ ਸੁੱਤੇ ਜੀਵ ਨਾਦਾਨ ਹੈ, ਆਲਸ ਨਿੰਦਰਾ ਮਗਰ ਲਗਾਏ । ਸਤਿਗੁਰ ਸਾਚਾ ਸਦਾ ਸਦਾ ਮਿਹਰਵਾਨ ਹੈ । ਸੁਰਤ ਸਵਾਣੀ ਲਏ ਜਗਾਏ । ਜਿਸ ਜਨ ਦੇਵੇ ਨਾਮ ਦਾਨ ਹੈ, ਆਤਮ ਬ੍ਰਹਮ ਗਿਆਨ ਜਣਾਏ । ਚਰਨ ਧੂੜ ਸੱਚਾ ਇਸ਼ਨਾਨ ਹੈ, ਆਵਣ ਜਾਵਣ ਗੇੜ ਕਟਾਏ । ਦਰ ਘਰ ਸਾਚੇ ਏਕਾ ਮਾਣ ਹੈ, ਰੰਕ ਰਾਜਾਨਾ ਸ਼ਾਹ ਸੁਲਤਾਨਾਂ ਏਕਾ ਧਾਮ ਸੁਹਾਏ । ਜਿਸ ਜਨ ਮਿਲੇ ਮੇਲ ਸ੍ਰੀ ਭਗਵਾਨ ਹੈ, ਸਚ ਨਿਸ਼ਾਨਾ ਇਕ ਰਖਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲੱਖ ਚੁਰਾਸੀ ਵੇਖ ਹਰਿ, ਘਟ ਘਟ ਮੇਂ ਰਿਹਾ ਸਮਾਏ । ਘਟ ਘਟ ਵਸਿਆ ਆਪ, ਸਰਬ ਕਲ ਧਾਰੀਆ । ਸ੍ਰਿਸ਼ਟ ਸਬਾਈ ਮਾਈ ਬਾਪ, ਖਿਲਾਏ ਖੇਲ ਖੇਲਨ ਹਾਰਿਆ । ਤ੍ਰੈਗੁਣ ਮਾਇਆ ਜਗਤ ਤਾਪ, ਪੰਜਾਂ ਤੱਤਾਂ ਤੱਤ ਪਸਾਰਿਆ । ਜਨ ਭਗਤਾਂ ਜਪਾਏ

ਸਾਚਾ ਜਾਪ, ਅੰਦਰ ਮੰਦਰ ਧੁਨ ਉਪਜਾ ਰਿਹਾ । ਆਪ ਵਖਾਏ ਆਪਣਾ ਆਪ, ਮੇਟ ਮਿਟਾਏ ਜਗਤ ਸੰਤਾਪ, ਦੇਵੇ ਦਰਸ ਅਗੰਮ ਅਪਾਰਿਆ । ਜੋਤੀ ਜੋਤ ਸਰੂਪ ਹਰਿ, ਜਿਸ ਜਨ ਕਿਰਪਾ ਦੇਵੇ ਕਰ, ਆਪੇ ਬਖ਼ਸ਼ੇ ਅੰਮ੍ਰਿਤ ਆਤਮ ਨਿਜ ਘਰ ਵਾਸੀ ਸਾਜਨ ਸਾਚੀ ਧਾਰਿਅ । ਅੰਮ੍ਰਿਤ ਆਤਮ ਸਾਚਾ ਜਾਮ, ਗੁਰ ਪੂਰਾ ਮਾਤ ਪਿਆਇੰਦਾ । ਮੇਟ ਮਿਟਾਏ ਕਾਮਨੀ ਕਾਮ, ਸਾਚਾ ਦਾਮ ਇਕ ਫੜਾਇੰਦਾ । ਜਿਸ ਜਨ ਜਪਿਆ ਸਾਚਾ ਨਾਮ, ਪੂਰਨ ਆਪਣਾ ਕਾਮ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖ ਵਖਾਏ ਸਾਚਾ ਘਰ, ਸ਼ਬਦ ਸੁਹਾਗੀ ਏਕਾ ਗੀਤ ਧੁਰ ਦਰਗਾਹੀ ਸਾਚੀ ਰੀਤ, ਕਾਇਆ ਮੰਦਰ ਸਚ ਮਸੀਤ, ਹਾਜ਼ੀ ਕਾਜ਼ੀ ਵਿਰਲਾ ਏਕਾ ਗਾਇੰਦਾ । ਰੋਗ ਸੋਗ ਤਿਸ ਤਨ ਮਨ ਜਾਪੇ, ਜਿਸ ਸਤਾਇਆ ਦੋਖ, ਚਿੰਤਾ ਸੋਗ ਹਰਿ ਹਰਿ ਸੰਤ ਨਾ ਵਿਆਪੇ, ਸ਼ਬਦ ਮਿਲੀ ਸਾਚੀ ਮੋਖ । ਸਹਿੰਸਾ ਚੁੱਕੇ ਮਾਤ ਸੰਤਾਪੇ, ਪਾਇਆ ਦਰਸ ਦਰ ਅਮੋਘ, ਨੇੜ ਨਾ ਆਇਣ ਤੀਨੋ ਤਾਪੇ, ਜਿਸ ਮਿਲਿਆ ਧੁਰ ਸੰਜੋਗ । ਕੋਟਨ ਕੋਟ ਉਤਰਨ ਪਾਪੇ, ਆਤਮ ਰਸ ਸਾਚਾ ਸ਼ਬਦ ਜਿਸ ਏਕਾ ਪਾਇਆ ਭੋਗ । ਏਕਾ ਰੂਪ ਵਖਾਏ ਪੰਜੇ ਪੁਰਖ ਅਬਿਨਾਸ਼ੀ ਘਟ ਘਟ ਵਾਸੀ ਨਾਮ ਸ਼ਬਦ ਗੁਰ ਮੰਤਰ ਅੰਤਰ ਇਕ ਚੁਗਾਏ ਸਾਚੀ ਚੋਗ । ਲੱਥਾ ਦੁੱਖ ਸਗਲ ਵਸੂਰਾ, ਆਤਮ ਉਜਿਆਰਾ ਏਕਾ ਸੁਖ । ਪਾਇਆ ਪਾਰਬ੍ਰਹਮ ਸਤਿਗੁਰ ਸਾਚਾ, ਹਰਿ ਹਰਿ ਲੇਖੇ ਲੱਗੀ ਮਾਨਸ ਦੇਹੀ ਜਗਤ ਮਨੁੱਖ । ਇਕ ਉਪਜਾਏ ਨਾਦ ਅਨਾਦੀ ਸਾਚੀ ਤੂਰਾ, ਮਾਤ ਗਰਭ ਕਟਾਇਆ ਡਰ ਚੁਕਾਇਆ ਉਲਟਾ ਰੁਖ਼ । ਜੋਤੀ ਨੂਰ ਪਾਇਆ ਹਾਜ਼ਰ ਹਜ਼ੂਰ ਸਤਿ ਸਤਵੰਤਾ ਪੂਰਨ ਭਗਵੰਤਾ ਹਾਜ਼ਰ ਹਜ਼ੂਰਾ ਰੋਗ ਸਹਿੰਸਾ ਚਿੰਤ ਮਿਟਾਈ, ਮਿਟਿਆ ਜਗਤ ਅੰਧੇਰਾ । ਪੁਰਖ ਅਗੰਮਾ ਜੋਤ ਜਗਾਈ, ਇਕ ਵਖਾਇਆ ਸੰਞ ਸਵੇਰਾ । ਨੇਤਰ ਨੈਣ ਹਰਿਜਨ ਪ੍ਰਭ ਦਰਸ ਦਿਖਾਈ, ਲੇਖੇ ਲਾਇਆ ਕਾਇਆ ਚੰਮਾ । ਸਾਚੇ ਸ਼ਬਦ ਹੋਈ ਕੁੜਮਾਈ, ਸੁਰਤ ਸਵਾਣੀ ਨੇਤਰ ਨੀਰ ਵਹਾਏ ਛੰਮ ਛੰਮਾ । ਘਰ ਮੰਦਰ ਅੰਦਰ ਵੱਜੀ ਵਧਾਈ, ਧੁਰ ਦਰਗਾਹੀ ਦਇਆ ਕਮਾਈ, ਏਕਾ ਪੂਤ ਸਪੂਤਾ ਸ਼ਬਦ ਗੁਰ ਸਾਚਾ ਜੰਮਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਵਖਾਏ ਘਰ, ਰੋਗ ਸੋਗ ਜਗਤ ਚਿੰਤ ਮਿਟਾਏ, ਜੂਠ ਝੂਠ ਸਭ ਜਗਤ ਵਖਾਏ, ਮਾਇਆ ਛਾਇਆ ਕਿਸੇ ਨਾ ਆਏ ਕੰਮਾ । ਭਰਿਆ ਸ਼ਬਦ ਭੰਡਾਰ, ਪ੍ਰਭ ਸਾਚੇ ਦਇਆ ਕਮਾਈਆ । ਨਿਰਮਲ ਜੋਤ ਇਕ ਆਕਾਰ, ਅਗਿਆਨ ਅੰਧੇਰ ਮਿਟਾਈਆ । ਏਕਾ ਬਖ਼ਸ਼ੇ ਚਰਨ ਪਿਆਰ, ਨਾਤਾ ਤੋੜੇ ਨਾ ਕੋਈ ਜੋੜੇ ਜਗਤ ਭਗਤ ਏਕਾ ਆਪਣੇ ਸੰਗ ਜੁੜਾਈਆ । ਆਦਿ ਅੰਤ ਜੁਗਾ ਜੁਗੰਤ ਸਾਚੀ ਧਾਰ, ਸੰਤ ਸੁਹੇਲੇ ਮੀਤ ਮੁਰਾਰ, ਗੁਰ ਸ਼ਬਦ ਕਰਾਏ ਇਕ ਪਿਆਰ, ਦੇਵਣਹਾਰ ਹਰਿ ਹਰਿ ਥਾਈਆ । ਗੁਰਮੁਖ ਵਿਰਲਾ ਕਰੇ ਵਣਜ ਵਾਪਾਰ, ਮਾਨਸ ਦੇਹੀ ਪਾਏ ਸਾਰ, ਜੋਤੀ ਜੋਤ ਸਰੂਪ ਹਰਿ, ਜਿਸ ਜਨ ਕਿਰਪਾ ਦੇਵੇ ਕਰ, ਇਕ ਵਖਾਏ ਸਚ ਘਰ, ਨੌਂ ਦਵਾਰੇ ਬੰਦ ਕਰਾਈਆ । ਨੌਂ ਦਵਾਰ ਤੁੱਟਾ ਨਾਤਾ, ਪਾਇਆ ਪੁਰਖ ਬਿਧਾਤਾ । ਲੇਖਾ ਚੁੱਕੇ ਜ਼ਾਤ ਪਾਤਾ, ਮਿਲਿਆ ਮੇਲ ਹਰਿ ਕਮਲਾਪਾਤਾ । ਧੁਰ ਦਰਗਾਹੀ ਪ੍ਰਭ ਦਇਆ ਕਮਾਈ, ਏਕਾ ਰਤੀ ਨਾਮ ਸੱਚੀ ਸੁਗਾਤਾ । ਆਦਿ ਅੰਤ ਸਾਜਨ ਸਾਚੇ ਸੰਤ ਤੋਟ ਰਹੇ ਨਾ ਰਾਈ, ਜਿਸ ਜਨ ਸੁਣਾਏ ਸ਼ਬਦ ਸਾਚੀ ਗਾਥਾ । ਜੋਤੀ ਜੋਤ ਸਰੂਪ ਹਰਿ, ਜਿਸ ਜਨ ਕਿਰਪਾ ਦੇਵੇ ਕਰ, ਆਪ ਆਪਣਾ ਦੱਸੇ ਘਰ, ਸਦਾ ਨਿਭਾਏ ਅਪਣਾ ਸਾਥਾ । ਸੰਗੀ ਸਾਥੀ ਪੁਰਖ ਅਬਿਨਾਸ਼ੀ, ਘਟ ਮੰਦਰ ਅੰਦਰ ਡੇਰਾ ਲਾਇਆ । ਆਪ ਆਪਣੀ ਜੋਤ ਪਰਕਾਸ਼ੀ, ਸਹਿੰਸਾ ਰੋਗ ਗਵਾਇਆ । ਮਿਲਿਆ ਮੇਲ ਸ਼ਾਹੋ ਸ਼ਾਬਾਸੀ, ਸ਼ਬਦ ਸਿੰਘਾਸਣ

੫੯੫ ੦੫

੫੮੬
੦੫

ਡੇਰਾ ਲਾਇਆ । ਆਦਿ ਸ਼ਕਤ ਆਦਿ ਭਵਾਨੀ, ਜੋਤ ਨਿਰੰਜਣ ਮਾਤ ਨਿਸ਼ਾਨੀ, ਸਾਚੀ ਧੁਨ ਰਿਹਾ ਉਪਜਾਇਆ । ਇਕ ਸੁਣਾਏ ਸਾਚੀ ਬਾਣੀ, ਅੱਖਰ ਵੱਖਰ ਕਿਸੇ ਨਾ ਜਾਣੀ, ਪਰ੍ਹਾ ਪਸੰਤੀ ਰੂਪ ਵਟਾਇਆ । ਗੁਣਵੰਤਾ ਹਰਿ ਗੁਣ ਨਿਧਾਨੀ, ਸਾਚੇ ਸੰਤਾਂ ਰਿਹਾ ਪਛਾਨੀ, ਮਾਰੇ ਤੀਰ ਸ਼ਬਦ ਕਾਨੀ, ਬਜਰ ਕਪਾਟੀ ਪਾਰ ਕਰਾਇਆ । ਸ੍ਰਿਸ਼ਟ ਸਬਾਈ ਦਿਸੇ ਫਾਨੀ, ਏਕਾ ਨੂਰ ਅਲਾਹੀ ਬੇਪਰਵਾਹੀ ਸ਼ਾਹ ਸੁਲਤਾਨੀ, ਸ਼ਬਦ ਤਾਜ ਸੀਸ ਟਿਕਾਇਆ । ਸਰਬ ਜੀਆਂ ਵਡ ਦਾਤਾ ਦਾਨੀ, ਦੇਵੇ ਦਾਤ ਸ਼ਬਦ ਨਿਸ਼ਾਨੀ, ਸੰਤ ਜਨਾਂ ਹਰਿ ਵਿਚ ਸਮਾਇਆ । ਜੋਤੀ ਜੋਤ ਸਰੂਪ ਹਰਿ, ਜਿਸ ਜਨ ਕਿਰਪਾ ਦੇਵੇ ਕਰ, ਇਕ ਵਖਾਏ ਆਪਣਾ ਘਰ, ਰੋਗ ਸੋਗ ਕੋਈ ਰਹਿਣ ਨਾ ਪਾਇਆ । ਮਿਟਿਆ ਜਗਤ ਰੋਗ ਵਸੂਰਾ, ਸੁਰਤ ਸਵਾਣੀ ਆਪ ਜਗਾਈਆ । ਦਰ ਘਰ ਸਾਚਾ ਪਾਇਆ ਸੂਰਾ, ਸ਼ਬਦ ਹਾਣੀ ਮੇਲ ਮਿਲਾਈਆ । ਦੀਪਕ ਜੋਤ ਜਗੇ ਨੂਰੀ ਨੂਰਾ, ਅਗਿਆਨ ਅੰਧੇਰ ਮਿਟਾਈਆ । ਰਾਗ ਰਾਗਣੀ ਗਾਏ ਰਾਗ ਏਕਾ ਨਾਦ ਵਜਾਏ ਸਾਚੀ ਤੂਰਾ, ਢੋਲ ਮਰਦੰਗ ਦਾਤਾ ਸੂਰਾ ਸਰਬੰਗ, ਏਕਾ ਏਕ ਰਿਹਾ ਵਜਾਈਆ । ਪੰਚਮ ਪੰਚਾਇਣ ਕਰੇ ਭੰਗ, ਸ਼ਬਦ ਘੋੜੇ ਕਸੇ ਤੰਗ, ਗੁਰਮੁਖ ਚੋਲੀ ਰੰਗੇ ਰੰਗ, ਫੜ ਬਾਹੋਂ ਉਪਰ ਚੜ੍ਹਾਈਆ । ਡੂੰਘੀ ਕੰਦਰ ਆਪੇ ਲੰਘ, ਆਤਮ ਜੰਦਰ ਤੋੜੇ ਬੰਦ, ਇਕ ਸੁਣਾਏ ਸਾਚਾ ਛੰਦ, ਸਚ ਘਰ ਸਵੱਛ ਸਰੂਪੀ ਪਰਗਟ ਹੋਏ ਆਪ ਆਪਣਾ ਰੂਪ ਸਤਿ ਸਰੂਪ ਨਿਜ ਘਰ ਅੰਦਰ ਮੰਦਰ ਰਿਹਾ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਿਸ ਜਨ ਵਖਾਏ ਇਕ ਘਰ, ਰੋਗ ਸੋਗ ਰਹਿਣ ਨਾ ਪਾਈਆ । ਹਰਿਜਨ ਸਾਚਾ ਘਰ ਵਸਾਇਆ । ਪੁਰਖ ਅਬਿਨਾਸ਼ੀ ਦਇਆ ਕਮਾਇਆ । ਮਹੱਲ ਅਟੱਲ ਅਚੱਲ ਇਕ ਰਖਾਇਆ । ਚਾਰੇ ਦਿਸ਼ਾ ਵੇਖ ਵਖਾਇਆ । ਅੰਮ੍ਰਿਤ ਧਾਰ ਰਿਹਾ ਵਹਾਇਆ । ਸਰ ਸਰੋਵਰ ਰਿਹਾ ਭਰਾਇਆ । ਹਰਿਜਨ ਸਾਚਾ ਆਪ ਤਜਾਏ ਜੀਓ ਪਿੰਡ ਕਾਚਾ, ਬ੍ਰਹਿਮੰਡ ਖੋਜ ਖੁਜਾਈਆ । ਹਿਰਦੇ ਅੰਦਰ ਹਰਿ ਹਰਿ ਵਾਚਾ, ਏਕਾ ਮਾਰੇ ਸ਼ਬਦ ਤਮਾਚਾ, ਨੌਂ ਦਵਾਰੇ ਖੰਡ ਖੰਡ ਖੰਡ ਕਰਾਈਆ । ਦਰਸ ਦਿਖਾਏ ਸਾਚੋ ਸਾਚਾ, ਜੋਤੀ ਜੋਤ ਸਰੂਪ ਹਰਿ, ਜਿਸ ਜਨ ਕਿਰਪਾ ਦੇਵੇ ਕਰ, ਇਕ ਵਖਾਏ ਸਾਚਾ ਘਰ, ਚਾਰ ਦਿਵਾਰੀ ਕੋਈ ਦਿਸ ਨਾ ਆਈਆ । ਚਾਰ ਦਿਵਾਰੀ ਮਾਇਆ ਕੰਧ । ਲੱਖ ਚੁਰਾਸੀ ਪਾਇਆ ਫੰਦ । ਕਲਜੁਗ ਭੁੱਲੇ ਜੀਵ ਅੰਧ । ਨੌਂ ਦਵਾਰੇ ਖਾਇਣ ਗੰਦ । ਪੁਰਖ ਅਬਿਨਾਸ਼ੀ ਸਾਰ ਨਾ ਪਾਈ, ਰਸਨ ਨਾ ਗਾਇਆ ਬੱਤੀ ਦੰਦ । ਆਤਮ ਘਰ ਨਾ ਵੱਜੇ ਵਧਾਈ, ਸਚ ਮਹੱਲੇ ਉਚ ਅਟੱਲੇ ਸ਼ਬਦ ਨਾ ਚੜ੍ਹਿਆ ਸਾਚਾ ਚੰਦ । ਮਿਲੇ ਮੇਲ ਨਾ ਇਕ ਇਕੱਲੇ, ਵੇਖ ਵਖਾਣੇ ਜੂਹਾ ਜਲ ਥਲੇ, ਜੰਗਲ ਪਹਾੜਾਂ ਵਿਚ ਸਮਾਈਆ । ਗੁਰਮੁਖ ਵਿਰਲੇ ਮੇਲੇ ਦੂਈ ਦਵੈਤੀ ਮੇਟੇ ਸੱਲੇ, ਇਕ ਫੜਾਏ ਸ਼ਬਦ ਸਾਚਾ ਭੱਲੇ, ਨਾਮ ਤ੍ਰਿਸੂਲ ਕੰਤ ਕੰਤੂਹਲ, ਸ਼ਬਦ ਪੰਘੂੜਾ ਰਿਹਾ ਝੂਲ, ਪਾਵਾ ਚੂਲ ਨਾ ਕੋਈ ਰਖਾਈਆ । ਜੋਤੀ ਜੋਤ ਸਰੂਪ ਹਰਿ, ਜਿਸ ਜਨ ਕਿਰਪਾ ਦੇਵੇ ਕਰ, ਇਕ ਵਖਾਏ ਸਚ ਘਰ, ਰੋਗ ਸੋਗ ਚਿੰਤ ਰਹਿਣ ਨਾ ਪਾਈਆ । ਸਚ ਘਰ ਸਚ ਟਿਕਾਣਾ, ਗੁਰਮੁਖ ਵਿਰਲੇ ਪਾਇਆ । ਏਕਾ ਮਿਲਿਆ ਗੁਰ ਸ਼ਬਦ ਧੁਰ ਬਿਬਾਣਾ, ਦਰ ਘਰ ਸਾਚੇ ਦਏ ਪੁਚਾਇਆ । ਦੀਨ ਦਿਆਲਾ ਗੁਰ ਗੋਪਾਲਾ ਚਰਨ ਦਵਾਰੇ ਦੇਵੇ ਮਾਣਾ, ਆਵਣ ਜਾਵਣ ਗੇੜ ਕਟਾਇਆ । ਜੋਤੀ ਜੋਤ ਸਰੂਪ ਹਰਿ, ਜਿਸ ਜਨ ਕਿਰਪਾ ਦੇਵੇ ਕਰ, ਇਕ ਵਖਾਏ ਸਚ ਘਰ, ਪੀਣਾ ਖਾਣਾ ਮਾਤ ਚੁਕਾਇਆ । ਜਗਤ ਨਾਤਾ ਵਿਕਾਰ ਹੈ, ਭੁੱਲੀ ਸਰਬ ਲੋਕਾਈ । ਗੁਰਮੁਖ ਵਿਰਲਾ ਪਾਵੇ ਸਾਰ ਹੈ, ਸਾਰ ਸ਼ਬਦ ਜਿਸ ਜਨ ਪੂਰੇ ਗੁਰ ਬੂਝ ਬੁਝਾਈ । ਮਾਇਆ

ਰਾਣੀ ਪਾਵੇ ਅੰਧ ਅੰਧਿਆਰ ਹੈ, ਜੀਵ ਜੰਤ ਸਾਧ ਸੰਤ ਆਤਮ ਹੋਈ ਹਲਕਾਈ । ਏਕਾ ਏਕ ਏਕੰਕਾਰ ਹੈ, ਸ੍ਰਿਸ਼ਟ ਸਬਾਈ ਪਸਰ ਪਸਾਰ ਹੈ, ਜਨ ਭਗਤਾਂ ਮੀਤ ਮੁਰਾਰ ਹੈ, ਹੋਏ ਸਹਾਈ ਸਭਨੀ ਥਾਈਂ । ਕਲਜੁਗ ਰੈਣ ਅੰਧੇਰੀ ਕਾਲੀ ਧਾਰ ਹੈ, ਭੇਖਾਧਾਰੀ ਭੇਖ ਅਪਾਰ ਹੈ, ਸ੍ਰਿਸ਼ਟ ਸਬਾਈ ਹੋਈ ਵਿਭਚਾਰ ਹੈ, ਦੁਹਾਗਣ ਨਾਰ ਕੰਤ ਸੁਹਾਗੀ ਨਾ ਕੋਈ ਹੰਢਾਈ । ਸੰਤ ਸੁਹੇਲੇ ਗੁਰਮੁਖ ਵਿਰਲੇ ਚਰਨ ਪਿਆਰ ਹੈ । ਜਿਨ ਜਨ ਪ੍ਰਭ ਸਾਚਾ ਦੇਵੇ ਕਿਰਪਾ ਧਾਰ ਹੈ, ਕਰੇ ਕਰਾਏ ਏਕਾ ਵਣਜ ਵਾਪਾਰ ਹੈ, ਅਗਿਆਨ ਅੰਧੇਰ ਸਰਬ ਮਿਟ ਜਾਈ । ਨੌਂ ਖੰਡ ਪ੍ਰਿਥਮੀ ਧੂੰਆਂਧਾਰ ਹੈ, ਸੱਤਾਂ ਦੀਪਾਂ ਹਾਹਾਕਾਰ ਹੈ, ਲੋਆਂ ਪੁਰੀਆਂ ਕੋਈ ਨਾ ਪਾਵੇ ਸਾਰ ਹੈ, ਜੂਠ ਝੂਠ ਵੱਜੀ ਮਾਤ ਵਧਾਈ । ਪਰਗਟ ਹੋਏ ਨਰ ਨਿਰੰਕਾਰ ਹੈ । ਸ਼ਬਦ ਖੰਡਾ ਫੜੇ ਹੱਥ ਤਿੱਖੀ ਰੱਖੇ ਦੋਵੇਂ ਧਾਰ । ਸ੍ਰਿਸ਼ਟ ਸਬਾਈ ਵੇਖੇ ਪਰਖੇ ਕਰੇ ਕਰਾਏ ਆਰ ਪਾਰ ਹੈ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵੇਖ ਵਖਾਣੇ ਸਚ ਘਰ, ਦੀਪਕ ਜੋਤੀ ਨਾ ਕੋਈ ਵਰਨ ਨਾ ਕੋਈ ਗੋਤੀ, ਅੱਠੇ ਪਹਿਰ ਆਲਸ ਨਿੰਦਰਾ ਕਦੇ ਨਾ ਸੋਤੀ, ਸ਼ਬਦ ਵਜਾਏ ਉਪਜਾਏ ਸੱਚੀ ਧੁਨਕਾਰ ਹੈ । ।

### ★ ੯ ਚੇਤ ੨੦੧੩ ਬਿਕ੍ਰਮੀ ਸੰਤ ਤੇਜਾ ਸਿੰਘ ਦੇ ਪਾਸ ਜਾ ਕੇ ਸ਼ਬਦ ਉਚਾਰਿਆ ਪਿੰਡ ਸੈਦਪੁਰ ਜ਼ਿਲਾ ਅੰਮ੍ਰਿਤਸਰ ★



ਸ਼ਬਦ ਸਿੰਘਾਸਣ ਹਰਿ ਬਿਰਾਜੇ, ਲੋਕ ਲਾਜ ਤਜਾਈ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਹਰਿ ਦਾਤਾ ਸ਼ਾਹੋ ਸ਼ਾਬਾਸੀ ਆਤਮ ਵੇਖ ਸੇਜ ਵਿਛਾਈ । ਕਾਇਆ ਮੰਡਲ ਪਾਏ ਰਾਸੇ, ਕਵਣ ਦਵਾਰ ਵੱਜੇ ਸ਼ਬਦ ਵਧਾਈ । ਕਿਸੇ ਕੰਮ ਨਾ ਆਏ ਕਾਇਆ ਸੁਖ, ਕਾਇਆ ਝੂਠੀ ਮਾਟੀ ਅੰਤ ਵਿਨਾਸੇ । ਗੁਰਮੁਖ ਸਾਚੇ ਸੰਤ ਜਨਾਂ ਗਿਆਨ ਬੋਧ ਪ੍ਰਭ ਸ਼ਬਦ ਜਣਾਏ ਭਾਗ ਲਗਾਏ ਕਾਇਆ ਕਾਸੇ । ਜੋਤੀ ਜੋਤ ਸਰੂਪ ਹਰਿ, ਆਪ ਆਪਣਾ ਵੇਖ ਦਰ, ਸ਼ਬਦ ਸਿੰਘਾਸਣ ਡੇਰਾ ਲਾਏ । ਸ਼ਬਦ ਸਿੰਘਾਸਣ ਹਰਿ ਸੁਹਾਇਆ, ਕਰੇ ਖੇਲ ਅਪਾਰਿਆ । ਲੋਕਮਾਤ ਕਿਸੇ ਦਿਸ ਨਾ ਆਇਆ, ਭੁਲੇ ਜੀਵ ਗਵਾਰਿਆ । ਮਹੱਲ ਅਟੱਲ ਇਕ ਅਪਾਰਿਆ । ਦਰ ਘਰ ਸਾਚੇ ਆਪੇ ਡਾਹਿਆ, ਸ਼ਬਦ ਕਰਾਇਆ ਪਹਿਰੇਦਾਰਿਆ । ਜੋਤ ਸਰੂਪੀ ਆਸਣ ਲਾਇਆ, ਪ੍ਰਿਥਮੀ ਆਕਾਸ਼ਨ ਵੇਖਣ ਆਇਆ । ਸ਼ਬਦ ਸਵਾਸਨ ਲਏ ਬਚਾਇਆ । ਸਤਿ ਸਰੂਪੀ ਸਤਿ ਸਮਾਇਆ । ਜੋਤੀ ਜੋਤ ਸਰੂਪ ਹਰਿ, ਏਕਾ ਮੰਗੇ ਸ਼ਬਦ ਵਰ, ਜਗਤ ਸਿੰਘਾਸਣ ਮੂਲ ਨਾ ਭਾਇਆ । ਜਗਤ ਰਾਜ ਭਗਤਨ ਜੋਗ, ਗੁਰਮੁਖਾਂ ਸ਼ਬਦ ਕੁੜਮਾਈਆ । ਰਸਨਾ ਰਸ ਝੂਠਾ ਭੋਗ, ਆਤਮ ਰਸ ਏਕਾ ਮੰਗੇ, ਕਾਇਆ ਚੋਲੀ ਆਪਣੀ ਰੰਗੇ, ਕਾਲੀ ਲਾਹੇ ਗਲੋਂ ਛਾਹੀਆ । ਦਰ ਦਵਾਰੇ ਨਾ ਮੰਗੇ, ਸ਼ਬਦ ਘੋੜੇ ਕਸੇ ਤੰਗੇ, ਆਪੇ ਫਿਰੇ ਪੈਰੀਂ ਨੰਗੇ, ਭੇਖ ਭਿਖਾਰੀ ਆਪ ਅਖਵਾਈਆ । ਗੁਰ ਸ਼ਬਦ ਵੇਖੇ ਘਰ ਕਵਣ ਮੰਗੇ, ਵਜੇ ਨਾਮ ਇਕ ਮਰਦੰਗੇ, ਆਲਸ ਨਿੰਦਰਾ ਦਏ ਗਵਾਈਆ । ਅੰਮ੍ਰਿਤ ਆਤਮ ਵਗੇ ਗੰਗੇ, ਮਿਲੇ ਮੇਲ ਦਾਤੇ ਸੂਰੇ ਸਰਬੰਗੇ, ਸਦਾ ਸਹਾਈ ਅੰਗ ਸੰਗੇ, ਦੋ ਜਹਾਨਾਂ ਹਰਿ ਮਿਹਰਬਾਨ ਨਾ ਹੋਏ ਵਿਛੋੜਾ ਰਾਈਆ । ਨੌਂ ਦਵਾਰੇ ਆਏ ਲੰਘੇ, ਦਸਵੇਂ ਵੇਖੇ ਇਕ ਪਲੰਘੇ, ਜੋਤੀ ਜੋਤ ਸਰੂਪ ਹਰਿ, ਏਕਾ ਮੰਗੇ ਸ਼ਬਦ ਵਰ, ਸਾਚੀ ਕਿਰਪਾ ਦੇਣੀ ਕਰ, ਮੰਗੇ ਸਾਚੇ ਘਰ ਸੱਚੀ ਸਰਨਾਈਆ । ਜੋਤੀ ਜਾਮਾ ਹਰਿ ਜੀ ਪਾਇਆ, ਕਰੇ ਭੇਖ ਅਵੱਲਾ । ਸ਼ਬਦ ਸਤਿਗੁਰ ਇਕ

ਉਠਾਇਆ, ਆਤਮ ਪਾਇਆ ਘਰ ਸਾਚੇ ਪੱਲਾ । ਵਡ ਦਾਤਾ ਜੋਧਨ ਜੋਧ ਆਪ ਅਖਵਾਇਆ, ਲੋਕਮਾਤ ਅੰਤਮ ਕਰ ਕੇ ਆਇਆ ਹੱਲਾ । ਜਿਸ ਜਨ ਹਿਰਦਾ ਸੋਧ ਵਖਾਇਆ, ਪ੍ਰਭ ਹੱਥ ਫੜਾਇਆ ਸਾਚਾ ਸ਼ਬਦ ਪੱਲਾ । ਗਿਆਨ ਬੋਧ ਬੋਧ ਗਿਆਨ ਆਪ ਅਖਵਾਇਆ, ਇਕ ਧਿਆਨ ਚਰਨ ਲਗਾਇਆ, ਦੂਈ ਦਵੈਤੀ ਮੇਟੇ ਸੱਲਾ । ਸੰਤ ਸੁਹੇਲੇ ਵੇਖਣ ਆਇਆ, ਨੇਤਰ ਲੋਚਨ ਪੇਖਣ ਆਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨ ਭਗਤਾਂ ਕਿਰਪਾ ਦੇਵੇ ਕਰ, ਇਕ ਵਖਾਏ ਰੰਗ ਮਹੱਲਾ । ਆਤਮ ਅਟਾਰੀ, ਪ੍ਰਭ ਸਾਚੇ ਜੋਤ ਜਗਾਈਆ । ਕਿਸੇ ਦਿਸ ਨਾ ਆਏ ਚਾਰ ਦਿਵਾਰੀ, ਸ੍ਰਿਸ਼ਟ ਸਬਾਈ ਫਿਰੇ ਹਲਕਾਈਆ । ਗੁਰਮੁਖ ਵਿਰਲੇ ਆਤਮ ਬ੍ਰਹਮ ਪਾਰਬ੍ਰਹਮ ਕਰੇ ਵਿਚਾਰੀ, ਸਾਚੀ ਵਸਤ ਝੋਲੀ ਪਾਈਆ । ਪ੍ਰਭ ਪੜਦਾ ਦਏ ਉਤਾਰੀ, ਗੁਰ ਸੰਗਤ ਕਰੇ ਨਿਮਸਕਾਰੀ, ਦਰ ਦਵਾਰਾ ਇਕ ਸੁਹਾਈਆ । ਜਗੇ ਜੋਤ ਅਗੰਮ ਅਪਾਰੀ, ਮਿਲੇ ਨਾਮ ਸਚ ਖੁਮਾਰੀ, ਦੇਂਦਾ ਆਏ ਵਾਹੋ ਦਾਹੀਆ । ਭਗਤ ਸੁਹੇਲੇ ਆਪ ਕਰਾਏ ਆਪਣੇ ਮੇਲੇ, ਆਤਮ ਦਰਸ ਭੇਵ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪੇ ਬਣਿਆ ਦਰ ਭਿਖਾਰੀ, ਕਰੇ ਖੇਲ ਅਪਰ ਅਪਾਰੀ, ਕਾਲਾ ਸੂਸਾ ਵੇਖ ਵਖਾਏ ਮੂਸਾ ਈਸਾ ਈਸਾ ਮੂਸਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਮੰਗੇ ਸ਼ਬਦ ਸਿੰਘਾਸਣ, ਸੁਰਤ ਸਵਾਣੀ ਨਾ ਹੋਏ ਦੁਹਾਗਣ, ਜਗਤ ਰੰਡੇਪਾ ਦੇਣਾ ਕਟਾਈਆ । ਦੁਰਮਤ ਮੈਲ ਦੇਵੇ ਕੱਟ । ਦੇਵੇ ਭੰਡਾਰ ਇਕ ਅਤੁੱਟ, ਜੋਤੀ ਜਗੇ ਲਟ ਲਟ । ਇਕ ਵਖਾਏ ਸਾਚਾ ਹਟ । ਸਾਚੇ ਦਰ ਸਾਚੇ ਮਿਲੇ ਵਰ, ਇਕ ਸਿੰਘਾਸਣ ਆਦਿ ਪੁਰਖ ਅਬਿਨਾਸ਼ਣ ਆਪਣਾ ਮੇਲ ਮਿਲਾਈਆ । ਜਗ ਨਾਤਾ ਝੂਠ ਨਿਸ਼ਾਨ ਹੈ । ਏਕਾ ਪੁਰਖ ਬਿਧਾਤਾ, ਜਿਸ ਦੀਆ ਸ਼ਬਦ ਬਿਬਾਣ ਹੈ । ਉਡੇ ਉਡਾਵੇ ਵਿਚ ਜਹਾਨ ਹੈ । ਨਾਤਾ ਤੁੱਟੇ ਪੀਣ ਖਾਣ ਹੈ । ਅੰਮ੍ਰਿਤ ਆਤਮ ਸਰ ਸਰੋਵਰ ਕਰੇ ਸੱਚਾ ਇਸ਼ਨਾਨ ਹੈ । ਸਰਬ ਜੀਆਂ ਹਰਿ ਜਾਣੀ ਜਾਣ ਹੈ । ਕਾਇਆ ਵੇਖੇ ਸਚ ਮਕਾਨ ਹੈ । ਜਨ ਭਗਤਾਂ ਆਤਮ ਦੇਵੇ ਬ੍ਰਹਮ ਗਿਆਨ ਹੈ । ਧੁਰ ਦਰਗਾਹੀ ਏਕਾ ਦਾਨ, ਕਲਜੁਗ ਜੀਆਂ ਲਾਹੁਣ ਆਇਆ ਅੰਤ ਮਕਾਣ ਹੈ । ਫੜ ਸ਼ਬਦ ਤੀਰ ਕਮਾਨ, ਨੌਂ ਖੰਡ ਪ੍ਰਿਥਮੀ ਮਾਰ ਧਿਆਨ, ਸੱਤਾਂ ਦੀਪਾਂ ਇਕ ਨਿਸ਼ਾਨ, ਲੋਆਂ ਪੁਰੀਆਂ ਪਾਵੇ ਏਕਾ ਆਣ, ਹੋਏ ਮਿਹਰਵਾਨ ਹੈ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਸੰਤ ਸੁਹੇਲੇ ਮੰਗੇ ਵਰ, ਕਿਰਪਾ ਆਪਣੀ ਦੇਣੀ ਕਰ, ਗੇੜਾ ਤੁਟੇ ਆਵਣ ਜਾਣ । ਆਵਣ ਜਾਣ ਗੇੜਾ ਛੁੱਟੇ, ਮਿਲੇ ਪੁਰਖ ਅਬਿਨਾਸ਼ਾ । ਪੰਜਾਂ ਚੋਰਾਂ ਫੜ ਫੜ ਕੁੱਟੇ, ਹੋਏ ਦਾਸਨ ਦਾਸਾ । ਦੂਈ ਦਵੈਤੀ ਫੜ ਫੜ ਕੁੱਠੇ, ਕਾਇਆ ਮੰਡਲ ਵੇਖੇ ਰਾਸਾ । ਭੈਣਾਂ ਭਈਆਂ ਨਾਤਾ ਤੁੱਟੇ, ਸ਼ਬਦ ਚਲਾਏ ਸਵਾਸ ਸਵਾਸਾ । ਜੋਤੀ ਜੋਤ ਸਰੂਪ ਹਰਿ, ਏਕਾ ਮੰਗੇ ਸ਼ਬਦ ਵਰ, ਸੰਤ ਸੁਹੇਲੇ ਕਰੇ ਆਪਣੀ ਮਿਹਰ, ਜੋਤ ਜਗਾਏ ਕਾਇਆ ਕਾਸਾ । ਕਾਇਆ ਕਾਸਾ ਡੂੰਘੀ ਕੰਦਰ, ਵਸਤ ਹੱਥ ਨਾ ਆਈਆ । ਜਗਤ ਵਿਕਾਰੀ ਵੱਜਾ ਜੰਦਰ, ਨਾ ਸਕੇ ਕੋਈ ਤੁੜਾਈਆ । ਸੰਤ ਸੁਹੇਲਾ ਜੋ ਜਨ ਚੜ੍ਹਿਆ ਸਾਚੇ ਮੰਦਰ, ਆਤਮ ਕੁੰਡਾ ਦੇਵੇ ਲਾਹੀਆ । ਹੋਏ ਮਿਲਾਵਾ ਅੰਦਰੇ ਅੰਦਰ, ਗੁਰ ਸ਼ਬਦੀ ਜਨਮ ਦੁਹਾਈਆ । ਕਿਸੇ ਹੱਥ ਨਾ ਆਏ ਗੋਰਖ ਮਛੰਦਰ, ਉਚੇ ਟਿਲੇ ਲੱਭਣ ਦੇਣ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਏਕਾ ਮੰਗੇ ਸ਼ਬਦ ਵਰ, ਆਪਣੀ ਕਿਰਪਾ ਦੇਣੀ ਕਰ, ਜੋਤੀ ਸ਼ਬਦੀ ਸ਼ਬਦੀ ਜੋਤੀ ਪਵਣ ਸਵਾਸੀ ਏਕਾ ਰੰਗ ਰੰਗਾਈਆ । ਪਵਣ ਸਵਾਸੀ ਲੱਗੇ ਲੇਖੇ, ਸ਼ਬਦ ਮਿਲੇ ਵਡਿਆਈਆ । ਕਾਇਆ ਤੁੱਟੇ ਭਰਮ ਭੁਲੇਖੇ, ਵਜੇ ਸੱਚੀ ਵਧਾਈਆ ।

ਲਿਖਣਹਾਰਾ ਆਪੇ ਲੇਖੇ, ਲਿਖੀ ਰੇਖਾ ਦਏ ਮਿਟਾਈਆ । ਕਿਸੇ ਹੱਥ ਨਾ ਆਏ ਔਲੀਏ ਪੀਰ ਸ਼ੇਖ਼ੇ, ਕਲਜੁਗ ਭੁੱਲੀ ਸਰਬ ਲੋਕਾਈਆ । ਮਸਤਕ ਲਾਈ ਸਾਚੀ ਮੇਖੇ, ਦੀਪਕ ਜੋਤੀ ਸਾਚੀ ਜਗੇ, ਜਗਤ ਤ੍ਰਿਸ਼ਨਾ ਮੂਲ ਨਾ ਲੱਗੇ, ਹੋਏ ਸੱਚੀ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਏਕਾ ਮੰਗੇ ਸ਼ਬਦ ਵਰ, ਸਦਾ ਰਹਿਣ ਪਿੱਛੇ ਅੱਗੇ ਅੱਗੇ ਪਿਛੇ ਦੂਰ ਨੇੜੇ ਨੇੜੇ ਦੂਰ ਏਕਾ ਧਾਮ ਸੁਹਾਈਆ । ਸੰਤ ਭਿਖਾਰੀ ਆਪ ਹੈ, ਆਪੇ ਖੋਲ੍ਹਣਹਾਰ । ਭਗਤ ਦਵਾਰੀ ਆਪ ਹੈ, ਆਪੇ ਮੇਲਣਹਾਰ । ਜੋਤ ਨਿਰੰਕਾਰੀ ਆਪ ਹੈ, ਆਪੇ ਸ਼ਬਦ ਭੰਡਾਰ । ਜੀਵ ਜੰਤ ਉਧਾਰੀ ਆਪ ਹੈ, ਆਪੇ ਸਰਬ ਪਸਾਰ । ਸਾਚਾ ਕੰਤ ਪੁਰਖ ਭਤਾਰੀ ਆਪ ਹੈ, ਸ੍ਰਿਸ਼ਟ ਸਬਾਈ ਵੇਖੇ ਨਾਰ । ਜੋਤ ਅਗੰਮ ਅਪਾਰੀ ਆਪ ਹੈ, ਜੋਤੀ ਜੋਤ ਸਰੂਪ ਹਰਿ, ਏਕਾ ਮੰਗੇ ਸ਼ਬਦ ਵਰ, ਸੰਤ ਸੁਹੇਲੇ ਕਿਰਪਾ ਦੇਣੀ ਕਰ, ਆਏ ਸੰਤ ਦਵਾਰ । ਸੰਤ ਦਵਾਰਾ ਵੇਖੇ ਖੁਲ੍ਹਾ, ਆਇਆ ਜੋਤ ਜਗਾਏ । ਮਿਲੇ ਸ਼ਬਦ ਇਕ ਅਨਮੁਲਾ, ਦੂਸਰ ਕਿਸੇ ਹੱਥ ਨਾ ਆਏ । ਸੰਤ ਸੁਹੇਲਾ ਸਾਚੇ ਤੋਲ ਤੁਲਾ, ਆਪਣੀ ਕਿਰਪਾ ਆਪੇ ਕਰ, ਸਾਚੀ ਵਸਤ ਦੇਵੇ ਦਸਤ ਅਠੇ ਪਹਿਰ ਰਹੇ ਮਸਤ, ਅਗਿਆਨ ਅੰਧੇਰ ਮਿਟਾਏ । ਕਲਜੁਗ ਝੂਠਾ ਮਾਇਆ ਲੂਠਾ ਅੰਤਮ ਹੁੱਲਾ, ਅੰਮ੍ਰਿਤ ਫ਼ਲ ਨਾ ਕੋਈ ਲਗਾਏ । ਝੂਠਾ ਦਿਸੇ ਕਾਇਆ ਕੁਲਾ, ਅੰਤ ਖਾਲੀ ਰਹਿ ਜਾਏ । ਜਗਤ ਅੰਧੇਰ ਏਕਾ ਝੁੱਲਾ, ਜੂਠ ਝੂਠ ਰਹੀ ਸਤਾਏ । ਅੰਮ੍ਰਿਤ ਆਤਮ ਸਭ ਦਾ ਡੁਲ੍ਹਾ, ਗੁਰ ਸ਼ਬਦ ਜਾਮ ਨਾ ਕੋਈ ਪਿਲਾਏ । ਜੋਤੀ ਜੋਤ ਸਰੂਪ ਹਰਿ, ਦਰ ਦਵਾਰੇ ਆਇਆ ਭੁਲਾ, ਆਪਣੀ ਕਿਰਪਾ ਦਏ ਕਮਾਏ । ਦਰਸ਼ਨ ਮੰਗੇ ਨੇਤਨ ਨੇਤ, ਨੇਤਰ ਤੀਜਾ ਖੋਲ੍ਹ । ਨੌਂ ਦਵਾਰੇ ਛੱਡੇ ਨੌਂ ਨੌਂ ਚੇਤ, ਸਾਚੇ ਮੰਦਰ ਅੰਦਰ ਬੋਲ । ਪ੍ਰਭ ਵਸੇ ਸਾਚੇ ਕਾਇਆ ਖੇਤ, ਸਦ ਤੋਲੇ ਪੂਰੇ ਤੋਲ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਸਾਚੇ ਘਰ ਆਤਮ ਪੜਦੇ ਰਿਹਾ ਖੋਲ੍ਹ । ਦਰਸ਼ਨ ਵੇਖੇ ਦਰਸ, ਹਰਿ ਦਰਸ ਰਹੇ ਬਿਲਲਾਏ । ਅੰਮ੍ਰਿਤ ਆਤਮ ਮੇਘ ਬਰਸ, ਹਰਿ ਜਗਤ ਤ੍ਰਿਸ਼ਨਾ ਰਿਹਾ ਮਿਟਾਏ । ਸਤਿ ਪੁਰਖ ਨਿਰੰਜਣ ਸਤਿ ਘਰ ਸਮਾਇਆ, ਆਪਣੀ ਬਣਤ ਬਣਾਇੰਦਾ । ਜੋਤੀ ਨੂਰ ਆਪ ਕਰਾਇਆ, ਦਿਸ ਕਿਸੇ ਨਾ ਆਇੰਦਾ । ਜੋਤੀ ਪੁਰਖਾ ਨਾਮ ਰਖਾਇਆ, ਸਾਚਾ ਧਾਮ ਸੁਹਾਇੰਦਾ । ਸ਼ਬਦ ਸੁਤ ਇਕ ਉਪਾਇਆ, ਘਰ ਛੇਵੇਂ ਆਪ ਟਿਕਾਇੰਦਾ । ਬੋਧ ਅਗਾਧਾ ਨਾਉਂ ਰਖਾਇਆ, ਗੁਣਵੰਤਾ ਧੰਨ ਧੰਨਵੰਤਾ, ਆਪ ਬਣਾਏ ਆਪਣੀ ਬਣਤਾ, ਸਾਚਾ ਮਾਣ ਦਵਾਇੰਦਾ । ਪੰਚਮ ਦਰ ਵੇਖੇ ਘਰ ਸਾਚਾ ਕੰਤ ਪਵਣ ਸਵਾਸੀ ਸਾਚਾ ਸੰਗ ਰਲਾਇੰਦਾ । ਜੋਤੀ ਸ਼ਬਦੀ ਏਕਾ ਰਾਸ, ਪੰਚਮ ਮੇਲਾ ਪੁਰਖ ਅਬਿਨਾਸ਼, ਲੇਖਾ ਗਣਤ ਗਿਣਾਇੰਦਾ । ਚੌਥੇ ਪਦ ਚੌਥੇ ਘਰ ਪਾਵੇ ਰਾਸੀ, ਆਪ ਬਣਾਏ ਲੱਖ ਚੁਰਾਸੀ, ਗੁਣ ਤ੍ਰੈਗੁਣ ਮਾਇਆ ਤੱਤ ਉਪਾਇੰਦਾ । ਤ੍ਰੈਗੁਣ ਮਾਇਆ ਦਾਸਨ ਦਾਸੀ, ਪੰਚਾਂ ਕਰੇ ਆਪ ਪਰਕਾਸ਼ੀ, ਪੰਝੀ ਪ੍ਰਕਿਰਤੀ ਸੰਗ ਰਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲੱਖ ਚੁਰਾਸੀ ਵੇਖ ਹਰਿ, ਲੋਆਂ ਪੁਰੀਆਂ ਖੰਡ ਮੰਡਲ ਵਰਭੰਡ ਬ੍ਰਹਿਮੰਡੀ ਬਣਤ ਬਣਾਇੰਦਾ । ਵਰਭੰਡੀ ਹਰ ਬਣਤ ਬਣਾਈ, ਲੱਖ ਚੁਰਾਸੀ ਉਪਾਇਆ । ਹੱਡ ਮਾਸ ਨਾੜੀ ਰਕਤ ਬੂੰਦੀ ਰਿਹਾ ਉਪਾਈ, ਆਪਣਾ ਪਿੰਡ ਇਕ ਸੁਹਾਇਆ । ਮਨ ਮਤ ਬੁੱਧ ਵਿਚ ਟਿਕਾਈ, ਨੌਂ ਦਵਾਰੇ ਖੋਲ੍ਹ ਵਿਖਾਇਆ । ਸੁਰਤ ਸਵਾਣੀ ਵਿਚ ਸਮਾਈ, ਪੁਰਖ ਅਬਿਨਾਸ਼ੀ ਦਿਸ ਨਾ ਆਇਆ । ਸ਼ਬਦ ਵਿਚੋਲਾ ਸੰਗ ਬਣਾਈ, ਦਸਮ ਦਵਾਰੀ ਇਕ ਖੁਲ੍ਹਾਇਆ । ਸਾਚਾ ਢੋਲਾ ਰਿਹਾ ਸੁਣਾਈ, ਕਲਜੁਗ ਜੀਵ ਸੁਣਨ ਨਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਘਟ ਘਟ ਅੰਦਰ ਵੇਖੇ ਕਾਇਆ ਮੰਦਰ

ਨਿਰਮਲ ਜੋਤੀ ਰਿਹਾ ਜਗਾਇਆ । ਨਿਰਮਲ ਜੋਤੀ ਕਰ ਆਕਾਰ, ਪ੍ਰਭ ਵੇਖੇ ਜਗਤ ਤਮਾਸ਼ਾ । ਸਾਧਾਂ ਸੰਤਾਂ ਸੱਚਾ ਯਾਰ, ਆਪੇ ਵੇਖੇ ਨੇਤਰ ਪੇਖੇ, ਲੇਖੇ ਲਾਏ ਪਵਣ ਸੁਵਾਸਾ । ਜੋ ਜਨ ਰਹੇ ਭਰਮ ਭੁਲੇਖੇ, ਅੰਦਰ ਮੰਦਰ ਸਾਚੇ ਵੇਖੇ, ਝੂਠਾ ਭੰਨਾਏ ਕਾਇਆ ਕਾਸਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵੇਖ ਵਖਾਣੇ ਨੌਂ ਦਰ, ਦਸਵੇਂ ਘਰ ਜਿਸ ਜਨ ਮਿਲਾਵਾ ਪੁਰਖ ਅਬਿਨਾਸ਼ਾ । ਪੁਰਖ ਅਬਿਨਾਸ਼ੀ ਜਿਸ ਜਨ ਪਾਇਆ, ਹੋਵੇ ਸ਼ਬਦ ਕੁੜਮਾਈਆ । ਪੋਥੀ ਗ੍ਰੰਥ ਕੋਈ ਪੜ੍ਹਨ ਨਾ ਪਾਇਆ, ਸ਼ਬਦੀ ਧਾਰ ਇਕ ਵਹਾਈਆ । ਮਨਮੁਖ ਜੀਵ ਸਾਚੇ ਮੰਦਰ ਚੜ੍ਹਨ ਨਾ ਪਾਇਆ, ਨਾ ਤ੍ਰਿਸ਼ਨਾ ਅਗਨ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਅੱਖਰ ਜਗਤ ਵਖਰ, ਜਨ ਭਗਤਾਂ ਪਾੜੇ ਬਜਰ ਕਪਾਟੀ ਪੱਥਰ, ਸੋਹੰ ਸਾਚਾ ਲੇਖ ਲਿਖਾਇਆ, ਨਿਹਕਲੰਕ ਨਰਾਇਣ ਨਰ, ਜੋਤੀ ਜਾਮਾ ਭੇਖ ਧਰ, ਕਲਜੁਗ ਅੰਤਮ ਵੇਖ ਹਰਿ, ਏਕਾ ਸ਼ਬਦ ਰਾਓ ਰੰਕ ਰਾਜ ਰਾਜਾਨ ਸ਼ਾਹ ਸੁਲਤਾਨ ਗੁਣ ਨਿਧਾਨ, ਸੰਤ ਅਸੰਤਾਂ ਜੀਵ ਜੰਤਾਂ ਰਿਹਾ ਜਗਾਇਆ । ਗੁਰ ਸੰਗਤ ਧੰਨ ਕਮਾਈਆ । ਦਰ ਘਰ ਸਾਚਾ ਪਾਇਆ, ਜਗੀ ਜੋਤ ਇਕ ਰਘੁਰਾਈਆ । ਆਪਣਾ ਭੇਦ ਰਿਹਾ ਛੁਪਾਇਆ, ਭਰਮੇ ਭੁੱਲੀ ਜਗਤ ਲੋਕਾਈਆ । ਗੁਣ ਨਿਧਾਨਾ ਦਿਸ ਨਾ ਆਇਆ, ਅੰਤਮ ਵੱਜੇ ਸ਼ਬਦ ਡੰਕ, ਘਰ ਸਾਚੇ ਇਕ ਵਧਾਈਆ । ਕਲਜੁਗ ਵੇਲਾ ਅੰਤਮ ਆਇਆ, ਰਾਜ ਰਾਜਾਨਾਂ ਦਰ ਦਰ ਰਿਹਾ ਫਿਰਾਈਆ । ਭੇਖਾਧਾਰੀ ਭੇਖ ਅਪਾਰਾ, ਕਲਜੁਗ ਸਤਿਜੁਗ ਟਿੱਕਾ ਲਾਹੇ ਛਾਹੀਆ । ਕਾਲਾ ਸੂਸਾ ਤਨ ਪਹਿਨਾਇਆ, ਹਰਿ ਦਾਤਾ ਧੁਰ ਦਰਗਾਹੀਆ । ਈਸਾ ਮੂਸਾ ਰਿਹਾ ਹਿਲਾਇਆ, ਜੋਤੀ ਜੋਤ ਸਰੂਪ ਹਰਿ, ਸੰਮਤ ਵੀਹ ਸਦ ਉਨੀਂ ਆਪੇ ਲਾਹੇ ਕਾਲੀ ਚੁੰਨੀ, ਮੱਕੇ ਮਦੀਨੇ ਚਰਨ ਛੁਹਾਈਆ । ਮੱਕੇ ਮਦੀਨੇ ਜਾਏ ਚੜ੍ਹ, ਪ੍ਰਭ ਜੋਤੀ ਜਾਮਾ ਪਾਇਆ । ਸ਼ਬਦ ਘੋੜਾ ਲਿਆ ਫੜ, ਦਿਸ ਕਿਸੇ ਨਾ ਆਇਆ । ਜੋਤ ਨਿਰੰਜਣ ਨਾ ਕੋਈ ਸੀਸ ਨਾ ਕੋਈ ਧੜ, ਲੱਖ ਚੁਰਾਸੀ ਨਾਲ ਰਿਹਾ ਲੜ ਨੌਂ ਖੰਡ ਪ੍ਰਿਥਮੀ ਵੇਖ ਵਖਾਇਆ । ਕੋਈ ਨਾ ਸਕੇ ਅਗੇ ਖੜ, ਦਰ ਦਰ ਘਰ ਘਰ ਬੈਠੇ ਰਹੇ ਪੜ੍ਹ, ਏਕਾ ਅੱਖਰ ਨਰ ਨਿਰੰਕਾਰ, ਸ਼ਬਦ ਨਾ ਕੀਆ ਤਨ ਸ਼ਿੰਗਾਰ, ਪੰਜਾਂ ਤੱਤਾਂ ਵਿਚ ਸਮਾਇਆ । ਜਿਸ ਜਨ ਮੇਲਾ ਪੁਰਖ ਭਤਾਰਾ, ਦੋ ਜਹਾਨੀ ਕਰੇ ਪਾਰਾ, ਨਾਮ ਦੇਵੇ ਜਗਤ ਭੰਡਾਰਾ, ਤੋਟ ਕਦੇ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਸ਼ਬਦ ਦੇਵੇ ਸਾਚਾ ਵਰ, ਸਤਿ ਸੰਤੋਖੀ ਆਤਮ ਮੋਖੀ ਬ੍ਰਹਮ ਗਿਆਨ ਜਣਾਇਆ । ਸੋਹੰ ਸ਼ਬਦ ਜਗਤ ਧਾਰ ਹੈ, ਧੁਰ ਦਰਗਾਹੀ ਆਈ । ਕਲਜੁਗ ਅੰਤਮ ਹੋਵੇ ਪਾਰ ਹੈ, ਸਤਿਜੁਗ ਵੱਜੇ ਸੱਚੀ ਵਧਾਈ । ਜਨ ਭਗਤਾਂ ਫੜ ਫੜ ਬਾਹੋਂ ਰਿਹਾ ਤਾਰ ਹੈ, ਮਨਮੁਖ ਨੀਂਦ ਦੁਹਾਗਣ ਰਿਹਾ ਸਵਾਈ । ਏਕਾ ਏਕ ਓਅੰਕਾਰ ਹੈ, ਜੋਤੀ ਜਾਮਾ ਭੇਖ ਅਪਾਰ ਹੈ, ਸ਼ਬਦ ਖੰਡਾਂ ਰਿਹਾ ਉਠਾਈ । ਲੋਆਂ ਪੁਰੀਆਂ ਆਰ ਪਾਰ ਹੈ, ਆਪੇ ਜਾਣੇ ਆਪਣੀ ਧਾਰ ਹੈ, ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਗੁਰ ਸੰਗਤ ਦੇਵੇ ਦਰਸ ਦਰ, ਆਤਮ ਤ੍ਰਿਸ਼ਨਾ ਜਗਤ ਮਿਟਾਈ । ਹਰਿ ਸ਼ਬਦ ਅਪਾਰ ਗੁਰ ਜਣਾਈਆ । ਗੁਰ ਸ਼ਬਦ ਅਪਾਰ, ਸੁਣੇ ਸਰਬ ਲੋਕਾਈਆ । ਗੁਰਮੁਖ ਵਿਰਲਾ ਪਾਵੇ ਸਾਰ, ਆਤਮ ਬੂਝ ਬੁਝਾਈਆ । ਹਰਿ ਸ਼ਬਦ ਅਪਾਰ, ਗੁਰ ਪੂਰੇ ਦ੍ਰਿੜਾਈਆ । ਗੁਰ ਪੂਰਾ ਕਰੇ ਪਿਆਰ, ਲਿਵ ਅੰਤਰ ਏਕਾ ਲਾਈਆ । ਗੁਰਮੁਖਾਂ ਦੇਵੇ ਕਰ ਪਿਆਰ, ਆਪ ਆਪਣੀ ਦਇਆ ਕਮਾਈਆ । ਗੁਰਮੁਖ ਸਾਚੇ ਉਧਰੇ ਪਾਰ, ਗੁਰ ਪੂਰੇ ਸ਼ਬਦ ਕਮਾਈਆ । ਹਰਿ ਸ਼ਬਦ ਅਪਾਰ, ਗੁਰ ਪੂਰੇ ਝੋਲੀ ਪਾਇਆ । ਗੁਰ ਸ਼ਬਦ ਅਪਾਰ, ਗੁਰਮੁਖਾਂ

ਕੰਨ ਸੁਣਾਇਆ । ਗੁਰਮੁਖ ਸਾਚਾ ਸੰਤ ਦੁਲਾਰ, ਦਰ ਘਰ ਆਪਣੇ ਲਏ ਵਸਾਇਆ । ਅਗਿਆਨ ਅੰਧੇਰਾ ਦਏ ਨਿਵਾਰ, ਦੀਪਕ ਜੋਤੀ ਇਕ ਜਗਾਇਆ । ਸਾਚਾ ਮੇਲਾ ਇਕ ਦਵਾਰ, ਏਕਾ ਦੂਜਾ ਭਉ ਚੁਕਾਇਆ । ਲੋਕਮਾਤੀ ਵੇਖ ਕਰੇ ਵਿਹਾਰ, ਆਵਣ ਜਾਵਣ ਖੇਲ ਰਚਾਇਆ । ਜੁਗਾਂ ਜੁਗੰਤਰ ਸਾਚੀ ਕਾਰ, ਹਰਿ ਭਗਵੰਤਾ ਭੇਵ ਨਾ ਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅੰਤਮ ਰੂਪ ਵਟਾਇਆ । ਹਰਿ ਸ਼ਬਦ ਅਡੋਲ, ਕਦੇ ਨਾ ਡੋਲਿਆ । ਗੁਰ ਸ਼ਬਦ ਸਾਚਾ ਬੋਲ, ਸ੍ਰਿਸ਼ਟ ਸਬਾਈ ਏਕਾ ਬੋਲਿਆ । ਜਨ ਭਗਤਾਂ ਆਪਣੇ ਪੜਦੇ ਰਿਹਾ ਖੋਲ੍ਹ, ਭਾਗ ਲਗਾਏ ਕਾਇਆ ਚੋਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਕਲਾ ਸੋਲਿਆ । ਹਰਿ ਸ਼ਬਦ ਅਥਾਹ, ਬੇਪਰਵਾਹ ਹੈ । ਗੁਰ ਸ਼ਬਦ ਜਗਤ ਮਲਾਹ, ਸਾਚਾ ਦੱਸੇ ਏਕਾ ਰਾਹ ਹੈ । ਜਨ ਭਗਤਾਂ ਮੇਲਾ ਰਿਹਾ ਮਿਲਾ, ਫੜ ਫੜ ਸਾਚੀ ਬਾਂਹ ਹੈ । ਸਾਚਾ ਧਾਮ ਰਿਹਾ ਸੁਹਾ, ਦੀਪਕ ਜੋਤੀ ਇਕ ਜਗਾ ਹੈ । ਇਕ ਜਪਾਏ ਸਾਚਾ ਨਾਮ, ਨਿਸ਼ਅੱਖਰ ਵੱਖਰ ਆਪ ਰਖਾ ਹੈ । ਹਰਿਜਨ ਬਣਾਏ ਹੰਸ ਫੜ ਫੜ ਕਾਂ, ਸਾਚੀ ਜੋਤ ਰਿਹਾ ਜਗਾ ਹੈ । ਦੋ ਜਹਾਨੀ ਰੱਖੇ ਠੰਢੀ ਥਾਂ, ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਸ੍ਰਿਸ਼ਟ ਸਬਾਈ ਵੇਖ ਦਰ, ਹਰਿਜਨ ਸੰਤ ਸੁਹੇਲੇ ਆਪ ਕਰਾਏ ਆਪਣੇ ਮੇਲੇ, ਆਪੇ ਪਿਤਾ ਆਪੇ ਮਾਂ ਹੈ । ਹਰਿ ਸ਼ਬਦ ਅਬਿਨਾਸ਼, ਜਗਤ ਪਰਕਾਸ਼ਿਆ । ਗੁਰ ਪੂਰਾ ਦਾਸਨ ਦਾਸ, ਮਿਲੇ ਮੇਲ ਸ਼ਾਹੋ ਸ਼ਾਬਾਸਿਆ । ਜਨ ਭਗਤਾਂ ਪੂਰਨ ਕਰੇ ਆਸ, ਇਕ ਜਪਾਏ ਸਵਾਸ ਸਵਾਸ, ਵੇਖ ਵਖਾਣੇ ਪ੍ਰਿਥਮੀ ਆਕਾਸ਼, ਸਾਚੇ ਮੰਡਲ ਪਾਵੇ ਰਾਸਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਗਲਾ ਸਾਥਿਆ । ਹਰਿ ਸ਼ਬਦ ਅਜੂਨ, ਕਿਸੇ ਨਾ ਜੂਨੀਆ । ਗੁਰ ਸ਼ਬਦ ਅਮੋਲ, ਗੁਰਮੁਖ ਵਿਰਲਾ ਸੁਣੇ ਸੁਣਾਏ ਖੋਲ੍ਹੇ ਮੁੰਨ ਸੁੰਨਿਆ । ਆਪੇ ਵਸੇ ਪੜਦੇ ਉਹਲ, ਵਡ ਦਾਤਾ ਗੁਣੀ ਗੁਨਿਆ । ਗੁਰਮੁਖ ਵਿਰਲਾ ਅੱਠੇ ਪਹਿਰ ਕਰੇ ਕਰਾਏ ਕਾਇਆ ਮੰਦਰ ਸਾਚੇ ਚੋਹਲ, ਕਿਸੇ ਹੱਥ ਨਾ ਆਏ ਰਿਖੀ ਮੁਨੀਆ । ਮਾਇਆ ਭਰਮ ਭੁਲਾਇਆ, ਕਲਜੁਗ ਵੇਲਾ ਅੰਤਮ ਆਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਸੰਤ ਜਨਾਂ ਏਕਾ ਦੇਵੇ ਨਾਮ ਧਨਾ, ਗੁਰ ਸ਼ਬਦ ਸਾਚੀ ਚੁੰਨੀਆ । ਹਰਿ ਸ਼ਬਦ ਅਸਵਾਰ ਘੋੜ ਦੁੜਾਇੰਦਾ । ਗੁਰ ਸ਼ਬਦ ਅਪਾਰ, ਲੋਕਮਾਤੀ ਜੋੜ ਜੁੜਾਇੰਦਾ । ਜਨ ਭਗਤਾਂ ਦੇਵੇ ਕਰ ਪਿਆਰ, ਮਿੱਠਾ ਕੌੜ ਵੇਖ ਵਖਾਇੰਦਾ । ਅੰਮ੍ਰਿਤ ਆਤਮ ਬਖ਼ਸ਼ੇ ਸਾਚੀ ਧਾਰ, ਦੁਰਮਤ ਮੈਲ ਰੋਗ ਗਵਾਇੰਦਾ । ਵੇਖ ਵਖਾਏ ਮਹੱਲ ਅਪਾਰ, ਦੀਪਕ ਜੋਤੀ ਕਰ ਉਜਿਆਰ, ਅਗਿਆਨ ਅੰਧੇਰ ਮਿਟਾਇੰਦਾ । ਆਪ ਵਖਾਏ ਸਗਲ ਪਸਾਰ, ਆਪੇ ਵਸੇ ਸਭ ਤੋਂ ਬਾਹਰ, ਨਗਰ ਖੇੜਾ ਆਪ ਸੁਹਾਇੰਦਾ । ਆਪੇ ਗੁਪਤ ਆਪੇ ਜ਼ਾਹਿਰ, ਆਪੇ ਰਹੇ ਖ਼ਬਰਦਾਰ, ਸ਼ਬਦ ਬਣਾਏ ਪਹਿਰਦਾਰ, ਗੁਰਮੁਖ ਸੋਏ ਮਾਤ ਜਗਾਇੰਦਾ । ਆਪੇ ਪੁਰਖ ਨਾਰੀ ਨਾਰ, ਸ਼ਬਦ ਭੰਡਾਰਾ ਸਾਚਾ ਯਾਰ, ਆਪੇ ਸਾਚੀ ਸੇਜ ਹੰਢਾਇੰਦਾ । ਪੂਤ ਸਪੂਤਾ ਕਰ ਤਿਆਰ, ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਲੱਖ ਚੁਰਾਸੀ ਵੇਖ ਕਰ, ਕਰੇ ਖੇਲ ਅਪਾਰ । ਹਰਿ ਸ਼ਬਦ ਅਪਾਰ, ਭਰਿਆ ਰਹੇ ਭੰਡਾਰਿਆ । ਗੁਰ ਪੂਰੇ ਬਖ਼ਸ਼ੀ ਸਾਚੀ ਧਾਰ, ਨਿਝਰ ਧਾਰ ਇਕ ਵਹਾ ਰਿਹਾ । ਏਕਾ ਏਕ ਦਿਸਾਏ ਚਰਨ ਪਿਆਰ, ਦੂਸਰ ਕੋਇ ਦਿਸਨਾ ਆ ਰਿਹਾ । ਸ਼ਬਦ ਚੋਟ ਲੱਗੇ ਕਾਇਆ ਤਨ ਨਗਾਰ, ਨਗਾਰਾ ਇਕ ਵਜਾ ਰਿਹਾ । ਆਪ ਸੁਹਾਏ ਬੰਕ ਦਵਾਰ, ਗੁਰਦਵਾਰਾ ਇਕ ਵਖਾ ਰਿਹਾ । ਗੁਰ ਸ਼ਬਦ ਸ਼ਬਦ ਗੁਰ

ਪਰਗਟ ਹੋਏ ਵੇਖ ਵਖਾਏ ਤ੍ਰੈ ਤ੍ਰੈਲੋਏ ਏਕਾ ਰੰਗ ਸਮਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰਾ ਕਾਲਖ ਟਿੱਕਾ, ਕਿਸੇ ਨਾ ਦਿਸੇ ਨੀਕਨ ਨੀਕਾ, ਮਾਇਆ ਰਸ ਫੀਕਨ ਫੀਕਾ, ਵੇਲਾ ਅੰਤਮ ਅੰਤ ਅੰਤ ਅੰਤ ਮਿਟਾ ਰਿਹਾ । ਨਿਹਕਲੰਕ ਕਲ ਜਾਮਾ ਪਾਇਆ, ਕਰੇ ਖੇਲ ਅਵੱਲਾ । ਸ਼ਬਦ ਡੰਕ ਇਕ ਵਜਾਇਆ, ਨੌਂ ਖੰਡ ਪ੍ਰਿਥਮੀ ਵੇਖੇ ਜਗਤ ਮਹੱਲਾ । ਰਾਓ ਰੰਕ ਰਿਹਾ ਵਖਾਇਆ, ਆਪੇ ਹੋਇਆ ਅਛਲ ਅਛੱਲਾ । ਵਾਸੀ ਪੁਰੀ ਘਨਕ ਅਖਵਾਇਆ, ਸ਼ਬਦ ਸੁਨੇਹੜਾ ਏਕਾ ਘਲਾ । ਬਾਰ ਅਨਕ ਜੋਤ ਜਗਾਇਆ, ਕਲਜੁਗ ਵੇਖੇ ਜੂਹਾਂ ਜੰਗਲ ਜਲ ਥਲਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦੀ ਪਵਣੀ ਆਪੇ ਰਲਾ । ਜਗੀ ਜੋਤ ਅਗੰਮ ਅਪਾਰ, ਲੋਕਮਾਤ ਵੱਜੇ ਵਧਾਈਆ । ਸੰਮਤ ਤੇਰਾਂ ਬੰਨ੍ਹੇ ਧਾਰ, ਸਾਧਾਂ ਸੰਤਾਂ ਰਿਹਾ ਜਗਾਈਆ । ਰੰਕ ਰਾਜਾਨਾਂ ਕਰੇ ਖ਼ਬਰਦਾਰ, ਸ਼ਬਦ ਡੰਡਾ ਮਗਰ ਲਗਾਈਆ । ਵਾਲੀ ਹਿੰਦ ਹੋ ਤਿਆਰ, ਅੱਸੂ ਤਿੰਨ ਨੇੜੇ ਆਈਆ । ਮਿਲੇ ਮੇਲ ਪ੍ਰਭ ਸਚਾ ਯਾਰ, ਭਿੰਨ ਭਿੰਨ ਖੇਲ ਰਚਾਈਆ । ਲੱਖ ਚੁਰਾਸੀ ਪਾਵੇ ਸਾਰ, ਗਿਣ ਗਿਣ ਵਕਤ ਲੰਘਾਈਆ । ਨਾਮ ਕਟਾਰੀ ਪਹਿਨ ਹਥਿਆਰ, ਸ਼ਬਦ ਖੰਡਾ ਹੱਥ ਉਠਾਈਆ । ਜਗਤ ਖੁਮਾਰੀ ਲਾਹੇ ਬੁਖਾਰ, ਕਲਜੁਗ ਅੰਤਮ ਕੰਢਾ ਆਈਆ । ਮੇਟ ਮਿਟਾਏ ਝੂਠੀ ਧਾੜ, ਭੇਖ ਪਖੰਡਾ ਰਿਹਾ ਮਿਟਾਈਆ । ਸ਼ਬਦ ਘੋੜੇ ਹੋ ਅਸਵਾਰ, ਜੋਤੀ ਜੋੜੇ ਮੇਲ ਮਿਲਾਈਆ । ਪੁਰੀਆਂ ਲੋਆਂ ਪਾਵੇ ਸਾਰ, ਆਪੇ ਰਿਹਾ ਹਿਲਾਈਆ । ਬ੍ਰਹਮਾ ਚਾਰੇ ਮੁੱਖੜੇ ਦਏ ਉਘਾੜ, ਆਪ ਆਪਣਾ ਰੰਗ ਵਖਾਈਆ । ਅੰਤਮ ਕਲਜੁਗ ਕਰੇ ਖੁਆਰ, ਦੇਵੇ ਇਕ ਦੁਹਾਈਆ । ਸ਼ਿਵ ਸ਼ੰਕਰ ਖੋਲ੍ਹੇ ਬੰਦ ਕਿਵਾੜ, ਬਾਸ਼ਕ ਤਸ਼ਕਾ ਗਲ ਲਟਕਾਈਆ । ਸ਼ਬਦ ਅਗੰਮੀ ਦਿਸੇ ਧਾੜ, ਪੁਰਖ ਅਬਿਨਾਸ਼ੀ ਏਕਾ ਰਿਹਾ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੋੜ ਤੇਤੀਸਾ ਸੁਰਪਤ ਰਾਜਾ ਇੰਦ ਆਪੇ ਰਿਹਾ ਹਿਲਾਈਆ । ਸੁਰਪਤ ਰਾਜਾ ਇੰਦ ਹਰਿ ਹਿਲਾਇੰਦਾ । ਗੁਰਮੁਖ ਸਾਚਾ ਲੇਖੇ ਲਾਏ ਸਾਚੀ ਬਿੰਦ, ਸਗਲੀ ਚਿੰਦ ਮਿਟਾਇੰਦਾ । ਪਰਗਟ ਹੋਏ ਵਿਚ ਹਿੰਦ, ਨਿਹਕਲੰਕੀ ਡੰਕ ਵਜਾਇੰਦਾ । ਵਡ ਦਾਤਾ ਸੂਰਾ ਸਰਬੰਗ ਆਪ ਅਖਵਾਇੰਦਾ । ਮਨਮੁਖ ਜੀਵਾਂ ਕੱਢੇ ਜਿੰਦ, ਚਾਰੋਂ ਕੁੰਟ ਕਰਨ ਨਿੰਦ, ਦਹਿ ਦਿਸ਼ਾ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਸ਼ਬਦ ਧਾਰਾ ਸਚ ਵਹਾਏ ਆਤਮ ਗੰਗ, ਇਕ ਵਖਾਏ ਡੂੰਘੀ ਡਲੇ ਸਾਗਰ ਸਿੰਧ, ਗੁਰਮੁਖ ਸਾਚੇ ਵਿਚ ਸਮਾਇੰਦਾ । ਤੇਰਾਂ ਤੇਰਾਂ ਤੇਰੀ ਧਾਰ । ਵੇਖੇ ਜਾਏ ਦਇਆ ਕਮਾਏ, ਸੰਤ ਸੁਹੇਲੇ ਸਾਚੇ ਯਾਰ । ਸੰਮਤ ਚੌਦਾਂ ਚੌਦਾਂ ਹੱਟ, ਕਰੇ ਕਰਾਏ ਖ਼ਬਰਦਾਰ । ਚਰਨ ਛੁਹਾਏ ਅੱਠ ਸੱਠ, ਉਲਟੀ ਗੇੜੇ ਆਪੇ ਲੱਠ, ਕਿਸੇ ਨਾ ਦੇਵੇ ਕੋਈ ਸਹਾਰ । ਸੰਮਤ ਪੰਦਰਾਂ ਪ੍ਰਭ ਜਾਣੇ ਸਭ ਦੀਆਂ ਅੰਦਰਾਂ, ਜੋਗੀ ਯਤੀ ਤਪੀ ਸਤੀ ਫੜ ਫੜ ਬਾਹੋਂ ਕੱਢੇ ਬਾਹਰ । ਸੰਮਤ ਸੋਲਾਂ ਘਰ ਘਰ ਗਲੀ ਗਲੀ ਫਿਰਨ ਲੱਖ ਚੁਰਾਸੀ ਰੋਲ ਝਕੋਲਾ ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਰਾਹ ਖੇੜਾ ਦਿਸ ਨਾ ਆਈਆ । ਸੱਤ ਸਤਾਰਾਂ ਲਾੜੀ ਮੌਤ ਲਏ ਬਹਾਰਾ, ਚਾਰੋਂ ਕੁੰਟ ਦਿਸੇ ਉਜਾੜਾ, ਦੇਣਾ ਲਹਿਣਾ ਰੂਸਾ ਧਾੜਾ, ਮਨਮੁਖਾਂ ਲੱਖ ਚੁਰਾਸੀ ਲਏ ਪਰਨਾਈਆ । ਸੰਮਤ ਚੜ੍ਹੇ ਅੱਠ ਦੱਸ ਅਠਾਰਾਂ, ਕਿਸੇ ਨਾ ਦਿਸੇ ਪੱਲੇ ਭਾੜਾ, ਬਹੱਤਰ ਨਾੜੀ ਵੱਜੇ ਤਾੜਾ, ਧਰਤ ਮਾਤ ਮਾਰ ਝਾਤ ਗੂੜ੍ਹਾ ਰੰਗ ਲਾਲ ਮਹੰਦੀ ਹੱਥੀਂ ਲਾਈਆ । ਸੰਮਤ ਚੜ੍ਹੇ ਬੀਸ ਉਨੀ, ਕੋਈ ਨਾ ਦਿਸੇ ਮੁਸਲਿਮ ਸੁੰਨੀ, ਸਭ ਦੀ ਚੋਟੀ ਜਾਏ ਮੁੰਨੀ, ਸਿਰੋਂ ਲਾਹੇ ਕਾਲੀ ਚੁੰਨੀ, ਈਸਾ ਮੂਸਾ ਦਏ ਦੁਹਾਈਆ । ਸੰਮਤ ਹੋਏ ਬੀਸ ਬੀਸਾ, ਪਰਗਟ ਹੋਏ ਜਗਤ ਜਗਦੀਸਾ, ਏਕਾ ਛਤਰ ਝੁਲਾਏ

ਸੀਸਾ, ਆਪ ਆਪਣਾ ਆਪ ਉਪਾਈਆ । ਬੀਸ ਇਕ ਇਕੀਸ, ਸ੍ਰਿਸ਼ਟ ਸਬਾਈ ਜਾਏ ਪੀਸ, ਨਾ ਕੋਈ ਗਾਏ ਰਾਗ ਛਤੀਸ, ਲੇਖਾ ਮੁੱਕੇ ਕੁਰਾਨ ਅੰਜ਼ੀਲ ਹਦੀਸ, ਵੇਦ ਪੁਰਾਨ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਸ਼ਬਦ ਸਾਚਾ ਝੰਡਾ, ਆਪ ਝੁਲਾਏ ਵਿਚ ਬ੍ਰਹਿਮੰਡਾਂ ਨੌਵਾਂ ਖੰਡਾਂ ਸੱਤਾਂ ਦੀਪਾਂ ਵੰਡ ਵੰਡਾਈਆ । ਕਲਜੁਗ ਤੇਰਾ ਅੰਤਮ ਕੰਢਾ, ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਆਪ ਆਪਣਾ ਵੇਸ ਕਰ, ਗੁਰਮੁਖ ਸਾਚੇ ਸੰਤ ਸੁਹੇਲੇ, ਸ਼ਬਦ ਸੁਨੇਹੜੇ ਰਿਹਾ ਜਗਾਈਆ । ਸ਼ਬਦ ਸੁਨੇਹੜਾ ਰਿਹਾ ਘੱਲ, ਕਰੇ ਖੇਲ ਦਿਵਸ ਰੈਣਾ । ਸ੍ਰਿਸ਼ਟ ਸਬਾਈ ਆਪ ਭੁਲਾਏ ਕਰ ਕਰ ਵਲ ਛਲ, ਕਿਸੇ ਦਿਸ ਨਾ ਆਏ ਜਗਤ ਨੈਣਾ । ਜੋਤੀ ਸ਼ਬਦੀ ਆਪੇ ਗਿਆ ਰਲ, ਆਪ ਆਪੇ ਵਹਿਣ ਵਹਿਣਾ । ਪ੍ਰਭ ਕਾ ਭਾਣਾ ਨਾ ਜਾਏ ਟਲ, ਗੁਰੂਆਂ ਪੀਰਾਂ ਸਾਧਾਂ ਸੰਤਾਂ ਅੰਤਮ ਸਿਰ ਤੇ ਸਹਿਣਾ । ਵੇਖੇ ਖੇਲ ਅੱਜ ਕਿ ਕੱਲ, ਕਲਜੁਗ ਤੇਰਾ ਆਪ ਚੁਕਾਏ ਲਹਿਣਾ ਦੇਣਾ । ਧਰਤੀ ਉਪਰ ਉਪਰ ਜਲ, ਏਕਾ ਮਾਰੇ ਸ਼ਬਦ ਉਛੱਲ, ਡੂੰਘੀ ਡਲ ਮਨਮੁਖ ਜੀਵਾਂ ਅੰਤਮ ਵਹਿਣਾ । ਗੁਰਮੁਖ ਸਾਚੇ ਸੰਤ ਸੁਹੇਲੇ ਗੁਰ ਸੰਗਤ ਸਾਚੀ ਰਲ, ਦੂਈ ਦਵੈਤੀ ਮੇਟਣ ਆਇਆ ਸਲ, ਚਰਨ ਦਵਾਰੇ ਸਾਚੇ ਬਹਿਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅੰਤਮ ਵੇਖ ਘਰ, ਏਕਾ ਏਕ ਸਚ ਮਹੱਲਾ ਪੁਰਖ ਅਬਿਨਾਸ਼ੀ ਆਪੇ ਮਲਾ, ਆਪੇ ਬੈਠੇ ਰਹਿਣਾ । ਪੂਰਨ ਸੰਤ ਜਾਣ ਕੇ, ਦਰਸ਼ਨ ਪਾਏ ਨੇਤਰ ਨੈਣ । ਪੂਰਨ ਸੰਤ ਆਪਣਾ ਆਪ ਜੀਵ ਜਾਣ ਕੇ, ਰਸਨਾ ਸਕੇ ਕੁੱਛ ਨਾ ਕਹਿਣ । ਜਗਤ ਛੋੜੇ ਮਾਣ ਤਾਣ ਬਣ ਅੰਞਾਣ ਸਾਕ ਸੈਣ । ਸੰਤ ਦਰਸ ਨੇਤਰ ਪਰਸ ਮਿੱਟੇ ਹਰਸ, ਅੰਮ੍ਰਿਤ ਆਤਮ ਮੇਘ ਦੇਵੇ ਬਰਸ, ਚੁਕਾਏ ਲਹਿਣ ਦੇਣ ।





★ ੯ ਚੇਤ ੨੦੧੩ ਬਿਕ੍ਰਮੀ ਸੰਤ ਲਾਭ ਸਿੰਘ ਪਾਸ ਜਾ ਕੇ ਸ਼ਬਦ ਉਚਾਰਿਆ ਪਿੰਡ ਸੈਦਪੁਰ ਜ਼ਿਲਾ ਅੰਮ੍ਰਿਤਸਰ ★

ਸਚ ਪਲੰਘ ਪ੍ਰਭ ਆਪ ਸੁਹਾਇਆ । ਲੁਹਾਰ ਤਰਖਾਣ ਨਾ ਕਿਸੇ ਬਣਾਇਆ । ਜਗਤ ਵਾਣ ਨਾ ਕੋਇ ਉਣਾਇਆ । ਸ਼ਬਦ ਬਿਬਾਣ ਇਕ ਰਖਾਇਆ । ਆਪੇ ਬੈਠ ਸ੍ਰੀ ਭਗਵਾਨ, ਸਾਚੀ ਬਣਤ ਬਣਾਇਆ । ਵੇਖ ਵਖਾਏ ਵਾਲੀ ਦੋ ਜਹਾਨ, ਦਿਸ ਕਿਸੇ ਨਾ ਆਇਆ । ਇਕ ਝੁੱਲਾਏ ਸਚ ਨਿਸ਼ਾਨ, ਸਤਿ ਪੁਰਖ ਅਬਿਨਾਸ਼ੀ ਆਪ ਉਠਾਇਆ । ਲੋਆਂ ਪੁਰੀਆਂ ਵੇਖੇ ਮਾਰ ਧਿਆਨ, ਲੱਖ ਚੁਰਾਸੀ ਵਿਚ ਸਮਾਇਆ । ਲੋਕਮਾਤੀ ਗੁਰ ਗੁਰ ਪੀਰਾਂ ਸਾਧਨ ਸੰਤਾਂ ਬ੍ਰਹਮ ਗਿਆਨ ਸ਼ਬਦ ਸੁਨੇਹੜਾ ਰਿਹਾ ਘਲਾਇਆ । ਉਪਜੇ ਧੁਨ ਤੁੱਟੇ ਸੁਨ ਕਾਇਆ ਮੰਦਰ ਸਚ ਮਕਾਨ, ਬੇੜਾ ਸਾਚਾ ਹੱਥ ਵਖਾਇਆ । ਮੰਗੇ ਮੰਗ ਸ਼ਬਦ ਦਾਨ, ਉਡੇ ਉਠਾਏ ਵਿਚ ਬਿਬਾਣ, ਖਾਣੀ ਬਾਣੀ ਹੋਏ ਹੈਰਾਨ, ਜਾਣੀ ਜਾਣ ਮੇਲ ਮਿਲਾਇਆ । ਜੋਤ ਜਾਮਾ ਧੁਰ ਦੀ ਬਾਣ, ਕਲਜੁਗ ਅੰਤਮ ਕਰੇ ਪਛਾਣ, ਵੇਖ ਵਖਾਏ ਰਾਜ ਰਾਜਾਨ, ਚਤੁਰ ਸੁਘੜ ਸਿਆਣ ਗਿਆਨ ਬੋਧ, ਬੋਧ ਅਗਾਧਾ ਪ੍ਰਭ ਆਪ ਅਖਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਸਿੰਘਾਸਣ ਇਕ ਸੁਹਾਇਆ । ਸ਼ਬਦ ਸਿੰਘਾਸਣ ਹਰਿ ਬਿਰਾਜੇ, ਜੋਤੀ ਜੋਤ ਜਗਾਈਆ । ਏਕਾ ਰੱਖੇ ਸੀਸ ਤਾਜੇ, ਦੋ ਜਹਾਨਾਂ ਰਾਜ ਕਮਾਈਆ । ਆਪ ਸਵਾਰੇ ਆਪਣਾ ਕਾਜੇ, ਸ਼ਬਦ ਨਿਸ਼ਾਨਾ ਸਾਚਾ ਤੀਰ ਜਗਤ ਕਮਾਨ ਉਠਾਈਆ । ਵੇਖ ਵਖਾਣੇ ਸੰਤ ਔਲੀਏ ਸ਼ੇਖ਼ ਮੁਲਾਂ ਪੀਰ ਜਗਤ ਨਾਇਕ ਮੁਸਾਇਕ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ

ਹਰਿ, ਆਪ ਆਪਣੀ ਜੋਤ ਧਰ, ਸਚ ਸਿੰਘਾਸਣ ਬੈਠ ਹਰਿ, ਪਾਵਾ ਚੂਲਾ ਨਾ ਕੋਈ ਰਖਾਈਆ । ਪਾਵਾ ਚੂਲ ਨਾ ਰੱਖਿਆ ਕੋਏ, ਪ੍ਰਭ ਸਾਚੇ ਬਣਤ ਬਣਾਈਆ । ਖਾਲੀ ਹੱਥੀਂ ਵੱਸਿਆ ਦਿਵਸ ਰੈਣ ਕਦੇ ਨਾ ਸੋਏ, ਨਾ ਜਨਮੇ ਨਾ ਮੋਏ, ਅੱਠੇ ਪਹਿਰ ਗੁਰਮੁਖ ਅੰਦਰ ਵੱੜ ਵੱੜ ਹੱਸਿਆ । ਸ਼ਬਦ ਨਿਰਾਲਾ ਤੀਰ ਕੱਸਿਆ । ਦਿਸ ਨਾ ਆਏ ਲੋਚਨ ਦੋਏ, ਮੇਟ ਮਿਟਾਏ ਅੰਧ ਅੰਧੇਰੀ ਰੈਣ ਮੱਸਿਆ । ਏਕਾ ਰਾਹ ਸਾਚਾ ਦੱਸਿਆ, ਜੋ ਜਨ ਸਰਨ ਸਰਨਾਈ ਸਾਚੀ ਹੋਏ । ਘਟ ਘਟ ਅੰਦਰ ਆਪੇ ਵਸਿਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਸਿੰਘਾਸਣ ਡੇਰਾ ਲਾਏ, ਦਿਵਸ ਰੈਣ ਡਗਮਗਾਏ । ਗੁਰ ਪੂਰੇ ਅਵਰ ਨਾ ਕੋਈ ਜਾਣੀ ਜਾਏ । ਗੁਰ ਪੂਰਾ ਜਾਨਣਹਾਰ ਹੈ, ਪੁਰਖ ਅਬਿਨਾਸ਼ੀ ਬਣਤ ਬਣਾਈ । ਭਰਮੇ ਭੁੱਲਾ ਸਰਬ ਸੰਸਾਰ ਹੈ, ਗਤ ਅੰਤਰ ਭੇਵ ਨਾ ਰਾਈ । ਸੁਰਤ ਸਵਾਣੀ ਹੋਈ ਗਵਾਰ ਹੈ, ਸ਼ਬਦ ਭਤਾਰ ਨਾ ਕੋਈ ਹੰਢਾਈ । ਚੜ੍ਹ ਚੜ੍ਹ ਥੱਕੇ ਨੌਂ ਦਵਾਰ ਹੈ, ਮਹੱਲ ਅਟੱਲ ਦਿਸ ਨਾ ਆਈ । ਹਰਿਜਨ ਮੇਲਾ ਇਕ ਦਵਾਰ ਹੈ, ਏਕਾ ਏਕ ਲਿਵ ਲਾਈ । ਆਪੇ ਖੋਲ੍ਹੇ ਬੰਦ ਕਿਵਾੜ ਹੈ, ਜਿਸ ਦਿਤਾ ਬੰਦ ਕਰਾਈ । ਅੰਮ੍ਰਿਤ ਆਤਮ ਸਾਚੀ ਧਾਰ ਹੈ, ਸ਼ਬਦ ਖੰਡਾ ਹੱਥ ਉਠਾਈ । ਜੋਤ ਜਗਾਏ ਬਹੱਤਰ ਨਾੜ ਹੈ, ਸਾਚੀ ਜੋਤ ਕਰੇ ਰੁਸ਼ਨਾਈ । ਸਾਚੇ ਦਰ ਘਰ ਦੇਵੇ ਵਾੜ ਹੈ, ਧੁਨ ਆਤਮਕ ਵੱਜੇ ਸਚ ਵਧਾਈ । ਸਾਚੇ ਘੋੜੇ ਆਪੇ ਚਾੜ੍ਹ ਹੈ, ਨਾਮ ਸਿਹਰਾ ਦਏ ਲਗਾਈ । ਲਾੜੀ ਜੋਤ ਕਰ ਪਿਆਰ ਹੈ, ਘਰ ਦਸਵੇਂ ਲਏ ਵਿਆਹੀ । ਏਕਾ ਸੇਜਾ ਸੁੱਤੇ ਪੁਰਖ ਨਾਰੀ ਭਤਾਰ ਹੈ, ਦਿਵਸ ਰੈਣ ਖ਼ੁਸ਼ੀ ਮਨਾਈ । ਸਾਚਾ ਮੰਦਰ ਪ੍ਰਭ ਕਰੇ ਤਿਆਰ ਹੈ, ਆਤਮ ਸੇਜਾ ਇਕ ਵਿਛਾਈ । ਸਿੰਘ ਭਗਵਾਨ ਗੁਰਮੁਖ ਵਿਰਲਾ ਸੰਤ ਕਰੇ ਦੀਦਾਰ ਹੈ, ਭਰਮੇ ਭੁੱਲੀ ਲੋਕਾਈ । ਜੋਤੀ ਜੋਤ ਸਰੂਪ ਹਰਿ, ਸਚ ਘਰ ਆਣ ਆਪਣਾ ਲਾਏ, ਸ਼ਬਦ ਸਿੰਘਾਸਣ ਇਕ ਵਿਛਾਈ । ਗੁਰਮੁਖ ਸਾਚੇ ਸੰਤ ਬਹਾਏ ਦਿਵਸ ਰੈਣ ਦਰਸ ਦਿਖਾਏ, ਭਾਣਾ ਸਹਿਣਾ ਹੁਕਮ ਜਣਾਏ, ਸ਼ਬਦ ਗਹਿਣਾ ਤਨ ਪਹਿਨਾਏ, ਸੋਲਾਂ ਕਰੇ ਤਨ ਸ਼ਿੰਗਾਰ । ਸੰਤਨ ਧਾਮ ਜਗਤ ਨਿਆਰਾ, ਜਾਣੇ ਪੁਰਖ ਅਬਿਨਾਸ਼ੀ । ਕਰੇ ਖੇਲ ਅਗੰਮ ਅਪਾਰਾ, ਵੇਖੇ ਘਟ ਘਟ ਵਾਸੀ । ਨਾ ਕੋਈ ਮਿਲੇ ਚਾਰ ਦਿਵਾਰਾ, ਜੋਤ ਸਰੂਪ ਏਕਾ ਮੰਡਲ ਰਾਸੀ । ਨਾ ਕੋਈ ਜਾਣੇ ਵੇਦ ਪੁਰਾਨ ਅੰਜ਼ੀਲ ਕੁਰਾਨਾ, ਪੰਡਤ ਪੜ੍ਹ ਪੜ੍ਹ ਥੱਕੇ ਕਾਂਸ਼ੀ । ਹਰਿਜਨ ਸਾਚਾ ਸੁਘੜ ਸਿਆਣਾ, ਜਿਸ ਜਨ ਮਿਲਿਆ ਸ਼ਬਦ ਬਿਬਾਣਾ, ਉਡੇ ਉਡਾਏ ਆਕਾਸ਼ ਆਕਾਸ਼ੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਸਿੰਘਾਸਣ ਏਕਾ ਮੰਗੇ, ਦਰ ਦਵਾਰੇ ਮੂਲ ਨਾ ਸੰਗੇ, ਦਸਵੀਂ ਗਲੀ ਦਸਮ ਦਵਾਰਾ ਆਪੇ ਲੰਘੇ, ਵੇਖੇ ਖੇਲ ਤਮਾਸ਼ੀ । ਉਠੋ ਜਾਗੋ ਸੁਰਤ ਸੰਭਾਲੋ, ਵੇਲਾ ਅੰਤਮ ਆਇਆ । ਦੁਰਮਤ ਮੈਲ ਧੋਵੋ ਦਾਗੋ, ਰਿਹਾ ਕਾਗ ਹੰਸ ਬਣਾਇਆ । ਸਤਿਗੁਰ ਸਾਚੇ ਸਰਨੀ ਲਾਗੋ, ਜਗਤ ਬੁਝਾਏ ਤ੍ਰਿਸ਼ਨਾ ਆਗੋ, ਆਤਮ ਜੋਤ ਦਏ ਜਗਾਇਆ । ਪੁਰਖ ਅਬਿਨਾਸ਼ੀ ਏਕ ਹੈ, ਸੰਤਨ ਰਿਹਾ ਉਪਾਏ । ਸ਼ਬਦ ਸਵਾਸੀ ਦੇਵੇ ਸਾਚੀ ਟੇਕ ਹੈ, ਆਤਮ ਬ੍ਰਹਮ ਜਣਾਏ । ਜਗਤ ਮਾਇਆ ਨਾ ਲਾਏ ਸੇਕ ਹੈ, ਜਿਸ ਜਨ ਸਮਰਥ ਆਪਣਾ ਹੱਥ ਟਿਕਾਏ । ਆਤਮ ਆਪੇ ਆਏ ਆਪਣਾ ਵਹਾਏ ਨੀਰ ਹੈ, ਜਗਤ ਦਿਸ ਨਾ ਆਏ । ਸਦ ਵਸੇ ਆਪ ਵਿਸੇਖ ਹੈ, ਦਸਵੇਂ ਹਿਸੇ ਵੰਡ ਵੰਡਾਏ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਸੰਤ ਅਸੰਤਾ ਆਤਮ ਅੰਦਰ ਸਾਚੇ ਮੰਦਰ ਭੇਦ ਅਭੇਦਾ ਅਛਲ ਅਛੇਦਾ ਅਛਲ ਅਛੇਦਾ ਭੇਵ ਗੂੜ ਖੁਲ੍ਹਾਏ । ਹਰਿ ਵਡੀ ਵਡਿਆਈ ਸਾਚੇ ਸੰਤ ਮਾਤ ਉਪਾਇਆ । ਘਰ

੫੯੪ ੦੫

ਸੰਤ ਵੱਜੀ ਵਧਾਈ, ਪ੍ਰਭ ਅਬਿਨਾਸ਼ੀ ਰਸਨਾ ਗਾਇਆ । ਪੁਰਖ ਅਬਿਨਾਸ਼ੀ ਕਰੇ ਕੁੜਮਾਈ, ਸਵਾਣੀ ਜੋਤੀ ਸ਼ਬਦ ਵਿਆਹਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚੇ ਸੰਤ ਮੇਲਾ ਇਕ ਇਕੰਤ ਦਸਮ ਦਵਾਰੀ ਕਰ ਵਿਚਾਰੀ, ਸ਼ਬਦ ਵੇਖੇ ਤਿੱਖੀ ਧਾਰੀ, ਦਰ ਘਰ ਸਾਚੇ ਵੇਖਣ ਆਇਆ । ਸੰਤ ਜਗਤ ਬਲਵਾਨ ਹੈ, ਸਤਿ ਪੁਰਖ ਸਮਾਏ । ਸਤਿ ਪੁਰਖ ਸੱਚਾ ਦਾਤਾ ਦੇਵੇ ਦਾਨ ਹੈ, ਆਤਮਕ ਸ਼ਬਦ ਧੁਨ ਉਪਜਾਏ । ਸੰਤ ਰੱਖੇ ਚਰਨ ਧਿਆਨ ਹੈ, ਪੁਰਖ ਅਬਿਨਾਸ਼ੀ ਰਿਹਾ ਦਿਖਾਏ । ਪੁਰਖ ਅਬਿਨਾਸ਼ੀ ਸਦਾ ਅਬਿਨਾਸ਼ ਹੈ, ਸਾਚੇ ਸੰਤਾਂ ਹੁਕਮ ਜਣਾਏ । ਸਾਚਾ ਸੰਤ ਹੋਏ ਦਾਸ ਹੈ, ਸਤਿਗੁਰ ਸਾਚੀ ਦਇਆ ਕਮਾਏ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਜੁਗਾ ਜੁਗੰਤਰ ਵੇਖ ਵਖਾਏ । ਸਾਧ ਸੰਤ ਅੰਦਰ ਬਾਹਰ ਆਪੇ ਹੋਏ । ਸੰਤ ਸੁਣਾਏ ਗੀਤ ਸ੍ਰਿਸ਼ਟ ਸਬਾਈਆ । ਪੁਰਖ ਅਬਿਨਾਸ਼ੀ ਸ਼ਬਦ ਜਣਾਈਆ । ਦਿਸ ਕਿਸੇ ਨਾ ਆਏ ਆਪ ਵਸੇ ਕਾਇਆ ਗੁਰਦਵਾਰਾ ਮੰਦਰ ਮਸੀਤ, ਸਚ ਮਹੱਲਾ ਰਿਹਾ ਵਸਾਈਆ । ਅੱਠੇ ਪਹਿਰ ਪਰਖੇ ਨੀਤ, ਸਦ ਅਤੀਤ ਕਰਮ ਕਮਾਈਆ । ਸ੍ਰਿਸ਼ਟ ਸਬਾਈ ਰਿਹਾ ਜੀਤ, ਅਜਿੱਤ ਆਪ ਅਖਵਾਈਆ । ਏਕਾ ਰੱਖੇ ਸੁਹਾਗੀ ਗੀਤ, ਸਾਚੇ ਸੰਤਾਂ ਸਾਚਾ ਛੰਦ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਵੇਖਣ ਆਇਆ ਦਰ ਦਰ, ਕਵਣ ਨਾਰੀ ਹੋਈ ਮੁਟਿਆਰ, ਪ੍ਰੇਮ ਮਹਿੰਦੀ ਹੱਥੀਂ ਲਾਈਆ । ਸੋਲਾਂ ਕਰੇ ਤਨ ਸ਼ਿੰਗਾਰ, ਲਹਿੰਦੀ ਦਿਸ਼ਾ ਇਕ ਵਖਾਈਆ । ਆਪ ਖੁਲ੍ਹਾਏ ਬੰਦ ਕਿਵਾੜ, ਆਤਮ ਸੇਜਾ ਕਿਸ ਵਿਛਾਈਆ । ਸੰਤ ਸੁਹੇਲਾ ਸਾਚੀ ਨਾਰੀ, ਪੁਰਖ ਅਬਿਨਾਸ਼ੀ ਮਾਤ ਬਣਾਈਆ । ਆਪੇ ਕਰੇ ਸਚ ਪਿਆਰੀ, ਆਤਮ ਬੀਜ ਸਾਚਾ ਪਾਈਆ । ਹਰੀ ਕਰੇ ਤਨ ਕਿਆਰੀ, ਫੁੱਲ ਫੁੱਲਵਾੜੀ ਸਚ ਵਖਾਈਆ । ਨਾਤਾ ਤੁੱਟੇ ਪੰਜ ਯਾਰੀ, ਸ਼ਬਦ ਸਰੂਪੀ ਫੇਰ ਬਹਾਰੀ, ਸਾਚਾ ਧਾਮ ਇਕ ਸੁਹਾਈਆ । ਫੂਲਨ ਸੇਜਾ ਕਰ ਤਿਆਰੀ, ਆਪ ਬਣਾਏ ਕੰਤ ਭਤਾਰੀ, ਸਾਚੇ ਸੰਤ ਵਡੀ ਵਡਿਆਈਆ । ਦੋਵੇ ਸੁੱਤੇ ਏਕਾ ਸੇਜਾ ਪੈਰ ਪਸਾਰੀ, ਧੁਰ ਦਰਗਾਹੀ ਸਾਚੀ ਯਾਰੀ, ਆਪੇ ਕੰਤਾ ਆਪੇ ਨਾਰੀ, ਭੇਦ ਭੇਵ ਕੋਈ ਨਾ ਰਾਈਆ । ਰਸਨਾ ਕਹਿ ਕਹਿ ਥੱਕੀ ਹਾਰੀ, ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਵੇਖਣ ਆਇਆ ਸੰਤ ਦਰ, ਪੁਰਖ ਨਿਰੰਜਣ ਜਿਸ ਘਰ ਆਇਆ, ਤੁਠਿਆ ਦੀਪਕ ਜੋਤ ਜਗਾਇਆ, ਸਾਚੇ ਘਰ ਕਰੀ ਉਜਿਆਰੀ । ਸੰਤਨ ਘਰ ਕਰ ਉਜਿਆਰ, ਨਾ ਹੋਏ ਕਦੇ ਅੰਧੇਰਾ । ਨੇਤਰ ਪੇਖਣ ਮੀਤ ਮੁਰਾਰ, ਚੁੱਕੇ ਮੇਰਾ ਤੇਰਾ । ਏਕਾ ਅੰਮ੍ਰਿਤ ਆਤਮ ਬਖ਼ਸ਼ੇ ਸਾਚੀ ਧਾਰ, ਸ਼ਬਦ ਸਰੂਪੀ ਪਾਏ ਘੇਰਾ । ਜੋਤ ਸਰੂਪੀ ਕਰ ਆਕਾਰ, ਆਪ ਚੁਕਾਏ ਭਰਮਾ ਡੇਰਾ । ਇਕ ਵਖਾਏ ਦਰ ਸੱਚਾ ਦਰਬਾਰ, ਨਾ ਕੋਈ ਜਾਣੇ ਸੰਝ ਸਵੇਰਾ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਵੇਖਣ ਆਇਆ ਸੰਤ ਦਰ, ਕਵਣ ਕਰੇ ਜਗਤ ਨਿਬੇੜਾ । ਜਗਤ ਨਿਬੇੜਾ ਹੱਕ, ਕਵਣ ਕਰਾਈਆ । ਜੀਵ ਜੰਤ ਰਾਹ ਤੱਕ ਗਏ ਥੱਕ, ਸਾਧ ਸੰਤ ਨਾ ਕੋਇ ਭਾਰ ਉਠਾਈਆ । ਆਪਣਾ ਆਪ ਚਲਾਇਆ ਘਰ ਘਰ ਮਤ, ਏਕਾ ਮਿਟਿਆ ਧਰਮ ਸਤਿ, ਨਾਮ ਬੇੜਾ ਨਾ ਕੋਈ ਵਖਾਈਆ । ਬਹੱਤਰ ਨਾੜੀ ਉਬਲੀ ਰਤ, ਪੁਰਖ ਅਬਿਨਾਸ਼ੀ ਤੇਰਾ ਭੁੱਲਿਆ ਏਕਾ ਨੱਤ, ਮਨ ਮਤ ਰਹੀ ਭੜਕਾਈਆ । ਪਰਗਟ ਹੋਏ ਹਰਿ ਸਮਰਥ, ਸ੍ਰਿਸ਼ਟ ਸਬਾਈ ਪਾਏ ਨੱਥ, ਦੋਵੇਂ ਵਾਗਾਂ ਰੱਖੇ ਹੱਥ, ਚਾਰੋਂ ਕੁੰਟ ਰਿਹਾ ਖਿਚਾਈਆ । ਸੰਮਤ ਸੋਲਾਂ ਸਗਲ ਵਸੂਰੇ ਜਾਇਣ ਲੱਥ, ਭੇਖ ਪਖੰਡਾ ਪ੍ਰਭ ਦੇਵੇ ਮਥ, ਅਗੰਮੀ ਜੋਤ ਜਗਾਏ ਏਕ ਅਲੱਖ, ਗੁਰਮੁਖ ਵਿਰਲੇ ਆਤਮ ਅੰਦਰ ਰਹਿ ਜਾਏ ਸਾਚਾ ਤਥ, ਨਾ ਕੋਈ ਰਹਿ ਜਾਏ ਤੀਰਥ ਤੱਟ, ਅੰਦਰ

੫੯੫ ੦੫

ਮੰਦਰ ਲੇਖਾ ਰਿਹਾ ਲਿਖਾਈਆ । ਪ੍ਰਭ ਚਰਨ ਦਵਾਰੇ ਇਕ ਇਕੱਠ, ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਵੇਖਣ ਜਾਏ ਦਰ ਦਰ ਸੰਤ ਸੁਹੇਲਾ ਕੋਇ ਮਿਲਾਏ ਦਇਆ ਕਮਾਏ, ਦਰ ਦਵਾਰਾ ਇਕ ਵਖਾਈਆ । ਨਕਦ ਸੌਦਾ ਮਿਲੇ ਜਿਸ ਹੱਟ, ਸੋ ਹੱਟ ਕਿਉਂ ਮਾਤ ਛੁਪਾਇਆ । ਆਪੇ ਵੇਖ ਕਾਇਆ ਮੱਟ, ਚੌਦਾਂ ਹਟ ਜਿਸ ਉਪਾਇਆ । ਆਤਮ ਅੰਦਰ ਤੀਰਥ ਤੱਟ, ਦੁਰਮਤ ਮੈਲ ਦੇਵੇ ਕੱਟ, ਸਿੰਘ ਲਾਭ ਦੋਆਬ ਕਿਸ ਧਾਮ ਰਖਾਇਆ । ਦੂਈ ਦਵੈਤੀ ਮੇਟੇ ਫੱਟ, ਜਗਤ ਵਿਸ਼ਨਾ ਲਏ ਚੱਟ, ਘਟ ਘਟ ਨਜ਼ਰੀ ਆਇਆ । ਜੋਤ ਜਗੇ ਲਟ ਲਟ, ਸ਼ਬਦ ਮਾਰੇ ਭਾਰੀ ਸੱਟ, ਬਜਰ ਕਪਾਟੀ ਕੁੰਡਾ ਲਾਹਿਆ । ਸਾਡੇ ਵਾਸਤੇ ਕੀਤਾ ਹੱਠ, ਨੌਂ ਦਵਾਰੇ ਰਿਹਾ ਨੱਠ, ਦਸਮ ਨਾ ਗਿੜੀ ਸਾਚੀ ਲੱਠ, ਕਾਇਆ ਅੱਗਨੀ ਲੱਗੀ ਮੱਠ, ਸ਼ਬਦ ਭਠ ਤਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਮੰਗੇ ਸ਼ਬਦ ਵਰ, ਦੀਪਕ ਜੋਤੀ ਮੇਲ ਦਰ, ਅਗਿਆਨ ਅੰਧੇਰਾ ਦਏ ਮਿਟਾਇਆ । ਸੰਤ ਸਦਾ ਨਿਰਵੈਰ ਹੈ, ਸਤਿ ਸਰੂਪ ਸਮਾਏ । ਨੌਂ ਦਵਾਰੇ ਵਸੇ ਬਾਹਰ ਹੈ, ਦਸਵੇਂ ਸ਼ਾਂਤ ਸਮਾਏ । ਕਾਇਆ ਮਾਟੀ ਜਗਤ ਝੂਠੀ ਸੀਰ ਹੈ, ਰਸਨ ਫਿਰੀ ਹਲਕਾਏ । ਭਰਮ ਭੁਲਾਇਆ ਐਰ ਗੈਰ ਹੈ, ਏਕਾ ਰੰਗ ਨਾ ਜਾਣੇ ਰਾਏ । ਜੋਤ ਸਰੂਪੀ ਗੰਭੀਰ ਗਹਿਰ ਹੈ, ਹਰਿ ਘਟ ਮੇਂ ਰਿਹਾ ਸਮਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਵੇਖੇ ਦਰ, ਜੂਠੀ ਝੂਠੀ ਜਗਤ ਲਹਿਰ ਹੈ । ਕਲਜੁਗ ਝੂਠਾ ਮਰਦੰਗ ਵਜਾਈਆ । ਗੁਰਮੁਖ ਵਿਰਲੇ ਆਤਮ ਵਸ, ਮੇਹਰ ਹੋ ਦਲੇਰ ਜਿਸ ਤਨ ਮਨ ਮਨ ਤਨ ਲਿਆ ਬੰਧਾਈਆ । ਮਨਮੁਖ ਜੀਵਾਂ ਆਤਮ ਤ੍ਰਿਸ਼ਨਾ ਰਹੀ ਘੇਰ, ਕਾਇਆ ਛੇੜ ਰਿਹਾ ਛਿੜਾਈਆ । ਬੱਤੀ ਦੰਦਾਂ ਹੋਇਆ ਭੇੜ, ਸਾਚੇ ਗੇੜ ਨਾ ਕੋਈ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵੇਖੇ ਸਚ ਨਿਬੇੜ, ਜਗਤ ਨਿਬੇੜਾ ਕਵਣ ਕਰਾਈਆ । ਮਨ ਮਤ ਜਗਤ ਪਰਧਾਨ, ਕਲਜੁਗ ਜੀਵ ਮੱਤਿਆ । ਦੁਰਮਤ ਨਾਲ ਰਲੀ ਸ਼ੈਤਾਨ, ਪਾਣੀ ਪਾਇਆ ਉਤੇ ਤੱਤਿਆ । ਗੁਰਮਤ ਹੋਈ ਜਗਤ ਨਿਧਾਨ, ਕਲਜੁਗ ਲੱਭੀ ਅੰਤਮ ਪਤਿਆ । ਗੁਰ ਪੂਰਾ ਹੋਏ ਜਿਸ ਮਿਹਰਵਾਨ, ਧੀਰਜ ਦੇਵੇ ਸਾਚੀ ਸਤਿਆ । ਆਤਮ ਉਪਜੇ ਬ੍ਰਹਮ ਗਿਆਨ, ਚਰਨ ਬੰਧਾਏ ਸਾਚਾ ਨੱਤਿਆ । ਚਰਨ ਧੂੜ ਕਰਾਏ ਇਕ ਇਸ਼ਨਾਨ, ਨਾਮ ਰੰਗਣ ਸਾਚੀ ਰੱਤਿਆ । ਕਿਸੇ ਹੱਥ ਨਾ ਆਏ ਵੇਦ ਪੁਰਾਨ, ਰਸਨਾ ਕਹਿ ਕਹਿ ਆਪੇ ਅੱਕਿਆ । ਆਪੇ ਕਰੇ ਪੁਣ ਛਾਣ, ਨਾਤਾ ਤੋੜੇ ਭਾਈ ਭੈਣ ਸਕਿਆ । ਬੈਠ ਕਾਇਆ ਮੰਦਰ ਵਿਚ ਮਕਾਨ, ਨੌਂ ਦਵਾਰੇ ਨਜ਼ਰ ਨਾ ਆਏ ਕਿਸੇ ਤੱਕਿਆ । ਜਿਸ ਜਨ ਮਿਲੇ ਸ਼ਬਦ ਨਿਸ਼ਾਨ, ਪੰਜਾਂ ਚੋਰਾਂ ਲਾਹੇ ਵਿੱਖਿਆ । ਮਿਲੇ ਮੇਲ ਸ਼ਬਦ ਗੁਰ ਬਲਵਾਨ, ਪਾਰ ਲੰਘਾਏ ਡੂੰਘੀ ਗਾਰ ਵਡੀ ਢੱਕਿਆ । ਜੋਤੀ ਜੋਤ ਸਰੂਪ ਹਰਿ, ਜਿਸ ਜਨ ਕਿਰਪਾ ਦੇਵੇ ਕਰ, ਸ਼ਬਦ ਸਰੂਪੀ ਦੇਵੇ ਵਰ, ਆਪ ਵਖਾਏ ਏਕਾ ਕਾਅਬਾ ਏਕਾ ਹਾਜ਼ੀ ਏਕਾ ਸਾਚਾ ਮੱਕਿਆ । ਹਰਿ ਸੰਤ ਸਤਿਗੁਰ ਰੂਪ ਹੈ, ਸਤਿਗੁਰ ਵਿਚ ਸਮਾਏ । ਸਤਿਗੁਰ ਵਡਾ ਸ਼ਾਹੋ ਭੂਪ ਹੈ, ਦੇਵਣਹਾਰ ਸਬਾਏ । ਨਾ ਕੋਈ ਰੰਗ ਨਾ ਕੋਈ ਰੂਪ ਹੈ, ਮਹਿੰਮਾ ਅਨੂਪ ਗਣੀ ਨਾ ਜਾਏ । ਗੁਰਸਿਖ ਗੁਰਮੁਖ ਸਾਚਾ ਸਤਿ ਸਪੂਤ ਹੈ, ਪੁਰਖ ਅਬਿਨਾਸ਼ੀ ਆਪਣੀ ਗੋਦ ਉਠਾਏ । ਮਨਮੁਖ ਭੁੱਲੇ ਜੀਵ ਅਵਧੂਤ ਹੈ, ਵਿਕਾਰ ਹੰਕਾਰ ਜਗਤ ਤ੍ਰਿਸ਼ਨਾ ਤਨ ਵਸਾਏ । ਜਿਸ ਜਨ ਬਖ਼ਸ਼ੇ ਚਰਨ ਭਬੂਤ ਹੈ, ਮਾਨਸ ਜਨਮ ਲੇਖੇ ਲਾਏ । ਏਕਾ ਪੇਟਾ ਤਾਣਾ ਸੂਤ ਹੈ, ਲੱਖ ਚੁਰਾਸੀ ਬਣਤ ਬਣਾਏ । ਪੰਜਾਂ ਚੋਰਾਂ ਕੱਢੇ ਕੁੱਟ ਹੈ, ਸ਼ਬਦ ਖੰਡਾ ਹੱਥ ਫੜਾਏ । ਗੁਰ ਸੰਗਤ ਸ਼ਬਦ ਪੰਘੂੜਾ ਲੈਣਾ ਝੂਟ

ਹੈ, ਪ੍ਰਭ ਇਕ ਹੁਲਾਰ ਚੜ੍ਹਾਏ । ਸ਼ਬਦ ਪਾਵੇ ਤਨ ਸਾਚਾ ਸੂਟ ਹੈ, ਉਤਰ ਕਦੀ ਨਾ ਜਾਏ । ਅੰਤਮ ਛੱਡਣਾ ਤਨ ਕਲਬੂਤ ਹੈ, ਸੁਰਤ ਸਵਾਣੀ ਸ਼ਬਦੀ ਮੇਲ ਮਿਲਾਏ । ਜਗਤ ਨਾਤਾ ਝੂਠੋ ਝੂਠ ਹੈ, ਭੇਖ ਪਖੰਡਾ ਕੋਈ ਰਹਿਣ ਨਾ ਪਾਏ । ਅੰਤਮ ਖਾਲੀ ਦਿਸਣਾ ਸਭ ਨੂੰ ਠੂਠ ਹੈ, ਨਾਮ ਵਸਤ ਕਿਸੇ ਹੱਥ ਨਾ ਆਏ । ਪੁਰਖ ਅਬਿਨਾਸ਼ੀ ਜਿਸ ਜਨ ਗਿਆ ਤੁਠ ਹੈ, ਲੁਕਿਆ ਰਹਿਣ ਨਾ ਦੇਵੇ ਕਿਸੇ ਗੁੱਠ ਹੈ, ਚਾਰੇ ਕੁੰਟਾਂ ਵੇਖ ਵਖਾਏ । ਸ਼ਬਦ ਪੱਲੂ ਬੰਨ੍ਹੇ ਕਰੇ ਏਕਾ ਮੁੱਠ ਹੈ, ਸਾਚਾ ਰਾਹ ਵਖਾਏ । ਮਨਮੁਖ ਜੀਵਾਂ ਅੰਤਮ ਟੰਗੇ ਕਰ ਕਰ ਪੁੱਠ ਹੈ, ਧਰਮ ਰਾਏ ਦਏ ਸਜਾਏ । ਹਰਿ ਜਨ ਸਾਚੇ ਦਰ ਘਰ ਸਾਚੇ ਲਾਹਾ ਰਹੇ ਲੁੱਟ ਹੈ, ਅੰਮ੍ਰਿਤ ਆਤਮ ਜਾਮ ਪਿਆਏ । ਸ਼ਬਦ ਨਿਰਾਲਾ ਤੀਰ ਰਿਹਾ ਛੁੱਟ ਹੈ, ਲੋਆਂ ਪੁਰੀਆਂ ਰਿਹਾ ਹਿਲਾਏ । ਸ਼ਬਦ ਭੰਡਾਰਾ ਸਦਾ ਅਤੁੱਟ ਹੈ, ਦੇਵਣਹਾਰ ਆਪ ਰਘੁਰਾਏ । ਨਾ ਜਾਏ ਮਾਤ ਨਿਖੁੱਟ ਹੈ, ਏਕਾ ਪੜਦਾ ਮਾਤ ਪਾਏ । ਜਿਸ ਜਨ ਲੱਗੇ ਸਾਚੀ ਚੋਟ ਹੈ, ਧੁਨੀ ਨਾਦ ਵੱਜੇ ਰੈਣ ਸਬਾਏ । ਦੁਰਮਤ ਮੈਲ ਕੱਢੇ ਖੋਟ ਹੈ, ਆਪ ਆਪਣੀ ਦਇਆ ਕਮਾਏ । ਜੀਵ ਜੰਤ ਆਲ੍ਹਣਿਓ ਡਿਗੇ ਬੋਟ ਹੈ, ਕਲਜੁਗ ਮਾਇਆ ਅੰਤ ਉਠਾਏ । ਭਰਮੇ ਭੁਲੇ ਕੋਟੀ ਕੋਟ ਹੈ, ਸਤਿਗੁਰ ਸਾਚਾ ਵਿਰਲਾ ਗੁਰਮੁਖ ਪਾਏ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਸਾਧ ਸੰਗਤ ਏਕਾ ਮੰਗੇ ਸਾਚੀ ਮੰਗ, ਸਚ ਪ੍ਰੀਤੀ ਭਿਛਿਆ ਪਾਏ । ਮੰਗੇ ਮੰਗ ਪ੍ਰੀਤ, ਬਣ ਸਵਾਲੀਆ । ਪ੍ਰਭ ਪਰਖੇ ਸਾਚੀ ਨੀਤ, ਜੋਤ ਅਕਾਲੀਆ । ਅਚਰਜ ਕਲਜੁਗ ਚਲੇ ਰੀਤ, ਮਨਮੁਖਾਂ ਕੱਢੇ ਅੰਤ ਦਵਾਲੀਆ । ਵੇਖ ਵਖਾਏ ਗੁਰ ਦਰ ਦਵਾਰਾ ਮੰਦਰ ਮਸੀਤ, ਕਿਸ ਘਰ ਜਗੇ ਦੀਪਕ ਜੋਤ ਦਿਵਾਲੀਆ । ਗੁਰਮੁਖ ਸਾਚਾ ਸੰਤ ਸੁਹੇਲਾ ਇਕ ਇਕੇਲਾ ਪ੍ਰਭ ਮਿਲੇ ਸਾਚਾ ਮੀਤ, ਫ਼ਲ ਲਗੇ ਕਾਇਆ ਡਾਲ੍ਹੀਆ । ਸੁਣੇ ਸੁਣਾਏ ਸ਼ਬਦ ਸੁਹਾਗੀ ਗੀਤ ਬਣਾਏ ਦੋ ਜਹਾਨੀ ਇਕ ਦਲਾਲੀਆ । ਜੋਤੀ ਜੋਤ ਸਰੂਪ ਹਰਿ, ਏਕਾ ਮੰਗੇ ਸ਼ਬਦ ਵਰ, ਲੋਕਮਾਤ ਨਾ ਜਾਏ ਡਰ, ਵੇਖੇ ਪਰਖੇ ਘਰ ਘਰ ਨਾਮ ਵਸਤ ਸਾਚਾ ਧਨ ਵਡ ਮਾਲ ਮਾਲੀਆ । ਨਾਮ ਧੰਨ ਮਾਲ ਖਜੀਨਾ, ਹਰਿ ਮੰਗੇ ਬਣ ਭਿਖਾਰੀ । ਅੱਠੇ ਪਹਿਰ ਹੋਏ ਅਧੀਨਾ, ਜੋਤ ਸਰੂਪੀ ਕਰ ਅਕਾਰੀ । ਦਿਵਸ ਰੈਣ ਰਹੇ ਭੀਨਾ, ਅੰਮ੍ਰਿਤ ਆਤਮ ਸੀਤਲ ਧਾਰੀ । ਆਪ ਆਪਣਾ ਵੱਖਰ ਕੀਨਾ, ਵਸਿਆ ਕਾਇਆ ਮਹੱਲ ਅਚੱਲ ਉਚ ਅਟਾਰੀ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਗੁਰ ਸੰਗਤ ਮੰਗੇ ਇਕ ਵਰ, ਕਰੇ ਕਰਾਏ ਜਗਤ ਭਗਤ ਭਗਤ ਜਗਤ ਸ਼ਬਦ ਸੱਚੀ ਵਣਜਾਰੀ । ਸ਼ਬਦ ਵਣਜਾਰਾ ਭਗਤ ਹੈ, ਆਤਮ ਧਨ ਪਾਏ । ਮਿਲੇ ਨਾਮ ਸੱਚੀ ਸ਼ਕਤ ਹੈ, ਦਿਵਸ ਰੈਣ ਇਕ ਜੈਕਾਰ ਕਰਾਏ । ਲੇਖੇ ਲਾਏ ਬੂੰਦ ਰਕਤ ਹੈ, ਪੁਰਖ ਭਤਾਰਾ ਸਾਚਾ ਪਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਸੁਨੇਹੜਾ ਦੇਵੇ ਵਰ, ਸਰਨ ਸਰਨਾਈ ਜੋ ਜਨ ਦਰ ਘਰ ਸਾਚੇ ਏਕਾ ਆਏ । ਹਰਿ ਸੰਤ ਦਵਾਰਾ ਧਨ ਹੈ, ਸਤਿ ਪੁਰਖ ਮਿਲਾਏ । ਜਿਸ ਜਨ ਆਤਮ ਜਾਏ ਮੰਨ ਹੈ, ਭਾਂਡਾ ਭਰਮ ਭਉ ਭੰਨਾਏ । ਆਪੇ ਰਾਗ ਸੁਣਾਏ ਕੰਨ ਹੈ, ਰਾਗ ਰਾਗਣੀ ਸਾਰ ਨਾ ਪਾਏ । ਦੇਵੇ ਸੱਚਾ ਮਾਲ ਧਨ ਹੈ, ਚੋਰ ਯਾਰ ਲੁੱਟ ਕੋਇ ਨਾ ਜਾਏ । ਜਿਸ ਮਨ ਚੜ੍ਹਿਆ ਆਤਮ ਸਾਚਾ ਚੰਨ ਹੈ, ਅੰਧ ਅੰਧੇਰ ਰਹਿਣ ਨਾ ਪਾਏ । ਸਤਿਗੁਰ ਪੂਰਾ ਬੇੜਾ ਰਿਹਾ ਬੰਨ੍ਹ ਹੈ, ਬੇੜਾ ਬੰਨਣਹਾਰ ਇਕ ਅਖਵਾਏ । ਜੋ ਘੜਿਆ ਸੋ ਦੇਵੇ ਭੰਨ ਹੈ, ਰੰਗ ਕੋਈ ਰਹਿਣ ਨਾ ਪਾਏ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਕਲਜੁਗ ਅੰਤਮ ਦੇਵੇ ਡੰਨ, ਮਿਲੇ ਵਰ ਘਰ ਸਾਚੇ ਕਰੇ ਸਚ ਨਿਆਏ । ਨਿਮਸਕਾਰ ਗੁਰਦੇਵ ਕੋ,

ਕਰਨ ਕਰਾਵਣਹਾਰ । ਸਾਚਾ ਸੇਵਨਹਾਰ ਸੇਵ ਕੋ, ਪਾਰਬ੍ਰਹਮ ਪੁਰਖ ਅਪਾਰ । ਸੁਰਤ ਗਾਏ ਜਿਹਵਾ ਜੇਹਵ ਕੋ, ਗੁਣਵੰਤਾ ਭਰੇ ਆਤਮ ਭੰਡਾਰ । ਆਪੇ ਜਾਣੇ ਭੇਵ ਅਭੇਦ ਕੋ, ਵੇਖੇ ਖੇਲ ਸ਼ਬਦ ਸੁਨਿਆਰ । ਮਾਤ ਪਿਤ ਸਭ ਦੇਵੀ ਦੇਵ ਕੋ, ਕਰੋੜ ਤੇਤੀਸਾ ਸਭ ਬਣੇ ਚਰਨ ਭਿਖਾਰ । ਨੇਤਨ ਨੇਤੀ ਸਾਚਾ ਨੇਵ ਕੋ, ਸ਼ਿਵ ਸ਼ੰਕਰ ਬੈਠਾ ਕਰੇ ਪੁਕਾਰ । ਬ੍ਰਹਮਾ ਵੇਖੇ ਏਕਾ ਏਕ ਕੋ, ਨੇਤਰ ਅੱਠੇ ਰਿਹਾ ਉਘਾੜ । ਜੋਤੀ ਜੋਤ ਸਰੂਪ ਹਰਿ, ਆਪ ਆਪਣੇ ਵਸੇ ਘਰ, ਦੂਸਰ ਕਿਸੇ ਨਾ ਦਿਸੇ ਦਰ, ਗੁਣਵੰਤਾ ਗੁਣ ਰਿਹਾ ਵਿਚਾਰ । ਨਿਮਸਕਾਰ ਗੁਰ ਚਰਨ ਦਰ, ਏਕਾ ਰੰਗ ਰੰਗਾਏ । ਅੰਮ੍ਰਿਤ ਆਤਮ ਨੁਹਾਏ ਸਾਚੇ ਸਰ, ਹੰਸ ਕਾਗ ਬਣਾਏ । ਕਲਜੁਗ ਜੀਵਾਂ ਦਰ ਚੁੱਕੇ ਡਰ, ਏਕਾ ਪੱਲਾ ਨਾਮ ਫੜਾਏ । ਸਾਚੀ ਤਰਨੀ ਗੁਰਮੁਖ ਵਿਰਲਾ ਲੋਕਮਾਤ ਕਲ ਜਾਏ ਤਰ, ਬੰਸ ਸਰਬੰਸ ਏਕਾ ਪਾਰ ਕਰਾਏ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਦਰ ਦਰਵੇਸ਼ ਨਰ ਨਰੇਸ਼, ਨਾ ਕੋਈ ਮੁੱਛ ਦਾਹੜੀ ਨਾ ਦਿਸੇ ਕੇਸ, ਗੁਰਮੁਖ ਸਾਚੇ ਵਿਚ ਸਮਾਏ । ਸਾਚੇ ਮੰਦਰ ਆਪ ਸਮਾਇਆ । ਆਪ ਆਪਣੀ ਕਲ ਧਾਰੀ, ਤਨ ਮਨ ਵੱਜਾ ਜੰਦਰ ਆਪ ਦਿਸ ਨਾ ਆਇਆ । ਪ੍ਰਭ ਚਰਨਾਂ ਥੱਲੇ ਰਿਹਾ ਲਿਤਾੜੀ, ਸ਼ਬਦ ਸਿੰਘਾਸਣ ਇਕ ਵਿਛਾਇਆ । ਨਾਮ ਆਧਾਰ ਪ੍ਰਭ ਆਪ ਅਖਵਾਇਆ । ਧਰਤ ਧਵਲ ਆਕਾਸ਼ ਪਰਕਾਸ਼ ਨੂਰੋ ਨੂਰ ਸਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲੋਕਮਾਤ ਵੇਖੇ ਘਰ, ਆਵਣ ਜਾਵਣ ਖੇਲ ਰਚਾਇਆ । ਆਵੇ ਜਾਵੇ ਲੋਕਮਾਤ, ਖੇਲੇ ਖੇਲ ਚੁਰਾਸੀਆ । ਭਗਤਾਂ ਦੇਵੇ ਸ਼ਬਦ ਦਾਤ, ਗੱਲ ਟੁੱਟੇ ਜਮ ਕੀ ਫਾਸੀਆ । ਚਰਨ ਪ੍ਰੀਤੀ ਬੰਨ੍ਹੇ ਸਾਚਾ ਨਾਤ, ਜੋ ਜਨ ਤਜਾਏ ਮਦਿਰਾ ਮਾਸੀਆ । ਲੇਖੇ ਲਾਏ ਪਵਣ ਸਵਾਸ, ਆਦਿ ਪੁਰਖ ਸਦਾ ਅਬਿਨਾਸੀਆ । ਗੁਰਮੁਖ ਸਾਚੇ ਬਲ ਬਲ ਜਾਸ, ਪ੍ਰਭ ਹੋਏ ਦਾਸਨ ਦਾਸਿਆ । ਚਰਨ ਕਵਲ ਕਵਲ ਚਰਨ ਦਏ ਨਿਵਾਸ, ਲੇਖੇ ਲਾਏ ਕਾਇਆ ਰਾਸਿਆ । ਆਪੇ ਵਸੇ ਆਸ ਪਾਸ, ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਕਰੇ ਖੇਲ ਜਗਤ ਮੇਲ ਭਗਤ ਸੁਹੇਲ ਰੰਗ ਨਵੇਲ ਇਕ ਵਖਾਸਿਆ । ਸੀਸ ਝੁਕਾਏ ਭਗਤ ਜਨ, ਗੁਰ ਪੂਰਾ ਲੇਖੇ ਲਾਏ । ਪੰਚ ਪੰਚਾਇਣੀ ਨਾ ਦੇਵੇ ਡੰਨ, ਭਾਂਡਾ ਭਰਮ ਭੰਨਾਏ । ਜੋਤ ਆਕਾਰਾ ਕਰੇ ਸਾਚੇ ਤਨ, ਪਿੰਡ ਦੇਸ ਤਜ ਜਾਏ । ਬ੍ਰਹਿਮੰਡ ਖੰਡ ਚੜ੍ਹੇ ਸਾਚਾ ਚੰਨ, ਜੇਰਜ ਅੰਡ ਰਹਿਣ ਨਾ ਪਾਏ । ਰਸਨਾ ਜਿਹਵਾ ਨਾ ਕੋਈ ਦਿਸੇ ਗਾਏ ਧੰਨ ਧੰਨ, ਸ਼ਬਦੀ ਸ਼ਬਦ ਜਣਾਏ । ਏਕਾ ਸਾਚਾ ਘਰ ਵਖਾਏ । ਨਾ ਕੋਈ ਛਪਰੀ ਨਾ ਕੋਈ ਛੰਨ, ਪੁਰਖ ਅਬਿਨਾਸ਼ੀ ਡੇਰਾ ਲਾਏ । ਗੁਰਸਿਖ ਗੁਰਸਿਖ ਹਰਿਜਨ ਜਨ ਭਗਤ ਆਤਮ ਆਤਮ ਆਤਮ ਜਾਏ ਮੰਨ, ਸੁਣੇ ਸੁਣਾਏ ਰਾਗ ਕੰਨ, ਜੋਤੀ ਜੋਤ ਅੰਤ ਮਿਲ ਜਾਏ । ਮਿਲੇ ਜੋਤ ਪੁਰਖ ਅਬਿਨਾਸ਼ਾ, ਸਾਚਾ ਧਾਮ ਸੁਹਾਇੰਦਾ । ਆਪ ਆਪਣੇ ਘਰ ਰੱਖੇ ਵਾਸਾ, ਆਪੇ ਪਰਗਟ ਹੋ ਹੋ ਆਇੰਦਾ । ਆਪੇ ਵਰਤੇ ਹੋ ਹੋ ਦਾਸਾ, ਦਾਸੀ ਦਾਸ ਆਪ ਅਖਵਾਇੰਦਾ । ਕਲਜੁਗ ਅੰਤਮ ਵੇਖੇ ਮਾਤ ਤਮਾਸ਼ਾ, ਕਾਲਾ ਸੂਸਾ ਦਰ ਦਰਵੇਸ਼ਾ ਆਪ ਰਖਾਇੰਦਾ । ਕਵਣ ਦਵਾਰੇ ਨਾਮ ਰਤੀ ਤੋਲਾ ਮਾਸਾ, ਦਸਮ ਦਵਾਰੀ ਕਵਣ ਖੁਲ੍ਹਾਇੰਦਾ । ਕਵਣ ਉਡੇ ਮਾਤ ਪਾਤਾਲ ਆਕਾਸਾ, ਪੁਰੀਆਂ ਲੋਆਂ ਪਾਰ ਕਰਾਇੰਦਾ । ਕਵਣ ਦਵਾਰੇ ਨੌਂ ਦਰ ਕਰੇ ਹਾਸਾ, ਮਨਮਤੀ ਮਾਤ ਚਲਾਇੰਦਾ । ਕਲਜੁਗ ਅੰਤਮ ਉਲਟੇ ਪਾਸਾ, ਸਤਿਜੁਗ ਸਾਚੀ ਬਾਜ਼ੀ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪੇ ਜਾਣੇ ਆਪਣੀ ਰਾਸਾ, ਆਦਿ ਅੰਤ ਜੁਗਾ ਜੁਗੰਤ ਬਣਤ ਬਣਾਇੰਦਾ । ਆਪੇ ਆਏ ਆਪੇ ਜਾਏ, ਬਣਤ ਬਣਾਏ ਅਵੱਲੀ । ਜੋਤ ਸਰੂਪੀ ਜਾਮਾ ਪਾਏ, ਸ਼ਬਦ ਡੰਕ ਇਕ

੫੯੮ ੦੫

ਵਜਾਏ, ਰਾਓ ਰੰਕ ਰਿਹਾ ਉਠਾਏ, ਹੋਕਾ ਦੇਵੇ ਗਲੀ ਗਲੀ । ਗੁਰਮੁਖਾਂ ਜੋਤੀ ਤਨਕ ਲਗਾਏ, ਆਤਮ ਸਹਿੰਸਾ ਸ਼ੰਕ ਮਿਟਾਏ, ਸ਼ਬਦ ਸਰੂਪੀ ਹਰਿ ਵਡ ਸ਼ਾਹੋ ਭੂਪੀ ਦਰਸ ਵਾਰ ਅਨਕ ਦਿਖਾਏ, ਜੋਤ ਜਗਾਏ ਅੰਧ ਕੂਪੀ । ਮਨੂਆਂ ਮਨ ਮਨਕ ਭਵਾਏ, ਮਿਲੇ ਵਡਿਆਈ ਜਿਉਂ ਰਾਜੇ ਜਨਕ ਗਿਆਨ ਗਿਆਨ ਗਿਆਨ ਧਿਆਨ ਛਿੰਨ ਭੰਗਰ ਆਪ ਦਵਾਏ, ਦਰਸ ਦਿਖਾਏ ਸਤਿ ਸਰੂਪੀ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਨਾ ਕੋਈ ਰੰਗ ਨਾ ਕੋਈ ਰੂਪੀ ।

★ ੧੦ ਚੇਤ ੨੦੧੩ ਬਿਕ੍ਰਮੀ ਸੰਤ ਹਰਨਾਮ ਸਿੰਘ ਨਾਮ ਧਾਰੀਏ ਦੇ ਪਾਸ ਜਾ ਕੇ ਸ਼ਬਦ ਉਚਾਰਿਆ
ਪ੍ਰੰਤੂ ਉਹ ਅੰਦਰੋਂ ਕੁੰਡਾ ਮਾਰ ਕੇ ਬਹਿ ਗਿਆ ਪਿੰਡ ਨੁਸ਼ਹਿਰਾ ਮਜਾ ਸਿੰਘ ★

ਹਰਿ ਸੰਤ ਪੁਰਖ ਅਗੰਮ ਹੈ, ਸਤਿਗੁਰ ਉਪਾਏ । ਦੇਵੇ ਸ਼ਬਦ ਸੱਚਾ ਮਾਲ ਧਨ ਹੈ, ਦਿਵਸ ਰੈਣ ਹੋਏ ਸਹਾਏ । ਏਕਾ ਰਾਗ ਸੁਣਾਏ ਆਤਮ ਅੰਦਰ ਸਾਚੇ ਕੰਨ ਹੈ, ਗਿਆਨ ਬੋਧ ਅਗਾਧ ਸੁਣਾਏ । ਜੀਵਾਂ ਜੰਤਾਂ ਬੇੜਾ ਰਿਹਾ ਬੰਨ੍ਹ ਹੈ, ਸਾਚੀ ਵੰਡਣ ਮਾਤ ਵੰਡਾਏ । ਭਾਂਡਾ ਭਰਮ ਭਉ ਦੇਵੇ ਮਾਤ ਭੰਨ ਹੈ, ਜੋ ਜਨ ਸਰਨਾਈ ਆਏ । ਇਕ ਵਖਾਏ ਸਾਚਾ ਘਰ ਨਾ ਕੋਈ ਛੱਪਰੀ ਨਾ ਛੰਨ ਹੈ, ਜੋਤ ਸਰੂਪੀ ਡਗਮਗਾਏ । ਹਰਿਆ ਕਰੇ ਕਾਇਆ ਮਾਟੀ ਕਾਲਾ ਚੰਮ ਹੈ, ਦੀਪਕ ਜੋਤੀ ਇਕ ਜਗਾਏ । ਸ਼ਬਦ ਸਹਾਰਾ ਦੇਵੇ ਨੌਂ ਖੰਡ ਪ੍ਰਿਥਮੀ ਸਾਚਾ ਥੰਮ੍ਹ ਹੈ, ਨਾ ਸਕੇ ਕੋਇ ਹਿਲਾਏ । ਸਤਿਗੁਰ ਪੂਰਾ ਕਦੇ ਨਾ ਸੋਏ ਦੇ ਕਰ ਕੰਡ ਹੈ, ਦਰ ਦਵਾਰੇ ਮੰਗਣ ਮੰਗ ਜਨ ਭਿਖਾਰੀ ਆਏ । ਗੁਰ ਗੋਬਿੰਦੇ ਵਾਲੀ ਹਿੰਦੇ ਜਿਸ ਹੱਥ ਫੜੀ ਚੰਡ ਪਰਚੰਡ ਹੈ, ਲੋਆਂ ਪੁਰੀਆਂ ਏਕਾ ਰਾਹ ਵਖਾਏ । ਸੰਤ ਸੁਹੇਲਾ ਸਦਾ ਸੁਹਾਗੀ ਨਾਰ ਨਾ ਹੋਏ ਰੰਡ ਹੈ, ਕੰਤ ਸੁਹਾਗੀ ਆਤਮ ਸੇਜਾ ਇਕ ਹੰਢਾਏ । ਖੋਜ ਖੁਜਾਏ ਵਿਚ ਬ੍ਰਹਿਮੰਡ ਹੈ, ਜੇਰਜ ਅੰਡ ਉਤਭੁਜ ਸੇਤਜ ਭੇਵ ਅਭੇਦਾ ਆਪ ਅਖਵਾਏ । ਨਾਮ ਖਜ਼ਾਨਾ ਧੁਰ ਦਰਗਾਹੀ ਗੰਢ ਹੈ, ਨਿਖੁੱਟ ਕਦੇ ਨਾ ਜਾਏ । ਸਾਚੇ ਸੰਤਾਂ ਗਊ ਗਰੀਬਾਂ ਸਿਰ ਉਠਾਈ ਵਡੀ ਪੰਡ ਹੈ, ਅੰਤਮ ਬੇੜਾ ਬੰਨ੍ਹੇ ਲਾਏ । ਮੇਟ ਮਿਟਾਏ ਸੰਤ ਸੁਹੇਲੇ ਜਗਤ ਝੂਠ ਪਖੰਡ ਹੈ, ਏਕਾ ਏਕ ਅਕਾਲ ਦਿਆਲ ਪ੍ਰਿਤਪਾਲ ਸਾਚਾ ਮੇਲ ਮਿਲਾਏ । ਜੋਤੀ ਜੋਤ ਸਰੂਪ ਹਰਿ, ਸਾਚੇ ਸੰਤਾਂ ਧੁਰ ਦਰਗਾਹੀ ਇਕ ਦਿਸਾਏ ਆਤਮ ਘਰ, ਦੂਸਰ ਦਰ ਕੋਇ ਦਿਸ ਨਾ ਆਏ । ਸੰਤ ਸੁਹੇਲਾ ਸਤਿ ਹੈ, ਪੁਰਖ ਅਬਿਨਾਸ਼ੀ ਪਾਇਆ । ਏਕਾ ਦੇ ਸਮਝਾਏ ਮਤ ਹੈ, ਸਾਚਾ ਰਾਗ ਕੰਤ ਸੁਹਾਗ ਜਗਤ ਵੈਰਾਗ ਝੋਲੀ ਪਾਇਆ । ਜਗਤ ਬੁਝਾਏ ਤ੍ਰਿਸ਼ਨਾ ਆਗ ਹੈ, ਹੰਸਾ ਹੰਸ ਬਣਾਇਆ । ਫੜ ਫੜ ਕਾਗ ਦੁਰਮਤ ਮੈਲ ਧੋਇਆ ਦਾਗ ਹੈ, ਦੀਪਕ ਜੋਤੀ ਇਕ ਚਿਰਾਗ ਜਗਾਇਆ । ਆਪ ਆਪਣੇ ਹੱਥ ਰਖੇ ਵਾਗ, ਹੈ, ਜੋਤੀ ਜੋਤ ਸਰੂਪ ਹਰਿ, ਆਪਣੀ ਕਿਰਪਾ ਦੇਵੇ ਕਰ, ਸੰਤ ਸੁਹੇਲੇ ਵਸੇ ਦਰ, ਮਾਇਆ ਡੱਸੇ ਨਾ ਡੱਸਣੀ ਨਾਗ ਹੈ, ਏਕਾ ਬ੍ਰਹਮ ਗਿਆਨ ਜਣਾਇਆ । ਬ੍ਰਹਮ ਗਿਆਨ ਜਣਾਈ, ਧੁਨ ਆਤਮ ਅੰਤਰ ਸਾਚੇ ਘਰ ਵੱਜੀ ਵਧਾਈ । ਪੰਜਾਂ ਚੋਰਾਂ ਬੁਝੀ ਬਸੰਤਰ, ਗੁਰ ਪੂਰੇ ਕਰੀ ਸ਼ਬਦ ਕੁੜਮਾਈ । ਲੇਖੇ ਲਾਇਆ ਅੰਤਮ ਅੰਤਰ ਏਕਾ ਰੰਗ ਮਹੱਲ ਅਟੱਲ ਸ਼ਬਦ ਸਿੰਘਾਸਣ ਸੇਜ ਵਿਛਾਈ । ਆਪਣੀ ਹੱਥੀਂ ਆਪੇ ਡਾਹਿਆ ,ਗੁਰਮੁਖ ਸਾਚੇ ਲਿਆ ਬਿਠਾਈ । ਫੂਲਨ ਬਰਖਾ ਏਕਾ ਲਾਈ,

ਜੋਤੀ ਜੋਤ ਸਰੂਪ ਹਰਿ, ਏਕਾ ਵਸੇ ਸਚ ਘਰ, ਸੰਤ ਸੁਹੇਲਾ ਇਕ ਇਕੇਲਾ ਚੌਥੇ ਪਦ ਘਰ ਸਾਚੇ ਸਦ ਨਾਮ ਵਜਾਏ ਸਾਚਾ ਨਦ, ਨਾਦ ਅਨਾਦੀ ਸ਼ਬਦ ਬ੍ਰਹਿਮਾਦੀ ਬੋਧ ਅਗਾਧੀ ਆਦਿ ਜੁਗਾਦੀ ਜੁਗਾ ਜੁਗੰਤ ਸਾਚੇ ਕੰਤ ਨਾ ਮਾਤ ਵਿਛੋੜਾ ਹੋਈ । ਸੰਤਨ ਮੇਲਾ ਧੁਰ ਦਰਗਾਹ, ਭੁੱਲੀ ਸਰਬ ਲੋਕਾਈਆ । ਸ਼ਬਦ ਵਿਚੋਲਾ ਜਗਤ ਮਲਾਹ, ਏਕਾ ਰਾਹ ਵਖਾਈਆ । ਨੌਂ ਦਵਾਰੇ ਜੀਵ ਜੰਤ ਗੋਲਾ, ਗੁਰਮੁਖ ਸਾਚਾ ਸੁਣੇ ਸਾਚਾ ਢੋਲਾ, ਪੁਰਖ ਅਬਿਨਾਸ਼ੀ ਰਿਹਾ ਸੁਣਾਈਆ । ਭਾਗ ਲੱਗੇ ਕਿਸੇ ਕਾਇਆ ਚੋਲਾ, ਗੁਰ ਸ਼ਬਦ ਕਾਇਆ ਜਿਸ ਮੇਂ ਮਵਲਾ, ਉਲਟੀ ਹੋਏ ਨਾਭ ਕਵਲਾ, ਅੰਮ੍ਰਿਤ ਝਿਰਨਾ ਰਿਹਾ ਝਿਰਾਈਆ । ਮਿਲੇ ਮੇਲ ਹਰਿ ਸਾਵਲ ਸਵਲਾ, ਜਗਤ ਵਡਿਆਈ ਉਪਰ ਧਵਲਾ, ਕਮਲਾ ਰਮਲਾ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਸਚ ਵਸਿਆ ਆਤਮ ਘਰ, ਜਗਤ ਭੁਲੇਖਾ ਮੁੱਕਿਆ ਡਰ, ਏਕਾ ਰੰਗਣ ਰੰਗ ਰੰਗਾਈਆ । ਸੰਤਾਂ ਰੰਗੀ ਕਾਇਆ ਚੋਲੀ, ਚੋਜੀ ਕਰਮ ਕਮਾਇਆ । ਜਗਤ ਵਿਆਹੀ ਝੂਠੀ ਬੋਲੀ, ਆਤਮ ਖੋਜੀ ਖੋਜ ਖੁਜਾਇਆ । ਪੂਰਾ ਤੋਲ ਮਾਤ ਰਹੇ ਤੋਲੀ, ਜੀਵਾਂ ਜੰਤਾਂ ਬੋਝ ਉਠਾਇਆ । ਸਾਚੇ ਸੰਤ ਹਉਂ ਘੋਲ ਘੋਲੀ, ਆਤਮ ਗੂਝ ਜਿਸ ਭੇਵ ਖੁਲ੍ਹਾਇਆ । ਪੁਰਖ ਅਬਿਨਾਸ਼ੀ ਆਪੇ ਬੈਠਾ ਬਣ ਕਹਾਰਾ ਸਾਚੀ ਡੋਲੀ, ਦਰ ਘਰ ਸਾਚੇ ਜੀਓ ਪਿੰਡ ਕਾਚੇ ਜਿਸ ਸਾਚਾ ਨੇਂਹ ਲਗਾਇਆ । ਏਕਾ ਪੁਰਖ ਅਗੰਮ ਅਗੰਮਾ ਜੋਤ ਸਰੂਪੀ ਸਾਚੋ ਸਾਚੇ ਹਰਿ ਦਰ ਵਾਚੇ, ਡੂੰਘੀ ਕੰਦਰ ਕਾਇਆ ਮੰਦਰ ਲਾਇਆ ਜਿੰਦਾ ਆਪ ਆਪਣਾ ਭੇਵ ਛੁਪਾਇਆ । ਧੰਨ ਨਗਰ ਧੰਨ ਗਰਾਮ ਧੰਨ ਖੇੜਾ, ਘਰ ਵੱਜੀ ਵਧਾਇਆ । ਪੰਜਾਂ ਚੁੱਕੇ ਜਗਤ ਝੇੜਾ, ਖੁਲ੍ਹਾ ਵਿਹੜਾ ਇਕ ਵਖਾਇਆ । ਮਾਇਆ ਮਮਤਾ ਮਿਟੇ ਗੇੜਾ, ਗੁਰ ਪੂਰਾ ਕਰੇ ਅੰਤ ਨਿਬੇੜਾ, ਬੇੜਾ ਆਪਣਾ ਰਿਹਾ ਬੰਨ੍ਹਾਇਆ । ਜੋਤੀ ਜੋਤ ਸਰੂਪ ਹਰਿ, ਜਨ ਭਗਤਾਂ ਆਤਮ ਵਸਿਆ ਘਰ, ਦਰ ਦਰਵਾਜ਼ਾ ਗਰੀਬ ਨਿਵਾਜਾ, ਰਖੇ ਲਾਜਾ ਦੇਸ ਮਾਝਾ ਸਵਾਰੇ ਕਾਜਾ, ਸ਼ਬਦ ਨਿਰਮਲ ਇਕ ਆਵਾਜ਼ ਰਿਹਾ ਲਗਾਇਆ । ਸ਼ਬਦ ਅਵਾਜ਼ ਭਗਤਨ ਘਨਘੋਰ, ਸਾਚਾ ਕਾਜ ਸਾਜਨ ਸਾਜ । ਨਾਮ ਪਾਏ ਸਾਚੀ ਡੋਰ, ਸੰਤ ਸੁਹੇਲਾ ਰੱਖੇ ਲਾਜ । ਦਰਸ ਦਿਖਾਏ ਉਠ ਉਠ ਆਜ । ਭਰਮ ਚੁਕਾਏ ਮੋਰ ਤੋਰ, ਗੁਰ ਸੰਗਤ ਚਾੜ੍ਹੇ ਨਾਮ ਰੰਗਤ, ਦਰ ਦਵਾਰੇ ਆਈ ਮੰਗਤ, ਮਾਨਸ ਜਨਮ ਨਾ ਹੋਏ ਭੰਗਤ, ਜੂਠਾ ਝੂਠਾ ਉਤਰੇ ਪਾਜ । ਜੋਤੀ ਜੋਤ ਸਰੂਪ ਹਰਿ, ਸੰਤਨ ਹਿਰਦੇ ਵਸਿਆ ਸਾਚੇ ਘਰ, ਗਰੀਬ ਨਿਮਾਣਿਆ ਜਗਤ ਨਿਤਾਣਿਆ ਸਦਾ ਸਦ ਰੱਖੇ ਲਾਜ । ਹਰਿ ਭਿਖਾਰੀ ਵਿਚ ਭੇਖ ਹੈ, ਭੇਖ ਅਵੱਲਾ ਧਾਰ । ਸ਼ਬਦ ਖੁਮਾਰੀ ਸਾਚਾ ਲੇਖ ਹੈ, ਲੇਖਾ ਲਿਖੇ ਲਿਖਣਹਾਰ । ਨਾ ਕੋਈ ਜਾਣੇ ਔਲੀਆ ਪੀਰ ਮੁਸਾਇਕ ਸ਼ੇਖ਼ ਹੈ, ਕਲਜੁਗ ਅੰਤਮ ਵਹਿੰਦੀ ਧਾਰ । ਪਰਗਟ ਹੋਏ ਗੁਰ ਦਸਮੇਸ਼ ਹੈ, ਕਲਗੀ ਤੋੜਾ ਨਾਮ ਜੋੜਾ ਸੀਸ ਅਪਾਰ । ਸ਼ਬਦ ਘੋੜਾ ਰੱਖੇ ਹੇਠ ਹੈ, ਲੋਆਂ ਪੁਰੀਆਂ ਰਿਹਾ ਦੌੜਾ, ਵੇਖ ਵਖਾਣੇ ਬ੍ਰਹਿਮਣ ਗੌੜਾ, ਲੱਖ ਚੁਰਾਸੀ ਮਿੱਠਾ ਕੌੜਾ ਸ਼ਬਦ ਖੰਡਾ ਦੋ ਧਾਰ । ਵੇਖੇ ਖੇਲ ਵਿਚ ਬ੍ਰਹਿਮੰਡਾਂ, ਮਨਮੁਖ ਜੀਵਾਂ ਵੱਢੇ ਕੰਡਾਂ, ਕੋਈ ਨਾ ਬਚਿਆ ਰਹੇ ਜੇਰਜ ਅੰਡਾਂ, ਗੁਰਮੁਖ ਸਾਚੇ ਸੰਤ ਜਨਾਂ ਆਪਣੀ ਗੋਦ ਲਏ ਉਠਾਲ । ਜੋਤੀ ਜੋਤ ਸਰੂਪ ਹਰਿ, ਸੰਤਨ ਵਸਿਆ ਸਾਚੇ ਘਰ, ਦਿਵਸ ਰੈਣ ਨੇਤਰ ਲੋਚਨ ਵੇਖੇ ਸਦਾ ਹਮੇਸ਼ ਹੈ ।

## ★ ੧੦ ਚੇਤ ੨੦੧੩ ਬਿਕ੍ਰਮੀ ਅਜੀਤ ਸਿੰਘ ਦੇ ਗ੍ਰਿਹਿ ਬਟਾਲਾ ਜ਼ਿਲਾ ਗੁਰਦਾਸਪੁਰ ★

ਹਰਿ ਪਖੰਡੀ ਧਾਰੇ ਭੇਖ, ਆਪਣਾ ਵੇਸ ਵਟਾਈਆ । ਨੌਂ ਖੰਡੀ ਵੇਖੇ ਨਾਮ ਰੇਖ, ਕਿਸ ਮਸਤਕ ਲੇਖ ਲਿਖਾਈਆ ਹਰਿ ਚੰਡੀ ਵੇਖੇ ਸ਼ਬਦ ਬਿਬੇਕ, ਕਵਣ ਹੱਥੀਂ ਰਿਹਾ ਉਠਾਈਆ । ਬ੍ਰਹਿਮੰਡੀ ਵੇਖੇ ਏਕਾ ਏਕ, ਸਚ ਮਹੱਲਾ ਕਵਣ ਵਸਾਈਆ । ਜੇਰਜ ਅੰਡੀ ਵੇਖੇ ਮਾਇਆ ਸੇਕ, ਕਾਇਆ ਮਾਟੀ ਰਹੀ ਜਲਾਈਆ । ਲੋਇਣ ਨੇਤਰ ਲੋਚਨ ਆਪੇ ਰਿਹਾ ਵੇਖ, ਕਵਣ ਬੈਠਾ ਮਾਤ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਤੇਰਾਂ ਸਦ ਬਿਕ੍ਰਮੀ ਬੀਸ, ਕਰੇ ਖੇਲ ਆਪ ਰਘੁਰਾਈਆ । ਕਰੇ ਖੇਲ ਅਪਾਰ, ਖੇਲਨ ਹਾਰਿਆ । ਜੋਤੀ ਨੂਰ ਕਰ ਅਕਾਰ, ਵੇਖ ਵਖਾਏ ਦਸਮ ਦਵਾਰਿਆ । ਸਾਧਾਂ ਸੰਤਾਂ ਪਾਵੇ ਸਾਰ, ਕਵਣ ਖੋਲ੍ਹੇ ਬੰਦ ਕਵਾੜਿਆ । ਕਵਣ ਸੁੱਤਾ ਪੈਰ ਪਸਾਰ, ਨੌਂ ਦਵਾਰ ਪੰਚਮ ਲੱਗੀ ਝੂਠੀ ਧਾੜਿਆ । ਸ਼ਬਦ ਫੜ ਤੇਜ ਕਟਾਰ, ਸਾਚੇ ਘੋੜੇ ਚੜ੍ਹਿਆ ਸਾਚਾ ਲਾੜਿਆ । ਨਾਰੀ ਵੇਖੇ ਕਵਣ ਮੁਟਿਆਰ, ਸੁਰਤ ਸਵਾਣੀ ਸੰਤ ਜਰਵਾਨੀ ਕਵਣ ਦਵਾਰੇ ਬਹਿ ਬਹਿ ਪਾਲਿਆ । ਨਾਮ ਪਾਏ ਸਾਚਾ ਹਵਨ, ਨਾ ਕੋਈ ਜਾਣੇ ਅਵਣ ਗਵਣ, ਰਾਗ ਰਾਗਨੀ ਗਾਏ ਪਵਨ, ਸਾਚਾ ਰਾਗ ਇਕ ਸੁਣਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਬੰਕ ਦਵਾਰਾ ਗੜ੍ਹ ਹੰਕਾਰਾ ਚੜ੍ਹ ਨਿਰੰਕਾਰਾ ਆਪੇ ਆਪ ਵੇਖ ਵਖਾ ਰਿਹਾ । ਸ਼ਬਦ ਖੰਡਾ ਹਰਿ ਜੀ ਫੜਿਆ । ਚਿੱਟੇ ਅਸਵ ਹਰਿ ਅਸਵਾਰਾ, ਆਪੇ ਵੇਖੇ ਕਲਜੁਗ ਤੇਰਾ ਘਾੜਨ ਘੜਿਆ । ਜੀਵ ਜੰਤ ਨਾ ਪਾਇਣ ਸਾਰਾ, ਵੇਦ ਪੁਰਾਨਾਂ ਅੰਜ਼ੀਲ ਕੁਰਾਨਾਂ ਖਾਣੀ ਬਾਣੀ ਜੋ ਜਨ ਪੜ੍ਹਿਆ । ਪੰਜਾਂ ਤੱਤਾਂ ਨਾਲ ਲੜਿਆ । ਸ਼ਬਦ ਸੁਹਾਗੀ ਏਕਾ ਫੜਿਆ । ਕਵਣ ਦਵਾਰੇ ਘਾੜਨ ਘੜਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵੇਖੇ ਖੇਲੇ ਘਰ ਘਰ, ਕਾਇਆ ਮਾਟੀ ਬਹੱਤਰ ਨੜਿਆ । ਸ਼ਬਦ ਘੋੜੇ ਹਰਿ ਅਸਵਾਰਾ, ਪਹਿਲਾ ਪੌੜ ਉਠਾਈਆ । ਰਾਜ ਰਾਜਾਨਾਂ ਕਰੇ ਖ਼ਬਰਦਾਰਾ, ਸਾਧਾਂ ਸੰਤਾਂ ਸੁਰਤ ਭੁਵਾਈਆ । ਅਗੰਮ ਅਗੰਮਾ ਇਕ ਰਖਾਏ ਹੱਡ ਮਾਸ ਨਾੜੀ ਨਾ ਕੋਈ ਦਿਸੇ ਚੰਮਾ, ਆਪਣੀ ਬਣਤ ਆਪੇ ਆਪ ਬਣਾਈਆ । ਜੋਤੀ ਨਾਰ ਸ਼ਬਦ ਸਪੂਤ ਏਕਾ ਜੰਮਾ, ਸਾਚੀ ਗੋਦੀ ਆਪ ਉਠਾਈਆ । ਜੁਗਾ ਜੁਗੰਤ ਆਪ ਸਵਾਰੇ ਆਪਣਾ ਕੰਮਾ, ਲੱਖ ਚੁਰਾਸੀ ਲਹਿਣ ਦੇਣ ਚੁਕਾਈਆ । ਮਾਤ ਪਤਾਲ ਅਕਾਸ਼ ਬਿਨ ਰਖਾਏ ਥੰਮ੍ਹਾਂ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵੇਖ ਵਖਾਣੇ ਸਰਬ ਲੋਕਾਈਆ । ਸ਼ਬਦ ਘੋੜੇ ਤੰਗ ਕਸਾਇਆ । ਪਾਇਆ ਨਾਮ ਪਲਾਣਾ, ਸੋਲਾਂ ਕਲੀਆਂ ਲੜ ਗੁੰਦਾਇਆ । ਪਕੜ ਉਠਾਏ ਰਾਜਾ ਰਾਣਾ, ਸਾਧਾਂ ਸੰਤਾਂ ਮੁਖ ਭੁਵਾਇਆ । ਮਾਰੇ ਸ਼ਬਦ ਤੀਰ ਨਿਸ਼ਾਨਾ, ਬੱਤੀ ਦੰਦੀ ਆਤਮ ਗੰਦੀ ਦਿਵਸ ਰੈਣ ਲਗਾਇਆ । ਨਾਰ ਦੁਹਾਗਣ ਮੰਦ ਮੰਦਭਾਗਣ ਮਾਇਆ ਰਾਣੀ ਆਤਮ ਹੋਈ ਅੰਧੀ, ਰਸਨ ਵਿਵਾਦ ਜਗਤ ਵਧਾਇਆ । ਅੰਤਮ ਕਲਜੁਗ ਪੁਰਖ ਅਬਿਨਾਸ਼ੀ ਫੜ ਫੜ ਢਾਹੇ ਦੂਈ ਦਵੈਤੀ ਕੰਧੀ, ਸ਼ਬਦ ਡੰਡਾ ਹੱਥ ਉਠਾਇਆ । ਜਨ ਭਗਤਾਂ ਤੋੜੇ ਆਤਮ ਜੰਦੀ, ਇਕ ਸੁਣਾਏ ਸੁਹਾਗੀ ਛੰਦੀ, ਲੱਖ ਚੁਰਾਸੀ ਤੋੜੇ ਫੰਦੀ, ਜਗਤ ਜੰਜ਼ਾਲ ਦਏ ਕਟਾਇਆ । ਕਲਜੁਗ ਧਾਰ ਏਕਾ ਵਹਿੰਦੀ, ਸਾਧ ਸੰਤ ਨਾ ਪਾਇਣ ਸਾਰ । ਜਗਤ ਗੱਦੀ ਮਾਇਆ ਵੱਧੀ ਇਕ ਦੂਜੇ ਨਾਲ ਖਹਿੰਦੀ, ਬੀਤਦੀ ਜਾਏ ਬੀਸਵੀਂ ਸਦੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਇਕ ਵਹਾਏ ਡੂੰਘੀ ਘਰ ਵਿਚ ਸੰਸਾਰ । ਜੂਠੀ ਝੂਠੀ ਕਲਜੁਗ ਤੇਰੀ ਨਦੀ, ਕਲਜੁਗ ਵਹਿਣ ਆਪ ਵਹਾਏ ।



੬੦੯ ੦੫

ਮਾਇਆ ਰਾਣੀ ਝੂਠੀ ਡੈਣ, ਜੀਵ ਜੰਤ ਸਾਧ ਸੰਤ ਅੰਤ ਖਾਏ । ਨਾਤਾ ਤੁਟੇ ਭਾਈ ਭੈਣ, ਸਾਕ ਸੱਜਣ ਨਾ ਕੋਈ ਚੁਕਾਏ ਲਹਿਣ ਦੇਣ, ਵੇਲੇ ਅੰਤਮ ਨਾ ਹੋਏ ਸਹਾਏ । ਗੁਰਮੁਖ ਵਿਰਲੇ ਪ੍ਰਭ ਤਨ ਪਹਿਨਾਏ ਸ਼ਬਦ ਗਹਿਣ, ਦਰਸ ਦਿਖਾਏ ਤੀਜੇ ਨੈਣ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਿਸ ਜਨ ਕਿਰਪਾ ਦੇਵੇ ਕਰ, ਏਕਾ ਰੰਗਣ ਰੰਗ ਰੰਗਾਏ । ਹਰਿ ਸੁਣੇ ਅਰਦਾਸ, ਪ੍ਰਭ ਠਾਕਰ ਸਾਚਾ ਮੀਤਾ । ਦਿਵਸ ਰੈਣ ਵਸੇ ਪਾਸ, ਆਪਣਾ ਆਪ ਲਗਾਇਆ ਗੁਰਮੁਖ ਅੰਦਰ ਚੀਤਾ । ਸਾਚੇ ਮੰਡਲ ਕਾਇਆ ਪਾਏ ਰਾਸ, ਆਪ ਕਰਾਏ ਪਤਤ ਪੁਨੀਤਾ । ਲੇਖਾ ਚੁਕੇ ਦਸ ਦਸ ਮਾਸ, ਅੰਮ੍ਰਿਤ ਆਤਮ ਜਾਮ ਹਰਿ ਜਨ ਸਾਚੇ ਪੀਤਾ । ਸ਼ਬਦ ਉਡਾਏ ਬਿਬਾਣ ਵਿਚ ਆਕਾਸ਼, ਦੋ ਜਹਾਨੀ ਪਰਖਣਹਾਰਾ ਨੀਤਾ । ਲੇਖੇ ਲਾਏ ਸਵਾਸ ਸਵਾਸ, ਰਸਨਾ ਹਰਿ ਹਰਿ ਹਰਿ ਗੁਣ ਗਾਇਆ, ਏਕਾ ਅੱਖਰ ਮਾਣ ਦਵਾਇਆ ਅਠਾਰਾਂ ਧਿਆਏ ਗੀਤਾ, ਸੰਤ ਜਨਾਂ ਹਰਿ ਦਾਸੀ ਦਾਸ, ਕਾਇਆ ਕਰੇ ਸੀਤਲ ਸੀਤਾ । ਸ਼ਬਦ ਮੇਲਾ ਸ਼ਬਦ ਗੁਰ ਸਰਬ ਗੁਣਤਾਸ, ਕਲਜੁਗ ਅੰਤਮ ਅੰਤ ਅੰਤ ਮਿਲਣ ਦਾ ਵੇਲਾ । ਲਗੇ ਭਾਗ ਵਿਚ ਪਰਭਾਸ, ਨਿਜ ਘਰ ਆਤਮ ਵੇਖੇ ਵਾਸ, ਏਕਾ ਧਾਮ ਸੁਹਾਏ ਗੁਰ ਗੁਰ ਚੇਲਾ । ਸਤਿਗੁਰ ਪੂਰੇ ਸਦ ਬਲ ਬਲ ਜਾਸ, ਦਰ ਘਰ ਸਾਚੇ ਦੇਵੇ ਇਕ ਨਿਵਾਸ, ਧਰਮ ਰਾਏ ਦੀ ਕਟੇ ਜੇਲ੍ਹਾ । ਜੁਗਾ ਜੁਗੰਤਰ ਸੰਤ ਭਗਵੰਤ ਨਾ ਹੋਏ ਉਦਾਸ, ਮੇਲ ਮਿਲਾਏ ਪ੍ਰਭ ਇਕ ਇਕੇਲਾ । ਸ੍ਰਿਸ਼ਟ ਸਬਾਈ ਜਾਏ ਵਿਨਾਸ, ਗੁਰਮੁਖ ਸਾਚੇ ਸੰਤ ਮਾਤ ਪਰਕਾਸ਼, ਸ਼ਬਦ ਚੜ੍ਹਿਆ ਸਾਚਾ ਤੇਲਾ । ਏਕਾ ਏਕ ਮਿਲਿਆ ਪੁਰਖ ਅਬਿਨਾਸ਼, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੋ ਜਨ ਹੋਏ ਦਾਸਨ ਦਾਸ । ਠਾਕਰ ਹਰਿ ਰਤਨਾਗਰੋ, ਦੇਵੇ ਨਾਮ ਸੁਗੰਧੀ ਨਿਰਮਲ ਕਰਮ ਕਰੇ ਉਜਾਗਰੋ, ਕਟੇ ਆਤਮ ਫੰਦੀ । ਵਣਜ ਕਰਾਏ ਸ਼ਬਦ ਸਤਿ ਸੁਦਾਗਰੋ, ਦੂਈ ਦਵੈਤੀ ਕੱਢੇ ਵਾਸਨਾ ਗੰਦੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਵਖਾਏ ਸਾਚਾ ਘਰ, ਜੋ ਜਨ ਗਾਏ ਹਰਿ ਰਸਨਾ ਬਤੀ ਦੰਦੀ, ਬਤੀ ਦੰਦ ਗੁਣ ਗਾਇਆ ਗਹਿਰ ਗੰਭੀਰ, ਗੁਰਮੁਖ ਮਿਲੀ ਵਡਿਆਈਆ । ਸਾਂਤਕ ਸਾਂਤਕ ਸਾਂਤਕ ਸਤਿ ਸਰੀਰ, ਅੰਮ੍ਰਿਤ ਆਤਮ ਮਿਲੇ ਸਾਚਾ ਸੀਰ, ਆਪਣੀ ਹੱਥੀਂ ਹਰਿ ਸਮਰਥੀ ਮੁਖ ਚੁਆਈਆ । ਨਾ ਕੋਈ ਵੇਖੇ ਹਸਤ ਕੀੜ, ਜਨ ਭਗਤਾਂ ਬੰਨ੍ਹੇ ਮਾਤ ਬੀੜ, ਪੰਚ ਵਿਕਾਰਾਂ ਦੇਵੇ ਪੀੜ, ਵੇਲੇ ਅੰਤਮ ਕਟੇ ਭੀੜ, ਆਪ ਆਪਣਾ ਦਰਸ ਦਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖਾਂ ਦੇਵੇ ਸ਼ਬਦ ਵਰ, ਆਪ ਆਪਣੇ ਰੰਗ ਸਮਾਈਆ । ਅੰਕ ਸਮਾਇਆ ਸਾਧ ਸੰਗ, ਸੰਗੀ ਸਾਥੀ । ਆਪ ਨਾਮ ਚੜ੍ਹਾਇਆ ਏਕਾ ਰੰਗ, ਸ੍ਰਿਸ਼ਟ ਸਬਾਈ ਮਾਈ ਬਾਪ । ਹਰਿ ਜਨ ਮੰਗੇ ਸਾਚੀ ਮੰਗ, ਮੇਟ ਮਿਟਾਏ ਕੋਟਨ ਕੋਟ ਪਾਪ ਸੰਤਾਪ । ਅੰਮ੍ਰਿਤ ਆਤਮ ਨੁਹਾਏ ਸਾਚੇ ਗੰਗ, ਇਕ ਜਪਾਏ ਅਜਪਾ ਜਾਪ । ਦਿਵਸ ਰੈਣ ਵਜੇ ਮਰਦੰਗ, ਨੌਂ ਦਵਾਰੇ ਵੇਖੇ ਲੰਘ, ਗੁਰ ਪੂਰਾ ਆਪੇ ਹੋਏ ਸੰਗ, ਆਪ ਵਖਾਏ ਆਪਣਾ ਵਡ ਪਰਤਾਪ । ਚਲੇ ਚਾਲ ਇਕ ਬੇਹੰਗ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨ ਭਗਤਾਂ ਦੇਵੇ ਸ਼ਬਦ ਵਰ, ਦਰ ਦਵਾਰਾ ਇਕ ਵਖਾਈਆ । ਸੰਤ ਪੁਕਾਰ ਸੁਣ ਦਾਤਾਰ, ਲੋਕਮਾਤ ਕਰੇ ਧਾਈਆ । ਲੋਆਂ ਪੁਰੀਆਂ ਆਏ ਪਾਰ, ਨੌਂ ਦਵਾਰ ਛਡ ਦਵਾਰ, ਹੱਥੀਂ ਖੋਲ੍ਹੇ ਬੰਦ ਕਿਵਾੜ, ਮੇਟ ਮਿਟਾਏ ਪੰਚਮ ਧਾੜ, ਸਾਚੇ ਘੋੜੇ ਚੜ੍ਹ ਕੇ ਲਾੜ, ਆਤਮ ਕੁੰਡਾ ਲਾਹੀਆ । ਇਕ ਵਖਾਏ ਸ਼ਬਦ ਅਖਾੜ, ਬਹੱਤਰ ਨਾੜੀ ਵਜੇ ਤਾੜ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖਾਂ ਦੇਵੇ ਸ਼ਬਦ ਵਰ,

੬੦੨
੦੫

ਦਸਮ ਦਵਾਰਾ ਇਕ ਵਖਾਈਆ । ਸਚ ਦਵਾਰ ਖੋਲ੍ਹੇ ਤਾਕੀ, ਪ੍ਰਭ ਸਾਚਾ ਦਇਆ ਕਮਾਇੰਦਾ । ਸਿੰਘ ਭਗਵਾਨ ਪ੍ਰਭ ਲਹਿਣਾ ਦੇਣਾ ਦੇਵੇ ਬਾਕੀ, ਪੰਚ ਚੋਰ ਨਾ ਰਹਿਣ ਆਕੀ, ਪਰਮਾਨੰਦ ਇਕ ਵਖਾਇੰਦਾ । ਆਪੇ ਬਣੇ ਸਾਚਾ ਸਾਕੀ, ਸ਼ਬਦ ਜਣਾਈ ਭਵਿਖਤ ਵਾਕੀ, ਅੰਮ੍ਰਿਤ ਆਤਮ ਜਾਮ ਪਿਆਇੰਦਾ । ਨਾ ਕੋਈ ਜਾਣੇ ਬੰਦਾ ਖ਼ਾਕੀ, ਗੁਰਮੁਖ ਵਿਰਲਾ ਚੜ੍ਹੇ ਸ਼ਬਦ ਘੋੜੇ ਸਾਚੇ ਰਾਕੀ, ਦੋ ਜਹਾਨਾਂ ਆਪ ਦੁੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਤਮ ਜੋਤੀ ਸ਼ਬਦ ਦੇਵੇ ਸਾਚਾ ਵਰ, ਏਕਾ ਅੱਖਰ ਜਗਤ ਵੱਖਰ, ਬਜਰ ਕਪਾਟੀ ਪਾੜੇ ਪੱਥਰ, ਅੰਮ੍ਰਿਤ ਆਤਮ ਵਰੋਲੇ ਅੱਥਰ ਪੰਚ ਪੰਚਾਇਣ ਲੱਭੇ ਸੱਥਰ, ਏਕਾ ਰੰਗ ਪ੍ਰਭ ਚਰਨ ਟੇਕ, ਕਲਜੁਗ ਮਾਇਆ ਨਾ ਲਾਏ ਸੇਕ, ਆਪ ਆਪਣੀ ਸਰਨ ਰਖਾਇੰਦਾ । ਦੇਵੇ ਸਰਨ ਹਰਿ ਸਰਨਾਈਆ । ਖੁੱਲ੍ਹੇ ਹਰਨ ਫਰਨ, ਅੰਧ ਅੰਧੇਰ ਮਿਟਾਈਆ । ਮੇਲ ਮਿਲਾਵਾ ਪ੍ਰਭ ਸਾਚੇ ਤਰਨੀ ਤਰਨ, ਪਾਰ ਕਿਨਾਰਾ ਇਕ ਵਖਾਈਆ । ਨੌਂ ਅਠਾਰਾਂ ਪਾਣੀ ਭਰਨ, ਗੁਰਮੁਖ ਨੇੜ ਰਹਿਣ ਨਾ ਪਾਈਆ । ਮਿਲੇ ਮੇਲ ਅਵਰਨੀ ਅਵਰਨ, ਸੁਰਤ ਸ਼ਬਦ ਰਿਹਾ ਜਗਾਈਆ । ਆਪੇ ਜਾਣੇ ਕਰਨੀ ਕਰਨ, ਕਿਰਨਾ ਜੋਤੀ ਇਕ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਸ਼ਬਦ ਵਰ, ਜਗਤ ਡਰ ਰਿਹਾ ਚੁਕਾਈਆ । ਠਾਕਰ ਪਾਇਆ ਪੁਰਖ ਅਬਿਨਾਸ਼ੀ, ਮਿਟਿਆ ਭਰਮ ਭੁਲੇਖਾ । ਹਉਮੇ ਚਿੰਤਾ ਰੋਗ ਸੋਗ ਜਗਤ ਵਿਨਾਸੀ, ਲਿਖਿਆ ਸਾਚੇ ਲੇਖਾ । ਏਕਾ ਮੰਡਲ ਵੇਖੀ ਸਾਚੀ ਰਾਸੀ, ਸਾਚੇ ਲੋਚਨ ਆਪੇ ਪੇਖਾ । ਵੇਖੇ ਖੇਲ ਹਰਿ ਭਗਤ ਮੇਲ ਮਾਤ ਪਾਤਾਲ ਪ੍ਰਿਥਮੀ ਆਕਾਸੀ, ਜੋਤੀ ਜੋਤ ਸਰੂਪ ਹਰਿ, ਜਿਸ ਜਨ ਕਿਰਪਾ ਦੇਵੇ ਕਰ, ਸ਼ਬਦ ਸੁਨੇਹੜਾ ਮਿਲੇ ਵਰ, ਗੁਰਮੁਖ ਸਾਚੇ ਬਲ ਬਲ ਜਾਸੀ । ਸਤਿ ਪੁਰਖ ਕਲ ਸਾਚੀ ਰੀਤ, ਆਪਣੀ ਆਪ ਚਲਾਇੰਦਾ । ਵੇਖ ਵਖਾਣੇ ਦਿਹੁਰਾ ਮੰਦਰ ਗੁਰਦਵਾਰਾ ਮਸੀਤ, ਗੀਤ ਸੁਹਾਗੀ ਕਵਣ ਸੁਣਾਇੰਦਾ । ਕਵਣ ਰੱਖੇ ਪ੍ਰਭ ਸਾਚਾ ਚੀਤ, ਚਰਨ ਧਿਆਨ ਪ੍ਰੀਤ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਇਕ ਇਕੱਲਾ ਸਚ ਮਹੱਲਾ ਆਪਣਾ ਆਪ ਵਸਾਇੰਦਾ । ਆਪ ਆਪਣਾ ਘਰ ਉਪਾਇਆ, ਕਰੇ ਖੇਲ ਅਪਾਰੀ । ਉਚ ਅਟੱਲਾ ਨਾਉਂ ਰਖਾਇਆ, ਸ਼ਬਦ ਸਰੂਪੀ ਚਾਰ ਦਿਵਾਰੀ । ਪਹਿਰੇਦਾਰ ਕੋਈ ਦਿਸ ਨਾ ਆਇਆ, ਅੱਠੇ ਪਹਿਰ ਖ਼ਬਰਦਾਰੀ । ਪਵਣ ਝੂਲਾ ਨਾ ਕੋਈ ਝੁਲਾਇਆ, ਆਪੇ ਹੋਏ ਸੀਤਲ ਧਾਰੀ । ਦੀਪਕ ਚਿਰਾਗ ਨਾ ਕੋਈ ਜਗਾਇਆ, ਦਿਵਸ ਰੈਣ ਹੋਏ ਉਜਿਆਰੀ । ਸਤਿ ਸੰਤੋਖੀ ਯਤ ਰਖਾਇਆ, ਨਾ ਕੋਈ ਉਤੇ ਦਿਸੇ ਭਾਰੀ । ਨਾਮ ਦਰਵਾਜਾ ਸੱਚਾ ਲਾਇਆ । ਗਰੀਬ ਨਿਵਾਜਾ ਕੱਚਾ ਪੱਕਾ ਆਪ ਅਖਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਮੰਦਰ ਆਪ ਸੁਹਾਇਆ । ਹਰਿ ਮੰਦਰ ਹਰਿ ਭਗਵਾਨ, ਬਣਤ ਬਣਾਈਆ । ਜੋਤੀ ਨੂਰੋ ਨੂਰ ਨੁਰਾਨ, ਆਪਣਾ ਰੰਗ ਵਖਾਈਆ । ਆਪੇ ਹੋਇਆ ਬੇਪਛਾਣ, ਦਿਸ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪੇ ਜਾਣੇ ਜਾਣੀ ਜਾਣ, ਆਪਣੇ ਮੰਦਰ ਡੇਰਾ ਲਾਈਆ । ਮੰਦਰ ਹਰਿ ਅਡੋਲ, ਦਿਸ ਕਿਸੇ ਨਾ ਆਇਆ । ਆਪੇ ਵਸੇ ਇਕ ਇਕੱਲਾ, ਆਪਣਾ ਹਿਸਾ ਆਪ ਵੰਡਾਇਆ । ਵੇਖ ਵਖਾਣੇ ਜਲ ਥਲਾ, ਪੁਰੀਆਂ ਲੋਆਂ ਵਿਚ ਸਮਾਇਆ । ਸ਼ਬਦ ਸੁਨੇਹੜਾ ਦਰ ਦਵਾਰਿਓ ਏਕਾ ਘੱਲਾ, ਦਰ ਦਰਵਾਜ਼ਾ ਬਾਹਰ ਕਢਾਇਆ । ਛੇਵਾਂ ਘਰ ਏਕਾ ਮੱਲਾ, ਸਚ ਸਪੂਤੇ ਮਾਣ ਦੁਵਾਇਆ । ਨਾ ਕੋਈ ਦਿਸੇ ਉਪਰ ਥਲਾ, ਏਕਾ ਏਕ ਵਖਾਇਆ । ਆਪੇ ਵਸਿਆ ਨਿਹਚਲ ਧਾਮ ਅਟੱਲਾ, ਅਲੱਖ ਅਭੇਵ ਰੇਖ ਭੇਵ ਹਰਿ ਆਪਣੀ ਆਪ ਸਮਾਇਆ । ਜੋਤੀ


੬੦੩ ੦੫

ਜੋਤ ਸਰੂਪ ਹਰਿ, ਸਾਚੇ ਸ਼ਬਦ ਦੇਵੇ ਵਰ, ਆਪ ਆਪਣਾ ਹੁਕਮ ਸੁਣਾਇਆ । ਹਰਿ ਸਾਚੇ ਸ਼ਬਦ ਜਣਾਈਆ । ਲੋਕਮਾਤ ਲਏ ਅਵਤਾਰਾ, ਪੰਚਾਂ ਤੱਤਾਂ ਵਿਚ ਸਮਾਈਆ । ਕਰੇ ਖੇਲ ਨਿਆਰਾ, ਸਾਚੇ ਤਨ ਵੱਜੇ ਵਧਾਈਆ । ਇਕ ਸੁਹਾਏ ਦਰ ਦਵਾਰਾ, ਗੁਰ ਪੂਰਾ ਸਦ ਅਖਵਾਈਆ । ਜਿਸ ਮੇਲਾ ਕੰਤ ਭਤਾਰਾ, ਸਾਚੀ ਵਸਤ ਹਰਿ ਝੋਲੀ ਪਾਈਆ । ਭਰਿਆ ਸ਼ਬਦ ਭੰਡਾਰਾ, ਦੇਵਣਹਾਰ ਸਭ ਸਭ ਥਾਈਂਆ । ਆਦਿ ਪੁਰਖ ਅਪਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣਾ ਵੇਸ ਕਰ, ਆਪੇ ਵੇਖੇ ਅਗੰਮ ਅਪਾਰਾ । ਹਰਿ ਸ਼ਬਦ ਬਲਵਾਨ, ਜਗਤ ਉਪਾਇਆ । ਗੁਰ ਪੂਰੇ ਦੇਵੇ ਸਾਚਾ ਦਾਨ, ਅੰਦਰ ਮੰਦਰ ਦਏ ਟਿਕਾਇਆ । ਗੁਰ ਪੂਰਾ ਵੇਖੇ ਮਾਰ ਧਿਆਨ, ਹਰਿ ਸਾਚਾ ਵਿਚ ਸਮਾਇਆ । ਇਕ ਵਖਾਏ ਸ਼ਬਦ ਨਿਸ਼ਾਨ, ਨਿਸ਼ਅੱਖਰ ਵੱਖਰ ਰਿਹਾ ਪੜ੍ਹਾਇਆ । ਸ਼ਬਦ ਨਿਰਾਲਾ ਮਾਰੇ ਬਾਣ, ਏਕਾ ਰੰਗਣ ਰੰਗ ਰੰਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਗੁਰ ਲੇਖਾ ਧੁਰ ਧੁਰ ਸੰਜੋਗ ਮਿਲਾਇਆ । ਲਿਖਿਆ ਧੁਰ ਸੰਜੋਗ, ਸ਼ਬਦ ਗੁਰ ਚੇਲਿਆ । ਰਸ ਕਾਇਆ ਕੀਤਾ ਭੋਗ, ਪੰਚਾਂ ਤੱਤਾਂ ਮੇਲ ਮੇਲਿਆ । ਦਰਸ ਦਿਖਾਏ ਸਦ ਅਮੋਘ, ਘਰ ਰਹੇ ਇਕ ਇਕੇਲਿਆ । ਇਕ ਚੁਗਾਏ ਸਾਚੀ ਚੋਗ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਪੂਰਾ ਦੇਵੇ ਸ਼ਬਦ ਵਰ, ਆਪ ਸੁਣਾਏ ਆਪਣਾ ਢੋਲਿਆ । ਗੁਰ ਸਾਚਾ ਬਲਵਾਨ, ਪ੍ਰਭ ਸਾਚਾ ਦਇਆ ਕਮਾਈਆ । ਹਰਿ ਦੇਵੇ ਦਾਤਾ ਦਾਨ, ਆਤਮ ਜੋਤੀ ਇਕ ਭਰਾਈਆ । ਚਰਨ ਪ੍ਰੀਤੀ ਸਚ ਧਿਆਨ, ਅਕਾਲ ਪੁਰਖਾ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਸਤਿਗੁਰ ਦੋਵੇਂ ਰਿਹਾ ਉਪਾਈਆ । ਸਤਿਗੁਰ ਪੂਰਾ ਜਾਣੀਏ, ਸਤਿ ਪੁਰਖ ਮਿਲਾਏ । ਏਕਾ ਦੇਵੇ ਨਾਮ ਨਿਸ਼ਾਨੀ ਏ, ਸਹਿੰਸਾ ਰੋਗ ਚੁਕਾਏ । ਏਕਾ ਅੱਖਰ ਸੁਣਾਏ ਧੁਰ ਦਰਗਾਹੀ ਸਾਚੀ ਬਾਣੀ ਏ । ਹਉਮੇ ਰੋਗ ਮਿਟਾਏ । ਅੰਮ੍ਰਿਤ ਆਤਮ ਜਲ ਪਿਆਏ ਠੰਢਾ ਪਾਣੀ ਏ, ਸਾਚੀ ਚੋਗ ਚੁਗਾਏ । ਅੰਤ ਕਟਾਏ ਜਮ ਕੀ ਕਾਣੀ ਏ, ਦਰਸ ਅਮੋਘ ਦਿਖਾਏ । ਦਰ ਘਰ ਸਾਚਾ ਇਕ ਵਖਾਣੀ ਏ । ਧੁਰ ਸੰਜੋਗੀ ਮੇਲ ਮਿਲਾਏ । ਦਰ ਦਵਾਰਾ ਏਕਾ ਮਾਣੀ ਏ, ਆਤਮ ਰਸ ਭੋਗੀ ਭੋਗ ਕਰਾਏ । ਲੇਖਾ ਤੁੱਟੇ ਜੇਰਜ ਖਾਣੀ ਏ, ਸਾਚੀ ਜੋਤੀ ਆਪ ਸਮਾਏ । ਜੋਤੀ ਜੋਤ ਸਰੂਪ ਹਰਿ, ਜਿਸ ਜਨ ਕਿਰਪਾ ਦੇਵੇ ਕਰ, ਸਤਿਗੁਰ ਸੋ ਮਾਤ ਪਛਾਣੀਏ । ਸਤਿਗੁਰ ਸੁਰਤ ਸੰਭਾਲਦਾ, ਦਿਵਸ ਰੈਣ ਕਲ ਕਾਰੀ । ਸੰਤ ਸੁਹੇਲੇ ਗੁਰਮੁਖ ਸਾਚੇ ਆਪੇ ਪਾਲਦਾ, ਸ਼ਬਦ ਜੋਧਾ ਬਲਕਾਰੀ । ਦਰ ਦਰਵਾਜ਼ਾ ਇਕ ਵਖਾਲਦਾ, ਨੌਂ ਦਵਾਰੇ ਖੜਾ ਰਹੇ ਬਾਹਰੀ । ਡੂੰਘੀ ਭਵਰੇ ਸੁਰਤ ਸੰਭਾਲਦਾ, ਹੋਵੇ ਅਗੇ ਪਿਛੇ ਅਗਾੜੀ । ਨਾਮ ਕੁਠਾਲੀ ਏਕਾ ਗਾਲਦਾ, ਜੋਤੀ ਅਗਨੀ ਲਾਏ ਭਾਰੀ । ਦੇਵੇ ਖਜ਼ਾਨਾ ਨਾਮ ਸੱਚੇ ਧੰਨ ਮਾਲ ਦਾ । ਨਾ ਕੋਈ ਲੁਟੇ ਚੋਰ ਯਾਰੀ । ਫ਼ਲ ਖਵਾਏ ਆਤਮ ਪਰਮਾਤਮ ਕਾਇਆ ਸਾਚੇ ਡਾਲ੍ਹ ਦਾ, ਚੜ੍ਹੇ ਸਚ ਖੁਮਾਰੀ । ਨਾਤਾ ਤੋੜੇ ਜਗਤ ਜੰਜ਼ਾਲ ਦਾ, ਬਖ਼ਸ਼ੇ ਚਰਨ ਪਿਆਰੀ । ਏਕਾ ਵਸਤ ਸਾਚੇ ਯਾਰ ਦਾ, ਕਰੇ ਖੇਲ ਨਿਆਰੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿਗੁਰ ਸਾਚੇ ਦੇਵੇ ਵਰ, ਆਪੇ ਵਾਲੀ ਸ਼ਾਹ ਕੰਗਾਲ ਦਾ । ਸ਼ਾਹ ਕੰਗਾਲ ਦਲਾਲ ਹਰਿ ਅਖਵਾਇੰਦਾ । ਸਰਬ ਜੀਆਂ ਕਰੇ ਪ੍ਰਿਤਪਾਲ, ਆਪੇ ਰਿਹਾ ਸੁਰਤ ਸੰਭਾਲ, ਦਿਸ ਕਿਸੇ ਨਾ ਆਇੰਦਾ । ਗੁਰਮੁਖ ਵਖਾਏ ਸਾਚੇ ਲਾਲ, ਸ਼ਬਦ ਪਾਏ ਨਾਮ ਦੁਸ਼ਾਲ, ਆਪ ਆਪਣੀ ਗੋਦ ਉਠਾਇੰਦਾ । ਲੱਖ ਚੁਰਾਸੀ ਖਾਏ ਕਾਲ, ਗੁਰਮੁਖਾਂ ਮੇਲਾ ਦੀਨ ਦਿਆਲ, ਜਗਤ ਅਵੱਲੜੀ ਚਾਲ

੬੦੪ ੦੫

ਵਖਾਇੰਦਾ । ਕਾਇਆ ਸਚ ਸਰੋਵਰ ਮਾਰੇ ਇਕ ਉਛਾਲ, ਹਰਿਜਨ ਸਾਚੇ ਮਾਣਕ ਮੋਤੀ ਗੁਰ ਪੂਰਾ ਲਏ ਭਾਲ, ਇਕ ਜਗਾਏ ਸਾਚੀ ਜੋਤੀ ਮਸਤਕ ਦੀਪਕ ਸਾਚੇ ਬਾਲ, ਅਗਿਆਨ ਅੰਧੇਰ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅੰਤਮ ਵੇਖ ਦਰ, ਸੰਮਤ ਤੇਰਾਂ ਨੇਰਨ ਨੇਰਾ ਪਰਗਟ ਹੋਏ ਸਿੰਘ ਸ਼ੇਰ ਸ਼ੇਰ ਦਲੇਰਾ, ਪਹਿਲੀ ਚੇਤ ਵਾਰ ਥਿਤ ਥਿਤ ਵਾਰ ਵੇਖ ਵਖਾਇੰਦਾ । ਪਹਿਲੀ ਚੇਤ ਚੇਤਨ ਹੋਇਆ, ਦੋ ਜਹਾਨਾਂ ਵਾਲੀ । ਆਪੇ ਨੇਤ ਨੇਤਨ ਹੋਇਆ, ਦੋਵੇਂ ਹੱਥਾਂ ਰੱਖੇ ਖਾਲੀ । ਆਪੇ ਸ੍ਰਿਸ਼ਟ ਸਬਾਈ ਕਾਇਆ ਖੇਤ ਜਗਤ ਬੀਜ ਬੋਇਆ, ਸ੍ਰਿਸ਼ਟ ਸਬਾਈ ਆਪੇ ਮਾਲੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਚਾਰੇ ਕੁੰਟ ਦਹਿ ਦਿਸ਼ਾ ਵੇਖੇ ਘਰ ਕਵਣ ਫ਼ਲ ਲੱਗਾ ਡਾਲ੍ਹੀ । ਪਹਿਲੀ ਚੇਤ ਪ੍ਰਭ ਦਇਆ ਕਮਾਈ, ਸ਼ਾਹ ਸੰਗਰੂਰ ਜਗਾਇਆ । ਦਰ ਘਰ ਸਾਚੇ ਵੱਜੇ ਵਧਾਈ, ਸੰਤ ਮਨੀ ਸਿੰਘ ਲੇਖ ਲਿਖਾਇਆ । ਸੰਮਤ ਸੋਲਾਂ ਹੋਏ ਕੁੜਮਾਈ, ਮਸਤੂਆਣਾ ਧਾਮ ਸੁਹਾਇਆ । ਕਾਇਆ ਮਾਟੀ ਛੱਡਿਆ ਚੋਲਾ, ਪਾਇਆ ਜਨਮ ਹਰਿ ਅਮੋਲਾ, ਜੋਤੀ ਜੋਤ ਜਗਾਈ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਘਟ ਘਟ ਥਾਈਂ । ਦੋ ਚੇਤ ਪ੍ਰਭ ਲੈਣਾ ਵਿਚਾਰ । ਪਟ ਪਟਿਆਲਾ ਖ਼ਬਰਦਾਰ । ਸ਼ਬਦ ਪੈਣੀ ਅੰਤਮ ਮਾਰ । ਪਰਗਟ ਹੋਏ ਨੈਣ ਮੁੰਧਾਰ । ਭਗਤ ਜਨਾਂ ਦਾ ਸਾਂਝਾ ਯਾਰ । ਗਊ ਗਰੀਬ ਨਿਮਾਣਿਆਂ ਆਪੇ ਬਖ਼ਸ਼ੇ ਚਰਨ ਪਿਆਰ । ਤਖ਼ਤੋਂ ਲਾਹੇ ਰਾਜੇ ਰਾਣਿਆਂ, ਕਰੇ ਮਾਤ ਖੁਆਰ । ਜਿਸ ਜਨ ਚਲਾਏ ਆਪਣੇ ਭਾਣਿਆ, ਇਕ ਵਖਾਏ ਬੰਕ ਦਵਾਰ । ਕਿਸੇ ਹੱਥ ਨਾ ਆਏ ਚਤੁਰ ਸੁਘੜ ਸਿਆਣਿਆਂ, ਮੂਰਖ ਮੂੜ੍ਹ ਮੁਗਧ ਗਵਾਰਾਂ ਆਪੇ ਲਏ ਉਭਾਰ । ਜੋਤੀ ਜੋਤ ਸਰੂਪ ਹਰਿ, ਏਕਾ ਦੇਵੇ ਸ਼ਬਦ ਵਰ, ਲੋਕਮਾਤ ਰਹਿਣਾ ਖ਼ਬਰਦਾਰ । ਸੋਏ ਮਾਤ ਜਗਾਵਣ ਆਇਆ, ਲੈ ਕੇ ਸ਼ਬਦ ਸੰਦੇਸਾ । ਫੜ ਫੜ ਬਾਹੋਂ ਆਪ ਉਠਾਵਣ ਆਇਆ, ਪੁਰਖ ਅਬਿਨਾਸ਼ੀ ਨਰ ਨਰੇਸ਼ਾ । ਦੇ ਮਤ ਸੰਤ ਸਮਝਾਵਣ ਆਇਆ, ਵੇਖ ਵਖਾਏ ਧਾਰੀ ਕੇਸਾ । ਆਪ ਆਪਣਾ ਰੂਪ ਵਟਾਵਣ ਆਇਆ, ਨਾਂ ਰਖਾਏ ਗੁਰ ਦਸਮੇਸ਼ਾ । ਸ਼ਬਦ ਡੰਕ ਵਜਾਵਣ ਆਇਆ, ਰਾਓ ਰੰਕ ਸਮਝਾਵਣ ਆਇਆ, ਕਿਸੇ ਕੋਇ ਨਾ ਚਲੇ ਪੇਸ਼ਾ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਆਪੇ ਜਾਣੇ ਆਪਣਾ ਵੇਸਾ । ਚੇਤ ਤਿੰਨ ਲੋਕ ਤਿੰਨ ਵਧਾਈ । ਕਰੇ ਖੇਲ ਪ੍ਰਭ ਭਿੰਨ ਭਿੰਨ, ਬ੍ਰਹਮਾ ਸ਼ਿਵ ਇੰਦ ਰਿਹਾ ਜਗਾਈ । ਪੁਰੀਆਂ ਲੋਆਂ ਲਏ ਛਿਨ ਲੇਖ ਲਿਖਾਏ ਗਿਣ ਗਿਣ, ਭੁੱਲਿਆ ਕੋਈ ਰਹੇ ਨਾਹੀ । ਕਰੇ ਖੇਲ ਦਿਹਾੜੇ ਦਿਨ, ਸਾਧ ਸੰਤ ਹੋਏ ਭੂਤ ਪ੍ਰੇਤ ਜਿਨ, ਪ੍ਰਭ ਅਬਿਨਾਸ਼ੀ ਸਾਰ ਨਾ ਪਾਈ । ਜੋਤੀ ਜੋਤ ਸਰੂਪ ਹਰਿ, ਆਪ ਆਪਣਾ ਵੇਖ ਦਰ, ਸਾਚੇ ਘਰ ਵੱਜੀ ਵਧਾਈ । ਫਰੀਦਕੋਟ ਪ੍ਰਭ ਕੱਢੇ ਖੋਟ । ਸ਼ਬਦ ਸੁਨੇਹੜਾ ਦਰ ਘਰ ਆਏ ਦੂਜੀ ਵਾਰੀ ਲੱਗੇ ਚੋਟ । ਦਰ ਦਰਬਾਨ ਕੋਈ ਰਹਿਣ ਨਾ ਪਾਏ, ਬਾਹੋਂ ਪਕੜ ਨਾ ਕੋਈ ਉਠਾਏ ਆਲਣ੍ਹਿਓ ਡਿਗੇ ਬੋਟ । ਪ੍ਰਭ ਅਬਿਨਾਸ਼ੀ ਹੋਏ ਸਹਾਏ, ਅੰਤਮ ਚਰਨੀ ਲਏ ਲਗਾਏ, ਗਊ ਗਰੀਬ ਨਿਮਾਣਿਆਂ ਦੇਵੇ ਸ਼ਬਦ ਗੁਣ ਨਿਧਾਨਿਆ, ਕਾਇਆ ਕੱਢੇ ਜੂਠੇ ਝੂਠੇ ਖੋਟ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲੱਖ ਚੁਰਾਸੀ ਵੇਖੇ ਘਰ, ਕਵਣ ਰਖਾਏ ਪ੍ਰਭ ਸਾਚੇ ਤੇਰੀ ਏਕਾ ਓਟ । ਨਾਨਕਸਰ ਦਰ ਨਾਨਕ ਆਇਆ । ਅਚਨ ਅਚਾਨਕ ਖੇਲ ਰਚਾਇਆ । ਭੈ ਭਿਆਨਕ ਹੋਏ ਸਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਭਰਮੇ ਭਰਮ ਰਿਹਾ ਭੁਲਾਇਆ । ਸਿੰਘ ਈਸ਼ਰ ਨਾ ਆਈ ਜਾਗ । ਹੰਸ ਬਣਿਆ ਮਾਤ ਕਾਗ । ਦੁਰਮਤ ਮੈਲ ਮਾਇਆ ਲੱਗੀ, ਸੁਰਤ ਦੁਹਾਗਣ

ਨਾ ਗਈ ਜਾਗ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਵਿਰਲੇ ਆਤਮ ਤ੍ਰਿਸ਼ਨਾ ਬੁਝਾਏ ਆਗ । ਪੰਜ ਚੇਤ ਪ੍ਰਭ ਪੰਚ ਵਿਚਾਰਾ । ਵੇਖੇ ਖੇਲ ਦਰ ਦਰਬਾਰੇ, ਪੰਚ ਵਿਕਾਰਾ ਪੰਚ ਹੰਕਾਰਾ ਕਰਨ ਹਾਹਾਕਾਰਾ । ਸੰਤ ਰਣਧੀਰ ਕੀ ਕਰੇ ਵਿਚਾਰਾ । ਸ਼ਬਦ ਡੰਡਾ ਸੀਸ ਭਾਰਾ । ਨਾ ਕੋਈ ਦਿਸੇ ਆਰ ਪਾਰ ਕਿਨਾਰਾ । ਨਾਤਾ ਤੁੱਟਾ ਮੀਤ ਮੁਰਾਰਾ । ਹਉਮੇ ਫਸਿਆ ਜੀਵ ਗਵਾਰਾ । ਸਾਚ ਰਾਹ ਕਿਸੇ ਨਾ ਦੱਸਿਆ, ਰੈਣ ਅੰਧੇਰੀ ਘਰ ਸਾਚੇ ਹੋਈ ਮੱਸਿਆ, ਪੁਰਖ ਅਬਿਨਾਸ਼ੀ ਘਰ ਨਾ ਵਸਿਆ, ਲੇਖੇ ਲੱਗਾ ਨਾ ਮਾਤ ਸੀਰ ਬੱਤੀ ਧਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵੇਖ ਵਖਾਣੇ ਗੁਰ ਮੰਦਰ ਅੰਦਰ ਗੁਰਦਵਾਰਾ । ਛੇ ਚੇਤ ਪ੍ਰਭ ਛਤਰ ਝੁਲਾਈ । ਆਪੇ ਵੇਖੇ ਕਾਇਆ ਖੇਤ, ਸੱਤਰ ਬਹੱਤਰ ਬਹੱਤਰ ਸੱਤਰ ਕੋਈ ਦਿਸ ਨਾ ਆਈ । ਸਿੰਘ ਬੱਗੇ ਨਾ ਤਨ ਬੱਧੇ ਤੱਗੇ, ਜਿਨ ਭੂਤ ਪ੍ਰੇਤ ਮਿਲੀ ਵਡਿਆਈ । ਦੋ ਜਹਾਨੀ ਫਿਰਨ ਨੰਗੇ, ਨਾਮ ਭਿਛਿਆ ਕਿਤੋਂ ਨਾ ਮਿਲੇ ਮੰਗੇ, ਗੁਰ ਪੂਰਾ ਨਾ ਸੰਗ ਅੰਗੇ, ਰਹੇ ਸਦਾ ਜੁਦਾਈ । ਪੁਸਤਕ ਗ੍ਰੰਥ ਸੰਖ ਸੰਖਿਆ ਬਸਤੇ ਰਹਿਣ ਬੱਧੇ, ਅੰਮ੍ਰਿਤ ਆਤਮ ਮਿਲੇ ਨਾ ਮਧ ਮਧੇ, ਰਸਨ ਫਿਰੇ ਹਲਕਾਈ । ਭਾਗ ਨਾ ਲਾਇਆ ਆਪਣੀ ਯਦੇ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬੰਦ ਦਵਾਰਾ ਜਿਸ ਦੇਵੇ ਕਰ, ਨਾ ਸਕੇ ਕੋਇ ਖੁਲ੍ਹਾਈ । ਚੇਤ ਸੱਤ ਪ੍ਰਭ ਪਾਈ ਮਤ, ਆਪ ਜਣਾਈ ਆਪਣੀ ਮਿਤ ਗਤ, ਸਾਚਾ ਰਾਹ ਵਿਖਾਇਆ । ਚਰਨ ਦਵਾਰਾ ਜੋਤ ਨਿਰੰਕਾਰਾ ਸ਼ਬਦ ਭੰਡਾਰਾ, ਨਾ ਕੋਈ ਦਿਸੇ ਤੀਰਥ ਅੱਠ ਸੱਠ ਏਕਾ ਰਾਹ ਦਿਸਾਇਆ । ਥਲ ਕਪੂਰ ਪ੍ਰਭ ਹਾਜ਼ਰ ਹਜ਼ੂਰ, ਪਾਰ ਬਿਆਸੋਂ ਕਰੇ ਇਕੱਠ । ਗੁਰ ਸੰਗਤ ਦਰ ਆਏ ਨੱਠ, ਕਲਜੁਗ ਅਗਨੀ ਲੱਗੇ ਮੱਠ, ਕਲਜੁਗ ਲੱਠ ਰਿਹਾ ਆਪ ਗਿੜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵੇਖ ਵਖਾਏ ਸਰਬ ਕਲਾ ਸਮਰਥ, ਸ੍ਰਿਸ਼ਟ ਸਬਾਈ ਏਕਾ ਪਾਏ ਨੱਥ ਨਾ ਸਕੇ ਕੋਇ ਛੁਡਾਇਆ । ਚੇਤ ਅੱਠ ਅੱਠ ਤੱਤ ਵਿਚਾਰ । ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਬੰਨ੍ਹੇ ਧਾਰ । ਮਨ ਮਤ ਬੁਧ ਕਰੇ ਖ਼ਬਰਦਾਰ । ਸ਼ਬਦ ਕਰਨਾ ਸਾਚਾ ਯੁੱਧ, ਪਰਗਟ ਹੋਏ ਨਿਹਕਲੰਕ ਨਰਾਇਣ ਨਰ ਅਵਤਾਰ । ਚਿੱਟੇ ਅਸਵ ਬਹੇ ਕੁੱਦ, ਸ਼ਾਹ ਸ਼ਹਾਨਾ ਹਰਿ ਮਿਹਰਵਾਨਾ ਸਰਬ ਜੀਆਂ ਸਰਕਾਰ । ਲੱਖ ਚੁਰਾਸੀ ਫੜ ਫੜ ਕੁੱਠੇ, ਆਪੇ ਬੰਨ੍ਹੇ ਏਕਾ ਮੁੱਠੇ, ਹਿਰਦੇ ਕਰੇ ਸੁੱਧ, ਬੰਨ੍ਹ ਬੰਨਾਏ ਸਾਚੀ ਧਾਰ । ਸੰਤ ਦਵਾਰ ਸਤਿਗੁਰ ਸਾਚਾ ਤੁੱਠੇ, ਲੁਕਿਆ ਰਹਿਣ ਨਾ ਦੇਵੇ ਕੋਈ ਗੁੱਠੇ, ਆਪ ਮਿਲਾਏ ਜੁਗਾਂ ਜੁਗਾਂ ਦੇ ਵਿਛੜੇ ਰੁੱਠੇ, ਏਕਾ ਬਖ਼ਸ਼ੇ ਚਰਨ ਪਿਆਰ । ਮਨਮੁਖ ਜੀਵਾਂ ਟੰਗੇ ਪੁੱਠੇ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵੇਖ ਵਖਾਏ ਦਰ ਦਵਾਰਾ ਸਚ ਦਰਬਾਰ । ਨੌਂ ਚੇਤ ਪ੍ਰਭ ਰਿਹਾ ਭੌਂ । ਦਿਵਸ ਰੈਣ ਰੈਣ ਦਿਵਸ ਸਦ ਜਾਗੇ ਨਾ ਰਹੇ ਸੌਂ । ਵੇਖੇ ਹੰਸ ਹੰਸ ਸਰਬੰਸ ਕਾਗੇ, ਨਗਰ ਖੇੜਾ ਸਚ ਗਿਰਾਂਓ । ਜੋ ਜਨ ਸਰਨਾਈ ਸਾਚੀ ਲਾਗੇ, ਪਕੜ ਉਠਾਏ ਫੜ ਫੜ ਬਾਂਹੋਂ । ਸਾਚਾ ਮਜਨ ਚਰਨ ਧੂੜ ਕਰਾਏ ਮਾਘੇ, ਹੰਸ ਬਣਾਏ ਕਾਉਂ । ਦੁਰਮਤ ਮੈਲ ਧੋਵੇ ਦਾਗ਼ੇ, ਇਕ ਉਪਜਾਏ ਸ਼ਬਦ ਰਾਗੇ, ਸਦਾ ਸੁਹੇਲਾ ਦੇਵੇ ਠੰਢੀ ਛਾਉਂ । ਆਪ ਆਪਣੇ ਹੱਥ ਰੱਖੇ ਵਾਗੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਪਿਤਾ ਆਪੇ ਮਾਉਂ । ਸਿੰਘ ਤੇਜ ਬਲ ਬੁਧ ਧਾਰ । ਸ਼ਬਦ ਸੁਨੇਹੜਾ ਨੌਂ ਦਰ ਵੇਖੇ ਨੌਂ ਨੌਂ ਨੇਜ, ਲੇਹਜ ਫੇਹਜ ਕਰ ਵਿਚਾਰ । ਨਾਮ ਫੂਲਨ ਆਤਮ ਬਸਤੀ ਵਿਛੀ ਸਾਚੀ ਸੇਜ, ਕਾਇਆ ਗੁਫਾ ਡੂੰਘੀ ਕੁੰਦਰ ਸਾਚੇ ਮੰਦਰ ਸਦ ਨਿਆਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ


੬੦੬ ੦੫

ਦੇਵੇ ਸ਼ਬਦ ਵਰ, ਕਰੇ ਕਰਾਏ ਜਗਤ ਪਿਆਰ । ਸਿੰਘ ਲਾਭ ਪ੍ਰਭ ਲੈਣਾ ਲੱਭ । ਆਪ ਉਲਟਾਉਣੀ ਆਪਣੀ ਕਵਲ ਨਭ । ਗੁਰ ਮੂਰਤ ਸਾਚੀ ਸੂਰਤ ਨੂਰੇ ਨੂਰਤ ਇਕ ਧਿਆਨ ਰਖਾਉਣੀ, ਹਉਮੇ ਹੰਗਤਾ ਦੂਰ ਕਰਾਉਣੀ, ਵੇਖ ਵਖਾਣੇ ਹਰਿ ਹਰਿ ਸਭ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਸ਼ਬਦ ਵਰ, ਵੇਖ ਵਖਾਏ ਸਚ ਘਰ, ਜਿਸ ਜਨ ਮਿਲਿਆ ਨਾਮ ਵਰ, ਦਰ ਦਰਵਾਰੇ ਰਿਹਾ ਫਬ । ਸਿੰਘ ਹਰਨਾਮ ਹਰੀ ਨਾ ਪਾਇਆ । ਪੱਲੇ ਦਿਸੇ ਨਾ ਕੋਈ ਦਾਮ, ਕਾਇਆ ਚਾਮ ਰਸ ਫੀਕਾ ਖਾਇਆ । ਜੂਠ ਝੂਠ ਪੀਆ ਜਾਮ, ਆਤਮ ਰਸ ਨੀਕਨ ਨੀਕਾ ਦਿਸ ਨਾ ਆਇਆ । ਕਲਜੁਗ ਰੈਣ ਅੰਧੇਰੀ ਸ਼ਾਮ, ਪੁਰਖ ਅਬਿਨਾਸ਼ੀ ਜਾਣੇ ਭੇਵ, ਜੀਵ ਜੀਵ ਕਾ ਅੰਦਰ ਵੜ ਕਿਆ ਕੋਈ ਸਕੇ ਛੁਪਾਇਆ । ਅੰਤਮ ਲੇਖਾ ਚੁੱਕੇ ਸਾਢੇ ਤਿੰਨ ਹੱਥ ਸੀਂ ਕਾ, ਮਹੱਲ ਅਟੱਲ ਅਚਲ ਕੋਈ ਰਹਿਣ ਨਾ ਪਾਇਆ ਵੇਖੇ ਖੇਲ ਬੀਸ ਬੀਸ ਕਾ, ਨਾ ਕੋਈ ਗਾਏ ਰਾਗ ਛਤੀਸ ਕਾ, ਦਸ ਦਸਮੇਸ਼ਾ ਨਾ ਕੋਈ ਜਾਣੇ ਬ੍ਰਹਮਾ ਵਿਸ਼ਨ ਮਹੇਸ਼ ਗਣੇਸ਼ਾ ਦਰ ਦਰਵੇਸ਼ਾ ਧਾਰੇ ਭੇਖਾ ਦਰ ਦਰਵੇਸ਼ ਕਹਾਇਆ । ਜੋਤੀ ਜੋਤ ਸਰੂਪ ਹਰਿ, ਚੇਤ ਦਸ ਕਿਸੇ ਨਾ ਆਇਆ ਵਸ, ਨੌਂ ਖੰਡ ਪ੍ਰਿਥਮੀ ਰਿਹਾ ਨੱਸ, ਆਪ ਆਪਣੇ ਰੰਗ ਵਖਾਇਆ । ਦਸ ਚੇਤਰ ਚਤੁਰ ਸੁਜਾਨ । ਆਪੇ ਆਪ ਗੁਣ ਨਿਧਾਨ । ਕਰੇ ਕਰਾਏ ਪੁਣ ਛਾਣ, ਸ਼ਬਦ ਮਧਾਣਾ ਹਰਿ ਭਗਵਾਨਾ ਇਕ ਰਖਾਇਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਹਿ ਦਿਸ਼ਾ ਵੰਡ ਰਿਹਾ ਵੰਡਾਇਆ । ਹਰਿ ਸੰਗਤ ਹਰਿ ਰੰਗ ਹਰਿ ਦਰ ਮਾਣਿਆ । ਚੜ੍ਹੇ ਏਕਾ ਸਾਚੀ ਰੰਗਤ, ਦਰ ਦਵਾਰੇ ਸਾਚੀ ਮੰਗਤ, ਮਿਲੇ ਮੇਲ ਪੁਰਖ ਸੁਜਾਨਿਆ । ਜਗਤ ਤ੍ਰਿਸ਼ਨਾ ਕਟੇ ਭੁੱਖ ਨੰਗਤ, ਦਾਤਾ ਦਾਨੀ ਦੇਵੇ ਦਾਨ ਨਾਮ ਗੁਣ ਨਿਧਾਨਿਆ । ਸਤਿਗੁਰ ਪੂਰਾ ਸਦਾ ਸਹਾਈ ਜਿਉਂ ਨਾਨਕ ਅੰਗਦ, ਦਰ ਦਵਾਰ ਘਰ ਸਚ ਕਰੇ ਪਰਵਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦੇਵੇ ਸਾਚੀ ਦਾਤ, ਏਕਾ ਸ਼ਬਦ ਧੁਰ ਫ਼ਰਮਾਣਿਆ । ਕਰਮ ਨਾ ਜਾਣੇ ਜੀਵ ਜੰਤ, ਗੁਰ ਪੂਰੇ ਜਣਾਈਆ । ਆਪ ਬਣਾਏ ਜਿਸ ਬਣਤ, ਆਪਣੀ ਦਇਆ ਕਮਾਈਆ । ਸ਼ਬਦ ਜਿਹਵਾ ਮਣੀਆ ਦੇਵੇ ਸਾਚਾ ਮੰਤ, ਨਾ ਦੂਸਰ ਕੋਇ ਵਖਾਈਆ । ਮੇਲ ਮਿਲਾਏ ਆਪਣਾ ਆਪੇ ਕੰਤ, ਨਾ ਛਿਲਾ ਕੋਈ ਕਰਾਈਆ । ਚਰਨ ਧਿਆਨ ਗੁਣ ਨਿਧਾਨ ਪੂਰਨ ਭਗਵੰਤ, ਕਰਮਾਂ ਰੇਖ ਮਿਟਾਈਆ । ਸ਼ਿਵ ਸ਼ੰਕਰ ਅੰਤ ਹੋਣ ਭਸਮੰਤ, ਪ੍ਰਭ ਸਾਚਾ ਏਕ ਰਿਹਾ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਜੋਗ ਅੱਗੇ ਧਰ, ਸਾਚਾ ਰਾਹ ਵਖਾਈਆ । ਸ਼ਿਵ ਸ਼ੰਕਰ ਜਟਾ ਜੂਟ ਧਾਰ । ਖੜੇ ਰਹਿਣ ਪ੍ਰਭ ਚਰਨ ਦਵਾਰ । ਏਕਾ ਮੰਗਣ ਦਰਸ ਅਪਾਰ । ਸ਼ੰਭੂ ਨਾਥ ਹਰਿ ਰਘੁਨਾਥ ਆਪ ਰਖਾਏ ਆਪਣਾ ਸਾਥ, ਆਪ ਆਪਣੀ ਕਿਰਪਾ ਧਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਦੇਵੇ ਕਰ, ਗੁਰਮੁਖ ਸਾਚੇ ਉਤਰੇ ਪਾਰ । ਪੈਂਠ ਹਜ਼ਾਰ ਕੀ ਬਣਤ ਬਣਾਈ । ਬਹੱਤਰ ਨਾੜ ਨਾ ਗਣਤ ਗਿਣਾਈ । ਜਗਤ ਵਿਕਾਰਾ ਨਾ ਸਕੇ ਝਾੜ, ਗੁਰ ਪੂਰੇ ਨਾ ਦਿਤੀ ਸਾਚੀ ਮਤ ਮਤ ਸੱਚੀ ਸਮਝਾਈ । ਦਰ ਘਰ ਸਾਚੇ ਨਾ ਸਕਿਆ ਵਾੜ, ਏਕਾ ਤੱਤ ਨਾ ਬੂਝ ਬੁਝਾਈ । ਜੋਤੀ ਜੋਤ ਸਰੂਪ ਹਰਿ, ਜਿਸ ਜਨ ਕਿਰਪਾ ਦੇਵੇ ਕਰ, ਆਪੇ ਹੋਏ ਪਿਛੇ ਅਗਾੜ, ਸਰਬ ਮਿਟਾਏ ਝੂਠੀ ਧਾੜ, ਆਪ ਆਪਣਾ ਸਿਰ ਹੱਥ ਟਿਕਾਈ । ਇਕ ਲੱਖ ਨਾ ਲੇਖਾ ਲਿਖਾਇਆ । ਜੋਗੀ ਨਾਥਾਂ ਭੇਖ ਵਟਾਇਆ । ਸਗਲਾ ਸਾਥਾ ਦਿਸ ਨਾ ਆਇਆ । ਮਸਤਕ ਮਾਥਾ

ਜੋਤ ਲਿਲਾਟੀ ਤਿਲਕ ਗੁਰ ਪੂਰੇ ਨਾ ਹੱਥੀਂ ਲਾਇਆ । ਲੋਕਮਾਤ ਨਾ ਹੋਇਆ ਪੂਰਾ ਘਾਟਾ, ਸਾਚਾ ਰਾਹ ਨਾ ਕਿਸੇ ਵਖਾਇਆ । ਅੰਮ੍ਰਿਤ ਆਤਮ ਨਾ ਪੀਆ ਬਾਟਾ, ਸਾਚਾ ਵਣਜਾਰਾ ਨਾ ਬਨਿਆ ਨਾ ਬਣਾਇਆ ਸਾਚਾ ਹਾਟਾ, ਜਗਤ ਪਸਾਰੇ ਵਿਚ ਸਮਾਇਆ । ਜੀਵ ਜੰਤ ਖੇਲ ਬਾਜ਼ੀਗਰ ਨਾਟਾ, ਜੋਤੀ ਜੋਤ ਸਰੂਪ ਹਰਿ, ਜਿਸ ਜਨ ਕਿਰਪਾ ਦੇਵੇ ਕਰ, ਆਪ ਆਪਣੇ ਰੰਗ ਦਏ ਰੰਗਾਇਆ । ਇਕ ਲੱਖ ਰਸਨਾ ਗਾਏ । ਪੁਰਖ ਅਬਿਨਾਸ਼ੀ ਸੱਦ ਵਸਿਆ ਵੱਖ, ਪਰਤਖ ਹੋਏ ਨਾ ਦਰਸ ਦਿਖਾਏ । ਗੁਰਮੁਖ ਪੂਰਾ ਏਕਾ ਓਟ ਚਰਨ ਗੁਰ ਲਏ ਰੱਖ, ਜਨਮ ਅਧੂਰਾ ਮਾਤ ਨਾ ਜਾਏ । ਆਪੇ ਕਰੇ ਕੱਖੋਂ ਲੱਖ, ਲਖ ਲਖ ਨਾ ਜਾਪ ਜਪਾਏ । ਜੋਤੀ ਜੋਤ ਸਰੂਪ ਹਰਿ, ਜਿਸ ਜਨ ਕਿਰਪਾ ਦੇਵੇ ਕਰ, ਜੋਤ ਜਗਾਏ ਕਾਇਆ ਮਾਟਾ, ਕਿਸੇ ਹੱਥ ਨਾ ਆਏ ਤੀਰਥ ਤਾਟਾ, ਆਪਣੀ ਦਇਆ ਆਪ ਕਮਾਏ । ਪਿਛਲਾ ਘਾਟਾ ਪੂਰ ਕਰਾਏ ਆਏ ਨੇੜੇ ਵਾਟਾ, ਹਾਜ਼ਰ ਹਜ਼ੂਰ ਦਰਸ਼ਨ ਪਾਉਣਾ । ਆਪੇ ਪਾੜੇ ਬਜਰ ਕਪਾਟਾ, ਸ਼ਬਦ ਤੂਰ ਨਾਦ ਵਜਾਉਣਾ । ਜੋਤੀ ਜਗੇ ਸਚ ਲਿਲਾਟਾ, ਨੂਰੋ ਨੂਰ ਹਰਿ ਭਰਪੂਰ ਆਪਣਾ ਆਪ ਵਿਖਾਉਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਿਸ ਜਨ ਦੇਵੇ ਕਿਰਪਾ ਕਰ, ਸਾਚੇ ਰਾਹ ਆਪੇ ਪਾਉਣਾ ।

### ★ ੧੧ ਚੇਤ ੨੦੧੩ ਬਿਕ੍ਰਮੀ ਅਜੀਤ ਸਿੰਘ ਦੇ ਗ੍ਰਿਹ ਬਟਾਲਾ ★



ਸ਼ਾਸਤਰ ਵੇਦ ਪ੍ਰਭ ਜਣਾਈ । ਕੁਤਬ ਜੀਵ ਜਨ ਰਹੇ ਗਾਈ । ਆਤਮ ਸਾਚੀ ਸੇਵ ਗੁਰਮੁਖ ਵਿਰਲੇ ਮਾਤ ਕਮਾਈ । ਫ਼ਲ ਲੱਗਾ ਸਾਚਾ ਨਾਮ ਮੇਵ, ਕਾਇਆ ਪੱਤ ਡਾਲ੍ਹੀ ਪ੍ਰਭ ਹਰੀ ਕਰਾਈ । ਦਰ ਘਰ ਪਾਇਆ ਵਡ ਦੇਵੀ ਦੇਵ, ਮਿਲੀ ਸਚ ਸੱਚੀ ਸਰਨਾਈ । ਦਾਤਾ ਭਿਖਾਰੀ ਅਲੱਖ ਅਭੇਦ, ਇਕ ਵਜਾਏ ਦਇਆ ਕਮਾਏ, ਸ਼ਬਦ ਸੱਚੀ ਵਧਾਈ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਨੌਂ ਖੰਡ ਪ੍ਰਿਥਮੀ ਏਕਾ ਘਰ ਰਿਹਾ ਵਖਾਈ । ਪੁਰਾਨ ਗਿਆਨ ਪ੍ਰਭ ਰਾਹ ਚਲਾਇਆ । ਗੁਰਮੁਖ ਵਿਰਲੇ ਬਖ਼ਸ਼ੇ ਚਰਨ ਧਿਆਨ, ਸ਼ਬਦ ਮਲਾਹ ਇਕ ਰਖਾਇਆ । ਆਪੇ ਹੋਏ ਨਿਗਾਹਬਾਨ, ਜਮ ਕਾ ਫਾਹ ਰਿਹਾ ਕਟਾਇਆ । ਜਗਤ ਕੁਕਰਮੀ ਕਰ ਕੁਰਬਾਨ, ਸਾਚਾ ਧਰਮੀ ਧਰਮ ਨਿਸ਼ਾਨ, ਨਾਮ ਝੰਡਾ ਵਿਚ ਬ੍ਰਹਿਮੰਡਾਂ ਏਕਾ ਹੱਥ ਫੜਾਇਆ । ਆਤਮ ਅੰਤਮ ਪੀਣ ਖਾਣ, ਸਤਿ ਸਰੋਵਰ ਨਹਾਵਣ ਨੁਹਾਣ, ਦੁਰਮਤ ਮੈਲ ਪ੍ਰਭ ਰਿਹਾ ਧਵਾਇਆ । ਸ਼ਬਦ ਚੜ੍ਹਾਏ ਸਚ ਬਿਬਾਣ, ਧਰਮ ਰਾਏ ਦੀ ਚੁਕੇ ਕਾਣ, ਸ਼ਬਦ ਰਾਗ ਤਨ ਵੈਰਾਨ, ਸੁਰਤ ਸੋਈ ਗਈ ਜਾਗ, ਘਰ ਸਾਚੇ ਗਾਣ ਏਕਾ ਰੰਗ ਵਖਾਈਆ । ਜੋਧਾ ਸੂਰਾ ਹਰਿ ਬਲਵਾਨ, ਖਾਣੀ ਬਾਣੀ ਕਰ ਪਛਾਣ, ਜੀਆਂ ਜੰਤਾਂ ਦੇਵੇ ਦਾਨ, ਜੋ ਜਨ ਰਹੇ ਸਰਨਾਈਆ । ਜਾਗਰਤ ਜਗੇ ਭਗਵਾਨ, ਵਰਨ ਗੋਤ ਮਿਟੇ ਨਿਸ਼ਾਨ, ਏਕਾ ਰੰਗ ਚੜ੍ਹ ਸ਼ਬਦ ਤਰੰਗ ਆਪਣਾ ਆਪ ਵਖਾਈਆ । ਚਰਨ ਧੂੜ ਇਕ ਵਖਾਏ ਸਚ ਗੰਗ, ਗਊ ਗਰੀਬ ਨਿਮਾਣਿਆਂ ਕਟੇ ਭੁੱਖ ਨੰਗ, ਅੰਗ ਸੰਗ ਸੰਗ ਅੰਗ ਆਪ ਸਮਾਈਆ । ਨੌਂ ਖੰਡ ਨੌਂ ਦਵਾਰੇ ਲੱਗਾ ਜੰਗ, ਦਸਵੇਂ ਘਰ ਕੋਇ ਨਾ ਜਾਏ ਆਤਮ ਲੰਘ, ਸ਼ਬਦ ਰੰਗੀਲੇ ਪਲੰਘ ਹਰਿ ਬੈਠਾ ਗੁਣ ਨਿਧਾਨਿਆ । ਗੁਰਮੁਖ ਵਿਰਲਾ ਸਚ ਦਾਤ ਨਾਮ ਵਸਤ ਦਰ ਘਰ ਸਾਚੇ ਲਏ ਮੰਗ, ਅੱਠੇ ਪਹਿਰ ਰਹੇ ਪਰਭਾਤ ਆਤਮ ਅੰਤਰ ਵਹੇ ਸਾਚੀ ਗੰਗ, ਮਿਲੇ ਮੇਲ ਸੂਰੇ ਸਰਬੰਗ, ਆਵਣ ਜਾਵਣ ਗੇੜ ਚੁਕਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ

ਧਰ, ਕਰੇ ਖੇਲ ਵਿਚ ਬ੍ਰਹਿਮੰਡ ਵਰਭੰਡ ਚਲਾਏ ਆਪਣੇ ਭਾਣਿਆ । ਵਰਭੰਡ ਚਲਾਏ ਆਪਣੇ ਭਾਣੇ, ਆਪਣਾ ਭਾਣਾ ਆਪਣੇ ਹੱਥ ਰਖਾਈਆ । ਸ਼ਬਦ ਫੜੇ ਤੀਰ ਕਮਾਣੇ, ਰਸਨਾ ਚਿਲੇ ਆਪ ਚੜ੍ਹਾਈਆ । ਪੰਚ ਜਗਾਏ ਸੁਘੜ ਸਿਆਣੇ, ਪੰਚਾਂ ਬਸਤਰ ਸ਼ਸਤਰ ਨਾਮ ਅਸਤਰ ਆਪ ਸੁਹਾਈਆ । ਪੰਚ ਸੁਣਾਏ ਸਾਚੇ ਗਾਣੇ, ਪੰਚਮ ਰਾਗਾ ਆਪ ਅਖਵਾਈਆ । ਪੰਚਮ ਤਣਿਆ ਜਗਤ ਤਾਣੇ, ਪੰਚਮ ਫਿਰੇ ਮਾਤ ਹਲਕਾਈਆ । ਪੰਚ ਵਖਾਇਆ ਇਕ ਗਿਆਨੇ, ਮਿਲੇ ਮੇਲ ਸ੍ਰੀ ਭਗਵਾਨੇ, ਤਨ ਬੱਧੇ ਸਾਚੇ ਨਾਮ ਗਾਨੇ, ਹੋਏ ਸੱਚੀ ਕੁੜਮਾਈਆ । ਪੰਚਮ ਹੋਏ ਜਗਤ ਵੈਰਾਨੇ, ਆਪਣਾ ਆਪ ਨਾ ਕੋਈ ਪਛਾਣੇ, ਆਤਮ ਭਰਿਆ ਇਕ ਗੁਮਾਨੇ, ਹੰਕਾਰ ਵਿਕਾਰਾ ਆਤਮ ਤ੍ਰਿਸ਼ਨਾ ਇਕ ਰਖਾਈਆ । ਗੁਰਮੁਖ ਸਾਚਾ ਨੌਜਵਾਨੇ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਸ਼ਬਦ ਵਰ, ਨਾਮ ਮਰਦੰਗ ਰਿਹਾ ਵਜਾਈਆ । ਨਾਮ ਮਰਦੰਗ ਵੱਜੇ ਤਨ ਅੰਦਰੇ, ਸਾਚੀ ਰਚਨ ਰਚਾਈਆ । ਹਰਿਜਨ ਵੇਖੇ ਜਗਤ ਦਵਾਰਾ ਅਗੇ ਲੰਘੇ, ਪ੍ਰਭ ਸਾਚੀ ਬਣਤ ਬਣਾਈਆ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਸ਼ਬਦ ਘੋੜੇ ਕਸਿਆ ਤੰਗੇ, ਆਪਣੀ ਹੱਥੀਂ ਵਾਗ ਗੁੰਦਾਈਆ । ਗੁਰਮੁਖ ਸਾਚੀ ਮੰਗ ਲੈਣ ਮੰਗੇ, ਸੋਲਾਂ ਕਲੀਆਂ ਤਨ ਸ਼ਿੰਗਾਰ ਸਦਾ ਰੰਗ ਰਲੀਆਂ ਪੁਰਖ ਭਤਾਰ ਆਤਮ ਸੇਜਾ ਇਕ ਸੁਹਾਈਆ । ਜੋਤ ਨਿਰੰਜਣ ਕਰ ਪਿਆਰ, ਨੇਤਰ ਅੰਜਨ ਕੱਜਲ ਧਾਰ, ਸੋਹੰ ਬਸਤਰ ਅਪਰ ਅਪਾਰ, ਚਰਨ ਪ੍ਰੀਤੀ ਸਾਚੀ ਨੀਤੀ ਫੂਲਨ ਬਰਖਾ ਏਕਾ ਵਾਰ, ਰੁੱਤ ਬਸੰਤੀ ਸਾਚਾ ਕੰਤੀ ਆਪੇ ਆਪ ਸੁਹਾਈਆ । ਦਿਵਸ ਰੈਣ ਰਹੇ ਮੰਗਲਾਚਾਰ, ਸੁਣੇ ਸੁਣਾਏ ਆਪ ਸੁਣਨੇਹਾਰ, ਬੈਠਾ ਦਸਵੇਂ ਘਰ ਦਰ ਸਚ ਸੱਚੇ ਦਰਬਾਰ । ਨਾ ਕੋਈ ਜਾਣੇ ਜੀਵ ਭਾਂਡਾ ਕੱਚ, ਨੌਂ ਦਵਾਰੇ ਰਹੇ ਨੱਚ, ਮਾਇਆ ਮਮਤਾ ਰਹੀ ਮਚ, ਗੁਰਮੁਖ ਵਿਰਲਾ ਉਧਰੇ ਪਾਰ । ਜੋਤੀ ਜੋਤ ਸਰੂਪ ਹਰਿ, ਜਿਸ ਜਨ ਕਿਰਪਾ ਦੇਵੇ ਕਰ, ਏਕਾ ਬਖ਼ਸ਼ੇ ਧੁਰ ਦਰਗਾਹੀ ਚਰਨ ਪਿਆਰ । ਚਰਨ ਪਿਆਰ ਜਿਸ ਜਨ ਪਾਇਆ । ਸ਼ਬਦ ਘੋੜੇ ਹੋ ਅਸਵਾਰ, ਅੰਦਰ ਮੰਦਰ ਕੁੰਡਾ ਲਾਹਿਆ । ਮਿਲੇ ਮੇਲ ਪ੍ਰਭ ਮੀਤ ਮੁਰਾਰ, ਉਚਾ ਲੰਮਾ ਕੋਈ ਦਿਸ ਨਾ ਆਇਆ । ਕੰਤ ਭਤਾਰੀ ਨਰ ਨਿਰੰਕਾਰੀ ਏਕਾ ਵੇਖੇ ਸਾਂਝਾ ਯਾਰ, ਸਭ ਘਟ ਅੰਦਰ ਆਪ ਸਮਾਇਆ । ਸੀਤਲ ਠਾਂਢਾ ਦਰ ਦਵਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਿਸ ਜਨ ਦੇਵੇ ਜਗਤ ਵਰ, ਆਪਣੀ ਗੋਦ ਰਿਹਾ ਉਠਾਇਆ । ਆਪ ਆਪਣੀ ਗੋਦ ਉਠਾਏ, ਗੁਰ ਗੋਬਿੰਦ ਗੋਪਾਲਾ । ਹਰਿਜਨ ਹਿਰਦਾ ਸੋਧ ਵਖਾਏ, ਦੇਵੇ ਦਾਤ ਵਡ ਕਰਾਮਾਤ ਕਮਲਾਪਾਤ ਹਰਿ ਸ਼ਬਦ ਕਿਰਪਾਲਾ । ਅਗਾਧ ਬੋਧ ਬੋਧ ਅਗਾਧ ਜਣਾਏ, ਆਤਮਕ ਧੁਨ ਇਕ ਉਪਜਾਏ, ਸੁਨ ਮੁਨ ਪ੍ਰਭ ਦਏ ਤੁੜਾਏ, ਦੀਪਕ ਜੋਤ ਕਰ ਉਜਾਲਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਿਸ ਜਨ ਦੇਵੇ ਸ਼ਬਦ ਵਰ, ਸਦਾ ਸ਼ਾਹ ਨਾ ਹੋਏ ਕੰਗਾਲਾ । ਜਗਤ ਸ਼ਾਹ ਕਲ ਹੋਏ ਕੰਗਾਲ । ਕੋਈ ਨਾ ਮਿਲੇ ਧੁਰ ਦਰਗਾਹ ਸਚ ਮਲਾਹ, ਚਾਰੋਂ ਕੁੰਟ ਥੱਕੇ ਭਾਲ । ਪੰਚ ਵਿਕਾਰਾ ਫੜਿਆ ਰਾਹ, ਧਰਮ ਰਾਏ ਗਲ ਪਾਏ ਫਾਹ, ਕੋਇ ਨਾ ਸਕੇ ਮਾਤ ਸੁਰਤ ਸੰਭਾਲ । ਲਾੜੀ ਮੌਤ ਆਪਣਾ ਆਪੇ ਲਾਏ ਦਾਅ, ਘਰ ਘਰ ਉਡੇ ਅੰਤਮ ਕਾਂ, ਨਾ ਕੋਈ ਪਿਤਾ ਨਾ ਕੋਈ ਮਾਂ, ਨਾ ਹੋਵੇ ਕੋਈ ਸਹਾਈਆ । ਕੋਈ ਨਾ ਦੇਵੇ ਠੰਢੀ ਛਾਂ, ਏਕਾ ਭੁੱਲਿਆ ਹਰਿ ਹਰਿ ਨਾਂ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਿਸ ਜਨ ਦੇਵੇ ਸ਼ਬਦ ਵਰ, ਇਕ ਦਵਾਰਾ ਬੰਕ ਆਪਣਾ ਆਪ ਵਖਾਈਆ । ਬੰਕ ਦਵਾਰਾ ਛੱਡ, ਜਗਤ ਸਮਾਇਆ । ਨਰ ਨਿਰੰਕਾਰਾ ਅੰਦਰੋਂ ਕੱਢ, ਹੰਕਾਰ ਵਿਕਾਰ ਭਰਾਇਆ ।

ਵੇਲੇ ਅੰਤਮ ਕਵਣ ਲਡਾਏ ਲਡ, ਮੋਹ ਪਿਆਰਾ ਸਾਚਾ ਸਚ ਨਾ ਕਿਸੇ ਕਮਾਇਆ । ਅੰਤਮ ਸਾਕ ਸੱਜਣ ਸੈਣ, ਮਾਤ ਪਿਤ ਭਾਈ ਭੈਣ ਸਭ ਦੇਣੇ ਛਡ, ਧਰਮ ਰਾਏ ਡੰਕ ਵਜਾਇਆ । ਕਿਸੇ ਕੰਮ ਨਾ ਆਵੇ ਨਾੜੀ ਮਾਸ ਹੱਡ, ਜੂਠਾ ਝੂਠਾ ਵਿਕਾਰ ਵਧਾਇਆ । ਏਕਾ ਏਕ ਪ੍ਰਭ ਚਰਨ ਟੇਕ, ਜਗਤ ਮਾਇਆ ਨਾ ਲਾਏ ਸੇਕ, ਪ੍ਰਭ ਨਾਮ ਝੰਡਾ ਗੁਰਮੁਖ ਸਾਚੇ ਗੱਡ, ਦੋ ਜਹਾਨੀ ਰਿਹਾ ਝੁਲਾਇਆ । ਜੋਤੀ ਜੋਤ ਸਰੂਪ ਹਰਿ, ਜਿਸ ਜਨ ਕਿਰਪਾ ਦੇਵੇ ਕਰ, ਭਰਮ ਭੁਲੇਖਾ ਦੇਵੇ ਕੱਢ, ਦੂਈ ਦਵੈਤੀ ਅੰਦਰ ਵੱਢ, ਆਪ ਆਪਣੇ ਰੰਗ ਰੰਗਾਇਆ । ਰੰਗੇ ਰੰਗ ਕਰਤਾਰ, ਕਾਇਆ ਚੋਲੀ ਰੱਤਿਆ । ਜਨ ਭਗਤਾਂ ਕਰੇ ਪਿਆਰ, ਆਪੇ ਦੇ ਸਮਝਾਵੇ ਮੱਤਿਆ । ਕਲਜੁਗ ਅੰਤਮ ਹੋਣ ਖੁਆਰ, ਏਕਾ ਵਗੇ ਵਾ ਤੱਤਿਆ । ਸੱਤਾਂ ਦੀਪਾਂ ਕੋਇ ਨਾ ਪਾਵੇ ਸਾਰ, ਨਾ ਕੋਈ ਦਿਸੇ ਨਾਰ ਸਤਿਆ । ਭਰੇ ਰਹਿਣ ਖਾਲੀ ਭੰਡਾਰ, ਨਾ ਕੋਈ ਸਵਾਣੀ ਸਿਰ ਉਠਾਏ ਭੱਤਿਆ । ਨਾਤਾ ਤੁਟੇ ਮੀਤ ਮੁਰਾਰ, ਨਾਰੀ ਖੌਤ ਨਾ ਕਰੇ ਪਿਆਰ, ਨਾ ਕੋਈ ਦੇਵੇ ਧੀਰਜ ਜੱਤਿਆ । ਚਾਰੋਂ ਕੁੰਟ ਹਾਹਾਕਾਰ, ਸ਼ਬਦ ਮਾਰੇ ਡਾਹਢੀ ਮਾਰ, ਕਰੇ ਖੇਲ ਪ੍ਰਭ ਕਮਲਾਪਤਿਆ । ਜੀਵ ਜੰਤ ਦੂਤ ਦੁਸ਼ਟ ਨਾਰ ਵਿਭਚਾਰ, ਵੇਲੇ ਅੰਤ ਨਾ ਕੋਈ ਸਹਾਰ, ਲਥੀ ਪਤ ਉਬਲੀ ਰਤ, ਨਾ ਮਿਲਿਆ ਮੇਲ ਪਤ ਪਤੀ ਪਤਵੰਤਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨੌਂ ਖੰਡ ਪ੍ਰਿਥਮੀ ਪਾਵੇ ਸਾਰ, ਸੰਤ ਸੁਹੇਲੇ ਲਏ ਉਭਾਰ, ਦੇਵੇ ਦਰਸ਼ਨ ਅਗੰਮ ਅਪਾਰ, ਏਕਾ ਏਕ ਚਰਨ ਕਵਲ ਕਵਲ ਚਰਨ ਉਪਰ ਧਵਲ ਬਣਾਏ ਸਾਚਾ ਨੱਤਿਆ । ਚਰਨ ਨਾਤਾ ਜੋੜ, ਗੁਰਮੁਖ ਤਰਾਈਆ । ਧੁਰ ਦਰਗਾਹੀ ਆਇਆ ਦੌੜ, ਮਾਤ ਕੁੱਖ ਨਾ ਕੋਈ ਉਠਾਈਆ । ਆਪੇ ਆਪ ਬ੍ਰਹਿਮਣ ਗੌੜ, ਸ਼ਬਦ ਜੋਤ ਸਪੂਤਾ ਆਪ ਉਪਜਾਈਆ । ਸੰਬਲ ਨਗਰ ਵੇਖੇ ਲੰਮਾ ਚੌੜ, ਸਾਢੇ ਤਿੰਨ ਹੱਥ ਆਪ ਬਣਾਈਆ । ਜੋਤ ਨਿਰੰਜਣ ਸਾਚਾ ਸ਼ਬਦ ਲਾਏ ਪੌੜ, ਆਪੇ ਚੜ੍ਹ ਚੜ੍ਹ ਵੇਖ ਵਖਾਈਆ । ਲੱਖ ਚੁਰਾਸੀ ਵੇਖੇ ਮਿੱਠਾ ਕੌੜ, ਭੰਨੇ ਭੰਨਣਹਾਰ ਰਘੁਰਾਈਆ । ਦੋ ਜਹਾਨੀ ਰਿਹਾ ਦੌੜ, ਬੇੜਾ ਬੰਨ੍ਹਣਹਾਰ ਦਾਤਾਰ ਕਲਜੁਗ ਬੇੜਾ ਬੰਨ੍ਹੇ ਲਾਈਆ । ਗੁਰਮੁਖਾਂ ਆਤਮ ਲੱਗੀ ਏਕਾ ਔੜ, ਪ੍ਰਭ ਅੰਮ੍ਰਿਤ ਆਤਮ ਮੁਖ ਬਰਸ ਆਪਣਾ ਆਪ ਵਖਾਈਆ । ਜੋਤੀ ਜੋਤ ਸਰੂਪ ਹਰਿ, ਜਿਸ ਜਨ ਕਿਰਪਾ ਦੇਵੇ ਕਰ, ਏਕਾ ਦੇਵੇ ਸ਼ਬਦ ਵਰ, ਜਗਤ ਭੰਡਾਰਾ ਦੇਵੇ ਭਰ, ਆਪ ਆਪਣਾ ਜਿਹਾ ਕਰ, ਆਪਣੀ ਗੋਦ ਆਪ ਉਠਾਈਆ । ਆਪ ਆਪਣੀ ਗੋਦ ਉਠਾਏ ਗੁਰਮੁਖ ਸਾਚੇ ਲਾਲ । ਪੁਰਖ ਅਬਿਨਾਸ਼ੀ ਦਇਆ ਕਮਾਏ, ਦੀਨਾਂ ਬੰਧੂ ਦੀਨ ਦਿਆਲ । ਸਾਚੀ ਨਈਆ ਨਾਮ ਚਲਾਏ ਪਕੜ ਬਿਠਾਏ, ਨਾ ਕੋਈ ਜਣਾਏ ਸ਼ਾਹ ਕੰਗਾਲ । ਸਾਚਾ ਸਈਆ ਆਪ ਅਖਵਾਏ, ਭੈਣਾ ਭਈਆ ਜਗਤ ਹੋ ਜਾਏ, ਜਗਤ ਅਵੱਲੜੀ ਚਲੇ ਚਾਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਚਰਨ ਪਿਆਰ, ਫ਼ਲ ਲਗਾਏ ਕਾਇਆ ਡਾਲ੍ਹ । ਕਾਇਆ ਡਾਲ ਲਗਾ ਫ਼ਲ, ਪ੍ਰਭ ਸਾਚੇ ਮਾਤ ਲਗਾਇਆ । ਅੰਮ੍ਰਿਤ ਆਤਮ ਸੁਹਾਇਆ ਤਾਲ, ਗੁਰਮੁਖ ਸਾਚਾ ਨੁਹਾਵਣ ਆਇਆ । ਮਿਲੀ ਵਸਤ ਨਾਮ ਧਨ ਸੱਚਾ ਮਾਲ, ਜਗਤ ਜੰਜ਼ਾਲਾ ਮੋਹ ਚੁਕਾਇਆ । ਧੁਰ ਦਰਗਾਹੀ ਆਪ ਦਲਾਲ, ਕਲਜੁਗ ਅੰਤ ਕਰੇ ਪ੍ਰਿਤਪਾਲ, ਜਿਸ ਜਨ ਪੱਲਾ ਆਪ ਫੜਾਇਆ । ਸ਼ਬਦ ਸਰੂਪੀ ਮਾਰ ਉਛਾਲ, ਹਰਿਜਨ ਸੰਤ ਸੁਹੇਲੇ ਆਪ ਆਪਣੇ ਲਏ ਭਾਲ, ਅੰਦਰੇ ਅੰਦਰ ਸਾਚੇ ਮੰਦਰ ਸ਼ਬਦ ਡੋਰੀ ਤੰਦ ਬੰਧਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਿਸ ਜਨ ਦੇਵੇ ਚਰਨ ਪਿਆਰ, ਬਤੀ ਦੰਦ ਹਰਿ ਬਖ਼ਸ਼ਿੰਦ, ਮਾਤ ਸੀਰ ਅੰਮ੍ਰਿਤ ਨੀਰ ਕਟੇ ਹਉਮੇ

੬੧੦
੦੫

ਪੀੜ, ਸੁਖ ਸਾਂਤਕ ਸਹਿਜ ਸਹਿਜ ਸਮਾਇਆ । ਜੋਤ ਅਕਾਲਣ ਮੰਗਤੀ, ਗੁਰਸਿਖ ਤੇਰੇ ਪਿਆਰ ਦੀ । ਮਾਤ ਰਖਾਏ ਸਾਚੀ ਸੰਗਤੀ, ਸਿੱਕ ਤੇਰੇ ਦੀਦਾਰ ਦੀ । ਅੱਠੇ ਪਹਿਰ ਭੁੱਖ ਨੰਗਤੀ, ਕਰੇ ਵੇਸ ਸ਼ਬਦ ਸ਼ਿੰਗਾਰਦੀ । ਆਪੇ ਹੋਏ ਅੰਗ ਸੰਗ ਸੰਗਤੀ, ਬਜਰ ਕਪਾਟੀ ਦੇਵੇ ਪਾੜ । ਰੂਹ ਨਿਮਾਣੀ ਵਿਰਲੀ ਆਏ ਦਰ ਮੰਗਤੀ, ਮਿਲਾਏ ਮੇਲ ਪ੍ਰਭ ਸਾਚੇ ਲਾੜ । ਜੋਤੀ ਜੋਤ ਸਰੂਪ ਹਰਿ, ਜਿਸ ਜਨ ਕਿਰਪਾ ਦੇਵੇ ਕਰ, ਦਰਸ ਦਿਖਾਏ ਦਇਆ ਕਮਾਏ, ਨੇੜ ਨਾ ਆਏ ਪੰਚਮ ਧਾੜ ।



### ★ ੧੧ ਚੇਤ ੨੦੧੩ ਬਿਕ੍ਰਮੀ ਹਰਿ ਭਗਤ ਦਵਾਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ਦਰਬਾਰ ਵਿਚ ਟੂਰ ਤੋਂ ਵਾਪਿਸ ਆ ਕੇ ਪੰਜ ਰਤੀ ਕੇਸਰ, ਦਸ ਰਤੀ ਕਾਕਾ ਜਗਦੀਸ ਸਿੰਘ ਦੀ ਖ਼ਾਕ, ਗਿਆਰਾਂ ਮਿਸਰੀ ਕੂਜੇ ਅਤੇ ਇਕ ਨਰੇਲ ਸੰਗਤ ਨੂੰ ਭੇਟ ਕੀਤਾ, ਕਿਸੇ ਸੰਤ ਮਹਾਤਮਾ ਆਦਿ ਨੂੰ ਨਹੀਂ ਦਿਤਾ ਹਰਿ ਸੰਗਤ ਨੂੰ ਵਧਾਈ ਹੋਵੇ ★

ਜੁਗੋ ਜੁਗ ਪ੍ਰਭ ਯਾਤਰਾ, ਕਰੇ ਕਰਾਏ ਆਪ । ਤਨ ਪਹਿਨੇ ਸ਼ਬਦ ਗਾਤਰਾ, ਵੇਖੇ ਵਡ ਪਰਤਾਪ । ਕਿਸੇ ਹੱਥ ਨਾ ਆਏ ਵੇਦ ਸ਼ਾਸਤਰਾ, ਕਰ ਕਰ ਥੱਕੇ ਜੀਵ ਜਾਪ । ਹਰਿ ਜੋਤ ਨਾ ਕੋਈ ਲੱਗ ਨਾ ਕੋਈ ਮਾਤਰਾ, ਨਾ ਕੋਈ ਪਿਤਾ ਨਾ ਕੋਈ ਬਾਪ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਜਾਣੇ ਆਪਣਾ ਆਪ । ਆਪ ਆਪਣਾ ਆਪੇ ਜਾਣੇ, ਆਪ ਆਪਣੀ ਬਣਤ ਬਣਾਈਆ । ਵਾਰ ਥਿਤ ਆਪ ਆਪਣੀ ਵੇਖ ਵਖਾਣੇ, ਸੰਮਤ ਸੰਮਤੀ ਥਿਤ ਸੁਹਾਈਆ । ਨਿਤ ਨਵਿਤ ਖੇਲ ਜਹਾਨੇ, ਅਗੰਮ ਅਗੰਮੀ ਕਾਰ ਕਮਾਈਆ । ਜਗਤ ਜਗਾਏ ਰਾਜੇ ਰਾਣੇ, ਸੀਸੇ ਦਸਤਾਰ ਬੰਨ੍ਹਾਈਆ । ਆਪ ਕਰਾਏ ਚਰਨ ਧਿਆਨੇ, ਜਗ ਜਗਦੀਸਾ ਦਇਆ ਕਮਾਈਆ । ਤੁਟੇ ਮਾਤ ਜਗਤ ਅਭਿਮਾਨੇ, ਅੰਤ ਨਿਮਾਣੇ ਲਏ ਬਚਾਈਆ । ਕਰੇ ਖੇਲ ਵਾਲੀ ਦੋ ਜਹਾਨੇ, ਚਰਨ ਕਵਲ ਬਖ਼ਸ਼ੇ ਸਚ ਸੱਚੀ ਸਰਨਾਈਆ । ਸਚ ਦਸਤਾਰ ਪ੍ਰਭ ਸੀਸ ਟਿਕਾਏ । ਜਗਤ ਵਿਹਾਰ ਆਪਣੇ ਹੱਥ ਰਖਾਏ । ਕਰੇ ਕਰਾਏ ਅਵੱਲੜੀ ਚਾਲ, ਛਤਰ ਤਾਜ ਕਿਸੇ ਰਹਿਣ ਨਾ ਪਾਏ । ਸ਼ਬਦ ਖੰਡਾ ਫੜ ਦੋ ਧਾਰ, ਨੌਂ ਖੰਡ ਪ੍ਰਿਥਮੀ ਪਾਵੇ ਸਾਰ, ਰਾਜ ਰਾਜਾਨ ਸ਼ਾਹ ਸੁਲਤਾਨ ਮਿਟਾਏ । ਪੰਚਮ ਰਤੀ ਪੰਚਮ ਕੇਸਰ, ਕਰੇ ਖੇਲ ਪ੍ਰਭ ਵਿਚ ਥਨੇਸਰ, ਮਸਤਕ ਟਿੱਕਾ ਤਿਲਕ ਲਗਾਏ । ਜੋਤੀ ਜੋਤ ਸਰੂਪ ਹਰਿ, ਭੇਦ ਅਭੇਦਾ ਅਛਲ ਅਛੇਦਾ ਵਲ ਛਲ ਧਾਰੀ ਜੋਤ ਨਿਰੰਕਾਰੀ, ਸ੍ਰਿਸ਼ਟ ਸਬਾਈ ਪਸਰ ਪਸਾਰੀ, ਦਿਸ ਕਿਸੇ ਨਾ ਆਏ । ਰਤੀ ਦਸ ਪ੍ਰਭ ਰੱਖੀ ਖ਼ਾਕ, ਗੁਰਮੁਖ ਸਾਚੇ ਹੱਥ ਫੜਾਈਆ । ਲੇਖਾ ਲਿਖੇ ਇਕ ਇਕ ਟਾਂਕ, ਲਿਖਣਹਾਰ ਆਪ ਅਖਵਾਈਆ । ਅੰਤ ਕੰਤ ਸਿਰ ਪਾਏ ਖ਼ਾਕ, ਬੰਕ ਦਵਾਰ ਨਾ ਕੋਈ ਸੁਹਾਈਆ । ਕੋਈ ਨਾ ਦਿਸੇ ਆਕੀ ਆਕ, ਪਾਕੀ ਪਾਕ ਸਰਬ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਘਟ ਘਟ ਅੰਦਰ ਮਾਰੇ ਝਾਤ, ਵੇਖਣਹਾਰ ਦਿਸ ਨਾ ਆਈਆ । ਇਕ ਨਰੇਲ ਹੱਥ ਸਿੰਘ ਸ਼ੇਰ ਦਲੇਰ, ਆਪੇ ਆਪ ਉਠਾਈਆ । ਸਾਧਾਂ ਸੰਤਾਂ ਰਿਹਾ ਘੇਰ, ਕਲ ਸਮਰਥ ਬਣਤ ਬਣਾਈਆ । ਕਵਣ ਚੁਕਾਏ ਮੇਰ ਤੇਰ, ਜੀਵ ਜੰਤ ਹੋਏ ਸਹਾਈਆ । ਮਾਇਆ ਰਾਣੀ ਘਰ ਘਰ ਦਰ ਦਰ ਲੱਗੇ ਢੇਰ, ਸਾਚਾ ਕੰਤ ਨਾ ਕੋਈ ਹੰਢਾਈਆ । ਕਰੇ ਖੇਲ ਪ੍ਰਭ ਪਹਿਲੀ ਵੇਰ, ਵੇਸ ਅਵੇਸਾ ਰੂਪ ਵਟਾਈਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦਸ ਦਸਮੇਸਾ ਬਣਤ ਬਣਾਈਆ । ਦਿਵਸ ਦਸ ਦਸ ਦਸ ਬੀਸ, ਹੱਸ ਹੱਸ ਨੱਸ ਨੱਸ ਮਾਤ ਲੰਘਾਈਆ । ਸਾਧ ਸੰਤ ਜੂਠੇ ਝੂਠੇ ਮਾਇਆ ਵਹਿਣ ਰਹੇ ਫਸ, ਨਾ ਸਕੇ ਕੋਈ ਛੁਡਾਈਆ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਏਕਾ ਏਕ ਰਾਹ ਸਾਚਾ ਰਿਹਾ ਦੱਸ, ਸਤਿਜੁਗ ਮਾਰਗ ਸਾਚਾ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪਰਗਟ ਹੋਏ ਅੰਤ ਪਰਤਖ, ਗੁਰਮੁਖ ਸਾਚੇ ਲਏ ਰਖ, ਜੂਠ ਝੂਠ ਦਏ ਖਪਾਈਆ । ਦਿਵਸ ਦਸ ਕਰ ਵਿਹਾਰਾ । ਪਹਿਲੀ ਚੇਤਰ ਪਰਉਪਕਾਰਾ । ਦਸਵੇਂ ਚੇਤ ਡੰਕ ਨਗਾਰਾ । ਕਰੇ ਖੇਲ ਪੁਰਖ ਏਕੰਕਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਜਾਣੇ ਆਪਣੀ ਧਾਰਾ । ਮਿਸ਼ਰੀ ਕਾਲਖ ਮਿੱਠਾ ਰਸ, ਪ੍ਰਭ ਸਾਚੇ ਹੱਥ ਉਠਾਇਆ । ਸੰਤ ਸੁਹੇਲੇ ਵੇਖੇ ਨੱਸ ਨੱਸ, ਸਾਚਾ ਮੀਤ ਕੋਈ ਦਿਸ ਨਾ ਆਇਆ । ਕਲਜੁਗ ਤੇਰੀ ਅੰਤਮ ਹੋਈ ਬਸ, ਝੂਠੀ ਰੀਤ ਜਗਤ ਚਲਾਇਆ । ਲੱਖ ਚੁਰਾਸੀ ਹੋਈ ਭਸ, ਆਤਮ ਰਸ ਸਰਬ ਗਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੇ ਰੰਗ ਸਮਾਇਆ । ਦਸ ਇਕ ਗਿਆਰਾਂ, ਚੇਤਰ ਚਿੰਤ ਮਿਟਾਈਆ । ਦਰ ਦਵਾਰੇ ਸ਼ਬਦ ਬਹਾਰਾਂ, ਪ੍ਰਭ ਸਾਚੀ ਬਣਤ ਬਣਾਈਆ । ਕਰੇ ਕਰਾਏ ਮਾਤ ਵਿਹਾਰਾ, ਸਾਧ ਸੰਤ ਨਾ ਕੋਇ ਭੇਵ ਜਣਾਈਆ । ਆਪ ਜਾਣੇ ਆਪਣੀ ਕਾਰਾ, ਮਾਇਆ ਪਾਏ ਬੇਅੰਤ ਏਕਾ ਏਕ ਵਿਛਾਈਆ । ਜੋਤੀ ਜੋਤ ਸਰੂਪ ਹਰਿ, ਮਿਸਰੀ ਕਾਲਬ ਕੂਜਾ ਗਿਆਰਾਂ, ਅੰਮ੍ਰਿਤ ਕਰੇ ਸਾਚੀ ਧਾਰਾ, ਮਿੱਠਾ ਸੀਰ ਹਰਿ ਗੁਣੀ ਗਹੀਰ ਸਾਚੀ ਵੰਡਣ ਵੰਡ ਵੰਡਾਈਆ । ਦਸਮ ਦਵਾਰੀ ਦਸ ਘਰ, ਦਿਸ ਕੋਈ ਨਾ ਆਇਆ । ਨੌਂ ਦਵਾਰੇ ਵੇਖ ਦਰ, ਮਾਇਆ ਪੀਸਣ ਪੀਸ ਪਿਸਾਇਆ । ਕਿਸ ਦੇਵੇ ਪ੍ਰਭ ਸਾਚਾ ਵਰ, ਮੁਖ ਸਗਨ ਦਏ ਲਗਾਇਆ । ਚਾਰੋ ਕੁੰਟ ਆਵੇ ਡਰ, ਨਾਮ ਨਗਨ ਜਗਤ ਕਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਸੰਗਤ ਦੇਵੇ ਸ਼ਬਦ ਵਰ, ਲੋਕਮਾਤੀ ਮਾਣ ਦਵਾਇਆ । ਗੁਰ ਸੰਗਤ ਪ੍ਰਭ ਮਾਣ ਦਵਾਏ, ਸਾਚਾ ਰਾਗ ਸੁਣਾਈਆ । ਇਕ ਦਸ ਪ੍ਰਭ ਬਣਤ ਬਣਾਏ, ਆਪ ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕ ਗਿਆਰਾਂ ਦਸ ਇਕ ਇਕ ਦਸ ਕਰੇ ਸੱਚੀ ਕੁੜਮਾਈਆ । ਗੁਰ ਸੰਗਤ ਕਰੇ ਮਾਤ ਸੱਚੀ ਕੁੜਮਾਈ, ਸਾਚਾ ਸਗਨ ਮੁਖ ਲਗਾਇਆ । ਸਤਿਜੁਗ ਤੇਰੀ ਸਾਚੀ ਵੱਜੀ ਵਧਾਈ, ਗੁਰ ਪੀਰ ਸਾਧ ਸੰਤ ਕੋਈ ਰਹਿਣ ਨਾ ਪਾਇਆ । ਏਕਾ ਏਕ ਨਿਹਕਲੰਕ ਸੱਚੀ ਸਰਨਾਈ, ਆਤਮ ਸੀਰ ਅੰਮ੍ਰਿਤ ਨੀਰ ਦੇਵੇ ਮੁਖ ਚੁਆਇਆ । ਚਾਰੋਂ ਕੁੰਟ ਏਕਾ ਡੰਕ ਵਜਾਈ, ਰਾਓ ਰੰਕ ਰਿਹਾ ਜਗਾਈ, ਸ਼ਬਦ ਧੀਰ ਇਕ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਸਰੀ ਕੂਜਾ ਭਉ ਚੁਕਾਏ ਦੂਜਾ, ਰਹਿਣ ਨਾ ਪਾਏ ਕੋਈ ਤੀਜਾ, ਚੌਥਾ ਘਰ ਏਕ ਦਰ ਮਿਲੇ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰ ਸੰਗਤ ਦਏ ਮੁਖ ਚੁਆਇਆ । ਗੁਰ ਸੰਗਤ ਦਏ ਮੁਖ ਲਗਾਏ, ਥਿਤ ਵਾਰ ਅਪਾਰੀ । ਅੱਠੇ ਪਹਿਰ ਮਗਨ ਰਖਾਏ, ਦੇਵੇ ਨਾਮ ਖੁਮਾਰੀ । ਜਗਤ ਤ੍ਰਿਸ਼ਨਾ ਅਗਨ ਬੁਝਾਏ, ਸ਼ਬਦ ਭਰੇ ਭੰਡਾਰੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲੱਖ ਚੁਰਾਸੀ ਦੇਵੇ ਵਰ, ਆਪੇ ਬੈਠਾ ਇਕ ਇਕੱਲਾ, ਜੋਤੀ ਨੂਰ ਕਰ ਉਜਿਆਰੀ । ਗੁਰ ਸੰਗਤ ਕਲ ਵੰਡੀ ਵੰਡ, ਪ੍ਰਭ ਸਾਚਾ ਆਪ ਵੰਡਾਇੰਦਾ । ਦਿਵਸ ਦਸ ਪ੍ਰਭ ਪੱਲੇ ਬੰਨ੍ਹੀ ਗੰਢ, ਸਾਧ ਸੰਤ ਨਾ ਕੋਈ ਖੁਲ੍ਹਾਇੰਦਾ । ਗੁਰਮੁਖ ਸਾਚੇ ਸੰਤ ਜਨਾਂ ਦਿਵਸ ਗਿਆਰਾਂ ਜੇਰਜ ਅੰਡ ਫੰਦ ਕਟਾਇੰਦਾ ।

੬੧੨ ੦੫

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਸ਼ਬਦ ਵਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਵਸਤ ਨਾਮ ਦਾਤ ਆਤਮ ਝੋਲੀ ਆਪਣੀ ਭਿਛਿਆ ਪਾਇੰਦਾ ।

### ★ ੧੨ ਚੇਤ ੨੦੧੩ ਬਿਕ੍ਰਮੀ ਸੰਤ ਹਰਭਜਨ ਸਿੰਘ ਦੇ ਗ੍ਰਿਹ ਤੋਪਖਾਨਾ ਲਾਈਨ ਪਟਿਆਲਾ ★

ਹਰਿ ਪੁਰਖ ਅਗੰਮ, ਅਗੰਮ ਸਮਾਇਆ । ਨਾ ਮਰੇ ਨਾ ਪਏ ਜੰਮ, ਦਿਸ ਕਿਸੇ ਨਾ ਆਇਆ । ਨਾ ਰੋਵੇ ਛੰਮ ਛੰਮ, ਨੇਤਰ ਨੀਰ ਨਾ ਕੋਇ ਵਹਾਇਆ । ਪਵਣ ਸਵਾਸੀ ਨਾ ਲਏ ਦਮ, ਆਪ ਆਪਣੇ ਰੰਗ ਸਮਾਇਆ । ਦਿਵਸ ਰੈਣ ਰੈਣ ਦਿਵਸ ਨਾ ਖਾਏ ਕੋਈ ਤਮ, ਆਹਾਰ ਪਿਆਰ ਨਾ ਕੋਈ ਵਧਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੇ ਵਿਚ ਸਮਾਇਆ । ਆਪ ਆਪਣੇ ਵਿਚ ਸਮਾਏ । ਹਰਿ ਪੁਰਖ ਅਬਿਨਾਸ਼ੀ ਲੱਖ ਚੁਰਾਸੀ ਜਗਤ ਉਪਾਏ । ਸਰਬ ਘਟਾਂ ਘਟ ਵਾਸੀ, ਪਾਰਬ੍ਰਹਮ ਬ੍ਰਹਮ ਆਪ ਬਣਾਏ । ਕਾਇਆ ਮੰਡਲ ਸਾਚੀ ਰਾਸੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਅੰਤ ਜੁਗਾ ਜੁਗੰਤ ਵੇਖੇ ਖੇਲ ਖੰਡ ਮੰਡਲ ਵਰਭੰਡ ਬ੍ਰਹਿਮੰਡ ਜੇਰਜ ਅੰਡ ਆਪਣੇ ਸੰਗ ਸਮਾਇਆ । ਗੁਰ ਸ਼ਬਦ ਅਮੋਲ ਹੈ, ਗੁਰਮੁਖ ਵਿਰਲੇ ਪਾਇਆ । ਰਸਨਾ ਰਹੇ ਬੋਲ ਹੈ, ਆਤਮ ਪੜਦਾ ਖੋਲ੍ਹ ਨਾ ਦਰਸ਼ਨ ਪਾਇਆ । ਜਗਤ ਮਾਤ ਤੁਲਿਆ ਪੂਰੇ ਤੋਲ ਹੈ, ਅੰਧ ਅੰਧੇਰ ਨਾ ਭਰਮ ਮਿਟਾਇਆ । ਹਰਿ ਘਟ ਵਾਸੀ ਵਸੇ ਸਦਾ ਕੋਲ ਹੈ, ਕਾਇਆ ਮੰਦਰ ਅੰਧੇਰੀ ਕੰਦਰ ਦਿਸ ਕਿਸੇ ਨਾ ਆਇਆ । ਗੁਰ ਪੂਰਾ ਹਾਜ਼ਰ ਹਜ਼ੂਰ ਹੈ, ਆਤਮ ਪੜਦੇ ਦੇਵੇ ਖੋਲ੍ਹ ਹੈ, ਸ਼ਬਦ ਹਥੌੜਾ ਇਕ ਰਖਾਇਆ । ਦੇਵੇ ਵਸਤ ਨਾਮ ਅਨਮੋਲ ਹੈ, ਪੰਚਮ ਕੂੜੋ ਕੂੜ ਦਏ ਮਿਟਾਇਆ । ਸ਼ਬਦ ਚੌਹਅੱਖਰ ਏਕਾ ਬੋਲ ਹੈ, ਪੰਚਮ ਮੇਲਾ ਆਪ ਮਿਲਾਇਆ । ਉਪਜੇ ਧੁਨ ਅਨਾਹਦ ਵੱਜੇ ਸਾਚਾ ਢੋਲ ਹੈ, ਰਾਗ ਰਾਗਣੀ ਦਿਸ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਦੇਵੇ ਸ਼ਬਦ ਜਣਾਇਆ । ਸ਼ਬਦ ਪਾਇਆ ਘਰ ਆਪਣੇ, ਵੱਜੀ ਨਾਮ ਦਰ ਵਧਾਈ । ਜਪਿਆ ਜਾਪ ਜਪਤ ਜਪ ਜਪਨੇ, ਹਉਮੇ ਤ੍ਰਿਸ਼ਨਾ ਅਗਨ ਜਲਾਈ । ਮਾਇਆ ਮਮਤਾ ਦਿਵਸ ਰੈਣ ਤਨ ਤਪਨੇ, ਸੁਰਤੀ ਸੁਰਤ ਨਾ ਸ਼ਬਦ ਭੁਵਾਈ । ਗੁਰ ਮੂਰਤ ਆਕਾਲ ਦਿਆਲ, ਨੇਤਰ ਨੈਣ ਨੂਰਤ ਦਿਸ ਨਾ ਆਈ । ਸ਼ਬਦ ਨਾ ਲਾਏ ਸਚ ਉਛਾਲ, ਬੰਦ ਕਿਵਾੜ ਆਪ ਰਖਾਈ । ਫ਼ਲ ਨਾ ਲੱਗੇ ਕਾਇਆ ਡਾਲ੍ਹ, ਪੰਚਮ ਧਾੜਾ ਮਗਰ ਲਗਾਈ । ਗੁਰ ਪੂਰਾ ਹੋਏ ਆਪ ਰਖਵਾਲ, ਬਹੱਤਰ ਨਾੜ ਏਕਾ ਦੇਵੇ ਜੋਤ ਜਗਾਈ । ਆਪੇ ਹੋਏ ਸ਼ਾਹ ਕੰਗਾਲ, ਪੱਲੇ ਬੰਨ੍ਹੇ ਸੱਚਾ ਧੰਨ ਮਾਲ, ਗੁਰ ਪੂਰੇ ਦਇਆ ਕਮਾਈ । ਅੰਮ੍ਰਿਤ ਆਤਮ ਵੇਖੇ ਭਰਿਆ ਤਾਲ, ਤਾਲ ਸੁਹਾਵਾ ਇਕ ਸੁਹਾਈ । ਗੁਰ ਪੂਰਾ ਚਲੇ ਨਾਲ ਨਾਲ, ਅੰਦਰ ਬਾਹਰ ਗੁਪਤ ਜ਼ਾਹਿਰ ਆਪੇ ਖੋਜੇ ਖੋਜ ਖੁਜਾਈ । ਸੁਰਤ ਸਵਾਣੀ ਹੋਈ ਬੇਹਾਲ, ਸ਼ਬਦ ਵਜਾਏ ਸਾਚਾ ਤਾਲ, ਆਪੇ ਲਏ ਸੁਰਤ ਸੰਭਾਲ, ਜਿਸ ਜਨ ਸਾਚੇ ਦਇਆ ਕਮਾਈ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਪੂਰੇ ਦੇਵੇ ਸ਼ਬਦ ਜਣਾਈ । ਗੁਰ ਪੂਰਾ ਸ਼ਬਦ ਆਧਾਰ ਹੈ, ਗੁਰਮੁਖ ਜਗਾਏ । ਗੁਰਮੁਖਾਂ ਕਰ ਪਿਆਰ ਹੈ, ਆਤਮ ਝੋਲੀ ਲਏ ਭਰਾਏ । ਆਪੇ ਆਪ ਸੱਚਾ ਸਿਕਦਾਰ ਹੈ, ਦੋ ਜਹਾਨਾਂ ਹੋਏ ਸਹਾਏ । ਦਿਵਸ ਰੈਣਾ ਪਹਿਰੇਦਾਰ ਹੈ, ਈੜਾ

ਪਿੰਗਲ ਰਿਹਾ ਜਗਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਸੰਤ ਸੁਹੇਲੇ, ਆਪ ਕਰਾਏ ਆਪਣੇ ਮੇਲੇ, ਗੁਰਮੁਖ ਸਾਚੇ ਸੰਗ ਮਿਲਾਏ । ਨਾ ਕੋਈ ਸਾਜਣ ਨਾ ਕੋਈ ਮੀਤਾ । ਜਿਸ ਜਨ ਮਿਲਿਆ ਪੁਰਖ ਅਬਿਨਾਸ਼ੀ ਘਟ ਘਟ ਵਾਸੀ ਕਾਇਆ ਮੰਦਰ ਸਚ ਮਸੀਤਾ । ਏਕਾ ਸ਼ਬਦ ਰਾਗ ਸੁਣਾਏ, ਭਾਂਡਾ ਭਉ ਭਰਮ ਭੰਨਾਏ, ਮਾਣ ਰਖਾਏ ਅਠਾਰਾਂ ਧਿਆਏ ਗੀਤਾ । ਫੜ ਫੜ ਬਾਹੋਂ ਪਾਰ ਕਰਾਏ, ਮੰਝਧਾਰ ਕੋਈ ਰਹਿਣ ਨਾ ਪਾਏ, ਅੰਮ੍ਰਿਤ ਧਾਰਾ ਮੁਖ ਚੁਆਏ, ਕਵਲ ਨਾਭੀ ਆਪ ਉਲਟਾਏ, ਆਪ ਕਰਾਏ ਸਾਂਤਕ ਸੀਤਾ । ਆਤਮ ਸੇਜਾ ਇਕ ਵਿਛਾਏ । ਸ਼ਬਦ ਸਿੰਘਾਸਣ ਡੇਰਾ ਲਾਏ । ਜੋਤ ਨਿਰੰਜਣ ਮੰਗਲ ਗਾਏ । ਸੁਰਤ ਸਵਾਣੀ ਖ਼ੁਸ਼ੀ ਮਨਾਏ । ਪੁਰਖ ਅਬਿਨਾਸ਼ੀ ਦਰ ਘਰ ਸਾਚਾ ਏਕਾ ਏਕ ਆਤਮ ਪਾਏ । ਜੀਉਂ ਪਿੰਡ ਜਨ ਭਾਂਡਾ ਕਾਚਾ, ਪੰਚ ਦਵਾਰੇ ਰਿਹਾ ਨਾਚਾ, ਪਾਰਬ੍ਰਹਮ ਬ੍ਰਹਮ ਭੇਵ ਨਾ ਰਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਸ਼ਬਦ ਵਰ, ਸਾਚਾ ਪੱਲਾ ਨਾਮ ਫੜਾਏ । ਨਾਮ ਪੱਲਾ ਜਿਸ ਜਨ ਫੜਿਆ । ਸ਼ਬਦ ਘੋੜੇ ਮਾਤ ਚੜ੍ਹਿਆ । ਗੁਰ ਪੂਰਾ ਪੜਦੇ ਦਏ ਕੱਜ, ਆਦਿ ਅੰਤ ਕਦੇ ਨਾ ਡਰਿਆ । ਇਕ ਕਰਾਏ ਮੱਕਾ ਕਾਅਬਾ ਹੱਜ, ਆਪ ਆਪਣੇ ਅੱਗੇ ਖੜਿਆ । ਅੰਮ੍ਰਿਤ ਆਤਮ ਪਿਆਏ ਰੱਜ, ਪ੍ਰੇਮ ਪਿਆਲਾ ਏਕਾ ਭਰਿਆ । ਸ਼ਬਦ ਤਾਲ ਤਨ ਜਾਏ ਵੱਜ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਸ਼ਬਦ ਵਰ, ਨਾ ਕਦੇ ਜੰਮੇ ਨਾ ਕਦੇ ਮਰਿਆ । ਗੁਰ ਪੂਰੇ ਓਟ ਜਿਸ ਜਨ ਰਖਾਈਆ । ਕਾਇਆ ਲੱਗੇ ਸ਼ਬਦ ਚੋਟ, ਆਤਮ ਘਰ ਵੱਜੇ ਵਧਾਈਆ । ਹਉਮੇ ਕੱਢੇ ਖੋਟ, ਆਪੇ ਜਾਣੇ ਜਾਣ ਜਣਾਈਆ । ਜਿਸ ਜਨ ਮਿਲੇ ਨਾਮ ਅਤੋਟ, ਅਤੁਟ ਭੰਡਾਰ ਸਦਾ ਰਖਾਈਆ । ਗੁਰਮੁਖ ਸੰਤ ਭਗਤ ਭਗਵੰਤ ਵਿਚੋਂ ਕੋਟੀ ਕੋਟ, ਸਾਚੇ ਪੌੜੇ ਆਪ ਚੜ੍ਹਾਈਆ । ਜੀਵ ਜੰਤ ਆਲਕ੍ਹਿਓ ਡਿਗੇ ਬੋਟ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵੇਖ ਵਖਾਣੇ ਥਾਉਂ ਥਾਈਂਆ । ਨਾਮ ਪਾਇਆ ਪਦ ਨਿਰਬਾਣਾ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਦਰ ਦਵਾਰੇ ਆਪਣੇ ਸਦ, ਨੌਂ ਦਵਾਰੇ ਨਾ ਲੰਘੀ ਹਦ, ਮਿਲਿਆ ਮੇਲ ਨਾ ਪੁਰਖ ਭਗਵਾਨਾ । ਹਰਿ ਰਘੁਰਾਈ ਸਾਰ ਨਾ ਪਾਈ ਜੋਤ ਨਿਰੰਕਾਰੀ ਵੇਖੇ ਸਾਚੀ ਯੱਦ, ਦੇਵੇ ਸੱਚਾ ਸ਼ਬਦ ਨਿਸ਼ਾਨਾ । ਅੰਮ੍ਰਿਤ ਆਤਮ ਸਾਚਾ ਜਾਮ ਪਿਆਏ ਸਾਚੀ ਮਧ, ਏਕਾ ਰਾਗ ਸੁਣਾਏ ਘਰ ਸੱਚਾ ਤਰਾਨਾ । ਨਾਮ ਵਿਹੂਣਾ ਬੈਠਾ ਵਿਚ ਅੰਧ, ਪਾਰ ਕਿਨਾਰ ਕਵਣ ਵਖਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਦ ਅਭੇਦਾ ਅਛਲ ਅਛੇਦਾ, ਵੇਖ ਵਖਾਣੇ ਚਾਰੇ ਵੇਦਾ, ਖਾਣੀ ਬਾਣੀ ਅੰਜ਼ੀਲ ਕੁਰਾਨੀ ਸ਼ਾਹ ਸੁਲਤਾਨੀ ਇਕ ਨਿਸ਼ਾਨੀ ਨਾਮ ਰਖਾਏ । ਨਾਮ ਖਜ਼ਾਨਾ ਹਰਿ ਪਰਬੀਨਾ, ਆਪਣੇ ਹੱਥ ਰਖਾਇਆ । ਆਪੇ ਹੋਏ ਦਾਨਾ ਬੀਨਾ, ਵੇਖੇ ਖੇਲ ਸਰਬ ਘਟ ਰਾਇਆ । ਗੁਰਮੁਖਾਂ ਕਰੇ ਕਾਇਆ ਠੰਢਾ ਸੀਨਾ, ਚਰਨ ਕਵਲ ਕਵਲ ਚਰਨ ਜਿਸ ਜਨ ਧਿਆਨ ਲਗਾਇਆ । ਪਾਰ ਕਰਾਏ ਦਵਾਰੇ ਤੀਨਾ, ਚੌਥਾ ਘਰ ਰਾਹ ਵਖਾਇਆ । ਏਕਾ ਰਾਗ ਸੁਣਾਏ ਭੀਨਾ, ਹੰਕਾਰੀ ਬੀਨਾ ਦਏ ਭੰਨਾਈਆ । ਚਰਨ ਧੂੜੀ ਸਾਚਾ ਅੰਮ੍ਰਿਤ ਜਲ ਗੁਰਮੁਖ ਨੁਹਾਏ ਸਾਚਾ ਮੀਨਾ, ਸਾਚਾ ਮਜਨ ਇਕ ਕਰਾਇਆ । ਨਾ ਕੋਈ ਮਜ਼੍ਹਬ ਨਾ ਕੋਈ ਦੀਨਾ, ਅੱਖਰ ਵੱਖਰ ਏਕਾ ਕੀਨਾ, ਏਕਾ ਰੰਗ ਰੰਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਦਵਾਰਾ ਵੇਖੇ ਘਰ, ਕਵਣ ਗੁਰ ਮੇਲ ਮਿਲਾਇਆ । ਧੁਰ ਉਪਜਾਏ ਸ਼ਬਦ ਸੁਰ, ਮੂਲ ਮੰਤਰ ਤਨ ਬੁਝਾਏ ਬਸੰਤਰ, ਗਗਨ ਮਗਨ ਲਗਨ ਸਗਨ ਮੁਖ ਲਗਾਇਆ । ਪੰਜ ਤੱਤ ਪੰਚ ਬਣਾਇਆ ।

ਪੰਚਮ ਮੇਲ ਮਿਲਾਇਆ । ਪੰਚਮ ਰਤ ਵਿਚ ਸਮਾਇਆ । ਪੰਚਮ ਮੀਤ ਰਖਾਇਆ । ਪੰਚਮ ਮਤ ਦੇ ਸਮਝਾਇਆ । ਪੰਚਮ ਦਿਸ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣਾ ਨੂਰ ਕਰ, ਨੂਰੋ ਨੂਰ ਰਿਹਾ ਸਮਾਇਆ । ਕਾਇਆ ਤਨ ਅਪਰ ਅਪਾਰ, ਸਾਚਾ ਜੋੜ ਜੁੜਾਇਆ । ਮਤ ਮਨ ਬੁਧ ਕਰ ਪਸਾਰ, ਆਪਣਾ ਭੇਵ ਛੁਪਾਇਆ । ਮਨ ਚੰਚਲਹਾਰ ਕਰੇ ਵਿਹਾਰ, ਜਗਤ ਵਿਹਾਰਾ ਆਪਣੇ ਹੱਥ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਰਖੇ ਛਾਇਆ । ਮਤ ਬੁਧ ਚਤੁਰ ਸਵਾਣੀ, ਦਿਵਸ ਰੈਣ ਕਰੇ ਚਤਰਾਈਆ । ਮਿਲਿਆ ਮੇਲ ਸਾਚੇ ਹਾਣੀ, ਆਪਣੇ ਭਾਣੇ ਸਦ ਸਮਾਈਆ । ਜਗਤ ਮਾਇਆ ਤਣਿਆ ਤਾਣੀ, ਚਾਰੇ ਖਾਣੀ ਰਿਹਾ ਸਮਾਈਆ । ਅੰਦਰ ਬੈਠਾ ਜਾਣ ਜਾਣੀ, ਭੇਦ ਅਭੇਦਾ ਮੁਖ ਛੁਪਾਈਆ । ਨਾ ਕੋਈ ਜਾਣੇ ਜੀਵ ਪਰਾਣੀ, ਅਛਲ ਅਛੇਦਾ ਭੇਖ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਹਰਿ ਰਘੁਰਾਈਆ । ਆਪ ਆਪਣਾ ਮੁਖ ਛੁਪਾਇਆ । ਕਾਇਆ ਮੰਦਰ ਸਚ ਦਵਾਰੇ, ਹਉਮੇ ਤ੍ਰਿਸ਼ਨਾ ਜਗਤ ਦੁੱਖ ਵਧਾਇਆ । ਪਾਰਬ੍ਰਹਮ ਆਤਮ ਪਾਏ ਨਾ ਸਾਰੇ, ਗੁਰਮੁਖ ਵਿਰਲੇ ਉਜਲ ਮੁਖ ਕਰਾਇਆ । ਜਿਸ ਜਨ ਕਿਰਪਾ ਕਰੇ ਹਰਿ ਹਰਿ ਅਗੰਮ ਅਪਾਰੇ, ਜੋਤੀ ਜੋਤ ਸਰੂਪ ਹਰਿ, ਜਿਸ ਜਨ ਦੇਵੇ ਸ਼ਬਦ ਵਰ, ਸ਼ਬਦ ਖੰਡਾ ਵਿਚ ਬ੍ਰਹਿਮੰਡਾਂ ਤਿੱਖੀ ਰੱਖੇ ਦੋਵੇਂ ਧਾਰੇ । ਸ਼ਬਦ ਖੰਡਾ ਜਗਤ ਬਲਵਾਨ, ਗੁਰਮੁਖ ਵਿਰਲੇ ਹੱਥ ਉਠਾਇਆ । ਗੁਰ ਪੂਰਾ ਦੇਵੇ ਹੋ ਮਿਹਰਵਾਨ, ਧੀਰਜ ਯਤ ਆਤਮ ਹਠ ਤਿਸ ਰਖਾਇਆ । ਇਕ ਫੜਾਏ ਸ਼ਬਦ ਨਿਸ਼ਾਨ ਧੁਰ ਦਰਗਾਹੀ ਆਏ ਨੱਠ, ਆਤਮ ਬ੍ਰਹਮ ਗਿਆਨ ਜਣਾਇਆ । ਪੰਚਾਂ ਗੇੜੇ ਉਲਟੀ ਲਠ, ਅਗਨੀ ਜੋਤੀ ਲਾਏ ਮਠ, ਅਠ ਸਠ ਤੀਰਥ ਦਏ ਵਖਾਇਆ । ਚਰਨ ਦਵਾਰੇ ਆਏ ਨੱਠ, ਜੋਤੀ ਜੋਤ ਸਰੂਪ ਹਰਿ, ਜਿਸ ਜਨ ਦੇਵੇ ਸ਼ਬਦ ਵਰ, ਉਲਟੀ ਲੱਠ ਦਏ ਗਿੜਾਇਆ । ਹੱਥ ਡੰਡਾ ਜਗਤ ਬਲਕਾਰੀ । ਆਪ ਵਖਾਏ ਕਾਇਆ ਆਤਮ ਪਾਰ ਕੰਢਾ, ਨਾ ਕੋਈ ਜਾਣੇ ਚਾਰ ਦਿਵਾਰੀ । ਮਨਮੁਖ ਜੀਵ ਦੁਹਾਈ ਰੰਡਾ, ਅੱਠੇ ਪਹਿਰ ਦਿਵਸ ਰੈਣ ਰਹੇ ਵਿਭਚਾਰੀ । ਹਰਿ ਜਨ ਸਾਚਾ ਹੱਥ ਫੜੇ ਚੰਡ ਪਰਚੰਡਾ, ਨੌਂ ਦਵਾਰੇ ਪਾਈ ਜਾਏ ਵੰਡਾ, ਮਾਰੀ ਜਾਏ ਵਾਰੋ ਵਾਰੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਨਾਮ ਵਰ, ਮੇਲ ਮਿਲਾਏ ਦਸਮ ਦਵਾਰੀ । ਦਸਮ ਦਵਾਰੀ ਗੁਰਮੁੱਖ ਗੁਰਸਿਖ ਵਿਰਲੇ ਪਾਇਆ । ਪ੍ਰਭ ਅਬਿਨਾਸ਼ੀ ਇਕ ਇਕੱਲਾ, ਆਤਮ ਸੇਜਾ ਆਸਣ ਲਾਇਆ । ਆਪ ਵਸਾਏ ਸਚ ਮਹਲਾ, ਅੰਮ੍ਰਿਤ ਤਾਲ ਇਕ ਸੁਹਾਇਆ । ਨਾ ਕੋਈ ਦਿਸੇ ਡੂੰਘੀ ਡੱਲਾ, ਅੰਧ ਅੰਧੇਰ ਰਹਿਣ ਨਾ ਪਾਇਆ । ਨਾ ਕੋਈ ਜਾਣੇ ਜਲਾ ਥਲਾ, ਘੜੀ ਘੜੀ ਪਲ ਪਲਾ ਜੋਤੀ ਨੂਰ ਰਿਹਾ ਉਪਾਇਆ । ਦੂਈ ਦਵੈਤੀ ਮੇਟੇ ਸਲਾ, ਸ਼ਬਦ ਕਰਾਏ ਏਕਾ ਹੱਲਾ, ਸਾਚਾ ਭੱਲਾ ਹੱਥ ਫੜਾਇਆ । ਸਚ ਦਵਾਰਾ ਆਪੇ ਮੱਲਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਸੁਨੇਹੜਾ ਏਕਾ ਘੱਲਾ, ਗੁਰਮੁਖ ਸੋਏ ਰਿਹਾ ਜਗਾਇਆ । ਗੁਰਮੁਖ ਸੋਇਆ ਜਾਏ ਜਾਗ । ਜਗਤ ਤ੍ਰਿਸ਼ਨਾ ਬੁਝੇ ਆਗ । ਦੀਪਕ ਜੋਤੀ ਜਗੇ ਚਿਰਾਗ । ਗੁਰ ਪੂਰਾ ਦਇਆ ਕਮਾਏ, ਹੰਸ ਬਣਾਏ ਕਾਗ । ਆਪ ਆਪਣੇ ਰੰਗ ਰੰਗਾਏ, ਸ਼ਬਦ ਘੋੜੇ ਤੰਗ ਕਸਾਏ, ਬਾਹੋਂ ਫੜ ਚੜ੍ਹਾਏ ਆਪ ਆਪਣੇ ਹੱਥ ਰੱਖੇ ਵਾਗ । ਦਰ ਘਰ ਸਾਚੇ ਮੇਲਾ ਮੇਲ ਮਿਲਾਏ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੁਰਮਤ ਮੈਲ ਧੋਵੇ ਦਾਗ । ਦੁਰਮਤ ਮੈਲ ਧੋਵੇ ਦਾਗ਼ ਤਨ, ਏਕਾ ਸ਼ਬਦ ਜਣਾਈਆ । ਸ਼ਬਦ ਡੋਰੀ ਪਾਏ ਮਨ, ਦਹਿ ਦਿਸ਼ਾ ਲਏ ਬੰਧਾਈਆ । ਏਕਾ

ਰਾਗ ਸੁਣਾਏ ਕੰਨ, ਆਤਮ ਤ੍ਰਿਸ਼ਨਾ ਹਰਸ ਮਿਟਾਈਆ । ਭਾਂਡਾ ਭਰਮ ਪ੍ਰਭ ਦਏ ਭੰਨ, ਪੰਚ ਨਾ ਲਾਇਣ ਡੰਨ, ਦੂਈ ਦਵੈਤੀ ਵਿਸਾ ਪਾਰ ਕਰਾਈਆ । ਦੀਪਕ ਜੋਤੀ ਜਗੇ ਚੰਨ, ਹੋਏ ਪਰਕਾਸ਼ ਆਤਮ ਅੰਨ੍ਹ, ਅਗਿਆਨ ਅੰਧੇਰ ਦਏ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਜਿਸ ਜਨ ਦੇਵੇ ਸ਼ਬਦ ਵਰ, ਇਕ ਵਸਾਏ ਸਾਚਾ ਘਰ, ਸਾਚੇ ਮੰਦਰ ਅੰਦਰ ਕੁੰਡਾ ਲਾਹੀਆ । ਮੰਦਰ ਅੰਦਰ ਚਾਰ ਦਿਵਾਰੀ ਦਿਸ ਕਿਸੇ ਨਾ ਆਇਆ । ਕਾਇਆ ਅੰਧੇਰੀ ਡੂੰਘੀ ਕੰਦਰ, ਦਿਵਸ ਰੈਣ ਅੰਧੇਰਾ ਛਾਇਆ । ਏਕਾ ਵੱਜਾ ਹੰਕਾਰੀ ਜੰਦਰ, ਬਿਨ ਗੁਰ ਪੂਰੇ ਕਿਸੇ ਨਾ ਲਾਹਿਆ । ਨੌਂ ਦਵਾਰੇ ਭੌਂਦੇ ਬੰਦਰ, ਗੋਰਖ ਮਛੰਦਰ ਉਚੇ ਟਿਲੇ ਡੇਰਾ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਮੇਲਾ ਸਾਚੇ ਘਰ, ਦਰ ਦਵਾਰਾ ਇਕ ਵਖਾਇਆ । ਦਰ ਦਵਾਰਾ ਉਚ ਮਹੱਲਾ, ਪ੍ਰਭ ਸਾਚੇ ਆਪ ਸੁਹਾਇਆ ਏ । ਵਸੇ ਏਕਾ ਧਾਮ ਅਟੱਲੇ, ਹੱਥ ਕਿਸੇ ਨਾ ਆਇਆ ਏ । ਗੁਰਮੁਖ ਵਿਰਲੇ ਘਾਲ ਸਾਚੀ ਘਾਲੀ, ਮਿਲਿਆ ਨਾਮ ਸ਼ਬਦ ਦਲਾਲੀ, ਸਾਚਾ ਹਿਸਾ ਮਾਤ ਵੰਡਾਇਆ ਏ । ਧੁਰ ਦਰਗਾਹੀ ਮਿਲਿਆ ਮਾਹੀ, ਦਿਵਸ ਰੈਣ ਕਰੇ ਰਖਵਾਲੀ, ਦੋਵੇਂ ਹੱਥਾਂ ਰੱਖੇ ਖਾਲੀ, ਸਾਚਾ ਡੰਡਾ ਨਾਮ ਫੜਾਇਆ ਏ । ਜਗਤ ਅਵੱਲੜੀ ਚਲੀ ਚਾਲੀ, ਜਗੀ ਜੋਤ ਇਕ ਨਿਰਾਲੀ, ਕਾਇਆ ਮੰਦਰ ਸਚ ਵਖਾਏ ਧਰਮਸਾਲੀ, ਦੀਪਕ ਜੋਤੀ ਇਕ ਜਗਾਇਆ ਏ । ਸੁਰਤ ਸਵਾਣੀ ਹਾਲ ਬੇਹਾਲੀ, ਵੇਖੇ ਖੇਲ ਮਸਤਕ ਗਗਨ ਸਾਚੀ ਥਾਲੀ, ਨਾਮ ਸੁਹਾਗਣ ਜਗਤ ਵੈਰਾਗਣ ਵਡ ਵਡਭਾਗਣ ਸਾਚਾ ਸੀਸ ਗੁੰਦਾਇਆ ਏ । ਦਰ ਘਰ ਸਾਚਾ ਸੁਹਾਈ, ਜਪਿਆ ਪ੍ਰਭ ਅਬਿਨਾਸ਼ੀ ਰਾਗਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਜੋੜਾ ਏਕਾ ਘਰ ਬਹਾਇਆ ਏ । ਸਤਿਗੁਰ ਦਵਾਰਾ ਧੰਨ ਹੈ, ਸਤਿ ਪੁਰਖ ਜਣਾਈ । ਜਿਸ ਜਨ ਆਤਮ ਜਾਏ ਮੰਨ ਹੈ, ਹੋਏ ਸ਼ਬਦ ਸੱਚੀ ਕੁੜਮਾਈ । ਦੂਈ ਦਵੈਤੀ ਲਥੇ ਤਨ ਹੈ, ਘਰ ਸਾਚੇ ਵੱਜੇ ਵਧਾਈ । ਏਕਾ ਰਾਗ ਸੁਣੇ ਸੁਣਾਏ ਕੰਨ ਹੈ, ਦਿਵਸ ਰੈਣ ਰਹੇ ਲਿਵ ਲਾਈ । ਜੋਤ ਨਿਰੰਜਣ ਚੜ੍ਹਾਏ ਸਾਚਾ ਚੰਨ ਹੈ, ਅੰਧ ਅੰਧੇਰ ਦਏ ਮਿਟਾਈ । ਦੇਵੇ ਸੱਚਾ ਮਾਲ ਧਨ ਹੈ, ਨਾ ਸਕੇ ਕੋਈ ਚੁਰਾਈ । ਇਕ ਵਸੇਰਾ ਸਾਚੇ ਘਰ ਹਰਿਜਨ ਕਰਾਏ, ਨਾ ਕੋਈ ਛੱਪਰੀ ਨਾ ਕੋਈ ਛੰਨ ਹੈ, ਸਾਚਾ ਮੇਲ ਹਰਿ ਰਘੁਰਾਈ । ਧਰਮ ਰਾਏ ਨਾ ਦੇਵੇ ਡੰਨ ਹੈ, ਚਿਤਰ ਗੁਪਤ ਨਾ ਭੇਵ ਖੁਲ੍ਹਾਈ । ਸੰਤ ਦਵਾਰਾ ਨਾ ਜਾਨਣ ਜੀਵ ਅੰਨ੍ਹ ਹੈ, ਭਰਮੇ ਭੁਲੀ ਸਰਬ ਲੋਕਾਈ । ਹਰਿ ਭਗਤ ਸਦਾ ਸਦਾ ਸਦ ਧੰਨ ਧੰਨ ਧੰਨ ਹੈ, ਸਾਧ ਸੰਗਤ ਜਿਸ ਜਨ ਮਨ ਭਾਈ । ਲੱਖ ਚੁਰਾਸੀ ਹੋਵੇ ਖੰਨ ਖੰਨ ਹੈ, ਅੰਤਮ ਜੋਤੀ ਮੇਲ ਮਿਲਾਈ । ਆਪੇ ਬੇੜਾ ਰਿਹਾ ਬੰਨ੍ਹ ਹੈ, ਜਿਸ ਜਨ ਤੇਰੀ ਬਣਤ ਬਣਾਈ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਸ਼ਬਦ ਵਰ, ਦੋ ਜਹਾਨਾਂ ਹੋਏ ਸਹਾਈ । ਆਏ ਦਰ ਦਵਾਰ, ਵਕਤ ਸੁਹਾਇਆ । ਗੁਰ ਪੂਰਾ ਕਰੇ ਵਿਚਾਰ, ਰਾਓ ਰੰਕ ਨਾ ਕੋਈ ਜਣਾਇਆ । ਸ਼ਬਦ ਘੋੜੇ ਹੋ ਅਸਵਾਰ, ਜਨ ਭਗਤਾਂ ਪਹਿਰੇਦਾਰ, ਦਹਿ ਦਿਸ਼ਾ ਵਿਚ ਸਮਾਇਆ । ਨੌਂ ਦਵਾਰੇ ਕਰੇ ਖ਼ਬਰਦਾਰ, ਦਸਵੇਂ ਮੇਲਾ ਮੀਤ ਮੁਰਾਰ, ਸੱਜਣ ਸੁਹੇਲਾ ਆਪ ਅਖਵਾਇਆ । ਗੁਰ ਚੇਲਾ ਭਰਮ ਨਿਵਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਭਗਤ ਸੁਹੇਲਾ ਸੁਹਾਏ ਸਚ ਦਰ, ਸਚ ਸਿੰਘਾਸਣ ਡੇਰਾ ਲਾਇਆ । ਆਤਮ ਘਰ ਸ਼ਬਦ ਸਿੰਘਾਸਣ ਪ੍ਰਭ ਸਾਚੀ ਸੇਜ ਵਿਛਾਈਆ । ਬੈਠਾ ਰਹੇ ਪੁਰਖ ਅਬਿਨਾਸ਼ਣ, ਦਿਵਸ ਰੈਣ ਏਕਾ ਰੰਗ ਲਾਈਆ । ਗੁਰਮੁਖ ਵਿਰਲਾ ਜਪੇ ਸਵਾਸ ਸਵਾਸਣ, ਪ੍ਰਿਥਮੀ ਆਕਾਸ਼ਨ ਏਕਾ ਰੰਗ ਵਖਾਈਆ ।

੬੧੬ ੦੫

ਭਗਤ ਜਨਾਂ ਹਰਿ ਦਾਸ ਦਾਸਨ, ਦਾਸੀ ਦਾਸ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨ ਭਗਤਾਂ ਦੇਵੇ ਸ਼ਬਦ ਵਰ, ਕਾਇਆ ਮੰਡਲ ਰਾਸ ਜਿਸ ਰਚਾਈਆ । ਮੰਗੀ ਮੰਗ ਅਪਾਰ, ਚਰਨ ਦਵਾਰਿਆ । ਕਿਰਪਾ ਕਰੇ ਅਪਰ ਅਪਾਰ, ਦੇਵੇ ਸ਼ਬਦ ਸਚ ਸਹਾਰਿਆ । ਫੜ ਫੜ ਬਾਹੋਂ ਕਰੇ ਪਾਰ, ਆਪ ਕਰਾਏ ਪਾਰ ਕਿਨਾਰਿਆ । ਸੋਹੰ ਸ਼ਬਦ ਸੱਚਾ ਜੈਕਾਰ, ਜੈ ਜੈਕਾਰਾ ਨੌਂ ਦਵਾਰਿਆ । ਆਤਮ ਤ੍ਰਿਸ਼ਨਾ ਦਏ ਨਿਵਾਰ, ਹਉਮੇ ਸਹਿੰਸਾ ਕਰੇ ਖੁਆਰ, ਮਾਰੇ ਸ਼ਬਦ ਖੰਡਾ ਦੋ ਧਾਰਿਆ । ਮਿਲੇ ਮੇਲ ਮੀਤ ਮੁਰਾਰ, ਹਰਿਜਨ ਹੋਏ ਸਹਾਈ ਸੁਹਾਗੀ ਨਾਰ, ਕੰਤ ਕੰਤੂਹਲਾ ਇਕ ਮਿਲਾ ਰਿਹਾ । ਦੇਵੇ ਨਾਮ ਵਸਤ ਸ਼ਬਦ ਆਧਾਰ, ਦੋ ਜਹਾਨੀ ਕਰੇ ਪਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਵਿਚੋਲਾ ਵਿਚ ਬਣਾ ਰਿਹਾ । ਸ਼ਬਦ ਵਿਚੋਲਾ ਜਗਤ ਹੈ, ਗੁਰ ਪੂਰੇ ਦਏ ਮਿਲਾਏ । ਗੁਰਮੁਖ ਸਾਚਾ ਭਗਤ ਹੈ, ਹਾਜ਼ਰ ਹਜ਼ੂਰੇ ਦਰਸ਼ਨ ਪਾਏ । ਲੇਖੇ ਲਾਏ ਬੂੰਦ ਰਕਤ ਹੈ, ਲੱਖ ਚੁਰਾਸੀ ਫੰਦ ਕਟਾਏ । ਗੁਰ ਮੰਤਰ ਆਦਿ ਸ਼ਕਤ ਹੈ, ਸਚ ਸ਼ਕਤੀ ਦਏ ਮਿਲਾਏ । ਕਲਜੁਗ ਵੇਲਾ ਅੰਤਮ ਵਕਤ ਹੈ, ਹਰਿਜਨ ਸੋਏ ਲਏ ਜਗਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋਹੰ ਦੇਵੇ ਸ਼ਬਦ ਵਰ, ਬੇੜਾ ਕਲਜੁਗ ਪਾਰ ਕਰਾਏ । ਸੁਰਤ ਸਵਾਣੀ ਦਏ ਦੁਹਾਈਆ । ਗੁਰ ਮਿਲੇ ਸਾਚਾ ਹਾਣੀ, ਦਿਵਸ ਰੈਣ ਰਹੀ ਰਾਹ ਤਕਾਈਆ । ਅੰਮ੍ਰਿਤ ਆਤਮ ਦੇਵੇ ਠੰਢਾ ਪਾਣੀ, ਤੀਜੇ ਨੇਤਰ ਸਾਚੇ ਨੈਣ ਦਰਸ ਦਿਖਾਈਆ । ਆਪ ਚੁਕਾਏ ਜਮ ਕੀ ਕਾਨੀ, ਪੰਚਮ ਬੋਲੇ ਸਾਚੀ ਬਾਣੀ, ਸਚ ਸਵਾਣੀ ਕੰਨ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲਿਖਤ ਭਵਿਖਤ ਇਕ ਲਿਖਾਈ, ਲਹਿਣਾ ਦੇਣਾ ਮੂਲ ਚੁਕਾਈਆ । ਸਾਚਾ ਲੇਖਾ ਹਰਿ ਲਿਖਾਏ । ਭਰਮ ਭੁਲੇਖਾ ਜਨ ਕਢਾਏ । ਮਸਤਕ ਲਿਖੇ ਸਾਚੀ ਰੇਖਾ, ਨਾਮ ਮੇਖਾ ਹੱਥੀਂ ਲਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਨਾਮ ਵਰ, ਜਗਤ ਮੇਲਾ ਮੇਲ ਮਿਲਾਏ । ਅੰਮ੍ਰਿਤ ਮੇਘ ਬਰਸੇ ਸਾਵਣ, ਸੀਤਲ ਠੰਢੀ ਧਾਰਾ । ਹਰਸ ਮਿਟਾਏ ਕਾਮਨੀ ਕਾਮਨ, ਮਹੀਨੇ ਰਹੇ ਬਾਕੀ ਬਾਰਾਂ । ਇਕ ਫੜਾਏ ਆਪਣਾ ਦਾਮਨ, ਦੇਵੇ ਦਰਸ ਅਗੰਮ ਅਪਾਰਾ । ਧੁਰ ਦਰਗਾਹੀ ਮਿਲੇ ਸਾਚਾ ਜਾਮਨ, ਲੋਕਮਾਤ ਹੋਏ ਛੁਟਕਾਰਾ । ਰੈਣ ਮਿਟੇ ਅੰਧੇਰੀ ਸ਼ਾਮਨ, ਅਗਿਆਨ ਵਿਨਾਸੇ ਧੁੰਦੂਕਾਰਾ । ਜੋਤੀ ਜੋਤ ਸਰੂਪ ਹਰਿ, ਸਾਚਾ ਦੇਵੇ ਸ਼ਬਦ ਵਰ, ਗੁਰ ਪੂਰਾ ਕਿਰਪਾ ਦੇਵੇ ਕਰ, ਗੁਰਮੁਖ ਨਾ ਹੋਏ ਮਾਤ ਖੁਆਰਾ । ਬਣਾਏ ਬਣਤ ਜਿਸ ਬਣਤ ਬਣਾਈ । ਜੀਵ ਜੰਤ ਜਨ ਜਨ ਜਨ ਰਹੇ ਸਦਾ ਸਰਨਾਈ । ਆਪੇ ਜਾਣੇ ਆਦਿ ਅੰਤ, ਭਰਮ ਭੁਲੇਖਾ ਰਹੇ ਨਾਹੀ । ਸਾਚੀ ਸਰਨ ਸਾਚੇ ਸੰਤ, ਜਗਤ ਵਿਛੋੜਾ ਹੋਏ ਨਾਹੀ । ਰਸਨਾ ਨਾਉਂ ਮਣੀਆ ਮੰਤ, ਰੰਗ ਬਸੰਤ ਤਨ ਚੜ੍ਹਾਈ । ਜੋਤੀ ਜੋਤ ਸਰੂਪ ਹਰਿ ਆਪਣੀ ਕਿਰਪਾ ਦੇਵੇ ਕਰ, ਆਤਮ ਘਰ ਵੱਜੇ ਵਧਾਈ । ਵੱਜੇ ਵਧਾਈ ਨਾਦ ਅਨਾਦਾ । ਮਿਲੇ ਮੇਲ ਸਾਚੇ ਮਾਹੀ, ਪਾਏ ਭੇਵ ਬ੍ਰਹਮ ਬ੍ਰਹਿਮਾਦਾ । ਇਕ ਵਖਾਏ ਸਾਚਾ ਥਾਈਂ, ਧਾਮ ਅਗੰਮਾ ਸ਼ਬਦ ਜਣਾਈ ਬੋਧ ਅਗਾਧਾ । ਆਪ ਸਵਾਰੇ ਆਪਣਾ ਕੰਮਾ, ਮਾਨਸ ਦੇਹੀ ਕਾਇਆ ਮਾਟੀ ਝੂਠਾ ਚੰਮਾ, ਦਿਵਸ ਰੈਣ ਜਿਸ ਜਨ ਰਸਨ ਅਰਾਧਾ । ਅਪ ਤੇਜ਼ ਵਾਏ ਪ੍ਰਿਥਮੀ ਆਕਾਸ਼ ਸ਼ਬਦ ਸਰੂਪੀ ਦੇਵੇ ਥੰਮ੍ਹਾ, ਬਹੱਤਰ ਨਾੜੀ ਤਨ ਮਨ ਮਨ ਤਨ ਸਾਚਾ ਬਾਧਾ । ਪੁਰਖ ਅਗੰਮੜਾ ਅਗੰਮ ਅਗੰਮਾ, ਜੋਤੀ ਜੋਤ ਸਰੂਪ ਹਰਿ, ਮੇਲ ਮਿਲਾਏ ਮਾਧਵ ਮਾਧਾ । ਨਾਮ ਵਰ ਜੋ ਜਨ ਪਾਏ । ਮਦਿਰਾ ਮਾਸ ਰਸਨ ਤਜਾਏ । ਸਵਾਸ ਸਵਾਸ ਹਰਿ ਗੁਣ ਗਾਏ ।

੬੧੭ ੦੫

ਆਸ ਪਾਸ ਪ੍ਰਭ ਆਪ ਹੋ ਜਾਏ । ਦਿਵਸ ਰੈਣ ਨਾ ਹੋਏ ਉਦਾਸ, ਚਰਨ ਸਰਨ ਸਰਨ ਚਰਨ ਜੋ ਜਨ ਸੀਸ ਝੁਕਾਏ । ਸ਼ਬਦ ਜਣਾਏ ਪ੍ਰਿਥਮੀ
ਆਕਾਸ਼, ਲੇਖੇ ਲਾਏ ਹੱਡ ਨਾੜੀ ਮਾਸ, ਲਿਖਿਆ ਲੇਖ ਦਸ ਦਸ ਮਾਸ ਚੁਕਾਏ । ਗੁਰਮੁਖ ਸਾਚੇ ਸਦ ਬਲ ਬਲ ਜਾਸ, ਗੁਰ ਮੰਤਰ ਜੋ ਤਨ
ਟਿਕਾਏ । ਗੁਰ ਮੰਤਰ ਆਤਮ ਬ੍ਰਹਮ ਗਿਆਨ ਹੈ, ਦੇਵੇ ਸ਼ਬਦ ਜਣਾਈ । ਜੁਗਾ ਜੁਗੰਤਰ ਸਾਚੀ ਬਾਣ ਹੈ, ਜਨ ਭਗਤਾਂ ਮਿਲੇ ਵਡਿਆਈ ।
ਏਕਾ ਵਣਜ ਸੱਚਾ ਨਾਉਂ ਕਾਇਆ ਝੂਠ ਮਕਾਨ ਹੈ, ਥਿਰ ਰਹਿਣਾ ਮਾਤ ਨਾਹੀ । ਸਾਕ ਸੱਜਣ ਸੈਣ ਮਾਤ ਪਿਤ ਭਾਈ ਭੈਣ ਨਾ ਕੋਈ ਪੀਣ ਖਾਣ
ਹੈ, ਵੇਲੇ ਅੰਤ ਹੋਏ ਜੁਦਾਈ । ਏਕਾ ਏਕ ਗੁਰ ਸ਼ਬਦ ਸੱਚਾ ਨਿਸ਼ਾਨ ਹੈ, ਸਾਚੇ ਘਰ ਹੋਏ ਸਹਾਈ । ਗੁਰਮੁਖ ਵਿਰਲੇ ਲੋਕਮਾਤ ਮਾਰ ਝਾਤ
ਦਰ ਦਵਾਰੇ ਸਾਚੇ ਮਾਣ ਹੈ, ਲੱਖ ਚੁਰਾਸੀ ਫਿਰੇ ਹਲਕਾਈ । ਜੋਤ ਨਿਰੰਜਣ ਨੂਰ ਨੁਰਿੰਤਰ ਕੋਟੀ ਕੋਟ ਭਾਨ ਹੈ । ਜੋਤੀ ਜੋਤ ਸਰੂਪ ਹਰਿ, ਏਕਾ
ਦੇਵੇ ਸ਼ਬਦ ਵਰ, ਸੋਹੰ ਸਾਚਾ ਜਗਤ ਭਗਤ ਏਕਾ ਏਕ ਬਿਬਾਣ ਹੈ । ਸੁਰਤ ਸ਼ਬਦ ਪ੍ਰਭ ਬੰਨ੍ਹੇ ਡੋਰ । ਵੇਖ ਵਖਾਣੇ ਅੰਧੇਰ ਘੋਰ । ਨੇੜ ਨਾ
ਆਇਣ ਪੰਜੇ ਚੋਰ । ਹਰਿ ਬਿਨ ਅਵਰ ਨਾ ਦੀਸੇ ਕੋਈ ਹੋਰ । ਆਪ ਮਿਟਾਏ ਮੋਰ ਤੋਰ । ਨਾਮ ਵਸਤ ਸਚ ਪੱਲੇ ਬਨ੍ਹੇ, ਦਿਵਸ ਰੈਣ ਜਨ
ਖਾਏ ਭੋਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਦੇਵੇ ਸਾਚਾ ਵਰ, ਬੈਠਾ ਹਰਿ ਵੇਖੇ ਮਿੱਠੇ ਕੌੜ । ਕੌੜਾ ਮਿੱਠਾ
ਕਾਇਆ ਰੀਠਾ । ਗੁਰਮੁਖ ਵਿਰਲੇ ਗੁਰ ਆਪਣਾ ਡੀਠਾ । ਸਾਚਾ ਨਾਮ ਪੀਸਨ ਪੀਸਾ । ਚਿੰਤਾ ਸਹਿੰਸਾ ਜਗਤ ਰੋਗ, ਆਤਮ ਤ੍ਰਿਸ਼ਨਾ ਹਲਕਾਈਆ ।
ਗੁਰ ਮੰਤਰ ਰਹੇ ਸਦਾ ਵਿਯੋਗ, ਰਤੀ ਜੋਤੀ ਟਿਕਣ ਨਾ ਪਾਈਆ । ਕਵਣ ਮਿਲਾਏ ਮੇਲਾ ਕਰੇ ਧੁਰ ਸੰਜੋਗ, ਕਿਰਤੀ ਕਿਰਤ ਰਿਹਾ ਕਮਾਈਆ ।
ਆਤਮ ਰਸ ਮਿਲੇ ਸਾਚਾ ਭੋਗ, ਅੰਮ੍ਰਿਤ ਸਾਚਾ ਸੀਰ ਸੀਰਨੀ ਰਸਨਾ ਦਏ ਪਿਲਾਈਆ । ਸ਼ਬਦ ਚੁਗਾਏ ਸਾਚੀ ਚੋਗ, ਨੇੜੇ ਦੂਰ ਦੂਰ ਵਾਟੀ
ਏਕਾ ਘਰ ਵਖਾਈਆ । ਏਕਾ ਮਿਲੇ ਦਰਸ ਅਮੋਘ, ਕਾਇਆ ਕੂੜ ਕੂੜਤੀ ਅੰਤ ਰਹਿਣ ਨਾ ਪਾਈਆ । ਜੁਗਾ ਜੁਗੰਤ ਨਾ ਹੋਏ ਵਿਜੋਗ, ਜਿਸ
ਜਨ ਬਖ਼ਸ਼ੇ ਚਰਨ ਧੂੜਤੀ, ਸਾਚੀ ਬਖ਼ਸ਼ੀ ਆਪ ਆਪਣੀ ਸਰਨਾਗਤੀ, ਲੇਖੇ ਲਾਏ ਮੂਰਖ ਮੁਗਧ ਮੂੜ੍ਹ ਮੂੜ੍ਹਤੀ, ਅਚਲ ਸੁਰਤੀ ਸੁਰਤ ਸਵਾਣੀ
ਜਿਸ ਜਨ ਭੇਟ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪੇ ਹੋਵੇ ਖੇਵਟ ਖੇਟ, ਕਾਇਆ ਖੇੜਾ ਮਿਟਾਏ ਪੰਚਾਂ ਝੇੜਾ, ਇਕ ਵਖਾਏ ਖੁਲ੍ਹਾ ਵਿਹੜਾ,
ਬੇੜਾ ਆਪੇ ਬੰਨ੍ਹੇ ਲਾਈਆ । ਬੇੜਾ ਬੰਨ੍ਹੇ ਲਾਏ ਪਾਰ । ਸ਼ਬਦ ਕਰੇ ਤਨ ਸ਼ਿੰਗਾਰ । ਪੂਰਨ ਇਛਿਆ ਪਾਏ ਭਿਛਿਆ, ਹੋਏ ਰੱਛਿਆ ਵਿਚ ਸੰਸਾਰ ।
ਨੇਤਰ ਲੋਚਨ ਨੈਣ ਜਿਸ ਜਨ ਦਿਸਿਆ, ਆਤਮ ਲਾਹੇ ਝੂਠੀ ਵਿਸਿਆ, ਲੇਖਾ ਤੁੱਟੇ ਪੰਚਮ ਯਾਰ । ਜਗਤ ਵਿਕਾਰਾ ਫੜ ਫੜ ਕੁਠਿਆ, ਤੀਰ
ਨਿਰਾਲਾ ਏਕਾ ਛੁੱਟਿਆ, ਬਜਰ ਕਪਾਟੀ ਜਾਏ ਪਾੜ । ਗੁਰਮੁਖ ਵਿਰਲੇ ਲਾਹਾ ਦਰ ਘਰ ਸਾਚੇ ਲੁੱਟਿਆ, ਅੰਮ੍ਰਿਤ ਆਤਮ ਪੀਤਾ ਏਕਾ ਘੁੱਟਿਆ,
ਦਰਸ਼ਨ ਪਾਏ ਨਰ ਨਿਰੰਕਾਰ । ਆਵਣ ਜਾਵਣ ਮਾਤ ਛੁੱਟਿਆ, ਜਿਸ ਜਨ ਕਿਰਪਾ ਕਰ, ਏਕਾ ਬਖ਼ਸ਼ੇ ਚਰਨ ਪਿਆਰ । ਆਲਸ ਨਿੰਦਰਾ ਜਗਤ
ਵਿਹਾਰ । ਗੁਰ ਪੂਰਾ ਤੋੜੇ ਜਿਸ ਜਨ ਵਜਾ ਜਿੰਦਰਾ, ਅਠੇ ਪਹਿਰ ਰਹੇ ਉਜਿਆਰ । ਕਾਇਆ ਵੇਖੇ ਬਨ ਬਨ ਬਿੰਦਰਾ, ਗੋਪੀ ਕਾਹਨ ਕ੍ਰਿਸ਼ਨ
ਮੁਰਾਰ । ਜੋਤੀ ਜੋਤ ਸਰੂਪ ਹਰਿ, ਜਿਸ ਜਨ ਕਿਰਪਾ ਦੇਵੇ ਕਰ, ਜਗਤ ਤ੍ਰਿਸ਼ਨਾ ਦੇਵੇ ਮਾਰ । ਆਤਮ ਬੋਲੇ ਪਰਦਾ ਖੋਲ੍ਹੇ, ਆਤਮ ਬ੍ਰਹਮ
ਜਣਾਈਆ । ਆਤਮ ਵਸੇ ਸਦਾ ਸਦ ਕੋਲੇ, ਆਤਮ ਵਸੇ ਕਾਇਆ ਚੋਲੇ, ਭੇਵ ਨਾ ਆਇਆ ਰਾਈਆ । ਆਤਮ ਪੂਰੇ ਤੋਲ ਤੋਲੇ, ਦੇਵੀ ਦੇਵ

੬੧੮
੦੫

ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਆਤਮ ਬ੍ਰਹਮ ਜਣਾਈਆ । ਸਤਿਗੁਰ ਸਾਚਾ ਸਾਖਿਆਤ, ਸਗਲ ਸਮਗਰੀ ਸਾਥ । ਗੁਰਮੁਖ ਸਾਚਾ ਪਾਰਜ਼ਾਤ, ਕੌਸਤਕ ਮਣੀਆ ਟਿਕਾ ਮਾਥ । ਦੇਵੇ ਸੱਚਾ ਨਾਮ ਰਾਥ । ਧੁਰ ਦਰਗਾਹੀ ਸਾਚੀ ਦਾਤ, ਮਿਲੇ ਮੇਲ ਹਰਿ ਸੱਜਣ ਸੁਹੇਲ, ਭਗਤ ਵਿਚੋਲਾ ਤ੍ਰੈਲੋਕੀ ਨਾਥ । ਜੋਤੀ ਜੋਤ ਸਰੂਪ ਹਰਿ, ਸਤਿਗੁਰ ਸਾਜਣ ਮੇਲ ਮਿਲਾਏ, ਰਾਜਨ ਰਾਜ ਹਰਿ ਆਪ ਅਖਵਾਏ, ਸਾਜਨ ਸਾਜ ਬਣਤ ਬਣਾਏ, ਲੇਖ ਚੁਕਾਏ ਸੀਆਂ ਸਾਢੇ ਤਿੰਨ ਤਿੰਨ ਹਾਥ । ਸਤਿਗੁਰ ਪੂਰਾ ਪਾਇਆ, ਘਰ ਸਾਚੇ ਵਜੇ ਵਧਾਈ । ਜੋਤੀ ਨੂਰਾ ਜਿਸ ਉਪਾਇਆ, ਅੰਧ ਅੰਧੇਰਾ ਰਿਹਾ ਮਿਟਾਈ । ਨਾਦ ਅਨਾਦੀ ਸ਼ਬਦ ਤੂਰਾ ਇਕ ਸੁਣਾਇਆ, ਸੰਞ ਸਵੇਰਾ ਇਕ ਕਰਾਈ । ਬ੍ਰਹਮ ਬ੍ਰਹਿਮਾਦੀ ਵਿਚ ਸਮਾਇਆ, ਪਾਰਬ੍ਰਹਮ ਭੇਵ ਨਾ ਰਾਈ । ਆਦਿ ਜੁਗਾਦੀ ਇਕ ਅਖਵਾਇਆ, ਬੋਧ ਅਗਾਧੀ ਸ਼ਬਦ ਵਡਿਆਈ । ਮੋਹਣ ਮਾਧਵ ਮਾਧੀ ਬਣ ਕੇ ਆਇਆ, ਕਲਜੁਗ ਖੇਲੇ ਖੇਲ ਆਪ ਰਘੁਰਾਈ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਕਲਜੁਗ ਅੰਤਮ ਅੰਤ ਗੁਰਮੁਖ ਵਿਰਲੇ ਮੇਲ ਮਿਲਾਵਾ ਸਾਚੇ ਕੰਤ, ਮਨਮੁਖ ਜੀਵਾਂ ਰਹੇ ਜੁਦਾਈ । ਨਿਹਕਲੰਕ ਕਲ ਜੋਤ ਜਗਾਏ, ਵੇਦ ਵਿਆਸ ਲਿਖਾਰੀ । ਸਾਚਾ ਡੰਕ ਸ਼ਬਦ ਵਜਾਏ, ਰਾਓ ਰੰਕ ਸੁਹਾਏ ਬੰਕ ਦਵਾਰੀ । ਏਕਾ ਅੰਕ ਆਪ ਹੋ ਜਾਏ, ਚਾਰ ਵਰਨਾਂ ਕਰੇ ਇਕ ਪਸਾਰੀ । ਸਾਧ ਸੰਤ ਜੀਵ ਜੰਤ ਜਗ ਸ਼ੰਕ ਮਿਟਾਏ, ਦਹਿ ਦਿਸ਼ਾ ਵੇਖੇ ਚਾਰ ਦਿਵਾਰੀ । ਗੁਰਮੁਖ ਸਾਚੇ ਭਗਤ ਜਗਾਏ, ਜਿਉਂ ਜਨਕ ਅਨਕ ਬਲਕਾਰੀ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਕਰੇ ਖੇਲ ਅਪਰ ਅਪਾਰੀ । ਨਿਹਕਲੰਕ ਬਲੀ ਬਲਵਾਨਾ । ਆਪ ਉਠਾਏ ਰਾਓ ਰੰਕ, ਵੇਖੇ ਖੇਲ ਦੋ ਜਹਾਨਾ । ਨਾਮ ਰਖਾਏ ਵਾਸੀ ਪੁਰਘਨਕ, ਸ਼ਬਦ ਰਖਾਏ ਤੀਰ ਕਮਾਨਾ । ਆਪੇ ਹੋਏ ਸੰਤ ਕੁਮਾਰਾ, ਅੰਤਮ ਖੇਲੇ ਖੇਲ ਮਹਾਨਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨੌਂ ਖੰਡ ਪ੍ਰਿਥਮੀ ਵੰਡ ਵੰਡਾਨਾ । ਨੌਂ ਖੰਡ ਪ੍ਰਭ ਵੰਡੇ ਵੰਡ, ਕਲਜੁਗ ਦਏ ਦੁਹਾਈਆ । ਸ਼ਬਦ ਫੜੇ ਚੰਡ ਪਰਚੰਡ, ਚਾਰੋਂ ਕੁੰਟ ਦਿਸੇ ਰੰਡ, ਜੂਠ ਝੂਠ ਭੇਖ ਪਖੰਡ ਦਏ ਮਿਟਾਈਆ । ਵੇਖੇ ਖੇਲ ਸਰਬ ਬ੍ਰਹਿਮੰਡ, ਬ੍ਰਹਮਾ ਬ੍ਰਹਮਲੋਕ ਰਿਹਾ ਰਾਹ ਤਕਾਈਆ । ਆਪੇ ਸੁੱਤਾ ਦੇ ਕਰ ਕੰਡ, ਸ਼ਿਵ ਸ਼ੰਕਰ ਅੰਕਰ ਕੰਕਰ ਬਾਸ਼ਕ ਤਸ਼ਕਾ ਗਲ ਲਟਕਾਈਆ । ਕਲਜੁਗ ਔਧ ਗਈ ਹੰਢ, ਸੁਰਪਤ ਰਾਜਾ ਇੰਦ ਕਰੋੜ ਤੇਤੀਸਾ, ਨੇਤਰ ਵੇਖੇ ਹਰਿ ਜਗਦੀਸਾ, ਕਰੇ ਖੇਲ ਬੀਸ ਇਕੀਸਾ, ਲੋਕਮਾਤ ਵੱਜੇ ਵਧਾਈਆ । ਏਕਾ ਛਤਰ ਝੁੱਲੇ ਪ੍ਰਭ ਸਾਚੇ ਸੀਸਾ, ਨਾ ਕੋਈ ਦਿਸੇ ਮੂਸਾ ਈਸਾ, ਕਾਲਾ ਸੂਸਾ ਤਨ ਛੁਹਾਈਆ । ਸ਼ਾਹ ਸੁਲਤਾਨਾਂ ਖਾਲੀ ਖੀਸਾ, ਮਾਇਆ ਰਾਣੀ ਜੂਠਾ ਝੂਠਾ ਪੀਸਣ ਪੀਸਾ, ਨਾਮ ਰਤੀ ਕਿਸੇ ਹੱਥ ਨਾ ਆਈਆ । ਜੋਤ ਸਰੂਪੀ ਦਰ ਦਰ ਘਰ ਘਰ ਜਾਏ ਦੇ ਸਮਝਾਵੇ ਮਤੀ, ਸ਼ਬਦ ਸੁਹਾਗਣ ਨਾਰ ਵੇਖੇ ਅੰਤਮ ਹੋਏ ਸਤੀ, ਜੋਤੀ ਲੰਬੂ ਏਕਾ ਲਾਈਆ । ਏਕਾ ਏਕ ਨਰ ਹਰਿ ਸਾਚਾ ਕਮਲਾਪਤੀ, ਦੀਪਕ ਜੋਤੀ ਦੇਵੇ ਬੱਤੀ, ਕਲਜੁਗ ਵਾ ਨਾ ਲਗੇ ਤੱਤੀ, ਆਪ ਆਪਣੇ ਅੰਕ ਸਮਾਈਆ । ਬੰਕ ਦਵਾਰਾ ਇਕ ਸੁਹਾਏ ਆਪੇ ਜਾਣੇ ਮਿਤ ਗਤੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬੰਕ ਦਵਾਰਾ ਦੇਵੇ ਮਾਤ ਸੁਹਾਈਆ । ਬੰਕ ਦਵਾਰਾ ਇਕ ਸੁਹਾਉਣਾ । ਜੋਤ ਨਿਰੰਕਾਰਾ ਆਕਾਰ ਕਰਾਉਣਾ । ਸ਼ਬਦ ਜੈਕਾਰਾ ਏਕਾ ਤਾੜਾ ਸੋਹੰ ਸੋ ਜੋਤੀ ਧਾਗੇ ਪ੍ਰਭ ਆਪ ਪਰੋ, ਲੋਕਮਾਤ ਮਾਰ ਝਾਤ ਪੁਰਖ ਬਿਧਾਤ ਗੁਰਮੁਖਾਂ ਗਲ ਲਟਕਾਉਣਾ । ਲੇਖਾ ਚੁੱਕੇ ਜ਼ਾਤ ਪਾਤ ਰਾਓ ਰੰਕ ਰੰਕ ਰਾਜਾਨ ਸ਼ਾਹ ਸੁਲਤਾਨ ਏਕਾ ਧਾਮ ਸੁਹਾਉਣਾ ।


੬੧੯ ੦੫

ਵੇਖੇ ਖੇਲ ਵਾਲੀ ਦੋ ਜਹਾਨ, ਨਾਮ ਝੁਲਾਏ ਸ਼ਬਦ ਨਿਸ਼ਾਨ, ਸੱਤਾਂ ਰੰਗਾਂ ਰੰਗ ਰੰਗਾਉਣਾ । ਜਮਨ ਕਿਨਾਰਾ ਖੇਲ ਮਹਾਨ, ਆਪੇ ਵੇਖੇ ਗੋਪੀ ਕਾਹਨ, ਰਮਈਆ ਰਾਮਾ ਇਕ ਵਜਾਏ ਨਾਮ ਦਮਾਮਾ, ਲੱਖ ਚੁਰਾਸੀ ਏਕਾ ਤਾਮਾ, ਲਾੜੀ ਮੌਤ ਨਾ ਕੋਈ ਛੱਡੇ ਨਾਰੀ ਖੌਂਤ, ਸਾਚਾ ਸਗਨ ਮੁਖ ਲਗਾਉਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਕਲਜੁਗ ਲੇਖਾ ਅੰਤ ਮਿਟਾਉਣਾ । ਸੁਣੇ ਬੇਨੰਤੀ ਦਿਆਲ ਕਿਰਪਾਲ, ਦਇਆ ਨਿਧ ਦਾਤਾ । ਗੁਰਮੁਖ ਸਾਚੇ ਲਾਲ ਪਾਲ, ਆਪੇ ਹੋਏ ਪਿਤਾ ਮਾਤਾ । ਸੱਤ ਸਰੋਵਰ ਮਾਰੇ ਇਕ ਉਛਾਲ, ਚੌਦਾਂ ਹੱਟਾਂ ਬ੍ਰਹਮਾ ਗਿਆਤਾ । ਅੰਮ੍ਰਿਤ ਨੁਹਾਏ ਆਤਮ ਸਾਚੇ ਤਾਲ, ਕਾਲ ਮਹਾਂਕਾਲ ਆਪਣੇ ਹੱਥ ਰਖਾਤਾ । ਆਪੇ ਚਲੇ ਆਪਣੀ ਚਾਲ, ਜਨ ਭਗਤਾਂ ਰਿਹਾ ਸੁਰਤ ਸੰਭਾਲ, ਦੇਵੇ ਸ਼ਬਦ ਸੱਚੀ ਸੁਗਾਤਾ । ਗਗਨ ਵੇਖੇ ਸਾਚਾ ਥਾਲ, ਜੋਤੀ ਜਗੇ ਅਨਮੁਲੜੇ ਲਾਲ, ਰਾਗ ਸੁਣਾਏ ਸਾਚੀ ਗਾਥਾ । ਫ਼ਲ ਲਗਾਏ ਕਾਇਆ ਡਾਲ੍ਹ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕ ਚੜ੍ਹਾਏ ਦਇਆ ਕਮਾਏ ਸ਼ਬਦ ਸਾਚੇ ਰਾਥਾ । ਸ਼ਬਦ ਰਥ ਇਕ ਚੜ੍ਹਾਏ, ਆਪੇ ਹੋਏ ਨਿਹਕਰਮੀ । ਸਗਲ ਵਸੂਰੇ ਮਥ ਵਖਾਏ, ਸਤਿ ਪੁਰਖ ਸਾਚਾ ਧਰਮੀ । ਲੇਖਾ ਸਾਢੇ ਤਿੰਨ ਹੱਥ ਚੁਕਾਏ, ਗੁਰਮੁਖ ਆਤਮ ਮਿਲੇ ਮੇਲ ਪਰਮਾਤਮ ਨਾ ਮਰੇ ਨਾ ਕਦੇ ਜਰਮੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚੇ ਮੰਦਰ ਬੈਠਾ ਵੜ, ਕਾਇਆ ਅੰਧੇਰੀ ਡੂੰਘੀ ਵਰਮੀ । ਦੇਵੇ ਅਸੀਸ ਹਰਿ ਜਗਦੀਸ, ਰਸਨਾ ਮੰਗਲ ਗਾਇਆ । ਲੇਖੇ ਲੱਗੇ ਦੰਦ ਬਤੀਸ, ਪੁਰਖ ਅਬਿਨਾਸ਼ੀ ਘਟ ਘਟ ਵਾਸੀ ਹਿਰਦੇ ਅੰਦਰ ਰਸਨਾ ਮੰਗਲ ਗਾਇਆ । ਹਰਿਜਨ ਨਾ ਕੋਈ ਕਰੇ ਤੇਰੀ ਰੀਸ, ਮਨਮੁਖ ਜੀਵਾਂ ਮਾਇਆ ਭਰਮ ਭੁਲਾਇਆ । ਏਕਾ ਛਤਰ ਝੁੱਲੇ ਜਨ ਤੇਰੇ ਸਾਚੇ ਸੀਸ, ਗੁਰ ਪੂਰੇ ਜਿਸ ਸਿਰ ਹੱਥ ਟਿਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਸੰਗਤ ਆਵਣ ਜਾਵਣ ਪਤਤ ਪਾਵਨ ਦਰ ਦਵਾਰੇ ਬੰਕ, ਸੰਤ ਸੁਹੇਲੇ ਸਾਚੇ ਮੰਦਰ ਲੇਖੇ ਲਾਇਆ । ਸੰਤ ਦਵਾਰਾ ਇਕ ਹੈ, ਏਕਾ ਹਰਿ ਹਰਿ ਨਾਉਂ । ਗੁਰਮੁਖ ਉਜਲ ਮੁਖ ਹੈ, ਮਿਲੇ ਮੇਲ ਅਗੰਮ ਅਥਾਹੇ । ਤੀਜੇ ਨੇਤਰ ਲੈਣਾ ਵੇਖ ਹੈ, ਸਦ ਵਸੇ ਜੋਤੀ ਛਾਉਂ । ਚੌਥੇ ਘਰ ਆਪ ਬਿਬੇਕ ਹੈ, ਕਰੇ ਸਚ ਨਿਆਂਓ । ਪੰਚਮ ਬੈਠਾ ਰਿਹਾ ਵੇਖ ਹੈ, ਨਾ ਕੋਈ ਪਿਤਾ ਨਾ ਕੋਈ ਮਾਉਂ । ਛੇਵੇਂ ਲਿਖਣਹਾਰਾ ਲੇਖ ਹੈ, ਪੁਰੀਆਂ ਲੋਆਂ ਘਟ ਘਟ ਵਾਸੀ ਸਭਨੀ ਥਾਉਂ । ਸਤਵੇਂ ਸਤਿ ਪੁਰਖ ਨਿਰੰਜਣ ਦੁੱਖ ਦਰਦ ਭੈ ਭੰਜਨ ਏਕਾ ਏਕ ਜਨ ਭਗਤਾਂ ਸਾਚੀ ਟੇਕ ਹੈ, ਅਗੰਮ ਅਗੰਮ ਅਗੰਮ ਵਸੇ ਅਗੰਮ ਅਥਾਹੋ ।



★ ੧੩ ਚੇਤ ੨੦੧੩ ਬਿਕ੍ਰਮੀ ਗੁਰਦਿਆਲ ਸਿੰਘ ਦੇ ਗ੍ਰਿਹ ਪਿੰਡ ਨਾਥੇਵਾਲ ਜ਼ਿਲਾ ਫਿਰੋਜ਼ਪੁਰ ★

ਸ਼ਬਦ ਤੋੜਾ ਨਾਮ ਕਲਗੀ, ਪ੍ਰਭ ਸਾਚੇ ਆਪ ਸਜਾਈਆ । ਜੋਤੀ ਸ਼ਬਦ ਜੁੜਿਆ ਜੋੜਾ, ਅਚਰਜ ਬਣਤ ਬਣਾਈਆ । ਸੋਹੰ ਫੜਿਆ ਸਾਚਾ ਘੋੜਾ, ਆਪਣੀ ਹੱਥੀਂ ਤੰਗ ਕਸਾਈਆ । ਧੁਰ ਦਰਗਾਹੀ ਆਇਆ ਦੌੜਾ, ਲੋਕਮਾਤ ਵੇਖ ਵਖਾਈਆ । ਨੌਂ ਖੰਡ ਪ੍ਰਿਥਮੀ ਵੇਖੇ ਇਕ ਦਵਾਰਾ ਲੰਮਾ ਚੌੜਾ, ਸੱਤਾਂ ਦੀਪਾਂ ਰਾਹ ਤਕਾਈਆ । ਲੱਖ ਚੁਰਾਸੀ ਵੇਖੇ ਜੀਵ ਮਿੱਠਾ ਕੌੜਾ, ਘੜਨ ਭੰਨਣਹਾਰ ਆਪ ਅਖਵਾਈਆ । ਪੂਤ ਸਪੂਤਾ ਬ੍ਰਹਿਮਣ

ਗੌੜਾ, ਆਪਣਾ ਆਪ ਉਪਾਈਆ । ਸੰਬਲ ਨਗਰੀ ਆਇਆ ਦੌੜਾ, ਗੋਬਿੰਦ ਧਾਰ ਵਹਾਈਆ । ਭਗਤ ਜਨਾਂ ਮਨ ਲੱਗੀ ਔੜਾ, ਅੰਮ੍ਰਿਤ ਆਤਮ ਰਿਹਾ ਮੁਖ ਚੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨੌਂ ਖੰਡ ਪ੍ਰਿਥਮੀ ਫਿਰੇ ਦੌੜਾ, ਲੋਆਂ ਪੁਰੀਆਂ ਖੋਜ ਖੁਜਾਈਆ । ਸਾਚਾ ਨਾਮ ਜਗਤ ਜਗਦੀਸ ਦਸਤਾਰ, ਪ੍ਰਭ ਆਪਣੇ ਸੀਸ ਟਿਕਾਈਆ । ਖੰਡ ਬ੍ਰਹਿਮੰਡ ਵਰਭੰਡ ਪ੍ਰਭ ਕਰੇ ਵਿਹਾਰ, ਰਾਗ ਛਤੀਸਾ ਭੇਵ ਨਾ ਰਾਈਆ । ਪੁਰੀਆਂ ਲੋਆਂ ਗਗਨ ਪਤਾਲਾਂ ਕਰੇ ਖ਼ਬਰਦਾਰ, ਬੀਸ ਇਕੀਸਾ ਦਏ ਦੁਹਾਈਆ । ਨਾ ਕੋਈ ਦੀਸੇ ਮੁਹਮੰਦੀ ਯਾਰ, ਈਸਾ ਮੂਸਾ ਕਾਲਾ ਸੂਸਾ ਤਨ ਛੁਹਾਈਆ । ਵੇਦ ਪੁਰਾਨਾਂ ਆਈ ਹਾਰ, ਵਿਚ ਜਹਾਨਾਂ ਰਹਿਣ ਨਾ ਪਾਈਆ । ਪਰਗਟ ਹੋਏ ਨਿਹਕਲੰਕ ਨਰਾਇਣ ਨਰ ਅਵਤਾਰ, ਸ਼ਬਦ ਦਮਾਮਾ ਇਕ ਵਜਾਈਆ । ਕਰੇ ਕਰਾਏ ਆਪਣੀ ਕਾਰ, ਆਪਣੇ ਭਾਣੇ ਵਿਚ ਸਮਾਈਆ । ਨਾ ਕੋਈ ਜਾਣੇ ਜੀਵ ਜੰਤ ਸਾਧ ਸੰਤ, ਭਰਮੇ ਭੁੱਲੀ ਲੋਕਾਈਆ । ਪ੍ਰਭ ਮਾਇਆ ਪਾਈ ਬੇਅੰਤ, ਦੀਰਘ ਰੋਗ ਵਧਾਈਆ । ਆਪੇ ਬੈਠਾ ਰਹੇ ਇਕੰਤ, ਦਿਸ ਕਿਸੇ ਨਾ ਆਈਆ । ਗੁਰਮੁਖ ਵਿਰਲੇ ਮੇਲ ਮਿਲਾਵਾ ਸਾਚੇ ਕੰਤ, ਆਤਮ ਸਾਚੀ ਜੋਤ ਜਗਾਈਆ । ਤ੍ਰੈਗੁਣ ਮਾਇਆ ਕਰੇ ਭਸਮੰਤ, ਬ੍ਰਹਮਾ ਵਿਸ਼ਨ ਸ਼ਿਵ ਰਿਹਾ ਉਪਾਈਆ । ਆਪੇ ਆਪ ਬਣਾਏ ਆਪਣੀ ਬਣਤ, ਜੁਗਾ ਜੁਗੰਤਰ ਖੇਲ ਰਚਾਈਆ । ਕਲਜੁਗ ਤੇਰਾ ਅੰਤਮ ਅੰਤ, ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਏਕਾ ਸ਼ਬਦ ਡੰਕ ਵਜਾਈਆ । ਸ਼ਬਦ ਡੰਕ ਹਰਿ ਅਪਾਰ, ਪ੍ਰਭ ਆਪਣਾ ਆਪ ਵਜਾਇਆ ਏ । ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਕਰੇ ਖ਼ਬਰਦਾਰ, ਵੀਹ ਸੌਂ ਤੇਰਾਂ ਬਿਕ੍ਰਮੀ ਭੇਵ ਖੁਲ੍ਹਾਇਆ ਏ । ਭਗਤ ਜਨਾਂ ਹਰਿ ਪਹਿਰੇਦਾਰ, ਚੋਬਦਾਰੀ ਸੇਵ ਕਮਾਇਆ ਏ । ਸ਼ਬਦ ਫੜ ਖੰਡਾ ਦੋ ਧਾਰ, ਮਾਰੀ ਜਾਏ ਵਾਰੋ ਵਾਰ, ਦਹਿ ਦਿਸ਼ਾ ਵੇਖ ਵਖਾਇਆ ਏ । ਨਾ ਕੋਈ ਦਿਸੇ ਜੀਵ ਗਵਾਰ, ਮਾਇਆ ਰਾਣੀ ਕਰੇ ਖੁਆਰ, ਕਾਲ ਦਿਆਲ ਮਹਾਂਕਾਲ ਪ੍ਰਭ ਸਾਚੇ ਭੇਵ ਮਿਟਾਇਆ ਏ । ਜਨ ਭਗਤਾਂ ਦੇਵੇ ਸ਼ਬਦ ਦਲਾਲ, ਅੱਠੇ ਪਹਿਰ ਕਰੇ ਰਖਵਾਲ, ਸਾਚਾ ਮਾਰਗ ਰਿਹਾ ਵਖਾਇਆ ਏ । ਆਪੇ ਸ਼ਾਹ ਆਪੇ ਕੰਗਾਲ, ਗੁਰਮੁਖ ਸਾਚੇ ਸੰਤ ਸੁਹੇਲੇ, ਆਪ ਉਠਾਏ ਆਪਣੇ ਲਾਲ, ਸਾਚੀ ਗੋਦ ਰਿਹਾ ਉਠਾਲ, ਫ਼ਲ ਲਗਾਏ ਕਾਇਆ ਡਾਲ, ਅੰਮ੍ਰਿਤ ਨੁਹਾਏ ਸਾਚੇ ਤਾਲ, ਸਾਚੇ ਤੀਰਥ ਇਕ ਇਸ਼ਨਾਨ ਕਰਾਇਆ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਗੋਬਿੰਦਾ ਵਾਲੀ ਹਿੰਦਾ ਹਰਿ ਜਗਦੀਸਾ, ਛਤਰ ਝੁਲਾਏ ਸਾਚੇ ਸੀਸਾ, ਦੂਸਰ ਕੋਈ ਰਹਿਣ ਨਾ ਪਾਇਆ ਏ । ਹਰਿ ਜਗਦੀਸਾ ਹਰਿ ਬਨਵਾਰੀ, ਅਲਖ ਨਿਰੰਜਣ ਆਇਆ । ਕਰੇ ਖੇਲ ਬੀਸ ਇਕੀਸਾ, ਗੁਰਮੁਖ ਸਾਚੇ ਸੰਤ ਜਨਾਂ ਚਰਨ ਧੂੜੀ ਸਾਚਾ ਮਜਨ ਏਕਾ ਏਕ ਰਿਹਾ ਕਰਾਇਆ । ਕਲਜੁਗ ਮਨਮੁਖ ਜੀਵ ਭਾਂਡੇ ਕਾਚੇ ਅੰਤਮ ਕਲਜੁਗ ਭੱਜਣ, ਵੇਲੇ ਅੰਤਮ ਕੋਈ ਸਾਰ ਨਾ ਪਾਇਆ । ਭਗਤ ਜਨਾਂ ਆਤਮ ਘਰ ਤਾਲ ਸਾਚੇ ਵੱਜਣ, ਅਨਹਦ ਰਾਗ ਰਿਹਾ ਸੁਣਾਇਆ । ਮਦਿਰਾ ਮਾਸ ਜੋ ਜਨ ਤਜਣ, ਮਿਲੇ ਮੇਲ ਪ੍ਰਭ ਸਾਚੇ ਸੱਜਣ, ਕਾਲਾ ਕਲ ਵੇਲਾ ਅੰਤਮ ਆਇਆ । ਦਰ ਦਵਾਰੇ ਬਹਿ ਬਹਿ ਸਜਣ, ਅੰਮ੍ਰਿਤ ਆਤਮ ਪੀ ਪੀ ਰੱਜਣ, ਪੁਰਖ ਅਬਿਨਾਸ਼ੀ ਪੜਦੇ ਕੱਜਣ, ਸਭ ਦੇ ਉਪਰ ਪੜਦਾ ਪਾਇਆ । ਆਪੇ ਮੱਕਾ ਕਾਅਬਾ ਹਾਜ਼ੀ ਹਜਨ, ਗੁਰ ਦਰ ਦਵਾਰ ਮੰਦਰ ਮਸੀਤ ਨੌਂ ਦਵਾਰੇ ਪਰਖੇ ਨੀਤ ਦਸਵੇਂ ਘਰ ਆਸਣ ਲਾਇਆ । ਨੇਹਕਲੰਕ ਚਲਾਈ ਅਚਰਜ ਰੀਤ, ਇਕ ਸੁਣਾਏ ਸੁਹਾਗੀ ਗੀਤ, ਮੰਗਲਾਚਾਰ ਕਰ ਪਿਆਰ ਸਾਚੇ ਘਰ ਰਿਹਾ ਜਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚਾ

੬੨੧
੦੫

ਤੋੜਾ ਨਾਮ ਏਕਾ ਏਕ ਸੀਸ ਰਖਾਇਆ । ਨਾਮ ਤੋੜਾ ਅਲਖ ਨਿਰੰਜਣ ਅਲਖ ਰਿਹਾ ਜਗਾਈਆ । ਅਲਖ ਜਗਾਏ ਵੱਖ ਕਰਾਏ ਪਰਤਖ ਹੋ ਜਾਏ, ਸਾਕ ਸੱਜਣ ਸੈਣ ਆਪ ਅਖਵਾਈਆ । ਸ੍ਰਿਸ਼ਟ ਸਬਾਈ ਕੱਖ ਹੋ ਜਾਏ, ਦਰ ਦਵਾਰਾ ਸਖ ਹੋ ਜਾਏ, ਅੰਤਮ ਅੰਤ ਕੋਈ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਕਲਜੁਗ ਅੰਤਮ ਲੋਕਮਾਤ ਜੋਤ ਧਰ, ਆਪਣੀ ਕਲ ਆਪ ਵਰਤਾਈਆ । ਵਰਤੇ ਕਲ ਕਲਾ ਕਲ ਧਾਰੀ, ਭੇਵ ਕੋਇ ਨਾ ਰਾਇਆ । ਸ਼ਬਦ ਖੰਡਾ ਫੜ ਦੋ ਧਾਰੀ, ਸ੍ਰਿਸ਼ਟ ਸਬਾਈ ਦਏ ਦੁਹਾਈਆ । ਨਾ ਕੋਈ ਦਿਸੇ ਨਰ ਨਾਰੀ, ਦਹਿ ਦਿਸ਼ਾ ਹਾਹਾਕਾਰੀ, ਧਰਮ ਰਾਏ ਏਕਾ ਕੁੰਡਾ ਦਰ ਦਵਾਰੇ ਏਕਾ ਲਾਹਿਆ । ਜੋਤੀ ਜੋਤ ਸਰੂਪ ਹਰਿ, ਲਾੜੀ ਮੌਤ ਮਾਤ ਸ਼ਿੰਗਰੀ, ਲੱਖ ਚੁਰਾਸੀ ਦੇਵੇ ਵਰ ਏਕਾ ਵਾਰੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਅਗੰਮ ਅਗੰਮ ਅਗੰਮ ਅਪਾਰੀ । ਬੀਸ ਸਦ ਤੇਰਾਂ ਤੇਰੀ ਧਾਰ, ਪ੍ਰਭ ਬੰਨ੍ਹੇ ਵਿਚ ਸੰਸਾਰਾ । ਧੁਰ ਦਰਗਾਹੀ ਸਾਚੀ ਕਾਰ, ਕਰੇ ਕਰਾਏ ਮਾਤ ਵਿਹਾਰਾ । ਵੇਖ ਵਖਾਣੇ ਸੰਤ ਸੁਹੇਲੇ ਮੀਤ ਮੁਰਾਰ, ਜਾਏ ਦਰ ਦਵਾਰਾ । ਨੌਂ ਦਵਾਰ ਕਵਣ ਭਿਖਾਰ, ਦਸਵੇਂ ਵੇਖੇ ਰੰਗ ਅਪਾਰਾ । ਪੰਚ ਪੰਚਾਇਣੀ ਮਾਰੇ ਮਾਰ, ਪੰਚਾਂ ਕਵਣ ਕਰੇ ਪਿਆਰਾ । ਨਾਮ ਰਸਾਇਣੀ ਗੁਰ ਸ਼ਬਦ ਸੁਨਿਆਰ, ਆਪੇ ਪਰਖੇ ਪਰਖਣਹਾਰਾ । ਅੰਮ੍ਰਿਤ ਆਤਮ ਵੇਖੇ ਧਾਰ, ਕਵਣ ਦਵਾਰੇ ਵਹੇ ਅਪਾਰਾ । ਕਿਸ ਜਨ ਮੇਲਾ ਨਰ ਨਿਰੰਕਾਰ, ਕਾਇਆ ਖੋਲ੍ਹੇ ਬੰਦ ਕਿਵਾੜਾ । ਕਵਣ ਦਵਾਰੇ ਉਪਜੇ ਸ਼ਬਦ ਸੱਚੀ ਧੁਨਕਾਰ, ਮਿਲੇ ਮੇਲ ਪ੍ਰਭ ਧੁਰ ਦਰਗਾਹੀ ਸਾਚੇ ਲਾੜਾ । ਜੋਤੀ ਜੋਤ ਸਰੂਪ ਹਰਿ, ਆਪ ਆਪਣਾ ਵੇਸ ਕਰ, ਦਰ ਦਰਵੇਸ਼ ਵੇਖੇ ਸ਼ਬਦ ਮਾਤ ਅਖਾੜਾ । ਸ਼ਬਦ ਅਖਾੜਾ ਮਾਤ ਲਗਾਇਆ । ਹਰਿ ਹਰਿ ਮਿਹਰਵਾਨਾ, ਪਿੱਛਾ ਅਗਾੜਾ ਦਿਸ ਕਿਸੇ ਨਾ ਆਇਆ । ਭੁੱਲੇ ਰਾਜ ਰਾਜਾਨਾ, ਸਾਚਾ ਹਿਸਾ ਨਾ ਕਿਸੇ ਵੰਡਾਇਆ । ਸਾਧ ਸੰਤ ਹੋਏ ਨਿਧਾਨਾ, ਮਾਇਆ ਵਿੱਸਾ ਨਾ ਤਨ ਮਨ ਲਾਹਿਆ । ਮਿਲਿਆ ਮੇਲ ਨਾ ਗੁਣ ਨਿਧਾਨਾ, ਅਮਰਾਪਦ ਘਰ ਨਾ ਸਾਚਾ ਪਾਇਆ । ਸ਼ਬਦ ਨਾ ਉਪਜੇ ਸਚ ਤਰਾਨਾ, ਆਪ ਆਪਣਾ ਨਾ ਜਨ ਗਵਾਇਆ । ਸੁਣਿਆ ਰਾਗ ਨਾ ਸਾਚਾ ਕਾਨਾ, ਭਾਂਡਾ ਭਰਮ ਨਾ ਭੰਨ ਵਖਾਇਆ । ਮਿਲਿਆ ਨਾਮ ਨਾ ਸੱਚਾ ਦਾਨਾ, ਆਪਣਾ ਬੇੜਾ ਨਾ ਬੰਨ੍ਹ ਵਖਾਇਆ । ਅੰਮ੍ਰਿਤ ਆਤਮ ਸਰ ਨਾ ਕੀਆ ਇਸ਼ਨਾਨਾ, ਦਸਮ ਦਵਾਰੀ ਉਪਰ ਚੜ੍ਹ ਸਚ ਮਹੱਲ ਅਟੱਲ ਕਿਸੇ ਨਾ ਪਾਇਆ । ਕਾਇਆ ਮੰਦਰ ਹੋਇਆ ਸੁੰਞ ਵੈਰਾਨਾ, ਗੁਰਮੁਖ ਵਿਰਲੇ ਸੰਤ ਸੁਹੇਲੇ ਅਛਲ ਅਛੱਲ ਮੇਲ ਮਿਲਾਇਆ ।

ਹੱਥੀਂ ਬੰਨ੍ਹੇ ਗਾਨਾ, ਕਲਜੁਗ ਕਾਲਖ ਟਿੱਕਾ ਮਸਤਕ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਭਰਮ ਭੁਲੇਖਾ ਜਗਤ ਜਹਾਨਾ ਦੇਵੇ ਪਾਇਆ । ਮਸਤਕ ਟਿੱਕਾ ਕਾਲੀ ਸ਼ਾਹੀ, ਕਲਜੁਗ ਕਾਲੀ ਰੇਖਾ । ਪਰਗਟ ਹੋਇਆ ਨਰ ਨਰਾਇਣਾ, ਜੋਤ ਸਰੂਪੀ ਧਾਰੇ ਭੇਖਾ । ਗੁਰਮੁਖਾਂ ਤਨ ਪਹਿਨਾਏ ਸ਼ਬਦ ਗਹਿਣਾ, ਆਤਮ ਅੰਤਰ ਬੁਝਾਏ ਲੱਗੀ ਬਸੰਤਰ, ਲਾਏ ਨਾਮ ਸੱਚੀ ਮੇਖਾ । ਜਗੇ ਜੋਤ ਗਗਨ ਗਗਨੰਤਰ, ਏਕਾ ਜਾਪ ਜਪਾਏ ਸਾਚਾ ਸਤਿਗੁਰ ਹਰਿ ਜਨ ਬੁਧ ਕਰੇ ਬਿਬੇਕਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪਰਗਟ ਹੋਏ ਏਕਮ ਏਕਾ । ਏਕਾ ਏਕੰਕਾਰ ਇਕ ਕਰਾਇਆ । ਜੋਤ ਸਰੂਪੀ ਜਾਮਾ ਧਾਰ, ਸ਼ਬਦ ਸੁਨੇਹੜਾ ਰਿਹਾ ਘਲਾਇਆ । ਆਪੇ ਪਾਏ ਦਰ ਘਰ ਸਾਰ, ਨਗਰ ਖੇੜਾ ਵੇਖ ਵਖਾਇਆ । ਸ੍ਰਿਸ਼ਟ ਸਬਾਈ ਸਾਂਝਾ ਯਾਰ, ਅੱਠੇ ਪਹਿਰ ਕਰੇ ਪਿਆਰ, ਨੇਤਰ ਨੈਣ ਲੋਚਨ ਦਿਸ ਕਿਸੇ ਨਾ ਆਇਆ । ਜੋਤੀ ਜੋਤ ਸਰੂਪ

ਹਰਿ, ਆਪ ਆਪਣੀ ਜੋਤ ਧਰ, ਚਾਰੋਂ ਕੁੰਟ ਵੇਖ ਵਿਚਾਰ, ਸਾਚਾ ਮਾਰਗ ਏਕਾ ਏਕ ਰਿਹਾ ਵਖਾਇਆ । ਕਵਣ ਦਵਾਰੇ ਦਰਸ਼ਨ ਪਾਈਏ, ਹੋਏ ਸਾਂਤ ਸਰੀਰਾ । ਆਪ ਆਪਣਾ ਭਰਮ ਚੁਕਾਈਏ, ਮਿਲੇ ਮੇਲ ਗਹਿਰ ਗੰਭੀਰਾ । ਪੂਰਬ ਲਹਿਣਾ ਕਰਮ ਕਮਾਈਏ, ਅੰਮ੍ਰਿਤ ਆਤਮ ਮਿਲੇ ਠੰਢਾ ਸੀਰਾ । ਮਾਨਸ ਜਨਮ ਲੇਖੇ ਲਾਈਏ, ਹਉਮੇ ਰੋਗ ਗਵਾਈਏ ਪੀੜਾ । ਭਰਮ ਭੁਲੇਖੇ ਦੂਰ ਕਰਾਈਏ । ਏਕਾ ਅੰਕ ਸਮਾਏ ਹਸਤ ਕੀੜਾ । ਨਿੱਝ ਘਰ ਆਸਣ ਲਾਈਏ, ਲੇਖੇ ਲਾਈਏ ਕਾਇਆ ਜੀਅੜਾ । ਕਾਇਆ ਮੰਡਲ ਸਾਚੀ ਰਾਸ, ਪੁਰਖ ਅਬਿਨਾਸ਼ ਰਸਨਾ ਗਾਈਏ । ਅੰਤਮ ਅੰਤ ਬੰਨ੍ਹੇ ਬੇੜਾ । ਸਵਾਸ ਸ਼ਬਦ ਸਵਾਸ ਸ਼ਬਦ ਹਰਿ ਗੁਣ ਗਾਈਏ । ਸਰਬ ਗੁਣਤਾਸ ਦਰਸ਼ਨ ਪਾਈਏ । ਜੋਤੀ ਜੋਤ ਸਰੂਪ ਹਰਿ, ਨੇਤਰ ਨੈਣ ਦਰਸ ਕਰ, ਜਗਤ ਰੋਗ ਭਗਤ ਵਿਜੋਗ ਧੁਰ ਸੰਜੋਗ ਏਕਾ ਦਰ ਏਕਾ ਘਰ ਏਕਾ ਸਰ ਏਕਾ ਫੜਾਏ ਨਾਮ ਲੜ, ਕਾਇਆ ਮੰਦਰ ਜਾਣਾ ਚੜ੍ਹ, ਅੰਤਮ ਅੰਤ ਵੇਖ ਦਰ । ਕਾਇਆ ਮੰਦਰ ਔਖੀ ਘਾਟੀ, ਗੁਰਮੁਖ ਵਿਰਲਾ ਚੜ੍ਹਿਆ । ਲੱਖ ਚੁਰਾਸੀ ਫਿਰੇ ਅੱਠ ਸੱਠ ਤੀਰਥ ਤਾਟੀ, ਦਰ ਘਰ ਸਾਚੇ ਨਾ ਕੋਇ ਵੜਿਆ । ਚਾਰ ਵਰਨਾਂ ਖੇਲ ਬਾਜ਼ੀਗਰ ਨਾਟੀ, ਪੰਚ ਵਿਕਾਰਾ ਅੰਦਰ ਸੜਿਆ । ਜਗੇ ਜੋਤ ਨਾ ਕਾਇਆ ਮਾਟੀ, ਜੂਠਾ ਝੂਠਾ ਘਾੜਨ ਘੜਿਆ । ਮਿਲੇ ਨਾਮ ਨਾ ਸਾਚੀ ਹਾਟੀ, ਚੌਦਾਂ ਹੱਟ ਚੌਦਾਂ ਲੋਕ ਅਗੇ ਖੜਿਆ । ਗੁਰਮੁਖ ਵਿਰਲੇ ਬਜਰ ਕਪਾਟੀ ਪਾਟੀ, ਏਕਾ ਅੱਖਰ ਜਗਤ ਵਖਰ ਗੁਰ ਮੰਤਰ ਸਾਚਾ ਪੜ੍ਹਿਆ । ਜਗੇ ਜੋਤ ਮਸਤਕ ਲਿਲਾਟੀ, ਮਿਲੇ ਮੇਲ ਪੁਰਖ ਅਬਿਨਾਸ਼ੀ, ਨਾ ਕੋਈ ਸੀਸ ਨਾ ਕੋਈ ਧੜਿਆ । ਕਿਸੇ ਹੱਥ ਨਾ ਆਏ ਪੰਡਤ ਕਾਂਸ਼ੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚ ਮਹੱਲੇ ਉਚ ਅਟੱਲੇ ਸ਼ਬਦ ਸਿੰਘਾਸਣ ਇਕ ਵਿਛਾਏ, ਆਤਮ ਸੇਜਾ ਚਰਨ ਟਿਕਾਏ, ਸ਼ਬਦ ਕਿਵਾੜੀ ਵਿਕਾਰ ਹੰਕਾਰੀ ਏਕਾ ਜੰਦਰ ਜੜਿਆ । ਏਕਾ ਜੰਦਰ ਲਾਇਆ ਅੰਦਰ, ਨਾ ਸਕੇ ਕੋਈ ਤੁੜਾਇਆ । ਰੈਣ ਅੰਧੇਰੀ ਕਾਇਆ ਡੂੰਘੀ ਕੰਦਰ, ਦਿਸ ਕਿਸੇ ਨਾ ਆਇਆ । ਦਰ ਦਵਾਰੇ ਨੌਂ ਮਨਮੁਖ ਜੀਵ ਰਹੇ ਭੌਂ । ਭੇਖਾਧਾਰੀ ਘਰ ਘਰ ਫਿਰਦੇ ਬੰਦਰ, ਪਾਰਬ੍ਰਹਮ ਬ੍ਰਹਮ ਹੱਥ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਜਿਸ ਜਨ ਦੇਵੇ ਨਾਮ ਵਰ, ਏਕਾ ਧਰਮ ਏਕਾ ਜਰਮ ਮਾਨਸ ਦੇਹੀ ਭਗਤ ਸਨੇਹੀ ਲੇਖੇ ਲਏ ਲਗਾਇਆ । ਲੇਖੇ ਲੱਗੇ ਕਾਇਆ ਤਨ, ਜਿਸ ਜਨ ਦਇਆ ਕਮਾਈਆ । ਸ਼ਬਦ ਡੋਰੀ ਦਏ ਬੰਨ੍ਹ, ਸਚ ਨੱਥ ਪਵਾਈਆ । ਏਕਾ ਰਾਗ ਸੁਣਾਏ ਕੰਨ, ਸਮਰਥ ਹੱਥ ਵਡਿਆਈਆ । ਇਕ ਚੜ੍ਹਾਏ ਸਾਚਾ ਚੰਨ, ਮਹਿੰਮਾ ਅਕੱਥ ਕਥੀ ਨਾ ਜਾਈਆ । ਨੌਂ ਦਵਾਰੇ ਕਰੇ ਖੰਨ ਖੰਨ, ਪੰਚ ਪੰਚਾਇਣੀ ਮਥ ਵਖਾਈਆ । ਸੁੱਕਾ ਕਰੇ ਹਰਿਆ ਤਨ ਮਨ, ਸਾਚੀ ਵਥ ਇਕੋ ਝੋਲੀ ਪਾਈਆ । ਧਰਮ ਰਾਏ ਨਾ ਦੇਵੇ ਡੰਨ, ਲੱਖ ਚੁਰਾਸੀ ਜਮ ਕੀ ਫਾਸੀ ਪੁਰਖ ਅਬਿਨਾਸ਼ੀ ਆਪੇ ਰਿਹਾ ਕਟਾਈਆ । ਮਿਲੇ ਮੇਲ ਹਰਿ ਸ਼ਾਹੋ ਸ਼ਾਬਾਸੀ, ਚਰਨ ਕਵਲ ਹੋਵੇ ਦਾਸਨ ਦਾਸੀ, ਕਾਇਆ ਮੰਡਲ ਸਾਚੀ ਰਾਸੀ, ਗਗਨ ਪਤਾਲਾਂ ਏਕਾ ਰਾਹ ਵਖਾਈਆ । ਮਿਲੇ ਮੇਲ ਘਨਕਪੁਰ ਵਾਸੀ, ਗੁਰਮੁਖ ਸਾਚੇ ਬਲ ਬਲ ਜਾਸੀ, ਆਤਮ ਸਵਾਸੀ ਸ਼ਬਦ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪਵਣ ਉਨੰਜਾ ਧਾਰ ਬਵੰਜਾ ਏਕਾ ਬਾਰ ਕਰ ਵਿਚਾਰ ਰਿਹਾ ਚਲਾਈਆ । ਧਾਰ ਬਵੰਜਾ ਬਵੰਜਾ ਅੱਖਰ ਭੇਵ ਕੋਇ ਨਾ ਪਾਇਆ । ਲੇਖਾ ਲਿਖੇ ਨਾ ਕੋਇ ਬਜਰ ਕਪਾਟੀ ਪੱਥਰ, ਨੇਤਰ ਅੱਥਰ ਰਿਹਾ ਵਹਾਇਆ । ਗੁਰ ਪੀਰ ਔਲੀਏ ਸਾਧ ਸੰਤ ਲੱਭੇ ਸੱਥਰ, ਆਦਿ ਅੰਤ ਕੋਈ ਦਿਸ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗਾ ਜੁਗੰਤਰ

ਕਰੇ ਖੇਲ ਰਘੁਰਾਇਆ । ਜੁਗਾ ਜੁਗੰਤਰ ਪ੍ਰਭ ਕਾਰ ਕਮਾਏ, ਆਪ ਬਣਾਏ ਆਪਣੀ ਬਣਤਾ, ਜੋਤ ਸਰੂਪੀ ਜਾਮਾ ਪਾਏ, ਦਇਆ ਕਮਾਏ ਸਾਧਨ ਸੰਤਾ । ਆਪ ਆਪਣਾ ਸ਼ਬਦ ਜਣਾਏ, ਮੇਲ ਮਿਲਾਏ ਸਾਚੇ ਕੰਤਾ । ਦਵਾਰ ਬੰਕਾ ਇਕ ਵਖਾਏ, ਕਾਇਆ ਚੋਲੀ ਸਾਚੀ ਰੰਗਤਾ, ਹਰਿਜਨ ਘੋਲ ਘੋਲੀ ਚਰਨ ਪ੍ਰੀਤੀ ਸੇਵ ਕਮਾਏ, ਦਰ ਦਵਾਰੇ ਹੋਏ ਮੰਗਤਾ, ਸੁਰਤ ਸਵਾਣੀ ਹੋਈ ਭੋਲੀ ਭਾਲੀ, ਆਪ ਜਗਾਏ ਆਪ ਉਠਾਏ ਆਪ ਰਖਾਏ ਅੰਗਤਾ । ਸ਼ਬਦ ਡੋਲੀ ਵਿਚ ਬਹਾਏ, ਨਾਮ ਗੋਲੀ ਸੰਗ ਰਲਾਏ, ਲੋਆਂ ਪੁਰੀਆਂ ਆਪੇ ਲੰਘਤਾ । ਕਲਜੁਗ ਬੋਲੀ ਆਪ ਵਿਆਹੇ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦਹਿ ਦਿਸ਼ਾ ਨੌਂ ਖੰਡ ਪ੍ਰਿਥਮੀ ਵੇਖੇ ਜਨਤਾ । ਕਲਜੁਗ ਤੇਰੀ ਅੰਤਮ ਬੋਲੀ, ਪ੍ਰਭ ਸਾਚਾ ਲਏ ਵਿਆਹੀਆ । ਲੱਖ ਚੁਰਾਸੀ ਪਾਏ ਏਕਾ ਡੋਲੀ, ਆਪ ਆਪਣੇ ਕੰਧ ਉਠਾਈਆ । ਜੂਠ ਝੂਠ ਨਾਲ ਰਲਾਏ ਗੋਲੀ, ਮਾਇਆ ਮਮਤਾ ਬਸਤਰ ਤਨ ਪਹਿਨਾਈਆ । ਆਤਮ ਪੜਦੇ ਸਭ ਦੇ ਰਿਹਾ ਫੋਲੀ, ਲੋਭ ਵਿਕਾਰਾ ਲੱਗੀ ਬਸੰਤਰ ਜੀਆਂ ਜੰਤਾਂ ਰਹੀ ਜਲਾਈਆ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਪੂਰੇ ਤੋਲ ਰਿਹਾ ਤੋਲੀ, ਗੁਰਮੁਖ ਸਾਚੇ ਸੰਤ ਸੁਹੇਲੇ ਆਪ ਕਰਾਏ ਆਪਣੇ ਮੇਲੇ, ਲੇਖਾ ਚੁੱਕੇ ਗੁਰੂ ਗੁਰ ਚੇਲੇ, ਏਕਾ ਸ਼ਬਦ ਜਣਾਈਆ । ਅਚਰਜ ਖੇਲ ਹਰਿ ਹਰਿ ਖੇਲੇ, ਆਪੇ ਵਸੇ ਰੰਗ ਨਵੇਲੇ, ਦਿਸ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰਾ ਲਹਿਣਾ ਦੇਣਾ ਵੇਲੇ ਅੰਤ ਰਿਹਾ ਚੁਕਾਈਆ । ਕਲਜੁਗ ਲਹਿਣਾ ਜਾਏ ਚੁੱਕ, ਪ੍ਰਭ ਦੇਵਣਹਾਰਾ ਸੰਸਾਰਾ । ਅੰਤਮ ਵੇਲਾ ਆਏ ਢੁੱਕ, ਨਾ ਕਰੇ ਕੋਈ ਆਧਾਰਾ । ਮਨਮੁਖ ਜੀਵਾਂ ਚਾਰੋਂ ਕੁੰਟ ਪਏ ਮੁਖ ਥੁੱਕ, ਨਾ ਕੋਈ ਅੱਗੇ ਦਿਸੇ ਸਹਾਰਾ । ਪ੍ਰਭ ਕਾ ਭਾਣਾ ਨਾ ਜਾਏ ਰੁਕ, ਰਾਜ ਰਾਜਾਨਾਂ ਕਰੇ ਖੁਆਰਾ । ਗੁਰਮੁਖ ਸਾਚੇ ਸੰਤ ਸੁਹੇਲੇ ਆਪਣੀ ਗੋਦੀ ਲਏ ਚੁੱਕ, ਆਪੇ ਦੇਵੇ ਸ਼ਬਦ ਹੁਲਾਰਾ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਇਕ ਕਰਾਏ ਵਣਜ ਵਪਾਰਾ । ਵਣਜ ਵਪਾਰ ਹਰਿ ਜਗਦੀਸ, ਲੋਕਮਾਤ ਰਿਹਾ ਕਰਾਈਆ । ਲੱਖ ਚੁਰਾਸੀ ਜਾਣੀ ਪੀਸ, ਮਨਮੁਖ ਜੀਵ ਦੇਣ ਦੁਹਾਈਆ । ਕੋਈ ਨਾ ਗਾਏ ਰਾਗ ਛਤੀਸ, ਵੇਦ ਪੁਰਾਨਾਂ ਵਕਤ ਚੁਕਾਈਆ । ਅੰਜ਼ੀਲ ਕੁਰਾਨਾਂ ਨਾ ਕੋਈ ਕਰੇ ਪਛਾਨਾ, ਤੀਸ ਬਤੀਸ ਹਦੀਸ ਨਾ ਕੋਈ ਸੁਣਾਈਆ । ਏਕਾ ਝੁੱਲੇ ਸ਼ਬਦ ਨਿਸ਼ਾਨਾ, ਆਪ ਝੁਲਾਏ ਹਰਿ ਭਗਵਾਨਾ, ਵੇਖੇ ਖੇਲ ਵਾਲੀ ਦੋ ਜਹਾਨਾਂ, ਬ੍ਰਹਮ ਲੋਕ ਫਿਰੇ ਦੁਹਾਈਆ । ਸ਼ਿਵ ਸ਼ੰਕਰ ਵੇਖੇ ਮਾਰ ਧਿਆਨਾ, ਪਰਗਟ ਹੋਏ ਨਿਹਕਲੰਕ ਬਲੀ ਬਲਵਾਨਾ, ਬਾਸ਼ਕ ਸੇਜਾ ਸਾਂਗੋ ਪਾਂਗ ਆਸਣ ਬੈਠਾ ਲਾਈਆ । ਕਰੋੜ ਤੇਤੀਸਾ ਸੁਰਪਤ ਰਾਜਾ ਇੰਦ ਹੋਏ ਹੈਰਾਨਾ, ਪੁਰਖ ਅਬਿਨਾਸ਼ੀ ਘਟ ਘਟ ਵਾਸੀ ਮਾਰੇ ਸ਼ਬਦ ਤੀਰ ਨਿਸ਼ਾਨਾ, ਵੇਲੇ ਅੰਤ ਹੋਏ ਜੁਦਾਈਆ । ਵਰਭੰਡੀ ਹਰਿ ਖੰਡ ਕਰਾਏ, ਸ਼ਬਦ ਚੰਡੀ ਪ੍ਰਭ ਹੱਥ ਉਠਾਏ, ਮਨਮੁਖ ਜੀਵਾਂ ਵੱਢੇ ਕੰਡੀ, ਚਾਰੋਂ ਕੁੰਟ ਹੋਏ ਵੈਰਾਨਾ । ਕਿਸੇ ਨਾ ਦਿਸੇ ਰਾਹ ਡੰਡੀ, ਭੈਣਾਂ ਭਈਆ ਸਾਕ ਛੁਡਾਨਾ । ਆਪੇ ਜਾਣੇ ਜੇਰਜ ਅੰਡੀ, ਉਤਭੁਜ ਸੇਤਜ ਵਿਚ ਸਮਾਨਾ । ਮੇਟ ਮਿਟਾਏ ਭੇਖ ਪਾਖੰਡੀ, ਗੁਣਵੰਤਾ ਹਰਿ ਗੁਣ ਨਿਧਾਨਾ । ਨਾਰ ਦੁਹਾਗਣ ਵੇਖੇ ਰੰਡੀ, ਮਨਮੁਖ ਜੀਵ ਵਿਚ ਜਹਾਨਾ । ਭਗਤ ਜਨਾਂ ਏਕਾ ਦੇਵੇ ਨਾਮ ਧਨਾ ਸ਼ਬਦ ਭੰਡਾਰਾ ਰਿਹਾ ਵੰਡੀ, ਆਤਮ ਦੇਵੇ ਬ੍ਰਹਮ ਗਿਆਨਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅੰਤਮ ਵੇਖ ਹਰਿ, ਇਕ ਚਲਾਏ ਸ਼ਬਦ ਤਰਾਨਾ । ਸ਼ਬਦ ਨਾਮ ਅਵੱਲਾ, ਪ੍ਰਭ ਸਾਚੇ ਆਪ ਚਲਾਈਆ । ਇਕ ਰਹਾਏ ਹਰਿ ਇਕੱਲਾ, ਗੁਰਮੁਖ ਵਖਾਏ ਸਚ ਮਹੱਲਾ, ਦੂਸਰ ਕਿਸੇ ਦਿਸ ਨ ਆਈਆ ।

੬੨੪ ੦੫

ਏਕਾ ਧਾਰ ਜਲ ਥਲਾ, ਜੰਗਲ ਜੂਹ ਉਜਾੜ ਪਹਾੜ ਊਚਾ ਟਿੱਲਾ ਏਕਾ ਰਾਹ ਵਖਾਈਆ । ਜੋਤੀ ਜੋਤ ਸਰੂਪ ਹਰਿ, ਇਕ ਸਦ ਗਿਆਰਾਂ ਆਪ ਕਰਾਇਆ ਸਾਚਾ ਸ਼ਿਲਾ, ਪੂਰਬ ਲਹਿਣਾ ਸ਼ਬਦ ਗਹਿਣਾ ਪ੍ਰਭ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਬਜਰ ਕਪਾਟੀ ਪਾੜੇ ਸਿਲਾ, ਸੋਹੰ ਤੀਰ ਹੱਥ ਉਠਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਸ਼ਾਹ ਆਪੇ ਹਕੀਰ, ਊਚ ਨੀਚ ਜੀਵ ਜੰਤ ਸਾਧ ਸੰਤ ਭਗਤ ਭਗਵੰਤ ਕੰਤ ਆਪ ਅਖਵਾਈਆ । ਆਪੇ ਕੰਤ ਸੰਤ ਬਨਵਾਰੀ । ਆਪੇ ਜੀਵ ਜੰਤ ਅਧਾਰੀ । ਆਪ ਬਣਾਏ ਆਪਣੀ ਬਣਤ, ਲੱਖ ਚੁਰਾਸੀ ਰਿਹਾ ਪਸਾਰੀ । ਕਲਜੁਗ ਮਾਇਆ ਪਾਏ ਬੇਅੰਤ, ਭਰਮੇ ਭੁੱਲੇ ਸਾਧ ਸੰਤ, ਪਾਰਬ੍ਰਹਮ ਨਾ ਪਾਇਣ ਸਾਰੀ । ਹੋਏ ਵਿਛੋੜਾ ਅੰਤਮ ਅੰਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲੱਖ ਚੁਰਾਸੀ ਵੇਖ ਦਰ, ਨੌਂ ਖੰਡ ਪ੍ਰਿਥਮੀ ਆਪ ਵਸਾਏ ਇਕ ਘਰ, ਧਰਮ ਰਾਏ ਖੋਲ੍ਹੇ ਇਕ ਕਿਵਾੜੀ । ਧਰਮ ਰਾਏ ਖੋਲ੍ਹ ਕਿਵਾੜ, ਪ੍ਰਭ ਸਾਚੇ ਸ਼ਬਦ ਜਣਾਈਆ । ਮਨਮੁਖ ਜੀਵਾਂ ਦਰ ਘਰ ਤੇਰੇ ਦੇਵੇ ਵਾੜ, ਦੇਵੇ ਅੰਤ ਸਜਾਈਆ । ਮਗਰ ਲਗਾਏ ਪੰਚਮ ਧਾੜ, ਵੇਖੇ ਖੇਲ ਸਤਾਰਾਂ ਹਾੜ, ਆਪਣੇ ਹੱਥ ਰੱਖੇ ਵਡਿਆਈਆ । ਜੂਠੇ ਝੂਠੇ ਮਾਇਆ ਲੂਠੇ ਦੇਵੇ ਝਾੜ, ਰਾਜ ਰਾਜਾਨਾਂ ਹੱਥ ਫੜਾਏ ਖਾਲੀ ਠੂਠੇ, ਦਰ ਦਰ ਭਿਛਿਆ ਰਿਹਾ ਮੰਗਾਈਆ । ਗੁਰਮੁਖ ਸਾਚੇ ਜੁਗਾਂ ਜੁਗਾਂ ਦੇ ਵਿਛੜੇ ਰੂਠੇ, ਆਪ ਆਪਣਾ ਮੇਲ ਮਿਲਾਈਆ । ਪੁਰਖ ਅਬਿਨਾਸ਼ੀ ਸਾਚਾ ਤੁਠੇ, ਸੰਮਤ ਸੋਲਾਂ ਕਰੇ ਕਰਾਏ ਏਕਾ ਮੁੱਠੇ, ਆਪਣੀ ਬੂਝ ਬੁਝਾਈਆ । ਮਨਮੁਖ ਜੀਵਾਂ ਟੰਗੇ ਪੁਠੇ, ਲੁਕਿਆ ਰਹਿਣ ਨਾ ਦੇਣਾ ਕੋਈ ਗੁਠੇ, ਦਰ ਦਰ ਘਰ ਘਰ ਅੰਦਰ ਮੰਦਰ ਖੋਜੀ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਕਟਾਰੀ ਨਰ ਨਿਰੰਕਾਰੀ, ਕਲਜੁਗ ਤੇਰੀ ਅੰਤਮ ਵਾਰੀ, ਚੌਥੇ ਜੁਗ ਪਹਿਲੀ ਵਾਰੀ ਆਪਣੇ ਹੱਥ ਰਿਹਾ ਉਠਾਈਆ । ਦੇਸ ਵੇਸ ਪ੍ਰਭ ਆਪ ਕਰਾਏ । ਸ਼ਬਦ ਜੋਤ ਕਰ ਪਰਵੇਸ਼, ਦਰ ਦਰਵੇਸ਼ ਆਪ ਅਖਵਾਏ । ਵੇਖ ਵਖਾਣੇ ਨਰ ਨਰੇਸ਼, ਖੁਲ੍ਹੜੇ ਕੇਸ ਗਲ ਲਟਕਾਏ । ਕੋਈ ਨਾ ਚਲੇ ਕਿਸੇ ਪੇਸ਼, ਵੇਲੇ ਅੰਤ ਨਾ ਹੋਏ ਸਹਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੇ ਭਾਣੇ ਰਿਹਾ ਸਮਾਏ । ਆਪਣੇ ਭਾਣੇ ਹਰਿ ਸਮਾਇਆ । ਰੂਪ ਰੰਗ ਰੰਗ ਰਾਤਾ, ਦੇ ਮਤ ਰਿਹਾ ਸਮਝਾਇਆ । ਆਤਮ ਦੇਵੇ ਧੀਰਜ ਯਤਾ, ਏਕਾ ਤੱਤਾ ਰਿਹਾ ਵਖਾਇਆ । ਆਪੇ ਜਾਣੇ ਮਿਤ ਗਤਾ, ਜਗਤ ਨਾਤਾ ਰਿਹਾ ਤੁੜਾਇਆ । ਨਾ ਕੋਈ ਦਿਸੇ ਪਿਤਾ ਮਾਤਾ, ਸਾਚੀ ਰੀਤਾ ਰਿਹਾ ਚਲਾਇਆ । ਏਕਾ ਏਕ ਪੁਰਖ ਬਿਧਾਤਾ, ਦਰ ਦਰ ਘਰ ਘਰ ਕਿਸੇ ਹੱਥ ਨਾ ਆਇਆ । ਪੰਡਤ ਪਾਂਧੇ ਪੜ੍ਹ ਪੜ੍ਹ ਥੱਕੇ ਅਠਾਰਾਂ ਧਿਆਏ ਗੀਤਾ, ਖਾਣੀ ਬਾਣੀ ਰੰਗ ਲਾਲ ਤਨ ਨਾਂ ਕਿਸੇ ਚੜ੍ਹਾਇਆ । ਮਿਲਿਆ ਮੇਲ ਨਾ ਸਾਚੇ ਮੀਤਾ, ਅੰਜ਼ੀਲ ਕੁਰਾਨ ਵਿਚ ਜਹਾਨ ਹੋ ਦਲਾਲ ਨਾ ਲਏ ਛੁਡਾਇਆ । ਮੱਕਾ ਕਾਅਬਾ ਵੇਖੇ ਮੰਦਰ ਮਸੀਤਾ, ਗਿਆਨ ਧਿਆਨ ਵੇਦ ਪੁਰਾਨ ਨਾ ਕੋਈ ਜਾਣੇ ਭੇਵ ਜੀਅ ਕਾ, ਨੀਕਨ ਨੀਕਾ ਫੀਕਨ ਫੀਕਾ ਅਨਰਸ ਮੀਠਾ ਰਸਨ ਰਸਾਇਣੀ ਰਸ ਕਿਸੇ ਨਾ ਪਾਇਆ । ਗੁਰਮੁਖ ਵਿਰਲੇ ਪੁਰਖ ਅਬਿਨਾਸ਼ੀ ਸਾਚੇ ਨੇਤਰ ਏਕਾ ਡੀਠਾ, ਮਾਨਸ ਜਨਮ ਲੇਖੇ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਮਤ ਚੌਦਾਂ ਇਕ ਬਣਾਏ ਧਰਮ ਅੰਗੀਠਾ, ਤ੍ਰੈਗੁਣ ਮਾਇਆ ਦੇਵੇ ਵਿਚ ਜਲਾਇਆ । ਤ੍ਰੈਗੁਣ ਮਾਇਆ ਤੇਰਾ ਮਠ, ਪ੍ਰਭ ਸਾਚਾ ਦਏ ਬਣਾਏ । ਤਟ ਕਿਨਾਰਾ ਖਿਚ ਲਿਆਏ ਅੱਠ ਸੱਠ, ਪਾਰ ਬਿਆਸੋਂ ਖੇਲ ਰਚਾਏ । ਸ੍ਰਿਸ਼ਟ ਸਬਾਈ ਉਲਟੀ ਗੇੜੇ ਲੱਠ, ਨੱਠ ਨੱਠ, ਪ੍ਰਭ ਕਰਮ ਕਮਾਏ । ਮੰਡਪ ਮਾੜੀ ਜਾਣੇ ਢੱਠ,

ਬੰਕ ਦਵਾਰ ਸ਼ਾਹ ਕੋਈ ਰਹਿਣ ਨਾ ਪਾਏ । ਦਰ ਘਰ ਸਾਚੇ ਹੋਏ ਇਕੱਠ, ਸ਼ਬਦ ਨਿਸ਼ਾਨਾ ਦਏ ਵਖਾਏ । ਚਰਨ ਦਵਾਰੇ ਜੋ ਜਨ ਆਏ ਨੱਠ, ਨਾਮ ਅਧਾਰਾ ਨਰ ਨਿਰੰਕਾਰਾ ਆਪੇ ਆਪ ਹੋ ਜਾਏ । ਜੋਤੀ ਅਗਨੀ ਲਾਏ ਮੱਠ, ਹਾਡੀ ਜਲੇ ਤਿੰਨ ਸੌ ਸੱਠ, ਨਾੜ ਬਹੱਤਰ ਦਏ ਦੁਹਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚਾ ਧਾਮ ਇਕ ਸੁਹਾਏ । ਸਾਚਾ ਧਾਮ ਮਾਤ ਬਣਾਉਣ । ਤ੍ਰੈਗੁਣ ਤੱਤ ਵਿਚਾਰ, ਆਪਣਾ ਆਪ ਵਿਚ ਟਿਕਾਉਣਾ । ਸ਼ਬਦ ਸਰੂਪੀ ਪਹਿਰੇਦਾਰ, ਪਵਣ ਉਨੰਜਾ ਹੁਕਮ ਸੁਣਾਉਣਾ । ਪੁਰੀਆਂ ਲੋਆਂ ਖ਼ਬਰਦਾਰ, ਬ੍ਰਹਮਾ ਦਰ ਦਵਾਰ ਬੁਲਾਉਣਾ । ਤਖ਼ਤ ਤਾਜ ਦਏ ਸੀਸ ਨਿਵਾਰ, ਗੁਰਮੁਖ ਮਾਣ ਦਵਾਉਣਾ । ਸਤਿਜੁਗ ਸਾਚੀ ਬੰਨ੍ਹੇ ਧਾਰ, ਚਾਰੇ ਮੁਖ ਚਾਰੇ ਵੇਦ, ਅਛਲ ਅਛੱਲਾ ਹਰਿ ਅਭੇਦ, ਆਪ ਆਪਣੇ ਵਿਚ ਸਮਾਉਣਾ । ਨਾ ਕੋਈ ਜਾਣੇ ਜੀਵ ਗਵਾਰ, ਸ਼ਿਵ ਸ਼ੰਕਰ ਸੋਇਆ ਆਪ ਉਠਾਉਣਾ । ਬਾਸ਼ਕ ਤਸ਼ਕਾ ਗਲੋਂ ਲਾਹੁਣਾ, ਏਕਾ ਬਖ਼ਸ਼ੇ ਚਰਨ ਪਿਆਰ । ਜਗਤ ਜਗਦੀਸੇ ਖੇਲ ਰਚਾਉਣਾ, ਬੀਸ ਬੀਸੇ ਮਾਣ ਗਵਾਉਣਾ, ਹਰਿਜਨ ਬਣਾਏ ਸੱਚਾ ਸਿਕਦਾਰ । ਕਰੋੜ ਤੇਤੀਸਾ ਖ਼ਾਕ ਮਿਲਾਉਣਾ । ਗੁਰਮੁਖ ਸਾਚਾ ਪਾਕੀ ਪਾਕ, ਸ਼ਬਦ ਕਿਵਾੜੀ ਖੋਲ੍ਹੇ ਤਾਕ, ਦੀਪਕ ਜੋਤੀ ਇਕ ਜਗਾਉਣਾ । ਰਤੀ ਦਸ ਪ੍ਰਭ ਅਬਿਨਾਸ਼ੀ ਰੱਖੀ ਖ਼ਾਕ, ਸਾਧਾਂ ਸੰਤਾਂ ਰਾਜ ਰਾਜਾਨਾਂ ਮਸਤਕ ਟਿਕਾ ਅੰਤਮ ਲਾਉਣਾ । ਕੋਇ ਨਾ ਦਿਸੇ ਅੱਗੇ ਆਕ, ਸ਼ਬਦ ਘੋੜਾ ਚਲੇ ਰਾਕ, ਪੁਰਖ ਅਬਿਨਾਸ਼ੀ ਆਪ ਦੋੜਾਉਣਾ । ਸ਼ਬਦ ਸੁਨੇਹੜਾ ਦਰ ਦਰ ਘਰ ਘਰ ਸੰਤ ਸੁਹੇਲੇ ਦੇਵੇ ਵਾਕ, ਇਕ ਜਣਾਈ ਵਣਜ ਕਰਾਉਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਤ੍ਰੈਗੁਣ ਮਾਇਆ ਤੇਰਾ ਤਾਲ ਜਗਤ ਵਿਛੋੜਾ ਤੁੱਟੇ ਜਾਲ, ਜੰਜ਼ਾਲਾ ਆਪ ਮਿਟਾਉਣਾ । ਤ੍ਰੈਗੁਣ ਮਾਇਆ ਤੇਰੀ ਧਾਰ, ਪ੍ਰਭ ਸਾਚਾ ਵੇਖ ਵਖਾਈਆ । ਕਲਜੁਗ ਅੰਤਮ ਪਾਵੇ ਸਾਰ, ਆਪਣੀ ਹੱਥੀਂ ਦਏ ਜਲਾਈਆ । ਲਹਿਣਾ ਦੇਣਾ ਦੇਣਾ ਲਹਿਣਾ ਚੌਥੇ ਜੁਗ ਦਏ ਉਤਾਰ, ਪੰਚਮ ਮੀਤਾ ਅਚਰਜ ਰੀਤਾ ਸੰਗ ਮੁਹੰਮਦ ਚਾਰ ਯਾਰਾਂ ਕਰੇ ਖੁਆਰ ਦੇਣ ਦੁਹਾਈਆ । ਆਪੇ ਵਸੇ ਹੋ ਹੋ ਬਾਹਰਾ, ਜੋਤ ਸਰੂਪੀ ਰੰਗ ਅਪਾਰਾ, ਸ਼ਬਦ ਖੰਡਾ ਹੱਥ ਦੋ ਧਾਰਾ, ਗੋਬਿੰਦ ਗੋਬਿੰਦ ਗੋਬਿੰਦ ਕਰੇ ਖ਼ਬਰਦਾਰ, ਤਨ ਬਸਤਰ ਅਸਤਰ ਸ਼ਸਤਰ ਏਕਾ ਆਪ ਸਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਸ਼ਕਤ ਆਦਿ ਭਵਾਨੀ, ਦੇਵੇ ਚੰਡੀ ਨਾਮ ਨਿਸ਼ਾਨੀ, ਮੇਟ ਮਿਟਾਏ ਭੇਖ ਪਖੰਡੀ ਸ਼ਬਦ ਚਲਾਏ ਏਕਾ ਬਾਣੀ, ਦੂਸਰ ਕੋਈ ਰਹਿਣ ਨਾ ਪਾਈਆ । ਗੁਰ ਗੋਬਿੰਦ ਪ੍ਰਭ ਦਇਆ ਕਮਾਏ, ਦੇਵੇ ਸ਼ਬਦ ਨਿਸ਼ਾਨੀ । ਆਪ ਆਪਣੀ ਬਿੰਦ ਉਪਜਾਏ, ਗੁਣਵੰਤਾ ਹਰਿ ਗੁਣ ਨਿਧਾਨੀ । ਸਾਗਰ ਸਿੰਧ ਅੰਮ੍ਰਿਤ ਆਤਮ ਸੀਰ ਪਿਆਏ, ਦਿਵਸ ਰੈਣ ਠੰਢਾ ਪਾਣੀ । ਏਕਾ ਅੰਕ ਬਸਤਰ ਚੀਰ ਪਹਿਨਾਏ, ਬਖ਼ਸ਼ੇ ਪਦ ਸੱਚਾ ਨਿਰਬਾਨੀ । ਨੌਂ ਖੰਡ ਪ੍ਰਿਥਮੀ ਵਹੀਰ ਕਰਾਏ, ਸੋਹੰ ਮਾਰੇ ਤਿੱਖੀ ਕਾਨੀ । ਪੀਰ ਦਸਤਗੀਰ ਸ਼ਾਹ ਹਕੀਰ ਦੂਰ ਦੁਰਾਨੀ ਕੋਈ ਰਹਿਣ ਨਾ ਪਾਏ, ਨਾ ਕੋਈ ਦੀਸੇ ਝੂਠ ਨਿਸ਼ਾਨੀ । ਗੁਰਮੁਖ ਸਾਚੇ ਸੰਤ ਜਨਾਂ ਆਤਮ ਅੰਤਰ ਸ਼ਬਦ ਜੰਜ਼ੀਰ ਲਗਾਏ, ਇਕ ਰਖਾਏ ਆਪਣੀ ਆਨੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਤ੍ਰੈਗੁਣ ਮਾਇਆ ਤੇਰਾ ਅੰਤ, ਆਪੇ ਜਾਣੇ ਆਪਣੀ ਮਤ, ਸ੍ਰਿਸ਼ਟ ਸਬਾਈ ਉਬਲੇ ਰਤ ਨਾ ਕੋਈ ਜਾਣੇ ਖਾਣੀ ਬਾਣੀ । ਨਾ ਜਾਣੇ ਖਾਣ ਚਾਰੇ ਖਾਣੀ ਰਚਨ ਰਚਾਈਆ । ਚਾਰੇ ਬਾਣੀ ਬ੍ਰਹਮ ਵਿਚਾਰਾ, ਪਰ੍ਹਾ ਪਸੰਤੀ ਸਾਰ ਨਾ ਪਾਈਆ । ਮਧਮ ਬੈਖਰੀ ਜਗਤ ਧਾਰਾ, ਰਸਨਾ ਰਹੇ ਗਾਈਆ । ਸਾਧ ਸੰਤ ਕਰਨ ਹਾਹਾਕਾਰਾ, ਜੀਵਾਂ ਜੰਤਾਂ ਰਹੇ ਸੁਣਾਈਆ ।

ਆਤਮ ਤ੍ਰਿਸ਼ਨਾ ਜਗਤ ਦਰ ਘਰ ਵਿਕਾਰਾ, ਸਾਚੀ ਭਗਤੀ ਨਾ ਭਗਤ ਕਮਾਈਆ । ਜੂਠਾ ਝੂਠਾ ਭਰਿਆ ਤਨ ਹੰਕਾਰਾ, ਆਤਮ ਸ਼ਕਤੀ ਹੱਥ ਨਾ ਆਈਆ । ਮਨ ਮਤੇ ਕਾਇਆ ਤੱਤੇ ਹੋਏ ਜੀਵ ਦੁਸ਼ਟ ਦੁਰਾਚਾਰਾ, ਦਿਬ ਦ੍ਰਿਸ਼ਟ ਸਾਚਾ ਇਸ਼ਟ ਦੇਵੀ ਦੇਵ ਸਾਰ ਨਾ ਆਈਆ । ਮਾਟੀ ਕਾਇਆ ਹੋਈ ਭਰਿਸ਼ਟ, ਗਿਆਨ ਗੋਝ ਭੇਵ ਅਭੇਦਾ ਅਛਲ ਅਛੇਦਾ ਡੂੰਘੀ ਕੰਦਰ ਦਿਸ ਨਾ ਆਈਆ । ਪੜ੍ਹ ਪੜ੍ਹ ਥੱਕੇ ਚਾਰੇ ਵੇਦਾ, ਵੇਦ ਪੁਰਾਨ ਅਠਾਰਾਂ ਕਤੇਬਾ, ਰਸਨਾ ਜਿਹਵਾ ਕੌਸਤਕ ਮਨੀ ਨਾ ਲੱਗਾ ਥੇਵਾ, ਜੋਤ ਨਿਰੰਜਣ ਸਾਚੇ ਗਗਨ ਮਸਤਕ ਥਾਲੀ ਨਾ ਮਾਤ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲੱਖ ਚੁਰਾਸੀ ਵੇਖੇ ਘਰ, ਤ੍ਰੈਗੁਣ ਮਾਇਆ ਤੇਰਾ ਨਾਤਾ ਆਪੇ ਰਿਹਾ ਤੁੜਾਈਆ । ਨਾਤਾ ਤੋੜੇ ਪੁਰਖ ਬਿਧਾਤਾ, ਵੇਲਾ ਅੰਤਮ ਆਇਆ । ਸਰਬ ਜੀਆਂ ਪ੍ਰਭ ਗਿਆਤਾ, ਜਾਨਣਹਾਰ ਸਰਬ ਅਖਵਾਇਆ । ਮੇਟ ਮਿਟਾਏ ਕਲਜੁਗ ਤੇਰੀ ਰੈਣ ਅੰਧੇਰੀ ਰਾਤਾ, ਸਤਿਜੁਗ ਸਾਚਾ ਚੰਨ ਚੜ੍ਹਾਇਆ । ਅੱਠੇ ਪਹਿਰ ਰਹੇ ਪਰਭਾਤਾ, ਦਿਵਸ ਰੈਣ ਏਕਾ ਰੰਗ ਰੰਗਾਇਆ । ਬੈਠਾ ਰਹੇ ਇਕ ਇਕਾਂਤਾ, ਜਨ ਭਗਤਾਂ ਦੇਵੇ ਅੰਮ੍ਰਿਤ ਬੂੰਦ ਸਵਾਂਤਾ, ਸੀਤਲ ਧਾਰਾ ਰਿਹਾ ਚਲਾਇਆ । ਦੇਵੇ ਦਰਸ ਬਹੁ ਬਹੁ ਭਾਂਤਾ, ਆਪੇ ਪਿਤਾ ਆਪੇ ਮਾਤਾ, ਬਿਰਧ ਬਾਲ ਬਾਲ ਜਵਾਨ ਏਕਾ ਰੰਗ ਰਿਹਾ ਰੰਗਾਇਆ । ਨਾ ਕੋਈ ਪੁੱਛੇ ਜ਼ਾਤਾ ਪਾਤਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਊਚਾਂ ਨੀਚਾਂ ਵਿਚ ਸਮਾਇਆ । ਤ੍ਰੈਗੁਣ ਮਾਇਆ ਤੇਰਾ ਜਾਲ, ਪ੍ਰਭ ਸਾਚਾ ਤੋੜ ਤੁੜਾਇੰਦਾ । ਆਪੇ ਵੇਖੇ ਸ਼ਾਹ ਕੰਗਾਲ, ਗੁਰਮੁਖ ਸਾਚੇ ਜੋੜ ਜੁੜਾਇੰਦਾ । ਫ਼ਲ ਲਗਾਏ ਕਾਇਆ ਡਾਲ੍ਹ, ਸਾਚਾ ਫ਼ਲ ਮੁਖ ਖੁਵਾਇੰਦਾ । ਆਪੇ ਚਲੇ ਅਵੱਲੜੀ ਚਾਲ, ਵੇਖ ਵਖਾਣੇ ਕਾਇਆ ਸੱਚੀ ਧਰਮਸਾਲ, ਧੁੰਨ ਅਨਾਦ ਏਕਾ ਰਾਗ ਸੁਣਾਇੰਦਾ । ਸ੍ਰਿਸ਼ਟ ਸਬਾਈ ਪੁਣ ਛਾਣ, ਸ਼ਬਦ ਪਾਏ ਨਾਮ ਨਿਧਾਨ, ਆਪ ਆਪਣੀ ਬਣਤ ਬਣਾਇੰਦਾ । ਕਲਜੁਗ ਤੇਰੀ ਅੰਤਮ ਅੰਤ ਆਪੇ ਲਾਹੁਣ ਆਇਆ ਮਕਾਣ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਗਤ ਜਗਾਏ ਬਣਾਏ ਬਣਤ, ਮਤ ਤੱਤ ਰਤ ਆਪਣੇ ਰੰਗ ਰੰਗਾਇੰਦਾ । ਮਤ ਤੱਤ ਰਤ ਪ੍ਰਭ ਰੰਗਾਈਆ । ਬੁਧ ਮਤ ਮਨ ਸੰਗ ਰਖਾਈਆ । ਧੀਰਜ ਯਤ ਸਤਿ ਰਖੇ ਪਤ, ਮਿਤ ਗਤ ਹਰਿ ਰਘੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦਰ ਦਵਾਰੇ ਦੇਵੇ ਵਰ, ਗੁਰਮੁਖ ਸਾਚੇ ਸੰਤ ਜਨਾਂ ਜੋਤੀ ਲਾੜੀ ਕਰ ਪਿਆਰੀ ਲੋਕਮਾਤ ਜਿਸ ਪਰਨਾਈਆ । ਹਰਿ ਦਾਤਾ ਵਡ ਭੰਡਾਰ ਹੈ, ਦੇਵਣਹਾਰ ਸੰਸਾਰ । ਜਨ ਭਗਤ ਮੰਗਣ ਮੰਗ ਭਿਖਾਰ ਹੈ, ਦੇਵੇ ਵਸਤ ਨਾਮ ਅਪਾਰ । ਸਰਬ ਜੀਆਂ ਪ੍ਰਭ ਮੀਤ ਮੁਰਾਰ ਹੈ, ਅੰਦਰ ਬਾਹਰ ਗੁਪਤ ਜ਼ਾਹਿਰ । ਮਨਮੁਖ ਜੀਵਾਂ ਕਰੇ ਖੁਆਰ ਹੈ, ਚਾਰੋਂ ਕੁੰਟ ਹਾਹਾਕਾਰ । ਜਨ ਭਗਤਾਂ ਧਰਮ ਜੈਕਾਰ ਹੈ, ਦੇਵੇ ਨਾਮ ਸਚ ਆਧਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਸੰਗਤ ਦੇਵੇ ਨਾਮ ਵਰ, ਜੋ ਜਨ ਆਏ ਦਰ ਦਵਾਰ । ਦਰ ਦਵਾਰੇ ਆਏ ਭਿਖਾਰੀ । ਹਰਿ ਦੇਵੇ ਨਾਮ ਭੰਡਾਰਾ, ਰਸਨਾ ਗਾਏ ਗੁਣ ਗੁਣਕਾਰੀ । ਮਾਨਸ ਜਨਮ ਹੋਏ ਅਧਾਰਾ, ਦੁੱਖ ਰੋਗ ਸੋਗ ਜਗਤ ਚਿੰਤ ਮਿਟਾਏ, ਆਤਮ ਕਰੇ ਕਾਰੀ । ਧੁਰ ਸੰਜੋਗੀ ਸ਼ਬਦ ਸੰਜੋਗ ਮਿਲਾਏ, ਜੋਤ ਸਰੂਪੀ ਕਰ ਆਕਾਰੀ । ਆਤਮ ਅੰਮ੍ਰਿਤ ਰਸ ਸਾਚਾ ਭੋਗ ਲਗਾਏ, ਕਾਇਆ ਬੀੜਾ ਹੱਡੀ ਰੀੜਾ ਕੱਢੇ ਜਨ ਬਿਮਾਰੀ । ਦਰਸ ਅਮੋਘ ਗੁਰਮੁਖ ਵਖਾਏ, ਆਪ ਆਪਣੀ ਦਇਆ ਕਮਾਏ, ਅੱਠੇ ਪਹਿਰ ਰਹੇ ਖੁਮਾਰੀ । ਜਗਤ ਵਿਛੋੜਾ ਇਕ ਵਿਜੋਗ ਮਿਟਾਏ, ਦਰਗਾਹ ਸਾਚੀ ਦੇਵੇ ਸੱਚੀ ਸਿਕਦਾਰੀ । ਏਕਾ ਨਾਮ

ਸੋਹੰ ਸਾਚੀ ਚੋਗ ਚੁਗਾਏ, ਪਾਰਬ੍ਰਹਮ ਬ੍ਰਹਮ ਪਾਵੇ ਸਾਰੀ । ਚਰਨ ਪ੍ਰੀਤੀ ਜੋ ਜਨ ਸਾਚਾ ਜੋਗ ਕਮਾਏ, ਲੱਖ ਚੁਰਾਸੀ ਉਤਰੇ ਪਾਰੀ । ਹਉਮੇ ਹੰਗਤਾ ਰੋਗ ਗਵਾਏ, ਆਪ ਉਡਾਏ ਸ਼ਬਦ ਉਡਾਰੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਸੰਗਤ ਤਾਰੇ ਬੰਕ ਦਵਾਰੀ । ਬੰਕ ਦਵਾਰੀ ਆਏ ਨਿਮਾਣਾ, ਦੋਏ ਜੋੜ ਕਰੇ ਬੇਨੰਤੀਆ । ਪੁਰਖ ਅਬਿਨਾਸ਼ੀ ਸੁਘੜ ਸਿਆਣਾ, ਆਪੇ ਹੋਏ ਜਾਣੀ ਜਾਣਾ, ਜਾਣ ਪਛਾਣੇ ਜੀਵ ਜੰਤਿਆ । ਗੁਰਮੁਖ ਚਲਾਏ ਆਪਣੇ ਭਾਣਾ, ਦਰ ਘਰ ਸਾਚੇ ਦੇਵੇ ਮਾਣਾ, ਕਾਇਆ ਰੰਗਣ ਰੰਗ ਚੜ੍ਹਾਏ ਏਕਾ ਏਕ ਬਸੰਤਿਆ । ਆਪ ਮਿਟਾਏ ਜਮ ਕੀ ਕਾਣਾ, ਇਕ ਸੁਣਾਏ ਅਨਹਦ ਧੁੰਨ ਅਨਾਹਦ ਧੁੰਨੀ ਆਤਮਕ ਗਾਨਾ, ਸ਼ਬਦ ਜਣਾਏ ਬੋਧ ਅਗਾਧਿਆ । ਅੱਖਰ ਵੱਖਰ ਧੁਰ ਫ਼ਰਮਾਣਾ, ਦੋ ਜਹਾਨੀ ਮਾਤ ਬਿਬਾਣਾ, ਕਿਸੇ ਹੱਥ ਨਾ ਆਏ ਰਾਜਾ ਰਾਣਾ, ਗੁਰਮੁਖ ਵਿਰਲੇ ਸਾਚੀ ਵਸਤ ਲੋਕਮਾਤ ਲਾਧਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਸੰਗਤ ਦੇਵੇ ਸਾਚਾ ਵਰ, ਧੁਰ ਦਰਗਾਹੀ ਸਾਚੀ ਦਾਦਿਆ । ਧੁਰ ਦਰਗਾਹੀ ਏਕਾ ਦਾਦ, ਜੋਗ ਜਗਤ ਤਨ ਪਾਏ । ਮਿਲੇ ਮੇਲ ਮਾਧਵ ਮਾਧ, ਮੁੱਕਤੀ ਮੁੱਕਤ ਹੋ ਜਾਏ । ਦਿਵਸ ਰੈਣ ਜਨ ਲਏ ਅਰਾਧ, ਆਤਮ ਸ਼ਕਤੀ ਜੋਤ ਜਗਾਏ । ਗੁਰਮੁਖ ਸਾਚਾ ਸਾਚਾ ਸਾਜਨ ਮੀਤ, ਸਾਚਾ ਸੰਤ ਸਾਧ ਅਖਵਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨ ਹਰਿ ਦੇਵੇ ਸਾਚਾ ਵਰ, ਸਾਚਾ ਮਾਰਗ ਇਕ ਵਖਾਏ । ਏਕਾ ਮਾਰਗ ਏਕਾ ਰਾਹ, ਪ੍ਰਭ ਸਾਚਾ ਰਿਹਾ ਜਣਾਈਆ । ਆਪੇ ਬਣੇ ਹਰਿ ਮਲਾਹ, ਵੇਲੇ ਅੰਤ ਹੋਏ ਸਹਾਈਆ । ਪਾਰ ਕਰਾਏ ਫੜ ਫੜ ਬਾਂਹ, ਨਾ ਹੋਵੇ ਮਾਤ ਜੁਦਾਈਆ । ਸਦਾ ਸੁਹੇਲਾ ਦੇਵੇ ਠੰਢੀ ਛਾਂ, ਨਾਤਾ ਤੁੱਟੇ ਭੈਣਾਂ ਭਾਈਆ । ਦਰ ਦਰ ਘਰ ਘਰ ਅੰਤਮ ਉਡਣੇ ਕਾਂ, ਨਾ ਕੋਈ ਪਿਤਾ ਨਾ ਕੋਈ ਮਾਂ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨ ਭਗਤਾਂ ਦੇਵੇ ਨਾਮ ਵਰ, ਦੇ ਮਤ ਰਿਹਾ ਸਮਝਾਈਆ । ਗੁਰਮਤ ਜਗਤ ਅਪਾਰ, ਸ਼ਬਦ ਜਣਾਈਆ । ਮਨਮਤ ਕਰੇ ਖੁਆਰ, ਦਰ ਘਰ ਸਾਚਾ ਮੂਲ ਨਾ ਪਾਈਆ । ਦੁਰਮਤ ਜੀਵ ਹੋਏ ਵਿਭਚਾਰ, ਕਾਇਆ ਰੰਗਣ ਨਾ ਰੰਗ ਚੜ੍ਹਾਈਆ । ਜਨ ਭਗਤਾਂ ਬਖ਼ਸ਼ੇ ਕਿਰਪਾ ਧਾਰ, ਪ੍ਰਭ ਸਾਚੀ ਦਇਆ ਕਮਾਈਆ । ਤਨ ਮਨ ਖ਼ਜ਼ਾਨਾ ਭਰੇ ਸ਼ਬਦ ਭੰਡਾਰ, ਦਾਨਾ ਬੀਨਾ ਆਪ ਅਖਵਾਈਆ । ਠਾਂਢਾ ਸੀਨਾ ਹਰਿ ਪਰਬੀਨਾ, ਅੰਮ੍ਰਿਤ ਆਤਮ ਜਾਮ ਪਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਜਲ ਆਪੇ ਮੀਨਾ, ਗੁਰਮੁਖ ਆਤਮ ਹਰਿ ਪਰਮਾਤਮ ਸਦਾ ਸਦਾ ਭੀਨੀ ਭੀਨਾ, ਕਵਲ ਨਾਭੀ ਦੋ ਦੋਆਬੀ ਬੂੰਦ ਸੁਵਾਂਤੀ ਇਕ ਇਕਾਂਤੀ ਰਿਹਾ ਮੁਖ ਚੁਆਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰ ਸੰਗਤ ਚਾੜ੍ਹੇ ਨਾਮ ਰੰਗਤ, ਦਰ ਦਵਾਰੇ ਆਏ ਮੰਗਲਾਚਾਰ ਰਸਨਾ ਗੁਣ ਗਹਿਰ ਗੰਭੀਰ ਗਾਈਆ । ਗਾਇਆ ਗੁਣ ਗਹਿਰ ਗੰਭੀਰਾ, ਪ੍ਰਭ ਅਬਿਨਾਸ਼ੀ ਵਰ ਘਰ ਪਾਇਆ । ਤਨ ਮਨ ਸਾਂਤਕ ਸ਼ਾਂਤ ਸਰੀਰਾ, ਬੰਦ ਦਵਾਰਾ ਇਕ ਖੁਲ੍ਹਾਇਆ । ਮਿਲਿਆ ਮੇਲ ਵਡ ਪੀਰਨ ਪੀਰਾ, ਅੰਮ੍ਰਿਤ ਆਤਮ ਸਾਚਾ ਸੀਰਾ, ਬੂੰਦਾ ਬਾਂਦੀ ਮੁਖ ਚੁਆਇਆ । ਹਰਿਜਨ ਸਾਚਾ ਸਾਚਾ ਹੀਰਾ, ਮਸਤਕ ਬੰਨ੍ਹੇ ਤਾਜ ਸਾਚਾ ਚੀਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖਾਂ ਦੇਵੇ ਨਾਮ ਵਰ, ਸ਼ਬਦ ਚੀਰਾ ਸੀਸ ਧਰਾਇਆ । ਸ਼ਬਦ ਚੀਰਾ ਰੱਖ ਸੀਸ, ਗੁਰਮੁਖ ਖ਼ੁਸ਼ੀ ਮਨਾਇੰਦਾ । ਮਿਲੇ ਮੇਲ ਹਰਿ ਜਗਦੀਸ, ਉਜਲ ਮੁਖ ਮਾਤ ਕਰਾਇੰਦਾ । ਮਾਇਆ ਮਮਤਾ ਤਨ ਦੇਵੇ ਪੀਸ, ਅਗਨੀ ਅੱਗ ਦਾਤਾ ਸੂਰਾ ਸਰਬਗ ਤਨ ਜਲਾਇੰਦਾ । ਦਰਸ ਦਿਖਾਏ ਉਪਰ ਸ਼ਾਹਰਗ,

ਜੋਤ ਨਿਰੰਜਣ ਜਾਏ ਜਗ, ਦਿਵਸ ਰੈਣ ਡਗਮਗਾਇੰਦਾ । ਜੋ ਜਨ ਦਰ ਦਵਾਰੇ ਆਏ ਪੜੇ ਗੁਰ ਪਗ, ਹੰਸ ਬਣਾਏ ਕੱਗ, ਦੁਰਮਤ ਮੈਲ ਤਨ ਗਵਾਇੰਦਾ । ਸ਼ਬਦ ਬੰਨ੍ਹੇ ਤਨ ਸਾਚਾ ਤਗ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣਾ ਮੇਲ ਮਿਲਾਇੰਦਾ । ਜਗਤ ਤ੍ਰਿਸ਼ਨਾ ਅੱਗ, ਜੀਵ ਜਲਾਇਆ । ਮਾਇਆ ਰਾਣੀ ਬੱਧੇ ਤਗ, ਭਰਮੇ ਭਰਮ ਭੁਲਾਇਆ । ਜੂਠ ਝੂਠ ਅੰਧੇਰੀ ਰਹੀ ਵਗ, ਪਾਰਬ੍ਰਹਮ ਭੇਵ ਨਾ ਰਾਇਆ । ਦੀਪਕ ਜੋਤੀ ਜਗੀ ਨਾ ਸੂਰੇ ਸਰਬਗ, ਹੰਸ ਕਾਗ ਰਿਹਾ ਬਿਲਲਾਇਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਹਰਿ ਜਨ ਸਾਚੇ ਸੰਤ ਸੁਹੇਲੇ ਸੋਏ ਰਿਹਾ ਮਾਤ ਜਗਾਇਆ । ਜਗਤ ਭੁੱਖ ਰਸਨ ਵਿਕਾਰਾ, ਦਿਵਸ ਰੈਣ ਰਹੇ ਹਲਕਾਈਆ । ਅੱਠੇ ਪਹਿਰ ਹਾਹਾਕਾਰਾ, ਮਾਇਆ ਮਮਤਾ ਰੋਗ ਹੰਗਤਾ ਏਕਾ ਤਨ ਵਸਾਈਆ । ਗੁਰਮੁਖ ਸਾਚਾ ਨਾਮ ਅਧਾਰਾ, ਨੌਂ ਦਵਾਰੇ ਵਸੇ ਬਾਹਰਾ, ਗੁਰ ਪੂਰਾ ਸਾਚਾ ਰਾਹ ਵਖਾਈਆ । ਏਕਾ ਦੇਵੇ ਸ਼ਬਦ ਹੁਲਾਰਾ, ਅੰਦਰ ਬਾਹਰ ਕਰ ਪਿਆਰਾ, ਕਾਇਆ ਮੰਦਰ ਸਾਚਾ ਗੁਰਦਵਾਰਾ, ਗੁਰ ਪੂਰਾ ਮੇਲ ਮਿਲਾਈਆ । ਭਰਿਆ ਰਹੇ ਤਨ ਭੰਡਾਰਾ, ਪੁਰਖ ਅਬਿਨਾਸ਼ੀ ਦੇਵੇ ਵਾਰੋ ਵਾਰਾ, ਵੱਜਾ ਘਰ ਜੰਦਰ ਬੰਦ ਕਿਵਾੜੀ ਆਪੇ ਕੁੰਡਾ ਲਾਹੀਆ । ਸ਼ਬਦ ਸਿੰਘਾਸਣ ਕਰ ਤਿਆਰਾ, ਦਸਮ ਦਵਾਰੀ ਪਾਵੇ ਸਾਰਾ, ਜੋਤ ਜਗਾਏ ਅਗੰਮ ਅਪਾਰਾ, ਆਪੇ ਡਗਮਗਾਈਆ । ਸ਼ਬਦ ਸੁਣਾਏ ਅਨਹਦ ਧਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਆਤਮ ਬੂਝ ਬੁਝਾਈਆ । ਆਤਮ ਬੂਝ ਬ੍ਰਹਮ ਗਿਆਨ, ਗੁਰ ਸਾਚੇ ਸ਼ਬਦ ਜਣਾਈਆ । ਆਪੇ ਬਖ਼ਸ਼ੇ ਚਰਨ ਧਿਆਨ, ਏਕਾ ਦੂਜਾ ਭੇਵ ਮਿਟਾਈਆ । ਅੰਮ੍ਰਿਤ ਆਤਮ ਤੀਰਥ ਸਚ ਇਸ਼ਨਾਨ, ਅੱਠਸੱਠ ਲੇਖਾ ਰਿਹਾ ਮਿਟਾਈਆ । ਨਾ ਕੋਈ ਵੇਦ ਪੁਰਾਨ ਕੁਰਾਨ, ਅੰਜ਼ੀਲ ਸਾਰ ਨਾ ਪਾਈਆ । ਪੜ੍ਹ ਪੜ੍ਹ ਥੱਕੇ ਜੀਵ ਜੰਤ ਜਹਾਨ, ਪੁਰਖ ਅਗੰਮਾ ਨਜ਼ਰ ਨਾ ਆਈਆ । ਗੁਰਮੁਖ ਸਾਚਾ ਚਤੁਰ ਸੁਜਾਨ, ਜੋਤੀ ਜੋਤ ਸਰੂਪ ਹਰਿ, ਜਿਸ ਜਨ ਦੇਵੇ ਸੱਚਾ ਮਾਲ ਧਨ, ਜੋਤ ਨਿਰੰਜਣ ਏਕਾ ਰੰਗ ਰੰਗਾਈਆ । ਰੰਗ ਰੰਗੀਲਾ ਮਾਧਵ ਮਾਧ, ਗੁਰਮੁਖ ਕਾਇਆ ਚੋਲੀ ਆਪ ਰੰਗਾਈਆ । ਸ਼ਬਦ ਦੇਵੇ ਕਲ ਸਾਚੀ ਦਾਦ, ਨਾਮ ਗੋਲੀ ਆਪ ਬਣਾਈਆ । ਹੋਏ ਜਣਾਈ ਬ੍ਰਹਮ ਬ੍ਰਹਿਮਾਦ, ਆਤਮ ਪੜਦੇ ਖੋਲ੍ਹ ਖੁਲ੍ਹਾਈਆ । ਮੇਟ ਮਿਟਾਏ ਵਾਦ ਵਿਵਾਦ, ਅਨਹਦ ਸਾਚਾ ਰਾਗ ਸੁਣਾਈਆ । ਧੁਰ ਦੀ ਬਾਣ ਆਦਿ ਜੁਗਾਦਿ, ਜੋਤੀ ਜੋਤ ਸਰੂਪ ਹਰਿ, ਏਕਾ ਰਾਗ ਸੁਣਾਏ ਕੰਨ, ਅੱਖਰ ਵੱਖਰ ਬੋਲ ਵਖਾਈਆ । ਅੱਖਰ ਵੱਖਰ ਹਰਿ ਹਰਿ ਰਾਗਾ, ਹਰਿ ਸਾਚੇ ਸੰਤ ਜਣਾਇਆ । ਲੋਕਮਾਤ ਹੋਏ ਵਡ ਵਡਭਾਗਾ, ਗੁਰ ਪੂਰੇ ਦਰਸ਼ਨ ਪਾਇਆ । ਦੁਰਮਤ ਮੈਲ ਧੋਵੇ ਦਾਗਾ, ਕਾਗੀ ਕਾਗ ਹੰਸ ਬਣਾਇਆ । ਮੇਲ ਮਿਲਾਇਆ ਕੰਤ ਸੁਹਾਗਾ, ਚਰਨ ਧੂੜ ਸਾਚਾ ਮਜਨ ਏਕਾ ਮਾਘ ਕਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਸ਼ਬਦ ਵਰ, ਭੇਵ ਅਭੇਦਾ ਅਛਲ ਅਛੇਦਾ ਦਰਸ ਅਮੋਘਾ ਹਰਿ ਸੰਜੋਗਾ ਕਾਇਆ ਮੰਦਰ ਸਾਚੇ ਅੰਦਰ ਆਪਣਾ ਆਪ ਵਖਾਇਆ । ਕਾਇਆ ਮੰਦਰ ਰੈਣ ਅੰਧੇਰੀ, ਮਨਮੁਖ ਭਰਮ ਭੁਲਾਇਆ । ਕੋਈ ਨਾ ਦੀਸੇ ਸੰਝ ਸਵੇਰੀ, ਰਾਹ ਸਾਚਾ ਦਿਸ ਨਾ ਆਇਆ । ਨੌਂ ਦਵਾਰੇ ਭਰਮ ਭੁਲਾਏ ਕਰ ਕਰ ਹੇਰੀ ਫੇਰੀ, ਦਰ ਘਰ ਆਪਣਾ ਮੂਲ ਨਾ ਪਾਇਆ । ਗੁਰ ਪੂਰਾ ਤਾਰੇ ਕਰ ਕਰ ਆਪਣੀ ਮਿਹਰੀ, ਸਿਰ ਆਪਣਾ ਹੱਥ ਟਿਕਾਇਆ । ਦੇਵੇ ਦਰਸ ਮਿਟਾਏ ਹਰਸ ਨਾ ਲਾਏ ਦੇਰੀ, ਜਿਸ ਜਨ ਨਾਮ ਸਾਚਾ ਲੜ ਫੜਾਇਆ । ਆਪੇ ਗੁਰ ਆਪੇ ਚੇਰੀ,

ਤਨ ਮਨ ਚੁਕਾਏ ਮੇਰੀ ਤੇਰੀ, ਆਪ ਆਪਣੇ ਅੰਕ ਸਮਾਇਆ । ਕਲਜੁਗ ਅੰਤਮ ਪਾਵੇ ਫੇਰੀ, ਸ੍ਰਿਸ਼ਟ ਸਬਾਈ ਰਿਹਾ ਘੇਰੀ, ਨਿਹਕਲੰਕ ਨਰਾਇਣ ਨਰ, ਜੋਤੀ ਜਾਮਾ ਭੇਖ ਵਟਾਇਆ । ਸਿੰਘ ਸ਼ੇਰ ਹਰਿ ਸ਼ੇਰ ਦਲੇਰੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਡੰਕ ਸ਼ਬਦ ਵਜਾਇਆ । ਸ਼ਬਦ ਡੰਕ ਇਕ ਵਜਾਏ, ਦਿਸ ਕਿਸੇ ਨਾ ਆਇਆ । ਸ਼ਾਹ ਸੁਲਤਾਨਾਂ ਰਿਹਾ ਜਗਾਏ, ਨੌਂ ਖੰਡ ਪ੍ਰਿਥਮੀ ਸੱਤਾਂ ਦੀਪਾਂ ਸਾਚਾ ਹਿੱਸਾ ਆਪ ਵੰਡਾਇਆ । ਗੁਰਮੁਖ ਸਾਚੇ ਸੰਤ ਮਿਲਾਏ, ਆਤਮ ਘਰ ਦਹਿ ਦਿਸ਼ਾ ਆਪੇ ਵੇਖ ਵਖਾਏ, ਆਪ ਆਪਣਾ ਕਰਮ ਕਮਾਇਆ । ਜੋਤ ਸਰੂਪੀ ਜਾਮਾ ਪਾਏ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ੍ਰਿਸ਼ਟ ਸਬਾਈ ਰਿਹਾ ਏਕਾ ਕਰ, ਚਾਰ ਵਰਨਾਂ ਸਾਚੀ ਸਰਨਾ, ਆਪ ਚੁਕਾਏ ਮਰਨਾ ਡਰਨਾ, ਏਕਾ ਰੰਗਣ ਰਿਹਾ ਰੰਗਾਇਆ । ਚਾਰ ਵਰਨ ਏਕ ਸਰਨਾਈ, ਪ੍ਰਭ ਸਾਚੇ ਸ਼ਬਦ ਜਣਾਈਆ । ਨਾਤਾ ਤੁਟਾ ਭੈਣਾਂ ਭਾਈ, ਸਾਕ ਸੱਜਣ ਸੈਣ ਕੋਈ ਦਿਸ ਨਾ ਆਈਆ । ਗੁਰਮੁਖ ਸਾਚੇ ਸੰਤ ਜਨਾਂ ਦਰਸ ਦਿਖਾਏ ਤੀਜੇ ਨੈਣਾ, ਆਤਮ ਪਰਦਾ ਖੋਲ੍ਹ ਵਖਾਈਆ । ਦਰ ਘਰ ਸਾਚਾ ਇਕ ਵਖਾਇਆ, ਗੁਰਮੁਖ ਸਾਚੇ ਚਰਨ ਕਵਲ ਪ੍ਰਭ ਏਕਾ ਬਹਿਣਾ, ਸਾਚਾ ਸ਼ਬਦ ਰਿਹਾ ਜਣਾਈਆ । ਤਨ ਪਹਿਨਾਏ ਨਾਮ ਗਹਿਣਾ, ਗੁਰਮੁਖ ਸਾਚੇ ਆਤਮ ਭਾਣਾ ਏਕਾ ਸਹਿਣਾ, ਕਾਇਆ ਚੋਲੀ ਸਾਚੀ ਡੋਲੀ ਆਪਣੇ ਕੰਧ ਉਠਾਈਆ । ਕਲਜੁਗ ਤੇਰੀ ਅੰਤਮ ਵਿਆਹੇ ਪੁਰਖ ਅਬਿਨਾਸ਼ੀ ਸਾਚੀ ਬੋਲੀ, ਧਰਮ ਰਾਏ ਦੀ ਕਰੇ ਗੋਲੀ, ਲਾੜੀ ਮੌਤ ਖ਼ੁਸ਼ੀ ਮਨਾਈਆ । ਕਰੇ ਖੇਲ ਹੌਲੀ ਹੌਲੀ, ਪੂਰੇ ਤੋਲ ਰਿਹਾ ਤੋਲੀ, ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਲੋਕਮਾਤ ਹਰਿ ਜੋਤ ਧਰ, ਲੋਆਂ ਪੁਰੀਆਂ ਰਿਹਾ ਡੁਲਾਈਆ । ਲੋਆਂ ਪੁਰੀਆਂ ਗਗਨ ਪਤਾਲਾ, ਆਪੇ ਆਪ ਹਿਲਾਇੰਦਾ । ਸ਼ਬਦ ਸਰੂਪੀ ਮਾਰੇ ਛਾਲਾ, ਦਿਸ ਕਿਸੇ ਨਾ ਆਇੰਦਾ । ਲੱਖ ਚੁਰਾਸੀ ਵੇਖੇ ਪਰਖੇ ਕਵਣ ਫ਼ਲ ਲੱਗਾ ਡਾਲਾ, ਕਵਣ ਰੰਗ ਸਮਾਇੰਦਾ । ਨਾਲ ਰਖਾਏ ਕਾਲ ਮਹਾਂਕਾਲਾ, ਗੁਰ ਗੋਪਾਲਾ ਦੀਨ ਦਿਆਲਾ ਆਪ ਆਪਣਾ ਭੇਖ ਵਟਾਇੰਦਾ । ਭਗਤ ਜਨਾਂ ਤੋੜੇ ਜਗਤ ਜੰਜ਼ਾਲਾ, ਏਕਾ ਦੇਵੇ ਨਾਮ ਸੱਚਾ ਧਨ ਮਾਲਾ, ਆਪੇ ਸ਼ਾਹ ਆਪੇ ਕੰਗਾਲਾ, ਦੋਵੇਂ ਖਾਲੀ ਹੱਥ ਰਖਾਇੰਦਾ । ਕਾਇਆ ਮੰਦਰ ਇਕ ਵਖਾਏ ਸੱਚੀ ਧਰਮਸਾਲਾ, ਜਗੇ ਜੋਤ ਇਕ ਅਕਾਲਾ, ਅਕਾਲ ਮੂਰਤ ਸ਼ਬਦ ਤੂਰਤ ਨੂਰੋ ਨੂਰਤ, ਸਾਚੀ ਸੂਰਤ ਆਪ ਜਣਾਇੰਦਾ । ਭਗਤ ਜਨਾਂ ਪ੍ਰਭ ਆਸਾ ਮਨਸਾ ਪੂਰਤ, ਮਨਮੁਖਾਂ ਦਿਸੇ ਦੂਰੋ ਦੂਰਤ, ਕੂੜੋ ਕੂੜਤ ਸਰਬ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖਾਂ ਦੇਵੇ ਸ਼ਬਦ ਵਰ, ਏਕਾ ਰਾਹ ਜਗਤ ਮਲਾਹ ਧੁਰ ਦਰਗਾਹ ਵਖਾਇੰਦਾ । ਧੁਰ ਦਰਗਾਹੀ ਬੇਪਰਵਾਹੀ ਸਾਚਾ ਰਾਹ ਵਖਾਇਆ । ਆਪੇ ਤਾਰੇ ਫੜ ਫੜ ਬਾਂਹੀ, ਚਰਨ ਕਵਲ ਕਵਲ ਚਰਨ ਜਿਸ ਜਨ ਸਾਚੇ ਸੀਸ ਝੁਕਾਇਆ । ਆਦਿ ਅੰਤ ਦੇਵੇ ਠੰਢੀਆਂ ਛਾਂਈ, ਸ੍ਰਿਸ਼ਟ ਸਬਾਈ ਉਪਰ ਧਵਲ ਜਾਏ ਮਵਲ, ਉਲਟੀ ਕਰੇ ਨਾਭੀ ਕਵਲ, ਅੰਮ੍ਰਿਤ ਆਤਮ ਮੁਖ ਚੁਆਇਆ । ਮੇਲ ਮਿਲਾਵਾ ਸਾਵਲ ਸਵਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅੰਦਰ ਮੰਦਰ ਸ਼ਬਦ ਸਿੰਘਾਸਣ ਜੋਤ ਬਿਰਾਜੇ, ਕਰੇ ਖੇਲ ਦੇਸ ਮਾਝੇ, ਕਲਜੁਗ ਸਵਾਰੇ ਤੇਰੇ ਕਾਜੇ, ਸਤਿਜੁਗ ਸਾਚਾ ਰਾਹ ਵਖਾਇਆ । ਸ਼ਬਦ ਸਿੰਘਾਸਣ ਡੇਰਾ ਲਾਏ, ਜੋਤੀ ਜਾਮਾ ਪਾਇਆ । ਮਨਮੁਖ ਜੀਵਾਂ ਦਿਸ ਨਾ ਆਏ, ਕਲਜੁਗ ਅੰਧੇਰਾ ਛਾਇਆ । ਹਰਿ ਜਨ ਸਾਚੇ ਰਿਹਾ ਜਗਾਏ, ਭਾਂਡਾ ਭਰਮ ਭਉ ਭੰਨਾਇਆ । ਆਪ ਆਪਣਾ ਦਰਸ ਦਿਖਾਇਆ । ਅੰਮ੍ਰਿਤ ਆਤਮ ਮੇਘ ਬਰਸ ਵਖਾਏ, ਮਾਨਸ ਜਨਮ ਲੇਖੇ ਲਾਇਆ ।

੬੩੦ ੦੫

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਸ਼ਬਦ ਵਰ, ਆਵਣ ਜਾਵਣ ਜਮ ਕੀ ਫਾਸੀ ਦੇਵੇ ਫੰਦ ਕਟਾਇਆ । ।

### ★ ੧੪ ਚੇਤ ੨੦੧੩ ਸਵੇਰੇ ਨਿਰੰਜਣ ਸਿੰਘ ਦੇ ਗ੍ਰਹਿ ਪਿੰਡ ਅਜਿਤਵਾਲ ਜ਼ਿਲਾ ਫਿਰੋਜ਼ਪੁਰ ★

ਖੋਜ ਖੋਜ ਥੱਕੇ ਗੁਰ ਮੰਦਰ, ਗੁਰ ਪੂਰਾ ਦਿਸ ਨਾ ਆਇਆ । ਜਗਤ ਹੰਕਾਰੀ ਵੱਜੇ ਜੰਦਰ, ਰਾਗ ਛਤੀਸ ਭੇਵ ਨਾ ਰਾਇਆ । ਬੈਠੇ ਰਹੇ ਅੰਧੇਰੀ ਕੰਦਰ, ਅਗਿਆਨ ਅੰਧੇਰ ਨਾ ਕਿਸੇ ਮਿਟਾਇਆ । ਜੋਤੀ ਜੋਤ ਸਰੂਪ ਹਰਿ, ਕਲਜੁਗ ਕਾਲਾ ਵੇਖ ਦਰ, ਆਪਣੀ ਰਚਨਾ ਰਿਹਾ ਰਚਾਇਆ । ਕਲਜੁਗ ਕਾਲ ਦੁਹਾਈ, ਸੰਤ ਸਬਾਇਆ । ਵੇਲੇ ਅੰਤਮ ਹੋਏ ਜੁਦਾਈ, ਨਾ ਦੀਸੇ ਕੋਈ ਸਹਾਇਆ । ਗੁਰਦਵਾਰ ਮੰਦਰ ਬੈਠੇ ਰੋਵਣ ਮਾਰਨ ਧਾਂਹੀ ਨਾ ਕੋਈ ਕਰੇ ਪਾਰ ਕਿਨਾਰਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਮਤ ਵੇਖੇ ਵੀਹ ਸੌ ਤੇਰਾਂ ਭੇਖ ਭਿਖਾਰੀ ਫੇਰਾ ਮਾਰਿਆ । ਭੇਖ ਭਿਖਾਰੀ ਸ਼ਬਦ ਜਰਵਾਣਾ, ਇਕ ਰਖਾਏ ਭੱਲਾ । ਕਰੇ ਕਰਾਏ ਖ਼ਬਰਦਾਰੀ, ਭਰਮ ਭੁਲੇਖਾ ਪਾਏ ਕਰ ਕਰ ਵਲਾ ਛਲਾ । ਜੀਵ ਜੰਤ ਨਾ ਪਾਇਣ ਸਾਰੀ, ਦਿਸ ਨਾ ਆਏ ਨਿਹਚਲ ਧਾਮ ਅਟੱਲਾ । ਰੈਣ ਅੰਧੇਰੀ ਕਰੇ ਖੁਆਰੀ, ਡੂੰਘੀ ਧਾਰੀ ਜਲ ਥਲਾ । ਗੁਰਮਤ ਆਤਮ ਤਨ ਵਿਸਾਰੀ, ਮਨਮੁਖ ਕਾਗੀ ਕਾਗ ਰਲਾ । ਸ਼ਬਦ ਫੜ ਪ੍ਰਭ ਤੇਜ ਕਟਾਰੀ, ਆਪ ਕਰਾਏ ਆਪਣਾ ਹੱਲਾ । ਆਪੇ ਢਾਹੇ ਉਚੇ ਬੰਕ ਦਵਾਰੀ, ਨਾ ਕੋਈ ਲਾਏ ਘੜੀ ਪਲਾ । ਏਕਾ ਧਾੜ ਰਿਹਾ ਚਾੜ੍ਹੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਾਮ ਬੁਲਾਏ ਏਕਾ ਹੱਲਾ । ਨਾਮ ਹੱਲਾ ਦੇਵੇ ਬੋਲ, ਸ਼ਬਦ ਵਡ ਵਡਿਆਈਆ । ਜਗਤ ਵਜਾਏ ਸਾਚਾ ਢੋਲ, ਦੂਤਾਂ ਦੁਸ਼ਟਾਂ ਦਏ ਸਜਾਈਆ । ਗੁਰਮੁਖ ਸਾਚੇ ਸੰਤ ਵਰੋਲ, ਸਾਚੀ ਦ੍ਰਿਸ਼ਟਾ ਆਪ ਖੁਲ੍ਹਾਈਆ । ਨਿਜ ਘਰ ਵਾਸੀ ਵਸੇ ਕੋਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵੇਖੇ ਖੇਲ ਜਗਤ ਜੁਦਾਈਆ । ਕਲਜੁਗ ਸੰਤ ਮਾਇਆ ਮਤੇ, ਆਤਮ ਅੰਧ ਅੰਧਿਆਰੀ । ਦਰ ਘਰ ਸਾਚੇ ਰਹਿਣ ਤੱਤੇ, ਹੋਏ ਦੁਸ਼ਟ ਦੁਰਾਚਾਰੀ । ਗੁਰਮੁਖ ਵਿਰਲਾ ਪ੍ਰਭ ਆਪ ਜਣਾਏ ਆਪਣੀ ਮਿਤ ਗਤੇ, ਮੇਲ ਮਿਲਾਏ ਜੋਤ ਨਿਰੰਕਾਰੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਮਤ ਸੋਲਾਂ ਸਾਧਨ ਸੰਤਾਂ ਚੁੱਕੇ ਡੋਲਾ ਸ਼ਬਦ ਹੋਲਾ ਖੇਲ ਖਿਲਾਰੀ । ਸ਼ਬਦ ਹੋਲਾ ਦੇਵੇ ਖੇਲ, ਖੇਲ ਖਿਲਾਵਣ ਆਇਆ । ਮੌਤ ਲਾੜੀ ਚਾੜ੍ਹੇ ਤੇਲ, ਗੁਰ ਚੇਲ ਮਿਟਾਵਣ ਆਇਆ । ਵੇਖੇ ਖੇਲ ਰੰਗ ਨਵੇਲ, ਸੱਜਣ ਸੁਹੇਲ ਦਿਸ ਨਾ ਆਇਆ । ਜਨ ਭਗਤ ਕਰਾਏ ਆਪਣਾ ਮੇਲ, ਜੋਤ ਸਰੂਪੀ ਦਰਸ ਦਿਖਾਇਆ । ਧਰਮ ਰਾਏ ਦੀ ਕਟੇ ਜੇਲ੍ਹ, ਕਲਜੁਗ ਅੰਤਮ ਤਰਸ ਕਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮਨਮੁਖ ਜੀਵਾਂ ਦਏ ਸਜਾਇਆ । ਮਨਮੁਖ ਮੁਗਧ ਅੰਞਾਣ, ਜਗਤ ਵਿਕਾਰਿਆ । ਮਿਲਿਆ ਮੇਲ ਨਾ ਹਰਿ ਭਗਵਾਨ, ਭਾਂਡਾ ਭਰਿਆ ਤਨ ਹੰਕਾਰਿਆ । ਜੂਠਾ ਝੂਠਾ ਵੇਖ ਮਕਾਨ, ਮੰਦਰ ਸੁੱਤਾ ਪੈਰ ਪਸਾਰਿਆ । ਕਲਜੁਗ ਝੂਠੀ ਪਏ ਦੁਕਾਨ, ਸਤਿਜੁਗ ਸਾਚਾ ਹਟ ਖੁਲ੍ਹਾ ਰਿਹਾ । ਆਪੇ ਕਰੇ ਪੁਣ ਛਾਣ, ਲੱਖ ਚੁਰਾਸੀ ਮੇਟ ਮਿਟਾ ਰਿਹਾ । ਜਗਤ ਜਵਾਨੀ ਭੰਨੇ ਟਾਹਣ, ਤੀਰਥ ਤੱਟ ਸਭ ਵਿਕਾਰਿਆ । ਜਨ ਭਗਤਾਂ ਦੇਵੇ ਜੀਆ ਦਾਨ, ਨਾਮ ਰਥ ਇਕ ਚੜ੍ਹਾ ਰਿਹਾ । ਦੀਪਕ ਜੋਤੀ ਜਗੇ ਮਹਾਨ, ਸਾਚੀ ਗਾਥ ਰਸਨ ਸੁਣਾ ਰਿਹਾ । ਨਿਜਾਨੰਦ ਨਿਜ ਘਰ ਆਤਮ

ਆਪਣੇ ਪਾਣ, ਆਪ ਆਪਣਾ ਆਪ ਵਖਾ ਰਿਹਾ । ਰਾਗ ਹਦੀਸਾ ਏਕਾ ਗਾਨ, ਅਜਪਾ ਜਾਪ ਹਰਿ ਜਪਾ ਰਿਹਾ । ਸ਼ਬਦ ਛਤਰ ਸੀਸ ਝੁਲਾਨ, ਅਮਰਾਪਦ ਪੁਰਖ ਅਬਿਨਾਸ਼ੀ ਦਰ ਘਰ ਸਾਚੇ ਸਦ ਸ਼ਬਦ ਬਿਬਾਣੇ ਆਪ ਬਹਾ ਰਿਹਾ । ਜੋਤੀ ਜੋਤ ਸਰੂਪ ਹਰਿ, ਵੇਖ ਵਖਾਣੇ ਕਲਜੁਗ ਯੱਦ, ਕਵਣ ਦਵਾਰੇ ਵੱਜੇ ਨਦ, ਧੁਨੀ ਨਾਦ ਕਵਣ ਅਪਾਰਿਆ । ਵੱਜੇ ਨਾਦ ਸ਼ਬਦ ਜਣਾਈ, ਸੋਹੰ ਸੱਚਾ ਢੋਲਾ । ਜਨ ਭਗਤਾਂ ਬਣਤ ਰਿਹਾ ਬਣਾਈ, ਚਰਨ ਦਵਾਰ ਕਰਾਏ ਗੋਲਾ । ਸਾਚੇ ਸੰਤ ਮਿਲੇ ਵਡਿਆਈ, ਏਕਾ ਤੋਲ ਆਤਮ ਤੋਲਾ । ਮਹਿੰਮਾ ਅਗਣਤ ਗਣੀ ਨਾ ਜਾਈ, ਦੇਵੇ ਸ਼ਬਦ ਨਾਮ ਝਕੋਲਾ । ਗੁਰਮੁਖ ਸਾਚੇ ਸੰਤ ਰਿਹਾ ਜਗਾਈ । ਮਨਮੁਖਾਂ ਗੂੜ੍ਹੀ ਨੀਂਦ ਸਵਾਈ, ਆਪ ਰੱਖਿਆ ਪੜਦਾ ਉਹਲਾ । ਦਰ ਘਰ ਸਾਚੇ ਵੱਜੇ ਵਧਾਈ, ਮੰਗਲਾਚਾਰ ਰੈਣ ਸਬਾਈ, ਗੁਰਮੁਖ ਸ਼ਬਦ ਹੋਏ ਕੁੜਮਾਈ, ਭਾਗ ਲਗਾਏ ਕਾਇਆ ਚੋਲਾ । ਦਿਵਸ ਰੈਣ ਨਾ ਹੋਏ ਜੁਦਾਈ, ਮਿਲੇ ਮੇਲ ਪ੍ਰਭ ਸਾਚੇ ਮਾਹੀ, ਦਰਸ ਦਿਖਾਏ ਕਲਾ ਸੋਲਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਸੇ ਰਹਿਣ ਨਾ ਦੇਵੇ ਤਨ ਪਾਇਆ ਸ਼ਬਦ ਚੋਲਾ । ਗੁਰਮੁਖ ਦਵਾਰਾ ਧੰਨ ਹੈ, ਮਿਲੇ ਮੇਲ ਹਰਿ ਰਾਏ । ਆਤਮ ਬੇੜਾ ਰਿਹਾ ਬੰਨ੍ਹ ਹੈ, ਦੇਵੇ ਚਰਨ ਸੱਚੀ ਸਰਨਾਏ । ਜਗਤ ਅਮੋਲਾ ਨਾਮ ਧਨ ਹੈ, ਗੁਰਮੁਖ ਸਾਚੇ ਲਏ ਛੁਡਾਏ । ਜੋਤ ਨਿਰੰਜਣ ਚਾੜ੍ਹੇ ਸਾਚਾ ਚੰਨ ਹੈ, ਕਲਜੁਗ ਰੈਣ ਅੰਧੇਰੀ ਡਗਮਗਾਏ । ਗੁਰਮੁਖ ਸਾਚੇ ਆਤਮ ਜਾਏ ਮੰਨ ਹੈ, ਏਕਾ ਦੂਜਾ ਭਉ ਚੁਕਾਏ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਏਕਾ ਰੰਗਣ ਸ਼ਬਦ ਚੜ੍ਹਾਏ । ਸ਼ਬਦ ਚੋਲੀ ਮਾਤ ਰੰਗਾਈਆ । ਨਾਮ ਡੋਲੀ ਇਕ ਵਖਾਏ, ਹੌਲੀ ਹੌਲੀ ਰਿਹਾ ਉਠਾਈਆ । ਸਾਚੀ ਬੋਲੀ ਇਕ ਸੁਣਾਏ, ਸੋਹੰ ਸਾਚਾ ਜਾਪ ਜਪਾਈਆ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੇ ਭਾਣੇ ਵਿਚ ਸਮਾਈਆ । ਨਿਰਗੁਣ ਤੇਰੀ ਧਾਰ, ਭੇਵ ਨਾ ਰਾਇਆ । ਸਰਗੁਣ ਰਿਹਾ ਵਿਚਾਰ, ਦਿਸ ਨਾ ਆਇਆ । ਸਭ ਘਟ ਰਿਹਾ ਪਸਾਰ, ਆਸਣ ਲਾਇਆ । ਤੀਰਥ ਤਟ ਨਾ ਦਏ ਆਧਾਰ, ਕਲਜੁਗ ਵੇਲਾ ਅੰਤਮ ਆਇਆ । ਲੱਖ ਚੁਰਾਸੀ ਕਾਇਆ ਮੱਟ, ਖਾਲੀ ਦਿਸੇ ਸ਼ਬਦ ਹੱਟ, ਸਾਚਾ ਵਣਜ ਨਾ ਕਿਸੇ ਕਰਾਇਆ । ਜੂਠਾ ਝੂਠਾ ਖੇਲ ਬਾਜ਼ੀਗਰ ਨਟ, ਮਾਇਆ ਰਾਣੀ ਭਰਮ ਭੁਲਾਇਆ । ਮਸਤਕ ਜੋਤ ਨਾ ਜਗੇ ਲਟ ਲਟ, ਦੁਰਮਤ ਮੈਲ ਦਏ ਕੱਟ, ਅੰਮ੍ਰਿਤ ਆਤਮ ਸਾਚਾ ਜਾਮ ਨਾ ਕਿਸੇ ਪਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵੇਖ ਖੇਲ ਸ੍ਰਿਸ਼ਟ ਸਬਾਇਆ । ਵੇਖੇ ਖੇਲ ਜਗਤ ਭਿਖਾਰੀ, ਕਲਜੁਗ ਵੇਖਣ ਆਇਆ । ਕਵਣ ਦਵਾਰੇ ਸ਼ਬਦ ਭੰਡਾਰੀ, ਗੁਰ ਗੋਬਿੰਦ ਚਰਨੀ ਚਿਤ ਲਾਇਆ । ਮਾਇਆਰਾਣੀ ਪਸਰ ਪਸਾਰੀ, ਜੀਵਾਂ ਜੰਤਾਂ ਆਤਮ ਅੰਧੀ ਅੰਧ ਅੰਧਿਆਰੀ, ਸਚ ਵਸਤ ਕਿਸੇ ਹੱਥ ਨਾ ਆਇਆ । ਜੂਠੀ ਝੂਠੀ ਚਾਰ ਯਾਰੀ, ਪੰਚਮ ਭੁੱਲਿਆ ਮੀਤ ਮੁਰਾਰੀ, ਨੈਣ ਮੁਧਾਰੀ ਮੁਖ ਛੁਪਾਇਆ । ਨਾ ਕੋਈ ਦੇਵੇ ਜਗਤ ਅਧਾਰੀ, ਆਤਮ ਭੁਗਤੀ ਹੋਈ ਖੁਆਰੀ, ਆਤਮ ਤ੍ਰਿਸ਼ਨਾ ਮੋਹ ਵਧਾਇਆ । ਦੀਪਕ ਜੋਤ ਨਾ ਹੋਏ ਉਜਿਆਰੀ, ਸ਼ਬਦ ਨਾ ਉਪਜੇ ਸੱਚੀ ਧੁਨਕਾਰੀ, ਧੁਨੀ ਨਾਦ ਕਾਇਆ ਬ੍ਰਹਿਮਾਦ ਸਾਚੇ ਤਨ ਨਾ ਕਿਸੇ ਵਜਾਇਆ । ਪੁਰਖ ਅਗੰਮਾ ਨਾ ਆਇਆ ਯਾਦ, ਦਰ ਦਵਾਰਾ ਨਰ ਨਿਰੰਕਾਰਾ ਜੋਤ ਸਰੂਪੀ ਨਾ ਕੋਈ ਲਏ ਲਾਧ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵੇਖੇ ਖੇਲ ਅਪਰ ਅਪਾਰਾ । ਅਪਰ ਅਪਾਰਾ ਹਰਿ ਹਰਿ ਖੇਲ, ਜੁਗਾ ਜੁਗੰਤ ਬਣਾਈਆ । ਹਰਿ ਸੰਤ ਸੁਹੇਲਾ ਗੁਰਮੁਖ ਸਾਚੇ ਰਿਹਾ ਮੇਲ, ਮਨਮੁਖ ਜੀਵਾਂ ਦਿਸ ਨਾ ਆਈਆ । ਸ਼ਬਦ ਚਾੜ੍ਹੇ

ਸਾਚਾ ਤੇਲ, ਸਾਚਾ ਧਾਮ ਇਕ ਸੁਹਾਈਆ । ਆਪੇ ਵਸੇ ਰੰਗ ਨਵੇਲ, ਦਿਵਸ ਰੈਣ ਡਗਮਗਾਈਆ । ਆਪ ਚੁਕਾਏ ਲਹਿਣ ਦੇਣ, ਦਰਸ ਦਿਖਾਏ ਤੀਜੇ ਨੈਣ, ਕਿਲ੍ਹਾ ਕੋਟ ਹੰਕਾਰੀ ਗੜ੍ਹ ਕਾਇਆ ਮੰਦਰ ਦਏ ਤੁੜਾਈਆ । ਆਪੇ ਗੁਰ ਆਪੇ ਚੇਲ, ਧਰਮ ਰਾਏ ਦੀ ਕਟੇ ਜੇਲ੍ਹ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਿਸ ਜਨ ਆਤਮ ਬ੍ਰਹਮ ਜਣਾਈਆ । ਆਤਮ ਬ੍ਰਹਮ ਜਣਾਈ, ਸ਼ਬਦ ਅਭੇਦਿਆ । ਕਲਜੁਗ ਜੀਵ ਨਾ ਪਾਏ ਸਾਰ, ਪੜ੍ਹ ਪੜ੍ਹ ਥੱਕੇ ਚਾਰੇ ਵੇਦਿਆ । ਜੋਤ ਨਿਰੰਜਣ ਅਪਰ ਅਪਾਰ, ਆਦਿਨ ਅੰਤਾ ਅਛਲ ਅਛੇਦਿਆ । ਕਾਇਆ ਮੰਦਰ ਰਿਹਾ ਪਸਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਵੇਖੇ ਵੇਦ ਕਤੇਬਿਆ । ਵੇਦ ਕਿਤੇਬਾਂ ਪੜ੍ਹ ਪੜ੍ਹ ਥੱਕੇ, ਜੀਵ ਜੰਤ ਜਹਾਨਾ । ਕਾਜ਼ੀ ਮੁਲਾਂ ਸ਼ੇਖ਼ ਫਿਰਨ ਮੱਕੇ, ਬਗਲੀਂ ਪਕੜ ਕੁਰਾਨਾ । ਕਲਜੁਗ ਅੰਤਮ ਪੈਣ ਧੱਕੇ, ਏਕਾ ਸ਼ਬਦ ਤੀਰ ਨਿਸ਼ਾਨਾ । ਹੋਏ ਨਿਮਾਣੀ ਅਲ੍ਹਾ ਰਾਣੀ ਤਕੇ, ਲੱਖ ਚੁਰਾਸੀ ਪੁਰਖ ਅਬਿਨਾਸ਼ੀ ਲਾੜੀ ਮੌਤ ਜਗਾਈ, ਹੱਥੀਂ ਬੰਨ੍ਹੇ ਗਾਨਾ । ਗੁਰਮੁਖ ਪੂਰੇ ਆਤਮ ਦਰ ਵੱਜੇ ਵਧਾਈ, ਸਾਧਾਂ ਸੰਤਾਂ ਸੁਰਤ ਨਾ ਆਈ, ਗਿਆਨੀ ਧਿਆਨੀ ਭੇਵ ਨਾ ਰਾਈ, ਮਾਇਆ ਮਮਤਾ ਰਹੀ ਭੁਲਾਈ, ਉਪਜੇ ਨਾਮ ਨਾ ਸਚ ਤਰਾਨਾ । ਜੋਤੀ ਜੋਤ ਸਰੂਪ ਹਰਿ, ਕਲਜੁਗ ਅੰਤਮ ਜੋਤ ਧਰ, ਲਹਿਣਾ ਦੇਣਾ ਜਗਤ ਚੁਕਾਏ, ਹਰਿਜਨ ਸਾਚੇ ਲਏ ਬਚਾਏ, ਦੇਵੇ ਜਗਤ ਸੱਚੀ ਵਡਿਆਈ । ਹਰਿਜਨ ਸਾਜਨ ਸਾਚਾ ਮੀਤ ਹੈ, ਲੋਚਨ ਪੇਖੇ ਨੈਣਾ । ਅਚਰਜ ਚਲਾਈ ਰੀਤ ਹੈ, ਲੱਖ ਚੁਰਾਸੀ ਆਪ ਵਹਾਏ ਵਹਿੰਦੇ ਵਹਿਣਾ । ਨਾ ਕੋਈ ਗੁਰੂਦਵਾਰ ਮੰਦਰ ਮਸੀਤ ਹੈ, ਪੁਰਖ ਅਬਿਨਾਸ਼ੀ ਘਟ ਘਟ ਵਾਸੀ ਕਾਇਆ ਮੰਦਰ ਸਾਚੇ ਅੰਦਰ ਧਾਮ ਸੁਹੇਲੇ ਏਕਾ ਬਹਿਣਾ । ਇਕ ਸੁਣਾਏ ਸੁਹਾਗੀ ਗੀਤ ਹੈ, ਬੈਠਾ ਰਹੇ ਸਦਾ ਅਤੀਤ ਹੈ, ਦਿਵਸ ਰੈਣ ਪਰਖੇ ਨੀਤ ਹੈ, ਆਪ ਚੁਕਾਏ ਲਹਿਣਾ ਦੇਣਾ । ਗੁਰਮੁਖ ਸਾਚੇ ਮਾਨਸ ਦੇਹੀ ਜਾਣਾ ਜੀਤ ਹੈ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਦੇਵੇ ਨਾਮ ਵਰ, ਸ਼ਬਦ ਪਹਿਨਾਏ ਸਾਚਾ ਗਹਿਣਾ । ਸ਼ਬਦ ਗਹਿਣਾ ਤਨ ਪਹਿਨਾਏ, ਕਰੇ ਤਨ ਸ਼ਿੰਗਾਰੀ । ਗੁਰਮੁਖ ਸਾਚੇ ਸੰਤ ਜਗਾਏ, ਦੇਵੇ ਸ਼ਬਦ ਭੰਡਾਰੀ । ਆਪ ਆਪਣੀ ਸਰਨ ਰਖਾਏ, ਪਾਰਬ੍ਰਹਮ ਬ੍ਰਹਮ ਭੇਵ ਨਿਆਰੀ । ਮਾਨਸ ਜਨਮ ਲੇਖੇ ਲਾਏ, ਜਗੇ ਜੋਤ ਅਗੰਮ ਅਪਾਰੀ । ਪੂਰਬ ਕਰਮਾਂ ਵੇਖੇ ਧਰਮਾਂ, ਇਕ ਇਕੱਲਾ ਆਪੇ ਵਸੇ ਸਚ ਮਹੱਲਾ, ਦਿਸ ਨਾ ਆਏ ਜਲ ਥਲਾ, ਸਚ ਟਿਕਾਣਾ ਦਸਮ ਦਵਾਰੀ । ਜੋਤੀ ਜੋਤ ਸਰੂਪ ਹਰਿ, ਜਨ ਭਗਤਾਂ ਦੇਵੇ ਨਾਮ ਵਰ, ਇਕ ਬਹਾਏ ਸ਼ਬਦ ਬਿਬਾਣੇ, ਲੋਆਂ ਪੁਰੀਆਂ ਪਾਰ ਕਰਾਨਾ, ਮੇਲ ਮਿਲਾਏ ਜੋਤ ਨਿਰੰਕਾਰੀ । ਜੋਤ ਨਿਰੰਕਾਰੀ ਮੇਲ ਮਿਲਾਏ, ਕਰੇ ਖੇਲ ਅਵੱਲਾ । ਸ਼ਬਦ ਜੈਕਾਰੀ ਇਕ ਕਰਾਏ ਏਕਾ ਹੱਲਾ । ਵਣਜ ਵਾਪਾਰੀ ਭਗਤ ਕਰਾਏ, ਦੇਵੇ ਨਾਮ ਧਨ ਸਾਚਾ ਧਨਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖਾਂ ਦੇਵੇ ਸ਼ਬਦ ਵਰ, ਪੰਜਾਂ ਦੇਵੇ ਆਪੇ ਡੰਨਾ । ਪੰਚਾਂ ਦੇਵੇ ਡੰਨ, ਸ਼ਬਦ ਜਣਾਈਆ । ਭਾਂਡਾ ਭਰਮ ਦੇਵੇ ਭੰਨ, ਆਤਮ ਅੰਤਰ ਅਗਨ ਬੁਝਾਈਆ । ਹੋਏ ਪਰਕਾਸ਼ ਆਤਮ ਅੰਨ੍ਹ, ਅਗਿਆਨ ਅੰਧੇਰਾ ਦਏ ਮਿਟਾਈਆ । ਆਪ ਚੜ੍ਹਾਏ ਸਾਚਾ ਚੰਨ, ਜੋਤ ਲਿਲਾਟੀ ਰਿਹਾ ਜਗਾਈਆ । ਦੋ ਜਹਾਨੀ ਬੇੜਾ ਦੇਵੇ ਬੰਨ੍ਹ, ਔਖੀ ਘਾਟੀ ਪਾਰ ਕਰਾਈਆ । ਸਾਚਾ ਘਰ ਇਕ ਵਖਾਏ ਨਾ ਕੋਈ ਛੱਪਰੀ ਨਾ ਕੋਈ ਛੰਨ, ਜੋਤ ਸਰੂਪੀ ਡਗਮਗਾਈਆ । ਦੋ ਜਹਾਨੀ ਬੇੜਾ ਦੇਵੇ ਬੰਨ੍ਹ, ਔਖੀ ਘਾਟੀ ਪਾਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲੱਖ ਚੁਰਾਸੀ ਵੇਖੇ ਦਰ, ਸੰਤ

੬੩੩
੦੫

੬੩੪ ੦੫

ਅਸੰਤਾ ਭੇਵ ਅਭੇਦਾ ਆਤਮ ਭੇਵ ਰਿਹਾ ਖੁਲ੍ਹਾਈਆ । ਵੇਖੇ ਸੰਤ ਸਾਜਣ ਕਵਣ ਧਨ ਕਵਣ ਮਾਲ, ਕਵਣ ਸ਼ਾਹ ਕਵਣ ਕੰਗਾਲ, ਕਵਣ ਜਗਤ ਭਗਤ ਦਲਾਲ, ਦੇਵੇ ਵਡ ਵਡਿਆਈਆ । ਕਾਇਆ ਫ਼ਲ ਪਰਖੇ ਡਾਲ੍ਹ, ਅੰਮ੍ਰਿਤ ਆਤਮ ਵੇਖੇ ਤਾਲ, ਸ਼ਬਦ ਸਰੂਪੀ ਮਾਰੇ ਛਾਲ, ਦਹਿ ਦਿਸ਼ਾ ਵੇਖ ਵਖਾਈਆ । ਮਾਇਆ ਤੋੜੇ ਜਗਤ ਜੰਜ਼ਾਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦਰ ਦਰ ਘਰ ਘਰ ਆਪੇ ਵੇਖੇ, ਲੋਚਨ ਨੇਤਰ ਸਾਚੇ ਪੇਖੇ, ਕਰੇ ਖੇਲ ਬੇਪਰਵਾਹੀਆ । ਵੇਖੇ ਵਖਾਏ ਥਾਉਂ ਥਾਂ, ਕਰੇ ਖੇਲ ਮਹਾਨਾ । ਦਰ ਦਰ ਘਰ ਘਰ ਉਡਣੇ ਕਾਂ, ਉਚ ਮਹੱਲ ਅਟੱਲ ਰਹਿਣ ਨਾ ਪਾਨਾ । ਨਾ ਕੋਈ ਦੀਸੇ ਪਿਤਾ ਮਾਂ, ਨਾਤਾ ਤੁੱਟੇ ਭੈਣ ਭਰਾਨਾ । ਏਕਾ ਏਕ ਪ੍ਰਭ ਸਾਚੇ ਤੇਰਾ ਨਾਂ, ਝੂਲੇ ਧਰਮ ਨਿਸ਼ਾਨਾ । ਪੁਰਖ ਅਬਿਨਾਸ਼ੀ ਪਰਗਟ ਹੋਏ ਪਕੜੇ ਬਾਂਹ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨ ਭਗਤਾਂ ਬੰਨ੍ਹੇ ਹੱਥੀਂ ਨਾਮ ਗਾਨਾ । ਗੁਰ ਸੰਗਤ ਧੰਨ ਕਮਾਈ, ਧੰਨ ਹਰਿ ਨਾਮਾ ਪਾਇਆ । ਸਾਚੇ ਘਰ ਵੱਜੀ ਵਧਾਈ, ਮੰਗਲਾਚਾਰ ਰਸਨਾ ਗਾਇਆ । ਨਾਤਾ ਤੁੱਟੇ ਜਗਤ ਜੁਦਾਈ, ਪੁਰਖ ਅਬਿਨਾਸ਼ੀ ਸਾਚਾ ਪਾਇਆ । ਹੋਏ ਸਹਾਈ ਸਭਨੀਂ ਥਾਂਈ, ਘਟ ਘਟ ਵਾਸੀ ਘਟ ਘਟ ਨਜ਼ਰੀ ਆਇਆ । ਪਾਰ ਉਤਾਰੇ ਫੜ ਫੜ ਬਾਂਹੀ, ਅੰਤਮ ਬੇੜਾ ਬੰਨ੍ਹੇ ਲਾਇਆ । ਸਦਾ ਸੁਹੇਲਾ ਦੇਵੇ ਠੰਢੀ ਛਾਂਈ, ਜਿਸ ਜਨ ਆਏ ਦਰ ਦਰਸਨ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖੇ ਲਾਏ ਆਇਆ ਜਾਇਆ । ਆਏ ਦਰ ਪਰਵਾਨ, ਆਤਮ ਮੰਨਿਆ । ਦੇਵੇ ਵਰ ਧੁਰ ਫ਼ਰਮਾਣ, ਸਾਚਾ ਰਾਗ ਸੁਣਾਏ ਕੰਨਿਆ । ਮਨਮੁਖ ਮੂਰਖ ਮੁਗਧ ਅੰਞਾਣ, ਚਰਨ ਕਵਲ ਇਕ ਧਿਆਨ, ਭਾਂਡਾ ਭਰਮ ਦਰ ਘਰ ਭੰਨਿਆ । ਗੁਰਮੁਖ ਸਾਚੇ ਚਤੁਰ ਸੁਜਾਨ, ਮਿਲੇ ਦਾਤ ਜੀਆ ਦਾਨ, ਚੜ੍ਹੇ ਚੰਨ ਸਾਚਾ ਚੰਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਸੰਗਤ ਦੇਵੇ ਜਗਤ ਵਰ, ਦਿਸ ਨਾ ਆਏ ਆਤਮ ਅੰਨ੍ਹਿਆ । ਆਤਮ ਅੰਧ ਅੰਧ ਅਗਿਆਨ । ਭਾਗਾਂ ਮੰਦ ਜਗਤ ਨਿਧਾਨ । ਆਤਮ ਵਿਕਾਰਾ ਜਗਤ ਹੰਕਾਰਾ, ਬੰਦ ਬੰਦ ਮਾਇਆ ਮਮਤਾ ਮਾਣ ਤਾਨ । ਅੰਤ ਖੁਆਰਾ ਦੁਸ਼ਟ ਦੁਰਾਚਾਰਾ, ਹਾਹਾਕਾਰਾ ਜੀਵ ਕੁਰਲਾਨ । ਹਰਿਜਨ ਸਾਚੇ ਚਰਨ ਪਿਆਰਾ, ਮਿਲੇ ਨਾਮ ਸ਼ਬਦ ਅਧਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੋਹਾਂ ਵੇਖੇ ਇਕ ਦਰ ਆਪੇ ਜਾਣੇ ਜਾਣਨਹਾਰ । ਲੱਗੇ ਭੋਗ ਸ਼ਬਦ ਭਗਵਾਨ । ਰਸਨਾ ਚੋਗ ਜੀਵ ਜਹਾਨ । ਲਿਖਿਆ ਲੇਖਾ ਧੁਰ ਸੰਜੋਗ, ਕਲ ਮੇਲਾ ਮਿਲਿਆ ਆਣ । ਜਗਤ ਨਾਤਾ ਹੋਏ ਵਿਜੋਗ, ਨਾਮ ਰਖਾਏ ਸਾਚੀ ਆਣ । ਦਰ ਦਵਾਰੇ ਦਰਸ ਅਮੋਘ, ਨਾਮ ਜੋਗ ਸਾਚਾ ਪੀਣ ਖਾਣ । ਦੂਈ ਦਵੈਤੀ ਹਉਮੇ ਮਿਟੇ ਰੋਗ, ਸ਼ਰਅ ਸ਼ਰਾਇਤੀ ਕਾਇਆ ਮੰਦਰ ਅੰਦਰ ਇਕ ਮਕਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਸੰਗਤ ਦੇਵੇ ਸ਼ਬਦ ਵਰ, ਦੇਵਤ ਦੇਵਤ ਦੇਵਤ ਜੀਆ ਦਾਨ । ਜੀਆ ਦਾਨ ਜਗਤ ਆਸ, ਪ੍ਰਭ ਪੂਰਨ ਆਪ ਕਰਾਈਆ । ਲੇਖੇ ਲਾਏ ਸਵਾਸ ਸਵਾਸ, ਰਸਨਾ ਗੋਬਿੰਦ ਗੋਬਿੰਦ ਗਾਈਆ । ਜੋ ਜਨ ਤਜਾਏ ਮਦਿਰਾ ਮਾਸ, ਪ੍ਰਭ ਸਗਲੀ ਚਿੰਤ ਮਿਟਾਈਆ । ਲੇਖੇ ਲਾਏ ਹੱਡ ਨਾੜੀ ਮਾਸ, ਪ੍ਰਿਥਮੀ ਆਕਾਸ਼ ਕਾਇਆ ਮੰਡਲ ਸਾਚੇ ਗਗਨ ਆਪੇ ਆਪ ਚੜ੍ਹਾਈਆ । ਜੋਤ ਸਰੂਪੀ ਪਾਏ ਰਾਸ, ਪੁਰਖ ਅਗੰਮਾ ਸਦਾ ਅਬਿਨਾਸ, ਆਤਮ ਸੇਜਾ ਬੈਠਾ ਆਸਣ ਲਾਈਆ । ਹਰਿਜਨ ਸਾਚੇ ਵਸੇ ਪਾਸ, ਦਿਵਸ ਰੈਣ ਨਾ ਹੋਏ ਉਦਾਸ, ਰਾਗ ਅਨਾਦ ਅਨਾਹਦ ਧੁਨ, ਅਨਹਦ ਸਾਚਾ ਰਾਗ ਸੁਣਾਈਆ । ਦਰ ਘਰ ਸਾਚੇ ਰਿਹਾ ਸੁਣ, ਸੰਤ ਸੁਹੇਲੇ ਆਪੇ ਚੁਣ, ਜੋਗੀ

ਜੁਗਤਾ ਜਾਣੇ ਗੁਣ ਅਵਗੁਣ, ਸ੍ਰਿਸ਼ਟ ਸਬਾਈ ਛਾਣ ਪੁਣ, ਅੱਖਰ ਵਖਰ ਧਾਰ ਵਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਦੇਵੇ ਸ਼ਬਦ ਵਰ, ਸ਼ਬਦ ਸਿੰਘਾਸਣ ਇਕ ਅਪਾਰ, ਜੋਤ ਨਿਰੰਜਣ ਸਚ ਆਕਾਰ, ਸ਼ਬਦ ਕਰਾਏ ਜੈ ਜੈਕਾਰ, ਆਪ ਆਪਣਾ ਰਾਗ ਸੁਣਾਈਆ । ਸ਼ਬਦ ਸਿੰਘਾਸਣ ਹਰਿ ਬਿਰਾਜੇ, ਦਿਸ ਕਿਸੇ ਨਾ ਆਇਆ । ਸੀਸ ਰਖਾਏ ਏਕਾ ਤਾਜੇ, ਹਰਿ ਜਗਦੀਸ ਅਖਵਾਇਆ । ਲੋਆਂ ਪੁਰੀਆਂ ਕਰੇ ਕਾਜੇ, ਪਰਗਟ ਹੋਏ ਦੇਸ ਮਾਝੇ, ਸੰਬਲ ਨਗਰੀ ਡੰਕ ਵਜਾਇਆ । ਭਗਤ ਜਨਾਂ ਪ੍ਰਭ ਰਖੇ ਲਾਜੇ, ਸ਼ਬਦ ਸਰੂਪੀ ਮਾਰੇ ਅਵਾਜ਼ੇ, ਅੰਦਰੇ ਅੰਦਰ ਰਿਹਾ ਜਗਾਇਆ । ਮਨਮੁਖ ਜੀਵ ਜਾਇਣ ਭਾਜੇ, ਜੂਠਾ ਝੂਠਾ ਸਾਜਨ ਸਾਜੇ, ਪੰਚਮ ਚੋਰ ਅੰਦਰ ਗਾਜੇ, ਬੰਕ ਦਵਾਰਾ ਦਿਸ ਨਾ ਆਇਆ । ਹਰਿ ਹਰਿ ਸਾਚਾ ਰਾਜਨ ਰਾਜੇ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਸਿੰਘਾਸਣ ਸਾਚੇ ਬਹਿਣਾ, ਆਪ ਆਪਣਾ ਰੰਗ ਵੇਖਣ ਆਇਆ । ਵੇਖੇ ਰੰਗ ਅਪਾਰ, ਖੇਲ ਸਬਾਇਆ । ਸ੍ਰਿਸ਼ਟ ਸਬਾਈ ਹਾਹਾਕਾਰ, ਗੁਣਵੰਤਾ ਹਰਿ ਗੁਣ ਭਤਾਰ, ਕੰਤ ਨਾਰੀ ਦਿਸ ਨਾ ਆਇਆ । ਗੁਰਮੁਖ ਸਾਚਾ ਮੀਤ ਮੁਰਾਰ, ਆਤਮ ਭਰਿਆ ਸ਼ਬਦ ਭੰਡਾਰ, ਮਾਇਆ ਮਮਤਾ ਮੋਹ ਗਵਾਇਆ । ਜਿਸ ਜਨ ਬਖ਼ਸ਼ੇ ਚਰਨ ਪਿਆਰ, ਅੰਮ੍ਰਿਤ ਆਤਮ ਠੰਢੀ ਧਾਰ, ਕਵਲ ਨਾਭੀ ਮੁਖ ਚੁਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨ ਭਗਤਾਂ ਦੇਵੇ ਸ਼ਬਦ ਵਰ, ਆਤਮ ਅੰਦਰ ਕਾਇਆ ਸੇਜਾ ਆਪ ਆਪਣਾ ਚਰਨ ਛੁਹਾਇਆ । ਸ਼ਬਦ ਸਿੰਘਾਸਣ ਹਰਿ ਬਣਾਇਆ, ਨਾਮ ਚੜ੍ਹਾਏ ਫੂਲ । ਪੁਰਖ ਅਬਿਨਾਸ਼ੀ ਆਸਣ ਲਾਇਆ, ਆਪੇ ਕੰਤ ਆਪ ਕੰਤੂਹਲ । ਦੂਸਰ ਕੋਇ ਦਿਸ ਨਾ ਆਇਆ, ਨਾ ਕੋਈ ਪਾਵਾ ਨਾ ਕੋਈ ਚੂਲ । ਗਗਨ ਮੰਡਲ ਵਿਚ ਸਮਾਇਆ । ਆਪੇ ਜਾਣੇ ਆਪਣਾ ਮੂਲ । ਜੋਤੀ ਜੋਤ ਸਰੂਪ ਹਰਿ, ਸ਼ਬਦ ਸੁਨੇਹੜਾ ਲੈ ਕੇ ਆਇਆ, ਸੱਤਵੇਂ ਅੰਦਰ ਬਹਿ ਕੇ ਆਇਆ, ਗੁਰਮੁਖ ਸਾਜਣ ਸਾਚੇ ਸੰਤ ਹੋਏ ਵਿਭਚਾਰੀ, ਸਾਚਾ ਕੰਤ ਦਿਸ ਨਾ ਆਇਆ । ਜਗਤ ਤ੍ਰਿਸ਼ਨਾ ਚੜ੍ਹੀ ਖੁਮਾਰੀ, ਆਦਿ ਅੰਤ ਅੰਤ ਆਦਿ ਭੇਵ ਨਾ ਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਬੰਕ ਦਵਾਰੀ, ਫੜੇ ਸ਼ਬਦ ਸਚ ਕਟਾਰੀ, ਚਾਰੋਂ ਕੁੰਟ ਰਿਹਾ ਚਲਾਇਆ ।।

### ★ ੧੫ ਚੇਤ ੨੦੧੩ ਬਿਕ੍ਰਮੀ ਨਿਰੰਜਣ ਸਿੰਘ ਦੇ ਗ੍ਰਿਹਿ ਪਿੰਡ ਬਦੋਵਾਲ ਜ਼ਿਲਾ ਲੁਧਿਆਣਾ ★

ਹਰਿਜਨ ਮਾਤ ਵਡਿਆਈਆ, ਦੇਵਣਹਾਰ ਦਾਤਾਰ । ਆਪੇ ਵੇਖ ਵਖਾਈਆ, ਵੇਖ ਵਖਾਏ ਪਰਖਣਹਾਰ । ਦਰ ਦਵਾਰਾ ਬੰਕ ਸੁਹਾਈਆ, ਲੇਖਾ ਲਿਖੇ ਲਿਖਣਹਾਰ । ਆਪ ਆਪਣੇ ਅੰਕ ਸਮਾਈਆ, ਬਖ਼ਸ਼ੇ ਚਰਨ ਕਵਲ ਪਿਆਰ । ਸਾਜਣ ਮੀਤ ਸਰਬ ਸੁਖਦਾਈਆ, ਦੇਵੇ ਨਾਮ ਸ਼ਬਦ ਭੰਡਾਰ । ਅਚਰਜ ਕਲਜੁਗ ਰੀਤ ਚਲਾਈਆ, ਏਕਾ ਰੰਗਣ ਰੰਗ ਰੰਗੇ ਕਰਤਾਰ । ਗੁਰਮੁਖ ਸਾਚੇ ਕਾਇਆ ਤੀਰਥ ਇਕ ਵਖਾਈਆ, ਮੰਗੇ ਮੰਗ ਦਰ ਦਵਾਰ । ਸੀਤਲ ਧਾਰਾ ਅੰਮ੍ਰਿਤ ਮੁਖ ਚੁਆਈਆ, ਜਗਤ ਤ੍ਰਿਸ਼ਨਾ ਦਏ ਨਿਵਾਰ । ਆਪ ਆਪਣੀ ਗੋਦ ਉਠਾਈਆ, ਸਾਚਾ ਦੇਵੇ ਨਾਮ ਹੁਲਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਫੜ ਫੜ ਬਾਹੋਂ ਲਾਏ ਪਾਰ । ਸੋਹੇ ਬੰਕ ਦਵਾਰ, ਚਰਨ ਛੁਹਾਇਆ । ਚਰਨ ਕਵਲ ਪ੍ਰਭ ਸਾਚੀ ਧਾਰ, ਰਾਓ ਰੰਕਾਂ ਭੇਵ ਮਿਟਾਇਆ । ਮਿਟੇ ਭੇਵ ਵਿਚ ਸੰਸਾਰ, ਏਕਾ ਰੰਗ ਰਿਹਾ ਵਖਾਇਆ । ਏਕਾ ਰੰਗ ਏਕੰਕਾਰ,

ਸਚ ਮਹੱਲਾ ਰਿਹਾ ਵਸਾਇਆ । ਸਚ ਮਹੱਲਾ ਜੋਤ ਨਿਰੰਕਾਰ, ਸ਼ਬਦ ਪੱਲਾ ਰਿਹਾ ਫੜਾਇਆ । ਸ਼ਬਦ ਪੱਲਾ ਮੀਤ ਮੁਰਾਰ, ਔਖੀ ਘਾਟੀ ਰਿਹਾ ਚੜ੍ਹਾਇਆ । ਔਖੀ ਘਾਟੀ ਡੂੰਘੀ ਗਾਰ, ਬਜਰ ਕਪਾਟੀ ਪੜਦਾ ਲਾਹਿਆ । ਜੋਤੀ ਜੋਤ ਸਰੂਪ ਹਰਿ, ਹਰਿਜਨ ਵੇਖ ਸਚ ਘਰ, ਸਾਚੀ ਹਾਟੀ ਸਾਚਾ ਵਣਜ ਕਰਾਇਆ । ਵਣਜ ਕਰਾਏ ਲੇਖੇ ਲਾਏ ਕਾਇਆ ਚਾਮ, ਸੱਜਣ ਸੈਣ ਸਈਆ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੱਖ ਚੁਰਾਸੀ ਰਿਹਾ ਕਟਾਈਆ । ।

## ★ ੧੫ ਚੇਤ ੨੦੧੩ ਕਰਤਾਰ ਸਿੰਘ ਦੇ ਗ੍ਰਹਿ ਲੁਧਿਆਣਾ ★

ਕਾਇਆ ਗੜ੍ਹ ਅਪਾਰ ਹਰਿ ਬਣਾਇਆ । ਕੋਇ ਨਾ ਵੇਖੇ ਉਪਰ ਚੜ੍ਹ, ਸ੍ਰਿਸ਼ਟ ਸਬਾਈ ਭਰਮ ਭੁਲਾਇਆ । ਨੌਂ ਦਵਾਰੇ ਰਹੇ ਖੜ, ਦਸਵਾਂ ਦਿਸ ਕਿਸੇ ਨਾ ਆਇਆ । ਰਸਨਾ ਵਖਾਣੀ ਰਹੇ ਪੜ੍ਹ, ਹਿਸਾ ਨਾਮ ਨਾ ਕਿਸੇ ਵੰਡਾਇਆ । ਮਾਇਆ ਮਮਤਾ ਰਹੇ ਸੜ, ਦਹਿ ਦਿਸ਼ਾ ਨਾ ਪੜਦਾ ਲਾਹਿਆ । ਪੰਜਾਂ ਚੋਰਾਂ ਰਹੇ ਲੜ, ਲੜ ਸਚ ਨਾ ਕਿਸੇ ਫੜਾਇਆ । ਦਰ ਘਰ ਸਾਚੇ ਨਾ ਲੱਗੀ ਜੜ੍ਹ, ਜੜ੍ਹ ਆਪਣੀ ਆਪ ਉਖੜਾਇਆ । ਕਲਜੁਗ ਵਹਿਣ ਰਹੇ ਹੜ੍ਹ, ਮਨਮੁਖ ਆਪਣਾ ਆਪ ਰੁੜ੍ਹਾਇਆ । ਗੁਰਮੁਖ ਸਾਚਾ ਏਕਾ ਅੱਖਰ ਜਾਏ ਪੜ੍ਹ, ਗੁਰ ਮੰਤਰ ਸ਼ਬਦ ਜਣਾਇਆ । ਲੇਖਾ ਚੁੱਕੇ ਮੜ੍ਹੀ ਮੜ੍ਹ, ਘਰ ਸਾਚੇ ਦਏ ਬਹਾਇਆ । ਦਰਸ ਦਿਖਾਏ ਦਇਆ ਕਮਾਏ ਨਾ ਕੋਈ ਸੀਸ ਨਾ ਕੋਈ ਧੜ, ਹਰਿ ਜਗਦੀਸਾ ਦਇਆ ਕਮਾਇਆ । ਸ਼ਬਦ ਮਾਰੇ ਕਾੜ ਕਾੜ, ਦੂਤੀ ਦੁਸ਼ਟਾਂ ਦਏ ਦੁਰਕਾਇਆ । ਸਾਚਾ ਘਾੜਨ ਰਿਹਾ ਘੜ, ਘੜਨ ਭੰਨਣਹਾਰ ਆਪ ਅਖਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚੇ ਆਸਣ ਡੇਰਾ ਲਾਇਆ । ਸਾਚੇ ਆਸਣ ਹਰਿ ਬਿਰਾਜੇ, ਦਿਸ ਕਿਸੇ ਨਾ ਆਇਆ । ਸ਼ਬਦ ਸਿੰਘਾਸਣ ਦੇਸ ਮਾਝੇ, ਵੇਸੀ ਵੇਸ ਕਮਾਇਆ । ਰਾਜ ਰਾਜਾਨੇ ਲਾਹੇ ਸੀਸ ਤਾਜੇ, ਨਰ ਨਰੇਸ਼ੀ ਰਹਿਣ ਨਾ ਪਾਇਆ । ਆਪਣਾ ਸਾਜਨ ਆਪੇ ਸਾਜੇ, ਦਸ ਦਸਮੇਸ਼ ਭੇਖ ਵਟਾਇਆ । ਆਪ ਸਵਾਰੇ ਆਪਣੇ ਕਾਜੇ, ਬ੍ਰਹਮਾ ਵਿਸ਼ਨ ਮਹੇਸ਼ ਸੇਵ ਕਮਾਇਆ । ਭਗਤ ਜਨਾਂ ਹਰਿ ਰੱਖੇ ਲਾਜੇ, ਦੇਵਤ ਦੇਵੀ ਦੇਵ ਆਪ ਅਖਵਾਇਆ । ਸ਼ਬਦ ਸਰੂਪੀ ਮਾਰੇ ਆਵਾਜ਼ੇ, ਨੇਤਰ ਨੈਣਾ ਨੇਂਹ ਲਗਾਇਆ । ਜਗਤ ਕਰਾਏ ਸਾਚਾ ਹਾਜੇ, ਹਾਜਨ ਹਾਜੇ ਆਬੇ ਹਯਾਤ, ਅੰਮ੍ਰਿਤ ਆਤਮ ਮੇਘ ਮੀਂਹ ਬਰਸਾਇਆ । ਸਾਧਾਂ ਸੰਤਾਂ ਖੋਲ੍ਹੇ ਪਾਜੇ, ਕਾਇਆ ਮਾਟੀ ਖੇਹ ਉਡਾਇਆ । ਸ਼ਬਦ ਘੋੜੇ ਚੜ੍ਹਿਆ ਸਾਚੇ ਤਾਜੇ, ਨੌਂ ਖੰਡ ਪ੍ਰਿਥਮੀ ਆਪੇ ਵੇਖ ਵਖਾਇਆ । ਨਾਮ ਬਣਾਏ ਸਤਿ ਜਹਾਜੇ, ਸੋਹੰ ਅੱਖਰ ਵਖਰ ਇਕ ਰਖਾਇਆ । ਦੋ ਜਹਾਨੀ ਰਾਜਨ ਰਾਜੇ, ਸ਼ਾਹ ਸੁਲਤਾਨਾ ਆਪ ਅਖਵਾਇਆ । ਵੇਖੇ ਖੇਲ ਕਲ ਕਿ ਆਜੇ, ਭੇਵ ਕਿਸੇ ਨਾ ਆਇਆ । ਜੀਵ ਜੰਤ ਸਾਧ ਸੰਤ ਚਾਰੋਂ ਕੁੰਟ ਫਿਰਨ ਭਾਜੇ, ਭਾਣਾ ਰਾਣਾ ਆਪਣੇ ਹੱਥ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਸਿੰਘਾਸਣ ਜੋਤੀ ਆਸਣ ਲਾਇਆ । ਜੋਤ ਬਿਰਾਜੇ ਸ਼ਬਦ ਸਿੰਘਾਸਣ, ਅੰਤ ਲਏ ਅੰਗੜਾਈਆ । ਪਰਗਟ ਹੋਏ ਸਰਬ ਗੁਣਤਾਸਨ, ਸ਼ਬਦ ਕਰੇ ਕੁੜਮਾਈਆ । ਵੇਖ ਵਖਾਣੇ ਪ੍ਰਿਥਮੀ ਆਕਾਸ਼ਨ, ਸਾਚੀ ਨਾਮ ਕਰੇ ਚੜ੍ਹਾਈਆ । ਪਰਗਟ ਹੋਏ ਘਨਕਪੁਰ ਵਾਸਨ, ਮੰਦਰ ਮੁਨਾਰੇ ਦੇਵੇ ਢਾਹੀਆ । ਮੇਟ ਮਿਟਾਏ

੬੩੯ ੦੫

ਮਦਿਰਾ ਮਾਸਨ, ਮਨਮੁਖਾਂ ਮਸਤਕ ਕਾਲੀ ਛਾਹੀਆ । ਜਨ ਭਗਤਾਂ ਹੋਵੇ ਦਾਸ ਦਾਸਨ, ਦੇਵੇ ਜਗਤ ਜੁਗਤ ਵਡਿਆਈਆ । ਕਾਇਆ ਮੰਡਲ ਵੇਖੇ ਰਾਸਨ, ਆਤਮ ਘਰ ਵੱਜੇ ਵਧਾਈਆ । ਸਰਨ ਰਖਾਏ ਸ਼ਬਦ ਸਵਾਸਨ, ਸਾਚੀ ਬਣਤਾ ਰਿਹਾ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦਰ ਘਰ ਸਾਚੇ ਆਸਣ ਲਾਏ, ਸ਼ਬਦ ਸਿੰਘਾਸਣ ਇਕ ਸਜਾਈਆ । ਪ੍ਰੇਮ ਸਿੰਘ ਬਿਲਾਸਨ, ਪਰਮ ਸੁਖ ਪਾਇਆ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਭਾਣਾ ਆਪਣੇ ਹੱਥ ਰਖਾਇਆ । ਸ਼ਬਦ ਸਿੰਘਾਸਣ ਸ਼ਾਹ ਸੁਲਤਾਨ, ਹਰਿ ਸਾਚਾ ਆਪ ਸੁਹਾਇੰਦਾ । ਅਠੇ ਪਹਿਰ ਨੌਂ ਜਵਾਨ, ਅਸਤਰ ਸ਼ਸਤਰ ਏਕਾ ਸ਼ਬਦ ਤਨ ਸੁਹਾਇੰਦਾ । ਲੋਆਂ ਪੁਰੀਆਂ ਬ੍ਰਹਿਮੰਡ ਖੰਡ ਵੇਖੇ ਮਾਰ ਧਿਆਨ, ਆਪ ਆਪਣਾ ਹੁਕਮ ਸੁਣਾਇੰਦਾ । ਸ਼ਬਦ ਉਡਾਏ ਇਕ ਬਿਬਾਣ, ਨਾ ਕੋਈ ਜਾਣੇ ਜੀਵ ਜਹਾਨ, ਚਾਰੋਂ ਕੁੰਟ ਵੇਖ ਵਖਾਇੰਦਾ । ਲੱਖ ਚੁਰਾਸੀ ਕਰੇ ਪੁਣ ਛਾਣ, ਏਕਾ ਕੰਡਾ ਪੁਰਖ ਅਬਿਨਾਸ਼ੀ ਵੰਡਾ, ਸੋਹੰ ਡੰਡਾ ਨਾਮ ਰਖਾਇੰਦਾ । ਜਗਤ ਝੁਲਾਏ ਇਕ ਨਿਸ਼ਾਨ, ਪਰਗਟ ਹੋਏ ਸ੍ਰੀ ਭਗਵਾਨ, ਜਨ ਭਗਤਾਂ ਦੇਵੇ ਜੀਆ ਦਾਨ, ਦਾਤਾ ਦਾਨੀ ਆਪ ਅਖਵਾਇੰਦਾ । ਸੋ ਪੁਰਖ ਨਿਰੰਜਣ ਮਿਹਰਬਾਨ, ਨੇਤਰ ਅੰਜਨ ਬ੍ਰਹਮ ਗਿਆਨ, ਚਰਨ ਮਜਨ ਧੂੜ ਇਸ਼ਨਾਨ, ਦੁਰਮਤ ਮੈਲ ਗਵਾਇੰਦਾ । ਸਾਚਾ ਸੱਜਣ ਦੋ ਜਹਾਨ, ਭਾਂਡੇ ਭਰਮ ਭੱਜਣ ਜੋ ਜਨ ਸਾਚੀ ਸੇਵ ਕਮਾਨ । ਜਗਤ ਵਿਕਾਰਾ ਰਸਨ ਤਜਣ, ਦਰ ਦਵਾਰੇ ਸਾਚੇ ਸੱਜਣ, ਅੰਮ੍ਰਿਤ ਆਤਮ ਪੀ ਪੀ ਰੱਜਣ, ਆਤਮ ਤ੍ਰਿਸ਼ਨਾ ਭੁੱਖ ਮਿਟਾਨ । ਜਨ ਭਗਤਾਂ ਆਇਆ ਪੜਦੇ ਕੱਜਣ, ਰੱਖੇ ਲਾਜੀ ਲਾਜ ਲੱਜਣ । ਲਾਜਾਵੰਤ ਹਰਿ ਭਗਵੰਤ, ਜਗਤ ਅਧਾਰੇ ਸਾਚੇ ਸੰਤ, ਕਿਰਪਾ ਕਰ ਅਪਰ ਅਪਾਰੇ । ਆਪ ਬਣਾਏ ਆਪਣੀ ਬਣਤਾ, ਦੇਵਣਹਾਰ ਸ੍ਰਿਸ਼ਟ ਸਬਾਈਆ । ਦੇਵਣਹਾਰ ਅਗੰਮ ਅਗੰਮਾ, ਪੁਰਖ ਅਬਿਨਾਸ਼ੀ ਬੇਪਰਵਾਹੀਆ । ਕਾਇਆ ਮਾਟੀ ਵੇਖੇ ਚੰਮਾ, ਦਰ ਦਵਾਰਾ ਕੋਈ ਰਹਿਣ ਨਾ ਪਾਈਆ । ਆਪੇ ਜਾਣੇ ਆਪਣਾ ਕੰਮਾ, ਜੋਤ ਨਿਰੰਕਾਰਾ ਕਰ ਆਕਾਰ, ਸ੍ਰਿਸ਼ਟ ਸਬਾਈ ਵਿਚ ਸਮਾਈਆ । ਕਲਜੁਗ ਤੇਰਾ ਧੁੰਦੂਕਾਰ, ਜੀਵਾਂ ਜੰਤਾਂ ਸਾਧਾਂ ਸੰਤਾਂ ਆਤਮ ਹੋਇਆ ਇਕ ਹੰਕਾਰਾ, ਸ਼ਬਦ ਆਧਾਰਾ ਕੋਈ ਦਿਸ ਨਾ ਆਈਆ । ਪਰਗਟ ਹੋਏ ਨਿਹਕਲੰਕ ਨਰਾਇਣ ਨਰ ਅਵਤਾਰਾ, ਸ਼ਬਦ ਖੰਡਾ ਫੜ ਦੋ ਧਾਰਾ, ਮਾਰੀ ਜਾਏ ਵਾਰੋ ਵਾਰਾ, ਨਾ ਸਕੇ ਕੋਈ ਛੁਡਾਈਆ । ਮੰਦਰ ਅੰਦਰ ਹਾਹਾਕਾਰਾ, ਗੁਰਦਵਾਰਾ ਨਾ ਕੋਈ ਸਹਾਰਾ, ਜੋਤੀ ਜੋਤ ਸਰੂਪ ਹਰਿ, ਆਪਣੀ ਕਲ ਰਿਹਾ ਵਰਤਾਈਆ । ਆਪਣੀ ਕਲ ਆਪੇ ਵਰਤੇ, ਕਲਜੁਗ ਅੰਤਮ ਆਇਆ । ਵੇਖੇ ਖੇਲ ਉਪਰ ਧਰਤੇ, ਸਾਧ ਸੰਤ ਕੋਈ ਰਹਿਣ ਨਾ ਪਾਇਆ । ਰਾਜ ਰਾਜਾਨ ਸ਼ਾਹ ਸੁਲਤਾਨ ਫਿਰਨ ਭਿਖਾਰੀ ਦਰ ਦਰ ਮੰਗਤੇ, ਆਤਮ ਇਛਿਆ ਪੂਰਨ ਭਿਛਿਆ ਨਾ ਕੋਈ ਪਾਇਆ । ਮਨਮੁਖ ਜੀਵ ਨਾਮ ਵਿਹੂਣੇ ਜਗਤ ਨੰਗਤੇ, ਕਾਇਆ ਪੜਦਾ ਸ਼ਬਦ ਦੁਸ਼ਾਲਾ ਕਿਸੇ ਹੱਥ ਨਾ ਆਇਆ । ਹਰਿ ਜਨ ਸਾਚਾ ਪ੍ਰਭ ਅਬਿਨਾਸ਼ੀ ਤੇਰੀ ਮਾਣੇ ਸਾਚੀ ਸੰਗਤੇ, ਜੁਗਾ ਜੁਗੰਤ ਸ਼ਬਦ ਘੋੜੇ ਸਾਚੇ ਚਾੜ੍ਹ, ਸਾਚੇ ਮਾਰਗ ਪਾਇਆ । ਆਤਮ ਰੰਗਣ ਏਕਾ ਰੰਗਤੇ, ਏਕਾ ਅੱਖਰ ਗੁਰਮੁਖ ਪੜ੍ਹਨਾ, ਭਾਣਾ ਸਹਿਣਾ ਰੋਗ ਗਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨ ਭਗਤਾਂ ਦੇਵੇ ਨਾਮ ਦਰਸ ਅਮੋਘ ਧੁਰ ਸੰਜੋਗ ਆਪਣਾ ਮੇਲ ਮਿਲਾਇਆ ।

## ★ ੧੯ ਚੇਤ ੨੦੧੩ ਬਿਕ੍ਰਮੀ ਸਰੂਪ ਸਿੰਘ ਦੇ ਗ੍ਰਿਹ ਪਿੰਡ ਮੁਧ ਜ਼ਿਲਾ ਜਲੰਧਰ ★



ਹਰਿ ਦਾਤਾ ਦਾਤਾਰ ਹੈ, ਦੇਵਣਹਾਰ ਸੰਸਾਰ । ਜੀਵ ਜੰਤ ਗਵਾਰ ਹੈ, ਪ੍ਰਭ ਅਬਿਨਾਸ਼ੀ ਨਾ ਪਾਇਣ ਸਾਰ । ਜਿਸ ਜਨ ਦੇਵੇ ਕਿਰਪਾ ਧਾਰ ਹੈ, ਸੋ ਜਨ ਉਧਰੇ ਮਾਤ ਪਾਰ । ਚਰਨ ਪ੍ਰੀਤੀ ਸੱਚਾ ਇਕ ਵਿਹਾਰ ਹੈ, ਵਣਜ ਕਰਾਏ ਨਾਮ ਵਾਪਾਰ । ਜੂਠ ਝੂਠ ਚੁੱਕਣਾ ਕਲਜੁਗ ਭਾਰ ਹੈ, ਵੇਲੇ ਅੰਤਮ ਹੋਏ ਖੁਆਰ । ਖਾਲੀ ਠੂਠਾ ਕਾਇਆ ਉਜਾੜ ਹੈ, ਨਾ ਕੋਈ ਲਗਾਵੇ ਅੰਤਮ ਪਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਸੰਤ ਪਿਆਰੇ ਦਰ ਘਰ ਸਾਚੇ ਦੇਵੇ ਵਾੜ । ਗੁਰਮੁਖ ਸਾਚਾ ਧੰਨ, ਧੰਨ ਜਣੇਂਦੀ ਮਾਈਆ । ਆਪਣਾ ਬੇੜਾ ਆਪੇ ਲਿਆ ਬੰਨ੍ਹ, ਗਲੋਂ ਕਟੇ ਜਮ ਕੀ ਫਾਹੀਆ । ਰਸਨ ਵਿਕਾਰ ਤਜੇ ਤਨ, ਮਸਤਕ ਟਿੱਕਾ ਲਾਹੇ ਕਾਲੀ ਛਾਹੀਆ । ਧਰਮ ਰਾਏ ਨਾ ਦੇਵੇ ਡੰਨ, ਪ੍ਰਭ ਅਬਿਨਾਸ਼ੀ ਹੋਏ ਆਪ ਸਹਾਈਆ । ਜੋਤੀ ਜੋਤ ਸਰੂਪ ਹਰਿ, ਜਿਸ ਜਨ ਕਿਰਪਾ ਦੇਵੇ ਕਰ, ਆਪ ਆਪਣੀ ਦਇਆ ਕਮਾਈਆ । ਗੁਰ ਭੰਡਾਰ ਆਤਮ ਅਨੰਦ ਹੈ, ਗੁਰ ਮੰਤਰ ਹੀਨ ਨਾ ਖਾਏ । ਨਿੱਝ ਘਰ ਆਤਮ ਪਰਮਾਨੰਦ ਹੈ, ਜਲ ਮੀਨ ਰਹੀ ਬਿਲਲਾਏ । ਝੂਠੀ ਮਾਇਆ ਭਰਮਾ ਕੰਧ ਹੈ, ਭਾਗਾਂਹੀਣ ਕੋਈ ਨਾ ਢਾਹੇ । ਮਦਿਰਾ ਮਾਸ ਬੱਤੀ ਦੰਦ ਹੈ, ਪੀਣ ਖਾਣ ਸੁੱਝ ਨਾ ਪਾਏ । ਗੁਰਮੁਖ ਸਾਚੇ ਆਤਮ ਚੜ੍ਹਿਆ ਸਾਚਾ ਚੰਦ ਹੈ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵੇ ਦਰਸ ਹਰਿ ਰਘੁਰਾਏ । ਸਾਚਾ ਖਾਣ ਰਸਨਾ ਮੁਖ, ਜਗਤ ਵਿਕਾਰ ਗਵਾਵਣਾ । ਪੁਰਖ ਅਬਿਨਾਸ਼ੀ ਲਏ ਰਖ, ਨਾਮ ਅਧਾਰ ਦਵਾਵਣਾ । ਦਰਸ ਦਿਖਾਏ ਹੋ ਪਰਤਖ, ਹਰਿ ਏਕਾ ਕਰਮ ਕਮਾਵਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਆਹਾਰ ਇਕ ਕਰਾਵਣਾ । ਸ਼ਬਦ ਆਹਾਰਾ ਤਨ ਮਨ ਸੀਤਾ, ਸੀਤਲ ਧਾਰ ਵਹਾਈਆ । ਗੁਰ ਅੰਮ੍ਰਿਤ ਆਤਮ ਸਾਚਾ ਪੀਤਾ, ਠੰਢਾ ਠਾਰ ਰਖਾਈਆ । ਮਿਲੇ ਮੇਲ ਪ੍ਰਭ ਸਾਚੇ ਮੀਤਾ, ਦੇਵੇ ਪਿਆਰ ਦਰ ਦਵਾਰ ਸੱਚੀ ਸਰਨਾਈਆ । ਆਪੇ ਪਰਖੇ ਕਾਇਆ ਨੀਤਾ, ਕਾਇਆ ਮਹੱਲ ਅਟੱਲ ਉਚ ਮੁਨਾਰ ਬੈਠਾ ਆਸਣ ਲਾਈਆ । ਭਗਤ ਜਨਾਂ ਦਰ ਸਾਚੀ ਰੀਤਾ, ਸਾਚਾ ਰਾਹ ਇਕ ਵਖਾਈਆ । ਸੰਤ ਸੁਹੇਲੇ ਸਦਾ ਅਤੀਤਾ, ਨਾ ਮਰੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਦਵਾਰੇ ਬਖ਼ਸ਼ੇ ਘਰ, ਰਸਨਾ ਭੋਗ ਇਕ ਲਵਾਈਆ । ਜਗਤ ਖਿਲਾੜੀ ਆਪ, ਆਪ ਖਲਾਇੰਦਾ । ਦਰ ਦਰਬਾਰੀ ਆਪ, ਦਰ ਸੁਹਾਇੰਦਾ । ਨਰ ਨਿਰੰਕਾਰੀ ਆਪ, ਜੋਤ ਜਗਾਇੰਦਾ । ਸ਼ਬਦ ਅਧਾਰੀ ਆਪ, ਜਾਪ ਜਪਾਇੰਦਾ । ਕਰਮ ਵਿਹਾਰੀ ਆਪ, ਸਭ ਘਟ ਵੇਖ ਵਖਾਇੰਦਾ । ਧਰਮ ਜੈਕਾਰੀ ਆਪ, ਸਾਚਾ ਧਾਮ ਇਕ ਜਣਾਇੰਦਾ । ਜਨਮ ਅਧਾਰੀ ਆਪ, ਪੂਰਬ ਲਹਿਣਾ ਝੋਲੀ ਪਾਇੰਦਾ । ਪੈਜ ਸਵਾਰੀ ਆਪ, ਜਿਸ ਜਨ ਦਇਆ ਕਮਾਇੰਦਾ । ਨਾਮ ਖੁਮਾਰੀ ਵਡ ਪਰਤਾਪ, ਅੰਮ੍ਰਿਤ ਆਤਮ ਜਾਮ ਪਿਆਇੰਦਾ । ਆਪੇ ਹੋਏ ਮਾਈ ਬਾਪ, ਗੁਰਮੁਖ ਸਾਚੇ ਗੋਦ ਉਠਾਇੰਦਾ । ਨੇੜ ਨਾ ਆਇਣ ਤੀਨੋ ਤਾਪ, ਸ਼ਬਦ ਕਟਾਰੀ ਤਨ ਪਹਿਨਾਇੰਦਾ । ਪੰਚ ਵਿਕਾਰਾ ਰਿਹਾ ਕਾਂਪ, ਨਾਮ ਡੰਡਾ ਇਕ ਉਠਾਇੰਦਾ । ਆਦਿਨ ਅੰਤਾ ਆਪੇ ਆਪ, ਆਪ ਆਪਣੇ ਰੰਗ ਸਮਾਇੰਦਾ । ਸਾਧਨ ਸੰਤਾਂ ਵੇਖੇ ਪਾਪ, ਸਚ ਦਵਾਰਾ ਦਿਸ ਨਾ ਆਇੰਦਾ । ਨੌਂ ਖੰਡ ਪ੍ਰਿਥਮੀ ਥਾਪਨ ਰਿਹਾ ਥਾਪ, ਆਪ ਆਪਣੀ ਬਣਤ ਬਣਾਇੰਦਾ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਭੇਖਧਾਰੀ ਭੇਖ ਵਟਾਇੰਦਾ । ਭੇਖਾਧਾਰੀ ਆਪ ਭੇਖ ਵਟਾਇਆ । ਜਗਤ ਪਸਾਰੀ

ਆਪ, ਸਰਬ ਸਮਾਇਆ । ਸ਼ਬਦ ਭਿਖਾਰੀ ਆਪ, ਨਿਹਕਲੰਕ ਨਾਮ ਰਖਾਇਆ । ਵਣਜ ਵਪਾਰੀ ਆਪ, ਸਾਚਾ ਵਣਜ ਨਾਮ ਕਰਾਇਆ । ਜੋਤ ਉਜਿਆਰੀ ਆਪ, ਦੀਪਕ ਜੋਤ ਰਿਹਾ ਜਗਾਇਆ । ਸ਼ਬਦ ਉਡਾਰੀ ਆਪ, ਲੋਆਂ ਪੁਰੀਆਂ ਵਿਚ ਸਮਾਇਆ । ਬ੍ਰਹਮ ਅਧਾਰੀ ਆਪ, ਪਾਰਬ੍ਰਹਮ ਅਖਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਭੇਖ ਵਟਾਇਆ । ਜਗਤ ਅਨਾਦੀ ਆਪ, ਸ਼ਬਦ ਨਾਦ ਵਜਾਇਆ । ਬ੍ਰਹਮ ਬ੍ਰਹਿਮਾਦੀ ਆਪ, ਬ੍ਰਹਿਮੰਡ ਖੰਡ ਸਮਾਇਆ । ਬੋਧ ਅਗਾਧੀ ਆਪ, ਬੋਧ ਅਗਾਧਾ ਸ਼ਬਦ ਜਣਾਇਆ । ਮਾਧਵ ਮਾਧੀ ਆਪ, ਆਦਿ ਅੰਤ ਭੇਵ ਕਿਸੇ ਨਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਗੀ ਜੁਗਤ ਜਗਤ ਜੁਗਾਦੀ ਆਪਣਾ ਭੇਖ ਵਟਾਇਆ । ਭੇਖਧਾਰੀ ਆਪ ਭੇਖ ਵਟਾਇੰਦਾ । ਲੇਖਾ ਲਿਖੇ ਬਣ ਲਿਖਾਰੀ, ਲਿਖਣਹਾਰ ਆਪ ਅਖਵਾਇੰਦਾ । ਲਿਖਿਆ ਲੇਖ ਮੇਟ ਸੰਸਾਰੀ, ਮੇਟਣਹਾਰ ਸਰਬ ਜਣਾਇੰਦਾ । ਵੇਖ ਵਖਾਏ ਦਰ ਦਵਾਰੀ, ਜੁਗਾ ਜੁਗੰਤਰ ਬਣਤ ਬਣਾਇੰਦਾ । ਸਤਿਜੁਗ ਦੁਆਪਰ ਤ੍ਰੇਤਾ ਪਾਵੇ ਸਾਰੀ, ਕਲਜੁਗ ਅੰਤਮ ਅੰਤ ਜਗਾਇੰਦਾ । ਦੇਵੇ ਦਾਨ ਸ਼ਬਦ ਭੰਡਾਰੀ, ਜੀਵ ਜੰਤ ਵਿਚ ਟਿਕਾਇੰਦਾ । ਆਤਮ ਕਰੇ ਸਾਚੀ ਕਾਰੀ, ਵਿਕਾਰ ਹੰਕਾਰੀ ਨਸ਼ਟ ਕਰਾਇੰਦਾ । ਆਪੇ ਧੁਨ ਸੱਚੀ ਧੁਨਕਾਰੀ, ਆਤਮ ਧੁਨ ਇਕ ਉਪਜਾਇੰਦਾ । ਸ਼ਬਦ ਫੜ ਖੰਡਾ ਦੋ ਧਾਰੀ, ਸੁਨ ਮੁਨ ਤੋੜ ਤੁੜਾਇੰਦਾ । ਆਪੇ ਵਸੇ ਹੋ ਹੋ ਬਾਹਰੀ, ਗੁਰਮੁਖ ਸਾਚੇ ਸਾਜਣ ਚੁਣ ਆਪਣਾ ਆਪ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਲੇਖਾ ਆਪਣੇ ਹੱਥ ਰਖਾਇੰਦਾ । ਆਪੇ ਲੇਖਾ ਲਿਖਣਹਾਰਾ, ਸ੍ਰਿਸ਼ਟ ਸਬਾਈ ਮਾਪਾ । ਆਪੇ ਪਰਖੇ ਪਰਖਣਹਾਰਾ, ਆਪੇ ਜਾਣੇ ਆਪਣਾ ਆਪ । ਆਪੇ ਰੱਖੇ ਰਖਣਹਾਰਾ, ਹਰਿਜਨ ਹੋਏ ਵਡ ਵਡ ਪਰਤਾਪਾ । ਸ੍ਰਿਸ਼ਟ ਸਬਾਈ ਮਥਨਹਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਜਾਣੇ ਪੁੰਨ ਪਾਪਾ । ਸ਼ਬਦ ਆਧਾਰ ਬ੍ਰਹਿਮੰਡ ਹੈ, ਬ੍ਰਹਿਮੰਡ ਖੰਡ ਪ੍ਰਭ ਹੋਏ । ਜੋਤ ਸਰੂਪ ਇਕ ਆਕਾਰ ਹੈ, ਪੁਰੀਆਂ ਲੋਆਂ ਜੋਤ ਬਲੋਏ । ਏਕਾ ਸ਼ਬਦ ਸੱਚੀ ਜੈਕਾਰ ਹੈ, ਜੁਗਾ ਜੁਗੰਤਰ ਪਰਗਟ ਹੋਏ । ਪ੍ਰਭ ਤਿੱਖੀ ਰਖੇ ਧਾਰ ਹੈ, ਕਾਇਆ ਅੰਤਰ ਨਾ ਵੇਖੇ ਕੋਏ । ਜਨ ਭਗਤਾਂ ਪਹਿਰੇਦਾਰ ਹੈ, ਆਪੇ ਆਪ ਉਠਾਏ ਸੋਏ । ਏਕਾ ਬਖ਼ਸ਼ੇ ਚਰਨ ਪਿਆਰ ਹੈ, ਕਲਜੁਗ ਦੁਰਮਤ ਮੈਲ ਧੋਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤ ਨਿਰੰਜਣ ਪਰਗਟ ਹੋਏ । ਜੋਤ ਨਿਰੰਜਣ ਨਿਰਾਕਾਰ, ਜੋਤੀ ਜਾਮਾ ਪਾਇਆ । ਸ਼ਬਦ ਰੱਖੇ ਭਗਤ ਭੰਡਾਰ, ਆਪਣਾ ਕਾਮ ਆਪ ਕਰਾਇਆ । ਨੌਂ ਖੰਡ ਪ੍ਰਿਥਮੀ ਪਰਖਣਹਾਰ, ਸੱਤਾਂ ਦੀਪਾਂ ਖੇਲ ਨਿਆਰਾ, ਕਰੇ ਕਰਾਏ ਗੁਪਤ ਜ਼ਾਹਿਰਾ, ਆਪ ਆਪਣਾ ਮੁਖ ਛੁਪਾਇਆ । ਕਲਜੁਗ ਰੈਣ ਅੰਧੇਰੀ ਧੁੰਦੂਕਾਰਾ, ਗਿਆਨ ਗੁਰ ਸ਼ਬਦ ਕਿਸੇ ਹੱਥ ਨਾ ਆਇਆ । ਗੁਰਮੁਖ ਵਿਰਲੇ ਲਏ ਉਧਾਰੀ, ਆਤਮ ਜੋਤ ਜਗੇ ਨਿਰੰਕਾਰੀ, ਪਾਰਬ੍ਰਹਮ ਬ੍ਰਹਮ ਪਾਵੇ ਸਾਰੀ, ਮਿਲੇ ਮੇਲ ਪੁਰਖ ਭਤਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਕਰਾਏ ਭਗਤ ਵਿਹਾਰਾ । ਜਗਤ ਵਿਹਾਰ ਕਰਾਵਣ ਆਇਆ, ਪੁਰਖ ਅਬਿਨਾਸ਼ੀ ਭੇਵ ਅਭੇਦਾ । ਸ਼ਬਦ ਜੈਕਾਰ ਕਰਾਵਣ ਆਇਆ, ਆਪੇ ਆਪ ਅਛਲ ਅਛੇਦਾ । ਜੋਤ ਨਿਰੰਜਣ ਕਰ ਆਕਾਰ, ਸ਼ਬਦ ਖੰਡਾ ਫੜ ਦੋ ਧਾਰ, ਮੇਟ ਮਿਟਾਏ ਚਾਰੇ ਵੇਦਾ । ਮਨਮੁਖ ਜੀਵਾਂ ਭਰਮ ਨਿਵਾਰ, ਅੰਤਮ ਕਲਜੁਗ ਕਰੇ ਖੁਆਰ, ਸੋਹੰ ਮਾਰੇ ਤਿੱਖਾ ਨੇਜਾ । ਗੁਰਮੁਖ ਸਾਚੇ ਲਾਏ ਪਾਰ, ਆਪ ਆਪਣੀ ਕਿਰਪਾ ਧਾਰ, ਚਰਨ ਛੁਹਾਏ ਆਤਮ ਸੇਜਾ । ਆਤਮ ਸੇਜਾ ਹਰਿ ਵਿਚਾਰ,

੬੩੯ ੦੫

ਜੋਤ ਸਰੂਪੀ ਕਰੇ ਆਕਾਰ, ਦਸਮ ਦਵਾਰੀ ਖੋਲ੍ਹ ਕਿਵਾੜ, ਬੈਠਾ ਰਹੇ ਦਰ ਦਹਿਲੀਜਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨ ਭਗਤਾਂ ਕਿਰਪਾ ਦੇਵੇ ਕਰ, ਤਨ ਮਨ ਕਾਇਆ ਆਤਮ ਸੇਜਾ । ਤਨ ਮਨ ਕਾਇਆ ਸੀਤਲ ਧਾਰੀ, ਪ੍ਰਭ ਦਰਸ਼ਨ ਪਾਇਆ ਨੈਣਾ । ਹਉਮੇ ਤ੍ਰਿਸ਼ਨਾ ਅਗਨ ਨਿਵਾਰੀ, ਨਾਤਾ ਤੁੱਟੇ ਭਾਈ ਭੈਣਾਂ । ਪਾਰਬ੍ਰਹਮ ਬ੍ਰਹਮ ਪਾਵੇ ਸਾਰੀ, ਏਕਾ ਏਕ ਨਜ਼ਰੀ ਆਏ ਸਾਕ ਸੱਜਣ ਸੈਣਾ । ਕਲਜੁਗ ਤੇਰੀ ਅੰਤਮ ਵਾਰੀ, ਜਗੇ ਜੋਤ ਨਰ ਨਿਰੰਕਾਰੀ, ਗੁਰਮੁਖਾਂ ਦੇਵੇ ਸ਼ਬਦ ਭੰਡਾਰੀ, ਤਨ ਪਹਿਨਾਏ ਸਾਚਾ ਗਹਿਣਾ । ਸ੍ਰਿਸ਼ਟ ਸਬਾਈ ਅੰਧ ਅੰਧਿਆਰੀ, ਅੱਠੇ ਪਹਿਰ ਰਹੇ ਦੁੱਖਿਆਰੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖਾਂ ਦੇਵੇ ਸ਼ਬਦ ਵਰ, ਸਾਚਾ ਹੁਕਮ ਭਾਣਾ ਸਹਿਣਾ । ਹਰਿ ਭਾਣਾ ਅਡੋਲ, ਅਡੋਲ ਰਖਾਇਆ । ਸ੍ਰਿਸ਼ਟ ਸਬਾਈ ਰਿਹਾ ਤੋਲ, ਤੋਲਣਹਾਰ ਆਪ ਅਖਵਾਇਆ । ਸ਼ਬਦ ਅਟੱਲਾ ਰਿਹਾ ਬੋਲ, ਆਪ ਆਪਣਾ ਰਾਗ ਉਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚਾ ਮੇਲਾ ਕੰਤ ਸੁਹਾਗ ਮਿਲਾਇਆ । ਕੰਤ ਸੁਹਾਗੀ ਸਾਚਾ ਪਾਇਆ, ਸੁਰਤ ਸਵਾਣੀ ਜਾਗੀ । ਸ਼ਬਦ ਅਨਾਦੀ ਨਾਦ ਵਜਾਇਆ, ਦੁਰਮਤ ਮੈਲ ਭਾਗੀ । ਆਦਿ ਜੁਗਾਦੀ ਦਰਸ਼ਨ ਪਾਇਆ, ਹੰਸ ਬਣਿਆ ਕਾਗੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਮੇਲਾ ਇਕ ਘਰ, ਦੇਵੇ ਦਰਸ ਵਡ ਵਡਭਾਗੀ । ਵਡਭਾਗੀ ਵਡਭਾਗ, ਗੁਰ ਮੰਤਰ ਜਾਣਿਆ । ਆਤਮ ਦੀਪਕ ਜਗੇ ਚਿਰਾਗ, ਮਾਣ ਨਿਮਾਣਿਆ । ਕਲਜੁਗ ਕਾਇਆ ਧੋਵੇ ਦਾਗ਼, ਸਾਚਾ ਦੇਵੇ ਪੀਣ ਖਾਣਿਆ । ਜਗਤ ਤ੍ਰਿਸ਼ਨਾ ਬੁਝਾਏ ਆਗ, ਦਰ ਦਵਾਰਾ ਜਿਸ ਜਨ ਮਾਣਿਆ । ਚਰਨ ਕਵਲ ਜਨ ਜਾਏ ਲਾਗ, ਲੇਖਾ ਚੁੱਕੇ ਆਵਣ ਜਾਣਿਆ । ਮਾਇਆ ਡੱਸੇ ਨਾ ਡੱਸਣੀ ਨਾਗ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦਰ ਘਰ ਸਾਚੇ ਦੇਵੇ ਮਾਣਿਆ । ਦਰ ਘਰ ਸਾਚਾ ਦਰ ਦਰਬਾਰ, ਪ੍ਰਭ ਸਾਚਾ ਇਕ ਸੁਹਾਇੰਦਾ । ਲੱਖ ਚੁਰਾਸੀ ਪਾਵੇ ਸਾਰ, ਸ੍ਰਿਸ਼ਟ ਸਬਾਈ ਵੇਖ ਵਖਾਇੰਦਾ । ਜਨ ਭਗਤਾਂ ਵੇਖੇ ਕਰ ਵਿਚਾਰ, ਜਗਤ ਵਿਚੋਲਾ ਆਪ ਅਖਵਾਇੰਦਾ । ਮਨਮੁਖ ਰੋਵੇ ਧਾਹਾਂ ਮਾਰ, ਕਾਇਆ ਡੋਲਾ ਨਾ ਕੋਈ ਉਠਾਇੰਦਾ । ਧਰਮ ਰਾਏ ਕਰੇ ਖੁਆਰ, ਕਲਜੁਗ ਹੋਲਾ ਅੰਤ ਵਖਾਇੰਦਾ । ਲਾੜੀ ਮੌਤ ਕਰੇ ਖ਼ਬਰਦਾਰ, ਪੂਰਾ ਤੋਲਾ ਹੁਕਮ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਤ ਸੁਹੇਲੇ ਵੇਖ ਘਰ, ਆਪ ਆਪਣਾ ਰੰਗ ਵਖਾਇੰਦਾ । ਰੰਗ ਵਖਾਏ ਸਤਿ ਸਰੂਪ, ਨਿੱਜ ਘਰ ਆਤਮ ਵੱਸਿਆ । ਹਰਿ ਹਰਿ ਵਡਾ ਸ਼ਾਹੋ ਭੂਪ, ਮਿਟਾਏ ਰੈਣ ਅੰਧੇਰੀ ਮਸਿਆ । ਜੁਗਾ ਜੁਗੰਤਰ ਮਹਿੰਮਾ ਅਨੂਪ, ਕਲਜੁਗ ਤੇਰੀ ਅੰਤਮ ਵਾਰ ਤੀਰ ਨਿਰਾਲਾ ਕੱਸਿਆ । ਪਵਣ ਉਨੰਜਾ ਦੇਵੇ ਧੂਪ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨ ਭਗਤਾਂ ਕਿਰਪਾ ਦੇਵੇ ਕਰ, ਏਕਾ ਜੋਤ ਕਰੇ ਪਰਕਾਸ਼ ਕੋਟਨ ਕੋਟ ਰਵ ਸੱਸਿਆ । ਕੋਟਨ ਕੋਟ ਰਵ ਸੱਸ ਕਰੇ ਪਰਕਾਸ਼ਿਆ । ਏਕਾ ਰਾਹ ਸਾਚਾ ਦੇਵੇ ਦੱਸ, ਆਦਿ ਪੁਰਖ ਅਬਿਨਾਸ਼ਿਆ । ਜਨ ਭਗਤਾਂ ਮੇਲ ਮਿਲਾਏ ਨੱਸ ਨੱਸ, ਵੇਖ ਵਖਾਣੇ ਪ੍ਰਿਥਮੀ ਆਕਾਸਿਆ । ਮਨਮੁਖ ਜੀਵਾਂ ਅੰਤਮ ਰਿਹਾ ਝੱਸ, ਹੋਏ ਕਲਜੁਗ ਮਾਤ ਵਿਨਾਸਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨ ਭਗਤਾਂ ਦੇਵੇ ਸ਼ਬਦ ਵਰ, ਰਸਨ ਤਜਾਏ ਮਦਿਰਾ ਮਾਸਿਆ । ਮਦਿਰਾ ਮਾਸ ਰਸਨ ਤਜਾਏ, ਆਤਮ ਬ੍ਰਹਮ ਜਣਾਈਆ । ਪ੍ਰਭ ਅਬਿਨਾਸ਼ੀ ਦਇਆ ਕਮਾਏ, ਨਿਰਮਲ ਜੋਤੀ ਆਪ ਜਗਾਈਆ । ਸਾਚੀ ਨਈਆ ਜਗਤ ਚੜ੍ਹਾਏ, ਪਾਰ ਕਿਨਾਰਾ ਇਕ ਵਖਾਈਆ । ਸਾਕ ਸੱਜਣ


੬੪੦
੦੫

ਸੈਣ ਇਕ ਅਖਵਾਏ, ਸ਼ਬਦ ਅਸਵਾਰਾ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨ ਭਗਤਾਂ ਦੇਵੇ ਨਾਮ ਵਰ, ਇਕ ਹੁਲਾਰਾ ਰਿਹਾ ਦਵਾਈਆ । ਇਕ ਹੁਲਾਰਾ ਸ਼ਬਦ ਝੂਲਾ, ਕਾਇਆ ਮੰਦਰ ਹਰਿ ਟਿਕਾਇਆ । ਮਿਲੇ ਮੇਲ ਕੰਤ ਕੰਤੂਹਲਾ, ਭਾਂਡਾ ਭਰਮ ਹਰਿ ਭੰਨਾਇਆ । ਪੁਰਖ ਅਬਿਨਾਸ਼ੀ ਦੂਲ੍ਹੋ ਦੂਲਾ, ਮਾਨਸ ਜਨਮ ਲੇਖੇ ਲਾਇਆ । ਮਨਮੁਖ ਜੀਵ ਮਾਇਆ ਮਮਤਾ ਭੂਲਾ, ਹਉਮੇ ਚਿੰਤਾ ਰੋਗ ਵਧਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚਾ ਸੰਤ ਸੁਹੇਲਾ ਧੁਰ ਸੰਜੋਗ ਮਿਲਾਇਆ । ਧੁਰ ਸੰਜੋਗੀ ਸਾਚਾ ਮੇਲਾ, ਪ੍ਰਭ ਸਾਚਾ ਆਪ ਮਿਲਾਇੰਦਾ । ਆਪੇ ਗੁਰ ਆਪੇ ਚੇਲਾ, ਗੁਰ ਮੰਤਰ ਸ਼ਬਦ ਜਣਾਇੰਦਾ । ਕਲਜੁਗ ਤੇਰਾ ਅੰਤਮ ਵੇਲਾ ਕਲਜੁਗ ਕਾਇਆ ਪੰਚ ਬਸੰਤਰ ਲੱਗੀ ਨਾ ਕੋਇ ਬੁਝਾਇੰਦਾ । ਕੋਈ ਨਾ ਦਿਸੇ ਸੱਜਣ ਸੁਹੇਲਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨ ਭਗਤਾਂ ਦੇਵੇ ਸ਼ਬਦ ਵਰ, ਆਪ ਆਪਣੇ ਰੰਗ ਸਮਾਇੰਦਾ । ਆਪ ਆਪਣੇ ਰੰਗ ਸਮਾਇਆ, ਵਡ ਵਡ ਨੀਕਨ ਨੀਕਾ । ਰਾਓ ਰੰਕਾਂ ਰਿਹਾ ਜਗਾਇਆ, ਰਸਨਾ ਰਸ ਰਹੇ ਕਲ ਫੀਕਾ । ਏਕਾ ਡੰਕ ਰਿਹਾ ਵਜਾਇਆ, ਭੇਵ ਖੁਲ੍ਹਾਏ ਜੀਵ ਜੀਅ ਕਾ । ਗੁਰਮੁਖ ਸਾਚਾ ਭਗਤ ਜਗਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲੇਖ ਚੁਕਾਏ ਸਾਢੇ ਤਿੰਨ ਹੱਥ ਸੀਂ ਕਾ । ਜਗਤ ਗਿਆਨਾ ਗੁਰ ਸ਼ਬਦ ਹੈ, ਘਟ ਘਟ ਪਰਗਟ ਹੋਏ । ਆਪੇ ਪਿਤਾ ਆਪੇ ਮਾਤ ਹੈ, ਦੂਸਰ ਦਿਸੇ ਨਾਹੀ ਕੋਏ । ਪੁਰਖ ਅਬਿਨਾਸ਼ੀ ਆਤਮ ਦਾਤ ਹੈ, ਊਚ ਨੀਚ ਨੀਚ ਊਚ ਵਿਚ ਬਲੋਏ । ਆਪ ਬੈਠਾ ਰਹੇ ਇਕਾਂਤ ਹੈ, ਦਿਵਸ ਰੈਣ ਕਦੇ ਨਾ ਸੋਏ । ਜਨ ਭਗਤਾਂ ਦਿਵਸ ਰੈਣ ਅਠੇ ਪਹਿਰ ਰਹੇ ਪਰਭਾਤ ਹੈ, ਸ਼ਬਦ ਜਣਾਏ ਤ੍ਰੈ ਤ੍ਰੈ ਲੋਏ । ਏਕਾ ਦੇਵੇ ਧੁਰ ਦਰਗਾਹੀ ਸਾਚੀ ਦਾਤ ਹੈ, ਸ਼ਬਦ ਸੁਨੇਹੜਾ ਸਾਚਾ ਢੋਏ । ਅੰਮ੍ਰਿਤ ਆਤਮ ਦੇਵੇ ਬੂੰਦ ਸਵਾਂਤ ਹੈ, ਨਾ ਜਨਮੇ ਨਾ ਕਦੇ ਮੋਏ । ਮੇਟ ਮਿਟਾਏ ਅੰਧੇਰੀ ਰਾਤ ਹੈ, ਤਨ ਮਨ ਬੀਜ ਸਾਚਾ ਬੋਏ । ਇਕ ਚਲਾਏ ਗਾਥ ਹੈ, ਸਤਿਜੁਗ ਸਾਚਾ ਪਰਗਟ ਹੋਏ । ਸਗਲ ਵਸੂਰੇ ਜਾਣ ਲਾਥ ਹੈ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਸ਼ਬਦ ਵਰ, ਮਿਲੇ ਮੇਲ ਤ੍ਰਿਲੋਕੀ ਨਾਥ ਹੈ । ਤ੍ਰੈਲੋਕੀ ਨਾਥਾ ਹਰਿ ਰਘੁਨਾਥਾ, ਜੋਤੀ ਜੋਤ ਜਗਾਈਆ । ਸ੍ਰਿਸ਼ਟ ਸਬਾਈ ਸਗਲਾ ਸਾਥਾ, ਲੇਖਾ ਲੇਖ ਮਸਤਕ ਮਾਥਾ, ਲਿਖਣਹਾਰ ਆਪ ਅਖਵਾਈਆ । ਜਨ ਭਗਤ ਚੜ੍ਹਾਏ ਸਾਚੇ ਰਾਥਾ, ਸ਼ਬਦ ਬਿਬਾਣਾ ਇਕ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪਕੜ ਉਠਾਏ ਰਾਜਾ ਰਾਣਾ, ਨਾ ਕੋਈ ਦਿਸੇ ਸ਼ਾਹ ਸੁਲਤਾਨਾਂ, ਵਾਲੀ ਦੋ ਜਹਾਨਾ ਆਪਣਾ ਭਾਣਾ ਆਪਣੇ ਹੱਥ ਰਖਾਈਆ । ਸ਼ਾਹ ਸੁਲਤਾਨਾਂ ਰੰਕ ਰਾਜਾਨਾਂ, ਏਕਾ ਰੰਗ ਰੰਗਾਇੰਦਾ । ਅੱਠੇ ਪਹਿਰ ਕਰੇ ਧਿਆਨ ਦਵਾਰ ਬੰਕ, ਸਾਜਨ ਸਾਚਾ ਆਪ ਸੁਹਾਇੰਦਾ । ਗੁਰਮੁਖ ਵਿਰਲੇ ਆਤਮ ਜੋਤੀ ਲਾਏ ਤਨਕ, ਸਾਚਾ ਨਾਮ ਤਿੱਖਾ ਬਾਣ ਆਰ ਪਾਰ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਜਿਸ ਜਨ ਕਿਰਪਾ ਦੇਵੇ ਕਰ, ਸੋਲਾਂ ਕਰ ਤਨ ਸ਼ਿੰਗਾਰ, ਸ਼ਬਦ ਭਰੇ ਨਾਮ ਭੰਡਾਰਾ ਹਉਮੇ ਤ੍ਰਿਸ਼ਨਾ ਰੋਗ ਨਿਵਾਰ, ਇਕ ਉਜਾਲਾ ਗੁਰ ਗੋਪਾਲਾ ਜੋਤ ਨਿਰੰਜਣ ਆਪਣਾ ਮੇਲ ਮਿਲਾਇੰਦਾ । ਗੁਰਮੁਖ ਸਤਿ ਸਰੂਪ ਹੈ, ਸਤਿ ਪੁਰਖ ਭਗਵਾਨ । ਨਾ ਕੋਈ ਰੰਗ ਰੂਪ ਹੈ, ਆਦਿ ਅੰਤ ਏਕਾ ਜਾਣ । ਆਪੇ ਦੀਪਕ ਜੋਤ ਸੱਚਾ ਧੂਪ ਹੈ, ਸਾਚਾ ਮੇਲਾ ਪਵਣ ਮਸਾਣ । ਜੁਗਾ ਜੁਗੰਤ ਮਹਿੰਮਾ ਅਨੂਪ ਹੈ, ਆਪੇ ਵੇਖੇ ਆਵਣ ਜਾਣ । ਮਿਲਿਆ ਮੇਲ ਹਰਿ ਸ਼ਾਹੋ ਭੂਪ ਹੈ, ਹੋਏ ਸਹਾਈ ਦੋ ਜਹਾਨ । ਦਇਆ ਕਮਾਏ ਅੰਧ ਕੂਪ ਹੈ, ਜੋਤੀ

ਜਗੇ ਜਗਤ ਮਹਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਘਰ ਆਏ ਦਇਆ ਕਮਾਏ, ਏਕਾ ਬਖ਼ਸ਼ੇ ਜੀਆ ਦਾਨ । ਜੀਆ ਦਾਨ ਦੇਵੇ ਦਾਤਾ, ਭਰਿਆ ਸ਼ਬਦ ਭੰਡਾਰਾ । ਆਤਮ ਅੰਤਰ ਬ੍ਰਹਮ ਗਿਆਤਾ, ਅੰਮ੍ਰਿਤ ਦੇਵੇ ਬੂੰਦ ਸਵਾਂਤਾ, ਕਾਇਆ ਕਰੇ ਠੰਢੀ ਠਾਰਾ । ਚਰਨ ਕਵਲ ਬੰਧਾਏ ਸਾਚਾ ਨਾਤਾ, ਉਪਰ ਧਵਲ ਚਲਾਏ ਗਾਥਾ, ਕਰਮ ਧਰਮ ਧਰਮ ਕਰਮ ਆਪਣੇ ਹੱਥ ਰਖਾਤਾ, ਜੋਤੀ ਜੋਤ ਸਰੂਪ ਹਰਿ, ਜਿਸ ਜਨ ਕਿਰਪਾ ਦੇਵੇ ਕਰ, ਭਰਿਆ ਰਹੇ ਜਗਤ ਭੰਡਾਰਾ । ਕਲਜੁਗ ਭੰਡਾਰ ਭਰਪੂਰ, ਪ੍ਰਭ ਸਾਚਾ ਦਇਆ ਕਮਾਇੰਦਾ । ਅਠੇ ਪਹਿਰ ਹਾਜ਼ਰ ਹਜ਼ੂਰ, ਜਿਸ ਜਨ ਸਾਚੀ ਦਇਆ ਕਮਾਇੰਦਾ । ਆਪੇ ਦਾਤਾ ਜੋਧਾ ਸੂਰ, ਜੋਤੀ ਦੇਵੇ ਸਾਚਾ ਨੂਰ, ਸ਼ਬਦ ਸਾਚਾ ਨਾਦ ਵਜਾਇੰਦਾ । ਸ੍ਰਿਸ਼ਟ ਸਬਾਈ ਕੂੜੋ ਕੂੜ, ਗੁਰਮੁਖ ਸਾਚੇ ਮਸਤਕ ਧੂੜ, ਕਾਇਆ ਰੰਗਣ ਰੰਗ ਗੂੜ੍ਹ ਚੜ੍ਹਾਇੰਦਾ । ਮਨਮੁਖ ਜੀਵ ਨਾ ਜਾਨਣ ਮੂੜ੍ਹ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਸੰਤ ਸੁਹੇਲੇ ਇਕ ਇਕੇਲੇ ਦਰ ਦਵਾਰੇ ਆਪਣੇ ਮੇਲੇ, ਆਪ ਆਪਣਾ ਹੱਥ ਸਮਰਥ ਸਿਰ ਟਿਕਾਇੰਦਾ । ਰਖ ਹੱਥ ਸਮਰਥ, ਜਗਤ ਵਡਿਆਈਆ । ਪੰਚ ਵਿਕਾਰਾ ਦੇਵੇ ਮਥ, ਬੂੰਦ ਰਕਤ ਲੇਖੇ ਲਾਈਆ । ਸ਼ਬਦ ਜਣਾਏ ਅਕਥਨਾ ਅਕਥ, ਕਥਾ ਨਾ ਕਥਨੀ ਜਾਈਆ । ਪੰਜਾਂ ਚੋਰਾਂ ਪਾਏ ਨੱਥ, ਡੋਰ ਆਪਣੇ ਹੱਥ ਰਖਾਈਆ । ਸਗਲ ਵਸੂਰੇ ਜਾਇਣ ਲੱਥ, ਦਰ ਦਵਾਰੇ ਜੋ ਜਨ ਦਰਸ਼ਨ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨ ਭਗਤਾਂ ਕਿਰਪਾ ਦੇਵੇ ਕਰ, ਬਖ਼ਸ਼ੇ ਸਰਨ ਸੱਚੀ ਸਰਨਾਈਆ ।



## ★ ੧੭ ਚੇਤ ੨੦੧੩ ਬਿਕ੍ਰਮੀ ਜਸਵੰਤ ਸਿੰਘ ਦੇ ਗ੍ਰਿਹਿ ਕਰਤਾਰ ਪੁਰ ਮਹੱਲਾ ਚਰਖੜੀ ਜ਼ਿਲਾ ਜਲੰਧਰ ★

੦੫ ਸੋਭਾਵੰਤੀ ਨਾਰ ਗੁਰਮੁਖ ਸਚ ਸਵਾਣੀਆ । ਪ੍ਰਭ ਪਾਇਆ ਪੁਰਖ ਭਤਾਰ, ਮਿਲਿਆ ਮੇਲ ਸਾਚੇ ਹਾਣੀਆ । ਆਤਮ ਜੋਤੀ ਜਗੇ ਅਪਾਰ, ਤੁਟੇ ਜਮ ਕੀ ਕਾਣੀਆ । ਵਰਨ ਗੋਤੀ ਦਏ ਨਿਵਾਰ, ਦੁਰਮਤ ਮੈਲ ਜਾਏ ਧੋਤੀ, ਅੰਮ੍ਰਿਤ ਆਤਮ ਦੇਵੇ ਠੰਢਾ ਪਾਣੀਆ । ਹਰਿ ਜਨ ਬਣਾਏ ਦਰ ਦਵਾਰੇ ਸਾਚੇ ਮੋਤੀ, ਇਕ ਸੁਣਾਏ ਸਾਚੀ ਬਾਣੀਆ । ਸ੍ਰਿਸ਼ਟ ਸਬਾਈ ਰਹੀ ਰੋਤੀ, ਖਾਲੀ ਹੋਈ ਜੇਰਜ ਖਾਣੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨ ਭਗਤਾਂ ਦੇਵੇ ਨਾਮ ਵਰ, ਦੇਵੇ ਦਾਤ ਵਡ ਵਡ ਦਾਨੀਆ । ਦਾਨੀ ਦਾਤਾ ਆਪ, ਧੁਰ ਦਰਗਾਹੀਆ । ਮੇਟ ਮਿਟਾਏ ਅੰਧੇਰੀ ਰਾਤ, ਜਿਸ ਜਨ ਦਇਆ ਕਮਾਈਆ । ਮੇਲ ਮਿਲਾਵਾ ਕਮਲਾਪਾਤ, ਪਤ ਪਤਵੰਤਾ ਪੂਰਨ ਭਗਵੰਤਾ ਸਾਚੇ ਸੰਤਾਂ ਦਰਸ ਦਿਖਾਈਆ । ਮਹਿੰਮਾ ਜਗਤ ਭਗਤ ਭਗਵੰਤਾ, ਆਪੇ ਬਣਤ ਬਨਾਵਣਹਾਰ ਆਪ ਅਖਵਾਈਆ । ਦੇਵੇ ਵਡਿਆਈ ਜੀਵਾਂ ਜੰਤਾਂ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨੇਤਰ ਅੰਜਨ ਨਾਮ ਸਾਚਾ ਆਪਣੀ ਹੱਥੀਂ ਪਾਈਆ । ਨੇਤਰ ਨਾਮ ਸਾਚਾ ਕੱਜਲ ਗੁਰਮੁਖ ਸਾਚੇ ਪਾਇਆ । ਮਿਲਿਆ ਮੇਲ ਪ੍ਰਭ ਸਾਚੇ ਸੱਜਣ, ਭਾਂਡਾ ਭਰਮ ਭੰਨਾਇਆ । ਆਤਮ ਤਾਲ ਘਰ ਸਾਚੇ ਵੱਜਣ, ਰਾਗ ਅਨਾਦੀ ਏਕਾ ਰਾਗ ਸੁਣਾਇਆ । ਜੋਤੀ ਜੋਤ ਸਰੂਪ ਹਰਿ, ਚਰਨ ਧੂੜ ਕਰਾਏ ਸਾਚਾ ਮਜਨ, ਜੋ ਜਨ ਚਰਨ ਸਰਨ ਸੱਚੀ ਸਰਨਾਈ ਆਇਆ । ਚਰਨ ਧੂੜ ਮਸਤਕ ਰੇਖਾ, ਗੁਰਮੁਖ ਵਿਰਲੇ ਲਾਈਆ । ਆਪੇ ਜਾਣੇ ਅਗਲਾ ਪਿਛਲਾ ਲੇਖਾ, ਜੀਵ ਜੰਤ ਸਾਰ ਨਾ ਪਾਈਆ । ਕਲਜੁਗ ਮਾਇਆ ਭਰਮੇ ਭੁੱਲੇ ਮੁਗਧ ਗਵਾਰੀ, ਨੇਤਰ ਗੁਰ ਗੁਰ ਨੇਤਰ

ਕਿਸੇ ਨਾ ਦੇਖਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਿਸ ਜਨ ਦੇਵੇ ਸ਼ਬਦ ਵਰ, ਆਤਮ ਤ੍ਰਿਸ਼ਨਾ ਹੰਗਤਾ ਰੋਗ ਗਵਾਈਆ । ਜਗਤ ਵਿਜੋਗ ਝੂਠਾ ਨਾਤਾ ਜਾਏ ਛੁੱਟ, ਪ੍ਰਭ ਸਾਚਾ ਦਇਆ ਕਮਾਈਆ । ਪੰਜਾਂ ਚੋਰਾਂ ਕੱਢੇ ਕੁੱਟ, ਸ਼ਬਦ ਚੋਟ ਇਕ ਲਗਾਈਆ । ਜੂਠ ਝੂਠ ਕਾਇਆ ਮੰਦਰ ਦੇਵੇ ਜੜ੍ਹ ਪੁੱਟ, ਏਕਾ ਨਾਮ ਸਚ ਫੁਲਵਾੜੀ ਆਪੇ ਦਏ ਲਗਾਈਆ । ਦਰ ਦਵਾਰੇ ਜਾਏ ਵਾੜੀ, ਸ਼ਬਦ ਘੋੜੇ ਜਾਏ ਚਾੜ੍ਹੀ, ਆਪੇ ਹੋਏ ਪਿਛੇ ਅਗਾੜੀ, ਵਾਗ ਆਪਣੇ ਹੱਥ ਰਖਾਈਆ । ਹਰਿਜਨ ਲਾਜ ਰਖਾਏ ਚਰਨ ਛੁਹਾਏ ਦਾਹੜੀ, ਮਾਇਆ ਮਮਤਾ ਅਗਨ ਤ੍ਰਿਸ਼ਨਾ ਦੇਵੇ ਸਾੜੀ, ਏਕਾ ਲਗਨ ਗੁਰ ਚਰਨ ਧਿਆਨ ਰਖਾਈਆ । ਦੀਪਕ ਜੋਤੀ ਸਾਚੇ ਜਗਣ, ਦਰ ਦਵਾਰਾ ਏਕਾ ਏਕ ਜੋ ਜਨ ਮੰਗਣ, ਨਾਮ ਭਿਛਿਆ ਪੂਰਨ ਇਛਿਆ ਪ੍ਰਭ ਸਾਚੇ ਆਪ ਕਰਾਈਆ । ਮਨਮੁਖ ਜੀਵ ਭੌਂਦੇ ਨਗਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਿਸ ਜਨ ਦੇਵੇ ਸ਼ਬਦ ਵਰ, ਆਪਣੇ ਅੰਗਣ ਆਪ ਰਖਾਈਆ । ਆਪ ਆਪਣੇ ਅੰਗ ਸਮਾਈਆ, ਗੁਰਮੁਖ ਸੰਤ ਜਗਾਏ । ਕਾਇਆ ਚੋਲੀ ਰੰਗ ਵਖਾਇਆ, ਨੀਚੋਂ ਊਚ ਬਣਾਏ । ਸ਼ਬਦ ਘੋੜੇ ਤੰਗ ਕਸਾਇਆ, ਸੂਚੋ ਸੂਚ ਆਪ ਹੋ ਜਾਏ । ਭੁੱਖ ਨੰਗ ਦਏ ਕਟਾਇਆ, ਏਕਾ ਦੂਜਾ ਭਉ ਚੁਕਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਿਸ ਜਨ ਦੇਵੇ ਸ਼ਬਦ ਵਰ, ਆਪਣੇ ਅੰਗਣ ਆਪ ਰਖਾਏ । ਦਰਸ ਪੇਖਤ ਨੈਨਣ ਨੈਣ ਲੋਚਨ, ਜਗਤ ਗਿਆ ਵਿਕਾਰਾ । ਦਰ ਦਵਾਰੇ ਮਿਟੀ ਲਿਖੀ ਰੇਖਨ, ਮਿਲੇ ਮੀਤ ਸ਼ਬਦ ਭੰਡਾਰਾ । ਮਨਮੁਖ ਜੂਠੇ ਝੂਠੇ ਦਰ ਦਵਾਰੇ ਵੇਖਣ, ਦਿਸ ਨਾ ਆਏ ਨਰ ਨਿਰੰਕਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਿਸ ਜਨ ਦੇਵੇ ਸ਼ਬਦ ਵਰ, ਏਕਾ ਰੰਗ ਰੰਗਾਏ, ਸ਼ਬਦ ਡੋਲੀ ਵਿਚ ਬਿਠਾਏ, ਸਾਚੀ ਗੋਲੀ ਆਪ ਹੋ ਜਾਏ, ਦੋ ਜਹਾਨੀ ਪਾਰ ਕਿਨਾਰਾ । ਦੋ ਜਹਾਨੀ ਉਧਰੇ ਪਾਰ, ਜਿਸ ਜਨ ਸੇਵ ਕਮਾਈਆ । ਸ਼ਬਦ ਨਿਸ਼ਾਨੀ ਵਿਚ ਸੰਸਾਰ, ਪਾਰਬ੍ਰਹਮ ਬ੍ਰਹਮ ਮੇਲ ਮਿਲਾਈਆ । ਗੁਣ ਨਿਧਾਨੀ ਕਿਰਪਾ ਕਰੇ ਅਪਰ ਅਪਾਰ, ਜਾਣੀ ਜਾਣ ਆਪ ਅਖਵਾਈਆ । ਖਾਲੀ ਭਰੇ ਭਗਤ ਭੰਡਾਰ, ਵੇਖ ਵਖਾਏ ਵਾਰੋ ਵਾਰ, ਜੁਗਾ ਜੁਗੰਤ ਸਾਧ ਸੰਤ ਪੂਰਨ ਭਗਵੰਤ ਸਾਚੀ ਬਣਤ ਬਣਾਈਆ । ਮਾਇਆ ਪਾਏ ਜਗਤ ਬੇਅੰਤ, ਹਰਿਜਨ ਵਿਰਲੇ ਮੇਲ ਮਿਲਾਵਾ ਸਾਚੇ ਕੰਤ, ਨਾਰ ਸੁਹਾਗਣ ਤਨ ਮਨ ਬੈਰਾਗਣ ਏਕਾ ਮੀਤਾ ਹਰਿ ਹਰਿ ਸਦਾ ਰੱਖੇ ਚੀਤਾ, ਦੂਜਾ ਨੇਤਰ ਦਿਸ ਨਾ ਆਈਆ । ਮਿਲਿਆ ਮੀਤ ਹਰਿ ਮੁਰਾਰ, ਦਰ ਘਰ ਸਾਚਾ ਪਾਇਆ । ਸੋਲਾਂ ਕਰ ਤਨ ਸ਼ਿੰਗਾਰ, ਪ੍ਰਭ ਅਬਿਨਾਸ਼ੀ ਘਰ ਮਨਾਇਆ । ਮਿਲਿਆ ਮੇਲ ਪੁਰਖ ਭਤਾਰ, ਏਕੰਕਾਰ ਏਕਾ ਚੋਲਾ ਤਨ ਪਹਿਨਾਇਆ । ਸ਼ਬਦ ਕਰਾਏ ਜੈ ਜੈਕਾਰ, ਸਾਚਾ ਢੋਲਾ ਰਿਹਾ ਗਾਇਆ । ਅਗਿਆਨ ਅੰਧੇਰਾ ਮਿਟੇ ਧੁੰਦੂਕਾਰ, ਦੀਪਕ ਜੋਤ ਰਿਹਾ ਜਗਾਇਆ । ਜਿਸ ਜਨ ਬਖ਼ਸ਼ੇ ਚਰਨ ਪਿਆਰ, ਸੋ ਜਨ ਉਧਰੇ ਵਿਚ ਸੰਸਾਰ, ਏਕਾ ਰੰਗਣ ਰੰਗ ਰੰਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨ ਭਗਤਾਂ ਦੇਵੇ ਨਾਮ ਵਰ, ਦੂਜਾ ਦਰ ਨਾ ਮੰਗਣ ਜਾਇਆ । ਜਿਸ ਜਨ ਮਿਲਿਆ ਮੇਲ, ਹਰਿ ਭਗਵੰਤਿਆ । ਸ਼ਬਦ ਚੜ੍ਹਾਏ ਸਾਚਾ ਤੇਲ, ਕਾਇਆ ਚੋਲੀ ਰੰਗੇ ਰੰਗ ਬਸੰਤਿਆ । ਧਰਮ ਰਾਏ ਦੀ ਕਟੇ ਜੇਲ੍ਹ, ਦਿਵਸ ਰੈਣ ਰੈਣ ਦਿਵਸ ਅੱਠੇ ਪਹਿਰ ਸੁਣੇ ਬੇਨੰਤਿਆ । ਆਪੇ ਹੋਏ ਸੱਜਣ ਸੁਹੇਲ, ਸਦਾ ਸੁਹੇਲਾ ਸਦ ਵਸੇ ਰੰਗ ਨਵੇਲ, ਏਕਾ ਧਾਮ ਇਕ ਅਖਵੰਤਿਆ । ਆਪੇ ਗੁਰ ਆਪੇ ਚੇਲ, ਆਪ ਆਪਣਾ ਕਰੇ ਮੇਲ, ਜੋਤੀ ਜੋਤ ਸਰੂਪ ਹਰਿ, ਜਿਸ ਜਨ ਕਿਰਪਾ ਦੇਵੇ ਕਰ, ਏਕਾ ਦੇਵੇ ਸ਼ਬਦ ਵਰ, ਪੁਰਖ

੬੪੪ ੦੫

ਅਬਿਨਾਸ਼ੀ ਘਟ ਘਟ ਵਾਸੀ ਪਿਤ ਹਿਤ ਪਤੀ ਪਤਵੰਤਿਆ । ਪਤ ਰੱਖਣਹਾਰ ਸ੍ਰਿਸ਼ਟ ਸਬਾਈਆ । ਸ੍ਰਿਸ਼ਟ ਸਬਾਈ ਆਏ ਡਰ, ਨਾ ਹੋਏ ਕੋਈ ਸਹਾਈਆ । ਲੱਖ ਚੁਰਾਸੀ ਆਵੇ ਜਾਵੇ ਜਨਮੇ ਜਾਏ ਮਰ, ਨਾ ਕੋਈ ਫੰਦ ਕਟਾਈਆ । ਗੁਰ ਗੋਬਿੰਦ ਗੋਬਿੰਦ ਗੋਬਿੰਦ ਤੇਰਾ ਏਕਾ ਦਰ, ਸਾਚਾ ਘਰ ਦਏ ਵਖਾਈਆ । ਮਿਲੇ ਮੇਲ ਪ੍ਰਭ ਸਾਚੇ ਹਰਿ, ਆਤਮ ਤ੍ਰਿਸ਼ਨਾ ਭੁੱਖ ਮਿਟਾਈਆ । ਅੰਮ੍ਰਿਤ ਆਤਮ ਨੁਹਾਏ ਸਾਚੇ ਸਰ, ਦੁਰਮਤ ਮੈਲ ਰਹਿਣ ਨਾ ਪਾਈਆ । ਆਪ ਆਪਣੀ ਕਿਰਪਾ ਕਰ, ਜੋਤੀ ਜੋਤ ਸਰੂਪ ਹਰਿ, ਜਿਸ ਜਨ ਦੇਵੇ ਸ਼ਬਦ ਵਰ, ਏਕਾ ਘਰ ਰਿਹਾ ਵਸਾਈਆ । ਵਸਿਆ ਘਰ ਹਰਿ ਗੋਬਿੰਦਾ, ਸ਼ਬਦ ਸਿੰਘਾਸਣ ਪਾਇਆ । ਸਗਲ ਉਤਰੀ ਤਨ ਮਨ ਚਿੰਦਾ, ਪੁਰਖ ਅਬਿਨਾਸ਼ੀ ਨਜ਼ਰੀ ਆਇਆ । ਹਰਿਜਨ ਉਪਜੇ ਸਾਚੀ ਬਿੰਦਾ, ਮਾਤ ਕੁੱਖ ਸੁਫਲ ਕਰਾਇਆ । ਜੀਵ ਜੰਤ ਕਲ ਕਰੇ ਨਿੰਦਾ, ਮੁਖ ਕਾਲਖ ਟਿਕਾ ਲਾਇਆ । ਜਿਸ ਜਨ ਮੇਲਾ ਗੁਣੀ ਗਹਿੰਦਾ, ਆਤਮ ਧਾਰ ਵਹਾਏ ਸਾਗਰ ਸਿੰਧਾ, ਨੇਤਰ ਲੋਚਨ ਨੈਣ ਬੰਦ ਕਿਵਾੜੀ ਦਏ ਖੁਲ੍ਹਾਇਆ । ਆਪੇ ਤੋੜੇ ਵੱਜਾ ਜੰਦਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਸ਼ਬਦ ਵਰ, ਦਸਮ ਦਵਾਰੀ ਜੋਤ ਨਿਰੰਕਾਰੀ ਸ਼ਬਦ ਧਾਰੀ ਏਕਾ ਧਾਰ ਰਿਹਾ ਵਹਾਇਆ । ਦਸਮ ਦਵਾਰੀ ਦਰ ਦਰਵਾਜ਼ਾ, ਪ੍ਰਭ ਸਾਚੇ ਆਪ ਸੁਹਾਇਆ । ਆਪੇ ਵਸੇ ਗਰੀਬ ਨਿਵਾਜਾ ਦਿਸ ਕਿਸੇ ਨਾ ਆਇਆ । ਜਿਸ ਜਨ ਤੇਰਾ ਸਾਜਨ ਸਾਜਾ, ਤੇਰੇ ਮੰਦਰ ਅੰਦਰ ਵਿਚ ਸੁਹਾਇਆ । ਆਪ ਸਵਾਰੇ ਤੇਰਾ ਆਪਣਾ ਕਾਜਾ, ਚਰਨ ਕਵਲ ਕਵਲ ਚਰਨ ਉਪਰ ਧਵਲ ਦੋਏ ਜੋੜ ਸੀਸ ਨਿਵਾਇਆ । ਕਾਇਆ ਫੁੱਲਵਾੜੀ ਜਾਏ ਮਵਲ, ਮਿਲੇ ਮੇਲ ਸਾਵਲ ਸਵਲ, ਆਤਮ ਸੇਜਾ ਸਾਚੀ ਬੈਠਾ ਆਸਣ ਲਾਇਆ । ਉਲਟੀ ਕਰੇ ਨਾਭ ਕਵਲ, ਜੋਤੀ ਜੋਤ ਸਰੂਪ ਹਰਿ, ਜਿਸ ਜਨ ਦੇਵੇ ਸ਼ਬਦ ਵਰ, ਨਾਮ ਭੰਡਾਰਾ ਦੇਵੇ ਭਰ, ਅਤੋਟ ਅਤੁਟ ਅਖੁਟ ਆਪ ਅਖਵਾਇਆ । ਨਾਮ ਭੰਡਾਰ ਹਰਿ ਭਰਪੂਰ, ਤੋਟ ਰਹੇ ਨਾ ਰਾਈਆ । ਜਨ ਭਗਤਾਂ ਸਦ ਹਾਜ਼ਰ ਹਜ਼ੂਰ, ਬੇਮੁਖਾਂ ਦਿਸ ਨਾ ਆਈਆ । ਸ਼ਬਦ ਉਪਜਾਏ ਅਨਾਹਦ ਸਾਚੀ ਤੂਰ, ਅਨਹਦ ਸਾਚਾ ਰਾਗ ਸੁਣਾਈਆ । ਜੋਤੀ ਬਖ਼ਸ਼ੇ ਸਾਚਾ ਨੂਰ, ਨਿਰਮਲ ਜੋਤ ਆਕਾਰ ਕਰਾਈਆ । ਜਗਤ ਨਾਤਾ ਕੂੜੋ ਕੂੜ, ਅੰਤਮ ਕੋਈ ਰਹਿਣ ਨਾ ਪਾਈਆ । ਜਿਸ ਜਨ ਬਖ਼ਸ਼ੇ ਚਰਨ ਧੂੜ, ਲੱਖ ਚੁਰਾਸੀ ਫੰਦ ਕਟਾਈਆ । ਚਤੁਰ ਸੁਜਾਨ ਬਣਾਏ ਮੂੜ੍ਹ, ਜੋ ਜਨ ਬੱਤੀ ਦੰਦ ਗਾਈਆ । ਏਕਾ ਰੰਗ ਚੜ੍ਹਾਏ ਗੂੜ੍ਹ, ਮਦਿਰਾ ਮਾਸ ਤਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਿਸ ਜਨ ਦੇਵੇ ਸ਼ਬਦ ਵਰ, ਆਪ ਆਪਣਾ ਦਰਸ ਦਿਖਾਈਆ । ਦਰਸ ਦਿਖਾਏ ਤੀਜੇ ਨੈਣਾ, ਗੁਰਮਤ ਬੂਝ ਬੁਝਾਈਆ । ਕਲਜੁਗ ਵਹਿਣ ਵਹੇ ਵਹਿਣਾ, ਮਨ ਮਤ ਫਿਰੇ ਹਲਕਾਈਆ । ਨਾ ਕੋਈ ਦਿਸੇ ਸਾਕ ਸੱਜਣ ਸੈਣਾ, ਭੈਣਾਂ ਭਈਆਂ ਸਾਰ ਨਾ ਰਾਈਆ । ਆਪੇ ਹੋਏ ਸਾਕ ਸੱਜਣ ਸੈਣਾ, ਜੁਗ ਜੁਗ ਚੁਕਾਏ ਲਹਿਣਾ ਦੇਣਾ, ਦੇਵਣਹਾਰ ਸਭਨੀਂ ਥਾਈਂਆ । ਹਰਿ ਜਨ ਤੇਰਾ ਏਕਾ ਨਾਉਂ ਮਾਤ ਰਹਿਣਾ, ਦੂਸਰ ਕੋਈ ਦਿਸ ਨਾ ਆਈਆ । ਸ਼ਬਦ ਸੰਤੋਖੀ ਆਤਮ ਏਕਾ ਭਾਣਾ ਆਤਮ ਘਰ ਸਾਚੇ ਸਹਿਣਾ, ਜੋਤੀ ਜੋਤ ਸਰੂਪ ਹਰਿ, ਜਿਸ ਜਨ ਦੇਵੇ ਸ਼ਬਦ ਵਰ, ਉਜਲ ਮੁਖ ਰਿਹਾ ਮਾਤ ਕਰਾਈਆ । ਉਜਲ ਮੁਖੜਾ ਹੋਏ ਮਾਤ, ਹਰਿ ਹਰਿ ਹਿਰਦੇ ਵਾਚਾ । ਉਤਰੇ ਦੁੱਖੜਾ ਜਗਤ ਤੁੱਟੇ ਨਾਤਾ । ਬੂਝ ਬੁਝਾਏ ਜੀਉ ਪਿੰਡ ਲੇਖਾ ਚੁੱਕੇ ਜ਼ਾਤ ਪਾਤਾ । ਉਤਮ ਜ਼ਾਤ ਮਿਲੇ ਮੇਲ ਪ੍ਰਭ ਕਮਲਾਪਾਤ, ਏਕਾ ਨਾਂਓ ਵਖਾਣੇ ਸਾਚੋ ਸਾਚਾ । ਆਪ ਬਣਾਏ ਪਾਰਜ਼ਾਤ, ਕੌਸਤਕ ਮਨੀਆ ਸਾਚਾ ਟਿੱਕਾ ਲਾਏ

ਮਸਤਕ ਮਾਥ, ਧੁਰ ਦਰਗਾਹੀ ਦੇਵੇ ਸਚ ਸੁਗਾਤਾ । ਸ਼ਬਦ ਚੜ੍ਹਾਏ ਸਾਚੇ ਰਾਥ, ਮੇਲ ਮਿਲਾਏ ਤ੍ਰੈਲੋਕੀ ਨਾਥ, ਆਪ ਚਲਾਏ ਆਪਣੀ ਗਾਥਾ । ਜੋਤੀ ਜੋਤ ਸਰੂਪ ਹਰਿ, ਜਿਸ ਜਨ ਕਿਰਪਾ ਦੇਵੇ ਕਰ, ਲੇਖਾ ਚੁਕੇ ਸੀਆਂ ਸਾਢੇ ਤਿੰਨ ਹਾਥਾ । ਨਾਮ ਵਿਹੂਣਾ ਜਗ, ਮਾਤ ਬੌਰਾਨਿਆ । ਮਾਇਆ ਤ੍ਰਿਸ਼ਨਾ ਲਗੀ ਅੱਗ, ਹੋਏ ਸੁੰਞ ਮਸਾਣਿਆ । ਅੰਤਮ ਹੰਸ ਬਣੇ ਕੱਗ, ਏਕਾ ਭੁੱਲੇ ਗੁਣ ਨਿਧਾਨਿਆ । ਦਿਸ ਨਾ ਆਏ ਉਪਰ ਸ਼ਾਹ ਰਗ, ਦਰ ਘਰ ਸਾਚੇ ਏਕਾ ਸ਼ਾਹ ਸੁਲਤਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵੇਖੇ ਖੇਲ ਦੋ ਜਹਾਨਿਆ । ਦੋ ਜਹਾਨੀ ਵੇਖੇ ਖੇਲ, ਲੋਆਂ ਪੁਰੀਆਂ ਵਾਸਾ । ਲੱਖ ਚੁਰਾਸੀ ਘੱਲੇ ਧਰਮ ਰਾਏ ਦੀ ਜੇਲ੍ਹ, ਪਰਗਟ ਜੋਤ ਪੁਰਖ ਅਬਿਨਾਸ਼ਾ । ਪਕੜ ਉਠਾਏ ਫੜ ਫੜ ਗੁਰ ਚੇਲ, ਝੂਠੀ ਨਾ ਕੋਈ ਪਾਏ ਰਾਸਾ । ਜਨ ਭਗਤ ਚੜ੍ਹਾਏ ਆਤਮ ਅੰਤਰ ਤੇਲ, ਨਾਮ ਵਸਤ ਪਾਏ ਕਾਇਆ ਕਾਸਾ । ਆਪ ਆਪਣਾ ਕਰੇ ਮੇਲ, ਵੇਖ ਵਖਾਣੇ ਪ੍ਰਿਥਮੀ ਆਕਾਸ਼ਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਏਕ ਸ਼ਬਦ ਚਲਾਏ ਹਰਿਜਨ ਸਾਚੇ ਸਵਾਸ ਸਵਾਸਾ । ਸਵਾਸ ਸਵਾਸ ਰਸਨ ਗੁਣ ਗਾਇਆ । ਲੇਖੇ ਲਾਏ ਕਾਇਆ ਹੱਡ ਨਾੜੀ ਮਾਸ, ਆਪ ਆਪਣੀ ਦਇਆ ਕਮਾਇਆ । ਗੁਰਮੁਖ ਸਾਚੇ ਬਲ ਬਲ ਜਾਸਨ, ਮਿਲਿਆ ਮੇਲ ਹਰਿ ਸ਼ਾਹੋ ਸ਼ਾਬਾਸਨ, ਕਾਇਆ ਮੰਦਰ ਜੋਤ ਜਗਾਇਆ । ਅਪ ਤੇਜ਼ ਵਾਏ ਪ੍ਰਿਥਮੀ ਆਕਾਸ਼ਨ, ਪੰਜਾਂ ਤੱਤਾਂ ਵਿਚ ਸਮਾਇਆ । ਆਦਿ ਅੰਤ ਨਾ ਹੋਏ ਵਿਨਾਸਨ, ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਕਲਜੁਗ ਲੇਖਾ ਰਿਹਾ ਲਿਖਾਇਆ । ਪੁਰਖ ਅਬਿਨਾਸ਼ੀ ਸਾਚਾ ਕੰਤਾ । ਨੌਂ ਖੰਡ ਪ੍ਰਿਥਮੀ ਵੇਖ ਵਖਾਏ, ਲੱਖ ਚੁਰਾਸੀ ਜੀਵ ਜੰਤਾ । ਬ੍ਰਹਿਮੰਡ ਖੰਡ ਪ੍ਰਭ ਵੰਡ ਕਰਾਏ, ਕਿਸੇ ਦਿਸ ਨਾ ਆਏ, ਸਾਧਨ ਸੰਤਾ । ਸ਼ਬਦ ਖੰਡਾ ਪ੍ਰਭ ਹੱਥ ਉਠਾਏ, ਵੱਢੇ ਵਡ ਵਡ ਦੰਤਾ । ਮਨਮੁਖ ਹੋਏ ਨਾਰ ਦੁਹਾਗਣ ਕੋਈ ਰਹਿਣ ਨਾ ਪਾਏ, ਹਉਮੇ ਰੋਗ ਗਵਾਏ ਹੰਗਤਾ । ਪੰਚ ਵਿਕਾਰਾ ਖੰਡ ਖੰਡਤਾ, ਜਿਸ ਜਨ ਮਿਲਾਏ ਸਾਚੀ ਸੰਗਤਾ । ਜੇਰਜ ਅੰਡ ਕਟ ਵਖਾਏ, ਸਾਚੀ ਰੰਗਣ ਨਾਮ ਰੰਗਤਾ । ਜੋਤੀ ਜੋਤ ਸਰੂਪ ਹਰਿ, ਜਿਸ ਜਨ ਕਿਰਪਾ ਦੇਵੇ ਕਰ, ਆਪ ਆਪਣੀ ਗੋਦ ਉਠਾਏ ਜਿਉਂ ਨਾਨਕ ਅੰਗਦਾ । ਗੁਰਮੁਖ ਸਾਚਾ ਗੋਦ ਉਠਾਏ, ਧੁਰ ਦਰਗਾਹੀ ਬਾਲ ਅੰਞਾਨਾ । ਅਗਾਧ ਬੋਧ ਪ੍ਰਭ ਸ਼ਬਦ ਜਣਾਏ, ਇਕ ਸੁਣਾਏ ਧੁਰ ਫ਼ਰਮਾਣਾ । ਦਾਤਾ ਜੋਧਾ ਆਪ ਅਖਵਾਏ, ਹਰਿ ਸੂਰਬੀਰ ਬਲਵਾਨਾ । ਹਿਰਦੇ ਸੋਧ ਗੁਰ ਮੰਤਰ ਨਾਮ ਜਪਾਏ, ਸ਼ਬਦ ਚੜ੍ਹਾਏ ਸਚ ਬਿਬਾਣਾ । ਕਾਇਆ ਅੰਤਰ ਜਗਤ ਬਸੰਤਰ ਆਪ ਬੁਝਾਏ, ਆਤਮ ਦੇਵੇ ਬ੍ਰਹਮ ਗਿਆਨਾ । ਜੋਤੀ ਜੋਤ ਸਰੂਪ ਹਰਿ, ਜਿਸ ਜਨ ਕਿਰਪਾ ਦੇਵੇ ਕਰ, ਮਾਰੇ ਤੀਰ ਸ਼ਬਦ ਨਿਸ਼ਾਨਾ । ਸ਼ਬਦ ਨਿਸ਼ਾਨਾ ਵੱਜੇ ਤੀਰ, ਬਜਰ ਕਪਾਟੀ ਪਾਰ ਕਰਾਈਆ । ਅੰਮ੍ਰਿਤ ਆਤਮ ਬਖ਼ਸ਼ੇ ਸੀਰ, ਕਾਇਆ ਠੰਡੀ ਠਾਰ ਕਰਾਈਆ । ਦੂਈ ਦਵੈਤੀ ਕੱਢੇ ਪੀੜ, ਸ਼ਬਦ ਧਾਰਾ ਇਕ ਚਲਾਈਆ । ਆਦਿ ਅੰਤ ਪ੍ਰਭ ਬੰਨ੍ਹੇ ਬੀੜ, ਜੋਤ ਅਕਾਰਾ ਨਰ ਨਿਰੰਕਾਰਾ ਕਾਇਆ ਮੰਦਰ ਉਚ ਮੁਨਾਰਾ ਆਪਣਾ ਆਪ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅੰਤਮ ਵੇਖ ਹਰਿ, ਏਕਾ ਜੋਤ ਸ਼ਬਦ ਜੈਕਾਰਾ, ਦੋ ਜਹਾਨੀ ਉਤਰੇ ਪਾਰਾ, ਪੱਲੂ ਸਾਚਾ ਨਾਮ ਫੜਾਈਆ । ਸਾਚਾ ਪੱਲੂ ਨਾਮ ਫੜਾਏ, ਦੋ ਜਹਾਨਾਂ ਵਾਲੀ । ਗੁਰਮੁਖ ਸਾਚੇ ਮਾਤ ਉਠਾਏ, ਜਗਾਏ ਜੋਤ ਇਕ ਅਕਾਲੀ । ਆਪ ਆਪਣੇ ਰੰਗ ਰੰਗਾਏ, ਦੇਵੇ ਸ਼ਬਦ ਸੱਚਾ ਧਨ ਮਾਲੀ । ਸ਼ਬਦ ਘੋੜੇ ਤੰਗ ਕਸਾਏ, ਸ਼ਾਹ ਅਸਵਾਰਾ ਹਰਿ ਨਿਰੰਕਾਰਾ ਵੇਖ ਵਖਾਏ ਕਾਇਆ ਡਾਲ੍ਹੀ, ਜੋਤੀ ਜੋੜੇ ਮੇਲ ਮਿਲਾਏ, ਜਿਸ

੬੪੫ ੦੫

ਜਨ ਦੇਵੇ ਨਾਮ ਆਧਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅੰਤਮ ਵੇਖ ਹਰਿ, ਨਿਹਕਲੰਕੀ ਜਾਮਾ ਪਾਏ । ਨਿਹਕਲੰਕ ਕਲ ਜਾਮਾ ਪਾਇਆ, ਜੋਤ ਸਰੂਪੀ ਰਾਮਾ । ਨੌਂ ਖੰਡ ਪ੍ਰਿਥਮੀ ਦਿਸ ਨਾ ਆਇਆ, ਸ਼ਬਦ ਵਜਾਏ ਇਕ ਦਮਾਮਾ । ਗੁਰਮੁਖ ਸਾਚਾ ਲੋਕਮਾਤ ਸਾਚਾ ਹਿਸਾ ਰਿਹਾ ਵੰਡਾਇਆ, ਲੱਖ ਚੁਰਾਸੀ ਲਾੜੀ ਮੌਤ ਕਰੇ ਧਿਆਨਾ । ਰਾਜ ਰਾਜਾਨਾਂ ਖਾਲੀ ਖ਼ੀਸਾ ਕਰ ਵਖਾਇਆ, ਪਰਗਟ ਹੋਏ ਸ਼ਾਹ ਸੁਲਤਾਨਾਂ । ਕੁਰਾਨ ਹਦੀਸਾ ਰਹਿਣ ਨਾ ਪਾਇਆ । ਵੇਦ ਪੁਰਾਨਾਂ ਵਕਤ ਚੁਕਾਇਆ । ਇਕ ਚਲਾਏ ਸ਼ਬਦ ਹਦੀਸਾ, ਊਚਾਂ ਨੀਚਾਂ ਭੇਵ ਮਿਟਾਇਆ । ਰਾਓ ਰੰਕਾਂ ਵਿਚ ਸਮਾਇਆ । ਏਕਾ ਛਤਰ ਝੁਲਾਏ ਸੀਸਾ, ਸੋਹੰ ਖੰਡਾ ਹੱਥ ਰਖਾਇਆ । ਵਰਭੰਡੀ ਹਰਿ ਰਿਹਾ ਚਲਾਇਆ । ਸਾਚਾ ਡੰਡਾ ਨਾਮ ਲਗਾਇਆ । ਦੂਸਰ ਕੋਈ ਰਹਿਣ ਨਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅੰਤਮ ਵੇਖ ਦਰ, ਭਾਣੇ ਅੰਦਰ ਸਦ ਸਮਾਇਆ । ਹਰਿ ਭਾਣਾ ਬਲਵਾਨ, ਕਿਸੇ ਨਾ ਜਾਣਿਆ । ਭੁੱਲੇ ਜੀਵ ਨਾਦਾਨ, ਮਾਇਆ ਰੁਲਾਏ ਰਾਜੇ ਰਾਣਿਆਂ । ਗੁਰਮੁਖਾਂ ਆਤਮ ਉਪਜੇ ਬ੍ਰਹਮ ਗਿਆਨ, ਜਿਸ ਜਨ ਆਤਮ ਦੇਵੇ ਬ੍ਰਹਮ ਗਿਆਨਿਆ । ਚਰਨ ਪ੍ਰੀਤੀ ਬਖ਼ਸ਼ੇ ਸਾਚਾ ਧਿਆਨ, ਦੀਪਕ ਜੋਤੀ ਜਗੇ ਮਹਾਨਿਆ । ਰਸਨਾ ਨਾਉਂ ਹਰਿ ਹਰਿ ਥਾਉਂ ਦੇਵੇ ਪੀਣ ਖਾਣ, ਜਗਤ ਤ੍ਰਿਸ਼ਨਾ ਅਗਨ ਬੁਝਾਨਿਆ । ਸ਼ਬਦ ਚੜ੍ਹਾਏ ਜਗਤ ਬਿਬਾਣ, ਪਤਾਲ ਅਕਾਸ਼ਾਂ ਇਕ ਉਡਾਨਿਆ । ਧਰਮ ਝੁਲਾਏ ਮਾਤ ਨਿਸ਼ਾਨ, ਲੇਖਾ ਲਿਖੇ ਸ੍ਰੀ ਭਗਵਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨ ਭਗਤਾਂ ਦੇਵੇ ਜੀਆ ਦਾਨ, ਹੱਥੀਂ ਬੰਨ੍ਹੇ ਨਾਮ ਸੱਚਾ ਗਾਨਿਆ । ਨਾਮ ਗਾਨਾ ਬੰਨ੍ਹੇ ਹੱਥ, ਹਰਿ ਦਾਤਾ ਧੁਰ ਦਰਗਾਹੀਆ । ਸ਼ਬਦ ਚੜ੍ਹਾਏ ਸਾਚੇ ਰਥ, ਪਿਤਾ ਮਾਤ ਆਪ ਅਖਵਾਈਆ । ਸਗਲ ਵਸੂਰੇ ਜਾਇਣ ਲੱਥ, ਜੋ ਜਨ ਆਏ ਦਰਸ਼ਨ ਪਾਈਆ । ਜਗਤ ਵਿਕਾਰਾ ਦੇਵੇ ਮਥ, ਏਕਾ ਅੱਖਰ ਵੱਖਰ ਪੜ੍ਹਾਈਆ । ਸ੍ਰਿਸ਼ਟ ਸਬਾਈ ਪਾਏ ਨੱਥ, ਸ਼ਬਦ ਡੋਰੀ ਨਾਲ ਬੰਧਾਈਆ । ਮਹਿੰਮਾ ਜਗਤ ਚਲਾਏ ਅਕੱਥ, ਅਕੱਥ ਨਾ ਕਥਿਆ ਜਾਈਆ । ਸਰਬ ਕਲਾ ਆਪੇ ਸਮਰਥ, ਹਰ ਘਟ ਮੇਂ ਰਿਹਾ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਸੰਤ ਜਨਾਂ ਏਕਾ ਮੇਲਾ ਆਪਣਾ ਆਪ ਮਿਲਾਈਆ । ਆਪ ਆਪਣਾ ਮੇਲ ਮਿਲਾਇਆ, ਦੇਵੇ ਸ਼ਬਦ ਅਧਾਰਾ । ਗੁਰਮੁਖ ਸਾਚਾ ਸੇਵਾ ਲਾਇਆ, ਚਰਨ ਕਵਲ ਕਵਲ ਚਰਨ ਏਕਾ ਬਖ਼ਸ਼ੇ ਨਾਮ ਪਿਆਰਾ । ਉਲਟੀ ਨਭੀ ਮਵਲੇ ਕਵਲ, ਉਪਰ ਧਵਲ ਸਾਚੀ ਖਿੜੇ ਮਾਤ ਗੁਲਜ਼ਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿਜੁਗ ਤੇਰੀ ਸਤਿ ਫੁਲਵਾੜੀ ਵੇਖਣ ਆਇਆ ਬਸੰਤ ਬਹਾਰਾ । ਸਤਿਜੁਗ ਤੇਰੀ ਸਚ ਫੁਲਵਾੜੀ, ਪ੍ਰਭ ਸਾਚੇ ਮਾਤ ਲਗਾਈਆ । ਕੀਆ ਵਿਹਾਰ ਸਤਾਰਾਂ ਹਾੜੀ, ਅੰਮ੍ਰਿਤ ਆਤਮ ਬਖ਼ਸ਼ੀ ਦਾਤ ਸਾਚੀ ਵਸਤ ਝੋਲੀ ਪਾਈਆ । ਆਪੇ ਹੋਏ ਪਿੱਛੇ ਅਗਾੜੀ, ਨੇੜ ਨਾ ਆਏ ਮੌਤ ਲਾੜੀ, ਸ਼ਬਦ ਬਿਬਾਣਾ ਰਿਹਾ ਉਠਾਈਆ । ਮੇਟ ਮਿਟਾਏ ਪੰਚਮ ਧਾੜੀ, ਜੋਤ ਜਗਾਏ, ਬਹੱਤਰ ਨਾੜੀ, ਅੰਧ ਅੰਧੇਰ ਮਿਟਾਈਆ । ਦਰ ਘਰ ਸਾਚੇ ਦੇਵੇ ਵਾੜੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਸੰਤ ਜਨਾਂ ਇਕ ਅਧਾਰਾ, ਜੋਤ ਨਿਰੰਕਾਰਾ ਸ਼ਬਦ ਵਣਜਾਰਾ ਏਕਾ ਵਣਜ ਕਰਾਈਆ । ਸਾਚਾ ਵਣਜ ਕਰਾਵਣ ਆਇਆ, ਏਕਾ ਨਾਮ ਅਮੋਲਾ । ਹਰਿਜਨ ਸਾਚਾ ਦਰ ਘਰ ਸਾਚੇ ਲਾਹਾ ਲੈਣ ਆਇਆ, ਦਰ ਦਵਾਰੇ ਬਣਿਆ ਗੋਲਾ । ਮਨਮੁਖ ਜੀਵਾਂ ਪੁਰਖ ਅਬਿਨਾਸ਼ੀ ਲੋਕਮਾਤ ਚੜ੍ਹ ਲੈਣ ਆਇਆ, ਧਰਮ ਦਵਾਰੇ ਬਣਿਆ ਸਾਚਾ

ਤੋਲਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ੍ਰਿਸ਼ਟ ਸਬਾਈ ਵੇਖ ਹਰਿ, ਲੱਖ ਚੁਰਾਸੀ ਜੂਠੀ ਝੂਠੀ ਮਾਇਆ ਲੂਠੀ ਸ਼ਬਦ ਹਥੌੜੇ ਭੰਨਣ ਆਇਆ ਮੌਲਾ । ਧੁਰ ਦਰਗਾਹੀ ਬਾਣ, ਧੁਰ ਦਰਗਾਹੀਆ । ਧੁਰ ਦਰਗਾਹੀ ਸਚ ਫ਼ਰਮਾਣ, ਧੁਰ ਦਰਗਾਹੀ ਰਿਹਾ ਸੁਣਾਈਆ । ਧੁਰ ਦਰਗਾਹੀ ਏਕਾ ਆਣ, ਸ੍ਰਿਸ਼ਟ ਸਬਾਈ ਰਿਹਾ ਪਾਈਆ । ਧੁਰ ਦਰਗਾਹੀ ਸ਼ਬਦ ਬਿਬਾਣ, ਲੋਕਮਾਤੀ ਰਿਹਾ ਉਡਾਈਆ । ਧੁਰ ਦਰਗਾਹੀ ਇਕ ਨਿਸ਼ਾਨ, ਸਾਚਾ ਝੰਡਾ ਨਾਮ ਝੁਲਾਈਆ । ਧੁਰ ਦਰਗਾਹੀ ਰਾਜ ਰਾਜਾਨ, ਸ਼ਾਹ ਸੁਲਤਾਨਾਂ ਰਿਹਾ ਮਿਟਾਈਆ । ਧੁਰ ਦਰਗਾਹੀ ਹਰਿ ਭਗਵਾਨ, ਜੋਤੀ ਜਾਮਾ ਭੇਖ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵੇ ਦਾਤ ਵਡੀ ਵਡਿਆਈਆ । ਧੁਰ ਦਰਗਾਹੀ ਸਾਚਾ ਰਾਣਾ, ਲੋਕਮਾਤ ਕਲ ਆਇਆ । ਜਨ ਭਗਤਾਂ ਮੇਲਾ ਪੁਰਖ ਬਿਧਾਤਾ, ਵਲ ਛਲ ਕਰ ਕਰ ਜਗਤ ਭੁਲਾਇਆ । ਹਰਿਜਨ ਮਿਟੇ ਅੰਧੇਰੀ ਰਾਤਾ, ਦੀਪਕ ਜੋਤੀ ਜਾਏ ਬਲ ਅਗਿਆਨ ਅੰਧੇਰ ਗਵਾਇਆ । ਨਾ ਕੋਈ ਵੇਖੇ ਪਰਖੇ ਗ਼ਯਾਤਾ ਪਾਤਾ, ਊਚਾਂ ਨੀਚਾਂ ਸ਼ਾਹ ਸੁਲਤਾਨਾਂ ਏਕਾ ਰਾਹ ਵਖਾਇਆ । ਬੈਠਾ ਰਹੇ ਇਕ ਇਕਾਤਾ, ਸ੍ਰਿਸ਼ਟ ਸਬਾਈ ਪਿਤਾ ਮਾਤਾ, ਦਿਸ ਕਿਸੇ ਨਾ ਆਇਆ । ਹਰਿਜਨ ਮੇਲਾ ਕਮਲਾਪਾਤਾ, ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਆਪ ਬਣਾਇਆ ਸ਼ਬਦ ਵਿਚੋਲਾ, ਸਾਚਾ ਚਪੂ ਨਾਮ ਲਗਾਇਆ । ਸ਼ਬਦ ਵਿਚੋਲਾ ਆਪ ਬਣਾਇਆ, ਸਾਚੀ ਬਣਤ ਬਣਾਈਆ । ਸੋਹੰ ਢੋਲਾ ਕੰਨ ਸੁਣਾਇਆ, ਅਗਣਤ ਗਣੀ ਨਾ ਜਾਈਆ । ਧੁਰ ਦਰਗਾਹੀ ਆਇਆ ਤੋਲਾ, ਸੰਤ ਅਸੰਤਾ ਰਿਹਾ ਤੁਲਾਈਆ । ਬਜਰ ਕਪਾਟੀ ਪੜਦਾ ਖੋਲ੍ਹਾ, ਦਸਮ ਦਵਾਰੀ ਬੂਝ ਬੁਝਾਈਆ । ਨੌਂ ਦਵਾਰੇ ਕਾਇਆ ਮਾਟੀ ਝੂਠਾ ਡੋਲਾ, ਮਨਮੁਖ ਜੀਵ ਫਿਰੇ ਹਲਕਾਈਆ । ਪਰਗਟ ਹੋਏ ਪ੍ਰਭ ਕਲਾ ਸੋਲਾ, ਆਪਣੀ ਕਲ ਰਿਹਾ ਵਰਤਾਈਆ । ਜਨ ਭਗਤਾਂ ਦੇਵੇ ਸ਼ਬਦ ਝਕੋਲਾ, ਪਾਰ ਕਿਨਾਰਾ ਇਕ ਵਖਾਈਆ । ਸਚ ਦਵਾਰਾ ਏਕਾ ਖੋਲ੍ਹਾ, ਅੰਮ੍ਰਿਤ ਆਤਮ ਧਾਰਾ ਰਿਹਾ ਮੁਖ ਚੁਆਈਆ । ਦਰ ਦਵਾਰੇ ਕਰੇ ਕਰਾਏ ਗੋਲਾ, ਮਾਨਸ ਦੇਹੀ ਉਜਲ ਮੁਖ ਹਰਿਜਨ ਸਾਚੇ ਰਿਹਾ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮਾਤ ਗਰਭ ਨਾ ਉਲਟਾ ਰੁਖ਼, ਆਵਣ ਜਾਵਣ ਪਤਤ ਪਾਵਨ ਲੇਖਾ ਰਿਹਾ ਮਿਟਾਈਆ । ਆਵਣ ਜਾਵਣ ਚੁੱਕੇ ਝੇੜਾ, ਮਿਲੇ ਮੇਲ ਪੁਰਖ ਅਬਿਨਾਸ਼ਾ । ਦੋ ਜਹਾਨੀ ਬੰਨ੍ਹੇ ਬੇੜਾ, ਹਰਿ ਹਰਿ ਸਾਚਾ ਦਾਸਨ ਦਾਸਾ । ਭਾਗ ਲਗਾਏ ਕਾਇਆ ਖੇੜਾ, ਜੋਤ ਜਗਾਏ ਪ੍ਰਿਥਮੀ ਆਕਾਸਾ । ਲੱਖ ਚੁਰਾਸੀ ਦੇਵੇ ਗੇੜਾ, ਭੰਨ ਵਖਾਏ ਕਾਇਆ ਕਾਸਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਕਰੇ ਹੱਕ ਨਿਬੇੜਾ, ਜਨ ਭਗਤਾਂ ਵਸੇ ਆਸ ਪਾਸਾ । ਆਸ ਪਾਸ ਦੋ ਜਹਾਨੀ, ਦੇਵੇ ਸ਼ਬਦ ਨਿਸ਼ਾਨਿਆ । ਮਾਰੇ ਤੀਰ ਤਿੱਖੀ ਕਾਨੀ, ਇਕ ਸੁਣਾਏ ਸਾਚੀ ਬਾਣੀਆ । ਸਰਬ ਜੀਆਂ ਪ੍ਰਭ ਜਾਣ ਜਾਣੀ, ਕਰੇ ਕਰਾਏ ਆਪ ਪਛਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵੇਖੇ ਖੇਲ ਦੋ ਜਹਾਨਿਆ । ਦੋ ਜਹਾਨੀ ਵੇਖੇ ਖੇਲ, ਸਰਬ ਜੀਆਂ ਪ੍ਰਭ ਗਿਆਤਾ । ਪਰਖਣ ਆਇਆ ਗੁਰੂ ਚੇਲ, ਕਵਣ ਦਵਾਰੇ ਸੰਤ ਦੁਲਾਰੇ ਬੱਧਾ ਸੱਚਾ ਨਾਤਾ । ਮਾਇਆ ਮਮਤਾ ਕਵਣ ਵਣਜਾਰੇ, ਹਉਮੇ ਹੰਗਤਾ ਭਰੇ ਭੰਡਾਰੇ, ਸਾਚੇ ਨੁਹਾਵਣ ਕਵਣ ਨਹਾਤਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਇਕ ਪਛਾਤਾ । ਮਹਾਂਬਲੀ ਬਲਵਾਨ, ਨਰ ਨਿਰੰਕਾਰਿਆ । ਵਲ ਛਲ ਛਲੀ ਜਹਾਨ, ਅਛਲ ਅਛੱਲ ਆਪ ਕਰਾ ਰਿਹਾ । ਵੇਖ ਵਖਾਣੇ ਨੌਂ ਖੰਡ ਪ੍ਰਿਥਮੀ ਸੱਤਾਂ ਦੀਪਾਂ ਗਲੀ ਗਲੀ, ਪੁਰੀਆਂ ਲੋਆਂ ਇਕ ਧਿਆਨ ਲਗਾ ਰਿਹਾ । ਜੋਤ

ਨਿਰੰਜਣ ਕਰ ਪਰਕਾਸ਼ ਦੀਪਕ ਸਾਚੀ ਮਾਤ ਬਲੀ, ਮੇਟ ਮਿਟਾਏ ਅੰਧ ਅੰਧਿਆਰਿਆ । ਪਵਣ ਉਨੰਜਾ ਛਤਰ ਝੁਲਾਰ, ਦਰ ਦਰਬਾਰ ਸਾਚੇ ਬਲੀ, ਬ੍ਰਹਮੇ ਵੇਤਾ ਮੁਖ ਉਘਾੜਿਆ । ਜੋਤੀ ਜੋਤ ਸਰੂਪ ਹਰਿ, ਏਕਾ ਲਾਏ ਸ਼ਬਦ ਝੱੜੀ, ਵੱਖ ਕਰਾਏ ਸੀਸ ਧੜੀ, ਨਗਰ ਖੇੜਾ ਕੋਈ ਦਿਸ ਨਾ ਆ ਰਿਹਾ । ਬ੍ਰਹਮਾ ਵੇਤਾ ਬ੍ਰਹਮ ਵਿਚਾਰ, ਆਤਮ ਦਏ ਦੁਹਾਈਆ । ਪਰਗਟ ਹੋਏ ਨਰ ਨਿਰੰਕਾਰ, ਪੁਰੀ ਬ੍ਰਹਮ ਹੋਏ ਜੁਦਾਈਆ । ਸ਼ਬਦ ਚਲੇ ਤੀਰ ਅਪਰ ਅਪਾਰ, ਗੁਰਮੁਖ ਸਾਚੇ ਵਿਚ ਸਮਾਈਆ । ਲੋਆਂ ਪੁਰੀਆਂ ਕਰੇ ਖੁਆਰ, ਸ਼ਬਦ ਸਿੰਘਾਸਣ ਡੇਰਾ ਲਾਈਆ । ਪਾਰਬ੍ਰਹਮ ਕਰੇ ਕਰਾਏ ਆਪਣੀ ਕਾਰ, ਬ੍ਰਹਮ ਬ੍ਰਹਮ ਬ੍ਰਹਮ ਭੇਵ ਨਾ ਰਾਈਆ । ਇਕ ਇਕੱਲਾ ਜੈ ਜੈਕਾਰ, ਸ਼ਬਦ ਮਰਦੰਗ ਰਿਹਾ ਵਜਾਈਆ । ਗੁਰਮੁਖ ਵਿਰਲਾ ਸੁਣੇ ਸੱਚੀ ਧੁਨਕਾਰ, ਕਾਇਆ ਰੰਗਣ ਜਿਸ ਜਨ ਏਕਾ ਰੰਗ ਰੰਗਾਈਆ । ਮਨਮੁਖ ਜੀਵਾਂ ਦਰ ਦਰ ਘਰ ਘਰ ਹਾਹਾਕਾਰ, ਦਿਵਸ ਰੈਣ ਦਏ ਦੁਹਾਈਆ । ਹਰਿ ਸੰਤ ਸੁਹੇਲਾ ਸਚ ਸੁਹਾਗੀ ਏਕਾ ਨਾਰ, ਪ੍ਰਭ ਸਾਚਾ ਕੰਤ ਹੰਢਾਈਆ । ਜਗਤ ਦੁਹਾਗਣ ਹੋਏ ਵਿਭਚਾਰ, ਪ੍ਰਭ ਅਬਿਨਾਸ਼ੀ ਦਿਸ ਨਾ ਆਈਆ । ਗੁਰਮੁਖ ਵਿਰਲੇ ਆਤਮ ਸੋਈ ਜਾਗੀ, ਉਪਜਿਆ ਮਨ ਇਕ ਵੈਰਾਗੀ, ਸ਼ਬਦ ਧਾਰਾ ਰਿਹਾ ਚਲਾਈਆ । ਆਪ ਬਣਾਏ ਹੰਸ ਕਾਗੀ, ਦੁਰਮਤ ਮੈਲ ਧੋਵੇ ਦਾਗੀ, ਅੰਮ੍ਰਿਤ ਆਤਮ ਸਚ ਸਰੋਵਰ ਇਕ ਇਸ਼ਨਾਨ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਲੱਖ ਚੁਰਾਸੀ ਕਰੀ ਕੁੜਮਾਈਆ । ਲੱਖ ਚੁਰਾਸੀ ਤੇਰਾ ਨਾਤਾ, ਪ੍ਰਭ ਸਾਚਾ ਜੋੜ ਜੁੜਾਇੰਦਾ । ਬੈਠਾ ਰਹੇ ਇਕ ਇਕਾਂਤਾ, ਆਪ ਆਪਣੇ ਰੰਗ ਸਮਾਇੰਦਾ । ਭਗਤ ਜਨਾਂ ਦੇਵੇ ਸਾਚੀ ਦਾਤਾ, ਆਤਮ ਝੋਲੀ ਇਕ ਭਰਾਇੰਦਾ । ਆਪੇ ਪਿਤਾ ਆਪੇ ਮਾਤਾ, ਆਪਣੀ ਗੋਦ ਉਠਾਇੰਦਾ । ਸਤਿ ਪੁਰਖ ਨਿਰੰਜਣ ਸਾਂਤਕ ਸਾਂਤਾ, ਅੰਮ੍ਰਿਤ ਸਾਚਾ ਸੀਰ ਪਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕ ਚਲਾਏ ਸ਼ਬਦ ਤੀਰ, ਚਾਰੋਂ ਕੁੰਟ ਕਰੇ ਵਹੀਰ, ਨਾ ਕੋਈ ਦਿਸੇ ਔਲੀਆ ਪੀਰ ਫ਼ਕੀਰ, ਸ਼ਾਹ ਸੁਲਤਾਨਾਂ ਖ਼ਾਕ ਰਲਾਇੰਦਾ । ਸਾਹ ਸੁਲਤਾਨਾਂ ਦੇਵੇ ਖ਼ਾਕ ਰੁਲਾਈ, ਪ੍ਰਭ ਸਾਚੇ ਜੋਤ ਜਗਾਈਆ । ਚਾਰੋਂ ਕੁੰਟ ਪਏ ਦੁਹਾਈ, ਨਾ ਸਕੇ ਕੋਈ ਛੁਡਾਈਆ । ਨਾਤਾ ਤੁੱਟੇ ਭੈਣਾਂ ਭਾਈ, ਪਿਤਾ ਪੂਤ ਨਾ ਕੋਈ ਗੋਦ ਉਠਾਈਆ । ਨਾ ਕੋਈ ਦਿਸੇ ਧੀ ਜਵਾਈ, ਕਲਜੁਗ ਤੇਰੀ ਵਾਰੀ ਅੰਤਮ ਆਈ, ਲਾੜੀ ਮੌਤ ਖ਼ੁਸ਼ੀ ਮਨਾਈਆ । ਧਰਮ ਰਾਏ ਘਰ ਆਈ ਚਾਈਂ ਚਾਈਂ, ਵੇਖ ਵਖਾਣੇ ਥਾਉਂ ਥਾਈਂ, ਨੌਂ ਖੰਡ ਪ੍ਰਿਥਮੀ ਪਾਏ ਵੰਡਾਂ, ਮੇਟ ਮਿਟਾਏ ਭੇਖ ਪਖੰਡਾ, ਸੋਹੰ ਫੜੇ ਹੱਥ ਵਿਚ ਡੰਡਾ, ਲੁੱਕਿਆ ਕੋਇ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲੱਖ ਚੁਰਾਸੀ ਦੇਵੇ ਵਰ, ਲਾੜੀ ਮੌਤ ਕਰੇ ਕੁੜਮਾਈਆ । ਲਾੜੀ ਮੌਤ ਕਰੇ ਸ਼ਿੰਗਾਰ, ਏਕਾ ਦਰ ਸੁਹਾਇਆ । ਧਰਮ ਰਾਏ ਦੇ ਦਰ ਦਰਬਾਰ ਮੰਗੇ ਵਰ, ਕਿਰਪਾ ਧਾਰ ਦੇ ਦੇ ਵਰ, ਲੋਕਮਾਤੀ ਰਹੀ ਰਾਹ ਤਕਾਇਆ । ਕਲਜੁਗ ਅੰਤਮ ਆਏ ਡਰ, ਵੇਖ ਵਖਾਏ ਘਰ ਘਰ, ਨਾਰੀ ਕੰਤ ਨਾ ਸਕੇ ਕੋਇ ਹੰਢਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖਾਂ ਦੇਵੇ ਸ਼ਬਦ ਵਰ, ਧੁਰ ਦਰਗਾਹੀ ਸਾਚਾ ਦਰ ਇਕ ਖੁਲ੍ਹਾਇਆ । ਸਾਚਾ ਦਰ ਇਕ ਖੁਲ੍ਹਾਏ, ਚਾਰ ਵਰਨ ਚਾਰ ਮੀਤਾ । ਸਾਚਾ ਘਰ ਇਕ ਵਖਾਏ, ਏਕਾ ਅੱਖਰ ਨਾਮ ਪੜ੍ਹਾਏ, ਮਾਣ ਰਖਾਏ ਅਠਾਰਾਂ ਧਿਆਏ ਗੀਤਾ । ਬਜਰ ਕਪਾਟੀ ਪਾੜ ਵਖਾਏ ਝੂਠਾ ਪੱਥਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਵਿਕਾਏ ਸਾਚੀ ਹਾਟੀ, ਕਿਸੇ ਹੱਥ ਨਾ



੬੪੮ ੦੫

ਆਏ ਤੀਰਥ ਤਾਟੀ, ਜੀਵ ਜੰਤ ਸਾਧ ਸੰਤ ਫਿਰਨ ਹਲਕਾਏ । ਨਾਮ ਵਸਤ ਤਨ ਸਾਚੀ ਹਾਟੀ, ਪ੍ਰਭ ਸਾਚਾ ਆਪ ਟਿਕਾਇਆ ਏ । ਗੁਰਮੁਖ ਵਿਰਲਾ ਖੋਲ੍ਹੇ ਆਤਮ ਬੰਦ ਤਾਕੀ, ਜਿਸ ਜਨ ਆਪਣੀ ਦਇਆ ਕਮਾਇਆ ਏ । ਅੰਮ੍ਰਿਤ ਆਤਮ ਦੇਵੇ ਸਾਚਾ ਸਾਕੀ, ਪ੍ਰੇਮ ਪਿਆਲਾ ਇਕ ਪਿਆਇਆ ਏ । ਮਨਮੁਖ ਭੁੱਲੇ ਬੰਦੇ ਖ਼ਾਕੀ, ਦੀਨ ਦਿਆਲਾ ਦਿਸ ਨਾ ਆਇਆ ਏ । ਪੰਚਮ ਚੋਰ ਹੋਏ ਆਕੀ, ਸ਼ਬਦ ਖੰਡਾ ਨਾ ਕਿਸੇ ਹੱਥ ਫੜਾਇਆ ਏ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਜਨ ਭਗਤਾਂ ਲਹਿਣਾ ਦੇਣਾ ਚੁਕਾਵਣ ਆਇਆ ਬਾਕੀ, ਆਪ ਆਪਣੇ ਰੰਗ ਰੰਗਾਇਆ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਭਗਤ ਸੁਹੇਲਾ ਇਕ ਇਕੇਲਾ, ਆਤਮ ਜੋਤੀ ਸ਼ਬਦੀ ਮੇਲਾ, ਪਵਣ ਸਵਾਸੀ ਇਕ ਕਰਾਇਆ ਏ । ਪਵਣ ਸਵਾਸ ਸਾਚਾ ਮੇਲਾ, ਆਤਮ ਜੋਤ ਜਗਾਈਆ । ਗੁਰਮੁਖਾਂ ਹੋਇਆ ਵਕਤ ਸੁਹੇਲਾ, ਦੁਰਮਤ ਮੈਲ ਕਾਇਆ ਦੂਰ ਕਰਾਈਆ । ਮਿਲੇ ਮੇਲ ਪ੍ਰਭ ਸਾਚੇ ਗੁਰ ਗੁਰ ਚੇਲਾ, ਰੰਗ ਨਵੇਲਾ ਧਾਮ ਸੁਹਾਈਆ । ਅਚਰਜ ਖੇਲ ਪਾਰਬ੍ਰਹਮ ਕਲ ਖੇਲਾ, ਨਾਮ ਨਾਮਾ ਸ਼ਬਦ ਫੜਾਏ ਸਚਾ ਦਾਮਾ, ਪਲੂ ਆਪਣੇ ਹੱਥ ਰਖਾਈਆ । ਸਰਬ ਜੀਆਂ ਪ੍ਰਭ ਅੰਤਰਜਾਮਾ, ਮੇਟ ਮਿਟਾਏ ਰੈਣ ਅੰਧੇਰੀ ਸ਼ਾਮਾ, ਅਗਿਆਨ ਅੰਧੇਰਾ ਅੰਧ ਮਿਟਾਈਆ । ਲੱਖ ਚੁਰਾਸੀ ਕਰੇ ਏਕਾ ਤਾਮਾ, ਵੱਜੇ ਸ਼ਬਦ ਜਗਤ ਦਮਾਮਾ, ਕਲਜੁਗ ਅੰਤਮ ਦਏ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਿਸ ਜਨ ਕਿਰਪਾ ਦੇਵੇ ਕਰ, ਲੱਖ ਚੁਰਾਸੀ ਫੰਦ ਕਟਾਈਆ । ਲੱਖ ਚੁਰਾਸੀ ਤੁੱਟੇ ਨਾਤਾ, ਮਿਲੇ ਮੇਲ ਹਰਿ ਭਗਵਾਨਾ । ਏਕਾ ਰੰਗ ਪੁਰਖ ਬਿਧਾਤਾ, ਧੁਰ ਦਰਗਾਹੀ ਦੇਵੇ ਸ਼ਬਦ ਨਿਸ਼ਾਨਾ । ਸਾਚਾ ਸ਼ਬਦ ਜਗਤ ਬਿਬਾਣ, ਮਿਲੇ ਮੇਲ ਹਰਿ ਭਗਵਾਨਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਸ਼ਬਦ ਵਰ, ਦੀਪਕ ਜੋਤੀ ਜਗੇ ਮਹਾਨਾ । ਸ਼ਬਦ ਗੁਰ ਅਪਾਰ ਹੈ, ਹਰਿਜਨ ਰਿਦੇ ਵਸਾਏ । ਦੋ ਜਹਾਨੀ ਉਤਰੇ ਪਾਰ ਹੈ, ਧਰਮ ਰਾਏ ਨਾ ਦਏ ਸਜਾਏ । ਜਿਸ ਜਨ ਬਖ਼ਸ਼ੇ ਚਰਨ ਪਿਆਰ ਹੈ, ਅੰਤਮ ਮੇਲਾ ਮੇਲ ਮਿਲਾਏ, ਹਉਮੇ ਦੁੱਖੜਾ ਰੋਗ ਉਤਰੇ ਪਾਰ ਹੈ, ਉਜਲ ਮੁੱਖੜਾ ਆਪ ਕਰਾਏ । ਆਤਮ ਸੁਖੜਾ ਹਰਿ ਸ਼ਬਦ ਸ਼ਿੰਗਾਰ ਹੈ, ਮਿਲੇ ਵਰ ਘਰ ਮੇਲਾ ਸਹਿਜ ਸੁਭਾਏ । ਉਲਟਾ ਰੁਖ਼ੜਾ ਗਰਭਵਾਸ ਹੈ, ਲੱਖ ਚੁਰਾਸੀ ਫੰਦ ਕਟਾਏ । ਕਾਇਆ ਮਾਟੀ ਅੰਤਮ ਹੋਣੀ ਨਾਸ ਹੈ, ਨਾ ਸਕੇ ਕੋਇ ਛੁਡਾਏ । ਜੋ ਜਨ ਪ੍ਰਭ ਚਰਨ ਹੋਏ ਦਾਸਨ ਦਾਸ ਹੈ, ਦੇਵੇ ਦਰਸ ਹਰਿ ਰਘੁਰਾਏ । ਜੋਤੀ ਜੋਤ ਸਰੂਪ ਹਰਿ, ਸਭ ਘਟ ਰੱਖੇ ਵਾਸ ਹੈ, ਦਿਸ ਕਿਸੇ ਨਾ ਆਏ । ਰੋਗ ਵਿਜੋਗ ਦੋਵੇਂ ਤਨ, ਹੋਏ ਧੁੰਦੂਕਾਰਾ । ਸ਼ਬਦ ਰਾਗ ਗੁਰ ਸੁਣਨਾ ਕੰਨ, ਕਰੇ ਪਾਰ ਉਤਾਰਾ । ਧੂੰਆਂ ਧੁੱਖੇ ਕਾਇਆ ਮਨ, ਸੁਣੇ ਸੁਣਾਏ ਨਾ ਕੋਈ ਪੁਕਾਰਾ । ਭਰਮੇ ਭਰਮ ਜਗਤ ਮਨ, ਹੋਇਆ ਧੁੰਦੂਕਾਰਾ । ਆਪਣਾ ਬੇੜਾ ਲਏ ਬੰਨ੍ਹ, ਪੰਚ ਵਿਕਾਰਾ ਪ੍ਰਭ ਦੇਵੇ ਡੰਨ, ਸਚ ਕਰਾਏ ਵਣਜ ਵਾਪਾਰਾ । ਸੱਚਾ ਦੇਵੇ ਮਾਲ ਧੰਨ, ਨਾ ਕੋਈ ਲਾਏ ਮਾਤ ਸੰਨ੍ਹ, ਭਰਿਆ ਰਹੇ ਭੰਡਾਰਾ । ਜੋਤੀ ਜੋਤ ਸਰੂਪ ਹਰਿ, ਜਿਸ ਜਨ ਕਿਰਪਾ ਦੇਵੇ ਕਰ, ਆਉਣਾ ਜਾਣਾ ਲੇਖੇ ਲਾਏ, ਰੋਗ ਸੋਗ ਚਿੰਤ ਮਿਟਾਏ, ਕਾਇਆ ਕੁੱਖੜੀ ਸੁਖਲਾ ਕਿਸ਼ਨਾ ਪੱਖ ਲਏ ਰੱਖ, ਦੇਵੇ ਚਰਨ ਸਹਾਰਾ । ਬੁਧ ਬਲ ਪ੍ਰਭ ਸਾਚੇ ਹੱਥ, ਜਿਸ ਜਨ ਬਣਤ ਬਣਾਈਆ । ਆਪੇ ਰੱਖੇ ਦੇ ਕਰ ਹੱਥ, ਕਾਇਆ ਅੰਦਰ ਰਿਹਾ ਸਮਾਈਆ । ਸਰਬ ਕਲ ਕਰੇ ਸਮਰਥ, ਕਾਇਆ ਰੰਗਣ ਰੰਗ ਚੜ੍ਹਾਈਆ । ਸ਼ਬਦ ਡੰਡਾ ਫੜਾਏ ਹੱਥ, ਅਵੱਲੜੀ ਚਾਲ ਰਿਹਾ ਚਲਾਈਆ । ਗੁਰਸਿਖ ਨਾ ਹਾਰੇ ਮਾਤ ਹੱਠ, ਕਾਇਆ ਮਾਟੀ ਉਲਟੀ


੬੪੯ ੦੫

ਲੱਠ ਰਿਹਾ ਗਿੜਾਈਆ । ਲੇਖਾ ਲਿਖੇ ਅੱਠ ਸੱਠ ,ਧਰਮ ਦਵਾਰੇ ਇਕ ਇਕੱਠ, ਜੋਤ ਨਿਰੰਕਾਰੇ ਨੱਠ ਨੱਠ, ਗੁਰਮੁਖਾਂ ਰਿਹਾ ਜੋਤ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੋਤੀ ਸ਼ਬਦੀ ਦੇਵੇ ਨਾਮ ਵਰ, ਉਡੇ ਉਡਾਏ ਜਗਤ ਫਿਰਾਏ ਦਇਆਵਾਨ ਦਇਆ ਨਿਧ ਦਾਤਾ ਆਪਣੇ ਹੱਥ ਰੱਖੇ ਵਡਿਆਈਆ । ਸ਼ਬਦ ਵਿਚੋਲਾ ਜਿਸ ਜਨ ਦਲਾਲ । ਗੁਰ ਪੀਰ ਗਾਏ ਸਾਚਾ ਢੋਲਾ, ਏਕਾ ਰੰਗ ਸਮਾਏ ਬਿਰਧ ਬਾਲ ਜਵਾਨ । ਜਿਸ ਜਨ ਮਿਲਿਆ ਸਾਚਾ ਤੋਲਾ, ਅੱਠੇ ਪਹਿਰ ਰਹੇ ਨਿਗਾਹਬਾਨ । ਦਰ ਦਵਾਰਾ ਆਪਣਾ ਖੋਲ੍ਹਾ, ਨਾਮ ਫੜਾਏ ਸਚ ਨਿਸ਼ਾਨ । ਅੰਗ ਸੰਗ ਸੰਗ ਅੰਗ ਕਾਇਆ ਅੰਦਰ ਸਾਚੇ ਮੰਦਰ ਸਦ ਵਸੇ ਕੋਲਾ, ਨਰ ਹਰਿ ਸ੍ਰੀ ਭਗਵਾਨ । ਆਪ ਉਠਾਏ ਤੇਰਾ ਕਾਇਆ ਡੋਲ, ਸ੍ਰਿਸ਼ਟ ਸਬਾਈ ਵੇਖਾ ਹੋਲਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਤਮ ਦੇਵੇ ਬ੍ਰਹਮ ਗਿਆਨ । ਬ੍ਰਹਮ ਗਿਆਨ ਸ਼ਬਦ ਜਣਾਈ । ਪ੍ਰਭ ਆਤਮ ਜੋਤੀ ਗੁਰਸਿਖ ਪਰਨਾਈ । ਆਪ ਉਠਾਏ ਕਲਜੁਗ ਸੋਤੀ, ਮਸਤਕ ਟਿੱਕਾ ਦੁਰਮਤ ਮੈਲ ਧਵਾਏ ਕਾਲੀ ਸ਼ਾਹੀ । ਨਾਮ ਵਿਹੂਣੀ ਸੁਰਤ ਸਵਾਣੀ ਰਹੀ ਸੋਤੀ, ਕੋਈ ਨਾ ਪਕੜੇ ਅੰਤਮ ਬਾਂਹੀ । ਗੁਰਮੁਖ ਸਾਚੇ ਸੰਤ ਦੁਲਾਰੇ ਪਾਰਬ੍ਰਹਮ ਕਲ ਪਾਏ ਸਾਰ, ਸਦਾ ਸਦਾ ਦੇਵੇ ਕਲ ਠੰਢੀਆਂ ਛਾਂਈ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਤਮ ਭੰਡਾਰਾ ਦੇਵੇ ਭਰ, ਦਿਸੇ ਕਿਸੇ ਨਾਹੀ । ਮੂਰਖ ਮੁਗਧ ਗਵਾਰ, ਚਰਨ ਦਵਾਰਿਆ । ਤਨ ਰੰਗੇ ਰੰਗ ਅਪਾਰ, ਲੇਖਾ ਚੁੱਕੇ ਨੌਂ ਦਵਾਰਿਆ । ਮੰਗੇ ਮੰਗ ਸ਼ਬਦ ਅਪਾਰ, ਭੇਵ ਖੁਲ੍ਹੇ ਦਸਮ ਦਵਾਰਿਆ । ਅੰਗ ਸੰਗ ਸੰਗ ਅੰਗ ਆਤਮ ਸੇਜਾ ਸੁੱਤਾ ਪੈਰ ਪਸਾਰਿਆ । ਭੁੱਖੇ ਨੰਗੇ ਉਤਰੇ ਪਾਰ, ਸਿਰ ਹੱਥ ਰਖ ਕਰਤਾਰ, ਬੇੜਾ ਦੋ ਜਹਾਨੀ ਪਾਰ ਉਤਾਰਿਆ । ਆਦਿ ਅੰਤ ਜੁਗਾ ਜੁਗੰਤ ਭਗਤ ਭਗਵੰਤ ਸਾਚੇ ਸੰਤ ਪਾਵੇ ਸਾਰ, ਦਿਵਸ ਰੈਣ ਰਹੇ ਪਹਿਰੇਦਾਰਿਆ । ਮੇਲ ਮਿਲਾਵਾ ਸਾਚੇ ਕੰਤ, ਜਗਤ ਬਣਾਏ ਸਾਚੀ ਬਣਤ, ਮਹਿੰਮਾ ਗਿਣਾਏ ਗਣਤ ਅਗਣਤ, ਲੇਖਾ ਆਪਣੇ ਰੱਖ ਹੱਥ ਰਿਹਾ । ਜੋਤੀ ਜੋਤ ਸਰੂਪ ਹਰਿ, ਜਿਸ ਜਨ ਕਿਰਪਾ ਦੇਵੇ ਕਰ, ਦੇ ਮਤ ਪੰਜ ਤੱਤ ਕਾਇਆ ਵਿਚ ਟਿਕਾ ਰਿਹਾ ।

## ★ ੧੭ ਚੇਤ ੨੦੧੩ ਬਿਕ੍ਰਮੀ ਤਾਰਾ ਸਿੰਘ ਦੇ ਗ੍ਰਿਹ ਪਿੰਡ ਚੰਬਲ ਜ਼ਿਲਾ ਅੰਮ੍ਰਿਤਸਰ ★

ਜਗਤ ਬੁਲਾਇਆ ਬੋਲਦਾ, ਪ੍ਰਭ ਆਪ ਬੁਲਾਵਣਹਾਰਾ । ਕਾਇਆ ਮਾਟੀ ਸਭ ਦੀ ਫੋਲਦਾ, ਕਵਣ ਸ਼ਬਦ ਵਣਜਾਰਾ । ਨਾਮ ਹਾਟੀ ਏਕਾ ਖੋਲ੍ਹਦਾ, ਭਰਿਆ ਰਹੇ ਸਚ ਭੰਡਾਰਾ । ਵੇਲਾ ਨੇੜੇ ਕਲਾ ਸੋਲ ਦਾ, ਸੰਮਤ ਸੋਲਾਂ ਖੇਲ ਅਪਾਰਾ । ਚੁੱਕਿਆ ਝੇੜਾ ਰਸਨਾ ਬੋਲ ਦਾ, ਨਾ ਕੋਈ ਕਰੇ ਬੋਲ ਵਿਕਾਰਾ । ਹਰਿਜਨ ਸਾਚੇ ਫੜ ਫੜ ਆਪੇ ਮੇਲਦਾ, ਮੇਲਣਹਾਰ ਸੱਚੀ ਸਰਕਾਰਾ । ਵੇਖੇ ਖੇਲ ਗੁਰ ਗੁਰ ਚੇਲ ਦਾ, ਦ੍ਰਿਸ਼ਟ ਇਸ਼ਟ ਵੇਖੇ ਆਤਮ ਧਾਰਾ । ਏਕਾ ਰੰਗ ਰੰਗ ਨਵੇਲ ਦਾ, ਸ੍ਰਿਸ਼ਟ ਸਬਾਈ ਦਏ ਸਹਾਰਾ । ਜਨ ਭਗਤਾਂ ਨਾਤਾ ਤੁੱਟੇ ਧਰਮ ਰਾਏ ਦੀ ਜੇਲ੍ਹ ਦਾ, ਦੇਵੇ ਦਰਸ ਅਗੰਮ ਅਪਾਰਾ । ਜੁਗਾਂ ਜੁਗਾਂ ਦੇ ਵਿਛੜੇ ਫੜ ਫੜ ਬਾਹੋਂ ਮੇਲਦਾ, ਸਾਚੇ ਸ਼ਬਦ ਕਰੇ ਵਣਜਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵੇਖੇ ਖੇਲ ਰੰਗ ਨਵੇਲ ਦਾ, ਹਰਿ ਕਰਤਾ ਕਰਨਹਾਰਾ । ਜਗਤ ਨਵੇਲਾ ਵਸਿਆ ਵੱਖਰ ਸੋਹੇ ਥਾਉਂ । ਏਕਾ ਰਾਹ ਸਾਚਾ

੬੫੦
੦੫

ਦਸਿਆ, ਪੁਰਖ ਅਬਿਨਾਸ਼ੀ ਅਗੰਮ ਅਥਾਹੋ । ਸਚ ਦਵਾਰਾ ਆਪੇ ਬਹਿ ਬਹਿ ਹੱਸਿਆ, ਕਾਇਆ ਖੇੜਾ ਵੇਖੇ ਨਗਰ ਗਰਾਉਂ । ਸਚ ਵਣਜਾਰਾ ਜਗਤ ਵਸਿਆ, ਹੋਏ ਸਹਾਈ ਹਰਿਜਨ ਸਾਚੇ ਪੁਰਖ ਅਬਿਨਾਸ਼ੀ ਸਾਚੇ ਥਾਉਂ । ਏਕਾ ਤੀਰ ਨਿਰਾਲਾ ਕੱਸਿਆ, ਸੋਹੰ ਜਪਿਆ ਅਜਪਾ ਨਾਉਂ । ਮੇਟ ਮਿਟਾਏ ਰੈਣ ਅੰਧੇਰੀ ਮੱਸਿਆ, ਫੜ ਫੜ ਹੰਸ ਬਣਾਏ ਕਾਉਂ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਦ ਸੁਹੇਲਾ ਦੇਵੇ ਠੰਢੀ ਛਾਉਂ ।

★ ੧੭ ਚੇਤ ੨੦੧੩ ਬਿਕ੍ਰਮੀ ਤਾਰਾ ਸਿੰਘ ਦੇ ਗ੍ਰਿਹ ਪਿੰਡ ਚੰਬਲ ਜ਼ਿਲਾ ਅੰਮ੍ਰਿਤਸਰ ★

ਹਰਿ ਸ਼ਬਦ ਬਲਵਾਨ, ਜਗਤ ਉਪਾਇਆ । ਪੁਰਖ ਅਬਿਨਾਸ਼ੀ ਮਾਰ ਧਿਆਨ, ਲੋਕਮਾਤੀ ਖੇਲ ਰਚਾਇਆ । ਨੌਂ ਖੰਡ ਪ੍ਰਿਥਮੀ ਆਪੇ ਵੇਖ ਵਿਖਾਣ, ਸੱਤਾਂ ਦੀਪਾਂ ਰਿਹਾ ਜਣਾਇਆ । ਰਾਜ ਰਾਜਾਨਾਂ ਸ਼ਾਹ ਸੁਲਤਾਨਾ ਮਾਰੇ ਏਕਾ ਬਾਣ, ਸ਼ਬਦ ਤੀਰ ਰਿਹਾ ਚਲਾਇਆ । ਸਾਧਾਂ ਸੰਤਾਂ ਕਰੇ ਪਛਾਣ, ਆਤਮ ਜੋਤੀ ਵੇਖ ਵਖਾਇਆ । ਕਲਜੁਗ ਜੀਵਾਂ ਜਗਤ ਗਿਆਨ, ਅਗਿਆਨ ਅੰਧੇਰ ਵਧਾਇਆ । ਗੁਰਮੁਖ ਸਾਚੇ ਚਤੁਰ ਸੁਜਾਨ, ਪ੍ਰਭ ਚਰਨੀ ਚਿੱਤ ਲਾਇਆ । ਆਤਮ ਉਪਜੇ ਬ੍ਰਹਮ ਗਿਆਨ, ਦੂਈ ਦਵੈਤੀ ਭਰਮ ਮਿਟਾਇਆ । ਏਕਾ ਮਿਲੇ ਸ਼ਬਦ ਨਿਸ਼ਾਨ, ਦਰ ਦਵਾਰਾ ਇਕ ਸੁਹਾਇਆ । ਨੌਂ ਦਵਾਰੇ ਬੰਦ ਦੁਕਾਨ, ਦਸਵੇਂ ਬੂਝ ਬੁਝਾਇਆ । ਦੀਪਕ ਜੋਤੀ ਜਗੇ ਮਹਾਨ, ਗੁਰ ਮੰਤਰ ਸ਼ਬਦ ਜਣਾਇਆ । ਆਤਮਕ ਰਾਗ ਸੁਣਾਵੇ ਅਨਹਦ ਕਾਨ, ਕਵਣ ਆਤਮਕ ਧੁਨ ਰਿਹਾ ਉਪਜਾਇਆ । ਪੜ੍ਹ ਪੜ੍ਹ ਥੱਕੇ ਵੇਦ ਪੁਰਾਨ, ਅੰਜ਼ੀਲ ਕੁਰਾਨਾਂ ਸਾਰ ਨਾ ਰਾਇਆ । ਹਰਿਜਨ ਸਾਚਾ ਚਤੁਰ ਸੁਜਾਨ, ਪੁਰਖ ਅਬਿਨਾਸ਼ੀ ਚਰਨ ਧਿਆਨ ਏਕਾ ਓਟ ਰਖਾਇਆ । ਮਿਲੇ ਮੇਲ ਹਰਿ ਗੁਣ ਨਿਧਾਨ, ਜਗਤ ਜੰਜ਼ਾਲਾ ਫੰਦ ਕਟਾਣ, ਏਕਾ ਮਾਰਗ ਰਿਹਾ ਚਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦਰਸ ਅਮੋਘ ਧੁਰ ਸੰਜੋਗ ਆਪੇ ਆਪ ਕਰਾਇਆ । ਹਰਿ ਸ਼ਬਦ ਹਰਿ ਦਾਨ, ਮਿਹਰ ਕਮਾਈਆ । ਜਨ ਭਗਤਾਂ ਦੇਵੇ ਜੀਆ ਦਾਨ, ਆਤਮ ਤ੍ਰਿਸ਼ਨਾ ਅਗਨ ਬੁਝਾਈਆ । ਦਰ ਦਵਾਰੇ ਸਾਚਾ ਮਾਣ, ਕਾਮ ਕਰੋਧ ਨੇੜ ਨਾ ਆਈਆ । ਸ਼ਬਦ ਬਿਠਾਏ ਇਕ ਬਿਬਾਣ, ਜੋਧਨ ਜੋਧ ਆਪ ਅਖਵਾਈਆ । ਲੱਖ ਚੁਰਾਸੀ ਫੰਦ ਕਟਾਨ, ਜਿਸ ਜਨ ਮਿਲੇ ਨਾਮ ਧਨ, ਆਤਮ ਜਾਏ ਮੰਨ, ਹਉਮੇ ਰੋਗ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅੰਤਮ ਵੇਖ ਹਰਿ, ਜੋਤੀ ਜਾਮਾ ਭੇਖ ਵਟਾਈਆ । ਜੋਤੀ ਜਾਮਾ ਹਰਿ ਜੀ ਪਾਇਆ, ਕਰਿਆ ਖੇਲ ਅਵੱਲਾ, ਵਰਨ ਗੋਤ ਕਿਸੇ ਦਿਸ ਨਾ ਆਇਆ, ਵਸਿਆ ਸਚ ਮਹੱਲਾ । ਭਰਮ ਭੁਲੇਖੇ ਜਗਤ ਭੁਲਾਇਆ, ਦੂਈ ਦਵੈਤੀ ਲਾਇਆ ਸਲਾ । ਹਰਿਜਨ ਸਾਚਾ ਭਗਤ ਜਗਾਇਆ, ਨਾਮ ਫੜਾਇਆ ਸਾਚਾ ਪੱਲਾ । ਪਾਰਬ੍ਰਹਮ ਬ੍ਰਹਮ ਮੇਲ ਮਿਲਾਇਆ, ਹੋਏ ਸਹਾਏ ਜਲ ਥਲਾ । ਜਲ ਥਲ ਪ੍ਰਭ ਆਪ ਸਮਾਇਆ, ਵੇਖ ਵਖਾਏ ਉਜਾੜ ਪਹਾੜ ਡੂੰਘੀ ਡੱਲਾ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਕਲਜੁਗ ਅੰਤਮ ਵੇਖ ਦਰ, ਆਪ ਆਪਣੇ ਰੰਗ ਸਮਾਇਆ । ਹਰਿ ਸ਼ਬਦ ਜਗਜੀਤ, ਸ੍ਰਿਸ਼ਟ ਸਬਾਈ ਜਿਤਿਆ । ਗੁਰਮੁਖਾਂ ਬਖ਼ਸ਼ੇ ਚਰਨ ਪ੍ਰੀਤ, ਕਰੇ ਕਰਾਏ ਸਾਚਾ ਹਿਤਿਆ । ਕਾਇਆ ਕਰੇ ਠੰਢੀ ਸੀਤ, ਅੰਮ੍ਰਿਤ ਆਤਮ ਬਖ਼ਸ਼ੇ

ਸਾਚਾ ਮਿਤਿਆ । ਇਕ ਸੁਣਾਏ ਸੁਹਾਗੀ ਗੀਤ, ਦਰਸ ਦਿਖਾਏ ਨਿਤ ਨਵਿਤਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅੰਤਮ ਦੇਵੇ ਵਰ, ਵੇਖੇ ਲੱਖ ਚੁਰਾਸੀ ਵਾਰ ਥਿਤਿਆ । ਸ਼ਬਦ ਗੁਰ ਜਗਤ ਦਾਤ ਹੈ, ਦੇਵਣਹਾਰ ਦਾਤਾਰ । ਚਰਨ ਕਵਲ ਗੁਰ ਸੱਚਾ ਨਾਤ ਹੈ, ਮੇਲ ਮਿਲਾਏ ਧੁਰ ਦਰਬਾਰ । ਸਾਚਾ ਮੇਲਾ ਪੁਰਖ ਬਿਧਾਤ ਹੈ, ਘਰ ਦਿਸਾਏ ਇਕ ਏਕੰਕਾਰ । ਏਕੰਕਾਰਾ ਉਤਮ ਜ਼ਾਤ ਹੈ, ਜ਼ਾਤ ਪਾਤੀ ਵਿਚ ਨਾ ਆਏ । ਸ੍ਰਿਸ਼ਟ ਸਬਾਈ ਪਿਤਾ ਮਾਤ ਹੈ, ਨਿਰਮਲ ਜੋਤੀ ਰਿਹਾ ਜਗਾਏ । ਆਪੇ ਆਪ ਕਮਲਾਪਾਤ ਹੈ, ਸਚ ਸਿੰਘਾਸਣ ਆਸਣ ਲਾਏ । ਸਤਿ ਪੁਰਖ ਨਿਰੰਜਣ ਸਾਚਾ ਮਾਤ ਹੈ, ਸਤਿ ਸਤਿਵਾਦੀ ਹਰਿ ਹਰਿ ਰਘੁਰਾਏ । ਸ਼ਬਦ ਬ੍ਰਹਿਮਾਦੀ ਵਿਚ ਬ੍ਰਹਿਮਾਦ ਹੈ, ਧੁਨ ਅਨਾਦੀ ਇਕ ਵਜਾਏ । ਬੋਧ ਅਗਾਧੀ ਮਾਧਵ ਮਾਧ ਹੈ, ਭੇਵ ਅਭੇਦਾ ਆਪ ਅਖਵਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗਾ ਜੁਗੰਤ ਆਦਿ ਅੰਤ ਸਾਧ ਸੰਤ ਭਗਤ ਭਗਵੰਤ ਆਪਣੀ ਰਚਨ ਰਚਾਏ । ਸ਼ਬਦ ਅਨਾਦੀ ਬੋਲ ਹਰਿ ਸੁਣਾਇੰਦਾ । ਸ੍ਰਿਸ਼ਟ ਸਬਾਈ ਤੋਲੇ ਪੂਰਾ ਤੋਲ, ਦਿਸ ਕਿਸੇ ਨਾ ਆਇੰਦਾ । ਗੁਰਮੁਖ ਵਿਰਲੇ ਆਤਮ ਪੜਦੇ ਦੇਵੇ ਖੋਲ੍ਹ, ਬਜਰ ਕਪਾਟੀ ਫੋਲ ਫੁਲਾਇੰਦਾ । ਕਾਇਆ ਮੰਦਰ ਸਾਚੇ ਅੰਦਰ ਕਰੇ ਚੋਹਲ, ਸਾਚਾ ਰਾਗ ਇਕ ਸੁਣਾਇੰਦਾ । ਆਦਿ ਅੰਤ ਨਾ ਜਾਏ ਹਰਿ ਭੂਲ, ਭਾਣੇ ਵਿਚ ਸਮਾਇੰਦਾ । ਲੱਖ ਚੁਰਾਸੀ ਕਾਇਆ ਮਟ ਸ਼ਬਦ ਮਧਾਣੇ ਰਿਹਾ ਵਰੋਲ, ਸਾਚੀ ਸੇਵ ਕਮਾਇੰਦਾ । ਗੁਰਮੁਖ ਸਾਚੇ ਸੰਤ ਜਨਾਂ ਦੁਰਮਤ ਮੈਲ ਦੇਵੇ ਕਟ, ਇਕ ਵਖਾਏ ਸਾਚਾ ਹਟ, ਚੌਦਾਂ ਲੋਕਾਂ ਭੇਵ ਮਿਟਾਇੰਦਾ । ਆਤਮ ਸਰ ਸਚ ਸਰੋਵਰ ਨਾ ਕੋਈ ਦੀਸੇ ਤੀਰਥ ਤਟ, ਹਰਿ ਹਰਿ ਵਸਿਆ ਘਟ ਘਟ, ਘਟ ਭੀਤਰ ਆਪ ਸਮਾਇੰਦਾ । ਜੋਤ ਜਗਾਏ ਕਾਇਆ ਮਟ, ਦਿਵਸ ਰੈਣ ਲਟ ਲਟ, ਅਗਿਆਨ ਅੰਧੇਰ ਰਹਿਣ ਨਾ ਪਾਇੰਦਾ । ਲੇਖਾ ਚੁਕੇ ਅੱਠ ਸੱਠ, ਗੁਰ ਚਰਨ ਸਰੋਵਰ ਸਾਚਾ ਮੱਠ, ਲੱਖ ਚੁਰਾਸੀ ਹੋਵੇ ਭੱਠ, ਅੰਤਮ ਜੋਤੀ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਚਾਰ ਵਰਨ ਬਣਾਏ ਏਕਾ ਗੋਤੀ, ਗੁਰਮੁਖ ਉਪਜਾਏ ਸਾਚੇ ਮਾਣਕ ਮੋਤੀ, ਮਾਣਕ ਮਣੀਆ ਆਪ ਅਖਵਾਇੰਦਾ । ਮਾਣਕ ਮੋਤੀ ਗੁਰਮੁਖ ਲਾਲ ਉਪੰਨਿਆ । ਤਨ ਪਹਿਨਾਏ ਸ਼ਬਦ ਦੁਸ਼ਾਲ, ਜਗਤ ਚੜ੍ਹਾਏ ਸਾਚਾ ਚੰਨਿਆ । ਆਪੇ ਸ਼ਾਹ ਆਪੇ ਕੰਗਾਲ, ਦੇਵੇ ਵਸਤ ਨਾਮ ਧਨ ਮਾਲ, ਵਡ ਦਾਤਾ ਹਰਿ ਧੰਨ ਧੰਨਿਆ । ਫ਼ਲ ਲਗਾਏ ਕਾਇਆ ਡਾਲ੍ਹ, ਅੰਮ੍ਰਿਤ ਆਤਮ ਸੁਹਾਏ ਏਕਾ ਤਾਲ, ਨੇੜ ਨਾ ਆਏ ਕਾਲ ਮਹਾਂਕਾਲ, ਜਗਤ ਮਿਟਾਏ ਝੂਠਾ ਜਨਿਆ । ਜਗਤ ਅਵੱਲੜੀ ਚਲੇ ਚਾਲ, ਧੁਰ ਦਰਗਾਹੀ ਸ਼ਬਦ ਦਲਾਲ, ਸੰਤ ਸੁਹੇਲੇ ਲਏ ਭਾਲ, ਕਲਜੁਗ ਵੇਖੇ ਅੰਤਮ ਬੰਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲੱਖ ਚੁਰਾਸੀ ਆਤਮ ਘਰ ਦਿਵਸ ਰੈਣ ਲਗਾਏ ਸੰਨ੍ਹਿਆ । ਲੱਖ ਚੁਰਾਸੀ ਕਾਲੀ ਧਾਰ, ਕਲਜੁਗ ਰੈਣ ਵਿਹਾਈਆ । ਵੇਲੇ ਅੰਤਮ ਪੈਣੀ ਮਾਰ, ਬੀਸ ਇਕੀਸਾ ਜੋਤ ਜਗਾਈਆ । ਸ਼ਬਦ ਖੰਡਾ ਫੜ ਹੱਥ ਕਟਾਰ, ਲੋਆਂ ਪੁਰੀਆਂ ਰਿਹਾ ਹਿਲਾਈਆ । ਬ੍ਰਹਮਾ ਸ਼ਿਵ ਕਰੇ ਖ਼ਬਰਦਾਰ, ਸੁਰਪਤ ਰਾਜਾ ਇੰਦ ਕਰੋੜ ਤੇਤੀਸਾ ਹਰਿ ਜਗਦੀਸਾ ਰਿਹਾ ਜਗਾਈਆ । ਵਰਭੰਡੀ ਖੇਲ ਵਿਚ ਉਨੀਸਾ, ਨਾ ਕੋਈ ਦਿਸੇ ਮੂਸਾ ਈਸਾ, ਕਾਲਾ ਸੂਸਾ ਰਹਿਣ ਨਾ ਪਾਈਆ । ਨਾ ਕੋਈ ਪੜ੍ਹੇ ਕੁਰਾਨ ਹਦੀਸਾ, ਅੰਜ਼ੀਲ ਕੁਰਾਨਾਂ ਵੇਦ ਪੁਰਾਨਾਂ, ਹਰਿ ਹਰਿ ਸੱਚਾ ਸ਼ਾਹ ਸੁਲਤਾਨਾ, ਵੇਖ ਵਖਾਏ ਖਾਣੀ ਬਾਣੀ, ਗੁਰਮੁਖ ਸਾਚੇ ਬ੍ਰਹਮ ਗਿਆਨੀ, ਏਕਾ ਹਰਿ ਹਰਿ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਸੁਨੇਹੜਾ


੬੫੨ ੦੫

ਜਗਤ ਵਰ, ਅਗੰਮ ਅਗੰਮਾ ਭਗਤ ਜਣਾਈਆ । ਸ਼ਬਦ ਸੁਨੇਹੜਾ ਧੁਰ ਦਰਗਾਹ, ਪ੍ਰਭ ਸਾਚਾ ਮਾਤ ਪੁਜਾਇੰਦਾ । ਕਲਜੁਗ ਜੀਵਾਂ ਅੰਤਮ ਦੇਣਾ ਫਾਹ, ਰਾਏ ਧਰਮ ਬਣਤ ਬਣਾਇੰਦਾ । ਲਾੜੀ ਮੌਤ ਕਰੇ ਇਕ ਨਕਾਹ, ਕਲਜੁਗ ਵੇਲਾ ਵਕਤ ਸੁਹਾਇੰਦਾ । ਵੇਖ ਵਖਾਣੇ ਥਾਉਂ ਥਾਂ, ਨੌਂ ਖੰਡ ਵੰਡ ਵੰਡਾਇੰਦਾ । ਨਾ ਕੋਈ ਸਹਾਈ ਪਿਤਾ ਮਾਂ, ਪੁੱਤਰ ਧੀਆਂ ਦਿਸ ਨਾ ਆਇੰਦਾ । ਗੁਰਮੁਖ ਵਿਰਲੇ ਸੰਤ ਸੁਹੇਲੇ ਗੁਰ ਪੂਰਾ ਆਪੇ ਪਕੜੇ ਬਾਂਹ, ਏਕਾ ਏਕ ਚਰਨ ਟੇਕ ਸਾਚਾ ਰਾਹ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਸੁਨੇਹੜਾ ਦੇਵੇ ਵਰ, ਜੀਵ ਜੰਤ ਪ੍ਰਭ ਮਾਇਆ ਪਾਈ ਕਲ ਬੇਅੰਤ, ਗੂੜ੍ਹੀ ਨੀਂਦ ਸਵਾਇੰਦਾ । ਕਲਜੁਗ ਜੀਵ ਜਾਗ ਜਗਤ ਜਲਨਿਆ । ਅੰਤਮ ਜੋਤੀ ਦੀਪਕ ਬੁਝੇ ਚਿਰਾਗ, ਹੋਏ ਅੰਧੇਰ ਕਾਇਆ ਮੱਸਿਆ । ਮਾਇਆ ਮਮਤਾ ਹੰਸ ਬਣਾਇਆ ਕਾਗ, ਪੰਚ ਪੰਚਾਇਣੀ ਬਹਿ ਬਹਿ ਡੰਨਿਆ । ਮਾਇਆ ਡਸਣੀ ਡੱਸੇ ਨਾਗ, ਸਾਚਾ ਧਨ ਦਰ ਘਰ ਦਿਸ ਨਾ ਆਏ ਆਤਮ ਅੰਨ੍ਹਿਆ । ਚਰਨ ਕਵਲ ਪ੍ਰਭ ਸਾਚੇ ਲਾਗ, ਆਦਿ ਅੰਤ ਜੁਗਾ ਜੁਗੰਤ ਹਰਿ ਸਾਚੇ ਬੇੜਾ ਬੰਨ੍ਹਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਸ਼ਬਦ ਵਰ, ਕੋਇ ਨਾ ਲਾਏ ਮਾਤ ਸੰਨ੍ਹਿਆ । ਸ਼ਬਦ ਚਲੇ ਏਕਾ ਲਹਿਰ, ਪ੍ਰਭ ਸਾਚਾ ਮਾਤ ਚਲਾਇੰਦਾ । ਲੇਖਾ ਲਿਖੇ ਸਵਾ ਪਹਿਰ, ਕਾਇਆ ਨਗਰ ਕਾਇਆ ਸ਼ਹਿਰ ਸਾਚਾ ਨਗਰ ਖੇੜਾ ਇਕ ਵਸਾਇੰਦਾ । ਭਰਮ ਭੁਲੇਖਾ ਕੱਢੇ ਐਰ ਗੈਰ, ਜੋ ਦਰ ਆਏ ਭੇਵ ਖੁਲ੍ਹਾਇੰਦਾ । ਸ਼ਬਦ ਦਾਤਾ ਆਤਮ ਹਰਿ ਹਰਿ ਗਿਆਤਾ ਵਡ ਸ਼ਾਇਰੀ ਸ਼ਾਇਰ, ਦੇਵੀ ਦੇਵ ਆਪ ਅਖਵਾਇੰਦਾ । ਕਲਜੁਗ ਅੰਤਮ ਵਰਤੇ ਕਹਿਰ, ਪਰਗਟ ਹੋਏ ਗੰਭੀਰ ਗਹਿਰ, ਭੇਵ ਕੋਈ ਨਾ ਪਾਇੰਦਾ । ਹਰਿ ਭਗਤ ਉਧਾਰੇ ਕਰ ਕਰ ਆਪਣੀ ਮਿਹਰ, ਹਰਿ ਦਾਤਾ ਹੱਥੀਂ ਆਪਣੀ ਬੰਨ੍ਹ ਸ਼ਬਦ ਗਾਨਾ, ਤੰਦ ਸੁੱਚਾ ਨਾਮ ਰਖਾਇੰਦਾ । ਆਪੇ ਆਪ ਆਪ ਹਰਿ ਨਿਰਵੈਰ ਨੌਂ ਖੰਡ ਪ੍ਰਿਥਮੀ ਰਿਹਾ ਘੇਰ, ਸਾਚੀ ਵੰਡਾਂ ਵੰਡ ਵੰਡਾਇੰਦਾ । ਵੇਖ ਵਖਾਣੇ ਅੰਡਜ ਜੇਰ, ਜੇਰਜ ਅੰਡ ਵਿਚ ਵਰਭੰਡ ਆਤਮ ਬ੍ਰਹਮ ਬ੍ਰਹਮ ਵਖਾਇੰਦਾ । ਲੱਖ ਚੁਰਾਸੀ ਸੁੱਤੀ ਦੇ ਕਰ ਕੰਡ, ਨਾਰ ਦੁਹਾਗਣ ਹੋਈ ਰੰਡ, ਸੰਤ ਸੁਹਾਗੀ ਜਗਤ ਵੈਰਾਗੀ ਗੁਰਮੁਖ ਮਾਤ ਬਣਾਇੰਦਾ । ਸੋਈ ਸੁਰਤੀ ਜਿਸ ਜਨ ਜਾਗੀ, ਦਰ ਘਰ ਸਾਚੇ ਬਣੇ ਹੰਸ ਮਾਤ ਕਾਗੀ, ਚਰਨ ਸਰੋਵਰ ਸਾਚੀ ਧੂੜ, ਮਨਮੁਖ ਮੂੜ ਇਕ ਇਸ਼ਨਾਨ ਕਰਾਇੰਦਾ । ਕਾਇਆ ਰੰਗਣ ਰੰਗ ਚਾੜ੍ਹੇ ਗੂੜ੍ਹ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਵਜਾਏ ਡੰਕ ਆਪ ਉਠਾਏ ਰਾਓ ਰੰਕ, ਰੰਕ ਰਾਜਾਨਾ ਸ਼ਾਹ ਸੁਲਤਾਨਾ ਵਾਲੀ ਦੋ ਜਹਾਨਾਂ ਆਪਣਾ ਆਪ ਜਣਾਇੰਦਾ । ਦੋ ਜਹਾਨਾਂ ਹਰਿ ਹਰਿ ਵਾਲੀ, ਸ਼ਬਦ ਗੁਰ ਉਪਜਾਇਆ । ਲਿਖਿਆ ਜਾਣੇ ਧੁਰ, ਵਰਨ ਅਵਰਨੀ ਭੇਵ ਨਾ ਰਾਇਆ । ਨਾ ਕੋਈ ਜਾਣੇ ਦੇਵਤ ਸੁਰ, ਕਰੋੜ ਤੇਤੀਸਾ ਭੇਵ ਨਾ ਪਾਇਆ । ਸ਼ਬਦ ਚੜ੍ਹੇ ਪ੍ਰਭ ਸਾਚੇ ਘੋੜ, ਚਿੱਟੇ ਅਸਵ ਤੰਗ ਕਸਾਇਆ । ਦੋ ਜਹਾਨੀ ਰਿਹਾ ਦੌੜ, ਪੁਰੀਆਂ ਲੋਆਂ ਬਾਹਰ ਕਰਾਇਆ । ਲੱਖ ਚੁਰਾਸੀ ਵੇਖੇ ਪਰਖੇ ਮਿੱਠੇ ਕੌੜ, ਕਲਜੁਗ ਅੰਤਮ ਚੌਥਾ, ਪੌੜ ਸਾਚਾ ਪੌੜਾ ਰਿਹਾ ਉਠਾਇਆ । ਪਰਗਟ ਹਰਿ ਘਰ ਬ੍ਰਹਿਮਣ ਗੌੜ, ਨਾ ਕੋਈ ਜਾਣੇ ਲੰਮਾ ਚੌੜ, ਸਾਢੇ ਤਿੰਨ ਹੱਥ ਝੇੜਾ ਜਗਤ ਮੁਕਾਇਆ । ਸਾਚਾ ਸ਼ਬਦ ਇਕ ਰਖਾਏ ਸਾਚਾ ਸ਼ਬਦ ਸਾਚਾ ਪੌੜ, ਗੁਰਮੁਖ ਸਾਚੇ ਸੰਤ ਜਨਾਂ ਸਾਚਾ ਦਰ ਰਿਹਾ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅੰਤਮ ਵੇਖ ਹਰਿ, ਕਾਲਾ ਵੇਸ ਦਰ ਦਰਵੇਸ਼ ਨਰ ਨਰੇਸ਼, ਨਾ ਕੋਈ ਮੁਛ ਦਾਹੜੀ, ਨਾ ਦੀਸੇ ਕੇਸ, ਆਪ ਆਪਣਾ ਰੂਪ ਵਟਾਇਆ । ਕੇਸਾਧਾਰੀ

ਨਰ ਨਿਰੰਕਾਰੀ । ਜੋਤ ਅਗੰਮ ਅਗੰਮ ਅਪਾਰੀ । ਸ਼ਬਦ ਤੇਜ ਜਗਤ ਕਟਾਰੀ । ਬ੍ਰਹਿਮੰਡ ਖੰਡ ਖੰਡ ਵੰਡ ਜਲ ਕਾਰੀ । ਚੰਡ ਪਰਚੰਡ ਪਾਵੇ ਵੰਡਾਂ, ਬੇਹੰਡ ਖੰਡ ਰੰਡ ਨਰ ਨਰ ਨਾਰੀ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਮੇਟ ਮਿਟਾਏ ਭੇਖ ਪਖੰਡ, ਏਕਾ ਸ਼ਬਦ ਏਕਾ ਗੁਰ, ਏਕਾ ਹਰਿ ਏਕਾ ਨਰ, ਏਕਾ ਦਰ ਏਕਾ ਸਰ, ਏਕਾ ਵਰ ਚਾਰ ਵਰਨ ਖੜੇ ਰਹਿਣ ਦਵਾਰੀ । ਚਾਰ ਵਰਨ ਪ੍ਰਭ ਏਕਾ ਦਾਤਾ, ਜੋਤੀ ਭੇਖ ਵਟਾਇੰਦਾ । ਸ਼ਬਦ ਦੇਵੇ ਘਰ ਸਾਚੇ ਸਾਚੀ ਦਾਤਾ, ਦਹਿ ਦਿਸ਼ਾ ਵੇਖ ਵਖਾਇੰਦਾ । ਹਰਿਜਨ ਅਪਾਰੇ ਪਾਰਜ਼ਾਤਾ, ਕੌਸਤਕ ਮਣੀਆ ਮਸਤਕ ਤਿਲਕ ਲਗਾਇੰਦਾ । ਮਿਲੇ ਮੇਲ ਪ੍ਰਭ ਕਮਲਾਪਾਤਾ, ਆਪ ਚੜ੍ਹਾਏ ਔਖੀ ਘਾਟੀ, ਇਕ ਵਖਾਏ ਸਾਚੀ ਹਾਟੀ, ਸਾਚਾ ਸੌਦਾ ਨਾਮ ਰਖਾਇੰਦਾ । ਬਜਰ ਕਪਾਟੀ ਜਿਸ ਜਨ ਪਾਟੀ, ਜਗੇ ਜੋਤ ਕਾਇਆ ਮਾਟੀ, ਲੇਖਾ ਚੁੱਕੇ ਤੀਰਥ ਤਾਟੀ, ਅੰਮ੍ਰਿਤ ਸਰ ਸਰੋਵਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅੰਤਮ ਵੇਖ ਕਲ, ਘਰ ਅਵੱਲਾ ਇਕ ਇਕੱਲਾ ਆਪਣਾ ਆਪ ਸੁਹਾਇੰਦਾ । ਗੁਰ ਸੰਗਤ ਧੰਨ ਕਮਾਈ, ਹਰਿ ਹਰਿ ਮੰਗਲ ਗਾਇਆ । ਆਤਮ ਦਰ ਵੱਜੇ ਵਧਾਈ, ਅੰਧ ਅਗਿਆਨ ਅੰਧੇਰ ਰਿਹਾ ਮਿਟਾਇਆ । ਦੀਪਕ ਜੋਤੀ ਕਰੇ ਰੁਸ਼ਨਾਈ, ਜਿਸ ਜਨ ਕਾਇਆ ਤਨ ਭਾਂਡਾ ਭਰਮ ਭਉ ਭੰਨਾਇਆ । ਸ਼ਬਦ ਗੁਰਮੁਖ ਸਗਨ ਲਗਾਏ ਕਰੇ ਮਾਤ ਕੁੜਮਾਈਆ, ਨਾਮ ਦਾਤ ਸਾਚੀ ਆਤਮ ਝੋਲੀ ਰਿਹਾ ਭਰਾਇਆ । ਜੋਤੀ ਜੋਤ ਸਰੂਪ ਹਰਿ, ਗੁਰ ਸੰਗਤ ਦੇਵੇ ਨਾਮ ਵਰ, ਲੱਖ ਚੁਰਾਸੀ ਚੁੱਕੇ ਡਰ, ਚਰਨ ਸਰਨ ਸਰਨ ਚਰਨ ਗੁਰ ਇਕ ਧਿਆਨ ਜਿਸ ਜਨ ਲਗਾਇਆ । ਚਰਨ ਧਿਆਨ ਗੁਰਦੇਵ, ਗੁਰ ਮੰਤਰ ਜਗਤ ਜਣਾਈਆ । ਮਿਲੇ ਮੇਲ ਪ੍ਰਭ ਅਲਖ ਅਭੇਵ, ਅੰਮ੍ਰਿਤ ਆਤਮ ਸਾਚਾ ਫ਼ਲ ਖਵਾਈਆ । ਰਸਨਾ ਗਾਏ ਜਿਹਵਾ ਜਿਹਵ, ਆਵਣ ਜਾਵਣ ਪਤਤ ਪਾਵਣ ਸਾਚਾ ਲੇਖੇ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਦੇਵੇ ਜਗਤ ਵਰ, ਅੰਦਰ ਮੰਦਰ ਸਾਚੇ ਬਹਿ ਬਹਿ ਹਰਿਜਨ ਆਪੇ ਗਾਏ, ਆਪੇ ਸਕੇ ਸੁਣਾਈਆ । ਸਚ ਰਾਗ ਘਰ ਸਾਚੇ ਗਾਇਆ, ਸੁਣੇ ਸੁਣਾਏ ਕਾਨਾ । ਮਨਮੁਖ ਜੀਵਾਂ ਦਿਸ ਨਾ ਆਇਆ, ਨਾਦ ਅਨਾਦੀ ਇਕ ਤਰਾਨਾ । ਦਹਿ ਦਿਸ਼ਾ ਦਰ ਵੇਖ ਵਖਾਇਆ, ਗੁਣਵੰਤਾ ਹਰਿ ਗੁਣ ਨਿਧਾਨਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਸ਼ਬਦ ਵਰ, ਸਾਚਾ ਹਿਸਾ ਮਾਤ ਵੰਡਾਇਆ । ਮਿਲੇ ਮੇਲ ਸ੍ਰੀ ਭਗਵਾਨ, ਸ੍ਰੀ ਭਗਵਾਨ ਸਚ ਸੁਲਤਾਨ ਘਰ ਸਾਚੇ ਤਖ਼ਤ ਬਿਰਾਜਿਆ । ਧਰਮ ਝੁਲਾਏ ਇਕ ਨਿਸ਼ਾਨ, ਸ਼ਬਦ ਸਰੂਪੀ ਮਾਰੇ ਆਵਾਜ਼ਿਆ । ਏਕਾ ਰਾਗ ਸੁਣਾਏ ਕਾਨ, ਖਾਣੀ ਬਾਣੀ ਵੇਦ ਪੁਰਾਨੀ ਸਾਰੇ ਗਾਣ, ਆਪੇ ਰੱਖੇ ਲਾਜਿਆ । ਜੋਤੀ ਜੋਤ ਸਰੂਪ ਹਰਿ, ਦਿਵਸ ਰੈਣ ਅੱਠੇ ਪਹਿਰ ਨਿਗਾਹਬਾਨ, ਜਨ ਭਗਤ ਸਵਾਰੇ ਜਗਤ ਕਾਜਿਆ । ਹਰਿ ਜੋਤ ਅਗੰਮ ਬੇਪਰਵਾਹ ਹੈ । ਆਪੇ ਆਪ ਪਏ ਜੰਮ, ਨਾ ਕੋਈ ਪਿਤਾ ਨਾ ਕੋਈ ਮਾਂ ਹੈ । ਪਵਣ ਸਵਾਸੀ ਨਾ ਕੋਈ ਦੀਸੇ ਦੰਮ, ਨਾ ਕੋਈ ਲਏ ਸਾਹ ਹੈ । ਆਪੇ ਆਪ ਆਪਣਾ ਜਾਣੇ ਕੰਮ, ਏਕਾ ਵਸੇ ਸਾਚੇ ਥਾਂ ਹੈ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਆਪ ਰਖਾਏ ਆਪਣਾ ਨਾਂ ਹੈ । ਜੁਗ ਜੁਗ ਧਾਰੇ ਭੇਖ ਭੇਖ ਵਟਾਇੰਦਾ । ਸ੍ਰਿਸ਼ਟ ਸਬਾਈ ਰਿਹਾ ਵੇਖ, ਦਿਸ ਕਿਸੇ ਨਾ ਆਇੰਦਾ । ਲੱਖ ਚੁਰਾਸੀ ਲਿਖੇ ਲੇਖ, ਲਿਖਣਹਾਰ ਆਪ ਅਖਵਾਇੰਦਾ । ਧੁਰ ਮਸਤਕ ਲਾਵੇ ਸਾਚੀ ਮੇਖ, ਭਾਣਾ ਆਪਣੇ ਹੱਥ ਰਖਾਇੰਦਾ । ਗੁਰਮੁਖ ਵਿਰਲਾ ਆਤਮ ਨੇਤਰ ਲਏ ਪੇਖ, ਮਨਮੁਖ ਜੀਵਾਂ ਦਿਸ ਨਾ ਆਇੰਦਾ । ਨਾ ਕੋਈ ਜਾਣੇ ਔਲੀਆ ਪੀਰ ਸ਼ੇਖ਼, ਮੁਲਾਂ

੬੫੪
੦੫

ਕਾਜ਼ੀ ਸ਼ੇਖ਼ ਮੁਸਾਇਕ, ਨਾ ਕੋਈ ਜਾਣੇ ਸਾਚੇ ਨਾਇਕ, ਭਰਮੇ ਭਰਮ ਭੁਲਾਇੰਦਾ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਆਪ ਆਪਣਾ ਵੇਖ ਹਰਿ, ਆਪ ਆਪਣੀ ਬਣਤ ਬਣਾਇੰਦਾ । ਆਪੇ ਨਰ ਆਪੇ ਨਰੇਸ਼, ਨਾ ਕੋਈ ਜਾਣੇ ਬ੍ਰਹਮਾ ਵਿਸ਼ਨ ਮਹੇਸ਼ ਗਣੇਸ਼, ਆਪਣਾ ਆਪ ਉਪਾਇਆ । ਆਪ ਆਪਣੇ ਰੰਗ ਸਮਾਏ, ਜੋਤੀ ਜਾਮਾ ਪਾਇਆ । ਸ਼ਬਦ ਮਰਦੰਗ ਇਕ ਵਜਾਏ, ਲੋਆਂ ਪੁਰੀਆਂ ਰਿਹਾ ਸੁਣਾਇਆ । ਲੱਖ ਚੁਰਾਸੀ ਭੰਗ ਕਰਾਏ, ਧਰਮ ਰਾਏ ਰਿਹਾ ਜਣਾਇਆ । ਲਾੜੀ ਮੌਤ ਮੰਗ ਮੰਗਾਏ, ਦੋਵੇਂ ਹੱਥੀਂ ਮਹਿੰਦੀ ਲਾਏ, ਵੇਲਾ ਅੰਤਮ ਦਏ ਸੁਹਾਇਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਕਲਜੁਗ ਅੰਤਮ ਜੋਤ ਜਗਾਇਆ । ਕਲਜੁਗ ਜੀਵਾਂ ਪੜਦਾ ਉਹਲਾ ਜਾਏ ਚੁਕ, ਵੇਲਾ ਅੰਤਮ ਆਇਆ ਏ । ਲੱਖ ਚੁਰਾਸੀ ਬੂਟਾ ਅੰਤਮ ਜਾਣਾ ਸੁੱਕ, ਚਾਰੋਂ ਕੁੰਟ ਮੂੰਹ ਵਿਚ ਪੈਣਾ ਬੁੱਕ, ਨਾ ਕੋਈ ਕਿਸੇ ਸਕੇ ਬਚਾਇਆ ਏ । ਪੰਜ ਤੱਤ ਪ੍ਰਭ ਦਇਆ ਕਮਾਈ । ਹਡ ਮਾਸ ਨਾੜੀ ਰਤ ਬੂੰਦ ਰਕਤੀ ਦੇਹ ਉਪਾਈ । ਆਪ ਬਣਾਏ ਜਗਤ ਜੁਗਤੀ, ਮਤ ਬੁਧ ਮਨ ਵਿਚ ਟਿਕਾਈ । ਨਾਲ ਰਲਾਈ ਆਤਮ ਸੁਰਤੀ, ਕਾਮ ਕਰੋਧ ਲੋਭ ਮੋਹ ਹੰਕਾਰ ਸੰਗ ਵਸਾਈ । ਇਕ ਰਖਾਏ ਸ਼ਬਦ ਨਾਦ ਤੂਰਤੀ, ਪੜਦਾ ਉਹਲਾ ਰਿਹਾ ਕਰਾਈ । ਜੋਤ ਨਿਰੰਜਣ ਅਕਾਲ ਮੂਰਤੀ, ਮੂਰਤ ਸੂਰਤ ਦਿਸ ਨਾ ਆਈ । ਜਗਤ ਵਿਕਾਰਾ ਵੇਖ ਵੇਖ ਨੇਤਰ ਪੇਖ ਆਤਮ ਤ੍ਰਿਸ਼ਨਾ ਰਹੀ ਝੂਰਤੀ, ਅੰਮ੍ਰਿਤ ਝਿਰਨਾ ਨਾ ਕੋਇ ਝਿਰਾਈ । ਦਰ ਦਵਾਰਾ ਦਿਸੇ ਦੂਰ ਦੁਰਤੀ, ਨੇਰਨ ਨੇਰ ਨਾ ਕੋਇ ਅਖਵਾਈ । ਭਰਮ ਭੁਲੇਖਾ ਕੂੜੋ ਕੂੜਤੀ, ਸ਼ਬਦ ਹਥੌੜਾ ਮਨ ਲੈਣਾ ਲਾਈ । ਆਸਾ ਮਨਸਾ ਹਰਿ ਸਾਚਾ ਪੂਰਨ ਪੂਰਤੀ, ਵੇਖ ਵਖਾਣੇ ਮਿੱਠਾ ਕੌੜਾ, ਜੋ ਜਨ ਆਏ ਚਰਨ ਸਰਨ ਸੱਚੀ ਸਰਨਾਈ । ਮਤ ਬੁਧ ਕਰੇ ਅਭਿਮਾਨ । ਭੁਲਿਆ ਨਾਂਓ ਗੁਣ ਨਿਧਾਨ । ਹੱਥ ਨਾ ਆਇਆ ਨਾਮ ਨਿਸ਼ਾਨ । ਪੰਚਮ ਬਲੀ ਹੋਏ ਬਲਵਾਨ । ਕਰਮ ਰੇਖ ਨਾ ਸਿਰ ਤੇ ਟਲੀ, ਭੁੱਲਿਆ ਜੀਵ ਨਿਧਾਨ । ਪ੍ਰਭ ਅਬਿਨਾਸ਼ੀ ਵਲੀ ਛਲੀ, ਵਸੇ ਕਾਇਆ ਮੰਦਰ ਵਿਚ ਮਕਾਨ । ਨਿਹਚਲ ਧਾਮ ਵਖਾਏ ਸਚ ਗਲੀ, ਸ਼ਬਦ ਝੁੱਲੇ ਇਕ ਨਿਸ਼ਾਨ । ਸੀਸ ਧਰਨਾ ਗੁਰ ਚਰਨ ਸਰਨ ਸਾਚੀ ਤਲੀ, ਆਤਮ ਉਪਜਾਏ ਬ੍ਰਹਮ ਗਿਆਨ । ਕਾਇਆ ਮਾਟੀ ਝੂਠੀ ਖਲੀ, ਅਠੇ ਪਹਿਰ ਰੈਣ ਅੰਧੇਰ ਅੰਧ ਅਗਿਆਨ । ਦੀਪਕ ਜੋਤੀ ਦਰ ਦਵਾਰੇ ਏਕਾ ਬਲੀ, ਮਤ ਦੇ ਸਮਝਾਵੇ ਪੰਜ ਤੱਤ, ਬਹੱਤਰ ਨਾੜੀ ਨਾ ਉਬਲੇ ਰਤ, ਤਿੰਨ ਸੌ ਸੱਠ ਹਾਡੀ ਪ੍ਰਭ ਬਣੇ ਗਾਡੀ, ਪੰਚ ਵਿਕਾਰਾ ਦੇਵੇ ਵਾਢੀ, ਚਰਨ ਦਵਾਰ ਲਡਾਵੇ ਸਾਚੀ ਲਾਡੀ, ਇਕ ਰਖਾਏ ਸਚ ਧਿਆਨ । ਰਸਨਾ ਗਾਇਆ ਪੜ੍ਹ ਪੜ੍ਹ ਥੱਕੇ, ਭੇਵ ਨਾ ਪਾਇਆ ਹਰਿ ਹਰਿ ਰਾਇਆ । ਸੁਰਤ ਸਵਾਣੀ ਨਾ ਨਿਕਲੀ ਵਿਚੋਂ ਸੂਈ ਨੱਕੇ, ਜਗਤ ਵਿਵਾਦ ਮੁਖ ਰਖਾਇਆ । ਅਗਾਧ ਬੋਧ ਕਿਸੇ ਹੱਥ ਨਾ ਆਇਆ । ਨਾ ਕੋਈ ਦੇਵੇ ਸ਼ਬਦ ਦਾਦ, ਬ੍ਰਹਿਮਾਦ ਖੋਜ ਨਾ ਕੋਈ ਖੁਜਾਇਆ । ਆਤਮ ਧੁਨ ਨਾ ਉਪਜੇ ਸਾਚਾ ਨਾਦ, ਸਹਿੰਸਾ ਰੋਗ ਦਏ ਮਿਟਾਇਆ । ਜੀਵ ਜੰਤ ਪੁਰਖ ਅਬਿਨਾਸ਼ੀ ਆਪੇ ਜਾਣੇ ਗੁਣ ਅਵਗੁਣ ਗੁਣਵੰਤਾ ਗੁਣ ਨਿਧਾਨ, ਵੇਖ ਵਖਾਣੇ ਸੁਰਤ ਸਵਾਣੀ ਜਗਤ ਨਾਦਾਨ, ਅੰਦਰ ਬਾਹਰ ਗੁਪਤ ਜ਼ਾਹਿਰ ਘਟ ਘਟ ਅੰਦਰ ਆਪ ਸਮਾਇਆ । ਕਾਇਆ ਖੇੜਾ ਨਗਰ ਅਪਾਰ । ਮਨ ਮਤ ਸਦ ਰਹੇ ਝੇੜਾ, ਕੋਇ ਨਾ ਉਤਰੇ ਪਾਰ । ਪੰਚ ਲਾਉਣੀ ਜੜ੍ਹ ਉਖੇੜਾ, ਵਿਚੋਂ ਦੇਵੇ ਜੜ੍ਹ ਉਖਾੜ । ਚੇਤਨ ਕਰੇ ਹੱਕ ਨਿਬੇੜਾ, ਅੱਠੇ ਪਹਿਰ ਖ਼ਬਰਦਾਰ । ਜਿਸ ਜਨ ਬੰਨ੍ਹਿਆ ਆਪਣਾ ਬੇੜਾ, ਗੁਰ ਪੂਰੇ ਚਰਨ ਕਰੇ ਨਿਮਸਕਾਰ । ਖੁਲ੍ਹਾ ਵਖਾਏ ਕਾਇਆ ਵਿਹੜਾ, ਬੁਧ ਮਤ ਨਾ

ਸਕੇ ਵਿਚਾਰ । ਜੋਤੀ ਜੋਤ ਸਰੂਪ ਹਰਿ, ਜਿਸ ਜਨ ਕਿਰਪਾ ਦੇਵੇ ਕਰ, ਏਕਾ ਬਖ਼ਸ਼ੇ ਚਰਨ ਪਿਆਰ । ਮੇਲ ਮਿਲਾਏ ਪੁਰਖ ਭਤਾਰ । ਪਾਰਬ੍ਰਹਮ ਬ੍ਰਹਮ ਜਣਾਏ ਜੀਵ ਜੰਤ ਆਪਣਾ ਕਰਮ ਆਪ ਕਮਾਏ । ਇਕ ਵਖਾਏ ਸਾਚਾ ਧਰਮ, ਚਰਨ ਨਾਤਾ ਪੁਰਖ ਬਿਧਾਤਾ ਜੋੜ ਜੁੜਾਏ । ਦੂਈ ਦਵੈਤੀ ਮਿਟੇ ਭਰਮ, ਜੋਤੀ ਜੋਤ ਸਰੂਪ ਹਰਿ, ਜਿਸ ਜਨ ਕਿਰਪਾ ਦੇਵੇ ਕਰ, ਸਾਚੋ ਸਾਚਾ ਸਚ ਵਖਾਏ । ਸ਼ਬਦ ਧਾਰ ਪ੍ਰਭ ਗੰਗ ਵਹਾਉਣੀ । ਨਾਮ ਮਰਦੰਗ ਇਕ ਵਜਾਉਣੀ । ਸ਼ਬਦ ਝੁਲੇ ਇਕ ਨਿਸ਼ਾਨ, ਹਰਿ ਸਮਰਥ ਬਣਤ ਬਣਾਉਣੀ । ਜੋਤੀ ਜੋਤ ਸਰੂਪ ਹਰਿ, ਵਡ ਦਾਤੇ ਸੂਰੇ ਸਰਬੰਗ ਸਤਿਜੁਗ ਤੇਰੀ ਮਾਤ ਬਣਤ ਬਣਾਉਣੀ । ਹਰਿ ਸਾਜਣ ਸਾਚਾ ਮੀਤ, ਸਰਬ ਸੁਖਦਾਇਆ । ਜਗਤ ਚਲਾਏ ਅਵੱਲੜੀ ਰੀਤ, ਆਪ ਆਪਣੀ ਬਣਤ ਬਣਾਇਆ । ਵੇਖ ਵਖਾਣੇ ਦਿਹੁਰਾ ਮੰਦਰ ਮਸੀਤ, ਗੁਰੂਦਵਾਰਾ ਗੁਰ ਸੁਹਾਇਆ । ਲੱਖ ਚੁਰਾਸੀ ਪਰਖੇ ਨੀਤ, ਨੀਤ ਅਨੀਤਾ ਆਪ ਅਖਵਾਇਆ । ਸੁਣੇ ਸੁਣਾਏ ਰਾਗ ਛਤੀਸ ਗੀਤ, ਗੀਤਾ ਗਿਆਨ ਅਠਾਰਾਂ ਧਿਆਏ ਜਣਾਇਆ । ਸ੍ਰਿਸ਼ਟ ਸਬਾਈ ਰਾਖੇ ਚੀਤ, ਲਹਿਣਾ ਦੇਣਾ ਆਪਣੇ ਹੱਥ ਰਖਾਇਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਆਪ ਆਪਣੇ ਰੰਗ ਸਮਾਇਆ । ਜੋਤੀ ਜਾਮਾ ਹਰਿ ਨਿਰੰਕਾਰ, ਕਲਜੁਗ ਖੇਲ ਰਚਾਈਆ । ਸ਼ਬਦ ਡੰਕ ਅਪਰ ਅਪਾਰ, ਰਾਓ ਰੰਕ ਰਿਹਾ ਜਗਾਈਆ । ਪਰਗਟ ਹੋਇਆ ਵਾਸੀ ਪੁਰੀ ਘਨਕ, ਏਕਾ ਰੰਗਣ ਰੰਗ ਚੜ੍ਹਾਈਆ । ਆਤਮ ਜੋਤੀ ਲਾਏ ਤਨਕ, ਕਲਜੁਗ ਤੇਰੀ ਰੁੱਤ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਭੇਖਾਧਾਰੀ ਆਪ ਅਖਵਾਈਆ । ਭੇਖਾਧਾਰੀ ਭੇਖ ਵਟਾਇਆ, ਭਰਮੇ ਭੁੱਲੀ ਲੋਕਾਈਆ । ਨੇਤਰ ਖੇਤਰ ਕਿਸੇ ਦਿਸ ਨਾ ਆਇਆ, ਮਾਇਆ ਰੁੱਲੇ ਜੀਵ ਜੁਦਾਈਆ । ਨੇਤਨ ਨੇਤ ਗੁਰਮੁਖ ਵਿਰਲੇ ਦਰਸ਼ਨ ਪਾਇਆ, ਦਰ ਘਰ ਸਾਚੇ ਵੱਜੀ ਵਧਾਈਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਸੰਬਲ ਨਗਰੀ ਰੁੱਤ ਸੁਹਾਈਆ । ਸੰਬਲ ਨਗਰ ਹਰਿ ਸੁਹਾਏ, ਜੋਤੀ ਮਾਤ ਜਗਾਈਆ । ਨੌਂ ਖੰਡ ਪ੍ਰਿਥਮੀ ਭਗਤ ਉਜਾਗਰ ਆਪ ਕਰਾਏ, ਸ਼ਬਦ ਸੌਦਾ ਗੁਰ ਆਪ ਕਰਾਈਆ । ਕਾਇਆ ਗਾਗਰ ਭਾਗ ਲਗਾਏ, ਵਣਜ ਵਪਾਰਾ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਸਾਚੇ ਸ਼ਬਦ ਜਣਾਈਆ । ਸਾਚੇ ਸ਼ਬਦ ਹਰਿ ਜਣਾਈ, ਸਾਚਾ ਡੰਕ ਵਜਾਇਆ ਏ । ਸਾਚਾ ਧਾਮ ਆਪ ਸੁਹਾਈ, ਰਾਓ ਰੰਕ ਭੇਵ ਨਾ ਪਾਇਆ ਏ । ਚਾਰ ਦਵਾਰੀ ਆਪ ਬਣਾਈ, ਦਹਿ ਦਿਸ਼ਾ ਵੇਖ ਵਖਾਇਆ ਏ । ਮਹੱਲ ਅਟੱਲ ਉਚਾ ਨਾਮ ਰਖਾਈ ਇੱਟਾਂ ਗਾਰਾ ਕੋਈ ਨਾ ਲਾਇਆ ਏ । ਨਿਰਮਲ ਜੋਤੀ ਕਰ ਆਕਾਰ, ਦਿਵਸ ਰੈਣ ਕਰੇ ਰੁਸ਼ਨਾਈ, ਅਗਿਆਨ ਅੰਧੇਰ ਮਿਟਾਇਆ ਏ । ਸਾਚੇ ਸ਼ਬਦ ਵੱਜੇ ਵਧਾਈ, ਪ੍ਰਭ ਮੰਗਲਾਚਾਰ ਕਰਾਇਆ ਏ । ਗੁਰ ਗੋਬਿੰਦੇ ਹੋਈ ਕੁੜਮਾਈ, ਪ੍ਰਭ ਜੋਤੀ ਮੇਲ ਮਿਲਾਇਆ ਏ । ਵਾਲੀ ਹਿੰਦੇ ਦਇਆ ਕਮਾਈ, ਗੁਣੀ ਗਹਿੰਦੇ ਖੇਲ ਵਖਾਇਆ ਏ । ਆਪ ਮਿਟਾਏ ਸਗਲੀ ਚਿੰਦੇ, ਆਤਮ ਭਰਮਾ ਗੜ੍ਹ ਤੁੜਾਇਆ ਏ । ਗੁਰਮੁਖ ਵੇਖੇ ਸਾਚੀ ਬਿੰਦੇ, ਸ਼ਬਦ ਹਲੂਣਾ ਲਾਇਆ ਏ । ਸਰਬ ਜੀਆਂ ਆਪੇ ਬਖ਼ਸ਼ਿੰਦੇ, ਕਲਜੁਗ ਭੇਖ ਵਟਾਇਆ ਏ । ਲੱਖ ਚੁਰਾਸੀ ਕਰੇ ਨਿੰਦੇ, ਚੁਗਲੀ ਨਿੰਦਿਆ ਮੁਖ ਰਖਾਇਆ ਏ । ਗੁਰਮੁਖ ਵਿਰਲੇ ਅੰਮ੍ਰਿਤ ਆਤਮ ਧਾਰ ਵਗੇ ਸਿੰਧੇ, ਹਰਿ ਗੁਣ ਸਾਗਰ ਗਹਿਰ ਗੰਭੀਰ ਪਾਇਆ ਏ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਸੰਬਲ ਨਗਰੀ ਭਾਗ ਲਗਾਇਆ ਏ । ਸੰਬਲ ਨਗਰੀ ਰੁੱਤ ਸੁਹਾਈ, ਫੁੱਲੇ ਮਾਤ ਫੁਲਵਾੜੀ । ਪਾਰਬ੍ਰਹਮ ਅਬਿਨਾਸ਼ੀ ਅਚੁਤ ਦਇਆ ਕਮਾਈ, ਵੇਖੇ ਖੇਲ ਸਤਾਰਾਂ ਹਾੜੀ । ਬਿਨ

ਹਰਿ ਨਾਮੇ ਖਾਲੀ ਬੁੱਤ ਵਖਾਈ, ਕਿਸੇ ਕੰਮ ਨਾ ਆਏ ਮੁੱਛ ਦਾਹੜੀ । ਕਾਇਆ ਮਾਟੀ ਚੰਮ ਬਣਾਈ, ਮੰਦਰ ਅੰਦਰ ਜੰਗਲ ਜੂਹ ਉਜਾੜ ਪਹਾੜੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਬਲ ਨਗਰੀ ਵੇਖ ਘਰ, ਆਪੇ ਫਿਰੇ ਪਿੱਛੇ ਅਗਾੜੀ । ਸੰਬਲ ਨਗਰੀ ਸਾਚਾ ਰਾਣਾ, ਹਰਿ ਹਰਿ ਹਰਿ ਜੂ ਆਇਆ ਏ । ਕਲਜੁਗ ਵਰਤੇ ਆਪਣਾ ਭਾਣਾ, ਏਕਾ ਦੂਜਾ ਭਉ ਚੁਕਾਇਆ ਏ । ਚਰਨ ਲਗਾਏ ਰਾਜਾ ਰਾਣਾ, ਸਾਧਾਂ ਸੰਤਾਂ ਰਿਹਾ ਹਿਲਾਇਆ ਏ । ਸ਼ਬਦ ਫੜੇ ਨਾਮ ਮਧਾਣਾ, ਲੱਖ ਚੁਰਾਸੀ ਰਿੜਕਣਾ ਪਾਇਆ ਏ । ਸੋਹੰ ਫੜੇ ਤੀਰ ਕਮਾਨਾ, ਰਸਨਾ ਚਿਲੇ ਤੀਰ ਚੜ੍ਹਾਇਆ ਏ । ਕਰੇ ਖੇਲ ਵਾਲੀ ਦੋ ਜਹਾਨਾ, ਬੂਰੇ ਕੱਕੇ ਬਿਲੇ ਆਪੇ ਰਿਹਾ ਹਿਲਾਇਆ ਏ । ਅੰਦਰ ਵੜ ਨਾ ਕਰੇ ਸ਼ਿਲੇ, ਸਭ ਦੇ ਅੰਗਣ ਕਰੇ ਢਿਲੇ, ਕਮਰਕਸਾ ਨਾ ਕੋਇ ਕਸਾਇਆ ਏ । ਗਗਨ ਪਤਾਲੀ ਥੰਮ੍ਹ ਹਿਲੇ, ਚੜ੍ਹਕੇ ਆਇਆ ਘੋੜੇ ਨੀਲੇ, ਛੱਤੋਂ ਬਾਹਰ ਕਰਾਇਆ ਏ । ਲਾਲ ਗੁਲਾਲਾ ਹਰਿ ਗੋਪਾਲਾ, ਧੁਰ ਦਰਗਾਹੀ ਸ਼ਬਦ ਦਲਾਲਾ, ਏਕਾ ਵਣਜ ਕਰਾਇਆ ਏ । ਬਸਤਰ ਪਾਏ ਸੂਹੇ ਪੀਲੇ, ਆਪੇ ਕਰ ਕਰ ਆਪਣੇ ਹੀਲੇ, ਨੀਲੇ ਚੋਲੇ ਤਨ ਸਜਾਇਆ ਏ । ਗੁਰਮੁਖ ਵੇਖੇ ਸਾਚੇ ਲਾਲਾ, ਦੀਪਕ ਜੋਤੀ ਜਗੇ ਮਸਤਕ ਸਾਚੇ ਥਾਲਾ, ਗਗਨ ਗਗਨੰਤਰ ਆਤਮ ਅੰਤਰ ਤਨ ਬੁਝਾਏ ਲੱਗੀ ਬਸੰਤਰ, ਜਿਸ ਜਨ ਦਇਆ ਕਮਾਇਆ ਏ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਆਪ ਬਣਾਏ ਆਪਣੀ ਬਣਤਰ ਸੰਬਲ ਨਗਰੀ ਡੇਰਾ ਲਾਇਆ ਏ । ਸੰਬਲ ਨਗਰੀ ਲਾਏ ਡੇਰਾ, ਹਰਿ ਹਰਿ ਕੰਤ ਸੁਹਾਗਿਆ । ਨੌਂ ਖੰਡ ਪ੍ਰਿਥਮੀ ਪਾਵੇ ਘੇਰਾ, ਦੀਪਕ ਜੋਤੀ ਜਗੇ ਚਿਰਾਗਿਆ । ਕੋਈ ਨਾ ਜਾਣੇ ਸੰਞ ਸਵੇਰਾ, ਸ਼ਬਦ ਘੋੜੇ ਚਰਨ ਦੇਵੇ ਇਕ ਰਕਾਬਿਆ । ਪਰਗਟ ਹੋਏ ਸ਼ੇਰ ਸ਼ੇਰ ਦਲੇਰਾ, ਹੱਕ ਹੱਕ ਜ਼ਨਾਬਿਆ । ਜਗਤ ਚੁਕਾਏ ਮੇਰਾ ਤੇਰਾ, ਜੋਤੀ ਜਾਮਾ ਭੇਖ ਧਰ, ਸੰਬਲ ਦੇਸ ਵੇਸ ਹਰਿ, ਆਪੇ ਕਰੇ ਹੱਕ ਨਿਬੇੜਾ । ਕਰੇ ਨਿਬੇੜਾ ਹੱਕ, ਹੱਕ ਜਲਾਲਿਆ । ਦੋ ਜਹਾਨਾਂ ਰਾਹ ਰਿਹਾ ਤੱਕ, ਦੋਵੇਂ ਹੱਥਾਂ ਰਖੇ ਖਾਲੀਆ । ਕਲਜੁਗ ਫ਼ਲ ਗਿਆ ਪੱਕ, ਲੱਖ ਚੁਰਾਸੀ ਫੜ ਫੜ ਝਾੜੇ ਡਾਲ੍ਹੀਆ । ਸ਼ਬਦ ਪਾਏ ਨਕੇਲ ਨੱਕ, ਜਗਤ ਚਲੇ ਅਵੱਲੜੀ ਚਾਲੀਆ । ਸੰਤ ਸੁਹੇਲੇ ਕਾਇਆ ਗੜ੍ਹ ਉਪਰ ਚੜ੍ਹ ਚੜ੍ਹ ਗਏ ਥੱਕ, ਮਿਲਿਆ ਮੇਲ ਨਾ ਵਾਲੀ ਦੋ ਜਹਾਨੀਆ । ਦਿਵਸ ਰੈਣ ਰਸਨਾ ਫੀਕਾ ਰਸ ਰਹੇ ਫਕ, ਆਤਮ ਬੁੱਧ ਅੰਮ੍ਰਿਤ ਰਸ ਨਾ ਪੀਤੀ ਸਚ ਪਿਆਲੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅੰਤਮ ਵੇਖ ਦਰ, ਸੰਬਲ ਨਗਰੀ ਜੋਤ ਇਕਗਰੀ ਇਕ ਜਗਾਏ ਅਕਾਲ ਅਕਾਲੀਆ । ਸੰਬਲ ਨਗਰੀ ਧਾਮ ਸੁਹੰਜਣਾ, ਜਗੇ ਜੋਤ ਪੁਰਖ ਅਬਿਨਾਸ਼ੀਆ । ਜਨ ਭਗਤਾਂ ਨੇਤਰ ਪਾਏ ਸ਼ਬਦ ਅੰਜਨਾ, ਮੇਲ ਮਿਲਾਏ ਘਨਕਪੁਰ ਵਾਸੀਆ । ਪਰਗਟ ਹੋਏ ਦੋ ਜਹਾਨੀ ਸਾਕ ਸੈਣ ਸੱਜਣਾ, ਆਤਮ ਲਾਹੇ ਜਗਤ ਉਦਾਸੀਆ । ਚਰਨ ਧੂੜ ਕਰਾਏ ਸਾਚਾ ਮਜਨਾ, ਕਿਸੇ ਹੱਥ ਨਾ ਆਏ ਪੰਡਤ ਕਾਸ਼ੀਆ । ਏਕਾ ਤਾਲ ਕਲਜੁਗ ਅੰਤਮ ਵਜਣਾ, ਜੂਠਾ ਝੂਠਾ ਭਾਂਡਾ ਭੱਜਣਾ, ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਸਾਚੇ ਮੰਡਲ ਪਾਏ ਸਾਚੀ ਰਾਸੀਆ । ਸਾਚੇ ਮੰਡਲ ਪਾਏ ਰਾਸ, ਜੋਤ ਅਗੰਮ ਜਗਾਈਆ । ਸ੍ਰਿਸ਼ਟ ਸਬਾਈ ਨਾ ਕੋਈ ਜਾਣੇ ਪ੍ਰਿਥਮੀ ਆਕਾਸ਼, ਗਗਨ ਪਾਤਾਲਾਂ ਸਾਰ ਨਾ ਪਾਈਆ । ਮਾਨਸ ਦੇਹੀ ਦਸ ਦਸ ਮਾਸ, ਰਸਨ ਵਿਕਾਰਾ ਰੱਖੀ ਆਸ, ਸ਼ਬਦ ਸਵਾਸ ਨਾ ਗਾਈਆ । ਪਰਗਟ ਹੋਏ ਨਿਹਕਲੰਕ ਨਰਾਇਣ ਨਰ ਅਵਤਾਰਾ, ਫੜੇ ਸ਼ਬਦ ਖੰਡਾ ਦੋ ਧਾਰਾ, ਕਲਜੁਗ ਤੇਰੀ ਅੰਤਮ ਵਾਰਾ, ਮਨਮੁਖ ਜੀਵਾਂ ਦਏ ਮਿਟਾਈਆ । ਏਕਾ ਸ਼ਬਦ ਕਰੇ ਜੈਕਾਰਾ,

੬੫੮
੦੫

ਚਾਰ ਵਰਨਾਂ ਇਕ ਪਿਆਰਾ, ਉਚਾਂ ਨੀਚਾਂ ਇਕ ਦਵਾਰਾ, ਮਸਤੂਆਣਾ ਧਾਮ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਸੰਬਲ ਨਗਰੀ ਸ਼ਬਦ ਸਿੰਘਾਸਣ ਆਤਮ ਸੇਜਾ ਇਕ ਵਿਛਾਈਆ । ਸ਼ਬਦ ਸਿੰਘਾਸਣ ਹਰਿ ਦਾਤਾਰ, ਲੋਕਮਾਤ ਬਣਾਇਆ ਏ । ਜਗੇ ਜੋਤ ਅਗੰਮ ਅਪਾਰ, ਸ਼ਬਦ ਖੰਡਾ ਹੱਥ ਉਠਾਇਆ ਏ । ਲੋਆਂ ਪੁਰੀਆਂ ਕਰੇ ਖ਼ਬਰਦਾਰ, ਬ੍ਰਹਮਾ ਅੱਠੇ ਨੇਤਰ ਰਿਹਾ ਉਘਾੜ, ਸ਼ਬਦ ਸੁਨੇਹੜਾ ਇਕ ਘਲਾਇਆ ਏ । ਸ਼ਿਵ ਸ਼ੰਕਰ ਦਿਸ ਨਾ ਆਏ ਅਗੰਮੀ ਧਾੜ, ਭੇਖਾਧਾਰੀ ਭੇਖ ਵਟਾਇਆ ਏ । ਸ਼ਬਦ ਵੱਜੇ ਕਾੜ ਕਾੜ, ਸੁਰਪਤ ਰਾਜਾ ਇੰਦ ਰਿਹਾ ਘਬਰਾਇਆ ਏ । ਨੌਂ ਖੰਡ ਪ੍ਰਿਥਮੀ ਆਪ ਚਬਾਏ ਆਪਣੀ ਦਾੜ੍ਹ, ਆਪ ਆਪਣੀ ਕਲ ਵਰਤਾਇਆ ਏ । ਲੇਖਾ ਲਿਖੇ ਸਤਾਰਾਂ ਹਾੜ, ਭਰਮ ਭੁਲੇਖਾ ਦਏ ਕਢਾਇਆ ਏ । ਸੱਤਾਂ ਦੀਪਾਂ ਕਰ ਉਜਾੜ, ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਗੁਰ ਸ਼ਬਦ ਬਣਾਏ ਸਾਚਾ ਲਾੜ, ਚਿੱਟੇ ਅਸਵ ਦਏ ਚੜ੍ਹਾਇਆ ਏ । ਚਿੱਟਾ ਅਸਵ ਹਰਿ ਦਾਤਾਰ, ਧੁਰ ਦਰਗਾਹੀ ਆਪ ਸਜਾਉਂਦਾ ਏ । ਨਾਮ ਪਹਿਨ ਤਨ ਸਾਚਾ ਗਹਿਣ ਬਸਤਰ ਇਕ ਹਥਿਆਰ, ਸਾਚਾ ਹੁਕਮ ਸੁਣਾਉਂਦਾ ਏ । ਦਿਵਸ ਰੈਣ ਅੱਠੇ ਪਹਿਰ ਰਹੇ ਤਿਆਰ, ਵੇਖ ਵਖਾਣੇ ਮੁਹੰਮਦੀ ਯਾਰ, ਈਸਾ ਮੂਸਾ ਮੇਟ ਮਿਟਾਉਂਦਾ ਏ । ਜੀਵ ਜੰਤਾਂ ਪੈਣੀ ਮਾਰ, ਘਰ ਘਰ ਹੋਵੇ ਹਾਹਾਕਾਰ, ਨਾਤਾ ਤੁਟੇ ਕੰਤ ਭਤਾਰ, ਨਾਰ ਪਿਆਰ ਨਾ ਕੋਈ ਹੰਢਾਉਂਦਾ ਏ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਸੰਬਲ ਨਗਰੀ ਰੁੱਤ ਸੁਹਾਉਂਦਾ ਏ । ਹਰਿ ਸ਼ਬਦ ਅਪਾਰ, ਗੁਰ ਜਣਾਈਆ । ਗੁਰ ਸ਼ਬਦ ਅਪਾਰ, ਸ੍ਰਿਸ਼ਟ ਸਬਾਈ ਰਿਹਾ ਸੁਣਾਈਆ । ਸ੍ਰਿਸ਼ਟ ਸਬਾਈ ਉਧਰੇ ਪਾਰ, ਜੋ ਜਨ ਹਿਰਦੇ ਰਿਹਾ ਵਸਾਈਆ । ਫੜ ਫੜ ਬਾਹੋਂ ਲਾਏ ਪਾਰ, ਬੇੜਾ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਨਈਆ ਇਕ ਚਲਾਈਆ । ਹਰਿ ਸ਼ਬਦ ਅਪਾਰ, ਗੁਰ ਪੂਰੇ ਅੰਦਰ ਵੱਸਿਆ । ਗੁਰ ਸ਼ਬਦ ਅਪਾਰ, ਸ੍ਰਿਸ਼ਟ ਸਬਾਈ ਏਕਾ ਰਾਹ ਦੱਸਿਆ । ਸ੍ਰਿਸ਼ਟ ਸਬਾਈ ਉਧਰੇ ਪਾਰ, ਮਿਟੇ ਰੈਣ ਅੰਧੇਰੀ ਮੱਸਿਆ । ਮਾਨਸ ਜਨਮ ਲੇਖੇ ਲਾਏ, ਸਾਚਾ ਮਾਰਗ ਦੱਸਿਆ । ਹਰਿ ਸ਼ਬਦ ਅਪਾਰ, ਸਦਾ ਅਡੋਲਿਆ । ਗੁਰ ਸ਼ਬਦ ਅਪਾਰ, ਸ੍ਰਿਸ਼ਟ ਸਬਾਈ ਅੰਦਰ ਮੌਲਿਆ । ਸ੍ਰਿਸ਼ਟ ਸਬਾਈ ਖ਼ਬਰਦਾਰ, ਸਚ ਭੰਡਾਰ ਹਰਿ ਹਰਿ ਖੋਲ੍ਹਿਆ । ਦੇਵਣਹਾਰ ਸਰਬ ਸੰਸਾਰ, ਆਦਿ ਅੰਤ ਏਕਾ ਤੋਲਿਆ । ਸਚ ਕਰਾਏ ਵਣਜ ਵਾਪਾਰ, ਭਾਗ ਲਗਾਏ ਕਾਇਆ ਚੋਲਿਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਕਰੇ ਖੇਲ ਕਲਾ ਸੋਲਿਆ । ਹਰਿ ਸ਼ਬਦ ਹਰਿ ਰੂਪ, ਗੁਰ ਪੂਰੇ ਵਿਚ ਸਮਾਈਆ । ਗੁਰ ਪੂਰਾ ਸਾਚਾ ਭੂਪ, ਸ੍ਰਿਸ਼ਟ ਸਬਾਈ ਸ਼ਾਹ ਅਖਵਾਈਆ । ਸ੍ਰਿਸ਼ਟ ਸਬਾਈ ਸਤਿ ਸਰੂਪ, ਗੁਰ ਮੰਤਰ ਰਿਦੇ ਵਸਾਈਆ । ਮੇਟ ਮਿਟਾਏ ਅੰਧ ਕੂਪ, ਨਿਰਮਲ ਜੋਤ ਜਗਾਈਆ । ਜੋਤ ਨਿਰੰਜਣ ਇਕ ਧੁਖਾਏ ਸਾਚਾ ਧੂਪ, ਸ਼ਬਦ ਸਾਚਾ ਰਾਗ ਏਕਾ ਏਕ ਉਪਜਾਈਆ । ਆਪ ਵਖਾਏ ਮਹਿੰਮਾ ਹਰਿਜਨ ਅਨੂਪ, ਕੰਤ ਸੁਹਾਗ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਆਪ ਆਪਣੇ ਰੰਗ ਸਮਾਈਆ । ਹਰਿ ਸ਼ਬਦ ਬਲਵਾਨ ਗੁਰ ਪੂਰੇ ਜਾਣਿਆ । ਗੁਰ ਪੂਰਾ ਗੁਣ ਨਿਧਾਨ, ਮਿਲੇ ਮੇਲ ਸ੍ਰੀ ਭਗਵਾਨਿਆ । ਸ੍ਰਿਸ਼ਟ ਸਬਾਈ ਦੇਵੇ ਜੀਆ ਦਾਨ, ਧੁਰ ਫ਼ਰਮਾਣਾ ਨਾਮ ਦਾਨਿਆ । ਗੁਰਮੁਖ ਵਿਰਲਾ ਚਤੁਰ ਸੁਘੜ ਸਿਆਣ, ਗੁਰ ਪੀਰ ਸੁਣੇ ਸਾਚੇ ਕਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਬਖ਼ਸ਼ੇ ਸਾਚਾ ਨਾਮ, ਕਾਇਆ ਮਾਟੀ ਝੂਠੇ ਚਾਮ, ਜਗਤ ਭਗਤ ਸਚ ਨਿਸ਼ਾਨੀਆ । ਹਰਿ ਸ਼ਬਦ ਅਤੀਤ

੬੫੯
੦੫

ਸਦਾ ਅਤੀਤਿਆ । ਗੁਰ ਪੂਰਾ ਕਰੇ ਪ੍ਰੀਤ, ਸਦਾ ਸਦਾ ਰਹੇ ਅਜੀਤਿਆ । ਸ੍ਰਿਸ਼ਟ ਸਬਾਈ ਪਰਖੇ ਨੀਤ, ਕਾਇਆ ਬੰਦ ਬੈਠੇ ਗੁਰੂਦਵਾਰੇ ਮੰਦਰ ਸਚ ਮਸੀਤਿਆ । ਗੁਰਮੁਖ ਵਿਰਲੇ ਕਾਇਆ ਠੰਢੀ ਸੀਤ, ਅੰਮ੍ਰਿਤ ਆਤਮ ਸਾਚਾ ਜਾਮ ਪੀਤਿਆ । ਇਕ ਸੁਣਾਏ ਸਾਚਾ ਗੀਤ, ਅੱਠੇ ਪਹਿਰ ਵਸੇ ਚੀਤ, ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਆਪੇ ਜਾਣੇ ਹਸਤ ਕੀਟਿਆ । ਹਰਿ ਸ਼ਬਦ ਹਰਿ ਰੰਗ, ਗੁਰ ਪੂਰੇ ਵਿਚ ਸਮਾਇਆ । ਗੁਰ ਪੂਰੇ ਵੱਜੇ ਸ਼ਬਦ ਮਰਦੰਗ, ਸ੍ਰਿਸ਼ਟ ਸਬਾਈ ਰਿਹਾ ਸੁਣਾਇਆ । ਸ੍ਰਿਸ਼ਟ ਸਬਾਈ ਕਟੇ ਭੁੱਖ ਨੰਗ, ਸ਼ਬਦ ਦੁਸ਼ਾਲਾ ਤਨ ਪਹਿਨਾਇਆ । ਗੁਰਮੁਖ ਵਿਰਲਾ ਸਾਚੀ ਦਾਤ ਲਏ ਮੰਗ, ਮਨਮੁਖਾਂ ਮੁਖ ਛੁਪਾਇਆ । ਸਦਾ ਸੁਹੇਲਾ ਅੰਗ ਸੰਗ, ਸ਼ਬਦ ਘੋੜੇ ਤੰਗ ਕਸਾਇਆ । ਨੌਂ ਦਵਾਰੇ ਆਪੇ ਲੰਘ, ਸੁਖਮਨ ਤੇਰੀ ਕਰੇ ਸਹਾਇਆ । ਸ਼ਬਦ ਰੰਗੀਲਾ ਇਕ ਵਖਾਏ ਸਚ ਪਲੰਘ, ਆਤਮ ਸੇਜਾ ਇਕ ਵਿਛਾਇਆ । ਅੰਮ੍ਰਿਤ ਆਤਮ ਧਾਰਾ ਵਗੇ ਗੰਗ, ਅਠ ਸਠ ਤੀਰਥ ਹੱਥ ਨਾ ਆਇਆ । ਆਤਮ ਧੁਨ ਸ਼ਬਦ ਨਾਦ ਵੱਜੇ ਮਰਦੰਗ, ਰਾਗ ਛਤੀਸਾ ਨਾ ਕੋਇ ਸੁਣਾਇਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਹਰਿਜਨ ਸਾਚੇ ਰਿਹਾ ਤਰਾਇਆ । ਹਰਿ ਸ਼ਬਦ ਅਮੋਲ, ਗੁਰ ਪੂਰੇ ਜਣਾਈਆ । ਗੁਰ ਪੂਰਾ ਰਹੇ ਅਡੋਲ, ਸ੍ਰਿਸ਼ਟ ਸਬਾਈ ਰਿਹਾ ਤਰਾਈਆ । ਸ੍ਰਿਸ਼ਟ ਸਬਾਈ ਮਾਤ ਅਨਭੋਲ, ਗੁਰ ਸ਼ਬਦ ਸਾਰ ਨਾ ਪਾਈਆ । ਗੁਰਮੁਖ ਵਿਰਲੇ ਭਾਗ ਲਗਾਇਆ ਕਾਇਆ ਚੋਲ, ਕਾਇਆ ਡੋਲੀ ਇਕ ਉਠਾਈਆ । ਬਜਰ ਕਪਾਟੀ ਪੜਦਾ ਖੋਲ੍ਹ, ਸਾਚੀ ਹਾਟੀ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਸੰਤ ਜਨਾਂ ਕਾਇਆ ਮੰਦਰ ਕਿਲ੍ਹੇ ਕੋਟ, ਸ਼ਬਦ ਲਗਾਏ ਸਾਚੀ ਚੋਟ, ਔਖੀ ਘਾਟੀ ਆਪ ਚੜ੍ਹਾਈਆ । ਹਰਿ ਸ਼ਬਦ ਅਭੇਦ, ਭੇਵ ਨਾ ਰਾਇਆ । ਗੁਰ ਸ਼ਬਦ ਘਰ ਆਤਮ ਸਾਚੇ ਵੱਜੇ ਕਿਸੇ ਦਿਸ ਨਾ ਆਏ ਵਿਚ ਕਿਤੇਬ, ਰਸਨਾ ਜਿਹਵਾ ਕਿਸੇ ਨਾ ਗਾਇਆ । ਆਪੇ ਹੋਏ ਅਛਲ ਅਛੇਦ, ਭੇਵ ਨਾ ਪਾਵਣ ਚਾਰੇ ਵੇਦ, ਖਾਣੀ ਬਾਣੀ ਸਾਰ ਨਾ ਰਾਇਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਗੁਰਮੁਖ ਸਾਚੇ ਸੰਤ ਜਨਾਂ ਏਕਾ ਦੇਵੇ ਨਾਮ ਧਨਾ, ਸਾਚਾ ਮਾਰਗ ਰਿਹਾ ਵਖਾਇਆ । ਹਰਿ ਸ਼ਬਦ ਅਟੋਟ ਦੋ ਜਹਾਨ ਹੈ । ਗੁਰ ਸ਼ਬਦ ਉਧਾਰੇ ਕੋਟਨ ਕੋਟ, ਏਕਾ ਬਖ਼ਸ਼ੇ ਚਰਨ ਧਿਆਨ ਹੈ । ਕਲਜੁਗ ਜੀਵ ਆਲਣ੍ਹਿਓਂ ਡਿਗੇ ਬੋਟ, ਨਾ ਸਕੇ ਕੋਈ ਉਠਾਲ ਹੈ । ਗੁਰਮੁਖ ਵਿਰਲੇ ਤਨ ਨਗਾਰੇ ਵੱਜੇ ਸਾਚੀ ਚੋਟ, ਮਨਮੁਖ ਦਰ ਦਵਾਰੇ ਕੁਰਲਾਨ ਹੈ । ਜਨ ਭਗਤਾਂ ਕੱਢੇ ਕਾਇਆ ਖੋਟ, ਆਤਮ ਦੇਵੇ ਬ੍ਰਹਮ ਗਿਆਨ ਹੈ । ਮਨਮੁਖਾਂ ਅਜੇ ਭਰੀ ਨਾ ਕਾਇਆ ਪੋਟ, ਰਸਨਾ ਰਸ ਰਸਕ ਫਿਰੇ ਹਲਕਾਨ ਹੈ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਨਿਹਕਲੰਕ ਨਰਾਇਣ ਨਰ, ਗੁਰਮੁਖ ਸਾਚੇ ਸੰਤ ਜਨਾਂ ਦੇਵਣ ਆਇਆ ਨਾਮ ਨਿਧਾਨ ਹੈ । ਹਰਿ ਸ਼ਬਦ ਅਧਾਰ, ਗੁਰ ਪੂਰੇ ਮਾਤ ਰਖਾਇਆ । ਗੁਰ ਸ਼ਬਦ ਜੈਕਾਰ, ਵਰਭੰਡੀ ਰਿਹਾ ਕਰਾਇਆ । ਵਰਭੰਡੀ ਖ਼ਬਰਦਾਰ, ਕਲਜੁਗ ਵੇਲਾ ਅੰਤਮ ਆਇਆ । ਭੇਖ ਪਖੰਡੀ ਚੋਰ ਯਾਰ, ਦਰ ਦਰ ਘਰ ਘਰ ਰਹੇ ਭੇਖ ਵਟਾਇਆ । ਸਾਚੀ ਡੰਡੀ ਇਕ ਸੰਸਾਰ, ਚਾਰਾਂ ਵਰਨਾਂ ਦਏ ਵਖਾਇਆ । ਨੌਂ ਖੰਡਾਂ ਕਰੇ ਖ਼ਬਰਦਾਰ, ਸ਼ਬਦ ਡੰਡਾ ਹੱਥ ਉਠਾਇਆ । ਚੰਡ ਪਰਚੰਡੀ ਤਿੱਖੀ ਧਾਰ, ਆਰ ਪਾਰ ਰਿਹਾ ਕਰਾਇਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਜਨ ਭਗਤਾਂ ਦੇਵੇ ਨਾਮ ਵਰ, ਆਪ ਆਪਣੇ ਰੰਗ ਸਮਾਇਆ । ਹਰਿ ਸ਼ਬਦ ਹਰਿ ਨਾਉਂ, ਗੁਰ ਪੂਰੇ ਅੰਦਰ ਵੱਜਿਆ । ਗੁਰ ਪੂਰਾ ਦੇਵੇ ਸਭਨੀਂ ਥਾਉਂ, ਆਪ ਆਪਣਾ ਮਾਤ

ਤਜਿਆ । ਫੜ ਫੜ ਹੰਸ ਬਣਾਏ ਕਾਉਂ, ਹਰਿਜਨ ਸਾਚੇ ਪੜਦਾ ਕੱਜਿਆ । ਕਲਜੁਗ ਪਾਰ ਕਰਾਏ ਫੜ ਬਾਹੋਂ, ਇਕ ਵਖਾਏ ਹਾਜਨ ਹੱਜਿਆ । ਸਦਾ ਸੁਹੇਲਾ ਦੇਵੇ ਠੰਡੀ ਛਾਂਓ, ਸਚ ਦਵਾਰਾ ਏਕਾ ਸੱਜਿਆ । ਆਪੇ ਪਿਤਾ ਆਪੇ ਮਾਂਓ, ਆਪੇ ਰੱਖਣ ਆਇਆ ਲੱਜਿਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਲੱਖ ਚੁਰਾਸੀ ਵੇਖ ਘਰ, ਗੁਰਮੁਖ ਵਿਰਲੇ ਇਕ ਦਰ ਸ਼ਬਦ ਤਾਲ ਮਾਤ ਵੱਜਿਆ । ਹਰਿ ਸ਼ਬਦ ਅਕਾਲ ਦਿਆਲ ਜਣਾਈਆ । ਦਿਆਲ ਸ਼ਬਦ ਗੁਰ ਗੋਪਾਲ, ਗੁਰ ਮੰਤਰ ਬਣਤ ਬਣਾਈਆ । ਗੁਰ ਮੰਤਰ ਜਗਤ ਪ੍ਰਿਤਪਾਲ, ਵੱਖਰ ਅੱਖਰ ਭੇਵ ਖੁਲ੍ਹਾਈਆ । ਗੁਰਮੁਖ ਵੇਖੇ ਸਾਚੇ ਲਾਲ, ਕਪਾਟੀ ਪੱਥਰ ਬਜਰ ਆਪ ਤੁੜਾਈਆ । ਕਾਇਆ ਮੰਦਰ ਸੱਚੀ ਧਰਮਸਾਲ, ਸਾਚੇ ਸ਼ਬਦ ਹੋਏ ਸ਼ਨਵਾਈਆ । ਫ਼ਲ ਲੱਗੇ ਕਾਇਆ ਡਾਲ, ਆਤਮ ਮੇਵਾ ਇਕ ਖਵਾਈਆ । ਮਿਲੇ ਵਿਚੋਲਾ ਧੁਰ ਦਲਾਲ, ਗੁਰ ਪੂਰਾ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਜਿਸ ਜਨ ਕਿਰਪਾ ਦੇਵੇ ਕਰ, ਏਕਾ ਧਾਮ ਰਿਹਾ ਵਖਾਈਆ । ਹਰਿ ਹਰਿ ਧਾਮ ਸੁਹਾਏ, ਬਣਤ ਬਣਾਇੰਦਾ । ਗੁਰਮੁਖ ਵਿਰਲਾ ਪਾਏ, ਸੰਤ ਜਣਾਇੰਦਾ । ਸਾਚੇ ਨ੍ਹਾਵਣ ਤੀਰਥ ਨਹਾਏ, ਦੁਰਮਤ ਮੈਲ ਗਵਾਇੰਦਾ । ਫੜ ਫੜ ਹੰਸ ਬਣਾਏ ਕਾਂਏ, ਸਰ ਸਰੋਵਰ ਇਕ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚਾ ਮੰਦਰ ਸਚ ਦਵਾਰ, ਨਾ ਕੋਈ ਜਾਣੇ ਪਾਰ ਕਿਨਾਰ, ਭੇਵ ਅਭੇਦ ਨਾ ਕੋਈ ਪਾਇੰਦਾ । ਸਾਚਾ ਮੰਦਰ ਸਚ ਮਹੱਲਾ, ਪ੍ਰਭ ਸਾਚੇ ਆਪ ਉਪਾਇਆ । ਆਪੇ ਵਸੇ ਇਕ ਇਕੱਲਾ, ਦੂਸਰ ਕੋਇ ਦਿਸ ਨਾ ਆਇਆ । ਹਰਿਜਨ ਸਾਚਾ ਸੰਤ ਸੁਹੇਲਾ ਦਰ ਦਵਾਰੇ ਖਲਾ, ਦੋਏ ਜੋੜ ਸੀਸ ਨਿਵਾਇਆ । ਗੁਰ ਸ਼ਬਦ ਫੜਾਏ ਸਾਚਾ ਭੱਲਾ, ਪੰਚ ਪੰਚਾਇਣੀ ਮੇਟ ਮਿਟਾਇਆ । ਹਰਿ ਸ਼ਬਦ ਕਰਾਏ ਸਾਚਾ ਹੱਲਾ, ਨੌਂ ਦਵਾਰੇ ਪਾਰ ਕਰਾਇਆ । ਸ਼ਬਦ ਫੜਾਏ ਆਪਣਾ ਪੱਲਾ, ਡੂੰਘੀ ਕੰਦਰ ਹੋਏ ਸਹਾਇਆ । ਦਰ ਘਰ ਸਾਚੇ ਅੱਗੇ ਖਲਾ, ਰਾਗ ਅਨਾਦਾ ਰਿਹਾ ਵਜਾਇਆ । ਸੁਰਤੀ ਸ਼ਬਦੀ ਆਪੇ ਮਿਲਾ, ਆਪ ਆਪਣਾ ਮੇਲ ਮਿਲਾਇਆ । ਪਾਰ ਕਰਾਏ ਮਾਇਆ ਕੋਟ ਕਿਲ੍ਹਾ, ਝੂਠਾ ਭਰਮਾ ਡੇਰਾ ਢਾਹਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਸੰਤ ਦੁਲਾਰੇ ਦਰ ਘਰ ਸਾਚੇ ਇਕ ਵਖਾਇਆ । ਸਾਚਾ ਦਰ ਦਰਵਾਜਾ, ਦਿਸ ਕਿਸੇ ਨਾ ਆਇਆ ਏ । ਆਪੇ ਖੋਲ੍ਹੇ ਗਰੀਬ ਨਿਵਾਜਾ, ਗੁਰਮੁਖ ਵਿਰਲੇ ਹਿਸਾ ਮਾਤ ਵੰਡਾਇਆ ਏ । ਆਪ ਆਪਣਾ ਸਾਜਣ ਸਾਜਾ, ਦਹਿ ਦਿਸ਼ਾ ਵਿਚ ਸਮਾਇਆ ਏ । ਸਾਚੇ ਤਖ਼ਤ ਆਪ ਬਿਰਾਜੇ ਹਰਿ ਸ਼ਾਹੋ ਰਾਜਨ ਰਾਜਾ, ਜੋਤੀ ਨੂਰ ਸਵਾਇਆ ਏ । ਸ਼ਬਦ ਸਰੂਪੀ ਮਾਰੇ ਆਵਾਜਾ, ਚੋਬਦਾਰ ਆਪ ਅਖਵਾਇਆ ਏ । ਆਪੇ ਰੱਖੇ ਗੁਰਮੁਖ ਲਾਜਾ, ਲਾਜਾਵੰਤ ਸਰਬ ਸੁਖਦਾਇਆ ਏ । ਦਸਮ ਦਵਾਰੀ ਰਚਿਆ ਕਾਜਾ, ਪਾਰਬ੍ਰਹਮ ਬ੍ਰਹਮ ਦੋਹਾਂ ਮੇਲ ਮਿਲਾਇਆ ਏ । ਸੀਸ ਪਹਿਨਾਏ ਸਾਜਾ ਤਾਜਾ, ਸਾਚਾ ਗਹਿਣਾ ਤਨ ਸਜਾਇਆ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦਰ ਦਵਾਰਾ ਇਕ ਸੁਹਾਇਆ ਏ । ਦਰ ਦਵਾਰਾ ਆਪ ਸੁਹਾਏ, ਹਰਿ ਸਾਚਾ ਕੰਤ ਸੁਹਾਗੀਆ । ਗੁਰਮੁਖ ਸਾਚੇ ਮੇਲ ਮਿਲਾਏ, ਹੋਏ ਵਡ ਵਡਭਾਗੀਆ । ਸਾਚਾ ਸੱਜਣ ਸੁਹੇਲ ਆਪ ਅਖਵਾਏ, ਦੁਰਮਤ ਮੈਲ ਧੋਵੇ ਦਾਗ਼ੀਆ । ਧਰਮ ਰਾਏ ਦੀ ਜੇਲ੍ਹ ਕਟਾਏ, ਲਾੜੀ ਮੌਤ ਹੋਏ ਦੁਰਾਡੀਆ । ਅਚਰਜ ਖੇਲ ਆਪ ਕਰਾਏ, ਚਰਨ ਕਵਲ ਉਪਰ ਧਵਲ ਜਿਸ ਜਨ ਗੁਰ ਪੂਰੇ ਹਾਜ਼ਰ ਹਜੂਰੇ ਚਰਨ ਪ੍ਰੀਤੀ ਲਾਗੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮੇਲ ਮਿਲਾਏ ਕੰਤ ਸੁਹਾਗੀਆ । ਕੰਤ ਸੁਹਾਗੀ ਹਰਿ ਸੁਲਤਾਨ, ਘਰ


੬੬੦ ੦੫

ਮੰਦਰ ਅੰਦਰ ਪਾਇਆ । ਮਿਲਿਆ ਮੇਲ ਸ੍ਰੀ ਭਗਵਾਨ, ਹਉਮੇ ਹੰਗਤਾ ਵੱਜਾ ਜੰਦਰ, ਆਪਣਾ ਆਪ ਤੁੜਾਇਆ । ਸ਼ਬਦ ਵਖਾਇਆ ਸਚ ਨਿਸ਼ਾਨ, ਡੂੰਘੀ ਕੰਦਰ ਭਾਗ ਲਗਾਇਆ । ਗੁਰ ਪੂਰਾ ਸਦਾ ਸਦਾ ਸਦਾ ਮਿਹਰਵਾਨ, ਗੁਰਮੁਖਾਂ ਦੇ ਮਤ ਰਿਹਾ ਸਮਝਾਇਆ । ਲੱਖ ਚੁਰਾਸੀ ਚੁੱਕੇ ਕਾਨ, ਜਮ ਕੀ ਫਾਸੀ ਫੰਦ ਕਟਾਇਆ । ਆਪ ਬਿਠਾਏ ਸ਼ਬਦ ਬਿਬਾਣ, ਗੁਣ ਨਿਧਾਨਾ ਦਇਆ ਕਮਾਇਆ । ਪੁਰੀਆਂ ਲੋਆਂ ਇਕ ਉਡਾਨ, ਤਿੰਨਾਂ ਲੋਕਾਂ ਬਾਹਰ ਰਖਾਇਆ । ਚੌਥੇ ਘਰ ਸਚ ਮਕਾਨ, ਗੁਰਮੁਖ ਸਾਚੇ ਲਏ ਬਹਾਇਆ । ਪੰਚਮ ਮੇਲਾ ਗੁਣ ਨਿਧਾਨ, ਪਵਣ ਪਵਣੀ ਵਿਚ ਸਮਾਇਆ । ਛੇਵੇਂ ਮੇਲ ਸ਼ਬਦ ਬਲਵਾਨ, ਸ਼ਬਦੀ ਰੰਗ ਰੰਗਾਇਆ । ਸੱਤਵੇ ਸਤਿ ਪੁਰਖ ਨਿਗਾਹਬਾਨ, ਜੋਤੀ ਜੋਤ ਰਿਹਾ ਜਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚ ਮੰਡਲ ਘਰ ਸਾਚੇ ਆਸਣ ਲਾਇਆ । ਘਰ ਸਾਚਾ ਵੇਖ, ਗੁਰਮੁਖ ਸਾਚੇ ਖ਼ੁਸ਼ੀ ਮਨਾਈਆ । ਨੇਤਰ ਲੋਚਣ ਸਾਚੇ ਪੇਖ, ਆਤਮ ਤ੍ਰਿਸ਼ਨਾ ਜਗਤ ਮਿਟਾਈਆ । ਪ੍ਰਭ ਲਿਖਣ ਵਾਲਾ ਲੇਖ, ਬ੍ਰਹਮ ਪਾਰਬ੍ਰਹਮ ਹੋਏ ਜਣਾਈਆ । ਕਲਜੁਗ ਅੰਤਮ ਧਾਰੇ ਭੇਖ, ਨਿਹਕਲੰਕਾ ਨਾਉਂ ਰਖਾਈਆ । ਸ੍ਰਿਸ਼ਟ ਸਬਾਈ ਰਿਹਾ ਵੇਖ, ਆਪ ਦਿਸ ਕਿਸੇ ਨਾ ਆਈਆ । ਗੁਰਮੁਖਾਂ ਕਰੇ ਬੁੱਧ ਬਿਬੇਕ, ਚਰਨ ਟੇਕ ਇਕ ਰਖਾਈਆ । ਕਲਜੁਗ ਮਾਇਆ ਨਾ ਲਾਏ ਸੇਕ, ਸਿਰ ਆਪਣਾ ਹੱਥ ਰਖਾਈਆ । ਮਨਮੁਖ ਜੀਵ ਰਹੇ ਵੇਖੀ ਵੇਖ, ਅਕਾਲ ਮੂਰਤ ਨਜ਼ਰ ਨਾ ਆਈਆ । ਅੰਤਮ ਮੇਟੇ ਬਿਧਨਾ ਲਿੱਖੀ ਰੇਖ, ਸਾਚੀ ਸੂਰਤ ਦਏ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵੇਖ ਵਖਾਣੇ ਸਰਬ ਲੁਕਾਈਆ । ਸਚ ਦਵਾਰਾ ਵੇਖ ਗੁਰਮੁਖ ਹੱਸਿਆ । ਜੋਤੀ ਜਾਮਾ ਗੁਰ ਦਸਮੇਸ, ਪੰਚ ਵਿਕਾਰਾ ਦਰ ਤੋਂ ਨੱਸਿਆ । ਆਪੇ ਦਾਤਾ ਜੋਧਾ ਸੂਰਾ ਨਰ ਨਰੇਸ਼, ਸ਼ਬਦ ਕਰਾਏ ਕਮਰਕੱਸਿਆ । ਕੋਈ ਨਾ ਚਲੇ ਕਿਸੇ ਪੇਸ਼, ਚਾਰ ਵਰਨਾਂ ਰਾਹ ਏਕਾ ਦੱਸਿਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਕਲਜੁਗ ਰੈਣ ਅੰਧੇਰੀ ਮੇਟੇ ਅੰਧੇਰਾ ਮਸਿਆ । ਗੁਰਮੁਖ ਵੇਖੇ ਸਚ ਦਵਾਰ, ਪ੍ਰਭ ਸਾਚੇ ਜੋਤ ਜਗਾਈਆ । ਚਾਰੇ ਕੁੰਟਾਂ ਬੰਦ ਕਿਵਾੜ, ਦੂਸਰ ਕੋਇ ਦਿਸ ਨਾ ਆਈਆ । ਆਪੇ ਘੜਿਆ ਆਪਣਾ ਘਾੜ, ਘੜਨਹਾਰ ਸਰਬ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨ ਭਗਤਾਂ ਦਿਸੇ ਸਚ ਘਰ, ਦਵਾਰ ਬੰਕਾ ਇਕ ਸੁਹਾਈਆ । ਕਲਜੁਗ ਕਾਲੀ ਧਾਰ, ਕਾਲ ਪੁਕਾਰਿਆ । ਲੇਖਾ ਚੁੱਕੇ ਮੁਹੰਮਦੀ ਯਾਰ, ਪ੍ਰਭ ਅਬਿਨਾਸ਼ੀ ਸੁਣ ਪੁਕਾਰਿਆ । ਮੰਗੇ ਮੰਗ ਦਰ ਭਿਖਾਰ, ਨਾ ਦਿਸੇ ਪਾਸਾ ਹਾਰਿਆ । ਭਿਛਿਆ ਪਾਉਣੀ ਅਪਰ ਅਪਾਰ, ਲਾੜੀ ਮੌਤ ਨਾਲ ਤਿਆਰ, ਧਰਮ ਰਾਏ ਵੇਖੇ ਦਰ ਦਵਾਰਿਆ । ਦੋ ਜਹਾਨਾਂ ਦੇਣਾ ਇਕ ਪਿਆਰ, ਲੋਕਮਾਤ ਰਹੀਏ ਖ਼ਬਰਦਾਰ, ਕਰੇ ਕਰਾਏ ਸਚ ਵਿਹਾਰਿਆ । ਮਨਮੁਖ ਜੀਵ ਹੋਏ ਗਵਾਰ, ਘਰ ਘਰ ਧੂੰਏ ਰਹੇ ਧੁਖ ਪਰਗਟ ਹੋਏ ਨਿਹਕਲੰਕ ਨਰਾਇਣ ਨਰ ਅਵਤਾਰ, ਗੁਰਮੁਖਾਂ ਕਰੇ ਉਜਲ ਮੁਖ ਮਨਮੁਖਾਂ ਮਾਰੇ ਸ਼ਬਦ ਕਟਾਰ, ਸਾਰ ਕੋਈ ਨਾ ਪਾ ਰਿਹਾ । ਜੋਤੀ ਜੋਤ ਸਰੂਪ ਹਰਿ, ਸ਼ਬਦ ਸਿੰਘਾਸਣ ਜੋਤ ਬਿਰਾਜ ਕਲਜੁਗ ਅੰਤਮ ਰਚਿਆ ਕਾਜ, ਕਾਲ ਮਹਾਂਕਾਲ ਦੀਨ ਦਿਆਲ ਹੁਕਮ ਸੁਣਾ ਰਿਹਾ । ਕਾਲ ਪੁਕਾਰ ਦਾਤਾਰ ਕਰ, ਦੋਏ ਜੋੜ ਕਰੇ ਬੇਨੰਤੀਆ । ਕਿਰਪਾ ਅਪਰ ਅਪਾਰ ਕਰ, ਵੇਖਾਂ ਖੇਲ ਜੁਗਾਂ ਜੁਗੰਤੀਆ । ਲਾੜੀ ਮੌਤ ਤਨ ਸ਼ਿੰਗਾਰ ਕਰ, ਰੰਗ ਚੜ੍ਹਾਏ ਤਨ ਬਸੰਤੀਆ । ਆਪ ਆਪਣਾ ਸ਼ਬਦ ਉਧਾਰ ਧਰ, ਗੁਰਮੁਖ ਸਾਚੇ ਪਾਰ ਕਰ, ਧਨਵੰਤੇ ਹਰਿ ਧੰਨਵੰਤੀਆ । ਜੋਤੀ ਜੋਤ ਸਰੂਪ ਹਰਿ, ਮੰਗਣ ਆਏ ਵਰ ਦਰ, ਜਗਤ ਭਰਨਾ ਸਾਚਾ

ਘਰ ਲੱਖ ਚੁਰਾਸੀ ਜੀਵ ਜੰਤੀਆ । ਕਲਜੁਗ ਕਾਲ ਕਰੀ ਸਲਾਹ, ਵੇਲਾ ਅੰਤਮ ਆਇਆ । ਲੱਖ ਚੁਰਾਸੀ ਅੰਤਮ ਬਣੇ ਕਵਣ ਮਲਾਹ, ਸਾਧ ਸੰਤ ਆਤਮ ਰਸਨ ਹੋਏ ਹਲਕਾਇਆ । ਕਵਣ ਕਟਾਏ ਜਮ ਕਾ ਫਾਹ, ਧਰਮ ਰਾਏ ਰਿਹਾ ਖ਼ੁਸ਼ੀ ਮਨਾਇਆ । ਲਾੜੀ ਮੌਤ ਵੇਖੇ ਥਾਂ, ਨੌਂ ਖੰਡਾਂ ਖੇਲ ਰਿਹਾ ਖਿਲਾਇਆ । ਗੁਰਮੁਖ ਵਿਰਲੇ ਪੁਰਖ ਅਬਿਨਾਸ਼ੀ ਆਪੇ ਪਕੜੇ ਬਾਂਹ, ਸ਼ਬਦ ਸਰੂਪੀ ਮੇਲ ਮਿਲਾਇਆ । ਜੋਤੀ ਜੋਤ ਸਰੂਪ ਹਰਿ, ਏਕਾ ਦੇਵੇ ਸ਼ਬਦ ਵਰ, ਜਗਤ ਕੂਟ ਪੈ ਜਾਏ ਫੂਟ, ਲਹਿੰਦੀ ਦਿਸ਼ਾ ਪਾਏ ਹਿੱਸਾ, ਦਹਿ ਦਿਸ਼ਾ ਵੇਖ ਵਖਾਇਆ । ਕਾਲ ਦਿਆਲ ਪ੍ਰਭ ਸ਼ਬਦ ਜਣਾਈ, ਰਹਿਣਾ ਖ਼ਬਰਦਾਰ । ਕਲਜੁਗ ਅੰਤਮ ਹੋਏ ਕੁੜਮਾਈ, ਜਗਤ ਵਿਚੋਲਾ ਮੁਹੰਮਦ ਯਾਰ । ਲੱਖ ਚੁਰਾਸੀ ਪੈਣੀ ਫਾਹੀ, ਸੋਹੰ ਢੋਲਾ ਕਰੇ ਖ਼ਬਰਦਾਰ । ਮਸਤਕ ਟਿੱਕਾ ਕਵਣ ਮੇਟੇ ਮਸਤਕ ਕਾਲੀ ਸ਼ਾਹੀ, ਜੰਤ ਅੰਤ ਹੋਣਾ ਦੁਸ਼ਟ ਦੁਰਾਚਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸ਼ਬਦ ਵਰ, ਮੰਗੇ ਮੰਗ ਦਰ ਭਿਖਾਰ । ਆਤਮ ਭਿਛਿਆ ਪ੍ਰਭ ਸਾਚੇ ਪਾਈ, ਮੰਗੀ ਮੰਗ ਅਪਾਰ । ਜਗਤ ਇਛਿਆ ਪੂਰ ਕਰਾਈ, ਸ੍ਰਿਸ਼ਟ ਸਬਾਈ ਹੋਏ ਭੰਗ, ਨਾ ਕੋਈ ਦੀਸੇ ਮੀਤ ਮੁਰਾਰ । ਦਹਿ ਦਿਸ਼ਾ ਵੇਖ ਵਖਾਈ ਸਰਬੰਗ, ਰੰਗ ਮੂਲ ਨਾ ਕੋਈ ਹੰਢਾਈ, ਗੁਰਮੁਖ ਵਿਰਲੇ ਸਾਚੀ ਸਿਖਿਆ ਗੁਰਮਤ ਪਾਈ, ਗੁਰ ਚਰਨ ਪ੍ਰੀਤੀ ਸਚ ਪਿਆਰ । ਮਿਤ ਗਤ ਗਤ ਮਿਤ ਪ੍ਰਭ ਸ਼ਬਦ ਜਣਾਈ, ਭਰਿਆ ਰਹੇ ਭਗਤ ਭੰਡਾਰ । ਧਰਨੀ ਧਰ ਆਪ ਅਖਵਾਈ, ਕਰਨੀ ਕਰਨ ਸ੍ਰਿਸ਼ਟ ਸਬਾਈ ਆਪੇ ਜਾਣੇ ਆਪਣੀ ਧਾਰ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਕਰੇ ਖੇਲ ਅਪਰ ਅਪਾਰ । ਅਪਰ ਅਪਾਰਾ ਖੇਲ ਰਚਾਇਆ, ਹਰਿ ਸਾਚੀ ਵੰਡ ਵੰਡਾਈਆ । ਸੰਮਤ ਤੇਰਾਂ ਮਾਤ ਚੜ੍ਹਾਇਆ, ਰਾਜ ਰਾਜਾਨਾ ਸ਼ਬਦ ਜਣਾਈਆ । ਸਾਧਾਂ ਸੰਤਾਂ ਰਿਹਾ ਹਿਲਾਇਆ, ਆਤਮ ਗਿਆਨ ਵੇਖ ਵਖਾਈਆ । ਆਪ ਆਪਣਾ ਰੰਗ ਵਟਾਇਆ, ਸ਼ਬਦ ਨਿਸ਼ਾਨੇ ਤੀਰ ਉਠਾਈਆ । ਵੇਖੇ ਖੇਲ ਸ੍ਰੀ ਭਗਵਾਨਾ, ਭਗਤ ਭਗਵੰਤਾ ਦੇਰ ਨਾ ਲਾਈਆ । ਪੁਰੀਆਂ ਲੋਆਂ ਇਕ ਨਿਸ਼ਾਨਾ, ਗੁਣ ਨਿਧਾਨਾ ਰਿਹਾ ਬਣਾਈਆ । ਬ੍ਰਹਮਲੋਕ ਹੋਏ ਅੰਤ ਵੈਰਾਨਾ, ਬ੍ਰਹਮਾ ਮੇਟ ਮਿਟਾਈਆ । ਸ਼ਿਵ ਸ਼ੰਕਰ ਬੈਠਾ ਲਾਏ ਧਿਆਨਾ, ਬਾਸ਼ਕ ਤਸ਼ਕਾ ਗਲ ਲਟਕਾਈਆ । ਸੁਰਪਤ ਰਾਜਾ ਇੰਦ ਰਹੇ ਮਸਤਾਨਾ, ਕਰੋੜ ਤੇਤੀਸਾ ਸੀਸ ਝੁਕਾਈਆ । ਵਰਭੰਡੀ ਹੋਏ ਜੀਵ ਨਾਦਾਨ, ਕਲਜੁਗ ਭੰਡੀ ਪਾਈਆ । ਪਰਗਟ ਹੋਏ ਹਰਿ ਬਲਵਾਨਾ, ਨੌਂ ਖੰਡੀ ਜੋਤ ਜਗਾਈਆ । ਏਕਾ ਰੱਖੇ ਸ਼ਬਦ ਨਿਸ਼ਾਨਾ, ਚੰਡ ਪਰਚੰਡੀ ਆਪ ਉਠਾਈਆ । ਜਨ ਭਗਤਾਂ ਬੰਨ੍ਹੇ ਹੱਥੀਂ ਗਾਨਾ, ਮਨਮੁਖਾਂ ਕੰਡੀ ਰਿਹਾ ਵਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਮਤ ਬੀਸ ਸਦ ਤੇਰਾਂ ਆਪ ਚੁਕਾਏ, ਹੇਰਾ ਫੇਰਾ ਰਿਹਾ ਮਿਟਾਈਆ । ਹੇਰਾ ਫੇਰਾ ਜਗਤ ਮਿਟਾਏ, ਹਰਿ ਸਾਚਾ ਵਕਤ ਸੁਹਾਉਣਾ ਏ । ਅਸੂ ਤਿੰਨ ਦਇਆ ਕਮਾਏ, ਦਿੱਲੀ ਦਰਬਾਰ ਜਾ ਹਿਲਾਉਣਾ ਏ । ਭਿੰਨ ਭਿੰਨ ਪ੍ਰਭ ਜੋਤ ਜਗਾਏ, ਸ਼ਾਹ ਸ਼ਹਾਨਾ ਹਰਿ ਭਗਵਾਨਾ ਇਕ ਅਲਖ ਜਗਾਉਣਾ ਏ । ਵਾਲੀ ਹਿੰਦ ਉਠ ਨਿਧਾਨਾ, ਪਰਗਟ ਹੋਏ ਨਿਹਕਲੰਕ ਬਲੀ ਬਲਵਾਨਾ, ਸ੍ਰਿਸ਼ਟ ਸਬਾਈ ਤੁਟੇ ਮਾਣਾ, ਸ਼ਾਹ ਸੁਲਤਾਨਾਂ ਕੋਈ ਦਿਸ ਨਾ ਆਉਣਾ ਏ । ਇਕ ਝੁਲਾਏ ਧਰਮ ਨਿਸ਼ਾਨਾ, ਚਾਰ ਵਰਨਾ ਬ੍ਰਹਮ ਗਿਆਨਾ, ਹਿੰਦੂ ਸਿੱਖ ਇਸਾਈ ਮੁਸਲਮ ਕੋਈ ਦਿਸ ਨਾ ਆਉਣਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕ ਰਖਾਏ ਧੁਰ ਫ਼ਰਮਾਣਾ, ਵੇਦ ਪੁਰਾਨਾ ਭੇਵ ਨਾ ਪਾਉਣਾ ਏ । ਸੰਮਤ ਚੌਦਾਂ ਚੌਦਾਂ ਹੱਟ, ਪ੍ਰਭ ਸਾਚਾ ਮਾਤ ਖੁਲ੍ਹਾਇੰਦਾ । ਇਕ ਦਿਖਾਏ ਸ਼ਬਦ

ਪਟ, ਗੁਰਮੁਖਾਂ ਤਨ ਪਹਿਨਾਇੰਦਾ । ਜੋਤ ਜਗਾਏ ਲਟ ਲਟ, ਅਗਿਆਨ ਅੰਧੇਰ ਮਿਟਾਇੰਦਾ । ਮਨਮੁਖਾਂ ਦੂਈ ਦਵੈਤੀ ਲੱਗਾ ਫੱਟ, ਨਾ ਕੋਇ ਰੋਗ ਗਵਾਇੰਦਾ । ਗੁਰਮੁਖਾਂ ਦੁਰਮਤ ਮੈਲ ਕੱਟ, ਧੁਰ ਸੰਜੋਗ ਮਿਲਾਇੰਦਾ । ਵੇਖ ਵਖਾਏ ਅੱਠ ਸੱਠ ਆਪ ਆਪਣੀ ਬਣਤ ਬਣਾਇੰਦਾ । ਦਰ ਦਵਾਰੇ ਇਕ ਇਕੱਠ, ਕਲਜੁਗ ਤੇਰੀ ਉਲਟੀ ਲੱਠ ਹਰਿ ਸਮਰਥ ਆਪੇ ਆਪ ਗਿੜਾਇੰਦਾ । ਜਗਤ ਵਿਦਿਆ ਹੋਣੀ ਭੱਠ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੇ ਰੰਗ ਸਮਾਇੰਦਾ । ਦਸ ਪੰਜ ਪੰਜ ਦਸ ਤੇਰੀ ਧਾਰ । ਗੁਰਮੁਖਾਂ ਪ੍ਰਭ ਨੱਸ ਨੱਸ ਕਰੇ ਕਰਾਏ ਖ਼ਬਰਦਾਰ । ਸਾਚਾ ਰਾਹ ਏਕਾ ਦੱਸ, ਇਕ ਵਖਾਏ ਪਾਰ ਬਿਆਸ ਕਿਨਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਹਰਿ ਭਗਤ ਮੇਲ ਜੋਤ ਨਿਰੰਜਣ ਨਰ ਨਿਰੰਕਾਰ । ਸੰਮਤ ਪੰਦਰਾਂ ਪੰਧ ਮੁਕਾਏ, ਜੂਠੀ ਝੂਠੀ ਯਾਰੀ ਦਾ । ਕਲਜੁਗ ਜੀਆਂ ਅੰਧ ਮਿਟਾਏ, ਕਰੇ ਖੇਲ ਹਰਿ ਗੁਣਵੰਤ ਗੁਣਾ ਗੁਣਕਾਰੀ ਦਾ । ਮਦਿਰਾ ਮਾਸ ਨਾ ਕੋਈ ਦੰਦ ਲਗਾਏ, ਲੇਖਾ ਚੁੱਕੇ ਜਗਤ ਵਿਹਾਰੀ ਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਚੰਦ ਲੋਕਮਾਤ ਚੜ੍ਹਾਏ, ਮੇਲ ਮਿਲਾਏ ਧੁਰ ਦਰਬਾਰੀ ਦਾ । ਸੋਲਾਂ ਸੋਲਾਂ ਕਲ ਧਾਰ, ਆਪਣੀ ਕਲ ਵਰਤਾਇੰਦਾ । ਰਾਜ ਰਾਜਾਨਾਂ ਕਰੇ ਖ਼ਬਰਦਾਰ, ਸ਼ਾਹ ਸੁਲਤਾਨਾਂ ਭਿਖ ਮੰਗਾਇੰਦਾ । ਆਪੇ ਬੈਠ ਸਚ ਸੱਚੇ ਦਰਬਾਰ, ਗੁਣ ਨਿਧਾਨਾ ਵੇਖ ਵਖਾਇੰਦਾ । ਚਾਰੋਂ ਕੁੰਟ ਹਾਹਾਕਾਰ, ਭੈਣ ਭਈਆ ਨਾ ਕੋਈ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਗੁਰਮੁਖ ਮਿਲੇ ਸਾਚਾ ਸਈਆ, ਨਾਮ ਚੜ੍ਹਾਏ ਸਾਚੀ ਨਈਆ, ਕਲਜੁਗ ਬੇੜਾ ਪਾਰ ਕਰਾਇੰਦਾ । ਸੰਮਤ ਸਤਾਰਾਂ ਹੋਏ ਵਿਛੋੜਾ ਕੰਤ ਨਾਰਾ, ਚਾਰੋਂ ਕੁੰਟ ਅਗੰਮੀ ਧਾੜਾ, ਕਿਸੇ ਨਾ ਦਿਸੇ ਪਿਛੇ ਅਗਾੜਾ, ਹਾੜ ਸਤਾਰਾਂ ਵਕਤ ਸੁਹਾਇੰਦਾ । ਸੰਮਤ ਚੜ੍ਹੇ ਦਸ ਅਠ ਅਠਾਰਾਂ, ਧਰਮ ਰਾਏ ਘਰ ਲੱਗੇ ਬਹਾਰਾਂ, ਲਾੜੀ ਮੌਤ ਲੱਖ ਚੁਰਾਸੀ ਵੇਖੇ ਏਕਾ ਲਾੜਾ, ਹੱਥੀਂ ਗਾਨਾ ਬੰਨ੍ਹ ਵਖਾਈਆ । ਸੰਮਤ ਚੜ੍ਹੇ ਜਗਤ ਉਨੀਸਾ, ਕੋਈ ਨਾ ਦਿਸੇ ਜਗਤ ਹਦੀਸਾ, ਮਾਇਆ ਰਾਣੀ ਜੂਠਾ ਝੂਠਾ ਪੀਸਣ ਪੀਸਾ, ਖਾਲੀ ਹੋਏ ਸਰਬ ਦਾ ਖੀਸਾ, ਜਗਤ ਭੁੱਖ ਕਿਸੇ ਮੁਨ ਰਿਖ ਲੋਕਮਾਤ ਹੱਥ ਨਾ ਆਈਆ । ਬੀਸ ਬੀਸਾ ਹਰਿ ਜਗਦੀਸਾ ਛਤਰ ਝੁਲਾਏ ਸਾਚੇ ਸੀਸਾ, ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਏਕਾ ਵਰਨ ਏਕਾ ਸਰਨ ਏਕਾ ਰਾਗ ਏਕਾ ਜਾਗ ਮੇਲ ਮਿਲਾਵਾ ਕੰਤ ਸੁਹਾਗ, ਸਾਚਾ ਮੇਲਾ ਆਪ ਮਿਲਾਈਆ । ਬੀਸ ਇਕ ਇਕੀਸ ਸ੍ਰਿਸ਼ਟ ਸਬਾਈ ਰਹਿ ਜਾਏ ਨਿੱਕੀ, ਰਵ ਸੱਸ ਸੱਸ ਰਵ ਨਾਮ ਨੌਕਾ ਸਾਚੀ ਚੜ੍ਹ, ਦਰ ਦਵਾਰੇ ਅੱਗੇ ਖੜ੍ਹ, ਪੁਰਖ ਅਬਿਨਾਸ਼ੀ ਲੜ ਸਾਚਾ ਫੜ । ਏਕਾ ਵਰ ਮੰਗਣ ਸੀਸ ਧੜ । ਲੋਕਮਾਤੀ ਲੱਗੇ ਜੜ੍ਹ । ਸੋਹੰ ਅੱਖਰ ਸਤਿਜੁਗ ਵਖਰ ਲੈਣੇ ਪੜ੍ਹ । ਦਰ ਦਵਾਰੇ ਸਾਚੇ ਵੜ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਦੇ ਦੇ ਵਰ, ਗਗਨ ਗਗਨੰਤਰ ਜਾਇਣ ਚੜ੍ਹ । ਇਕੀਸ ਇਕੀਸ ਕਰੇ ਵਿਹਾਰਾ, ਕਲਗੀ ਧਰ ਜਗਦੀਸ । ਨੌਂ ਖੰਡ ਪ੍ਰਿਥਮੀ ਏਕਾ ਧਾਰਾ, ਸ਼ਬਦ ਰਖਾਏ ਸਾਚੇ ਸੀਸ । ਪਾਰਬ੍ਰਹਮ ਬ੍ਰਹਮ ਰੂਪ ਨਿਆਰਾ, ਕੋਈ ਨਾ ਕਰੇ ਮਾਤ ਵੇਸ । ਸਾਚਾ ਸ਼ਬਦ ਧਰਮ ਜੈਕਾਰਾ, ਜੈ ਜੈਕਾਰ ਇਕ ਹਦੀਸ । ਏਕਾ ਏਕ ਏਕੰਕਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਸੁਨੇਹੜਾ ਜਗਤ ਵਰ ਦੇਵੇ ਅਲੱਖ ਅਭੇਵੇ, ਸ੍ਰਿਸ਼ਟ ਸਬਾਈ ਰਸਨਾ ਸੇਵੇ, ਗਾਏ ਗੁਣ ਜਿਹਵਾ ਜਿਹਵੇ ਇਕ ਇਕੀਸ । ਭਗਤ ਦਵਾਰ ਹਰਿ ਸਾਚੇ ਭਾਏ, ਜੁਗਾ ਜੁਗੰਤਰ ਰੀਤੀ । ਨਾਮ ਅਧਾਰਾ ਇਕ ਰਖਾਏ,

ਕਾਇਆ ਕਰੇ ਪਤਤ ਪੁਨੀਤੀ । ਸੋਲਾਂ ਤਨ ਸ਼ਿੰਗਾਰ ਕਰਾਏ, ਵਣਜ ਵਪਾਰ ਇਕ ਕਰਾਏ, ਬੈਠਾ ਦਿਸੇ ਇਕ ਅਤੀਤੀ । ਕੰਤ ਭਤਾਰ ਮੇਲ ਮਿਲਾਏ, ਆਤਮ ਸੇਜਾ ਇਕ ਵਖਾਏ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅੰਮ੍ਰਿਤ ਧਾਰਾ ਮੁਖ ਚੁਆਏ, ਕਾਇਆ ਕਰੇ ਸੀਤਲ ਸੀਤੀ । ਗੁਰਮੁਖ ਪਾਇਆ ਰਾਮ, ਧਾਮ ਬਿਰਾਜਿਆ । ਅੰਮ੍ਰਿਤ ਆਤਮ ਪੀਆ ਜਾਮ, ਪੂਰਨ ਹੋਏ ਕਾਜਿਆ । ਕਾਇਆ ਨਗਰ ਖੇੜਾ ਸਚ ਗਰਾਮ, ਦੀਪਕ ਜੋਤੀ ਜਗੇ ਮਿਟੇ ਅੰਧੇਰੀ ਸ਼ਾਮਿਆ । ਲੇਖੇ ਲੱਗਾ ਕਾਇਆ ਮਾਟੀ ਚਾਮ, ਮਿਲੇ ਮੇਲ ਪ੍ਰਭ ਅੰਤਰਜਾਮੀਆ । ਪੱਲੇ ਬੰਨ੍ਹੇ ਸੱਚਾ ਦਾਮ, ਦੋ ਜਹਾਨਾਂ ਕਰੇ ਰਖਵਾਲੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਭਗਤ ਦਵਾਰਾ ਮੰਗੇ ਮੰਗ, ਚਰਨ ਪਿਆਰਾ ਬਣ ਸਵਾਲੀਆ । ਚਰਨ ਪਿਆਰ ਮੰਗੇ ਮੰਗ, ਹਰਿ ਦਾਤਾ ਜਗਤ ਸਵਾਲੀਆ । ਕਾਇਆ ਚੋਲੀ ਚਾੜ੍ਹੇ ਰੰਗ, ਮਿਟੇ ਹਰਿ ਜਨ ਘਟਾ ਕਾਲੀਆ । ਵਜੇ ਸ਼ਬਦ ਨਾਮ ਮਰਦੰਗ, ਬਹੱਤਰ ਨਾੜੀ ਸਾਚਾ ਤਾੜਾ ਦਿਵਸ ਦਿਹਾੜਾ ਇਕ ਵਖਾਈਆ । ਮਾਨਸ ਦੇਹੀ ਨਾ ਹੋਏ ਭੰਗ, ਪੁਰਖ ਅਬਿਨਾਸ਼ੀ ਸਾਚਾ ਸੰਗ, ਮਿਲੇ ਮੇਲ ਜੋਤ ਅਕਾਲੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਤਮ ਵੇਖੇ ਸਚ ਘਰ, ਦੀਪਕ ਜੋਤ ਜਗੇ ਦਿਵਾਲੀਆ । ਦੀਪਕ ਜੋਤੀ ਤਨ ਉਜਿਆਰ, ਮਿਟੇ ਅੰਧ ਅਗਿਆਨਾ । ਏਕਾ ਏਕ ਕਰ ਆਕਾਰ, ਵੇਖ ਵਖਾਏ ਸ੍ਰੀ ਭਗਵਾਨਾ । ਦਸਮ ਦਵਾਰੀ ਖੋਲ੍ਹ ਕਿਵਾੜ, ਸਾਚੀ ਧੂੜ ਕਰੇ ਇਸ਼ਨਾਨਾ । ਨੌਂ ਦਵਾਰ ਤੱਤੀ ਅਗਨੀ ਹਾੜ, ਮਨਮੁਖ ਜੀਵ ਵੰਡ ਵੰਡਾਨਾ । ਜਗਤ ਵਿਕਾਰ ਮਗਰ ਲੱਗੀ ਧਾੜ, ਪੰਜਾਂ ਚੋਰਾਂ ਇਕ ਅਖਾੜ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਜਾਏ ਤਾਰ, ਏਕਾ ਦੇਵੇ ਸ਼ਬਦ ਹੁਲਾਰ, ਧੁਰ ਦਰਗਾਹੀ ਧੁਰ ਬਿਬਾਣਾ । ਨਾਮ ਬਿਬਾਣੇ ਸਾਚੇ ਚੜ੍ਹ, ਗੁਰਮੁਖ ਮਿਟੀ ਜੁਦਾਈਆ । ਨੌਂ ਦਵਾਰੇ ਅਗੇ ਖੜ, ਪ੍ਰਭ ਸਾਚੇ ਦਇਆ ਕਮਾਈਆ । ਸ਼ਬਦ ਘਾੜਨ ਸਾਚਾ ਘੜ, ਰਥ ਰਥਵਾਹੀ ਆਪ ਹੋ ਜਾਈਆ । ਏਕਾ ਨਾਮ ਫੜਾਏ ਲੜ, ਸ਼ਬਦ ਡੰਡਾ ਰਿਹਾ ਵਖਾਈਆ । ਹਰਿ ਜਨ ਸਾਚਾ ਜਾਏ ਚੜ੍ਹ, ਕਲਜੁਗ ਅੰਤਮ ਕੰਢਾ ਨੇੜੇ ਆਈਆ । ਦਰ ਦਵਾਰੇ ਨਰ ਨਿਰੰਕਾਰੇ ਅੱਗੇ ਖੜ, ਸੀਸ ਧੜ ਕੋਇ ਦਿਸ ਨਾ ਆਈਆ । ਏਕਾ ਅੱਖਰ ਜਗਤ ਵੱਖਰ ਜਾਏ ਪੜ੍ਹ, ਆਪ ਉਧਾਰੇ ਪੁਰਖ ਅਬਿਨਾਸ਼ੀ ਬਾਹੋਂ ਫੜ, ਸਾਚੇ ਮੰਦਰ ਭਗਤ ਅੰਦਰ ਏਕਾ ਏਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੀਨਾਂ ਬੰਧਪ ਦੀਨ ਦਿਆਲ ਸਰਬ ਪ੍ਰਿਤਪਾਲ ਕਾਲ ਮਹਾਂਕਾਲ ਭਾਣੇ ਵਿਚ ਰਖਾਈਆ । ਸਿੰਘ ਤਾਰਾ ਪ੍ਰਭ ਸ਼ਬਦ ਤਾਰ ਹਿਲਾਈ । ਆਤਮ ਉਪਜੀ ਧੁਨ ਸੱਚੀ ਧੁਨਕਾਰ, ਸੁਨ ਮੁਨ ਤੁੜਾਈ । ਗੁਰ ਸ਼ਬਦ ਕਰ ਉਜਿਆਰ, ਤਨ ਸਾਚੀ ਜੋਤ ਜਗਾਈ । ਭਾਂਡਾ ਭਰਮ ਜਗਤ ਨਿਵਾਰ, ਹਉਮੇ ਤ੍ਰਿਸ਼ਨਾ ਰੋਗ ਜਲਾਈ । ਮਿਲਿਆ ਮੇਲ ਪੁਰਖ ਅਪਾਰ, ਅਗੰਮ ਅਗੰਮੜਾ ਅਗੰਮੀ ਕਾਰ ਕਰਾਈ । ਨਾਮ ਕਰਾਏ ਵਣਜ ਵਪਾਰ, ਨਾ ਕੋਈ ਪੱਲੇ ਪੈਸਾ ਦੰਮੜੀ ਦਮੜਾ ਸਾਚਾ ਧੰਨ ਇਕ ਵਖਾਈ । ਏਕਾ ਦੇਵੇ ਚਰਨ ਪਿਆਰ, ਲੇਖੇ ਲਾਏ ਕਾਇਆ ਚੰਮੜਾ, ਬੋਧ ਅਗਾਧ ਸ਼ਬਦ ਜਣਾਈ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਤਮ ਵੇਖੇ ਸ਼ਬਦ ਘਰ, ਸ਼ਬਦ ਸ਼ਬਦੀ ਮੇਲ ਮਿਲਾਈ । ਮਿਲੇ ਮੇਲ ਸ਼ਬਦ ਗੁਰ, ਸੁਰਤੀ ਸੁਰਤ ਭਵਾਈਆ । ਆਪ ਚੜ੍ਹਾਏ ਸਾਚੇ ਘੋੜ, ਧੁਰ ਦਰਗਾਹੀ ਆਇਆ ਦੌੜ, ਉਚਾ ਪੌੜਾ ਇਕ ਵਖਾਈਆ । ਨਾ ਕੋਈ ਜਾਣੇ ਲੰਮਾ ਚੌੜ, ਸਤਿ ਪੁਰਖ ਨਿਰੰਜਣ ਬ੍ਰਹਿਮਣ ਗੌੜ, ਗੌੜ ਸਪੂਤਾ ਹਰਿ ਅਵਧੂਤਾ ਜੋਤੀ ਸੁਤ ਏਕਾ ਸ਼ਬਦ ਆਪਣੀ ਗੋਦ ਉਠਾਈਆ । ਕਲਜੁਗ

੬੬੪
੦੫

ਸੁਹਾਏ ਸਾਚੀ ਰੁੱਤ, ਮਨਮੁਖ ਜੀਵਾਂ ਵੱਢੇ ਨੱਕ ਗੁਤ, ਸ਼ਬਦ ਖੰਡਾਂ ਰਿਹਾ ਉਠਾਈਆ । ਜਨ ਭਗਤਾਂ ਅੰਮ੍ਰਿਤ ਆਤਮ ਦੇਵੇ ਘੁਟ, ਮਨਮੁਖਾਂ ਜੜ੍ਹ ਦੇਵੇ ਪੁਟ, ਹਰਿਜਨ ਸਾਚਾ ਲਾਹਾ ਲੈਣ ਲੁਟ, ਨੇਤਰ ਨੈਣ ਲੋਚਨ ਦਰ ਦਵਾਰੇ ਦਰਸ਼ਨ ਪਾਈਆ । ਰਸਨਾ ਤੀਰ ਕਮਾਨੋਂ ਰਿਹਾ ਛੁਟ, ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਇਕ ਵਖਾਏ ਸਚ ਘਰ, ਗੁਰਮੁਖ ਸਾਚੇ ਦਇਆ ਕਮਾਈਆ । ਗੁਰਮੁਖ ਸਾਚਾ ਗੁਣ ਨਿਧਾਨ, ਗੁਣਵੰਤਾ ਹਰਿ ਪਾਇਆ । ਏਕਾ ਏਕ ਗੁਰ ਚਰਨ ਧਿਆਨ, ਧੁਰ ਭਗਵੰਤਾ ਮੇਲ ਮਿਲਾਇਆ । ਅੰਤਮ ਚੁੱਕੇ ਜਮ ਕੀ ਕਾਣ, ਸਾਚੇ ਸੰਤਾਂ ਸਰਨ ਸਰਨਾਈ ਇਕ ਵਖਾਇਆ । ਜੋਤੀ ਜਗਤ ਜੁਗਤ ਜੁਗੀਸ਼ਰ ਦੇਵੇ ਸੱਚਾ ਦਾਨ, ਧੁਰ ਫ਼ਰਮਾਣਾ ਹੁਕਮ ਜਣਾਇਆ । ਤਪੀ ਤਪੀਸ਼ਰ ਰਿਖੀ ਮੁਨੀਸ਼ਰ ਇਕ ਗਿਆਨ, ਆਤਮ ਬ੍ਰਹਮ ਜਣਾਇਆ । ਸਰਬ ਜੀਆਂ ਪ੍ਰਭ ਆਪੇ ਜਿੱਤ, ਈਸ਼ਰ ਜਗਤ ਜਗਦੀਸ਼ਰ ਜਗਤ ਪਿਤ, ਨਿੱਤ ਨਵਿਤ ਭਗਤਨ ਹਿਤ ਜੋਤੀ ਜਾਮਾ ਭੇਖ ਵਟਾਇਆ । ਆਪੇ ਜਾਣੇ ਵਾਰ ਥਿਤ, ਪਤਤ ਪਵਿਤ ਆਪੇ ਰਿਹਾ ਕਰਾਇਆ । ਭਗਤ ਜਨਾਂ ਪ੍ਰਭ ਸਾਚਾ ਮਿਤ, ਸਿਰ ਸੁਹਾਏ ਪੀਤ ਪੀਤੰਬਰ ਜਗਤ ਕਾਜ ਰਚਾਇਆ ਸਵੰਬਰ, ਮੇਟ ਮਿਟਾਏ ਝੂਠਾ ਅਡੰਬਰ, ਸਾਚਾ ਰਾਹ ਰਿਹਾ ਵਖਾਇਆ । ਏਕਾ ਰਾਹ ਜਗਤ ਮਲਾਹ, ਹੋਏ ਸ੍ਰਿਸ਼ਟ ਸਬਾਈਆ । ਚਾਰ ਵਰਨ ਵਖਾਏ ਏਕਾ ਥਾਂ, ਆਪੇ ਪਿਤਾ ਆਪੇ ਮਾਂ, ਆਪਣੀ ਗੋਦ ਉਠਾਈਆ । ਰੰਕ ਰਾਜਾਨਾਂ ਸ਼ਾਹ ਸੁਲਤਾਨਾਂ ਏਕਾ ਥਾਂ ਦਏ ਬਹਾ, ਊਚ ਨੀਚ ਕੋਇ ਰਹਿਣ ਨਾ ਪਾਈਆ । ਮਹੱਲ ਅਟੱਲ ਉਚੇ ਮੰਦਰ ਅੰਦਰ ਉਡੇ ਕਾਂ, ਸੁੰਞ ਮਸਾਣਾ ਰਿਹਾ ਵਖਾਈਆ । ਭਗਤ ਸੁਹੇਲਾ ਭਗਤਨ ਪਕੜੇ ਬਾਂਹ, ਪਵਣ ਬਿਬਾਣੇ ਰਿਹਾ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਜੋਤੀ ਜਾਮਾ ਭੇਖ ਧਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਾਤਾ ਜੋਧਾ ਸੂਰ ਬਲੀ ਬਲਵਾਨ, ਰਾਓ ਰੰਕ ਰਾਜ ਰਾਜਾਨ ਸ਼ਾਹ ਸੁਲਤਾਨ ਏਕਾ ਡੰਕ ਦਵਾਰ ਬੰਕ ਵਜਾਈਆ । ਗੁਰਮੁਖ ਵਿਰਲੇ ਆਤਮ ਦਰ ਵੱਜੇ ਵਧਾਈ, ਜੈ ਜੈਕਾਰ ਨਰ ਨਿਰੰਕਾਰ । ਏਕਾ ਏਕ ਏਕ ਏਕੰਕਾਰ । ਸਤਿ ਸਰੂਪ ਸਰਬ ਪਸਾਰ । ਹਰਿ ਵਡਾ ਸ਼ਾਹੋ ਭੂਪ, ਰੰਗ ਅਨੂਪ ਸਤਿ ਸਰੂਪ ਜੋਤ ਸਰੂਪ ਜੋਤ ਅਧਾਰ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਪਰਗਟ ਹੋਏ ਕਲਜੁਗ ਅੰਧ ਕੂਪ, ਗਊ ਗਰੀਬ ਨਿਮਾਣਿਆਂ ਪਾਵੇ ਸਾਰ । ਕਲਜੁਗ ਅੰਧ ਅੰਧੇਰਾ ਛਾਇਆ । ਜੂਠ ਝੂਠ ਹੋ ਦਲੇਰ, ਮਾਇਆ ਰਾਣੀ ਘੇਰਾ ਪਾਇਆ । ਭਰਮੀ ਭਰਮ ਨਿਹਕਰਮੀ ਕਰਮ ਦਏ ਨਿਬੇੜਾ, ਜਗਤ ਝੇੜਾ ਰਿਹਾ ਮਿਟਾਇਆ । ਵਰਨੀ ਵਰਨਾ ਤਰਨੀ ਤਰਨਾ ਕਰਨੀ ਕਰਨਾ ਲਾਏ ਏਕਾ ਸ਼ਬਦ ਉਖੇੜਾ, ਨਗਰ ਖੇੜਾ ਕੋਈ ਦਿਸ ਨਾ ਆਇਆ । ਧਰਤ ਮਾਤ ਮਾਰ ਝਾਤ ਪੁਰਖ ਬਿਧਾਤ ਤੇਰਾ ਖੁਲ੍ਹਾ ਕਰਾਏ ਵਿਹੜਾ, ਗੁਰਮੁਖ ਵਿਰਲੇ ਨਾਤਾ ਚਰਨ ਬੰਧਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵੇਖੇ ਖੇਲ ਏਕਾ ਸਾਤਾ, ਬੈਠਾ ਰਹੇ ਇਕ ਇਕਾਂਤਾ, ਆਪਣੇ ਰੰਗ ਸਮਾਇਆ । ਮੰਗੇ ਮੰਗ ਦਵਾਰ ਸ਼ਬਦ ਭੰਡਾਰਿਆ । ਦੇਵਣਹਾਰ ਦਾਤਾਰ ਵਿਚ ਸੰਸਾਰਿਆ । ਜਨ ਭਗਤਾਂ ਦੇਵੇ ਕਰ ਪਿਆਰ, ਵੇਖ ਵਖਾਣੇ ਵਾਰੋ ਵਾਰਿਆ । ਆਤਮ ਤਾਕੀ ਖੋਲ੍ਹ ਬੰਦ ਕੁਆੜ, ਦੇਵੇ ਜੀਆ ਦਾਨ ਆਤਮ ਸ਼ਬਦ ਆਧਾਰਿਆ । ਤੱਤੀ ਵਾ ਨਾ ਲੱਗੇ ਕਲਜੁਗ ਹਾੜ, ਮਾਇਆ ਮਮਤਾ ਤ੍ਰਿਸ਼ਨਾ ਪ੍ਰਭ ਦੇਵੇ ਸਾੜ, ਪੰਜਾਂ ਚੋਰਾਂ ਕਰੇ ਖੁਆਰਿਆ । ਸੁਰਤ ਸਵਾਣੀ ਸ਼ਬਦ ਮਿਲਾਏ ਸਾਚੇ ਹਾਣੀ, ਅੰਮ੍ਰਿਤ ਆਤਮ ਜਲ ਪਿਆਏ ਠੰਢਾ ਪਾਣੀ, ਜੋਤ ਜਗਾਏ ਬਹੱਤਰ ਨਾੜਿਆ । ਆਤਮ ਧੁਨ ਉਪਜੇ ਸੱਚੀ ਬਾਣੀ, ਭਰਮੇ ਭੁੱਲੀ ਜੇਰਜ ਖਾਣੀ, ਜੋਤੀ

੬੬੫ ੦੫

ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵੇ ਦਾਨ ਹਰਿ ਮਿਹਰਵਾਨ ਗੁਣਵੰਤਾ ਹਰਿ ਗੁਣ ਨਿਧਾਨਿਆ । ਨਾਮ ਵਸਤ ਪ੍ਰਭ ਝੋਲੀ ਪਾਏ । ਗੁਰਮੁਖ ਕਾਇਆ ਰੰਗੇ, ਚਰਨ ਘੋਲੀ ਹਉਂ ਘੋਲ ਘੁਮਾਏ । ਵੱਜੇ ਨਾਮ ਸ਼ਬਦ ਸਚ ਮਰਦੰਗੇ, ਹੋਏ ਸਹਾਈ ਸਦਾ ਅੰਗ ਸੰਗੇ, ਸੰਗ ਅੰਗ ਆਪ ਅਖਵਾਏ । ਸ਼ਬਦ ਘੋੜੇ ਕਸ ਤੰਗੇ, ਦਹਿ ਦਿਸ਼ਾ ਰਿਹਾ ਦੁੜਾਏ । ਭਗਤ ਦਵਾਰੇ ਮੂਲ ਨਾ ਸੰਗੇ, ਦੇਵੇ ਦਰਸ ਕਰ ਕਰ ਤਰਸ ਆਪੇ ਆਪ ਰਘੁਰਾਏ । ਜੋਤੀ ਜੋਤ ਸਰੂਪ ਹਰਿ, ਹਰਿਜਨ ਦੇਵੇ ਸ਼ਬਦ ਵਰ, ਮਿਲੇ ਮੇਲ ਹਰਿ ਸਜਣ ਸੁਹੇਲ, ਸਾਚਾ ਮੇਲਾ ਸਹਿਜ ਸੁਭਾਏ । ਜਗਤ ਗਿਆਨੀਆਂ ਮਨ ਮਤ ਉਪਜਾਏ । ਪਾਰਬ੍ਰਹਮ ਚਰਨ ਧਿਆਨਿਆਂ, ਗੁਰਮੁਖ ਵਿਰਲਾ ਮਾਤ ਵਖਾਏ । ਸ਼ਬਦ ਜਾਣੇ ਜੋ ਸਚ ਨਿਸ਼ਾਨੀਆਂ, ਭਾਂਡਾ ਭਰਮ ਭਉ ਭੰਨ ਵਖਾਏ । ਆਤਮ ਵੱਜੇ ਤੀਰ ਸਾਚੀ ਕਾਨੀਆ, ਕਰਮ ਕੁਕਰਮ ਮਾਨਸ ਜਨਮ ਹਰਿਜਨ ਵੇਖ ਵਖਾਏ । ਧੁਨ ਆਤਮਕ ਸ਼ਬਦ ਅਨਾਦ ਅਨਾਦੀ ਕਵਣ ਦਵਾਰੇ ਉਪਜੇ ਧੁਨ, ਕਵਣ ਜਣਾਏ ਬੋਧ ਅਗਾਧੀ ਸਾਚੀ ਬਾਣੀਆ । ਜਗਤ ਵਿਦਿਆ ਪੜ੍ਹ ਪੜ੍ਹ ਇਕ ਦੂਜੇ ਤੋਂ ਰਹੇ ਸੁਣ, ਗੁਰਮੁਖ ਵਿਰਲਾ ਬ੍ਰਹਮ ਗਿਆਨੀਆ । ਪੁਰਖ ਅਬਿਨਾਸ਼ੀ ਆਪੇ ਕਰੇ ਸ੍ਰਿਸ਼ਟ ਸਬਾਈ ਛਾਣ ਪੁਣ, ਗੁਣਵੰਤਾ ਹਰਿ ਗੁਣ ਨਿਧਾਨੀਆ । ਸਰਬ ਪੁਕਾਰ ਰਿਹਾ ਸੁਣ, ਗੁਰਮੁਖ ਉਧਾਰੇ ਵਿਰਲੇ ਚੁਣ, ਜੁਗਾ ਜੁਗੰਤ ਸਾਚੀ ਬਾਣੀਆ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਜੋਤੀ ਖੇਲ ਅਪਰ ਅਪਾਰ, ਏਕਾ ਭਰਿਆ ਸ਼ਬਦ ਭੰਡਾਰ, ਨਾ ਕੋਈ ਜਾਣੇ ਜਗਤ ਗਿਆਨੀ ਜੇਰਜ ਖਾਣੀਆ । ਗਿਆਨ ਗੁਰ ਜਗ ਸ਼ਬਦ ਹੈ, ਸ਼ਬਦ ਗੁਰ ਜਗਤ ਗਿਆਨ । ਗੁਰ ਸ਼ਬਦ ਜਿਸ ਜਨ ਪਰਵਾਨ ਹੈ, ਜਾਣੇ ਖੇਲ ਸ੍ਰੀ ਭਗਵਾਨ । ਆਪ ਰਖਾਏ ਆਪਣਾ ਬਿਰਦ ਹੈ, ਜੁਗਾ ਜੁਗੰਤ ਵੇਖ ਵਖਾਣ । ਨਿਹਕਲੰਕ ਨਰਾਇਣ ਨਰ, ਜੋਤ ਸਰੂਪ ਵਾਲੀ ਦੋ ਜਹਾਨ, ਨਾ ਕੋਈ ਜੀਵ ਜੰਤ ਨਾ ਜਗਤ ਸੰਤ ਕਰੇ ਪਛਾਣ । ਜਗਤ ਨਾਮ ਹਰਿ ਅੰਸ, ਲੋਕਮਾਤ ਉਪਾਇੰਦਾ । ਹਰਿਜਨ ਬਣਾਏ ਸਾਚਾ ਬੰਸ, ਸਾਚੀ ਦਾਤ ਝੋਲੀ ਪਾਇੰਦਾ । ਦੁਸ਼ਟ ਸੰਘਾਰੇ ਜਿਉਂ ਕਾਹਨਾ ਕੰਸ, ਭੇਖ ਪਖੰਡਾ ਅੰਤ ਮਿਟਾਇੰਦਾ । ਧਰੇ ਜੋਤ ਵਾਰ ਸਹੰਸ, ਰੂਪ ਰੰਗ ਨਾ ਕੋਇ ਭੇਵ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਕਲਜੁਗ ਅੰਤਮ ਜੋਤ ਜਗਾਇੰਦਾ । ਕਲਜੁਗ ਅੰਤਮ ਜੋਤ ਜਗਾਏ, ਕਰੇ ਖੇਲ ਅਪਾਰੀ । ਸ਼ਬਦ ਡੰਕ ਸੰਗ ਰਲਾਏ, ਚਾਰੋਂ ਕੁੰਟ ਕਰਾਏ ਜੈ ਜੈਕਾਰੀ । ਨਾਮ ਮਰਦੰਗ ਇਕ ਵਜਾਏ, ਵਜੇ ਨਾਦ ਅਪਰ ਅਪਾਰੀ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਲੱਖ ਚੁਰਾਸੀ ਵੇਖ ਦਰ, ਕਰੇ ਕਰਾਏ ਆਪਣੀ ਕਾਰੀ । ਕਰਨ ਕਰਾਵਣਹਾਰ ਹਰਿ ਜਗਦੀਸਿਆ । ਭੇਖਾਧਰੀ ਭੇਖ ਬਾਵਨ, ਵੇਖ ਖੇਲ ਬੀਸ ਇਕੀਸਿਆ । ਇਕ ਫੜਾਏ ਸ਼ਬਦ ਸੱਚਾ ਦਾਮਨ, ਨਾਮ ਛਤਰ ਝੁਲਾਏ ਸੀਸਿਆ । ਨੇੜ ਨਾ ਆਏ ਕਾਮਨੀ ਕਾਮਨ, ਮਾਇਆ ਰਾਣੀ ਜੂਠਾ ਝੂਠਾ ਪੀਸਣ ਪੀਸਿਆ । ਕਲਜੁਗ ਮਿਟੇ ਰੈਣ ਅੰਧੇਰੀ ਸ਼ਾਮਨ, ਸ਼ਾਹ ਸੁਲਤਾਨਾਂ ਖਾਲੀ ਖੀਸਿਆ । ਗੁਰਮੁਖ ਸਾਚੇ ਆਤਮ ਅੰਦਰ ਬਹਿ ਬਹਿ ਗਾਵਨ, ਕਥਨੀ ਕਥ ਨਾ ਸਕੇ ਦੰਦ ਬਤੀਸਿਆ । ਮੇਲ ਮਿਲਾਵਾ ਪੁਰਖ ਅਬਿਨਾਸ਼ਨ ਘਟ ਘਟ ਵਾਸਨ, ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਕਲਜੁਗ ਅੰਤਮ ਵੇਖ ਦਰ, ਵੇਖ ਵਖਾਣੇ ਜਗਤ ਹਦੀਸਿਆ । ਜਗਤ ਹਦੀਸ ਜਗਤ ਭਾਵਨੀ, ਕਲਜੁਗ ਅੰਤਮ ਵੇਖੇ ਖੇਲ ਪੁਰਖ ਅਬਿਨਾਸ਼ਨ ਕਮਲਾਪਾਤੀ । ਸੱਜਣ ਸੁਹੇਲੇ ਆਪੇ ਮੇਲ, ਦੇਵੇ ਸ਼ਬਦ ਗੁਰ ਮੰਤਰ ਸ਼ਬਦ ਦਾਤੀ । ਜੋਤ ਸਰੂਪੀ ਚਾੜ੍ਹੇ ਤੇਲ, ਕਰੇ ਵਿਹਾਰਾ ਇਕ ਇਕਾਂਤੀ । ਕਲਜੁਗ ਅੰਤਮ ਅਚਰਜ


੬੬੬
੦੫

ਖੇਲ, ਦੀਪਕ ਜੋਤ ਜਗੇ ਬਿਨ ਦੀਵਾ ਤੇਲ ਬਾਤੀ । ਆਪੇ ਵਸੇ ਰੰਗ ਨਵੇਲ, ਜਨ ਭਗਤਾਂ ਅੰਮ੍ਰਿਤ ਦੇਵੇ ਬੂੰਦ ਸਵਾਂਤੀ । ਧਰਮ ਰਾਏ ਦੀ ਕਟੇ ਜੇਲ੍ਹ, ਆਵਣ ਜਾਵਣ ਫੰਦ ਕਟਾਤੀ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਜਿਸ ਜਨ ਦੇਵੇ ਸ਼ਬਦ ਵਰ, ਅੱਠੇ ਪਹਿਰ ਦਿਵਸ ਰੈਣ ਰਹੇ ਪਰਭਾਤੀ । ਸਾਚੇ ਮੰਦਰ ਰਹੇ ਪਰਭਾਤ, ਨਾ ਹੋਏ ਸੰਝ ਸਵੇਰਾ । ਹਰਿ ਜਨ ਵਿਰਲਾ ਆਤਮ ਅੰਦਰ ਵੇਖੇ ਮਾਰ ਝਾਤ, ਸ਼ਬਦ ਸਿੰਘਾਸਣ ਹਰਿ ਬਿਰਾਜੇ ਕਰੇ ਹੱਕ ਨਿਬੇੜਾ । ਮਿਟੇ ਰੈਣ ਅੰਧੇਰੀ ਭਰਮਾ ਰਾਤ, ਭਾਗ ਲੱਗੇ ਕਾਇਆ ਨਗਰ ਸਾਚੇ ਖੇੜਾ, ਨਾ ਕੋਈ ਜਾਣੇ ਜ਼ਾਤ ਪਾਤ, ਪੁਰਖ ਨਿਰੰਜਣ ਸਾਚੋ ਸਾਚ, ਇਕ ਵਖਾਏ ਖੁਲ੍ਹਾ ਵਿਹੜਾ । ਕਾਇਆ ਮਾਟੀ ਝੂਠਾ ਕਾਚ, ਨੌਂ ਦਵਾਰੇ ਮਨਮੁਖ ਜੀਵ ਰਿਹਾ ਨਾਚ, ਮਾਇਆ ਮਮਤਾ ਪਾਇਆ ਝੇੜਾ । ਗੁਰਮੁਖ ਵਿਰਲਾ ਗੁਰ ਪੂਰੇ ਸ਼ਬਦ ਹਿਰਦੇ ਲਏ ਵਾਚ, ਆਦਿ ਅੰਤ ਜੁਗਾ ਜੁਗੰਤ ਹਰਿ ਭਗਵੰਤ ਜਨ ਭਗਤਾਂ ਬੰਨ੍ਹੇ ਆਪੇ ਬੇੜਾ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਕਲਜੁਗ ਅੰਤਮ ਵੇਖ ਦਰ, ਲੱਖ ਚੁਰਾਸੀ ਦੇਵੇ ਗੇੜਾ । ਲੱਖ ਚੁਰਾਸੀ ਦਏ ਗੇੜਾ, ਹਰਿ ਜੋਤੀ ਜੋਤ ਜਗਾਈਆ । ਦੰਦ ਬਤੀਸਾ ਭੇੜ ਭੇੜਾ, ਕਿਸੇ ਨਾ ਦੀਸੇ ਕਾਇਆ ਨਗਰ ਖੇੜਾ, ਭਰਮੇ ਭੁੱਲੀ ਲੋਕਾਈਆ । ਹਰਿਜਨ ਸਾਚਾ ਆਪ ਜਗਾਇਆ । ਪਾਰਬ੍ਰਹਮ ਬ੍ਰਹਮ ਮੇਲ ਮਿਲਾਇਆ । ਪੂਰਬ ਲਹਿਣਾ ਝੋਲੀ ਪਾਇਆ । ਸਾਚੀ ਰੰਗਣ ਨਾਮ ਰੰਗਾਇਆ । ਪੰਚ ਪੰਚਾਇਣੀ ਲਾਏ ਇਕ ਉਖੇੜਾ, ਕਾਇਆ ਡੋਲੀ ਰਿਹਾ ਉਠਾਇਆ । ਹੌਲੀ ਹੌਲੀ ਕਾਇਆ ਮੰਦਰ ਆਪੇ ਬੋਲੀ, ਸਾਚਾ ਰਾਹ ਰਿਹਾ ਵਖਾਇਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਜਿਸ ਜਨ ਦੇਵੇ ਸ਼ਬਦ ਵਰ, ਆਤਮ ਸਹਿੰਸਾ ਰੋਗ ਗਵਾਇਆ । ਆਤਮ ਅੰਦਰ ਆਪੇ ਵੜ, ਪ੍ਰਭ ਸਾਚੇ ਜੋਤ ਜਗਾਈਆ । ਆਪੇ ਜਾਣੇ ਸੀਸ ਧੜ, ਕਿਲ੍ਹਾ ਕੋਟ ਨਾ ਕੋਈ ਵਖਾਈਆ । ਜਗਤ ਅੱਖਰ ਨਾ ਜਾਏ ਪੜ੍ਹ, ਨਿਸ਼ਅੱਖਰ ਵੱਖਰ ਆਪ ਸਮਾਈਆ । ਪਰਾ ਪਸੰਤੀ ਨਾ ਕੋਈ ਜੜ੍ਹ, ਮਧਮ ਬੈਖਰੀ ਨਾ ਰਚਨ ਰਚਾਈਆ । ਗੁਰਮੁਖ ਵਿਰਲਾ ਸੰਤ ਸੁਹੇਲਾ ਏਕਾ ਅੱਖਰ ਲਏ ਪੜ੍ਹ, ਜਿਸ ਜਨ ਆਪਣਾ ਲੜ ਫੜਾਈਆ । ਜੀਵ ਜੰਤ ਮਨ ਮਤੀ ਘਾੜਨ ਰਹੇ ਘੜ, ਗੁਰਮਤੀ ਬੂਝ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਦਵਾਰੇ ਆਪੇ ਖੜ, ਸਵੱਛ ਸਰੂਪੀ ਹਰਿ ਹਰਿ ਵਡਾ ਸ਼ਾਹੋ ਭੂਪੀ, ਮੇਟ ਮਿਟਾਏ ਅੰਧ ਕੂਪੀ, ਸਤਿ ਸਰੂਪੀ ਦਰਸ ਦਿਖਾਈਆ । ਸਤਿ ਸਰੂਪ ਵਿਸਮਾਦ, ਹਰਿ ਰਘੁਰਾਇਆ । ਵੇਖ ਵਖਾਣੇ ਵਿਚ ਬ੍ਰਹਿਮਾਦ, ਬ੍ਰਹਿਮਾਦੀ ਖੇਲ ਰਚਾਇਆ । ਸ਼ਬਦ ਵਜਾਏ ਸਾਚਾ ਨਾਦ, ਅਨਾਹਦ ਤੂਰ ਇਕ ਵਖਾਇਆ । ਸ਼ਬਦ ਜਣਾਏ ਅਗਾਧ ਬੋਧ, ਬੋਧ ਅਗਾਧ ਹਰਿ ਰਘੁਰਾਇਆ । ਜਨ ਭਗਤਾਂ ਹਿਰਦਾ ਦੇਵੇ ਸੋਧ, ਦੁਰਮਤ ਮੈਲ ਗਵਾਇਆ । ਦਾਤਾ ਸੂਰਾ ਜੋਧਨ ਜੋਧ, ਸ਼ਬਦ ਖੰਡਾ ਹੱਥ ਉਠਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਿਸ ਜਨ ਦੇਵੇ ਸ਼ਬਦ ਵਰ, ਕਾਇਆ ਕੰਚਨ ਸਾਚਾ ਰੰਗ ਚੜ੍ਹਾਇਆ । ਕਾਇਆ ਰੰਗ ਚੜ੍ਹਾਏ ਸੱਚ, ਸੱਚੀ ਵਡਿਆਈਆ । ਕਲਜੁਗ ਜੀਵ ਨੌਂ ਦਵਾਰੇ ਰਹੇ ਨੱਚ, ਦਸਵੇਂ ਭੇਵ ਨਾ ਰਾਈਆ । ਜਗਤ ਤ੍ਰਿਸ਼ਨਾ ਰਹੇ ਮੱਚ, ਕਲਜੁਗ ਅਗਨ ਰਹੀ ਜਲਾਈਆ । ਸ਼ਬਦ ਗੁਰ ਨਾ ਮਿਲਿਆ ਧੁਰ ਸਾਚੇ ਅੰਦਰ ਨਾ ਗਿਆ ਪਚ, ਰਸਨਾ ਰਸਕ ਹਲਕਾਈਆ । ਕਾਇਆ ਮਾਟੀ ਭਾਂਡਾ ਕੱਚ, ਅੰਤਮ ਅੰਤ ਜੀਵ ਜੰਤ ਸਾਧ ਸੰਤ ਗੁਰ ਪੀਰ ਔਲੀਏ ਸ਼ੇਖ਼ ਮੁਸਾਇਕ ਦਸਤਗੀਰ ਸ਼ਾਹ ਹਕੀਰ ਕੋਈ ਰਹਿਣ ਨਾ ਪਾਈਆ । ਆਤਮ ਬ੍ਰਹਮ ਪਾਰਬ੍ਰਹਮ ਅਸਤ, ਏਕ ਸਰੂਪ ਕੀਟ ਹਸਤ, ਨਾਮ ਦੇਵੇ ਸਾਚੀ ਵਸਤ, ਲੇਖ ਮਿਟਾਏ ਦਸਤ ਬਦਸਤ,

ਤਨ ਬਸਤਰ ਸਾਚਾ ਚੀਰ ਪਹਿਨਾਈਆ । ਇਕ ਵਖਾਏ ਸ਼ਬਦ ਸਸਤ, ਅੱਠੇ ਪਹਿਰ ਰਹੇ ਮਸਤ, ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਜਿਸ ਜਨ ਬੂਝ ਬੁਝਾਈਆ । ਆਪ ਆਪਣੀ ਬੂਝ ਬੁਝਾਈ, ਦੂਈ ਦਵੈਤੀ ਮੇਟੇ ਸੱਲਾ । ਆਪਣਾ ਭੇਵ ਗੂਝ ਖੁਲ੍ਹਾਏ, ਦਰਸ ਦਿਖਾਏ ਇਕ ਇਕੱਲਾ । ਬ੍ਰਹਮ ਪਾਰਬ੍ਰਹਮ ਜਨ ਸੂਝ ਸੁਝਾਏ, ਵੇਖ ਵਖਾਏ ਸਚ ਮਹੱਲਾ । ਲੋਚਨ ਨੇਤਰ ਤੀਜਾ ਖੋਲ੍ਹ ਵਖਾਏ, ਦਰਸ ਵਖਾਏ ਵਸੇ ਨਿਹਚਲ ਧਾਮ ਅਟੱਲਾ । ਅੰਮ੍ਰਿਤ ਆਤਮ ਬੀਜ ਸਾਚਾ ਬੀਜ ਬਿਜਾਏ, ਨਾਮ ਲਗਾਏ ਸਾਚੇ ਫ਼ਲਾ । ਜਨ ਭਗਤਾਂ ਜੁਗਾ ਜੁਗੰਤ ਰੀਝ ਕਰਾਏ, ਦਰ ਦਹਿਲੀਜ਼ ਇਕ ਵਖਾਏ, ਪੰਜਾਂ ਚੋਰਾਂ ਦੇਵੇ ਡੰਨਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਦੇਵੇ ਨਾਮ ਧੰਨ, ਧੰਨ ਧੰਨੀ ਆਪ ਅਖਵਾਏ । ਨਾਮ ਧਨ ਭਗਤ ਖਜਾਨਾ, ਗੁਰਮੁਖ ਵਿਰਲੇ ਪਾਇਆ ਏ । ਪੁਰਖ ਅਬਿਨਾਸ਼ੀ ਬੀਨਾ ਦਾਨਾ, ਦੇਵਣਹਾਰ ਸਰਬ ਸਬਾਇਆ ਏ । ਅੱਖਰ ਵੱਖਰ ਆਪੇ ਕੀਨਾ, ਬਜਰ ਕਪਾਟੀ ਰੱਖਿਆ ਪੱਥਰ, ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਆਪ ਆਪਣਾ ਰਿਹਾ ਛੁਪਾਇਆ ਏ । ਨਰ ਨਰਾਇਣ ਪ੍ਰਭ ਆਪ, ਘਟ ਘਟ ਵਿਚ ਸਮਾਇੰਦਾ । ਸ੍ਰਿਸ਼ਟ ਸਬਾਈ ਮਾਈ ਬਾਪ, ਪੂਤ ਸਪੂਤਾ ਮਾਤ ਜਣਾਇੰਦਾ । ਆਪੇ ਜਾਣੇ ਆਪਣਾ ਵਡ ਪਰਤਾਪ, ਲੇਖਾ ਲੇਖ ਨਾ ਕੋਈ ਗਿਣਾਇੰਦਾ । ਕਲਜੁਗ ਕਾਇਆ ਅੰਤ ਸੰਤਾਪ, ਸਤੋ ਗੁਣ ਦਿਸ ਨਾ ਆਇੰਦਾ । ਰਜੋ ਗੁਣ ਵਧਿਆ ਪਾਪ, ਤਮੋ ਜਗਤ ਤ੍ਰਿਸ਼ਨਾ ਆਪ ਤਪਾਇੰਦਾ । ਬ੍ਰਹਿਮੰਡ ਖੰਡ ਰਿਹਾ ਕਾਂਪ, ਪ੍ਰਭ ਸਾਚੀ ਵੰਡ ਵੰਡਾਇੰਦਾ । ਹੱਥ ਖੜਗ ਸ਼ਬਦ ਚੰਡ ਪਰਚੰਡ, ਜੇਰਜ ਅੰਡ ਲੇਖ ਮਿਟਾਇੰਦਾ । ਆਪੇ ਸੁੱਤਾ ਦੇ ਕਰ ਕੰਡ, ਆਪੇ ਉਠ ਉਠ ਦਹਿ ਦਿਸ਼ ਧਾਇੰਦਾ । ਲੱਖ ਚੁਰਾਸੀ ਵੇਖੇ ਨਾਰ ਦੁਹਾਗਣ ਰੰਡ, ਗੁਰਮੁਖ ਵਿਰਲਾ ਕੰਤ ਸੁਹਾਗੀ ਇਕ ਹੰਢਾਇੰਦਾ । ਨੌਂ ਖੰਡ ਨੌਂ ਦਰ ਭਰਿਆ ਭੇਖ ਪਖੰਡ, ਭੇਖ ਪਖੰਡੀ ਸਾਰ ਨਾ ਪਾਇੰਦਾ । ਪਰਗਟ ਹੋਏ ਵਿਚ ਵਰਭੰਡ, ਮਨਮੁਖ ਜੀਵਾਂ ਦੰਡ ਲਗਾਇੰਦਾ । ਕਲਜੁਗ ਵੰਡਣ ਆਇਆ ਗੰਢ, ਗੁਰਮੁਖ ਵਿਰਲੇ ਆਤਮ ਠੰਢ ਰਖਾਇੰਦਾ । ਜਗਤ ਵਿਕਾਰਾ ਆਤਮ ਹੰਕਾਰਾ ਮਨਮੁਖ ਜੀਵਾਂ ਸਿਰ ਉਠਾਈ ਝੂਠੀ ਪੰਡ, ਝੂਠੇ ਮਾਰਗ ਭਰਮ ਭੁਲਾਇੰਦਾ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਕਲਜੁਗ ਤੇਰੀ ਵਰਤੇ ਕਲ, ਕਲਧਾਰੀ ਆਪ ਅਖਵਾਇੰਦਾ । ਕਲਜੁਗ ਵਰਤੇ ਕਲ, ਕਾਲ ਦੁਹਾਈਆ । ਪਰਗਟ ਹੋਏ ਅਛਲ ਅਛੱਲ, ਅਛਲ ਅਛੱਲ ਆਪ ਅਖਵਾਈਆ । ਵੇਖੇ ਖੇਲ ਘੜੀ ਘੜੀ ਪਲ ਪਲ, ਜੋਤੀ ਦੀਪ ਜਗੇ ਪ੍ਰਬਲ, ਬਜਰ ਕਪਾਟੀ ਉਚੇ ਪਰਬਤ ਸ਼ਬਦ ਸਿੰਘਾਸਣ ਏਕਾ ਡਾਹੀਆ । ਸਤ ਸਾਗਰਾਂ ਵੇਖੇ ਜਲ, ਚੌਦਾਂ ਲੋਕ ਰਿਹਾ ਮੱਲ, ਅੱਠਾਂ ਸੱਠਾਂ ਡੂੰਘੀ ਡਲ, ਭੇਵ ਅਭੇਦਾ ਭੇਵ ਨਾ ਰਾਈਆ । ਸਚ ਸਿੰਘਾਸਣ ਸਾਚਾ ਹਲ, ਸੋਹੰ ਬੀਜ ਰਿਹਾ ਬਿਜਾਈਆ । ਸਤਿਜੁਗ ਸਾਚੇ ਲੱਗੇ ਫ਼ਲ, ਭਾਗ ਲਗੇ ਕਾਇਆ ਡਲ, ਕਾਇਆ ਧਰਤੀ ਆਪੇ ਮਵਲੇ, ਉਲਟੀ ਕਰੇ ਨਾਭ ਕਵਲੇ, ਅੰਮ੍ਰਿਤ ਝਿਰਨਾ ਆਤਮ ਰਸ ਏਕਾ ਮੁਖ ਚੁਆਈਆ । ਮਿਲੇ ਮੇਲ ਪ੍ਰਭ ਸਾਵਲ ਸਵਲੇ, ਜਗਤ ਵਿਦਿਆ ਹੀਣ ਗੁਰਮੁਖ ਬਾਵਲ ਬਵਲੇ, ਏਕਾ ਓਟ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਰਚਨਾ ਰਿਹਾ ਰਚਾਈਆ । ਰਚਨ ਰਚਾਈ ਜਗਤ ਪ੍ਰਭ, ਖੇਲੇ ਖੇਲ ਖਿਲਾਰੀ । ਆਪ ਉਠਾਏ ਭਗਤ ਜਨ, ਦੇਵੇ ਨਾਮ ਸ਼ਬਦ ਭੰਡਾਰੀ । ਭਾਗ ਲਗਾਏ ਕਾਇਆ ਚੋਲੀ ਸਾਚੇ ਤਨ, ਦਿਵਸ ਰੈਣ ਰਹੇ ਖੁਮਾਰੀ । ਭਰਮ ਭੁਲੇਖਾ ਕੱਢੇ ਜਨ, ਜੋ ਜਨ ਮੰਗੇ ਚਰਨ ਦਵਾਰੀ । ਸਾਚੇ ਧਾਮ ਆਪ ਵਸਾਏ । ਪੁਰਖ ਅਬਿਨਾਸ਼ੀ ਦਇਆ ਕਮਾਏ ।

ਨਾ ਕੋਈ ਦੀਸੇ ਛੱਪਰੀ ਛੰਨ, ਜੋਤ ਸਰੂਪੀ ਡਗਮਗਾਏ । ਏਕਾ ਰਾਗ ਸੁਣਾਏ ਕੰਨ, ਦੋ ਜਹਾਨੀ ਬੇੜਾ ਬੰਨ੍ਹ, ਰਸਨਾ ਮੁਖ ਨਾ ਕੋਈ ਗਾਏ । ਸੰਤ ਸੁਹੇਲਾ ਇਕ ਇਕੇਲਾ ਸਦਾ ਕਰਾਏ ਧੰਨ ਧੰਨ, ਜੈ ਜੈਕਾਰ ਇਕ ਕਰਾਏ । ਦਰ ਘਰ ਸਾਚੇ ਸ਼ਬਦ ਸੰਧੇਵੇ ਲਾਵੇ ਸੰਨ੍ਹ, ਦਰ ਦਰਵਾਜਾ ਗਰੀਬ ਨਿਵਾਜਾ ਆਪਣਾ ਆਪ ਖੁਲ੍ਹਾਏ । ਹਰਿਜਨ ਆਤਮ ਬ੍ਰਹਮ ਪਾਰਬ੍ਰਹਮ ਘਰ ਸਾਚੇ ਜਾਏ ਮੰਨ, ਏਕਾ ਜੋਤੀ ਏਕਾ ਗੋਤੀ ਏਕਾ ਹਵਨ ਕਰਾਏ । ਅੰਮ੍ਰਿਤ ਆਤਮ ਸਚ ਸਰੋਵਰ ਦੁਰਮਤ ਮੈਲ ਜਾਏ ਧੋਤੀ, ਜਨ ਹਰਿ ਸਾਚਾ ਹੰਸ ਕਾਗ ਕਾਗ ਹੰਸ ਹੋ ਜਾਏ । ਸ਼ਬਦ ਫੜਾਏ ਸਾਚੀ ਸੋਟੀ, ਆਪ ਚੜ੍ਹਾਏ ਉਚੀ ਚੋਟੀ, ਗੁਰਮੁਖ ਵਿਰਲਾ ਵਿਚੋਂ ਕੋਟਨ ਕੋਟੀ ਕੋਟ ਬ੍ਰਹਿਮੰਡ ਆਪੇ ਵੰਡ ਗੁਰਮੁਖ ਸਾਚੇ ਧਾਮ ਸੁਹਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਦੇਵੇ ਸ਼ਬਦ ਵਰ, ਸੁਰਤ ਸਵਾਣੀ ਅੰਤ ਪਰਨਾਏ । ਅੰਤ ਕੰਤ ਪ੍ਰਭ ਮੇਲ, ਲੋਕਮਾਤ ਹੋਏ ਜੁਦਾਈਆ । ਹਰਿਜਨ ਮੇਲਾ ਹਰਿ ਸੱਜਣ ਸੁਹੇਲ, ਪ੍ਰਭ ਸਾਚੀ ਬਣਤ ਬਣਾਈਆ । ਇਕ ਵਸਾਏ ਧਾਮ ਨਵੇਲ, ਚਾਰ ਦਿਵਾਰੀ ਕੋਈ ਦਿਸ ਨਾ ਆਈਆ । ਅਚਰਜ ਕਰੇ ਆਪਣੇ ਆਪੇ ਖੇਲ, ਜੋਤ ਨਿਰੰਕਾਰੀ ਏਕਾ ਏਕ ਰੰਗ ਮਹੱਲ ਸਚ ਪਰਕਾਸ਼ ਰਹੀ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵੇਖ ਵਖਾਣੇ ਪ੍ਰਿਥਮੀ ਆਕਾਸ਼, ਅਕਾਸ਼ ਅਕਾਸ਼ਾਂ ਉਪਰ ਆਪ ਸਮਾਈਆ । ਉਪਰ ਆਕਾਸ਼ ਹਰਿ ਬਿਰਾਜੇ, ਤਖ਼ਤ ਤਾਜ ਸੁਹਾਇਆ । ਅਸੁਤੇ ਪਰਕਾਸ਼ ਕਰੇ ਪਰਕਾਸ਼ੇ, ਆਪ ਆਪਣਾ ਪਰਕਾਸ਼ ਕਰਾਇਆ । ਆਦਿ ਅੰਤ ਨਾ ਕਦੇ ਵਿਨਾਸੇ, ਨਾ ਕੋਈ ਜਾਪ ਜਪਤ ਆਤਮ ਰਸ ਪਾਇਆ । ਆਪੇ ਜਾਣੇ ਆਪਣਾ ਵਡ ਪਰਤਾਪੇ, ਸਤਿ ਪੁਰਖ ਨਿਰੰਜਣ ਸਤਿ ਸਤਿਵਾਦੀ ਘਰ ਸਤਵੇਂ ਆਸਣ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਵੇਖੇ ਸਚ ਘਰ, ਸਾਚਾ ਸੁਤ ਸ਼ਬਦ ਦਏ ਉਪਾਇਆ । ਸੁਤ ਸ਼ਬਦ ਹਰਿ ਉਪਾਏ, ਜੋਤੀ ਮਾਤ ਬਣਾਈਆ । ਪੁਰਖ ਅਬਿਨਾਸ਼ੀ ਦੇਵੇ ਵਰ, ਵਰਨ ਗੋਤੀ ਨਾ ਕੋਈ ਬਣਾਈਆ । ਇਕ ਭੰਡਾਰਾ ਰਿਹਾ ਭਰ, ਅਤੋਟੀ ਅਤੋਟ ਆਪ ਰਖਾਈਆ । ਜੋਤੀ ਜੋਤ ਸਰੂਪ ਹਰਿ, ਵੇਖੇ ਖੇਲ ਛੇਵੇਂ ਘਰ, ਸਚ ਸਮਗਰੀ ਇਕ ਟਿਕਾਈਆ । ਸਚ ਸਮਗਰੀ ਹਰਿ ਟਿਕਾਏ, ਭਰੇ ਸ਼ਬਦ ਭੰਡਾਰਾ । ਨਿਰਮਲ ਜੋਤ ਇਕਗਰੀ ਇਕ ਵਖਾਏ, ਏਕਾ ਬਖ਼ਸ਼ੇ ਚਰਨ ਧਿਆਨਾ । ਸਾਚੀ ਨਗਰੀ ਸਾਚਾ ਧਾਮ ਆਪਣਾ ਆਪ ਉਪਾਏ, ਆਪੇ ਆਪ ਸ੍ਰੀ ਭਗਵਾਨਾ । ਪੰਚਮ ਘਰ ਖੋਲ੍ਹੇ ਦਰ, ਪਵਣ ਮਸਾਣੀ ਲਏ ਫੜ, ਸਾਚਾ ਝੂਲਾ ਰਿਹਾ ਝੁਲਾਇਆ । ਪੰਚਮ ਦਰ ਦਰ ਸੁਹਾਇਆ । ਜੋਤੀ ਸ਼ਬਦ ਪਵਣ ਪ੍ਰਭ ਮੇਲ ਮਿਲਾਇਆ । ਆਪੇ ਵੇਖੇ ਅਵਣ ਗਵਣ, ਗਵਣ ਅਵਣ ਵਿਚ ਹਰਿ ਸਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਸੁਤ ਇਕ ਵਰ, ਪਵਣ ਸੁਨੇਹੜਾ ਰਿਹਾ ਘਲਾਇਆ । ਪੰਚਮ ਦਰ ਦਰ ਪਰਵਾਨ । ਪੁਰਖ ਅਬਿਨਾਸ਼ੀ ਹੋਵੇ ਮਿਹਰਵਾਨ । ਤਿੰਨਾਂ ਜੋਤੀ ਇਕ ਨਿਸ਼ਾਨ । ਆਪੇ ਬੈਠਾ ਨਰ ਹਰਿ ਜੋਤੀ ਰਾਜ ਰਾਜਾਨਾ ਸ਼ਾਹ ਸੁਲਤਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖ ਵਖਾਣੇ ਚੌਥਾ ਘਰ, ਸ੍ਰਿਸ਼ਟ ਸਬਾਈ ਦੇਵੇ ਵਰ, ਸੰਤ ਸੁਹੇਲਾ ਇਕ ਗਿਆਨ । ਚੌਥੇ ਘਰ ਪ੍ਰਭ ਆਸਣ ਲਾਇਆ । ਸ਼ਬਦ ਸਿੰਘਾਸਣ ਇਕ ਬਣਾਇਆ । ਤ੍ਰੈਗੁਣ ਮਾਇਆ ਲਏ ਉਪਾਇਆ । ਆਪ ਆਪਣੀ ਰਿਹਾ ਬਣਤ ਬਣਾਇਆ । ਜੋਤੀ ਜੋਤ ਸਰੂਪ ਹਰਿ, ਨਾ ਕੋਈ ਜਾਣੇ ਜੀਵ ਜੰਤ, ਆਪਣੇ ਰੰਗ ਸਮਾਇਆ । ਸਤਿ ਪੁਰਖ ਨਿਰੰਜਣ ਏਕ, ਸ੍ਰਿਸ਼ਟ ਸਬਾਈਆ । ਜੁਗਾ ਜੁਗੰਤਰ ਧਾਰੇ ਪੇਖ, ਆਪ ਆਪਣਾ ਰੰਗ ਵਟਾਈਆ । ਕਲਜੁਗ ਅੰਤਮ ਮੇਟੇ ਰੇਖ, ਸੋ ਪੁਰਖ

ਨਿਰੰਜਣ ਆਪਣੀ ਦਇਆ ਕਮਾਈਆ । ਸਤਿਜੁਗ ਸਾਚੀ ਲਾਏ ਮੇਖ, ਹੰ ਹੰਗਤਾ ਦਏ ਗਵਾਈਆ । ਏਕਾ ਨੇਤਰ ਸ੍ਰਿਸ਼ਟ ਸਬਾਈ ਵੇਖ, ਸੋ ਸਾਚਾ ਜਾਪ ਜਪਾਈਆ । ਨਾ ਕੋਈ ਦੀਸੇ ਔਲੀਆ ਪੀਰ ਸ਼ੇਖ਼, ਈਸਾ ਮੂਸਾ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿਜੁਗ ਵਖਾਏ ਇਕ ਘਰ, ਸੋਹੰ ਸੋ ਸਾਚਾ ਜਾਪ ਜਪਾਈਆ । ਮਾਨਸ ਦੇਹੀ ਤੁੱਟਾ ਨਾਤਾ, ਹੋਇਆ ਸ਼ਬਦ ਸਨੇਹੀ । ਜੋਤੀ ਜਾਮਾ ਪੁਰਖ ਬਿਧਾਤਾ, ਗੁਰਮੁਖ ਕਰਾਏ ਸਾਚੇ ਨੇਹੀ । ਕਲਜੁਗ ਵੇਖ ਅੰਧੇਰੀ ਰਾਤਾ, ਮਾਟੀ ਚਾਟੀ ਦਿਸੇ ਥੇਹੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਰੰਗ ਆਪੇ ਜਾਣੇ, ਨਾ ਕੋਈ ਜਾਣੇ ਕਥਨਾ ਜਿਹਵੀ । ਜੋਤੀ ਜਾਮਾ ਭੇਖ ਵਟਾਇਆ, ਗੁਰਮੁਖ ਸਾਚੇ ਵਿਚ ਸਮਾਈਆ । ਖੇਵਟ ਖੇਟ ਆਪ ਅਖਵਾਇਆ, ਮਾਤ ਪਿਤ ਬੇਟ ਕੋਈ ਨਾ ਜਾਈਆ । ਪੰਜ ਤੱਤ ਆਪਣਾ ਆਪ ਲਪੇਟ ਵਖਾਇਆ, ਆਵਣ ਜਾਵਣ ਸ਼ਬਦ ਰੂਪ ਦਿਸ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਸਦ ਬੀਸ ਜੋਤ ਜਗਾਈਆ । ਬੀਸ ਸਦ ਪ੍ਰਭ ਜੋਤ ਜਗਾਈ । ਸ਼ਬਦ ਵਜਾਇਆ ਸਾਚਾ ਨਾਦ, ਬੋਧ ਅਗਾਧ ਆਪ ਅਖਵਾਈ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਵਕਤ ਰਿਹਾ ਸੁਹਾਈ । ਜੋਤੀ ਜਾਮਾ ਭੇਖ ਨਿਆਰ, ਸਾਚੇ ਘਰ ਕਰਾਇਆ ਏ । ਜੋਤ ਸਰੂਪ ਕਰ ਆਕਾਰ, ਸ਼ਬਦ ਡੰਕ ਵਜਾਇਆ ਏ । ਦਹਿ ਦਿਸ਼ਾ ਇਕ ਉਡਾਰ, ਦਹਿ ਦਿਸ਼ਾ ਵਿਚ ਸਮਾਇਆ । ਭਰਮੇ ਭੁਲੇ ਜੀਵ ਗਵਾਰ, ਕਲਜੁਗ ਮਾਇਆ ਪੜਦਾ ਪਾਇਆ ਏ । ਜੋਤੀ ਜਾਮਾ ਭੇਖ ਨਿਆਰ, ਨਿਹਕਲੰਕ ਨਰਾਇਣ ਨਰ, ਆਪ ਆਪਣਾ ਰੰਗ ਵਟਾਇਆ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਰੰਗ ਸਮਾਇਆ ਏ । ਰੋਗ ਸੋਗ ਪ੍ਰਭ ਹੱਥ, ਦਇਆ ਕਮਾਇੰਦਾ । ਸ਼ਬਦ ਚੁਗੇ ਜਨ ਸਾਚੀ ਚੋਗ, ਦਰਸ ਅਮੋਘ ਦਿਖਾਇੰਦਾ । ਰਸਨਾ ਰਸ ਸਾਚਾ ਭੋਗ, ਅੰਮ੍ਰਿਤ ਆਤਮ ਸਾਚਾ ਰਸ ਮੁਖ ਚੁਆਇੰਦਾ । ਜਗਤ ਨਾਤਾ ਤੁਟੇ ਹੋਏ ਵਿਜੋਗ, ਧੁਰ ਸੰਜੋਗੀ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਤ ਮਨ ਬੁੱਧ ਧੀਰਜ ਯਤ ਸਤਿ ਇਕ ਰਖਾਇੰਦਾ । ਹਰਿ ਪਾਇਆ ਘਰ ਆਪਣੇ, ਮਿਟਿਆ ਜਗਤ ਅੰਦੇਸਾ । ਲੇਖਾ ਚੁੱਕੇ ਜਾਪ ਜਪਨੇ, ਜੋਤ ਨਿਰੰਜਣ ਸਦਾ ਸਦਾ ਅਦੇਸਾ । ਕਾਇਆ ਤਪੇ ਨਾ ਮਾਇਆ ਤਪਨੇ, ਦਇਆ ਕਮਾਏ ਨਰ ਨਰੇਸ਼ਾ । ਜੋਤੀ ਜੋਤ ਸਰੂਪ ਹਰਿ, ਜਿਸ ਜਨ ਕਿਰਪਾ ਦੇਵੇ ਕਰ, ਸ਼ਬਦ ਜਗਤ ਸਾਚਾ ਵਰ, ਮੇਲ ਮਿਲਾਏ ਵੇਸ ਅਨੇਕਾ । ਕੋਟਨ ਕੋਟ ਜੁਗ ਗਏ ਬੀਤ, ਭੇਵ ਨਾ ਕਿਸੇ ਰਾਇਆ । ਕੋਟਨ ਕੋਟ ਬ੍ਰਹਮਾ ਸ਼ਿਵ ਹੋਏ ਸੀਤਲ ਸੀਤ, ਕਰੋੜ ਤੇਤੀਸਾ ਦੇਵੀ ਦੇਵ ਦਿਸ ਕਿਸੇ ਨਾ ਆਇਆ । ਕੋਟੀ ਕੋਟ ਹੋਏ ਗੁਰੂਦਵਾਰੇ ਮੰਦਰ ਮਸੀਤ, ਭੈ ਭੀਤ ਖੇਲ ਆਪਣੀ ਆਪ ਰਿਹਾ ਰਚਾਇਆ । ਜੋਤੀ ਜੋਤ ਸਰੂਪ ਹਰਿ, ਜਿਸ ਜਨ ਕਿਰਪਾ ਦੇਵੇ ਕਰ, ਆਪ ਆਪਣਾ ਆਪੇ ਮੀਤ, ਸ੍ਰਿਸ਼ਟ ਸਬਾਈ ਰਿਹਾ ਉਪਾਇਆ । ਸ੍ਰਿਸ਼ਟ ਸਬਾਈ ਹਰਿ ਆਪ ਉਪਾਈ, ਆਪ ਉਪਾਵਣਹਾਰਾ । ਅਗਣਤ ਅਗਣਤ ਮਹਿੰਮਾ ਗਣੀ ਨਾ ਜਾਈ, ਜੁਗ ਜੁਗ ਜੀਵ ਜੰਤ ਕਰੇ ਵਿਚਾਰਾ । ਲੱਖ ਤ੍ਰਤਾਲੀ ਹਜ਼ਾਰ ਬੀਸ ਇਕ ਚੌਕੜੀ ਲੇਖ ਲਿਖਾਈ ਮੇਟ ਮਿਟਾਵਣਹਾਰਾ । ਚੌਦਾਂ ਮਨਵੰਤਰ ਬ੍ਰਹਮ ਬ੍ਰਹਮ ਸਮਾਈ, ਇਕੱਤਰ ਜੁਗ ਚੌਕੜੀ ਇਕ ਮਨਵੰਤਰ ਲੇਖ ਲਿਖਾਰਾ । ਜੋਤੀ ਜੋਤ ਸਰੂਪ ਹਰਿ, ਆਪੇ ਜਾਣੇ ਆਪਣੀ ਉਤਪਤ, ਜੁਗੋ ਜੁਗ ਜਗਤ ਜੋਗ ਨਾ ਕੋਈ ਜਾਣੇ ਲੇਖ ਲਿਖਾਰਾ । ਗੁਰਮੁਖ ਸੋਹਣ ਬੰਕ ਦਵਾਰ, ਮਨਮੁਖ ਦੇਣ ਦੁਹਾਈਆ । ਜਨ ਭਗਤਾਂ ਕਰੇ ਤਨ ਸ਼ਿੰਗਾਰ, ਫੂਲਨ ਬਰਖਾ


੬੭੦ ੦੫

ਸੀਸ ਲਗਾਈਆ । ਮਨਮੁਖਾਂ ਆਤਮ ਹਾਹਾਕਾਰ, ਆਤਮ ਵਿਕਾਰਾ ਰਿਹਾ ਸੁਣਾਈਆ । ਦੋਹਾਂ ਮੇਲਾ ਇਕ ਦਰਬਾਰ, ਅਪੇ ਵੇਖੇ ਵੇਖਣਹਾਰ ਭੁਲਿਆ ਕੋਈ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖਾਂ ਦੇਵੇ ਮਾਤ ਵਡਿਆਈਆ ।

★ ੧੮ ਚੇਤ ੨੦੧੩ ਬਿਕ੍ਰਮੀ ਹੀਰਾ ਨੰਦ ਦੇ ਗ੍ਰਿਹ ਪਿੰਡ ਚੰਬਲ ਜ਼ਿਲਾ ਅੰਮ੍ਰਿਤਸਰ ★

ਬਾਲ ਅਵਸਥਾ ਬਾਲੀ ਬੁਧ, ਮਤ ਸਾਚੀ ਜਗਤ ਰਖਾਈਆ । ਸ਼ਬਦ ਸਿੰਘਾਸਣ ਚੜ੍ਹਿਆ ਕੁੱਦ, ਪੁਰਖ ਅਬਿਨਾਸ਼ੀ ਦਇਆ ਕਮਾਈਆ । ਮਨ ਮਨੂਆ ਤਨ ਕੀਤਾ ਸੁੱਧ, ਕੰਚਨ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਚਰਨ ਪ੍ਰੀਤ ਇਕ ਵਖਾਈਆ । ਚਰਨ ਪ੍ਰੀਤ ਜਗਤ ਗੁਰਦੇਵ, ਗੁਰ ਮੰਤਰ ਸ਼ਬਦ ਜਣਾਇਆ । ਪਾਰਬ੍ਰਹਮ ਬ੍ਰਹਮ ਸਾਚੀ ਸੇਵ, ਜਗਤ ਬਸੰਤਰ ਦਏ ਬੁਝਾਇਆ । ਜਿਹਵਾ ਰਸਨਾ ਕਥਨੀ ਗਾਏ ਜਿਹਵ, ਆਤਮ ਅੰਤਰ ਮੇਲ ਮਿਲਾਇਆ । ਕੌਸਤਕ ਮਨੀਆ ਮਸਤਕ ਲਾਏ ਸਾਚਾ ਥੇਵ, ਆਕਾਸ਼ ਪਰਕਾਸ਼ ਅਬਿਨਾਸ਼ ਕਰਾਇਆ । ਮਿਲੇ ਮੇਲ ਅਲੱਖ ਅਭੇਵ, ਦਾਤਾ ਵਡ ਦੇਵੀ ਦੇਵ, ਸਵਾਸ ਸਵਾਸ ਲੇਖੇ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਾਲ ਅੰਞਾਣਾ ਚਤੁਰ ਸੁਘੜ ਸਿਆਣਾ ਦਰ ਦਵਾਰ ਬੰਕ ਸੁਹਾਇਆ । ਬੰਕ ਦਵਾਰਾ ਦਰ ਹਰਿ ਦਾਨ, ਜਗੇ ਜੋਤ ਰਘੁਰਾਈਆ । ਏਕਾ ਝੁੱਲੇ ਸ਼ਬਦ ਨਿਸ਼ਾਨ, ਸਾਚਾ ਰਾਹ ਹਰਿ ਵਖਾਈਆ । ਨਾਮ ਬਿਠਾਏ ਵਿਚ ਬਿਬਾਣ, ਦੋ ਜਹਾਨਾਂ ਮਲਾਹ ਆਪ ਅਖਵਾਈਆ । ਚਰਨ ਪ੍ਰੀਤੀ ਬਖ਼ਸ਼ੇ ਸਚ ਧਿਆਨ, ਬ੍ਰਹਮ ਗਿਆਨ ਬ੍ਰਹਮ ਜਣਾਈਆ । ਜਗਤ ਰਖਾਏ, ਮਾਣ ਤਾਣ, ਦਰ ਨਿਮਾਣਾ ਜੋ ਜਨ ਸੀਸ ਝੁਕਾਈਆ । ਮਿਲੇ ਮੇਲ ਨਰ ਹਰਿ ਪੁਰਖ ਭਗਵਾਨ, ਪੀਣ ਖਾਣ ਰਸਨਾ ਗਾਨ, ਜੀਆ ਦਾਨ ਦੇਵਣਹਾਰ ਸਰਬ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਾਲ ਅਵਸਥਾ ਨਾਮ ਅਧਾਰੇ, ਪੂਰਬ ਕਰਮ ਜਰਮ ਵਿਚਾਰ, ਲਹਿਣਾ ਦੇਣਾ ਆਪੇ ਆਪ ਚੁਕਾਈਆ । ਲਹਿਣਾ ਦੇਣਾ ਦੇਵਣਹਾਰ, ਹਰਿ ਹਰਿ ਪੁਰਖ ਸਮਰਥਾ । ਮੰਗੇ ਮੰਗ ਸ਼ਬਦ ਅਧਾਰ, ਨਾਮ ਚੜ੍ਹਾਏ ਸਾਚੇ ਰਥਾ । ਦਰ ਦਵਾਰੇ ਕਰੇ ਖ਼ਬਰਦਾਰ, ਦੇਵੇ ਦਰਸ ਅਗੰਮ ਅਪਾਰ, ਸਗਲ ਵਸੂਰਾ ਘਰ ਸਾਚੇ ਲੱਥਾ । ਜੋਤੀ ਜੋਤ ਸਰੂਪ ਹਰਿ, ਜਿਸ ਜਨ ਕਿਰਪਾ ਦੇਵੇ ਕਰ, ਏਕਾ ਬਖ਼ਸ਼ੇ ਚਰਨ ਪਿਅਰ, ਸਰਬ ਕਲ ਆਪੇ ਸਮਰਥਾ । ਸ਼ਬਦ ਗੁਰ ਜਾਗੇ ਜਗਤ ਜਗਾਇੰਦਾ । ਮੇਲ ਮਿਲਾਏ ਲਿਖਿਆ ਧੁਰ, ਲੇਖਾ ਆਪਣੇ ਹੱਥ ਰਖਾਇੰਦਾ । ਨਾ ਕੋਈ ਜਾਣੇ ਦੇਵਤ ਸੁਰ, ਪਤ ਪਰਮੇਸ਼ਵਰ ਇਕ ਅਖਵਾਇੰਦਾ । ਚੜ੍ਹਿਆ ਰਹੇ ਸ਼ਬਦ ਘੋੜ, ਪੁਰੀਆਂ ਲੋਆਂ ਵੇਖ ਵਖਾਇੰਦਾ । ਲੋਕਮਾਤੀ ਧੁਰ ਦਰਗਾਹੀ ਆਇਆ ਦੌੜ, ਜੋਤੀ ਜਾਮਾ ਭੇਖ ਵਟਾਇੰਦਾ । ਗੁਰਮੁਖਾਂ ਆਤਮ ਲੱਗੀ ਔੜ, ਅੰਮ੍ਰਿਤ ਆਤਮ ਮੇਘ ਬਰਸਾਇੰਦਾ । ਕਲਜੁਗ ਜੀਵ ਵੇਖੇ ਪਰਖੇ ਮਿੱਠਾ ਕੌੜ, ਸ਼ਬਦ ਤੇਗ ਹੱਥ ਉਠਾਇੰਦਾ । ਇਕ ਦਵਾਰਾ ਨਰ ਨਿਰੰਕਾਰਾ ਜੋਤ ਆਕਾਰਾ ਨਾ ਕੋਈ ਜਾਣੇ ਲੰਮਾ ਚੌੜ, ਸ਼ਬਦ ਸਿੰਘਾਸਣ ਹਰਿ ਸੁਹਾਇੰਦਾ । ਜਗਤ ਮਲਾਹੀ ਬੇਪਰਵਾਹੀ ਏਕਾ ਲਾਏ ਸ਼ਬਦ ਪੌੜ, ਉਚਾ ਡੰਡਾ ਵਿਚ ਬ੍ਰਹਿਮੰਡਾ ਆਪਣਾ ਆਪ ਵਖਾਇੰਦਾ । ਕਲਜੁਗ ਰੈਣ ਅੰਧੇਰੀ ਅੰਤਮ ਕੰਢਾ, ਚਾਰੋਂ ਕੁੰਟ ਭੇਖ ਪਖੰਡਾ, ਗੁਰਮਤ ਗੁਰ ਮੰਤਰ ਲੱਗੀ ਬੁਝਾਏ ਤਨ ਬਸੰਤਰ ਪੰਚਮ ਮੀਤਾ ਨੀਕਨ ਨੀਕਾ ਆਤਮ ਰਸ ਹਿਰਦੇ ਵਸ ਰਾਹ ਸਾਚਾ ਦੱਸ

੬੭੨ ੦੫

ਆਪਣਾ ਮੇਲ ਮਿਲਾਇੰਦਾ । ਸ਼ਬਦ ਗੁਰ ਜੁਗਾ ਜੁਗ ਤਾਜ, ਜੁਗਾ ਜੁਗੰਤਰ ਰੀਤਾ । ਸ੍ਰਿਸ਼ਟ ਸਬਾਈ ਸਾਜਣ ਆਪੇ ਰਿਹਾ ਸਾਜ, ਲੱਖ ਚੁਰਾਸੀ ਪਰਖਣਹਾਰਾ ਆਪੇ ਨੀਤਾ । ਜਨ ਭਗਤਾਂ ਆਦਿ ਅੰਤ ਜੁਗਾ ਜਗੰਤ ਰੱਖੇ ਲਾਜ, ਅੰਮ੍ਰਿਤ ਆਤਮ ਨਾਮ ਨਿਧਾਨ ਗੁਰ ਚਰਨ ਦਵਾਰ ਜਿਸ ਜਨ ਪੀਤਾ । ਮੇਲ ਮਿਲਾਵਾ ਕਮਲਾਪਾਤ, ਸ਼ਬਦ ਚੜ੍ਹਾਏ ਸਾਚੇ ਰਥ, ਸਰਬ ਕਲ ਆਪੇ ਸਮਰਥ, ਜੋਤੀ ਜੋਤ ਸਰੂਪ ਹਰਿ, ਜਿਸ ਜਨ ਕਿਰਪਾ ਦੇਵੇ ਕਰ, ਕਾਇਆ ਕਰੇ ਠੰਢੀ ਠਾਰ ਸੀਤਲ ਸੀਤਾ । ਸੀਤਲ ਧਾਰਾ ਅੰਮ੍ਰਿਤ ਰਸ, ਗੁਰ ਪੂਰਾ ਮੁਖ ਚੁਆਇੰਦਾ । ਏਕਾ ਏਕ ਪ੍ਰਭ ਚਰਨ ਟੇਕ ਰਾਹ ਸਾਚਾ ਦੱਸ, ਹਉਮੇ ਰੋਗ ਗਵਾਇੰਦਾ । ਕਲਜੁਗ ਮਾਇਆ ਨਾ ਲਾਏ ਸੇਕ, ਤਨ ਬੁਧੀ ਰਹੇ ਸਦਾ ਬਿਬੇਕ, ਤ੍ਰਿਸ਼ਨਾ ਭੁੱਖ ਮਿਟਾਇੰਦਾ । ਸ੍ਰਿਸ਼ਟ ਸਬਾਈ ਰਿਹਾ ਵੇਖ, ਲੇਖਾ ਲਿਖਣਹਾਰਾ ਲੇਖ, ਆਪ ਦਿਸ ਕਿਸੇ ਨਾ ਆਇੰਦਾ । ਦਰ ਦਵਾਰਾ ਸ਼ਬਦ ਭਿਖਾਰੀ ਬ੍ਰਹਮਾ ਵਿਸ਼ਨ ਮਹੇਸ਼ ਗਣੇਸ਼ ਦਾਤਾ ਸੂਰਾ ਜੋਤੀ ਨੂਰਾ ਸ਼ਬਦ ਭਰਪੂਰਾ, ਸਾਚੀ ਵਸਤ ਏਕਾ ਝੋਲੀ ਪਾਇੰਦਾ । ਚਤੁਰ ਸੁਘੜ ਸਿਆਣ ਸਿਆਣੇ ਮੂੜ੍ਹ ਮੂੜ੍ਹਾ, ਜਿਸ ਜਨ ਬਖ਼ਸ਼ੇ ਚਰਨ ਧੂੜਾ, ਕਾਇਆ ਰੰਗ ਚੜ੍ਹਾਏ ਗੂੜ੍ਹਾ, ਨਾਮ ਪਹਿਨਾਏ ਸਾਚਾ ਚੂੜਾ, ਸ਼ਬਦ ਡੋਲੀ ਇਕ ਵਖਾਇੰਦਾ । ਜਗਤ ਨਾਤਾ ਕੂੜ ਕੂੜਾ, ਜੋਤੀ ਜੋਤ ਸਰੂਪ ਹਰਿ, ਜਿਸ ਜਨ ਕਿਰਪਾ ਦੇਵੇ ਕਰ, ਆਤਮ ਦੇਵੇ ਸ਼ਬਦ ਵਰ, ਸੁਰਤੀ ਸ਼ਬਦੀ ਸ਼ਬਦ ਸੁਰਤ ਅਕਾਲ ਮੂਰਤ ਨਾਦ ਤੂਰਤ ਧੁਨ ਆਤਮ ਮੇਲ ਪਰਮਾਤਮ ਬੰਦੀ ਬੰਦ ਕਟਾਇੰਦਾ । ਬੰਦੀ ਬੰਦ ਦੇਵੇ ਕੱਟ, ਕਟਣਹਾਰ ਸਵਾਮੀ । ਏਕਾ ਰਾਗ ਸੁਣਾਏ ਸਾਚਾ ਛੰਦ, ਨਿਹਕਰਮ ਕਰੇ ਨਿਹਕਾਮੀ । ਭਰਮ ਭੁਲੇਖਾ ਦੂਈ ਦਵੈਤੀ ਢਾਹੇ ਕੰਧ, ਸਰਬ ਜੀਆਂ ਪ੍ਰਭ ਅੰਤਰਜਾਮੀ । ਜੋਤੀ ਜੋਤ ਸਰੂਪ ਹਰਿ, ਨਾਮ ਚੜ੍ਹਾਏ ਸਾਚਾ ਚੰਦ, ਗਗਨ ਮੰਡਲ ਰਵ ਸੱਸ ਸਿਤਾਰ ਖ਼ਬਰਦਾਰ ਮਿਟੇ ਰੈਣ ਅੰਧੇਰੀ ਸ਼ਾਮੀ । ਖੇਲੇ ਖੇਲਾ ਜਗਤ ਖਿਲਾਰੀ, ਕਰ ਕਰ ਭੇਖ ਅਵੱਲਾ । ਗੁਰਮੁਖ ਸਾਚੇ ਰਿਹਾ ਉਭਾਰੀ, ਮਨਮੁਖ ਜੀਵਾਂ ਕਰੇ ਖ਼ਬਰਦਾਰੀ, ਪੰਚ ਪੰਚਾਇਣੀ ਕਰਾਏ ਹੱਲਾ । ਸ਼ਬਦ ਗਿਆਨਾ ਵਡ ਭੰਡਾਰੀ, ਆਤਮ ਜੋਤ ਨਰ ਨਿਰੰਕਾਰੀ, ਜਿਸ ਜਨ ਬਖ਼ਸ਼ੇ ਚਰਨ ਪਿਆਰੀ, ਹੋਏ ਸਹਾਈ ਜਲ ਥਲਾ । ਕਾਇਆ ਕੰਦਰ ਅੰਧ ਅੰਧਿਆਰੀ, ਗੁਰ ਪੂਰੇ ਬਿਨ ਕੋਇ ਨਾ ਉਤਰੇ ਪਾਰੀ, ਜੀਵ ਜੰਤ ਚੜ੍ਹ ਚੜ੍ਹ ਥੱਕੇ, ਦਿਸ ਨਾ ਆਏ ਮਹੱਲ ਅਟੱਲ ਉਚ ਅਟਾਰੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਸ਼ਬਦ ਵਰ, ਆਪ ਖੁਲ੍ਹਾਏ ਬੰਦ ਕਿਵਾੜੀ । ਬੰਦ ਕਿਵਾੜੀ ਖੋਲ੍ਹ ਦਇਆ ਕਮਾਇੰਦਾ । ਨਿਸ਼ ਅੱਖਰ ਵੱਖਰ ਆਪੇ ਬੋਲ, ਆਪਣੇ ਸੰਗ ਆਪ ਮਿਲਾਇੰਦਾ । ਆਪੇ ਬੈਠਾ ਰਹੇ ਅਡੋਲ, ਡੋਲ ਕਦੇ ਨਾ ਜਾਇੰਦਾ । ਸਦਾ ਸੁਹੇਲਾ ਏਕਾ ਤੋਲੇ ਸਾਚਾ ਤੋਲ, ਤੋਲਣਹਾਰ ਆਪ ਅਖਵਾਇੰਦਾ । ਲੱਖ ਚੁਰਾਸੀ ਦਰ ਦਰ ਘਰ ਘਰ ਆਤਮ ਪੜਦੇ ਰਿਹਾ ਫੋਲ, ਪੜਦਾ ਉਹਲਾ ਨਾ ਕੋਈ ਰਖਾਇੰਦਾ । ਗੁਰਮੁਖ ਵਿਰਲਾ ਚਰਨ ਪ੍ਰੀਤੀ ਗੁਰ ਪੂਰੇ ਚਰਨ ਰਿਹਾ ਘੋਲ, ਨਾਮ ਅਮੋਲ ਵਸਤ ਝੋਲੀ ਪਾਇੰਦਾ । ਮਾਣਕ ਮੋਤੀ ਹਰਿਜਨ ਸਾਚੇ ਪੁਰਖ ਅਬਿਨਾਸ਼ੀ ਆਪ ਵਿਰੋਲ, ਨਾਮ ਨਿਧਾਨਾ ਸ੍ਰੀ ਭਗਵਾਨਾ ਵਾਲੀ ਦੋ ਜਹਾਨਾਂ ਪੁਣ ਛਾਣ ਵਿਚ ਜਹਾਨ ਆਪਣੀ ਆਪ ਕਰਾਇੰਦਾ । ਏਕਾ ਰਾਗ ਸੁਣੇ ਸੁਣਾਏ ਕਾਨ, ਸ਼ਬਦ ਵਖਾਏ ਹਰਿ ਭਗਤ ਨਿਸ਼ਾਨ, ਝੁੱਲੇ ਝੁਲਾਏ ਦਰ ਦਰਬਾਨ, ਜੋਤੀ ਜੋਤ ਸਰੂਪ ਹਰਿ, ਸ਼ਬਦ ਸਿੰਘਾਸਣ ਜੋਤ ਧਰ, ਜੋਤੀ ਜੋਤ ਡਗਮਗਾਇੰਦਾ । ਰਸਨਾ ਭੋਗ ਹਰਿ ਭਗਵਾਨ, ਗੁਰ ਪਰਸਾਦੀ ਪਾਇਆ । ਜੀਆਂ ਦੇਵੇ ਦਾਤਾ ਦਾਨ, ਮਾਧਵ ਮਾਧੀ ਮੇਲ ਮਿਲਾਇਆ । ਨਾਮ ਅਮੋਲਾ ਪੀਣ ਖਾਣ, ਬੋਧ ਅਗਾਧੀ ਸ਼ਬਦ ਜਣਾਇਆ ।

ਗੁਰਮੁਖ ਵਿਰਲੇ ਸ਼ਬਦ ਚੜ੍ਹੇ ਸਚ ਬਿਬਾਣ, ਨਾਦ ਅਨਾਦੀ ਦਰਸ਼ਨ ਪਾਇਆ । ਆਪ ਮਿਟਾਏ ਜਮ ਕੀ ਕਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਸੰਗਤ ਦੇਵੇ ਜਗਤ ਵਰ, ਲੱਖ ਚੁਰਾਸੀ ਫੰਦ ਕਟਾਇਆ । ਭੋਗ ਭਗਵੰਤ ਘਰ ਸਾਚੇ ਲੱਗੇ, ਲੇਖੇ ਲਾਏ ਰਾਸ । ਜਗਤ ਤ੍ਰਿਸ਼ਨਾ ਬੁਝੇ ਅੱਗੇ, ਨਿੱਜ ਘਰ ਆਤਮ ਰਖੇ ਵਾਸ । ਦਰਸ ਪਾਇਆ ਗੁਰ ਪੂਰੇ ਸਰਬਗੇ, ਰਸਨਾ ਗਾਇਆ ਸਵਾਸ ਸਵਾਸ । ਵੇਲ ਵਧਾਈ ਪ੍ਰਭ ਸਾਚੇ ਸਿੰਘ ਬੱਗੇ, ਗੁਰਮੁਖ ਕਾਇਆ ਕੀਨੀ ਰਾਸ । ਆਪੇ ਫਿਰੇ ਪਿਛੇ ਅੱਗੇ, ਖੰਡ ਬ੍ਰਹਿਮੰਡ ਵਿਚ ਬ੍ਰਹਿਮਾਦ । ਸਰਨ ਸਰਨਾਈ ਜੋ ਜਨ ਸਾਚੀ ਲੱਗੇ, ਦੇਵਣਹਾਰ ਗੁਰ ਸ਼ਬਦ ਦਾਦ । ਕਲਜੁਗ ਰੈਣ ਅੰਧੇਰੀ ਵਾ ਤੱਤੀ ਵੱਗੇ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਵੇਖ ਵਖਾਣੇ ਹਰ ਘਟ ਜਾਣੇ ਸੰਤ ਸਾਧ । ਦਰ ਦਵਾਰਾ ਆਸ ਪਿਆਸ ਜਗਤ ਤ੍ਰਿਸ਼ਨਾ, ਗੁਰ ਪੂਰਾ ਦਏ ਬੁਝਾਈਆ । ਜਗਤ ਵਿਕਾਰਾ ਜੂਠੀ ਝੂਠੀ ਲਾਹੇ ਵਿਸਨਾ, ਤਨ ਨਾਮ ਸ਼ਿੰਗਾਰ ਕਰਾਈਆ । ਏਕਾ ਏਕ ਜਣਾਏ ਸਚ ਹਦੀਸਾ, ਰੋਗ ਸੋਗ ਚਿੰਤ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਗੁਰ ਸੰਗਤ ਦੇਵੇ ਸ਼ਬਦ ਵਰ, ਆਤਮ ਰਸ ਸਾਚਾ ਭੋਗ, ਰਸਨਾ ਹਰਿ ਗੁਣ ਗਾਈਆ । ਮੰਗੇ ਮੰਗ ਆਤਮ ਘਰ, ਵੇਖ ਵਖਾਣੇ ਸਾਚਾ ਹਰਿ, ਜੀਓ ਪਿੰਡ ਪਿੰਡ ਜੀਓ ਕਾਚਾ, ਨੌਂ ਦਵਾਰੇ ਰਿਹਾ ਨਾਚਾ, ਅੰਮ੍ਰਿਤ ਆਤਮ ਨਾ ਮਿਲਿਆ ਸੀਰ । ਏਕਾ ਏਕ ਸ਼ਬਦ ਗੁਰ ਵਾਚਾ, ਲੱਖ ਚੁਰਾਸੀ ਚੁੱਕੇ ਡਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਦੇਵੇ ਜਗਤ ਵਰ, ਗੁਰਮੁਖ ਵਖਾਏ ਸਾਜਣ ਸਾਚਾ ।



੬੭੩

੦੫

## ★ ੧੮ ਚੇਤ ੨੦੧੩ ਬਿਕ੍ਰਮੀ ਇੰਦਰ ਸਿੰਘ ਦੇ ਗ੍ਰਹਿ ਪਿੰਡ ਬੰਡਾਲਾ ਜ਼ਿਲਾ ਅੰਮ੍ਰਿਤਸਰ ★

ਗੁਰਸਿਖ ਦਵਾਰਾ ਧੰਨ ਹੈ, ਵੱਜੇ ਸ਼ਬਦ ਅਨਾਦ । ਗੁਰਮੁਖ ਦਵਾਰਾ ਧੰਨ ਹੈ, ਵਡ ਵਡਿਆਈ ਵਿਚ ਬ੍ਰਹਿਮਾਦ । ਗੁਰਮੁਖ ਦਵਾਰਾ ਧੰਨ ਹੈ, ਗੁਰ ਪੂਰਾ ਲਿਆ ਲਾਧ । ਗੁਰਮੁਖ ਦਵਾਰਾ ਧੰਨ ਹੈ, ਮਿਲੇ ਸ਼ਬਦ ਸਾਚੀ ਦਾਦ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਜਗਤ ਜਣਾਈ ਬੋਧ ਅਗਾਧ । ਹਰਿਜਨ ਦਵਾਰਾ ਧੰਨ ਹੈ, ਮਨ ਤਨ ਖੋਜ ਖੁਜਾਇਆ । ਭਰਮ ਭੁਲੇਖਾ ਕੱਢੇ ਜਨ, ਆਤਮ ਗਿਆਨ ਬ੍ਰਹਮ ਪਾਰਬ੍ਰਹਮ ਜਣਾਇਆ । ਨਿਰਮਲ ਜੋਤ ਜਗਾਏ ਸਾਚੇ ਤਨ, ਅੰਧ ਅੰਧੇਰ ਰਿਹਾ ਮਿਟਾਇਆ । ਰਾਗ ਸੁਹਾਗੀ ਇਕ ਸੁਣਾਏ ਕੰਨ, ਜਗਤ ਤ੍ਰਿਸ਼ਨਾ ਰਿਹਾ ਬੁਝਾਇਆ । ਜਗਤ ਬੇੜਾ ਰਿਹਾ ਬੰਨ੍ਹ, ਆਪ ਆਪਣਾ ਕਰਮ ਕਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗਊ ਨਿਮਾਣਿਆਂ ਹੋਏ ਅੰਤ ਸਹਾਇਆ । ਗਊ ਗਰੀਬ ਨਿਮਾਣ, ਪ੍ਰਭ ਸਾਚੇ ਓਟ ਰਖਾਈਆ । ਏਕਾ ਬਖ਼ਸ਼ੇ ਚਰਨ ਧਿਆਨ, ਨਾਤਾ ਬਿਧਾਤਾ ਆਪ ਜੁੜਾਈਆ । ਸ਼ਬਦ ਫੜਾਏ ਤੀਰ ਕਮਾਨ, ਸਾਚੋ ਸਾਚ ਰਾਹ ਵਖਾਈਆ । ਦਰ ਘਰ ਸਾਚੇ ਦੇਵੇ ਮਾਣ, ਦਰ ਦਵਾਰਾ ਇਕ ਵਖਾਈਆ । ਜਗਤ ਵਿਛੋੜਾ ਚੁੱਕੇ ਕਾਣ, ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਲੋਕਮਾਤ ਦੇਵੇ ਵਡਿਆਈਆ । ਵਡ ਵਡੀ ਵਡਿਆਈ, ਗੁਰਮੁਖ ਦਵਾਰਿਆ । ਮਿਲੀ ਜਗਤ ਸੱਚੀ ਸਰਨਾਈ, ਪ੍ਰਭ ਆਤਮ ਪਾਏ ਸਾਰਿਆ । ਘਰ ਸਾਚੇ ਵੱਜੀ ਵਧਾਈ, ਮੰਗਲਾਚਾਰ ਇਕ ਕਰਾ ਰਿਹਾ । ਗਹਿਰ ਗੰਭੀਰ

ਗਾਉਣਾ ਚਾਈਂ ਚਾਈਂ, ਆਤਮ ਸੀਰ ਇਕ ਪਿਆ ਰਿਹਾ । ਪਕੜ ਉਠਾਏ ਫੜ ਫੜ ਬਾਂਹੀ, ਧੀਰਜ ਧੀਰ ਇਕ ਵਖਾ ਰਿਹਾ । ਸਦਾ ਸੁਹੇਲਾ ਦੇਵੇ ਠੰਢੀਆਂ ਛਾਂਈ, ਦਰ ਦਹਿਲੀਜ਼ ਨਿਵਾਜ਼ ਗਰੀਬ ਏਕਾ ਏਕ ਵਖਾ ਰਿਹਾ । ਗੁਰਮੁਖ ਆਤਮ ਤਨ ਮਨ ਜਾਏ ਭੀਜ, ਸੀਤਲ ਧਾਰਾ ਮੁਖ ਚਵਾ ਰਿਹਾ । ਜਗਤ ਵਿਚੋਲਾ ਇਕ ਸੁਣਾਏ ਸਾਚਾ ਢੋਲਾ ਜਗਤ ਕਰਾਏ ਰੀਝ, ਤਨ ਸ਼ਿੰਗਾਰ ਹਰਿ ਨਿਰੰਕਾਰ ਸ਼ਬਦ ਅਪਾਰ ਕਰਾ ਰਿਹਾ । ਵੇਖੇ ਖੇਲ ਵਾਰੋ ਵਾਰ, ਕਲਜੁਗ ਲਹਿਣਾ ਦੇਣਾ ਰਿਹਾ ਉਤਾਰ, ਭਾਣਾ ਸਹਿਣਾ ਸੱਚੀ ਸਰਕਾਰ, ਸਾਚਾ ਹੁਕਮ ਸੁਣਾ ਰਿਹਾ । ਨੇਤਰ ਨੈਣ ਦਰਸ ਸਾਚੇ ਨੈਣਾ, ਆਤਮ ਧੁਨ ਸੱਚੀ ਧੁਨਕਾਰ, ਨਾ ਕੋਈ ਜਾਣੇ ਰਿਖ ਮੁਨ ਪੜ੍ਹ ਪੜ੍ਹ ਥੱਕੇ ਵੇਦ ਵਿਚਾਰ, ਸ੍ਰਿਸ਼ਟ ਸਬਾਈ ਛਾਣ ਪੁਣ ਗੁਰਮੁਖ ਸਾਚੇ ਸੰਤ ਵਰੋਲੇ । ਆਤਮ ਅੰਦਰ ਆਪੇ ਬੋਲੇ । ਆਦਿ ਅੰਤ ਕਦੇ ਨਾ ਡੋਲੇ । ਕਰੇ ਖੇਲ ਅਪਰ ਅਪਾਰ, ਭਾਗ ਲਗਾਇਆ ਕਾਇਆ ਚੋਲੇ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਆਪੇ ਵਸੇ ਪੜਦੇ ਉਹਲੇ । ਜਗਤ ਭੁਲੇਖਾ ਭਰਮ, ਪ੍ਰਭ ਸਾਚਾ ਮਾਤ ਰਖਾਇੰਦਾ । ਆਪੇ ਜਾਣੇ ਆਪਣਾ ਕਰਮ, ਲਿਖ ਲਿਖ ਨਾ ਕੋਇ ਸੁਣਾਇੰਦਾ । ਜੁਗਾ ਜੁਗੰਤਰ ਸਾਚਾ ਧਰਮ, ਜੁਗਾ ਜੁਗੰਤ ਬਣਤ ਬਣਾਇੰਦਾ । ਦੂਈ ਦਵੈਤੀ ਮਿਟੇ ਵਰਮ, ਸਤਿਜੁਗ ਸਾਚੇ ਜਨਮ ਦਵਾਇੰਦਾ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਗੁਰਮੁਖ ਸੁਹਾਏ ਇਕ ਦਰ, ਅਲਖ ਨਿਰੰਜਣ ਇਕ ਅਲਖ ਜਗਾਇੰਦਾ । ਹਰਿ ਅਲਖ ਜਗਾਏ, ਮੰਗਣ ਆਇਆ ਚਰਨ ਪ੍ਰੀਤ । ਗੁਰਮੁਖ ਸਾਚੇ ਵੱਖ ਕਰਾਏ, ਕਲਜੁਗ ਅਚਰਜ ਚਲਾਈ ਰੀਤ । ਪਰਗਟ ਹੋਏ ਹਰਿ ਪਰਤਖ, ਹਰਿ ਦਰਸ ਦਿਖਾਏ ਕਿਸੇ ਦਿਸ ਨਾ ਆਏ ਦਿਹੁਰੇ ਮੰਦਰ ਮਸੀਤ । ਵੇਖੇ ਅੰਤਮ ਹਰਿਜਨ ਸਾਚੇ ਵੇਖ ਵਖਾਏ, ਇਕ ਸੁਣਾਏ ਅਨਾਦੀ ਗੀਤ । ਸ੍ਰਿਸ਼ਟ ਸਬਾਈ ਖਾਲੀ ਹੱਥ ਵਖਾਏ, ਅੱਠੇ ਪਹਿਰ ਪਰਖੇ ਨੀਤ । ਗੁਰਮੁਖਾਂ ਮੇਲ ਸਮਰਥ ਆਪ ਮਿਲਾਏ, ਅੱਠੇ ਪਹਿਰ ਵਸੇ ਚੀਤ । ਨੌਂ ਖੰਡ ਪ੍ਰਿਥਮੀ ਸਤਿ ਸਰੂਪੀ ਨੱਥ ਪਵਾਏ, ਨਾ ਕੋਈ ਜਾਣੇ ਹਸਤ ਕੀਟ । ਏਕਾ ਏਕ ਸਤਿਜੁਗ ਸਾਚਾ ਰਥ ਚਲਾਏ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਸੁਹਾਏ ਪੀਤੰਬਰ ਪੀਤ । ਪੀਤ ਪੀਤੰਬਰ ਲਾਏ ਛਹਿਬਰ, ਅਕਲ ਕਲਾ ਕਲ ਧਾਰੀਆ । ਸ੍ਰਿਸ਼ਟ ਸਬਾਈ ਏਕਾ ਰਹਿਬਰ, ਕਰੇ ਖੇਲ ਨਿਆਰੀਆ । ਸੰਮਤ ਚੌਦਾਂ ਛੇੜ ਛਿੜਾਏ ਦਰਾ ਖ਼ੈਬਰ, ਆਪਣਾ ਗੇੜਾ ਆਪ ਗਿੜਾਈਆ । ਮੁਗਲ ਪਠਾਣੀ ਵੇਖੇ ਬਹਿ ਦਰ, ਦਰ ਦਰਵੇਸ਼ਾ ਆਪ ਅਖਵਾਈਆ । ਸ਼ਬਦ ਸਿੰਘਾਸਣ ਸਾਚੇ ਘਰ ਜਗਤ ਕਲਾਮੀ ਨੇਹ ਨੇਹਕਾਮੀ ਅੰਤਰਜਾਮੀ ਘਟ ਘਟ ਬੂਝ ਬੁਝਾਈਆ । ਸੋਇਆ ਮਾਤ ਜਗਤ ਨਿਧਾਨੀ, ਮਾਇਆ ਸੁਰਤ ਨਾ ਆਈਆ । ਪਰਗਟ ਹੋਏ ਹਰਿ ਬਲਵਾਨੀ, ਨਾਦ ਤੂਰਤ ਇਕ ਵਜਾਈਆ । ਨੌਂ ਖੰਡ ਪ੍ਰਿਥਮੀ ਮਾਰ ਧਿਆਨੀ, ਕੂੜੋ ਕੂੜਤ ਵੇਖ ਵਖਾਈਆ । ਸ਼ਬਦ ਉਡਾਏ ਇਕ ਬਿਬਾਣੀ, ਧੂੜੋ ਧੂੜਤ ਰਿਹਾ ਉਡਾਈਆ । ਗੁਰਮੁਖ ਸਾਚੇ ਆਤਮ ਅੰਦਰ ਏਕਾ ਗਾਣ, ਮੂੜ੍ਹਤ ਮੂੜ੍ਹ ਰਹੇ ਕੁਰਲਾਈਆ । ਮੇਲ ਮਿਲਾਵਾ ਸਾਚੇ ਕਾਹਨ, ਸੁਰਤੀ ਰਾਧਾ ਕ੍ਰਿਸ਼ਨ ਮਿਲਾਈਆ । ਆਪਣਾ ਕੀਤਾ ਆਪੇ ਪਾਣ, ਚੌਦਾਂ ਹੱਟ ਸਚ ਦੁਕਾਨ, ਤੀਰਥ ਤਟ ਹੋਏ ਵੈਰਾਨ, ਘਟ ਘਟ ਲੇਖਾ ਰਿਹਾ ਲਿਖਾਈਆ । ਸਰਬ ਜੀਆਂ ਪ੍ਰਭ ਜਾਣੀ ਜਾਣ, ਆਪੇ ਕਰੇ ਜਾਣ ਪਛਾਣ, ਸ੍ਰਿਸ਼ਟ ਸਬਾਈ ਆਪੇ ਵੇਖ ਵਖਾਈਆ । ਵੇਖਣ ਆਇਆ ਸ਼ਬਦ ਗੁਰ, ਜਗਤ ਦਮਾਮਾ ਵਜੇ । ਏਕਾ ਚੜ੍ਹਿਆ ਸ਼ਬਦ ਘੋੜ, ਜਨ ਭਗਤਾਂ ਪੜਦੇ ਕੱਜੇ, ਧੁਰ ਦਰਗਾਹੀ ਆਇਆ ਦੌੜ, ਲੱਖ ਚੁਰਾਸੀ ਅੰਤਮ ਵੇਖੇ ਜੋ ਘੜਿਆ ਸੋ ਭੱਜੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ


੬੭੪
੦੫

ਜੋਤ ਧਰ, ਗੁਰਮੁਖ ਸਾਚੇ ਸੰਤ ਇਕ ਜਨਾਂ ਸੁਣਾਏ ਰਾਗ ਕੰਨਾ, ਆਤਮ ਮੋਘੀ ਦਰਸ ਦਿਖਾਏ, ਸਾਚਾ ਹੱਜ ਕਰਾਏ ਮੱਕਾ ਕਾਅਬਾ ਏਕਾ ਹੱਜੇ । ਮੱਕਾ ਕਾਅਬਾ ਹੱਕ ਜ਼ਨਾਬ, ਨਬੀ ਰਸੂਲਾਂ ਰਿਹਾ ਜਗਾਈਆ । ਸਾਚਾ ਮੇਲਾ ਦੋ ਦੋਆਬ, ਏਕਾ ਕਿਲ੍ਹਾ ਰਿਹਾ ਵਖਾਈਆ । ਕੋਇ ਨਾ ਝੱਲੇ ਨੇਤਰ ਤਾਬ, ਏਕਾ ਇਕ ਪਰਕਾਸ਼ ਵਖਾਈਆ । ਆਪੇ ਜਾਣੇ ਪੁੰਨ ਸਵਾਸ, ਆਬੇ ਹਯਾਤ ਹੱਥ ਰਖਾਈਆ । ਲਹਿਣਾ ਦੇਣਾ ਚੁਕਾਏ ਅੰਤ ਹਿਸਾਬ, ਲਿਖਣਹਾਰਾ ਹਰਿ ਰਘੁਰਾਈਆ । ਸੰਗ ਮੁਹੰਮਦ ਕੱਢੇ ਇਕ ਕਿਤਾਬ, ਚਾਰ ਯਾਰਾਂ ਰਿਹਾ ਸੁਣਾਈਆ । ਪਰਗਟ ਹੋਏ ਹੱਕ ਜ਼ਨਾਬ, ਜਗਤ ਉਧਾਰਾ ਰਿਹਾ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਗੁਰਮੁਖ ਸਾਚੇ ਜਗਤ ਨਿਮਾਣੇ, ਦਰ ਦਵਾਰ ਕਰੇ ਪਰਵਾਨੇ, ਪਰਮਾਨੰਦ ਵਿਚ ਸਮਾਈਆ । ਦਰ ਦਵਾਰਾ ਵੇਖ, ਦਇਆ ਕਮਾਇੰਦਾ । ਸੰਗ ਮੁਹੰਮਦ ਵੇਖੇ ਰੇਖ, ਯਾਰ ਚਾਰ ਨਾਲ ਉਪਾਇੰਦਾ । ਪਕੜ ਉਠਾਏ ਔਲੀਏ ਪੀਰ ਸ਼ੇਖ਼, ਦਸਤਗੀਰ ਹਕੀਰ ਸ਼ਬਦ ਜੰਜ਼ੀਰ ਇਕ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਤਨ ਛੁਹਾਏ ਚੋਲਾ ਨੀਲ, ਜਗਤ ਮਲੰਗ ਆਪੇ ਆਪ ਬਣ ਜਾਇੰਦਾ । ਚੋਲਾ ਨੀਲਾ ਨੀਲੀ ਧਾਰ । ਵੇਖ ਵਖਾਣੇ ਸੰਗ ਮੁਹਮੰਦੀ ਚਾਰ ਯਾਰ । ਧਰਤ ਮਾਤ ਵੇਖ ਵੇਖ ਕੰਬਦੀ, ਅੰਤਮ ਪੈਣੀ ਕਲਜੁਗ ਮਾਰ । ਉਮਤ ਨਬੀ ਰਸੂਲ ਦੀ ਨਿੱਜ ਮੇਰੇ ਘਰ ਜੰਮਦੀ, ਦਿਵਸ ਰੈਣ ਕੱਢੇ ਹਾੜ । ਵੇਖੇ ਖੇਲ ਪੁਰਖ ਅਗੰਮ ਦੀ, ਆਪ ਉਠਾਈ ਅਗੰਮੀ ਧਾੜ । ਮੇਟੇ ਰੇਖ ਹੱਡ ਮਾਸ ਨਾੜੀ ਚੰਮ ਦੀ, ਜੋਤੀ ਅਗਨੀ ਦੇਵੇ ਸਾੜ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਬਣਾਏ ਸਾਚੇ ਲਾੜ । ਧਰਤ ਮਾਤ ਕਰੇ ਪੁਕਾਰ, ਰੋ ਰੋ ਧਾਹਾਂ ਮਾਰਦੀ । ਪ੍ਰਭ ਸਾਚੇ ਸੁਣ ਪੁਕਾਰ, ਕਲਜੁਗ ਹੋਣਾ ਅੰਤ ਖੁਆਰ, ਮਾਇਆ ਰਾਣੀ ਪਾਸਾ ਹਾਰਦੀ । ਏਕਾ ਏਕ ਸਚ ਦਰਬਾਰ, ਸਚ ਨਿਆਉਂ ਸੱਚੀ ਸਰਕਾਰ, ਸਦੀ ਚੌਧਵੀਂ ਵਹਿੰਦੀ ਧਾਰ, ਵੇਖੇ ਖੇਲ ਆਰ ਪਾਰ ਦੀ । ਬੀਸ ਬੀਸਾ ਕਰ ਆਕਾਰ, ਹਰਿ ਜਗਦੀਸਾ ਡੰਕ ਅਪਾਰ, ਰਾਓ ਰੰਕਾਂ ਕਰੇ ਖ਼ਬਰਦਾਰ, ਕਰੇ ਖੇਲ ਪਰਵਰਦਿਗਾਰ ਦੀ । ਚਾਰੋਂ ਕੁੰਟਾਂ ਹਾਹਾਕਾਰ, ਗੁਰਮੁਖ ਵਿਰਲੇ ਕਰੇ ਜੈ ਜੈਕਾਰ, ਮਿਲਿਆ ਮੇਲ ਪੁਰਖ ਭਤਾਰ, ਸੋਲਾਂ ਕਲੀਆਂ ਤਨ ਸ਼ਿੰਗਾਰ ਦੀ । ਕਲਜੁਗ ਦੇਵੇ ਪੈਜ ਸਵਾਰ, ਦੋਵੇਂ ਭੁਜਾ ਆਪ ਉਭਾਰ, ਗੁਰਮੁਖ ਸਾਚੇ ਸੰਤ ਜਨਾਂ ਦਿਵਸ ਰੈਣ ਨੇਤਰ ਖੋਲ੍ਹ, ਹਿਰਦੇ ਅੰਦਰ ਸਾਚੇ ਬੋਲ, ਸ਼ਬਦ ਸਰੂਪੀ ਅਵਾਜਾਂ ਮਾਰਦੀ । ਆਪੇ ਵਸੇ ਸਦਾ ਕੋਲ, ਬੈਠੀ ਰਹੇ ਜਗਤ ਅਡੋਲ, ਸ੍ਰਿਸ਼ਟ ਸਬਾਈ ਰਹੀ ਤੋਲ, ਜੋਤੀ ਖੇਲ ਅਕਲ ਅਕਾਲ ਦੀ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਗੁਰਮੁਖਾਂ ਮੇਲ ਸਚ ਘਰ, ਸਾਚੀ ਵੇਲ ਦੀਨ ਦਿਆਲ ਦੀ । ਹਰਿ ਸਾਜਨ ਜਗ ਸੱਜਣਾ, ਜੁਗ ਜੁਗ ਮੀਤ ਮੁਰਾਰ । ਚਰਨ ਧੂੜ ਕਰਾਏ ਸਾਚਾ ਮਜਨਾ, ਇਕ ਵਖਾਏ ਦਵਾਰ ਬੰਕ ਦਵਾਰ । ਪੀ ਅੰਮ੍ਰਿਤ ਦਰ ਘਰ ਸਾਚੇ ਰੱਜਣਾ, ਮਿਲੇ ਭਗਤ ਭੰਡਾਰ । ਕਲਜੁਗ ਕਾਇਆ ਪੜਦਾ ਕਜਨਾ, ਨਾ ਹੋਏ ਅੰਤ ਖੁਆਰ, ਜੋ ਘੜਿਆ ਸੋ ਭੱਜਣਾ, ਸ਼ਬਦ ਖੰਡਾ ਪ੍ਰਭ ਰਿਹਾ ਹੁਲਾਰ । ਦਰ ਦਵਾਰਾ ਸਭ ਨੇ ਤਜਣਾ, ਨਾ ਕੋਈ ਦੀਸੇ ਮਹੱਲ ਅਟਾਰ । ਏਕਾ ਤਾਲ ਜਗਤ ਵੱਜਣਾ, ਸ੍ਰਿਸ਼ਟ ਸਬਾਈ ਹਾਹਾਕਾਰ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਆਪੇ ਜਾਣੇ ਆਪਣੀ ਧਾਰ । ਹਰਿ ਸਾਜਣ ਜਗ ਮੀਤ, ਜੋਤ ਜਗਾਇੰਦਾ । ਜੁਗਾ ਜੁਗੰਤਰ ਸਾਚੀ ਰੀਤ, ਦਿਸ ਕਿਸੇ ਨਾ ਆਇੰਦਾ । ਹਰਿ ਜਨ ਵਿਰਲੇ ਏਕਾ ਬਖ਼ਸ਼ੇ ਚਰਨ ਪ੍ਰੀਤ, ਆਪ ਆਪਣੀ ਦਇਆ ਕਮਾਇੰਦਾ । ਜੀਵਾਂ ਜੰਤਾਂ ਪਰਖਣਹਾਰਾ ਨੀਤ, ਨੀਤ ਅਨੀਤਾ ਸਦ ਅਖਵਾਇੰਦਾ ।

ਕਲਜੁਗ ਰੈਣ ਅੰਧੇਰੀ ਰਹੀ ਬੀਤ, ਸਤਿਜੁਗ ਸਾਚਾ ਚੰਦ ਚੜ੍ਹਾਇੰਦਾ । ਗੁਰਮੁਖ ਵਿਰਲੇ ਕਾਇਆ ਸੀਤਲ ਸੀਤ, ਅੰਮ੍ਰਿਤ ਧਾਰਾ ਮੁਖ ਚੁਆਇੰਦਾ । ਆਪ ਜਾਣੇ ਹਸਤ ਕੀਟ, ਸ਼ਾਹ ਸੁਲਤਾਨਾਂ ਭਿਖ ਮੰਗਾਇੰਦਾ । ਸ੍ਰਿਸ਼ਟ ਸਬਾਈ ਮੀਤ, ਖੇਵਟ ਖੇਟ ਸਾਚਾ ਬੇੜਾ ਨਾਮ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਾਇਆ ਨਗਰ ਸਾਚਾ ਖੇੜਾ ਆਪਣਾ ਆਪ ਵਸਾਇੰਦਾ । ਕਾਇਆ ਖੇੜਾ ਵਸਿਆ ਨਗਰ, ਪ੍ਰਭ ਸਾਚੇ ਜੋਤ ਜਗਾਈਆ । ਨਿਰਮਲ ਕਰਮ ਹੋਇਆ ਉਜਾਗਰ, ਜ਼ਾਤ ਪਾਤੀ ਭੇਵ ਚੁਕਾਈਆ । ਜਨ ਭਗਤ ਬਣਾਏ ਨਾਮ ਸੁਦਾਗਰ, ਸਚ ਵਣਜਾਰਾ ਇਕ ਅਖਵਾਈਆ । ਸ਼ਬਦ ਜਣਾਈ ਕਾਇਆ ਗਾਗਰ, ਆਤਮ ਧੁਨ ਰਿਹਾ ਉਪਜਾਈਆ । ਮਿਲੇ ਨਾਮ ਰਤਨ ਰਤੀ ਰਤਨਾਗਰ, ਰੰਗ ਗੁਲਾਲਾ ਰਿਹਾ ਚੜ੍ਹਾਈਆ । ਕਾਇਆ ਡੂੰਘੀ ਗਹਿਰ ਗਵਰ, ਸਤ ਸਾਗਰ ਨੀਰ ਸਰੋਵਰ ਸਚ ਵਖਾਈਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਹਰਿਜਨ ਸਾਚੇ ਸਾਚੇ ਘਰ ਇਕ ਵਸਾਏ ਸ਼ਬਦ ਮਹੱਲਾ । ਸ਼ਬਦ ਮਹੱਲਾ ਭਗਤ ਅਪਾਰ, ਪ੍ਰਭ ਸਾਚਾ ਮਾਤ ਬਣਾਇੰਦਾ । ਨਾਮ ਸਰੂਪੀ ਚਾਰ ਦਿਵਾਰ, ਦਹਿ ਦਿਸ਼ਾ ਮੁਖ ਰਖਾਇੰਦਾ । ਆਪੇ ਕਰੇ ਬੰਦ ਕਿਵਾੜ, ਦਿਸ ਕਿਸੇ ਨਾ ਆਇੰਦਾ । ਪੰਚਮ ਰਖੇ ਬਾਹਰ ਧਾੜ, ਮਨਮੁਖ ਝੂਠੇ ਧੰਦੇ ਲਾਇੰਦਾ । ਗੁਰਮੁਖ ਸਾਚੇ ਸੰਤ ਸੁਹੇਲੇ ਦਰ ਘਰ ਸਾਚੇ ਦੇਵੇ ਵਾੜ, ਆਪ ਆਪਣਾ ਤਰਸ ਕਮਾਇੰਦਾ । ਆਪੇ ਹੋਏ ਪਿਛੇ ਅਗਾੜ, ਸ਼ਬਦ ਘੋੜੇ ਦੇਵੇ ਚਾੜ੍ਹ, ਜਗੇ ਜੋਤ ਬਹੱਤਰ ਨਾੜ, ਅੰਧੇਰ ਅਗਿਆਨ ਜਗਤ ਅੰਧੇਰ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਗੁਰਮੁਖ ਸਾਚੇ ਸੰਤ ਜਨਾਂ ਏਕਾ ਦੇਵੇ ਨਾਮ ਧੰਨਾ, ਰੰਗ ਰੰਗੀਲਾ ਮੋਹਣ ਮਾਧਵ ਏਕਾ ਰੰਗਣ ਰੰਗ ਚੜ੍ਹਾਇੰਦਾ । ਰੰਗਣ ਰੰਗ ਹਰਿ ਚੜ੍ਹਾਏ, ਏਕਾ ਏਕ ਮਜੀਠ । ਦੂਜਾ ਦਰ ਨਾ ਮੰਗਣ ਜਾਏ, ਦਰ ਘਰ ਸਾਚਾ ਇਕ ਬਸੀਠ । ਹਰਿਜਨ ਸਾਚਾ ਸਾਚੇ ਅੰਗਣ ਆਪ ਰਖਾਏ, ਦਿਸ ਨਾ ਆਏ ਹਰਿ ਅਨਡੀਠ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਕਲਜੁਗ ਅੰਤਮ ਵੇਖ ਹਰਿ, ਲੱਖ ਚੁਰਾਸੀ ਵੇਖੇ ਪਰਖੇ ਕੌੜੇ ਮਿੱਠੇ ਰੀਠ । ਵੇਖਣਹਾਰਾ ਵੇਖਣ ਆਇਆ, ਕਲਜੁਗ ਰੈਣ ਅੰਧਿਆਰੀ । ਨੇਤਰ ਲੋਚਣ ਸਾਚੇ ਪੇਖਣ ਆਇਆ, ਸੋਲਾਂ ਕਲੀਆਂ ਕਰ ਤਨ ਸ਼ਿੰਗਾਰੀ । ਕਲਜੁਗ ਰੇਖ ਮੇਟਣ ਆਇਆ, ਫੜ ਸ਼ਬਦ ਦੋ ਧਾਰੀ । ਗੁਰਮੁਖ ਸਾਚੇ ਸੰਤ ਸੁਹੇਲੇ ਸ਼ਬਦ ਦੁਸ਼ਾਲੇ ਆਪ ਲਪੇਟਣ ਆਇਆ, ਕਰੇ ਕਰਾਏ ਸਾਚੀ ਕਾਰੀ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਜਗਤ ਅਵੱਲੜੀ ਬੰਨ੍ਹੇ ਧਾਰੀ । ਜਗਤ ਅਵੱਲੜੀ ਬੰਨ੍ਹੇ ਧਾਰ, ਧਾਰੀ ਨਰ ਨਰੇਸ਼ਿਆ । ਚਿੱਟੇ ਅਸਵ ਹੋ ਅਸਵਾਰ, ਦਰ ਦਰ ਘਰ ਘਰ ਗੁਰ ਦਸਮੇਸਿਆ । ਪੁਰੀਆਂ ਲੋਆਂ ਖ਼ਬਰਦਾਰ, ਆਪ ਜਗਾਏ ਬ੍ਰਹਮਾ ਵਿਸ਼ਨ ਮਹੇਸ਼ ਗਣੇਸ਼ਿਆ । ਪਕੜ ਉਠਾਏ ਸੰਗ ਮੁਹੰਮਦ ਚਾਰ ਯਾਰ, ਕਾਲੀ ਧਾਰੀ ਦਰ ਦਰਵੇਸਿਆ । ਈਸਾ ਮੂਸਾ ਕਰੇ ਕਰਾਏ ਖ਼ਬਰਦਾਰ, ਦਾਤਾ ਜੋਧਾ ਸੂਰਾ ਨਰ ਨਰੇਸ਼ਿਆ । ਲੋਆਂ ਪੁਰੀਆਂ ਏਕਾ ਮਾਰੇ ਸ਼ਬਦ ਮਾਰ, ਬ੍ਰਹਮਾ ਬ੍ਰਹਮ ਕਰੇ ਆਦੇਸਿਆ । ਸ਼ਿਵ ਸ਼ੰਕਰ ਦਰ ਰਿਹਾ ਪੁਕਾਰ, ਸੰਗ ਰਲਾਏ ਗਣਪਤ ਗਣੇਸ਼ਿਆ । ਸੁਰਪਤ ਰਾਜਾ ਇੰਦ ਰੋਵੇ ਧਾਹਾਂ ਮਾਰ, ਨਾਤਾ ਤੁੱਟੇ ਦੇਵੀ ਕਰੋੜ ਤੇਤੀਸਿਆ । ਵਰਭੰਡੀ ਜੇਰਜ ਅੰਡੀ ਹਾਹਾਕਾਰ, ਗਾ ਗਾ ਥੱਕੇ ਦੰਦ ਬਤੀਸ਼ਿਆ । ਭਰਮੇ ਭੁੱਲੇ ਜੀਵ ਗਵਾਰ, ਮਾਇਆ ਪੜਦਾ ਰਾਗ ਛਤੀਸਿਆ । ਅੰਜ਼ੀਲ ਕੁਰਾਨ ਨਾ ਪਾਇਣ ਸਾਰ, ਨਾ ਕੋਈ ਜਾਣੇ ਸਚ ਹਦੀਸਿਆ । ਵੇਦ ਪੁਰਾਨਾ ਆਈ ਹਾਰ, ਪਰਗਟ ਹੋਏ ਹਰਿ ਜਗਦੀਸਿਆ । ਖੇਲੇ ਖੇਲ ਵਿਚ ਸੰਸਾਰ, ਖੇਲਣਹਾਰ ਬੀਸ ਇਕੀਸਿਆ । ਚਾਰ ਵਰਨ ਕਰਾਏ ਏਕਾ

ਧਾਰ, ਸ਼ਬਦ ਝੁਲਾਏ ਸਾਚਾ ਸੀਸਿਆ । ਪਰਗਟ ਹੋਏ ਨਰ ਨਿਰੰਕਾਰ, ਰਾਜ ਰਾਜਾਨਾਂ ਖਾਲੀ ਕਰੇ ਖੀਸਿਆ । ਇਕ ਸੁਹਾਏ ਦਰ ਦਰਬਾਰ, ਚਾਰੋਂ ਕੁੰਟ ਜਗਤ ਇਕੀਸਿਆ । ਸ੍ਰਿਸ਼ਟ ਸਬਾਈ ਏਕਾ ਧਾਰ ਆਪ ਚਲਾਏ, ਦੂਸਰ ਨਾ ਕੋਈ ਕਰੇ ਰੀਸਿਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਆਪ ਆਪਣਾ ਪੀਸਣ ਪੀਸਿਆ । ਸਤਿਗੁਰ ਸਤਿ ਸਰੂਪ ਸਮਾਇਆ । ਪਰਗਟ ਹੋਏ ਅੰਧ ਕੂਪ, ਅੰਧ ਅੰਧੇਰਾ ਰਿਹਾ ਮਿਟਾਇਆ । ਦੋ ਜਹਾਨਾਂ ਸ਼ਾਹੋ ਭੂਪ, ਸ਼ਾਹ ਸੁਲਤਾਨਾਂ ਆਪ ਅਖਵਾਇਆ । ਏਕਾ ਏਕ ਸਤਿ ਸਰੂਪ, ਜਨ ਭਗਤਾਂ ਹਿਰਦੇ ਵਿਚ ਸਮਾਇਆ । ਕਿਸੇ ਦਿਸ ਨਾ ਆਏ ਰੰਗ ਰੂਪ, ਅਨੂਪਾ ਹਰਿ ਰਘੁਰਾਇਆ । ਗੁਰਮੁਖ ਉਪਜਾਏ ਸਚ ਸਪੂਤ, ਪਿਤਾ ਮਾਤ ਆਪ ਅਖਵਾਇਆ । ਵੇਖ ਵਖਾਣੇ ਚਾਰੇ ਕੂਟ, ਦਹਿ ਦਿਸ਼ਾ ਵੇਖ ਵਖਾਇਆ । ਹਰਿਜਨ ਸਾਚੇ ਸਾਚਾ ਲਾਹਾ ਰਹੇ ਲੂਟ, ਮਨਮੁਖਾਂ ਭੇਵ ਨਾ ਰਾਇਆ । ਨੌਂ ਦਵਾਰੇ ਰਹੀ ਫੂਟ, ਅੰਮ੍ਰਿਤ ਜਾਮ ਨਾ ਕਿਸੇ ਪਿਆਇਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਹਰਿ ਜਨ ਸਾਚੇ ਸੰਤ ਦੁਲਾਰ ਆਪੇ ਰਿਹਾ ਜਗਾਇਆ । ਹਰਿ ਸੰਤ ਜਗਾਏ ਆਪ ਪ੍ਰਭ, ਆਪਣੀ ਦਇਆ ਕਮਾਇੰਦਾ । ਉਲਟੀ ਕਰੇ ਕਵਲ ਨਭ, ਅੰਮ੍ਰਿਤ ਮੁਖ ਚੁਆਇੰਦਾ । ਪੰਜ ਵਿਕਾਰਾ ਦੇਵੇ ਦੱਬ, ਸ਼ਬਦ ਜੈਕਾਰਾ ਕਰੇ ਸਭ, ਕਾਇਆ ਮੰਡਲ ਵੇਖ ਵਖਾਇੰਦਾ । ਦਰਸ ਦਿਖਾਏ ਪਰਗਟ ਝੱਬ, ਹਰਿ ਸੰਤ ਸੁਹੇਲੇ ਆਪੇ ਲੱਭ, ਨਿਰਮਲ ਜੋਤੀ ਕਰ ਆਕਾਰ, ਸ਼ਬਦ ਕਰਾਏ ਇਕ ਜੈਕਾਰ, ਸਾਚਾ ਡੰਕ ਵਜਾਇੰਦਾ । ਕਲਜੁਗ ਰੈਣ ਅੰਧੇਰੀ ਧੁੰਦੂਕਾਰ, ਜੀਵਾਂ ਜੰਤਾਂ ਹਾਹਾਕਾਰ, ਜੂਠਾ ਝੂਠਾ ਪਸਰ ਪਸਾਰ, ਸਚ ਸੁੱਚ ਨਾ ਕੋਈ ਰਖਾਇੰਦਾ । ਸ਼ਬਦ ਫੜ ਪ੍ਰਭ ਤੇਜ ਕਟਾਰ, ਪਰਗਟ ਹੋਏ ਵਿਚ ਸੰਸਾਰ, ਨੌਂ ਖੰਡ ਪ੍ਰਿਥਮੀ ਮਾਰੇ ਮਾਰ, ਸਤਾਂ ਦੀਪਾਂ ਵੰਡ ਵੰਡਾਇੰਦਾ । ਚਿੱਟੇ ਅਸਵ ਹੋ ਅਸਵਾਰ, ਕਲਗੀ ਤੋੜਾ ਅਪਰ ਅਪਾਰ, ਜੋਤੀ ਜੋੜਾ ਸ਼ਬਦ ਸਰਦਾਰ, ਵੇਖ ਵਖਾਣੇ ਨਾਰੀ ਨਾਰ, ਲੱਖ ਚੁਰਾਸੀ ਭੇਵ ਖੁਲ੍ਹਾਇੰਦਾ । ਅੱਠੇ ਪਹਿਰ ਖ਼ਬਰਦਾਰ, ਸੰਤ ਸੁਹੇਲਾ ਸਾਚਾ ਯਾਰ, ਜਨ ਭਗਤਾਂ ਬਖ਼ਸ਼ੇ ਚਰਨ ਪਿਆਰ, ਏਕਾ ਨਾਤਾ ਜੋੜ ਜੁੜਾਇੰਦਾ । ਹਉਮੇ ਹੰਗਤਾ ਰੋਗ ਨਿਵਾਰ, ਸਾਚੀ ਸੰਗਤਾ ਦਰ ਦਰਬਾਰ, ਜੋ ਜਨ ਆਏ ਨਾਮ ਮੰਗਤਾ, ਕਰੇ ਕਰਾਏ ਖੇਲ ਵਣਜ ਵਾਪਾਰ, ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਸ਼ਬਦ ਸੁਨੇਹੜਾ ਦੇਵੇ ਵਰ, ਅਗਾਧ ਬੋਧੀ ਬੋਧ ਅਗਾਧੀ ਏਕਾ ਏਕ ਜਣਾਇੰਦਾ । ਸ਼ਬਦ ਸੁਨੇਹੜਾ ਲੈ ਕੇ ਆਇਆ, ਧੁਰ ਦਰਗਾਹੀ ਸਾਚਾ ਦਾਤਾ, ਲੱਖ ਚੁਰਾਸੀ ਵੇਖ ਵਖਾਣੇ ਘਨਕਪੁਰ ਵਾਸੀ, ਸ਼ਬਦ ਸਵਾਸੀ ਲਏ ਬਚਾਇਆ । ਸਚਖੰਡ ਵੇਖ ਬ੍ਰਹਿਮੰਡ ਜੇਰਜ ਅੰਡ ਭੇਖ ਪਖੰਡ, ਕਲਜੁਗ ਅੰਤਮ ਦਏ ਮਿਟਾਇਆ । ਸਾਚਾ ਨਾਮ ਏਕਾ ਵੰਡ, ਨੌਂ ਦਵਾਰੇ ਖੰਡ ਖੰਡ, ਦਰ ਘਰ ਸਾਚੇ ਬੂਝ ਬੁਝਾਇਆ । ਹੱਥ ਫੜਾਏ ਚੰਡ ਪਰਚੰਡ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਮੰਦਰ ਅੰਮ੍ਰਿਤ ਤਾਲ ਇਕ ਸੁਹਾਇਆ । ਹਰਿ ਮੰਦਰ ਹਰਿ ਜੋਤ ਜਗਾਏ, ਅੰਮ੍ਰਿਤ ਸੀਰ ਭਰਿਆ । ਵਰਨ ਗੋਤ ਕੋਈ ਦਿਸ ਨਾ ਆਏ, ਏਕਾ ਦੇਵੇ ਸ਼ਬਦ ਸੀਰ ਚੁਕਾਏ ਡਰਿਆ । ਆਪ ਆਪਣੇ ਰੰਗ ਰੰਗਾਏ, ਜਨ ਸਾਚੇ ਸੰਤ ਤਰਾਏ, ਦੋ ਜਹਾਨੀ ਸਾਚਾ ਦੇਵੇ ਵਰਿਆ । ਜਗਤ ਦਵਾਰਾ ਲੰਘ ਵਖਾਏ, ਸ਼ਬਦ ਮਰਦੰਗ ਇਕ ਵਜਾਏ, ਭਾਗ ਲਗਾਏ ਸਾਚੇ ਘਰਿਆ । ਚਾਲ ਬੇਹੰਗ ਇਕ ਰਖਾਏ, ਸ਼ਬਦ ਘੋੜਾ ਰਿਹਾ ਦੁੜਾਏ, ਜੋਤੀ ਜੋੜਾ ਮੇਲ ਮਿਲਾਏ, ਨਾ ਜਨਮੇ ਨ ਕਦੇ ਮਰਿਆ । ਜਨ ਭਗਤਾਂ ਭੁੱਖ ਨੰਗ ਕਟਾਏ, ਸਾਚਾ ਸੰਗ ਆਪ ਨਿਭਾਏ, ਅੰਮ੍ਰਿਤ ਆਤਮ ਗੰਗ ਵਹਾਏ, ਦੁਰਮਤ ਮੈਲ ਦੇਵੇ ਹਰਿਆ । ਜੋਤੀ ਜੋਤ ਸਰੂਪ

ਹਰਿ, ਜੋਤੀ ਜਾਮਾ ਭੇਖ ਧਰ, ਸੰਤ ਸੁਹੇਲਾ ਦੇਵੇ ਵਰ, ਸਰਨ ਸਰਨਾਈ ਜੋ ਜਨ ਪੜਿਆ । ਸਰਨ ਪੜੇ ਸਰਨਾਗਤ, ਪ੍ਰਭ ਵੇਖਣਹਾਰ ਦਾਤਾਰਾ । ਦਰ ਦਵਾਰੇ ਨਾਮ ਮਾਂਗਤ, ਕਰਾਏ ਵਣਜ ਸੱਚਾ ਵਪਾਰਾ । ਏਕਾ ਏਕ ਚੜ੍ਹਾਏ ਸਾਚੀ ਰੰਗਤ, ਨਾ ਕੋਈ ਰੰਗੇ ਰੰਗ ਲਲਾਰਾ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਗੁਰਮੁਖ ਸਾਚੇ ਸੰਤ ਜਨਾਂ ਦੇਵੇ ਚਰਨ ਪਿਆਰਾ । ਚਰਨ ਪ੍ਰੀਤੀ ਨਾਤਾ ਜੋੜ, ਮੇਲਾ ਧੁਰ ਦਰਗਾਹੀ ਦਾ । ਸ਼ਬਦ ਚੜ੍ਹਾਏ ਸਾਚੇ ਘੋੜ, ਦਰ ਦਵਾਰੇ ਪਾਰ ਕਰਾਇੰਦਾ । ਅੰਤਮ ਅੰਤਮ ਆਪੇ ਬਹੁੜ, ਸ਼ਬਦ ਦਵਾਰੇ ਲਾਏ ਪੌੜਾ, ਉਚੇ ਟਿੱਲੇ ਕਾਇਆ ਕਿਲ੍ਹੇ ਕੋਟ ਗੜ੍ਹ ਤੁੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖਾਂ ਦੇਵੇ ਸ਼ਬਦ ਵਰ, ਦਰਸ ਅਮੋਘਾ ਧੁਰ ਸੰਜੋਗਾ ਆਪਣਾ ਆਪ ਵਖਾਇੰਦਾ । ਦੇਵੇ ਦਰਸ ਧੁਰ ਸੰਜੋਗ, ਪ੍ਰਭ ਸਾਚਾ ਮੇਲ ਮਿਲਾਇਆ । ਹਉਮੇ ਚੁੱਕੇ ਜਗਤ ਰੋਗ, ਅਚਰਜ ਖੇਲ ਖਿਲਾਇਆ । ਜਗਤ ਨਾਤਾ ਤੁੱਟੇ ਵਿਜੋਗ, ਸੱਜਣ ਸੁਹੇਲਾ ਸਾਚਾ ਮੀਤਾ, ਦਰ ਘਰ ਸਾਚੇ ਦਰ ਘਰ ਏਕਾ ਪਾਇਆ । ਆਪੇ ਵਸੇ ਰੰਗ ਨਵੇਲ, ਪਰਖਣਹਾਰਾ ਨੀਤਨ ਨੀਤਾ, ਦਵਾਰ ਬੰਕ ਇਕ ਸੁਹਾਇਆ । ਸ਼ਬਦ ਚੜ੍ਹਾਏ ਸਾਚਾ ਤੇਲ, ਭਗਤ ਜਨਾਂ ਪ੍ਰਭ ਮੀਤਨ ਮੀਤਾ, ਜੋਤ ਨਿਰੰਜਣ ਰਿਹਾ ਜਗਾਇਆ । ਜੋਤੀ ਜੋਤ ਸਰੂਪ ਹਰਿ, ਹਰਿਜਨ ਨੇਤਰ ਪਾਏ ਅੰਜਨ, ਖੇਲ ਕਰਾਏ ਅਪਰ ਅਪਾਰੀ, ਨਾਮ ਖੁਮਾਰੀ ਏਕਾ ਰਿਹਾ ਚੜ੍ਹਾਇਆ । ਨਾਮ ਖੁਮਾਰੀ ਦਿਵਸ ਰੈਣ, ਗੁਰਮੁਖਾਂ ਹਰਿ ਚੜ੍ਹਾਇੰਦਾ । ਨਾਤਾ ਤੁਟੇ ਭਾਈ ਭੈਣ, ਸਾਕ ਸੱਜਣ ਸੈਣਾ ਕੋਈ ਦਿਸ ਨਾ ਆਇੰਦਾ । ਰਸਨਾ ਕਿਸੇ ਨਾ ਸਕੇ ਕਹਿਣ, ਆਤਮ ਰਸ ਨਿਜ ਘਰ ਸਾਚੇ ਮੁਖ ਚੁਆਇੰਦਾ । ਲਾੜੀ ਮੌਤ ਨਾ ਖਾਏ ਡੈਣ, ਏਕਾ ਰਾਹ ਸਾਚਾ ਦੱਸ, ਗੁਰਮਤੀ ਤੱਤ ਬੁਝਾਇੰਦਾ । ਦਰ ਦਵਾਰੇ ਮੇਲ ਮਿਲਾਵਾ ਨੱਸ ਨੱਸ, ਪੁਰਖ ਅਬਿਨਾਸ਼ੀ ਹਿਰਦੇ ਵਸ, ਆਪ ਆਪਣੀ ਬਣਤ ਬਣਾਇੰਦਾ । ਕਲਜੁਗ ਰੈਣ ਅੰਧੇਰੀ ਮੱਸ, ਕਰੇ ਪਰਕਾਸ ਕੋਟਨ ਰਵ ਸੱਸ, ਤੇਜਨ ਭਾਨਾ ਹਰਿ ਭਗਵਾਨਾ, ਸ਼ਬਦ ਉਠਾਏ ਤੀਰ ਕਮਾਨਾ, ਰਸਨਾ ਚਿਲ੍ਹੇ ਆਪ ਚੜ੍ਹਾਇੰਦਾ । ਹਰਿਜਨ ਮੇਲ ਹੱਸ ਹੱਸ, ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਜਨ ਭਗਤਾਂ ਦੇਵੇ ਆਤਮ ਬ੍ਰਹਮ ਗਿਆਨਾ, ਚਰਨ ਧਿਆਨਾ ਇਕ ਵਖਾਇੰਦਾ । ਆਤਮ ਬ੍ਰਹਮ ਗਿਆਨ, ਸ਼ਬਦ ਜਣਾਇਆ । ਜਿਸ ਜਨ ਬਖ਼ਸ਼ੇ ਚਰਨ ਧਿਆਨ, ਪਾਰਬ੍ਰਹਮ ਬ੍ਰਹਮ ਮੇਲ ਮਿਲਾਇਆ । ਕਲਜੁਗ ਸੇਕ ਨਾ ਲੱਗੇ ਤਨ, ਪੰਚਮ ਡੰਨ ਨਾ ਲਾਇਆ । ਭਰਮ ਭੁਲੇਖਾ ਕੱਢ ਜਨ, ਨੌਂ ਦਵਾਰਾ ਜੋ ਜਨ ਫਿਰੇ ਹਲਕਾਇਆ । ਇਕ ਵਖਾਏ ਸੱਚਾ ਨਾਮ ਧੰਨ, ਸਚ ਖ਼ਜ਼ਾਨਾ ਆਪਣਾ ਆਪੇ ਰਿਹਾ ਛੁਪਾਇਆ । ਆਤਮ ਰਾਗ ਸੁਣਾਏ ਕੰਨ, ਅਨਾਦ ਅਨਾਦੀ ਧੁਨ ਉਪਜਾਇਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਸ੍ਰਿਸ਼ਟ ਸਬਾਈ ਵੇਖ ਹਰਿ, ਜੋਤੀ ਜੋਤ ਰਿਹਾ ਉਪਜਾਇਆ । ਲੱਖ ਚੁਰਾਸੀ ਗਾਵੇ ਥਾਂਓ ਥਾਈਂ, ਸਾਚਾ ਰਾਹ ਦਿਸ ਨਾ ਆਇਆ । ਹਰਿਜਨ ਸਾਚੇ ਸੰਤ ਸੁਹੇਲੇ ਆਪ ਉਠਾਏ ਫੜ ਫੜ ਬਾਂਹੀਂ, ਧਰਮ ਅਖਾੜਾ ਇਕ ਵਖਾਇਆ । ਦੋ ਜਹਾਨ ਦੇਵੇ ਠੰਢੀਆਂ ਛਾਂਈ, ਜੰਗਲ ਜੂਹ ਉਜਾੜ ਪਹਾੜਾਂ ਏਕਾ ਏਕ ਸਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮਹਾਰਾਜ ਸ਼ੇਰ ਸਿੰਘ ਭਗਵਾਨ, ਆਪਣੀ ਆਪੇ ਬਣਤ ਬਣਾਇਆ ।

੬੭੮
੦੫

ਸਰਬ ਕਲਾ ਸਮਰਥ, ਸਰਬ ਸਮਾਇਆ । ਆਪੇ ਜਾਣੇ ਆਪਣਾ ਰਥ, ਆਪੇ ਆਪ ਰਿਹਾ ਚਲਾਇਆ । ਚੌਦਾਂ ਲੋਕਾਂ ਰਿਹਾ ਮਥ, ਦਿਸ ਕਿਸੇ ਨਾ ਆਇਆ । ਲੋਆਂ ਪੁਰੀਆਂ ਰਿਹਾ ਵਸ, ਡੋਰੀ ਆਪਣੇ ਹੱਥ ਰਖਾਇਆ । ਸ਼ਬਦ ਚਲਾਏ ਸਾਚਾ ਰਥ, ਸੁਰ ਨਰ ਰਿਹਾ ਜਗਾਇਆ । ਦੋ ਜਹਾਨੀ ਏਕਾ ਵੱਥ, ਏਕਾ ਅੱਖਰ ਰਿਹਾ ਵਖਾਇਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਕਲਜੁਗ ਵੇਸੀ ਵੇਸ ਵਟਾਇਆ । ਸਰਬ ਕਲਾ ਸਮਰਥ, ਸਰਬ ਘਟ ਵਾਸਿਆ । ਖੇਲੇ ਖੇਲ ਦਸ ਦਸ, ਹਰਿ ਸਾਚਾ ਸ਼ਾਹੋ ਸ਼ਾਬਾਸਿਆ । ਦੇਵੀ ਦੇਵਤ ਗੁਰ ਪੀਰ ਸਾਧ ਸੰਤ ਕਿਸੇ ਨਾ ਆਵੇ ਵਸ, ਸਾਚਾ ਮੇਲ ਨਾ ਕਿਸੇ ਮੇਲਿਆ । ਲੱਖ ਚੁਰਾਸੀ ਰਿਹਾ ਝੱਸ, ਆਪੇ ਵਸੇ ਰੰਗ ਨਵੇਲਿਆ । ਤੀਰ ਨਿਰਾਲਾ ਏਕਾ ਕਸ, ਮੇਟ ਮਿਟਾਏ ਗੁਰ ਗੁਰ ਚੇਲਿਆ । ਚਰਨ ਦਵਾਰੇ ਰਵ ਸੱਸ, ਨਾ ਕੋਈ ਦੂਸਰ ਸੱਜਣ ਸੁਹੇਲਿਆ । ਕਲਜੁਗ ਰੈਣ ਅੰਧੇਰੀ ਮਸ, ਖੇਲੇ ਖੇਲ ਅਚਰਜ ਇਕ ਇਕੇਲਿਆ । ਚੌਦਾਂ ਲੋਕਾਂ ਰਾਹ ਏਕਾ ਦੱਸ, ਸੋਹੰ ਚੜ੍ਹਾਏ ਸ਼ਬਦ ਸਾਚਾ ਤੇਲਿਆ । ਲੋਆਂ ਪੁਰੀਆਂ ਰਿਹਾ ਨੱਸ, ਦਿਵਸ ਰੈਣ ਨਾ ਹੋਏ ਵਿਹਲਿਆ । ਏਕਾ ਰੂਪ ਵਖਾਏ ਸਵੱਛ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਧਰਮ ਦਵਾਰੇ ਵੇਖੇ ਜੇਲ੍ਹਿਆ । ਸਰਬ ਕਲਾ ਸਮਰਥ ਦੋ ਜਹਾਨਿਆ । ਸਗਲ ਵਸੂਰੇ ਜਾਇਣ ਲੱਥ, ਜਿਸ ਜਨ ਦੇਵੇ ਦਰਸ ਮਹਾਨਿਆ । ਪੰਚ ਵਿਕਾਰਾ ਦੇਵੇ ਮਥ, ਮੇਟ ਮਿਟਾਏ ਪੰਜ ਸ਼ੈਤਾਨਿਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਚੌਦਾਂ ਲੋਕ ਇਕ ਸਲੋਕ ਪ੍ਰਭ ਬੰਨ੍ਹਣ ਆਇਆ ਸਾਚਾ ਗਾਨਿਆ । ਸਾਚਾ ਗਾਨਾ ਨਾਮ ਨਿਸ਼ਾਨੀ, ਧੁਰ ਦਰਗਾਹੀ ਲੈ ਕੇ ਆਇਆ । ਸ਼ਬਦ ਸਰੂਪੀ ਮਾਰੇ ਕਾਨੀ, ਤਖ਼ਤ ਤਾਜ ਸ਼ਾਹ ਸ਼ਹਾਨਾ ਸਾਚੇ ਬਹਿ ਕੇ ਆਇਆ । ਏਕਾ ਪਦ ਰਖਾਏ ਸਾਚਾ ਨਿਰਬਾਣੀ, ਕਾਲ ਮਹਾਂਕਾਲ ਦੀਨ ਦਿਆਲ ਚਰਨ ਭਿਖਾਰੀ ਲੈ ਕੇ ਆਇਆ । ਤ੍ਰੈਗੁਣ ਮਾਇਆ ਤੋੜ ਜੰਜ਼ਾਲੀ, ਸ਼ਾਹ ਕੰਗਾਲਾ ਵੇਖ ਵਖਾਇਆ । ਤੱਤ ਤੱਤ ਪ੍ਰਭ ਸੁਰਤ ਸੰਭਾਲ, ਪੰਚਮ ਪੰਝੀ ਦਏ ਹਿਲਾਇਆ । ਨੌਂ ਖੰਡ ਪ੍ਰਿਥਮੀ ਬਿਰਧ ਬਾਲ ਜੁਵਾਨ, ਸੂਰਤ ਮੂਰਤ ਦਏ ਮਿਲਾਇਆ । ਅੰਮ੍ਰਿਤ ਆਤਮ ਵੇਖੇ ਤਾਲ, ਕਵਣ ਦਵਾਰ ਰਿਹਾ ਸੁਹਾਇਆ । ਦਰ ਘਰ ਵਜੇ ਏਕਾ ਛਾਲ, ਹੰਸ ਕਾਗ ਰਿਹਾ ਉਡਾਇਆ । ਏਕਾ ਏਕ ਸੱਚਾ ਧਨ ਮਾਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਚੌਦਾਂ ਲੋਕਾਂ ਦੇਵੇ ਝੋਕ, ਕੋਈ ਨਾ ਸੱਕੇ ਕਲਜੁਗ ਰੋਕ, ਆਪਣੇ ਭਾਣੇ ਵਿਚ ਸਮਾਇਆ । ਸਰਬ ਕਲਾ ਸਮਰਥ, ਗਰੀਬ ਨਿਵਾਜ਼ਿਆ । ਸ਼ਬਦ ਚੜ੍ਹਾਏ ਸਾਚੇ ਰਥ, ਆਪ ਆਪਣਾ ਸਾਜਨ ਸਾਜਿਆ । ਲੇਖਾ ਚੁਕਾਏ ਸੀਆਂ ਸਾਢੇ ਤਿੰਨ ਹੱਥ, ਕਲਜੁਗ ਦੇਵੇ ਅੰਤਮ ਦਾਜਿਆ । ਹਰਿ ਸੰਤ ਸੁਹੇਲਾ ਜਿਉਂ ਰਾਮਾ ਘਰ ਦਸਰਥ, ਸ਼ਬਦ ਸਰੂਪੀ ਮਾਰੇ ਆਵਾਜ਼ਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਚੌਦਾਂ ਲੋਕ ਚੌਦਾਂ ਹੱਟ, ਖੇਲੇ ਖੇਲ ਬਾਜੀਗਰ ਨਟ, ਆਪ ਰਚਾਏ ਆਪਣਾ ਕਾਜਿਆ । ਚੌਦਾਂ ਲੋਕਾਂ ਏਕਾ ਧਾਰ, ਪ੍ਰਭ ਸਾਚਾ ਮਾਤ ਵਹਾਇੰਦਾ । ਨਾ ਕੋਈ ਜਾਣੇ ਜੰਤ ਗਵਾਰ, ਸਾਧ ਸੰਤ ਭੇਵ ਨਾ ਪਾਇੰਦਾ । ਆਕਾਸ਼ ਪਾਤਾਲੀ ਰਿਹਾ ਵਿਚਾਰ, ਗਗਨ ਗਗਨੰਤਰ ਵਿਚ ਸਮਾਇੰਦਾ । ਦੀਪਕ ਥਾਲੀ ਕਰ ਉਜਿਆਰ, ਗੁਰਮੁਖ ਸਾਚੇ ਜੋਤ ਜਗਾਇੰਦਾ । ਸ਼ਬਦ ਸਰੂਪੀ ਸਾਚਾ ਪਾਲੀ, ਗੁਰਮੁਖ ਸਾਚੇ ਕਰੇ ਰਖਵਾਲੀ, ਜਗਤ ਅਵੱਲੜੀ ਚਾਲ ਚਲਾਇੰਦਾ । ਦੋਵੇਂ ਹੱਥਾਂ ਰੱਖੇ ਖਾਲੀ, ਲੱਖ ਚੁਰਾਸੀ ਵੇਖੇ ਪਰਖੇ ਕਾਇਆ ਫ਼ਲ ਡਾਲ੍ਹੀ,

ਸੋਹੰ ਨਾਲ ਹਿਲਾਇੰਦਾ । ਜੋਤ ਨਿਰੰਜਣ ਇਕ ਅਕਾਲੀ, ਧੁਰ ਦਰਗਾਹੀ ਸ਼ਬਦ ਦਲਾਲੀ, ਪਵਣ ਉਨੰਜਾ ਰਿਹਾ ਪਾਲੀ, ਧਰ ਧਰਤੀ ਵੇਖ ਵਖਾਇੰਦਾ । ਕਲਜੁਗ ਰੈਣ ਅੰਧੇਰੀ ਕਾਲੀ, ਚੌਦਾਂ ਹਟਾਂ ਵੇਖੇ ਖਾਲੀ, ਸਚ ਵਣਜਾਰਾ ਨਾਮ ਅਧਾਰਾ, ਕਲਜੁਗ ਮਾਇਆ ਝੂਠੀ ਛਾਇਆ ਸਾਧ ਸੰਤ ਕੋਇ ਦਿਸ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਚੌਦਾਂ ਲੋਕਾਂ ਵੇਖ ਦਰ, ਏਕਾ ਹਟ ਏਕਾ ਘਾਟ ਨਾ ਕੋਈ ਤੀਰਥ ਨਾ ਕੋਈ ਤਟ, ਕਾਇਆ ਵੇਖੇ ਸਾਚਾ ਹੱਟ, ਜੋਤੀ ਨੂਰ ਲਟ ਲਟ, ਏਕਾ ਦੀਪ ਜਗਾਇੰਦਾ । ਚੌਦਾਂ ਲੋਕ ਚੌਦਾਂ ਰੰਗ, ਪ੍ਰਭ ਸਾਚਾ ਆਪ ਸੁਹਾਇੰਦਾ । ਸ਼ਬਦ ਘੋੜੇ ਕਸ ਤੰਗ, ਸਾਚਾ ਰਾਹ ਵਖਾਇੰਦਾ । ਉਪਰ ਬੈਠ ਸੂਰਾ ਸਰਬੰਗ, ਨਾਮ ਮਰਦੰਗ ਇਕ ਵਜਾਇੰਦਾ । ਵਿਚ ਆਕਾਸ਼ਾਂ ਰਿਹਾ ਲੰਘ, ਰਾਹ ਵਿਚ ਨਾ ਕੋਈ ਅਟਕਾਇੰਦਾ । ਭੂਆ ਲੋਕ ਪ੍ਰਭ ਰਿਹਾ ਮੰਗ, ਸ਼ਬਦ ਜਣਾਈ ਨਾ ਕੋਇ ਸੁਣਾਇੰਦਾ । ਦੂਵਰ ਲੋਕ ਪ੍ਰਭ ਰਿਹਾ ਮੰਗ, ਮਹਿੰਮਾ ਅਗਣਤ ਨਾ ਕੋਈ ਗਿਣਾਇੰਦਾ । ਸਵਰਗ ਲੋਕ ਪ੍ਰਭ ਵੇਖੇ ਜੰਗ, ਕਲਜੁਗ ਜੜ੍ਹ ਉਖੜਾਇੰਦਾ । ਮਹਰ ਲੋਕ ਕਲ ਹੋਏ ਨੰਗ, ਕੋਇ ਨਾ ਸੰਗ ਨਿਭਾਇੰਦਾ । ਜਪ ਲੋਕ ਜਿਉਂ ਕਾਚੀ ਵੰਗ, ਅੰਤਮ ਭੰਨ ਵਖਾਇੰਦਾ । ਤਪਲੋਕ ਕਲ ਡੰਗ, ਵਿਸ ਵਿਸਨਾ ਨਾ ਕੋਇ ਲੁਹਾਇੰਦਾ । ਸਤਿ ਲੋਕ ਪ੍ਰਭ ਆਪੇ ਲੰਘ, ਸਾਚੀ ਰੰਗਣ ਰੰਗ ਚੜ੍ਹਾਇੰਦਾ । ਸ਼ਬਦ ਡੋਰੀ ਇਕ ਪਤੰਗ, ਪ੍ਰਭ ਸਾਚਾ ਹੱਥ ਉਡਾਇੰਦਾ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਏਕਾ ਰੰਗ ਸਮਾਇੰਦਾ । ਏਕਾ ਰੰਗ ਹਰਿ ਸਮਾਇਆ, ਕਲਜੁਗ ਤੇਰੀ ਧਾਰਿਆ । ਸੱਤਾਂ ਲੋਕਾਂ ਵੇਖ ਵਖਾਇਆ, ਉਡੇ ਸ਼ਬਦ ਉਡਾਰਿਆ । ਸਤਾਂ ਲੋਕਾਂ ਵਿਚ ਸਮਾਇਆ, ਨਾ ਕੋਈ ਜਾਣੇ ਬ੍ਰਹਮਾ ਬ੍ਰਹਮ ਵਿਚਾਰਿਆ । ਸ਼ਬਦ ਸਲੋਕਾ ਇਕ ਰਖਾਇਆ, ਚਾਰੇ ਵੇਦਾਂ ਵਸੇ ਬਾਹਰਿਆ । ਸਾਚੀ ਨੌਕਾ ਇਕ ਚਲਾਇਆ, ਖਾਣੀ ਬਾਣੀ ਨਾ ਪਾਵੇ ਸਾਰਿਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਕਲਜੁਗ ਅੰਤਮ ਵੇਖ ਦਰ, ਏਕਾ ਰਾਹ ਆਪ ਵਖਾਇਆ । ਸਤਿ ਲੋਕ ਪ੍ਰਭ ਬੰਨ੍ਹੇ ਧਾਰ, ਸਾਚੀ ਬਣਤ ਬਣਾਈਆ । ਪਰਗਟ ਹੋ ਨਿਹਕਲੰਕ ਨਰਾਇਣ ਨਰ ਅਵਤਾਰ, ਜੋਤੀ ਮਾਤ ਜਗਾਈਆ । ਸ਼ਬਦ ਡੰਕਾ ਅਪਰ ਅਪਾਰ, ਦੇਵਤ ਦੇਵ ਹਰਿ ਨਿਹਕੇਵ, ਸਭ ਘਟ ਰਿਹਾ ਸਮਾਈਆ । ਆਪੇ ਜਾਣੇ ਆਪਣੀ ਕਾਰ, ਦਿਸ ਕਿਸੇ ਨਾ ਆਈਆ । ਕਰੇ ਕਰਾਏ ਖ਼ਬਰਦਾਰ, ਅੱਠੇ ਪਹਿਰ ਪਹਿਰੇਦਾਰ, ਏਕਾ ਡੰਕ ਰਿਹਾ ਵਜਾਈਆ । ਕਲਜੁਗ ਮਿਟੇ ਕਾਲੀ ਧਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੱਤ ਆਕਾਸ਼ਾ ਜੋਤ ਪਰਕਾਸ਼ਾ ਏਕਾ ਰੰਗ ਵਖਾਈਆ । ਏਕਾ ਰੰਗ ਹਰਿ ਵਖਾਉਣਾ, ਸਾਚੀ ਬਣਤ ਬਣਾਇੰਦਾ । ਪਾਤਾਲ ਆਕਾਸ਼ਾ ਵਿਚ ਸਮਾਉਣਾ, ਜੋਤੀ ਨੂਰ ਉਪਾਇੰਦਾ । ਰਾਗ ਰਾਗਣੀ ਏਕਾ ਗਾਉਣਾ, ਭੇਵ ਅਭੇਦਾ ਅਛਲ ਅਛੇਦਾ ਅਛਲ ਛਲ ਕਰਾਇੰਦਾ । ਨਾ ਕੋਈ ਜਾਣੇ ਕਥੇ ਕਹੇ ਕਿਤੇਬਾ, ਜਿਹਵਾ ਰਸਨ ਨਾ ਕਿਸੇ ਗਾਉਣਾ । ਨਾ ਕੋਈ ਭਈਆ ਨਾ ਕੋਈ ਬੇਬਾ, ਦੇਵੀ ਦੇਵ ਨਾ ਕਿਸੇ ਧਿਆਉਣਾ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਆਪ ਆਪਣਾ ਵੇਖ ਘਰ, ਆਪਣੇ ਰੰਗ ਸਮਾਉਣਾ । ਸਤਿ ਸਤਿਵਾਦੀ ਸਤਿ ਪੁਰਖ, ਸਪਤਮ ਰੰਗ ਰੰਗਾਇਆ । ਆਦਿ ਆਦਿ ਆਦਿ ਲਾਲ ਸੁਰਖ, ਭੂਸ਼ਣ ਬਸਤਰ ਰਿਹਾ ਤਨ ਪਹਿਨਾਇਆ । ਆਪੇ ਨਾਰੀ ਆਪੇ ਪੁਰਖ, ਆਪੇ ਆਪ ਰਿਹਾ ਉਪਾਇਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਆਪ ਆਪਣਾ ਵੇਖ ਘਰ, ਏਕਾ ਰੰਗ ਸਮਾਇਆ । ਦੀਪਕ ਚੌਦਾਂ ਜੋਤ ਜਗਾਈ, ਚੌਦਾਂ ਲੋਕ ਅੰਧੇਰਾ । ਗੁਰਮੁਖ ਵਿਰਲੇ ਹੋਏ ਰੁਸ਼ਨਾਈ, ਲੱਖ ਚੁਰਾਸੀ ਭਰਮਾ ਡੇਰਾ । ਹਰਿਜਨ ਸਾਚੇ ਇਕ ਕੁੜਮਾਈ,

ਜੀਵ ਜੰਤ ਚੁਰਾਸੀ ਗੇੜਾ । ਆਤਮ ਘਰ ਵੱਜੇ ਵਧਾਈ, ਹਰਿ ਭਗਤੀ ਭਗਤ ਨਿਬੇੜਾ । ਮਨ ਮਤ ਕਰੇ ਅੰਤ ਜੁਦਾਈ, ਉਜੜੇ ਕਾਇਆ ਖੇੜਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਚੌਦਾਂ ਲੋਕ ਏਕਾ ਹੱਟ ਸਾਚਾ ਰਿਹਾ ਖੁਲ੍ਹਾਈ । ਦੀਪਕ ਚੌਦਾਂ ਕਰ ਪਰਕਾਸ਼, ਪ੍ਰਕਿਰਤੀ ਕਰਮ ਕਮਾਇਆ । ਆਪੇ ਅੰਦਰ ਕਰ ਕਰ ਵਾਸ, ਨਿਵਾਸ ਨਿਵਾਸਾ ਆਪ ਅਖਵਾਇਆ । ਆਪੇ ਪਾਏ ਮੰਡਲ ਰਾਸ, ਸਚ ਸਮਗਰੀ ਇਕ ਰਖਾਇਆ । ਆਪੇ ਵੇਖੇ ਦਾਸੀ ਦਾਸ, ਦਾਸਨ ਦਾਸ ਆਪ ਅਖਵਾਇਆ । ਆਪੇ ਜਾਣੇ ਪ੍ਰਿਥਮੀ ਆਕਾਸ਼ ਆਕਾਸ਼ ਪਾਤਾਲਾਂ ਵਿਚ ਸਮਾਇਆ । ਸਤਾਂ ਕਰੇ ਏਕਾ ਵਾਸ, ਏਕਾ ਰਾਹ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚਾ ਲੇਖਾ ਰਿਹਾ ਲਿਖਾਇਆ । ਲੇਖ ਲਿਖਾਏ ਲਿਖਣਹਾਰਾ, ਹੋਏ ਅੰਤ ਜੁਦਾਈਆ । ਅਤਲ ਲੋਕ ਪ੍ਰਭ ਪਾਵੇ ਸਾਰਾ, ਦਸ ਹਜ਼ਾਰ ਜੋਜਨ ਵੇਖ ਵਖਾਈਆ । ਵਿਤਲ ਲੋਕ ਪ੍ਰਭ ਮਾਰੇ ਨਾਅਰਾ, ਰਾਕਸ਼ ਦੈਂਤ ਦਏ ਹਿਲਾਈਆ । ਸਿਥਲ ਲੋਕ ਪ੍ਰਭ ਇਕ ਜੈਕਾਰਾ, ਬਲ ਰਾਜਾ ਦਏ ਉਠਾਈਆ । ਰਸਾਤਲ ਲੋਕ ਪ੍ਰਭ ਇਕ ਅਧਾਰਾ, ਸੂਰਜ ਚੰਦ ਕੋਇ ਦਿਸ ਨਾ ਆਈਆ । ਲੋਕ ਤਲਾਤਲ ਧੁੰਦੂਕਾਰਾ, ਧੀਰਜ ਧੀਰ ਨਾ ਕੋਇ ਰਖਾਈਆ । ਲੋਕ ਮਹਾਤਲ ਵੇਖ ਵਿਚਾਰਾ, ਅਗੰਮ ਅਗੰਮੀ ਭੇਵ ਨਾ ਰਾਈਆ । ਪਾਤਾਲ ਲੋਕ ਪ੍ਰਭ ਹਰਿ ਆਪਾਰਾ, ਜਲ ਜਲ ਧਾਰਾ ਇਕ ਵਖਾਈਆ । ਜਲ ਜਲ ਧਾਰਾ ਪਾਰ ਉਤਾਰਾ, ਧਰਤੀ ਕਵਲ ਮੁਖ ਚੁਆਈਆ । ਧਰਤੀ ਧਵਲ ਕਰੇ ਪੁਕਾਰਾ, ਹਰਿ ਵੇਖੇ ਵੇਖ ਵਖਾਇਆ । ਏਕ ਏਕਾ ਮਾਰੇ ਉਛਾਲਾ, ਸੱਤ ਲੋਕਾਂ ਦਏ ਮਿਟਾਈਆ । ਲੋਕਮਾਤ ਮਾਰ ਝਾਤ, ਕਰੇ ਖੇਲ ਅਪਰ ਅਪਾਰਾ, ਨਿਹਕਲੰਕਾ ਡੰਕਾ ਇਕ ਵਜਾਈਆ । ਚੌਦਾਂ ਹਟਾਂ ਵੇਖ ਪਸਾਰਾ, ਕਾਇਆ ਮਟਾ ਬਣਤ ਬਣਾਈਆ । ਤੀਰਥ ਤੱਟਾਂ ਪਾਰ ਕਿਨਾਰਾ, ਤਾਲ ਸੁਹਾਵਾ ਇਕ ਵਖਾਈਆ । ਜੋਗੀ ਯਤੀ ਜਟਾ ਨਾ ਕੋਈ ਦੀਸੇ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਏਕ ਏਕਾ ਰੰਗ ਵਖਾਈਆ । ਚੌਦਾਂ ਲੋਕ ਜਗਤ ਪਰਕਾਸ਼, ਭਗਤਨ ਤਨ ਸਮਾਇੰਦਾ । ਹਰਿਜਨ ਵੇਖੇ ਕਾਇਆ ਰਾਸ, ਬ੍ਰਹਿਮੰਡ ਖੋਜ ਖੁਜਾਇੰਦਾ । ਬ੍ਰਹਿਮੰਡ ਪਿੰਡ ਜਨ ਸਾਚੀ ਰਾਸ, ਇੰਡ ਇੰਡ ਆਪ ਅਖਵਾਇੰਦਾ । ਆਦਿ ਅੰਤ ਨਾ ਜਾਏ ਵਿਨਾਸ, ਸਾਗਰ ਸਿੰਧ ਨਾ ਕੋਇ ਰੁੜ੍ਹਾਇੰਦਾ । ਨਾ ਕੋਈ ਵੇਖ ਵਖਾਣੇ ਪ੍ਰਿਥਮੀ ਆਕਾਸ਼, ਪਿਤਾ ਪੂਤ ਬਿੰਦ ਨਾ ਕੋਈ ਉਪਜਾਇੰਦਾ । ਨਾ ਕੋਈ ਜਾਣੇ ਪਵਣ ਸਵਾਸ, ਹੱਡ ਮਾਸ ਨਾ ਕੋਈ ਦਿਸਾਇੰਦਾ । ਸਰਬ ਗੁਣਾ ਆਪੇ ਗੁਣਤਾਸ, ਹਰਿ ਗੁਣ ਰੂਪ ਸਮਾਇੰਦਾ । ਚੌਦਾਂ ਲੋਕ ਪੂਰਨ ਕਰੇ ਆਸ, ਪੂਰਨ ਬ੍ਰਹਮ ਅਖਵਾਇੰਦਾ । ਕਲਜੁਗ ਅੰਤਮ ਕਰੇ ਨਾਸ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਚੌਦਾਂ ਲੋਕ ਵੇਖ ਵਖਾਇੰਦਾ । ਚੌਦਾਂ ਲੋਕ ਮਾਤ ਕਿਨਾਰਾ, ਕਲਜੁਗ ਅੰਤ ਵਖਾਇਆ । ਸੰਗ ਮੁਹੰਮਦ ਚਾਰ ਯਾਰਾ, ਪ੍ਰਭ ਲੇਖਾ ਰਿਹਾ ਚੁਕਾਇਆ । ਮਾਰੇ ਤੀਰ ਸ਼ਬਦ ਕਟਾਰਾ, ਭਰਮ ਭੁਲੇਖਾ ਰਿਹਾ ਗੁਵਾਇਆ । ਪਰਗਟ ਹੋਏ ਨਿਹਕਲੰਕ ਨਰਾਇਣ ਨਰ ਅਵਤਾਰਾ, ਅਮਾਮ ਮਹਿੰਦੀ ਨਾਉਂ ਰਖਾਇਆ । ਅੱਲਾ ਹੂ ਲਗਾਏ ਏਕਾ ਨਾਅਰਾ, ਦਿਸ਼ਾ ਲਹਿੰਦੀ ਵੇਖ ਵਖਾਇਆ । ਆਪੇ ਹੋਏ ਸ਼ਾਹ ਸਵਾਰਾ, ਜਲ ਥਲਾਂ ਪਾਰ ਕਰਾਇਆ । ਉਚਾਂ ਵੇਖ ਇਕ ਮੁਨਾਰਾ, ਕੁਤਬ ਗੌਂਸ ਕੋਇ ਦਿਸ ਨਾ ਆਇਆ । ਜਗਤ ਮਜੌਰੀ ਹਾਹਾਕਾਰਾ, ਸਾਚਾ ਗੌਰੀ ਦਿਸ ਨਾ ਆਇਆ । ਪਰਖੇ ਲਾਲ ਸੱਚਾ ਜੌਹਰੀ, ਵੇਖ ਵਖਾਣੇ ਸ੍ਰਿਸ਼ਟ ਸਬਾਇਆ । ਕਲਜੁਗ ਰੈਣ ਅੰਧੇਰ ਘੋਰੀ, ਆਪ ਆਪਣਾ ਮੁਖ ਛੁਪਾਇਆ । ਅਲ੍ਹਾ ਰਾਣੀ ਕਰੇ ਚੋਰੀ, ਸ਼ਬਦ ਪੱਲੂ ਨਾ ਕਿਸੇ ਫੜਾਇਆ । ਕਲਜੁਗ ਕਾਲਾ ਆਪਣੇ ਸੰਗ

੬੮੨

੦੫

ਜਾਏ ਤੋਰੀ, ਸੰਗ ਮੁਹੰਮਦ ਸੰਗ ਨਿਭਾਇਆ । ਅਹਿਮਦ ਫੜੀ ਸਾਚੀ ਡੋਰੀ, ਸ਼ਾਹ ਭੀ ਨਾਲ ਸੁਹਾਇਆ । ਪੁਰਖ ਅਬਿਨਾਸ਼ੀ ਚੜ੍ਹਿਆ ਸਾਚੀ ਘੋੜੀ ਦਰ ਦਰਵਾਜ਼ਾ ਰਿਹਾ ਖੁਲ੍ਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਚੌਦਾਂ ਲੋਕਾਂ ਏਕਾ ਧਾਰ, ਲੱਖ ਚੁਰਾਸੀ ਪਾਵੇ ਸਾਰ, ਆਪੇ ਅੰਦਰ ਆਪੇ ਬਾਹਰ, ਗੁਪਤ ਜਾਹਰ ਭੇਵ ਛੁਪਾਇਆ । ਚਾਰ ਯਾਰੀ ਸੰਗ ਮੁਹੰਮਦ ਏਕਾ ਮਤਾ ਪਕਾਇਆ । ਅੰਤ ਖੁਆਰੀ ਕਲਜੁਗ ਮਲਾਹ, ਧੀਰਜ ਯਤਾ ਨਾ ਕੋਇ ਧਰਾਇਆ । ਮੌਤ ਲਾੜੀ ਫੇਰੇ ਬਹਾਰੀ, ਧਰਮ ਰਾਏ ਸਿਰ ਸਾਚਾ ਹੱਥ ਟਿਕਾਇਆ । ਪੁਰਖ ਅਬਿਨਾਸ਼ੀ ਕਰੇ ਕਾਰੀ, ਸਾਚੀ ਸੇਵਾ ਰਿਹਾ ਲਗਾਇਆ । ਵੇਖ ਵਖਾਣੇ ਜੰਗਲ ਜੂਹ ਉਜਾੜ ਪਹਾੜੀ, ਅੰਦਰ ਮੰਦਰ ਮਸਜਿਦ ਕਾਅਬਾ ਦੋ ਦੋ ਆਬਾ ਸ਼ਾਹ ਜ਼ਨਾਬਾ ਹੱਥ ਰਬਾਬਾ ਭੇਵ ਅਭੇਦਾ ਰਹਿਣ ਨਾ ਪਾਇਆ । ਨਾ ਕੋਈ ਪੁੰਨ ਨਾ ਸਵਾਬਾ, ਪਾਪ ਸੰਤਾਪ ਨਾ ਕੋਈ ਅਜ਼ਾਬਾ, ਆਪੇ ਮਾਰੇ ਆਪੇ ਲਏ ਜਿਵਾਇਆ । ਨਾ ਕੋਈ ਮੱਕਾ ਨਾ ਕੋਈ ਕਾਅਬਾ, ਉਮਤ ਨਬੀ ਰਸੂਲ ਦੀ ਸੰਮਤ ਉਨੀ ਏਕਾ ਅੰਤਮ ਵੇਖੇ ਖਵਾਬਾ, ਸੋਹੰ ਸ਼ਬਦ ਪ੍ਰਭ ਮਾਰੇ ਅਵਾਜ਼ਾ, ਨਾ ਸਕੇ ਕੋਈ ਬਚਾਇਆ । ਆਪੇ ਆਵੇ ਆਪੇ ਜਾਵੇ ਵਸੇ ਵਿਚ ਗੈਬਾ, ਕਾਲਾ ਵੇਸ ਦਰ ਦਰਵੇਸ਼ ਮੁਖ ਨਕਾਬ ਹੱਕ ਜ਼ਨਾਬ ਸ਼ਬਦ ਤਾਜੀ ਮਾਰੇ ਗਾਜ਼ੀ, ਕਰੇ ਹੱਜ ਪ੍ਰਭ ਸਾਚਾ ਹਾਜ਼ੀ, ਕੋਈ ਨਾਜ਼ੀ ਦਿਸ ਨਾ ਆਇਆ । ਸ੍ਰਿਸ਼ਟ ਸਬਾਈ ਆਪੇ ਰਿਹਾ ਸਾਜਨਾ ਸਾਜੀ, ਕਲਜੁਗ ਤੇਰੀ ਅੰਤਮ ਵੇਖੇ ਬਾਜੀ, ਨਾ ਕੋਈ ਮੁੱਲਾਂ ਨਾ ਕੋਈ ਕਾਜ਼ੀ, ਨਾ ਕੋਈ ਰੋਜ਼ਾ ਬਾਂਗ ਸਵਾਂਗ ਨਾ ਮਾਰੇ ਵਾਜ਼ੀ, ਹੱਕ ਮੁਸੱਲਾ ਨੂਰ ਅਲਾਹੀ ਅਲ੍ਹਾ ਇਕ ਇਕੱਲਾ, ਪ੍ਰਭ ਮੇਲ ਮਿਲਾਏ ਜਲ ਥਲਾ, ਥਲ ਜਲਾਂ ਵਿਚ ਸਮਾਇਆ । ਸੋਹੰ ਫੜਿਆ ਤਿੱਖਾ ਭੱਲਾ, ਨੌਂ ਖੰਡ ਦਵਾਰਾ ਏਕਾ ਮੱਲਾ, ਸੱਤਾਂ ਦੀਪਾਂ ਜੋਤੀ ਹੱਲਾ, ਆਪਣਾ ਆਪ ਕਰਾਇਆ । ਗੁਰਮੁਖ ਵਿਰਲੇ ਆਪ ਫੜਾਏ ਆਪਣਾ ਪੱਲਾ, ਦਸਮ ਦਵਾਰੀ ਦਰ ਘਰ ਸਾਚਾ ਲੋਕਮਾਤ ਜਿਸ ਜਨ ਆਪਣਾ ਮੱਲਾ, ਦੂਈ ਦਵੈਤੀ ਮਿਟੇ ਸੱਲਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਮੇਲੇ ਇਕ ਦਰ, ਆਤਮ ਸੇਜਾ ਰੁੱਤ ਬਸੰਤੀ ਫੂਲਨ ਸੇਜਾ ਸਾਚਾ ਕੰਤੀ ਆਪਣੀ ਹੱਥੀਂ ਰਿਹਾ ਵਿਛਾਇਆ । ਸਚ ਮੁਹੰਮਦ ਸਾਚਾ ਯਾਰ, ਬੇਐਬ ਪਰਵਰਦਿਗਾਰਿਆ । ਚੌਦਾਂ ਲੋਕ ਆਪੇ ਵੇਖੇ ਕਰ ਖੁਆਰ, ਉਪਰ ਨੀਚੇ ਹਾਹਾਕਾਰਿਆ । ਨਾ ਕੋਈ ਦੀਸੇ ਮੀਤ ਮੁਰਾਰ, ਨਾ ਕੋਈ ਬਣੇ ਮਾਤ ਸਹਾਰਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਮਤ ਚੌਦਾਂ ਚੌਦਾਂ ਲੋਕ ਸ਼ਬਦ ਸੁਣਾਏ ਇਕ ਸਲੋਕ, ਇਕ ਕਰਾਏ ਜੈ ਜੈਕਾਰਿਆ । ਜੈ ਜੈਕਾਰਾ ਹੋਏ ਮਾਤ । ਸੋਹੰ ਸ਼ਬਦ ਚੜ੍ਹੇ ਸੱਚੀ ਪਰਭਾਤ । ਪੰਦਰ੍ਹਾਂ ਕੱਤਕ ਕਲਜੁਗ ਮਿਟੇ ਅੰਧੇਰੀ ਰਾਤ । ਪੁਰਖ ਅਬਿਨਾਸ਼ੀ ਪਰਨਾਏ ਸੰਗਤ, ਗੁਰਮੁਖ ਬਣਾਏ ਸਚ ਬਰਾਤ । ਸੰਮਤ ਸੋਲਾਂ ਤੇਰਾ ਵਕਤ, ਹਰਿ ਸਾਚਾ ਬਖ਼ਸ਼ੇ ਸਾਚੀ ਦਾਤ । ਭੁੱਲੀ ਲੋਕਾਈ ਵਿਚ ਜਗਤ, ਭਰਮੇ ਭੁੱਲੇ ਜ਼ਾਤ ਪਾਤ । ਅੰਤ ਜੁਦਾਈ ਨਾ ਕੋਈ ਹੋਏ ਭਗਤ, ਗੁਰ ਪੀਰ ਨਾ ਪੁਛੇ ਕੋਈ ਵਾਤ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਏਕਾ ਡੰਕ ਵੱਜੇ ਵਧਾਈ, ਗੁਰਮੁਖ ਸਾਚੇ ਸਚ ਸਰਨਾਈ, ਆਪ ਆਪਣੀ ਗੋਦ ਲਏ ਉਠਾਈ, ਆਪੇ ਹੋਏ ਪਿਤਾ ਮਾਤ, ਪੰਦਰ੍ਹਾਂ ਕੱਤਕ ਕੰਤੀ ਕੇਤ । ਚਰਨ ਛੁਹਾਏ ਮੰਡੀ ਸਕੇਤ । ਧਾਰੀ ਨਾਮ ਵੇਖੇ ਅੰਮ੍ਰਿਤ ਜਾਮ ਕਿਸ ਰੱਖਿਆ ਕਾਇਆ ਖੇਤ । ਅੰਤਮ ਲੇਖਾ ਲਿਖੇ ਤਮਾਮ, ਰੁੱਤ ਬਸੰਤੀ ਨਾ ਰਹੇ ਚੇਤ । ਗੁਰੂਆਂ ਪੀਰਾਂ ਅੰਧੇਰੀ ਸ਼ਾਮ, ਪਰਗਟ ਹੋਇਆ ਪ੍ਰਭ ਨੇਤਨ ਨੇਤ । ਪੱਲੇ ਨਾ ਦਿਸੇ ਅੰਤਮ ਕੋਈ ਦਾਮ, ਸਾਚਾ ਸ਼ਬਦ ਨਾ ਮਿਲਿਆ ਖੇਵਟ ਖੇਟ । ਖਾਲੀ

ਦਿਸੇ ਸਾਧਾਂ ਸੰਤਾਂ ਚਾਮ, ਅਗਨੀ ਅੱਗ ਕਾਇਆ ਮੱਠੇ ਮਹੀਨਾ ਜੇਠ । ਰਸਨ ਆਹਾਰ ਵਿਕਾਰ ਝੂਠਾ ਤਮ, ਕਲਜੁਗ ਮਾਇਆ ਪੁਰਖ ਅਬਿਨਾਸ਼ੀ ਭੰਨੇ ਕੌੜੇ ਰੀਠ, ਨੇਤਰ ਨੀਰ ਵਹਾਇਣ ਛੰਮ ਛੰਮ, ਗੁਰ, ਮੰਦਰ ਅੰਦਰ ਕੋਇ ਨਾ ਲਏ ਦਮ, ਕੋਇ ਨਾ ਰਖੇ ਸਾਇਆ ਹੇਠ । ਮਾਨਸ ਦੇਹੀ ਪਏ ਜੰਮ, ਲੇਖਾ ਲੱਗਾ ਨਾ ਕਾਇਆ ਚੰਮ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖਾਂ ਦੇਵੇ ਸ਼ਬਦ ਵਰ, ਏਕਾ ਬਖ਼ਸ਼ੇ ਚਰਨ ਧਿਆਨਿਆ, ਦਰ ਦਰ ਫਿਰਾਏ ਰਾਜੇ ਰਾਣਿਆ, ਕਿਸੇ ਹੱਥ ਨਾ ਆਏ ਵਡ ਵਡ ਸੇਠ । ਪੰਦਰ੍ਹਾਂ ਕੱਤਕ ਕੰਤ ਪਿਆਰ । ਗੁਰਮੁਖ ਸਾਚੇ ਸੰਤ ਲਏ ਉਭਾਰ । ਵੇਖ ਵਖਾਣੇ ਜੀਵ ਜੰਤ ਦੇਵ ਦੰਤ ਯਖ ਸੁਰ ਹਰਿ ਅਵਤਾਰ । ਆਪ ਬਣਾਏ ਆਪਣੀ ਬਣਤ, ਪਤ ਪਤਵੰਤ ਸਾਚਾ ਯਾਰ । ਮਹਿੰਮਾ ਜਗਤ ਗਣਤ ਅਗਣਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੇ ਰੰਗ ਰਵੇ ਕਰਤਾਰ । ਕਵਣ ਲਿਖਾਰਾ ਲਿਖਤ ਹੈ, ਕਵਣ ਕਰੇ ਗਿਆਨ । ਕਵਣ ਜਾਣੇ ਖੇਲ ਭਵਿਖਤ ਹੈ, ਵੇਖੇ ਗੁਣ ਨਿਧਾਨ । ਸਿਖਿਆ ਸਿਖੀ ਸਿਖੀ ਸਿਖਿਆ ਗੁਣ ਗਣੰਤ ਹੈ, ਆਪੇ ਜਾਣੇ ਕਰੇ ਪਛਾਣ । ਪ੍ਰਭ ਖੇਲੇ ਖੇਲ ਬੇਅੰਤ ਹੈ, ਜੁਗਾ ਜੁਗੰਤਰ ਸਾਚੀ ਕਾਣ । ਜੋਤੀ ਜੋਤ ਸਰੂਪ ਹਰਿ, ਆਪੇ ਗੁਰਮੁਖ ਆਪੇ ਸੰਤ ਹੈ, ਆਪੇ ਭਗਤ ਆਪੇ ਭਗਵੰਤ ਹੈ, ਆਪੇ ਪੰਚਮ ਮੀਤਾ ਵਿਚ ਜਹਾਨ । ਮਿਲੇ ਮੇਲ ਇਕ ਭਗਵਾਨਾ । ਸੁਰਤ ਸਵਾਣੀ ਮੰਗੇ ਸ਼ਬਦ ਹਾਣੀ, ਧੁਰ ਦਰਗਾਹੀ ਏਕਾ ਦਾਨਾ । ਅੰਮ੍ਰਿਤ ਆਤਮ ਠੰਢਾ ਪਾਣੀ, ਨਾਦ ਅਨਾਦਾ ਸਾਚਾ ਗਾਨਾ । ਦਰ ਘਰ ਸਾਚੇ ਪਦ ਨਿਰਬਾਣੀ, ਏਕਾ ਏਕ ਸਚ ਤਰਾਨਾ । ਗੁਰਮੁਖ ਸਾਚਾ ਦਰ ਘਰ ਸਾਚੇ ਆਪੇ ਸਦ ਬੰਨ੍ਹੇ ਨਾਮ ਹੱਥੀਂ ਗਾਨਾ । ਹਰਿ ਸ਼ਬਦ ਪਿਆਏ ਸਾਚੀ ਮਧ, ਜਗਤ ਵਿਕਾਰਾ ਦੇਵੇ ਮਥ, ਨਾਮ ਦਾਨ ਸਚ ਖਜ਼ਾਨਾ । ਦਸਵੀਂ ਗਲੀ ਪਾਰ ਕਿਨਾਰਾ ਏਕਾ ਹੱਦ, ਖੋਲ੍ਹੇ ਸਚ ਦੁਕਾਨਾ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਕਾਇਆ ਮੰਦਰ ਅੰਦਰ ਡੂੰਘੀ ਖੱਡ, ਨਾ ਕੋਈ ਦੀਸੇ ਉਚਾ ਲੰਮਾ ਕੱਦ, ਭਾਗ ਲਗਾਏ ਗੁਰਮੁਖ ਤੇਰੀ ਸਾਚੀ ਯੱਦ, ਨੇਤਰ ਨੈਣ ਲੋਚਨ ਨੈਣ ਨੇਤਰ ਕਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਦਰਸ ਦਰ, ਦਰਸਨ ਪੇਖ ਚੁੱਕੇ ਗੇੜਾ, ਲੱਖ ਚੁਰਾਸੀ ਫੰਦ ਕਟਾਨਾ । ਆਵਣ ਜਾਵਣ ਮਿਟੇ ਗੇੜਾ, ਜਮ ਕੀ ਫਾਸੀ ਰਿਹਾ ਤੁੜਾਈਆ । ਆਪੇ ਕਰੇ ਹੱਕ ਨਿਬੇੜਾ, ਚਰਨ ਦਾਸੀ ਜੋ ਅਖਵਾਈਆ । ਸੋਹੰ ਚਪੂ ਨਾਮ ਲਗਾਇਆ, ਆਪ ਚਲਾਏ ਆਪਣਾ ਬੇੜਾ, ਰਸਨਾ ਜਾਪ ਨਾ ਕੋਈ ਜਪਾਈਆ । ਭਾਗ ਲਗਾਏ ਕਾਇਆ ਨਗਰ ਖੇੜਾ, ਖੇਵਟ ਖੇਟਾ ਮਾਤ ਪਿਤ ਪਿਉ ਬੇਟਾ ਪਿਤ ਪੂਤ ਆਪ ਅਖਵਾਈਆ । ਆਪੇ ਤਾਣਾ ਸੂਤਰ ਪੇਟਾ, ਮੂਰਖ ਮੁਗਧ ਅੰਵਾਣ ਤਰਾਏ ਜੱਟ ਜਟੇਟਾ, ਜਗਤ ਗਿਆਨ ਨਾ ਕੋਇ ਸੁਣਾਈਆ । ਸ਼ਬਦ ਦੁਸ਼ਾਲੇ ਸਾਚੇ ਪਟ ਲਪੇਟਾ, ਆਪਣੀ ਭੁਜਾ ਰਿਹਾ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਸ਼ਬਦ ਵਰ, ਹਿਰਦਾ ਸੋਧ ਸ਼ਬਦ ਜਣਾਈ ਬੋਧ ਅਗਾਧ ਸੁਰਤ ਸਵਾਣੀ ਆਪ ਪਰਨਾਈਆ । ਸੁਰਤ ਸਵਾਣੀ ਆਪ ਪਰਨਾਏ, ਕੰਤ ਸੁਹਾਗੀ ਏਕਾ ਸਾਚੇ ਹਾਣੀ ਮੇਲ ਮਿਲਾਏ, ਚਰਨ ਕਵਲ ਜਨ ਆਪ ਰਖਾਏ ਟੇਕਾ । ਖਾਣੀ ਬਾਣੀ ਕੋਈ ਸਾਰ ਨਾ ਪਾਏ, ਕਵਣ ਦਵਾਰੇ ਵਸੇ ਹਰਿ ਬਿਬੇਕਾ । ਅੰਜ਼ੀਲ ਕੁਰਾਨੀ ਰਹੇ ਕੁਰਲਾਏ, ਵੇਦ ਪੁਰਾਨੀ ਹਾਏ ਹਾਏ, ਜਿਹਵਾ ਪੜ੍ਹ ਪੜ੍ਹ ਥੱਕੀ ਜਗਤ ਕਿਤੇਬਾ । ਸਤਿ ਪੁਰਖ ਨਿਰੰਜਣ ਸਾਰ ਨਾ ਪਾਈ, ਆਤਮ ਘਰ ਨਾ ਵੱਜੀ ਵਧਾਈ, ਜੋਤੀ ਜੋਤ ਸਰੂਪ ਹਰਿ, ਜੋਤੀ ਨੂਰਾ ਸਰਬ ਗੁਣ ਭਰਪੂਰਾ, ਨੇਤਰ ਨੇਤ ਕਿਸੇ ਨਾ ਪੇਖਾ । ਆਸਾ ਮਨਸਾ ਪੂਰ, ਸ਼ਬਦ

੬੮੩ ੦੫

ਜਣਾਈਆ । ਜੋਤ ਸਰੂਪੀ ਹਾਜ਼ਰ ਹਜ਼ੂਰ, ਦੂਸਰ ਕੋਈ ਦਿਸ ਨਾ ਆਈਆ । ਆਪੇ ਦਾਤਾ ਜੋਧਾ ਸੂਰ, ਆਪੇ ਸ਼ਬਦ ਤੂਰ ਉਪਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ੍ਰਿਸ਼ਟ ਸਬਾਈ ਦਿਸਾਏ ਕੂੜੋ ਕੂੜ, ਚਰਨ ਧੂੜ ਮਸਤਕ ਟਿੱਕਾ ਕੌਸਤਕ ਮਨੀ ਵਡ ਵਡ ਧਨੀ ਜਿਸ ਜਨ ਏਕਾ ਰਿਹਾ ਛੁਹਾਈਆ । ਮਸਤਕ ਧੂੜੀ ਜਗਤ ਰੇਖਾ, ਕਲਜੁਗ ਦਏ ਮਿਟਾਈਆ । ਪਾਰ ਕਰਾਏ ਮੂਰਖ ਮੂੜ੍ਹੀ, ਕਾਇਆ ਰੰਗੇ ਰੰਗਣ ਗੂੜ੍ਹੀ, ਉਤਰ ਕਦੇ ਨਾ ਜਾਈਆ । ਆਵਣ ਜਾਵਣ ਪਤਤ ਪਾਵਨ, ਭੇਖਾਧਾਰੀ ਭੇਖ ਬਾਵਨ ਲੱਖ ਚੁਰਾਸੀ ਕਟੇ ਜੂੜੀ, ਜੋਗ ਜੁਗਤ ਨਾ ਕੋਈ ਦਿਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਤਮ ਖੋਲ੍ਹੇ ਬੰਦ ਦਰ, ਦਰ ਦਰਵਾਜ਼ਾ ਗਰੀਬ ਨਿਵਾਜਾ, ਆਪ ਆਪਣਾ ਸਾਜਨ ਸਾਜਾ, ਚਾਰ ਦਵਾਰੀ ਬੰਕ ਦਵਾਰ, ਨਾ ਕੋਈ ਦੀਸੇ ਪਸਰ ਪਸਾਰ, ਉਚ ਮਹੱਲ ਅਟੱਲ ਅਪਾਰ, ਆਪੇ ਕੁੰਡਾ ਰਿਹਾ ਲਾਹੀਆ । ਮੰਗੇ ਸ਼ਬਦ ਪਿਆਰ ਦਸਤਾਰ ਸਾਚੀ ਪ੍ਰਭ ਸਾਚਾ ਸੀਸ ਬੰਨ੍ਹਾਉਣ ਲੱਗਾ ਪੱਗਾ । ਕਾਇਆ ਮਾਟੀ ਦਿਸੇ ਕਾਚੀ ਕੱਚ, ਕੰਚਨ ਰੂਪ ਵਟਾਉਣ ਲੱਗਾ । ਪੰਚ ਪੰਚ ਦਵਾਰ ਰਹੇ ਨਾਚੀ, ਪੰਚਮ ਪੰਚਾਂ ਮੇਟ ਮਿਟਾਉਣ ਲਗਾ । ਪੰਚਮ ਪੰਚ ਜਨਾਂ ਇਕ ਸਾਚੀ ਪੰਚਮ ਰਾਗ, ਪੰਚਮ ਸ਼ਬਦ ਧੁਨ ਆਤਮਕ ਇਕ ਉਪਜਾਉਣ ਲਗਾ । ਪੰਚਮ ਪੰਚ ਪਿਆਰਾ ਰਿਹਾ ਵਾਚੀ, ਪੰਚਾਇਣ ਮੇਲ ਮਿਲਾਉਣ ਲੱਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਬ੍ਰਹਮ ਜੋਤ ਜੋਤ ਜਗਾਉਣ ਲਗਾ । ਜਗੇ ਜੋਤ ਭਗਤ ਵਧਾਈ ਹੋਵੇ, ਨਿਰਮਲ ਬੁੱਧ ਵਿਚ ਸੰਸਾਰ ਤੇਰੀ । ਸਤਿਗੁਰ ਸਾਵਨ ਨਾਲ ਕੁੜਮਾਈ ਹੋਵੇ, ਸਿੰਘ ਭਗਵਾਨ ਸੁਲਖਣੀ ਨਾਰ ਚੇਰੀ । ਦਿਵਸ ਰੈਣ ਨਾ ਕਦੇ ਜੁਦਾਈ ਹੋਵੇ, ਭਰਮਾਂ ਕੰਧ ਢਾਹੇ ਢਹਿ ਢੇਰੀ । ਮੰਦਰ ਅੰਦਰ ਇਕ ਰੁਸ਼ਨਾਈ ਹੋਵੇ, ਏਕਾ ਏਕ ਵਖਾਏ ਸੰਞ ਸਵੇਰੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮੇਲ ਮਿਲਾਏ ਸਾਚੇ ਦਰ, ਵੇਖ ਵਖਾਏ ਨੇਰਨ ਨੇਰੀ । ਜੁੜਿਆ ਜੋੜ ਜੁੜਾਇਆ ਗੁਰ ਪੂਰੇ, ਜੋਗ ਜੁਗਤ ਇਕ ਵਖਾਈਆ । ਪੰਚਮ ਸ਼ਬਦ ਚੜ੍ਹਾਇਆ ਸਾਚੇ ਘੋੜੇ, ਪੰਚਾਂ ਦੂਤਾਂ ਰਿਹਾ ਦੁੜਾਈਆ । ਹੋਏ ਮੇਲ ਚੜ੍ਹੇ ਜਗਤ ਤੇਲ ਦਿਨ ਰਹੇ ਥੋੜੇ, ਦਿਨ ਦਿਹਾੜੇ ਦਰਸ ਦਿਖਾਈਆ । ਸ਼ਬਦ ਗੁਰ ਸਾਚਾ ਹਰਿ ਜਨ ਹਿਰਦੇ ਵਾਚਾ ਆਦਿ ਅੰਤ ਸਦਾ ਬਹੁੜੇ, ਨਾ ਹੋਵੇ ਕਦੇ ਜੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਕਰਮ ਰਿਹਾ ਕਮਾਈਆ । ਜੁੜੇ ਜੋੜ ਮੇਲ ਸਮਰਥ ਸਾਈਂ, ਆਸਾ ਮਨਸਾ ਪੂਰਨ ਪੁੰਨੀਆ । ਦੇਵੇ ਦਰਸ ਅਗੰਮ ਅਗੰਮ ਸਭਨੀ ਥਾਈਂ, ਹਰਿ ਟਿਕਾਏ ਸ਼ਬਦ ਰਖਾਏ ਸਾਚੀ ਚੁੰਨੀਆਂ । ਕਾਇਆ ਗਗਨ ਪਾਤਾਲੀ ਏਕਾ ਏਕ ਰਖਾਏ ਸ਼ਬਦ ਸਾਚਾ ਗੁਣ ਗੁਣਵੰਤ ਕੰਤ ਵਡ ਗੁਣ ਗੁਣੀਆ । ਜੋਤੀ ਜੋਤ ਸਰੂਪ ਹਰਿ, ਜੋਤੀ ਸ਼ਬਦ ਮੇਲ ਕਰ, ਗੁਰੂ ਚੇਲ ਇਕ ਘਰ, ਪਵਣ ਸਵਾਸ ਆਸ ਪਿਆਸ ਬੁਝਾਏ ਦਮ ਦਮੀਆ । ਐੜਾ ਅੱਖਰ ਏਕਾ ਅੱਖ, ਜਿਸ ਜਨ ਮਾਤ ਖੁਲ੍ਹਾਈਆ । ਨਨਾ ਨਿਰਗੁਣ ਰੂਪ ਪਰਤਖ, ਨਿਜ ਘਰ ਵਾਸ ਰਖਾਈਆ । ਦਦਾ ਦਾਤਾ ਨਾ ਦਿਸੇ ਸਖ, ਹਰਿ ਘਟ ਮੇਂ ਰਿਹਾ ਸਮਾਈਆ । ਅਨੰਦ ਅਨੰਦ ਅਨੰਦ ਹਰਿ ਗਾਈਆ । ਪਪਾ ਪੂਰਨ ਜੋਤ ਪਰਕਾਸ਼, ਗੁਰ ਗੋਬਿੰਦੇ ਭੇਖ ਵਟਾਇਆ । ਆਦਿ ਅੰਤ ਨਾ ਜਾਏ ਵਿਨਾਸ, ਗੁਣੀ ਗਹਿੰਦੇ ਖੇਲ ਰਚਾਇਆ । ਆਪੇ ਹੋਏ ਦਾਸਨ ਦਾਸ, ਜਨ ਭਗਤਾਂ ਸੇਵਾ ਰਿਹਾ ਕਮਾਇਆ । ਰਾਰਾ ਰਾਮ ਨਾਮ ਸਰਬ ਗੁਣਤਾਸ, ਰਾਜ ਜੋਗ ਏਕਾ ਧਾਮ ਸਹਾਇਆ । ਪ੍ਰਭ ਮਿਲਣ ਦੀ ਰਾਖੋ ਆਸ, ਸਾਚੀ ਸੇਵਾ ਇਹ ਲਗਾਇਆ । ਰਸਨਾ ਜਿਹਵਾ ਰਹੇ ਪਿਆਸ, ਬੱਤੀ ਦੰਦ ਹੋਏ ਹਲਕਾਇਆ ।

੬੮੫
੦੫

ਦਿਸ ਨਾ ਆਏ ਪ੍ਰਿਥਮੀ ਆਕਾਸ਼, ਗੁਰਮੁਖ ਸਾਚੇ ਵਿਚ ਸਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਬਲ ਨਗਰੀ ਜੋਤ ਇਕਗਰੀ, ਸ਼ਬਦ ਰਖਾਏ ਸਚ ਸਮਗਰੀ, ਜਨ ਭਗਤਾਂ ਪਿਆਸ ਰਿਹਾ ਬੁਝਾਇਆ । ਹਸਤ ਕੀਟ ਪ੍ਰਭ ਰੂਪ, ਘਟ ਘਟ ਆਪ ਸਮਾਇਆ । ਖੇਲੇ ਖੇਲ ਸ਼ਬਦ ਬਹੁ ਭੂਪ, ਸ਼ਬਦ ਭੂਪਾ ਆਪ ਅਖਵਾਇਆ । ਘਰ ਦੱਸੇ ਸਤਿ ਸਰੂਪ, ਸਤਿ ਸਰੂਪਾ ਨਾਉਂ ਰਖਾਇਆ । ਕਲਜੁਗ ਮਿਟੇ ਅੰਧ ਅੰਧ ਕੂਪ, ਅੰਧ ਅੰਧੇਰਾ ਮਾਤ ਛਾਇਆ । ਵੇਖ ਵਖਾਣੇ ਚਾਰੇ ਕੂਟ, ਦਹਿ ਦਿਸ਼ਾ ਭੇਵ ਨਾ ਰਾਇਆ । ਤੀਰ ਨਿਰਾਲਾ ਰਿਹਾ ਛੂਟ, ਚੌਦਾਂ ਲੋਕਾਂ ਰਿਹਾ ਹਿਲਾਇਆ । ਨੌਵਾਂ ਖੰਡਾਂ ਪਾਏ ਫੂਟ, ਸੱਤਾਂ ਦੀਪਾਂ ਫੁੱਟ ਪਵਾਇਆ । ਮੇਟ ਮਿਟਾਏ ਜੂਠ ਝੂਠ, ਭੇਖ ਪਖੰਡਾ ਦਿਸ ਨਾ ਆਇਆ । ਮਾਇਆ ਰਾਣੀ ਖਾਲੀ ਠੂਠ, ਤ੍ਰੈਗੁਣ ਮਾਇਆ ਦਏ ਖਪਾਇਆ । ਨਾਮ ਰਤੀ ਏਕਾ ਮੁੱਠ, ਬੀਸ ਇਕੀਸਾ ਦਏ ਵਰਤਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵੇਲੇ ਅੰਤਮ ਜਾਏ ਤੁਠ, ਗੁਰਮੁਖ ਸਾਚੇ ਸੰਤ ਲਏ ਜਗਾਇਆ । ਹਰਿ ਜਨ ਸਾਚੇ ਆਪ ਜਗਾਏ, ਜੁਗਾ ਜੁਗੰਤਰ ਕਾਰੀ । ਸ਼ਬਦ ਪੱਲਾ ਨਾਮ ਫੜਾਏ, ਮੇਲ ਮਿਲਾਏ ਆਪ ਆਪਣੀ ਧਾਰੀ । ਨਿਰਮਲ ਧਾਮ ਅਟੱਲਾ ਇਕ ਵਖਾਏ, ਪਾਰਬ੍ਰਹਮ ਬ੍ਰਹਮ ਖੇਲ ਨਿਆਰੀ । ਵਲ ਛਲਾ ਕਰ ਕਰ ਜਗਤ ਭੁਲਾਏ, ਜੋਗ ਜੁਗੰਤਰ ਨਾ ਪਾਇਣ ਸਾਰੀ । ਦੂਈ ਦਵੈਤੀ ਸ਼ਿਲਾ ਇਕ ਰਖਾਏ, ਜਪ ਤਪ ਹੱਠ ਛੱਡੇ ਸਿਕਦਾਰੀ । ਸੋਹੰ ਭੱਲਾ ਇਕ ਰਖਾਏ, ਜਗਤ ਵਿਦਿਆ ਹਾਹਾਕਾਰੀ । ਨਾਮ ਫਲਾ ਇਕ ਖਵਾਏ, ਚਾਰੇ ਵਰਨਾਂ ਦਏ ਅਧਾਰੀ । ਗੋਬਿੰਦ ਡੱਲਾ ਆਪ ਜਗਾਏ, ਸ਼ਬਦ ਪਹਿਨਾਏ ਤਨ ਕਟਾਰੀ । ਕਲਜੁਗ ਜਨਾ ਆਪ ਮਿਟਾਏ, ਲਾੜੀ ਮੌਤ ਦਏ ਬਹਾਰੀ । ਧੰਨ ਧੰਨਾ ਨਾਮ ਆਪ ਅਖਵਾਏ, ਵੰਡੇ ਵੰਡ ਸ਼ਬਦ ਭੰਡਾਰੀ । ਨਨਾ ਨਿਰਗੁਣ ਰੂਪ ਸਮਾਏ, ਨਿਰਮਲ ਜੋਤ ਕਰ ਆਕਾਰੀ । ਸਰਗੁਣ ਸਾਚੇ ਰਿਹਾ ਮਿਲਾਏ, ਸੋਭਾਵੰਤ ਬਣਾਏ ਨਾਰੀ । ਕੰਤ ਕੰਤੂਹਲਾ ਇਕ ਵਖਾਏ, ਜਗਤ ਝੂਲਾ ਸ਼ਬਦ ਖੁਮਾਰੀ । ਆਤਮ ਫੂਲਾ ਸੇਜ ਵਿਛਾਏ, ਪ੍ਰੇਮ ਵਿਛਾਉਣਾ ਨਾਮ ਕਿਆਰੀ । ਦੂਲੋ ਦੂਲਾ ਆਪ ਅਖਵਾਏ, ਆਪੇ ਸੁੱਤਾ ਪੈਰ ਪਸਾਰੀ । ਮੂਲੋ ਮੂਲਾ ਆਪ ਚੁਕਾਏ, ਲਹਿਣਾ ਦੇਣਾ ਮਾਤ ਉਧਾਰੀ । ਤ੍ਰੈਸੂਲਾ ਸ਼ਬਦ ਚਲਾਏ, ਸੋਹੰ ਖੰਡਾ ਤੇਜ ਕਟਾਰੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਕਿਰਿਆ ਕਰਮ ਰਿਹਾ ਵਿਚਾਰੀ । ਕਲਜੁਗ ਕਰਮ ਵਿਚਾਰ, ਕਰਮ ਕਮਾਇਆ । ਚੌਦਾਂ ਵੇਖੇ ਹੱਟ ਪਸਾਰ, ਕਵਣ ਵਸਤ ਵਿਚ ਰਖਾਇਆ । ਸੱਤ ਸੱਤਾਂ ਬੰਨ੍ਹੇ ਧਾਰ, ਸਤਿ ਸਤਿਵਾਦੀ ਘੇਰਾ ਪਾਇਆ । ਸੱਤ ਪਾਤਾਲਾਂ ਵੇਖੇ ਪਾੜ, ਪੜਦਾ ਕੋਈ ਰਹਿਣ ਨਾ ਪਾਇਆ । ਸੰਤਾਂ ਉਪਰ ਵੇਖੇ ਚੜ੍ਹ, ਸ਼ਬਦ ਪੌੜਾ ਇਕ ਲਗਾਇਆ । ਲੋਕਮਾਤੀ ਵੇਖ ਅਖਾੜ, ਸ਼ਬਦ ਸੁਨੇਹੜਾ ਰਿਹਾ ਘਲਾਇਆ । ਆਪ ਜਾਣੇ ਆਪਣੀ ਧਾੜ, ਲੱਖ ਚੁਰਾਸੀ ਗੇੜਾ ਆਪਣਾ ਆਪ ਬਣਾਇਆ । ਤ੍ਰੈਗੁਣ ਮਾਇਆ ਦੇਵੇ ਸਾੜ, ਪੰਜ ਤੱਤ ਰਹਿਣ ਨਾ ਪਾਇਆ । ਆਪ ਚਬਾਏ ਆਪਣੀ ਦਾੜ੍ਹ, ਧੀਰਜ ਯਤ ਕੋਈ ਰਹਿਣ ਨਾ ਪਾਇਆ । ਵੇਖ ਵਖਾਣੇ ਜੰਗਲ ਜੂਹ ਉਜਾੜ ਪਹਾੜ, ਡੂੰਘੀ ਕੰਦਰ ਡੇਰਾ ਲਾਇਆ । ਤੀਰ ਨਿਰਾਲਾ ਚਲੇ ਕਾੜ ਕਾੜ, ਜੋਤ ਅਕਾਲਾ ਚਿਲੇ ਚੜ੍ਹਾਇਆ । ਮਨਮੁਖਾਂ ਜੀਵਾਂ ਵਿੰਨ੍ਹੇ ਨਾੜ ਨਾੜ, ਹੱਡ ਮਾਸ ਨਾੜੀ ਚੰਮ ਕੋਈ ਦਿਸ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਗੁਰਮੁਖ ਸਾਚੇ ਸੰਤ ਸੁਹੇਲੇ ਦਰ ਘਰ ਸਾਚੇ ਲਏ ਵਾੜ, ਚੌਦਾਂ ਭਵਨ ਮਿਟੇ ਅਵਣ ਗਵਣ ਲਹਿਣਾ ਦੇਣਾ ਮੂਲ ਚੁਕਾਇਆ । ਚੌਦਾਂ ਚੌਦਸ ਰੈਣ ਮਸ, ਰਵ ਸੱਸ ਮੁਖ ਛੁਪਾਇਆ । ਧਰਮ ਰਾਏ ਕਲ ਵੇਖੇ ਹੱਸ, ਵਕਤ ਸੁਹੇਲਾ

ਇਕ ਵਖਾਇਆ । ਦਰ ਦਵਾਰੇ ਆਏ ਨੱਸ, ਗਲ ਪੱਲੂ ਚਰਨ ਸਰਨਾਇਆ । ਪੁਰਖ ਅਬਿਨਾਸ਼ੀ ਰਾਹ ਸਾਚਾ ਦੱਸ, ਕਲਜੁਗ ਵੇਲਾ ਅੰਤਮ ਆਇਆ । ਲੱਖ ਚੁਰਾਸੀ ਦੇਵਾਂ ਝੱਸ, ਲਾੜੀ ਮੌਤ ਰਹੇ ਪਰਨਾਇਆ । ਗੁਰਮੁਖ ਹਿਰਦੇ ਆਪੇ ਵਸ, ਆਪਣਾ ਪੱਲੂ ਦਏ ਫੜਾਇਆ । ਦਿਵਸ ਰੈਣ ਕਲ ਰਿਹਾ ਨੱਸ, ਨਾ ਸਕੇ ਕੋਇ ਛੁਡਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਸੰਤ ਜਨਾਂ ਹੋਏ ਸਦਾ ਸਹਾਇਆ । ਚੌਦਾਂ ਲੋਕ ਹੱਟ ਪਸਾਰ, ਵਣਜ ਕਰੇ ਵਪਾਰੀ । ਤੀਰਥ ਤੱਟ ਪਾਰ ਕਿਨਾਰ, ਅੱਠ ਸੱਠ ਪਸਰ ਪਸਾਰੀ । ਕਾਇਆ ਮਠ ਗੁਰੂਦਵਾਰ, ਦੀਪਕ ਜੋਤ ਜਗੇ ਅਪਾਰੀ । ਚਾਰ ਦਿਵਾਰੀ ਜਾਏ ਢੱਠ, ਹਰਿ ਮਹੱਲ ਅਟੱਲ ਅਟਾਰੀ । ਸ਼ਬਦ ਗੁਰੂ ਗੁਰ ਸ਼ਬਦ ਕਰੇ ਕਲ ਇਕੱਠ, ਸੁਹਾਏ ਬੰਕ ਦਵਾਰੀ । ਹਰਿ ਸੰਤ ਸੁਹੇਲਾ ਆਏ ਨੱਠ, ਚੌਦਾਂ ਲੋਕ ਹੋਏ ਖੁਆਰੀ । ਅੰਤਮ ਗੇੜੇ ਉਲਟੀ ਲੱਠ, ਰਾਏ ਧਰਮ ਦੇਵੇ ਧੱਕਾ ਭਾਰੀ । ਸਤਿਜੁਗ ਤੇਰੀ ਆਪ ਕਰਾਏ ਸਾਚੀ ਚੱਠ, ਕਰੋੜ ਫਾਈ ਭੇਟ ਚੜ੍ਹਾਏ ਪਹਿਲੀ ਵਾਰੀ । ਤ੍ਰੈਗੁਣ ਮਾਇਆ ਤੇਰਾ ਮੱਠ, ਅਗਨੀ ਜੋਤ ਹਰਿ ਨਿਰੰਕਾਰੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਆਪੇ ਮੇਲੇ ਦਰਸ ਦਿਖਾਏ ਅਗੰਮ ਅਪਾਰੀ । ਤ੍ਰੈਗੁਣ ਮਾਇਆ ਦਏ ਦੁਹਾਈ, ਪ੍ਰਭ ਸਾਚੇ ਸ਼ਬਦ ਜਣਾਈਆ । ਬ੍ਰਹਮ ਦਵਾਰ ਰਹੀ ਕੁਰਲਾਈ, ਬ੍ਰਹਮ ਦੇਵਤਾ ਨਾਲ ਰਲਾਈਆ । ਸ਼ਿਵ ਸ਼ੰਕਰ ਪੱਲਾ ਗਲ ਵਿਚ ਪਾਈ, ਆਪੇ ਰਿਹਾ ਮਨਾਈਆ । ਕਰੋੜ ਤੇਤੀਸ ਸੱਚੀ ਸਰਨਾਈ, ਸੁਰਪਤ ਰਾਜਾ ਇੰਦ ਸੰਗ ਮਿਲਾਈਆ । ਵਿਸ਼ਨੂੰ ਤੇਰੀ ਸਚ ਸਰਨਾਈ, ਵਾਸ ਵਾਸਨਾ ਫਿਰੇ ਹਲਕਾਈਆ । ਪੁਰਖ ਅਬਿਨਾਸ਼ੀ ਕਲ ਜੋਤ ਜਗਾਈ, ਦਿਸ ਕਿਸੇ ਨਾ ਆਈਆ । ਘਨਕਪੁਰ ਵਾਸੀ ਦੇਹ ਤਜਾਈ, ਪਵਣ ਸਵਾਸੀ ਲੇਖ ਚੁਕਾਈਆ । ਆਪੇ ਰਵਿਆ ਮਾਤ ਪਾਤਾਲ ਪ੍ਰਿਥਮੀ ਆਕਾਸ਼ੀ, ਜੋਤੀ ਨੂਰੋ ਨੂਰ ਸਵਾਈਆ । ਤ੍ਰੈਗੁਣ ਮਾਇਆ ਹੋਏ ਦਾਸੀ, ਆਪ ਆਪਣੀ ਰਚਨ ਰਚਾਈਆ । ਖੇਲੇ ਖੇਲ ਸ਼ਾਹੋ ਸ਼ਾਬਾਸ਼ੀ, ਸੰਮਤ ਚੌਦਾਂ ਚੌਦਾਂ ਲੋਕ ਤੇਲ ਚੜ੍ਹਾਈਆ । ਜਨ ਭਗਤਾਂ ਪੂਰਨ ਕਰੇ ਆਸੀ, ਆਲਸ ਨਿੰਦਰਾ ਮਗਰੋਂ ਲਾਹੀਆ । ਪਕੜ ਉਠਾਏ ਪੰਡਤ ਕਾਂਸ਼ੀ, ਕਾਇਆ ਕਾਸਾ ਵੇਖ ਵਖਾਈਆ । ਮੇਲ ਮਿਲਾਏ ਸ਼ਬਦ ਸਵਾਸੀ, ਦੂਈ ਦਵੈਤੀ ਪੜਦਾ ਲਾਹੀਆ । ਇਕ ਵਖਾਏ ਮੰਡਲ ਰਾਸੀ, ਬ੍ਰਹਿਮੰਡ ਵੱਜੀ ਵਧਾਈਆ । ਪਰਗਟ ਹੋਏ ਸਰਬ ਗੁਣਤਾਸੀ ਦਾਸਨ ਦਾਸੀ ਸਾਰ ਨਾ ਰਾਈਆ । ਤ੍ਰੈਗੁਣ ਮਾਇਆ ਰੋਵੇ, ਕਲਜੁਗ ਮਤੀ ਮੁਖੜਾ ਧੋਵੇ, ਨਾ ਕੋਈ ਦੀਸੇ ਸੱਚਾ ਸਾਥੀ, ਬ੍ਰਹਮਾ ਸ਼ਿਵ ਵਿਸ਼ਨ ਦੇਣ ਦੁਹਾਈਆ । ਤ੍ਰੈਗੁਣ ਮਾਇਆ ਤੇਰਾ ਜਾਲ, ਪ੍ਰਭ ਮਾਤ ਤੁੜਾਵਣ ਆਇਆ । ਤ੍ਰੈਲੋਕੀ ਵੇਖੇ ਦੀਪਕ ਥਾਲ, ਗਗਨ ਗਗਨੰਤਰ ਵਿਚ ਸਮਾਇਆ । ਆਪੇ ਮਾਰੇ ਸ਼ਬਦ ਉਛਾਲ, ਨੂਰ ਨੁਰੰਤਰ ਜੋਤ ਸਵਾਇਆ । ਆਪੇ ਦਾਤਾ ਸ਼ਾਹ ਕੰਗਾਲ, ਕਲਜੁਗ ਕਾਇਆ ਲੱਗੀ ਬਸੰਤਰ ਅੰਤ ਬੁਝਾਵਣ ਆਇਆ । ਸ਼ਬਦ ਬਣਾਇਆ ਧੁਰ ਦਲਾਲ, ਦੁਰਗਾ ਦੇਵੇ ਨਾ ਗਾਇਤਰੀ ਮੰਤਰ ਆਪੇ ਮੇਟ ਮਿਟਾਇਆ । ਨਾ ਕੋਈ ਦਿਸੇ ਮੰਦਰ ਅੰਦਰ ਕੰਦਰ ਮਸਜਿਦ ਕਾਅਬਾ ਗੁਰੂਦਵਾਰ, ਦਰ ਦਰਵਾਜ਼ਾ ਇਕ ਖੁਲ੍ਹਾਇਆ । ਲੱਖ ਚੁਰਾਸੀ ਕਰੇ ਪਿਆਰ, ਧਰਮ ਦਾਸੀ ਰਿਹਾ ਬਣਾਇਆ । ਰਾਏ ਧਰਮ ਹੋ ਤਿਆਰ, ਗਲ ਫਾਸੀ ਰਿਹਾ ਲਟਕਾਇਆ । ਆਪੇ ਖੋਲ੍ਹੇ ਬੰਦ ਕਿਵਾੜ, ਜਨਕਾ ਘਨਕਪੁਰ ਸੁਹਾਇਆ । ਗੁਰਮੁਖ ਸਾਚੇ ਆਪ ਬਚਾਏ ਸਾਚੇ ਲਾੜ, ਬਾਰ ਅਨਕਾ ਦਰਸ ਦਿਖਾਇਆ । ਵਰਨੀ ਵਰਨਾ ਅਵਰਨ ਹਰਿ ਸ੍ਰਿਸ਼ਟ ਸਬਾਈ ਰਿਹਾ ਤਾੜ, ਦੂਸਰ ਕੋਈ ਰਹਿਣ ਨਾ ਪਾਇਆ । ਮਤ ਤੱਤ ਪ੍ਰਭ ਦੇਵੇ ਝਾੜ, ਸਾਚਾ ਸਤਿ ਇਕ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪੇ

ਹੋਏ ਕਮਲਾਪਾਤ, ਪਤ ਪਤਵੰਤੀ ਸਾਚੀ ਨਾਰ ਸਦਾ ਸੁਹਾਗਣ ਵਡ ਵਡਭਾਗਣ, ਦੁਰਮਤ ਮੈਲ ਧੋਵੇ ਦਾਗ਼ਨ, ਹੰਸ ਹੰਸਨੀ ਕਾਗੀ ਕਾਗਣ, ਸਾਚੇ ਬੰਸਾ ਇਕ ਪਿਆਰ । ਤ੍ਰੈਗੁਣ ਮਾਇਆ ਤੁਟੇ ਨਾਤਾ, ਅੰਤ ਵਿਛੋੜਾ ਮਾਤ । ਲੇਖਾ ਮਿਟੇ ਜ਼ਾਤਾਂ ਪਾਤਾਂ, ਸ੍ਰਿਸ਼ਟ ਸਬਾਈ ਵੇਖੇ ਮਾਰ ਏਕਾ ਝਾਤ । ਮੇਟ ਮਿਟਾਏ ਅੰਧੇਰੀ ਰਾਤਾ, ਖੇਲੇ ਖੇਲ ਸਤਿ ਸਤਿ ਸਾਤਾ । ਜੋਤੀ ਜੋਤ ਸਰੂਪ ਹਰਿ, ਚੌਦਾਂ ਲੋਕਾਂ ਵੇਖ ਦਰ, ਗੁਰਮੁਖਾਂ ਦੇਵੇ ਸੋਹੰ ਸ਼ਬਦ ਸਾਚੀ ਦਾਤਾ । ਤੇਰਾ ਮੇਰਾ ਚੁੱਕਿਆ, ਚੁੱਕਾ ਲਹਿਣਾ ਦੇਣ । ਮਾਨਸ ਦੇਹੀ ਪੈਂਡਾ ਮੁੱਕਿਆ, ਪ੍ਰਭ ਸ਼ਬਦ ਪਹਿਨਾਏ ਤਨ ਗਹਿਣ । ਹਰਿਆ ਹੋਏ ਕਾਸਟ ਸੁੱਕਿਆ, ਅੰਮ੍ਰਿਤ ਆਤਮ ਵਹੇ ਵਹਿਣ । ਵੇਲਾ ਸਾਚਾ ਆਣ ਢੁੱਕਿਆ, ਦਰਸ ਪਰਸੇ ਤੀਜੇ ਨੈਣ । ਚਰਨ ਦਵਾਰੇ ਸਾਚੇ ਝੁੱਕਿਆ, ਕਾਇਆ ਮਿਟੇ ਅੰਧੇਰੀ ਰੈਣ । ਸਤਿਗੁਰ ਸਾਚਾ ਸ਼ਬਦ ਦਲੇਰ ਬੁਕਿਆ, ਨਾਤਾ ਤੁਟੇ ਭਾਈ ਭੈਣ । ਗੁਰ ਸ਼ਬਦ ਤੀਰ ਨਿਰਾਲਾ ਕਦੇ ਨਾ ਰੁਕਿਆ, ਹਰਿਜਨ ਆਤਮ ਸਾਚੇ ਸਹਿਣ । ਮੁਖ ਮੁਖ ਨਾ ਆਏ ਮੁਖੋਂ ਥੁੱਕਿਆ, ਸੋਹੰ ਨੇਤਰ ਕੱਜਲ ਨੈਣ । ਜੋਤੀ ਜੋਤ ਸਰੂਪ ਹਰਿ, ਏਕਾ ਦੇਵੇ ਸ਼ਬਦ ਵਰ, ਤੀਰ ਨਿਸ਼ਾਨ ਕਦੇ ਨਾ ਰੁੱਕਿਆ, ਨੇੜ ਨਾ ਆਏ ਮੌਤ ਲਾੜੀ ਡੈਣ । ਸੀਸ ਨਿਵਾਇਆ ਸਚ ਘਰ, ਦਰਸ ਪੇਖ ਜਗਦੀਸਾ । ਮਿਲੇ ਮੇਲ ਸ਼ਬਦ ਵਰ, ਲੇਖਾ ਮੁੱਕੇ ਦੰਦ ਬਤੀਸਾ । ਆਤਮ ਵਸੇ ਇਕ ਘਰ, ਸਚ ਵਖਾਏ ਮਹੱਲ ਸ਼ੀਸ਼ਾ । ਨੌਂ ਦਰ ਚੁੱਕੇ ਜਗਤ ਡਰ, ਦਸਵੇਂ ਇਕ ਹਦੀਸਾ । ਸਾਚੀ ਤਰਨੀ ਰਿਹਾ ਤਰ, ਪ੍ਰਭ ਛਤਰ ਝੁਲਾਏ ਸ਼ਬਦ ਸਾਚਾ ਸੀਸਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੇ ਰੰਗ ਮਿਲਾਏ ਸੰਗ, ਸੰਗ ਨਿਭਾਏ ਨਾਮ ਮਰਦੰਗ, ਤਨ ਵਜਾਏ ਜਗਤ ਬੀਸ ਇਕੀਸਾ । ਤ੍ਰੈਗੁਣ ਮਾਇਆ ਤੇਰਾ ਰੂਪ, ਦਿਸ ਕਿਸੇ ਨਾ ਆਇਆ । ਚੌਦਾਂ ਲੋਕਾਂ ਅੰਧ ਕੂਪ, ਅੰਧ ਅੰਧੇਰਾ ਛਾਇਆ । ਹਰਿ ਜੋਤੀ ਨੂਰ ਸਤਿ ਸਰੂਪ, ਹਰ ਘਟ ਮੇਂ ਰਿਹਾ ਸਮਾਇਆ । ਦੋ ਜਹਾਨਾਂ ਸਾਚਾ ਭੂਪ, ਸ਼ਾਹ ਸੁਲਤਾਨਾਂ ਭੇਵ ਨਾ ਰਾਇਆ । ਘਰ ਘਰ ਦਰ ਦਰ ਧੁੱਖੇ ਧੂਪ, ਆਤਮ ਹਵਨ ਨਾ ਕਿਸੇ ਕਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਤ੍ਰੈਗੁਣ ਤੇਰਾ ਤੱਤ ਆਪ ਉਪਾਇਆ ਆਪੇ ਦਏ ਮਿਟਾਇਆ । ਤ੍ਰੈਗੁਣ ਮਾਇਆ ਜਗਤ ਜੰਜ਼ਾਲ, ਹਰਿ ਸਾਚਾ ਮਾਤ ਤੁੜਾਇੰਦਾ । ਜਗਤ ਅਵੱਲੜੀ ਚਲੇ ਚਾਲ, ਪੁਰਖ ਬਿਧਾਤਾ ਸੀਸ ਨਿਵਾਇੰਦਾ । ਚਰਨ ਭਿਖਾਰੀ ਕਾਲ ਮਹਾਂਕਾਲ, ਦਾਤਾ ਦਿਆਲ ਸੰਗ ਰਖਾਇੰਦਾ । ਰਾਏ ਧਰਮ ਹੋਏ ਬੇਹਾਲ, ਅਕਾਲ ਅਕਾਲ ਨਜ਼ਰੀ ਆਇੰਦਾ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਕਲਜੁਗ ਅੰਤਮ ਵੇਖ ਦਰ, ਆਪ ਆਪਣਾ ਰੰਗ ਵਟਾਇੰਦਾ । ਤ੍ਰੈਗੁਣ ਮਾਇਆ ਤੇਰਾ ਤੱਤ, ਪ੍ਰਭ ਸਾਚੇ ਵਿਚ ਸਮਾਇਆ ਏ । ਆਪੇ ਦੇ ਸਮਝਾਏ ਮਤ, ਕਲਜੁਗ ਅੰਤਮ ਆਇਆ ਏ । ਲੱਖ ਚੁਰਾਸੀ ਉਬਲੇ ਰਤ, ਪੰਚ ਵਿਕਾਰ ਚਲਾਇਆ ਏ । ਨਾਤਾ ਤੁੱਟਾ ਧੀਰਜ ਯਤ, ਸਤਿ ਸੰਤੋਖੀ ਰਹਿਣ ਨਾ ਪਾਇਆ ਏ । ਨਾਮ ਵੈਰਾਗਣ ਹੋਵੇ ਸੱਥ, ਘਰ ਸੱਥਰ ਇਕ ਵਿਛਾਇਆ ਏ । ਲਾੜੀ ਮੌਤ ਪਾਏ ਨੱਥ, ਜਮ ਜੇੜਾ ਹੱਥ ਉਠਾਇਆ ਏ । ਸੀਆਂ ਦੇਵੇ ਸਾਢੇ ਤਿੰਨ ਹੱਥ, ਚਿਤਰ ਗੁਪਤ ਲੇਖ ਚੁਕਾਇਆ ਏ । ਕਲਜੁਗ ਕਾਲ ਦੇਵੇ ਮਥ, ਲਹਿਣਾ ਦੇਣਾ ਮੂਲ ਨਾ ਰਾਇਆ ਏ । ਆਪੇ ਜਾਣੇ ਆਪਣੀ ਗਾਥ, ਵੇਦ ਪੁਰਾਨਾਂ ਸਾਰ ਨਾ ਰਾਇਆ ਏ । ਜੋਤ ਸਰੂਪੀ ਹਰਿ ਅਕੱਥ, ਜੋਤ ਸਰੂਪੀ ਹਰਿ ਸਮਰਥ, ਖਾਣੀ ਬਾਣੀ ਦਿਸ ਨਾ ਆਇਆ ਏ । ਕਲਜੁਗ ਕਾਲਾ ਵੇਖੇ ਰਥ, ਅੰਜ਼ੀਲ ਕੁਰਾਨਾਂ ਧੱਕਾ ਲਾਇਆ ਏ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਤ੍ਰੈਲੋਕੀ ਨਾਥਾ ਸਗਲਾ ਸਾਥਾ ਤ੍ਰੈਗੁਣ ਮਾਇਆ ਤੇਰੀ ਧਾਰ ਆਪ ਆਪ

ਉਪਾਇਆ, ਆਪੇ ਰਿਹਾ ਮਿਟਾਇਆ ਏ । ਤ੍ਰੈਗੁਣ ਤੇਰੀ ਧਾਰ ਮਿਟਾਏ, ਸਾਂਤਕ ਸਤਿ ਸਰੂਪਾ । ਕਰਮ ਵਿਚਾਰੀ ਕਰਮ ਕਮਾਏ, ਰਾਜਨ ਰਾਜ ਬਹੁ ਭੂਪਾ । ਤਾਮਸ ਤੇਰੀ ਤ੍ਰਿਸ਼ਨ ਮਿਟਾਏ, ਹਰਿ ਖੇਲੇ ਖੇਲ ਅਨੂਪਾ । ਬ੍ਰਹਮਾ ਵਿਸ਼ਨ ਕੋਈ ਭੇਵ ਨਾ ਰਾਏ, ਹਰਿ ਸਾਚਾ ਸ਼ਾਹੋ ਭੂਪਾ । ਸ਼ਿਵ ਸ਼ੰਕਰ ਵੇਖੇ ਮੁਖ ਛੁਪਾਏ, ਕਲਜੁਗ ਰੈਣ ਅੰਧੇਰੀ ਅੰਧ ਅੰਧ ਕੂਪਾ । ਸੁਰਪਤ ਰਾਜਾ ਇੰਦ ਆਪ ਪਛਤਾਏ, ਗਣ ਗੰਧਰਬ ਕੋਈ ਰਾਗ ਨਾ ਗਾਏ, ਧਰਮ ਦਵਾਰ ਨਾ ਸਾਚਾ ਧੂਪਾ । ਪੁਰੀਆਂ ਲੋਆਂ ਵੇਖ ਵਖਾਏ, ਦਹਿ ਦਿਸ਼ਾ ਪ੍ਰਭ ਫੇਰੀ ਪਾਏ, ਲੋਕ ਕਲ ਚਾਰੇ ਕੂਟਾ । ਕਲਜੁਗ ਵੇਲਾ ਅੰਤ ਸੁਹਾਏ, ਸਾਧ ਸੰਤ ਕੋਈ ਭੇਵ ਨਾ ਪਾਏ, ਦੇਵੀ ਦੇਵ ਕੋਈ ਦਿਸ ਨਾ ਆਏ, ਜੋਤ ਸਰੂਪੀ ਜਾਮਾ ਪਾਏ, ਨਿਹਕਲੰਕ ਡੰਕ ਵਜਾਏ, ਏਕਾ ਸ਼ਬਦ ਤੀਰ ਨਿਰਾਲਾ ਸੋਹੰ ਰਸਨ ਕਮਾਨੋ ਛੂਟਾ । ਤ੍ਰੈਗੁਣ ਮਾਇਆ ਤੇਰੀ ਗੰਢ, ਪ੍ਰਭ ਅੰਤਮ ਖੋਲ੍ਹਣ ਆਇਆ । ਲੱਖ ਚੁਰਾਸੀ ਵੱਢੇ ਕੰਡ, ਨੌਂ ਖੰਡ ਪ੍ਰਿਥਮੀ ਆਪ ਵਿਰੋਲਣ ਆਇਆ । ਸੱਤਾਂ ਦੀਪਾਂ ਕਰੇ ਰੰਡ, ਬ੍ਰਹਮਾ ਸ਼ਿਵ ਕੁਰਲਾਇਆ । ਵਰਤੇ ਖੇਲ ਵਿਚ ਵਰਭੰਡ, ਬ੍ਰਹਿਮੰਡ ਡਗਮਗਾਇਆ । ਆਪੇ ਕਰੇ ਖੰਡ ਖੰਡ, ਜੇਰਜ ਅੰਡ ਵੰਡ ਵੰਡਾਇਆ । ਸ਼ਬਦ ਫੜਾਏ ਹੱਥ ਚੰਡ ਪਰਚੰਡ, ਸ੍ਰਿਸ਼ਟ ਸਬਾਈ ਨਾਰ ਦੁਹਾਗਣ ਸੰਤ ਅਸੰਤ ਹੋਏ ਰੰਡ, ਕੰਤ ਸੁਹਾਗੀ ਨਾ ਕੋਈ ਹੰਢਾਇਆ । ਨੌਂ ਖੰਡ ਪ੍ਰਿਥਮੀ ਜੂਠ ਝੂਠ ਪਾਏ ਵੰਡ, ਵਰਨੀ ਵਰਨਾ ਦੇਵੇ ਦੰਡ, ਸਾਚਾ ਨਾਮ ਨਾ ਕੋਈ ਜਣਾਇਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਤ੍ਰੈਗੁਣ ਮਾਇਆ ਆਪੇ ਵੇਖੇ ਤੇਰਾ ਰੂਪ ਸਤਿ ਸਰੂਪ, ਸਚ ਸਮਗਰੀ ਵਿਚ ਸਮਾਇਆ । ਸਚ ਸਮਗਰੀ ਹਰਿ ਹਰਿ ਦਾਦ, ਦਿਸ ਕਿਸੇ ਨਾ ਆਇਆ । ਨਿਰਗੁਣ ਮਾਇਆ ਉਤਮ ਜ਼ਾਤ, ਪ੍ਰਭ ਆਪੇ ਆਪ ਬਣਾਇਆ । ਆਪੇ ਪਿਤਾ ਆਪੇ ਮਾਤ, ਪੁੱਤਰ ਧੀਆਂ ਆਪ ਅਖਵਾਇਆ । ਆਪ ਬੰਧਾਇਆ ਏਕਾ ਨਾਤ, ਭੈਣ ਭਈਆ ਆਪ ਅਖਵਾਇਆ । ਆਪ ਚਲਾਇਆ ਏਕਾ ਰਾਥ, ਆਪੇ ਭਰਮ ਰਿਹਾ ਭੁਲਾਇਆ । ਆਪ ਨਿਭਾਇਆ ਆਪਣਾ ਸਾਥ, ਸੰਗੀ ਸਾਚੀ ਆਪ ਅਖਵਾਇਆ । ਆਪ ਜਣਾਈ ਆਪਣੀ ਗਾਥ, ਰਸਨ ਕਥਨ ਨਾ ਸਕੇ ਰਾਇਆ । ਆਪੇ ਆਪ ਤ੍ਰੈਲੋਕੀ ਨਾਥ, ਦਰ ਦਵਾਰਾ ਰਿਹਾ ਉਪਾਇਆ । ਸਾਚਾ ਲੇਖਾ ਮਸਤਕ ਮਾਥ, ਬ੍ਰਹਮਾ ਰੂਪ ਉਪਾਇਆ । ਨਾਭੀ ਕਵਲੀ ਚਵੀ ਹਾਥ, ਸ਼ਬਦ ਡੰਡਾ ਡੋਰ ਬੰਧਾਇਆ । ਸ਼ਬਦ ਵਿਛਾਉਣਾ ਸਾਚੀ ਖਾਟ, ਪ੍ਰਭ ਸਾਚੇ ਹੇਠ ਵਿਛਾਇਆ । ਦੀਪਕ ਜੋਤੀ ਇਕ ਲਿਲਾਟ, ਪ੍ਰਭ ਆਪਣੀ ਅੰਸ ਉਪਾਇਆ । ਚਾਰ ਜੁਗ ਮੁਖ ਚਾਰੇ ਕਾਟ, ਨਾਮ ਜਿਹਵਾ ਰਸਨ ਲਗਾਇਆ । ਆਕਾਸ਼ ਪਾਤਾਲੀ ਪਾਟੇ ਪਾਟ, ਪਵਣ ਅਵਣ ਗਵਣ ਵਿਚ ਸਮਾਇਆ । ਸਰ ਸਰੋਵਰ ਤੀਰਥ ਤਾਟ, ਹਰਿ ਦਵਾਰਾ ਇਕ ਸਮਾਇਆ । ਸਚ ਦਵਾਰਾ ਸਾਚਾ ਘਾਟ, ਸਚ ਸਮਰਗੀ ਝੋਲੀ ਪਾਇਆ । ਚਰਨ ਕਵਲ ਰਸ ਚਾਟ, ਬ੍ਰਹਮ ਵੇਤਾ ਦਰ ਬਹਾਇਆ । ਹਰਿ ਇਕ ਖੁਲ੍ਹਾਏ ਸਾਚਾ ਹਾਟ, ਸ਼ਬਦ ਵਸਤੂ ਵਿਚ ਟਿਕਾਇਆ । ਆਪੇ ਪੂਰਾ ਕਰਿਆ ਘਾਟ, ਘਾਟਾ ਕੋਈ ਰਹਿਣ ਨਾ ਪਾਇਆ । ਨਾ ਕੋਈ ਤੀਰਥ ਨਾ ਕੋਈ ਤਾਟ, ਜੂਟ ਜਟਾ ਨਾ ਕੋਇ ਅਖਵਾਇਆ । ਨਾ ਕੋਈ ਕਾਇਆ ਮਾਟੀ ਦਿਸੇ ਲਿਲਾਟ, ਅਜਪਾ ਜਾਪ ਜਪਾਇਆ । ਨਾ ਕੋਈ ਹੇਠਾਂ ਬਸਤਰ ਦੇਵੇ ਖਾਟ, ਜੋਤੀ ਨੂਰ ਇਕ ਸਵਾਇਆ । ਨਾ ਕੋਈ ਪੂਜਾ ਸ਼ਬਦ ਜਗਤ ਦਿਸੇ ਪਾਠ, ਗਾਇਤਰੀ ਮੰਤਰ ਨਾ ਕੋਈ ਗਾਇਆ । ਨਾ ਕੋਈ ਜੋਧਾ ਸੂਰਾ ਦਿਸੇ ਰਾਠ, ਬਸਤਰ ਸ਼ਸਤਰ ਨਾ ਵੇਖ ਵਖਾਇਆ । ਜਪ ਤਪ ਨਾ ਦਿਸੇ ਹਾਠ, ਸਤਿ ਸੰਤੋਖੀ ਬਣਤ ਬਣਾਇਆ । ਪੰਜ ਤੱਤ ਨਾ ਦਿਸੇ ਆਠ, ਪੰਜ ਪੰਝੀ ਨਾ ਰੂਪ ਵਟਾਇਆ । ਨੌਂ ਦਵਾਰ ਨਾ ਦਿਸੇ

ਘਾਟ, ਰੂਪ ਰੇਖ ਨਾ ਕੋਈ ਵਖਾਇਆ । ਵਰਨ ਬਰਨ ਨਾ ਦਿਸੇ ਕੋਇ ਆਨ ਬਾਟ, ਮਾਤ ਹਿੱਤ ਨਾ ਕੋਈ ਵਸਾਇਆ । ਦੂਰ ਨੇੜੇ ਨਾ ਜਾਣੇ ਵਾਟ, ਮਾਤ ਪਾਤਾਲ ਆਕਾਸ਼ ਨਾ ਵੇਖ ਵਖਾਇਆ । ਨਾ ਕੋਈ ਵਣਜ ਵਣਜਾਰਾ ਕਰੇ ਹਾਟ, ਤੋਲਾ ਬੋਲਾ ਨਾ ਕੋਈ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਤ੍ਰੈਗੁਣ ਮਾਇਆ ਦੇਵੇ ਵਰ, ਆਪ ਆਪਣੇ ਰੰਗ ਰੰਗਾਇਆ । ਤ੍ਰੈਗੁਣ ਮਾਇਆ ਰੰਗ ਲਾਲ, ਪ੍ਰਭ ਸਾਚਾ ਆਪ ਚੜ੍ਹਾਇੰਦਾ । ਬ੍ਰਹਮਾ ਸ਼ਿਵ ਕਰੇ ਪ੍ਰਿਤਪਾਲ, ਵਿਸ਼ਨੂੰ ਬੰਸ ਆਪ ਅਖਵਾਇੰਦਾ । ਲੱਖ ਚੁਰਾਸੀ ਸ਼ਬਦ ਉਛਾਲ, ਧਵਲ ਧਰਤ ਗੋਦ ਬਹਾਇੰਦਾ । ਲੋਕਮਾਤ ਫ਼ਲ ਏਕਾ ਡਾਲ੍ਹ, ਆਪੇ ਆਪ ਲਗਾਇੰਦਾ । ਆਪੇ ਵੇਖੇ ਦੀਨ ਦਿਆਲ, ਮਿੱਠਾ ਕੌੜਾ ਨਾ ਭੇਵ ਛੁਪਾਇੰਦਾ । ਨਾਲ ਰਖਾਏ ਕਾਲ ਮਹਾਂਕਾਲ, ਲੰਮਾ ਚੌੜਾ ਪੰਧ ਮੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਤ੍ਰੈਗੁਣ ਮਾਇਆ ਤੇਰਾ ਤਾਲ, ਬਿਨ ਰੰਗ ਰੂਪੀ ਬੁਣਿਆ ਜਾਲ, ਲੱਖ ਚੁਰਾਸੀ ਹੋਈ ਬੇਹਾਲ, ਮਾਇਆ ਡੋਰੀ ਬੱਧਾ ਕਾਲ, ਨਾ ਕੋਈ ਅੰਤ ਛੁਡਾਇੰਦਾ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਚੌਦਾਂ ਲੋਕਾਂ ਵੇਖ ਘਰ, ਦਰ ਦਰਵਾਜ਼ਾ ਗਰੀਬ ਨਿਵਾਜ਼ਾ, ਪਾਰਬ੍ਰਹਮ ਬ੍ਰਹਮ ਸਾਜਨ ਸਾਜਾ, ਚਾਰ ਕੁੰਟਾਂ ਦਹਿ ਦਿਸ਼ਾਂ ਆਪੇ ਵੇਖ ਵਖਾਇੰਦਾ । ਮਿਲੇ ਮੇਲ ਸੰਤ ਸਤਿਗੁਰ, ਆਤਮ ਜਗਤ ਤ੍ਰਿਪਤਾਈਆ । ਲੇਖਾ ਲੇਖ ਮਸਤਕ ਧੁਰ, ਗੁਰ ਪੂਰੇ ਕੀਮਤ ਪਾਈਆ । ਚਰਨ ਸਰਨ ਸਰਨ ਪ੍ਰੀਤੀ ਗਈ ਜੁੜ, ਤੋਟ ਰਹੇ ਨਾ ਰਾਈਆ । ਸ਼ਬਦ ਚੜ੍ਹਾਏ ਇਕ ਘੋੜ, ਵਾਗ ਆਪਣੇ ਹੱਥ ਰਖਾਈਆ । ਸੰਮਤ ਵੀਹ ਸਦ ਸੋਲਾਂ ਜਾਏ ਬਹੁੜ, ਕਾਇਆ ਦਾਗ਼ ਦਏ ਮਿਟਾਈਆ । ਆਪੇ ਪਰਖੇ ਮਿੱਠੇ ਕੌੜ, ਹੰਸੋ ਕਾਗ ਬਣਾਈਆ । ਜੋਤੀ ਨੂਰ ਸ਼ਬਦ ਬ੍ਰਹਿਮਣ ਗੌੜ, ਹਾਜ਼ਰ ਹਜ਼ੂਰ ਸਰਬ ਕਲ ਭਰਪੂਰ ਏਕਾ ਦੂਜਾ ਭਉ ਚੁਕਾਈਆ । ਏਕਾ ਪੌੜ ਨੇਤਰ ਤੀਜਾ, ਆਪੇ ਖੋਲ੍ਹ ਵਖਾਈਆ । ਤਨ ਮਨ ਅੰਮ੍ਰਿਤ ਆਤਮ ਸੀਜਾ, ਸੀਤਲ ਧਾਰਾ ਇਕ ਵਹਾਈਆ । ਗੁਰਸਿਖ ਕਰਾਏ ਆਪੇ ਰੀਝਾ, ਸਿੰਘ ਅਨੰਦ ਕਲ ਚੜ੍ਹਿਆ ਚੰਦ, ਪ੍ਰਭ ਗਾਇਆ ਬੱਤੀ ਦੰਦ, ਬੱਤੀ ਧਾਰ ਸੀਰ ਬਖ਼ਸ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਦੇਵੇ ਸਾਚਾ ਵਰ, ਗੁਰ ਚੇਲ ਏਕਾ ਘਰ, ਸਾਚਾ ਮੇਲ ਵਿਛੜ ਕਦੇ ਨਾ ਜਾਈਆ । ਨਾ ਹੋਏ ਵਿਛੋੜਾ ਦਿਵਸ ਰਾਤਾ, ਆਠ ਪਹਿਰ ਰੰਗ ਰਾਤਾ । ਆਪੇ ਹੋਏ ਪਿਤਾ ਮਾਤਾ, ਦੇਵੇ ਨਾਮ ਸੁਗਾਤਾ । ਨਾ ਕੋਈ ਪੁਛੇ ਜ਼ਾਤ ਪਾਤਾ, ਹਰਿ ਸਾਚਾ ਇਕ ਇਕਾਂਤਾ । ਜਨ ਭਗਤਾਂ ਦੇਵੇ ਸਾਚੀ ਦਾਤਾ, ਅੰਮ੍ਰਿਤ ਆਤਮ ਬੂੰਦ ਸਵਾਤਾ, ਸ਼ਬਦ ਵਿਛਾਉੜਾ ਸਾਚੀ ਖਾਟਾ, ਕਾਇਆ ਮਿਟੇ ਅੰਧੇਰੀ ਰਾਤਾ, ਬਜਰ ਕਪਾਟੀ ਜਾਏ ਪਾਟਾ, ਜੋਤੀ ਨੂਰ ਜਗੇ ਲਿਲਾਟਾ, ਵਣਜ ਕਰਾਏ ਸਾਚੇ ਹਾਟਾ, ਗੁਰਸਿਖ ਅੰਤ ਨਾ ਆਏ ਘਾਟਾ, ਕਲਜੁਗ ਅੰਤਮ ਆਈ ਵਾਟਾ, ਨਾ ਕੋਈ ਤੀਰਥ ਨਾ ਕੋਈ ਤਾਟਾ, ਗੁਰਮੁਖ ਵਿਰਲਾ ਸਦ ਚੜ੍ਹਿਆ ਸ਼ਬਦ ਘਾਟਾ, ਜੋਤੀ ਜੋਤ ਸਰੂਪ ਹਰਿ, ਸ਼ਬਦ ਦੇਵੇ ਸਾਚਾ ਵਰ, ਭਾਗ ਲਗਾਏ ਕਾਇਆ ਮਾਟ । ਸ਼ਬਦ ਗੁਰ ਜਿਸ ਜਨ ਭੇਟਿਆ, ਮੇਲਾ ਸਹਿਜ ਸੁਭਾਏ । ਆਪੇ ਖੇਵਟ ਖੇਟਿਆ, ਫ਼ਲ ਨਾਮ ਲਗਾਏ । ਆਪੇ ਪਿਤਾ ਪੂਤ ਬੇਟ ਬੇਟਿਆ, ਆਪਣੀ ਗੋਦ ਉਠਾਏ । ਆਪੇ ਸ਼ਬਦ ਦੁਸ਼ਾਲ ਲਪੇਟਿਆ, ਤਨ ਪੜਦਾ ਏਕਾ ਪਾਏ । ਜੋਤੀ ਜੋਤ ਸਰੂਪ ਹਰਿ, ਗੁਰਮੁਖ ਆਤਮ ਸਚ ਦਰ, ਦਰ ਦਵਾਰਾ ਵੇਖ ਵਖਾਏ । ਗੁਰਮੁਖ ਲਹਿਣਾ ਲਹਿਣੇਹਾਰ, ਦੇਵਣਹਾਰ ਹਰਿ ਅਬਿਨਾਸ਼ਿਆ । ਸ਼ਬਦ ਗਹਿਣਾ ਤਨ ਸ਼ਿੰਗਾਰ, ਨਿਜ ਘਰ ਆਤਮ ਰੱਖੇ ਵਾਸਿਆ । ਸ਼ਬਦ ਬੰਨ੍ਹ ਸੀਸ ਦਸਤਾਰ, ਮਾਣ ਰਖਾਏ ਪ੍ਰਿਥਮੀ


੬੮੯ ੦੫

ਆਕਾਸ਼ਿਆ । ਸ਼ਬਦ ਘੋੜੇ ਹੋ ਸਵਾਰ, ਵੇਖੇ ਖੇਲ ਜਗਤ ਤਮਾਸ਼ਿਆ । ਸਾਚਾ ਵਣਜ ਕਰੇ ਵਾਪਾਰ, ਕਾਇਆ ਮੰਡਲ ਸਾਚੀ ਰਾਸਿਆ । ਨਿਰਮਲ ਜੋਤੀ ਕਰ ਆਕਾਰ, ਗਿਆਨ ਗੁਰ ਸ਼ਬਦ ਪਰਕਾਸ਼ਿਆ । ਅਗਿਆਨ ਅੰਧੇਰਾ ਦਏ ਨਿਵਾਰ, ਜਨ ਹਰਿ ਹੋਏ ਦਾਸਨ ਦਾਸਿਆ । ਨੌਂ ਦਵਾਰੇ ਪਾਰ ਕਿਨਾਰ, ਲੇਖਾ ਚੁੱਕੇ ਪਵਣ ਸਵਾਸਿਆ । ਏਕਾ ਖੋਲ੍ਹੇ ਬੰਦ ਕਿਵਾੜ, ਦਿਵਸ ਰੈਣ ਨਾ ਹੋਏ ਉਦਾਸਿਆ । ਨਾ ਕੋਈ ਦਿਸੇ ਪੰਚਮ ਧਾੜ, ਪੰਚਮ ਪੰਚਮ ਬਲ ਬਲ ਜਾਸਿਆ । ਸਾਚਾ ਵੇਖੇ ਸ਼ਬਦ ਅਖਾੜ, ਜੋਤੀ ਜੋਤ ਸਰੂਪ ਹਰਿ, ਗੁਰਮੁਖ ਵੇਖ ਆਤਮ ਦਰ, ਆਦਿ ਅੰਤ ਨਾ ਕਦੇ ਵਿਨਾਸਿਆ । ਗੁਰਮੁਖ ਆਤਮ ਸਚ ਘਰ, ਪ੍ਰਭ ਸਾਚੇ ਆਪ ਬਣਾਇਆ । ਆਪੇ ਖੋਲ੍ਹੇ ਬੰਦ ਕਿਵਾੜ, ਗਰੀਬ ਨਿਵਾਜ਼ਾ ਦਇਆ ਕਮਾਇਆ । ਅੰਮ੍ਰਿਤ ਨੁਹਾਏ ਸਚ ਸਰ, ਸਾਜਣ ਸਾਚਾ ਖੇਲ ਰਚਾਇਆ । ਏਕਾ ਏਕ ਵਖਾਣੇ ਸੱਚਾ ਹਰਿ, ਜਨਮੇ ਨਾ ਕਦੇ ਆਇਆ । ਆਵਣ ਜਾਵਣ ਚੁੱਕੇ ਡਰ, ਧਰਮ ਰਾਏ ਨਾ ਦਏ ਸਜਾਇਆ । ਸ਼ਬਦ ਭੰਡਾਰਾ ਦੇਵੇ ਭਰ, ਤੋਟ ਰਹੇ ਨਾ ਰਾਇਆ । ਹਰਿ ਹਰਿ ਭਾਣਾ ਜਾਏ ਜਰ, ਧੁਰ ਫ਼ਰਮਾਣਾ ਰਿਹਾ ਸੁਣਾਇਆ । ਜੋਤੀ ਲਾੜੀ ਸ਼ਬਦ ਵਰ, ਨਾਮ ਘੋੜੇ ਰਿਹਾ ਚੜ੍ਹਾਇਆ । ਵਾਗ ਗੁੰਦਾਏ ਫੜੇ ਲੜ, ਪ੍ਰੇਮ ਮਹਿੰਦੀ ਹੱਥੀਂ ਲਾਇਆ । ਧਰਮ ਦਵਾਰੇ ਜਾਏ ਵੜ, ਸ਼ਬਦ ਰੰਗੀਲਾ ਪਲੰਘ ਵਿਛਾਇਆ । ਆਪੇ ਵੇਖੇ ਅਗੇ ਖੜ, ਪਲੂ ਆਪਣੇ ਨਾਲ ਬੰਧਾਇਆ । ਅੰਦਰ ਮੰਦਰ ਸਾਚੇ ਵੜ, ਏਕਾ ਸਾਚਾ ਰਾਗ ਅਲਾਇਆ । ਨਾ ਕੋਈ ਸੀਸ ਨਾ ਕੋਈ ਧੜ, ਸਤਿ ਪੁਰਖ ਨਿਰੰਜਣ ਸਤਿ ਸਮਾਇਆ । ਸਾਧ ਸੰਤ ਨਾ ਸਕੇ ਫੜ, ਚੜ੍ਹ ਚੜ੍ਹ ਥੱਕੇ ਹੱਥ ਨਾ ਆਇਆ । ਆਪਣਾ ਘਾੜਨ ਆਪੇ ਘੜ, ਆਪਣਾ ਕੁੰਡਾ ਲਾਹਿਆ । ਆਪੇ ਜਾਣੇ ਆਪਣੀ ਜੜ੍ਹ, ਚੇਤਨ ਚਿਤ ਨਾ ਆਇਆ । ਜੁਗ ਜਗਤ ਨਾ ਜਾਏ ਸੜ, ਮੜ੍ਹੀ ਗੋਰ ਨਾ ਡੇਰਾ ਲਾਇਆ । ਆਪ ਜਾਪ ਨਾ ਜਾਏ ਪੜ, ਥਲ ਜਲ ਪ੍ਰਭ ਪਾਰ ਰਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸੁਹਾਏ ਬੰਕ ਦਵਾਰ, ਦਵਾਰ ਬੰਕ ਵਖਾਇਆ । ਏਕਾ ਬੰਕ ਦਵਾਰ ਸ਼ਬਦ ਜਣਾਇਆ । ਜੋਤ ਸਰੂਪੀ ਕਰ ਆਕਾਰ, ਸ਼ਾਹ ਭੂਪੀ ਦਿਸ ਨਾ ਆਇਆ । ਬਿਨ ਰੰਗ ਰੂਪੀ ਹਰਿ ਨਿਰੰਕਾਰ, ਅੰਧ ਕੂਪੀ ਦਏ ਮਿਟਾਇਆ । ਪਵਣ ਧੂਪੀ ਵਿਚ ਸੰਸਾਰ, ਸ਼ਬਦੀ ਜੋਤ ਹਵਨ ਕਰਾਇਆ । ਏਕਾ ਸ਼ਬਦ ਭਗਤ ਅਧਾਰ, ਪਵਣ ਉਨੰਜਾ ਛਤਰ ਝੁਲਾਇਆ । ਹਰਿਜਨ ਵਿਰਲਾ ਉਤਰੇ ਪਾਰ, ਅਵਣ ਗਵਣ ਗੇੜ ਕਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅੰਮ੍ਰਿਤ ਆਤਮ ਮੇਘ ਬਰਸੇ ਸਵਣ, ਸੀਤਲ ਧਾਰਾ ਇਕ ਵਹਾਇਆ । ਸੀਤਲ ਧਾਰ ਇਕ ਪ੍ਰਭ ਹਰਿ ਦਵਾਰ ਵਹਾਇੰਦਾ । ਜਿਸ ਜਨ ਬਖ਼ਸ਼ੇ ਚਰਨ ਪਿਆਰ, ਅਗੰਮ ਅਗੰਮਾ ਦਰਸ ਦਿਖਾਇੰਦਾ । ਨਾਤਾ ਤੁਟੇ ਮੀਤ ਮੁਰਾਰ, ਭੈਣ ਭਈਆ ਸਾਕ ਸੱਜਣ ਸੈਣ ਸਈਆ ਕੋਈ ਦਿਸ ਨਾ ਆਇੰਦਾ । ਏਕਾ ਓਟ ਪ੍ਰਭ ਚਰਨ ਰਖਾਈਆ, ਧਰਮ ਰਾਏ ਨਾ ਕੱਢੇ ਵਹੀਆ, ਚਿੱਤਰ ਗੁਪਤ ਸੀਸ ਨਿਵਾਇੰਦਾ । ਗੁਰਮੁਖ ਸਾਚਾ ਪਾਰ ਜ਼ਾਤ, ਸ਼ਬਦ ਮਿਲੀ ਗੁਰ ਸਾਚੀ ਦਾਤ, ਮਿਟੇ ਰੈਣ ਅੰਧੇਰੀ ਰਾਤ, ਚੰਦ ਨੰਦ ਕਰ ਪਰਕਾਸ਼, ਅਗਿਆਨ ਅੰਧੇਰ ਮਿਟਾਇੰਦਾ । ਰਸਨ ਰਸਾਇਣੀ ਬੱਤੀ ਦੰਦ, ਨੌਂ ਦਵਾਰੇ ਚੁੱਕੇ ਗੰਦ, ਸ਼ਬਦ ਸੁਹਾਗਣ ਏਕਾ ਛੰਦ ਸੁਣਾਇੰਦਾ । ਆਪ ਜਗਾਏ ਸੁਰਤ ਸਵਾਣੀ, ਮਿਲੇ ਮੇਲ ਗੁਰ ਸ਼ਬਦ ਹਾਣੀ, ਅੰਮ੍ਰਿਤ ਦੇਵੇ ਠੰਢਾ ਪਾਣੀ, ਏਕਾ ਏਕ ਪਦ ਨਿਰਬਾਣੀ, ਸਾਚੇ ਘਰ ਵਸਾਇੰਦਾ । ਪਾਰਬ੍ਰਹਮ ਪ੍ਰਭ ਕਲ ਨਿਸ਼ਾਨੀ, ਮਿਲੇ ਮੇਲ ਗੁਣ ਨਿਧਾਨੀ, ਜਗਤ ਵਿਦਿਆ ਦਿਸੇ ਫਾਨੀ, ਸ਼ਬਦ ਕਾਨੀ ਤੀਰ ਚਲਾਇੰਦਾ । ਦੋ ਜਹਾਨੀ ਸਾਚਾ



੬੯੦
੦੫

ਹਾਣੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੁਰਤ ਦੇਵੇ ਵਰ, ਸਾਚਾ ਸੀਸ ਹੱਥ ਟਿਕਾਇੰਦਾ ।

## ★ ੨ ਜੇਠ ੨੦੧੩ ਬਿਕ੍ਰਮੀ ਆਤਮਾ ਸਿੰਘ ਦੇ ਗ੍ਰਹਿ ਪਿੰਡ ਮਲੂਵਾਲ ਜ਼ਿਲਾ ਅੰਮ੍ਰਿਤਸਰ ★

ਵਡਭਾਗੀ ਗੁਰ ਪਾਇਆ, ਮੇਲਾ ਸਹਿਜ ਸੁਭਾਏ । ਹੰਸ ਕਾਗੀ ਮਾਤ ਬਣਾਇਆ, ਮੋਹ ਮਮਤਾ ਰੋਗ ਮਿਟਾਏ । ਧੁਰ ਸੰਜੋਗੀ ਮੇਲ ਮਿਲਾਇਆ, ਪੱਲਾ ਨਾਮ ਫੜਾਏ । ਆਤਮ ਭੋਗੀ ਆਤਮ ਰਸ ਚਖਾਇਆ, ਏਕਾ ਸਾਚੀ ਚੋਗ ਚੁਗਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਬੰਕ ਦਵਾਰ ਸੁਹਾਏ । ਦਰ ਦਵਾਰਾ ਏਕ ਏਕੰਕਾਰਿਆ । ਜਨ ਭਗਤਾਂ ਦੇਵੇ ਸਾਚੀ ਟੇਕ ਨਾਮ ਉਜਿਆਰਿਆ । ਕਾਇਆ ਕਰੇ ਬੁੱਧ ਬਿਬੇਕ, ਮਾਨਸ ਦੇਹੀ ਪੈਜ ਸਵਾਰਿਆ । ਕਲਜੁਗ ਮਾਇਆ ਨਾ ਲਾਏ ਸੇਕ, ਦੇਵੇ ਦਰਸ ਅਗੰਮ ਅਪਾਰਿਆ । ਸ੍ਰਿਸ਼ਟ ਸਬਾਈ ਰਿਹਾ ਵੇਖ, ਆਪ ਦਿਸ ਕਿਸੇ ਨਾ ਆ ਰਿਹਾ । ਜੋਤੀ ਜਾਮਾ ਧਰਿਆ ਭੇਖ, ਸ਼ਬਦ ਡੰਕਾ ਇਕ ਵਜਾ ਰਿਹਾ । ਆਪੇ ਲਿਖਣਹਾਰਾ ਲੇਖ, ਆਦਿ ਅੰਤ ਜੁਗਾ ਜੁਗੰਤ ਗੁਰਮੁਖ ਸਾਚੇ ਸੰਤ ਜਨਾਂ ਸਾਚੀ ਬਣਤ ਬਣਾ ਰਿਹਾ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਕਲਜੁਗ ਅੰਤਮ ਵੇਖ ਦਰ, ਭਾਂਡਾ ਭਰਮ ਭੰਨਾ ਰਿਹਾ । ਭਾਂਡਾ ਭਰਮ ਦੇਵੇ ਭੰਨ, ਆਪਣੀ ਦਇਆ ਕਮਾਇੰਦਾ । ਨਾ ਕੋਈ ਪੁਛੇ ਜ਼ਾਤ ਪਾਤ, ਊਚਾਂ ਨੀਚਾਂ ਰੰਕ ਰਾਜਾਨਾ ਏਕਾ ਰੰਗ ਰੰਗਾਇੰਦਾ । ਆਪੇ ਪਿਤਾ ਆਪੇ ਮਾਤ, ਗੁਰਮੁਖ ਸਾਚੇ ਬਾਲ ਅੰਵਾਣੇ ਆਪਣੀ ਗੋਦ ਉਠਾਇੰਦਾ । ਧੁਰ ਦਰਗਾਹੀ ਸਾਚੀ ਦਾਤ, ਏਕਾ ਅੱਖਰ ਜਗਤ ਵੱਖਰ ਦਹਿ ਦਿਸ਼ਾ ਵੇਖ ਵਖਾਇੰਦਾ । ਪੁਰਖ ਅਬਿਨਾਸ਼ੀ ਕਮਲਾਪਾਤ, ਦਿਸ ਕਿਸੇ ਨਾ ਆਇੰਦਾ । ਕਲਜੁਗ ਰੈਣ ਅੰਧੇਰੀ ਰਾਤ, ਮਾਇਆ ਭਰਮ ਭੁਲਾਇੰਦਾ । ਅੰਦਰ ਮੰਦਰ ਵੇਖੇ ਮਾਰ ਝਾਤ, ਨੌਂ ਦਵਾਰੇ ਬੰਦ ਕਰਾਇੰਦਾ । ਸ਼ਬਦ ਰਖਾਇਆ ਸਾਚਾ ਰਾਹ, ਗੁਰਮੁਖ ਸਾਚੇ ਪਾਰ ਕਰਾਇੰਦਾ । ਲੇਖਾ ਲਿਖਿਆ ਮਾਥ ਮਸਤਕ ਕੌਸਤਕ ਮਣੀਆ ਤਿਲਕ ਲਗਾਇੰਦਾ । ਪਰਗਟ ਹੋਇਆ ਤ੍ਰੈਲੋਕੀ ਨਾਥ, ਲੋਆਂ ਪੁਰੀਆਂ ਬਣਤ ਬਣਾਇੰਦਾ । ਆਪ ਨਿਭਾਏ ਸਗਲਾ ਸਾਥ, ਸੰਗੀ ਸਾਥੀ ਆਪ ਅਖਵਾਇੰਦਾ । ਅੰਤਮ ਰੱਖੇ ਦੇ ਕਰ ਹਾਥ, ਰਾਏ ਧਰਮ ਨਾ ਡੰਨ ਲਗਾਇੰਦਾ । ਭਾਗ ਲੱਗੇ ਸਾਢੇ ਤਿੰਨ ਹਾਥ, ਕਲਜੁਗ ਸੀਆਂ ਝੋਲੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਸਿੰਘਾਸਣ ਜੋਤ ਜਗਾਇੰਦਾ । ਇਕ ਕਰਾਏ ਸ਼ਬਦ ਜੈਕਾਰ, ਚਾਰੋਂ ਕੁੰਟ ਧੁਰ ਦਰਗਾਹੀਆ । ਲੋਆਂ ਪੁਰੀਆਂ ਕਰੇ ਖ਼ਬਰਦਾਰ, ਸ਼ਿਵ ਬ੍ਰਹਮਾ ਰਹੇ ਤਕਾਈਆ । ਦਰ ਦਰਬਾਨਾ ਪਹਿਰੇਦਾਰ, ਕਰੋੜ ਤੇਤੀਸਾ ਸੁਰਪਤ ਰਾਜਾ ਇੰਦ ਰਿਹਾ ਜਗਾਈਆ । ਖੇਲੇ ਖੇਲ ਹਰਿ ਭਗਵਾਨਾ, ਆਪੇ ਗੋਪੀ ਆਪੇ ਕਾਹਨਾ, ਆਪ ਆਪਣੇ ਅੰਕ ਸਮਾਈਆ । ਕਲਜੁਗ ਤੇਰਾ ਅੰਤਮ ਤੀਰ ਕਮਾਨਾ, ਸੋਹੰ ਚਲੇ ਤੀਰ ਨਿਸ਼ਾਨਾ, ਮਾਰੇ ਜੋਧਾ ਹਰਿ ਬਲਵਾਨਾ, ਗੜ੍ਹ ਕੋਟ ਰਹਿਣ ਨਾ ਪਾਈਆ । ਜੋਤੀ ਨੇਤਰ ਕੋਟਨ ਭਾਨਾ, ਗੁਰਮੁਖ ਵਿਰਲੇ ਚਰਨ ਧਿਆਨਾ, ਅੰਮ੍ਰਿਤ ਆਤਮ ਸਤਿ ਸਰੋਵਰ ਇਕ ਇਸ਼ਨਾਨ ਕਰਾਈਆ । ਸਰਬ ਘਟਾਂ ਘਟ ਜਾਣੀ ਜਾਣ, ਆਪੇ ਕਰੇ ਮਾਤ ਪਛਾਣਾ, ਅੰਦਰ ਬਾਹਰ ਗੁਪਤ ਜ਼ਾਹਿਰ ਪ੍ਰਭ ਸਾਚਾ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਰੰਗ ਮਹੱਲ ਉਚ ਅਟੱਲ ਆਦਿ ਅੰਤ ਆਪ ਆਪਣੀ ਜੋਤ ਜਗਾਈਆ । ਨਾਮ ਵਸਤ ਪ੍ਰਭ ਸਾਚੇ ਲਾਲ, ਬੰਕ ਦਵਾਰ ਰਖਾਈਆ ।

ਦਸ ਦਸ ਸਾਲ ਪ੍ਰਭ ਦਲੀਲ, ਵਡਾ ਗੁਰ ਸ਼ਬਦ ਬਣਾਈਆ । ਬਾਲ ਅਵਸਥਾ ਛੈਲ ਛਬੀਲ, ਸੂਹਾ ਪੀਲਾ ਕੰਚਨ ਕਾਇਆ ਗੜ੍ਹ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਦਸਮ ਦਵਾਰੀ ਉਪਰ ਚੜ੍ਹ, ਦਸ ਧਾਰੀ ਰਿਹਾ ਵਹਾਈਆ । ਦਸ ਦਸ ਧਾਰੀ ਦਹਿ ਦਿਸ਼ਾ ਵਿਚਾਰ । ਕਲਜੁਗ ਖੇਲ ਕਰੇ ਅਪਾਰੀ, ਮਿਲੇ ਮੇਲ ਜੋਤ ਨਿਰੰਕਾਰੀ, ਬੀਸ ਬੀਸਾ ਸ਼ਬਦ ਭੰਡਾਰ । ਆਪੇ ਗੁਪਤ ਆਪੇ ਜ਼ਾਹਿਰ, ਆਪੇ ਕੰਤ ਆਪੇ ਨਾਰ, ਆਪੇ ਦਾਤਾ ਵਡ ਸੰਸਾਰੀ ਜੁਗ ਜੁਗ ਧਾਰੇ ਭੇਖ ਮੇਲ ਮਿਲਾਇੰਦਾ । ਆਪੇ ਮਸਤਕ ਲਾਏ ਮੇਖ, ਨੇਤਰ ਲੋਚਨ ਸਾਚੇ ਪੇਖ, ਸਾਚੇ ਮਾਰਗ ਲਾਇੰਦਾ । ਸ੍ਰਿਸ਼ਟ ਸਬਾਈ ਰਿਹਾ ਵੇਖ, ਨਾ ਕੋਈ ਜਾਣੇ ਔਲੀਆ ਪੀਰ ਸ਼ੇਖ਼, ਸੰਗ ਮੁਹੰਮਦ ਮਤਾ ਪਕਾਇੰਦਾ । ਜੋਤ ਨਿਰੰਜਣ ਧਾਰੇ ਭੇਖ, ਮੰਗੇ ਦਰ ਭਿਖਾਰ ਵਰ ਸਵਾਲੀਆ । ਦੇਵਣਹਾਰ ਜੋਤ ਅਕਾਲੀਆ । ਖਾਲੀ ਭਰੇ ਭੰਡਾਰ, ਸ਼ਬਦ ਦਲਾਲੀਆ । ਕਰਾਏ ਨਾਮ ਸੱਚਾ ਵਣਜ ਵਪਾਰ, ਮਾਨਸ ਦੇਹੀ ਪੈਜ ਸਵਾਰ, ਫ਼ਲ ਲਗਾਏ ਕਾਇਆ ਡਾਲੀਆ । ਸ਼ਬਦ ਘੋੜੇ ਕਰ ਅਸਵਾਰ, ਪਾਰ ਕਰਾਏ ਘਟਾ ਕਾਲੀਆ । ਪੁਰੀਆਂ ਲੋਆਂ ਜੈ ਜੈਕਾਰ, ਗੁਰਮੁਖ ਸਾਚੇ ਸਾਚਾ ਰਾਹ ਵਖਾਲੀਆ । ਰਾਏ ਧਰਮ ਕਰੇ ਨਿਮਸਕਾਰ, ਜੋਤੀ ਜੋਤ ਸਰੂਪ ਹਰਿ, ਜਿਸ ਜਨ ਦੇਵੇ ਕਿਰਪਾ ਕਰ, ਕਰੇ ਮਾਲ ਮਾਲੀਆ । ਖਵਾਜਾ ਖਿਜਰ ਸ਼ਾਹ ਤੱਕੇ ਜਾਣੇ ਜਾਫਰ ਹਕੀਕ ਤਹਿਕੀਕ । ਅਲਾਓ ਅਲ੍ਹਾ ਅੱਠੇ ਪਹਿਰ ਮਿਲਿਅ ਹਰਿ ਸ਼ੇਖ਼ ਰਫੀਕ । ਸਦਾ ਮਿਹਰਵਾਨ ਕਰੇ ਸਦਾ ਮਿਹਰ ਨਜ਼ਰ, ਨਜ਼ਰ ਨਾ ਆਏ ਜਗਤ ਬਰੀਕ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਸ਼ਬਦ ਵਰ, ਦੂਸਰ ਨਾ ਕੋਈ ਬਣੇ ਜਗਤ ਸ਼ਰੀਕ । ਤੁਲਸੀ ਜੈਮਲ ਸਾਵਣ ਰੁੱਤ ਬਸੰਤਿਆ । ਆਪੇ ਜਾਣੇ ਵੇਲਾ ਵਕਤ ਸਤਵੰਤਿਆ । ਸਾਧਾਂ ਸੰਤਾਂ ਕਰੇ ਖਾਲੀ ਬੁੱਤ, ਏਕਾ ਨਾਉਂ ਪੂਰਨ ਭਗਵੰਤਿਆ । ਪੰਦਰ੍ਹਾਂ ਅੰਦਰਾਂ ਪਏ ਫੁੱਟ, ਤੀਰ ਰਸਨ ਕਮਾਣੋ ਰਿਹਾ ਛੁਟ ਜੁਗਾ ਜੁਗੰਤਿਆ । ਘਰ ਘਰ ਬੈਠੀ ਰਹੀ ਲੁੱਟ, ਸੋਭਾਵੰਤੀ ਨਰ ਸੁਹੰਤਿਆ । ਗੁਰਮੁਖਾਂ ਅੰਮ੍ਰਿਤ ਆਤਮ ਦੇਵੇ ਇਕ ਘੁਟ, ਮਿਲੇ ਵਡਿਆਈ ਵਿਚ ਜੀਵ ਜੰਤਿਆ । ਜੋਤੀ ਜੋਤ ਸਰੂਪ ਹਰਿ, ਜਿਸ ਜਨ ਦੇਵੇ ਸ਼ਬਦ ਵਰ, ਲੋਕਮਾਤ ਬਣਾਏ ਸਾਚੀ ਬਣਤਿਆ । ਕਬੀਰ ਕਰੀਮ ਰਹਿਮਾਨ ਰਹੀਮ ਸ਼ਬਦ ਵਖਾਏ ਇਕ ਨਿਸ਼ਾਨ । ਧਰਮੀ ਧਰਮ ਕਮਾਏ, ਚਾਰ ਵਰਨ ਕਰਾਏ ਏਕਾ ਆਣ । ਗੁਰਮੁਖ ਸਤਿਜੁਗ ਏਕਾ ਘਰ ਜਨਮ ਦਵਾਏ, ਪਾਰਬ੍ਰਹਮ ਕਰੇ ਕਰਾਏ ਆਪ ਪਛਾਣ । ਕਰੇ ਕਰਾਏ ਕੁੱਖ ਸੁਫਲ ਵਸੇ ਕਾਇਆ ਚੰਮ, ਜੁਗਾ ਜੁਗੰਤਰ ਸਾਚੀ ਆਣ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਸ਼ਬਦ ਵਰ, ਲੋਕਮਾਤ ਚੁਕਾਏ ਆਵਣ ਜਾਣ । ਜੀਤ ਅਜੀਤ ਸਦਾ ਜੀਤ, ਜਨ ਅਤੀਤ ਰਖਾਈਆ । ਆਪੇ ਜਾਣੇ ਪ੍ਰਭ ਆਪਣੀ ਰੀਤ, ਕਿਸੇ ਹੱਥ ਨਾ ਆਏ ਮੰਦਰ ਮਸੀਤ, ਆਪ ਆਪਣੇ ਰੰਗ ਸਮਾਈਆ । ਏਕਾ ਗਾਏ ਸੁਹਾਗੀ ਗੀਤ, ਜਗਤ ਜਗਦੀਸ਼ ਦਰਸ਼ਨ ਪਾਈਆ । ਕਾਇਆ ਹੋਏ ਠੰਢੀ ਸੀਤ, ਆਪੇ ਪਰਖਣਹਾਰਾ ਨੀਤ, ਨਿੱਤ ਨਵਿਤਾ ਜੋਤ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਸਾਚਾ ਬੀਜ ਬਿਜਾਇਆ । ਸਿੰਘ ਜਗੀਰ ਗੁਰ ਤੇਗ ਗੁਰ ਸ਼ਬਦ ਤੇਜ ਕਟਾਰ । ਸਚ ਲਾਲ ਜਾਏ ਸਜ, ਜਿਸ ਬਖ਼ਸ਼ੇ ਚਰਨ ਪਿਆਰ । ਚਰਨ ਕਵਲ ਜਾਏ ਸਜ, ਮਿਲੇ ਜਗਤ ਅਧਾਰ । ਜੋਤੀ ਜੋਤ ਸਰੂਪ ਹਰਿ, ਦਰਸ ਦਿਖਾਏ ਚਾਰੇ ਭੁਜਾ ਪਸਾਰ । ਚਤਰਭੁਜ ਦਰਸ ਬਹੁ ਰੂਪਾ, ਰੰਗ ਰੂਪ ਵਟਾਈਆ । ਕਰੇ ਖੇਲ ਹਰਿ ਸ਼ਾਹੋ ਭੂਪਾ, ਨਾਮ ਮਰਦੰਗ ਅੰਗ ਅੰਗ ਵਜਾਈਆ । ਕਰੇ ਪਰਕਾਸ਼ ਅੰਧ ਕੂਪਾ, ਸਾਚਾ ਸੰਗ ਆਪ ਨਿਭਾਈਆ ।

ਪਰਗਟ ਹੋਏ ਸਤਿ ਸਰੂਪਾ, ਧੁਨ ਨਾਦ ਅਨਾਦ ਧੁਨ ਆਤਮ ਸੁਨ ਤੁੱਟੇ ਮੁਨ ਗੁਣ ਗਹਿਰ ਗੰਭੀਰ ਸੁਨ ਸ਼ਨਵਾਈਆ । ਵੱਜੇ ਬੀਨ ਸੰਖ ਘੰਟਾ ਸੁਣ, ਘੜੀ ਘੜਿਆਲ ਹਰਿ ਦਿਆਲ ਆਪਣੀ ਆਪ ਚਲਾਈਆ । ਮਨੋਹਰ ਮੁਕੰਦ ਲਖਮੀ ਨਰਾਇਣ ਕਾਹਨ ਘਨਈਆ । ਇਕ ਵਖਾਏ ਨਈਆ ਸੁਣਾਏ ਬੈਂਸਰੀ ਰਾਗ ਗਾਏ ਜੈਤਸਰੀ ਮਲ੍ਹਾਰ ਸਾਰ ਗੌਂਡ ਸੁਣਾਈਆ । ਆਤਮਕ ਧੁਨ ਗਾਏ ਹਰਿ ਹਰੀ, ਕਿਰਪਾ ਕਰੇ ਨਰ ਨਰੀ, ਜੋਤ ਨਿਰੰਜਣ ਰਾਹ ਵਖਾਈਆ । ਸ਼ਬਦ ਭੰਡਾਰਾ ਤਨ ਭਰੀ, ਪਾਇਆ ਪੁਰਖ ਘਰ ਸਚ ਵਰੀ, ਦਸ ਗਿਰਹਾ ਗ੍ਰਿਹ ਮੰਦਰ ਅੰਦਰ ਸਮਾਈਆ । ਆਪੇ ਹੂਰ ਆਪੇ ਪਰੀ, ਸਦਾ ਵਸੇ ਬਾਹਰ ਨੌਂ ਦਰੀ, ਇਕ ਖੁਲ੍ਹਾਏ ਸਾਚਾ ਘਰ ਦਸਮ ਗਲੀ । ਦਸਮ ਗਲੀ ਬੰਦ ਕਿਵਾੜ ਖੋਲ੍ਹ ਵਖਾਈਆ । ਅੰਮ੍ਰਿਤ ਆਤਮ ਮੇਘ ਬਰਸੇ ਠੰਢੀ ਝੜੀ, ਦਿਵਸ ਰੈਣ ਛਹਿਬਰ ਲਾਈਆ । ਸਰਨ ਸਰਨਾਈ ਜੋ ਜਨ ਸਵਾਣੀ ਸਾਚੀ ਪੜੀ, ਸਚ ਮਹੱਲ ਉਚ ਅਟੱਲ ਸਚ ਕੰਤੇ ਮੇਲ ਮਿਲਾਈਆ । ਸ਼ਬਦ ਸਰੂਪੀ ਬਾਂਹ ਸਾਚੀ ਫੜੀ, ਇਕ ਬੰਧਾਏ ਸ਼ਬਦ ਡੋਰ ਸਾਚੀ ਲੜੀ, ਰਸਨਾ ਗਾਇਆ ਸੁਲੱਖਣੀ ਘੜੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਦੇਵ ਆਤਮ ਵਰ, ਦਰ ਦਰਵਾਜ਼ਾ ਨਜ਼ਰੀ ਆਈਆ । ਦਰ ਮਾਂਗੇ ਜਨ ਮੰਗਤਾ, ਏਕਾ ਏਕ ਭਗਵਾਨ । ਤੋੜੇ ਹਉਮੇ ਰੋਗ ਹੰਗਤਾ, ਦੇਵੇ ਸ਼ਬਦ ਸੱਚਾ ਨਿਸ਼ਾਨ । ਹੋਏ ਸਹਾਈ ਜਿਉਂ ਨਾਨਕ ਅੰਗਦਾ, ਪਾਰਬ੍ਰਹਮ ਬ੍ਰਹਮ ਏਕਾ ਜਾਣ । ਜੋਤੀ ਜੋਤ ਸਰੂਪ ਹਰਿ, ਕਾਇਆ ਚੋਲੀ ਸਾਚੀ ਰੰਗਤਾ, ਦੇਵੇ ਜੀਆ ਦਾਨ । ਗੁਰਮੁਖਾਂ ਪ੍ਰਭ ਦਇਆ ਕਮਾਏ, ਸਾਚਾ ਧਾਮ ਸੁਹਾਇੰਦਾ । ਰਾਏ ਧਰਮ ਨਾ ਲੇਖਾ ਲਿਖੇ, ਚਿੱਤਰ ਗੁਪਤ ਮੁਖ ਭਵਾਇੰਦਾ । ਬ੍ਰਹਮਾ ਚਾਰੇ ਮੁਖ ਉਠਾਏ, ਅੱਠੇ ਨੇਤਰ ਵੇਖ ਵਖਾਇੰਦਾ । ਹਰਿਜਨ ਸਾਚਾ ਸਾਚਾ ਸੁਖ ਸਹਿਜ ਸਮਾਏ, ਪੁਰੀਆਂ ਲੋਆਂ ਪਾਰ ਕਰਾਇੰਦਾ । ਪੁਰਖ ਅਬਿਨਾਸ਼ੀ ਦਇਆ ਕਮਾਏ, ਗਗਨ ਗਗਨੰਤਰ ਵੇਖ ਵਖਾਇੰਦਾ । ਸਾਚੀ ਨਈਆ ਨਾਮ ਚੜ੍ਹਾਏ, ਅਲਖ ਅਲੱਖ ਵਿਚ ਸਮਾਇੰਦਾ । ਸਾਚਾ ਸਈਆ ਆਪ ਹੋ ਜਾਏ, ਨਿਹਕਾਮੀ ਨਿਹਕਾਮੀ ਕਰਮ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਨਾਮ ਵਡਿਆਇੰਦਾ । ਘਟ ਘਟ ਵੇਖੇ ਅੰਤਰਜਾਮੀ ਸਾਚੇ ਦੇਸ਼ ਕਰ ਪਰਵੇਸ਼ ਨਰ ਨਰੇਸ਼ ਜੋਤੀ ਜੋਤ ਸਰੂਪ ਹਰਿ, ਨਾ ਕੋਈ ਜਾਣੇ ਸ਼ਿਵ ਸ਼ੰਕਰ ਗਣੇਸ਼ ਬ੍ਰਹਮਾ ਵਿਸ਼ਨ ਮਹੇਸ਼ ਦਰ ਦਰਵੇਸ਼ ਥਾਉਂ ਥਾਈਂਆ । ਗਣਪਤ ਗਣੇਸ਼ ਜਨ ਭਗਤਾਂ ਕਰੇ ਸਦਾ ਆਦੇਸ, ਸਤਿ ਪੁਰਖ ਨਿਰੰਜਣ ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਆਪ ਆਪਣੇ ਵਿਚ ਸਮਾਇੰਦਾ । ਜੋਤੀ ਜੋਤ ਸਰੂਪ ਹਰਿ, ਜਿਸ ਜਨ ਦੇਵੇ ਸ਼ਬਦ ਵਰ, ਆਵਣ ਜਾਵਣ ਚੁੱਕੇ ਡਰ, ਧਾਮ ਸੁਹੰਜਣਾ ਜੋਤ ਨਿਰੰਜਣ ਇਕ ਵਖਾਇੰਦਾ । ਪਤ ਪਤਵੰਤਾ ਰੱਖੇ ਪਤ, ਪੀਤ ਪੀਤੰਬਰ ਸੋਹੇ ਲਾਲ । ਸ਼ਬਦ ਚੜ੍ਹਾਏ ਸਾਚੇ ਰਥ, ਦਇਆਵੰਤ ਹਰਿ ਦੀਨ ਦਿਆਲ । ਸਗਲ ਵਸੂਰੇ ਜਾਇਣ ਲੱਥ, ਦਰਸ਼ਨ ਪਾਇਣ ਸ਼ਾਹ ਕੰਗਾਲ । ਸ਼ਬਦ ਸੁਹਾਗੀ ਅਕਥਨਾ ਅਕੱਥ, ਜੁਗਾ ਜੁਗੰਤ ਅਵੱਲੜੀ ਚਾਲ । ਪੁਰਖ ਨਿਰੰਜਣ ਰਿਹਾ ਮਥ, ਕਲਜੁਗ ਅੰਤਮ ਵੇਖ ਉਛਾਲ । ਲੱਖ ਚੁਰਾਸੀ ਲੱਭੀ ਸੱਥ, ਸੱਥਰ ਵਰੋਲੇ ਬੇ ਬੇਹਾਲ । ਲਾੜੀ ਮੌਤ ਨੱਕ ਪਾਏ ਨੱਥ, ਸੰਗ ਕਹਾਰਾ ਰੱਖਿਆ ਕਾਲ । ਸੀਆਂ ਮਿਣੇ ਸਾਢੇ ਤਿੰਨ ਹੱਥ, ਜਗਤ ਅਵੱਲੜੀ ਚਲੇ ਚਾਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨ ਭਗਤਾਂ ਦੇਵੇ ਸ਼ਬਦ ਆਤਮ ਅੰਦਰ ਸਾਚਾ ਤਾਲ । ਆਤਮ ਤਾਲ ਸ਼ਬਦ ਧੁਨ, ਨਾਦ ਨਾਦੀ ਨਾਦ ਵਜਾਇੰਦਾ । ਵੇਖ ਵਖਾਣੇ ਜੇਰਜ ਖਾਣੀ, ਉਤਭੁਜ ਸੇਤਜ ਅੰਡਜ ਵੇਖ ਵਖਾਇੰਦਾ । ਪਰ੍ਹਾ ਪਸੰਤੀ ਜਾਣੇ ਬਾਣੀ ਮਧਮ ਬੈਖਰੀ ਬੋਲ

ਬੁਲਾਇੰਦਾ । ਸੋਹੰ ਅੱਖਰ ਵਖਰ ਸਾਚਾ ਜਾਣੀ, ਸਾਚੇ ਧਾਮ ਆਪ ਸੁਹਾਇੰਦਾ । ਓਅੰ ਸੋਹੰ ਬਣੇ ਜਾਣੀ, ਪੁਣ ਛਾਣ ਮਾਤ ਕਰਾਇੰਦਾ । ਸੋ ਪੁਰਖ ਨਿਰੰਜਣ ਏਕਾ ਕਾਨੀ, ਸਚ ਨਿਸ਼ਾਨੀ ਤੀਰ ਚਲਾਇੰਦਾ । ਹੰ ਹੰਗਤਾ ਜਿਹਵਾ ਨਿਧਾਨੀ, ਹਉਮੇ ਰੋਗ ਮਿਟਾਇੰਦਾ । ਸੋ ਮੇਲਾ ਵਿਚ ਦੋ ਜਹਾਨੀ, ਸਤਿਗੁਰ ਪੂਰਾ ਆਪ ਕਰਾਇੰਦਾ । ਸ੍ਰਿਸ਼ਟ ਸਬਾਈ ਦਿਸੇ ਫਾਨੀ, ਸਾਚੀ ਬਾਣੀ ਨਾ ਕੋਈ ਦਿਸਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਵੇਖੇ ਬ੍ਰਹਮ ਗਿਆਨੀ, ਆਤਮ ਬ੍ਰਹਮ ਗਿਆਨ ਜਣਾਇੰਦਾ । ਸੋ ਸਤਿਗੁਰ ਸਾਚਾ ਸਾਖਿਆਤ, ਨਿਸ਼ ਅੱਖਰ ਰਿਹਾ ਸਮਾਏ । ਹੋੜਾ ਜੋੜਾ ਇਕ ਇਕਾਂਤ, ਸ਼ਬਦ ਘੋੜਾ ਸੰਗ ਰਖਾਏ । ਜੋਤੀ ਜੋੜਾ ਬਹੁ ਬਹੁ ਭਾਂਤ, ਤੋੜਾ ਜੋੜਾ ਉਪਰ ਨਜ਼ਰ ਨਾ ਆਏ । ਬੈਠਾ ਰਹੇ ਇਕ ਇਕਾਂਤ, ਗੌੜ ਗੌੜਾ ਮਾਤ ਉਪਾਏ । ਸ੍ਰਿਸ਼ਟ ਸਬਾਈ ਵੇਖੇ ਮਾਰ ਝਾਤ, ਧੁਰ ਦਰਗਾਹੀ ਆਇਆ ਦੌੜ, ਆਪਣਾ ਰੂਪ ਵਟਾਏ । ਲੱਖ ਚੁਰਾਸੀ ਵੇਖੇ ਫ਼ਲ ਮਿੱਠਾ ਕੌੜ, ਰਸ ਰਸਨਾ ਰਿਹਾ ਚਖਾਏ । ਸੰਬਲ ਨਗਰੀ ਲਾਏ ਪੌੜ, ਦਾਸਨ ਦਾਸ ਵਕਤ ਸੁਹਾਏ । ਆਪ ਜਾਣੇ ਲੰਮਾ ਚੌੜਾ, ਨੱਸ ਨੱਸ ਪਾਰ ਕਰਾਏ । ਸੱਸੇ ਉਪਰ ਲਾਏ ਹੋੜਾ, ਕਿਲ੍ਹਾ ਕੋਟ ਰਿਹਾ ਬਣਾਏ । ਦੋਵੇਂ ਮੁਖ ਰਿਹਾ ਮੋੜ, ਨਿਰਗੁਣ ਸਰਗੁਣ ਭੇਵ ਨਾ ਰਾਏ । ਸਰਗੁਣ ਨਿਰਗੁਣ ਨਿਰਗੁਣ ਸਰਗੁਣ ਏਕਾ ਧਾਮ ਵਸਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋਹੰ ਸੋ ਸਾਚਾ ਦਰ ਵਖਾਏ । ਦਸ ਉਧਰੇ ਦਸ ਦੇਵੇ ਮਾਰ । ਦਸ ਸੁਧਰੇ ਦਸ ਕਰੇ ਖਵਾਰ । ਦਸ ਮੂਧੜੇ ਦਸ ਕਵਲ ਨਾਭੀ ਹੋਏ ਉਜਿਆਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਸ ਦਸ ਵੇਖੇ ਅੱਧਵਿਚਕਾਰ । ਦਸ ਜਣਾਇਆ ਦਸ ਗਿਣਾਇਆ । ਦਸ ਮਿਲਾਇਆ ਦਸ ਗਵਾਇਆ । ਦਸ ਉਪਜਾਇਆ ਦਸ ਰੁਲਾਇਆ । ਘਰ ਸਹਿਜ ਸਮਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਦਸਵਾਂ ਇਕ ਵਖਾਇਆ । ਦਸਵਾਂ ਦਰ ਦੂਰ ਦੁਰਾਡਾ, ਪ੍ਰਭ ਸਾਚੀ ਬਣਤ ਬਣਾਈਆ । ਨਾ ਕੋਈ ਦੀਸੇ ਨਾੜੀ ਮਾਸ ਹਾਡਾ, ਸਾਚੀ ਕਾਢਾ ਰਿਹਾ ਕਢਾਈਆ । ਚਾਰੋਂ ਕੁੰਟ ਅੰਧੇਰੀ ਖਾਡਾ, ਦੂਸਰ ਕੋਈ ਦਿਸ ਨਾ ਆਈਆ । ਬਿਰਧ ਬਾਲ ਲਡਾਏ ਲਾੜਾ, ਨੌਜਵਾਨਾ ਜੋਬਨ ਰਿਹਾ ਹੰਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵੇਖ ਵਖਾਣੇ ਕਾਇਆ ਭਾਂਡਾ, ਝੂਠੀ ਮਾਟੀ ਪੋਚ ਪੁਚਾਈਆ । ।

੬੯੪ ੦੫

ਨੱਨਾ : ਨੱਨਾ ਨਿਰਗੁਣ ਰਿਹਾ ਸਮਾਏ । ਨੱਨਾ ਨਿਰੰਕਾਰ ਸਚ ਭੂਪ ਹੈ, ਸ਼ਬਦੀ ਸ਼ਬਦ ਸਮਾਏ । ਕਕਾ ਕਰਮਾ ਮਹਿੰਮਾ ਰੂਪ ਹੈ, ਜਗ ਮੇਲਾ ਮੇਲ ਮਿਲਾਏ । ਤਿੰਨ ਅੱਖਰ ਸਤਿ ਸਰੂਪ ਹੈ, ਨਿਰਗੁਣ ਮਾਇਆ ਸੰਗ ਰਲਾਏ । ਆਪੇ ਵੇਖੇ ਚਾਰੇ ਕੂਟ ਹੈ, ਦਹਿ ਦਿਸ਼ਾ ਵੇਖ ਵਖਾਏ । ਜਗਤ ਨੇਤਰ ਨੈਣਾ ਝੂਠ ਹੈ, ਮਨਮੁਖਾਂ ਰਿਹਾ ਜਗਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗਾ ਜੁਗੰਤਰ ਭੇਖ ਵਟਾਏ । ਨਾਨਕ ਨਾਮ ਨਿਰੰਜਣ ਨਿਰਗੁਣ ਵਿਚ ਸਮਾਇਆ । ਹਰਿਜਨ ਪਾਏ ਨੇਤਰ ਅੰਜਨ, ਭਾਂਡਾ ਭਰਮ ਭੁੰਨਾਇਆ । ਸਾਚੀ ਧੂੜ ਪ੍ਰੇਮ ਮਜਨ, ਕਰਮੀ ਕਰਮ ਕਮਾਇਆ । ਸਾਚ ਤਾਲ ਆਤਮ ਵਜਣ, ਦਰ ਦਵਾਰਾ ਬੰਦ ਖੁਲ੍ਹਾਇਆ । ਧਰਮ ਦਵਾਰੇ ਬਹਿ ਬਹਿ ਸੱਜਣ, ਸਤਿ ਸੰਤੋਖੀ ਨਜ਼ਰੀ ਆਇਆ । ਪੰਚਾਂ ਚੋਰਾਂ ਪੜਦਾ ਕੱਜਣ, ਪੰਚਾਂ ਪੰਚਾਂ ਰਿਹਾ ਜਗਾਇਆ । ਗੁਰ ਨਾਨਕ ਜਿਸ ਜਨ ਸੱਜਨ, ਲੋਕ ਲਾਜ ਦਏ ਤਜਾਇਆ । ਏਕਾ ਡੰਕ ਆਤਮ

੬੯੪ ੦੫

ਵੱਜਣਾ, ਨਿਹਕਲੰਕ ਰਿਹਾ ਜਗਾਇਆ । ਗੁਰ ਗੋਬਿੰਦਾ ਸ਼ਬਦ ਗੁਰ ਸੱਜਣਾ, ਸਾਚੇ ਸਾਜਣ ਰਿਹਾ ਮਿਲਾਇਆ । ਜਗਤ ਵਿਕਾਰਾ ਰਸਨਾ ਤਜਣਾ, ਅੰਮ੍ਰਿਤ ਧਾਰਾ ਮੁਖ ਚੁਆਇਆ । ਕਾਇਆ ਕਾਅਬਾ ਕਰਾਏ ਸਾਚਾ ਹੱਜਣਾ, ਹਾਜੀ ਹੱਜ ਕਰਾਵਣ ਆਇਆ । ਨੌਂ ਦਵਾਰੇ ਲੇਖਾ ਤਜਣਾ, ਆਤਮ ਤ੍ਰਿਸ਼ਨਾ ਦਏ ਮਿਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਾਨਕ ਨਾਨਕ ਰਿਹਾ ਸਮਾਇਆ । ਨਾਨਕ ਨਿੱਜ ਘਰ ਵਾਸ ਹੈ, ਨਿਰੰਜਣ ਜੋਤ ਬਲੋਏ । ਹਰਿਜਨ ਹੋਏ ਦਾਸਨ ਦਾਸ ਹੈ, ਆਪ ਖੁਲ੍ਹਾਏ ਲੋਚਨ ਲੋਏ । ਉਡੇ ਉਡਾਏ ਪ੍ਰਿਥਮੀ ਆਕਾਸ਼ ਹੈ, ਹਰਿ ਬਿਨ ਅਵਰ ਨਾ ਜਾਣੇ ਕੋਏ । ਧਰਮ ਸਤਿ ਸੰਤੋਖੀ ਆਤਮ ਧਰਵਾਸ ਹੈ, ਧਰਮ ਰਥ ਰਥਵਾਹੀ ਹੋਏ । ਹੱਥ ਆਏ ਨਾ ਨੌਂ ਨਾਥ ਹੈ, ਸਿੱਧ ਚੁਰਾਸੀ ਰਹੇ ਰੋਏ । ਜਨ ਭਗਤਾਂ ਸਗਲਾ ਸਾਥ ਹੈ, ਅੱਠੇ ਪਹਿਰ ਪਹਿਰੇਦਾਰ ਹੋਏ । ਆਪੇ ਆਪ ਤ੍ਰੈਲੋਕੀ ਨਾਥ ਹੈ, ਨਾਥ ਅਨਾਥਾਂ ਆਪੇ ਹੋਏ । ਮਸਤਕ ਲੇਖਾ ਲਿਖੇ ਮਾਥ ਹੈ, ਨੇਤਰ ਲੋਚਨ ਪਰਖੇ ਦੋਏ । ਸਰਬ ਕਲਾ ਆਪੇ ਸਮਰਾਥ ਹੈ, ਜੁਗਾ ਜੁਗੰਤ ਭੇਵ ਨਾ ਕੋਏ । ਆਪੇ ਰੱਖੇ ਦੇ ਕਰ ਹਾਥ ਹੈ, ਦਿਵਸ ਰੈਣ ਕਦੇ ਨਾ ਸੋਏ । ਜਿਉਂ ਰਾਮਾ ਘਰ ਦਸਰਾਥ ਹੈ, ਕ੍ਰਿਸ਼ਨ ਮੁਰਾਰੀ ਮੋਹੇ । ਏਕ ਰਖਾਏ ਸਾਚੀ ਵਥ ਹੈ, ਅੰਜਨ ਨੇਤਰ ਨਾਮ ਬਲੋਏ । ਜਗਤ ਚਲਾਏ ਮਹਿੰਮਾ ਅਕੱਥ ਹੈ, ਕਥਨੀ ਕਥ ਨਾ ਸਕੇ ਕੋਏ । ਕਲਜੁਗ ਜਿਨ ਚਲਾਇਆ ਰਥ ਹੈ, ਸਮਰਥ ਗੁਰ ਸੋਹੰ ਸੋ ਨਾਨਕ ਹੋਏ । ਸ੍ਰਿਸ਼ਟ ਸਬਾਈ ਰਿਹਾ ਮਥ ਹੈ, ਲੱਖ ਚੁਰਾਸੀ ਰਿਹਾ ਪਰੋਏ । ਲੇਖ ਚੁਕਾਏ ਸਾਢੇ ਤਿੰਨ ਹੱਥ ਹੈ, ਨਿਹਕਲੰਕਾ ਪਰਗਟ ਹੋਏ । ਹਰਿਜਨ ਸਾਚੇ ਲਏ ਰੱਖ ਹੈ, ਰਾਓ ਰੰਕਾਂ ਪੁੱਛੇ ਨਾ ਕੋਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਦਰਸ, ਦਰਸ ਮਿਲਾਵਾ ਹੋਏ । ਸ਼ਬਦ ਰੂਪ ਗੁਰ ਨਾਨਕ, ਰੂਪ ਭੂਪ ਸਮਾਏ । ਆਪੇ ਜਾਣੇ ਜਾਣੀ ਜਣਕਾ, ਨਿੱਜ ਘਰ ਵਾਸ ਰਖਾਏ । ਆਪੇ ਬਾਣੀ ਬਾਨਕਾ, ਬਵੰਜਾ ਅੱਖਰ ਰਿਹਾ ਉਪਾਏ । ਪੈਂਤੀ ਅੱਖਰ ਜਗਤ ਨਿਸ਼ਾਨਕਾ, ਸਤਾਰਾਂ ਭੇਵ ਨਾ ਰਾਏ । ਏਕਾ ਲੇਖਾ ਧੁਰ ਫ਼ਰਮਾਣ ਕਾ, ਕਲਜੁਗ ਮਾਤ ਕਰੇ ਰੁਸ਼ਨਾਏ । ਲੱਖ ਚੁਰਾਸੀ ਖੇਲ ਖਿਲਾਨਕਾ, ਗੁਣਵਤਾ ਗੁਣ ਰਹਾਏ । ਜੋਤੀ ਜੋਤ ਸਰੂਪ ਹਰਿ, ਜਿਸ ਜਨ ਦੇਵੇ ਸਾਚਾ ਵਰ, ਏਕਾ ਆਣ ਰਖਾਏ । ਨਾਨਕ ਦਰਸ ਕਵਣ ਹੰਸ ਮੰਗੇ ਸੁਰਤ ਸਵਾਣੀ । ਰਸਨਾ ਸਕੇ ਨਾ ਕਹਿਣ, ਮਿਲੇ ਮੇਲ ਪ੍ਰਭ ਸਾਚੇ ਹਾਣੀ । ਜੁਗਾ ਜੁਗੰਤਰ ਚੁਕਾਏ ਲਹਿਣ ਦੇਣ, ਆਤਮ ਦੇਵੇ ਠੰਢਾ ਪਾਣੀ । ਨਾਤਾ ਤੁੱਟੇ ਭਾਈ ਭੈਣ, ਅੱਖਰ ਵੱਖਰ ਇਕ ਪੜ੍ਹਾਏ, ਆਪੇ ਹੋਏ ਸਾਕ ਸੱਜਣ ਸੈਣੀ । ਜੋਤੀ ਜੋਤ ਸਰੂਪ ਹਰਿ, ਜਿਸ ਜਨ ਦੇਵੇ ਸ਼ਬਦ ਵਰ, ਨਾਨਕ ਰਸਨ ਵਖਾਣੀ । ਨਾਨਕ ਗਾਇਆ ਗਹਿਰ ਗੁਣ, ਗੋਬਿੰਦ ਸਾਰ ਨਾ ਪਾਇਆ । ਛੱਤੀ ਰਾਗਾਂ ਰਹੇ ਸੁਣ, ਨਾਦ ਅਨਾਦਾ ਆਤਮ ਧੁਨ ਨਾ ਕੋਇ ਵਜਾਇਆ । ਬਹੱਤਰ ਨਾੜੀ ਛਾਣ ਪੁਣ, ਬੋਧ ਅਗਾਧਾ ਹੋਏ ਸ਼ਬਦ ਜਣਾਇਆ । ਗੁਰ ਗੋਬਿੰਦਾ ਅੰਦਰ ਮੰਦਰ ਏਕਾ ਰਸ ਸੁਰਤ ਸ਼ਬਦੀ ਮੇਲ ਮਿਲਾਇਆ । ਹਰਿ ਭਗਤ ਸੁਹੇਲਾ ਜਾਣੇ ਗੁਣ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਭੇਖਾਧਾਰੀ ਨਰ ਨਿਰੰਕਾਰੀ ਏਕੰਕਾਰਾ ਸ਼ਬਦ ਜੈਕਾਰ ਕਰਾਇਆ । ਦਰ ਘਰ ਸਾਚੇ ਵੱਜੀ ਵਧਾਈ, ਹਉਮੇ ਰੋਗ ਗਵਾਇਆ । ਗੁਰ ਨਾਨਕ ਰਸ ਰਸਨਾ ਗਾਈ, ਪਰਮ ਪੁਰਖ ਪ੍ਰਭ ਪਾਇਆ । ਮਿਲਿਆ ਮੇਲ ਨਾ ਹੋਏ ਜੁਦਾਈ, ਰੋਗ ਵਿਜੋਗ ਜਗਤ ਗਵਾਇਆ । ਜੋਤੀ ਨਾਰੀ ਹੋਈ ਕੁੜਮਾਈ, ਸ਼ਬਦ ਸੁਹਾਗੀ ਕੰਤ ਹੰਢਾਇਆ । ਜੋਤ ਨਿਰੰਜਣ ਨੈਣ ਨਾਈ, ਨੇਤਰ ਕੱਜਲ ਪਾਇਆ । ਸੁਖਮਣ ਨਾੜੀ ਧਾਰ ਬਣਾਈ, ਕਾਲੀ ਧਾਰ ਬਣਾਇਆ ।

ਸਾਚੇ ਘੋੜ ਸ਼ਿੰਗਾਰ ਕਰਾਈ, ਨਰ ਨਿਰੰਕਾਰ ਨਾਮ ਰਖਾਇਆ । ਨੌਂ ਦਵਾਰੇ ਬਾਹਰ ਕਰਾਈ, ਦਸਵੇਂ ਵਾਗ ਗੁੰਦਾਇਆ । ਪੁਰਖ ਅਬਿਨਾਸ਼ੀ ਦਇਆ ਕਮਾਈ, ਦਸਵੀਂ ਗਲੀ ਰਿਹਾ ਲਟਕਾਇਆ । ਸਾਚੇ ਘਰ ਹੋਏ ਸ਼ਨਵਾਈ, ਮਹੱਲ ਅਗੰਮਾ ਇਕ ਸੁਹਾਇਆ । ਦੋਹਾਂ ਏਕਾ ਮੇਲ ਮਿਲਾਈ, ਏਕਾ ਸੇਜਾ ਰਿਹਾ ਬਹਾਇਆ । ਦਿਵਸ ਰੈਣ ਨਾ ਹੋਏ ਜੁਦਾਈ, ਪੰਚਮ ਮੀਤਾ ਰਾਗ ਸੁਣਾਇਆ । ਆਪ ਆਪਣੇ ਵਿਚ ਸਮਾਈ, ਦੂਸਰ ਅੰਗ ਕੋਈ ਦਿਸ ਨਾ ਆਇਆ । ਨਾਨਕ ਨਾਨਕ ਨਾਨਕ ਅਮਰਾਪਦ ਬਾਨੀ ਪਦ ਨਿਰਬਾਣ ਸ਼ਬਦ ਬਿਬਾਣ ਗੁਣ ਨਿਧਾਨ ਇਕ ਚੜ੍ਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਦੇਵੇ ਸਾਚਾ ਵਰ, ਸਾਚੀ ਰੰਗਣ ਰਿਹਾ ਰੰਗਾਇਆ । ਇਕ ਚੜ੍ਹਾਏ ਨਾਮ ਰੰਗ, ਰੰਗਤ ਰੰਗ ਅਮੋਲਿਆ । ਮਾਨਸ ਦੇਹੀ ਨਾ ਹੋਏ ਭੰਗ, ਕਾਇਆ ਮਾਟੀ ਭਾਗ ਲਗਾਏ ਸਾਚੇ ਚੋਲਿਆ । ਆਤਮ ਘਰ ਵੱਜੇ ਮਰਦੰਗ, ਪੰਚਾਂ ਘਰ ਨਾ ਹੋਏ ਗੋਲਿਆ । ਪੁਰਖ ਅਬਿਨਾਸ਼ੀ ਸਾਚੀ ਸੰਗ, ਹੌਲੇ ਭਾਰ ਉਠਾਏ ਡੋਲਿਆ । ਆਪ ਰਖਾਏ ਆਪਣੇ ਅੰਗ, ਸ਼ਬਦ ਅਨਾਦੀ ਇਕ ਸੁਣਾਏ ਸਾਚਾ ਢੋਲਿਆ । ਸ਼ਬਦ ਘੋੜੇ ਕਸੇ ਤੰਗ, ਸਚ ਦਵਾਰਾ ਏਕਾ ਖੋਲ੍ਹਿਆ । ਗੁਰਮੁਖ ਵਿਰਲਾ ਜਾਏ ਲੰਘ, ਚਰਨ ਪ੍ਰੀਤੀ ਘੋਲ ਘੋਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਸ਼ਬਦ ਵਰ, ਮੇਲ ਮਿਲਾਏ ਕਲਾ ਸੋਲਿਆ । ਨਾਨਕ ਰੂਪ ਅਗੰਮ ਹੈ, ਅਗੰਮ ਰੂਪ ਸਮਾਏ । ਨਾ ਮਰਿਆ ਨਾ ਪਏ ਜੰਮ ਹੈ, ਜਨਮ ਮਰਨ ਵਿਚ ਨਾ ਆਏ । ਵੇਖ ਵਖਾਣੇ ਪਵਣ ਸਵਾਸੀ ਦਮ ਹੈ, ਦਮ ਦਮਾਂ ਵਿਚ ਸਮਾਏ । ਸਦਾ ਵਸੇ ਕਾਇਆ ਚੰਮ ਹੈ, ਨਿਰਗੁਣ ਰੂਪ ਵਟਾਏ । ਗੁਰਮੁਖ ਵਿਰਲਾ ਆਪੇ ਜਾਏ ਮਨ ਹੈ, ਹਰਿ ਹਰਿ ਰਸਨਾ ਗਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਸ਼ਬਦ ਵਰ, ਨਾਨਕ ਨਾਨਕ ਨਾਨਕ ਦਾਦਕ ਮਾਤ ਮਿਲਾਏ ।।



★ ੨੮ ਜੇਠ ੨੦੧੩ ਬਿਕ੍ਰਮੀ ਹਰਿ ਭਗਤ ਦਵਾਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ★

ਹਰਿ ਰੂਪ ਅਪਾਰ, ਹਰਿ ਸਮਾਇਆ । ਸ੍ਰਿਸ਼ਟ ਸਬਾਈ ਅੰਧਕੂਪ, ਕਲਜੁਗ ਜੀਵਾਂ ਦਿਸ ਨਾ ਆਇਆ । ਆਪੇ ਆਪ ਸਤਿ ਸਰੂਪ, ਮਾਇਆ ਮਮਤਾ ਮੁਖ ਛੁਪਾਇਆ । ਦਰ ਦਰ ਘਰ ਘਰ ਮੰਦਰ ਅੰਦਰ ਧੁਖਦੇ ਧੂਪ । ਪੁਰਖ ਅਬਿਨਾਸ਼ਾ ਨਜ਼ਰ ਨਾ ਆਇਆ । ਰੈਣ ਅੰਧੇਰੀ ਦਹਿ ਦਿਸ਼ਾ ਚਾਰੇ ਕੂਟ, ਹਉਮੇ ਹੰਗਤਾ ਰੋਗ ਗਵਾਇਆ । ਸ਼ਬਦ ਨਿਰਾਲਾ ਤੀਰ ਏਕਾ ਰਿਹਾ ਛੂਟ, ਹਰਿ ਸ਼ਬਦੀ ਨਾਮ ਰਖਾਇਆ । ਹਰਿ ਸ਼ਬਦ ਪੰਘੂੜਾ ਗੁਰਮੁਖ ਲੈਣਾ ਝੂਟ, ਕਾਇਆ ਮੰਦਰ ਅੰਦਰ ਇਕ ਟਿਕਾਇਆ । ਦਰ ਦਵਾਰੇ ਅੰਮ੍ਰਿਤ ਆਤਮ ਸਾਚਾ ਲਾਹਾ ਲੈਣ ਲੂਟ, ਨੌਂ ਦਵਾਰੇ ਬੰਦ ਕਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣਾ ਵੇਖ ਦਰ, ਜੁਗਾ ਜੁਗੰਤਰ ਭੇਖ ਵਟਾਇਆ । ਆਪੇ ਸੀਤਾ ਰਾਮ ਹੈ, ਆਪੇ ਕ੍ਰਿਸ਼ਨ ਮੁਰਾਰ । ਆਪੇ ਭਗਤ ਪਿਆਰ ਹੈ, ਆਪ ਜਪਾਏ ਆਪਣਾ ਨਾਮ । ਜੁਗਾ ਜੁਗੰਤਰ ਸਾਚੀ ਕਾਰ ਹੈ, ਕਰੇ ਖੇਲ ਜਗਤ ਨਿਸ਼ਕਾਮ । ਕਲਜੁਗ ਤੇਰੀ ਅੰਤਮ ਵਾਰ ਹੈ, ਗੁਰਮੁਖ ਪੀਏ ਅੰਮ੍ਰਿਤ ਆਤਮ ਸਾਚਾ ਜਾਮ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਕਲਜੁਗ ਅੰਤਮ ਵੇਖ ਦਰ, ਲੱਖ ਚੁਰਾਸੀ ਆਪ ਕਰਾਵੇ ਏਕਾ ਤਾਮ । ਕਲਜੁਗ ਕਾਲੀ ਰੈਣ ਅੰਧੇਰੀ ਛਾਈਆ । ਗੁਰਮੁਖ ਵਿਰਲਾ ਸਾਚੇ ਨੇਤਰ ਪੁਰਖ ਅਬਿਨਾਸ਼ੀ ਦਰਸ਼ਨ ਪਾਏ ਤੀਜੇ ਨੈਣ,

ਆਪ ਆਪਣੇ ਰੰਗ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗਾ ਜੁਗੰਤਰ ਬਣਾਏ ਬਣਤਰ, ਆਪ ਆਪਣੀ ਦਇਆ ਕਮਾਈਆ । ਲੇਖਾ ਲਿਖਣਹਾਰ ਹਰਿ ਸਵਾਮੀਆ । ਹਰਿਜਨ ਸਾਚਾ ਲਹਿਣੇਦਾਰ, ਵੇਖੇ ਖੇਲ ਜਗਤ ਤਮਾਮੀਆ । ਕਲਜੁਗ ਮਾਇਆ ਪਸਰ ਪਸਾਰ, ਭੇਦ ਅਭੇਦਾ ਅੰਤਰਜਾਮੀਆ । ਜੂਠਾ ਝੂਠਾ ਕੂੜ ਪਸਾਰ, ਪਰਗਟ ਹੋਏ ਨਿਹਕਲੰਕ, ਸ਼ਬਦ ਵਜਾਏ ਇਕ ਡੰਕ, ਪਕੜ ਉਠਾਏ ਰਾਓ ਰੰਕ, ਗੁਰਮੁਖ ਵਡਿਆਈ ਜਿਉਂ ਰਾਜਾ ਜਨਕ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅੰਤਮ ਵੇਖ ਦਰ, ਸਰਬ ਜੀਆਂ ਆਪੇ ਜਾਣੀਆ । ਆਪੇ ਜਾਣੀ ਜਾਣ ਸਰਬ ਅਖਵਾਇਆ । ਆਪੇ ਸ਼ਬਦ ਅੱਖਰ ਬਾਨੀ ਬਾਨ, ਆਪੇ ਬੋਲ ਸੁਣਾਇਆ । ਆਪੇ ਗੁਣ ਨਿਧਾਨ ਕਰੇ ਸਰਬ ਪਛਾਣ, ਜੀਆਂ ਜੰਤਾਂ ਵਿਚ ਸਮਾਇਆ । ਆਤਮ ਉਪਜੇ ਬ੍ਰਹਮ ਗਿਆਨ, ਲੇਖਾ ਚੁੱਕੇ ਆਵਣ ਜਾਣ, ਦਰ ਘਰ ਮੰਦਰ ਇਕ ਵਸਾਇਆ । ਅੰਮ੍ਰਿਤ ਆਤਮ ਪੀਣ ਖਾਣ, ਸਾਚਾ ਜਾਮ ਰਿਹਾ ਪਿਆਇਆ । ਜੇਰਜ ਖਾਣੀ ਕਰ ਪਛਾਣ, ਮਾਨਸ ਦੇਹੀ ਲੇਖੇ ਲਾਇਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਵੇਖਣ ਆਇਆ ਸਚ ਘਰ, ਕਵਣ ਸੰਤ ਮਿਲਿਆ ਕੰਤ ਆਤਮ ਦਰਸ਼ਨ ਪਾਇਆ । ਨੌਂ ਦਵਾਰੇ ਬੰਦ ਕਿਵਾੜ, ਦਸਵੇਂ ਮੇਲ ਮੁਰਾਰੀ । ਪੰਚ ਵਿਕਾਰਾ ਦੇਵੇ ਝਾੜ, ਫੜੇ ਸ਼ਬਦ ਤੇਜ ਕਟਾਰੀ । ਕ੍ਰਿਸ਼ਨ ਘਨਈਆ ਇਕ ਚੜ੍ਹਾਏ ਸਾਚੀ ਨਈਆ, ਆਪ ਫੜਾਏ ਆਪਣੀ ਬਹੀਆ, ਦੋ ਜਹਾਨੀ ਇਕ ਵਖਾਏ ਪਾਰ ਕਿਨਾਰੀ । ਸ੍ਰਿਸ਼ਟ ਸਬਾਈ ਅੰਤਮ ਫਾਨੀ, ਪਰਗਟ ਹੋਏ ਨਿਹਕਲੰਕ ਨਰਾਇਣ ਨਰ ਵਡ ਵਿਦਵਾਨੀ । ਨਾ ਕੋਈ ਜਾਣੇ ਜੀਵ ਜੰਤ, ਸਾਧ ਸੰਤ ਮਾਇਆ ਰੁਲੇ ਜਗਤ ਭੁੱਲੇ, ਪੂਰੇ ਤੋਲ ਨਾ ਕੋਈ ਤੁੱਲੇ, ਆਤਮ ਸੇਜਾ ਕਿਸੇ ਨਾ ਜਾਣੀ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਵੇਖਣਹਾਰ ਦੋ ਜਹਾਨੀ । ਆਤਮ ਬ੍ਰਹਮ ਗਿਆਨ, ਦ੍ਰਿਸ਼ਟ ਖੁਲ੍ਹਾਈਆ । ਮਿਲਿਆ ਸ਼ਬਦ ਬਿਬਾਣ, ਉਡਿਆ ਸ੍ਰਿਸ਼ਟ ਸਬਾਈਆ । ਆਪੇ ਕਰੇ ਕਰਾਏ ਜਗਤ ਪਛਾਣ, ਗੁਣ ਨਿਧਾਨਾ ਦਇਆ ਕਮਾਈਆ । ਕਾਇਆ ਵੇਖੇ ਸਚ ਮਕਾਨ, ਮਥਰਾ ਮੰਦਰ ਗੋਕਲ ਰੰਗ ਵਟਾਈਆ । ਜੋਤ ਸਰੂਪ ਸਾਚਾ ਕਾਹਨ, ਸਾਚੇ ਮੰਡਲ ਸਾਚੀ ਰਾਸ ਏਕਾ ਆਪਣੀ ਰਿਹਾ ਪਾਈਆ । ਜਗਤ ਨਾ ਦੀਸੇ ਕੋਈ ਨਿਸ਼ਾਨ, ਰਸਨਾ ਪੜ੍ਹ ਪੜ੍ਹ ਥੱਕੇ ਵੇਦ ਪੁਰਾਨ, ਪੁਰਖ ਅਬਿਨਾਸ਼ੀ ਘਟ ਘਟ ਵਾਸੀ ਸਾਚੇ ਮੰਦਰ ਅੰਦਰ ਸ਼ਬਦ ਸਰੂਪੀ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਕਵਣ ਸੰਤ ਸਚ ਸੁਹੇਲਾ ਪੁਰਖ ਅਬਿਨਾਸ਼ੀ ਮੇਲ ਮਿਲਾਈਆ । ਜੁਗਾ ਜੁਗੰਤਰ ਰੀਤ ਹੈ, ਜੋਤ ਸਰੂਪੀ ਹਰਿ ਨਿਰੰਕਾਰ । ਇਕ ਸੁਣਾਏ ਸਾਚਾ ਗੀਤ ਹੈ, ਕਾਇਆ ਮੰਦਰ ਸਚ ਦਵਾਰ । ਚਰਨ ਕਵਲ ਕਵਲ ਚਰਨ ਜਨ ਸਾਚੀ ਪ੍ਰੀਤ ਹੈ, ਖੋਲ੍ਹੇ ਬੰਦ ਕਿਵਾੜ । ਸਚ ਵਸੇਰਾ ਮੰਦਰ ਮਸੀਤ ਹੈ, ਆਪੇ ਵਸਿਆ ਵਿਚ ਹਸਤ ਕੀਟ ਹੈ, ਜੋਤ ਜਗੇ ਬਹੱਤਰ ਨਾੜ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਘਰ ਸਾਚੇ ਦੇਵੇ ਵਾੜ । ਕਵਣ ਦਵਾਰਾ ਸੰਤਨ ਪਾਇਆ । ਮਿਲਿਆ ਮੇਲ ਅਗੰਮਾ, ਕਵਣ ਕਾਇਆ ਰੰਗਣ ਰੰਗ ਚੜ੍ਹਾਇਆ । ਉਤਰ ਨਾ ਜਾਏ ਕਾਇਆ ਝੂਠਾ ਚੰਮਾ, ਨੇਤਰ ਨੀਰ ਵਹਾਇਆ ਛੰਮ ਛੰਮਾ, ਰਸਨਾ ਕਹਿ ਕਹਿ ਵਾਦ ਵਿਵਾਦ ਵਧਾਇਆ । ਅਗਾਧ ਬੋਧ ਨਾ ਸ਼ਬਦ ਜਣਾਇਆ । ਹਿਰਦਾ ਸੋਧ ਨਾ ਪ੍ਰਭ ਮਨਾਇਆ । ਸਚ ਇਸ਼ਨਾਨ ਨਾ ਕਿਸੇ ਕਰਾਇਆ । ਸਾਚਾ ਬਣੇ ਨਾ ਕੋਈ ਸੌਦਾਗਰ, ਨਿਰਮਲ ਕਰਮ ਨਾ ਕਰੇ ਉਜਾਗਰ, ਕੰਤ ਸੰਤ ਨਾ ਕਿਸੇ ਪਾਇਆ । ਕਵਣ ਦਵਾਰੇ ਰਾਮ ਹੈ, ਮੇਲਾ ਸਹਿਜ ਸੁਭਾਏ । ਕਾਇਆ ਮਾਟੀ ਝੂਠਾ ਚਾਮ ਹੈ,



੬੯੭
੦੫

ਵੇਲੇ ਅੰਤ ਹੋਏ ਫਨ੍ਹਾਏ । ਹਰਿਜਨ ਅਵਰ ਨਾ ਕੋਈ ਲੇਖੇ ਦਾਮ ਹੈ, ਕਵਣ ਗਾਏ ਕਵਣ ਜਗਾਏ, ਕਵਣ ਰਿਹਾ ਸੋਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵੇਖੇ ਖੇਲ ਸੰਤ ਦਰ, ਦਰ ਦਰਵਾਜ਼ੇ ਆਪੇ ਆਪ ਖਲੋਏ । ਸੰਤ ਸਰੂਪ ਸਤਿ ਪੁਰਖ ਹੈ, ਹਰਿ ਜੋਤੀ ਰਿਹਾ ਸਮਾਏ । ਲੇਖਾ ਚੁੱਕੇ ਉਲਟੇ ਬਿਰਖ ਹੈ, ਵਰਨ ਗੋਤੀ ਭੇਵ ਮਿਟਾਏ । ਨਾ ਕੋਈ ਹਰਖ ਨਾ ਕੋਈ ਸੋਗ ਹੈ, ਹਰਿ ਰੰਗਣ ਰੰਗ ਸਮਾਏ । ਆਦਿ ਅੰਤ ਨਾ ਹੋਏ ਵਿਜੋਗ ਹੈ, ਧੁਰ ਸੰਜੋਗੀ ਮੇਲ ਮਿਲਾਏ । ਆਤਮ ਰਸ ਸਾਚਾ ਭੋਗ ਹੈ, ਨਿਜਾ ਨੰਦ ਸਮਾਏ । ਗੁਰਮੁਖ ਵਿਰਲੇ ਦਰਸ ਅਮੋਘ ਹੈ, ਪਰਗਟ ਹੋਏ ਦਰਸ ਦਿਖਾਏ । ਸੰਤ ਰੰਗ ਅਪਾਰ, ਕਾਇਆ ਚੜ੍ਹਾਇਆ । ਕਾਇਆ ਕੰਚਨ ਖੇਲ ਅਪਾਰ, ਸ਼ਬਦ ਘੋੜੇ ਤੰਗ ਕਸਾਇਆ । ਅੱਠੇ ਪਹਿਰ ਪਹਿਰੇਦਾਰ, ਸੰਤਨ ਮੇਲਾ ਸਤਿਸੰਗ ਲੋਕਮਾਤ ਅਖਾੜਿਆ । ਕਾਇਆ ਚੜ੍ਹੇ ਸਚ ਰੰਗ, ਵੇਖੇ ਖੇਲ ਬਹੱਤਰ ਨਾੜਿਆ । ਸ਼ਬਦ ਘੋੜੇ ਕਸ ਤੰਗ, ਆਤਮ ਵਿਕਾਰਾ ਆਪ ਚਬਾਏ ਆਪਣੀ ਦਾੜ੍ਹਿਆ । ਹਰਿਜਨ ਸਾਚਾ ਹਰਿ ਭਗਤ ਦਵਾਰਾ ਏਕਾ ਮੰਗੇ ਸਚ ਮੰਗ, ਪ੍ਰਭ ਆਪੇ ਕਟੇ ਭੁੱਖ ਨੰਗ, ਨੇੜ ਨਾ ਆਏ ਪੰਚਮ ਧਾੜਿਆ । ਸੰਤਨ ਹੱਥ ਜਗਤ ਡੋਰ ਹੈ, ਪ੍ਰਭ ਸਾਚਾ ਰਿਹਾ ਫੜਾਈ । ਪੰਚਾਂ ਪੰਚਾਂ ਅੰਦਰ ਚੋਰ ਹੈ, ਭੁੱਲੀ ਮਾਤ ਲੁਕਾਈ । ਕਾਇਆ ਯੁੱਧ ਅੰਧ ਘੋਰ ਹੈ, ਕੁਰਕਸ਼ੇਤਰ ਰਿਹਾ ਬਣਾਈ । ਜਿਸ ਜਨ ਤਾਰੇ ਕਰ ਕਰ ਮਿਹਰ ਹੈ, ਆਪਣਾ ਪੱਲਾ ਰਿਹਾ ਫੜਾਈ । ਸਰਬ ਵਿਆਪੀ ਆਪ ਹੈ, ਸਭ ਘਟ ਮੇਂ ਰਿਹਾ ਸਮਾਈ । ਜੋਤੀ ਜੋਤ ਸਰੂਪ ਹਰਿ, ਆਪਣੇ ਹੱਥ ਰੱਖੇ ਵਡਿਆਈ । ਦੂਨੀ ਦੀਨ ਜਗਤ ਰੀਤ ਹੈ, ਜੁਗਾ ਜੁਗੰਤਰ ਹੋਏ । ਆਪ ਜਣਾਏ ਏਕਾ ਸ਼ਬਦ ਸੁਹਾਗੀ ਗੀਤ ਹੈ, ਸਾਚੀ ਬਣਤ ਬਣਾਏ । ਸਾਚਾ ਦਿਹੁਰਾ ਮੰਦਰ ਮਸੀਤ ਹੈ, ਗੁਰ ਚਰਨ ਸਰਨ ਲਿਵ ਲਾਏ । ਆਤਮ ਅੰਦਰ ਬੋਲੇ ਇਕ ਪ੍ਰੀਤ ਹੈ, ਏਕਾ ਦੂਜਾ ਭਉ ਚੁਕਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਭੇਖ ਵਟਾਏ । ਜਗਤ ਦੀਨ ਨੌਂ ਦਵਾਰ ਹੈ, ਦਰ ਦਰ ਭੇਖ ਵਟਾਏ । ਘਰ ਠਾਂਢਾ ਸਚ ਦਰਬਾਰ ਹੈ, ਗਰੀਬ ਨਿਵਾਜ਼ਾ ਇਕ ਖੁਲ੍ਹਾਏ । ਨਾਮ ਗੰਢ ਅਪਰ ਅਪਾਰ ਹੈ, ਸ਼ਬਦ ਪਲੂ ਆਪ ਬੰਧਾਏ । ਜੋਤੀ ਜੋਤ ਸਰੂਪ ਹਰਿ, ਆਪੇ ਵੰਡਣਹਾਰ ਹੈ, ਜੁਗ ਜੁਗ ਬਣਤ ਬਣਾਏ । ਦੀਨ ਦੁਨੀ ਜਗ ਮਾਇਆ, ਜੁਗਾ ਜੁਗੰਤਰ ਲੋਅ । ਹਉਮੇ ਹੰਗਤਾ ਛਾਇਆ, ਲੱਖ ਚੁਰਾਸੀ ਲਈ ਪਰੋ । ਗੁਰਮੁਖ ਵਿਰਲਾ ਨਜ਼ਰੀ ਮੰਗਤਾ ਆਇਆ, ਦੁਰਮਤ ਮੈਲ ਮੁਖੜਾ ਧੋ । ਭੁੱਖ ਨੰਗਤਾ ਆਪ ਕਟਾਇਆ, ਸਾਚਾ ਜਾਪ ਜਪਾਏ ਸੋਹੰ ਸੋ । ਸਤਿਗੁਰ ਸੰਗਤਾ ਇਕ ਮਿਲਾਇਆ, ਦਰਸ ਦਿਖਾਇਆ ਅੱਗੇ ਹੋ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੁਨੀ ਦੀਨ ਦੀਨ ਦੁਨੀ ਏਕਾ ਰਾਹ ਵਖਾਇਆ, ਅਵਰ ਨਾ ਜਾਣੇ ਕੋ । ਦੀਨ ਦੁਨੀ ਜਗ ਅੰਧੇਰਿਆ, ਅੰਧ ਅੰਧੇਰ ਪਰਧਾਨ । ਨਾ ਕੋਈ ਜਾਣੇ ਸੰਞ ਸਵੇਰਿਆ, ਗੁਣਵੰਤਾ ਹੋਏ ਨਿਧਾਨ । ਲੇਖਾ ਜਾਨਣ ਕਿਸ ਕਿਸ ਤੇਰਿਆ, ਆਪ ਆਪਣਾ ਨਾ ਲੈਣ ਪਛਾਣ । ਜਗਤ ਮਾਇਆ ਪਾਇਆ ਘੇਰਿਆ । ਮੋਹ ਮਮਤਾ ਰੱਖੀ ਆਣ । ਪੁਰਖ ਅਬਿਨਾਸ਼ੀ ਪਾਇਆ ਫੇਰਿਆ, ਘਟ ਘਟ ਅੰਦਰ ਵੇਖ ਮਾਰ ਧਿਆਨ । ਆਪੇ ਕਰੇ ਹੱਕ ਨਿਬੇੜਿਆ, ਬੈਠ ਸ਼ਬਦ ਸੱਚੇ ਬਿਬਾਣ । ਲੱਖ ਚੁਰਾਸੀ ਚੁੱਕੇ ਝਗੜਾ ਝੇੜਿਆ, ਅੰਤਮ ਲਾਹੇ ਮਾਤ ਮੁਕਾਣ । ਉਲਟਾ ਗੇੜੇ ਆਪੇ ਗੇੜਿਆ, ਮਹੱਲ ਅਟੱਲ ਸਰਬ ਮਿਟ ਜਾਣ । ਧਰਤ ਮਾਤ ਕਰਾਏ ਖੁਲ੍ਹਾ ਵਿਹੜਿਆ, ਨਾ ਕੋਈ ਝੁਲਾਏ ਉਚ ਨਿਸ਼ਾਨ । ਹਰਿਜਨ ਵਿਰਲੇ ਕੰਤ ਸਹੇੜਿਆ, ਦੇਵੇ ਦਾਨੀ ਦਾਤਾ ਸ਼ਬਦ ਸੱਚਾ ਦਾਨ । ਜੋਤੀ ਜੋਤ ਸਰੂਪ ਹਰਿ, ਜੋਤੀ


੬੯੮
੦੫

ਜਾਮਾ ਭੇਖ ਧਰ, ਆਪੇ ਕੱਟਣਹਾਰਾ ਆਵਣ ਜਾਣ ਗੇੜਿਆ, ਰਾਗ ਨਾਦ ਸੁਣਾਏ ਧੁਨ ਸਾਚੇ ਕਾਨ । ਦੀਨ ਦੁਨੀ ਬੰਧਨ ਜਗਤ ਹੈ, ਬੰਦਾ ਬੰਦੀ ਚਾਰ । ਹਰਿਜਨ ਸਾਚਾ ਭਗਤ ਹੈ, ਵੇਖੇ ਨੇਤਰ ਨੈਣ ਉਘਾੜ । ਆਤਮ ਜੋਤੀ ਸਾਚੀ ਸ਼ਕਤ ਹੈ, ਖੋਲ੍ਹੇ ਬੰਦ ਕਿਵਾੜ । ਲੇਖੇ ਲੱਗੇ ਬੂੰਦ ਰਕਤ ਹੈ, ਪ੍ਰਭ ਅਬਿਨਾਸ਼ੀ ਦਰਸ ਸਤਾਰਾਂ ਹਾੜ । ਕੂੜ ਕੁੜਿਆਰਾ ਨੇੜੇ ਵਕਤ ਹੈ, ਧਰਤ ਮਾਤ ਲੱਗੇ ਅਖਾੜ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਰੰਗ ਸਮਾਏ ਜੰਗਲ ਜੂਹ ਉਜਾੜ ਪਹਾੜ । ਦੀਨ ਦੁਨੀ ਮਾਇਆ ਭਰਮ ਹੈ, ਭਰਮ ਭੁਲਾਇਆ ਜਗ । ਦੀਨ ਦੁਨੀ ਨਾ ਜਾਣੇ ਕਰਮ ਕੁਕਰਮ ਹੈ, ਜਗਤ ਤ੍ਰਿਸ਼ਨਾ ਲੱਗੀ ਅੱਗ । ਦੀਨ ਦੁਨੀ ਕਲਜੁਗ ਲਿਆ ਜਨਮ ਹੈ, ਜੂਠਾ ਝੂਠਾ ਬੰਨ੍ਹਿਆ ਤਨ ਤਗ । ਦੁਨੀ ਦੀਨ ਦਵੈਤੀ ਵਰਮ ਹੈ, ਕਾਲ ਅੰਧੇਰੀ ਰਹੀ ਵਗ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵੇਖੇ ਖੇਲ ਸੂਰਾ ਸਰਬਗ । ਦੀਨ ਦੁਨੀ ਅੰਤ ਕਾਲ ਹੈ, ਮਨਮੁਖਾਂ ਸਿਰ ਮੰਡਲਾਏ । ਏਕਾ ਪਾਇਆ ਜਗਤ ਜੰਜ਼ਾਲ ਹੈ, ਭੇਖ ਪਖੰਡ ਵਧਾਏ । ਗੁਰਮੁਖ ਵਿਰਲਾ ਸਾਚਾ ਲਾਲ ਹੈ, ਸ਼ਬਦ ਚੰਡ ਪਰਚੰਡ ਹੱਥ ਉਠਾਏ । ਆਪੇ ਸ਼ਾਹ ਆਪੇ ਕੰਗਾਲ ਹੈ, ਵਿਚ ਬ੍ਰਹਿਮੰਡ ਸਮਾਏ । ਕਰਨਹਾਰ ਸਰਬ ਪ੍ਰਿਤਪਾਲ ਹੈ, ਜੇਰਜ ਅੰਡ ਭੇਵ ਨਾ ਰਾਏ । ਦੀਨਾਂ ਬੰਧਪ ਦੀਨ ਦਿਆਲ ਹੈ, ਭੇਖ ਪਖੰਡਾ ਦਏ ਮਿਟਾਏ । ਫ਼ਲ ਵੇਖੇ ਕਾਇਆ ਡਾਲ੍ਹ ਹੈ, ਸ਼ਬਦ ਹਲੂਣਾ ਏਕਾ ਲਾਏ । ਕਰੇ ਨਿਬੇੜਾ ਸਚ ਸੱਚੀ ਧਰਮਸਾਲ ਹੈ, ਧਰਮ ਰਾਏ ਦਰ ਬੁਲਾਏ । ਜਗਤ ਚਲੇ ਅਵੱਲੜੀ ਚਾਲ ਹੈ, ਜਨਮ ਕਰਮ ਧਰਮ ਅਪਣੇ ਹੱਥ ਰਖਾਏ । ਰੰਗ ਵੇਖ ਸੂਹਾ ਪੀਲਾ ਲਾਲ ਹੈ, ਗੁਰ ਸ਼ਬਦੀ ਕਵਣ ਚੜ੍ਹਾਏ । ਦੀਪਕ ਜੋਤੀ ਆਪੇ ਬਾਲ ਹੈ, ਅੰਧ ਅੰਧੇਰਾ ਰਿਹਾ ਮਿਟਾਏ । ਵਰਨ ਗੋਤੀ ਖੇਲ ਨਿਰਾਲ ਹੈ, ਗੁਰਮੁਖ ਕਾਇਆ ਸੋਤੀ ਆਪ ਜਗਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਦੀਨ ਦੀਨਾਂ ਬੰਦ ਅੰਧ ਅੰਧੇਰ ਮਿਟਾਏ । ਕਲਜੁਗ ਦੀਨ ਝੂਠ ਪਖੰਡ, ਜਗਤ ਵਣਜ ਵਿਹਾਜਿਆ । ਪੁਰਖ ਅਬਿਨਾਸ਼ੀ ਸੁੱਤਾ ਦੇ ਕਰ ਕੰਡ, ਨੌਂ ਦਵਾਰੇ ਮੂਲ ਨਾ ਜਾਗਿਆ । ਗੁਰਮੁਖਾਂ ਮੇਲਾ ਵਿਚ ਬ੍ਰਹਿਮੰਡ, ਆਪ ਆਪਣਾ ਜਨ ਤਿਆਗਿਆ । ਜਗਤ ਵਿਕਾਰਾ ਖੰਡ ਖੰਡ, ਮੇਟ ਮਿਟਾਏ ਤ੍ਰਿਸ਼ਨਾ ਆਗਿਆ । ਸਤਿਜੁਗ ਸਾਚੀ ਸ਼ਬਦ ਦਾਤ ਪ੍ਰਭ ਵੰਡ, ਸੋਹੰ ਸੁਣਾਏ ਸਾਚਾ ਰਾਗਿਆ । ਗੁਰਮੁਖ ਵਿਰਲੇ ਆਤਮ ਬੰਨ੍ਹੇ ਪੱਲੇ ਗੰਢ, ਧੁਰ ਦਰਗਾਹੀ ਦੇਵੇ ਸੱਚਾ ਦਾਜਿਆ । ਮਨਮੁਖ ਜੀਵਾਂ ਆਪੇ ਵੱਢੇ ਕੰਡ, ਕਲਜੁਗ ਰਚਿਆ ਅੰਤਮ ਕਾਜਿਆ । ਮਨ ਮਤੀ ਪਾਇਣ ਡੰਡ, ਸਾਚਾ ਸਾਜਣ ਕਿਸੇ ਨਾ ਸਾਜਿਆ । ਨੌਂ ਖੰਡ ਪ੍ਰਿਥਮੀ ਪਾਈ ਵੰਡ, ਆਪ ਆਪਣੀ ਲਾਇਣ ਅਵਾਜ਼ਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਘੋੜੇ ਹੋ ਅਸਵਾਰ, ਵੇਖੇ ਖੇਲ ਵਿਚ ਸੰਸਾਰ, ਚਿੱਟੇ ਅਸਵ ਸਾਚੇ ਤਾਜਿਆ । ਦੀਨ ਦੁਨੀ ਕਲ ਕਾਲੜਾ, ਕਾਲ ਰੂਪ ਅਪਾਰ । ਨਾ ਕੋਈ ਦੀਸੇ ਰਾਹ ਸੁਖਾਲੜਾ, ਡੂੰਘੀ ਕੰਦਰ ਵਸੇ ਗਾਰ । ਆਪੇ ਬਿਰਧ ਬਾਲ ਜਿਵਾਲੜਾ, ਆਪੇ ਬੈਠਾ ਅੰਧ ਅੰਧਿਆਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਦੀਨ ਦੀਨ ਦੁਨੀ ਮੇਟਣਹਾਰ ਵਿਚ ਸੰਸਾਰ । ਦੀਨ ਸਹੰਸਰ ਜਗਤ ਜਨ, ਜੋਗ ਜੁਗਤ ਅਨੇਕ । ਗੁਰਮੁਖ ਸਾਚੇ ਏਕ ਤਨ, ਕਾਇਆ ਬੁਧ ਬਿਬੇਕ । ਚਰਨ ਪ੍ਰੀਤੀ ਇਕ ਮਨ, ਲੋਕਮਾਤ ਨਾ ਲਾਏ ਸੇਕ । ਆਪਣਾ ਬੇੜਾ ਆਪ ਬੰਨ੍ਹ, ਹਰਿ ਦਰਸ਼ਨ ਨੇਤਰ ਪੇਖ । ਸਾਚਾ ਰਾਗ ਸੁਣ ਕੰਨ, ਪ੍ਰਭ ਲੋਚਨ ਪੇਖਣ ਪੇਖ । ਭਰਮ ਭੁਲੇਖਾ ਨਿਕਲੇ ਜਨ, ਮਸਤਕ ਲਹਿਣਾ ਸਾਚੀ ਮੇਖ । ਰਸਨਾ ਕਹੇ ਧੰਨ ਧੰਨ, ਜਿਸ ਜਨ ਵੇਖਿਆ

੬੯੯
੦੫

ਏਕਾ ਏਕ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੂਨੀ ਦੀਨ ਦੀਨ ਦੁਨੀ ਮਿਟਾਵਣ ਆਇਆ ਲਿਖਿਆ ਲੇਖ । ਮਨ ਕਾਮਲ ਮੁਰਸ਼ਦ ਪੀਰ ਹੈ, ਪੰਜਾਂ ਵਿਚ ਪ੍ਰਧਾਨ । ਆਪੇ ਚੜ੍ਹੇ ਚੋਟੀ ਅਖ਼ੀਰ ਹੈ, ਆਪੇ ਬੈਠੇ ਅੰਧ ਅੰਧਿਆਨ । ਆਪੇ ਪੀਵੇ ਅੰਮ੍ਰਿਤ ਸੀਰ ਹੈ, ਆਪੇ ਦਰ ਦਰ ਹਲਕਾਨ । ਜੋਤੀ ਜੋਤ ਸਰੂਪ ਹਰਿ, ਕਾਇਆ ਵੇਖੇ ਇਕ ਦਰ, ਮਨ ਮਤ ਬੁਧ ਹੋਏ ਦਰਬਾਨ । ਮਨ ਪੰਖੀ ਉਡਾਰੂਆ, ਦਿਵਸ ਰੈਣ ਉਠ ਧਾਏ । ਗੁਰ ਸ਼ਬਦ ਸਾਚਾ ਪਾਹਰੂਆ, ਬੰਦ ਬੰਦੀਖਾਨੇ ਵਿਚ ਰਖਾਏ । ਮਨ ਔਖਦ ਗੁਰ ਚਰਨ ਸਾਚਾ ਦਾਰੂਆ, ਚਰਨ ਧੂੜੀ ਜਾਮ ਪਿਲਾਏ । ਵੇਖਣਹਾਰ ਗੁਪਤ ਜ਼ਾਹਰੂਆ, ਭੇਵ ਅਭੇਦਾ ਵੇਖ ਵਖਾਏ । ਜੋਤੀ ਜੋਤ ਸਰੂਪ ਹਰਿ, ਆਤਮ ਅੰਤਮ ਵੇਖ ਦਰ ਮਨ ਤਨ ਤਨ ਮਨ ਸਾਚਾ ਸੰਗ ਨਿਭਾਏ । ਮਨ ਉਡਾਰੀ ਸੰਤ ਹੈ, ਮੰਦਰ ਸ਼ਬਦ ਬਿਬਾਣ । ਉਪਰ ਵਸੇ ਸਾਚਾ ਕੰਤ ਹੈ, ਹੇਠਾਂ ਵੇਖੇ ਮਾਰ ਧਿਆਨ । ਸਚ ਧਾਰਾ ਸ਼ਬਦ ਬਸੰਤ ਹੈ, ਕਰੇ ਕਰਾਏ ਆਪ ਕਲਿਆਣ । ਗੁਣ ਅਵਗੁਣ ਗਣਤ ਅਗਣਤ ਹੈ, ਹਰਿ ਜਾਣੇ ਗੁਣ ਨਿਧਾਨ । ਸਾਚੀ ਚੋਟੀ ਗੁਰਮੁਖ ਵਿਰਲਾ ਚੜ੍ਹੇ ਸੰਤ ਹੈ, ਧੁਰ ਮਿਲਿਆ ਜਿਸ ਜੀਆ ਸਾਚਾ ਦਾਨ । ਮੇਲ ਮਿਲਾਵਾ ਸਾਚੇ ਕੰਤ ਹੈ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਾਇਆ ਮੰਦਰ ਵੇਖ ਹਰਿ, ਮਨ ਮਧਾ ਮਨ ਮਹਾਨ । ਗੁਰ ਚਰਨ ਨੇਤਰ ਪਦਮ ਹੈ, ਤੀਜਾ ਲੋਇਣ ਵਿਸਥਾਰ । ਨੌਂ ਦਰਵਾਜ਼ੇ ਉਪਰ ਏਕਾ ਕਦਮ ਹੈ, ਵੇਖੇ ਅੱਖ ਉਘਾੜ । ਧਾਰਾ ਜਾਣੇ ਆਪਣੀ ਆਪੇ ਮਧਮ ਹੈ, ਆਪੇ ਵੇਖਣਹਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਾਇਆ ਮੰਦਰ ਵੇਖ ਦਰ, ਮੇਲ ਮਿਲਾਏ ਸਾਚੇ ਮੀਤ ਮੁਰਾਰ । ਚਰਨ ਗੁਰ ਜਗਤ ਨੇਤਰ ਹੈ, ਸਾਂਤਕ ਸਤਿ ਸਰੀਰ । ਜਨਮ ਕਰਮ ਲੇਖਾ ਲਿਖਿਆ, ਆਪੇ ਜਾਨਣਹਾਰ । ਸ੍ਰਿਸ਼ਟ ਸਬਾਈ ਦੀਸੇ ਮਿਥਿਆ, ਪਵਣ ਸ਼ਬਦ ਉਡਾਰ । ਜਿਸ ਜਨ ਗੁਰ ਸ਼ਬਦ ਮਿਲੇ ਸਾਚੀ ਸਿਖਿਆ, ਜਨਮ ਅਜਨਮਾ ਲਏ ਸਵਾਰ । ਗੁਰ ਪੂਰਾ ਪਾਏ ਨਾਮ ਸਾਚੀ ਭਿਛਿਆ, ਕਰਮ ਕੁਕਰਮਾ ਦਏ ਨਿਵਾਰ । ਜਗਤ ਤ੍ਰਿਸ਼ਨਾ ਲਾਹੇ ਵਿਖਿਆ, ਦਰਸ ਦਿਖਾਏ ਅਗੰਮ ਅਪਾਰ । ਸਾਚਾ ਲੇਖ ਆਪੇ ਲਿਖਿਆ, ਆਪੇ ਪਾੜਨਹਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਿਸ ਜਨ ਦੇਵੇ ਸ਼ਬਦ ਵਰ, ਗੁਰ ਪੂਰਾ ਠਾਂਢਾ ਦੀਸੇ ਦਰ ਦਰਬਾਰ ।

ਗੁਰਮੁਖ ਓਟ ਰਖਾਈਆ । ਗੁਰ ਪੂਰਾ ਮੇਲ ਮਿਲਾਏ, ਕਾਇਆ ਚੋਟ ਇਕ ਲਗਾਈਆ । ਸਚ ਸ਼ਬਦੀ ਤੇਲ ਚੜ੍ਹਾਏ, ਜਗਤ ਤ੍ਰਿਸ਼ਨ ਖੋਟ ਗਵਾਈਆ । ਸਾਚਾ ਸੱਜਣ ਸੁਹੇਲ ਅਖਵਾਏ, ਆਲਣ੍ਹਿਓ ਡਿਗੇ ਬੋਟ ਉਠਾਈਆ । ਗੁਰ ਸ਼ਬਦੀ ਗੋਦ ਬਿਠਾਏ, ਏਕਾ ਅੰਮ੍ਰਿਤ ਆਤਮ ਰਸ ਪੋਟ ਭਰਾਈਆ । ਜਗਤ ਤ੍ਰਿਸ਼ਨਾ ਦਏ ਗਵਾਏ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਤਮ ਵੇਖੇ ਸਚ ਦਰ, ਕਵਣ ਵਣਜਾਰਾ ਕਵਣ ਵਣਜ ਕਰਾਈਆ । ਗੁਰਸਿਖ ਆਸ ਪਿਆਸ ਮਨ, ਦਰਸ ਤਰਸ ਲੋਚਨ ਨੈਣਾ । ਸਰਬ ਘਟਾ ਜੋਤ ਪਰਕਾਸ਼ ਜਨ, ਵੇਖ ਵਖਾਣੇ ਲੋਚਨ ਨੈਣਾ । ਸ਼ਬਦ ਵਸੇਰਾ ਨਾ ਕੋਈ ਛੱਪਰੀ ਨਾ ਕੋਈ ਛੰਨ, ਤਨ ਬਸਤਰ ਸ਼ਸਤਰ ਨਾ ਦੀਸੇ ਗਹਿਣਾ । ਘਟ ਘਟ ਅੰਦਰ ਲਾਈ ਬੈਠਾ ਸਨ, ਨਾ ਕੋਈ ਜਾਣੇ ਹਰਿ ਪਛਾਣੇ, ਰਸਨ ਭੇਵ ਕਿਸੇ ਨਾ ਕਹਿਣਾ । ਜਨ ਭਗਤਾਂ ਬੇੜਾ ਰਿਹਾ ਬੰਨ੍ਹ, ਜੁਗਾ ਜੁਗੰਤਰ ਗੁਰ ਪੂਰਾ ਆਪ ਚੁਕਾਏ ਲਹਿਣਾ ਦੇਣਾ । ਭਾਂਡਾ ਭਰਮ ਪ੍ਰਭ ਦੇਵੇ ਭੰਨ, ਏਕਾ ਰੰਗਣ ਤਨ ਰੰਗ ਚੜ੍ਹਾਏ ਰਾਏ ਧਰਮ ਨਾ ਦੇਵੇ ਡੰਨ, ਏਕਾ ਰਾਗ ਸੁਣਾਏ ਕੰਨ, ਮਹੱਲ ਅਟੱਲ ਉਚ ਮੁਨਾਰ ਸਾਚੇ ਮੰਦਰ ਏਕਾ ਬਹਿਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਜੋਤ ਧਰ, ਆਤਮ ਵੇਖੇ ਸਚ ਦਰ, ਹਰਿਜਨ ਭਾਣਾ ਰਾਣਾ ਸਿਰ ਤੇ ਸਹਿਣਾ । ਸਮਰਥ ਸਰਬ ਸਿਰਤਾਜ ਹੈ, ਸ਼ਬਦ ਕਰੇ ਜਣਾਈ । ਗੁਰੂਆਂ ਪੀਰਾਂ ਦੇਵੇ ਦਾਜ ਹੈ, ਲੋਕਮਾਤ ਕਰੇ ਕੁੜਮਾਈ । ਆਪੇ ਬੈਠਾ ਮਾਰੇ ਅਵਾਜ਼ ਹੈ, ਦਿਸ ਕਿਸੇ ਨਾ ਆਈ । ਆਪੇ ਆਪਣਾ ਸਾਜਣ ਸਾਜ ਹੈ, ਸਾਜਣਹਾਰ ਸ੍ਰਿਸ਼ਟ ਸਬਾਈ । ਹਰਿ ਭਗਤਨ ਰੱਖਣਹਾਰਾ ਲਾਜ ਹੈ, ਜਿਸ ਜਨ ਏਕਾ ਓਟ ਰਖਾਈ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਸਾਧ ਸੰਤ ਦਏ ਵਡਿਆਈ । ਸਾਧ ਸੰਤ ਹਰਿ ਅਰਾਧਿਆ, ਮਿਲਿਆ ਧਨ ਅਪਾਰ । ਸ਼ਬਦ ਜਣਾਏ ਬੋਧ ਅਗਾਧਿਆ, ਤਨ ਮਨ ਠਾਂਢਾ ਸੀਤਲ ਧਾਰ । ਮਿਟਿਆ ਜਗਤ ਵਾਦ ਵਿਵਾਦਿਆ, ਸਾਚਾ ਮੇਲਾ ਮੀਤ ਮੁਰਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣਾ ਵੇਖ ਦਰ, ਖੇਲੇ ਖੇਲ ਖੇਲਣਹਾਰ । ਸੰਤ ਮਿਲੀ ਵਡਿਆਈ ਨਾਮ ਉਪਨਿਆ । ਹੋਈ ਤਨ ਰੁਸ਼ਨਾਈ, ਰਾਗ ਸੁਣਾਏ ਸਾਚਾ ਕੰਨਿਆ । ਤਨ ਮੰਦਰ ਵੱਜੀ ਵਧਾਈ, ਪਰਕਾਸ਼ ਆਕਾਸ਼ ਚੰਨ ਚੰਨਿਆ । ਅੰਧ ਅੰਧੇਰ ਮੇਟ ਮਿਟਾਈ, ਜੋਤੀ ਜੋਤ ਸਰੂਪ ਹਰਿ, ਆਪ ਆਪਣਾ ਵੇਖ ਦਰ, ਭਗਤ ਬੇੜਾ ਜਗਤ ਬੰਨ੍ਹਿਆ । ਸੰਤ ਬਣਾਈ ਜਗਤ ਜੁਗਤ, ਪ੍ਰਭ ਡੋਰੀ ਹੱਥ ਫੜਾਈਆ । ਆਪੇ ਜਾਣੇ ਭਗਤੀ ਭੁਗਤ, ਚੋਰ ਚੋਰੀ ਰਿਹਾ ਕਮਾਈਆ । ਗੁਰਮੁਖ ਨਾ ਜਾਣੇ ਮੋਖ ਮੁਕਤ, ਦਰ ਦਵਾਰ ਰਹੀ ਸ਼ਰਮਾਈਆ । ਦਰਸ ਦਾਨ ਪ੍ਰਭ ਇਕ ਭੁੱਖਤ, ਸੰਤ ਦਵਾਰੇ ਪੈਜ ਰਖਾਈਆ । ਸੰਤ ਸੁਹੇਲਾ ਸਾਧਨ ਸਾਚੀ ਜੁਗਤ, ਰਸਨਾ ਅਰਾਧਨ ਅਰਾਧ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਤਨ ਮਿਲਿਆ ਸਾਚਾ ਮੇਲਾ, ਸ਼ਬਦੀ ਬਣਤ ਬਣਾਈਆ । ਸੰਤ ਬਣਾਇਆ ਮੀਤ, ਸੰਤ ਸਤਿਵਾਦੀਆ । ਚਰਨ ਕਵਲ ਕਮਾਈ ਪ੍ਰੀਤ, ਆਦਿ ਜੁਗਾਦੀਆ । ਅੰਦਰ ਵਸਿਆ ਨੀਤ ਅਨੀਤ, ਪਤਤ ਪੁਨੀਤ ਆਪ ਅਖਵਾਈਆ । ਗਾਏ ਰਸਨਾ ਏਕਾ ਗੀਤ, ਸਿੰਘ ਬੱਗਾ ਤਨ ਬੱਧਾ ਤੱਗਾ ਆਪਣੀ ਕਰੀ ਆਪ ਕੁੜਮਾਈਆ । ਸ਼ਬਦ ਪਾਇਆ ਤਨ ਸਾਚਾ ਝੱਗਾ, ਕਾਇਆ ਚੋਲਾ ਨਾਮ ਰਖਾਈਆ । ਆਪ ਬੁਝਾਏ ਨੌਂ ਦਵਾਰੇ ਲੱਗੀ ਅੱਗ, ਮੁਖ ਸਗਨੀ ਸਗਨ ਲਗਾਈਆ । ਦਾਤਾ ਜੋਧਾ ਸੂਰਾ ਸਰਬਗ, ਆਪਣੇ ਹੱਥ ਰੱਖੇ ਵਡਿਆਈਆ । ਹਰਿ ਸੰਤ ਸੁਹੇਲੇ ਆਪ ਬਣਾਏ ਹੰਸ ਕੱਗ, ਕਾਗ ਹੰਸ ਬਣਾਈਆ । ਚਰਨ ਸਰਨ ਸਰਨ ਚਰਨ ਜੋ ਜਨ ਸਾਚੇ ਸਾਚੀ ਲੱਗ, ਸਾਚੀ ਸੇਵ ਕਮਾਈਆ । ਆਪੇ ਵਸੇ ਉਪਰ ਸ਼ਾਹਰਗ, ਗੁਰ ਸ਼ਬਦੀ ਭੇਖ ਵਟਾਈਆ । ਏਕਾ ਦੇਵੇ ਏਕਾ ਸੇਵ, ਗੁਰ ਪੂਜੇ ਸਾਚੇ ਪਗ, ਪਤ ਪਤਵੰਤਾ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਤਮ ਵੇਖੇ ਇਕ ਦਰ, ਸੰਤ ਸੁਹੇਲਾ ਸਚ ਘਰ ਸਾਚੇ ਨੁਹਾਵਣ ਨੁਹਾਈਆ । ਸੰਤ ਰੂਪ ਸਤਿ ਇਸ਼ਟ ਹੈ, ਆਤਮ ਦ੍ਰਿਸ਼ਟ ਖੁਲ੍ਹਾਏ । ਹਰਿ ਖੇਲੇ ਖੇਲ ਅਨੂਪ ਹੈ, ਜਿਉਂ ਰਾਮਾ ਵਸ਼ਿਸ਼ਟ ਸਹਾਏ । ਆਪੇ ਬੈਠਾ ਅੰਧ ਕੂਪ ਹੈ, ਨੂਰ ਜੋਤੀ ਡਗਮਗਾਏ । ਮਨ ਵਣਜਾਰਾ ਜਗਤ ਝੂਠ ਹੈ, ਠੱਗ ਠਗੋਰੀ ਪਾਏ । ਦਹਿ ਦਿਸ਼ਾ ਚਾਰੇ ਕੂਟ ਹੈ, ਪ੍ਰਭ ਅਬਿਨਾਸ਼ੀ ਸਾਰ ਨਾ ਰਾਏ । ਹਰਿਜਨ ਹਰਿ ਸ਼ਬਦ ਪੰਗੂੜਾ ਰਿਹਾ ਝੂਟ ਹੈ, ਪਵਣ ਹੁਲਾਰ ਰਖਾਏ । ਤੀਰ ਨਿਰਾਲਾ ਰਿਹਾ ਛੂਟ ਹੈ, ਸੋ ਮੁਖੀ ਨਾਮ ਲਗਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੇ ਵਿਚ ਸਮਾਏ । ਥਿਰ ਘਰ ਅਪਾਰ ਹਰਿ ਬਣਾਇਆ । ਜੋਤੀ ਨੂਰ ਕਰ ਆਕਾਰ, ਏਕਾ ਤਨ ਪਰਕਾਸ਼ ਕਰਾਇਆ । ਸ਼ਬਦ ਰਖ ਸੱਚੀ ਸਰਕਾਰ, ਨਾਦ ਅਨਾਦੀ ਧੁਨ ਵਜਾਇਆ । ਰੂਪ ਅਗੰਮ ਅਗੰਮ ਅਪਾਰ, ਸਾਚਾ ਮੰਦਰ ਇਕ ਸੁਹਾਇਆ । ਨਾ ਮਰੇ ਨਾ ਜਨਮੇ ਵਿਚ ਸੰਸਾਰ, ਆਦਿ ਅੰਤ ਏਕਾ ਰੰਗ ਸਮਾਇਆ । ਨਾ ਖ਼ੁਸ਼ੀ

੭੦੨
੦੫

ਨਾ ਗਮ, ਰੇਖ ਮੇਖ ਬਿਸ ਨਾ ਆਇਆ । ਪਵਣ ਸਵਾਸੀ ਨਾ ਲਗੇ ਦਮਾ, ਜੋਤ ਆਧਾਰ ਕਰਮ ਕਰਮਾ ਕਰਦਾ ਆਇਆ । ਦਰ ਦਰਵਾਜ਼ਾ ਨਾ ਕੋਈ ਪੌੜਾ, ਅੰਦਰ ਬਾਹਰ ਨਾ ਕੋਈ ਰਖਾਇਆ । ਨਾ ਕੋਈ ਦੀਸੇ ਚੋਬਦਾਰ, ਧੰਨ ਧੰਨਾ ਨਾ ਨਜ਼ਰੀ ਆਇਆ । ਆਪੇ ਬੈਠ ਸੱਚੀ ਸਰਕਾਰ, ਆਪ ਆਪਣੀ ਬਣਤ ਬਣਾਇਆ । ਨਾ ਕੋਈ ਦੀਸੇ ਚਾਰ ਕੁੰਟ ਦਿਵਾਰ, ਦਹਿ ਦਿਸ਼ਾ ਭੇਵ ਨਾ ਰਾਇਆ । ਖਾਣੀ ਬਾਣੀ ਜੇਰਜ ਅੰਡ ਨਾ ਕੋਈ ਵਿਚਾਰ, ਉਤਭੁਜ ਸੇਤਜ ਨਾ ਜਾਣੇ ਧਾਰ, ਆਪ ਆਪਣੀ ਰਚਨ ਰਚਾਇਆ । ਸਚ ਮਹੱਲ ਅਟੱਲ ਉਚ ਮੁਨਾਰ, ਘਟ ਘਟ ਵਾਸੀ ਇਕ ਸਮਾਇਆ । ਦੀਪਕ ਜੋਤੀ ਕਰ ਉਜਿਆਰ, ਅੰਧ ਅੰਧੇਰ ਰਹਿਣ ਨਾ ਪਾਇਆ । ਵਰਨ ਗੋਤੀ ਵਸੇ ਬਾਹਰ, ਸੰਝ ਸਵੇਰ ਨਾ ਕੋਈ ਜਣਾਇਆ । ਅਚਲ ਅਖਲ ਪ੍ਰਬਲ ਮਹੱਲ ਉਸਾਰ, ਸ਼ਬਦ ਸਿੰਘਾਸਣ ਇਕ ਰਚਾਇਆ । ਥਿਰ ਘਰ ਸਚ ਦਰਬਾਰ, ਪ੍ਰਭ ਸਾਚਾ ਆਪ ਸੁਹਾਇੰਦਾ । ਸ਼ਾਹੋ ਭੂਪ ਦਾਤ ਦਾਤਾਰ, ਆਪ ਆਪਣੀ ਰਚਨ ਰਚਾਇੰਦਾ । ਨਾ ਵਸਤ ਸ਼ਬਦ ਭੰਡਾਰ, ਪੁਰੀਆਂ ਲੋਆਂ ਵਿਚ ਟਿਕਾਇੰਦਾ । ਵਰਤੇ ਵਰਤਾਵੇ ਵਿਚ ਸੰਸਾਰ, ਮਾਤ ਪਾਤਾਲ ਆਕਾਸ਼ ਬਣਤ ਬਣਾਇੰਦਾ । ਨੌਂ ਖੰਡ ਪ੍ਰਿਥਮੀ ਏਕਾ ਧਾਰ, ਸੱਤਾਂ ਦੀਪਾਂ ਮਾਇਆ ਜਾਲ ਵਿਛਾਇੰਦਾ । ਲੱਖ ਚੁਰਾਸੀ ਕਰ ਪਿਆਰ, ਦਰ ਦਰਵਾਜ਼ਾ ਇਕ ਖੁਲ੍ਹਾਇੰਦਾ । ਕਰਨੀ ਕਿਰਤ ਆਪਣੀ ਆਪ ਵਿਚਾਰ, ਧਰਨੀ ਧੀਰਤ ਧਰਾਇੰਦਾ । ਅੰਮ੍ਰਿਤ ਆਤਮ ਮੇਘ ਅਪਾਰ, ਏਕਾ ਮੇਘ ਹਰਿ ਬਰਸਾਇੰਦਾ । ਸ਼ਬਦ ਤੇਗ ਨਾਮ ਕਟਾਰ, ਜੋਤ ਸਰੂਪੀ ਗਲ ਲਟਕਾਇੰਦਾ । ਥਿਰ ਘਰ ਖੋਲ੍ਹੇ ਬੰਦ ਕਿਵਾੜ, ਆਪਣੀ ਹੱਥੀਂ ਕੁੰਡਾ ਲਾਹਿੰਦਾ । ਆਪੇ ਹੋਏ ਪਿਛੇ ਅਗਾੜ, ਦੂਸਰ ਕੋਈ ਦਿਸ ਨਾ ਆਇੰਦਾ । ਜੋਤ ਨਿਰੰਜਣ ਲਾੜੀ ਲਾੜ, ਸ਼ਬਦ ਲਾੜਾ ਨਾਲ ਸੁਹਾਇੰਦਾ । ਸਤਿ ਸਤਿਵਾਦੀ ਆਦਿ ਜੁਗਾਦੀ ਸਦਾ ਬ੍ਰਹਿਮਾਦੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਥਿਰ ਘਰ ਵਸੇ ਇਕ ਦਰ, ਦਰ ਦਰਵਾਜ਼ਾ ਗਰੀਬ ਨਿਵਾਜ਼ਾ ਆਪਣਾ ਬੰਦ ਰਖਾਇੰਦਾ । ਥਿਰ ਘਰ ਬਣਾਈ ਬਣਤ ਆਪ ਬਣਾਇਆ । ਗੁਰਮੁਖ ਵਿਰਲਾ ਜਾਣੇ ਸੰਤ, ਪ੍ਰਭ ਆਪੇ ਆਪ ਜਣਾਇਆ । ਭਰਮੇ ਭੁੱਲੇ ਮਾਤ ਬੇਅੰਤ, ਰਸਨਾ ਵਾਦ ਵਧਾਇਆ । ਹਰਿਜਨ ਮੇਲਾ ਸਾਚੇ ਕੰਤ, ਬੋਧ ਅਗਾਧਾ ਸ਼ਬਦ ਜਣਾਇਆ । ਰਸਨਾ ਗਾਓ ਸ਼ਬਦ ਗੁਰ ਸੰਤ, ਗੁਰ ਦੱਛਣਾ ਝੋਲੀ ਪਾਇਆ । ਲੇਖਾ ਜਾਣੇ ਆਦਿ ਅੰਤ, ਜੁਗ ਜੁਗ ਭੇਖੀ ਭੇਖ ਵਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਥਿਰ ਘਰ ਵਸੇ ਇਕ ਘਰ, ਆਪ ਆਪਣਾ ਦਰ ਸੁਹਾਇਆ । ਥਿਰ ਘਰ ਰੂਪ ਅਪਾਰ, ਮਹੱਲ ਅਪਾਰਿਆ । ਪ੍ਰਭ ਚਾੜ੍ਹੇ ਰੰਗ ਲਾਲ ਗੁਲਾਲ, ਕੰਚਨ ਸੂਹੇ ਧਾਰਿਆ । ਮਾਰੇ ਸ਼ਬਦ ਇਕ ਉਛਾਲ, ਇਕੀ ਇਕੀ ਕੋਟ ਆਏ ਬਾਹਰਿਆ । ਸਤਿ ਪੁਰਖ ਨਿਰੰਜਣ ਏਕਾ ਲਾੜ, ਸੁਰਤ ਸ਼ਬਦੀ ਗੋਦ ਉਠਾ ਰਿਹਾ । ਪ੍ਰਭ ਜੋਤੀ ਕਰੇ ਪ੍ਰਿਤਪਾਲ, ਰਸ ਰਸਨਾ ਸੀਰ ਪਿਆ ਲਿਆ । ਨਾ ਕੋਈ ਕਾਲ ਦਿਸੇ ਮਹਾਂਕਾਲ, ਦੀਨ ਦਿਆਲ ਆਪਣੇ ਰੰਗ ਆਪ ਸਮਾ ਰਿਹਾ । ਜੁਗਾ ਜੁਗੰਤ ਅਵੱਲੜੀ ਚਾਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਥਿਰ ਘਰ ਵਸੇ ਇਕ ਘਰ, ਘਰ ਮੰਦਰ ਆਪ ਸੁਹਾਇਆ । ਥਿਰ ਘਰ ਮੰਦਰ ਧੰਨ ਹੈ, ਹਰਿ ਸਾਚੇ ਰਚਨ ਰਚਾਇਆ । ਨਾ ਕੋਈ ਛੱਪਰੀ ਨਾ ਕੋਈ ਛੰਨ ਹੈ, ਨਾ ਕੋਈ ਬਾੜੀ ਬਣਤ ਬਣਾਇਆ । ਨਾ ਕੋਈ ਹੱਡ ਮਾਸ ਨਾੜੀ ਤਨ ਮਨ ਹੈ, ਹੱਥ ਪੈਰ ਨਾ ਸਿਰ ਰਖਾਇਆ । ਨੇਤਰ ਪੇਖਤ ਸੁਣਨ ਨਾ ਕੰਨ ਹੈ, ਭਰਮੀ ਭਰਮ ਜਨ ਗਵਾਇਆ । ਆਪ ਆਪਣਾ ਬੇੜਾ ਬੰਨ੍ਹ ਹੈ, ਬੰਨ੍ਹਣਹਾਰ ਸਰਬ ਰਘੁਰਾਇਆ । ਨਾ ਕੋਈ ਪੁਰਖ ਨਾਰ ਨਾ ਮਨ ਹੈ, ਨਿਰਮਲ ਜੋਤੀ

ਨੂਰ ਸੁਹਾਇਆ । ਥਿਰ ਘਰ ਮੰਦਰ ਅੰਦਰ ਹਰਿ ਅਪਾਰ ਨਾ ਕੋਈ ਲਾਏ ਸੰਨ੍ਹ ਹੈ, ਨਾ ਕੋਈ ਲੁੱਟੇ ਚੋਰ ਯਾਰ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਥਿਰ ਘਰ ਵਸੇਰਾ ਨੇਰਨ ਨੇਰਾ ਨਰਾਇਣ ਨਰ ਨਰ ਨਰਾਇਣ ਨਿਰੰਕਾਰ । ਥਿਰ ਘਰ ਤੇਰੀ ਧਾਰ, ਜੰਤ ਨਾ ਜਾਨਿਆ । ਆਪ ਆਪਣਾ ਪਸਰ ਪਸਾਰ, ਕਰੇ ਖੇਲ ਹਰਿ ਕਰਤਾਰ, ਵਸੇ ਹੱਸੇ ਆਪ ਬਣੇ ਰਾਜਾ ਰਾਣਿਆ । ਸ਼ਬਦ ਭਰੇ ਇਕ ਭੰਡਾਰ, ਦੇਵਣਹਾਰ ਸਰਬ ਸੰਸਾਰਿਆ । ਵਡਾ ਸ਼ਾਹ ਲੇਖਾ ਜਾਣੇ ਜੋਗ ਜੁਗਤ ਜਨ ਭਗਤਾਂ ਕਰੇ ਪਿਆਰ, ਦੇਵੇ ਨਾਮ ਸ਼ਬਦ ਅਪਾਰ, ਖੋਲ੍ਹੇ ਬੰਦ ਕਿਵਾੜ, ਪੰਚ ਵਿਕਾਰਾ ਆਪ ਚਬਾਏ ਆਪਣੀ ਦਾੜ੍ਹ, ਸ਼ਬਦ ਘੋੜੇ ਸਾਚੇ ਚਾੜ੍ਹ, ਜੋਤ ਜਗਾਏ ਬਹੱਤਰ ਨਾੜ, ਮੇਲ ਮਿਲਾਏ ਗੁਰ ਸਤਿਗੁਰ ਸਾਚੇ ਹਾਣੀਆ । ਬਜਰ ਕਪਾਟੀ ਪੜਦਾ ਪਾੜ, ਹਉਮੇ ਹੰਗਤਾ ਦੇਵੇ ਸਾੜ, ਅੰਮ੍ਰਿਤ ਆਤਮ ਜਲ ਧਾਰ ਦੇਵੇ ਠੰਢਾ ਪਾਣੀਆ । ਲੇਖਾ ਚੁੱਕੇ ਜੰਗਲ ਜੂਹ ਉਜਾੜ ਪਹਾੜ, ਦਰ ਘਰ ਸਾਚੇ ਦੇਵੇ ਵਾੜ, ਏਕਾ ਏਕ ਸੁਣਾਏ ਨਿਸ਼ਅੱਖਰ ਵੱਖਰ ਸਾਚੀ ਬਾਣੀਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਥਿਰ ਘਰ ਵਸੇ ਇਕ ਦਰ, ਘਟ ਘਟ ਵੇਖੇ ਜੇਰਜ ਖਾਣੀਆ । ਹਰਿ ਸ਼ਬਦ ਮਿਹਰਵਾਨ, ਹਰਿ ਉਪਾਇਆ । ਜੁਗ ਜੁਗ ਝੁਲਾਏ ਧਰਮ ਨਿਸ਼ਾਨ, ਆਪ ਆਪਣੇ ਰੰਗ ਰੰਗਾਇਆ । ਲੋਆਂ ਪੁਰੀਆਂ ਇਕ ਬਿਬਾਣ, ਏਕਾ ਏਕ ਰਿਹਾ ਉਡਾਇਆ । ਉਪਰ ਬੈਠ ਸ੍ਰੀ ਭਗਵਾਨ, ਪਵਣ ਉਨੰਜਾ ਵਿਚ ਸਮਾਇਆ । ਆਪੇ ਚਤੁਰ ਸੁਘੜ ਸਿਆਣ, ਬੋਧ ਅਗਾਧ ਸ਼ਬਦ ਜਣਾਇਆ । ਆਪੇ ਗੋਪੀ ਆਪੇ ਕਾਹਨ, ਭੇਖਾਧਾਰੀ ਭੇਖ ਕਲਜੁਗ ਖੇਲੇ ਖੇਲ, ਮਾਇਆ ਮਮਤਾ ਮੋਹ ਭੁਲਾਇਆ । ਗੁਰਮੁਖ ਵਿਰਲੇ ਬਖ਼ਸ਼ੇ ਚਰਨ ਧਿਆਨ, ਆਤਮ ਦੇਵੇ ਬ੍ਰਹਮ ਗਿਆਨ, ਸ਼ਬਦ ਅਨਾਦੀ ਨਾਦ ਵਜਾਇਆ । ਅੰਮ੍ਰਿਤ ਆਤਮ ਪੀਣ ਖਾਣ, ਜਗਤ ਤ੍ਰਿਸ਼ਨਾ ਭੇਖ ਮਿਟਾਇਆ । ਸੰਮਤ ਸੰਮਤੀ ਕਰ ਪਛਾਣ, ਬੀਸ ਸਦੀ ਤੇਰਾ ਏਕਾ ਆਣ, ਸ਼ਬਦ ਖੰਡਾ ਹੱਥ ਉਠਾਇਆ । ਨੌਂ ਖੰਡ ਪ੍ਰਿਥਮੀ ਵੇਖੇ ਮਾਰ ਧਿਆਨ, ਸੱਤਾਂ ਦੀਪਾਂ ਵੰਡ ਵੰਡਾਇਆ । ਬ੍ਰਹਮਾ ਸ਼ਿਵ ਦਰ ਕਰ ਧਿਆਨ, ਕਰੋੜ ਤੇਤੀਸਾ ਸੁਰਪਤ ਰਾਜਾ ਇੰਦ ਦਏ ਦੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅੰਤਮ ਵੇਖ ਦਰ, ਭੇਖਾਧਾਰੀ ਭੇਖ ਧਰ, ਅਗੰਮ ਅਗੰਮਾ ਕੇਸਾਧਾਰੀ ਦਿਸ ਨਾ ਆਇਆ । ਵੇਖਣ ਆਇਆ ਗੁਰ ਪੀਰ ਔਲੀਏ ਸ਼ੇਖ਼ ਸ਼ਿਵ ਬ੍ਰਹਮਾ ਵੇਖ ਵਖਾਇਆ । ਸਰਬ ਕਲਾ ਸਮਰਥ ਨਾਥ ਤ੍ਰੈਲੋਕੀ, ਉਠ ਉਠ ਧਾਇਆ । ਲੱਖ ਚੁਰਾਸੀ ਜਾਏ ਝੋਕੀ, ਦਿਸ ਕਿਸੇ ਨਾ ਆਇਆ । ਗੁਰਮੁਖ ਵਿਰਲਾ ਆਤਮ ਮੋਖੀ, ਗੁਰ ਚਰਨ ਸਰਨ ਰਹੇ ਸਰਨਾਇਆ । ਆਪ ਚੜ੍ਹਾਏ ਘਾਟੀ ਔਖੀ, ਹਰਨੀ ਫਰਨੀ ਨੇਤਰ ਲੋਚਨ ਦੇਵੇ ਖੁਲ੍ਹਾਇਆ । ਨੌਂ ਦਵਾਰ ਉਪਰ ਜੋਤੀ, ਗੁਰਮੁਖ ਵਿਰਲਾ ਚੜ੍ਹੇ ਸ਼ਬਦ ਸਾਚੀ ਚੋਟੀ, ਰਾਹ ਭੀੜਾ ਇਕ ਵਖਾਇਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਲੱਖ ਚੁਰਾਸੀ ਵੇਖ ਦਰ, ਆਪ ਕਰਾਏ ਅੰਤਮ ਬੋਟੀ ਬੋਟੀ ਅੰਤਮ ਕਲ ਅੰਤਮ ਆਇਆ ਅੰਤ ਸੰਤ ਭਗਵੰਤਿਆ । ਜੀਵ ਜੰਤ ਕੋਈ ਰਹਿਣ ਨਾ ਪਾਇਆ, ਨਾ ਦਿਸੇ ਦੇਵ ਦੰਤਿਆ । ਨਾਰੀ ਕੰਤ ਨਾ ਕੋਇ ਹੰਢਾਇਆ, ਚੜ੍ਹੇ ਰੰਗ ਨਾ ਤਨ ਬਸੰਤਿਆ । ਧਰਮ ਰਾਏ ਸੰਮਤ ਤੇਰਾਂ ਪਰਗਟ ਹੋਏ ਸਿੰਘ ਸ਼ੇਰ ਸ਼ੇਰ ਦਲੇਰ ਰਾਜ ਰਾਜਾਨਾਂ ਸ਼ਾਹ ਸੁਲਤੰਤਿਆ । ਭਰਮਾ ਡੇਰਾ ਦਏ ਮਿਟਾਏ, ਮਨ ਮਤੀ ਗੁਰ ਬਾਣ ਗੁਰਮਤ ਰਹੀ ਬੁਲਾਏ, ਗੁਰ ਪੂਰਾ ਸ਼ਬਦ ਪਛੰਤਿਆ । ਜੋਤੀ ਜੋਤ ਸਰੂਪ ਹਰਿ, ਆਪ ਚਲਾਏ ਆਪਣੇ ਭਾਣਤਿਆ । ਹਰਿ ਤੱਤ ਅਪਾਰ ਦਿਸ ਨਾ ਆਇਆ । ਨਾ ਕੋਈ ਦੀਸੇ ਬੁੱਧ ਮਨ ਮਤ, ਹੱਡ ਮਾਸ ਨਾੜੀ ਨਾ ਕੋਇ ਰਖਾਇਆ । ਆਦਿ


੭੦੩ ੦੫

ਅੰਤ ਨਾ ਲਾਹੇ ਕੋਈ ਪਤ, ਪਤ ਪਤਵੰਤਾ ਆਪ ਅਖਵਾਇਆ । ਏਕਾ ਸ਼ਬਦ ਸਾਚਾ ਯਤ, ਜੋਤੀ ਚੀਰ ਤਨ ਪਹਿਨਾਇਆ । ਨਿਸ਼ ਅੱਖਰ ਵੇਖੇ ਸਾਚਾ ਸਤਿ, ਦਿਸ ਕਿਸੇ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਹਿਸੇ ਰਿਹਾ ਵੰਡਾਇਆ । ਕਲਜੁਗ ਵੰਡ ਵੰਡਾਈ, ਬੀਸ ਚੌਬੀਸਿਆ । ਸ਼ਬਦ ਗੰਢ ਇਕ ਘਲਾਈ, ਵਰੇ ਰਾਗ ਰਾਗਨੀ ਹਰਿ ਛਤੀਸਿਆ । ਪਵਣ ਠੰਢ ਪ੍ਰੇਮ ਚਲਾਈ, ਚਵਰ ਝੁਲਾਏ ਸਾਚੇ ਸੀਸਿਆ । ਆਤਮ ਬ੍ਰਹਿਮੰਡ ਖੋਜ ਖੁਜਾਈ, ਨਾ ਕੋਈ ਜਾਣੇ ਕੁਰਾਨ ਹਦੀਸਿਆ । ਜੇਰਜ ਅੰਡ ਵੇਖ ਵਖਾਈ, ਲੇਖ ਲਿਖਾਏ ਵਿਚ ਉਨੀਸਿਆ । ਚੰਡ ਪਰਚੰਡ ਹੱਥ ਉਠਾਈ, ਦੇ ਸਜਾਏ ਮੂਸਾ ਈਸਿਆ । ਲੱਖ ਚੁਰਾਸੀ ਕੰਡ ਵਢਾਈ, ਰਾਜ ਰਾਜਾਨਾ ਖਾਲੀ ਖੀਸਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਪੀਸਣ ਪੀਸਿਆ । ਕਲਜੁਗ ਵੰਡੀ ਵੰਡ, ਆਪ ਵੰਡਾਈਆ । ਪਾਇਆ ਅੰਤਮ ਹਿੱਸਾ ਖੰਡ ਖੰਡ ਸ੍ਰਿਸ਼ਟ ਸਬਾਈਆ । ਪੁਰਖ ਅਬਿਨਾਸ਼ੀ ਨੇਤਨ ਨੇਤਾ ਨਾ ਦੀਸੇ ਨਾਰ ਦੁਹਾਗਣ ਰੰਡ ਦਏ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਬੋਧ ਅਗਾਧ ਸ਼ਬਦ ਜਣਾਈਆ । ਏਕਾ ਏਕ ਏਕ ਇਕੀਸਿਆ । ਬੀਸ ਚੌਬੀਸ ਇਕੀਸ ਬਤੀਸ ਆਪਣੇ ਰੰਗ ਮੌਲਿਆ । ਸ਼ਬਦ ਤਾਜ ਸਾਚਾ ਸੀਸ, ਸੋਹੰ ਤਾਜ ਮੁਖੀ ਬੋਲਿਆ । ਜਗਤ ਕਾਜ ਕਰੇ ਜਗਦੀਸ, ਧਰਮ ਦਵਾਰਾ ਏਕਾ ਖੋਲ੍ਹਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਕਾਇਆ ਚੋਲਿਆ । ਸੋਹੰ ਤਾਜ ਪੰਚਮ ਮੁਖ, ਮੋਖ ਮੁਗਧ ਗੁਰ ਸਾਂਈਆ । ਜੁਗਾ ਜੁਗੰਤ ਮਿਟੇ ਦੁਖ, ਵਡ ਦਾਤਾ ਬੇਪਰਵਾਹੀਆ । ਉਜਲ ਕਰੇ ਧਰਤ ਮਾਤ ਤੇਰੀ ਕੁਖ, ਆਪ ਆਪਣੀ ਬਣਤ ਬਣਾਈਆ । ਗਰਭਵਾਸ ਨਾ ਉਲਟਾ ਰੁਖ਼, ਜੋਤੀ ਜਾਮਾ ਦਇਆ ਕਮਾਈਆ । ਸ਼ਬਦ ਸਰੂਪੀ ਸਾਚਾ ਸੁਖ, ਘਰ ਆਪਣੇ ਇਕ ਰਖਾਈਆ । ਜਗਤ ਵਸੂਰਾ ਉਤਰੇ ਦੁੱਖ, ਜੋ ਜਨ ਦਵਾਰੇ ਦਰਸ਼ਨ ਪਾਈਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਮੁਖ ਪੰਚਮ ਤਾਜ ਸ੍ਰਿਸ਼ਟ ਸਬਾਈ ਰੱਖੇ ਲਾਜ, ਸਤਿਗੁਰ ਸਾਚੇ ਰਚਿਆ ਕਾਜ, ਸੀਸ ਆਪਣੇ ਆਪ ਟਿਕਾਈਆ ।



੭੦੪ ੦੫

### ★ ੧੧ ਹਾੜ ੨੦੧੩ ਬਿਕ੍ਰਮੀ ਹਰਿ ਭਗਤ ਦਵਾਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ★

ਨਾ ਦੀਸੇ ਤਾਜ ਜਗਤ ਸੀਸ ਸ਼ਾਹੀਆ । ਪ੍ਰਭ ਰਚਿਆ ਸਾਚਾ ਕਾਜ, ਬੇਪਰਵਾਹੀਆ । ਸੁਣਾਏ ਸ਼ਬਦ ਇਕ ਆਵਾਜ਼, ਧੁਰ ਦਰਗਾਹੀਆ । ਨਾ ਕੋਈ ਦੀਸੇ ਗਾਜ਼ੀ ਨਾਜ, ਕਲਜੁਗ ਅੰਤਮ ਵੇਖ ਵਖਾਈਆ । ਜਨ ਭਗਤਾਂ ਰੱਖੇ ਲਾਜ, ਆਪਣੀ ਬਣਤ ਬਣਾਈਆ । ਨਾਮ ਚੜ੍ਹਾਏ ਸ਼ਬਦ ਜ਼ਹਾਜ, ਸਤਾਰਾਂ ਹਾੜੀ ਭੇਵ ਖੁਲ੍ਹਾਈਆ । ਲੇਖਾ ਚੁੱਕੇ ਕਲ ਕਿ ਆਜ, ਅਜਮਤੋ ਕਸਮਤੋ ਅਜ਼ਿਬਵਹਾ ਅਤਿਲਹੇ ਏਕਾ ਰੰਗ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸੇਵਾ ਗੁਰ ਗੋਬਿੰਦ ਲਗਾਈਆ । ਗੁਰ ਗੋਬਿੰਦ ਸੇਵ ਕਮਾਉਣੀ, ਸ਼ਬਦ ਧੁਰ ਫ਼ਰਮਾਣਾ । ਸਵਾ ਪਹਿਰ ਆਤਮ ਜੋਤ ਜਗਾਉਣੀ, ਚਰਨ ਧਿਆਨ ਰਖਾਣਾ । ਗੁਰ ਸੰਗਤ ਦੁਰਮਤ ਮੈਲ ਧੋ ਧੋ ਵਖਾਉਣੀ, ਪੂਤ ਸਪੂਤਾ ਕਰ ਕੁਰਬਾਣਾ । ਚਾਰੇ ਕੁੰਟਾਂ ਦਹਿ ਦਿਸ਼ਾ ਖੇਲ ਰਚਾਉਣੀ, ਫੜ ਫੜ ਤੀਰ ਕਮਾਨਾ । ਪੰਜ ਦਿਵਸ ਪ੍ਰਭ ਆਣ ਰਖਾਉਣੀ, ਏਕਾ ਰੰਗ ਸਮਾਨਾ । ਸ੍ਰਿਸ਼ਟੀ ਸੋਏ

੭੦੫

ਆਲਸ ਨਿੰਦਰਾ ਮਗਰੋਂ ਲਾਹੁਣੀ, ਬਾਰਾਂ ਬਾਰਾਂ ਇਕ ਗਿਆਨਾ । ਦਿਵਸ ਰੈਣ ਨਾ ਕੋਇ ਵਖਾਉਣੀ, ਅਧ ਮਧ ਪਰਮਪਦ ਏਕਾ ਏਕ ਬਿਬਾਣਾ । ਲੱਗੇ ਭਾਗ ਬਹਾਦਰ ਤੇਗ ਤੇਰੀ ਯੱਦ, ਹਰਿ ਏਕਾ ਰੰਗ ਚੜ੍ਹਾਨਾ । ਅੱਧੀ ਰਾਤਰ ਪੁਰਖ ਅਬਿਨਾਸ਼ੀ ਦਸਮ ਦਵਾਰੀ ਘਰ ਸਾਚੇ ਸਦ, ਦਰਸ ਦਿਖਾਏ ਸ੍ਰੀ ਭਗਵਾਨਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੋ ਜਹਾਨੀ ਏਕਾ ਵਰ ਦੇਵੇ ਹਰਿ ਮਿਹਰਵਾਨਾ । ਮਿਹਰਵਾਨ ਰੰਗ ਸਾਚਾ ਲਾਏ, ਹੋਏ ਆਪ ਕਿਰਪਾਲ । ਅੰਮ੍ਰਿਤ ਆਤਮ ਗੰਗ ਵਹਾਏ, ਇਕ ਸੁਹਾਏ ਸਾਚਾ ਤਾਲ । ਦੋ ਜਹਾਨ ਪਤੰਗ ਉਡਾਏ, ਸਿੰਘ ਪਾਲ ਤੇਰਾ ਸਾਚਾ ਲਾਲ । ਗੁਰ ਗੋਬਿੰਦ ਮਰਦੰਗ ਵਜਾਏ, ਤੇਗ ਬਹਾਦਰ ਕਰ ਪ੍ਰਿਤਪਾਲ । ਚਿੱਟੀ ਚਾਦਰ ਅੰਗ ਲਗਾਏ, ਕਲਜੁਗ ਕਾਇਆ ਬਸਤਰ ਲਾਹੇ ਜਾਲ । ਗਊ ਗਰੀਬ ਨਿਮਾਣਿਆ ਭੁੱਖ ਨੰਗ ਕਟਾਏ, ਸ਼ਬਦ ਧਰ ਸਿਰ ਸਚ ਦੁਸ਼ਾਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਗੋਬਿੰਦ ਬਣਾਏ ਸਾਚਾ ਲਾਲ । ਗੁਰ ਗੋਬਿੰਦ ਲਾਲ ਉਪੰਨਾ, ਭੇਦੀ ਭੇਵ ਨਾ ਰਾਇਆ । ਸ਼ਬਦ ਸੁਤ ਪ੍ਰਭ ਏਕਾ ਜੰਮਾ, ਦਾਈ ਦਾਇਆ ਕੋਈ ਦਿਸ ਨਾ ਆਇਆ । ਆਪ ਜਾਣੇ ਆਪਣਾ ਕੰਮਾ, ਗਿਆਰਾਂ ਹਾੜੀ ਹੁਕਮ ਸੁਣਾਇਆ । ਲੇਖੇ ਲੱਗਾ ਕਾਇਆ ਚੰਮਾ, ਪੂਰਨ ਨਾਤਾ ਜਗਤ ਤੁੜਾਇਆ । ਅੱਠੇ ਪਹਿਰ ਵਸੇ ਪ੍ਰਭ ਦਮ ਦਮਾ, ਬਾਹਰ ਰਹੇ ਨਾ ਰਾਇਆ । ਅੰਮ੍ਰਿਤ ਆਤਮ ਦੇਵੇ ਸਾਚਾ ਮੰਮਾ, ਸਤਿ ਸੰਤੋਖੀ ਸੀਰ ਪਿਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲਹਿਣਾ ਦੇਣਾ ਪਿਛਲਾ ਮੂਲ ਰਿਹਾ ਚੁਕਾਇਆ । ਪੂਰਨ ਦੇਹ ਗੋਬਿੰਦ ਗੁਰ, ਮੇਲਾ ਦੀਨ ਦਿਆਲਾ । ਮੇਲਾ ਮਿਲਿਆ ਲਿਖਿਆ ਧੁਰ, ਘਰ ਦਸਵੇਂ ਖੇਲ ਨਿਰਾਲਾ । ਜੋਤੀ ਸ਼ਬਦੀ ਏਕਾ ਸੁਰ, ਸੁਰਤ ਛੱਡੇ ਲੋਕ ਕਾਲਾ । ਨਾ ਕੋਈ ਦੀਸੇ ਰੈਣ ਅੰਧੇਰੀ ਘੋਰ, ਅੱਠੇ ਪਹਿਰ ਰਹੇ ਉਜਾਲਾ । ਹੱਥ ਫੜੇ ਪ੍ਰਭ ਸਾਚੀ ਡੋਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਚਲੇ ਅਵੱਲੜੀ ਚਾਲਾ । ਗੁਰ ਗੋਬਿੰਦ ਗੋਬਿੰਦ ਗੁਰ ਪਾਇਆ, ਭੇਦੀ ਭੇਦ ਅਵੱਲਾ । ਜਗਤ ਪੜਦਾ ਪ੍ਰਭ ਦਏ ਖੁਲ੍ਹਾਇਆ, ਫੜੇ ਸ਼ਬਦ ਹੱਥ ਭੱਲਾ । ਨਿਰਮਲ ਜੋਤੀ ਦਏ ਜਗਾਇਆ, ਨੂਰੀ ਨੂਰ ਕਰਾਏ ਇਕ ਮਹੱਲਾ । ਅਕਾਲ ਤਖ਼ਤ ਤਖ਼ਤ ਅਕਾਲ ਪ੍ਰਭ ਦਏ ਹਿਲਾਇਆ, ਸ਼ਬਦ ਪਾਇਆ ਤਰਥਲਾ । ਗੋਬਿੰਦ ਗੁਰ ਗੁਰ ਗੋਬਿੰਦ ਕਲ ਬੈਠ ਸਜਾਇਆ, ਮਾਇਆ ਮਮਤਾ ਹੋਏ ਛਲਾ । ਸਤਾਰਾਂ ਹਾੜੀ ਲੇਖਾ ਦਏ ਲਿਖਾਇਆ, ਸਰ ਅੰਮ੍ਰਿਤ ਨੀਰ ਚਲਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਸੰਦੇਸ਼ਾ ਦੇਵੇ ਵਰ, ਗੁਰ ਗੋਬਿੰਦਾ ਨਾਲ ਰਲਾਏ ਡੱਲਾ । ਪੰਚਮ ਦਿਵਸ ਜਾਗੇ ਮਿਤਿਆ । ਸਵਾ ਪਹਿਰ ਸਰਨਾਈ, ਅੱਠੇ ਪਹਿਰ ਨਿੱਤ ਨਵਿਤਿਆ । ਸੀਤਲ ਸੀਤਾ ਮੇਲ ਮਿਲਾਏ, ਆਪੇ ਜਾਣੇ ਆਪਣੀ ਰੀਤਿਆ । ਪੂਰਬ ਜਨਮ ਜਨਮ ਦਏ ਜਣਾਈ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਿੰਘ ਪੂਰਨ ਸਾਚੀ ਸੇਵਾ ਹਾੜ ਗਿਆਰਾਂ ਲਾਈ । ਕੰਚਨ ਰੂਪ ਰੰਗ ਅਪਾਰ, ਬਸਤਰ ਤਨ ਛੁਹਾਵਣਾ । ਸ਼ਬਦ ਫੜ ਤੇਜ ਕਟਾਰ, ਪ੍ਰਭ ਸਾਚੇ ਲੇਖ ਲਿਖਾਵਣਾ । ਨੰਗੀ ਪੈਰੀਂ ਹੋ ਖ਼ਬਰਦਾਰ, ਗੁਰਮੁਖਾਂ ਰਾਹ ਤਕਾਵਣਾ । ਕੇਸਰ ਟਿੱਕਾ ਸੀਸ ਦਸਤਾਰ, ਪੰਚਮ ਮੁਖੀ ਆਪ ਲਗਾਵਣਾ । ਸੋਹੰ ਜੋਤੀ ਤਿਖੀ ਧਾਰ, ਕੋਟਨ ਕੋਟੀ ਗੜ੍ਹ ਤੁੜਾਵਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਸਾਚਾ ਮਾਣ ਦਵਾਵਣਾ । ਮਾਣ ਦਵਾਏ ਜਗਤ ਜੁਗ, ਲਹਿਣਾ ਮੂਲ ਚੁਕਾਏ । ਕਲਜੁਗ ਔਧ ਗਈ ਪੁਗ, ਗੁਰਮੁਖ ਸਾਚੇ ਚਰਨ ਲਗਾਏ । ਜਗਤ ਚੋਗ ਜਨ ਲਈ ਚੁਗ, ਆਤਮ ਰੋਗ ਮਿਟਾਏ । ਜੋਤੀ ਜੋਤ ਸਰੂਪ ਹਰਿ,

ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਸਾਚਾ ਮਾਣ ਦਵਾਵਣਾ, ਸਾਚੀ ਸੇਵਾ ਲਾਏ । ਸਾਚੀ ਸੇਵਾ ਸਵਾ ਪਹਿਰ, ਗੁਰਮੁਖਾਂ ਆਪ ਲਗਾਇੰਦਾ । ਰਸਨਾ ਹਰਿ ਗੁਣ ਏਕਾ ਲਹਿਰ, ਸਾਚਾ ਜਾਪ ਜਪਾਇੰਦਾ । ਆਪੇ ਵਰਤੇ ਹਰਿ ਨਿਰਵੈਰ, ਨਿਰਵੈਰੀ ਵਿਚ ਸਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਾਇਆ ਸਾਚਾ ਸੀਰ ਵਹਾਇੰਦਾ । ਕਾਇਆ ਨਗਰ ਵਸੇ ਖੇੜਾ, ਪ੍ਰਭ ਸਾਚਾ ਮਾਤ ਵਸਾਇੰਦਾ । ਜੂਠਾ ਝੂਠਾ ਚੁੱਕੇ ਝੇੜਾ, ਨੇਤਰ ਨੈਣ ਵਖਾਇੰਦਾ । ਹਰਿ ਬਿਨ ਪਾਰ ਲੰਘਾਵੇ ਕਿਹੜਾ, ਲੱਖ ਚੁਰਾਸੀ ਫੰਦ ਕਟਾਇੰਦਾ । ਆਪੇ ਕਟਣਹਾਰਾ ਗੇੜਾ, ਆਪੇ ਭਰਮ ਭੁਲਾਇੰਦਾ । ਸਤਾਰਾਂ ਹਾੜੀ ਖੁਲ੍ਹਾ ਵਿਹੜਾ, ਇਕੀ ਸਿੱਖਾਂ ਸ਼ਬਦ ਜਣਾਇੰਦਾ । ਇਕੀ ਸਿੱਖ ਸ਼ਬਦ ਜਣਾਈ, ਆਤਮ ਜੋਤ ਜਗਦੀਸ । ਧੁਨ ਨਾਦ ਇਕ ਸੁਣਾਈ, ਲੇਖਾ ਚੁਕਾਏ ਰਾਗ ਛਤੀਸ । ਦਰ ਘਰ ਸਾਚੇ ਵੱਜੇ ਵਧਾਈ, ਬੰਦ ਕਰਾਏ ਦੰਦ ਬਤੀਸ । ਗੁਰ ਪੂਰੇ ਸੰਗ ਹੋਏ ਕੁੜਮਾਈ, ਮਾਇਆ ਮਮਤਾ ਜਾਏ ਪੀਸ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਸ਼ਬਦ ਤਾਜ ਬੰਧਾਵੇ ਸੀਸ । ਸ਼ਬਦ ਤਾਜ ਸੀਸ ਬੰਧਾਉਣਾ, ਕਰੇ ਮਿਹਰ ਮਿਹਰਵਾਨਾ । ਧੁਰ ਦਰਗਾਹੀ ਰਾਜ ਦਵਾਉਣਾ, ਸਤਿ ਰਿਖੀ ਮਿਟੇ ਨਿਸ਼ਾਨਾ । ਚੰਦ ਸੂਰਜ ਪ੍ਰਭ ਵਕਤ ਚੁਕਾਉਣਾ, ਭੇਵ ਆਪਣੇ ਹੱਥ ਰਖਾਣਾ । ਨੌਂ ਨਾਥ ਕਲ ਰਹਿਣ ਨਾ ਪਾਉਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਮਹਾਨਾ ।



★ ੧੬ ਹਾੜ ੨੦੧੩ ਬਿਕ੍ਰਮੀ ਹਰਿ ਭਗਤ ਦਵਾਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ★

੭੦੬

੦੫ ਆਪ ਗੁਰ ਆਪੇ ਚੇਲਾ, ਆਪੇ ਆਪ ਲਿਖਾਇਆ । ਆਪ ਕਰਾਇਆ ਆਪਣਾ ਮੇਲਾ, ਵੀਹ ਸਦ ਤੇਰਾਂ ਰੁੱਤ ਸੁਹਾਇਆ । ਅਚਰਜ ਖੇਲ ਹਰਿ ਹਰਿ ਖੇਲਾ, ਦਿਸ ਕਿਸੇ ਨਾ ਆਇਆ । ਸਵਾ ਪਹਿਰ ਰੰਗ ਨਵੇਲਾ, ਗੁਰ ਗੋਬਿੰਦਾ ਸੇਵਾ ਲਾਇਆ । ਆਪੇ ਵਸੇ ਇਕ ਅਕੇਲਾ, ਸੱਜਣ ਸੁਹੇਲਾ ਸਰਬ ਅਖਵਾਇਆ । ਜੋਤ ਨਿਰੰਜਣ ਚਾੜ੍ਹੇ ਤੇਲਾ, ਹਰਿ ਸ਼ਬਦੀ ਲਏ ਪਰਨਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਚੇਲਾ ਵਕਤ ਸੁਹਾਇਆ । ਚੇਲਾ ਗੁਰ ਗੋਬਿੰਦ ਕਾਰ, ਪ੍ਰਭ ਸਾਚੇ ਆਪ ਕਰਾਈਆ । ਲਿਖਿਆ ਲੇਖ ਧੁਰ ਸੱਚੀ ਸਰਕਾਰ, ਸਾਚੇ ਨੇਤਰ ਵੇਖ ਵਖਾਈਆ । ਗੁਣਵੰਤਾ ਗੁਣ ਕਲ ਵਿਚਾਰ, ਵੇਲੇ ਅੰਤਮ ਬਣਤ ਬਣਾਈਆ । ਜੋਤੀ ਜਾਮਾ ਭੇਖ ਅਪਾਰ, ਗੋਬਿੰਦ ਧਾਰਾ ਸ਼ਬਦ ਚਲਾਈਆ । ਆਪੇ ਵਸਿਆ ਹਰਿ ਹਰਿ ਬਾਹਰ, ਰੂਪ ਰੰਗ ਭੇਖ ਵਟਾਈਆ । ਮਿਲਿਆ ਮੇਲ ਗੁਰ ਮੀਤ ਮੁਰਾਰ, ਘਾਲਨ ਘਾਲ ਸੇਵ ਕਮਾਈਆ । ਪੂਤ ਸਪੂਤਾ ਚਰਨ ਦਵਾਰ, ਚਰਨ ਕਵਲ ਰਘੁਰਾਈਆ । ਵੇਖੇ ਪਰਖੇ ਪਰਖਣਹਾਰ, ਜੁਗ ਜੁਗ ਬਣਤ ਬਣਾਈਆ । ਪਰਗਟ ਹੋਏ ਵਿਚ ਸੰਸਾਰ, ਆਪਣਾ ਰੰਗ ਚੜ੍ਹਾਈਆ । ਸ਼ਬਦ ਖੰਡਾ ਸਚ ਕਟਾਰ, ਗੁਰ ਗੋਬਿੰਦੇ ਆਤਮ ਤਨ ਪਹਿਨਾਈਆ । ਦਿਸ ਨਾ ਆਏ ਲੱਖ ਚੁਰਾਸੀ ਵਿਚ ਸੰਸਾਰ, ਹੱਥ ਆਪਣੇ ਮੁੱਠ ਰਖਾਈਆ । ਤਿੱਖੀ ਰਖੇ ਦੋਵੇਂ ਧਾਰ, ਸ੍ਰਿਸ਼ਟ ਸਬਾਈ ਕੁੱਠ ਵਖਾਈਆ । ਬ੍ਰਹਿਮੰਡ ਖੰਡ ਪ੍ਰਭ ਪਾਵੇ ਸਾਰ, ਨੌਂ ਖੰਡ ਵੰਡ ਵੰਡਾਈਆ । ਕਲਗੀ ਤੋੜਾ ਸ਼ਬਦ ਅਪਾਰ, ਸਾਚਾ ਸੀਸ ਟਿਕਾਈਆ । ਨੀਲੇ ਘੋੜੇ ਹੋ ਅਸਵਾਰ, ਨੀਲੀ ਛੱਤੋਂ ਪਾਰ ਕਰਾਈਆ । ਦਾਮਨ ਦਮਕੇ ਅਪਰ ਅਪਾਰ, ਰੂਪ ਰੰਗ ਰੰਗ ਅਨੂਪ ਸਮਾਈਆ । ਕਰੇ ਖੇਲ ਵਾਰ ਅਨਕੇ, ਵਾਸੀ ਪੁਰੀ ਹਰਿ ਘਨਕੇ, ਨਿਹਕਲੰਕੀ ਨਾਉਂ ਰਖਾਈਆ । ਇਕ ਸੁਹਾਏ ਦਵਾਰ

ਬੰਕੇ, ਸੰਬਲ ਨਗਰੀ ਨਾਉਂ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਚੇਲਾ ਮੇਲ ਮਿਲਾਈਆ । ਪੁਰਖ ਅਬਿਨਾਸ਼ੀ ਸਾਚਾ ਗੁਰ, ਗੁਰ ਗੋਬਿੰਦ ਜਗ ਚੇਲਾ । ਮਸਤਕ ਲਹਿਣਾ ਮਿਲਿਆ ਧੁਰ, ਪ੍ਰਭ ਪਾਇਆ ਸੱਜਣ ਸੁਹੇਲਾ । ਜੋਤੀ ਸ਼ਬਦੀ ਜੋੜੀ ਗਈ ਜੁੜ, ਨਾ ਹੋਏ ਵਕਤ ਦੁਹੇਲਾ । ਕਲਜੁਗ ਬੇੜੀ ਰਹੀ ਰੁੜ੍ਹ, ਗੁਰ ਸੰਗਤ ਗੁਰ ਮਿਲਣ ਦਾ ਵੇਲਾ । ਸ਼ਬਦ ਸਰੂਪੀ ਆਪੇ ਆਏ ਚੜ੍ਹ ਘੋੜ, ਵੇਖੇ ਖੇਲ ਇਕ ਅਕੇਲਾ । ਸਤਾਰਾਂ ਹਾੜੀ ਸ਼ਬਦੀ ਔੜ, ਵੇਖੇ ਪਰਖੇ ਮਿੱਠੇ ਕੌੜ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮੇਲ ਮਿਲਾਏ ਗੁਰ ਗੁਰ ਚੇਲਾ । ਚੇਲਾ ਗੁਰ ਗੋਬਿੰਦ, ਦਰ ਪੂਰੇ ਨਿਮਸਕਾਰਿਆ । ਤੁਧ ਬਿਨ ਅਵਰ ਨਾ ਦੀਸੇ ਕੋਈ ਹੋਰ, ਮਾਤ ਪਿਤ ਜਗਤ ਜਗਦੀਸ ਆਦਿ ਅੰਤ ਨਾ ਪਾਰਾਵਾਰਿਆ । ਲੱਖ ਚੁਰਾਸੀ ਲੜੀ ਗੁੰਦ, ਨਾਤਾ ਤੋੜੇ ਪੰਚਮ ਚੋਰ, ਸ਼ਬਦ ਫੜ ਤੇਜ ਕਟਾਰਿਆ । ਲੇਖਾ ਚੁਕੇ ਮੋਰ ਤੋਰ, ਕਲਜੁਗ ਮਿਟੇ ਅੰਧਘੋਰ, ਪਰਗਟ ਹੋਏ ਨਿਹਕਲੰਕ ਬਲੀ ਬਲਕਾਰਿਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਆਪ ਆਪਣਾ ਵੇਖ ਘਰ, ਗੁਰ ਚੇਲਾ ਏਕਾ ਧਾਮ ਸੁਹਾ ਰਿਹਾ । ਗੁਰ ਚੇਲਾ ਧਾਮ ਸੁਹਾਏ, ਪ੍ਰਭ ਸਾਚੇ ਬਣਤ ਬਣਾਈਆ । ਆਪਣਾ ਮੇਲਾ ਆਪ ਕਰਾਏ, ਮਹਿੰਮਾ ਅਗਣਤ ਗਣੀ ਨਾ ਜਾਈਆ । ਲੱਖ ਚੁਰਾਸੀ ਦਏ ਸਜਾਏ, ਨਾ ਸਕੇ ਕੋਇ ਛੁਡਾਈਆ । ਜੋੜਾ ਘੋੜਾ ਇਕ ਰਖਾਏ, ਦਿਸ ਕਿਸੇ ਨਾ ਆਈਆ । ਸ਼ਬਦ ਹਥੌੜਾ ਹੱਥ ਉਠਾਏ, ਮਿੱਠਾ ਕੌੜਾ ਭੰਨ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲੁਕਿਆ ਰਹਿਣ ਨਾ ਦੇਵੇ ਕੋਈ ਗੁੱਠਾ, ਸੱਤਾਂ ਦੀਪਾਂ ਵੇਖ ਵਖਾਈਆ । ਲੱਖਣ ਕਰੋਚ ਜੰਬੂ ਪੁਸ਼ਕਰ ਨੇਤਰ ਵੇਖੇ ਤੀਜੇ ਸਾਨ ਸਲਮਲ ਕੁਸ਼ਾ ਪ੍ਰਭ ਚਰਨੀ ਦਰ ਦਹਿਲੀਜ਼ੇ । ਜੋਤੀ ਨੂਰ ਹਰਿ ਹਜ਼ੂਰ ਏਕਾ ਝਿਲਮਿਲ ਗੁਰਮੁਖ ਵਿਰਲੇ ਆਤਮ ਤਨ ਪਤੀਜ਼ੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਚੇਲਾ ਬਹਾਏ ਇਕ ਘਰ, ਕਲਜੁਗ ਆਪਣੀ ਹੱਥੀਂ ਕਰੇ ਰੀਝੇ । ਗੁਰ ਗੋਬਿੰਦ ਜਗ ਸਾਚਾ ਮੇਲਾ, ਪ੍ਰਭ ਸਾਚੇ ਮਾਤ ਸਵਾਰਨਾ । ਇਕ ਨੌਂ ਦੋ ਅੱਠ ਗੁਰਮੁਖ ਲੈਣਾ ਵਿਚਾਰ । ਪ੍ਰਭ ਦਰਸ ਯਾਤਰਾ ਅਠਸਠ, ਗੰਗਾ ਗੋਦਾਵਰੀ ਹੋਏ ਪਨਿਹਾਰ । ਹੰਕਾਰ ਵਿਕਾਰਾ ਜਾਏ ਢੱਠ, ਸ਼ਬਦ ਮੇਲਾ ਅਪਰ ਅਪਾਰ । ਹਰਿ ਦਰਸ਼ਨ ਮੇਲਾ ਨੱਠ ਨੱਠ, ਲੋਕਮਾਤੀ ਵਣਜ ਵਾਪਾਰ । ਕਲਜੁਗ ਗੇੜ ਉਲਟੀ ਲੱਠ, ਨਰ ਨਾਰੀ ਹੋਏ ਖੁਆਰ । ਸ੍ਰਿਸ਼ਟ ਸਬਾਈ ਹੋਏ ਭੱਠ, ਗੁਰਮੁਖ ਵਿਰਲਾ ਉਤਰੇ ਪਾਰ । ਨਾ ਕੋਈ ਦੀਸੇ ਮੰਦਰ ਸ਼ਿਵਦਵਾਲਾ ਮੱਠ, ਮਸਜਿਦ ਅੰਦਰ ਧੁੰਦੂਕਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚਾ ਸੰਤ ਦੁਲਾਰਾ ਇਕ ਕਰੇ ਤਿਆਰ । ਇਕ ਇਕੀ ਪ੍ਰਭ ਸਾਚੇ ਪਾਉਣੀ, ਕਲਜੁਗ ਅੰਤ ਕੁੜਮਾਈਆ । ਨਿੱਕੀ ਸਿਖੀ ਸੰਗ ਰਲਾਉਣੀ, ਲੱਖ ਚੁਰਾਸੀ ਨਾਤਾ ਆਪ ਤੁੜਾਈਆ । ਤਿੱਖੀ ਧਾਰਾ ਇਕ ਵਖਾਉਣੀ, ਹੋਏ ਪਰਤਖ ਦਰਸ ਦਿਖਾਈਆ । ਪੂਰ ਕਰਾਏ ਆਤਮ ਭਾਉਣੀ, ਪਾਰਬ੍ਰਹਮ ਬ੍ਰਹਮ ਮੇਲ ਮਿਲਾਈਆ । ਲੇਖਾ ਚੁੱਕੇ ਹਾੜੀ ਸਾਉਣੀ, ਇਕ ਬਹਾਰ ਬਸੰਤ ਰਖਾਈਆ । ਆਤਮ ਸਰ ਨੁਹਾਏ ਸਾਚੀ ਨਹਾਉਣੀ, ਦੁਰਮਤ ਮੈਲ ਰਿਹਾ ਗਵਾਈਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਸਤਾਰਾਂ ਹਾੜੀ ਫ਼ਲ ਫੁਲਵਾੜੀ ਕਾਇਆ ਤਨ ਸਚ ਕਿਆਰੀ ਆਪਣੀ ਹੱਥੀਂ ਬੂਟਾ ਲਾਈਆ । ਆਪਣੇ ਹੱਥ ਰੱਖ ਵਡਿਆਈ, ਸਮਰਥ ਕਲ ਵਰਤਾਇੰਦਾ । ਜੋਗ ਜੁਗਤ ਜਗਤ ਨਾ ਜਾਣੇ ਰਾਈ, ਭਾਓ ਭਗਤ ਪ੍ਰੇਮ ਨਾ ਕੋਇ ਕਮਾਇੰਦਾ । ਪੜ੍ਹ ਪੜ੍ਹ ਥੱਕੀ ਮਾਤ ਲੋਕਾਈ, ਗੁਰ ਗੋਬਿੰਦ ਗੋਬਿੰਦ ਗੁਰ ਦਿਸ ਕਿਸੇ ਨਾ ਆਇੰਦਾ । ਗੁਰ ਬਾਣੀ


੭੦੭ ੦੫

ਨਾਤਾ ਧੀ ਜਵਾਈਂ, ਲਹਿਣਾ ਦੇਣਾ ਮੂਲ ਚੁਕਾਇੰਦਾ । ਕਲਜੁਗ ਅੰਤਮ ਦਏ ਦੁਹਾਈ, ਸਾਧ ਸੰਤ ਨਾ ਕੋਈ ਛਡਾਇੰਦਾ । ਲੱਖ ਚੁਰਾਸੀ ਪੈਣੀ ਫਾਹੀ, ਪ੍ਰਭ ਸਾਚੀ ਬਣਤ ਬਣਾਇੰਦਾ । ਵਰਨ ਅਵਰਨੀ ਭੁੱਲੇ ਜਗਤ ਰਾਹੀ, ਸਾਚਾ ਮਾਹੀ ਦਿਸ ਨਾ ਆਇੰਦਾ । ਵੇਖ ਵਖਾਣੇ ਥਾਉਂ ਥਾਈਂ, ਨੌਂ ਸਤ ਫੋਲ ਫੁਲਾਇੰਦਾ । ਪੁਰੀਆਂ ਲੋਆਂ ਅਗੰਮ ਅਥਾਹੀ, ਬ੍ਰਹਮਾ ਸ਼ਿਵ ਇੰਦ ਹਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਰਵ ਸੱਸ ਚਰਨ ਕਵਲ ਦੇਵੇ ਝੱਸ, ਨੱਸ ਨੱਸ ਨਾ ਕੋਇ ਪੰਧ ਮੁਕਾਇੰਦਾ । ਰਵ ਸਸ ਮਾਤ ਪਰਕਾਸ਼, ਆਕਾਸ਼ ਦਿਸ ਨਾ ਆਈਆ । ਪੁਰਖ ਅਬਿਨਾਸ਼ੀ ਉਪਰ ਦਾਸੀ ਦਾਸ, ਦਾਸਨ ਦਾਸੀ ਜੀਵ ਲਗਾਈਆ । ਆਪੇ ਜਾਣੇ ਆਪਣੇ ਮੰਡਲ ਸਾਚੀ ਰਾਸ, ਆਪਣੀ ਬਣਤ ਬਣਾਈਆ । ਵੇਖ ਵਖਾਣੇ ਪ੍ਰਿਥਮੀ ਆਕਾਸ਼, ਪੁਰੀਆਂ ਲੋਆਂ ਵਿਚ ਸਮਾਈਆ । ਲੱਖ ਚੁਰਾਸੀ ਬਣਤ ਬਣਾਏ ਹੱਡ ਨਾੜੀ ਮਾਸ, ਆਪ ਆਪਣਾ ਵਿਚ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲ ਇਕ ਅਬਿਨਾਸ਼, ਅਬਿਨਾਸ਼ੀ ਪੁਰਖ ਹਰਿ ਹਰ ਥਾਈਆ । ਹਰਿ ਰੰਗ ਪ੍ਰਭ ਸਾਚੇ ਆਪ ਰੰਗਾਇਆ । ਕਲਜੁਗ ਅੰਤਮ ਮੰਗੀ ਮੰਗ, ਲੱਖ ਚੁਰਾਸੀ ਹੋਈ ਨੰਗ, ਪ੍ਰਭ ਸਾਚਾ ਦਏ ਸਜਾਇਆ । ਬਾਲ ਜਵਾਨੀ ਗਈ ਹੰਢ, ਬੁੜ੍ਹੇਪਾ ਸੁੱਤਾ ਦੇ ਕਰ ਕੰਡ, ਲੇਖਾ ਚੁੱਕੇ ਜੇਰਜ ਅੰਡ, ਉਤਭੁਜ ਸੇਤਜ ਨਾ ਹੋਏ ਕੋਈ ਸਹਾਇਆ । ਸਤਾਰਾਂ ਹਾੜੀ ਵੰਡੀ ਵੰਡ, ਸਾਲ ਬਾਰ੍ਵੇਂ ਹਰਿ ਬ੍ਰਹਿਮੰਡ, ਨੌਂ ਦਰ ਮਾਤੀ ਵੇਖ ਵਖਾਇਆ । ਪਹਿਲਾ ਸਾਲ ਪਹਿਲਾ ਘਰ ਪੁਰਖ ਅਬਿਨਾਸ਼ੀ ਖੋਲ੍ਹੇ ਦਰ, ਸੰਮਤ ਤੇਰਾਂ ਨੇਰਨ ਨੇਰਾ ਗੁਰ ਸੰਗਤ ਮਾਤੀ, ਪੁਰਖ ਬਿਧਾਤੀ ਉਤਮ ਜ਼ਾਤੀ, ਗੁਰ ਸੰਗਤ ਜਨਮ ਦਵਾਇਆ । ਲੇਖ ਚੁਕਾਏ ਸਤਾਰਾਂ ਹਾੜੀ ਲੱਖ ਚੁਰਾਸੀ ਸੁੱਤੀ ਰਾਤੀ, ਗੁਰਮੁਖ ਸਾਚੇ ਚਰਨ ਬਹਾਇਆ । ਆਪੇ ਪਿਤਾ ਆਪੇ ਮਾਤੀ, ਆਪਣੀ ਗੋਦ ਲਏ ਬਿਠਾਇਆ । ਨਾ ਕੋਈ ਪੁੱਛੇ ਜ਼ਾਤ ਪਾਤੀ, ਊਚਾਂ ਨੀਚਾਂ ਵਿਚ ਸਮਾਇਆ । ਸਰਬ ਜੀਆਂ ਪ੍ਰਭ ਕਮਲਾਪਾਤੀ, ਕਵਲ ਨਾਭੀ ਅੰਮ੍ਰਿਤ ਮੁਖ ਚੁਆਇਆ । ਆਪੇ ਦੀਵਾ ਆਪੇ ਬਾਤੀ, ਮੇਟ ਮਿਟਾਏ ਅੰਧੇਰੀ ਰਾਤੀ, ਗੁਰਮੁਖ ਸਾਚੇ ਦੀਪਕ ਜੋਤ ਜਗਾਇਆ । ਚਰਨ ਬੰਧਾਏ ਸਾਚਾ ਨਾਤੀ, ਦੇਵੇ ਸ਼ਬਦ ਹਰਿ ਧੁਰ ਸੁਗਾਤੀ, ਲੋਕਮਾਤੀ ਕਿਸੇ ਹੱਥ ਨਾ ਆਇਆ । ਇਕ ਵਖਾਏ ਸਾਚੀ ਹਾਟੀ, ਆਪ ਚੜ੍ਹਾਏ ਔਖੀ ਘਾਟੀ, ਦੁਰਮਤ ਮੈਲ ਹਰਿਜਨ ਕਾਟੀ, ਆਪ ਆਪਣਾ ਦਰਸ ਦਿਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕ ਨੌਂ ਦੋ ਅੱਠ ਗੁਰਮੁਖਾਂ ਸਾਚਾ ਲੇਖ ਲਿਖਾਇਆ । ਲੇਖ ਲਿਖਾਇਆ ਇਕ ਨੌਂ, ਪੀਆ ਪਰਮ ਸੁਜਾਨ । ਦੂਈ ਦਵੈਤੀ ਜਾਏ ਨੱਠ, ਗੁਰ ਬਖ਼ਸ਼ੇ ਚਰਨ ਧਿਆਨ । ਨੌਂ ਦਵਾਰੇ ਹੋਇਣ ਭੱਠ, ਉਪਜੇ ਬ੍ਰਹਮ ਗਿਆਨ । ਦੂਜੇ ਘਰ ਵੇਖੇ ਨੱਠ, ਹਰਿ ਸ਼ਬਦ ਝੁਲਾਏ ਸਚ ਨਿਸ਼ਾਨ । ਅੱਠਾਂ ਤੱਤਾਂ ਏਕਾ ਮੱਠ, ਕਾਇਆ ਜਗਤ ਮਕਾਨ । ਗੁਰ ਚਰਨ ਸਰਨ ਸਰਨ ਗੁਰ ਚਰਨ ਜੋ ਜਨ ਪਏ ਢੱਠ, ਹਰਿ ਜੋਤੀ ਮੇਲ ਮਿਲਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕ ਨੌਂ ਦੋ ਅੱਠ ਗੁਰਮੁਖ ਬਣਾਏ ਜਗਤ ਨਿਸ਼ਾਨ । ਨੌਂ ਦਰ ਤੇਰੀ ਧਾਰ, ਸਾਢੇ ਤਿੰਨ ਹੱਥ ਰਖਾਈਆ । ਆਪੇ ਅੰਦਰ ਆਪੇ ਬਾਹਰ, ਭੇਵ ਆਪਣਾ ਬੈਠਾ ਛੁਪਾਈਆ । ਮਾਰੇ ਸ਼ਬਦ ਇਕ ਲਕਾਰ, ਦੂਸਰ ਕੋਇ ਨੇੜ ਨਾ ਆਈਆ । ਕਲ ਸੋਲਾਂ ਕਲ ਕਲ ਵਿਚਾਰ, ਜਗਤ ਝੇੜੇ ਰਿਹਾ ਚੁਕਾਈਆ । ਵਲ ਛਲ ਅਪਰ ਅਪਾਰ, ਨਗਰ ਖੇੜੇ ਦਿਸ ਨਾ ਆਈਆ । ਬਲ ਬਲ ਹਰਿ ਕਰਤਾਰ, ਖੁਲ੍ਹੇ ਵਿਹੜੇ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖਾਂ ਸਾਚਾ ਰਿਹਾ ਹੁਕਮ ਸੁਣਾਈਆ ।

੭੦੮ ੦੫

ਸਾਢੇ ਤਿੰਨ ਹੱਥ ਨੌਂ ਦਰ, ਮਾਨਸ ਦੇਹੀ ਖ਼ਾਕ । ਪੁਰਖ ਅਬਿਨਾਸ਼ੀ ਸਾਚਾ ਘਰ, ਦੋ ਜਹਾਨੀ ਪਾਕੀ ਪਾਕ । ਪੰਜ ਤੱਤ ਕਲ ਦੇਵੇ ਵਰ, ਸ਼ਬਦ ਘੋੜੇ ਚੜ੍ਹ ਰਾਕ । ਧੂੜ ਚਰਨ ਸਾਚਾ ਸਰ, ਮਸਤਕ ਟਿੱਕਾ ਮਾਥੇ ਨਾਕ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨੌਂ ਦਵਾਰੇ ਖੋਲ੍ਹੇ ਤਾਕ । ਸਾਢੇ ਤਿੰਨ ਹੱਥ ਨੌਂ ਦਰ, ਸ਼ਬਦ ਸਿੰਘਾਸਣ ਹਰਿ ਸੁਹਾਈਆ । ਇਕ ਬਣਾਏ ਸਾਚਾ ਘਰ, ਗੁਰਮੁਖਾਂ ਮਾਤ ਵਖਾਈਆ । ਕੋਈ ਨਾ ਸਕੇ ਅੰਦਰ ਵੜ, ਸੀਸ ਧੜ ਦਏ ਦੁਹਾਈਆ । ਗੁਰਸਿਖ ਦੂਰ ਕਿਨਾਰਾ ਉਪਰ ਵੇਖੇ ਚੜ੍ਹ, ਦੂਸਰ ਕਿਸੇ ਨਾ ਦੀਸੇ ਜੜ੍ਹ, ਨਾ ਕੋਈ ਚੋਟੀ ਵੇਖ ਵਖਾਈਆ । ਤੁੱਟੇ ਕਿਲ੍ਹਾ ਹੰਕਾਰੀ ਗੜ੍ਹ, ਪ੍ਰਭ ਸਾਚਾ ਤੋੜ ਤੁੜਾਈਆ । ਏਕਾ ਅੱਖਰ ਕਲ ਜਾਣਾ ਪੜ੍ਹ, ਗੁਰ ਬਚਨ ਤਨ ਵਸਾਈਆ । ਮਨ ਤਨ ਧਨ ਵਹਿਣਾ ਜੂਠੇ ਝੂਠੇ ਹੜ, ਲਜ ਪਤ ਨਾ ਕੋਇ ਰਖਾਈਆ । ਗੁਰ ਸਤਿਗੁਰ ਸਾਚਾ ਗੁਰਮੁਖਾਂ ਆਪੇ ਲਏ ਫੜ, ਜੀਉ ਪਿੰਡ ਕਾਚਾ ਗੜ੍ਹ, ਕੰਚਨ ਸੋਨਾ ਆਪ ਬਣਾਈਆ । ਮਾਇਆ ਮਮਤਾ ਨਾ ਜਾਣਾ ਸੜ, ਗੁਰ ਪਰਸਾਦੀ ਸ਼ਬਦ ਅਨਾਦੀ ਬ੍ਰਹਮ ਬ੍ਰਹਿਮਾਦੀ ਆਤਮ ਬ੍ਰਹਮ ਜਣਾਈਆ । ਸਚ ਵਸਤ ਘਰ ਸਾਚੇ ਲਾਧੀ, ਮਿਲਿਆ ਮੇਲ ਪ੍ਰਭ ਮਾਧਵ ਮਾਧੀ, ਕਾਇਆ ਨੂਰੋ ਨੂਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਮੇਲਾ ਸਚ ਘਰ, ਗੁਰਮੁਖਾਂ ਮੇਲ ਮਿਲਾਈਆ ।



## ★ ੧੭ ਹਾੜ ੨੦੧੩ ਬਿਕ੍ਰਮੀ ਹਰਿ ਭਗਤ ਦਵਾਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ★

ਹਾੜ ਸਤਾਰਾਂ ਸਤਿ ਹੈ, ਗੁਰ ਸੰਗਤ ਪੂਤ ਉਪਨਿਆ । ਏਕਾ ਜੋਗ ਜਗਤ ਸਚ ਵਤ ਹੈ, ਹਰਿ ਭਾਣਾ ਹਰਿ ਹਰਿ ਮੰਨਿਆ । ਏਕਾ ਤਾਣਾ ਪੇਟਾ ਨਾਮ ਸਾਚਾ ਸੂਤ ਹੈ, ਕਲਜੁਗ ਅੰਤਮ ਬੇੜਾ ਬੰਨ੍ਹਿਆ । ਸ਼ਬਦ ਜੈਕਾਰਾ ਚਾਰੋਂ ਕੂਟ ਹੈ, ਜੋਤੀ ਸਾਚਾ ਚੜ੍ਹਿਆ ਚੰਨਿਆ । ਗੁਰਮੁਖ ਵਿਰਲਾ ਸ਼ਬਦ ਪੰਘੂੜਾ ਰਿਹਾ ਝੂਟ ਹੈ, ਭਾਂਡਾ ਭਰਮ ਭਉ ਤਨ ਭੰਨਿਆ । ਨੌਂ ਖੰਡ ਪ੍ਰਿਥਮੀ ਤੀਰ ਨਿਰਾਲਾ ਰਿਹਾ ਛੂਟ ਹੈ, ਨਾ ਦੀਸੇ ਆਤਮ ਅੰਨ੍ਹਿਆ । ਕੁਲਾ ਖੰਡ ਇਲਾਬ੍ਰਤ ਹਰਿਵਰਖ ਕਿੰਪੁਰਖ ਭਾਰਤ ਖੰਡ ਪਾਏ ਵੰਡ, ਹਰਣਯਮਹ ਕੇਤਮਾਲ ਰਮਕ ਭਦਰ ਗੁਰਮੁਖਾਂ ਆਤਮ ਲਾਏ ਸੰਨ੍ਹਿਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਨੌਂ ਖੰਡ ਪ੍ਰਿਥਮੀ ਦੇਵੇ ਡੰਨਿਆ । ਦਸ ਸਤ ਸਤਾਰਾਂ ਸਤਿ ਹੈ, ਹਾੜ ਸਤਾਰਾਂ ਰੀਤ । ਗੁਰ ਸ਼ਬਦ ਜਣਾਏ ਧੀਰਜ ਯਤ ਹੈ, ਕਾਇਆ ਕਰੇ ਪਤਤ ਪੁਨੀਤ । ਨਾਮ ਵਡਿਆਈ ਕਮਲਾਪਤ ਹੈ, ਆਪ ਵਸਾਏ ਕਾਇਆ ਮੰਦਰ ਮਸੀਤ । ਨਾੜ ਬਹੱਤਰ ਉਬਲੀ ਰਤ ਹੈ, ਹਸਤ ਅਸਤ ਸ਼ਸਤ ਬਣਾਏ ਕੀਟ । ਗੁਰਮੁਖ ਵਿਰਲਾ ਲਾਹਾ ਲਏ ਖੱਟ ਹੈ, ਮਾਨਸ ਦੇਹੀ ਜਾਮਾ ਜੀਤ । ਰਸਨਾ ਨਾਉਂ ਨਰਾਇਣ ਰਟ ਹੈ, ਅੱਠੇ ਪਹਿਰ ਰਾਖੇ ਚੀਤ । ਦੂਈ ਦਵੈਤੀ ਮੇਟੇ ਫੱਟ ਹੈ, ਨੇਤਰ ਲੋਚਨ ਦੋਵੇਂ ਮੀਟ । ਆਪੇ ਦਿਸੇ ਘਟ ਘਟ ਹੈ, ਸ਼ਬਦ ਜਣਾਏ ਸੁਹਾਗੀ ਗੀਤ । ਜੋਤੀ ਨੂਰ ਉਜਾਲਾ ਲਟ ਲਟ ਹੈ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿ ਸਤਿਵਾਦੀ ਇਕ ਅਤੀਤ । ਸਤਿ ਸਤਿਵਾਦੀ ਕਰਮ ਕਮਾਇਆ, ਗੁਰ ਸੰਗਤ ਸੰਗ ਨਿਭਾਏ । ਸਤਿਜੁਗ ਸਾਚਾ ਮਾਰਗ ਲਾਇਆ, ਤੇਰਾਂ ਤੇਰਾਂ ਤੇਰੀ ਧਾਰ ਰੰਗਤ ਨਾਮ ਚੜ੍ਹਾਏ । ਸ਼ਬਦ ਸੁਦਾਗਰ ਇਕ ਕਰਾਇਆ, ਦੂਜੇ ਦਰ ਨਾ ਮੰਗਣ ਜਾਏ । ਕਾਇਆ ਗਾਗਰ ਵਿਚ ਸਮਾਇਆ, ਡੂੰਘਾ ਤਾਲ ਸੁਹਾਏ । ਨਿਰਮਲ ਕਰਮ

ਉਜਾਗਰ ਗੁਰਸਿਖ ਕਰਾਇਆ, ਪ੍ਰਭ ਆਪਣੀ ਬੂਝ ਬੁਝਾਏ । ਜਨਮ ਕਰਮ ਪ੍ਰਭ ਲਹਿਣਾ ਝੋਲੀ ਪਾਇਆ, ਗੁਰ ਸੰਗਤ ਦਇਆ ਕਮਾਏ । ਦੇਵਣਹਾਰ ਸਦਾ ਅਖਵਾਇਆ, ਗੁਰਮੁਖਾਂ ਭਿੱਛਿਆ ਰਿਹਾ ਪਾਏ । ਮੀਤ ਮੁਰਾਰਾ ਸਾਚਾ ਯਾਰ ਲੋਕਮਾਤੀ ਭੇਖ ਵਟਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚਾ ਮੇਲਾ ਧੁਰ ਦਰਬਾਰ । ਧੁਰ ਦਰਬਾਰੀ ਸਚ ਤਖ਼ਤ, ਪ੍ਰਭ ਸਾਚੇ ਜੋਤ ਜਗਾਈਆ । ਲੇਖਾ ਲਿਖੇ ਨਾ ਕੋਈ ਲਿਖਤ, ਅਲੱਖ ਅਲੱਖ ਗਏ ਗਾਈਆ । ਆਪ ਨਾ ਜਾਣੇ ਕੋਈ ਵੇਲਾ ਵਕਤ, ਹੋਏ ਪਰਤਖ ਦਰਸ ਦਿਖਾਈਆ । ਜੋਤੀ ਸ਼ਬਦੀ ਏਕਾ ਸ਼ਕਤ, ਬ੍ਰਹਿਮੰਡ ਵਿਚ ਸਮਾਈਆ । ਏਕਾ ਜਾਣੇ ਜੁਗਤੀ ਭਗਤ, ਭਗਤ ਭਗਵੰਤਾ ਹਰਿ ਰਘੁਰਾਈਆ । ਵੇਖ ਵਖਾਣੇ ਸਾਚੇ ਸੰਤ, ਆਤਮ ਘਰ ਵੱਜੇ ਵਧਾਈਆ । ਜੀਵ ਜੰਤ ਅਨੇਕ ਅਗਣਤ, ਗੁਰਮੁਖ ਵਿਰਲੇ ਬੂਝ ਬੁਝਾਈਆ । ਮਾਇਆ ਮਮਤਾ ਦੇਵ ਦੰਤ, ਜੀਵ ਜੰਤ ਰਸਨ ਹਲਕਾਈਆ । ਹਰਿਜਨ ਮੇਲਾ ਸਾਚੇ ਕੰਤ, ਸ਼ਬਦ ਸਿੰਘਾਸਣ ਇਕ ਸੁਹਾਈਆ । ਦਰ ਘਰ ਸਾਚੇ ਬਣੀ ਬਣਤ, ਸਾਚੀ ਸੇਜਾ ਆਪ ਸੁਹਾਈਆ । ਆਪੇ ਜਾਣੇ ਆਦਿ ਅੰਤ, ਕਵਣ ਪੁਰਖ ਕਵਣ ਨਾਰੀ, ਕਵਣ ਸੇਜਾ ਕੰਤ ਭਤਾਰੀ, ਕਵਣ ਰੰਗ ਰੂਪ ਸ਼ਾਮ ਮੁਰਾਰੀ, ਕਵਣ ਜੋਤ ਸਤਿ ਅਨੂਪ ਸਰੂਪ ਰਾਮ ਅਵਤਾਰੀ, ਕਵਣ ਨੂਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਖੇਲੇ ਖੇਲ ਵਾਰੋ ਵਾਰੀ, ਆਪੇ ਜਾਣੇ ਆਪਣੀ ਕਾਰੀ, ਗੁਰ ਸੰਗਤ ਤੇਰੀ ਸਚ ਵਿਹਾਰੀ, ਸਤਾਰਾਂ ਹਾੜੀ ਮਾਤ ਕਰਾਈਆ । ਹਾੜ ਸਤਾਰਾਂ ਆਤਮ ਰਸ, ਹਰਿ ਸਾਚਾ ਨਾਮ ਚਵੀਜੇ । ਭਗਤ ਸੁਹੇਲਾ ਹੋਇਆ ਵਸ, ਘਰ ਬੈਠਾ ਦਰ ਦਹਿਲੀਜੇ । ਗੁਰ ਸੰਗਤ ਮੇਲਾ ਹੱਸ ਹੱਸ, ਮਨ ਤਨ ਆਤਮ ਸੀਜੇ । ਦੋ ਜਹਾਨੀ ਏਕਾ ਜਸ, ਗੁਰ ਮੰਤਰ ਨਾਮ ਗਵੀਜੇ । ਪੰਚ ਵਿਕਾਰ ਜਾਏ ਨੱਸ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਾਰਾਂ ਹਾੜੀ ਨਾਮ ਬੀਜ ਸਾਚਾ ਬੀਜੇ । ਨਾਮ ਬੀਜ ਸਾਚਾ ਤਨ ਕਿਆਰੀ, ਪ੍ਰਭ ਆਪਣੀ ਹੱਥੀਂ ਪਾਉਣਾ । ਆਪੇ ਵੇਖੇ ਫ਼ਲ ਫੁਲਵਾੜੀ, ਬਾਗ਼ ਬਗ਼ੀਚਾ ਮਾਤ ਲਗਾਉਣਾ । ਸ਼ਬਦ ਕਰਾਏ ਸਾਚੀ ਵਾੜੀ, ਦੂਸਰ ਹੱਥ ਨਾ ਕਿਸੇ ਆਉਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਾੜ ਸਤਾਰਾਂ ਨੌਂ ਨੌਂ ਹਰਿ ਸਾਚਾ ਭੇਵ ਖੁਲ੍ਹਾਉਣਾ । ਸ਼ਬਦ ਅਭੇਦਾ ਤਾਕੀ ਬੰਦ, ਦਿਸ ਕਿਸੇ ਨਾ ਆਇਆ । ਚਾਰੇ ਵੇਦਾਂ ਰਸਨਾ ਗਾਇਆ ਬੱਤੀ ਦੰਦ, ਨਾ ਕੋਇ ਵੰਡਾਇਆ । ਪੁਰਾਨ ਕੁਰਾਨਾ ਆਤਮ ਅੰਧ, ਪੜ੍ਹ ਪੜ੍ਹ ਥੱਕੇ ਹੋਏ ਹਲਕਾਇਆ । ਆਪੇ ਸੁਤਾ ਦੇ ਕਰ ਕੰਡ, ਆਤਮ ਕੁੰਡਾ ਨਾ ਅੰਦਰੋਂ ਲਾਹਿਆ । ਵੇਸ ਅਨੇਕਾ ਵਿਚ ਬ੍ਰਹਿਮੰਡ, ਸਾਚੀ ਵੰਡ ਵੰਡਾਇਆ । ਜੀਵ ਜੰਤ ਨਾਰ ਦੁਹਾਗਣ ਦਿਸੇ ਰੰਡ, ਸਾਚਾ ਕੰਤ ਨਾ ਕੋਇ ਹੰਢਾਇਆ । ਮਨਮਤੀ ਭਰਿਆ ਇਕ ਘਮੰਡ, ਵਰਨ ਵਰਨੀ ਰੋਗ ਲਗਾਇਆ । ਪ੍ਰਭ ਫੜੇ ਹੱਥ ਸ਼ਬਦ ਪਰਚੰਡ, ਸੋਹੰ ਖੰਡਾ ਹੱਥ ਉਠਾਇਆ । ਨੌਂ ਖੰਡ ਪ੍ਰਿਥਮੀ ਵੰਡੇ ਵੰਡ, ਗੁਰਮੁਖਾਂ ਦੁੱਖ ਦਏ ਮਿਟਾਇਆ । ਸ਼ਬਦ ਸਰੂਪੀ ਪਾਏ ਠੰਢ, ਆਤਮ ਸੁਖ ਉਪਜਾਇਆ । ਪੱਲੇ ਬੰਨ੍ਹੇ ਨਾਮ ਗੰਢ, ਕਰੀਰ ਜੰਡ ਨਾ ਕੋਈ ਮਨਾਇਆ । ਮੇਟ ਮਿਟਾਏ ਭੇਖ ਪਖੰਡ, ਸਾਚਾ ਮਾਰਗ ਇਕ ਵਖਾਇਆ । ਦੇਵਣਹਾਰ ਜੁਗ ਜੁਗ ਦੰਡ, ਲੇਖਾ ਲਿਖਣਹਾਰ ਸਬਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸੰਗਤ ਮੇਲੀ ਮੇਲ ਮਿਲਾਇਆ । ਹਰਿ ਸੰਗਤ ਖੋਲ੍ਹੇ ਬੰਦ ਕਿਵਾੜ, ਗੁਰ ਮੰਤਰ ਜਾਪ ਜਪਾਇੰਦਾ । ਜਗਤ ਵਿਕਾਰਾਂ ਦੇਵੇ ਝਾੜ, ਸ਼ਬਦ ਸ਼ਸਤਰ ਤਨ ਪਹਿਨਾਇੰਦਾ । ਗੁਰ ਸ਼ਬਦ ਚੜ੍ਹਾਏ ਬਣਾਏ ਸਾਚੇ ਲਾੜ, ਜੀਵ ਜੰਤ ਵਡਿਆਇੰਦਾ । ਲੇਖਾ ਚੁੱਕੇ ਪੰਚਮ ਧਾੜ, ਕੰਤ ਸੰਤ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ


੭੧੦
੦੫

ਜੋਤ ਧਰ, ਸਾਚੀ ਬਣਤ ਬਣਾਇੰਦਾ । ਬਣਤ ਬਣਾਏ ਜੁਗੋ ਜੁਗ, ਜੁਗ ਜੁਗ ਕਾਰ ਕਮਾਇੰਦਾ । ਨਾ ਕੋਈ ਚਿੰਤਾ ਹਰਖ ਸੋਗ, ਦੁੱਖ ਸੁਖ ਏਕਾ ਰੰਗ ਸਮਾਇੰਦਾ । ਅੱਠੇ ਪਹਿਰ ਸ਼ਬਦ ਭੋਗ, ਘਰ ਸਾਚੇ ਆਪ ਲਗਾਇੰਦਾ । ਸਾਚਾ ਮੇਲਾ ਧੁਰ ਸੰਜੋਗ, ਇਕ ਇਕੇਲਾ ਆਪ ਕਰਾਇੰਦਾ । ਹਾੜ ਸਤਾਰਾਂ ਦਰਸ ਅਮੋਘ, ਗੁਰ ਚੇਲਾ ਵਕਤ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਰਸਨ ਚੋਗ ਇਕ ਚੁਗਾਇੰਦਾ । ਰਸਨਾ ਚੋਗ ਸ਼ਬਦ ਗੁਰ, ਗੁਰਮਤ ਵਿਚ ਸਮਾਇਆ । ਮਿਲਿਆ ਮੇਲ ਲਿਖਿਆ ਧੁਰ, ਬੁਧ ਮਤ ਸਾਰ ਨਾ ਰਾਇਆ । ਆਪੇ ਜਾਣੇ ਆਪਣੀ ਸੁਰ, ਤਾਲ ਤਲਵਾੜਾ ਇਕ ਵਜਾਇਆ । ਆਤਮ ਅੰਦਰ ਜਾਏ ਬਹੁੜ, ਅੰਧ ਅੰਧੇਰ ਜੋਤ ਜਗਾਇਆ । ਸ਼ਬਦ ਚੜ੍ਹਿਆ ਸਾਚੇ ਘੋੜ, ਲੋਆਂ ਪੁਰੀਆਂ ਪੰਧ ਮੁਕਾਇਆ । ਲੋਕਮਾਤ ਕਲ ਆਇਆ ਦੌੜ, ਭੇਖਾਧਾਰੀ ਭੇਖ ਵਟਾਇਆ । ਦਰ ਦਵਾਰਾ ਦਿਸੇ ਭੀੜਾ ਸੌੜ, ਅਗੇ ਲੰਘ ਕੋਈ ਨਾ ਦਰਸ਼ਨ ਪਾਇਆ । ਕਲਜੁਗ ਅੰਤਮ ਚੌਥਾ ਪੌੜ, ਅਸਵ ਸਾਚੇ ਆਪ ਉਠਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲਹਿਣਾ ਦੇਣਾ ਭਗਤ ਮੂਲ ਜਗਤ ਮਾਤ ਚੁਕਾਇਆ । ਭਗਤੀ ਭਾਵਤ ਸਤਿ ਰੰਗ, ਭੈ ਨਿਰਭੈ ਸਮਾਏ । ਜਾਮਾ ਜੋਗ ਜਗਤ ਗੰਗੀ ਗੰਗ, ਏਕਾ ਰੰਗ ਵਖਾਏ । ਸਾਚੀ ਮੁਕਤੀ ਗੁਰ ਚਰਨ ਸੰਗ, ਅੰਗ ਸੰਗ ਰਹਾਏ । ਆਪ ਸਵਾਰੇ ਹਰਿ ਜਨ, ਸ਼ਬਦ ਰੰਗ ਤਨ ਚੜ੍ਹਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕੌਸਤਕ ਮਨੀ ਮਸਤਕ ਟਿੱਕਾ ਸਵਾ ਰਤੀ ਪੰਚਮ ਕੇਸਰ ਮਸਤਕ ਤਿਲਕ ਲਗਾਏ । ਤਿਲਕ ਲਗਾਏ ਰਤਾ ਕੇਸਰ, ਕੇਸਰੀ ਰੰਗ ਵਟਾਈਆ । ਚਰਨ ਛੁਹਾਏ ਵਿਚ ਥਾਨੇਸਰ, ਪੰਦਰ੍ਹਾਂ ਚੇਤਰ ਪੰਦਰ੍ਹਾਂ ਲੇਖ ਲਿਖਾਈਆ । ਵੇਖ ਵਖਾਣੇ ਸਾਚਾ ਖੇਤਰ, ਆਪਣੀ ਹੱਥੀਂ ਜਿੰਦਾ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਰਤ ਰਤੀ ਰਿਹਾ ਜਗਾਈਆ । ਵੀਹ ਸੌ ਪੰਦਰ੍ਹਾਂ ਸੰਮਤ ਪੰਦਰ੍ਹਾਂ ਚੇਤ, ਵਰਤੇ ਕਲਜੁਗ ਧਾਰੀ । ਕਰੇ ਖੇਲ ਪ੍ਰਭ ਨੇਤਨ ਨੇਤ, ਲੇਖਾ ਲਿਖੇ ਅਪਰ ਅਪਾਰੀ । ਗੁਰਮੁਖਾਂ ਕਰੇ ਸਾਚਾ ਹੇਤ, ਦਿਸ ਨਾ ਆਏ ਨੌਂ ਦਵਾਰੀ । ਪਕੜ ਉਠਾਏ ਜਿਨ ਪ੍ਰੇਤ, ਯਖ ਗੰਧਰਬ ਵਾਰੋ ਵਾਰੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਗਾਏ ਜੋਧ ਸੂਰ ਬਲਕਾਰੀ । ਪੰਦਰਾਂ ਅੰਦਰ ਆਪੇ ਵੜ, ਆਪੇ ਦਏ ਜਗਾਈਆ । ਆਪੇ ਘਾੜਨ ਸਾਚਾ ਘੜ, ਸ਼ਾਹ ਸੁਲਤਾਨਾਂ ਉਲਟੀ ਪਟੀ ਦਏ ਪੜ੍ਹਾਈਆ । ਗੜ੍ਹ ਹੰਕਾਰੀ ਕਿਲ੍ਹੇ ਅੰਦਰ ਵੜ, ਸਾਰ ਪਾਸਾ ਖੇਲ ਖਿਲਾਈਆ । ਆਪੇ ਪੁਟਣਹਾਰਾ ਜੜ੍ਹ, ਨਰਦ ਨਟੀ ਸਭ ਦੀ ਪਾਈਆ । ਗੁਰਮੁਖ ਸਾਚਾ ਏਕਾ ਅੱਖਰ ਜਾਏ ਪੜ੍ਹ, ਨਾ ਹੋਏ ਮਾਤ ਜੁਦਾਈਆ । ਨਾ ਦੀਸੇ ਕਿਸੇ ਸੀਸ ਧੜ, ਨੌਂ ਨੌਂ ਵਿਚ ਸਮਾਈਆ । ਸ਼ਬਦ ਵਿਚੋਲਾ ਰਿਹਾ ਲੜ, ਜੋਤੀ ਚੰਡੀ ਹੱਥ ਉਠਾਈਆ । ਕਲਜੁਗ ਕਰਮ ਅੱਗੇ ਖੜ, ਦੇਵੇ ਮਾਤ ਦੁਹਾਈਆ । ਭਗਵਨ ਭਗਤ ਭਗੌਤੀ ਰਹੀ ਲੜ, ਖਾਲੀ ਹੱਥੀਂ ਰਚਨ ਰਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚੀ ਰੀਤੀ ਮਾਤ ਚਲਾਈਆ । ਵੀਹ ਸੌ ਪੰਦਰ੍ਹਾਂ ਪੰਧ ਮੁਕਾਏ, ਗ੍ਰੰਥ ਪੰਥ ਪੁਰਾਨ । ਬੰਦ ਬੰਦ ਪ੍ਰਭ ਜੋਤ ਜਗਾਏ, ਹਰਿਜਨ ਕਾਇਆ ਸਚ ਮਕਾਨ । ਦੰਦ ਦੰਦ ਦੰਦ ਨਾ ਕੋਈ ਗਾਏ, ਏਕਾ ਨੇਤਰ ਚਰਨ ਧਿਆਨ । ਗੀਤ ਸੁਹਾਗੀ ਛੰਦ ਸੁਣਾਏ, ਸੁਣੇ ਸੁਣਾਏ ਸਾਚੇ ਕਾਨ । ਸਰਬ ਜੀਆਂ ਬਖ਼ਸ਼ੰਦ ਆਪ ਅਖਵਾਏ, ਦੇਵੇ ਜੀਆ ਦਾਨ । ਪਰਮਾਨੰਦ ਵਿਚ ਸਮਾਏ, ਪਾਰਬ੍ਰਹਮ ਬ੍ਰਹਮ ਰੂਪ ਸਮਾਨ । ਭਰਮਾ ਡੇਰਾ ਝੂਠੀ ਕੰਧ ਮਿਟਾਏ, ਇਕ ਵਖਾਏ ਸਚ ਨਿਸ਼ਾਨ । ਕਾਰਜ ਅਨੰਦ ਆਪ ਕਰਾਏ, ਗੁਰਸਿਖ ਸਾਚੀ ਸਈਆ

ਸਾਚਾ ਮੰਗਲ ਗਾਨ । ਸ਼ਬਦ ਪ੍ਰਤੇਜ ਚੰਦ ਚੜ੍ਹਾਏ, ਪੁਰ ਅਨੰਦ ਚਰਨ ਛੁਹਾਏ, ਗੜ੍ਹ ਕੇਸ ਕਰ ਧਿਆਨ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਦਸ ਦਸਮੇਸ ਹਰਿ ਮਿਹਰਵਾਨ । ਕੇਸ ਗੜ੍ਹ ਕੇਸਾਧਾਰੀ, ਪਵਣ ਚਵਰ ਝੁਲਾਰ । ਆਪੇ ਲਾਈ ਮਾਤ ਜੜ੍ਹ, ਆਪੇ ਲਏ ਉਖਾੜ । ਸੰਗਤ ਪੰਗਤ ਰਹੀ ਸੜ, ਮਾਇਆ ਮਮਤਾ ਤ੍ਰਿਸ਼ਨਾ ਲੱਗੀ ਮਗਰ ਝੂਠੀ ਧਾੜ । ਪੁਰਖ ਅਬਿਨਾਸ਼ੀ ਬਾਂਹ ਲਏ ਫੜ, ਦਰ ਦਵਾਰੇ ਸਾਚੇ ਦੇਵੇ ਵਾੜ । ਲੇਖਾ ਚੁਕੇ ਗੋਰ ਮੜ੍ਹ, ਜਗੇ ਜੋਤ ਬਹੱਤਰ ਨਾੜ । ਸ੍ਰਿਸ਼ਟ ਸਬਾਈ ਰਿਹਾ ਲੜ, ਫੜ ਸ਼ਬਦ ਖੰਡਾ ਦੋ ਧਾਰ । ਦੇਵੀ ਨੈਣ ਵਹਾਏ ਜਲ ਧਾਰਾ, ਹਰਿ ਖੇਲੇ ਖੇਲ ਮਾਤ ਮਹਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੰਦਰ੍ਹਾਂ ਪੰਦਰ੍ਹਾਂ ਪੰਦਰ੍ਹਾਂ ਆਏ ਵਿਚ ਮੈਦਾਨ । ਆਏ ਮੈਦਾਨ ਸ਼ਬਦ ਬਲਕਾਰੀ, ਫੜ ਨਾਮ ਤੀਰ ਕਮਾਨਾ । ਮਾਰੇ ਰਾਜ ਰਾਜਾਨ ਸ਼ਾਹ ਸੁਲਤਾਨ ਹੰਕਾਰੀ, ਵੇਖੇ ਨੌਜਵਾਨਾ । ਤਿੱਖੀ ਰੱਖੇ ਇਕ ਕਟਾਰੀ, ਚਲਾਏ ਵਾਲੀ ਦੋ ਜਹਾਨਾਂ । ਲਾੜੀ ਮੌਤ ਦਏ ਬਹਾਰੀ, ਲੱਗੇ ਜਗਤ ਨਿਸ਼ਾਨਾ । ਗੁਰਮੁਖਾਂ ਪੈਜ ਰਿਹਾ ਸਵਾਰੀ, ਆਪਣੀ ਹੱਥੀਂ ਬੰਨ੍ਹੇ ਗਾਨਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਗਤ ਸਦ ਸਦ ਸਦ ਸਦ ਬਲਿਹਾਰੀ, ਮਿਲਿਆ ਨਾਮ ਧੁਰ ਫ਼ਰਮਾਨਾ । ਧੁਰ ਫ਼ਰਮਾਣਾ ਨਾਮ ਸੰਦੇਸ਼, ਹਰਿ ਸ਼ਬਦੀ ਮਾਤ ਜਣਾਇੰਦਾ । ਕਿਸੇ ਹੱਥ ਨਾ ਆਏ ਬ੍ਰਹਮਾ ਸ਼ਿਵ ਗਣੇਸ਼, ਨਰ ਨਰੇਸ਼ ਨਾ ਕੋਈ ਪਾਇੰਦਾ । ਕਾਇਆ ਮਾਟੀ ਗੁਰ ਦਸਮੇਸ, ਸਾਚੀ ਹਾਟੀ ਸ਼ਬਦ ਵਿਕਾਇੰਦਾ । ਆਪੇ ਬੈਠਾ ਧਾਰੀ ਕੇਸ, ਆਪੇ ਮੂੰਡ ਮੁੰਡਾਇੰਦਾ । ਆਪੇ ਜਾਣੇ ਆਪਣਾ ਵੇਸ, ਗੁਰਮੁਖ ਸਾਚੇ ਢੂੰਡ ਢੁੰਡਾਇੰਦਾ । ਪਰਗਟ ਹੋਇਆ ਮਾਝੇ ਦੇਸ, ਸੰਬਲ ਨਗਰੀ ਰੁੱਤ ਸੁਹਾਇੰਦਾ । ਸਾਢੇ ਤਿੰਨ ਹੱਥ ਸੀਆਂ ਇਕ ਵਰੇਸ, ਆਪਣਾ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚੀ ਭਿਛਿਆ ਝੋਲੀ ਪਾਇੰਦਾ । ਪਾਏ ਭਿੱਛਿਆ ਗਰੀਬ ਨਿਵਾਜ਼, ਗਊ ਗਰੀਬ ਨਿਮਾਣਿਆ । ਕਰੇ ਰੱਖਿਆ ਸੀਸ ਸੋਹੇ ਤਾਜ, ਦਰ ਦਰ ਫਿਰਾਏ ਰਾਜੇ ਰਾਣਿਆ । ਜਨ ਭਗਤਾਂ ਰੱਖੇ ਅੰਤਮ ਲਾਜ, ਦੇਵੇ ਸ਼ਬਦ ਬਿਬਾਣਿਆ । ਸਾਚਾ ਸਾਜਣ ਰਿਹਾ ਸਾਜ, ਆਪੇ ਜਾਣੇ ਆਪਣੇ ਭਾਣਿਆ । ਕਲਜੁਗ ਅੰਤਮ ਰਚਿਆ ਕਾਜ, ਲੱਖ ਚੁਰਾਸੀ ਲਾਹੇ ਆਪ ਮੁਕਾਣਿਆ । ਮਾਇਆ ਮਮਤਾ ਜੂਠਾ ਝੂਠਾ ਦੇਵੇ ਦਾਜ, ਧਰਮ ਰਾਏ ਦਇਆ ਕਮਾਏ, ਅਠਾਈ ਕੁੰਡਾਂ ਏਕਾ ਰਾਹ ਵਖਾਣਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨ ਭਗਤਾਂ ਬਖ਼ਸ਼ੇ ਚਰਨ ਸਰਨ ਸਰਨਾਏ, ਦੇਵੇ ਜਗਤ ਨਿਸ਼ਾਨਿਆ । ਵਡ ਵਡ ਵਡ ਪਰਤਾਪ, ਬੋਧ ਅਗਾਧ ਗਿਆਨੀਆ । ਵਡ ਵਡ ਵਡ ਜਗਤ ਸੰਤਾਪ, ਘਰ ਪੰਚਮ ਚੋਰ ਸ਼ੈਤਾਨੀਆ । ਵਡ ਵਡ ਵਡ ਪ੍ਰਭ ਅੰਤਮ ਜਾਪ, ਹਰਿ ਮੇਲਾ ਦੋ ਜਹਾਨੀਆ । ਵਡ ਵਡ ਵਡ ਕਲਜੁਗ ਪਾਪ, ਜੂਠ ਝੂਠ ਹੋਏ ਪ੍ਰਧਾਨੀਆ । ਵਡ ਵਡ ਵਡ ਪ੍ਰਭ ਆਪੇ ਆਪ, ਆਪੇ ਜਾਣੇ ਸਚ ਨਿਸ਼ਾਨੀਆ । ਵਡ ਵਡ ਵਡ ਜਗ ਤੀਨੋ ਤਾਪ, ਲੱਖ ਚੁਰਾਸੀ ਰਿੜਕੇ ਵਾਂਗ ਮਧਾਨੀਆ । ਵਡ ਵਡ ਵਡ ਪ੍ਰਭ ਆਪੇ ਆਪ, ਜੋਤੀ ਨੂਰ ਸ੍ਰੀ ਭਗਵਾਨੀਆ । ਨੀਕਨ ਨੀਕਾ ਆਪ ਹਰਿ, ਨਿੱਜ ਘਰ ਨਿਕਟ ਸਮਾਏ । ਫੀਕਨ ਫੀਕਾ ਜਗਤ ਦਰ, ਰਸ ਕਿਸੇ ਨਾ ਆਏ । ਭੇਵ ਜਾਣੇ ਜਨ ਜੀਅ ਕਾ, ਆਪਣੀ ਦਇਆ ਕਮਾਏ । ਕਲਜੁਗ ਮਾਇਆ ਜਗਤ ਸ਼ਰੀਕਾ, ਅੰਤਮ ਝਗੜਾ ਪਾਏ । ਹਾੜ ਸਤਾਰਾਂ ਸਚ ਤਾਰੀਕਾ, ਪ੍ਰਭ ਸਾਚਾ ਲੇਖ ਲਿਖਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ੍ਰਿਸ਼ਟ ਸਬਾਈ ਮਾਤ ਹਿਲਾਏ । ਹਾੜ ਸਤਾਰਾਂ ਸਚ ਤਾਰੀਕ, ਲੱਖ ਚੁਰਾਸੀ ਕਲਜੁਗ ਪਾਈਆ । ਏਕਾ ਵਾਹਦ ਲਾਸ਼ਰੀਕ,

ਨਾ ਦੇਵੇ ਕੋਈ ਕਿਸੇ ਸਫਾਈਆ । ਗੁਰਮੁਖਾਂ ਮੰਗੀ ਨਾਮ ਭੀਖ, ਗੁਰਮੁਖਾਂ ਆਤਮ ਝੋਲੀ ਪਾਈਆ । ਜਗਤ ਹੰਕਾਰਾ ਤਪੀ ਸੀਖ, ਮਾਇਆ ਮਮਤਾ ਅਗਨ ਜਲਾਈਆ । ਆਪੇ ਕਰੇ ਕਰਾਏ ਪ੍ਰੀਖਿਆ ਪ੍ਰੀਖ, ਸਾਧ ਸੰਤ ਜੀਵ ਜੰਤ ਡੋਰੀ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਮੇਲਾ ਮੇਲੇ ਸ਼ਾਹ ਭੀਖਮ ਭੀਖ, ਘਰ ਗੁਜ਼ਰਾਂ ਜਨਮ ਦਵਾਈਆ । ਭੀਖਮ ਸ਼ਾਹ ਜਗਤ ਮਲਾਹ, ਲੋਕਮਾਤ ਉਪਾਇਆ । ਸਤਾਰਾਂ ਹਾੜੀ ਮਿਲਿਆ ਸਾਚਾ ਰਾਹ, ਸਾਚਾ ਸੁਤ ਉਪਾਇਆ । ਇਕ ਜਪਾਏ ਏਕਾ ਨਾਂ, ਹੂ ਅਲ੍ਹਾ ਦਏ ਮਿਟਾਇਆ । ਆਪੇ ਵੇਖੇ ਥਾਂ ਥਾਂ, ਜਲ ਥਲਾਂ ਵਿਚ ਸਮਾਇਆ । ਘਰ ਘਰ ਅੰਤਮ ਉਡਣੇ ਕਾਂ, ਗਲੀ ਮਹੱਲਾ ਨਾ ਕੋਇ ਸੁਹਾਇਆ । ਨਾ ਕੋਈ ਪੰਖੀ ਪੰਛੀ ਦਿਸੇ ਕਿਸੇ ਕਿਲੇ ਗਰਾਂ, ਉਚੇ ਟਿੱਲੇ ਪਰਬਤ ਢਾਹਿਆ । ਪਿਤਾ ਪੂਤ ਨਾ ਜਾਣੇ ਮਾਂ, ਭੈਣ ਭਾਈ ਧੀ ਜਵਾਈ ਨਾਤਾ ਮਾਤ ਤੁੜਾਇਆ । ਗੁਰਮੁਖਾਂ ਦੇਵੇ ਠੰਡੀ ਛਾਂ, ਸਾਚੇ ਸੂਰੇ ਨਾਮ ਰੰਗ ਚੜ੍ਹਾਇਆ । ਪਰਗਟ ਹੋਏ ਪਕੜੇ ਬਾਂਹ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲੇਖ ਚੁਕਾਏ ਮਨਸੂਰ ਐਨਲਹਕ ਆਸਾ ਮਨਸਾ ਪੂਰ ਕਰਾਈਆ । ਐਨਲਹਕ ਹੱਕ ਹਲਾਲ, ਮਹਿਬੂਬ ਰੰਗ ਰੰਗੀਲਾ । ਨੂਰੀ ਜਲਵਾ ਸਚ ਜਲਾਲ, ਬਾਹਰ ਵਸੇ ਤ੍ਰੈਗੁਣ ਤੀਨਾ । ਏਕਾ ਹੱਥ ਫੜੀ ਮਸਾਲ, ਦੀਨ ਦਿਆਲ ਜੋਤ ਅਕਾਲ ਇਕ ਵਖਾਏ ਮਜ਼੍ਹਬੀ ਦੀਨਾ । ਮਨਸੂਰ ਹੋਏ ਮਾਤ ਬੇਹਾਲ, ਆਪੇ ਤਾਰੇ ਆਪਣਾ ਲਾਲ, ਸ਼ਬਦ ਪਾਏ ਸਚ ਦੁਸ਼ਾਲ, ਠਾਂਢਾ ਕਰੇ ਸੀਨਾ । ਜਗਤ ਅਵੱਲੜੀ ਚਲੇ ਚਾਲ, ਸ੍ਰਿਸ਼ਟ ਸਬਾਈ ਖਾਏ ਕਾਲ, ਚਰਨ ਛੁਹਾਏ ਪ੍ਰਭ ਮੱਕਾ ਮਦੀਨਾ । ਅਰਬੀ ਫਾਰਸੀ ਵੇਖੇ ਤਾਲ, ਅਜਮਤੋ ਕਸਮਤੋ ਅਜ਼ਿਬਵਹਾ ਅਤਿਲਹੇ ਰੂਪ ਰੰਗ ਬੇਮਿਸਾਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਹਦੀਸ ਜਗਤ ਵਰ, ਬੀਸ ਇਕੀਸ ਸਾਚਾ ਦਰ, ਦਰ ਦਰਵੇਸਾ ਦਏ ਵਖਾਲ । ਪੁਰਖ ਅਗੰਮ ਅਗੰਮੜਾ, ਅਗੰਮੜੀ ਕਾਰ । ਨਾ ਮਰੇ ਨਾ ਕਦੇ ਜੰਮੜਾ, ਆਦਿ ਅੰਤ ਏਕਾ ਧਾਰ । ਪੱਲੇ ਰੱਖੇ ਨਾ ਕੋਈ ਦਮੜਾ, ਦੇਵਣਹਾਰ ਸਰਬ ਸੰਸਾਰ । ਸ੍ਰਿਸ਼ਟ ਸਬਾਈ ਮਾਈ ਬਾਪ ਅੰਮੜਾ, ਪਿਤਾ ਪੂਤ ਪਿਆਰ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਪਹਿਲੀ ਚੇਤਰ ਕਰੇ ਵਿਹਾਰ । ਪਹਿਲੀ ਚੇਤਰ ਜਗਤ ਵਿਹਾਰਾ, ਪ੍ਰਭ ਸਾਚੇ ਮਾਤ ਕਰਾਇਆ । ਰਾਜ ਰਾਜਾਨਾ ਵੇਖੇ ਦਵਾਰਾ, ਸ਼ਾਹ ਸੰਗਰੂਰ ਆਪ ਉਠਾਇਆ । ਵੇਖੇ ਖੇਲ ਧਰਮ ਜੈਕਾਰਾ, ਪਟ ਪਟਿਆਲਾ ਦਏ ਹਿਲਾਇਆ । ਕੋਟ ਫਰੀਦਾ ਧੁੰਦੂਕਾਰਾ, ਪ੍ਰਭ ਮੇਟੇ ਮੇਟਣ ਆਇਆ । ਸਿੰਘ ਈਸ਼ਰ ਝੂਠਾ ਵਣਜ ਵਪਾਰਾ, ਘਰ ਨਾਨਕ ਲਾਜ ਲਗਾਇਆ । ਸਿੰਘ ਰਣਧੀਰ ਨਾ ਮਿਲਿਆ ਗੁਰ ਪਿਆਰਾ, ਰਸ ਰਸਨ ਵਿਕਾਰ ਚਲਾਇਆ । ਸਿੰਘ ਮੇਹਰ ਲੱਗੀ ਅੱਗ ਬਹੱਤਰ ਨਾੜਾ, ਮਾਇਆ ਮਮਤਾ ਤ੍ਰਿਸ਼ਨ ਜਲਾਇਆ । ਥਲ ਕਪੂਰ ਪ੍ਰਭ ਚਰਨ ਪਿਆਰਾ, ਸੰਮਤ ਸੋਲਾਂ ਦਏ ਟਿਕਾਇਆ । ਆਪੇ ਵੇਖੇ ਬਿਆਸ ਕਿਨਾਰਾ, ਸਿੰਘ ਜੈਮਲ ਸੰਗ ਰਲਾਇਆ । ਸਿੰਘ ਤੇਜਾ ਵੇਖ ਨੌਂ ਦਵਾਰਾ, ਘਰ ਸਾਚਾ ਦਿਸ ਨਾ ਆਇਆ । ਸਿੰਘ ਲਾਭ ਤਨ ਹਾਹਾਕਾਰਾ, ਕਾਇਆ ਕਾਅਬਾ ਹੱਜ ਨਾ ਮਾਤ ਕਰਾਇਆ । ਹਰਨਾਮ ਦਾਸ ਨਾ ਧਰਮ ਵਿਚਾਰਾ, ਆਪ ਆਪਣਾ ਤੱਤ ਗਵਾਇਆ । ਪਰਗਟ ਹੋਏ ਨਿਹਕਲੰਕ ਨਰਾਇਣ ਨਰ ਅਵਤਾਰਾ, ਵੇਖ ਵਖਾਣੇ ਥਾਉਂ ਥਾਈਂਆ । ਰੱਖੇ ਸੰਗ ਸਗਨ ਅਪਾਰਾ, ਸੰਤ ਸੁਹੇਲੇ ਖੋਜ ਖੁਜਾਈਆ । ਲੱਖ ਚੁਰਾਸੀ ਜੀਵ ਗਵਾਰਾ, ਮਹੱਲ ਅਟੱਲ ਅਚੱਲ ਕੋਈ ਦਿਸ ਨਾ ਆਈਆ । ਇਕ ਨਰੇਲ ਰਤੀ ਕੇਸਰ, ਕਿਸ ਅਗੇ ਦਏ ਟਿਕਾਈਆ । ਅੰਤਮ ਵੇਲਾ ਵਿਚ ਥਾਨੇਸਰ, ਪੰਦਰਾਂ ਚੇਤਰ ਸੰਮਤ ਪੰਦਰ੍ਹਾਂ ਪ੍ਰਭ ਦੇਵੇ ਭੇਵ ਖੁਲ੍ਹਾਈਆ ।

ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਨਿਹਕਲੰਕ ਨਰਾਇਣ ਨਰ, ਗੁਰ ਚੇਲਾ ਮੇਲ ਮਿਲਾਈਆ । ਗੁਰ ਚੇਲਾ ਮੇਲਣਹਾਰ ਆਪ ਅਖਵਨਿਆ । ਦੇਵੇ ਸ਼ਬਦ ਸੱਚਾ ਭੰਡਾਰ, ਵਡ ਦਾਤਾ ਧੰਨ ਧੰਨਿਆ । ਇਕ ਕਰਾਏ ਵਣਜ ਵਾਪਾਰ, ਸੁਣਾਏ ਰਾਗ ਨਾਦ ਅਨਾਦਿਆ । ਪੰਚ ਵਿਕਾਰਾ ਦੇਵੇ ਮਾਰ, ਜਨ ਭਗਤਾਂ ਬੇੜਾ ਬੰਨ੍ਹਿਆ । ਜੁਗਾ ਜੁਗੰਤ ਲਾਹੇ ਉਧਾਰ, ਭੇਵ ਨਾ ਜਾਣੇ ਅੰਤਮ ਅੰਨ੍ਹਿਆ । ਪਰਗਟ ਹੋਏ ਵਿਚ ਸੰਸਾਰ, ਲੋਕਮਾਤ ਚੜ੍ਹਾਏ ਚੰਨ੍ਹਿਆ । ਕਲਜੁਗ ਮੇਟੇ ਧੁੰਦੂਕਾਰ, ਸ੍ਰਿਸ਼ਟ ਸਬਾਈ ਹੰਨਿਆ ਬੰਨ੍ਹਿਆ । ਸ਼ਬਦ ਸਰੂਪੀ ਪਹਿਰੇਦਾਰ, ਗੁਰਮੁਖਾਂ ਬੇੜਾ ਬੰਨ੍ਹਿਆ । ਧਾਰੇ ਭੇਖ ਅਪਰ ਅਪਾਰ, ਲੱਖ ਚੁਰਾਸੀ ਦੇਵੇ ਡੰਨਿਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਗੁਰ ਚੇਲਾ ਆਪ ਕਰਾਏ ਆਪਣਾ ਮੇਲਾ, ਜਗਤ ਚੁਕਾਏ ਝੂਠਾ ਜਨਿਆ । ਸਚ ਵਿਹਾਰਾ ਜਗਤ ਮਾਤ, ਪ੍ਰਭ ਆਪਣੇ ਹੱਥ ਰਖਾਇਆ । ਪਰਗਟ ਹੋਏ ਕਮਲਾਪਾਤ, ਮਨਮੁਖਾਂ ਦਿਸ ਨਾ ਆਇਆ । ਵਸੇ ਬਾਹਰ ਜ਼ਾਤ, ਵਰਨੀ ਅਵਰਨੀ ਰਿਹਾ ਉਪਾਇਆ । ਇਕ ਬੰਧਾਏ ਚਰਨ ਨਾਤ, ਸਾਚਾ ਸੁਹਲਾ ਰਾਗ ਸੁਣਾਇਆ । ਸ਼ਬਦ ਵਿਕਾਏ ਸਾਚੇ ਹਾਟ, ਲੋਕਮਾਤੀ ਰਿਹਾ ਖੁਲ੍ਹਾਇਆ । ਨਾ ਕੋਈ ਦੀਸੇ ਤੀਰਥ ਤਾਟ, ਅਠਸਠ ਲੇਖਾ ਰਿਹਾ ਚੁਕਾਇਆ । ਗੁਰਮੁਖ ਵਿਰਲਾ ਅੰਮ੍ਰਿਤ ਆਤਮ ਰਸ ਰਿਹਾ ਚਾਟ, ਪ੍ਰਭ ਸਾਚੇ ਮੁਖ ਲਗਾਇਆ । ਆਪੇ ਖੋਲ੍ਹੇ ਬਜਰ ਕਪਾਟ, ਮੁਖ ਸਗਨ ਸ਼ਬਦ ਲਗਾਇਆ । ਗੁਰ ਸੰਗਤ ਨੇੜੇ ਆਈ ਵਾਟ, ਨਿਹਕਲੰਕ ਜੋਤ ਜਗਾਇਆ । ਵੇਖੇ ਖੇਲ ਕਾਇਆ ਮਾਟ, ਪ੍ਰਭ ਸੁੱਤਾ ਸੇਜ ਵਿਛਾਇਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਗੁਰ ਚੇਲਾ ਮੇਲ ਇਕ ਦਰ, ਗੋਬਿੰਦ ਗੋਬਿੰਦ ਗੋਬਿੰਦ ਰੂਪ ਵਟਾਇਆ । ਗੁਰ ਸੰਗਤ ਤੇਰੀ ਦਾਤ, ਸਾਚੀ ਮਾਤ ਰਖਾਈਆ । ਅੰਤਮ ਪੁਛਣ ਆਇਆ ਵਾਤ, ਲੱਖ ਚੁਰਾਸੀ ਪਈ ਦੁਹਾਈਆ । ਜੂਠਾ ਝੂਠਾ ਮਾਇਆ ਨਾਤ, ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਰਿਹਾ ਪਾਈਆ । ਕੋਈ ਨਾ ਰੱਖੇ ਕਲਜੁਗ ਪਾਤ, ਆਪ ਆਪਣਾ ਦਿਸ ਨਾ ਆਈਆ । ਮਾਇਆ ਮਮਤਾ ਅੰਧੇਰੀ ਰਾਤ, ਅਗੰਮ ਅਗੰਮਾ ਬੈਠਾ ਮੁਖ ਛੁਪਾਈਆ । ਲੇਖ ਚੁਕਾਏ ਜ਼ਾਤ ਪਾਤ, ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਕਲਜੁਗ ਅੰਤਮ ਵੇਖ ਦਰ, ਆਪ ਆਪਣਾ ਭੇਖ ਵਟਾਈਆ । ਭੇਖ ਵਟਾਇਆ ਸਤਿਗੁਰ, ਗੁਰ ਸੰਗਤ ਰਿਹਾ ਜਣਾਏ । ਸਾਚਾ ਮੇਲਾ ਲਿਖਿਆ ਧੁਰ, ਅੰਤਰ ਮੇਲ ਮਿਲਾਏ । ਜਗਤ ਪ੍ਰੀਤੀ ਗਈ ਖੁਰ, ਚਰਨ ਪ੍ਰੀਤੀ ਇਕ ਬੰਧਾਏ । ਗੁਰ ਗੋਬਿੰਦਾ ਗਿਆ ਬਹੁੜ, ਤਖ਼ਤ ਅਕਾਲਾ ਇਕ ਸਜਾਏ । ਚੜ੍ਹਿਆ ਰਹੇ ਸਾਚੇ ਘੋੜ, ਨੀਲਾ ਉਪਰ ਰਿਹਾ ਦੁੜਾਏ । ਆਪ ਉਠਾਇਆ ਪਹਿਲਾ ਪੌੜ, ਲੋਕਮਾਤੀ ਰਾਹ ਤਕਾਇਆ । ਜਨ ਭਗਤਾਂ ਅੰਤਮ ਗਿਆ ਬਹੁੜ, ਜੋਤ ਸਰੂਪੀ ਦਰਸ ਦਿਖਾਇਆ । ਵੇਖੇ ਪਰਖੇ ਮਿੱਠਾ ਕੌੜ, ਹੰਕਾਰੀ ਵਿਕਾਰੀ ਦਰ ਦੁਰਕਾਇਆ । ਸਾਢੇ ਤਿੰਨ ਹੱਥ ਕਲਜੁਗ ਸੀਆਂ ਜਗਤ ਲੇਖਾ ਲੰਮਾ ਚੌੜ, ਪੂਰੇ ਗੁਰ ਬਿਨ ਨਾ ਮੁਕਾਇਆ । ਪਰਗਟ ਹੋਇਆ ਬ੍ਰਹਿਮਣ ਗੌੜ, ਵੇਦ ਵਿਆਸਾ ਗਿਆ ਲਿਖਾਇਆ । ਗੁਰ ਗੋਬਿੰਦਾ ਆਇਆ ਦੌੜ, ਆਪਣਾ ਭੇਖ ਵਟਾਇਆ । ਗੁਰਮੁਖਾਂ ਲੱਗੀ ਆਤਮ ਔੜ, ਅੰਮ੍ਰਿਤ ਮੇਘ ਬਰਸਾਇਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਆਪ ਆਪਣਾ ਰੰਗ ਵਖਾਇਆ । ਗੁਰ ਸੰਗਤ ਤੇਰਾ ਸਤਿ ਰੰਗ, ਪ੍ਰਭ ਸਾਚੇ ਆਪ ਰੰਗਾਇਆ । ਚਵੀ ਹੱਥ ਜਗਤ ਪਤੰਗ, ਸ਼ਬਦ ਡੰਡਾ ਨਾਮ ਚੜ੍ਹਾਇਆ । ਸਤਾਂ ਦੀਪਾਂ ਵੰਡੀ ਵੰਡ, ਦਿਸ ਕਿਸੇ ਨਾ ਆਇਆ । ਆਪੇ ਸੁੱਤਾ ਦੇ ਕਰ ਕੰਡ, ਨਾਰ ਦੁਹਾਗਣ ਦਿਸੇ ਰੰਡ, ਲੱਖ ਚੁਰਾਸੀ ਦਏ ਦੁਹਾਇਆ । ਗੁਰਮੁਖਾਂ ਮੇਲਾ ਵਿਚ ਬ੍ਰਹਿਮੰਡ, ਮੇਟ

ਮਿਟਾਏ ਜੇਰਜ ਅੰਡ, ਲਹਿਣਾ ਦੇਣਾ ਰਿਹਾ ਚੁਕਾਇਆ । ਕਲਜੁਗ ਕਾਲ ਉਠਾਈ ਪੰਡ, ਪਾਪਾਂ ਦਏ ਦੁਹਾਇਆ । ਜਨ ਭਗਤਾਂ ਆਤਮ ਪਾਏ ਠੰਢ, ਸੰਮਤ ਸੋਲਾਂ ਸੋਲਾਂ ਕਲ ਵਰਤਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣਾ ਭੇਖ ਧਰ, ਕਲਜੁਗ ਤੇਰਾ ਅੰਤਮ ਹੋਲਾ ਆਪ ਖਿਲਾਇਆ । ਸੰਗਤ ਤੇਰੀ ਸਾਚੀ ਮਤ, ਬੁਧੀ ਤਨ ਬਿਬੇਕ । ਲੇਖੇ ਲੱਗੀ ਕਾਇਆ ਰਤ, ਪ੍ਰਭ ਚਰਨ ਰਖਣੀ ਸਾਚੀ ਟੇਕ । ਆਪੇ ਜਾਣੇ ਮਿਤ ਗਤ, ਸ੍ਰਿਸ਼ਟ ਸਬਾਈ ਰਿਹਾ ਵੇਖ । ਚਰਨ ਕਵਲ ਬੰਧਾਏ ਸਾਚਾ ਨਾਤ ਆਪੇ ਜਾਣੇ ਧੀਰਜ ਯਤ, ਲੋਚਨ ਨੇਤਰ ਸਾਚੇ ਪੇਖ । ਸਦਾ ਸੁਹੇਲਾ ਵਸੇ ਕਾਇਆ ਮਟ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖਾਂ ਵੇਖੇ ਇਕ ਦਰ, ਕਲਜੁਗ ਮਾਇਆ ਨਾ ਲਾਏ ਸੇਕ । ਗੁਰ ਸੰਗਤ ਤੇਰੀ ਧੁਰ ਦਰਗਾਹ, ਏਕਾ ਵੰਡ ਵੰਡਾਈਆ । ਜੋਤੀ ਜਾਮਾ ਹਰਿ ਮਲਾਹ, ਨੌਂ ਖੰਡ ਵੰਡ ਵੰਡਾਈਆ । ਕੁਲਾਖੰਡ ਪ੍ਰਭ ਵੇਖੇ ਥਾਂ, ਇਲਾ ਬ੍ਰਤ ਸੰਗ ਰਲਾਈਆ । ਹਰਿਵਰਖ ਪ੍ਰਭ ਠੰਢੀ ਛਾਂ, ਕਿੰਪੁਰਖ ਆਪ ਦੁਵਾਈਆ । ਭਾਰਤ ਖੰਡ ਪਕੜੇ ਬਾਂਹ, ਨਿਹਕਲੰਕੀ ਜੋਤ ਜਗਾਈਆ । ਹਰਣਯਮਹ ਸਾਚਾ ਨਾਉਂ, ਏਕਾ ਜਾਪ ਜਪਾਈਆ । ਕੇਤਮਾਲ ਤੇਰਾ ਸਾਚਾ ਰਾਹ, ਸੋਹੰ ਸਾਚਾ ਢੋਲਾ ਗਾਈਆ । ਰਮਕ ਰਾਮ ਰਿਹਾ ਸਮਾ, ਨਿਸ਼ਅੱਖਰ ਸ਼ਬਦ ਜਣਾਈਆ । ਭਦਰ ਭਰਮ ਦਏ ਮਿਟਾ, ਸਾਚਾ ਡੰਕਾ ਇਕ ਵਜਾਈਆ । ਸੱਤਾਂ ਦੀਪਾਂ ਲੇਖਾ ਲਿਖਾ, ਲਿਖਣਹਾਰਾ ਆਪ ਅਖਵਾਈਆ । ਸ੍ਰਿਸ਼ਟ ਸਬਾਈ ਪਿਤਾ ਮਾਂ, ਲੱਖ ਚੁਰਾਸੀ ਗੋਦ ਉਠਾਈਆ । ਆਪੇ ਵੇਖੇ ਥਾਉਂ ਥਾਂ, ਦਿਸ ਕਿਸੇ ਨਾ ਆਈਆ । ਲੱਖਣ ਦੀਪ ਉਡੇ ਕਾਂ, ਪ੍ਰਭ ਸਾਚੀ ਰਚਨ ਰਚਾਈਆ । ਪੁਸ਼ਕਰ ਨਾਤਾ ਤੁਟੇ ਪਿਤਾ ਮਾਂ, ਬਾਲ ਬਿਰਧ ਸਾਰ ਨਾ ਰਾਈਆ । ਕਰੌਂਚ ਵੇਖੇ ਸਾਚਾ ਨਾ, ਗੁਣਵੰਤੇ ਲਏ ਉਪਜਾਈਆ । ਜੰਬੂ ਦੀਪ ਪਕੜੇ ਬਾਂਹ, ਬੀਸ ਬੀਸਾ ਦਇਆ ਕਮਾਈਆ । ਸਾਨ ਸੁਰਤੀ ਦਏ ਭੁਲਾ, ਰਾਜ ਰਾਜਾਨਾਂ ਖ਼ਾਕ ਰੁਲਾਈਆ । ਸਲਮਲ ਰੋਵੇ ਮਾਰ ਧਾਹ, ਨਾ ਹੋਵੇ ਕੋਈ ਸਹਾਈਆ । ਕੁਸ਼ਾ ਦੀਪ ਪ੍ਰਭ ਵੇਖੇ ਥਾਂ, ਗੁਰਸਿਖ ਸਾਚੇ ਲਏ ਜਗਾਈਆ । ਕਲਜੁਗ ਅੰਤਮ ਪਕੜੇ ਬਾਂਹ, ਜੋਤੀ ਜਾਮਾ ਭੇਖ ਵਟਾਈਆ । ਆਪੇ ਜਾਣੇ ਆਪਣਾ ਨਾਂ, ਵੇਦ ਪੁਰਾਨਾਂ ਭੇਵ ਨਾ ਰਾਈਆ । ਵੇਦ ਵਿਆਸਾ ਪੁਰਾਨ ਅਠਾਰਾਂ ਲਿਖਾ, ਚਾਰ ਲੱਖ ਸਤਾਰਾਂ ਹਜ਼ਾਰ ਸਲੋਕ ਬਣਾਈਆ । ਬ੍ਰਹਮਾ ਚਾਰੇ ਮੁਖ ਰਿਹਾ ਉਠਾ, ਚਾਰੇ ਜੁਗਾਂ ਰਚਨ ਰਚਾਈਆ । ਵੇਲੇ ਅੰਤਮ ਰੋਵੇ ਮਾਰ ਧਾਹ, ਪ੍ਰਭ ਅਚਰਜ ਖੇਲ ਰਚਾਈਆ । ਪੁਰੀ ਬ੍ਰਹਮ ਨਾ ਮਿਲੇ ਥਾਂ, ਵੇਲਾ ਅੰਤਮ ਰਿਹਾ ਜਗਾਈਆ । ਅੰਤਮ ਜੋਤੀ ਜਾਏ ਸਮਾ, ਭੰਨਣਹਾਰ ਸਰਬ ਰਘੁਰਾਈਆ । ਹਰਿ ਬਿਨ ਅਵਰ ਦੀਸੇ ਕੋਈ ਨਾ, ਸ਼ਿਵ ਸ਼ੰਕਰ ਖ਼ਾਕ ਰੁਲਾਈਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਆਪ ਆਪਣਾ ਵੇਖ ਘਰ, ਬੀਸ ਬੀਸਾ ਦਏ ਦੁਹਾਈਆ । ਗੁਰ ਸੰਗਤ ਧੰਨ ਕਮਾਈ, ਹਰਿ ਧੰਨ ਪਾਇਆ । ਮਿਲੇ ਮਾਤ ਜਗਤ ਵਡਿਆਈ, ਗੁਰ ਪੂਰੇ ਦਰਸ ਦਿਖਾਇਆ । ਗੁਰ ਸ਼ਬਦ ਹੋਏ ਕੁੜਮਾਈ, ਪ੍ਰਭ ਸਾਚਾ ਸਗਨ ਮੁਖ ਲਗਾਇਆ । ਰਲ ਮਿਲ ਸਖੀਆਂ ਮੰਗਲ ਗਾਈ, ਗੋਬਿੰਦ ਜਾਮਾ ਭੇਖ ਵਟਾਇਆ । ਗੁਰਸਿਖ ਬਣਾਏ ਛੀਂਬੇ ਨਾਈ, ਗਊ ਗਰੀਬਾਂ ਮਾਣ ਦਵਾਇਆ । ਆਪੇ ਪਕੜਨ ਆਇਆ ਬਾਹੀਂ, ਧੁਰ ਲੇਖਾ ਆਪ ਲਿਖਾਇਆ । ਸਦਾ ਸੁਹੇਲਾ ਦੇਵੇ ਠੰਢੀਆਂ ਛਾਈਂ, ਜੁਗਾ ਜੁਗੰਤਰ ਰਚਨ ਰਚਾਇਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਆਪ ਆਪਣਾ ਵੇਖ ਘਰ, ਸਾਚੀ ਨਗਰੀ ਧਾਮ ਸੁਹਾਇਆ । ਸਾਚੀ ਨਗਰੀ ਧਾਮ ਅਵੱਲਾ, ਗੁਰ ਪੂਰੇ ਮਾਤ ਵਖਾਇਆ । ਹਰਿ ਜੀ ਵਸੇ ਇਕ ਇਕੱਲਾ, ਦੂਸਰ ਦਿਸ ਕਿਸੇ ਨਾ ਆਇਆ ।

੭੧੫
੦੫

ਨਾ ਕੋਈ ਜਾਣੇ ਜਲ ਥਲਾ, ਸਾਗਰ ਸਿੰਧ ਸਾਰ ਨਾ ਪਾਇਆ । ਸਤਿ ਸਰੋਵਰ ਡੂੰਘੀ ਡੱਲਾ, ਚੌਦਾਂ ਤਬਕਾਂ ਭੇਵ ਨਾ ਰਾਇਆ । ਇਤਲ ਵਿਤਲ ਸਿਤਲ ਨਾ ਮਿਲਾ, ਪ੍ਰਭ ਸਾਚਾ ਦਿਸ ਨਾ ਆਇਆ । ਤਲਾਤਲ ਮਹਾਤਲ ਰਸਾਤਲ ਇਕੱਲਾ, ਚਰਨਾਂ ਹੇਠ ਦਬਾਇਆ । ਪਾਤਾਲ ਦਿਸਾਏ ਜਲਾ ਥਲਾ, ਜਲ ਧਰਤੀ ਉਪਰ ਟਿਕਾਇਆ । ਆਪੇ ਜਾਣੇ ਆਪਣਾ ਹੱਲਾ, ਲੋਆਂ ਪੁਰੀਆਂ ਰਿਹਾ ਹਿਲਾਇਆ । ਦੀਪਕ ਜੋਤੀ ਏਕਾ ਬਲਾ, ਲੋਕਮਾਤੀ ਚੰਦ ਚੜ੍ਹਾਇਆ । ਲੇਖਾ ਚੁਕੇ ਗੋਬਿੰਦ ਡੱਲਾ, ਸੰਮਤ ਚੌਦਾਂ ਲਹਿਣਾ ਦੇਣਾ ਦਏ ਚੁਕਾਇਆ । ਕਲਜੁਗ ਮੇਟੇ ਤੇਰਾ ਸਲਾ, ਸਤਿਜੁਗ ਸਾਚਾ ਗਹਿਣਾ ਸ਼ਬਦ ਤਨ ਦਏ ਪਹਿਨਾਇਆ । ਸਚ ਦਵਾਰਾ ਪੁਰਖ ਅਬਿਨਾਸ਼ੀ ਏਕਾ ਮੱਲਾ, ਗੁਰਮੁਖਾਂ ਦਏ ਜਣਾਈਆ । ਗੁਰ ਸੰਗਤ ਜੋ ਸਾਚੀ ਰੱਲਾ, ਹਾੜ ਸਤਾਰਾਂ ਰੁੱਤ ਸੁਹਾਈਆ । ਦਰਸ ਦਿਖਾਏ ਘੜੀ ਘੜੀ ਪਲ ਪਲਾ, ਪੰਦਰ੍ਹਾਂ ਕੱਤਕ ਸੰਮਤ ਸੋਲਾਂ ਆਤਮ ਪੜਦਾ ਦੇਵੇ ਲਾਹੀਆ । ਜਗਤ ਭੁਲਾਇਆ ਕਰ ਕਰ ਵਲ ਛਲਾ, ਆਪੇ ਵਸਿਆ ਨਿਹਚਲ ਧਾਮ ਅਟੱਲਾ, ਜੋਤੀ ਨੂਰ ਸਵਾਈਆ । ਸ਼ਬਦ ਸੁਨੇਹੜਾ ਜੁਗਾ ਜੁਗੰਤ ਘੱਲਾ, ਦਸ ਜਾਮੇ ਰੂਪ ਵਟਾਈਆ । ਗੁਰ ਗੋਬਿੰਦੇ ਦਰ ਦਵਾਰਾ ਏਕਾ ਮੱਲਾ, ਪਿਤਾ ਪੂਤ ਅਖਵਾਈਆ । ਪੁਰਖ ਅਬਿਨਾਸ਼ੀ ਇਕ ਚੜ੍ਹਾਇਆ ਰਸਨਾ ਚਿਲਾ, ਨੈਣਾ ਦੇਵੀ ਦਰਸ ਦਿਖਾਈਆ । ਕਿਲ੍ਹਾ ਕੋਟ ਗੜ੍ਹ ਕਰੇ ਢਿਲਾ, ਕਲਜੁਗ ਅੰਤਮ ਖੇਲ ਰਚਾਇਆ । ਸੰਮਤ ਅਠਾਰਾਂ ਵੇਖੇ ਬੂਰਾ ਕੱਕਾ ਬਿੱਲਾ, ਸ਼ਾਹ ਇੰਗਲਸਤਾਨਾ ਦਏ ਹਿਲਾਇਆ । ਜਨ ਭਗਤਾਂ ਪਾੜੇ ਬਜਰ ਕਪਾਟੀ ਲੱਗੀ ਸਿਲਾ, ਸਾਚਾ ਨਿਰਮਲ ਰੂਪ ਰਖਾਇਆ । ਦਸਮ ਦਵਾਰੀ ਮਹੱਲ ਅੰਦਰ ਅਚੱਲਾ, ਦਿਸ ਕਿਸੇ ਨਾ ਆਇਆ । ਅੰਮ੍ਰਿਤ ਆਤਮ ਸਚ ਸਰੋਵਰ ਗੁਰਮੁਖ ਵਿਰਲੇ ਮਿਲਾ, ਪੁਰਖ ਅਬਿਨਾਸ਼ੀ ਆਪਣੀ ਝੋਲੀ ਆਪੇ ਪਾਇਆ । ਦਰ ਦਵਾਰੇ ਆਪੇ ਫਿਰੇ ਕਰ ਕਰ ਹੱਲਾ, ਸ਼ਾਹ ਸੁਲਤਾਨਾਂ ਸੰਤ ਨਿਧਾਨਾ ਕਿਸੇ ਹੱਥ ਨਾ ਲਾਇਆ । ਗੁਰ ਸੰਗਤ ਸਚ ਦਵਾਰਾ ਮੱਲਾ, ਸਤਾਰਾਂ ਹਾੜੀ ਦਰਸ ਦਿਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਸੰਗਤ ਮੇਲਾ ਇਕ ਦਰ, ਆਪਣਾ ਭਾਣਾ ਰਿਹਾ ਲਿਖਾਇਆ । ਸਾਚਾ ਭਾਣਾ ਹਰਿ ਬਲਵਾਨ, ਆਪਣੇ ਹੱਥ ਹਰਿ ਰਖਾਇਆ । ਫੜੇ ਸ਼ਬਦ ਤੀਰ ਕਮਾਨ, ਚਿਲ੍ਹਾ ਨਾਮ ਚੜ੍ਹਾਇਆ । ਪਰਗਟ ਹੋਏ ਦੋ ਜਹਾਨ, ਭੇਵ ਕੋਇ ਨਾ ਪਾਇਆ । ਮੇਟ ਮਿਟਾਏ ਮਾਤ ਨਿਸ਼ਾਨ, ਲੱਖ ਚੁਰਾਸੀ ਦਏ ਦੁਹਾਇਆ । ਗੁਰਮੁਖ ਸਾਚੇ ਚਤੁਰ ਸੁਜਾਨ, ਆਪ ਆਪਣੇ ਰੰਗ ਰਿਹਾ ਰੰਗਾਇਆ । ਏਕਾ ਦੇਵੇ ਚਰਨ ਧਿਆਨ, ਨਾਤਾ ਬਿਧਾਤਾ ਆਪਣਾ ਰਿਹਾ ਬੰਧਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਜਾਮਾ ਭੇਖ ਧਰ, ਗੁਰ ਸੰਗਤ ਲਹਿਣਾ ਦੇਣਾ ਆਪੇ ਰਿਹਾ ਚੁਕਾਇਆ । ਗੁਰ ਸੰਗਤ ਸਤਿਗੁਰ ਰੂਪ ਹੈ, ਸਤਿਗੁਰ ਵਿਚ ਸਮਾਇਆ । ਹਰਿ ਆਪੇ ਦਾਤਾ ਵਡਾ ਸ਼ਾਹੋ ਭੂਪ ਹੈ, ਸਚ ਸੁਲਤਾਨਾ ਆਪ ਅਖਵਾਇਆ । ਵੇਖ ਵਖਾਣੇ ਚਾਰੇ ਕੂਟ ਹੈ, ਦਹਿ ਦਿਸ਼ਾ ਫੇਰਾ ਪਾਇਆ । ਨੌਂ ਖੰਡ ਪ੍ਰਿਥਮੀ ਨੌਂ ਦਵਾਰੇ ਰਿਹਾ ਲੂਟ ਹੈ, ਦਰ ਦਰਬਾਰਾ ਇਕ ਰਖਾਇਆ । ਸ਼ਬਦ ਸਿੰਘਾਸਣ ਰਿਹਾ ਝੂਟ ਹੈ, ਸਾਢੇ ਤਿੰਨ ਹੱਥ ਆਪ ਸਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਸੰਗਤ ਲਹਿਣਾ ਦੇਵੇ ਵਰ, ਭੇਖਾਧਾਰੀ ਭੇਖ ਵਟਾਇਆ । ਗੁਰ ਸੰਗਤ ਸੋਹੇ ਬੰਕ ਦਵਾਰ, ਪ੍ਰਭ ਸਾਚਾ ਤਖ਼ਤ ਬਿਰਾਜਿਆ । ਸ਼ਬਦ ਡੰਕ ਅਪਰ ਅਪਾਰ, ਗੁਰਮੁਖਾਂ ਮਾਰੇ ਆਵਾਜ਼ਿਆ । ਰਾਓ ਰੰਕਾਂ ਕਰੇ ਖ਼ਬਰਦਾਰ, ਚੜ੍ਹਿਆ ਚਿੱਟੇ ਅਸਵ ਸਾਚੇ ਤਾਜਿਆ । ਚਾਰ ਯਾਰਾਂ ਪੈਣੀ ਮਾਰ, ਨਾ ਕੋਈ ਦੀਸੇ ਮੁਹੰਮਦੀ ਗਾਜ਼ੀਆ । ਪਰਗਟ ਹੋਏ ਨਿਹਕਲੰਕ

ਨਰਾਇਣ ਨਰ ਅਵਤਾਰ, ਆਪਣੀ ਸਾਜਣ ਰਿਹਾ ਸਾਜਿਆ । ਆਪਣੀ ਸਾਜਣ ਆਪੇ ਸਾਜੇ, ਗੋਬਿੰਦ ਗੋਬਿੰਦ ਰਾਮਾ । ਕਰੇ ਖੇਲ ਦੇਸ ਮਾਝੇ, ਸ਼ਬਦ ਵਜਾਏ ਇਕ ਦਮਾਮਾ । ਪਕੜ ਉਠਾਏ ਰਾਜਨ ਰਾਜੇ, ਕਲਜੁਗ ਵੇਖੇ ਅੰਧੇਰੀ ਸ਼ਾਮਾ । ਸੀਸ ਨਾ ਕਿਸੇ ਦਿਸੇ ਤਾਜੇ, ਮਧਰ ਨਾ ਪੀਏ ਕੋਈ ਜਾਮਾ । ਨਾ ਕੋਈ ਮੱਕਾ ਕਾਅਬਾ ਹਾਜਨ ਹਾਜੇ, ਨਾ ਕੋਈ ਪੜ੍ਹੇ ਅੰਜ਼ੀਲ ਕੁਰਾਨਾ । ਨਾ ਕੋਈ ਔਲੀਆ ਪੀਰ ਸ਼ੇਖ਼ ਮੁਸਾਇਕ ਚੜ੍ਹੇ ਸਾਚੇ ਤਾਜੇ, ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਗੁਰ ਗੋਬਿੰਦਾ ਵੇਖ ਘਰ, ਕਰੇ ਖੇਲ ਇਕ ਮਹਾਨਾ । ਕਰੇ ਖੇਲ ਇਕ ਮਹਾਨ, ਪ੍ਰਭ ਸਾਚੀ ਬਣਤ ਬਣਾਈਆ । ਛਾਣੇ ਪੁਣੇ ਵੇਦ ਪੁਰਾਨ, ਵੇਦ ਵਿਆਸਾ ਗਿਆ ਲਿਖਾਈਆ । ਆਪੇ ਵੇਖੇ ਬ੍ਰਹਮ ਪੁਰਾਨ, ਬੀਸ ਹਜ਼ਾਰ ਸਲੋਕ ਗਿਣਾਈਆ । ਪਦਮ ਵੇਖੇ ਸਚ ਨਿਸ਼ਾਨ, ਹਜ਼ਾਰ ਪਚਵੰਜਾ ਭੇਵ ਖੁਲ੍ਹਾਈਆ । ਵਿਸ਼ਨੂੰ ਵੇਖੇ ਕਰ ਧਿਆਨ, ਹਜ਼ਾਰ ਤੀਸ ਲੇਖ ਲਿਖਾਇਆ । ਸ਼ਿਵ ਜੀ ਕਰੇ ਇਕ ਗਿਆਨ, ਚਵੀ ਹਜ਼ਾਰ ਗਿਣਾਈਆ । ਸ੍ਰੀ ਮਧ ਭਗਵਤ ਚਤੁਰ ਸੁਜਾਨ, ਹਜ਼ਾਰ ਅਠਾਰਾਂ ਬਣਤ ਬਣਾਈਆ । ਨਾਰਦ ਵੇਖੇ ਜਗਤ ਨਿਸ਼ਾਨ, ਹਜ਼ਾਰ ਪੰਝੀ ਗਣਤ ਗਿਣਾਈਆ । ਅਗਨੀ ਵਰੋਲੇ ਸ਼ਬਦ ਮਧਾਣ, ਪੰਦਰ੍ਹਾਂ ਹਜ਼ਾਰ ਸੌ ਚਾਰ ਗਿਣਾਈਆ । ਭਗਤਨ ਵੇਖੇ ਗਣ ਨਿਧਾਨ, ਨੌਂ ਹਜ਼ਾਰ ਪੜਦਾ ਰਿਹਾ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨੌਂ ਨੌਂ ਵੇਖੇ ਇਕ ਘਰ, ਨੌਵਾਂ ਭੇਦ ਛੁਪਾਈਆ । ਨੌਂ ਦਵਾਰੇ ਨੌਂ ਖੰਡ, ਨਿਜ ਘਰ ਆਤਮ ਵਾਸਿਆ । ਸ਼ਬਦ ਵੇਖ ਜਗਤ ਪਰਚੰਡ, ਫੜੇ ਹੱਥ ਪੁਰਖ ਅਬਿਨਾਸ਼ਿਆ । ਮਨਮੁਖ ਜੀਵਾਂ ਵੱਢੇ ਕੰਡ, ਗੁਰਮੁਖਾਂ ਦੇਵੇ ਜਗਤ ਧਰਵਾਸਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਉਡੇ ਉਡਾਏ, ਪ੍ਰਿਥਮੀ ਆਕਾਸਿਆ । ਦੁਸ਼ਟ ਸੰਘਾਰੇ ਦੁਸ਼ਟ ਦਮਨ, ਪ੍ਰਭ ਸਾਚੇ ਸੇਵਾ ਲਾਈਆ । ਆਪੇ ਜਾਣੇ ਕਾਮਨੀ ਕਮਨ, ਅਵਣ ਗਵਣ ਵਿਚ ਸਮਾਈਆ । ਸਾਚੀ ਚਮਕੇ ਦਾਮਨੀ ਦਮਨ, ਸਾਚੀ ਚੰਡੀ ਹੱਥ ਉਠਾਈਆ । ਹਰਿ ਬਿਨ ਅਵਰ ਨਾ ਜਾਣੇ ਕਵਣ, ਸਾਚੀ ਸੇਵਾ ਮਾਤ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚੀ ਵਸਤੂ ਝੋਲੀ ਪਾਈਆ । ਸਾਚੀ ਵਸਤ ਸਾਚੀ ਦਾਤ, ਪ੍ਰਭ ਸਾਚਾ ਝੋਲੀ ਪਾਇੰਦਾ । ਭਾਣਾ ਮੰਨਣਾ ਵਡ ਕਰਾਮਾਤ, ਉਤਮ ਜ਼ਾਤ ਰਖਾਇੰਦਾ । ਕਲਜੁਗ ਅੰਤਮ ਮੇਲਾ ਕਮਲਾਪਾਤ, ਲਹਿਣਾ ਦੇਣਾ ਮੂਲ ਚੁਕਾਇੰਦਾ । ਵੇਖੇ ਖੇਲ ਨਵ ਸਾਤ, ਸਤਿ ਸਤਵੰਤਾ ਬਣਤ ਬਣਾਇੰਦਾ । ਕੋਈ ਨਾ ਦਿਸੇ ਜਗਤ ਘਾਟ, ਸ਼ਬਦ ਸਿੰਘਾਸਣ ਡੇਰਾ ਲਾਇੰਦਾ । ਕੋਈ ਨਾ ਦੀਸੇ ਮਾਤ ਹਾਟ, ਨਾਮ ਵਣਜ ਨਾ ਕੋਈ ਕਰਾਇੰਦਾ । ਦੀਪਕ ਜੋਤ ਨਾ ਜਗੇ ਲਿਲਾਟ, ਔਖੀ ਘਾਟੀ ਨਾ ਕੋਇ ਚੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਆਪ ਆਪਣਾ ਰੰਗ ਵਟਾਇੰਦਾ । ਲੇਖਾ ਲਿਖਣਹਾਰ ਹਰਿ ਰਘੁਰਾਈਆ । ਹਰਿ ਮਨ ਵਿਕਾਰਾ ਦਰ ਦਵਾਰ, ਮਨਮੁਖਾਂ ਨਾਉਂ ਉਪਜਾਈਆ । ਗੁਰਸਿਖ ਆਪਣਾ ਘਰ ਵਿਚਾਰ, ਹਰਿ ਸਾਚਾ ਦਰ ਸਰਨਾਈਆ । ਆਏ ਕਰਨਾ ਸੱਚਾ ਵਣਜ ਵਪਾਰ, ਹਰਿ ਨਾਉਂ ਵਸਤ ਪਰਾਈਆ । ਵੇਲੇ ਅੰਤਮ ਕਰੇ ਪਾਰ, ਮਾਤ ਪਿਤ ਨਾ ਕੋਈ ਸਹਾਈਆ । ਨਾਤਾ ਤੁਟੇ ਮੀਤ ਮੁਰਾਰ, ਨਾਰੀ ਖੌਂਤ ਹੋਏ ਜੁਦਾਈਆ । ਗੁਰ ਚਰਨ ਸਦ ਸਦ ਬਲਿਹਾਰ, ਲੱਖ ਚੁਰਾਸੀ ਦਏ ਕਟਾਈਆ । ਏਕਾ ਬਖ਼ਸ਼ੇ ਚਰਨ ਪਿਆਰ, ਜੋ ਜਨ ਆਏ ਦਰਸ਼ਨ ਪਾਈਆ । ਹਉਮੇ ਹੰਗਤਾ ਰੋਗ ਨਿਵਾਰ, ਸਾਚੀ ਸੰਗਤਾ ਮੇਲ ਮਿਲਾਈਆ । ਭਰਮੇ ਭੁੱਲੇ ਜੀਵ ਗਵਾਰ, ਜਗਤ ਅਗਨੀ ਤਨ ਵਧਾਈਆ । ਜੋਤੀ ਜੋਤ ਸਰੂਪ ਹਰਿ, ਸਾਚੀ ਸਿਖਿਆ ਦੇਵੇ ਵਰ, ਅੰਤਮ ਬੇੜਾ ਬੰਨ੍ਹੇ ਲਾਈਆ । ਗੁਰ ਸ਼ਬਦ

ਜਗਤ ਜੈਕਾਰ ਵਿਚ ਬ੍ਰਹਿਮੰਡਿਆ । ਆਪੇ ਪਾਵਣਹਾਰਾ ਸਾਰ, ਕਿਆ ਕੋਈ ਕਰੇ ਭੇਖ ਪਖੰਡਿਆ । ਵਸਿਆ ਅੰਦਰ ਗੁਪਤ ਜ਼ਾਹਿਰ, ਆਪ ਬੈਠਾ ਦੇ ਕਰ ਕੰਡਿਆ । ਹਰਿਜਨ ਸਾਚੇ ਜਨਮ ਸਵਾਰ, ਮਾਨਸ ਦੇਹੀ ਵੇਲਾ ਹੰਢਿਆ । ਚਰਨ ਪ੍ਰੀਤੀ ਇਕ ਅਪਾਰ, ਸ਼ਬਦ ਚੜ੍ਹਾਏ ਸਾਚੇ ਡੰਡਿਆ । ਲੱਖ ਚੁਰਾਸੀ ਉਤਰੇ ਪਾਰ, ਨੌਂ ਦਵਾਰੇ ਉਪਰ ਅੰਮ੍ਰਿਤ ਆਤਮ ਠੰਢਿਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਸਾਚੀ ਵੰਡਣ ਆਪੇ ਵੰਡਿਆ । ਕਲਜੁਗ ਸਾਚੀ ਵੰਡ ਵੰਡਾਈ, ਵੰਡਣਹਾਰਾ ਆਪੇ । ਜੀਓ ਪਿੰਡ ਹਰਿ ਖੋਜ ਖੁਜਾਈ, ਬ੍ਰਹਿਮੰਡ ਕਿਸੇ ਨਾ ਜਾਪੇ । ਖੰਡ ਖੰਡ ਪ੍ਰਭ ਕਰ ਵਿਖਾਈ, ਸੰਗ ਰਲਾਏ ਤੀਨੋ ਤਾਪੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਜਾਣੇ ਵਡ ਪਰਤਾਪੇ । ਵਡ ਪਰਤਾਪ ਦੀਨ ਦਿਆਲ ਆਪਣਾ ਆਪ ਕਰਾਇਆ । ਚਰਨ ਰਖਾਏ ਕਾਲ ਮਹਾਂਕਾਲ, ਸ਼ਬਦ ਦਲਾਲ ਵਿਚ ਰਖਾਇਆ । ਜਗਤ ਜੰਜ਼ਾਲਾ ਤੋੜ, ਸ਼ਬਦ ਚੜ੍ਹਾਏ ਸਾਚੇ ਘੋੜ, ਇਕ ਰਖਵਾਲਾ ਆਪ ਅਖਵਾਇਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਦੋ ਜਹਾਨਾਂ ਖੇਲ ਰਚਾਇਆ । ਦੋ ਜਹਾਨਾਂ ਸਾਚਾ ਮੇਲਾ, ਸਾਚੀ ਬਣਤ ਬਣਾਈਆ । ਗੁਰ ਗੋਬਿੰਦ ਬਣਿਆ ਚੇਲਾ, ਪੁਰਖ ਅਬਿਨਾਸ਼ੀ ਗੁਰੂ ਬਣਾਈਆ । ਸਤਿਗੁਰ ਮਿਲਿਆ ਸੱਜਣ ਸੁਹੇਲਾ, ਸਤਿ ਪੁਰਖਾ ਨਾਉਂ ਰਖਾਈਆ । ਆਪੇ ਵਸੇ ਸਦਾ ਅਕੇਲਾ, ਸ਼ਬਦ ਡੋਰੀ ਨਾਲ ਬੰਧਾਈਆ । ਪਰਗਟ ਕੀਆ ਜਗਤ ਚੇਲਾ, ਸਾਚਾ ਵੇਲਾ ਰਿਹਾ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਦੇਵੇ ਮਾਤ ਜਗਤ ਵਡਿਆਈਆ । ਪੁਰਖ ਅਬਿਨਾਸ਼ੀ ਸਤਿਗੁਰ ਸਾਚਾ, ਗੁਰ ਗੋਬਿੰਦੇ ਪਾਇਆ । ਸ਼ਬਦ ਦਵਾਰੇ ਸਾਚਾ ਤਾਜਾ, ਅਨਹਦ ਰਾਗ ਸੁਣਾਇਆ । ਏਕਾ ਅੱਖਰ ਏਕਾ ਵਾਚਾ, ਏਕੰਕਾਰ ਸੁਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣਾ ਵੇਸ ਕਰ, ਪੰਜ ਤੱਤੀ ਬਣਤ ਬਣਾਇਆ । ਗੋਬਿੰਦ ਗੋਬਿੰਦ ਗੋਬਿੰਦ ਗੜ੍ਹ, ਪ੍ਰਭ ਸਾਚੇ ਮਾਤ ਉਸਾਰਿਆ । ਤੇਗ ਬਹਾਦਰ ਲਾਈ ਜੜ੍ਹ, ਪਿਤਾ ਪੂਤ ਪਿਆਰਿਆ । ਜੋਤ ਸਰੂਪੀ ਅੱਗੇ ਖੜ, ਦੇਵੇ ਦਰਸ ਅਪਾਰਿਆ । ਭਾਗ ਲਗਾਏ ਕਾਇਆ ਧੜ, ਜਗਤ ਮਹੱਲ ਚੁਬਾਰਿਆ । ਸ਼ਬਦ ਸਰੂਪੀ ਅੰਦਰ ਵੜ, ਮੇਲ ਮਿਲਾਏ ਪੁਰਖ ਭਤਾਰਿਆ । ਏਕਾ ਰਾਗ ਬਹੱਤਰ ਨਾੜ, ਬਹੱਤਰ ਤਾੜਾ ਆਪ ਵਜਾ ਰਿਹਾ । ਸੱਜ ਸਿੰਘਾਸਣ ਆਪੇ ਚੜ੍ਹ, ਪੁਰਖ ਅਬਿਨਾਸ਼ੀ ਡੇਰਾ ਲਾ ਲਿਆ । ਗੁਰ ਗੋਬਿੰਦਾ ਬਾਹੋਂ ਫੜ, ਵਿਚ ਮਾਤ ਹਰਿ ਜਗਾ ਲਿਆ । ਜੋਤੀ ਜੋਤ ਸਰੂਪ ਹਰਿ, ਨਾ ਕੋਈ ਦੀਸੇ ਸੀਸ ਧੜ, ਸਾਚਾ ਸੰਗ ਇਕ ਰਖਾ ਲਿਆ । ਗੋਬਿੰਦ ਤੇਰਾ ਕਾਇਆ ਕੋਟ, ਸ਼ਬਦ ਮਹੱਲ ਉਸਾਰਿਆ । ਪੁਰਖ ਅਬਿਨਾਸ਼ੀ ਲਾਏ ਚੋਟ, ਉਪਰ ਸਚ ਦਵਾਰਿਆ । ਚੜ੍ਹ ਚੜ੍ਹ ਥੱਕੇ ਕੋਟੀ ਕੋਟ, ਬਿਨ ਨਾਨਕ ਕਿਸੇ ਨਾ ਪਾ ਲਿਆ । ਸਾਧ ਸੰਤ ਆਲ੍ਹਣਿਓ ਡਿਗੇ ਬੋਟ, ਇਕ ਕਬੀਰਾ ਗੋਦ ਉਠਾ ਲਿਆ । ਪੁਰਖ ਅਬਿਨਾਸ਼ੀ ਗੁਰ ਗੋਬਿੰਦ ਤੇਰੀ ਭਰੇ ਪੋਟ, ਅੰਮ੍ਰਿਤ ਧਾਰਾ ਇਕ ਵਹਾ ਰਿਹਾ । ਨੌਂ ਦਰ ਨਾ ਦਿਸੇ ਕੋਟੀ ਕੋਟ, ਏਕਾ ਰੰਗ ਸਮਾ ਰਿਹਾ । ਸ਼ਬਦ ਨਗਾਰਾ ਸਾਚੀ ਚੋਟ, ਅੱਠੇ ਪਹਿਰ ਲਗਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੋਬਿੰਦ ਕਾਇਆ ਰੂਪ ਵਟਾ ਰਿਹਾ । ਤੇਗ ਬਹਾਦਰ ਤੇਰਾ ਲਾਲ, ਗੋਬਿੰਦ ਨਾਮ ਰਖਾਈਆ । ਪ੍ਰਭ ਸ਼ਬਦ ਪਾਈ ਸਚ ਦੁਸ਼ਾਲ, ਆਪਣਾ ਮੁਖ ਛੁਪਾਈਆ । ਨੂਰੀ ਜਲਵਾ ਜਗਤ ਜਲਾਲ, ਹੱਕ ਹਲਾਲ ਸਰਬ ਖ਼ੁਦਾਈਆ । ਗ਼ਨੀਮ ਗ਼ਨੀਮਾ ਬੇਮਿਸਾਲ, ਅਜ਼ਮਤ ਕਿਸੇ ਹੱਥ ਨਾ ਆਈਆ । ਸ਼ਾਹ ਭੀਖਮ ਕਰੇ ਜਗਤ ਮਲਾਹ, ਪ੍ਰਭ ਸਾਚੇ ਬੂਝ ਬੁਝਾਈਆ । ਵੇਖੇ ਖੇਲ ਅੰਤ ਤਮਾਮ, ਸਾਚਾ ਸੰਗ ਨਿਭਾਈਆ । ਸੰਮਤ

੭੧੮ ੦੫

ਉਨੀ ਪਿਆਏ ਸਾਚਾ ਜਾਮ, ਵਿਚ ਮਦੀਨੇ ਲਏ ਜਗਾਈਆ । ਪਹਿਨੇ ਬਸਤਰ ਕਾਲੇ ਸ਼ਾਮ, ਅਰਸ਼ੋਂ ਕੁਰਸੋਂ ਜੋਤ ਜਗਾਈਆ । ਆਪ ਰਹੀਮ ਆਪ ਰਹਿਮਾਨ, ਸ਼ਬਦ ਕੁਰਾਨ ਜਗਤ ਜੁਦਾਈਆ । ਨਾ ਕੋਈ ਦੀਸੇ ਬੇਈਮਾਨ ਸ਼ੈਤਾਨ, ਹਾਜ਼ੀ ਕਾਜ਼ੀ ਨਜ਼ਰ ਨਾ ਆਈਆ । ਇਕ ਸੁਣਾਏ ਧੁਰ ਫ਼ਰਮਾਣ, ਗਰੀਬ ਨਿਵਾਜ਼ੀ ਦਇਆ ਕਮਾਈਆ । ਸੋਹੰ ਅੱਖਰ ਮਾਤ ਪ੍ਰਧਾਨ, ਸੱਤ ਰੰਗਾ ਚੜ੍ਹੇ ਮਾਤ ਨਿਸ਼ਾਨ, ਪ੍ਰਭ ਸਾਚੀ ਬਣਤ ਬਣਾਈਆ । ਤਿੰਨ ਅੱਸੂ ਦੇਵੇ ਭਾਰਤ ਖੰਡੀ ਆਪ ਜਵਾਨ, ਸ਼ਾਹ ਸੁਲਤਾਨਾ ਹੱਥ ਫੜਾਈਆ । ਸ਼ਬਦ ਰਖਾਏ ਏਕਾ ਆਣ, ਨਾ ਕੋਈ ਮੇਟ ਮਿਟਾਈਆ । ਸੋਹੰ ਫੜੇ ਤੀਰ ਕਮਾਨ, ਖੇਵਟ ਖੇਟ ਹਰਿ ਰਘੁਰਾਈਆ । ਗੋਬਿੰਦ ਗੋਬਿੰਦ ਗੋਬਿੰਦ ਬਲੀ ਬਲਵਾਨ, ਪਿਤਾ ਪੂਤ ਆਪ ਅਖਵਾਈਆ । ਸਰਬ ਜੀਆਂ ਪ੍ਰਭ ਜਾਣੀ ਜਾਣ, ਸ਼ਾਹ ਰੂਸ ਚੀਨ ਹਿਲਾਈਆ । ਸੰਮਤ ਸੋਲਾਂ ਵੇਖੇ ਮਾਰ ਧਿਆਨ, ਨਾਮ ਬਿਬਾਣਾ ਜਗਤ ਟਿਕਾਈਆ । ਗੋਬਿੰਦ ਗੋਬਿੰਦ ਗੋਬਿੰਦ ਸਾਰੇ ਗਾਣ, ਗ੍ਰੰਥੀ ਪੰਥੀ ਭਰਮ ਚੁਕਾਈਆ । ਨਾ ਕੋਈ ਪੂਜੇ ਮੜ੍ਹੀ ਮਸਾਣ, ਓਅੰਕਾਰਾ ਦੇਸ਼ ਵਧਾਈਆ । ਨਿਹਕਲੰਕਾ ਖੇਲ ਮਹਾਨ, ਸ਼ਬਦ ਜੈਕਾਰਾ ਇਕ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਬਲ ਨਗਰੀ ਭਾਗ ਲਗਾਈਆ । ਸੰਬਲ ਨਗਰੀ ਜਾਗੇ ਭਾਗ, ਗੁਰ ਗੋਬਿੰਦੇ ਲੇਖ ਲਿਖਾਇਆ ਏ । ਹਰਿ ਜੋਤੀ ਜਗਿਆ ਇਕ ਚਿਰਾਗ, ਸ਼ਬਦ ਚਲਾਈ ਸਾਚੀ ਨਈਆ ਏ । ਜਨ ਭਗਤਾਂ ਪਕੜੇ ਆਪੇ ਵਾਗ, ਆਪੇ ਮਾਤ ਪਿਤ ਭੈਣ ਭਈਆ ਏ । ਦੁਰਮਤ ਮੈਲ ਧੋਵੇ ਦਾਗ਼, ਜੁਗਾ ਜੁਗੰਤਰ ਸਾਚਾ ਸਈਆ ਏ । ਹੰਸ ਬਣਾਏ ਫੜ ਫੜ ਕਾਗ, ਲੇਖਾ ਪਾੜੇ ਧਰਮ ਰਾਏ ਕਲ ਵਹੀਆ ਏ । ਮਸਤਕ ਲਿਖੇ ਸਾਚੇ ਮਾਥ, ਪ੍ਰਭ ਲਿਖਣਹਾਰ ਅਖਵਾਈਆ ਏ । ਜਗਤ ਚਲਾਏ ਸਾਚੀ ਗਾਥ, ਸੋਹੰ ਨਾਂਓ ਰਖਾਈਆ ਏ । ਸਾਢੇ ਤਿੰਨ ਹੱਥ ਤੇਰਾ ਚੁੱਕੇ ਸਾਥ, ਗੁਰ ਸੰਗਤ ਮਾਣ ਦਵਈਆ ਏ । ਨੌਂ ਦਵਾਰੇ ਹਾਥੋ ਹਾਥ, ਪ੍ਰਭ ਲੇਖਾ ਆਪ ਲਿਖਈਆ ਏ । ਦਸਵੇਂ ਬੈਠਾ ਸਗਲਾ ਸਾਥ, ਲਜ ਪਤ ਆਪ ਰਖਈਆ ਏ । ਅਨਹਦ ਧੁਨੀ ਸਾਚੀ ਗਾਥ, ਆਤਮ ਘਰ ਸੁਣਈਆ ਏ । ਸੰਮਤ ਸੋਲਾਂ ਸ਼ਬਦ ਸਰੂਪੀ ਸਾਚੀ ਠਾਠ, ਅੰਮ੍ਰਿਤ ਧਾਰਾ ਉਪਰ ਵਹਈਆ ਏ । ਲੇਖਾ ਚੁੱਕੇ ਅੱਠ ਸੱਠ, ਸਾਚਾ ਨਾਹਵਣ ਇਕ ਨਵ੍ਹਈਆ ਏ । ਗੁਰ ਸ਼ਬਦ ਨਾ ਜਲੇ ਕਾਇਆ ਕਾਠ, ਅਗਨੀ ਪੋਹੇ ਨਾ ਰਾਈਆ ਏ । ਚਰਨ ਪ੍ਰੀਤੀ ਸਾਚਾ ਪਾਠ, ਧੁਰ ਦਰਗਾਹੀ ਮੇਲ ਮਿਲਈਆ ਏ । ਨੇਤਰ ਦਰਸ਼ਨ ਸਾਚਾ ਹਾਠ, ਜਪ ਤਪ ਸਤਿ ਆਪਣੇ ਆਪ ਰਖਈਆ ਏ । ਜਨ ਭਗਤਾਂ ਪਕੜੇ ਆਪੇ ਲਾਠ, ਗੇੜਾ ਆਪਣੇ ਹੱਥ ਰਖਈਆ ਏ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਗੁਰ ਗੋਬਿੰਦ ਮਾਣ ਦਵਈਆ ਏ । ਗੁਰ ਗੋਬਿੰਦ ਸਾਚਾ ਮੀਤਾ, ਏਕਾ ਏਕ ਅਕਾਲਿਆ । ਜੁਗ ਜੁਗ ਚਲਾਏ ਆਪਣੀ ਰੀਤਾ, ਦੀਨਾ ਬੰਧੂ ਦੀਨ ਦਿਆਲਿਆ । ਆਪ ਬਣਾਏ ਮੰਦਰ ਮਸੀਤਾ, ਆਪ ਉਪਾਏ ਗੁਰਦਵਾਰੇ ਸ਼ਿਵਦਵਾਲਿਆ । ਆਪੇ ਵਸੇ ਕਾਇਆ ਚੀਤਾ, ਹਰਿ ਮੰਦਰ ਇਕ ਸੁਹਾ ਲਿਆ । ਏਕਾ ਸ਼ਬਦ ਸੁਣਾਏ ਧਿਆਏ ਅਠਾਰਾਂ ਗੀਤਾ, ਪੁਰਖ ਅਬਿਨਾਸ਼ੀ ਜਿਸ ਜਨ ਦਰਸ਼ਨ ਪਾ ਲਿਆ । ਹਰਿ ਕ੍ਰਿਸ਼ਨ ਮੁਰਾਰੀ ਸਾਚਾ ਮੀਤਾ, ਰਾਮ ਰਮਈਆ ਆਪ ਅਖਵਾ ਲਿਆ । ਆਪੇ ਰਾਧਾ ਆਪੇ ਸੀਤਾ, ਆਪੇ ਕੰਤ ਸੁਹਾਗ ਹੰਢਾ ਲਿਆ । ਆਪੇ ਹੋਏ ਪਤਤ ਪੁਨੀਤਾ, ਗੁਰਮੁਖਾਂ ਅੰਦਰ ਡੇਰਾ ਲਾ ਲਿਆ । ਆਪੇ ਬੈਠਾ ਰਹੇ ਅਤੀਤਾ, ਆਪਣਾ ਭੇਵ ਛੁਪਾ ਰਿਹਾ । ਜੁਗ ਜੁਗ ਧਾਰੇ ਆਪਣੀ ਰੀਤਾ, ਆਪਣਾ ਰੰਗ ਵਖਾ ਲਿਆ । ਨਾ ਕੋਈ ਜਾਣੇ ਹਸਤ ਕੀਟਾ, ਊਚਾਂ ਨੀਚਾਂ ਵਿਚ ਸਮਾ ਰਿਹਾ । ਜੋਤੀ ਜੋਤ ਸਰੂਪ

੭੨੦
੦੫

ਹਰਿ, ਜੋਤੀ ਜਾਮਾ ਭੇਖ ਧਰ, ਗੁਰ ਗੋਬਿੰਦੇ ਮਾਣ ਦਵਾ ਲਿਆ । ਗੁਰ ਗੋਬਿੰਦ ਸਾਚਾ ਯਾਰ, ਹਰਿ ਹਰਿ ਨੈਣ ਮੁਧਾਰਾ । ਪਰਗਟ ਹੋਏ ਵਿਚ ਸੰਸਾਰ, ਨਿਹਕਲੰਕ ਨਰਾਇਣ ਨਰ ਅਵਤਾਰਾ । ਸੰਬਲ ਨਗਰੀ ਅਪਰ ਅਪਾਰ, ਵਿਚ ਵੱਸਿਆ ਏਕੰਕਾਰਾ । ਜੋਤੀ ਨੂਰ ਅਪਰ ਅਪਾਰ, ਕੰਚਨ ਬਸਤਰ ਧਾਰਾ । ਸ਼ਬਦ ਫੜੇ ਪ੍ਰਭ ਹੱਥ ਕਟਾਰ, ਸਤਾਰਾਂ ਹਾੜੀ ਦਿਵਸ ਵਿਚਾਰਾ । ਗੁਰ ਸੰਗਤ ਤੇਰਾ ਪਹਿਰੇਦਾਰ, ਅਠੇ ਪਹਿਰ ਖ਼ਬਰਦਾਰਾ । ਨੇੜ ਨਾ ਆਏ ਠੱਗ ਚੋਰ ਯਾਰ, ਪੰਜਾਂ ਚੋਰਾਂ ਦਏ ਦੁਰਕਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਸੰਗਤ ਤੇਰੀ ਰੰਗਤ ਦਰ ਕਰੇ ਖੇਲ ਅਪਰ ਅਪਾਰਾ । ਗੋਬਿੰਦ ਤੇਰੀ ਧਾਰ, ਪੁਰਖ ਅਬਿਨਾਸ਼ੀ ਆਪ ਬਣਾਈਆ । ਆਪੇ ਜਾਣੇ ਆਪਣੀ ਕਾਰ, ਸਾਚਾ ਸ਼ਬਦ ਹੁਕਮ ਜਣਾਈਆ । ਪਿਤਾ ਪੂਤ ਮਾਤ ਦਰ ਕੀਨੀ ਸ਼ਬਦ ਕੁੜਮਾਈਆ । ਮਿਲਿਆ ਮੀਤ ਇਕ ਮੁਰਾਰ, ਛੁਟੀ ਜਗਤ ਜੁਦਾਈਆ । ਸਾਚਾ ਕੀਤਾ ਕੌਲ ਇਕਰਾਰ, ਵੇਲੇ ਅੰਤਮ ਹੋਏ ਸਹਾਈਆ । ਕਲਜੁਗ ਬੇੜਾ ਲਾਏ ਪਾਰ, ਫ਼ਲ ਫੁਲਵਾੜੀ ਆਪਣੀ ਹੱਥੀਂ ਲਾਈਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਗੁਰ ਗੋਬਿੰਦੇ ਮੇਲ ਮਿਲਾਈਆ । ਗੁਰ ਗੋਬਿੰਦੇ ਵਰ ਘਰ ਪਾਇਆ, ਹੋਇਆ ਜਗਤ ਸੁਹਾਗੀ । ਪ੍ਰਭ ਅਬਿਨਾਸ਼ੀ ਦਰਸ ਦਿਖਾਇਆ, ਇਕ ਸੁਣਾਇਆ ਨਾਦ ਅਨਾਦੀ । ਰੂਪ ਰੰਗ ਕੋਈ ਦਿਸ ਨਾ ਆਇਆ, ਸਤਿ ਪੁਰਖ ਸਦਾ ਸਤਿਵਾਦੀ । ਬੋਧ ਅਗਾਧਾ ਸ਼ਬਦ ਜਣਾਇਆ, ਸਦਾ ਰਹੇ ਵਿਸਮਾਦੀ । ਆਪ ਆਪਣੀ ਗੋਦ ਉਠਾਇਆ, ਹਰਿ ਮੇਲਾ ਮਾਧਵ ਮਾਧੀ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਦੇਵੇ ਧੁਰ ਦਰਗਾਹੀ ਸਾਚੀ ਦਾਦੀ । ਧੁਰ ਦਰਗਾਹੀ ਸਾਚੀ ਦਾਤ, ਗੁਰ ਗੋਬਿੰਦੇ ਝੋਲੀ ਪਾਈਆ । ਏਕਾ ਗੇੜਾ ਨਵ ਸਾਤ, ਨੌਂ ਖੰਡਾਂ ਸਤਾਂ ਦੀਪਾਂ ਰਿਹਾ ਦਵਾਈਆ । ਆਪੇ ਵੇਖੇ ਖੇਲ ਮਾਤ, ਕਮਲਾਪਾਤ ਜੋਤ ਜਗਾਈਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਗੁਰ ਸ਼ਬਦ ਵੇਖੇ ਇਕ ਘਰ, ਏਕਾ ਰੰਗ ਰੰਗਾਈਆ । ਗੁਰ ਗੋਬਿੰਦ ਸਾਚਾ ਮੀਤਾ, ਪ੍ਰਭ ਸਾਚੀ ਜੋਤ ਜਗਾਈਆ । ਆਪ ਕਰਾਇਆ ਆਪਣਾ ਮੇਲਾ, ਵਰਨ ਗੋਤ ਮਿਟਾਈਆ । ਧੁਰ ਦਰਗਾਹੀ ਸੱਜਣ ਸੁਹੇਲਾ, ਆਪਣੇ ਅੰਗ ਲਗਾਈਆ । ਆਪੇ ਗੁਰ ਆਪੇ ਚੇਲਾ, ਗੁਰ ਗੋਬਿੰਦੇ ਭੇਵ ਖੁਲ੍ਹਾਈਆ । ਕੋਈ ਨਾ ਜਾਣੇ ਸਾਚਾ ਰਹਿਬਰ, ਕਿਸ ਵੇਲੇ ਬਣਤ ਬਣਾਈਆ । ਸ਼ਬਦ ਚੜ੍ਹਾਏ ਸਾਚਾ ਤੇਲਾ, ਜੋਤੀ ਅੰਜਨ ਨੇਤਰ ਪਾਈਆ । ਜੋਤੀ ਜੋਤ ਸਰੂਪ ਹਰਿ, ਆਪੇ ਹੋਏ ਇਕ ਇਕੇਲਾ, ਸ਼ਬਦ ਘੋੜੇ ਵਾਗ ਗੁੰਦਾਈਆ । ਸ਼ਬਦ ਘੋੜੇ ਗੁੰਦੇ ਵਾਗ, ਪ੍ਰਭ ਸਾਚੇ ਖੇਲ ਖਿਲਾਇਆ । ਧੁਰ ਦਰਗਾਹੀ ਆਇਆ ਭਾਗ, ਗੁਰ ਗੋਬਿੰਦੇ ਮੇਲ ਮਿਲਾਇਆ । ਜਗਤ ਤ੍ਰਿਸ਼ਨਾ ਬੁਝੀ ਆਗ, ਪ੍ਰਭ ਚਰਨ ਕਵਲ ਚਿਤ ਲਾਇਆ । ਦੋ ਜਹਾਨੀ ਵਡ ਵਡਭਾਗ, ਗੁਰ ਚੇਲਾ ਏਕਾ ਧਾਮ ਸੁਹਾਇਆ । ਆਪੇ ਪਕੜੇ ਹੱਥ ਆਪਣੇ ਵਾਗ, ਡੋਰੀ ਚੋਰੀ ਚੋਰ ਬਣਾਇਆ । ਹੰਸ ਬਣਾਏ ਜਗਤ ਕਾਗ, ਮੋਰੀ ਤੋਰੀ ਭੇਵ ਮਿਟਾਇਆ । ਬਾਸ਼ਕ ਨਾਗਾ ਤਸ਼ਕਾ ਨਾਗ, ਸਾਗੋਂ ਪਾਂਗ ਸੇਜ ਵਿਛਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਢੇ ਤਿੰਨ ਕੋਸ ਸਹੰਸ ਮੁਖ ਏਕਾ ਧਰਵਾਸ ਆਪਣਾ ਵਾਜ ਲਗਾਇਆ । ਸਹੰਸਰ ਮੁਖ ਮਿਟਾਏ ਦੁੱਖ, ਪ੍ਰਭ ਅਬਿਨਾਸ਼ੀ ਖੇਲ ਅਪਾਰਾ । ਸਾਢੇ ਤਿੰਨ ਹੱਥ ਸ਼ਬਦ ਸਿੰਘਾਸਣ ਆਪ ਬਣਾਏ, ਵਿਚ ਟਿਕਾਏ ਦਿੱਲੀ ਦਰਬਾਰਾ । ਸੰਮਤ ਵੀਹ ਸੌ ਸਤਾਰਾਂ ਖ਼ੁਸ਼ੀ ਮਨਾਏ, ਨਿਹਕਲੰਕ ਨਰਾਇਣ ਨਰ ਅਵਤਾਰਾ । ਸੰਮਤ ਤੇਰਾਂ ਲਿਆ ਲਿਖਾਏ, ਪਰਗਟ ਹੋਏ ਗੁਰ ਗੋਬਿੰਦ ਵਿਚ ਸੰਸਾਰਾ । ਵਾਲੀ ਹਿੰਦ ਚਿੰਤ ਮਿਟਾਏ, ਫੜ ਸ਼ਬਦ ਤੇਜ ਕਟਾਰਾ । ਸਾਗਰ

ਸਿੰਧ ਆਪ ਅਖਵਾਏ, ਜਗਤ ਵਹਾਏ ਵਹਿੰਦੀ ਧਾਰਾ । ਆਲਸ ਨਿੰਦਰਾ ਆਪ ਗਵਾਏ, ਚਰਨ ਛੁਹਾਏ ਦਿੱਲੀ ਦਰਬਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮਸਤੂਆਣਾ ਖੋਲ੍ਹੇ ਨਾਮ ਭੰਡਾਰਾ । ਨਾਮ ਭੰਡਾਰਾ ਦੇਵੇ ਖੋਲ੍ਹ, ਪ੍ਰਭ ਸਾਚੇ ਬਣਤ ਬਣਾਈਆ । ਨਿਸ਼ਅੱਖਰ ਵੱਖਰ ਏਕਾ ਬੋਲ, ਰਾਜ ਰਾਜਾਨਾਂ ਰਿਹਾ ਜਗਾਈਆ । ਆਪੇ ਤੋਲਣਹਾਰਾ ਤੋਲ, ਤੋਲੇ ਸ੍ਰਿਸ਼ਟ ਸਬਾਈਆ । ਆਦਿ ਅੰਤ ਨਾ ਜਾਏ ਡੋਲ, ਦੋ ਜਹਾਨਾਂ ਬਣਤ ਬਣਾਈਆ । ਸਾਧਾਂ ਸੰਤਾਂ ਗੁਰੂਆਂ ਪੀਰਾਂ ਸੋਹੇ ਕੋਲ, ਆਤਮ ਦਰ ਫੋਲ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਸ਼ਬਦ ਭੰਡਾਰਾ ਨੌਂ ਖੰਡ ਪ੍ਰਿਥਮੀ ਤੇਰਾ ਖੋਲ੍ਹ ਆਪਣੇ ਹੱਥ ਰਖਾਈਆ ।

★ ੧੭ ਹਾੜ ੨੦੧੩ ਬਿਕ੍ਰਮੀ ਹਰਿ ਭਗਤ ਦਵਾਰ ਜੇਠੂਵਾਲ ਜੋਤ ਸਰੂਪ ਦਰਸ਼ਨ ਦੇ ਕੇ
ਦਰਸ਼ਨ ਸਿੰਘ ਦਿੱਲੀ ਵਾਲੇ ਤੋਂ ਕਿਰਪਾਨ ਮੰਗਾਈ ★

ਦਰਸ਼ਨ ਸਿੰਘ ਪ੍ਰਭ ਦਰਸ ਦਿਖਾਇਆ, ਮੇਲਾ ਧੁਰ ਦਰਗਾਹੀ ਦਾ । ਕੰਚਨ ਬਸਤਰ ਰੰਗ ਰੰਗਾਇਆ, ਗੁਰ ਸ਼ਬਦ ਮੇਲਾ ਸਾਚੇ ਮਾਹੀ ਦਾ । ਬਸਤਰ ਤਨ ਲਏ ਛੁਹਾਇਆ, ਗੁਰਮੁਖਾਂ ਲੇਖ ਕਟੇ ਲੱਖ ਚੁਰਾਸੀ ਫਾਹੀ ਦਾ । ਵਾਲੀ ਹਿੰਦ ਲਏ ਜਗਾਇਆ, ਨਾਤਾ ਤੁਟੇ ਝੂਠੀ ਸ਼ਾਹੀ ਦਾ । ਗੁਰ ਸੰਗਤ ਸਾਚਾ ਮਾਣ ਦਵਾਇਆ, ਸ਼ਬਦ ਦਵਾਰ ਆਪ ਅਖਵਾਇਆ, ਜਨ ਸਾਚੀ ਸੇਵ ਕਮਾਈ ਦਾ । ਸਾਚਾ ਮਾਰਗ ਇਕ ਵਖਾਇਆ, ਸੋਹੰ ਮੰਤਰ ਜਾਪ ਜਪਾਇਆ, ਦੋਵੇਂ ਨੇਤਰ ਬੰਦ ਕਰਾਇਆ, ਆਤਮ ਗਵਰਾ ਮਨ ਬੰਧਾਇਆ, ਦੀਪਕ ਜੋਤ ਜਗਾਈ ਦਾ । ਆਪਣਾ ਖੰਡਾ ਆਪਣੇ ਹੱਥ ਰਖਾਇਆ, ਸ਼ਬਦ ਸਿੰਘਾਸਣ ਹੇਠ ਦਏ ਦਬਾਇਆ, ਗੁਰਸਿਖ ਨਾ ਕੋਇ ਹੱਥ ਉਠਾਇਆ, ਏਕਾ ਸ਼ਬਦ ਖੰਡਾ ਚਾਰੋਂ ਕੁੰਟ ਵਾਹੀ ਦਾ । ਜਗਤ ਸ਼ਬਦ ਜਿਸ ਮਾਤ ਸਜਾਇਆ, ਆਪੇ ਅੰਤਮ ਹੋਏ ਸਹਾਇਆ, ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਗੁਰਮੁਖਾਂ ਸਾਚਾ ਵਣਜ ਕਰਾਏ ਏਕਾ ਮੇਲਾ ਪ੍ਰਭ ਸੱਜਣ ਸੁਹੇਲਾ ਗੁਰ ਚੇਲਾ ਏਕਾ ਧਾਮ ਸੁਹਾਈ ਦਾ । ਗੁਰ ਚੇਲਾ ਸਾਚਾ ਮੀਤੜਾ, ਮਿਤਰ ਪਿਆਰੇ ਮੀਤ । ਕਿਉਂ ਕਰੇ ਜਗਤ ਚਲਿਤਰਾ, ਕਰ ਕਾਇਆ ਗੋਬਿੰਦ ਠਾਂਢੀ ਸੀਤ । ਅੰਮ੍ਰਿਤ ਆਤਮ ਸਾਚਾ ਨਿਤਰਾ, ਕਾਇਆ ਹੋਏ ਪਤਤ ਪੁਨੀਤ । ਬਾਕੀ ਵਕਤ ਰਹਿ ਗਿਆ ਕਿਤੜਾ, ਢਹਿ ਜਾਣੇ ਦਿਹੁਰੇ ਮੰਦਰ ਮਸੀਤ । ਗੁਰਮੁਖਾਂ ਮੰਤਰ ਏਕਾ ਦੀਤੜਾ, ਗਾਏ ਸ਼ਬਦ ਸੁਹਾਗੀ ਗੀਤ । ਨਾ ਕੋਈ ਵਾਰ ਨਾ ਕੋਈ ਥਿਤੜਾ, ਅੱਠੇ ਪਹਿਰ ਪਤਤ ਪੁਨੀਤ । ਬਾਕੀ ਵਕਤ ਰਹਿ ਗਿਆ ਕਿਤੜਾ, ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਆਪੇ ਜਾਣੇ ਆਪਣਾ ਚੀਥੜਾ, ਗੁਰ ਸੰਗਤ ਤੇਰੀ ਸ਼ਬਦ ਨਰੇਲ, ਪ੍ਰਭ ਸਾਚੇ ਗੋਦ ਉਠਾਈਆ । ਆਪੇ ਕਰੇ ਆਪਣੀ ਮਿਹਰ, ਮਤ ਬੁਧ ਨਾ ਕੋਈ ਚਤੁਰਾਈਆ । ਚਰਨ ਲਿਆਏ ਘੇਰ ਘੇਰ, ਸ਼ਬਦ ਲਹਿਣਾ ਰਿਹਾ ਚੁਕਾਈਆ । ਦਾਤਾ ਸੂਰਾ ਸ਼ੇਰ ਦਲੇਰ, ਜੋਤੀ ਜਾਮਾ ਭੇਖ ਵਟਾਈਆ । ਸੋਹੰ ਗਰਜੇ ਸਾਚਾ ਕਿਹਰ, ਚਾਰੋਂ ਕੁੰਟ ਪਏ ਦੁਹਾਈਆ । ਲੱਖ ਚੁਰਾਸੀ ਢਹਿ ਢਹਿ ਢੇਰ, ਨੌਂ ਖੰਡੀ ਖ਼ਾਕ ਉਡਾਈਆ । ਨਾ ਕੋਈ ਦਿਸੇ ਸੰਞ ਸਵੇਰ, ਸੂਰਜ ਚੰਦ ਮੁਖ ਛੁਪਾਈਆ । ਤਾਰਾ ਮੰਡਲ ਇਕ ਅੰਧੇਰ, ਦੀਪ ਲੋਅ ਦਿਸ ਨਾ ਆਈਆ । ਗੁਰਮੁਖਾਂ ਚੁਕਾਏ ਮੇਰ ਤੇਰ, ਏਕਾ ਧਾਮ ਸੁਹਾਈਆ । ਪ੍ਰਭ ਅਬਿਨਾਸ਼ੀ ਨਾ ਲਾਏ

ਵੇਰ, ਆਤਮ ਪੜਦਾ ਦਏ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪਣੀ ਹੱਥੀਂ ਇਕ ਨਰੇਲ, ਪਹਿਲੀ ਚੇਤਰ ਕਾਇਆ ਖੇਤਰ ਵੇਖ ਵਖਾਈਆ । ਜਗਤ ਨਰੇਲ ਭਗਤ ਵਰ, ਗੁਰ ਸੰਗਤ ਵੰਡ ਵੰਡਾਈਆ । ਚਾਰੋਂ ਕੁੰਟ ਅਗਨੀ ਜੇਠ, ਕਲਜੁਗ ਜੀਵਾਂ ਰਹੀ ਤਪਾਈਆ । ਅੰਮ੍ਰਿਤ ਆਤਮ ਕਾਇਆ ਵੇਖ, ਕਿਸੇ ਹੱਥ ਨਾ ਆਈਆ । ਪਰਮ ਪਰਮਾਤਮ ਗੁਰਮੁਖ ਵਿਰਲਾ ਰਿਹਾ ਵੇਖ, ਜਿਸ ਜਨ ਬੂਝ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਗੋਬਿੰਦਾ ਲਹਿਣਾ ਦੇਣਾ ਤਾਣਾ ਪੇਟਾ ਸਾਚਾ ਸੂਤਾ ਅੰਤਮ ਰਿਹਾ ਚੁਕਾਈਆ । ਗੋਬਿੰਦ ਲਹਿਣਾ ਮਾਤ ਚੁਕਾਇਆ, ਸਾਚਾ ਖੇਲ ਖਿਲਾਇਆ ਏ । ਗੁਰਮੁਖਾਂ ਗਹਿਣਾ ਤਨ ਪਹਿਨਾਇਆ, ਸ਼ਬਦ ਨਾਮ ਅਖਵਾਇਆ ਏ । ਆਪੇ ਨੇਤਰ ਤੀਜੇ ਦਰਸ ਦਿਖਾਏ, ਆਤਮ ਪੜਦਾ ਲਾਹਿਆ ਏ । ਸ਼ਬਦ ਤੂਰ ਘਰ ਰਾਗ ਅਲਾਉਣਾ, ਅੰਤਮ ਵਕਤ ਚੁਕਾਇਆ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੋਹੰ ਅੱਖਰ ਏਕਾ ਦੋ ਦੋ ਏਕਾ ਮੇਲ ਮਿਲਾਇਆ ਏ । ਕਲਜੁਗ ਕਾਇਆ ਲੱਗੇ ਸੇਕ, ਨਾ ਅੰਤ ਕਿਸੇ ਛੁਡਾਵਣਾ । ਗੁਰਸਿਖ ਵਿਰਲੇ ਵੇਖੇ ਬੁਧ ਬਿਬੇਕ, ਇਕ ਧਿਆਨ ਲਗਾਵਣਾ । ਸਾਚੇ ਨੇਤਰ ਰਿਹਾ ਵੇਖ, ਪਾਰਬ੍ਰਹਮ ਬ੍ਰਹਮ ਸਮਝਾਵਣਾ । ਨਾ ਕੋਈ ਦਿਸੇ ਔਲੀਆ ਪੀਰ ਸ਼ੇਖ਼, ਅੰਤ ਫੜਾਏ ਦਾਮਨਾ । ਅੰਤਮ ਮਿਟਣੀ ਸਭ ਦੀ ਰੇਖ, ਕਰੇ ਖੇਲ ਭੇਖਾਧਾਰੀ ਭੇਖ ਬਾਵਨ ਬਾਵਨਾ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਗੁਰ ਸ਼ਬਦ ਦੇਵੇ ਜਗਤ ਵਰ, ਨਰ ਨਰੇਸ਼ਾ ਹੋ ਦਲੇਰ ਧੁਰ ਦਰਗਾਹੀ ਬਣਾਏ ਸਾਚਾ ਜਾਮਨਾ । ਜਗਤ ਨਰੇਲ ਮਾਤ ਵਡਿਆਈ, ਧੁਰ ਦਰਗਾਹੀ ਫ਼ਰਮਾਣਾ । ਕਰੇ ਖੇਲ ਪਹਿਲੀ ਵੇਰ, ਪੁਰਖ ਅਬਿਨਾਸ਼ੀ ਚਤੁਰ ਸੁਘੜ ਸਿਆਣਾ । ਆਪੇ ਜਾਣੇ ਅੰਡਜ ਜੇਰਜ, ਉਤਭੁਜ ਸੇਤਜ ਵਿਚ ਸਮਾਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਵਰਤੇ ਅੰਤਮ ਭਾਣਾ । ਕਲਜੁਗ ਭਾਣਾ ਹੱਥ, ਪ੍ਰਭ ਸ਼ਬਦ ਡੋਰ ਬੰਧਾਈਆ । ਸਰਬ ਕਲਾ ਸਮਰਥ, ਪ੍ਰਭ ਕਲਜੁਗ ਘੋਰ ਵਖਾਈਆ । ਸ੍ਰਿਸ਼ਟ ਸਬਾਈ ਪਾਏ ਨੱਥ, ਜੋਰੂ ਜੋਰ ਨਾ ਕੋਈ ਛੁਡਾਈਆ । ਲੇਖਾ ਵੇਖੇ ਸੀਆਂ ਸਾਵੇ ਤਿੰਨ ਹੱਥ, ਪ੍ਰਭ ਲਾੜ੍ਹੀ ਮੌਤ ਸੰਗ ਮੰਗਾਈਆ । ਗੁਰਮੁਖਾਂ ਦੇਵੇ ਅਕਥਨਾ ਅਕੱਥ, ਪ੍ਰਭ ਸੋਹੰ ਸਾਚਾ ਜਾਪ ਜਪਾਈਆ । ਸਗਲ ਵਸੂਰੇ ਜਾਇਣ ਲੱਥ, ਜੋ ਦਰ ਦਰਸ਼ਨ ਪਾਈਆ । ਜਗਤ ਵਿਕਾਰਾ ਦਏ ਮਥ, ਗੁਰ ਸ਼ਬਦ ਕਰੇ ਕੁੜਮਾਈਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਗੁਰ ਚੇਲਾ ਸੁਹਾਏ ਇਕ ਘਰ, ਸਾਚੀ ਬਣਤ ਬਣਾਈਆ । ਬਣਤ ਬਣਾਏ ਅੰਤ ਕਲ, ਜੁਗ ਜੁਗ ਬੇੜਾ ਬੰਨ੍ਹਣਾ । ਸ੍ਰਿਸ਼ਟ ਸਬਾਈ ਵਲ ਛਲ, ਗੁਰਮੁਖ ਵਿਰਲਾ ਮਾਤ ਮੰਨਣਾ । ਆਪ ਚਲਾਏ ਕਰਮੀ ਹਲ, ਨਿਹਕਰਮੀ ਬੀਜ ਬੀਜਣਾ । ਜਗਤ ਦਵੈਤੀ ਮਿਟੇ ਸਲ, ਦਰ ਦਵਾਰਾ ਜਿਸ ਜਨ ਮੱਲਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਸੁਨੇਹੜਾ ਏਕਾ ਘੱਲਣਾ । ਸ਼ਬਦ ਸੁਨੇਹੜਾ ਰਿਹਾ ਘਲ, ਜਗੀ ਜੋਤ ਅਕਾਲਿਆ । ਆਪੇ ਵਸੇ ਜਲ ਥਲ, ਹਰ ਘਟ ਮੇਂ ਆਪ ਸਮਾ ਲਿਆ । ਸਾਚੀ ਜੋਤੀ ਬਲ, ਕਲਜੁਗ ਰੈਣ ਅੰਧੇਰੀ ਘਟਾ ਕਾਲਿਆ । ਕਾਇਆ ਮਾਟੀ ਵੇਖੇ ਖਲ, ਸਾਚਾ ਸ਼ਬਦ ਜਗਤ ਦਲਾਲਿਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਪਰਗਟ ਹੋਇਆ ਵਾਲੀ ਦੋ ਜਹਾਨਿਆ । ਦੋ ਜਹਾਨਾ ਵਾਲੀ ਗੋਬਿੰਦ ਰਾਇਆ । ਦੋਹਾਂ ਹੱਥਾਂ ਰਖੇ ਖਾਲੀ, ਸ੍ਰਿਸ਼ਟ ਸਬਾਈ ਸ਼ਬਦ ਬੰਧਾਇਆ । ਗੁਰਮੁਖਾਂ ਫ਼ਲ ਵੇਖੇ ਕਾਇਆ ਡਾਲ੍ਹੀ, ਅੰਮ੍ਰਿਤ ਮੇਵਾ ਇਕ ਖੁਵਾਇਆ । ਜੁਗ ਜੁਗ ਧਾਰੇ ਭੇਖ, ਭੇਖਾਧਾਰੀ ਭੇਖ ਵਟਾਇਆ । ਨਾ ਕੋਈ ਜਾਣੇ ਕਲਜੁਗ ਅਕਾਲ ਅਕਾਲੀ, ਰੂਪ ਕਵਣ ਦਵਾਰ ਸੁਹਾਇਆ ।

ਮਾਇਆਰਾਣੀ ਗੁਰ ਮੰਦਰ ਦਲਾਲੀ, ਸਾਚਾ ਭੂਪ ਮਨੋਂ ਭੁਲਾਇਆ । ਨਾ ਕੋਈ ਜਾਣੇ ਹੱਕ ਹਲਾਲੀ, ਕਲਜੁਗ ਪੜਦਾ ਪਾਇਆ । ਉਚੇ ਮੰਦਰ ਦਿਸਣ ਖਾਲੀ, ਗੁਰ ਗੋਬਿੰਦੇ ਮੁਖ ਛੁਪਾਇਆ । ਫ਼ਲ ਨਾ ਦਿਸੇ ਕਿਸੇ ਡਾਲ੍ਹੀ, ਚੂੜੀਦਾਰ ਪਜਾਮਾ ਪਾਇਆ । ਕੱਛ ਕਛਿਹਰਾ ਝੂਠੀ ਸ਼ਾਲੀ, ਤਨ ਪੜਦਾ ਨਾ ਕਿਸੇ ਲਗਾਇਆ । ਹੱਥ ਕੜਾ ਨਾ ਧੁਰ ਦਾ ਵਾਲੀ, ਸਾਚਾ ਤੰਦਨ ਤੰਦ ਨਾ ਕਿਸੇ ਬੰਧਾਇਆ । ਸ਼ਬਦ ਨਾ ਪਾਈ ਜਗਤ ਕਿਰਪਾਨ, ਅਠੇ ਪਹਿਰ ਰਹੇ ਕਾਇਆ ਵਿਚ ਮਿਆਨ, ਨਾ ਕੋਈ ਜਾਣੇ ਜੀਵ ਨਿਧਾਨੀ, ਕੰਘਾ ਕਰੇ ਮਾਤ ਸਫਾਇਆ । ਗੁਰਮੁਖ ਸਾਚੇ ਚਤੁਰ ਸੁਜਾਨੀ, ਤ੍ਰੈ ਸੌ ਸਠ ਹਾਡੀ ਨਾੜ ਬਹੱਤਰ ਜੋੜੀ ਜੋੜ ਦੂਈ ਦਵੈਤੀ ਰਹੇ ਨਾ ਰਾਇਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਆਪ ਆਪਣਾ ਵੇਸ ਕਰ, ਗੁਰ ਗੋਬਿੰਦਾ ਵਾਲੀ ਹਿੰਦੇ ਸਦ ਬਖ਼ਸ਼ਿੰਦੇ ਏਕਾ ਮਾਰਗ ਰਿਹਾ ਲਗਾਇਆ । ਏਕਾ ਮਾਰਗ ਗੁਰ ਗੋਬਿੰਦਾ, ਗੁਰ ਨਾਨਕ ਰੀਤ ਚਲਾਈਆ । ਨਾ ਕੋਈ ਕਰੇ ਕਿਸੇ ਨਿੰਦਾ, ਵਰਨ ਅਵਰਨ ਭੈਣਾਂ ਭਾਈਆ । ਸਰਬ ਜੀਆਂ ਪੁਰਖ ਅਬਿਨਾਸ਼ੀ ਆਪ ਬਖ਼ਸ਼ਿੰਦਾ, ਅਠਾਰਾਂ ਵਰਨਾਂ ਵਿਚ ਸਮਾਈਆ । ਜੋਤੀ ਜਾਮਾ ਧਰੇ ਹਰਿ ਮਰਗਿੰਦਾ, ਗੁਰ ਦਸਵੇਂ ਜੋਤ ਜਗਾਈਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਏਕਾ ਮੇਲਾ ਸਚ ਘਰ, ਸੰਬਲ ਨਗਰੀ ਰੁੱਤ ਸੁਹਾਈਆ । ਸੰਬਲ ਨਗਰੀ ਰੁੱਤ ਬਸੰਤਾ, ਖਿੜੀ ਮਾਤ ਫੁਲਵਾੜੀ । ਪਰਗਟ ਹੋਇਆ ਸਾਚਾ ਕੰਤਾ, ਖੇਲ ਕਰਾਏ ਸਤਾਰਾਂ ਹਾੜੀ । ਗੁਰਮੁਖ ਸਾਚੀ ਨਾਰੀ ਆਪੇ ਹੋਏ ਪਤ ਪਤਵੰਤਾ, ਲਾਜ ਰਖਾਏ ਚਰਨ ਛੁਹਾਈ ਦਾਹੜੀ । ਮਾਣ ਦਵਾਏ ਸਾਚੇ ਸੰਤਾ, ਹੋਏ ਸਹਾਈ ਜੰਗਲ ਜੂਹ ਉਜਾੜ ਪਹਾੜੀ । ਜੁਗੋ ਜੁਗ ਮਹਿੰਮਾ ਅਗਣਤਾ, ਵੇਦ ਪੁਰਾਨ ਰਹੇ ਪੁਕਾਰੀ । ਆਪੇ ਪੁਰਖ ਅਗੰਮ ਅਗੰਮੜਾ, ਖਾਣੀ ਬਾਣੀ ਨਾ ਪਾਵੇ ਸਾਰੀ । ਨਾ ਕੋਈ ਲਏ ਦੰਮ ਦਮੜਾ, ਨਾ ਕੋਈ ਅਠੇ ਪਹਿਰ ਪਵਣ ਚਲਾਈ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਗੋਬਿੰਦ ਵੇਖ ਘਰ, ਭਾਗ ਲਗਾਏ ਕਾਇਆ ਮਹੱਲ ਸਚ ਅਟਾਰੀ । ਸੰਬਲ ਨਗਰੀ ਧਾਮ ਨਿਆਰਾ, ਗੋਬਿੰਦ ਆਪ ਉਪਾਇਆ । ਆਪੇ ਲਾਇਆ ਮਿਟੀ ਗਾਰਾ, ਲਹੂ ਮਿਝ ਸੰਗ ਰਲਾਇਆ । ਨਾ ਕੋਈ ਜਾਣੇ ਵੇਖਣ ਪਰਖਣਹਾਰਾ, ਸ੍ਰਿਸ਼ਟ ਸਬਾਈ ਭਰਮ ਭੁਲਾਇਆ । ਜੋਤ ਜਗਾਏ ਪੁਰਖ ਅਪਾਰਾ, ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਕਲਜੁਗ ਅੰਤਮ ਵੇਖ ਦਰ, ਸਚ ਵਿਹਾਰਾ ਰਿਹਾ ਕਰਾਇਆ । ਸ਼ਬਦ ਵਿਹਾਰ ਕਰਾਏ ਜਗਤ ਜਗਦੀਸਿਆ । ਹਰਿ ਮੰਤਰ ਧਾਰ ਚਲਾਏ ਬੀਸ ਇਕੀਸਿਆ । ਸੰਗ ਮੁਹੰਮਦ ਚਾਰ ਯਾਰ ਮਿਟਾਏ ਵਿਚ ਉਨੀਸਿਆ । ਅੱਠ ਅਠਾਰਾਂ ਜਲ ਜਲ ਧਾਰ, ਚਾਰੋਂ ਕੁੰਟ ਦੁਹਾਈ ਦੰਦ ਬਤੀਸਿਆ । ਸੰਮਤ ਸਤਾਰਾਂ ਮਾਰੇ ਮਾਰ, ਸ਼ਾਹ ਸੁਲਤਾਨਾਂ ਖਾਲੀ ਖੀਸਿਆ । ਸੰਮਤ ਸੋਲਾਂ ਹੋਏ ਉਜਿਆਰ, ਵੇਖੇ ਖੇਲ ਰਾਗ ਛਤੀਸਿਆ । ਪੰਦਰ੍ਹਾਂ ਪੰਦਰ੍ਹਾਂ ਵੇਖ ਵਿਚਾਰ, ਅੰਦਰੇ ਅੰਦਰ ਮਾਰੇ ਚੀਸਿਆ । ਚੌਦਾਂ ਚੌਦਾਂ ਹੱਟ ਵਣਜ ਵਪਾਰ, ਗੁਰਮੁਖਾਂ ਆਪ ਕਰਾਏ ਜਗਤ ਜਗਦੀਸਿਆ । ਤੇਰਾਂ ਤੇਰਾਂ ਤੇਰੀ ਧਾਰ, ਪ੍ਰਭ ਸਾਚਾ ਕਿਸੇ ਨਾ ਦੀਸਿਆ । ਸੰਬਲ ਨਗਰੀ ਅਪਰ ਅਪਾਰ, ਪ੍ਰਭ ਬੈਠਾ ਚੜ੍ਹ ਕੇ ਟੀਸਿਆ । ਨੌਂ ਦਰ ਵੇਖਣ ਜੀਵ ਗਵਾਰ, ਛਤਰ ਦਿਸੇ ਨਾ ਕਿਸੇ ਸੀਸਿਆ । ਗੁਰਮੁਖਾਂ ਬੇੜਾ ਲਾਏ ਪਾਰ, ਵਕਤ ਸੁਹਾਏ ਬੀਸ ਇਕੀਸਿਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਸਾਚਾ ਮੇਲਾ ਇਕ ਇਕੀਸਿਆ । ਇਕ ਇਕੀਸਾ ਅਕਲ ਕਲ, ਮਾਤਲੋਕ ਵਰਤਾਇੰਦਾ । ਸੋਲਾਂ ਕਲਾਂ ਵਲ ਛਲ, ਕਾਇਆ ਭੇਖ ਵਟਾਇੰਦਾ । ਧੁਰ ਦਰਗਾਹੀ ਇਕ ਦਵਾਰਾ ਬੈਠਾ ਮਲ, ਆਵਣ ਜਾਵਣ ਬਣਤ ਬਣਾਇੰਦਾ । ਜੋਤੀ

ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਰੰਗ ਵਟਾਇੰਦਾ । ਰੰਗ ਵਟਾਏ ਸਤਿਗੁਰੂ, ਗੁਰ ਸਤਿਗੁਰ ਮਾਤ ਜਣਾਈਆ । ਪੁਰਖ ਅਬਿਨਾਸ਼ੀ ਏਕਾ ਸੂਰ, ਨਰ ਨਿਰੰਕਾਰਾ ਰਿਹਾ ਜਗਾਈਆ । ਲੇਖਾ ਚੁੱਕੇ ਚੇਲਾ ਗੁਰ, ਨਾਦ ਤੂਰਤ ਇਕ ਵਜਾਈਆ । ਸ਼ਬਦੀ ਜੋਤੀ ਗਿਆ ਜੁੜ, ਅਕਾਲ ਮੂਰਤ ਰੂਪ ਸਮਾਈਆ । ਸਾਚੇ ਚੜ੍ਹਿਆ ਨੀਲੇ ਘੋੜ, ਨੀਲੀ ਛਤੋਂ ਬਾਹਰ ਕਰਾਈਆ । ਤਾਰਾ ਮੰਡਲ ਰਿਹਾ ਰੁੜ੍ਹ ਚੰਦ ਸੂਰਜ ਦਏ ਦੁਹਾਈਆ । ਪ੍ਰਭ ਚਰਨੀ ਉਪਰ ਰਿਹਾ ਜੁੜ, ਹੇਠਾਂ ਭਾਰ ਉਠਾਈਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਸੰਬਲ ਨਗਰੀ ਭਾਗ ਲਗਾਈਆ । ਸੰਬਲ ਨਗਰੀ ਸਚ ਨਿਥਾਨੋ, ਨਿਥਾਵਿਆਂ ਦਿਸ ਨਾ ਆਇਆ । ਪੁਰਖ ਅਬਿਨਾਸ਼ੀ ਇਕ ਗਰਾਮ, ਸਾਚਾ ਨਾਮ ਵਸਾਇਆ । ਅੰਮ੍ਰਿਤ ਪਿਆਏ ਸਾਚਾ ਜਾਮ, ਤ੍ਰਿਸ਼ਨਾ ਭੁੱਖ ਰਹੇ ਨਾ ਰਾਇਆ । ਆਪ ਸਵਾਰੇ ਆਪਣਾ ਕਾਮ, ਗੁਰ ਗੋਬਿੰਦੇ ਮਾਣ ਦੁਵਾਇਆ । ਗੁਰਮੁਖਾਂ ਪਿਆਏ ਆਤਮ ਜਾਮ, ਸਾਚਾ ਨਾਓ ਨਾਮ ਉਪਾਇਆ । ਗਗਨ ਪਾਤਾਲਾਂ ਸਾਚਾ ਧਾਮ, ਕਾਇਆ ਮੰਦਰ ਇਕ ਰਖਾਇਆ । ਰਾਮ ਰਹਿਮਾਨ ਸਾਚਾ ਰਾਮ ਗੁਣੀ ਗਣੀਮਾ ਆਪ ਅਖਵਾਇਆ । ਲੱਖ ਚੁਰਾਸੀ ਕਰੇ ਤਾਮ, ਲਾੜੀ ਮੌਤ ਰਿਹਾ ਸੁਣਾਇਆ । ਧਰਮ ਰਾਏ ਮੰਗੇ ਆਤਮ ਦਾਮ, ਕਲਜੁਗ ਲੇਖਾ ਰਿਹਾ ਵਖਾਇਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਗੁਰਮੁਖ ਵੇਖੇ ਇਕ ਦਰ, ਗੁਰ ਸੰਗਤ ਸੰਗ ਰਲਾਇਆ । ਗੁਰ ਗੋਬਿੰਦਾ ਸਾਚਾ ਚੇਲਾ, ਜੋਤੀ ਜੋਤ ਵਿਚ ਵੱਸਿਆ । ਸਚ ਦਵਾਰਾ ਏਕਾ ਮੇਲਾ, ਦਰ ਦਵਾਰਾ ਏਕਾ ਦੱਸਿਆ । ਪੁਰਖ ਅਬਿਨਾਸ਼ੀ ਇਕ ਇਕੇਲਾ, ਕਾਇਆ ਮੰਦਰ ਆਕਾਸ਼ਿਆ । ਗੁਰ ਸੰਗਤ ਸਾਚਾ ਸੱਜਣ ਸੁਹੇਲਾ, ਮੇਟਣ ਆਇਆ ਰੈਣ ਅੰਧੇਰੀ ਮੱਸਿਆ । ਜੋਤ ਸਰੂਪੀ ਜਗਤ ਅਭੇਦ, ਤੀਰ ਕਮਾਨੋ ਇਕੋ ਕਸਿਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਗੁਰ ਗੋਬਿੰਦਾ ਇਕ ਘਰ ਗੁਰ ਪੂਰਾ ਦਰ ਘਰ ਸਾਚੇ ਏਕਾ ਵਸਿਆ । ਘਰ ਦਵਾਰਾ ਇਕ ਹੈ, ਏਕੰਕਾਰ ਬਣਾਇਆ । ਆਪੇ ਬੈਠਾ ਅੰਦਰ ਟਿਕ ਹੈ, ਦਿਸ ਕਿਸੇ ਨਾ ਆਇਆ । ਗੁਰਮੁਖ ਤੇਰੀ ਸਦ ਰੱਖੇ ਟੇਕ ਹੈ, ਹੱਥ ਕੰਡੇ ਉਪਰ ਟਿਕਾਇਆ । ਚਰਨ ਪ੍ਰੀਤੀ ਜੋ ਜਨ ਗਿਆ ਲਗ ਹੈ, ਪ੍ਰਭ ਸ਼ਬਦ ਸਿੰਘਾਸਣ ਲਏ ਬਿਠਾਇਆ । ਜਗਤ ਮਿਟਾਏ ਤ੍ਰਿਸ਼ਨਾ ਤ੍ਰਿਖ ਹੈ, ਸਾਚੀ ਸਿਖਿਆ ਸਿੱਖ ਸਿਖਾਇਆ । ਦੋ ਜਹਾਨਾਂ ਲੇਖਾ ਰਿਹਾ ਲਿੱਖ ਹੈ, ਨਾ ਸਕੇ ਕੋਈ ਮਿਟਾਇਆ । ਗੁਰ ਸੰਗਤ ਮੰਗੀ ਸਾਚੀ ਮੰਗ ਹੈ, ਪ੍ਰਭ ਆਤਮ ਝੋਲੀ ਦਏ ਭਰਾਇਆ । ਦਰਸ ਦੇਖਣਾ ਸਾਚੇ ਨੇਤਰ ਪੇਖਣਾ ਆਤਮ ਲਾਹੇ ਦੂਈ ਦਵੈਤੀ ਵਿਖ ਹੈ, ਅੰਮ੍ਰਿਤ ਆਤਮ ਜਾਮ ਪਿਆਇਆ । ਗੁਰ ਦਸਮੇਸ ਸਾਚਾ ਗੁਰ ਪੁਰਖ ਅਬਿਨਾਸ਼ੀ ਤੇਰਾ ਸਾਚਾ ਸਿੱਖ ਹੈ, ਭਾਣਾ ਉਪਰ ਸੀਸ ਟਿਕਾਇਆ । ਤੇਗ ਬਹਾਦਰ ਲੇਖ ਲਿਖਾਇਆ ਸ਼ਬਦ ਹੈ, ਦਿੱਲੀ ਸੀਸ ਲਗਾਇਆ । ਮਾਤਾ ਗੁਜਰੀ ਉਪਰ ਚੜ੍ਹ ਚੜ੍ਹ ਵੇਖੇ ਬੁਰਜ ਹੈ, ਨੇਤਰ ਦਿਸ ਨਾ ਆਇਆ । ਦਰ ਮੰਗੀ ਸਾਚੀ ਭਿਖ ਹੈ, ਲਾਲ ਗੋਦੀ ਦਏ ਬਿਠਾਇਆ । ਆਪੇ ਲੇਖਾ ਲਿਖਣਹਾਰਾ ਲੇਖ ਹੈ, ਸ਼ਬਦ ਕਲਮੀ ਕਲਮ ਚਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚਾ ਵਕਤ ਸੁਹਾਇਆ । ਗੁਰ ਗੋਬਿੰਦ ਸਾਚਾ ਚੇਲਾ, ਲੋਕਮਾਤ ਅਖਵਾਇਆ । ਗੁਰ ਸੰਗਤ ਤੇਰੀ ਝੋਲੀ ਪਾਈ ਸਾਚੀ ਵੇਲਾ, ਚਾਰੇ ਪੂਤ ਸਪੂਤ ਝੋਲੀ ਪਾਇਆ । ਕਲਜੁਗ ਅੰਤਮ ਆਇਆ ਵੇਲਾ, ਚਾਰੇ ਕੂਟਾਂ ਰਿਹਾ ਜਗਾਇਆ । ਜਨ ਭਗਤਾਂ ਸਾਚਾ ਸੱਜਣ ਸੁਹੇਲਾ, ਸਾਢੇ ਤਿੰਨ ਹੱਥ ਸੀਆਂ ਰਿਹਾ ਮੇਟ ਮਿਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਗੋਬਿੰਦਾ ਵੇਖ ਘਰ, ਜਗਤ ਦਿਤਾ ਸਾਚਾ

ਵਰ, ਸਿੰਘ ਮਨਜੀਤਾ ਸਦਾ ਅਤੀਤਾ ਸਾਚੀ ਸੇਵ ਲਗਾਇਆ । ਸਾਚੀ ਸੇਵਾ ਆਪ ਲਗਾਈ, ਕਲਜੁਗ ਅੰਤਮ ਵਾਰਿਆ । ਪਰਗਟ ਹੋਇਆ ਦੇਵੀ ਦੇਵਾ, ਨਿਹਕਲੰਕ ਨਰ ਅਵਤਾਰਿਆ । ਰਸਨਾ ਕੋਈ ਨਾ ਗਾਏ ਹਰਿ ਹਰਿ ਜੇਹਵਾ, ਜੋਧਾ ਸੂਰਾ ਬਲਕਾਰਿਆ । ਗੁਰਮੁਖਾਂ ਕੌਸਤਕ ਮਨੀਆ ਮਸਤਕ ਲਾਏ ਥੇਵਾ, ਨੂਰੋ ਨੂਰ ਅਪਾਰਿਆ । ਜੋਤ ਨਿਰੰਜਣ ਅਲੱਖ ਅਭੇਵਾ, ਸਾਢੇ ਤਿੰਨ ਹੱਥ ਨੀਂਹ ਉਸਾਰਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਗੋਬਿੰਦੇ ਸਾਚਾ ਵਰ, ਕਰੋੜ ਤੇਤੀਸੇ ਛੁੱਟੇ ਘਰ, ਰਾਜਾ ਇੰਦਰ ਰੋਵੇ ਧਾਹਾਂ ਮਾਰਿਆ । ਸੁਰਪਤ ਰਾਜਾ ਇੰਦ ਦਏ ਦੁਹਾਈਆ । ਕਰੋੜ ਤੇਤੀਸਾ ਮਿਟਣੀ ਚਿੰਦ, ਦੇਵੀ ਦੇਵ ਰਹਿਣ ਨਾ ਪਾਈਆ । ਸਾਚੀ ਬਿੰਦ ਸਚ ਸਪੂਤਾ ਲੇਖੇ ਲਾਈਆ । ਵੇਖੇ ਖੇਲ ਪ੍ਰਭ ਅਬਿਨਾਸ਼ੀ ਵਿਚ ਹਿੰਦ, ਸਾਚੀ ਬਣਤ ਬਣਾਈਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਨਿਹਕਲੰਕ ਨਰਾਇਣ ਨਰ, ਗੁਰ ਚੇਲਾ ਏਕਾ ਥਾਨ ਸੁਹਾਈਆ । ਚੇਲਾ ਗੁਰੂ ਗੋਬਿੰਦ ਹਰਿ ਨਿਰੰਕਾਰ ਦਾ । ਤਨ ਮਨ ਲਾਹੇ ਆਪਣੀ ਚਿੰਦ, ਦੋਏ ਜੋੜ ਸਦਾ ਨਿਮਸਕਾਰ ਦਾ । ਲੇਖੇ ਲਾਏ ਸਾਚੀ ਬਿੰਦ, ਮਾਤ ਪਿਤ ਪਿਤਾ ਪੂਤ ਮਾਤ ਵਾਰਦਾ । ਲੱਖ ਚੁਰਾਸੀ ਕਰੇ ਨਿੰਦ, ਗੁਰਮੁਖ ਸਾਚੇ ਮਾਤ ਸ਼ਿੰਗਾਰ ਦਾ । ਜੋਤੀ ਜੋਤ ਸਰੂਪ ਹਰਿ, ਮੇਲਾ ਕਰਾਏ ਇਕ ਘਰ, ਸਾਚਾ ਵੇਲਾ ਕੌਲ ਇਕਰਾਰ ਦਾ । ਕੌਲ ਇਕਰਾਰ ਕਰਕੇ ਆਇਆ, ਦੁਸ਼ਟ ਦਮਨ ਜਗ ਦਾਤਾ । ਮੀਤ ਮੁਰਾਰ ਬਣਕੇ ਆਇਆ, ਚਾਰ ਵਰਨ ਇਕ ਜ਼ਾਤਾ । ਸ਼ਬਦ ਕਟਾਰ ਫੜ ਕੇ ਆਇਆ, ਆਪੇ ਪੁਰਖ ਬਿਧਾਤਾ । ਹਾਰ ਸ਼ਿੰਗਾਰ ਕਰ ਕੇ ਆਇਆ, ਵੇਖੇ ਖੇਲ ਮਾਤ ਤਮਾਸ਼ਾ । ਇਕ ਜੈਕਾਰ ਕਰ ਕੇ ਆਇਆ, ਮਾਣ ਰਖਾਏ ਪ੍ਰਿਥਮੀ ਆਕਾਸ਼ਾ । ਦੋਏ ਜੋੜ ਚਰਨ ਨਿਮਸਕਾਰ ਕਰਕੇ ਆਇਆ, ਮੰਗਿਆ ਦਾਨ ਹਰਿ ਭਗਵਾਨ ਅੱਗੇ ਡਾਹਿਆ ਕਾਇਆ ਕਾਸਾ । ਕਿਰਪਾ ਕਰੀ ਆਪ ਮਹਾਨ, ਸ਼ਬਦ ਖੁਲ੍ਹਾਈ ਇਕ ਦੁਕਾਨ । ਜੋਤ ਜਗਾਈ ਹਰਿ ਭਗਵਾਨ, ਕਾਇਆ ਮੰਡਲ ਪਾਈ ਰਾਸਾ । ਹੋਈ ਬੁਧ ਮਾਤ ਬਲਵਾਨ, ਗੁਣਵੰਤਾ ਕਰੇ ਸੁਧ ਜੁਵਾਨ । ਤੋੜੇ ਮਾਣ ਅਭਿਮਾਨ । ਸਤਿ ਸਰੂਪੀ ਕਰੇ ਯੁੱਧ, ਧੁਰ ਦਰਗਾਹੀ ਇਕ ਫ਼ਰਮਾਣ । ਸੱਚੇ ਘੋੜੇ ਬਹੇ ਕੁੱਦ, ਆਪੇ ਵੇਖੇ ਜ਼ਿਮੀ ਅਸਮਾਨ । ਪੁਰਖ ਅਬਿਨਾਸ਼ੀ ਕਾਰਜ ਕਰਨਹਾਰਾ ਸੁਧ, ਜਗਤ ਰਖਾਏ ਮਾਣ ਤਾਣ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਗੋਬਿੰਦੇ ਦਿਤਾ ਵਰ, ਕਲਜੁਗ ਵੇਖੇ ਮਾਰ ਧਿਆਨ । ਗੁਰ ਗੋਬਿੰਦੇ ਦਿਤਾ ਵਰ, ਪ੍ਰਭ ਆਤਮ ਬੂਝ ਬੁਝਾਈਆ । ਅੰਤਮ ਵਸਣਾ ਏਕਾ ਘਰ, ਏਕਾ ਦੂਜਾ ਭਉ ਚੁਕਾਈਆ । ਜ਼ਾਤੀ ਪਾਤੀ ਚੁੱਕਣਾ ਡਰ, ਹਰਿ ਸਾਚਾ ਸਹਿਜ ਸਮਾਈਆ । ਅੰਧੇਰੀ ਰਾਤੀ ਦਏ ਹਰਿ, ਕਲਜੁਗ ਅੰਤਮ ਕਾਜ ਰਚਾਈਆ । ਚਾਰੋਂ ਕੁੰਟਾਂ ਚੁਕਣਾ ਡਰ, ਨਾ ਕੋਈ ਲਾਜ ਰਖਾਈਆ । ਨਾ ਕੋਈ ਦਿਸੇ ਤੀਰਥ ਸਰ, ਚਾਰੋਂ ਕੁੰਟ ਪਏ ਦੁਹਾਈਆ । ਯਤ ਸਤਿ ਕਲ ਜਾਏ ਹਰ, ਨਾ ਸਕੇ ਕੋਈ ਬਚਾਈਆ । ਗੁਰਮੁਖ ਵਿਰਲਾ ਏਕਾ ਵਸੇ ਸਾਚੇ ਘਰ, ਪ੍ਰਭ ਸਾਚਾ ਦਇਆ ਕਮਾਈਆ । ਪੁਰਖ ਪੁਰਖੋਤਮ ਨਾਰੀ ਨਰ, ਆਪੇ ਪਿਤਾ ਪੂਤ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿ ਸਰੂਪੀ ਅੰਦਰ ਵੜ, ਸਭ ਘਟ ਮੇਂ ਰਿਹਾ ਸਮਾਈਆ । ਸਤਿ ਸਰੂਪੀ ਅੰਦਰ ਵੜਿਆ, ਗੁਰ ਗੋਬਿੰਦ ਗੋਪਾਲਾ । ਲੱਖ ਚੁਰਾਸੀ ਕਿਸੇ ਨਾ ਫੜਿਆ, ਕਾਇਆ ਲਾਇਆ ਬਾਹਰ ਤਾਲਾ । ਸੰਤ ਸੁਹੇਲਾ ਆਤਮ ਚੋਟੀ ਕੋਈ ਚੜ੍ਹਿਆ, ਤੋੜੇ ਜਗਤ ਜੰਜ਼ਾਲ । ਸਿੰਘ ਪਾਲ ਪ੍ਰਭ ਸਾਚੇ ਫੜਿਆ, ਫ਼ਲ ਲਗਾ ਕਾਇਆ ਡਾਲ੍ਹਾ । ਲੋਕਮਾਤ ਕਲ ਘਾੜਨ ਘੜਿਆ, ਆਪੇ ਬਣਿਆ ਹਾਲੀ

੭੨੫
੦੫

ਹਾਲਾ । ਬਹੱਤਰ ਨਾੜੀ ਤਾਣਾ ਭਨਿਆ, ਜਗਤ ਅਵੱਲੜੀ ਚਾਲਾ । ਕਾਇਆ ਬੁਤ ਮਾਤ ਪਿਤ ਜਣਿਆ, ਆਪੇ ਹੋਏ ਆਪ ਰਖਵਾਲਾ । ਅੰਤਮ ਵੇਲੇ ਕੋਇ ਨਾ ਬਣਿਆ, ਤੁੱਟਾ ਮਾਣ ਤਾਣਾ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਇਕ ਘਰ ਇਕ ਦਰ ਏਕਾ ਗੁਰਮੁਖ ਵਰਿਆ । ਗੁਰਮੁਖਾਂ ਵਰ ਪਾਇਆ, ਏਕਾ ਏਕ ਪੁਰਖ ਅਬਿਨਾਸਿਆ । ਘਰ ਮੰਦਰ ਇਕ ਸੁਹਾਇਆ, ਹੋਏ ਦਾਸਨ ਦਾਸਿਆ । ਆਤਮ ਜੰਦਰ ਇਕ ਤੁੜਾਇਆ, ਮੰਡਲ ਵੇਖੇ ਸਾਚੀ ਰਾਸਿਆ । ਡੂੰਘੀ ਕੰਦਰ ਹੋਏ ਰੁਸ਼ਨਾਇਆ, ਘਟ ਘਟ ਕਰੇ ਪਰਕਾਸਿਆ । ਸਾਚਾ ਮੰਦਰ ਇਕ ਸੁਹਾਇਆ, ਰਸਨਾ ਗਾਏ ਸਵਾਸ ਸਵਾਸਿਆ । ਅੰਦਰੇ ਅੰਦਰ ਮੇਲ ਮਿਲਾਇਆ, ਗੁਰ ਪੂਰੇ ਬਲ ਬਲ ਜਾਸਿਆ । ਹਰਿ ਮੰਦਰ ਨਾਮ ਰਖਾਇਆ, ਨਾ ਕੋਈ ਜਾਣੇ ਪ੍ਰਿਥਮੀ ਆਕਾਸਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਦ ਰੱਖੇ ਸਾਚਾ ਵਾਸਿਆ । ਗੁਰ ਸੰਗਤ ਤੇਰੀ ਵਸਤ, ਪ੍ਰਭ ਸਾਚੇ ਹੱਥ ਉਠਾਈਆ । ਦੇਵਣ ਆਇਆ ਦਸਤੀ ਦਸਤ, ਸਮਰਥ ਕਲ ਵਖਾਈਆ । ਅੱਠੇ ਪਹਿਰ ਮਸਤੀ ਮਸਤ, ਅੰਤਮ ਕਲ ਜੋ ਜਨ ਦਰਸ਼ਨ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖਾਂ ਦੇਵੇ ਮਾਤ ਵਰ, ਮੁਖ ਸਗਨ ਗੁਰ ਸ਼ਬਦ ਜਗਤ ਕੁੜਮਾਈਆ । ਵਡ ਵਡਿਆਈ ਧਰਨਾ ਪਤ, ਬਖ਼ਸ਼ੇ ਚਰਨ ਸਰਨ ਸਰਨਾਈਆ । ਆਪ ਕਰਾਏ ਉਤਪਤ, ਮੇਟਣਹਾਰ ਆਪ ਅਖਵਾਈਆ । ਆਪ ਬਣਾਏ ਕਾਇਆ ਬੁੱਤ, ਆਪੇ ਅੰਤਮ ਢਾਹੀਆ । ਆਪ ਉਪਾਏ ਲੱਖ ਚੁਰਾਸੀ ਸਾਚੇ ਸੁੱਤ, ਆਪੇ ਮੇਟ ਮਿਟਾਈਆ । ਆਪ ਸੁਹਾਏ ਆਪਣੀ ਰੁੱਤ, ਰੰਗ ਬਸੰਤ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਆਦਿ ਅੰਤ ਰਚਨ ਰਚਾਈਆ । ਸਤਿਜੁਗ ਆਦਿ ਆਦਿ ਅਵਤਾਰਾ । ਪਾਰਬ੍ਰਹਮ ਰੂਪ ਅਨੂਪ ਅਪਾਰਾ । ਸਚ ਧਰਮ ਚਾਰ ਵਰਨ ਜੈਕਾਰਾ । ਹਰਿਜਨ ਵੇਖੇ ਆਪਣੇ ਕਰਮ, ਸਾਚਾ ਨਾਤਾ ਚਰਨ ਪਿਆਰਾ । ਉਤਮ ਜ਼ਾਤੀ ਨਾਮ ਵਰਨ, ਗੋਬਿੰਦ ਲੇਖਾ ਅਪਰ ਅਪਾਰਾ । ਸਾਚੇ ਨੇਤਰ ਹਰਨ ਫਰਨ, ਮੇਟੇ ਅੰਧ ਅੰਧਿਆਰਾ । ਲੇਖਾ ਚੁੱਕੇ ਮਰਨ ਡਰਨ, ਪ੍ਰਭ ਪਾਇਆ ਅਗੰਮ ਅਪਾਰਾ । ਸਤਿ ਸਚ ਸਰਨਾਈ ਨਿਹਕਲੰਕ ਨਰਾਇਣ ਨਰ ਅਵਤਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕ ਸੁਹਾਏ ਬੰਕ ਦਵਾਰਾ । ਬੰਕ ਦਵਾਰ ਹਰਿ ਅਪਾਰ, ਆਪਣਾ ਆਪ ਸਾਜਿਆ । ਜੋਤ ਸਰੂਪੀ ਕਰ ਆਕਾਰ, ਵਸੇ ਗਰੀਬ ਨਿਵਾਜ਼ਿਆ । ਸ਼ਬਦ ਰੱਖੇ ਸਾਚੀ ਧਾਰ, ਮਾਰੇ ਸਾਚੀ ਆਵਾਜ਼ਿਆ । ਪਵਣ ਸਰੂਪੀ ਹੋ ਅਸਵਾਰ, ਸ਼ਬਦੀ ਪਵਣੀ ਅਵਣੀ ਗਵਣੀ ਆਪ ਸਵਾਰੇ ਆਪਣਾ ਕਾਜਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗਾ ਜੁਗੰਤਰ ਬੰਨ੍ਹੇ ਧਾਰ । ਜੁਗ ਜੁਗ ਧਾਰੇ ਭੇਖ, ਭੇਖ ਵਟਾਇੰਦਾ । ਕਲਜੁਗ ਅੰਤਮ ਲਿਆ ਵੇਖ, ਰੋਗ ਸੋਗ ਚਿੰਤ ਵਿਜੋਗ ਮਾਇਆ ਭਰਮ ਭੁਲਾਇੰਦਾ । ਨਾ ਕੋਈ ਦਿਸੇ ਔਲੀਆ ਪੀਰ ਸ਼ੇਖ਼, ਲਿਖਿਆ ਅੰਤਮ ਯਾਰ ਯਾਰੀ ਆਪ ਚੁਕਾਇੰਦਾ । ਆਪੇ ਜਾਣੇ ਧਾਰੀ ਕੇਸ ਦਸ ਦਸਮੇਸ, ਪੰਚਮ ਮੀਤਾ ਆਪ ਅਖਵਾਇੰਦਾ । ਆਪੇ ਬਣੇ ਦਰ ਦਰਵੇਸ਼, ਮੂੰਡ ਮੁੰਡਾਏ ਨਰ ਨਰੇਸ਼, ਬਾਲ ਅਵਸਥਾ ਅਲੜ੍ਹ ਵਰੇਸ, ਤੇਰਾਂ ਤੇਰੀ ਧਾਰ ਵਹਾਇੰਦਾ । ਪਰਗਟ ਹੋਇਆ ਮਾਝੇ ਦੇਸ, ਸੰਬਲ ਨਗਰੀ ਸਾਚਾ ਵੇਸ, ਗੌੜ ਬ੍ਰਹਿਮਣ ਸੁਤ ਉਪਾਇੰਦਾ । ਜੋਤੀ ਜੋਤ ਸਰੂਪ ਹਰਿ, ਬਜਰ ਕਪਾਟੀ ਉਚਾ ਟਿੱਲਾ, ਸ਼ਬਦ ਪਹਾੜੀ ਦਿਸੇ ਕਿਲ੍ਹਾ, ਪਰਗਟ ਹੋਏ ਦਰਸ ਦਿਖਾਇੰਦਾ । ਸ਼ਬਦ ਪਹਾੜੀ ਚਾਰ ਦਿਵਾਰ, ਕਿਲਾ ਕੋਟ ਉਸਾਰਿਆ । ਅੰਦਰ ਵੜਿਆ ਹਰਿ ਨਿਰੰਕਾਰ, ਕਿਸੇ ਦਿਸ ਨਾ ਆਏ ਅੰਦਰ ਬਾਹਰ, ਸ਼ਬਦ ਵਹਾਏ ਸਾਚੀ ਧਾਰ, ਆਪੇ ਜਾਣੇ ਆਪਣੀ


੭੨੬ ੦੫

ਕਾਰਿਆ । ਲੱਖ ਚੁਰਾਸੀ ਵੇਖੇ ਨੌਂ ਦਵਾਰ, ਸ਼ਬਦ ਸਿੰਘਾਸਣ ਅਪਰ ਅਪਾਰਿਆ । ਗੁਰਮੁਖਾਂ ਦੇਵੇ ਨਾਮ ਅਧਾਰ, ਏਕਾ ਰਾਗ ਸੁਣਾ ਰਿਹਾ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਕਲਜੁਗ ਅੰਤਮ ਵੇਖ ਦਰ, ਏਕਾ ਬੰਕ ਦਵਾਰ ਖੁਲ੍ਹਾ ਰਿਹਾ । ਬੰਕ ਦਵਾਰ ਇਕ ਖੁਲ੍ਹਾਏ, ਹੋਏ ਸ਼ਬਦ ਜਣਾਈਆ । ਸਾਚਾ ਸ਼ਬਦ ਮਰਦੰਗ ਵਜਾਏ, ਚਾਰੋਂ ਕੁੰਟ ਪਏ ਦੁਹਾਈਆ । ਰਾਓ ਰੰਕ ਰਿਹਾ ਉਠਾਏ, ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਦਰ ਦਰ ਰਿਹਾ ਫਿਰਾਈਆ । ਗੁਰਮੁਖਾਂ ਬੰਨ੍ਹੇ ਹੱਥੀਂ ਗਾਨਾ, ਆਤਮ ਉਪਜੇ ਬ੍ਰਹਮ ਗਿਆਨਾ, ਨਾਮ ਦਾਤ ਝੋਲੀ ਪਾਈਆ । ਚਰਨ ਧੂੜ ਸਾਚਾ ਇਸ਼ਨਾਨਾ, ਸਾਚਾ ਨਹਾਵਣ ਅੰਮ੍ਰਿਤ ਸਾਚੇ ਆਤਮ ਨੀਰ ਨੁਹਾਈਆ । ਜੋਤੀ ਜੋਤ ਸਰੂਪ ਹਰਿ, ਆਪੇ ਗੋਪੀ ਆਪੇ ਕਾਹਨਾ, ਆਪੇ ਕਾਇਆ ਸਾਚਾ ਮੰਦਰ ਬਨ ਬਿੰਦਰਾ ਸਾਚੀ ਸੇਜ ਵਿਛਾਈਆ । ਸਾਚੀ ਸੇਜਾ ਆਤਮ ਘਰ, ਪ੍ਰਭ ਆਪਣੀ ਆਪ ਵਿਛਾਇੰਦਾ । ਗੁਰਮੁਖ ਨੁਹਾਏ ਸਾਚੇ ਸਰ, ਸਾਚਾ ਸੰਗ ਨਿਭਾਇੰਦਾ । ਆਪਣੀ ਹੱਥੀਂ ਖੋਲ੍ਹੇ ਦਰ, ਨਾਮ ਰੰਗ ਚੜ੍ਹਾਇੰਦਾ । ਆਵਣ ਜਾਵਣ ਚੁੱਕੇ ਡਰ, ਸੰਤ ਸੁਹੇਲਾ ਸੰਗ ਨਿਭਾਇੰਦਾ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਅੰਗੀਕਾਰ ਹਰਿ ਗਿਰਧਾਰ ਜਨ ਭਗਤਾਂ ਆਪ ਅਖਵਾਇੰਦਾ । ਭਗਤ ਸੁਹੇਲਾ ਸਾਚਾ ਮੀਤ, ਜੁਗ ਜੁਗ ਰੀਤ ਚਲਾਈਆ । ਆਪੇ ਪਰਖਣਹਾਰ ਨੀਤ, ਹਰਿਜਨ ਸਾਚੇ ਮੇਲ ਮਿਲਾਈਆ । ਬੈਠਾ ਰਹੇ ਸਦਾ ਅਤੀਤ, ਦਿਸ ਕਿਸੇ ਨਾ ਆਈਆ । ਦੋ ਜਹਾਨ ਸਦਾ ਅਤੀਤ, ਮਰ ਕਦੇ ਨਾ ਜਾਈਆ । ਸਦੀ ਬੀਸਵੀਂ ਰਹੀ ਬੀਤ, ਪ੍ਰਭ ਸਾਚੀ ਰਚਨ ਰਚਾਈਆ । ਨਾ ਕੋਈ ਦਿਹੁਰਾ ਮੰਦਰ ਮਸੀਤ, ਅਠਾਰਾਂ ਦੇਵੇ ਢਾਹੀਆ । ਸੋ ਇਕ ਸੁਣਾਏ ਸੁਹਾਗੀ ਗੀਤ, ਸੋਹੰ ਅੱਖਰ ਰਿਹਾ ਮਾਤ ਜਗਾਈਆ । ਚਰਨ ਛੁਹਾਏ ਰੋੜੀ ਸਖਰ, ਸੰਮਤ ਉਨੀ ਆਪਣੀ ਦਇਆ ਕਮਾਈਆ । ਸੰਗ ਮੁਹੰਮਦ ਚਾਰ ਯਾਰੀ ਮੱਕਾ ਮਦੀਨਾ ਚਰਨ ਹੇਠ ਛੁਹਾਈਆ । ਨੇਤਰ ਨੀਰ ਵਰੋਲੇ ਅੱਥਰ, ਉਮਤ ਨਬੀ ਰਸੂਲੇ ਦਏ ਦੁਹਾਈਆ । ਲੱਖ ਚੁਰਾਸੀ ਹੋਣੀ ਸੱਥਰ, ਧਰਤ ਮਾਤ ਸੇਜ ਵਿਛਾਈਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਕਲਜੁਗ ਅੰਤਮ ਵੇਖ ਦਰ, ਧਰਮ ਰਾਏ ਤੇਰੀ ਸਚ ਸਪੁੱਤਰੀ ਲਾੜੀ ਮੌਤ ਆਪਣੀ ਹੱਥੀਂ ਕਰੇ ਕੁੜਮਾਈਆ । ਕਲਜੁਗ ਤੇਰਾ ਅੰਤਮ ਵੇਲਾ, ਪ੍ਰਭ ਸਾਚਾ ਨਾਤਾ ਆਪ ਬੰਨ੍ਹਾਇੰਦਾ । ਪਰਗਟ ਹੋਇਆ ਗੁਰ ਦਰ ਚੇਲਾ, ਪੁਰਖ ਬਿਧਾਤਾ ਦਇਆ ਕਮਾਇੰਦਾ । ਆਪ ਕਰਾਇਆ ਆਪਣਾ ਮੇਲਾ, ਆਪਣਾ ਸੰਗ ਨਿਭਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੇ ਰੰਗ ਰੰਗਾਇੰਦਾ । ਹਰਿ ਠਾਕਰ ਅਬਿਨਾਸ਼, ਜੋਤ ਪਰਕਾਸ਼ਿਆ । ਹਰਿ ਠਾਕਰ ਅਬਿਨਾਸ਼, ਸਰਬ ਘਟ ਵਾਸਿਆ । ਹਰਿ ਠਾਕਰ ਅਬਿਨਾਸ਼, ਜਨ ਭਗਤਾਂ ਦਾਸਨ ਦਾਸਿਆ । ਹਰਿ ਠਾਕਰ ਅਬਿਨਾਸ਼, ਸਾਚੇ ਮੰਡਲ ਪਾਵੇ ਰਾਸਿਆ । ਹਰਿ ਠਾਕਰ ਅਬਿਨਾਸ਼, ਵੇਖੇ ਖੇਲ ਪੰਡਤ ਕਾਸ਼ਿਆ । ਹਰਿ ਠਾਕਰ ਅਬਿਨਾਸ਼, ਪੰਚ ਚਲਾਏ ਸ਼ਬਦ ਸਵਾਸਿਆ । ਹਰਿ ਠਾਕਰ ਅਬਿਨਾਸ਼, ਮੇਲ ਮਿਲਾਏ ਪ੍ਰਿਥਮੀ ਆਕਾਸ਼ਿਆ । ਹਰਿ ਠਾਕਰ ਅਬਿਨਾਸ਼, ਜੋਤੀ ਜੋਤ ਸਰੂਪ ਹਰਿ, ਆਦਿ ਪੁਰਖ ਪੁਰਖ ਅਬਿਨਾਸ਼ਿਆ । ਹਰਿ ਠਾਕਰ ਰਤਨਾਗਰਾ, ਹਰ ਘਟ ਜੋਤ ਬਲੋਏ । ਕਾਇਆ ਹਾਟੀ ਡੂੰਘਾ ਸਾਗਰਾ, ਸਚ ਵਸਤ ਨਾ ਜਾਣੇ ਕੋਏ । ਅੰਮ੍ਰਿਤ ਭਰਿਆ ਏਕਾ ਗਾਗਰਾ, ਹਰਿ ਬਿਨ ਅਵਰ ਨਾ ਦੇਵੇ ਕੋਇ । ਹਰਿਜਨ ਬਣੇ ਸਚ ਸੌਦਾਗਰਾ, ਦੁਰਮਤ ਮੈਲ ਪਾਪਾਂ ਧੋਏ । ਬੈਠਾ ਰਹੇ ਇਕ ਇਕਾਗਰਾ, ਨਿਰਮਲ ਜੋਤੀ ਰਿਹਾ ਬਲੋਏ । ਨਿਰਮਲ ਕਰਮ ਕਰੇ ਉਜਾਗਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚਾ ਮੇਲਾ ਮੇਲ ਮਿਲਾਏ ਘਰ ਇਕ

ਵਸਾਏ ਦੋਏ । ਏਕਾ ਘਰ ਏਕਾ ਵਾਸ, ਏਕਾ ਆਪ ਰਖਾਈਆ । ਏਕਾ ਮੰਡਲ ਏਕਾ ਰਾਸ, ਏਕਾ ਬੂਝ ਬੁਝਾਈਆ । ਏਕਾ ਪਵਣ ਏਕਾ ਸਵਾਸ, ਏਕਾ ਪਵਣ ਚਲਾਈਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਕਲਜੁਗ ਅੰਤਮ ਵੇਖ ਦਰ, ਸਾਚੀ ਰਚਨ ਰਿਹਾ ਰਚਾਈਆ ।

### ★ ੧੭ ਹਾੜ ੨੦੧੩ ਬਿਕ੍ਰਮੀ ਹਰਿ ਭਗਤ ਦਵਾਰ ਜੇਠੂਵਾਲ ਅਕਾਲ ਤਖ਼ਤ ਅੰਮ੍ਰਿਤਸਰ ਵਾਸਤੇ ਸ਼ਬਦ ★

ਅਕਾਲ ਤਖ਼ਤ ਪ੍ਰਭ ਤਖ਼ਤ ਰਚਾਇਆ, ਸ਼ਬਦੀ ਬਣਤ ਬਣਾਈਆ । ਲੋਕਮਾਤੀ ਬਾਡੀ ਕੋਇ ਨਾ ਲਾਇਆ, ਦਿਸ ਕਿਸੇ ਨਾ ਆਈਆ । ਤਿੰਨ ਸੌ ਸੱਠ ਹਾਡੀ ਜੋੜ ਜੁੜਾਇਆ, ਨਾੜੀ ਬਹੱਤਰ ਤਾਣਾ ਪੇਟਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਤਖ਼ਤ ਸੁਹਾਈਆ । ਤਖ਼ਤ ਰਖਾਇਆ ਸਚ ਰੰਗ, ਹਰਿ ਸਾਚੇ ਸ਼ਾਹ ਸੁਲਤਾਨਿਆ । ਧੁਰ ਦਰਗਾਹੀ ਏਕਾ ਮੰਗ, ਨਾ ਕੋਈ ਦਿਸੇ ਹੋਰ ਨਿਸ਼ਾਨਿਆ । ਸ਼ਬਦ ਰੰਗੀਲਾ ਸਚ ਪਲੰਘ, ਹਰਿ ਸਾਚਾ ਆਪ ਵਿਛਾਨਿਆ । ਚਾਰੇ ਕੁੰਟਾਂ ਅੰਮ੍ਰਿਤ ਧਾਰਾ ਗੰਗ, ਪਵਣ ਠੰਢੀ ਠਾਰ ਰਖਾਨਿਆ । ਵੱਜੇ ਸ਼ਬਦ ਅਨਾਦੀ ਮਰਦੰਗ, ਹਰਿ ਏਕਾ ਤਾਲ ਵਜਾਨਿਆ । ਆਪੇ ਵਸੇ ਅੰਗ ਸੰਗ, ਚਾਰੇ ਕੁੰਟਾਂ ਵੇਖ ਵਖਾਨਿਆ । ਕੋਈ ਨਾ ਦਿਸੇ ਭੁੱਖ ਨੰਗ, ਨਾ ਮੰਗੇ ਪੈਸੇ ਧੇਲੇ ਦਵਾਨੀ ਚਵਾਨੀਆ । ਸਚ ਦਵਾਰਾ ਬੈਠਾ ਲੰਘ, ਅੱਠੇ ਪਹਿਰ ਸ਼ਬਦ ਕਹਾਣੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਬਖ਼ਸ਼ੇ ਜਗਤ ਨਿਸ਼ਾਨੀਆ । ਅਕਾਲ ਤਖ਼ਤ ਤਖ਼ਤ ਅਕਾਲ ਕਵਣ ਦੁਵਾਰ ਬਣਾਇੰਦਾ । ਕਵਣ ਕਰੇ ਕਰਾਏ ਪ੍ਰਿਤਪਾਲ, ਕਵਣ ਧਾਮ ਸੁਹਾਇੰਦਾ । ਕਵਣ ਵਿਛਾਏ ਉਪਰ ਦੁਸ਼ਾਲ, ਕਵਣ ਸਿੰਘਾਸਣ ਲਾਇੰਦਾ । ਕਵਣ ਰੰਗ ਚੜ੍ਹਾਏ ਗੁਲਾਲ, ਕਵਣ ਰੂਪ ਵਟਾਇੰਦਾ । ਕਵਣ ਸੁਹਾਏ ਸਾਚਾ ਤਾਲ, ਅੰਮ੍ਰਿਤ ਨਾਮ ਰਖਾਇੰਦਾ । ਕਵਣ ਮਾਰੇ ਸ਼ਬਦ ਉਛਾਲ, ਸਚ ਮੋਤੀ ਬਾਹਰ ਕਢਾਇੰਦਾ । ਕਵਣ ਤੋੜੇ ਜਗਤ ਜੰਜ਼ਾਲ, ਕਾਲ ਮਹਾਂਕਾਲ ਨੇੜ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਕਲਜੁਗ ਅੰਤਮ ਵੇਖ ਦਰ, ਆਪ ਆਪਣਾ ਆਪ ਵਟਾਇੰਦਾ । ਤਖ਼ਤ ਅਕਾਲ ਜੋਤ ਅਕਾਲੀ, ਹਰਿ ਹਰਿ ਮਾਤ ਜਗਾਈਆ । ਏਕਾ ਮੰਗੇ ਸ਼ਬਦ ਦਲਾਲੀ, ਦੂਸਰ ਵਸਤ ਨਾ ਪਾਈਆ । ਆਤਮ ਵੱਜੇ ਸਾਚਾ ਤਾਲੀ, ਢੋਲਕ ਛੈਣਾ ਨਾ ਕੋਈ ਵਜਾਈਆ । ਉਚੇ ਮੰਦਰ ਦਿਸਣ ਖਾਲੀ, ਸਾਚੇ ਨੈਣਾ ਨਾ ਦਰਸ਼ਨ ਪਾਈਆ । ਨੀਲੇ ਬਸਤਰ ਰੰਗ ਰੰਗੀਲਾ ਕਾਲੀ, ਕਾਲੀ ਧਾਰ ਵਹਾਈਆ । ਪੁਰਖ ਅਬਿਨਾਸ਼ੀ ਅਵੱਲੜੀ ਚਾਲੀ, ਦੀਪਕ ਜੋਤ ਜਗੇ ਨਿਰਾਲੀ, ਸਚ ਸਿੰਘਾਸਣ ਡੇਰਾ ਲਾਈਆ । ਅੱਠੇ ਪਹਿਰ ਸਦਾ ਪ੍ਰਿਤਪਾਲੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵੇਖੇ ਖੇਲ ਹਰਿ ਰਘੁਰਾਈਆ । ਅਕਾਲ ਤਖ਼ਤ ਕਲ ਕਾਲਾ ਬਾਣਾ, ਨੀਲੀ ਧਾਰ ਵਹਾਇੰਦਾ । ਕਵਣ ਗਿਆਨੀ ਸੁਘੜ ਸਿਆਣਾ, ਗੁਰ ਗੋਬਿੰਦਾ ਦਰਸ਼ਨ ਪਾਇੰਦਾ । ਕਵਣ ਬੁਧੀ ਜਗਤ ਬਿਬੇਕ ਆਤਮ ਜਾਣੇ ਬ੍ਰਹਮ ਗਿਆਨਾ, ਆਤਮ ਹਰਸ ਮਿਟਾਇੰਦਾ । ਕਵਣ ਫੜੇ ਤੀਰ ਕਮਾਨਾ, ਸ਼ਬਦ ਨਿਸ਼ਾਨਾ ਇਕ ਰਖਾਇੰਦਾ । ਕਵਣ ਜਗੇ ਜੋਤ ਮਹਾਨਾ, ਗੁਰੂ ਗ੍ਰੰਥ ਬਤਲਾਇੰਦਾ । ਕਵਣ ਰੂਪ ਸ੍ਰੀ ਭਗਵਾਨਾ, ਅਕਾਲ ਤਖ਼ਤ ਸੁਹਾਇੰਦਾ । ਕਵਣ ਬੰਨ੍ਹੇ ਹੱਥੀਂ ਗਾਨਾ, ਵੇਖ ਵਕਤ ਜਣਾਇੰਦਾ । ਕਵਣ ਸਰੋਵਰ ਸਚ ਇਸ਼ਨਾਨਾ, ਮੈਲ ਦੁਰਮਤ ਗਵਾਇੰਦਾ । ਕਵਣ ਆਤਮ ਪੀਣਾ ਖਾਣਾ, ਤ੍ਰਿਸ਼ਨਾ ਭੁੱਖ ਮਿਟਾਇੰਦਾ । ਕਵਣ ਸ਼ਬਦ ਗੁਰ ਮੰਤਰ ਜਗਤ

ਬਿਬਾਣਾ, ਲੋਆਂ ਪੁਰੀਆਂ ਪਾਰ ਕਰਾਇੰਦਾ । ਕਵਣ ਵਖਾਏ ਸਚ ਟਿਕਾਣਾ, ਜ਼ਾਤ ਪਾਤੀ ਭੇਵ ਮਿਟਾਇੰਦਾ । ਕਵਣ ਸੁਣਾਏ ਸਾਚਾ ਗਾਣਾ, ਰਾਗ ਛਤੀਸਾ ਕਵਣ ਅਲਾਇੰਦਾ । ਕਵਣ ਬਤਾਏ ਆਪਣਾ ਭਾਣਾ, ਦੰਦ ਬਤੀਸਾ ਕਵਣ ਸੁਹਾਇੰਦਾ । ਕਵਣ ਬਣਾਏ ਰਾਜਾ ਰਾਣਾ, ਗਊ ਗਰੀਬਾਂ ਮਾਣ ਦਵਾਇੰਦਾ । ਕਵਣ ਸੋ ਹੋਏ ਜਾਣੀ ਜਾਣਾ, ਕਵਣ ਰਾਜ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਹਰਿ ਮੰਦਰ ਵੇਖ ਵਖਾਇੰਦਾ । ਹਰਿ ਮੰਦਰ ਮਹੱਲ ਅਪਾਰ, ਕਵਣ ਬਣਾਇੰਦਾ । ਕਵਣ ਰਿਹਾ ਨੀਂਹ ਉਸਾਰ, ਦਰ ਦਰਵਾਜ਼ਾ ਕਵਣ ਲਗਾਇੰਦਾ । ਕਵਣ ਅੰਮ੍ਰਿਤ ਦੇਵੇ ਧਾਰ, ਬੂੰਦ ਸਵਾਂਤੀ ਮੁਖ ਚੁਆਇੰਦਾ । ਕਵਣ ਖੋਲ੍ਹੇ ਬੰਦ ਕਿਵਾੜ, ਇਕ ਇਕਾਂਤੀ ਖੇਲ ਰਚਾਇੰਦਾ । ਕਵਣ ਮਿਟਾਏ ਪੰਚਮ ਧਾੜ, ਪੰਚਮ ਮੇਲ ਮਿਲਾਇੰਦਾ । ਕਵਣ ਪੰਚਮ ਦੇਵੇ ਸਾੜ, ਕਵਣ ਪੰਚਮ ਜੋਤ ਜਗਾਇੰਦਾ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਗੁਰ ਗੋਬਿੰਦਾ ਲੇਖ ਦਰ, ਧੁਰ ਫ਼ਰਮਾਣਾ ਹੁਕਮ ਜਣਾਇੰਦਾ । ਧੁਰ ਫ਼ਰਮਾਣਾ ਹਰਿ ਭਗਵਾਨ, ਸ਼ਬਦ ਲੇਖ ਲਿਖਾਈਆ । ਸੰਬਲ ਨਗਰੀ ਹਰਿ ਮਿਹਰਵਾਨ, ਏਕਾ ਜੋਤ ਜਗਾਈਆ । ਨੌਂ ਖੰਡ ਪ੍ਰਿਥਮੀ ਵੇਖਣਾ ਮਾਰ ਧਿਆਨ, ਕਵਣ ਧਾਮ ਸੁਹਾਈਆ । ਸਤਾਂ ਦੀਪਾਂ ਕਵਣ ਨਿਸ਼ਾਨ, ਗੁਰ ਗੋਬਿੰਦਾ ਲੇਖ ਲਿਖਾਈਆ । ਖਾਣੀ ਬਾਣੀ ਹੋਏ ਹੈਰਾਨ, ਵਾਲੀ ਹਿੰਦ ਦਿਸ ਨਾ ਆਈਆ । ਸਰਬ ਜੀਆਂ ਪ੍ਰਭ ਜਾਣੀ ਜਾਣ, ਆਤਮ ਚਿੰਦ ਰਿਹਾ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਸ਼ਬਦ ਸੁਨੇਹੜਾ ਦਰ ਘਲਾਈਆ । ਸ਼ਬਦ ਸੁਨੇਹੜਾ ਆਏ ਦਰ, ਲੈ ਕੇ ਧੁਰ ਫ਼ਰਮਾਣਾ । ਅੰਮ੍ਰਿਤ ਆਤਮ ਵੇਖੇ ਸਰ, ਸਰ ਅੰਮ੍ਰਿਤ ਕਵਣ ਟਿਕਾਣਾ । ਕਵਣ ਭੰਡਾਰੇ ਰਿਹਾ ਭਰ, ਦੇਵੇ ਸੱਚਾ ਦਾਨਾ । ਨਾ ਜਨਮੇ ਨਾ ਜਾਏ ਮਰ, ਖੇਲੇ ਖੇਲ ਮਹਾਨਾ । ਸੰਬਲ ਨਗਰੀ ਮਿਲਿਆ ਵਰ, ਪਰਗਟ ਹੋਏ ਨਿਹਕਲੰਕ ਬਲੀ ਬਲਵਾਨਾ । ਆਪ ਚੁਕਾਇਆ ਆਪਣਾ ਡਰ, ਜਗਤ ਭੈ ਵਿਚ ਰਖਾਨਾ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਸ਼ਬਦ ਸੁਨੇਹੜਾ ਦੇਵੇ ਵਰ, ਘਰ ਮੰਦਰ ਖੋਜ ਖੁਜਾਨਾ । ਹਰਿ ਮੰਦਰ ਚਾਰ ਦਿਵਾਰੀ ਚਾਰ ਦਰਵਾਜ਼ਿਆ । ਕਵਣ ਦਵਾਰੇ ਰਿਹਾ ਪੈਜ ਸਵਾਰੀ, ਮਾਰੇ ਅਵਾਜ਼ਿਆ । ਨੀਲੇ ਘੋੜੇ ਕਰ ਅਸਵਾਰੀ, ਦੁੜਾਏ ਵਡ ਰਾਜਨ ਰਾਜਿਆ । ਚਾਰੋਂ ਕੁੰਟ ਦਹਿ ਦਿਸ਼ਾ ਰਿਹਾ ਵਿਚਾਰੀ, ਪੁਰਖ ਅਬਿਨਾਸ਼ੀ ਸਾਚਾ ਸਾਜਨ ਸਾਜਿਆ । ਆਪੇ ਜਾਣੇ ਆਪਣੀ ਧਾਰੀ, ਪੁਰਖ ਅਗੰਮੜਾ ਅਗੰਮੜੀ ਕਾਰੀ, ਕਰੇ ਕਰਾਏ ਆਪਣਾ ਕਾਜਿਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਸਰ ਅੰਮ੍ਰਿਤ ਵੇਖੇ ਸ਼ਬਦ ਉਡਾਰੀ, ਕਵਣ ਦਵਾਰਾ ਕਵਣ ਰਿਹਾ ਉਡਾਈਆ । ਕਵਣ ਘੋੜੇ ਹੋ ਅਸਵਾਰਾ, ਪ੍ਰਭ ਵੇਖੇ ਥਾਉਂ ਥਾਈਂਆ । ਕਵਣ ਖੰਡਾ ਸ਼ਬਦ ਦੋ ਧਾਰਾ, ਆਤਮ ਲੇਖਾ ਰਿਹਾ ਚੁਕਾਈਆ । ਕਵਣ ਜੋਤੀ ਹਰਿ ਨਿਰੰਕਾਰ, ਲੋਕਮਾਤੀ ਦਇਆ ਕਮਾਈਆ । ਕਵਣ ਕਲੰਕੀ ਲੈ ਅਵਤਾਰ, ਵਰਨ ਗੋਤੀ ਦਏ ਮਿਟਾਈਆ । ਕਵਣ ਬੰਕੀ ਸੋਹੇ ਦਵਾਰ, ਹਰਿ ਰਸਨਾ ਸ਼ਬਦ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲੇਖਾ ਲੇਖ ਲਿਖਤ ਵਾਕ, ਦਰ ਦਵਾਰੇ ਰਿਹਾ ਪੁਜਾਈਆ । ਗੋਬਿੰਦ ਗੁਰੂ ਕਲ ਜਾਮਾ ਪਾਇਆ, ਅਲ੍ਹੜ ਵਰੇਸ ਨਿਧਾਨੀ । ਸ੍ਰਿਸ਼ਟ ਸਬਾਈ ਨਿੰਦ ਲਗਾਇਆ, ਭਰਮ ਭੁਲਾਏ ਵਡ ਵਡ ਗਿਆਨੀ । ਸਗਲੀ ਚਿੰਦ ਨਾ ਕੋਇ ਮਿਟਾਇਆ, ਪੜ੍ਹ ਪੜ੍ਹ ਥੱਕੇ ਵਡ ਵਿਦਵਾਨੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਾੜ ਸਤਾਰਾਂ ਲੇਖ ਅਠਾਰਾਂ ਮਾਰੇ ਤੀਰ ਕਾਨੀ । ਤੀਰ ਕਾਨੀ ਲੱਗੇ ਤਨ, ਹੋਏ ਆਤਮ ਘਾਤਿਆ । ਜਗਤ ਮਨੂਆਂ ਦੇਵੇ ਡੰਨ, ਹਰਿ ਖੇਲ ਕਮਲਾਪਾਤਿਆ ।

੭੨੯ ੦੫

ਦਿਵਸ ਦਿਹਾੜੇ ਲਾਏ ਸੰਨ੍ਹ, ਕਲਜੁਗ ਰੈਣ ਅੰਧੇਰੀ ਰਾਤਿਆ । ਮਾਇਆ ਮਮਤਾ ਇਕੱਠਾ ਕੀਤਾ ਧਨ, ਅੰਤਮ ਪੈਣਾ ਡੂੰਘੇ ਖਾਤਿਆ । ਸੰਮਤ ਸਤਾਰਾਂ ਦੇਵੇ ਭੰਨ, ਲੇਖਾ ਚੁਕੇ ਜ਼ਾਤ ਪਾਤਿਆ । ਸੰਮਤ ਸੋਲਾਂ ਬੇੜਾ ਬੰਨ੍ਹ, ਆਪ ਨਿਭਾਏ ਆਪਣਾ ਸਾਥਿਆ । ਪਾਰ ਬਿਆਸੋਂ ਚਾੜ੍ਹੇ ਚੰਨ, ਹਰਿ ਹਰਿ ਤ੍ਰੈਲੋਕੀ ਨਾਥਿਆ । ਮੰਡਪ ਮਾੜੀ ਖੰਨ ਖੰਨ, ਨਾ ਕੋਈ ਗ੍ਰੰਥੀ ਗਾਏ ਗਾਥਿਆ । ਭਾਂਡਾ ਭਰਮ ਪ੍ਰਭ ਦੇਵੇ ਭੰਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲੇਖਾ ਲਿਖਣਹਾਰ ਮਸਤਕ ਮਾਥਿਆ । ਸੰਬਲ ਨਗਰ ਭੇਵ ਖੁਲ੍ਹਾਉਣਾ, ਆਤਮ ਗਿਆਨ ਵਿਚਾਰੀ । ਪੁਰਖ ਅਬਿਨਾਸ਼ੀ ਧਾਮ ਸੁਹਾਉਣਾ, ਕਰੇ ਖੇਲ ਨਿਆਰੀ । ਬੀਸ ਇਕੀਸਾ ਹਰਿ ਅਖਵਾਉਣਾ, ਆਪੇ ਰਾਮ ਮੁਰਾਰੀ । ਰਾਗ ਛਤੀਸਾ ਲੇਖ ਚੁਕਾਉਣਾ, ਇਕ ਸ਼ਬਦ ਜੈਕਾਰੀ । ਵਰਨ ਗੋਤ ਕੋਈ ਰਹਿਣ ਨਾ ਪਾਉਣਾ, ਆਪੇ ਜਾਣੇ ਕੇਸਾ ਧਾਰੀ । ਸਰਨ ਵਰਨ ਪ੍ਰਭ ਇਕ ਰਖਾਉਣਾ, ਚਾਰ ਵਰਨਾ ਸੱਚੀ ਯਾਰੀ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਆਤਮ ਲੇਖਾ ਵੇਖ ਦਰ, ਸੰਬਲ ਨਗਰੀ ਇਕ ਇਕਗਰੀ ਵੇਖੇ ਚਾਰ ਦਿਵਾਰੀ । ਚਾਰ ਦਵਾਰੀ ਕਾਇਆ ਮਾਟ, ਕਵਣ ਕੂਟ ਉਪਾਈਆ । ਕਵਣ ਤੀਰਥ ਸਾਚਾ ਤਾਟ, ਅੰਮ੍ਰਿਤ ਘੁਟ ਪਿਆਈਆ । ਕਵਣ ਦੁਰਮਤ ਮੈਲ ਦੇਵੇ ਕਾਟ, ਸਚ ਸੀਰਤ ਮੁਖ ਚੁਆਈਆ । ਕਵਣ ਦੀਪਕ ਜੋਤ ਲਿਲਾਟ, ਕਾਇਆ ਮਾਟ ਜਗਾਈਆ । ਤਖ਼ਤ ਅਕਾਲ ਕਵਣ ਵਣਜ ਸਾਚੇ ਹਾਟ, ਕਵਣ ਮਾਤ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਧੁਰ ਸ਼ਬਦ ਮੰਗੇ ਇਕ ਵਰ, ਭੇਵ ਅਭੇਦਾ ਭੇਵ ਖੁਲ੍ਹਾਈਆ ।

੭੩੦

੦੫

### ★ ੧੭ ਹਾੜ ੨੦੧੩ ਬਿਕ੍ਰਮੀ ਡਾ੦ ਰਾਜਿੰਦਰਾ ਪ੍ਰਸਾਦ ਵਾਸਤੇ ਸ਼ਬਦ ਲਿਖਾਇਆ ਹਰਿ ਭਗਤ ਦਵਾਰ ਜੇਠੂਵਾਲ ★

ਵਾਲੀ ਹਿੰਦ ਉਠ ਜਾਗ, ਪ੍ਰਭ ਅੰਤਮ ਵਾਰ ਜਗਾਏ । ਹੰਸ ਬਣਨਾ ਕਲਜੁਗ ਕਾਗ, ਦਰ ਦਵਾਰੇ ਦਰਸ਼ਨ ਪਾਏ । ਆਤਮ ਉਪਜੇ ਇਕ ਵੈਰਾਗ, ਪ੍ਰਭ ਚਰਨੀ ਚਿਤ ਲਾਏ । ਦੁਰਮਤ ਮੈਲ ਧੋਵੇ ਦਾਗ਼, ਆਪਣੀ ਸਰਨ ਲਗਾਏ । ਦੀਪਕ ਜੋਤੀ ਜਗੇ ਚਿਰਾਗ, ਹਰਨ ਫਰਨ ਖੁਲ੍ਹਾਏ । ਸ਼ਬਦ ਸਰੂਪੀ ਪਕੜੇ ਵਾਗ, ਸਚ ਸੁਨੇਹੜਾ ਰਿਹਾ ਘਲਾਏ । ਅੱਸੂ ਤਿੰਨ ਬੁਝਾਏ ਤ੍ਰਿਸ਼ਨਾ ਆਗ, ਬੇੜਾ ਬੰਨ ਵਖਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਸਦਾ ਰਿਹਾ ਜਾਗ, ਗੁਰਮੁਖ ਸਾਚੇ ਰਿਹਾ ਜਗਾਏ । ਵਾਲੀ ਹਿੰਦ ਸ਼ਾਹ ਭਬੀਖਣ, ਵੇਲਾ ਅੰਤਮ ਆਇਆ । ਆਪੇ ਜਾਣੇ ਹਰਿ ਜਗਦੀਸ਼ਨ, ਜੁਗਾ ਜੁਗੰਤਰ ਬਣਤ ਬਣਾਇਆ । ਸ੍ਰਿਸ਼ਟ ਸਬਾਈ ਪੀਸੇ ਪੀਸਣ, ਜੀਵ ਜੰਤ ਹੋਏ ਹਲਕਾਇਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਅਸੂ ਤਿੰਨ ਦਰ ਦਵਾਰੇ ਦੇਵੇ ਚਰਨ ਛੁਹਾਇਆ । ਅੱਸੂ ਤਿੰਨ ਵਕਤ ਸੁਹਾਉਣਾ, ਵਾਲੀ ਹਿੰਦ ਸਦ ਮਾਨਿਆ । ਪ੍ਰਭ ਅਬਿਨਾਸ਼ੀ ਚਰਨ ਛੁਹਾਉਣਾ, ਦਿੱਲੀ ਦਰ ਦਰਬਾਨਿਆ । ਸਾਚਾ ਤਖ਼ਤ ਇਕ ਸੁਹਾਉਣਾ, ਧੁਰ ਦਰਗਾਹੀ ਧੁਰ ਫ਼ੁਰਮਾਨਿਆ । ਸ਼ਬਦ ਜਣਾਈ ਹੁਕਮ ਸੁਣਾਉਣਾ, ਕਰਨਾ ਘਰ ਪਰਵਾਨਿਆ । ਦੀਨ ਅਲਾਹੀ ਮੇਟ ਮਿਟਾਉਣਾ, ਨਾ ਕੋਈ ਦੀਸੇ ਪੰਚ ਸ਼ੈਤਾਨਿਆ । ਊਚਾਂ ਨੀਚਾਂ ਇਕ ਕਰਾਉਣਾ, ਰਾਜਾ ਰਾਣਾ ਤਖ਼ਤੋਂ ਲਾਹੁਣਾ, ਮਾਰੇ ਸ਼ਬਦ ਤੀਰ ਨਿਸ਼ਾਨਾ, ਸ਼ਾਹ ਸੁਲਤਾਨਾ ਮਾਣ ਗਵਾਨਿਆ । ਸੰਮਤ ਅਠਾਰਾਂ ਖ਼ਾਕ ਰੁਲਾਉਣਾ, ਗੁਰਮੁਖਾਂ ਬਖ਼ਸ਼ੇ ਏਕਾ ਚਰਨ ਧਿਆਨਿਆ । ਪਾਕੀ ਪਾਕ ਆਪ ਅਖਵਾਉਣਾ, ਸਾਚਾ ਸਾਕੀ ਏਕਾ ਅੰਮ੍ਰਿਤ ਜਾਮ ਪਿਆਉਣਾ, ਆਤਮ ਖੋਲ੍ਹੇ ਬੰਦ ਤਾਕੀ, ਨੂਰੀ

ਜੋਤ ਸਵੱਛ ਸਰੂਪੀ ਦਰਸ ਦਿਖਾਉਣ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵੇਖਣ ਆਏ ਜਗਤ ਦਰ, ਨਾ ਬਣਨਾ ਮਾਤ ਨਾਦਾਨਿਆ । ਅੱਸੂ ਤਿੰਨ ਦਸ ਤੀਸ, ਆਏ ਬੰਕ ਦਵਾਰ । ਸ਼ਬਦ ਝੁਲੇ ਸਾਚਾ ਸੀਸ, ਨਾ ਕੋਈ ਜਾਣੇ ਜੀਵ ਗਵਾਰ । ਲਹਿਣਾ ਦੇਣਾ ਬੀਸ ਇਕੀਸ, ਰਖੇ ਸਿਰ ਉਧਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵੇਖੇ ਪੰਚਮ ਮੁਖ ਪੰਚਮ ਤਾਜ, ਸੋਹੰ ਉਡੇ ਸਾਚਾ ਬਾਜ, ਧੁਰ ਦਰਗਾਹੀ ਏਕਾ ਕਾਜ, ਜੋਤ ਨਿਰੰਜਣ ਖੋਲ੍ਹੇ ਪਾਜ, ਸ਼ਬਦ ਰਚਾਏ ਮਾਤ ਕਾਜ, ਸਾਚਾ ਗੀਤ ਗੋਬਿੰਦ ਏਕਾ ਗਾਈਆ । ਗੀਤ ਗੋਬਿੰਦ ਏਕਾ ਗਾਏ, ਸ਼ਬਦ ਅਨਾਦ ਸੁਹਾਗੀ । ਵਾਲੀ ਹਿੰਦ ਰਿਹਾ ਉਠਾਏ, ਪ੍ਰਭ ਖੋਜੇ ਜੂਹ ਪਿੰਡ ਬ੍ਰਹਿਮੰਡ ਬ੍ਰਹਿਮਾਦੀ । ਪੁਰਖ ਅਬਿਨਾਸ਼ੀ ਤੁਠਾ ਦਇਆ ਕਮਾਈ ਮੇਲ ਮਿਲਾਏ ਮੁਰਾਰੀ ਕ੍ਰਿਸ਼ਨ ਹਰਿ ਮਾਧਵ ਮਾਧੀ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਆਪੇ ਜਾਣੇ ਆਪਣੀ ਹਾਦੀ ।

## ★ ੧੭ ਹਾੜ ੨੦੧੩ ਬਿਕ੍ਰਮੀ ਸੰਤ ਕਿਰਪਾਲ ਸਿੰਘ ਦਿੱਲੀ ਵਾਲੇ ਨੂੰ ਸ਼ਬਦ ਭੇਜਿਆ ਜੇਠੂਵਾਲ ਤੋਂ ★

ਸ਼ਬਦ ਵਿਚੋਲੇ ਸੰਤ ਕਿਰਪਾਲ, ਏਕਾ ਸ਼ਬਦ ਜਣਾਈਆ । ਅਸੂ ਦੋ ਆਏ ਦੀਨ ਦਿਆਲ, ਵੱਜੇ ਸ਼ਬਦ ਵਧਾਈਆ । ਆਪੇ ਚਲੇ ਨਾਲ ਨਾਲ, ਪੱਲਾ ਆਪਣਾ ਆਪ ਫੜਾਈਆ । ਆਪੇ ਜਾਣੇ ਕਵਣ ਦਲਾਲ, ਕਵਣ ਰਾਹ ਵਖਾਈਆ । ਕਵਣ ਤੋੜੇ ਜਗਤ ਜੰਜ਼ਾਲ, ਸ਼ਾਹ ਸੁਲਤਾਨਾ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦਰ ਦਵਾਰੇ ਰਿਹਾ ਜਣਾਈਆ । ਦਰ ਦਵਾਰ ਸੰਤ ਕਿਰਪਾਲ, ਪੁਰਖ ਅਬਿਨਾਸ਼ੀ ਆਏ । ਖੇਲੇ ਖੇਲ ਕਾਲ ਅਕਾਲ, ਘਟ ਘਟ ਵਾਸ ਰਖਾਏ । ਜਗਤ ਚਲੇ ਅਵੱਲੜੀ ਚਾਲ, ਪ੍ਰਿਥਮੀ ਆਕਾਸ਼ ਸਮਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚ ਵਿਚੋਲਾ ਰਿਹਾ ਜਗਾਏ । ਸ਼ਬਦ ਵਿਚੋਲਾ ਸਚ ਹੈ, ਨਾ ਭੁੱਲੇ ਭੁੱਲਣਹਾਰ । ਜੀਵ ਜੰਤ ਕੌਲ ਇਕਰਾਰ ਕੱਚ ਹੈ, ਵਰਤੇ ਵਿਚ ਸੰਸਾਰ । ਨੌਂ ਦਵਾਰੇ ਜੋ ਜਨ ਰਹੇ ਨੱਚ ਹੈ, ਅੰਤ ਨਾ ਉਤਰੇ ਪਾਰ । ਆਤਮ ਹਿਰਦੇ ਗਿਆਨ ਗੁਰ ਜਿਸ ਜਨ ਲਿਆ ਵਾਚ ਹੈ, ਧੁਰ ਸ਼ਬਦ ਕਰੇ ਪਰਵਾਨ । ਨਾਮ ਵਿਚੋਲਾ ਸੱਚੋ ਸਚ ਹੈ, ਮੇਲ ਮਿਲਾਏ ਆਣ । ਸ਼ਾਹ ਸੁਲਤਾਨਾ ਕੋਇ ਨਾ ਸਕੇ ਬਚ ਹੈ, ਗੁਰ ਪੂਰੇ ਰੱਖੀ ਆਣ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਸੁਨੇਹੜਾ ਦੇਵੇ ਵਰ, ਲੇਖਾ ਧੁਰ ਫ਼ਰਮਾਣ । ਪੰਝੀ ਭਾਦਰੋਂ ਮਿਲਣਾ ਸ਼ਾਹ, ਸਾਚਾ ਭੇਵ ਖੁਲ੍ਹਾਵਣਾ । ਪਰਗਟ ਹੋਇਆ ਭਗਤ ਮਲਾਹ, ਜਿਸ ਜਨ ਬੰਨ੍ਹੇ ਲਾਵਣਾ । ਅੱਸੂ ਤਿੰਨ ਪਕੜੇ ਬਾਂਹ, ਹਾਲ ਮੁਰੀਦਾਂ ਇਕ ਸੁਣਾਵਣਾ । ਸਦਾ ਸੁਹੇਲਾ ਦੇਵੇ ਠੰਢੀ ਛਾਂ, ਨਾਮ ਸ਼ਹੀਦਾਂ ਵਿਚ ਰਖਾਵਣਾ । ਗੁਰ ਚਰਨ ਵਿਟਹੋਂ ਬਲ ਬਲ ਜਾਂ, ਦੀਦਾ ਸਿਧਾ ਇਕ ਰਖਾਵਣਾ । ਇਕ ਸੁਣਾਉਣਾ ਸਾਚਾ ਨਾਂ, ਸੋਹੰ ਜਾਪ ਜਪਾਵਣਾ । ਸ੍ਰਿਸ਼ਟ ਸਬਾਈ ਪਿਤਾ ਮਾਂ, ਏਕਾ ਏਕ ਆਪ ਅਖਵਾਵਣਾ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਏਕਾ ਮੇਲ ਮਿਲਾਵਣਾ ।

੭੩੧ ੦੫

ਹਰਿ ਜੋਤ ਪਰਕਾਸ਼, ਸ੍ਰਿਸ਼ਟ ਸਬਾਇਆ । ਹਰਿ ਜੋਤ ਸਚ ਰਾਸ, ਵੇਖ ਵਖਾਇਆ । ਹਰਿ ਜੋਤ ਪ੍ਰਿਥਮੀ ਆਕਾਸ਼, ਭੇਵ ਨਾ ਰਾਇਆ । ਹਰਿ ਜੋਤ ਪਰਕਾਸ਼, ਲੱਖ ਚੁਰਾਸੀ ਵਿਚ ਸਮਾਇਆ । ਹਰਿ ਜੋਤ ਹਰਿਜਨ ਵਸੇ ਪਾਸ, ਏਕਾ ਏਕ ਕਰੇ ਰੁਸ਼ਨਾਇਆ । ਹਰਿ ਜੋਤ ਗੁਰਮੁਖ ਵਿਰਲੇ ਰੱਖੇ ਵਾਸ, ਬਾਹਰ ਕਦੇ ਨਾ ਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨ ਭਗਤਾਂ ਵੰਡ ਵੰਡਾਇਆ । ਹਰਿ ਜੋਤ ਅਕਾਲ, ਅਕਲ ਕਲਾ ਭਰਪੂਰਿਆ । ਜੁਗਾ ਜੁਗੰਤ ਮਾਰ ਉਛਾਲ, ਸ਼ਬਦ ਚਲਾਏ ਨਾਦੀ ਤੂਰਿਆ । ਸੰਤ ਸੁਹੇਲੇ ਆਪੇ ਪਾਲ, ਆਸਾ ਮਨਸਾ ਪੂਰਿਆ । ਹਰਿਜਨ ਗੋਦ ਉਠਾਏ ਲਾਲ, ਆਤਮ ਜੋਤੀ ਜੋਤ ਨੂਰਿਆ । ਆਪੇ ਸ਼ਾਹ ਆਪੇ ਕੰਗਾਲ, ਆਪੇ ਨੇੜਨ ਨੇੜ ਦੂਰਨ ਦੂਰਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਹਾਜ਼ਰ ਹਜ਼ੂਰਿਆ । ਹਰਿ ਸੰਗਤ ਸਾਚਾ ਦਾਸ, ਸਾਚੀ ਸੇਵ ਕਮਾਇੰਦਾ । ਲੱਖ ਚੁਰਾਸੀ ਤੋੜੇ ਫਾਸ, ਜਗਤ ਜੰਜਾਲ ਕੱਟ ਵਖਾਇੰਦਾ । ਗੁਰਮੁਖ ਗੁਰਸਿਖ ਨਾ ਹੋਏ ਉਦਾਸ, ਹੱਡ ਮਾਸ ਨਾੜੀ ਲੇਖੇ ਲਾਇੰਦਾ । ਗਾਏ ਸਦ ਰਸਨ ਸਵਾਸ, ਤਨ ਮੰਦਰ ਵਿਚ ਬਹਾਇੰਦਾ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਲੱਖ ਚੁਰਾਸੀ ਕਲਜੁਗ ਫਾਸੀ ਆਪਣੇ ਹੱਥ ਰਖਾਇੰਦਾ । ਲੱਖ ਚੁਰਾਸੀ ਰੋਵੇ ਨਾਰ, ਕਲਜੁਗ ਅੰਤਮ ਪੈਣੀ ਮਾਰ, ਗੁਰ ਪੀਰ ਨਾ ਕੋਇ ਸਹਾਇਆ । ਮਾਇਆ ਝੋਲੇ ਅਪਰ ਅਪਾਰ, ਗੁਰਮੁਖਾਂ ਕਰੇ ਸਦਾ ਨਿਮਸਕਾਰ, ਆਪਣਾ ਰੰਗ ਵਖਾਇਆ । ਕਲਗੀ ਤੋੜਾ ਸ਼ਬਦ ਅਪਾਰ, ਜੋਤੀ ਜੋੜਾ ਹਰਿ ਨਿਰੰਕਾਰ, ਆਪਣਾ ਮੇਲ ਮਿਲਾਇਆ । ਨੀਲੀ ਛੱਤੋਂ ਆਇਆ

੭੩੨ ਬਾਹਰ, ਏਕਾ ਜੋਤੀ ਨੂਰ ਅਪਾਰ, ਪ੍ਰਭ ਹੋਇਆ ਵਿਚ ਸੰਸਾਰ, ਵਰਨ ਗੋਤੀ ਦਏ ਮਿਟਾਇਆ । ਬ੍ਰਹਿਮੰਡੀ ਪਾਏ ਆਪ ਵਿਚਾਰ, ਭੇਖ ਭਖੰਡਾ ੭੩੨

੦੫ ਦਏ ਮਿਟਾਇਆ । ਸ਼ਬਦ ਡੰਡੀ ਹੱਥ ਕਟਾਰ, ਵੇਖੇ ਖੇਲ ਹਰਿ ਨਿਰੰਕਾਰ, ਦਿਸ ਕਿਸੇ ਨਾ ਆਇਆ । ਗੁਰਮੁਖਾਂ ਕਰ ਸ਼ਬਦ ਪਿਆਰ, ਏਕਾ ੦੫

ਦੇਵੇ ਨਾਮ ਅਧਾਰ, ਹਾੜ ਸਤਾਰਾਂ ਖ਼ੁਸ਼ੀ ਮਨਾਇਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਨਿਹਕਲੰਕ ਨਰਾਇਣ ਨਰ, ਆਤਮ ਘਮੰਡੀ ਦੇਵੇ ਦਰ ਦੁਰਕਾਇਆ । ਆਪਣਾ ਰੰਗ ਰੂਪ ਵਟਾਇਆ । ਰੇਖ ਨਾ ਕੋਇ ਮਿਟਾਇਆ । ਗੁਰ ਗੋਬਿੰਦੇ ਲੇਖ ਲਿਖਾਇਆ । ਲੇਖਾ ਲਿਖਣਹਾਰ ਆਪ ਅਖਵਾਇਆ । ਸ਼ਬਦ ਲੇਖਾ ਆਪ ਲਿਖਾਇਆ । ਕਰਮੀ ਕਰਮ ਕਮਾਇਆ । ਗੁਰਮੁਖ ਸਾਚੇ ਮਾਨਸ ਦੇਹੀ ਦੇਵੇ ਜਾਮ, ਆਤਮ ਭਰਮ ਚੁਕਾਇਆ । ਦੂਈ ਦਵੈਤੀ ਭਰਮ ਮਿਟਾਇਆ । ਗੁਰ ਮੰਦਰ ਰਹਿਣ ਨਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚਾ ਮਾਰਗ ਰਿਹਾ ਲਗਾਇਆ । ਸ਼ਬਦ ਸਿੰਘਾਸਣ ਬੈਠ ਕਰਤਾਰ, ਜੋਤ ਸਰੂਪੀ ਕਰ ਆਕਾਰ । ਪੰਜਾਂ ਤੱਤਾਂ ਵਸੇ ਬਾਹਰ, ਆਪੇ ਵਸੇ ਅੱਧ ਵਿਚਕਾਰ । ਚੌਥੇ ਘਰ ਕਰ ਵਿਚਾਰ । ਤਿੰਨ ਉਪਰ ਤਿੰਨ ਨੀਚੇ, ਸਾਚਾ ਮਹੱਲ ਲਿਆ ਉਸਾਰ । ਹਰਿਜਨ ਸਾਚਾ ਸਚ ਪਤੀਜੇ, ਦਰਸ ਦਿਖਾਏ ਨੈਣ ਤੀਜੇ, ਸੋਲਾਂ ਕਰ ਤਨ ਸ਼ਿੰਗਾਰ । ਭਗਤ ਭਿਖਾਰੀ ਖੜਾ ਦਹਿਲੀਜੇ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅੱਠੇ ਪਹਿਰ ਵਾਜਾਂ ਰਿਹਾ ਮਾਰ । ਅੱਠੇ ਪਹਿਰ ਆਪ ਜਗਾਏ, ਹੋਏ ਖ਼ਬਰਦਾਰਾ । ਗੁਰਮੁਖ ਸੋਏ ਲਏ ਉਠਾਏ, ਚਾਰੋਂ ਕੁੰਟ ਦੇਵੇ ਪਹਿਰਾ । ਧਰਮ ਰਾਏ ਸੀਸ ਨਿਵਾਏ, ਵੇਖੇ ਦਰ ਦਵਾਰਾ । ਪੁਰਖ ਅਬਿਨਾਸ਼ੀ ਜਾਮਾ ਪਾਏ, ਨਿਹਕਲੰਕੀ ਖੇਲ ਅਪਾਰਾ । ਸਤਿ ਸੰਤੋਖੀ ਨਾਮ ਜਪਾਏ, ਸੋਹੰ ਸਾਚੀ

ਧਾਰਾ । ਪੁਰੀਆਂ ਲੋਆਂ ਰਿਹਾ ਹਿਲਾਏ, ਸ਼ਬਦ ਸਿੰਘਾਸਣ ਮਾਤ ਅਪਾਰਾ । ਰਾਜਾ ਇੰਦਰ ਦਰ ਕੁਰਲਾਏ, ਅੰਤਮ ਆਇਆ ਪਾਰ ਕਿਨਾਰਾ । ਜਟਾ ਜੂਟ ਸ਼ਿਵ ਸ਼ੰਕਰ ਰਿਹਾ ਕੁਰਲਾਏ, ਜਗਤ ਜਗਦੀਸ਼ਾ ਮਾਰੇ ਏਕ ਸ਼ਬਦ ਹੁਲਾਰਾ । ਬ੍ਰਹਮਾ ਚਾਰੇ ਮੁਖ ਵਖਾਏ, ਅੱਠੇ ਨੇਤਰ ਬੰਦ ਕਰਾਏ, ਨਾ ਕੋਈ ਪਾਵੇ ਸਾਰਾ । ਪੁਰਖ ਅਬਿਨਾਸ਼ੀ ਦਇਆ ਕਮਾਏ, ਜੋਤ ਸਰੂਪੀ ਜਾਮਾ ਪਾਏ, ਨਿਹਕਲੰਕ ਲਏ ਅਵਤਾਰਾ । ਗੁਰ ਗੋਬਿੰਦ ਨਾਲ ਰਲਾਏ, ਸਾਲ ਬਾਰ੍ਹਵਾਂ ਉਮਰ ਕਰਾਏ, ਪਿਛਲਾ ਲਹਿਣਾ ਮੂਲ ਚੁਕਾਏ, ਜੋਤੀ ਨੂਰ ਵਿਚ ਟਿਕਾਏ, ਅੱਠੇ ਪਹਿਰ ਕਦੇ ਨਾ ਹੋਏ ਬਾਹਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਿੰਘ ਪੂਰਨ ਭਰਿਆ ਜਗਤ ਭੰਡਾਰਾ । ਪੂਰਨ ਜੋਤੀ ਵਿਚ ਧਰ, ਪ੍ਰਭ ਸਾਚੀ ਰੀਤ ਚਲਾਈਆ । ਮਾਣਕ ਮੋਤੀ ਸਚ ਘਰ, ਸ਼ਬਦ ਰਿਹਾ ਭਰਾਈਆ । ਦੁਰਮਤ ਮੈਲ ਗਈ ਧੋਤੀ, ਪ੍ਰਭ ਨੂਰੋ ਨੂਰ ਕਰਾਈਆ । ਸਿੰਘ ਪਾਲ ਪ੍ਰਭ ਪਕੜ ਉਠਾਇਆ, ਸਚ ਵਸਤ ਪ੍ਰਭ ਤੇਰੀ ਝੋਲੀ ਪਾਈਆ । ਦੂਸਰ ਕਿਸੇ ਦਿਸ ਨਾ ਆਈ, ਨੌਂ ਦਵਾਰੇ ਨਿਕਲੀ ਵਾਸਨਾ, ਘਰ ਦਸਵਾਂ ਇਕ ਵਖਾਈਆ । ਨਾਤਾ ਤੋੜੇ ਹੱਡ ਮਾਸ ਨਾੜੀ ਬੋਟੀ, ਸਤਿ ਪੁਰਖ ਸਾਚਾ ਨੂਰ ਕਰਾਈਆ । ਸਾਧ ਸੰਤ ਦਰ ਦਰ ਘਰ ਘਰ ਭੌਂ ਭੌਂ ਥੱਕੇ ਕੋਟਨ ਕੋਟੀ, ਰਾਹ ਸਾਚਾ ਹੱਥ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਗੁਰਮੁਖਾਂ ਦੇਵੇ ਵਰ, ਲੱਖ ਚੁਰਾਸੀ ਰਿਹਾ ਕਟਾਈਆ । ਲੱਖ ਚੁਰਾਸੀ ਚਰਨ ਦਾਸੀ, ਪ੍ਰਭ ਆਪਣੀ ਆਪ ਬਣਾਇੰਦਾ । ਹਰ ਘਟ ਆਪਣੀ ਆਪ ਬਣਾਇੰਦਾ । ਹਰ ਘਟ ਅੰਦਰ ਰੱਖੇ ਵਾਸੀ, ਸਾਚਾ ਹੁਕਮ ਜਣਾਇੰਦਾ । ਵੇਖੇ ਖੇਲ ਪ੍ਰਿਥਮੀ ਆਕਾਸ਼ੀ ਪੁਰੀਆਂ ਲੋਆਂ ਵਿਚ ਸਮਾਇੰਦਾ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਸ਼ਬਦ ਸਿੰਘਾਸਣ ਇਕ ਘਰ ਆਤਮ ਸੇਜ ਵਿਛਾਇੰਦਾ । ਆਤਮ ਸੇਜਾ ਸ਼ਬਦ ਰੰਗਾਇਆ, ਲਾਲ ਰੰਗ ਅਮੋਲਾ । ਆਪਣੀ ਹੱਥੀਂ ਪਰਦਾ ਪਾਇਆ, ਗੁਰਸਿਖ ਬਣਿਆ ਦਰ ਦਵਾਰੇ ਗੋਲਾ । ਚੜ੍ਹਦੀ ਕਲਾ ਆਪ ਚੜ੍ਹਾਇਆ, ਜੋਤ ਜਗਾਏ ਕਲਾ ਸੋਲਾਂ । ਆਤਮ ਪਰਦਾ ਆਪੇ ਲਾਹਿਆ, ਸ਼ਬਦ ਸਰੂਪੀ ਆਪੇ ਬੋਲਾ । ਅੰਦਰ ਵੜਦਾ ਦਿਸ ਨਾ ਆਇਆ, ਭਾਗ ਲਗਾਇਆ ਕਾਇਆ ਚੋਲਾ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਗੁਰ ਚੇਲਾ ਆਪਣੇ ਰੰਗ ਰੰਗਾਇਆ । ਸਤਿਗੁਰ ਸਾਚਾ ਧੰਨ ਹੈ, ਸਦਾ ਸਦਾ ਵਡਿਆਈਆ । ਸਤਿਗੁਰ ਸਾਚਾ ਧੰਨ ਹੈ, ਜੁਗਾਂ ਜੁਗੰਤਰ ਬਣਤ ਬਣਾਈਆ । ਸਤਿਗੁਰ ਸਾਚਾ ਧੰਨ ਹੈ, ਗੁਰਮੁਖਾਂ ਬੇੜਾ ਰਿਹਾ ਬੰਧਾਈਆ । ਸਤਿਗੁਰ ਸਾਚਾ ਧੰਨ ਹੈ, ਹਉਮੇ ਦੁੱਖ ਰੋਗ ਰਿਹਾ ਮਿਟਾਈਆ । ਸਤਿਗੁਰ ਸਾਚਾ ਧੰਨ ਹੈ, ਸੁਫਲ ਕੁਖਾ ਰਿਹਾ ਕਰਾਈਆ । ਸਤਿਗੁਰ ਸਾਚਾ ਧੰਨ ਹੈ, ਉਜਲ ਮੁਖਾ ਮਾਤ ਕਰਾਈਆ । ਸਤਿਗੁਰ ਸਾਚਾ ਧੰਨ ਹੈ, ਆਪਣੇ ਹੱਥ ਰੱਖੇ ਵਡਿਆਈਆ । ਗੁਰਮੁਖ ਸਾਚਾ ਧੰਨ ਹੈ, ਚਰਨ ਗੁਰੂ ਨਿਮਸਕਾਰਿਆ । ਗੁਰਮੁਖ ਸਾਚਾ ਧੰਨ ਹੈ, ਪਾਰ ਕਰਾਏ ਸਰਬ ਪਰਵਾਰਿਆ । ਗੁਰਮੁਖ ਸਾਚਾ ਧੰਨ ਹੈ, ਪ੍ਰਭ ਬਹਾਏ ਚਰਨ ਦਵਾਰਿਆ । ਗੁਰਮੁਖ ਸਾਚਾ ਧੰਨ ਹੈ, ਮਿਲੇ ਮੇਲ ਪੁਰਖ ਭਤਾਰਿਆ । ਗੁਰਮੁਖ ਸਾਚਾ ਧੰਨ ਹੈ, ਸਾਚੀ ਨਾਰੀ ਕਰੇ ਕੰਤ ਪਿਆਰਿਆ । ਗੁਰਮੁਖ ਸਾਚਾ ਧੰਨ ਹੈ, ਕਲ ਅੰਤ ਨਾ ਪਾਰਾਵਾਰਿਆ । ਸਤਿਗੁਰ ਸਾਚਾ ਧੰਨ ਹੈ, ਫੜ ਹੱਥ ਤੇਜ ਕਟਾਰਿਆ । ਗੁਰਮੁਖ ਸਾਚਾ ਧੰਨ ਹੈ, ਸਦ ਵਸੇ ਬਾਹਰ ਨੌਂ ਦਵਾਰਿਆ । ਗੁਰਮੁਖ ਸਾਚਾ ਧੰਨ ਹੈ, ਕਰੇ ਵਣਜ ਸੱਚਾ ਸ਼ਬਦ ਵਣਜਾਰਿਆ । ਗੁਰਮੁਖ ਸਾਚਾ ਧੰਨ ਹੈ, ਪ੍ਰਭ ਕਰਮੀ ਕਰਮ ਵਿਚਾਰਿਆ । ਗੁਰਮੁਖ ਸਾਚਾ ਧੰਨ ਹੈ, ਆਪਣਾ ਬੇੜਾ ਰਿਹਾ ਬੰਨ੍ਹ ਹੈ, ਪ੍ਰਭ ਸਾਚਾ ਭਾਰ ਉਠਾ ਰਿਹਾ । ਗੁਰਮੁਖ

ਸਾਚਾ ਧੰਨ ਹੈ, ਜੋਤੀ ਜੋਤ ਸਰੂਪ ਹਰਿ, ਧੁਨੀ ਨਾਦ ਵਜਾਏ ਅਪਰ ਅਪਾਰਿਆ । ਸਚ ਘਰ ਵਸਿਆ ਆਪ, ਆਪਣਾ ਘਰ ਪਛਾਣਿਆ । ਸਚ ਘਰ ਵਸਿਆ ਆਪ, ਆਪਣਾ ਜਾਪ ਜਪਾਨਿਆ । ਸਚ ਘਰ ਵਸਿਆ ਆਪ, ਖੇਲੇ ਖੇਲ ਮਹਾਨਿਆ । ਸਚ ਘਰ ਵੱਸਿਆ ਆਪ, ਦਿਸ ਨਾ ਆਏ ਰਾਜੇ ਰਾਣਿਆ । ਸਚ ਘਰ ਵੱਸਿਆ ਆਪ, ਆਪੇ ਵਰਤੇ ਆਪਣੇ ਭਾਣਿਆ । ਸਚ ਘਰ ਵੱਸਿਆ ਆਪ, ਭੇਵ ਨਾ ਪਾਏ ਕੋਈ ਸੁਘੜ ਸਿਆਣਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਭੁੰਨੇ ਜਿਉਂ ਭਠਿਆਲੇ ਦਾਣਿਆਂ । ਸਚ ਘਰ ਵਸਿਆ ਆਪ, ਸਹਿਜ ਸੁਖਦਾਇਆ । ਸਚ ਘਰ ਵੱਸਿਆ ਆਪ, ਗੁਰਮੁਖਾਂ ਰਿਹਾ ਭੇਵ ਖੁਲ੍ਹਾਇਆ । ਸਚ ਘਰ ਵਸਿਆ ਆਪ, ਹਉਮੇ ਦੁਖਾਂ ਰਿਹਾ ਮਿਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕੀ ਸਿਖਾਂ ਰਿਹਾ ਮਾਣ ਦਵਾਇਆ । ਇੱਕੀ ਸਿੱਖ ਏਕਾ ਦਰ, ਏਕਾ ਘਰ ਸੁਹਾਗੀਆ । ਧੁਰ ਦਰਗਾਹੀ ਮਿਲਿਆ ਵਰ, ਸੋਈ ਕਿਸਮਤ ਜਾਗੀਆ । ਸ਼ਬਦ ਭੰਡਾਰਾ ਰਿਹਾ ਭਰ, ਵੱਜੇ ਨਾਦ ਅਨਾਦੀਆ । ਆਉਣਾ ਜਾਣਾ ਚੁੱਕੇ ਡਰ, ਮਿਲੇ ਮੇਲ ਬ੍ਰਹਿਮਾਦੀਆ । ਇਕ ਸੁਹਾਏ ਸਾਚਾ ਦਰ, ਸ਼ਬਦ ਜਣਾਏ ਬੋਧ ਅਗਾਧੀਆ । ਆਪ ਵਸਾਏ ਆਪਣਾ ਘਰ, ਹਰਿ ਮਿਲਿਆ ਮਾਧਵ ਮਾਧੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਬੀਸ ਦਸ ਹੱਸ ਹੱਸ ਲੇਖ ਲਿਖਾਇਆ ਨੱਸ ਨੱਸ, ਗੁਰਮੁਖ ਜਿਸ ਜਨ ਰਸਨ ਅਰਾਧੀਆ । ਸੋਲ ਸਤਾਰਾਂ ਸਤਾਰਾਂ ਸੋਲ, ਪ੍ਰਭ ਆਪਣੀ ਹੱਥੀਂ ਰਿਹਾ ਵਜਾਈਆ । ਆਪੇ ਵਸੇ ਸਦਾ ਕੋਲ, ਸਮਰਥੀ ਬਣਤ ਬਣਾਈਆ । ਅੰਦਰ ਮੰਦਰ ਪਰਦਾ ਖੋਲ੍ਹ, ਅਕੱਥ ਕਥਾ ਰਿਹਾ ਜਣਾਈਆ । ਨਾਮ ਵਜਾਏ ਮਰਦੰਗ ਢੋਲ, ਆਪ ਆਪਣੀ ਦਇਆ ਕਮਾਈਆ । ਸ਼ਬਦ ਸਰੂਪੀ ਕਰੇ ਚੋਲ੍ਹ, ਸਾਚਾ ਸੰਗ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਏਕਾ ਰੰਗਣ ਰੰਗ ਰੰਗਾਈਆ । ਸੋਲ ਸਤਾਰਾਂ ਸਤਾਰਾਂ ਸੋਲ, ਸਖੀ ਕਰਮ ਵਿਚਾਰਿਆ । ਆਤਮ ਪਰਦਾ ਸਭ ਦਾ ਫੋਲ, ਸਾਚਾ ਲੇਖ ਲਿਖਾ ਰਿਹਾ । ਆਦਿ ਅੰਤ ਨਾ ਜਾਏ ਡੋਲ, ਸ੍ਰਿਸ਼ਟ ਸਬਾਈ ਭੁਲਾ ਰਿਹਾ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਮਨਮੁਖਾਂ ਸਦ ਭੁਲਾ ਰਿਹਾ । ਸੋਲ ਸਤਾਰ ਨਾਮ ਉਜਿਆਰ, ਪ੍ਰਭ ਸਾਚਾ ਮਾਤ ਕਰਾਈਆ । ਪੰਚਮ ਪੰਚਮ ਵਸੇ ਬਾਹਰ, ਪੰਚਮ ਵਿਚ ਸਮਾਈਆ । ਪੰਚਮ ਗੁਪਤ ਕੀਤਾ ਜਾਹਿਰ, ਪੰਚਮ ਰੰਗ ਰੰਗਾਈਆ । ਪੰਚਮ ਦੇਵੇ ਅੰਮ੍ਰਿਤ ਧਾਰ, ਪੰਚਮ ਸ਼ਬਦ ਖੰਡਾ ਹੱਥ ਵਖਾਈਆ । ਜੋਤੀ ਜੋਤ ਸਰੂਪ ਹਰਿ, ਸਾਚਾ ਲੇਖਾ ਆਪ ਲਿਖਾਈਆ । ਲੇਖਾ ਲਿਖਣਹਾਰ ਹਰਿ ਸਵਾਮੀਆ । ਗੁਰਮੁਖਾਂ ਕਰੇ ਤਨ ਸ਼ਿੰਗਾਰ, ਸਦਾ ਨਿਹਕਾਮੀਆ । ਵਣਜ ਕਰਾਏ ਇਕ ਵਪਾਰ, ਹਰ ਘਟ ਅੰਤਰਜਾਮੀਆ । ਸ਼ਬਦ ਘੋੜੇ ਹੋ ਅਸਵਾਰ, ਵਜਾਏ ਡੰਕ ਸਚ ਦਮਾਮੀਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਪੰਚਮ ਮੀਤਾ ਇਕ ਦਰ, ਆਪ ਬਹਾਏ ਸੱਚੀ ਸਰਕਾਰ । ਸੱਚੀ ਸਰਕਾਰ ਸੱਚੀ ਸ਼ਾਹੀ, ਕਲਜੁਗ ਬਣਤ ਬਣਾਇੰਦਾ । ਪੰਚਮ ਮੇਲਾ ਸਾਚੇ ਮਾਹੀ, ਸਾਚਾ ਹੁਕਮ ਜਣਾਇੰਦਾ । ਦਰਸ ਦਿਖਾਏ ਥਾਂਉਂ ਥਾਈਂ, ਆਪਣੇ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੰਚਮ ਮੀਤਾ ਅਚਰਜ ਰੀਤਾ, ਆਪੇ ਕਰੇ ਪਤਤ ਪੁਨੀਤਾ, ਸਾਚਾ ਦਿਹੁਰਾ ਕਾਇਆ ਮੰਦਰ ਮਸੀਤਾ, ਏਕਾ ਰਾਗ ਸੁਣਾਇੰਦਾ । ਆਪੇ ਰਾਗ ਧੁਨ ਅਨਾਦ ਸ਼ਬਦ ਜਣਾਈਆ । ਆਪੇ ਤੋੜੇ ਸੁਨ ਮੁਨ, ਬੰਦ ਕਿਵਾੜੀ ਖੋਲ੍ਹ ਰਖਾਈਆ । ਸੰਤ ਸੁਹੇਲੇ ਸਾਚੇ ਜਨ ਸਤਾਰਾਂ ਹਾੜੀ ਜੋਤ ਜਗਾਈਆ । ਆਪੇ ਕਰੇ ਛਾਣ ਪੁਣ, ਪਿਛੇ ਅਗਾੜ ਫਿਰੇ

ਰਘੁਰਾਈਆ । ਕਵਣ ਜਾਣੇ ਪ੍ਰਭ ਤੇਰੇ ਗੁਣ, ਅਵਗੁਣ ਸ੍ਰਿਸ਼ਟ ਸਬਾਈ ਗੁਣਵੰਤਾ ਗੁਣ ਜਣਾਈਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਗੁਰਮੁਖਾਂ ਦੇਵੇ ਜਗਤ ਵਰ, ਭਗਤ ਭਗਵੰਤਾ ਮਾਤ ਵਡਿਆਈਆ । ਸਿੰਘ ਕਿਸ਼ਨ ਸ਼ਬਦ ਕਿਰਪਾਨ, ਪ੍ਰਭ ਸਾਚੇ ਤਨ ਪਹਿਨਾਈਆ । ਆਪ ਵਖਾਏ ਧਰਮ ਨਿਸ਼ਾਨ, ਦਰਸ ਦਿਖਾਏ ਸ੍ਰੀ ਭਗਵਾਨ, ਗੋਪੀ ਕਾਹਨਾ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਮੇਲਾ ਸਹਿਜ ਸੁਭਾਈਆ । ਪਾਲ ਸਿੰਘ ਨਾ ਹੋਏ ਉਹਲੇ, ਪੁਰਖ ਅਬਿਨਾਸ਼ੀ ਵੱਸਿਆ ਕੋਲੇ, ਭਾਗ ਲਗਾਏ ਕਾਇਆ ਚੋਲੇ, ਆਪ ਉਠਾਏ ਗੁਰਮੁਖਾਂ ਡੋਲੇ, ਸਚ ਕਹਾਰ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਗੁਰਮੁਖ ਸਾਚੇ ਸੰਤ ਸੁਹੇਲੇ ਆਪਣੇ ਰੰਗ ਰੰਗਾਈਆ । ਸਿੰਘ ਨਸੀਬ ਹਰਿ ਕਰੀਬ, ਦਰ ਦਹਿਲੀਜ ਸੁਹਾਇੰਦਾ । ਆਤਮ ਬੀਜੇ ਸਾਚਾ ਬੀਜ, ਅੰਮ੍ਰਿਤ ਫਲ ਲਗਾਇੰਦਾ । ਦਰਸ ਦਿਖਾਏ ਦਿਵਸ ਤੀਜੇ, ਸਾਚੀ ਦਇਆ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚੀ ਰੰਗਣ ਰੰਗ ਰੰਗਾਇੰਦਾ । ਨਿਰਧਨ ਮਾਣ ਦੇਵੇ ਬਲਕਾਰੀ । ਸ਼ਬਦ ਨਿਸ਼ਾਨ ਝੁੱਲੇ ਸੰਸਾਰੀ । ਵਿਚ ਜਹਾਨ ਹੋਏ ਉਜਿਆਰੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਉਡਾਏ ਸ਼ਬਦ ਸੱਚੀ ਉਡਾਰੀ । ਸ਼ਬਦ ਉਡਾਰੀ ਆਪ ਉਡਾਏ, ਗੁਰਸਿਖ ਬਾਲ ਅੰਞਾਣਾ । ਨਾਮ ਡੋਰੀ ਤੰਦ ਬੰਧਾਏ, ਨਾ ਕੋਈ ਜਾਣੇ ਸੁਘੜ ਸਿਆਣਾ । ਸੋਹੰ ਤੰਦ ਨਾਉਂ ਰਖਾਏ, ਸਰਬ ਜੀਆਂ ਪ੍ਰਭ ਜਾਣੀ ਜਾਣਾ । ਬੰਦ ਬੰਦ ਪ੍ਰਭ ਬੰਨ੍ਹ ਵਖਾਏ, ਵੇਖੇ ਖਾਣੀ ਖਾਣਾ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਬਲਵੰਤ ਕੰਤ ਬਾਲੀ ਬਾਲਾ ਬੁਧ ਸੁਘੜ ਸਿਆਣਾ । ਕੰਤ ਹੰਢਾਇਆ ਆਤਮ ਸੇਜ, ਦਰਸ ਦਿਵਸ ਰੈਣ ਮਸਤਾਨੀ । ਸ਼ਬਦ ਸੁਨੇਹੜਾ ਰਿਹਾ ਭੇਜ, ਨਾ ਕੋਈ ਜਾਣੇ ਜਗਤ ਵਿਦਵਾਨੀ । ਹਰਿ ਫੂਲਨ ਬਰਖਾ ਸਾਚੀ ਸੇਜ, ਧੁਰ ਦਰਗਾਹੀ ਇਕ ਨਿਸ਼ਾਨੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੱਖਾਂ ਦੇਵੇ ਭੇਟ ਚਰਨ ਸਰਨ ਸੱਚੀ ਕੁਰਬਾਨੀ । ਗੁਰਸਿਖ ਤੇਰੀ ਕੁਰਬਾਨੀ, ਗੁਰ ਚਰਨ ਪ੍ਰੀਤ ਲਗਾਇਆ । ਲੇਖਾ ਲਿਖੇ ਦੋ ਜਹਾਨੀ, ਸਾਚਾ ਸੁਤ ਆਪ ਅਖਵਾਇਆ । ਦਰ ਦਵਾਰੇ ਦਰ ਘਰ ਸਾਚੇ ਦੇਵੇ ਮਾਣੀ, ਗਤ ਮਿਤ ਸਾਚੀ ਰਿਹਾ ਜਣਾਇਆ । ਆਪੇ ਜੋਤੀ ਨੂਰ ਪਰਕਾਸ਼ ਕੋਟਨ ਭਾਨੀ, ਸਾਚਾ ਚੰਦ ਰਿਹਾ ਚੜ੍ਹਾਇਆ । ਏਕਾ ਅੱਖਰ ਸੁਣਾਏ ਸਾਚੀ ਬਾਣੀ, ਕਾਇਆ ਰੰਗਣ ਰੰਗ ਰੰਗਾਇਆ । ਛਾਛ ਵਰੋਲੇ ਤਨ ਪਾਏ ਨਾਮ ਸਾਚੀ ਮਧਾਣੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵਿਖਾਏ ਸੱਚਾ ਘਰ, ਹਰਿਜਨ ਪਾਏ ਪਦ ਨਿਰਬਾਨੀ । ਇੱਕੀ ਸਿੱਖ ਏਕੰਕਾਰ । ਇਕ ਇਕੱਲਾ ਸਾਚੀ ਧਾਰ । ਦੂਜਾ ਵਸਾਏ ਜਗਤ ਮਹੱਲਾ, ਸ਼ਬਦ ਭਰੇ ਭੰਡਾਰ । ਤੀਜਾ ਵੇਖੇ ਜਲ ਥਲਾ, ਜੰਗਲ ਜੂਹ ਉਜਾੜ ਪਹਾੜ । ਚੌਥਾ ਗੁਰਮੁਖ ਵਿਰਲੇ ਮਾਤ ਮਿਲਾ, ਧੁਨੀ ਨਾਦ ਅਪਰ ਅਪਾਰ । ਸਤਵਾਂ ਘਰ ਸਤਿ ਪੁਰਖ ਏਕਾ ਮਿਲਾ, ਜੋਤੀ ਨੂਰ ਕਰ ਆਕਾਰ । ਅਠ ਅਠਵਾਂ ਘਰ ਕਾਇਆ ਅਠਾਂ ਤੱਤਾਂ ਰਲਾ, ਮਨ ਮਤ ਬੁੱਧ ਨਾਲ ਪਿਆਰ । ਅਪ ਤੇਜ਼ ਵਾਏ ਪ੍ਰਿਥਮੀ ਆਕਾਸ਼ ਕਰੇ ਸ਼ਿੰਗਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਾਵੇਂ ਨੌਂ ਦਵਾਰੇ ਵੇਖ ਘਰ, ਦਸਵੇਂ ਖੋਲ੍ਹੇ ਬੰਦ ਕਿਵਾੜ । ਦਸਵੇਂ ਘਰ ਸਚ ਨਿਸ਼ਾਨੀ, ਪ੍ਰਭ ਸਾਚੇ ਇਕ ਰਖਾਈਆ । ਗੁਰਮੁਖ ਜਾਣੇ ਆਤਮ ਬਾਣੀ, ਹੋਏ ਬ੍ਰਹਮ ਜਣਾਈਆ । ਇਕ ਗਿਆਰਾਂ ਨਾ ਕੋਈ ਜਾਣੇ ਮਾਤ ਨਿਸ਼ਾਨੀ, ਪ੍ਰਭ ਧਾਰਾ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਏਕਾ ਓਟ ਚੋਟ ਆਪਣੀ ਹੱਥੀਂ ਲਾਈਆ ।


੭੩੫ ੦੫

ਦੱਸ ਇਕ ਗਿਆਰਾਂ ਗੁਰਮੁਖ ਬੋਲਿਆ । ਦਸ ਦੋ ਬਾਰਾਂ ਸਾਚੀ ਧਾਰਾ ਆਪ ਨਵੇਲਿਆ । ਦਸ ਤਿੰਨ ਤੇਰਾਂ ਆਪੇ ਤਾਰੇ ਕਰ ਕਰ ਮਿਹਰਿਆ, ਆਪੇ ਅੰਦਰ ਮੰਦਰ ਕੁੰਡਾ ਖੋਲ੍ਹਿਆ । ਚੌਦਾਂ ਦਸ ਚਾਰ ਪ੍ਰਭ ਕਰੇ ਵਿਚਾਰ, ਹਰਿ ਮੇਲਾ ਕਲਾ ਸੋਲਿਆ । ਦਸ ਪੰਜ ਪੰਦਰ੍ਹਾਂ ਪ੍ਰਭ ਜਾਣੇ ਆਤਮ ਅੰਦਰ ਡੂੰਘੀ ਕੰਦਰਾਂ, ਕਦੇ ਨਾ ਡੋਲਿਆ । ਸੋਲਾਂ ਦਸ ਛੇ ਪ੍ਰਭੂ ਲੱਗਾ ਨੇਂਹ, ਸਚ ਦਵਾਰਾ ਏਕਾ ਖੋਲ੍ਹਿਆ । ਦਸ ਸਤ ਸਤਾਰਾਂ ਹਰਿ ਮਿਲਿਆ ਮੀਤ ਮੁਰਾਰ, ਸ਼ਬਦ ਚੋਰ ਘਰ ਏਕਾ ਬੋਲਿਆ । ਦਸ ਅਠ ਅਠਾਰਾਂ ਗੁਰਮੁਖਾਂ ਕਰੇ ਪਿਆਰਾ, ਚਰਨ ਪ੍ਰੀਤੀ ਘੋਲ ਘੋਲਿਆ । ਉਨੀ ਦਸ ਨੌਂ ਦਹਿ ਦਿਸ਼ਾ ਪ੍ਰਭ ਰਿਹਾ ਭੌਂ, ਚਾਰੇ ਕੂਟਾਂ ਫੋਲਨ ਫੋਲਿਆ । ਦਸ ਦਸ ਬੀਸ ਗੁਰਮੁਖਾਂ ਪੀਸਣ ਰਿਹਾ ਪੀਸ, ਧੁਰ ਦਰਗਾਹੀ ਬਣ ਵਿਚੋਲਿਆ । ਬੀਸ ਇਕ ਇੱਕੀ ਗੁਰਮੁਖਾਂ ਧਾਰ ਦੱਸੇ ਨਿਕੀ, ਨਾ ਕੋਈ ਮਾਤ ਮੁਨੀ ਰਿਖੀ, ਕਾਇਆ ਪਰਦਾ ਕਿਸੇ ਨਾ ਫੋਲਿਆ । ਗੁਰਮੁਖ ਤੇਰੀ ਸਾਚੀ ਧਾਰ, ਪ੍ਰਭ ਸਾਚਾ ਮਾਤ ਚਲਾਇੰਦਾ । ਜਗਤ ਚਾਹ ਨਾ ਕਰ ਪਿਆਰ, ਮਾਇਆ ਮਮਤਾ ਮਨੋ ਤਜਾਇੰਦਾ । ਸ਼ਬਦ ਵਿਆਹ ਬੇਪਰਵਾਹ, ਤਨ ਸ਼ਿੰਗਾਰ ਆਪਣੀ ਹੱਥੀਂ ਆਪ ਕਰਾਇੰਦਾ । ਹਰਿਜਨ ਸਾਚਾ ਕੋਇ ਨਾ ਕਰੇ ਨਾਂਹ, ਨਾਰੀ ਜੋਤੀ ਇਕ ਵਿਆਇੰਦਾ । ਆਤਮ ਗੋਤੀ ਪਕੜੇ ਬਾਂਹ, ਸੁਰਤ ਸੁਵਾਣੀ ਸੋਈ ਆਪ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕ ਏਕ ਧਾਮ ਸੁਹਾਇੰਦਾ । ਗੁਰਮੁਖ ਸੋਇਆ ਮਾਤ ਉਠਾਏ, ਹਰਿ ਸਾਚੀ ਬਣਤ ਬਣਾਈਆ । ਫੜ ਫੜ ਬਾਹੋਂ ਰਾਹੇ ਪਾਏ, ਦੇਵੇ ਮਾਤ ਵਧਾਈਆ । ਸਾਚਾ ਨਾਉਂ ਨਾਮ ਜਣਾਏ, ਕਟੇ ਜਮ ਕੀ ਫਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਮੇਟਣ ਆਇਆ ਮਸਤਕ ਲਿਖਿਆ ਲਿਖੀ ਕਾਲੀ ਫਾਹੀਆ । ਲੇਖਾ ਲੇਖ ਮੇਟ ਮਿਟਾਏ ਮੇਟਣਹਾਰਿਆ । ਖੇਵਟ ਖੇਟ ਖੇਟ ਆਪ ਅਖਵਾਏ, ਸ੍ਰਿਸ਼ਟ ਸਬਾਈ ਪਾਰ ਕਰਾਏ, ਆਪੇ ਬੇਟੀ ਬੇਟਾ ਪਿਤਾ ਮਾਤ ਸੁਤ ਪੂਤ ਅਖਵਾਏ, ਦੇਵੇ ਨਾਮ ਸਹਾਰਿਆ । ਸਤਿ ਸਤਿ ਸਤਿਵੰਤ ਜੁਗਾ ਜੁਗੰਤਰ ਜਾਮਾ ਪਾਏ, ਭੇਖੀ ਭੇਖ ਵਟਾ ਰਿਹਾ । ਨਾ ਕੋਈ ਜਾਣੇ ਵਾਰ ਥਿਤ, ਆਪਣਾ ਆਪ ਰਿਹਾ ਜਿੱਤ, ਸ੍ਰਿਸ਼ਟ ਸਬਾਈ ਸਾਚਾ ਹਿੱਤ, ਸਤਿਜੁਗ ਆਪਣੇ ਹੱਥ ਰਖਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰਾ ਅੰਤਮ ਵੇਖ ਗੁਰਮੁਖਾਂ ਮਿਲਿਆ ਸੱਜਣ ਸੁਹੇਲਾ, ਸਾਚਾ ਖੇੜਾ ਸ਼ਬਦ ਜਣਾ ਰਿਹਾ । ਰਸਨਾ ਚਾਹ ਜਗਤ ਤਜ, ਪ੍ਰਭ ਸਾਚੀ ਸੇਜੇ ਚੜ੍ਹਨਾ ਭੱਜ, ਅੰਤਮ ਵੇਲਾ ਨੇੜੇ ਆਇਆ । ਦਰ ਦਵਾਰੇ ਪਰਦੇ ਲਏ ਕੱਜ, ਜਗਤ ਝੇੜਾ ਰਿਹਾ ਮਿਟਾਇਆ । ਘਰ ਘਰ ਖਾਲੀ ਦਿਸੇ ਛਾਨਣੀ ਛੱਜ, ਨਾਰੀ ਖੌਂਤ ਨਾ ਕੋਈ ਹੰਢਾਇਆ । ਧੀ ਜਵਾਈ ਨਾ ਦੇਵੇ ਕੋਈ ਦਾਜ, ਗੁਰਮੁਖ ਸਾਚੇ ਪੁਰਖ ਅਬਿਨਾਸ਼ੀ ਇਕ ਅਵਾਜ ਲਗਾਈਆ । ਸ਼ਬਦ ਸਿੰਘਾਸਣ ਸਾਚਾ ਡਾਹਿਆ । ਭਾਗ ਲਗਾਇਆ ਦੇਸ ਮਾਝ, ਜੋਤ ਨਿਰੰਜਣ ਡਗਮਗਾਇਆ । ਸਾਚਾ ਅੰਜਨ ਨੇਤਰ ਪਾਇਆ, ਕੱਜਲ ਧਾਰ ਇਕ ਰਖਾਇਆ । ਬੰਕ ਦਵਾਰੇ ਰਿਹਾ ਸਜ, ਸ਼ਬਦ ਗਹਿਣਾ ਤਨ ਪਹਿਨਾਇਆ । ਸਚ ਨਾਰੀ ਘਰ ਤੀਜੇ ਬਹਿਣਾ, ਸਾਚਾ ਹੁਕਮ ਸੁਣਾਇਆ । ਲਹਿਣਾ ਦੇਣਾ ਮੂਲ ਚੁਕਾਏ, ਭੈਣਾ ਭਈਆ ਸਾਕ ਤੁੜਾਇਆ । ਧਰਮ ਰਾਏ ਦੀ ਪਾੜੇ ਵਹੀਆ, ਲੇਖਾ ਆਪਣੇ ਹੱਥ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਸੰਤ ਸੁਹੇਲੇ, ਆਪ ਕਰਾਏ ਆਪਣੇ ਮੇਲੇ, ਨਾਰੀ ਖੌਂਤ ਆਪ ਅਖਵਾਇਆ । ਨਾਰ ਸੁਹਾਗਣ ਗਾਏ ਗੀਤ, ਗੁਰਮੁਖ ਸਾਚੀ ਨਾਰਿਆ । ਪ੍ਰਭ ਚਰਨ ਕਵਲ ਕਲ ਲੱਗੀ ਪ੍ਰੀਤ, ਉਤਰੇ ਪਾਰ ਕਿਨਾਰਿਆ । ਅੱਠੇ ਪਹਿਰ ਵਸੇ ਚੀਤ, ਹਰਿ

ਸਾਚਾ ਮੀਤ ਮੁਰਾਰਿਆ । ਦਿਵਸ ਰੈਣ ਸੌਂ ਨਾ ਸਕੇ, ਸੋ ਰਹੇ ਪਹਿਰੇਦਾਰਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਸ਼ਿੰਗਾਰ ਇਕ ਕਰਾ ਰਿਹਾ । ਸੋਹੰ ਗਲ ਹਾਰ ਲਟਕਾਏ, ਕਲਜੁਗ ਤੇਰੀ ਅੰਤਮ ਵਾਰਿਆ । ਸੋਹੰ ਹਾਰ ਤਨ ਅਪਾਰ, ਪ੍ਰਭ ਸਾਚਾ ਆਪ ਛੁਹਾਇੰਦਾ । ਕੋਈ ਨਾ ਵੇਖੇ ਜੀਵ ਸੰਸਾਰ, ਅੰਦਰੇ ਅੰਦਰ ਧਾਰ ਬੰਨ੍ਹਾਇੰਦਾ । ਡੋਰੀ ਪਾਏ ਅਪਰ ਅਪਾਰ, ਆਪਣੀ ਹੱਥੀਂ ਗੰਢ ਦਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਵਸਾਏ ਇਕ ਘਰ, ਸਾਚੀ ਸੇਜਾ ਆਪ ਬਹਾਇੰਦਾ । ਸਾਚੀ ਸੇਜਾ ਆਤਮ ਸੁਖ, ਗੁਰਮੁਖ ਸਾਚੇ ਮਾਣਿਆ । ਜਗਤ ਤ੍ਰਿਸ਼ਨਾ ਮਿਟੀ ਭੁੱਖ, ਹਰਿ ਪਾਇਆ ਗੁਣ ਨਿਧਾਨਿਆ । ਸ਼ਬਦ ਸਪੂਤਾ ਆਇਆ ਕੁੱਖ, ਬਾਲ ਬਾਲੀ ਬਾਲ ਨਿਧਾਨਿਆ । ਜੋਤ ਨਿਰੰਜਣ ਵੇਖੇ ਮੁਖ, ਮਿਟੇ ਰੈਣ ਅੰਧੇਰੀ ਅੰਧ ਅੰਧਿਆਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਦਰ ਕਰੇ ਪਰਵਾਨਿਆ । ਹਰਿ ਦਰ ਹੋਵੇ ਪਰਵਾਨ, ਸਾਚਾ ਧਰਮ ਕਮਾਈਆ । ਅਠੇ ਪਹਿਰ ਨਿਗਾਹਬਾਨ, ਗੁਰਮੁਖਾਂ ਆਪ ਅਖਵਾਈਆ । ਚਾਰੋਂ ਕੁੰਟ ਵੇਖੇ ਮਾਰ ਧਿਆਨ, ਲੁਕਿਆ ਕੋਇ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਾਇਆ ਮੰਦਰ ਵੇਖੇ ਸਚ ਮਕਾਨ, ਸਚ ਮਹੱਲੇ ਆਸਣ ਲਾਈਆ । ਆਸਣ ਲਾਇਆ ਆਪ ਪ੍ਰਭ, ਆਪਣੀ ਸੇਜ ਵਿਛਾਇੰਦਾ । ਉਲਟੀ ਕਰੇ ਕਵਲ ਨਭ, ਅੰਮ੍ਰਿਤ ਮੁਖ ਚੁਆਇੰਦਾ । ਪੰਚ ਵਿਕਾਰਾ ਲਏ ਦੱਬ, ਸ਼ਬਦ ਤੀਰ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦਰਸ ਦਿਖਾਏ ਪਰਗਟ ਝੱਬ, ਸਹਿੰਸਾ ਰੋਗ ਮਿਟਾਇੰਦਾ । ਸਹਿੰਸਾ ਰੋਗ ਜਗਤ ਹਥਿਆਰ, ਘਰ ਘਰ ਅੰਦਰ ਲੱਗਿਆ । ਭਰਮੇ ਭੁੱਲੇ ਜੀਵ ਗਵਾਰ, ਦੀਪਕ ਜੋਤ ਕਿਸੇ ਨਾ ਜਗਿਆ । ਗੁਰਮੁਖ ਵਿਰਲੇ ਚਰਨ ਦਵਾਰ, ਸ਼ਬਦ ਬੰਨ੍ਹਾਏ ਸਾਚਾ ਤਗਿਆ । ਵਣਜ ਕਰਾਏ ਇਕ ਵਪਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵਡ ਦਾਤਾ ਸੂਰਾ ਸਰਬੱਗਿਆ । ਹਰਿ ਸੂਰਾ ਸਰਬਗ, ਸਚ ਘਰ ਵਸਿਆ । ਸਦ ਵਸੇ ਉਪਰ ਸ਼ਾਹ ਰਗ, ਸਚ ਮੰਦਰ ਬਹਿ ਬਹਿ ਹੱਸਿਆ । ਦੀਪਕ ਜੋਤੀ ਰਹੀ ਜਗ, ਸ਼ਬਦ ਅਨਾਦੀ ਹਰ ਘਰ ਹੱਸਿਆ । ਜਗਤ ਨਾ ਦਿਸੇ ਤ੍ਰਿਸ਼ਨਾ ਅੱਗ, ਪੰਚ ਵਿਕਾਰਾ ਜਾਏ ਨੱਸਿਆ । ਸ਼ਬਦ ਸਿੰਘਾਸਣ ਹਰਿ ਚਰਨ ਲਗ, ਮਿਲੇ ਆਤਮ ਰਸ ਰਸਿਆ । ਜੋਤੀ ਜੋਤ ਸਰੂਪ ਹਰਿ, ਜਨ ਭਗਤਾਂ ਦੇਵੇ ਇਕ ਵਰ, ਸਚ ਸਰਨਾਈ ਜੋ ਜਨ ਲਗਿਆ ।

★ ੧੮ ਹਾੜ ੨੦੧੩ ਬਿਕ੍ਰਮੀ ਹਰਿ ਭਗਤ ਦਵਾਰ ਜੇਠੂਵਾਲ ਨਿਸ਼ਾਨ ਸਾਹਿਬ ਦੇ ਪਾਸ
ਸੱਤ ਰੰਗਾ ਚਵੀ ਹੱਥ ਉਚਾ ਹੈ ਵਿਹਾਰ ਹੋਇਆ ★

ਸਾਢੇ ਤਿੰਨ ਹੱਥ ਜੀਆ ਦਾਨ, ਪ੍ਰਭ ਦੇਵੇ ਸ੍ਰਿਸ਼ਟ ਸਬਾਈਆ । ਚਵੀ ਹੱਥ ਮਾਤ ਨਿਸ਼ਾਨ, ਉਚਾ ਲੰਮਾ ਰਿਹਾ ਰਖਾਈਆ । ਸੱਤਾਂ ਦੀਪਾਂ ਇਕ ਧਿਆਨ, ਪੁਰਖ ਅਬਿਨਾਸ਼ੀ ਆਪ ਕਰਾਈਆ । ਇਕ ਉਡਾਏ ਸ਼ਬਦ ਬਿਬਾਣ, ਚਾਰੇ ਕੁੰਟਾਂ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕੋਟਨ ਕੋਟੀ ਜਨਮ ਭੁਵਾਈਆ । ਜਗਤ ਨਿਸ਼ਾਨਾ ਸਤਿਜੁਗ, ਗੁਰ ਪੂਰੇ ਬਣਤ ਬਣਾਈਆ । ਕਲਜੁਗ ਔਧ ਗਈ ਪੁਗ, ਨੂਰੀ ਨੂਰੇ ਜੋਤ ਜਗਾਈਆ । ਮਨਮੁਖ ਜੀਵ ਜੂਠੀ ਝੂਠੀ ਚੋਗ ਰਿਹਾ ਚੁਗ, ਸ਼ਬਦ ਚੋਗ ਨਾ ਕੋਈ ਚੁਗਾਈਆ । ਕਲਜੁਗ ਮਾਇਆ

ਮਮਤਾ ਰੋਗ, ਲੋਭ ਹੰਕਾਰਾ ਤਨ ਵਸਾਈਆ । ਗੁਰਮੁਖਾਂ ਮੇਲਾ ਧੁਰ ਸੰਜੋਗ, ਸਾਚੀ ਸੰਗਤ ਮੇਲ ਮਿਲਾਈਆ । ਦਰਸ ਦਿਖਾਏ ਹਰਿ ਅਮੋਘ,
ਕਲ ਸਾਚੀ ਜੋਤ ਜਗਾਈਆ । ਆਦਿ ਅੰਤ ਨਾ ਹੋਏ ਵਿਜੋਗ, ਬੇੜਾ ਬੰਨਣਹਾਰ ਆਪ ਅਖਵਾਈਆ । ਵੇਖੇ ਖੇਲ ਤੀਨ ਲੋਕ, ਤ੍ਰੈਗੁਣ ਮਾਇਆ
ਸੰਗ ਉਪਾਈਆ । ਲੱਖ ਚੁਰਾਸੀ ਦੇਵੇ ਝੋਕ, ਚੌਦਾਂ ਚੌਦਾਂ ਹਟ ਵਿਕਾਈਆ । ਪ੍ਰਭ ਕਾ ਭਾਣਾ ਨਾ ਕੋਈ ਸਕੇ ਰੋਕ, ਤੀਰਥ ਤਟ ਤਟ ਦਏ
ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਗਤ ਨਿਸ਼ਾਨਾ ਰਿਹਾ ਝੁਲਾਈਆ । ਜਗਤ ਨਿਸ਼ਾਨਾ ਰੰਗ ਸੱਤ, ਪ੍ਰਭ ਸਾਚੇ
ਮਾਤ ਰੰਗਾਇਆ । ਨੌਂ ਖੰਡ ਪ੍ਰਿਥਮੀ ਏਕਾ ਮਤ, ਏਕਾ ਬੂਝ ਬੁਝਾਇਆ । ਲੱਖ ਚੁਰਾਸੀ ਉਬਲੇ ਰਤ, ਨਾ ਧੀਰ ਕੋਇ ਧਰਾਇਆ । ਜਨ
ਭਗਤਾਂ ਜਾਣੇ ਮਿਤ ਗਤ, ਕਾਇਆ ਮੰਦਰ ਆਸਣ ਲਾਇਆ । ਅੰਤਮ ਰਖਣਹਾਰਾ ਪਤ, ਪਤ ਪਤਵੰਤਾ ਆਪ ਅਖਵਾਇਆ । ਚਰਨ ਪ੍ਰੀਤੀ ਬੰਨੇ
ਨੱਤ, ਸਾਚਾ ਨਾਤਾ ਮਾਤ ਬੰਧਾਇਆ । ਸਗਲ ਵਸੂਰੇ ਗਏ ਲੱਥ, ਜਿਸ ਜਨ ਦਰ ਘਰ ਸਾਚੇ ਦਰਸ਼ਨ ਪਾਇਆ । ਲੇਖ ਮਿਟਾਏ ਸੀਆਂ ਸਾਢੇ
ਤਿੰਨ ਹੱਥ, ਤਿੰਨ ਹੱਥ ਚਿੱਟਾ ਮੰਦਰ ਦਏ ਸੁਹਾਇਆ । ਆਪ ਚੜ੍ਹਾਏ ਸਾਚੇ ਰਥ, ਧੁਰ ਦਰਗਾਹੀ ਲੈ ਕੇ ਆਇਆ । ਸ਼ਬਦ ਜਣਾਏ ਅਕਥਨਾ
ਅਕੱਥ, ਧੁਨ ਆਤਮਕ ਸ਼ਬਦ ਵੈਰਾਗ ਜਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਗਤ ਨਿਸ਼ਾਨਾ ਇਕ ਧਰਮ ਵਰਭੰਡੀ
ਆਪ ਝੁਲਾਇਆ । ਵਰਭੰਡੀ ਤੇਰਾ ਸਚ ਨਿਸ਼ਾਨ, ਪ੍ਰਭ ਆਪੇ ਆਪ ਝੁਲਾਇੰਦਾ । ਆਪੇ ਜਾਣੇ ਆਪਣੀ ਆਣ, ਵਾਲੀ ਹਿੰਦ ਹੁਕਮ ਸੁਣਾਇੰਦਾ ।
ਅੱਸੂ ਤਿੰਨ ਕਰੇ ਧਿਆਨ, ਪੰਚਾਂ ਸੰਗ ਰਲਾਇੰਦਾ । ਜੋਤੀ ਜਾਮਾ ਸ੍ਰੀ ਭਗਵਾਨ, ਦਿਸ ਕਿਸੇ ਨਾ ਆਇੰਦਾ । ਗੁਰ ਗੋਬਿੰਦਾ ਮਿਲਿਆ ਨੌਜਵਾਨ,
ਸਾਚਾ ਹਾਣੀ ਮੇਲ ਮਿਲਾਇੰਦਾ । ਸ਼ਬਦ ਫੜੇ ਤੀਰ ਕਮਾਨ, ਤਨ ਗਾਤਰੇ ਆਪ ਲਟਕਾਇੰਦਾ । ਬਜਰ ਕਪਾਟੀ ਸਚ ਮਿਆਨ, ਨਾ ਕੋਈ ਫੋਲ
ਫੁਲਾਇੰਦਾ । ਲੱਖ ਚੁਰਾਸੀ ਲਾਹੇ ਘਾਣ, ਅੰਦਰ ਬੈਠਾ ਵਾਰ ਚਲਾਇੰਦਾ । ਕਲਜੁਗ ਤੇਰੀ ਅੰਤਮ ਵੇਖ ਮਕਾਣ, ਪ੍ਰਭ ਭੇਖ ਭੇਖ ਵਟਾਇੰਦਾ ।
ਚਾਰੋਂ ਕੁੰਟ ਝੂਠ ਮਕਾਨ, ਸਚ ਸਮਗਰੀ ਨਾ ਕੋਇ ਰਖਾਇੰਦਾ । ਸ਼ਾਹ ਸੁਲਤਾਨਾਂ ਵੇਖੇ ਪਰਖੇ ਆਪੇ ਆਣ, ਆਪ ਆਪਣੀ ਬਣਤ ਬਣਾਇੰਦਾ ।
ਦਿੱਲੀ ਤਖ਼ਤ ਹਰਿ ਰਾਜ ਰਾਜਾਨ, ਪੰਚਮ ਮੀਤਾ ਚਰਨ ਛੁਹਾਇੰਦਾ । ਅਸੂ ਤਿੰਨ ਸਚ ਦਿਹਾੜਾ, ਪ੍ਰਭ ਸਾਚੇ ਜੋਤ ਜਗਾਵਣੀ । ਇਕ ਕਰਾਏ
ਸ਼ਬਦ ਅਖਾੜਾ, ਰਾਗ ਰਾਗਨੀ ਸੰਗ ਰਲਾਵਣੀ । ਵੇਖੇ ਖੇਲ ਬਹੱਤਰ ਨਾੜਾ, ਹਾਡੀ ਹਾਡੀ ਭੇੜ ਭਿੜਾਵਣੀ । ਪਰਗਟ ਹੋਏ ਸਾਚਾ ਲਾੜਾ,
ਸਾਚੇ ਘੋੜੇ ਵਾਗ ਫੜਾਵਣੀ । ਆਪੇ ਹੋਏ ਪਿਛੇ ਅਗਾੜਾ, ਗੁਰਮੁਖਾਂ ਦਾਮਨ ਰੱਖੇ ਸਾਚਾ ਦਾਮਨੀ । ਜ਼ਿਮੀ ਅਸਮਾਨਾ ਤੁਟੇ ਪਾੜਾ, ਲੇਖ ਲਿਖਾਏ
ਸਤਾਰਾਂ ਹਾੜਾ, ਕਲਜੁਗ ਮਿਟੇ ਅੰਧੇਰੀ ਸ਼ਾਮਨੀ । ਮਾਝਾ ਦੇਸ਼ ਹੋਏ ਉਜਾੜਾ, ਪੁਰਖ ਅਗੰਮੀ ਮਾਰੇ ਧਾੜਾ, ਜਿਉਂ ਲੰਕਾ ਢਾਹੇ ਰਾਮਾ ਰਾਵਣੀ ।
ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਗਤ ਨਿਸ਼ਾਨਾ ਇਕ ਕਰ, ਹਰਿ ਸਾਚੀ ਬਣਤ ਬਣਾਵਣੀ । ਜਗਤ ਨਿਸ਼ਾਨਾ ਸੱਤ ਰੰਗ,
ਸੱਤਾਂ ਦੀਪਾਂ ਡੰਨਿਆ । ਧਰਤ ਮਾਤ ਮੰਗੀ ਸਾਚੀ ਮੰਗ, ਸਤਿਜੁਗ ਸਾਚੇ ਬੇੜਾ ਬੰਨ੍ਹਿਆ । ਲੋਆਂ ਪੁਰੀਆਂ ਵੇਖੇ ਲੰਘ, ਬ੍ਰਹਮਾ ਸ਼ਿਵ ਸੁਰਪਤ
ਰਾਜਾ ਇੰਦ ਕਰੋੜ ਤੇਤੀਸਾ ਦੇਵੇ ਡੰਨਿਆ । ਹਰਿ ਸ਼ਬਦ ਵਸੇਰਾ ਨਾ ਕੋਈ ਛੱਪਰ ਨਾ ਕੋਈ ਛੰਨ, ਜਨ ਭਗਤਾਂ ਬੇੜਾ ਬੰਨ੍ਹਿਆ । ਗੁਰ ਸੰਗਤ
ਮੁਖੋਂ ਕਹਿਣਾ ਧੰਨ ਧੰਨ, ਪ੍ਰਭ ਦਿਸ ਨਾ ਆਏ ਆਤਮ ਅੰਨ੍ਹਿਆ । ਗੁਰਮੁਖ ਆਤਮ ਗਿਆ ਮੰਨ ਪ੍ਰਭ ਸਾਚੇ ਬੇੜਾ ਬੰਨ੍ਹਿਆ । ਭਰਮ ਭੁਲੇਖਾ

੭੩੯
੦੫

ਕੱਢਿਆ ਜਨ, ਸ਼ਬਦ ਚੜ੍ਹਾਇਆ ਸਾਚਾ ਚੰਨਿਆ । ਰਾਏ ਧਰਮ ਨਾ ਲਾਏ ਡੰਨ, ਲੱਖ ਚੁਰਾਸੀ ਕਰੇ ਬੰਨਿਆ । ਜਗਤ ਵਿਕਾਰਾ ਖੰਨ ਖੰਨ, ਏਕਾ ਰਾਗ ਸੁਣਾਏ ਕੰਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਮਨ ਭਗਵੰਨਿਆ । ਹਰਿ ਅਵੱਲੜੀ ਕਾਰ ਅਵੱਲੜੀ ਰੀਤਿਆ । ਦੁਹਰੀ ਧਾਰਾ ਜਗਤ ਵਖਾਏ ਇਕ ਅਤੀਤਿਆ । ਦੁਹਰੀ ਧਾਰਾ ਜਗਤ ਵਖਾਏ ਕਲਜੁਗ ਅੰਤਮ ਜਾਏ ਬੀਤਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਚਲਾਏ ਆਪਣੀ ਰੀਤਿਆ । ਸਾਚੀ ਰੀਤੀ ਸਤਿ ਪੁਰਖ, ਜੁਗ ਜੁਗ ਮਾਤ ਚਲਾਇੰਦਾ । ਆਪੇ ਆਪ ਕਰਤਾ ਪੁਰਖ, ਨਿਰਭੈ ਰੂਪ ਸਮਾਇੰਦਾ । ਕਦੇ ਸੋਗ ਨਾ ਕਦੇ ਹਰਖ, ਏਕਾ ਰੰਗ ਰੰਗਾਇੰਦਾ । ਗੁਰਮੁਖ ਸਾਚੇ ਰਿਹਾ ਪਰਖ, ਘਸਵਟੀ ਨਾਮ ਰਖਾਇੰਦਾ । ਅੰਤਮ ਵੇਲੇ ਕਰੇ ਤਰਸ, ਸਾਚੀ ਹਾਟੀ ਇਕ ਵਖਾਇੰਦਾ । ਅੰਮ੍ਰਿਤ ਮੇਘ ਦੇਵੇ ਬਰਸ, ਕਾਇਆ ਮਾਟੀ ਤਾਲ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਜਗਤ ਨਿਸ਼ਾਨਾ ਇਕ ਕਰ, ਸੱਤਾਂ ਦੀਪਾਂ ਆਪ ਝੁਲਾਇੰਦਾ । ਜਗਤ ਨਿਸ਼ਾਨਾ ਸਾਢੇ ਤਿੰਨ ਹੱਥ, ਪ੍ਰਭ ਚਾਰੋਂ ਕੁੰਟ ਬਣਾਇੰਦਾ । ਵੇਖੇ ਖੇਲ ਹਰਿ ਸਮਰਥ, ਸਤਿਜੁਗ ਸਾਚਾ ਰਾਹ ਚਲਾਇੰਦਾ । ਲੱਖ ਚੁਰਾਸੀ ਪਾਵੇ ਨੱਥ, ਰਾਜ ਰਾਜਾਨਾ ਸ਼ਾਹ ਸੁਲਤਾਨਾਂ ਦਰ ਫਿਰਾਇੰਦਾ । ਗੁਰਮੁਖਾਂ ਬੰਨ੍ਹੇ ਹੱਥੀਂ ਗਾਨਾ, ਆਤਮ ਦੇਵੇ ਬ੍ਰਹਮ ਗਿਆਨਾ, ਜੋਤ ਸਰੂਪੀ ਹਰਿ ਭਗਵਾਨਾ, ਏਕਾ ਬਖ਼ਸ਼ੇ ਨਾਮ ਨਿਸ਼ਾਨਾ, ਧੁਰ ਦਰਗਾਹੀ ਸੰਗ ਰਖਾਇੰਦਾ । ਆਪੇ ਗੋਪੀ ਆਪੇ ਕਾਹਨਾ, ਆਪ ਰਮਈਆ ਆਪੇ ਰਾਮਾ, ਆਪ ਪਿਆਏ ਅੰਮ੍ਰਿਤ ਜਾਮਾ, ਲੱਖ ਚੁਰਾਸੀ ਮਿਟੇ ਸ਼ਾਮਾ, ਭਗਤ ਉਧਾਰੇ ਬਿਦਰ ਸੁਦਾਮਾ, ਆਪਣਾ ਸੰਗ ਨਿਭਾਇੰਦਾ । ਜੋਤੀ ਜੋਤ ਸਰੂਪ ਹਰਿ, ਇਕ ਵਜਾਏ ਸ਼ਬਦ ਦਮਾਮਾ, ਪੁਰੀਆਂ ਲੋਆਂ ਲੋਆਂ ਪੁਰੀਆਂ ਪਾਤਾਲ ਆਕਾਸ਼ਾਂ ਆਪਣਾ ਆਪ ਸੁਣਾਇੰਦਾ । ਸ਼ਬਦ ਦਮਾਮ ਵੱਜਿਆ, ਕਲਜੁਗ ਅੰਤਮ ਵਾਰ । ਜੋਤ ਸਰੂਪੀ ਹਰਿ ਹਰਿ ਗੱਜਿਆ, ਨਿਹਕਲੰਕੀ ਜਾਮਾ ਧਾਰ । ਗੁਰ ਗੋਬਿੰਦ ਸਤਿਗੁਰ ਸਾਚਾ, ਸੋਹੰ ਫੜ ਸ਼ਬਦ ਤੇਗ ਕਟਾਰ । ਅੰਮ੍ਰਿਤ ਪੀ ਪੀ ਰੱਜਿਆ, ਆਪੇ ਵਸੇ ਪਾਰ ਕਿਨਾਰ । ਹਰਿ ਹਰਿ ਨਰ ਨਰ ਹੋਵੇ ਖੱਬੇ ਸੱਜਿਆ, ਆਪੇ ਹੋਏ ਪਿਛੇ ਅਗਾੜ੍ਹ । ਭਾਗ ਲੱਗੇ ਦੇਸ ਮਾਝਿਆ, ਸਤਿਜੁਗ ਸਾਚਾ ਖੋਲ੍ਹੇ ਦਵਾਰ । ਚਾਰ ਵਰਨਾਂ ਏਕ ਹਾਜੀ ਹੱਜਿਆ, ਮੱਕਾ ਕਾਅਬਾ ਹੋਏ ਖੁਵਾਰ । ਜੋ ਘੜਿਆ ਸੋ ਭੱਜਿਆ, ਕਲਜੁਗ ਤੇਰੀ ਅੰਤਮ ਵਾਰ । ਸਤਿਜੁਗ ਸਾਚਾ ਤਾਲ ਵਜਿਆ, ਪ੍ਰਭ ਆਪ ਵਜਾਵਣਹਾਰਾ । ਚਰਨ ਧੂੜ ਇਸ਼ਨਾਨ ਕਰਾਏ ਸਾਚਾ ਮਜਿਆ, ਦੁਰਮਤ ਮੈਲ ਦਏ ਉਤਾਰ । ਦਰ ਦਵਾਰੇ ਜੋ ਜਨ ਆਏ ਭੱਜਿਆ, ਲੱਖ ਚੁਰਾਸੀ ਉਤਰੇ ਪਾਰ । ਕਿਸੇ ਲਾਉਣ ਨਾ ਦੇਵੇ ਅੱਜਿਆ ਪੱਜਿਆ, ਸੰਮਤ ਸੋਲਾਂ ਹੱਥ ਫੜੇ ਤੇਜ ਕਟਾਰ । ਜਨ ਭਗਤਾਂ ਰੱਖੇ ਲੱਜਿਆ, ਹਰਿ ਪੁਰਖਾ ਸਚ ਭਤਾਰ । ਮਨਮੁਖਾਂ ਮਾਇਆ ਮਮਤਾ ਦਜਿਆ, ਅਗਨੀ ਜੋਤੀ ਲਾਏ ਹੰਕਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੰਚਮ ਮੀਤਾ ਏਕਾ ਰੀਤਾ ਦਿਹੁਰਾ ਗੁਰਦਵਾਰਾ ਮੰਦਰ ਮਸੀਤਾ ਸਭ ਤੋਂ ਵਸੇ ਆਪੇ ਬਾਹਰ । ਮੰਦਰ ਮਸੀਤ ਨਾ ਗੁਰੂਦਵਾਰ, ਪ੍ਰਭ ਸਾਚੇ ਜੋਤ ਜਗਾਈਆ । ਆਪੇ ਵਸੇ ਗੁਪਤ ਜਾਹਿਰ, ਦਿਸ ਕਿਸੇ ਨਾ ਆਈਆ । ਭੇਖਾਧਾਰੀ ਦਰ ਦਰ ਖੁਆਰ, ਗੁਰ ਗੋਬਿੰਦ ਸਾਰ ਨਾ ਪਾਈਆ । ਨਾਤਾ ਤੋੜੇ ਊਚਾਂ ਨੀਚਾਂ ਏਕਾ ਬਖ਼ਸ਼ੇ ਚਰਨ ਪਿਆਰ, ਰਾਜ ਰਾਜਾਨਾ ਦਰ ਦਰ ਫਿਰਾਈਆ । ਸਰਬ ਜੀਆਂ ਪ੍ਰਭ ਸਾਂਝਾ ਯਾਰ, ਜੋਤੀ ਜਾਮਾ ਭੇਖ ਵਟਾਈਆ । ਕਰਮ ਕੁਕਰਮਾਂ ਰਿਹਾ ਵਿਚਾਰ, ਕਲਜੁਗ ਲੇਖਾ ਰਿਹਾ ਮੁਕਾਈਆ । ਧਰਮ ਦਵਾਰੇ ਹਾਹਾਕਾਰ, ਲੱਖ ਚੁਰਾਸੀ ਦਏ ਦੁਹਾਈਆ । ਚਿੱਤਰ ਗੁਪਤ ਲੇਖ

ਲਿਖਾਰ, ਅਠਾਈ ਕੁੰਡਾਂ ਬੂਹਾ ਲਾਹੀਆ । ਛੋਟਾ ਮੁੰਡਾ ਕਰ ਤਿਆਰ, ਪੁਰਖ ਅਬਿਨਾਸ਼ੀ ਬੰਨ੍ਹੇ ਧਾਰ, ਸਿੰਘ ਮਨਜੀਤਾ ਅਗੇ ਲਾਈਆ । ਨੌਂ ਦਵਾਰੇ ਹੋਇਆ ਬਾਹਰ, ਇਕ ਉਡਿਆ ਸ਼ਬਦ ਉਡਾਰ, ਪੁਰੀ ਇੰਦਰ ਰਾਹ ਵਖਾਈਆ । ਕਰੋੜ ਤੇਤੀਸਾ ਮਾਰੇ ਮਾਰ, ਸੋਹੰ ਖੰਡਾ ਫੜ ਦੋ ਧਾਰ, ਨਿਹਕਲੰਕ ਨਰ ਅਵਤਾਰ, ਸ਼ਬਦ ਸਰੂਪੀ ਖ਼ਬਰਦਾਰ, ਦੇਵੀ ਦੇਵ ਹਾਹਾਕਾਰ, ਨਾ ਹੋਏ ਕੋਇ ਸਹਾਈਆ । ਪੁਰਖ ਅਬਿਨਾਸ਼ੀ ਨਰ ਅਵਤਾਰ, ਘਨਕਪੁਰ ਵਾਸੀ ਖੇਲ ਅਪਾਰ, ਮਦਿਰਾ ਮਾਸੀ ਕਰੇ ਖੁਆਰ, ਨਾਤਾ ਤੁੱਟੇ ਭੈਣਾ ਭਾਈਆ । ਸ਼ਬਦ ਰੰਗਾਇਆ ਸਚ ਰੰਗ, ਪ੍ਰਭ ਸਾਚੀ ਬਣਤ ਬਣਾਈਆ । ਨਾਮ ਡੋਰੀ ਚੜ੍ਹੇ ਪਤੰਗ, ਆਪੇ ਆਪ ਰਿਹਾ ਵਜਾਈਆ । ਵੇਖ ਵਖਾਣੇ ਗੋਦਾਵਰੀ ਗੰਗ, ਅਠ ਸਠ ਤੀਰਥ ਚਰਨ ਛੁਹਾਈਆ । ਕਵਣ ਦਵਾਰਾ ਵੱਜੇ ਮਰਦੰਗ, ਠਾਕਰ ਦਵਾਰਾ ਗੁਰ ਦਰ ਮੰਦਰ ਨਾਦ ਅਨਾਦਾ ਰਿਹਾ ਵਜਾਈਆ । ਲੱਖ ਚੁਰਾਸੀ ਭੌਂਦੀ ਬੰਦਰ, ਗੁਰ ਗੋਬਿੰਦ ਦਿਸ ਨਾ ਆਈਆ । ਪੁਰਖ ਅਬਿਨਾਸ਼ੀ ਵਸਿਆ ਅੰਦਰ, ਸਚ ਸਿੰਘਾਸਣ ਡੇਰਾ ਲਾਈਆ । ਉਚੇ ਟਿਲੇ ਫਿਰ ਫਿਰ ਥੱਕੇ ਗੋਰਖ ਮਛੰਦਰ, ਕਾਇਆ ਮੁੰਡ ਮੁੰਡਾਈਆ । ਕਰੋੜ ਤੇਤੀਸਾ ਰੋਵੇ ਅੰਦਰ, ਨਾ ਕੋਈ ਹੋਏ ਸਹਾਈਆ । ਕਾਹਨਾ ਕ੍ਰਿਸ਼ਨਾ ਵੇਖੇ ਬਨ ਬਿੰਦਰ, ਜੀਵ ਜੰਤ ਫਿਰੇ ਹਲਕਾਈਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਸੰਬਲ ਨਗਰੀ ਇਕ ਘਰ, ਸਰ ਅੰਮ੍ਰਿਤ ਲੇਖ ਲਿਖਾਈਆ । ਸਰ ਅੰਮ੍ਰਿਤ ਅੰਮ੍ਰਿਤ ਰਸ, ਗੁਰ ਘਰ ਕਿਸੇ ਨਾ ਪਾਇਆ । ਮਦਿਰਾ ਮਾਸੀ ਗਏ ਵਸ, ਸਾਚਾ ਰਾਹ ਭੁਲਾਇਆ । ਅੰਤਮ ਪੈਂਡਾ ਮੁਕੇ ਨੱਸ ਨੱਸ, ਬਿਆਸ ਕਿਨਾਰਾ ਇਕ ਵਖਾਇਆ । ਸੰਮਤ ਸੋਲਾਂ ਰਿਹਾ ਦੱਸ, ਕੋਇ ਨਾ ਕਿਸੇ ਸਹਾਇਆ । ਨਾ ਕੋਈ ਸਕੇ ਕਮਰ ਕਸ, ਹੱਥ ਕਿਰਪਾਨ ਨਾ ਕੋਇ ਉਠਾਇਆ । ਪੁਰਖ ਅਬਿਨਾਸ਼ੀ ਚਰਨਾਂ ਹੇਠਾਂ ਦੇਵੇ ਝੱਸ, ਰੰਗ ਸੁਨਿਹਰੀ ਕਲਜੁਗ ਵਰਤੇ ਕਹਿਰੀ, ਆਪਣਾ ਭੇਖ ਵਟਾਇਆ । ਚਾਰੋਂ ਕੁੰਟ ਦਿਸਣ ਵੈਰੀ, ਮੁਗਲ ਪਠਾਣਾ ਸ਼ੇਰ ਦਲੇਰੀ, ਸੱਤਰ ਲੱਖ ਰਿਹਾ ਚੜ੍ਹਾਇਆ । ਮਾਇਆਧਾਰੀ ਢਹਿ ਢਹਿ ਢੇਰੀ, ਉਚੇ ਮੰਦਰ ਫਿਰੇ ਹਨੇਰੀ, ਗੁਰ ਦਰ ਕੋਈ ਦਿਸ ਨਾ ਆਇਆ । ਕਲਜੁਗ ਤੇਰੀ ਵਰਤੇ ਕਹਿਰੀ, ਨਾ ਕੋਈ ਦਿਸੇ ਨਗਰ ਸ਼ਹਿਰੀ, ਪੁਰਖ ਅਬਿਨਾਸ਼ੀ ਏਕਾ ਕਾਮ ਆਪਣੇ ਹੱਥ ਰਖਾਇਆ । ਲੇਖਾ ਚੁੱਕੇ ਜਗਤ ਦਾਮ, ਏਕਾ ਪੱਲੇ ਰਹਿ ਜਾਏ ਨਾਮ, ਗੁਰਮੁਖਾਂ ਵਿਰਲਾ ਬਣੇ ਵਣਜ ਵਪਾਰੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਮਿਟੇ ਸ਼ਾਮ, ਫੜ ਸ਼ਬਦ ਖੰਡਾ ਦੋ ਧਾਰੀ । ਸ਼ਬਦ ਖੰਡਾ ਹੱਥ ਕਟਾਰ, ਪ੍ਰਭ ਸਾਚਾ ਹੱਥ ਰਖਾਇੰਦਾ । ਸੋਲਾਂ ਕਰ ਤਨ ਸ਼ਿੰਗਾਰ, ਚਿੱਟਾ ਅਸਵ ਕਸਾਇੰਦਾ । ਕਲਗੀ ਤੋੜਾ ਨਾਮ ਅਪਾਰ, ਜਗਤ ਜਗਦੀਸ ਸੀਸ ਟਿਕਾਇੰਦਾ । ਜੋਤੀ ਨੂਰਾ ਸ਼ਬਦ ਸਰੂਰਾ, ਸਾਚਾ ਰਾਹ ਵਖਾਇੰਦਾ । ਲੋਆਂ ਪੁਰੀਆਂ ਏਕਾ ਪੌੜਾ, ਨਾ ਕੋਈ ਲੰਮਾ ਚੌੜਾ, ਸੋਹੰ ਸੋ ਲਗਾਇੰਦਾ । ਆਪੇ ਹੋਏ ਬ੍ਰਹਿਮਣ ਗੌੜਾ, ਪੂਤ ਸਪੂਤਾ ਆਪ ਉਪਾਇੰਦਾ । ਸੰਬਲ ਨਗਰੀ ਵੇਖੇ ਮਿੱਠਾ ਕੌੜਾ, ਨੌਂ ਦਰ ਵੇਖ ਵਖਾਇੰਦਾ । ਧੁਰ ਦਰਗਾਹੀ ਆਇਆ ਦੌੜਾ, ਨੀਲਾ ਘੋੜਾ ਪੌੜ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿਗੁਰ ਤੇਰਾ ਸਚ ਨਿਸ਼ਾਨਾ, ਏਕਾ ਝੁਲੇ ਵਿਚ ਜਹਾਨਾ, ਹਰਿ ਸਾਚੀ ਬਣਤ ਬਣਾਇੰਦਾ । ਸਾਚੀ ਸਤਿਜੁਗ ਧਾਰ, ਪ੍ਰਭ ਲਾਲ ਰੰਗ ਗੁਲਾਲਿਆ । ਲਖਣ ਦੀਪ ਅਪਰ ਅਪਾਰ, ਚਲੇ ਅਵੱਲੜੀ ਚਾਲਿਆ । ਕੰਚਨ ਰੂਪ ਕਰੋਚ ਕਰ, ਫਲ ਵੇਖੇ ਸ੍ਰਿਸ਼ਟ ਸਬਾਈ ਡਾਲਿਆ । ਪੁਸ਼ਕਰ ਨੀਲੀ ਧਾਰ ਵਰੋਲੇ ਦੱਸੇ ਰਾਹ ਸੁਖਾਲਿਆ । ਜੰਬੂ ਦੀਪ ਏਕਾ ਘਰ, ਮੇਟ ਮਿਟਾਏ ਘਟਾ ਕਾਲਿਆ । ਸੂਹਾ ਪੀਲਾ ਮਿਲੇ

੭੪੦ ੦੫

ਵਰ, ਸ਼ਾਨ ਸਲਮਲ ਆਪ ਲਿਖਾਲਿਆ । ਕਲਜੁਗ ਤੇਰੀ ਕਾਲੀ ਧਾਰ, ਕੁਸ਼ਾ ਰੂਪ ਵਟਾ ਲਿਆ । ਪ੍ਰਭ ਵੇਖੇ ਖੇਲ ਵਿਚ ਸੰਸਾਰ, ਦਹਿ ਦਿਸ਼ਾ ਭੇਖ ਵਟਾ ਲਿਆ । ਭੇਖ ਮਿਟਾਏ ਮੁਹੰਮਦੀ ਯਾਰ, ਅੰਜ਼ੀਲ ਕੁਰਾਨਾ ਕੱਢੇ ਦਵਾਲਿਆ । ਮੱਕਾ ਮਦੀਨਾ ਪਾਵੇ ਸਾਰ, ਸੰਮਤ ਉਨੀ ਅਲ੍ਹਾ ਰਾਣੀ ਪਾੜੇ ਚੁੰਨੀ, ਕਰੇ ਖੇਲ ਅਕਾਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕ ਨਿਸ਼ਾਨਾ ਜਗਤ ਵਰ, ਆਪਣੀ ਹੱਥੀਂ ਆਪ ਬਣਾ ਲਿਆ । ਇਕ ਨਿਸ਼ਾਨਾ ਇਕ ਬਣਤ, ਧੁਰ ਦਰਗਾਹ ਬਣਾਈਆ । ਲੇਖਾ ਲਿਖਣਹਾਰਾ ਹਰਿ ਹਰਿ ਸਾਚਾ ਮਹਿੰਮਾ ਅਗਣਤ ਗਣੀ ਨਾ ਜਾਈਆ । ਨਾ ਕੋਈ ਜਾਣੇ ਜੀਵ ਜੰਤ, ਪੜ੍ਹ ਪੜ੍ਹ ਥੱਕੀ ਜਗਤ ਲੋਕਾਈਆ । ਗੁਰਮੁਖ ਵਿਰਲੇ ਸ਼ਬਦ ਆਤਮ ਮਿਲਾ ਅਭੇਦ ਅਭੇਦ ਦਏ ਖੁਲ੍ਹਾਈਆ । ਮਿਲੇ ਮੇਲ ਹਰਿ ਦਾਤਾ ਗੁਣਵੰਤ, ਅਛਲ ਅਛੇਦਾ ਖੇਲ ਰਚਾਈਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਚਾਰ ਵੇਦਾਂ ਰਿਹਾ ਮੁਕਾਈਆ । ਚਾਰ ਵੇਦ ਮਾਰ ਧਿਆਨ, ਬ੍ਰਹਮੇ ਰਿਹਾ ਜਗਾਇਆ । ਸਤਿਜੁਗ ਦੁਆਪਰ ਤ੍ਰੇਤਾ ਕਲਜੁਗ ਵੇਖ ਮਕਾਨ, ਪ੍ਰਭ ਲੇਖਾ ਰਿਹਾ ਮੁਕਾਇਆ । ਸ਼ਬਦ ਰਖਾਏ ਸਾਚੀ ਆਣ, ਸਾਚੀ ਰੇਖਾ ਮਾਤ ਲਿਖਾਇਆ । ਆਪ ਉਡਾਏ ਇਕ ਬਿਬਾਣ, ਲੋਚਣ ਨੇਤਰ ਲੇਖਾ ਦਿਸ ਨਾ ਆਇਆ । ਗੁਰਮੁਖ ਵਿਰਲੇ ਚਤੁਰ ਸੁਜਾਨ, ਭਰਮ ਭੁਲੇਖਾ ਰਿਹਾ ਮਿਟਾਇਆ । ਆਤਮ ਦੇਵੇ ਬ੍ਰਹਮ ਗਿਆਨ, ਸ਼ਬਦ ਨਿਸ਼ਾਨਾ ਤੀਰ ਚਲਾਇਆ । ਰਾਗ ਸੁਣਾਏ ਸਾਚੇ ਕਾਨ, ਧੁਨੀ ਨਾਦ ਵਜਾਇਆ । ਦਰਸ ਵੇਖ ਸ੍ਰੀ ਭਗਵਾਨ ਸੁਨ ਮੁਨ ਤੋੜ ਤੁੜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚ ਨਿਸ਼ਾਨਾ ਰਿਹਾ ਬਣਾਇਆ । ਸਚ ਨਿਸ਼ਾਨਾ ਪਹਿਲੀ ਵੰਡ, ਭਾਰਤ ਖੰਡ ਵੰਡਾਈਆ । ਆਪੇ ਵੇਖੇ ਹਰਿ ਬ੍ਰਹਿਮੰਡ, ਸਾਚੀ ਰਚਨ ਰਚਾਈਆ । ਸੱਤਾਂ ਦੀਪਾਂ ਰਿਹਾ ਵੰਡ, ਨੌਂ ਖੰਡ ਬੂਝ ਬੁਝਾਈਆ । ਨਾ ਕੋਈ ਦੀਸੇ ਸਤਿਜੁਗ ਨਾਰ ਦੁਹਾਗਣ ਰੰਡ ਬੀਸ ਇਕੀਸਾ ਹੋਏ ਸਹਾਈਆ । ਪਹਿਲੀ ਬੰਨ੍ਹੇ ਆਪਣੀ ਹੱਥੀਂ ਗੰਢ, ਵਾਲੀ ਹਿੰਦ ਲਏ ਖੁਲ੍ਹਾਈਆ । ਜਨ ਭਗਤਾਂ ਪਾਏ ਆਤਮ ਠੰਡ, ਅੱਸੂ ਤਿੰਨ ਖ਼ੁਸ਼ੀ ਮਨਾਈਆ । ਹੱਥ ਫੜੇ ਚੰਡ ਪਰਚੰਡ, ਦਿੱਲੀ ਤਖ਼ਤ ਚਰਨ ਛੁਹਾਈਆ । ਜੋਤੀ ਜੋਤ ਸਰੂਪ ਹਰਿ, ਆਪੇ ਲਿਖਣਹਾਰਾ ਲਿਖਤ ਨਾ ਸਕੇ ਕੋਈ ਮਿਟਾਈਆ । ਸ਼ਬਦ ਨਿਸ਼ਾਨਾ ਕਰ ਤਿਆਰ, ਦੂਜੀ ਧਾਰ ਚਲਾਇੰਦਾ । ਆਪੇ ਜਾਣੇ ਆਪਣੀ ਕਾਰ, ਆਪਣੀ ਕਾਰ ਕਮਾਇੰਦਾ । ਸ਼ਬਦ ਬਣਾਏ ਸਚ ਦਸਤਾਰ, ਆਪਣੇ ਸੀਸ ਟਿਕਾਇੰਦਾ । ਜੁਗਾ ਜੁਗੰਤਰ ਕੰਤ ਵਿਹਾਰ, ਨਾਰੀ ਕੰਤ ਪਰਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪੇ ਲਿਖਣਹਾਰਾ ਲਿਖਤ, ਆਪਣਾ ਰੰਗ ਵਖਾਇੰਦਾ । ਸ਼ਬਦ ਧਾਰ ਚਲਾਏ ਹਰਿ ਬਨਵਾਲੀਆ । ਸਾਚਾ ਸੀਸ ਨਾਮ ਟਿਕਾਏ, ਪੰਚ ਮੁਖੀ ਨਾਮ ਰਖਾਲੀਆ । ਦੇਸ ਮਾਝ ਗਣਤ ਗਿਣਾਏ, ਚਾਰੇ ਕੁੰਟਾਂ ਦਿਸੇ ਖਾਲੀਆ । ਪੰਚਮ ਕੂਟਾਂ ਵੇਖ ਵਖਾਏ, ਜ਼ਿਮੀਂ ਅਸਮਾਨਾਂ ਗਗਨ ਥਾਲੀਆ । ਗੁਰਮੁਖ ਸਾਚੇ ਲਏ ਲਟਕਾਏ, ਉਪਰ ਨੀਚੇ ਆਪ ਬਹਾਲੀਆ । ਦੇਵਤ ਸੁਰ ਰਹੇ ਤਰਸਾਏ, ਪ੍ਰਭ ਸਾਚੇ ਜੋਤ ਜਗਾਲੀਆ । ਸ਼ਿਵ ਸ਼ੰਕਰ ਸੀਸ ਝੁਕਾਏ, ਦਰ ਬਣੇ ਮਾਤ ਸੁਵਾਲੀਆ । ਬ੍ਰਹਮਾ ਅੱਠੇ ਨੇਤਰ ਰਿਹਾ ਉਠਾਏ, ਕਵਣ ਮੇਟੇ ਘਟਾ ਕਾਲੀਆ । ਗੁਰਮੁਖ ਸਾਚੇ ਲਏ ਜਗਾਏ, ਕਲਜੁਗ ਅੰਤਮ ਦਰ ਘਰ ਕਰਾਏ ਖਾਲੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੰਚਮ ਮੁਖੀ ਸਾਚਾ ਤਾਜ, ਲੇਖ ਲਿਖਾਏ ਬਣ ਸੁਵਾਲੀਆ । ਚਾਰੇ ਕੁੰਟਾਂ ਚਾਰ ਮੁੱਖ, ਸੋਹੰ ਧਾਰ ਵਹਾਈਆ । ਗੁਰਮੁਖਾਂ ਉਤਰੇ ਮਾਤ ਦੁੱਖ, ਸਾਚੀ ਦਿਸ਼ਾ ਵੇਖ ਵਖਾਈਆ । ਸੁਫਲ ਕਰਾਏ ਮਾਤ ਕੁੱਖ, ਦਸ ਦਸਮੇਸ਼ ਸੀਸ ਟਿਕਾਈਆ । ਨਾਤਾ ਤੋੜੇ ਗਰਭ ਮਾਤ ਉਲਟਾ

੭੪੧ ੦੫

ਰੁਖ਼, ਲੱਖ ਚੁਰਾਸੀ ਫੰਦ ਕਟਾਈਆ । ਕਲਜੁਗ ਮਿਟੇ ਤ੍ਰਿਸ਼ਨਾ ਭੁੱਖ, ਅੰਮ੍ਰਿਤ ਆਤਮ ਪਿਆਸ ਬੁਝਾਈਆ । ਦਰ ਘਰ ਉਪਜਾਏ ਏਕਾ ਸੁਖ, ਹੱਡ ਨਾੜੀ ਮਾਸ ਜੋਤ ਜਗਾਈਆ । ਜੁਗ ਜੁਗ ਸੁਖਣਾ ਰਹੇ ਸੁਖ ਭਗਤ ਭਗਵੰਤਾ ਹੋਏ ਸਹਾਈਆ । ਸੁਫਲ ਕਰੇ ਮਾਤ ਕੁੱਖ, ਜੋ ਜਨ ਰਸਨਾ ਰਹੇ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੰਚਮ ਮੁੱਖੀ ਸਾਚਾ ਤਾਜ, ਰੱਖੇ ਲਾਜ ਦੇਸ ਮਾਝ, ਆਪ ਆਪਣੇ ਹੱਥ ਉਠਾਈਆ । ਪੰਚਮ ਮੁਖ ਪੰਚ ਪੁਕਾਰ, ਧੁਰ ਦਰਗਾਹੀ ਰਿਹਾ ਸੁਣਾਈਆ । ਸ਼ਬਦ ਸਰੂਪੀ ਅਵਾਜ਼ਾਂ ਮਾਰ, ਗੁਰਮੁਖ ਸੋਏ ਰਿਹਾ ਜਗਾਈਆ । ਸ਼ਬਦ ਡੋਰੀ ਅਪਰ ਅਪਾਰ, ਤ੍ਰੈਲੋਆਂ ਬੰਧ ਬੰਧਾਈਆ । ਸਤਿ ਪੁਰਖ ਨਿਰੰਜਣ ਜੋਤ ਅਕਾਰ, ਨਿਰੰਕਾਰ ਸਮਾਈਆ । ਉਪਜੇ ਸ਼ਬਦ ਸੱਚੀ ਧੁਨਕਾਰ, ਧੁਨ ਆਤਮਕ ਰਿਹਾ ਉਪਜਾਈਆ । ਗੁਰਮੁਖਾਂ ਕਰੇ ਖ਼ਬਰਦਾਰ, ਸ਼ਬਦ ਸੁਨੇਹੜਾ ਰਿਹਾ ਘਲਾਈਆ । ਪਰਗਟ ਹੋਏ ਨਰ ਨਿਰੰਕਾਰ, ਦਿਸ ਨਾ ਆਇਆ ਕਲਗੀ ਤੋੜਾ ਨਾਮ ਅਪਾਰ, ਜੋਤੀ ਜੋੜਾ ਜੋੜ ਜੁੜਾਈਆ । ਸ਼ਬਦ ਘੋੜਾ ਕਰ ਤਿਆਰ, ਸਾਚਾ ਆਸਣ ਲਾਈਆ । ਨੌਂ ਦਵਾਰੇ ਆਵੇ ਬਾਹਰ, ਦਸਵਾਂ ਖੋਜ ਖੁਜਾਈਆ । ਆਪੇ ਗੁਪਤ ਆਪੇ ਜਾਹਰ, ਆਪੇ ਬੂਝ ਬੁਝਾਈਆ । ਆਪ ਆਪਣੀ ਪਾਵੇ ਸਾਰ, ਏਕਾ ਦੂਜਾ ਭੇਵ ਮਿਟਾਈਆ । ਪੁਰਖ ਅਗੰਮਾ ਅਗੰਮੜੀ ਕਾਰ, ਭੇਵ ਨਾ ਜਾਣੇ ਰਾਈਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਪੰਚਮ ਮੁਖੀ ਪੰਚਮ ਤਾਜ ਆਪੇ ਰਿਹਾ ਬਣਾਈਆ । ਸਾਚਾ ਤਾਜ ਪੰਚਮ ਧਾਰ, ਪੰਚਮ ਦਿਸ਼ਾ ਵਹਾਇੰਦਾ । ਵੇਖੇ ਖੇਲ ਵਿਚ ਸੰਸਾਰ, ਸਾਚਾ ਹਿੱਸਾ ਮਾਤ ਵੰਡਾਇੰਦਾ । ਨਿਹਕਲੰਕੀ ਨਰ ਅਵਤਾਰ, ਦਹਿ ਦਿਸ਼ਾ ਵੇਖ ਵਖਾਇੰਦਾ । ਚਿੱਟੇ ਅਸਵ ਹੋ ਅਸਵਾਰ, ਲੋਆਂ ਪੁਰੀਆਂ ਪਾਰ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੋਹੰ ਉਪਰ ਸਾਚਾ ਲੇਖ, ਦੋਏ ਦੋਏ ਨੇਤਰ ਲੈਣਾ ਪੇਖ, ਸੋਹੰ ਸਾਚਾ ਮੇਲ ਮਿਲਾਇੰਦਾ । ਸ਼ਬਦ ਸੋਟੀ ਕਰ ਤਿਆਰ, ਨਾਮ ਮੁੱਠ ਲਗਾਇੰਦਾ । ਰਾਜ ਰਾਜਾਨਾਂ ਕਰੇ ਖ਼ਬਰਦਾਰ, ਦਰ ਦਵਾਰ ਖਾਲੀ ਹੱਥ ਵਖਾਇੰਦਾ । ਪਰਗਟ ਹੋਏ ਹਰਿ ਕਰਤਾਰ, ਲੁਕਿਆ ਕੋਈ ਰਹਿਣ ਨਾ ਦੇਵੇ ਗੁੱਠ, ਸੁਰਤੀ ਸ਼ਬਦ ਜਗਾਇੰਦਾ । ਅੰਤਮ ਵੇਲੇ ਦੇਵੇ ਕੁੱਠ, ਜੋ ਦਰ ਦਵਾਰੇ ਗਏ ਰੁੱਠ, ਲਹਿਣਾ ਦੇਣਾ ਮੂਲ ਚੁਕਾਇੰਦਾ । ਗੁਰ ਸੰਗਤ ਮੇਲ ਮਿਲਾਏ ਲੱਖ ਚੁਰਾਸੀ ਧਰਮ ਰਾਏ ਦਰ ਟੰਗੇ ਪੁਠ, ਨਾ ਅੰਤਮ ਕੋਇ ਛੁਡਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੋ ਹੱਥੀਂ ਰੱਖੇ ਸ਼ਬਦ ਦੁਹਰੀ ਮਾਰ ਕਰਾਇੰਦਾ । ਸ਼ਬਦ ਸੋਟੀ ਹੱਥ ਬਲਕਾਰ, ਆਪਣੇ ਹੱਥ ਉਠਾਈਆ । ਕਲਜੁਗ ਅੰਤਮ ਚੁੱਕਣਾ ਭਾਰ, ਸਾਚਾ ਹੁਕਮ ਸੁਣਾਈਆ । ਚਰਨ ਛੁਹਾਏ ਦਿੱਲੀ ਦਰਬਾਰ, ਵਾਲੀ ਹਿੰਦ ਸੇਵ ਲਗਾਈਆ । ਅੱਸੂ ਤਿੰਨ ਦਿਵਸ ਵਿਚਾਰ, ਪ੍ਰਭ ਸਾਚੀ ਜੋਤ ਜਗਾਈਆ । ਆਪੇ ਜਾਣੇ ਜਗਤ ਵਿਹਾਰ, ਭਗਤ ਭਗਵੰਤ ਅਚਰਜ ਰੀਤ ਬਣਾਈਆ । ਨਾ ਕੋਈ ਵੇਖੇ ਪਹਿਰੇਦਾਰ, ਨਾ ਸਕੇ ਮਾਤ ਉਠਾਈਆ । ਕਿਲੇ ਮੰਦਰ ਲਏ ਉਸਾਰ, ਪ੍ਰਭ ਜੋਤੀ ਰਿਹਾ ਢਾਈਆ । ਇਕ ਸੁਹਾਏ ਬੰਕ ਦਵਾਰ, ਘਰ ਸਾਚੇ ਵੱਜੇ ਵਧਾਈਆ । ਸੋ ਜਨ ਅੰਤਮ ਉਧਰੇ ਪਾਰ, ਪ੍ਰਭ ਚਰਨ ਸੱਚੀ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚੀ ਸੋਟੀ ਹੱਥ ਉਠਾਈਆ । ਪੰਚ ਧਾਰੀ ਕਾਲਾ ਰੰਗ, ਸਵਾ ਹੱਥ ਰਖਾਵਣਾ । ਸੋਹੰ ਅੱਖਰ ਹਰਿ ਸਮਰਥ, ਆਪਣਾ ਲੇਖ ਲਿਖਾਵਣਾ । ਪਰਗਟ ਹੋ ਹਰਿ ਪਰਤਖ, ਭਾਂਡਾ ਭਰਮ ਭੰਨਾਵਣਾ । ਸੰਤ ਸੁਹੇਲੇ ਲਏ ਰੱਖ ਮਨਮੁਖਾਂ ਅੰਤ ਖਪਾਵਣਾ । ਚਾਰੋਂ ਕੁੰਟ ਉਡੇ ਕੱਖ, ਵਾਲੀ ਹਿੰਦ ਜਣਾਵਣਾ । ਮੰਦਰ ਅੰਦਰ ਦਿਸਣ ਸੱਖ, ਸਾਚਾ ਰੰਗ ਨਾ ਕੋਈ ਸੁਹਾਵਣਾ ।

੭੪੨ ੦੫

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲੇਖਾ ਲੇਖ ਭਵਿਖਤ ਵਾਕ ਦਰ ਦਿੱਲੀ ਲਿਖਾਵਣਾ । ਪੰਚਮ ਨਿਸ਼ਾਨਾ ਪੰਚਮ ਮੁਖ, ਪੰਚਾਂ ਧਾਰ ਬੰਨ੍ਹਾਇੰਦਾ । ਹਰਿਜਨ ਉਤਰੇ ਸਗਲਾ ਦੁੱਖ, ਵਿਚ ਸੰਸਾਰ ਦਇਆ ਕਮਾਇੰਦਾ । ਇਕ ਉਤਾਰੇ ਤ੍ਰਿਸ਼ਨਾ ਭੁੱਖ, ਸਾਚਾ ਸੁਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੇ ਰੰਗ ਸਮਾਇੰਦਾ । ਪੰਚਮ ਜੋੜਾ ਚਿੱਟਾ ਤੰਦ, ਚਰਨ ਕਵਲ ਛੁਹਾਈਆ । ਨਾਤਾ ਤੁੱਟੇ ਬੱਤੀ ਦੰਦ, ਰਸਨਾ ਨਾ ਕੋਈ ਹਿਲਾਈਆ । ਬੀਸ ਇਕੀਸਾ ਮੇਟ ਮਿਟਾਏ ਮਧਰਾ ਮਾਸ ਗੰਦ, ਵਾਲੀ ਹਿੰਦ ਹੱਥ ਫੜਾਈਆ । ਸੋਹੰ ਸ਼ਬਦ ਸੁਣਾਏ ਸੁਹਾਗੀ ਛੰਦ, ਚਾਰ ਵਰਨਾਂ ਇਕ ਜਣਾਈਆ । ਇਕ ਉਪਜਾਏ ਪਰਮਾਨੰਦ, ਦਰ ਦਵਾਰੇ ਬੂਝ ਬੁਝਾਈਆ । ਸ਼ਬਦ ਚੜ੍ਹਾਏ ਸਾਚਾ ਚੰਦ, ਅਗਿਆਨ ਅੰਧੇਰ ਮਿਟਾਈਆ । ਸਰਬ ਜੀਆਂ ਸਾਚਾ ਬਖ਼ਸ਼ੰਦ, ਹਰਿ ਕਰਤਾ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਚਿੱਟਾ ਜੋੜਾ ਸ਼ਬਦ ਘੋੜਾ ਹੋਏ ਅਸਵਾਰ, ਵੇਖੇ ਥਾਉਂ ਥਾਈਂਆ । ਚਿੱਟਾ ਜੋੜਾ ਗੁਰਮੁਖ ਸੇਵ, ਪ੍ਰਭ ਸ਼ਬਦੀ ਮਾਤ ਜਣਾਈਆ । ਅੰਮ੍ਰਿਤ ਆਤਮ ਸਾਚਾ ਮੇਵ, ਧੁਰਦਰਗਾਹੀ ਰਿਹਾ ਖੁਵਾਈਆ । ਮਿਲੇ ਵਡਿਆਈ ਦੇਵੀ ਦੇਵ, ਉਤਮ ਜ਼ਾਤ ਕਰਾਈਆ । ਸਾਚਾ ਮੇਲਾ ਅਲਖ ਅਭੇਵ, ਭੇਦ ਅਭੇਦਾ ਮੁਖ ਵਖਾਈਆ । ਗੁਰਮੁਖ ਕਾਇਆ ਸਦਾ ਨਿਹਕੇਵ, ਰਸਨਾ ਜਿਹਵਾ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਸੰਗਤ ਸੇਵਾ ਲਾਈਆ । ਗੁਰ ਸੰਗਤ ਸੇਵਾ ਸਚ ਕਮਾਵਣੀ, ਪੰਚਮ ਮੁਖ ਸੁਹਾਇਆ । ਗੁਰ ਪੂਰੇ ਆਤਮ ਭਿਛਿਆ ਪਾਵਣੀ, ਆਤਮ ਸਹਿੰਸਾ ਰੋਗ ਮਿਟਾਇਆ । ਪੂਰ ਕਰਾਏ ਦਰ ਘਰ ਭਾਵਨੀ, ਕਲ ਦੁੱਖ ਰਹਿਣ ਨਾ ਪਾਇਆ । ਅੰਤਮ ਪੱਕੀ ਸਾਚੀ ਸਾਵਣੀ, ਸਤਾਰਾਂ ਹਾੜੀ ਬਣਤ ਬਣਾਇਆ । ਹੁਕਮ ਸੁਣਾਏ ਪਵਣ ਪਾਵਣੀ, ਪਵਣ ਪਾਣੀ ਵਿਚ ਸਮਾਇਆ । ਲੇਖ ਚੁਕਾਏ ਅਵਣ ਗਵਣੀ, ਅਵਣ ਗਵਣਾ ਵਿਚ ਫਿਰਾਇਆ । ਦਾਮਨ ਚਮਕੇ ਦਾਮਨ ਦਾਮਨੀ, ਕਾਮਨ ਕਾਮਨੀ ਦਏ ਮਿਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੰਚਮ ਮੇਲਾ ਰਿਹਾ ਮਿਲਾਈਆ । ਪੰਚਮ ਮੇਲਾ ਪੰਚ ਵਸਤ, ਪ੍ਰਭ ਸਾਚਾ ਹੱਥ ਫੜਾਇੰਦਾ । ਲਹਿਣਾ ਦੇਣਾ ਦਸਤ ਬਦਸਤ, ਆਪੇ ਬੈਠ ਸਾਚੇ ਹਸਤ, ਪੁਰਖ ਅਬਿਨਾਸ਼ੀ ਆਪ ਮੁਕਾਇੰਦਾ । ਹਰਿਜਨ ਰਹਿਣਾ ਸਦਾ ਮਸਤ, ਸ਼ਬਦ ਮਿਲਿਆ ਹਰਿ ਸਾਚਾ ਸਸਤ, ਮੁੱਲ ਕੋਈ ਨਾ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵਾਲੀ ਹਿੰਦ ਸੁਹਾਏ ਦਰ, ਸਾਚੀ ਵਸਤ ਟਿਕਾਇੰਦਾ । ਪੰਚਮ ਵਸਤ ਦਰ ਦਰਬਾਰ, ਆਪੇ ਦਏ ਟਿਕਾਇਆ । ਬੰਦ ਕਰਾਏ ਸ਼ਬਦ ਕਿਵਾੜ, ਆਤਮ ਕੁੰਡਾ ਲਾਹਿਆ । ਆਪੇ ਖੋਲ੍ਹੇ ਸਤਾਰਾਂ ਹਾੜ ਬੀਸ ਬੀਸਾ ਖ਼ੁਸ਼ੀ ਮਨਾਇਆ । ਦਿੱਲੀ ਢਿੱਲੀ ਹੋਏ ਉਜਾੜ, ਏਕਾ ਕੂਟ ਦਏ ਵਸਾਇਆ । ਆਪੇ ਵੇਖੇ ਧਰਤ ਮਾਤ ਤੇਰਾ ਅਖਾੜ, ਪ੍ਰਭ ਸਾਚੀ ਰਚਨ ਰਚਾਇਆ । ਜੀਵ ਜੰਤ ਚਬਾਏ ਆਪਣੀ ਦਾੜ੍ਹ, ਰਾਏ ਧਰਮ ਹੁਕਮ ਸੁਣਾਇਆ । ਨੌਂ ਦਵਾਰੇ ਰਿਹਾ ਪਾੜ, ਗੁਰਮੁਖ ਸਾਚੇ ਮਾਤ ਜਗਾਇਆ । ਸ਼ਬਦ ਘੋੜੇ ਦੇਵੇ ਚਾੜ੍ਹ, ਨਾਮ ਡੋਰੀ ਹੱਥ ਫੜਾਇਆ । ਧੁਰ ਦਰਗਾਹੀ ਬਣਾਏ ਸਾਚੇ ਲਾੜ, ਮਸਤਕ ਟਿੱਕਾ ਏਕਾ ਲਾਇਆ । ਜੋਤ ਜਗਾਏ ਬਹੱਤਰ ਨਾੜ, ਆਤਮ ਘਰ ਨਾਮ ਟਿਕਾਇਆ । ਆਪੇ ਹੋਏ ਪਿਛੇ ਅਗਾੜ, ਨੀਕਨ ਨੀਕਾ ਦਿਸ ਨਾ ਆਇਆ । ਗੁਰ ਸੰਗਤ ਲਹਿਣਾ ਸਤਾਰਾਂ ਹਾੜ, ਭੇਵ ਚੁਕਾਏ ਜੀਵ ਜਨ ਜੀਅ ਕਾ, ਲਹਿਣਾ ਦੇਵਣਹਾਰ ਆਪ ਅਖਵਾਇਆ । ਲਹਿਣਾ ਦੇਵਣਹਾਰ ਜਗਤ ਸੁਲਤਾਨਿਆ । ਗੁਰਮੁਖ ਮੰਗੇ ਮੰਗ ਅਪਾਰ ਵਿਚ ਜਹਾਨਿਆ । ਤਨ ਚਾੜ੍ਹੇ ਕਾਇਆ ਰੰਗ ਸ਼ਬਦ ਅਪਾਰ ਮਹਾਨਿਆ ।

ਅੰਮ੍ਰਿਤ ਧਾਰ ਵਹਾਏ ਗੰਗ, ਕਾਇਆ ਠੰਡੀ ਠਾਰ ਕਰਾਨਿਆ । ਤਾਲ ਵਜਾਏ ਨਾਮ ਮਰਦੰਗ, ਸਾਚਾ ਰਾਗ ਆਪ ਅਲਾਨਿਆ । ਬੈਠ ਹਰਿ ਸ਼ਬਦ ਪਲੰਘ, ਵੇਖੇ ਖੇਲ ਸ੍ਰੀ ਭਗਵਾਨਿਆ । ਗੁਰਮੁਖ ਵਿਰਲਾ ਅੰਦਰ ਜਾਏ ਲੰਘ, ਜਿਸ ਹੋਏ ਆਪ ਮਿਹਰਵਾਨਿਆ । ਜੋਤੀ ਸ਼ਬਦੀ ਸਾਚੀ ਸੰਗ, ਪਵਣੀ ਚਵਰ ਝੁਲਾਨਿਆ । ਅੰਗੀਕਾਰ ਲਾਏ ਅੰਗ, ਏਕਾ ਨਾਰੀ ਸਾਚਾ ਆਤਮ ਸੇਜ ਹੰਢਾਨਿਆ । ਕਲਜੁਗ ਕਾਇਆ ਰੰਗ ਬਸੰਤ, ਮਾਇਆ ਪਾਈ ਮਾਤ ਬੇਅੰਤ, ਗੁਰਮੁਖ ਵਿਰਲੇ ਆਪ ਜਗਾਏ ਚਤੁਰ ਸੁਘੜ ਸਿਆਨਿਆ । ਮਨਮੁਖ ਜੀਵ ਦੇਵ ਦੰਤ, ਆਤਮ ਹੋਣ ਭਸਮੰਤ, ਹਰਿ ਭਾਣਾ ਗੁਣ ਨਿਧਾਨਿਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਸੰਬਲ ਦੇਸ ਲੇਖ ਵੇਖ ਹਰਿ, ਗੁਰ ਗੋਬਿੰਦ ਪਛਾਨਿਆ । ਗੁਰ ਗੋਬਿੰਦ ਪਛਾਣ, ਮੇਲ ਮਿਲਾਇਆ । ਸਰਬ ਜੀਆਂ ਪ੍ਰਭ ਜਾਣੀ ਜਾਣ, ਸਾਚਾ ਖੇਲ ਰਚਾਇਆ । ਕਾਇਆ ਚਿਲੇ ਵੇਖ ਕਮਾਨ, ਸ਼ਬਦ ਤੀਰ ਚਲਾਇਆ । ਵੇਖੇ ਖੇਲ ਸ੍ਰੀ ਭਗਵਾਨ, ਸਾਚਾ ਮੇਲ ਮਿਲਾਇਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਪੰਚਮ ਮੀਤਾ, ਪੰਚਮ ਰੀਤਾ, ਪੰਚਮ ਰਹੇ ਸਦਾ ਅਤੀਤਾ, ਪੰਚਮ ਵਿਚ ਸਮਾਇਆ । ਪੰਚਮ ਸੰਗ ਨਿਭਾਵਣ ਆਇਆ, ਹੱਥੀਂ ਬੰਨ੍ਹੇ ਗਾਨਾ । ਪੱਲਾ ਨਾਮ ਫੜਾਵਣ ਆਇਆ, ਧੁਰ ਦਰਗਾਹੀ ਇਕ ਨਿਸ਼ਾਨਾ । ਸ਼ਬਦ ਘੋੜ ਚੜ੍ਹਾਵਣ ਆਇਆ, ਹਰਿ ਵਡ ਬਲੀ ਬਲਵਾਨਾ । ਜੋਤੀ ਜੋੜੇ ਜੋੜ ਜੁੜਾਵਣ ਆਇਆ, ਸ਼ਬਦ ਸੁਣਾਏ ਰਾਗ ਕਾਨਾ । ਸੋਹੰ ਸੋ ਸਾਚੇ ਹੋੜੇ ਨਿਰਗੁਣ ਸਰਗੁਣ ਜੋੜ, ਦਸਮ ਦਵਾਰੀ ਜੋੜਨ ਆਇਆ ਸਚ ਮਕਾਨਾ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਜਨ ਭਗਤਾਂ ਦੇਵੇ ਜੀਆ ਦਾਨਾ । ਸੋਹੰ ਹੋੜਾ ਦੋਏ ਮੁੱਖ, ਦੋਏ ਧਾਰ ਚਲਾਈਆ । ਨਿਰਗੁਣ ਰੂਪ ਧਾਰਾ ਸਾਚਾ ਸੁਖ, ਸਚ ਵਸਤ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਸਤਿ ਪੁਰਖ ਨਿਰੰਜਣ ਵੇਖ ਦਰ, ਸਤਿ ਸਤਿਵਾਦੀ ਸ਼ਬਦ ਅਨਾਦੀ, ਬੋਧ ਅਗਾਧੀ ਏਕਾ ਬਣਤ ਬਣਾਈਆ । ਬੋਧ ਅਗਾਧ ਸ਼ਬਦ ਜੈਕਾਰ, ਪ੍ਰਭ ਸਾਚਾ ਮਾਤ ਕਰਾਇੰਦਾ । ਕਲਜੁਗ ਤੇਰੀ ਅੰਤਮ ਵਾਰ, ਨਾਮ ਅਰਦਾਸਾ ਇਕ ਕਰਾਇੰਦਾ । ਗੁਰਮੁਖ ਵੇਖੇ ਸੁੱਤੇ ਕਿਹੜੇ ਘਰ, ਨਾ ਕੋਈ ਮਾਤ ਜਗਾਇੰਦਾ । ਚਾਰੇ ਕੁੰਟ ਲੱਗੀ ਅੱਗ ਆਵੇ ਡਰ, ਨਾ ਕੋਈ ਕਿਸੇ ਬੁਝਾਇੰਦਾ । ਮਸਤਕ ਟਿੱਕਾ ਕੇਸਰ ਜਗੇ ਜਗੇ ਜੋਤ ਲਿਲਾਟੀ ਸਾਚੇ ਮੱਟੇ ਔਖੀ ਘਾਟੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਖੋਲ੍ਹੇ ਬੰਦ ਦਰ ਜਗਤ ਦਵਾਰੇ ਨੌਂ ਵੇਖ ਸ੍ਰਿਸ਼ਟ ਸਬਾਈ ਫਿਰੇ ਹਲਕਾਈਆ । ਪ੍ਰਭ ਜੋਤੀ ਧਰਿਆ ਜਾਮਾ ਭੇਖ, ਦ੍ਰਿਸ਼ਟ ਇਸ਼ਟ ਨਾ ਕਿਸੇ ਖੁਲ੍ਹਾਈਆ । ਨਾ ਕੋਈ ਜਾਣੇ ਬਿਧਨਾ ਲਿਖੀ ਰੇਖ, ਨਾ ਸਕੇ ਮਾਤ ਮਿਟਾਈਆ । ਭਰਮੇ ਭੁੱਲੇ ਔਲੀਏ ਪੀਰ ਸ਼ੇਖ਼ ਗੌਂਸ ਕੁਤਬ ਮੁਸਾਇਕ ਦੇਣ ਦੁਹਾਈਆ । ਕੋਇ ਨਾ ਸਕੇ ਨੇਤਰ ਲੋਇਣ ਸਾਚੇ ਪੇਖ, ਸਾਧ ਸੰਤ ਬੇਅੰਤ ਰਹੇ ਧੂਣੀਆਂ ਤਾਈਆ । ਗੁਰਮੁਖ ਵਿਰਲੇ ਲੱਗੇ ਮਸਤਕ ਰੇਖ, ਨਾ ਸਕੇ ਮਾਤ ਮਿਟਾਈਆ । ਲੱਖ ਚੁਰਾਸੀ ਵਿਚੋਂ ਆਪੇ ਵੇਖ, ਜੋਤ ਸਰੂਪੀ ਦਰਸ ਦਿਖਾਈਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਸ਼ਬਦ ਨਿਸ਼ਾਨਾ ਨੌਂ ਖੰਡ ਪ੍ਰਿਥਮੀ ਸੱਤਾਂ ਦੀਪਾਂ ਅੰਤਮ ਮਾਤ ਝੁਲਾਈਆ । ਸ਼ਬਦ ਨਿਸ਼ਾਨ ਜਾਏ ਚੜ੍ਹ, ਬੀਸ ਬੀਸਾ ਦਏ ਦੁਹਾਈਆ । ਪੁਰਖ ਅਬਿਨਾਸ਼ੀ ਵੇਖੇ ਦੂਰ ਖੜ, ਈਸਾ ਮੂਸਾ ਦਏ ਦੁਹਾਈਆ । ਨਾ ਕੋਈ ਦਿਸੇ ਸੀਸ ਧੜ, ਸੰਗ ਮੁਹੰਮਦ ਚਾਰ ਯਾਰ, ਗਲ ਵਿਚ ਪੱਲੇ ਬੈਠੇ ਪਾਈਆ । ਚਾਰੋਂ ਕੁੰਟ ਦਿਸੇ ਉਜਾੜ, ਧਰਤ ਮਾਤ ਤੇਰਾ ਇਕ ਅਖਾੜ ਮੌਤ ਲਾੜੀ ਖੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖਾਂ ਬਜਰ

੭੪੪
੦੫

ਕਪਾਟੀ ਪਾੜ, ਜੋਤੀ ਨਿਰਮਲ ਨੂਰ ਜਗਾਈਆ । ਬਜਰ ਕਪਾਟੀ ਮਾਇਆ ਪੜਦਾ, ਪ੍ਰਭ ਆਪਣਾ ਆਪ ਰਖਾਇਆ । ਜੀਵ ਜੰਤ ਵਿਚ ਅਗਨੀ ਸੜਦਾ, ਨਾ ਕੋਈ ਅੰਮ੍ਰਿਤ ਜਾਮ ਪਿਆਇਆ । ਜੁਗਾ ਜੁਗੰਤਰ ਸਭ ਘਾੜਨ ਘਾੜ ਘੜਦਾ, ਆਪਣੇ ਭਾਣੇ ਵਿਚ ਸਮਾਇਆ । ਗੁਰਮੁਖ ਵਿਰਲਾ ਔਖੀ ਘਾਟੀ ਚੜ੍ਹਦਾ, ਪ੍ਰਭ ਡੰਡਾ ਸ਼ਬਦ ਹੱਥ ਉਠਾਇਆ । ਅੱਖਰ ਵੱਖਰ ਜੋ ਜਨ ਪੜ੍ਹਦਾ, ਮਸਤਕ ਲੇਖਾ ਦਏ ਮਿਟਾਇਆ । ਦਰ ਦਵਾਰੇ ਸਾਚੇ ਵੜਦਾ, ਗੁਰ ਚਰਨ ਸਰਨ ਚਿਤ ਲਾਇਆ । ਲੇਖ ਮਿਟਾਏ ਅਸਥੂਲ ਜੜ੍ਹ ਦਾ, ਸੋ ਅਗੰਮ ਰੂਪ ਵਟਾਇਆ । ਸ੍ਰਿਸ਼ਟ ਸਬਾਈ ਅਗੇ ਪਰਦਾ, ਦਿਸ ਕਿਸੇ ਨਾ ਆਇਆ । ਘਟ ਘਟ ਅੰਦਰ ਆਪੇ ਵੜਦਾ, ਨੌਂ ਦਰਵਾਜ਼ੇ ਬੰਦ ਕਰਾਇਆ । ਪੌੜੀ ਪੌੜੀ ਮੰਜ਼ਲ ਚੜ੍ਹਦਾ, ਮਹੱਲ ਅਟੱਲ ਇਕ ਸੁਹਾਇਆ । ਦਸਮ ਦਵਾਰੀ ਕੁੰਡਾ ਫੜਦਾ, ਪਹਿਰੇਦਾਰ ਟਿਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਸ਼ਬਦੀ ਸੰਗ ਰਲਾਇਆ । ਸ਼ਬਦ ਗੁਰ ਹੋ ਤਿਆਰ, ਅੰਦਰ ਮੰਦਰ ਦਏ ਸੁਹਾਈਆ । ਆਪੇ ਕਰੇ ਖ਼ਬਰਦਾਰ, ਪਹਿਰੇਦਾਰ ਆਪ ਅਖਵਾਈਆ । ਫੜ ਫੜ ਬਾਹੋਂ ਲਾਏ ਪਾਰ, ਸਾਚਾ ਬੇੜਾ ਰਿਹਾ ਬੰਧਾਈਆ । ਨਾ ਕੋਈ ਲੁੱਟੇ ਚੋਰ ਯਾਰ, ਪੰਜਾਂ ਚੋਰਾਂ ਦਏ ਦੁਰਕਾਈਆ । ਸ਼ਬਦ ਘੋੜਾ ਤਨ ਸ਼ਿੰਗਾਰ, ਜੋਤੀ ਜੋੜੇ ਦਏ ਮੇਲ ਮਿਲਾਈਆ । ਆਪੇ ਬੈਠਾ ਅਧ ਵਿਚਕਾਰ, ਸਾਚੀ ਰਚਨ ਰਚਾਈਆ । ਸੱਤਾਂ ਦੀਪਾਂ ਰੂਪ ਅਪਾਰ, ਜੰਬੂ ਦੀਪ ਸੁਹਾਈਆ । ਦਸਮ ਦਵਾਰੀ ਚਿੱਟੀ ਧਾਰ, ਆਪਣੀ ਆਪ ਵਹਾਈਆ । ਸੁਨ ਅਗੰਮੇ ਆਇਆ ਪਾਰ, ਨਾਦ ਅਨਾਦਾ ਢੋਲ ਵਜਾਈਆ । ਓਅੰਕਾਰ ਏਕੰਕਾਰ, ਆਪਣਾ ਅੰਕ ਕਰਾਈਆ । ਜੋਤ ਸਰੂਪੀ ਪਸਰ ਪਸਾਰ, ਸਤਿ ਪੁਰਖਾ ਵਿਚ ਸਮਾਈਆ । ਸਤਿ ਪੁਰਖਾ ਜਾਣੇ ਆਪਣੀ ਧਾਰ, ਸਚ ਸਿੰਘਾਸਣ ਡੇਰਾ ਲਾਈਆ । ਹਰਿ ਸਿੰਘਾਸਣ ਅਪਰ ਅਪਾਰ, ਜੋਤੀ ਨੂਰ ਸਵਾਈਆ । ਜੋਤੀ ਨੂਰ ਹਰਿ ਕਰਤਾਰ, ਲੱਖ ਚੁਰਾਸੀ ਵਿਚ ਟਿਕਾਈਆ । ਲੱਖ ਚੁਰਾਸੀ ਬੰਨ੍ਹੇ ਧਾਰ, ਜੁਗ ਜੁਗ ਬਣਤ ਬਣਾਈਆ । ਸੰਤ ਸੁਹੇਲਾ ਮੀਤ ਮੁਰਾਰ, ਲੋਕਮਾਤ ਆਵੇ ਵਾਹੋ ਦਾਹੀਆ । ਕਲਜੁਗ ਕਰਮਾਂ ਰਿਹਾ ਵਿਚਾਰ, ਧਰਤ ਮਾਤ ਦਏ ਦੁਹਾਈਆ । ਨਿਹਕਲੰਕ ਲਏ ਅਵਤਾਰ, ਗੁਰ ਗੋਬਿੰਦਾ ਲੇਖ ਲਿਖਾਈਆ । ਸ਼ਬਦ ਡੰਕ ਅਪਰ ਅਪਾਰ, ਚਾਰੋਂ ਕੁੰਟ ਰਿਹਾ ਵਜਾਈਆ । ਰਾਜ ਰਾਜਾਨਾ ਕਰੇ ਖ਼ਬਰਦਾਰ, ਗੁਰੂਆਂ ਪੀਰਾਂ ਦਏ ਹਿਲਾਈਆ । ਗੁਰਸਿਖਾਂ ਹੋਇਆ ਪਹਿਰੇਦਾਰ, ਨੰਗੀਂ ਪੈਰੀਂ ਸੇਵ ਕਮਾਈਆ । ਦੋ ਜਹਾਨੀ ਸਾਚਾ ਯਾਰ, ਕਲਜੁਗ ਅੰਤਮ ਮੇਲ ਮਿਲਾਈਆ । ਲੱਖ ਚੁਰਾਸੀ ਨਾਰ ਬਾਂਝ, ਸ਼ਬਦ ਪੂਤ ਨਾ ਗੋਦ ਉਠਾਈਆ । ਮਾਤਾ ਪਿਤਾ ਪੂਤ ਪਿਆਰ ਨਾ ਦਿਸੇ ਕਿਸੇ ਸਾਂਝਾ, ਅੰਤਮ ਕੋਇ ਨਾ ਸੰਗ ਨਿਭਾਈਆ । ਰੂਹ ਨਿਮਾਣੀ ਸਾਚੀ ਹੀਰ ਸ਼ਬਦ ਗੁਰ ਸਾਚਾ ਰਾਂਝਾ, ਨਾਦ ਅਨਾਦਾ ਵੰਵਲੀ ਵਜਾਈਆ । ਆਪੇ ਵੇਖੇ ਬੋਧ ਅਗਾਧਾ, ਜਾਣੇ ਖੇਲ ਵਿਚ ਬ੍ਰਹਿਮਾਦਾ, ਗੋਬਿੰਦ ਗੋਬਿੰਦ ਤੇਰੀ ਧਾਰ ਸੁਹਾਈਆ । ਗੋਬਿੰਦ ਤੇਰੀ ਧਾਰ ਵਿਚ ਬ੍ਰਹਿਮਾਦਿਆ । ਪੁਰਖ ਅਬਿਨਾਸ਼ੀ ਪਾਏ ਸਾਰ, ਆਦਿਨ ਅੰਤਾ ਆਦਿ ਬ੍ਰਹਿਮਾਦਿਆ । ਸਾਚੇ ਸੰਤਾਂ ਦਏ ਹੁਲਾਰ, ਮੇਲ ਮਿਲਾਏ ਮੋਹਣ ਮਾਧਵ ਮਾਧਿਆ । ਏਕਾ ਘਰ ਏਕੰਕਾਰ ਸਤਿ ਸਰੂਪੀ ਸਾਚੀ ਧਾਰ, ਸਚ ਵਸਤ ਨਾ ਕਿਸੇ ਲਾਧੀਆ । ਅੱਖਰ ਵੱਖਰ ਰਿਹਾ ਵਿਚਾਰ, ਰੋੜੀ ਸੱਖਰ ਮਾਰੇ ਮਾਰ, ਲੇਖ ਚੁਕਾਏ ਪਿਉਂ ਦਾਦਿਆ । ਸੰਗ ਰਲਾਏ ਮੁਹੰਮਦ ਚਾਰ ਯਾਰ, ਅੱਲਾ ਰਾਣੀ ਹੋਏ ਖੁਆਰ, ਕਾਲੀ ਚੁੰਨੀ ਸਿਰ ਸਰਦਾਰ, ਪੁਰਖ ਅਬਿਨਾਸ਼ੀ ਦੇਵੇ ਪਾੜ, ਨਾ ਕੋਈ ਦਿਸੇ ਲਾੜੀ ਲਾੜ, ਸਤਾਰਾਂ ਹਾੜੀ ਅਗਨੀ ਜੋਤੀ ਦੇਵੇ ਸਾੜ, ਮਗਰ ਲਗਾਏ ਪੰਚਮ ਧਾੜ,

ਰਾਹ ਖਹਿੜਾ ਨਜ਼ਰ ਨਾ ਆਈਆ । ਆਪੇ ਵੇਖੇ ਪੁਰੀਆਂ ਲੋਆਂ ਪੁਰਖ ਅਬਿਨਾਸ਼ੀ ਮਾਰ ਧਿਆਨਾ, ਸ਼ਬਦ ਸਰੂਪੀ ਬੈਠ ਬਿਬਾਣਾ, ਲੱਖ ਚੁਰਾਸੀ ਵੇਖ ਵਖਾਈਆ । ਜਨ ਭਗਤਾਂ ਦੇਵੇ ਜੀਆ ਦਾਨਾ, ਹੱਥੀਂ ਬੰਨ੍ਹੇ ਨਾਮ ਗਾਨਾ, ਚਰਨ ਧੂੜ ਸੱਚਾ ਇਸ਼ਨਾਨਾ, ਦਰਸ ਨੇਤਰ ਸਾਚਾ ਮਜਨ ਦੋ ਜਹਾਨਾਂ ਆਪ ਕਰਾਈਆ । ਕਲਜੁਗ ਮੇਲਾ ਸਾਚੇ ਸੱਜਣ, ਦੂਈ ਦਵੈਤੀ ਭਾਂਡੇ ਭੱਜਣ, ਗੁਰਮੁਖਾਂ ਆਇਆ ਪਰਦੇ ਕੱਜਣ, ਸ਼ਬਦ ਦੁਸ਼ਾਲਾ ਉਪਰ ਪਾਈਆ । ਮਦਿਰਾ ਮਾਸ ਜੋ ਜਨ ਤਜਣ, ਸਚ ਦਵਾਰੇ ਬਹਿ ਬਹਿ ਸੱਜਣ, ਅੰਮ੍ਰਿਤ ਪੀ ਪੀ ਦਰ ਦਰ ਰੱਜਣ, ਆਤਮ ਤ੍ਰਿਸ਼ਨਾ ਭੁੱਖ ਮਿਟਾਈਆ । ਇਕ ਕਰਾਏ ਮੱਕਾ ਕਾਅਬਾ ਹੱਜਣ, ਦੋ ਦੋਆਬਾ ਰੰਗ ਸ਼ਤਾਬਾ, ਆਪੇ ਵੇਖੇ ਹੱਕ ਜ਼ਨਾਬਾ, ਕਾਇਆ ਵਜਾਏ ਸਚ ਰਬਾਬਾ, ਸੋਹੰ ਤਾਰ ਹਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖਾਂ ਕਰੇ ਸ਼ਬਦ ਕੁੜਮਾਈਆ । ਗੁਰਮੁਖ ਸਾਚੇ ਸਗਲ ਸੁਖ, ਆਤਮ ਚਿੰਦਿਆ ਉਤਰੇ ਦੁੱਖ, ਭਾਂਡਾ ਭਰਮ ਭੰਨਾਈਆ । ਸੁਫਲ ਕਰਾਏ ਮਾਤ ਕੁੱਖ, ਉਜਲ ਕਰੇ ਜਗਤ ਮੁਖ, ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਤੇਰਾ ਲਹਿਣਾ ਦੇਣਾ ਮੂਲ ਚੁਕਾਈਆ । ਕਲਜੁਗ ਲਹਿਣਾ ਜਾਏ ਚੁੱਕ, ਪ੍ਰਭ ਸਾਚਾ ਮਾਤ ਚੁਕਾਇੰਦਾ । ਸਤਿਜੁਗ ਭਾਰ ਲਏ ਚੁੱਕ, ਗੁਰ ਪੂਰਾ ਸੇਵਾ ਲਾਇੰਦਾ । ਮਨਮੁਖਾਂ ਮੁਖ ਪੈਣਾ ਥੁੱਕ, ਨਾ ਕੋਈ ਕਿਸੇ ਬਚਾਇੰਦਾ । ਜੂਠਾ ਝੂਠਾ ਬੂਟਾ ਰਿਹਾ ਸੁੱਕ, ਅੰਮ੍ਰਿਤ ਸਿੰਚ ਨਾ ਕੋਇ ਹਰਾ ਕਰਾਇੰਦਾ । ਸਿੰਘ ਸ਼ੇਰ ਸ਼ੇਰ ਦਲੇਰ ਅੰਤਮ ਰਿਹਾ ਬੁੱਕ, ਹਰਿ ਮਰਗਿੰਦ ਵਾਲੀ ਹਿੰਦ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨੌਂ ਦਵਾਰੇ ਵੇਖ ਘਰ, ਸਚ ਦਵਾਰੇ ਆਸਣ ਲਾਇੰਦਾ । ਪਾਰਬ੍ਰਹਮ ਸਰਨਾਈ, ਬ੍ਰਹਮ ਜਣਾਈਆ । ਆਤਮ

੭੪੬ ਘਰ ਵੱਜੇ ਵਧਾਈ, ਮੰਗਲਾਚਾਰ ਰਿਹਾ ਸੁਣਾਈਆ । ਨਾ ਕੋਈ ਜਾਣੇ ਜੰਤ ਲੁਕਾਈ, ਮੰਦਰ ਅੰਦਰ ਖੇਲ ਰਚਾਈਆ । ਗੁਰਮੁਖ ਸਾਚਾ ਵੇਖੇ ੭੪੬

੦੫ ਚਾਈਂ ਚਾਈਂ, ਜਿਸ ਜਨ ਆਪੇ ਰਿਹਾ ਵਖਾਈਆ । ਆਪ ਵਖਾਏ ਫੜ ਫੜ ਬਾਹੀਂ, ਢੋਲ ਮਰਦੰਗ ਨਾਮ ਵਜਾਈਆ । ਸ਼ਬਦ ਸੁਹੇਲਾ ਦੇਵੇ ੦੫

ਠੰਡੀਆਂ ਛਾਈਂ, ਨਾਮ ਰੰਗਾ ਰੰਗ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕ ਵਖਾਏ ਸਾਚੀ ਗੰਗਾ, ਹਰਿ ਚਰਨ ਸੱਚੀ ਸਰਨਾਈਆ । ਅਠਸਠ ਤੀਰਥ ਕਲਜੁਗ ਤਾਟ, ਕਲਜੁਗ ਹੱਟ ਵਿਕਾਇੰਦਾ । ਗੁਰਮੁਖ ਵਿਰਲਾ ਲਾਹਾ ਲਏ ਖਾਟ, ਗੁਰ ਚਰਨੀ ਚਿਤ ਲਾਇੰਦਾ । ਸਰ ਸਰੋਵਰ ਕਾਇਆ ਮਾਟ, ਤੀਰਥ ਨੁਹਾਵਨ ਆਪ ਨੁਹਾਇੰਦਾ । ਵਣਜ ਕਰਾਏ ਸਾਚੇ ਹਾਟ, ਵਸਤ ਅਮੋਲਾ ਝੋਲੀ ਪਾਇੰਦਾ । ਨਿਝਰ ਰਸ ਲੈਣਾ ਚਾਟ, ਸਚ ਧਾਰਾ ਆਪ ਵਹਾਇੰਦਾ । ਦੀਪਕ ਜੋਤੀ ਵੇਖ ਲਿਲਾਟ, ਅਗਿਆਨ ਅੰਧੇਰ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖਾਂ ਪੂਰੀ ਘਾਟ, ਸਿਰ ਆਪਣਾ ਹੱਥ ਰਖਾਇੰਦਾ । ਜਗਤ ਭਗਤੀ ਚਰਨ ਧਿਆਨ, ਏਕਾ ਏਕ ਰਖਾਈਆ । ਨਾਮ ਸ਼ਕਤੀ ਗੁਣ ਨਿਧਾਨ, ਸਾਚੀ ਸੇਵ ਲਗਾਈਆ । ਬੂੰਦ ਰਕਤੀ ਵੇਖ ਵਖਾਣ, ਆਦਿ ਸ਼ਕਤੀ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖਾਂ ਬਣਤ ਬਣਾਈਆ । ਗੁਰਮੁਖ ਰੰਗ ਚਲੂਲ, ਕਾਇਆ ਆਪ ਚੜ੍ਹੰਨਿਆਂ । ਦਰ ਦਵਾਰਾ ਨਾ ਜਾਣਾ ਭੂਲ, ਰਾਏ ਧਰਮ ਨਾ ਦੇਵੇ ਡੰਨਿਆਂ । ਹੱਥ ਫੜਾਏ ਸ਼ਬਦ ਤ੍ਰਿਸੂਲ, ਪੰਚਾਂ ਬੇੜਾ ਦੇਵੇ ਬੰਨ੍ਹਿਆਂ । ਆਪ ਚੁਕਾਏ ਅਗਲਾ ਪਿਛਲਾ ਮੂਲ, ਸਾਚਾ ਰਾਗ ਸੁਣਾਏ ਕੰਨਿਆ । ਸ਼ਬਦ ਸਿੰਘਾਸਣ ਹਰਿ ਬਿਰਾਜੇ ਨਾ ਕੋਈ ਪਾਵਾ ਨਾ ਕੋਈ ਚੂਲ, ਨਾ ਜਨਣੀ ਕਿਸੇ ਜਣਿਆਂ । ਜੋਤੀ ਜੋਤ ਸਰੂਪ ਹਰਿ, ਆਪ

ਆਪਣੀ ਜੋਤ ਧਰ, ਗੁਰਮੁਖਾਂ ਮੇਲ ਸਚ ਘਰ, ਕਵਣ ਦਵਾਰੇ ਚੜ੍ਹਿਆ ਸਾਚਾ ਚੰਨਿਆ । ਕਵਣ ਸ਼ਬਦ ਸ਼ਬਦ ਪਰਕਾਸ਼ ਕਰੇ ਲੋਅ ਅਕਾਰਾ । ਕਵਣ ਤੇਜ ਪੁਰਖ ਅਬਿਨਾਸ਼ ਮੇਟੇ ਧੁੰਦੂਕਾਰਾ । ਕਵਣ ਪ੍ਰਿਥਮੀ ਵੇਖ ਅਕਾਸ਼, ਖੇਲੇ ਖੇਲ ਅਪਾਰਾ । ਕਵਣ ਮੰਡਲ ਪਾਏ ਰਾਸ, ਕਰੇ ਕਰਾਏ ਸ਼ਬਦ ਜੈਕਾਰਾ । ਕਵਣ ਚਲਾਏ ਸੁਵਾਸ ਸੁਵਾਸ, ਅਗੰਮ ਅਗੰਮੀ ਧਾਰਾ । ਕਵਣ ਵਸੇ ਜਨ ਸਦਾ ਪਾਸ, ਆਦਿ ਅੰਤ ਦਏ ਹੁਲਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖਾਂ ਵੇਖੇ ਇਕ ਘਰ, ਸੁਹਾਏ ਇਕ ਬੰਕ ਦਵਾਰਾ । ਬੰਕ ਦਵਾਰੇ ਸਾਚਾ ਤਾਲ, ਅਨਹਦ ਰਾਗ ਵੱਜਿਆ । ਅੰਮ੍ਰਿਤ ਆਤਮ ਮਾਰ ਉਛਾਲ, ਆਵੇ ਬਾਹਰ ਭੱਜਿਆ । ਦੋਵੇਂ ਵੇਖਣ ਕਾਲ ਮਹਾਂਕਾਲ, ਉਪਰ ਨੀਚੇ ਸੱਜਿਆ । ਕਵਣ ਕਰੇ ਅੰਤ ਪ੍ਰਿਤਪਾਲ, ਕਲਜੁਗ ਦਮਾਮਾ ਵੱਜਿਆ । ਪੁਰਖ ਅਬਿਨਾਸ਼ੀ ਚਲੇ ਅਵੱਲੜੀ ਚਾਲ, ਜੁਗ ਜੁਗ ਰੱਖਦਾ ਆਇਆ ਲੱਜਿਆ । ਵੇਖੇ ਖੇਲ ਕਾਇਆ ਮਾਟੀ ਖਾਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚ ਦਵਾਰੇ ਬਹਿ ਬਹਿ ਸਜਿਆ । ਘਰ ਘਰ ਵੱਜੇ ਨਾਦ, ਹਰਿ ਪ੍ਰਭ ਵਜਾਵਣਾ । ਆਤਮ ਆਪੇ ਦੇਵੇ ਸਾਧ, ਸਤਿ ਸੰਤੋਖ ਵਰਤਾਵਣਾ । ਕਰੇ ਖੇਲ ਵਿਚ ਬ੍ਰਹਿਮਾਦ, ਏਕਾ ਜੋਗ ਕਮਾਵਣਾ । ਸੰਤ ਸੁਹੇਲੇ ਲਏ ਲਾਧ, ਦੀਪਕ ਜੋਤ ਜਗਾਵਣਾ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਸੰਮਤ ਸੰਮਤੀ ਆਪ ਸੁਹਾਵਣਾ । ਨਿਰਗੁਣ ਰੂਪ ਅਪਾਰ, ਸਰਗੁਣ ਸਮਾਇਆ । ਸਰਗੁਣ ਬੰਨ੍ਹੇ ਧਾਰ, ਦਰ ਘਰ ਮੰਦਰ ਵੇਖੇ ਆਇਆ । ਜੋਗੀ ਯਤੀਏ ਕਰਮ ਵਿਚਾਰ, ਆਤਮ ਰਤੀਏ ਲਿਆ ਉਠਾਇਆ । ਹਠੀਏ ਸਤੀਏ ਲਹਿਣੇਦਾਰ, ਪੂਰਬ ਲਹਿਣਾ ਝੋਲੀ ਪਾਇਆ । ਤੀਰਥ ਤਟੀਏ ਹਾਹਾਕਾਰ, ਮਾਇਆ ਰਾਣੀ ਫਿਰੇ ਹਲਕਾਇਆ । ਲੱਖ ਚੁਰਾਸੀ ਨੌਂ ਦਵਾਰ ਮਾਇਆ ਮਮਤਾ ਮੋਹ ਵਧਾਇਆ । ਲੋਕਮਾਤੀ ਧੁੰਦੂਕਾਰ, ਅਗੰਮ ਅਗੰਮਾ ਦਿਸ ਨਾ ਆਇਆ । ਗੁਰਮੁਖ ਵਿਰਲਾ ਉਤਰੇ ਪਾਰ, ਪੁਰਖ ਅਬਿਨਾਸ਼ੀ ਦਰਸ਼ਨ ਪਾਇਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਜਗਤ ਭਾਣਾ ਰਿਹਾ ਸੁਣਾਇਆ । ਹਰਿ ਭਾਣਾ ਬਲਵਾਨ, ਹੱਥ ਰਖਾਇਆ । ਅਠੇ ਪਹਿਰ ਨੌਜਵਾਨ, ਸਮਰਥ ਸਹਿਜ ਸੁਖਦਾਇਆ । ਏਕਾ ਵੇਖੇ ਮਾਰ ਧਿਆਨ, ਲੋਆਂ ਪੁਰੀਆਂ ਵੇਖ ਵਖਾਇਆ । ਬ੍ਰਹਮਾ ਸ਼ਿਵ ਹੋਏ ਹੈਰਾਨ, ਕਰੋੜ ਤੇਤੀਸਾ ਰਿਹਾ ਜਗਾਇਆ । ਲੋਕਮਾਤੀ ਕਰੇ ਪਛਾਣ, ਜਗਤ ਜਗਦੀਸਾ ਸੇਵਾ ਲਾਇਆ । ਨੌਂ ਦਵਾਰੇ ਝੂਠ ਦੁਕਾਨ, ਬੀਸ ਇਕੀਸਾ ਦਏ ਮਿਟਾਇਆ । ਪੰਚਮ ਨਾਤਾ ਕਲ ਪਰਧਾਨ, ਪੁਰਖ ਬਿਧਾਤਾ ਮੁਖ ਛੁਪਾਇਆ । ਉਤਮ ਜ਼ਾਤਾ ਗੁਣ ਨਿਧਾਨ, ਗੁਰਮੁਖਾਂ ਰਿਹਾ ਸੁਣਾਇਆ । ਆਪੇ ਪਿਤਾ ਆਪੇ ਮਾਤਾ, ਹਰਿਜਨ ਸਾਚੇ ਗੋਦ ਉਠਾਇਆ । ਦੇਵਣ ਆਇਆ ਸਾਚੀ ਦਾਤਾ, ਧੁਰ ਫ਼ਰਮਾਣਾ ਨਾਮ ਸੁਣਾਇਆ । ਆਪੇ ਰਹੇ ਇਕ ਇਕਾਂਤਾ, ਘਟ ਮੰਦਰ ਡੇਰਾ ਲਾਇਆ । ਅੰਮ੍ਰਿਤ ਦੇਵੇ ਬੂੰਦ ਸਵਾਂਤਾ, ਨਿੱਝਰ ਧਾਰ ਵਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਸੰਤ ਜਨਾਂ ਸਾਚੇ ਹੱਟ ਵਿਕਾਇਆ । ਸਾਚਾ ਹੱਟ ਜਗਤ ਵਣਜਾਰਾ, ਪ੍ਰਭ ਆਪਣਾ ਆਪ ਕਰਾਇੰਦਾ । ਗੁਰਮੁਖਾਂ ਮੇਲਾ ਮੀਤ ਮੁਰਾਰਾ, ਦਵਾਰ ਬੰਕ ਇਕ ਸੁਹਾਇੰਦਾ । ਸਾਚਾ ਬਖ਼ਸ਼ੇ ਚਰਨ ਪਿਆਰਾ, ਰਾਉ ਰੰਕ ਨਾ ਕੋਈ ਜਣਾਇੰਦਾ । ਊਚਾਂ ਨੀਚਾਂ ਏਕਾ ਧਾਰਾ, ਏਕਾ ਧਾਮ ਸੁਹਾਇੰਦਾ । ਆਪ ਵਸੇ ਹੋ ਹੋ ਬਾਹਰਾ, ਆਪ ਆਪਣਾ ਮੁਖ ਛੁਪਾਇੰਦਾ । ਗੁਰਸਿਖ ਸਾਜਣ ਸਾਚੀ ਨਾਰਾ, ਹਰਿ ਕੰਤ ਨਾਲ ਰਲਾਇੰਦਾ । ਦੋਹਾਂ ਮੇਲਾ ਇਕ ਦਵਾਰਾ, ਏਕਾ ਰੂਪ ਸਮਾਇੰਦਾ । ਲੇਖਾ ਜਾਣੇ ਅਪਰ ਅਪਾਰਾ, ਸਾਚੀ ਬਣਤ ਬਣਾਇੰਦਾ । ਜੋਤੀ ਜੋਤ

ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਸੰਮਤ ਚੌਦਾਂ ਚੌਦਾਂ ਲੋਕ ਇਕ ਚਲਾਏ ਸ਼ਬਦ ਸਲੋਕ, ਸ਼ਬਦ ਸੁਨੇਹੜਾ ਇਕ ਘਲਾਇੰਦਾ । ਚੌਦਾਂ ਲੋਕ ਚੌਦਾਂ ਹੱਟ, ਚੌਦਾਂ ਮੁਖ ਰਖਾਈਆ । ਜਨ ਭਗਤਾਂ ਦੁਰਮਤ ਮੈਲ ਰਿਹਾ ਕੱਟ, ਦੇਵਤ ਸੁਰ ਅਸੁਰ ਜਗਾਈਆ । ਮੇਟਣ ਆਇਆ ਸ਼ਰਾਇਤੀ ਫਟ, ਇਕ ਹਦਾਇਤੀ ਹੁਕਮ ਜਣਾਈਆ । ਜੋਤੀ ਜੋਤ ਸਰੂਪ ਹਰਿ, ਲੇਖ ਚੁਕਾਏ ਤੀਰਥ ਤਟ ਏਕਾ ਆਤਮ ਸਰ ਸਚ ਸਰੋਵਰ ਇਸ਼ਨਾਨ ਕਰਾਈਆ । ਇਕ ਇਸ਼ਨਾਨਾ ਆਤਮ ਘਰ, ਪ੍ਰਭ ਸਾਚੇ ਆਪ ਕਰਾਵਣਾ । ਨਾ ਜਨਮੇ ਨਾ ਜਾਏ ਮਰ, ਜਗਤ ਜਗਦੀਸਾ ਦੇਵੇ ਵਰ, ਪੱਲੇ ਨਾਮ ਬੰਨਾਵਣਾ । ਵਰਨ ਅਵਰਨੀ ਬਰਨ ਬਰਨੀ ਏਕਾ ਰਿਹਾ ਕਰ, ਧਿਆਨ ਪੰਚਾਂ ਵਿਚ ਸਮਾਵਣਾ । ਰਾਜ ਰਾਜਾਨਾ ਸ਼ਾਹ ਸੁਲਤਾਨਾ ਏਕਾ ਰਾਹ ਵਖਾਵਣਾ । ਨਾ ਕੋਈ ਦਿਸੇ ਪੁਰਖ ਨਾਰੀ ਨਰ, ਲਜ ਪਤ ਨਾ ਕੋਈ ਰਖਾਵਣਾ । ਪ੍ਰਭ ਕਾ ਭਾਣਾ ਲੈਣਾ ਜਰ, ਗੁਰਮੁਖ ਸਾਚੇ ਸਾਚਾ ਹੁਕਮ ਸੁਣਾਵਣਾ । ਚਰਨ ਕਵਲ ਜਨ ਜਾਣਾ ਤਰ, ਧੁਰ ਮਸਤਕ ਲੇਖ ਲਿਖਾਵਣਾ । ਧਰਮ ਰਾਏ ਦਾ ਚੁੱਕੇ ਡਰ, ਮਸਤਕ ਧੂੜ ਛੁਹਾਵਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਜਿਉਂ ਬਲ ਬਾਵਨਾ । ਬਾਵਨ ਖੇਲ ਬਾਲ ਅਵਸਥਾ, ਸਤਿਜੁਗ ਰਚਨ ਰਚਾਈਆ । ਕਲਜੁਗ ਵੇਲਾ ਅੰਤਮ ਮਸਤਾ, ਮਾਇਆ ਰਾਣੀ ਬੱਧਾ ਬਸਤਾ, ਪੰਡਤ ਪਾਂਧੇ ਰਹੇ ਸਿਰ ਉਠਾਈਆ । ਗੁਰੂ ਗ੍ਰੰਥ ਜਨ ਕੀਤਾ ਸਸਤਾ, ਪੰਜਾਂ ਪੰਜਾਂ ਵੇਚ ਵਿਚਾਈਆ । ਆਤਮ ਅੰਤਮ ਕੋਇ ਨਾ ਮਿਲਿਆ ਸਾਚਾ ਰਸਤਾ, ਪ੍ਰਭ ਦਰਸ਼ਨ ਲੋਇਣ ਪਾਈਆ । ਪੁਰਖ ਅਬਿਨਾਸ਼ੀ ਧੁਰ ਸ਼ਬਦ ਕਟਾਰ ਫੜੇ ਦਸਤਾ, ਪੰਚਾਂ ਤੱਤਾਂ ਦਏ ਮਿਟਾਈਆ । ਆਪੇ ਵੇਖੇ ਕੀਟ ਹਸਤਾ, ਰਾਜ ਰਾਜਾਨਾ ਸ਼ਾਹ ਸੁਲਤਾਨਾ ਦਰ ਦਰਬਾਨ ਖਾਕ ਰੁਲਾਈਆ । ਮਾਇਆ ਰਾਣੀ ਜੂਠਾ ਝੂਠਾ ਪੀਸਣ ਪਿਸਦਾ, ਕਲਜੁਗ ਚੱਕੀ ਰਿਹਾ ਚਲਾਈਆ । ਲੱਖ ਚੁਰਾਸੀ ਜੀਵ ਜੰਤ ਅੰਤ ਨਾ ਦਿਸਦਾ, ਧਰਮ ਰਾਏ ਰਿਹਾ ਦੇ ਸਜਾਈਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਗੁਰਮੁਖਾਂ ਦੇਵੇ ਸ਼ਬਦ ਵਰ, ਏਕਾ ਚਰਨ ਸੱਚੀ ਸ਼ਰਨਾਈਆ । ਕਲਜੁਗ ਚੱਕੀ ਦੋਏ ਪੁੜ, ਪ੍ਰਭ ਧਰਤ ਮਾਤ ਟਿਕਾਇੰਦਾ । ਜੂਠ ਝੂਠ ਗਈ ਜੁੜ, ਮਾਇਆ ਪੀਸਣ ਆਪਣੇ ਹੱਥੀਂ ਪਾਇੰਦਾ । ਲਾਲਚ ਮਮਤਾ ਲੱਗਾ ਗੁੜ, ਨਾ ਕੋਈ ਗੇੜ ਕਟਾਇੰਦਾ । ਨਾਮ ਵਸਤ ਦੀ ਆਈ ਥੁੜ, ਹਾਹਾਕਾਰ ਸ੍ਰਿਸ਼ਟ ਕਰਾਇੰਦਾ । ਆਪੇ ਚੜ੍ਹੇ ਸ਼ਬਦ ਘੋੜ, ਸ਼ਬਦ ਘੋੜਾ ਇਕ ਦੁੜਾਇੰਦਾ । ਲੋਕਮਾਤੀ ਜਾਏ ਬਹੁੜ, ਲੋਆਂ ਪੁਰੀਆਂ ਵੇਖ ਵਖਾਇੰਦਾ । ਵੇਖੇ ਖੇਲ ਬ੍ਰਹਿਮਣ ਗੌੜ, ਪੰਦਰ੍ਹਾਂ ਕੱਤਕ ਉਚੇ ਟਿੱਲੇ ਜਗਤ ਪਹਾੜੀ ਆਸਣ ਲਾਇੰਦਾ । ਲੇਖਾ ਜਾਣੇ ਲੰਮਾ ਚੌੜ, ਸਚ ਪਰਬਤ ਲੇਖ ਲਿਖਾਇੰਦਾ । ਮਾਰਨ ਆਇਆ ਪਹਿਲਾ ਪੌੜ, ਮੱਕਾ ਮਦੀਨਾ ਢਾਹਿੰਦਾ । ਗੁਰਮੁਖਾਂ ਆਤਮ ਅੰਤਰ ਲੱਗੀ ਔੜ, ਏਕਾ ਮੇਘ ਬਰਸਾਇੰਦਾ । ਪਰਖਣ ਆਇਆ ਮਿਠਾ ਕੌੜ, ਸ਼ਬਦ ਹਥੌੜਾ ਹੱਥ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨ ਭਗਤਾਂ ਦੇਵੇ ਇਕ ਵਰ, ਚਰਨ ਪ੍ਰੀਤੀ ਰਾਹ ਵਖਾਇੰਦਾ । ਕਲਜੁਗ ਕਾਲੀ ਧਾਰ ਜੋਤ ਪਰਕਾਸ਼ੀਆ । ਸਤਿਜੁਗ ਸਾਚੀ ਕਰ ਵਿਚਾਰ, ਆਏ ਦਰ ਦਵਾਰ ਪੁਰਖ ਅਬਿਨਾਸ਼ੀਆ । ਦੋਹਾਂ ਇਕ ਦਵਾਰ, ਲਹਿਣਾ ਦੇਣਾ ਰਿਹਾ ਉਤਾਰ, ਕਰੇ ਖੇਲ ਘਨਕਪੁਰ ਵਾਸੀਆ । ਕਲਜੁਗ ਰੋਵੇ ਧਾਹਾਂ ਮਾਰ, ਲੋਕਮਾਤੀ ਅੰਤਮ ਵਾਰ, ਜੂਠੀ ਝੂਠੀ ਪਾਈ ਫਾਸੀਆ । ਸਤਿਜੁਗ ਸਾਚਾ ਹੋ ਤਿਆਰ, ਮੰਗੇ ਮੰਗ ਸ਼ਬਦ ਅਪਾਰ, ਦੇਵਣਹਾਰ ਸੱਚੀ ਸਰਕਾਰ, ਪਾਰਬ੍ਰਹਮ ਪੁਰਖ ਅਬਿਨਾਸ਼ੀਆ । ਅੰਤਮ ਭਰੇ ਧਰਮ ਭੰਡਾਰ, ਸੋਹੰ ਅੱਖਰ ਸਾਚੀ ਧਾਰ, ਆਪ ਕਰਾਏ ਦਾਸਨ ਦਾਸੀਆ ।

ਕਲਜੁਗ ਕੂੜਾ ਕੂੜ ਕੁੜਿਆਰ, ਸਾਚਾ ਮੇਲਾ ਮੁਹਮੰਦੀ ਯਾਰ, ਵੇਲੇ ਅੰਤਮ ਪਾਵੇ ਹਾਸੀਆ । ਸਤਿਜੁਗ ਸਾਚਾ ਖ਼ਬਰਦਾਰ, ਗੁਰਮੁਖਾਂ ਦੇਵੇ ਨਾਮ ਅਪਾਰ, ਨਿੱਝ ਘਰ ਆਤਮ ਰੱਖੇ ਵਾਸੀਆ । ਦੋਹਾਂ ਮੇਲਾ ਇਕ ਦਵਾਰ, ਪੂਰਬ ਲਹਿਣਾ ਰਿਹਾ ਵਿਚਾਰ, ਜੋਤੀ ਜਾਮਾ ਭੇਖ ਅਪਾਰ, ਨਾ ਕੋਈ ਜਾਣੇ ਪੰਡਤ ਕਾਸ਼ੀਆ । ਕਲਜੁਗ ਕਾਲੀ ਧਾਰ, ਦਏ ਦੁਹਾਈਆ । ਸਤਿਜੁਗ ਸਾਚਾ ਹੋ ਉਜਿਆਰ, ਆਇਆ ਸਰਨਾਈਆ । ਪ੍ਰਭ ਅਬਿਨਾਸ਼ੀ ਬਖ਼ਸ਼ੇ ਕਿਰਪਾ ਧਾਰ, ਆਤਮ ਵਸਤੂ ਇਕ ਟਿਕਾਈਆ । ਜੁਗਾਂ ਜੁਗਾਂ ਦਾ ਚੁਕਿਆ ਭਾਰ, ਧਰਤ ਮਾਤ ਰਹੀ ਕੁਰਲਾਈਆ । ਪੁਰਖ ਅਬਿਨਾਸ਼ੀ ਲਏ ਅਵਤਾਰ, ਨਿਹਕਲੰਕਾ ਜੋਤ ਜਗਾਈਆ । ਗੁਰ ਗੋਬਿੰਦਾ ਖ਼ਬਰਦਾਰ, ਕਾਇਆ ਆਸਣ ਇਕ ਵਿਛਾਈਆ । ਆਪੇ ਵਸਿਆ ਅੰਦਰ ਬਾਹਰ, ਸ਼ਬਦ ਧਾਰਾ ਰਿਹਾ ਚਲਾਈਆ । ਭਰਮੇ ਭੁੱਲੇ ਜੀਵ ਗਵਾਰ, ਪੁਰਖ ਅਬਿਨਾਸ਼ੀ ਸਾਰ ਨਾ ਪਾਈਆ । ਪਰਗਟ ਹੋਏ ਜੋਤ ਨਿਰੰਕਾਰ, ਕਾਇਆ ਕੰਚਨ ਗੜ੍ਹ, ਜੋਤ ਸਰੂਪੀ ਉਤੇ ਚੜ੍ਹ, ਆਪੇ ਤੋੜ ਤੁੜਾਈਆ । ਕਿਸੇ ਨਾ ਲੱਗੀ ਰਹਿਣ ਨਾ ਦੇਵੇ ਜੜ੍ਹ, ਸੰਮਤ ਅਠਾਰਾਂ ਵਹੇ ਹੜ੍ਹ, ਏਕਾ ਧੱਕਾ ਲਾਈਆ । ਨਾ ਕੋਈ ਪੀਵੇ ਹੁੱਕਾ ਨੜ, ਮਦਿਰਾ ਮਾਸੀ ਜਾਇਣ ਸੜ, ਗੁਰਮੁਖ ਸਾਚੇ ਲਏ ਤਰਾਈਆ । ਆਪੇ ਆਪ ਵੇਖੇ ਅੰਦਰ ਵੜ, ਸ਼ਬਦ ਚੌਹ ਅੱਖਰ ਏਕਾ ਪੜ੍ਹ, ਵੇਲਾ ਅੰਤਮ ਅੰਤ ਰਿਹਾ ਕਰਾਈਆ । ਨਾ ਕੋਈ ਸੀਸ ਨਾ ਕੋਈ ਧੜ, ਮਾਤ ਪਾਤਾਲ ਨਾ ਵੇਖੇ ਜੜ੍ਹ, ਲੋਆਂ ਪੁਰੀਆਂ ਰਿਹਾ ਹਿਲਾਈਆ । ਬ੍ਰਹਮਾ ਸ਼ਿਵ ਲਏ ਫੜ, ਕਰੋੜ ਤੇਤੀਸਾ ਦਰ ਪ੍ਰਭ ਏਕਾ ਹੱਥ ਉਠਾਈਆ । ਜੋਤੀ ਜਾਮਾ ਭੇਖ ਧਰ, ਨਿਹਕਲੰਕ ਨਰਾਇਣ ਨਰ, ਗੁਰਮੁਖਾਂ ਦੇਵੇ ਸ਼ਬਦ ਵਰ, ਗੁਰ ਚਰਨ ਸੱਚੀ ਸਰਨਾਈਆ । ਸਾਚੀ ਸ਼ਰਨ ਜਗਤ ਗੁਰਦੇਵ, ਕਲਜੁਗ ਅੰਤਮ ਆਇਆ । ਬਿਰਥਾ ਨਾ ਜਾਏ ਗੁਰਮੁਖ ਸੇਵ, ਪ੍ਰਭ ਲੇਖੇ ਰਿਹਾ ਲਗਾਇਆ । ਰਸਨਾ ਗਾਏ ਜਿਹਵਾ ਜੇਹਵ, ਮਸਤਕ ਲਾਏ ਸਾਚਾ ਥੇਵ, ਕੌਸਤਕ ਮਣੀਆ ਨਾਮ ਰਖਾਇਆ । ਅਲਖ ਨਿਰੰਜਣ ਆਪ ਅਭੇਦ, ਭੇਵ ਅਭੇਦਾ ਮੁਖ ਛੁਪਾਇਆ । ਨਾ ਕੋਈ ਜਾਣੇ ਚਾਰੇ ਵੇਦ, ਬ੍ਰਹਮਾ ਮੁਖ ਰਿਹਾ ਉਠਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕੋਟੀ ਕੋਟ ਰਿਹਾ ਉਠਾਇਆ । ਕੋਟੀ ਕੋਟ ਉਠਾਏ, ਕੋਟ ਗੜ੍ਹ ਨਿਵਾਰਿਆ । ਕੋਟੀ ਕੋਟ ਜਗਾਏ, ਸੋ ਸੱਸੇ ਲਾਇਆ ਹੋੜਿਆ । ਕੋਟੀ ਕੋਟ ਖਪਾਏ, ਹੰ ਜੀਵ ਨਾ ਨਾਂ ਆਪਣਾ ਲੋੜਿਆ । ਕੋਟੀ ਕੋਟ ਖਪਾਏ, ਮਿਲਿਆ ਸ਼ਬਦ ਨਾ ਸੱਚਾ ਘੋੜਿਆ । ਕੋਟੀ ਕੋਟ ਹਲਕਾਏ, ਪ੍ਰਭ ਸਾਚਾ ਮਾਤ ਨਾ ਬਹੁੜਿਆ । ਕੋਟੀ ਕੋਟ ਫਿਰਾਏ, ਮਿਲੇ ਨਾਮ ਨਾ ਸਾਚਾ ਜੋੜਿਆ । ਗੁਰਮੁਖ ਸਾਚੇ ਸੰਤ ਮਿਲਾਏ, ਦਰ ਘਰ ਆਪਣੇ ਆਪੇ ਬਹੁੜਿਆ । ਕੰਤ ਸੁਹਾਗੀ ਦਰਸ਼ਨ ਪਾਏ, ਦਰ ਆਏ ਵਾਗਾਂ ਮੋੜਿਆ । ਆਤਮ ਸੋਤੀ ਆਪ ਜਗਾਏ, ਵਰ ਪਾਏ ਜਿਹਾ ਲੋੜਿਆ । ਸ਼ਬਦ ਅਨਾਦੀ ਇਕ ਸੁਣਾਏ, ਕਲਜੁਗ ਮਾਇਆ ਵੇਲਾ ਥੋੜਿਆ । ਬ੍ਰਹਮ ਬ੍ਰਹਿਮਾਦੀ ਖੋਜ ਖੁਜਾਏ, ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਗੁਰਮੁਖ ਵੇਖੇ ਆਤਮ ਘਰ, ਸ਼ਬਦ ਸਰੂਪੀ ਚੜ੍ਹ ਚੜ੍ਹ ਘੋੜਿਆ । ਗੁਰਮੁਖ ਸਾਚੇ ਪਰਖਣ ਆਇਆ, ਹੱਥ ਫੜਿਆ ਤੀਰ ਨਿਸ਼ਾਨਾ । ਲੋਕਮਾਤੀ ਰੱਖਣ ਆਇਆ, ਸੋਹੰ ਬੰਨ੍ਹੇ ਹੱਥੀਂ ਗਾਨਾ । ਉਤਰ ਪੂਰਬ ਪੱਛਮ ਦੱਖਣ ਕਲਜੁਗ ਰੇਖ ਮੇਟਣ ਆਇਆ, ਗੁਣਵੰਤਾ ਗੁਣ ਨਿਧਾਨਾ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਗੁਰ ਗੋਬਿੰਦਾ ਇਕ ਦਰ, ਆਪਣਾ ਆਪ ਸੁਹਾਨਾ । ਦਰ ਸੁਹਾਏ ਆਪ ਪ੍ਰਭ, ਆਪਣੀ ਰਚਨ ਰਚਾਈਆ । ਗੁਰਮੁਖਾਂ ਉਲਟਾਏ ਕਵਲ ਨਭ, ਅੰਮ੍ਰਿਤ ਮੁਖ ਚੁਆਈਆ । ਪਰਗਟ ਜੋਤੀ ਕਰੇ ਝੱਬ, ਅੰਧ ਅੰਧੇਰ

ਰਹਿਣ ਨਾ ਪਾਈਆ । ਸੰਤ ਸੁਹੇਲੇ ਲਏ ਲੱਭ, ਲੱਖ ਚੁਰਾਸੀ ਖੋਜ ਖੁਜਾਈਆ । ਇਕ ਕਰਾਏ ਸਾਚਾ ਹੱਜ, ਚਰਨ ਸਰਨ ਹਰਿ ਰਘੁਰਾਈਆ । ਅੰਤਮ ਵੇਲੇ ਰੱਖੇ ਲੱਜ, ਆਪਣੀ ਗੋਦ ਉਠਾਈਆ । ਸ਼ਬਦ ਦਵਾਰੇ ਰਿਹਾ ਸਜ, ਜੋਤੀ ਆਸਣ ਲਾਈਆ । ਜਗਤ ਵਿਕਾਰਾ ਬੈਠਾ ਤਜ ਸਾਚੇ ਮੰਦਰ ਚੜ੍ਹਿਆ ਭੱਜ, ਗੁਰਮੁਖ ਸਾਚੇ ਦਰ ਘਰ ਸਾਚੇ ਏਕਾ ਏਕ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅੰਤਮ ਦੇਵੇ ਵਰ, ਲੋਕਮਾਤ ਕਰੇ ਸੱਚੀ ਕੁੜਮਾਈਆ । ਕਲਜੁਗ ਅੰਤਮ ਵਰ ਘਰ ਪਾਇਆ, ਹੋਏ ਮਾਤ ਨਿਬੇੜਾ । ਪੁਰਖ ਅਬਿਨਾਸ਼ੀ ਹੁਕਮ ਸੁਣਾਇਆ, ਜੂਠਾ ਝੂਠਾ ਢਹਿਣਾ ਨਗਰ ਖੇੜਾ । ਸ੍ਰਿਸ਼ਟ ਸਬਾਈ ਰਿਹਾ ਜਣਾਇਆ, ਧਰਤ ਮਾਤ ਤੇਰਾ ਖੁਲ੍ਹਾ ਵੇਹੜਾ । ਗੁਰਮੁਖ ਸਾਚੇ ਲਏ ਤਰਾਇਆ, ਆਪੇ ਬੰਨਣਹਾਰਾ ਬੇੜਾ । ਦਰ ਦਵਾਰਾ ਬੰਕ ਸੁਹਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅੰਤਮ ਕਰੇ ਹੱਕ ਨਿਬੇੜਾ । ਕਰੇ ਨਿਬੇੜਾ ਹੱਕ, ਹੱਕ ਜਲਾਲਿਆ । ਗੁਰਮੁਖ ਸਾਚੇ ਲਏ ਰੱਖ, ਦੋ ਜਹਾਨਾਂ ਕਰੇ ਰਖਵਾਲਿਆ । ਕਲਜੁਗ ਫਲ ਗਿਆ ਪੱਕ, ਪਤ ਦਿਸੇ ਨਾ ਕਿਸੇ ਡਾਲਿਆ । ਰਾਏ ਧਰਮ ਰਿਹਾ ਤੱਕ, ਅਸਥਿਲ ਮੰਦਰ ਹੋਵਣ ਖਾਲਿਆ । ਲੱਖ ਚੁਰਾਸੀ ਪਾਏ ਨਕੇਲ ਨੱਕ, ਏਕਾ ਵਾਰੀ ਕਰੇ ਸਾਚੀ ਚਾਲਿਆ । ਡੂੰਘੇ ਵਹਿਣ ਦੇਵੇ ਧੱਕ, ਲਾੜੀ ਮੌਤ ਮਾਰੇ ਤਾਲਿਆ । ਗੁਰਮੁਖ ਸਾਚੇ ਸੰਤ ਜਨਾਂ ਦਰਸ ਦਿਖਾਏ ਪਰਗਟ ਹੋ ਪਰਤਖ, ਧੁਰ ਦਰਗਾਹੀ ਸਾਚਾ ਮਾਲਿਆ । ਪਰਗਟ ਹੋ ਪ੍ਰਭ ਦਰਸ ਦਿਖਾਵਣਾ । ਆਪਣੀ ਰਚਨ ਰਚਾਵਣਾ ਗੁਰਮੁਖਾਂ ਸਾਚੇ ਮਾਰਗ ਲਾਇੰਦਾ । ਮਨਮੁਖ ਕੋਇ ਰਹਿਣ ਨਾ ਪਾਵਣਾ । ਸ੍ਰਿਸ਼ਟ ਸਬਾਈ ਹੋਈ ਦੁਹਾਗਣ, ਸ਼ਬਦ ਹਲੂਣੇ ਆਪ ਜਗਾਵਣਾ । ਏਕਾ ਰਾਹ ਸਾਚਾ ਦੱਸ, ਆਤਮ ਰਸ ਹੱਸ ਹੱਸ, ਪ੍ਰਭ ਝੋਲੀ ਪਾਵਣਾ । ਸਾਚੇ ਮਾਰਗ ਸ਼ਬਦ ਤੀਰ ਮਾਰੇ ਕਸ ਕਸ, ਕਾਇਆ ਨਗਰ ਖੇੜਾ ਵੇਖੇ ਨੱਸ ਨੱਸ, ਏਕਾ ਪੰਧ ਮੁਕਾਵਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅੰਤ ਮਿਟੇ ਅੰਧੇਰੀ ਮੱਸ, ਦੀਪਕ ਜੋਤੀ ਇਕ ਜਗਾਵਣਾ । ਗੁਰਮੁਖ ਸਾਚੇ ਸੰਤ ਜਗਾਏ, ਧੁਰ ਦਰਗਾਹੀ ਦਾਤਾ । ਆਪ ਆਪਣਾ ਸ਼ਬਦ ਜਣਾਏ, ਬੋਧ ਅਗਾਧ ਅਗਾਧਾ । ਸਗਲਾ ਸੰਗ ਆਪ ਨਿਭਾਏ, ਪਰਗਟ ਹੋ ਤ੍ਰੈਲੋਕੀ ਨਾਥਾ । ਗੁਰਮੁਖ ਕਾਇਆ ਰੰਗ ਚੜ੍ਹਾਏ, ਮਸਤਕ ਟਿੱਕਾ ਲਾਏ ਮਾਥਾ । ਸ਼ਬਦ ਉਡਾਰੀ ਪਤੰਗ ਉਡਾਏ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖਾਂ ਦੇਵੇ ਸਾਚਾ ਵਰ, ਸੰਮਤ ਚੌਦਾਂ ਲੇਖ ਲਿਖਾਤਾ । ਗੁਰਮੁਖ ਸੋਏ ਜਾਣ ਜਾਗ, ਪ੍ਰਭ ਜਾਗਰਤ ਦਿਸ਼ਾ ਵਖਾਈਆ । ਆਪੇ ਜਾਣੇ ਜਾਣ ਪਛਾਣੇ ਕਾਇਆ ਮੰਦਰ ਦਏ ਸੁਹਾਏ, ਦੀਪਕ ਜੋਤੀ ਰਿਹਾ ਜਗਾਈਆ । ਹੰਸ ਬਣਾਏ ਫੜ ਫੜ ਕਾਗ, ਆਪ ਆਪਣੇ ਹੱਥ ਰੱਖੇ ਵਾਗ, ਸਰ ਸਰੋਵਰ ਇਕ ਇਸ਼ਨਾਨ ਕਰਾਈਆ । ਸੰਮਤ ਚੌਦਾਂ ਧੋਵੇ ਦਾਗ਼, ਆਤਮ ਉਪਜੇ ਇਕ ਵੈਰਾਗ, ਜਿਸ ਜਨ ਦਇਆ ਕਮਾਈਆ । ਰਸਨਾ ਰਸ ਮਨ ਦਏ ਤਿਆਗ, ਜੋਤੀ ਜਾਮਾ ਪੂਰ ਕਰਾਏ ਆਪਣਾ ਕਾਮਾ, ਸ਼ਬਦ ਵਜਾਏ, ਇਕ ਦਮਾਮਾ, ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਗੁਰਮੁਖਾਂ ਦੇਵੇ ਇਕ ਵਰ, ਸਾਚੀ ਰੰਗਣ ਰੰਗ ਰੰਗਾਈਆ । ਰੰਗੇ ਰੰਗ ਮਜੀਠ, ਲੱਖ ਚੁਰਾਸੀ ਰਿਹਾ ਡੀਠ, ਸ਼ਬਦ ਸਿੰਘਾਸਣ ਡੇਰਾ ਲਾਇੰਦਾ । ਸਾਚਾ ਪੀਸਣ ਰਿਹਾ ਪੀਠ, ਸਾਚੀ ਚੱਕੀ ਨਾਉਂ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਜਨ ਭਗਤਾਂ ਦੇਵੇ ਸ਼ਬਦ ਵਰ, ਸ਼ਬਦ ਸੁਨੇਹੜਾ ਇਕ ਸੁਣਾਇੰਦਾ । ਸ਼ਬਦ ਸੁਨੇਹੜਾ ਧੁਰ ਫ਼ਰਮਾਣ, ਦਰ ਘਰ ਸਾਚੇ ਲੈ ਕੇ ਜਾਣਾ । ਨਾ ਕੋਈ ਜਾਣੇ ਪਵਣ ਪਾਣੀ

ਮਸਾਣ, ਤਨ ਰਤ ਨਾ ਕਰੇ ਪਛਾਣਾ । ਗੁਣਵੰਤਾ ਹਰਿ ਗੁਣ ਨਿਧਾਨ, ਕਮਲਾਪਤ ਸਰਬ ਸਮਾਣਾ । ਜੋਤੀ ਜੋਤ ਧਰੇ ਭਗਵਾਨਾ, ਆਪ ਉਡਾਏ ਸ਼ਬਦ ਬਿਬਾਣਾ । ਸੰਮਤ ਚੌਦਾਂ ਵੇਖੇ ਮਾਰ ਧਿਆਨ, ਗੁਰਮੁਖ ਸਾਚਾ ਸੁਘੜ ਸਿਆਣਾ । ਏਕਾ ਬਖ਼ਸ਼ੇ ਚਰਨ ਧਿਆਨ, ਦੇਵੇ ਜੀਆ ਦਾਨਾ । ਦਰ ਘਰ ਮੰਦਰ ਲਏ ਪਛਾਣ, ਚਰਨ ਛੁਹਾਏ ਸ੍ਰੀ ਭਗਵਾਨਾ । ਮਨਮੁਖ ਜੀਵ ਲੇਖਾ ਅੰਤਮ ਸਾਢੇ ਤਿੰਨ ਹੱਥ ਲੱਖ ਚੁਰਾਸੀ ਵਿਚ ਫਿਰਾਨਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖਾਂ ਦੇਵੇ ਸ਼ਬਦ ਵਰ, ਇਕੀ ਇਕੀ ਮੇਲ ਮਿਲਾਨਾ । ਇਕੀ ਸਿੱਖ ਇਕੀ ਘਰ, ਏਕਾ ਰੰਗ ਰੰਗਾਈਆ । ਸ਼ਬਦ ਇੱਕੀ ਦੇਵੇ ਵਰ, ਨਿੱਕੀ ਜੋਤ ਜਗਾਈਆ । ਆਤਮ ਸਿੱਕੀ ਆਤਮ ਘਰ, ਰਸ ਫਿਕੀ ਦਏ ਮਿਟਾਈਆ । ਗੁਰਸਿਖ ਆਤਮ ਪ੍ਰਭ ਚਰਨ ਵਿਕੀ, ਪ੍ਰਭ ਕੀਮਤ ਦੇਵੇ ਪਾਈਆ । ਸੋਹੰ ਚੜ੍ਹ ਮਾਤ ਪਰਕਾਸ਼ੇ ਸੂਰਜ ਚੰਦ ਇਕ ਸਾਚੀ ਟਿੱਕੀ, ਦਿਵਸ ਰੈਣ ਰਹੇ ਰੁਸ਼ਨਾਈਆ । ਆਪੇ ਰੱਖੇ ਹਰਿਜਨ ਤੇਰੀ ਸਾਚੀ ਸਿੱਕੀ, ਦਿਵਸ ਰੈਣ ਨੇਤਰ ਤੀਜਾ ਆਪੇ ਵੇਖ ਵਖਾਈਆ । ਜਾਣੇ ਖੇਲ ਜੀਵ ਜਨ ਜੀਅ ਕੀ, ਨਾ ਕੋਈ ਸਕੇ ਭੇਵ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕ ਇਕੀਸਾ ਹਰਿ ਜਗਦੀਸਾ ਆਪਣੀ ਰਿਹਾ ਬਣਤ ਬਣਾਈਆ । ਇਕੀ ਸਿੱਖਾਂ ਇਕ ਦਵਾਰ, ਪ੍ਰਭ ਸਾਚਾ ਮਾਤ ਸੁਹਾਇੰਦਾ । ਕਾਇਆ ਮੰਦਰ ਸਚ ਘਰ ਬਾਹਰ, ਸ਼ਬਦੀ ਚਰਨ ਟਿਕਾਇੰਦਾ । ਮਾਇਆ ਮਮਤਾ ਜਗਤ ਮਹੱਲ ਉਸਾਰ, ਝੂਠਾ ਆਸਣ ਲਾਇੰਦਾ । ਗੁਰਮੁਖਾਂ ਕਰੇ ਖ਼ਬਰਦਾਰ, ਨਗਰ ਖੇੜਾ ਇਕ ਵਸਾਇੰਦਾ । ਸਾਚਾ ਮੇਲਾ ਮੀਤ ਮੁਰਾਰ, ਆਤਮ ਅੰਦਰ ਦਰਸ ਦਿਖਾਇੰਦਾ । ਖੋਲ੍ਹਣਹਾਰਾ ਬੰਦ ਕਿਵਾੜ, ਪੰਚ ਧਾੜ ਪਰ੍ਹੇ ਹਟਾਇੰਦਾ । ਵਿਚ ਪਰਭਾਸ ਜੰਗਲ ਜੂਹ ਉਜਾੜ ਪਹਾੜ, ਮੰਡਲ ਰਾਸ ਇਕ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਗੁਰਮੁਖਾਂ ਦੇਵੇ ਜਗਤ ਵਰ, ਸਾਚਾ ਹੁਕਮ ਸੁਣਾਇੰਦਾ । ਇਕੀ ਸਿਖ ਏਕਾ ਰੰਗ, ਗੁਰ ਸੰਗਤ ਸੰਗ ਚੜ੍ਹਾਈਆ । ਪੂਰੀ ਕਰੇ ਸੱਚੀ ਮੰਗ, ਸੰਮਤ ਚੌਦਾਂ ਨੇੜੇ ਆਈਆ । ਆਪੇ ਕਟੇ ਭੁੱਖ ਨੰਗ, ਰੋ ਰੋ ਕੋਇ ਨਾ ਦਏ ਦੁਹਾਈਆ । ਗੁਰਸਿਖ ਚੜ੍ਹੇ ਨਾ ਤਾਪ ਖੰਘ, ਰੋਗਾਂ ਸੋਗਾਂ ਦਏ ਮਿਟਾਈਆ । ਆਪ ਬਿਠਾਏ ਸ਼ਬਦ ਰੰਗੀਲੇ ਪਲੰਘ, ਆਪਣੀਆਂ ਭੁਜਾਂ ਉਪਰ ਉਠਾਈਆ । ਗੁਰਸਿਖ ਡੋਰੀ ਸ਼ਬਦ ਪਤੰਗ, ਵਿਚ ਆਕਾਸ਼ਾਂ ਰਿਹਾ ਉਡਾਈਆ । ਆਤਮ ਸਰ ਸਰੋਵਰ ਬਖ਼ਸ਼ੇ ਸਾਚੀ ਗੰਗ, ਆਪਣੀ ਹੱਥੀਂ ਇਸ਼ਨਾਨ ਕਰਾਈਆ । ਪੰਜ ਚੋਰ ਨਾ ਕਰਨ ਜੰਗ, ਸ਼ਬਦ ਖੰਡਾ ਹੱਥ ਉਠਾਈਆ । ਇਕ ਵਜਾਏ ਨਾਮ ਮਰਦੰਗ, ਛੱਤੀ ਰਾਗਾਂ ਭੇਵ ਚੁਕਾਈਆ । ਆਪੇ ਹੋਏ ਸਗਲਾ ਸੰਗ, ਵਿਛੜ ਕਦੇ ਨਾ ਜਾਈਆ । ਨੌਂ ਦਵਾਰੇ ਬੈਠਾ ਲੰਘ, ਦਸਵੇਂ ਆਸਣ ਲਾਈਆ । ਸ਼ਬਦ ਘੋੜੇ ਕਸਿਆ ਤੰਗ, ਗੁਰਮੁਖਾਂ ਰਿਹਾ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹੱਥੀਂ ਪਕੜੇ ਆਪਣੇ ਵਾਗ, ਜਨ ਭਗਤਾਂ ਧੋਵੇ ਆਤਮ ਦਾਗ਼, ਆਪਣੀ ਸੇਵਾ ਰਿਹਾ ਲਾਈਆ । ਆਪਣੀ ਸੇਵਾ ਆਪੇ ਲਾਏ, ਗੁਰਮੁਖਾਂ ਸੇਵ ਕਮਾਇੰਦਾ । ਵਡ ਦੇਵੀ ਦੇਵ ਆਪ ਅਖਵਾਏ, ਦਰ ਦਰ ਫਿਰਾਇੰਦਾ । ਅੰਮ੍ਰਿਤ ਆਤਮ ਮੇਵਾ ਸਾਚਾ ਫਲ ਖੁਵਾਏ, ਆਪਣੀ ਹੱਥੀਂ ਤੋੜ ਤੁੜਾਏ, ਰਸਨਾ ਜਿਹਵਾ ਹਰਿਜਨ ਹਰਿ ਗੁਣ ਗਾਏ, ਹਰਿ ਹਰਿ ਸਾਚਾ ਮੇਲ ਮਿਲਾਇੰਦਾ । ਛਾਣ ਪੁਣ ਜਨ ਭਗਤਾਂ ਸ੍ਰਿਸ਼ਟ ਸਬਾਈ ਆਪ ਕਰਾਏ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਮਧਾਣਾ ਇਕ ਚਲਾਇੰਦਾ । ਸ਼ਬਦ ਮਧਾਣਾ ਆਪ ਚਲਾਇਆ, ਚਲੇ ਵਾਹੋ ਦਾਹੀ । ਰਾਜਾ ਰਾਣਾ ਰਿੜਕਣ ਆਇਆ, ਹਰਿ ਦਾਤਾ ਬੇਪਰਵਾਹੀ । ਮਨਮੁਖ ਜੀਵਾਂ ਝਿੜਕਣ

ਆਇਆ, ਗੁਰਮੁਖਾਂ ਤਾਰੇ ਫੜ ਫੜ ਬਾਹੀਂ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖਾਂ ਦੇਵੇ ਸ਼ਬਦ ਵਰ, ਦੋ ਜਹਾਨੀ ਠੰਢੀਆਂ ਛਾਂਈ । ਇਕੀ ਸਿੱਖਾਂ ਏਕਾ ਰਾਗ, ਨਾਦੀ ਨਾਦ ਵਜਾਈਆ । ਆਤਮ ਰਹੇ ਇਕ ਵੈਰਾਗ, ਹਰਿ ਦਰਸ਼ਨ ਨੇਤਰ ਪਾਈਆ । ਸਦਾ ਸੁਹੇਲਾ ਰਿਹਾ ਜਾਗ, ਆਲਸ ਨਿੰਦਰਾ ਲਾਹੀਆ । ਦਰ ਦਰ ਘਰ ਘਰ ਲਾਏ ਭਾਗ, ਸਾਚਾ ਧਾਮ ਸੁਹਾਈਆ । ਚਰਨ ਧੂੜ ਕਰੇ ਮਜਨ ਸਾਚਾ ਮਾਘ, ਗੁਰਮੁਖ ਸਾਚੇ ਸੰਤ ਉਠਾਈਆ । ਚਰਨ ਕਵਲ ਜਨ ਜਾਏ ਲਾਗ, ਤ੍ਰਿਸ਼ਨਾ ਆਗ ਬੁਝਾਈਆ । ਲੋਕਮਾਤੀ ਵਡ ਵਡ ਭਾਗ, ਹਰਿ ਸਰਨ ਸੱਚੀ ਮਿਲੀ ਸਰਨਾਈਆ । ਇਕੀ ਸਿੱਖਾਂ ਇਕ ਇਕੱਠ, ਏਕਾ ਘਰ ਸੁਹਾਵਣਾ । ਆਪੇ ਜਾਏ ਨੱਠ, ਗੁਰ ਸੰਗਤ ਤੇਰਾ ਦਰਸ਼ਨ ਪਾਵਣਾ । ਕਲਜੁਗ ਅੰਤਮ ਕਰੇ ਚੱਠ, ਉਲਟੀ ਲੱਠ ਗਿੜਾਵਣਾ । ਗੁਰ ਸੰਗਤ ਦਵਾਰਾ ਤੀਰਥ ਅਠ ਸਠ, ਪ੍ਰਭ ਸਾਚਾ ਲੇਖ ਲਿਖਾਵਣਾ । ਕਾਇਆ ਮੰਦਰ ਵੇਖੇ ਮੱਠ, ਪੰਜ ਤੱਤੀ ਅੱਗ ਬੁਝਾਵਣਾ । ਪੰਜੇ ਚੋਰ ਹੋਣ ਭੱਠ, ਹੱਥੀਂ ਆਪਣੀ ਮੇਟ ਮਿਟਾਵਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚਾ ਦਰਸ ਦਿਖਾਵਣਾ । ਇੱਕੀ ਸਿੱਖ ਇਕ ਦਵਾਰ, ਏਕਾ ਰੰਗ ਚੜ੍ਹਨਿਆ । ਦਰਸ ਦਿਖਾਏ ਅਪਰ ਅਪਾਰ, ਕਲਜੁਗ ਬੇੜਾ ਬੰਨ੍ਹਿਆ । ਪਵਣ ਉਨੰਜਾ ਛਤਰ ਝੁਲਾਰ, ਭਰਮਾਂ ਭਾਂਡਾ ਭੰਨਿਆ । ਵੇਖਣ ਜਾਏ ਦਰ ਦਵਾਰ, ਜਿਸ ਜਨ ਮਨ ਤਨ ਆਤਮ ਮੰਨਿਆ । ਆਤਮ ਤਾਕੀ ਖੁਲ੍ਹੇ ਕਿਵਾੜ, ਦੂਤੀ ਦੁਸ਼ਟਾਂ ਡੰਨਿਆ । ਵਾ ਨਾ ਲੱਗੀ ਤੱਤੀ ਹਾੜ, ਦੇਵੇ ਨਾਮ ਸੱਚਾ ਧਨ ਧਨਿਆ । ਜਗਤ ਵਿਕਾਰਾ ਆਪ ਚਬਾਏ ਆਪਣੀ ਦਾੜ੍ਹ, ਗੁਰਮੁਖਾਂ ਰਾਗ ਸੁਣਾਏ ਕੰਨਿਆ । ਦਰ ਘਰ ਸਾਚੇ ਦੇਵੇ ਵਾੜ, ਕਲਜੁਗ ਅੰਤਮ ਬੇੜਾ ਬੰਨ੍ਹਿਆ । ਜੋਤ ਜਗਾਏ ਬਹੱਤਰ ਨਾੜ, ਲੱਖ ਚੁਰਾਸੀ ਲਾਵੇ ਸਨ੍ਹਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖਾਂ ਦੇਵੇ ਸ਼ਬਦ ਵਰ, ਜਿਸ ਜਨ ਆਤਮ ਮੰਨਿਆ । ਤਨ ਮਨ ਮੰਨੇ ਮਨ, ਜਿਸ ਜਨ ਆਪ ਜਣਾਇੰਦਾ । ਜਗਤ ਹੰਕਾਰਾ ਰੱਖੇ ਤਨ, ਸਾਚਾ ਧੰਨ ਝੋਲੀ ਪਾਇੰਦਾ । ਕੋਈ ਨਾ ਲਾਏ ਮਾਤ ਸੰਨ੍ਹ, ਦਿਸ ਕਿਸੇ ਨਾ ਆਇੰਦਾ । ਗੁਰ ਸ਼ਬਦੀ ਚੜ੍ਹੇ ਸਾਚਾ ਚੰਨ, ਅੰਧ ਅੰਧੇਰ ਮਿਟਾਇੰਦਾ । ਜਨ ਭਗਤਾਂ ਬੇੜਾ ਦੇਵੇ ਬੰਨ੍ਹ, ਸੰਞ ਸਵੇਰ ਇਕ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖਾਂ ਦੇਵੇ ਇਕ ਵਰ, ਏਕਾ ਇਕੀ ਨਾਮ ਪਾਇੰਦਾ । ਏਕਾ ਇੱਕੀ ਦੇਵੇ ਦਾਜ, ਇੱਕੀ ਸਿੱਖ ਲਏ ਪਰਨਾਈਆ । ਸ਼ਬਦ ਸੁਣਾਏ ਇਕ ਅਵਾਜ਼, ਏਕਾ ਘਰ ਵਜੇ ਵਧਾਈਆ । ਭਾਗ ਲਗਾਏ ਦੇਸ ਮਾਝ, ਜੋਤੀ ਸ਼ਬਦੀ ਆਪ ਬਣਾਏ ਧੀ ਜਵਾਈਆ । ਅੰਤਮ ਵੇਲੇ ਰੱਖੇ ਲਾਜ, ਮਾਤ ਪਿਤ ਪੂਤ ਅਖਵਾਈਆ । ਸ਼ਬਦ ਸਰੂਪੀ ਦੇਵੇ ਦਾਜ, ਪੱਲੇ ਗੰਢ ਬੰਨ੍ਹਾਈਆ । ਧੁਰ ਦਰਗਾਹੀ ਸਾਚਾ ਰਾਜ, ਪ੍ਰਭ ਚਰਨ ਸਰਨ ਸੱਚੀ ਸ਼ਰਨਾਈਆ । ਇਕ ਸਵਾਰੇ ਗੁਰਮੁਖ ਕਾਜ, ਆਪਣੀ ਸੇਵਾ ਆਪੇ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਗਤ ਵਿਚੋਲਾ ਆਪ ਬਣਾਏ ਜਗਤ ਸਾਂਝ, ਗੁਰਮੁਖਾਂ ਸਗਨ ਲਗਾਈਆ । ਸਾਚਾ ਸਗਨ ਹੱਥ ਰਖਾਏ, ਪਹਿਲੀ ਚੇਤਰ ਦਿਵਸ ਵਿਚਾਰ । ਸੰਮਤ ਚੌਦਾਂ ਹੋ ਪਰਤਖ ਵਖਾਏ, ਗੁਰਮੁਖਾਂ ਬੰਨ੍ਹੇ ਧਾਰ । ਲੱਖ ਚੁਰਾਸੀ ਕੱਖ ਉਡਾਏ, ਚਾਰੋਂ ਕੁੰਟ ਧੁੰਦੂਕਾਰ । ਗੁਰਮੁਖਾਂ ਮੁਖ ਸਗਨ ਲਗਾਏ, ਗੁਰ ਸ਼ਬਦੀ ਕਰ ਪਿਆਰ । ਹਉਮੇ ਹੰਗਤਾ ਰੋਗ ਮਿਟਾਏ, ਤਨ ਕਰਾਏ ਇਕ ਸ਼ਿੰਗਾਰ । ਉਜਲ ਮੁਖ ਮਾਤ ਕਰਾਏ, ਕਲਜੁਗ ਤੇਰੀ ਅੰਤਮ ਵਾਰ । ਮਾਤ ਕੁਖ ਸੁਫਲ ਕਰਾਏ, ਵੇਖੇ ਦਰ ਦਰਬਾਰ । ਜਗਤ ਤ੍ਰਿਸ਼ਨਾ ਭੁੱਖ ਮਿਟਾਏ, ਗਊ ਗਰੀਬਾਂ ਪਾਵੇ ਸਾਰ ।

ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਗੁਰਮੁਖਾਂ ਦੇਵੇ ਸ਼ਬਦ ਵਰ, ਲਹਿਣਾ ਦੇਣਾ ਰਿਹਾ ਉਤਾਰ । ਲਹਿਣੇ ਦੇਣਾ ਕਰਜ ਚੁਕਾਵਣਾ । ਧਰ ਧਰ ਜੁਗ ਜੁਗ ਲੇਖਾ, ਆਪਣੀ ਹੱਥੀਂ ਹਿਸਾਬ ਮੁਕਾਵਣਾ । ਗੁਰਮੁਖ ਸਾਚੇ ਨੇਤਰ ਪੇਖਾ, ਧਰਮ ਰਾਏ ਪ੍ਰਭ ਦਰ ਦੁਰਕਾਵਣਾ । ਚਿੱਤਰ ਗੁਪਤ ਮਿਟਾਏ ਰੇਖਾ, ਆਪ ਆਪਣਾ ਹੁਕਮ ਸੁਣਾਵਣਾ । ਕਵਣ ਜੋਤੀ ਧਾਰੇ ਭੇਖਾ, ਆਤਮ ਰਾਮਾ ਦਰਸ ਦਿਖਾਵਣਾ । ਵਰਨ ਗੋਤੀ ਭੇਵ ਮਿਟਾਵਣਾ । ਪਾਰਬ੍ਰਹਮ ਬ੍ਰਹਮ ਵਿਚ ਸਮਾਵਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖਾਂ ਦੇਵੇ ਸ਼ਬਦ ਵਰ, ਸਾਚਾ ਮਾਰਗ ਮਾਤ ਲਗਾਵਣਾ । ਸਾਚਾ ਮਾਰਗ ਮਾਤ ਲਗਾਏ, ਗੁਰਮੁਖਾਂ ਕੰਨ ਸੁਣਾਇੰਦਾ । ਮਨਮੁਖ ਜੀਵਾਂ ਡੰਨ ਲਗਾਏ, ਨਾ ਕੋਈ ਅੰਤ ਛੁਡਾਇੰਦਾ । ਗੁਰਮੁਖਾਂ ਬੇੜਾ ਬੰਨ੍ਹ ਵਖਾਏ, ਆਪਣੀ ਕੰਧੀਂ ਭਾਰ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਤੋੜੇ ਖਾਨਾ ਬੰਦੀ, ਜੋ ਜਨ ਗਾਏ ਬੱਤੀ ਦੰਦੀ, ਰਸ ਰਸਨਾ ਵਿਚ ਮਿਲਾਇੰਦਾ । ਬੱਤੀ ਦੰਦ ਬੱਤੀ ਧਾਰ, ਪ੍ਰਭ ਮਾਤਾ ਦਏ ਬਖ਼ਸ਼ਾਈਆ । ਕਲਜੁਗ ਤੇਰੀ ਅੰਤਮ ਵਾਰ, ਸੋਹੰ ਸੱਚੀ ਜੋਤ ਜਗਾਈਆ । ਮਾਨਸ ਦੇਹੀ ਉਤਰੇ ਪਾਰ, ਜੋ ਜਨ ਮਧਰਾ ਮਾਸ ਤਜਾਈਆ । ਰਸਨਾ ਚਾਹ ਨਾ ਕਰੇ ਪਿਆਰ, ਏਕਾ ਸਾਲ ਰਿਹਾ ਜਣਾਈਆ । ਦਰ ਦਰ ਘਰ ਘਰ ਪਾਵੇ ਸਾਰ, ਕਵਣ ਗੁਰਮੁਖ ਰਹੇ ਸੱਚੀ ਸਰਨਾਈਆ । ਗੁਰ ਪੀਰ ਨਾ ਕਰੇ ਉਧਾਰ, ਪ੍ਰਭ ਮਾਰੇ ਮਾਰ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨ ਭਗਤਾਂ ਪੈਜ ਰਿਹਾ ਸੁਵਾਰ, ਮਨਮੁਖ ਜੀਵ ਰਹਿਣ ਨਾ ਪਾਈਆ । ਨਾ ਗੁਰ ਨਾ ਚੇਲਾ ਕੋਈ, ਹਰਿ ਕਾ ਹੁਕਮ ਪਛਾਣੇ ਨਾ । ਦੋ ਜਹਾਨੀ ਮਿਲੇ ਨਾ ਢੋਈ, ਜੋ ਚਲੇ ਪ੍ਰਭ ਕੇ ਭਾਣੇ ਨਾ । ਗੁਰਮੁਖ ਆਤਮ ਕਦੇ ਨਾ ਸੋਈ, ਰੰਗ ਸਾਚਾ ਮਨਮੁਖ ਮਾਣੇ ਨਾ । ਆਤਮ ਅੰਦਰ ਕਰਦਾ ਅਰਜੋਈ, ਪ੍ਰਭ ਆਪੇ ਪੁਣੇ ਛਾਣੇ ਜੀਵ ਜੰਤ ਕੋਈ ਜਾਣੇ ਨਾ । ਦੁਰਮਤ ਮੈਲ ਪਾਪਾਂ ਰਿਹਾ ਧੋਈ, ਦਿਸ ਨਾ ਆਏ ਕਿਸੇ ਸੁੱਘੜ ਸਿਆਣੇ ਨਾ । ਏਕਾ ਹਲ ਸਾਚਾ ਰਿਹਾ ਜੋਈ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਾਮ ਵਸਤ ਸਾਚਾ ਬੀਜ, ਸਾਚਾ ਦਾਣਾ ਕੋਈ ਜਾਣੇ ਨਾ । ਨਾਮ ਬੀਜ ਹਰਿ ਤਨ ਕਿਆਰੀ, ਹਰਿ ਪਹਿਲੀ ਵਾਰ ਬਿਜਾਇੰਦਾ । ਹੱਲ ਚਲਾਏ ਸਤਾਰਾਂ ਹਾੜੀ, ਵਡੀ ਵਡ ਕਰਾਇੰਦਾ । ਪਹਿਲੀ ਚੇਤਰ ਵੇਖ ਫੁਲਵਾੜੀ, ਨਿੰਝ ਆਪਣਾ ਹੁਕਮ ਜਣਾਇੰਦਾ । ਅੰਤਮ ਕੱਟਣੀ ਫਸਲ ਹਾੜੀ, ਨਾੜੀ ਨਾੜੀ ਇਕ ਵਜਾਇੰਦਾ । ਲੇਖਾ ਲਿਖਣਹਾਰ ਜੰਗਲ ਜੂਹ ਉਜਾੜ ਪਹਾੜੀ, ਉਚੇ ਪਰਬਤ ਵੇਖ ਵਖਾਇੰਦਾ । ਦੀਪ ਲੋਅ ਚਰਨਾਂ ਹੇਠ ਰਿਹਾ ਲਿਤਾੜੀ, ਸਚ ਪਰਕਾਸ਼ ਆਪਣਾ ਇਕ ਕਰਾਇੰਦਾ । ਗੁਰਮੁਖਾਂ ਫਿਰੇ ਪਿਛੇ ਅਗਾੜੀ, ਦਾਸੀ ਦਾਸ ਆਪ ਅਖਵਾਇੰਦਾ । ਨਾਮ ਤੇਲ ਜੋਤ ਨਿਰੰਜਣ ਰਿਹਾ ਚਾੜ੍ਹੀ, ਲਾਲ ਰੰਗ ਸਾਚੀ ਮਹਿੰਦੀ ਹੱਥੀਂ ਲਾਇੰਦਾ । ਕਾਇਆ ਡੋਲੇ ਆਪੇ ਵਾੜੀ, ਆਪਣੀ ਹੱਥੀਂ ਬੰਦ ਕਰਾਇੰਦਾ । ਸਚ ਕੁਹਾਰਾ ਹਰਿ ਕਰਤਾਰਾ ਗੁਰਮੁਖ ਉਠਾਏ ਸਾਚੀ ਡੋਲੀ, ਨੌਂ ਦਵਾਰੇ ਪਾਰ ਕਰਾਇੰਦਾ । ਦਿਵਸ ਰੈਣ ਕਰੇ ਪਿਆਰਾ, ਗੁਰਮੁਖ ਸਾਜਣ ਮੀਤ ਮੁਰਾਰ, ਧੰਨ ਸੁਭਾਗ ਸਤਾਰਾਂ ਹਾੜਾ, ਵਿਛੜੇ ਮੇਲ ਮਿਲਾਇੰਦਾ । ਜੁਗਾਂ ਜੁਗਾਂ ਦਾ ਕੀਆ ਅਧਾਰਾ, ਕਲਜੁਗ ਅੰਤਮ ਮੂਲ ਚੁਕਾਇੰਦਾ । ਸ਼ਿਵ ਜੀ ਨਜ਼ਰ ਭੇਟ ਕਰੇ ਤ੍ਰਿਸੂਲ, ਜਗਤ ਜਗਦੀਸ਼ੇ ਹੱਥ ਫੜਾਇੰਦਾ । ਪੁਰਖ ਅਬਿਨਾਸ਼ੀ ਨਾ ਜਾਏ ਭੁਲ, ਜੁਗ ਜੁਗ ਭੇਖ ਵਟਾਇੰਦਾ । ਲਹਿਣਾ ਦੇਣਾ ਬ੍ਰਹਮੇ ਸ਼ਿਵ ਚੁਕਾਏ ਮੂਲ, ਲਿਖ ਲਿਖ ਲੇਖ ਹਿਸਾਬ ਮੁਕਾਇੰਦਾ । ਹਰਿ ਹਰਿ ਸਾਚਾ ਕੰਤ ਕੰਤੂਹਲ, ਗੁਰਮੁਖ ਸਾਚੇ ਸਾਚੀ ਨਾਰੀ ਜੁਗ ਜੁਗ ਸੇਵਾ ਲਾਇੰਦਾ । ਸਾਚੀ ਨਾਰੀ

ਕੰਤ ਸੁਹਾਗਣ, ਪੁਰਖ ਅਬਿਨਾਸ਼ੀ ਪਾਇਆ । ਆਪ ਉਪਜਾਏ ਇਕ ਵੈਰਾਗਣ, ਸੋਹਣਾ ਸੀਸ ਗੁੰਦਾਇਆ । ਹੱਥੀਂ ਬੰਨ੍ਹੇ ਸਾਚਾ ਤਾਗਨ, ਜਗਤ ਜਗਦੀਸ਼ ਸਿਰ ਤਾਜ ਟਿਕਾਇਆ । ਜੋ ਜਨ ਸਰਨਾਈ ਲਾਗਣ, ਪ੍ਰਭ ਸਾਚੇ ਧਾਮ ਦਏ ਬਹਾਇਆ । ਆਪ ਬੁਝਾਏ ਤ੍ਰਿਸ਼ਨਾ ਆਗਨ, ਦਿਵਸ ਤਿੰਨ ਜਿਸ ਦਰਸ਼ਨ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਾੜ ਸਤਾਰਾਂ ਕਰ ਵਿਚਾਰ ਖ਼ੁਸ਼ੀਆਂ ਨਾਲ ਮਨਾਇਆ । ਹਾੜ ਸਤਾਰਾਂ ਸੁਹਾਈ ਰੁੱਤ, ਸਤਿਜੁਗ ਤੇਰੀ ਮਾਤ ਉਪਾਈਆ । ਕਲਜੁਗ ਵੱਢੇ ਨੱਕ ਗੁੱਤ, ਬੇਮੁਖ ਰਹਿਣ ਨਾ ਪਾਈਆ । ਪੁਰਖ ਅਬਿਨਾਸ਼ੀ ਪਾਰਬ੍ਰਹਮ ਅਚੁੱਤ, ਗੁਰਮੁਖ ਆਪ ਉਠਾਏ ਸਾਚੇ ਸੁਤ, ਮਸਤਕ ਟਿੱਕਾ ਰਿਹਾ ਲਗਾਈਆ । ਅੰਮ੍ਰਿਤ ਆਤਮ ਪਿਆਏ ਘੁੱਟ, ਲੱਖ ਚੁਰਾਸੀ ਜਾਣੀ ਛੁੱਟ, ਪੰਜਾਂ ਚੋਰਾਂ ਜੜ੍ਹ ਦੇਵੇ ਪੁੱਟ, ਸੋਹੰ ਤਿਖਾ ਤੀਰ ਰਖਾਈਆ । ਨੌਂ ਖੰਡ ਪ੍ਰਿਥਮੀ ਜਾਏ ਜੁਟ, ਦਰ ਦਰ ਘਰ ਘਰ ਅੰਦਰ ਮੰਦਰ ਹੋਏ ਲੁੱਟ, ਗੁਰੂਦਵਾਰਾ ਨਾ ਕੋਇ ਬਚਾਈਆ । ਤੀਰ ਨਿਰਾਲਾ ਰਿਹਾ ਛੁੱਟ, ਸੱਤਾਂ ਦੀਪਾਂ ਪੈ ਜਾਏ ਫੁੱਟ, ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਲਾੜੀ ਮੌਤ ਕਲ ਫਿਰੇ ਹਲਕਾਈਆ । ਗੁਰਮੁਖਾਂ ਬੰਨ੍ਹੇ ਹੱਥੀਂ ਗਾਨਾ, ਪੁਰਖ ਅਬਿਨਾਸ਼ੀ ਹਰਿ ਭਗਵਾਨਾ, ਏਕਾ ਦੇਵੇ ਜੀਆ ਦਾਨਾ, ਦਰ ਘਰ ਸਾਚੇ ਮੇਲ ਮਿਲਾਈਆ । ਆਪੇ ਗੋਪੀ ਆਪੇ ਕਾਹਨਾ, ਨਾਰੀ ਕੰਤ ਗੁਰਮੁਖ ਸਾਚੇ ਸੰਤ ਸ਼ਬਦ ਬਿਠਾਏ ਵਿਚ ਬਿਬਾਣਾ, ਲੋਆਂ ਪੁਰੀਆਂ ਇਕ ਉਡਾਨਾ, ਜ਼ਿਮੀ ਅਸਮਾਨਾਂ ਗਗਨ ਪਤਾਲਾਂ ਵਿਚ ਸਮਾਈਆ । ਹਰਿਜਨ ਤੇਰਾ ਸਦਾ ਰਖਵਾਲਾ, ਦਿਵਸ ਰੈਣ ਕਰੇ ਪ੍ਰਿਤਪਾਲਾ, ਦੀਨਾਂ ਬੰਧੂ ਦੀਨ ਦਿਆਲਾ, ਲੋਕਮਾਤੀ ਸੇਵ ਕਮਾਈਆ । ਜਗਤ ਅਵੱਲੜੀ ਚਲੇ ਚਾਲਾ, ਆਪੇ ਬੈਠਾ ਹਰਿ ਧਾਮ ਸੱਚੀ ਧਰਮਸਾਲਾ, ਸਾਚਾ ਦੀਪ ਜੋਤ ਜਗਾਈਆ । ਨੇੜ ਨਾ ਆਏ ਕਾਲ ਮਹਾਂਕਾਲਾ, ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਗੁਰ ਗੋਬਿੰਦਾ ਵੇਖ ਘਰ, ਏਕਾ ਜੋਤ ਜਗਾਈਆ । ਗੁਰ ਗੋਬਿੰਦ ਵਸਿਆ ਘਰ, ਹੋਇਆ ਜੋਤ ਉਜਾਲਾ । ਸਚ ਦਵਾਰਾ ਲਿਖਿਆ ਦਰ, ਪ੍ਰਭ ਮਿਲਿਆ ਗੋਬਿੰਦ ਗੋਬਿੰਦ ਗੁਰ ਗੋਪਾਲਾ । ਜਨਮ ਜਗਤ ਦਾ ਮਿਲਿਆ ਵਰ, ਫੁਲ ਲੱਗੇ ਸਾਚੇ ਡਾਲਾ । ਸਚ ਧਰਮ ਦੀ ਲਾਏ ਜੜ੍ਹ, ਮਨਮੁਖ ਜੀਵਾਂ ਕਰੇ ਮੂੰਹ ਕਾਲਾ । ਚਾਰ ਵਰਨਾਂ ਘਾੜਨ ਏਕਾ ਘੜ, ਇਕ ਵਖਾਏ ਸਾਚਾ ਘਰ, ਸ਼ਬਦ ਵਜਾਏ ਸਾਚਾ ਤਾਲਾ । ਅੰਦਰ ਮੰਦਰ ਆਪੇ ਚੜ੍ਹ, ਸੁਰਤ ਸੁਵਾਣੀ ਲਏ ਫੜ, ਫਲ ਵੇਖੇ ਲੱਗਾ ਕਾਇਆ ਡਾਲ੍ਹ । ਦਿਵਸ ਰੈਣ ਪ੍ਰਭ ਰਿਹਾ ਲੜ, ਮਨਮਤ ਉਖਾੜੇ ਤੇਰੀ ਜੜ੍ਹ, ਗੁਰਮਤ ਕਰੇ ਪਰਧਾਨਾ । ਮੋਹ ਵਿਕਾਰਾ ਜਾਏ ਸੜ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨ ਭਗਤਾਂ ਹੱਥੀਂ ਬੰਨ੍ਹੇ ਗਾਨਾ । ਹੱਥੀਂ ਬੰਨ੍ਹੇ ਨਾਮ ਡੋਰ, ਡੋਰੀ ਆਪਣੇ ਹੱਥ ਰਖਾਈਆ । ਕਲਜੁਗ ਰੈਣ ਅੰਧੇਰੀ ਘੋਰ, ਨਾ ਕੋਈ ਕਰੇ ਰੁਸ਼ਨਾਈਆ । ਨੌਂ ਦਵਾਰੇ ਪਿਆ ਸ਼ੋਰ, ਹਾਹਾਕਾਰ ਰਹੀ ਕੁਰਲਾਈਆ । ਏਕਾ ਝਗੜਾ ਮੋਰ ਤੋਰ, ਨਾ ਸਕੇ ਕੋਈ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖਾਂ ਦੇਵੇ ਸ਼ਬਦ ਵਰ, ਵੇਲੇ ਅੰਤਮ ਹੋਏ ਸਹਾਈਆ । ਵੇਲਾ ਅੰਤ ਸੰਤ ਨਾ ਜਾਨਣ, ਕੰਤ ਨਾ ਪਾਇਆ ਕਮਲਾ । ਜੀਵ ਜੰਤ ਨਾ ਮਾਤ ਪਛਾਨਣ, ਪ੍ਰਭ ਵਸਾਇਆ ਕਵਣ ਮਹੱਲਾ । ਗੁਣ ਨਿਧਾਨੀ ਹੋਏ ਨਾਦਾਨਣ, ਹੱਥ ਆਇਆ ਨਾ ਸ਼ਬਦ ਭੱਲਾ । ਵੇਦ ਪੁਰਾਨ ਪੜ੍ਹ ਪੜ੍ਹ ਛਾਨਣ, ਦੂਈ ਦਵੈਤ ਨਾ ਮਿਟਿਆ ਸਲਾ । ਮੁਲਾਂ ਸ਼ੇਖ਼ ਅੰਜ਼ੀਲ ਕੁਰਾਨਣ, ਪਾਇਆ ਹੱਕ ਨਾ ਸਚ ਮਸੱਲਾ । ਗ੍ਰੰਥੀ ਪੰਥੀ ਇਕ ਧਿਆਨਣ, ਭੇਵ ਨਾ ਆਇਆ ਸਲੋਕ ਪਹਿਲਾ ਮਹੱਲਾ । ਨਾ ਕੋਈ ਵੇਖੇ ਅੰਤਰ ਆਤਮ ਮਾਰ ਧਿਆਨਣ, ਗੁਰ ਨਾਨਕ ਤ੍ਰੈਗੁਣ


੭੫੪
੦੫

ਰੂਪ ਸਮਾਇਆ । ਸਾਚੇ ਮੰਦਰ ਨਾ ਹੋਏ ਚਾਨਣ, ਹਵਣ ਪਵਣ ਨਾ ਕੋਇ ਕਰਾਇਆ । ਅੰਤਮ ਦੇਵੇ ਨਾ ਕੋਈ ਦਾਨਣ, ਜਗਤ ਝੋਲੀ ਰਹੇ ਭਰਾਇਆ । ਨਾ ਕੋਈ ਜਾਣੇ ਬ੍ਰਹਮ ਗਿਆਨਣ, ਸ਼ਬਦ ਸਿਤਾਰ ਨਾ ਕੋਇ ਵਜਾਇਆ । ਰਾਗ ਨਾ ਸੁਣਿਆ ਸਾਚਾ ਕਾਨਣ, ਅਨਹਦ ਰਾਗ ਨਾ ਦਏ ਉਪਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰਾ ਅੰਤਮ ਬਾਲਣ ਲੱਖ ਚੁਰਾਸੀ ਹਾਡੀ ਦਏ ਬਣਾਇਆ । ਗੁਰਮੁਖ ਤੇਰਾ ਸਤਿ ਸਰੂਪ, ਸਾਚੇ ਵਿਚ ਸਮਾਇਆ । ਜਗਤ ਅੰਧੇਰਾ ਅੰਧਕੂਪ, ਅੰਤ ਰਹਿਣ ਨਾ ਪਾਇਆ । ਹਾਹਾਕਾਰੀ ਚਾਰੋਂ ਕੂਟ, ਸਾਚਾ ਤੀਰ ਰਿਹਾ ਛੂਟ, ਨਾ ਸਕੇ ਕੋਈ ਉਲਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮੇਟ ਮਿਟਾਏ ਜੂਠ ਝੂਠ, ਸਚ ਸੁੱਚ ਵਰਤਾਰਾ ਆਇਆ । ਸਚ ਸੁੱਚ ਹਰਿ ਵਰਤਾਰ, ਸਾਚਾ ਕਲਸ ਹੱਥ ਉਠਾਈਆ । ਅੰਮ੍ਰਿਤ ਭਰਿਆ ਹਰਿ ਭੰਡਾਰ, ਸਤਿਜੁਗ ਸਾਚੀ ਬਣਤ ਬਣਾਈਆ । ਗੁਰਮੁਖਾਂ ਬਖ਼ਸ਼ੇ ਏਕਾ ਧਾਰ, ਦੇਵੀ ਦੇਵ ਦਏ ਦੁਹਾਈਆ । ਜੁਗਾ ਜੁਗੰਤਰ ਸਾਚੀ ਕਾਰ, ਭੇਵ ਨਾ ਜਾਣੇ ਰਾਈਆ । ਪਰਗਟ ਹੋਏ ਨਰ ਨਿਰੰਕਾਰ, ਮਾਝੇ ਦੇਸ ਵੱਜੇ ਵਧਾਈਆ । ਸੰਬਲ ਨਗਰੀ ਚਾਰ ਦਵਾਰ, ਕਾਇਆ ਨਗਰੀ ਇਕ ਰਖਾਈਆ । ਸਚ ਸਮਗਰੀ ਸ਼ਬਦ ਧਾਰ, ਪ੍ਰਭ ਆਪਣੀ ਵਿਚ ਰਖਾਈਆ । ਆਪੇ ਕੱਢੇ ਵਾਰੋ ਵਾਰ, ਸੰਮਤ ਸੰਮਤੀ ਲੇਖ ਲਿਖਾਈਆ । ਭਰਿਆ ਰਹੇ ਸਦਾ ਭੰਡਾਰ, ਤੋਟ ਕਦੇ ਨਾ ਆਈਆ । ਸਾਢੇ ਤਿੰਨ ਹੱਥ ਸੀਆਂ ਜਗਤ ਵਿਹਾਰ, ਸਾਢੇ ਤਿੰਨ ਹੱਥ ਲੇਖ ਮਿਟਾਈਆ । ਨੌਂ ਦਵਾਰੇ ਖੋਲ੍ਹ ਦਵਾਰ, ਦਸਵੇਂ ਬੂਝ ਬੁਝਾਈਆ । ਮਾਇਆ ਮਮਤਾ ਰਹੇ ਸਾੜ, ਗੁਰਮੁਖ ਨੇੜ ਨਾ ਆਈਆ । ਫੜ ਫੜ ਬਾਹੋਂ ਰਿਹਾ ਚਾੜ੍ਹ, ਸ਼ਬਦ ਸਿੰਘਾਸਣ ਇਕ ਵਿਛਾਈਆ । ਕੋਈ ਨਾ ਦਿਸੇ ਝੂਠੀ ਧਾੜ, ਸ਼ਬਦ ਖੰਡਾ ਹੱਥ ਉਠਾਈਆ । ੭੫੫
ਜੋਤ ਜਗੇ ਬਹੱਤਰ ਨਾੜ, ਸੰਮਤ ਸੋਲਾਂ ਜੋ ਜਨ ਦਰਸ਼ਨ ਪਾਈਆ । ਬਜਰ ਕਪਾਟੀ ਜਾਏ ਪਾੜ, ਲਹਿਣਾ ਦੇਣਾ ਮੂਲ ਚੁਕਾਈਆ । ਅੰਤਮ ਲੇਖਾ ਚੁਕੇ ਸਤਾਰਾਂ ਹਾੜ, ਕਲਜੁਗ ਤੇਰੀ ਅੰਤਮ ਥਿਤ ਲਿਖਾਈਆ । ਬੀਸ ਬੀਸਾ ਪਰਗਟ ਹੋਏ ਵਿਚ ਪਹਾੜ, ਨੈਣਾਂ ਦੇਵੀ ਚਰਨ ਛੁਹਾਈਆ । ਕਮਰਕੱਸਾ ਕਰ ਤਿਆਰ, ਸ਼ਬਦ ਖੰਡਾ ਵਿਚ ਬ੍ਰਹਿਮੰਡਾਂ ਆਪਣਾ ਆਪ ਭੁਵਾਈਆ । ਲੋਕਮਾਤ ਲਾਏ ਸਾਚਾ ਡੰਡਾ, ਚਾਰ ਵਰਨ ਪ੍ਰਭ ਵੰਡੇ ਵੰਡਾਂ, ਜ਼ਾਤ ਪਾਤ ਰਹਿਣ ਨਾ ਪਾਈਆ । ਨਾ ਕੋਈ ਦਿਸੇ ਭੇਖ ਪਖੰਡਾ, ਏਕਾ ਗੋਬਿੰਦ ਗੋਬਿੰਦ ਗਾਈਆ । ਗੁਰਮੁਖ ਆਤਮ ਕੋਈ ਨਾ ਦਿਸੇ ਰੰਡਾ, ਪ੍ਰਭ ਸਾਚਾ ਕੰਤ ਸੁਹਾਗੀ ਸਾਚੇ ਸੀਸ ਟਿਕਾਈਆ । ਲੇਖੇ ਲਾਏ ਖਾਣੀ ਜੇਰਜ ਅੰਡਾ, ਉਤਭੁਜ ਸੇਤਜ ਆਪ ਮਿਟਾਈਆ । ਗੁਰਮੁਖ ਵੰਡਾਉਣੀ ਸਾਚੀ ਵੰਡਾ, ਸੰਮਤ ਤੇਰਾਂ ਹਾੜ ਸਤਾਰਾਂ ਆਈਆ । ਕਿਸੇ ਹੱਥ ਨਾ ਆਏ ਵਿਚ ਬ੍ਰਹਿਮੰਡਾਂ, ਬ੍ਰਹਮਾ ਅੱਠੇ ਨੇਤਰ ਰਿਹਾ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖਾਂ ਕਾਇਆ ਦੁਖ ਰਿਹਾ ਮਿਟਾਈਆ । ਹਰਿ ਰਚਨਾ ਜੁਗ ਚਾਰ, ਆਪ ਉਪਾਈਆ । ਹਰਿ ਰਚਨਾ ਜੁਗ ਚਾਰ, ਆਪ ਰਚਾਈਆ । ਹਰਿ ਰਚਨਾ ਜੁਗ ਚਾਰ, ਸ੍ਰਿਸ਼ਟ ਸਬਾਈਆ । ਹਰਿ ਰਚਨਾ ਜੁਗ ਚਾਰ, ਲੱਖ ਚੁਰਾਸੀ ਬਣਤ ਬਣਾਈਆ । ਹਰਿ ਰਚਨਾ ਜੁਗ ਚਾਰ, ਮੰਡਲ ਰਾਸੀ ਆਪ ਸੁਹਾਈਆ । ਹਰਿ ਰਚਨਾ ਜੁਗ ਚਾਰ, ਰਵ ਸਸ ਜੋਤ ਪਰਕਾਸ਼ੀ, ਸਾਚੀ ਸੇਵਾ ਲਾਈਆ । ਹਰਿ ਰਚਨਾ ਜੁਗ ਚਾਰ, ਪ੍ਰਿਥਮੀ ਆਕਾਸ਼ੀ ਬਿਨ ਥੰਮ੍ਹਾਂ ਗਗਨ ਰਹਾਈਆ । ਹਰਿ ਰਚਨਾ ਜੁਗ ਚਾਰ, ਘਰ ਘਰ ਦਰ ਦਰ ਅੰਦਰ ਕਰੇ ਵਾਸੀ, ਵਾਸ ਨਿਵਾਸਾ ਦਿਸ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਬਣਤ ਬਣਾਈਆ । ਹਰਿ ਰਚਨਾ ਜੁਗ ਚਾਰ, ਜੁਗਾ

ਜੁਗੰਤਿਆ । ਹਰਿ ਰਚਨਾ ਜੁਗ ਚਾਰ, ਪੂਰਨ ਭਗਵੰਤਿਆ । ਹਰਿ ਰਚਨਾ ਜੁਗ ਚਾਰ, ਸਚ ਮੇਲਾ ਸਾਧਨ ਸੰਤਿਆ । ਹਰਿ ਰਚਨਾ ਜੁਗ ਚਾਰ, ਖੇਲੇ ਖੇਲ ਹਰਿ ਹਰਿ ਕੰਤਿਆ । ਹਰਿ ਰਚਨਾ ਜੁਗ ਚਾਰ, ਗੋਬਿੰਦ ਕਾਇਆ ਰੂਪ ਬਸੰਤਿਆ । ਹਰਿ ਰਚਨਾ ਜੁਗ ਚਾਰ, ਯੋਧਾ ਸੂਰ ਧਨੀ ਧਨਵੰਤਿਆ । ਹਰਿ ਰਚਨਾ ਜੁਗ ਚਾਰ, ਸਰਬ ਕਲਾ ਭਰਪੂਰ ਪਤੀ ਪਤਵੰਤਿਆ । ਹਰਿ ਰਚਨਾ ਜੁਗ ਚਾਰ, ਗੁਰਮੁਖ ਸਾਚੀ ਨਾਰ ਸਤੀ ਸਤਵੰਤਿਆ । ਹਰਿ ਰਚਨਾ ਜੁਗ ਚਾਰ, ਧੀਰਜ ਯਤ ਸਤਿ ਸੰਤੋਖੀ ਮਾਤ ਆਪ ਅਖਵੰਤਿਆ । ਹਰਿ ਰਚਨਾ ਜੁਗ ਚਾਰ, ਗੁਰਮੁਖਾਂ ਰੱਖਣਹਾਰਾ ਪਤ, ਆਤਮ ਬੀਜ ਬੀਜੇ ਸਾਚੇ ਵੱਤ, ਫੁਲ ਫੁਲਵਾੜੀ ਇਕ ਉਗੰਤਿਆ । ਹਰਿ ਰਚਨਾ ਜੁਗ ਚਾਰ, ਜਗੇ ਜਗ ਪਾਵੇ ਸਾਰ, ਬ੍ਰਹਮਾ ਸ਼ਿਵ ਲਏ ਅਧਾਰ, ਕਰੋੜ ਤੇਤੀਸਾ ਭੇਖ ਵਟੰਤਿਆ । ਹਰਿ ਰਚਨਾ ਜੁਗ ਚਾਰ, ਪਰਗਟ ਹੋ ਹੋ ਲਏ ਅਵਤਾਰ, ਸਚ ਮਾਰਗ ਆਪਣੇ ਹੱਥ ਰਖੰਤਿਆ । ਹਰਿ ਰਚਨਾ ਜੁਗ ਚਾਰ, ਚਵੀ ਤੱਤ ਚਵੀ ਅਵਤਾਰ, ਪ੍ਰਕਿਰਤੀ ਜੀਵ ਅਪਾਰ, ਪੰਜਾਂ ਤੱਤਾਂ ਏਕਾ ਧਾਰ, ਪੰਜਾਂ ਮੇਲਾ ਹਰਿ ਭਗਵੰਤਿਆ । ਹਰਿ ਰਚਨਾ ਜੁਗ ਚਾਰ, ਰਾਗ ਰਾਗਨੀ ਕਰੇ ਪਿਆਰ, ਬ੍ਰਹਮਾ ਵੇਤਾ ਵੇਦ ਉਚਾਰ, ਸੁਰਸਤੀ ਬੀਨਾ ਸੱਚੀ ਧੁਨਕਾਰ, ਨਰ ਨਰਾਇਣ ਰਾਗ ਸੁਣੰਤਿਆ । ਹਰਿ ਰਚਨਾ ਜੁਗ ਚਾਰ, ਪ੍ਰਭ ਸਾਚੀ ਬੰਨੇ ਧਾਰ, ਕਰੇ ਖੇਲ ਅਪਰ ਅਪਾਰ, ਵਡ ਦਾਤਾ ਗੁਣ ਗੁਣਵੰਤਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੋਬਿੰਦ ਕਾਇਆ ਰੰਗ ਬਸੰਤਿਆ । ਹਰਿ ਰਚਨਾ ਜੁਗ ਚਾਰ, ਚਲਤ ਕਰਾਇਆ । ਜੁਗ ਜੁਗ ਪਾਵੇ ਸਾਰ, ਧਰਮ ਧਰਾਇਆ । ਜੀਵ ਜੰਤ ਲਏ ਉਭਾਰ, ਸਾਧ ਸੰਤ ਤਰਾਇਆ । ਗੁਰਮੁਖ ਨਾਰੀ ਕੰਤ ਪਿਆਰ, ਸ਼ਬਦ ਪੰਘੂੜਾ ਇਕ ਝੁਲਾਇਆ । ਆਪੇ ਵਸਿਆ ਸਭ ਤੋਂ ਬਾਹਰ, ਗੂੜ੍ਹਾ ਰੰਗ ਇਕ ਚੜ੍ਹਾਇਆ । ਨਾਮ ਚੂੜਾ ਅਪਰ ਅਪਾਰ, ਹੱਥੀਂ ਮਹਿੰਦੀ ਪ੍ਰੇਮ ਲਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਰਚਨਾ ਜੁਗ ਚਾਰ, ਆਪਣਾ ਕਾਜ ਰਚਾਇਆ । ਹਰਿ ਰਚਨਾ ਜੁਗ ਚਾਰ, ਕਾਜ ਨਿਰੰਕਾਰਿਆ । ਹਰਿ ਰਚਨਾ ਜੁਗ ਚਾਰ, ਕਰੇ ਖੇਲ ਵਾਰੋ ਵਾਰਿਆ । ਹਰਿ ਰਚਨਾ ਜੁਗ ਚਾਰ, ਚਾਰੇ ਜੁਗ ਮਾਤ ਅਪਾਰਿਆ । ਹਰਿ ਰਚਨਾ ਜੁਗ ਚਾਰ, ਧਰਤਮਾਤ ਗੋਦ ਉਠਾ ਰਿਹਾ । ਹਰਿ ਰਚਨਾ ਜੁਗ ਚਾਰ, ਲੱਖ ਚੁਰਾਸੀ ਆਪ ਉਪਾ ਰਿਹਾ । ਹਰਿ ਰਚਨਾ ਜੁਗ ਚਾਰ, ਗੁਰਮੁਖ ਸਾਚੇ ਸੰਤ ਜਨਾਂ ਘਰ ਸਾਚਾ ਇਕ ਵਖਾ ਰਿਹਾ । ਹਰਿ ਰਚਨਾ ਜੁਗ ਚਾਰ, ਗੋਬਿੰਦ ਕਾਇਆ ਰੂਪ ਬਸੰਤ, ਅੰਤ ਆਪਣੀ ਮਹਿੰਮਾ ਆਪ ਜਣਾ ਰਿਹਾ । ਹਰਿ ਰਚਨਾ ਜੁਗ ਚਾਰ, ਜੋਗ ਅਭਿਆਸਿਆ । ਹਰਿ ਰਚਨਾ ਜੁਗ ਚਾਰ, ਸ਼ਬਦ ਪਰਕਾਸ਼ਿਆ । ਹਰਿ ਰਚਨਾ ਜੁਗ ਚਾਰ, ਪੁਰਖ ਅਬਿਨਾਸ਼ੀਆ । ਹਰਿ ਰਚਨਾ ਜੁਗ ਚਾਰ, ਘਟ ਘਟ ਅੰਦਰ ਰੱਖੇ ਵਾਸਿਆ । ਹਰਿ ਰਚਨਾ ਜੁਗ ਚਾਰ, ਵੇਖ ਵਖਾਣੇ ਪ੍ਰਿਥਮੀ ਅਕਾਸ਼ਿਆ । ਹਰਿ ਰਚਨਾ ਜੁਗ ਚਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੋਬਿੰਦ ਕਾਇਆ ਕੰਚਨ ਰੂਪ ਸ਼ਬਦ ਚਲਾਏ ਸਵਾਸ ਸਵਾਸਿਆ । ਹਰਿ ਰਚਨਾ ਜੁਗ ਚਾਰ, ਆਪ ਕਰਤਾਰਿਆ । ਹਰਿ ਰਚਨਾ ਜੁਗ ਚਾਰ, ਸਰਬ ਪਸਾਰਿਆ । ਹਰਿ ਰਚਨਾ ਜੁਗ ਚਾਰ, ਜੋਤ ਅਧਾਰਿਆ । ਹਰਿ ਰਚਨਾ ਜੁਗ ਚਾਰ, ਸ਼ਬਦ ਧੁਨਕਾਰਿਆ । ਹਰਿ ਰਚਨਾ ਜੁਗ ਚਾਰ, ਕਰਮ ਵਿਚਾਰਿਆ । ਹਰਿ ਰਚਨਾ ਜੁਗ ਚਾਰ, ਏਕਾ ਏਕ ਏਕੰਕਾਰ ਏਕਾ ਧਾਮ ਸੁਹਾ ਰਿਹਾ । ਹਰਿ ਰਚਨਾ ਜੁਗ ਚਾਰ, ਪਵਣ ਪਵਣੀ ਆਪ ਉਡਾਰ, ਅਵਣੀ ਗਵਣੀ ਪਾਵੇ ਸਾਰ, ਪੁਰੀਆਂ ਲੋਆਂ ਰਹਿਣ ਨਾ ਦੇਵੇ ਕੋ, ਦੋ ਜਹਾਨੀ ਪਸਰ ਪਸਾਰਿਆ । ਹਰਿ ਰਚਨਾ ਜੁਗ


੭੫੬ ੦੫

ਚਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੋਬਿੰਦ ਕਾਇਆ ਕੰਚਨ ਰੂਪ, ਹਰਿ ਵਡਾ ਸ਼ਾਹੋ ਭੂਪ, ਜੋਤ ਸਰੂਪੀ ਸਤਿਗੁਰ ਸਚ ਸਿੰਘਾਸਣ ਆਸਣ ਲਾ ਰਿਹਾ । ਹਰਿ ਰਚਨਾ ਜੁਗ ਚਾਰ, ਜੋਤ ਅਕਾਲੀਆ । ਹਰਿ ਰਚਨਾ ਜੁਗ ਚਾਰ, ਲੱਖ ਚੁਰਾਸੀ ਰਹੇ ਸੁਵਾਲੀਆ । ਹਰਿ ਰਚਨਾ ਜੁਗ ਚਾਰ, ਪ੍ਰਭ ਬਣਿਆ ਧੁਰ ਦਰਗਾਹੀ ਸਾਚਾ ਵਾਲੀਆ । ਜੋਤੀ ਜੋਤ ਸਰੂਪ ਹਰਿ, ਦੋਵੇਂ ਹੱਥੀਂ ਫਿਰੇ ਖਾਲੀਆ । ਹਰਿ ਰਚਨਾ ਜੁਗ ਚਾਰ, ਆਪੇ ਵੇਖੇ ਪਰਖੇ ਕਰ ਵਿਚਾਰ, ਫਲ ਲੱਗਾ ਕਵਣ ਡਾਲੀਆ । ਹਰਿ ਰਚਨਾ ਜੁਗ ਚਾਰ, ਗੁਰਮੁਖਾਂ ਕਰੇ ਸਦ ਪਿਆਰ, ਦੇਵੇ ਨਾਮ ਧੁਰ ਦਰਗਾਹੀ ਇਕ ਦਲਾਲੀਆ । ਹਰਿ ਰਚਨਾ ਜੁਗ ਚਾਰ, ਸੰਤ ਸੁਹੇਲਾ ਮੀਤ ਮੁਰਾਰ, ਪਰਗਟ ਹੋਏ ਵਿਚ ਸੰਸਾਰ, ਜੁਗ ਜੁਗ ਬੰਨ੍ਹੇ ਆਪਣੀ ਧਾਰ, ਆਪਣੇ ਰੰਗ ਰੰਗਾ ਲੀਆ । ਜੋਤੀ ਜੋਤ ਸਰੂਪ ਹਰਿ, ਗੋਬਿੰਦ ਕਾਇਆ ਕੰਚਨ ਰੂਪ, ਜੁਗ ਜੁਗ ਮਹਿੰਮਾ ਮਾਤ ਅਨੂਪ, ਆਪ ਆਪਣੇ ਵਿਚ ਸਮਾ ਲੀਆ । ਹਰਿ ਰਚਨਾ ਜੁਗ ਚਾਰ, ਚੋਟ ਨਗਾਰਿਆ । ਹਰਿ ਰਚਨਾ ਜੁਗ ਚਾਰ, ਖੋਟ ਗਵਾ ਰਿਹਾ । ਹਰਿ ਰਚਨਾ ਜੁਗ ਚਾਰ, ਸ਼ਬਦ ਭੰਡਾਰ ਅਤੋਟ ਅਤੁਟ ਰਖਾ ਰਿਹਾ । ਹਰਿ ਰਚਨਾ ਜੁਗ ਚਾਰ, ਕੋਟਨ ਕੋਟੀ ਜੀਵ ਉਪਾ ਰਿਹਾ । ਹਰਿ ਰਚਨਾ ਜੁਗ ਚਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੋਬਿੰਦ ਕਾਇਆ ਕੰਚਨ ਰੂਪ, ਪਵਣ ਉਨੰਜਾ ਦੇਵੇ ਧੂਪ, ਨਾਮ ਸੁਗੰਧੀ ਇਕ ਰਖਾ ਰਿਹਾ । ਹਰਿ ਰਚਨਾ ਜੁਗ ਚਾਰ, ਭਗਤ ਭਗਵਾਨਿਆ । ਹਰਿ ਰਚਨਾ ਜੁਗ ਚਾਰ, ਚਾਰੇ ਵੇਦ ਭੇਦ ਦਰ ਦਰਵਾਨਿਆ । ਹਰਿ ਰਚਨਾ ਜੁਗ ਚਾਰ, ਅਠਾਰਾਂ ਕਿਤੇਬ ਧੁਰਦਰਗਾਹੀ ਇਕ ਫ਼ਰਮਾਨਿਆ । ਹਰਿ ਰਚਨਾ ਜੁਗ ਚਾਰ, ਅਛਲ ਅਛੇਦ ਕਰੇ ਖੇਲ ਮਹਾਨਿਆ । ਹਰਿ ਰਚਨਾ ਜੁਗ ਚਾਰ, ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਕੰਚਨ ਕਾਇਆ ਗੋਬਿੰਦ ਰੂਪ ਗੁਰ ਸ਼ਬਦ ਕਰੇ ਮਸਤਾਨਿਆ । ਹਰਿ ਰਚਨਾ ਜੁਗ ਚਾਰ, ਗਣਤ ਗਣਾਈਆ । ਹਰਿ ਰਚਨਾ ਜੁਗ ਚਾਰ, ਸਾਧ ਸੰਤ ਰਿਹਾ ਵਡਿਆਈਆ । ਹਰਿ ਰਚਨਾ ਜੁਗ ਚਾਰ, ਦੇਵ ਦੰਤ ਦਏ ਸਜਾਈਆ । ਹਰਿ ਰਚਨਾ ਜੁਗ ਚਾਰ, ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਗੋਬਿੰਦ ਕਾਇਆ ਕੰਚਨ ਰੂਪ ਸਾਚਾ ਗੜ੍ਹ ਇਕ ਉਪਾਈਆ । ਹਰਿ ਰਚਨਾ ਜੁਗ ਚਾਰ, ਜੁਗ ਉਪਾਇੰਦਾ । ਜੁਗ ਜੁਗ ਬੰਨ੍ਹੇ ਧਾਰ ਧਰਮ ਚਲਾਇੰਦਾ । ਸਤਿਜੁਗ ਤ੍ਰੇਤਾ ਉਤਰੇ ਪਾਰ, ਬੀਸ ਬੀਸਾ ਜਨਮ ਦਵਾਇੰਦਾ । ਦੁਆਪਰ ਤੇਰੀ ਮਾਤ ਵਾਰ, ਦੋ ਦੋਏ ਭੇਖ ਵਟਾਇੰਦਾ । ਅਰਜਨ ਬਣਿਆ ਮੀਤ ਮੁਰਾਰ, ਰਥ ਰਥਵਾਹੀ ਆਪ ਅਖਵਾਇੰਦਾ । ਅਠਾਰਾਂ ਧਿਆਏ ਗਾਏ ਗੀਤਾ, ਭਗਤ ਸੁਣਾਏ ਸਾਚੀ ਰੀਤਾ, ਆਤਮ ਧੀਰ ਧਰਾਇੰਦਾ । ਚਰਨ ਦਵਾਰਾ ਹਰਿ ਨਿਰੰਕਾਰਾ, ਏਕਾ ਪਾਇਆ ਪੁਰਖ ਅਪਾਰਾ, ਆਤਮ ਦੇਹੀ ਤਨ ਮਨ ਜੀਤਾ, ਪ੍ਰਭ ਸਾਚਾ ਰਾਹ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਗੋਬਿੰਦ ਕਾਇਆ ਕੰਚਨ ਰੂਪ, ਆਪ ਆਪਣਾ ਰੂਪ ਵਟਾਇੰਦਾ । ਹਰਿ ਰਚਨਾ ਜੁਗ ਚਾਰ, ਜੋਗ ਕਮਾਇਆ । ਤ੍ਰੈ ਜੁਗ ਉਤਰੇ ਪਾਰ, ਚੌਥੇ ਜੁਗ ਵਕਤ ਸੁਹਾਇਆ । ਕਲਜੁਗ ਤੇਰੀ ਸਾਚੀ ਧਾਰ, ਵਰ ਮੰਗੇ ਦਰ ਦਰਬਾਰ, ਪ੍ਰਭ ਅੰਤਮ ਭਿਛਿਆ ਪਾਇਆ । ਨਾਲ ਰਲਿਆ ਮੁਹੰਮਦੀ ਯਾਰ, ਕੀਤਾ ਕੌਲ ਸੱਚਾ ਇਕਰਾਰ, ਪਰਗਟ ਹੋਏ ਹਰਿ ਨਿਰੰਕਾਰ, ਚੌਦਾਂ ਤਬਕਾਂ ਮਾਰੇ ਮਾਰ, ਸਦੀ ਚੌਧਵੀਂ ਹੋਏ ਖੁਆਰ, ਜੋਤੀ ਭੇਖ ਵਟਾਇਆ । ਸ਼ਬਦ ਖੰਡਾ ਹੱਥ ਦਾਤਾਰ, ਵਿਚ ਬ੍ਰਹਿਮੰਡਾਂ ਪਾਵੇ ਸਾਰ, ਜੇਰਜ ਅੰਡਾਂ ਕਰੇ ਖੁਆਰ । ਮਨਮੁਖਾਂ ਵੱਢੇ ਗੰਢਾਂ, ਆਪੇ ਸੁੱਤਾ ਦੇ ਕਰ ਕੰਡਾਂ, ਨਾਰ ਦੁਹਾਗਣ ਹੋਏ ਖੁਆਰ । ਜੋਤੀ


੭੫੭ ੦੫

ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੋਬਿੰਦ ਕਾਇਆ ਕੰਚਨ ਰੂਪ ਪਾਇਆ ਪੁਰਖ ਅਪਾਰ । ਹਰਿ ਰਚਨਾ ਜੁਗ ਚਾਰ, ਜੁਗ ਜੁਗ ਜਗਤ ਕੁੜਮਾਈਆ । ਹਰਿ ਰਚਨਾ ਜੁਗ ਚਾਰ, ਕਲਜੁਗ ਅੰਤਮ ਵਾਰ ਮਿਲੀ ਮਾਤ ਵਧਾਈਆ । ਧਰਤਮਾਤ ਹੋਈ ਤਿਆਰ, ਹੱਥੀਂ ਮਹਿੰਦੀ ਏਕਾ ਲਾਈਆ । ਲੱਖ ਚੁਰਾਸੀ ਨਾਰ ਮੁਟਿਆਰ, ਵੇਲੇ ਅੰਤਮ ਲਏ ਪਰਨਾਈਆ । ਧਰਮ ਰਾਏ ਦਾ ਖੋਲ੍ਹੇ ਬੰਦ ਕਿਵਾੜ, ਸਾਚੇ ਮੰਦਰ ਦਏ ਟਿਕਾਈਆ । ਅੰਤਮ ਲੇਖਾ ਚੁੱਕਣਾ ਸਤਾਰਾਂ ਹਾੜ, ਸ੍ਰਿਸ਼ਟ ਸਬਾਈ ਆਪ ਮਿਟਾਈਆ । ਚਾਰੋਂ ਕੁੰਟ ਦਿਸੇ ਉਜਾੜ ਪਹਾੜ, ਨਗਰ ਖੇੜਾ ਸ਼ਹਿਰ ਕੋਈ ਦਿਸ ਨਾ ਆਇਆ । ਏਕਾ ਫਿਰੇ ਅਗੰਮੀ ਧਾੜ, ਸ਼ਬਦ ਗੋਲਾ ਕਾੜ ਕਾੜ, ਮਾਰਨਹਾਰ ਦਿਸ ਨਾ ਆਈਆ । ਗੁਰਮੁਖ ਸਾਚੇ ਸਾਚੇ ਲਾੜ, ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਗੋਬਿੰਦ ਕਾਇਆ ਕੰਚਨ ਰੂਪ, ਆਪ ਆਪਣੇ ਰੰਗ ਸਮਾਈਆ । ਹਰਿ ਰਚਨਾ ਜੁਗ ਚਾਰ, ਰਚਨ ਰਚਾਇੰਦਾ । ਕਲਜੁਗ ਤੇਰੀ ਅੰਤਮ ਧਾਰ, ਵੇਖ ਵਖਾਇੰਦਾ । ਪਰਗਟ ਹੋਏ ਵਿਚ ਸੰਸਾਰ, ਜੋਤ ਸਰੂਪੀ ਜਾਮਾ ਪਾਇੰਦਾ । ਨਿਹਕਲੰਕ ਚੌਵੀਆਂ ਅਵਤਾਰ, ਜੋਤੀ ਜੋਤ ਜਗਾਇੰਦਾ । ਗੁਰ ਗੋਬਿੰਦ ਕਰ ਪਿਆਰ, ਗੁਣੀ ਗਹਿੰਦੇ ਮੇਲ ਮਿਲਾਇੰਦਾ । ਸਾਚੀ ਬਿੰਦੇ ਕਲ ਨਿਆਰ, ਜੋਤੀ ਮਾਤਾ ਗੋਦ ਟਿਕਾਇੰਦਾ । ਕਿਆ ਕੋਈ ਨਿੰਦੇ ਵਿਚ ਸੰਸਾਰ, ਭੇਵ ਕੋਇ ਨਾ ਪਾਇੰਦਾ । ਸਰਬ ਬਖ਼ਸ਼ਿੰਦੇ ਬਖ਼ਸ਼ਣਹਾਰ, ਗੁਰਮੁਖਾਂ ਪੈਜ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਗੋਬਿੰਦ ਕਾਇਆ ਕੰਚਨ ਰੂਪ, ਆਪਣਾ ਆਪ ਵਟਾਇੰਦਾ । ਹਰਿ ਰਚਨਾ ਜੁਗ ਚਾਰ, ਕਲਜੁਗ ਮਿਲੀ ਵਡਿਆਈਆ । ਆਦਿ ਅੰਤ ਏਕਾ ਧਾਰ, ਕਲਜੁਗ ਅੰਤਮ ਲਹਿਣਾ ਦੇਣ ਚੁਕਾਈਆ । ਸ਼ਬਦ ਗਹਿਣਾ ਅਪਰ ਅਪਾਰ, ਨੇਤਰ ਨੈਣਾਂ ਦਏ ਵਖਾਈਆ । ਗੁਰਮੁਖਾਂ ਲੈਣਾ ਕਰ ਪਿਆਰ, ਪ੍ਰਭ ਆਪਣੀ ਹੱਥੀਂ ਰਿਹਾ ਪਾਈਆ । ਗੁਰ ਸੰਗਤ ਬਹਿਣਾ ਚਰਨ ਦਵਾਰ, ਭਾਣਾ ਸਹਿਣਾ ਹੁਕਮ ਜਣਾਈਆ । ਪਰਗਟ ਹੋਏ ਹਰਿ ਨਿਰੰਕਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੋਬਿੰਦ ਕਾਇਆ ਕੰਚਨ ਰੂਪ, ਕੰਚਨ ਰੰਗ ਰੰਗਾਈਆ । ਹਰਿ ਰਚਨਾ ਜੁਗ ਚਾਰ, ਕਲਜੁਗ ਹੋਏ ਸਵਾਲੀਆ । ਚੌਥੇ ਚੌਥੇ ਆਈ ਹਾਰ, ਫਿਰੇ ਹੱਥੀਂ ਖਾਲੀਆ । ਕੋਈ ਨਾ ਦਿਸੇ ਸਾਚਾ ਯਾਰ, ਘਰ ਘਰ ਕੱਢੀ ਬੈਠੇ ਦੁਵਾਲੀਆ । ਗੁਰਮੁਖਾਂ ਮੇਲਾ ਮੀਤ ਮੁਰਾਰ, ਦਿਵਸ ਰੈਣ ਰਸਨਾ ਰਹੇ ਚਿਤਾਰ, ਅੰਤਮ ਤੋੜੇ ਜਗਤ ਜੰਜਾਲੀਆ । ਹਰਿ ਖੰਡਾ ਸ਼ਬਦ ਦੋ ਧਾਰ, ਲੱਖ ਚੁਰਾਸੀ ਮਾਰੇ ਮਾਰ, ਫਲ ਰਹਿਣ ਨਾ ਦੇਵੇ ਕਿਸੇ ਡਾਲੀਆ । ਜੋਤੀ ਜਾਮਾ ਭੇਖ ਨਿਆਰ, ਵਰਨ ਗੋਤੀ ਵਸੇ ਬਾਹਿਰ, ਊਚਾਂ ਨੀਚਾਂ ਏਕਾ ਰੰਗ ਸਮਾਲੀਆ । ਰਾਜ ਰਾਜਾਨਾ ਕਰੇ ਖ਼ਬਰਦਾਰ, ਸਾਧਾਂ ਸੰਤਾਂ ਦਏ ਹੁਲਾਰ, ਗੁਰਮੁਖਾਂ ਬਖ਼ਸ਼ੇ ਚਰਨ ਪਿਆਰ, ਜੋ ਜਨ ਆਏ ਦਰ ਸਵਾਲੀਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਗੋਬਿੰਦ ਕਾਇਆ ਕੰਚਨ ਰੂਪ, ਜਗਤ ਚਲੇ ਅਵੱਲੜੀ ਚਾਲੀਆ । ਹਰਿ ਰਚਨਾ ਜੁਗ ਚਾਰ, ਕਲਜੁਗ ਵੰਡ ਵੰਡਾਈਆ । ਧਰਤ ਮਾਤ ਦੀ ਸੁਣ ਪੁਕਾਰ, ਬ੍ਰਹਿਮੰਡ ਹੋਏ ਹਲਕਾਈਆ । ਸਤਿ ਪੁਰਖ ਨਿਰੰਜਣ ਪਾਵੇ ਸਾਰ, ਘਰ ਸਤਵੇਂ ਵੇਖ ਵਖਾਈਆ । ਸ਼ਬਦ ਸੁਨੇਹੜਾ ਦੇਵੇ ਸਾਚੀ ਧਾਰ, ਦਰ ਛੇਵਾਂ ਖੁਲ੍ਹਾਈਆ । ਪਵਣ ਸੁਵਾਮੀ ਕਰ ਤਿਆਰ, ਪੰਚਮ ਬੂਹਾ ਲਾਹੀਆ । ਚੌਥੇ ਘਰ ਏਕਾ ਧਾਰ, ਸ਼ਬਦ ਜੋਤੀ ਪਵਣੀ ਮੇਲ ਮਿਲਾਈਆ । ਤ੍ਰੈਗੁਣ ਮਾਇਆ ਤੱਤ ਵਿਚਾਰ, ਪ੍ਰਭ ਸਾਚੀ ਬਣਤ ਬਣਾਈਆ । ਬ੍ਰਹਮਾ ਸ਼ਿਵ ਕਰ ਆਕਾਰ, ਸਾਚੀ ਸੇਵਾ ਲਾਈਆ । ਆਪ ਆਪਣਾ ਰੂਪ ਅਪਾਰ, ਵਿਸ਼ਨੂੰ ਭੇਖ ਵਟਾਈਆ । ਜੋਤ ਸਰੂਪ ਸਰਬ ਪਸਾਰ, ਦੇਵੇ

੭੫੮ ੦੫

ਸ਼ਬਦ ਜਣਾਈਆ । ਆਪੇ ਵਸਿਆ ਹੋ ਹੋ ਬਾਹਰ, ਆਪੇ ਵਿਚ ਸਮਾਈਆ । ਆਦਿ ਅੰਤਾ ਏਕੰਕਾਰ, ਏਕਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਗੋਬਿੰਦ ਕਾਇਆ ਕੰਚਨ ਰੂਪ, ਦਿਸ ਕਿਸੇ ਨਾ ਆਈਆ । ਹਰਿ ਰਚਨਾ ਜੁਗ ਚਾਰ, ਸ਼ਬਦ ਜਣਾਈਆ । ਤ੍ਰੈਗੁਣ ਪਾਏ ਸਾਰ, ਤੱਤ ਤੱਤੀ ਰਿਹਾ ਉਪਾਈਆ । ਲੱਖ ਚੁਰਾਸੀ ਬੰਨ੍ਹੇ ਧਾਰ, ਧਰਤੀ ਉਪਰ ਜਲ ਟਿਕਾਈਆ । ਪੁਰੀਆਂ ਲੋਆਂ ਪਾਵੇ ਸਾਰ, ਆਕਾਸ਼ ਪਰਕਾਸ਼ ਜੋਤ ਨਿਰੰਕਾਰ, ਹਰ ਘਟ ਮੇਂ ਰਿਹਾ ਸਮਾਈਆ । ਦਾਸਨ ਦਾਸ ਹਰਿ ਨਿਰੰਕਾਰ । ਗੁਰਮੁਖਾਂ ਅੰਤਮ ਪਾਵੇ ਸਾਰ । ਪਰਗਟ ਹੋਏ ਨਿਹਕਲੰਕ ਨਰਾਇਣ ਨਰ ਅਵਤਾਰ । ਪਰਗਟ ਹੋਇਆ ਧੁਰ ਦਰਗਾਹੀ ਸਾਚਾ ਮਾਲੀ ਕਰੇ ਕਰਾਏ ਚਰਨ ਪਿਆਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੋਬਿੰਦ ਕਾਇਆ ਕੰਚਨ ਰੂਪ, ਆਪੇ ਜਾਣੇ ਆਪਣੀ ਧਾਰ । ਹਰਿ ਰਚਨਾ ਜੁਗ ਚਾਰ, ਕਲਜੁਗ ਵੇਲਿਆ । ਭਗਤ ਭਗਵੰਤੀ ਸਾਚੀ ਧਾਰ, ਅਚਰਜ ਖੇਲ ਪ੍ਰਭੂ ਕਲ ਖੇਲਿਆ । ਰੰਗ ਬਸੰਤ ਤਨ ਸ਼ਿੰਗਾਰ, ਕਾਇਆ ਚੋਲੇ ਸੋਲਾਂ ਸੋਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੋਬਿੰਦ ਕਾਇਆ ਕੰਚਨ ਰੂਪ, ਆਦਿ ਅੰਤ ਕਦੇ ਨਾ ਡੋਲਿਆ । ਹਰਿ ਰਚਨਾ ਜੁਗ ਚਾਰ, ਕਲਜੁਗ ਭੇਖ ਵਟਾਇਆ । ਸ਼ਬਦ ਦਮਾਮਾ ਅਪਰ ਅਪਾਰ, ਸ੍ਰਿਸ਼ਟ ਸਬਾਈ ਵੇਖ ਆਪ ਵਜਾਇਆ । ਲੋਆਂ ਪੁਰੀਆਂ ਆਪ ਸੁਨਾਰ, ਸੁਨਣੇਹਾਰ ਆਪ ਅਖਵਾਇਆ । ਗੋਬਿੰਦ ਗਾਇਣ ਗੀਤ ਅਪਾਰ, ਸੋਹੰ ਸਾਚੀ ਰੀਤ ਚਲਾਇਆ । ਪਦ ਅਮਰਾ ਪਾਇਣ ਗੁਰਸਿਖ ਸਾਚੇ ਸੰਤ ਮੁਰਾਰ, ਹਰਿ ਹਿਰਦੇ ਚੀਤ ਵਸਾਇਆ । ਆਪ ਵਖਾਏ ਦਰ ਸੱਚਾ ਦਰਬਾਰ, ਪਤਤ ਪੁਨੀਤ ਬਣਾਇਆ । ਨੌਂ ਦਵਾਰੇ ਖੋਲ੍ਹ ਕਿਵਾੜ, ਕਲਜੁਗ ਰੀਤ ਵਖਾਇਆ । ਪਹਿਲੇ ਵੇਖ ਪੰਚਮ ਧਾੜ, ਹਾਹਾਕਾਰ ਕਰਾਇਆ । ਦੂਜੇ ਮਾਇਆ ਮਮਤਾ ਆੜ, ਜੀਵ ਜੰਤ ਫਿਰੇ ਹਲਕਾਇਆ । ਤੀਜੇ ਨੌਂ ਅਠਾਰਾਂ ਰਹੀ ਸਾੜ, ਉਪਰ ਨੀਚੇ ਫਿਰੇ ਹਲਕਾਇਆ । ਚੌਥੇ ਘਰ ਕਰੇ ਵਿਚਾਰ, ਸਤਿ ਸਤਿਵਾਦੀ ਡੇਰਾ ਲਾਇਆ । ਪੰਚਮ ਖੋਲ੍ਹੇ ਇਕ ਕਿਵਾੜ, ਪਵਣ ਸ਼ਬਦੀ ਜੋਤੀ ਮੇਲ ਮਿਲਾਇਆ । ਛੇਵੇਂ ਘੜਿਆ ਆਪੇ ਘਾੜ, ਹਰਿ ਸ਼ਬਦੀ ਨਾਦ ਵਜਾਇਆ । ਸਤਵੇਂ ਮੇਲਾ ਪੁਰਖ ਬ੍ਰਹਿਮਾਦ, ਪਾਰਬ੍ਰਹਮ ਸਮਾਇਆ । ਅੱਠਵੇਂ ਅੱਠਾਂ ਤੱਤਾਂ ਵਾਦ ਵਿਵਾਦ, ਮਤ ਬੁੱਧੀ ਮਨ ਫਿਰਾਇਆ । ਨੌਵੇਂ ਨੌਂ ਦਰ ਵੇਖੇ ਕਵਣ ਪੁਰਖ ਅਬਿਨਾਸ਼ੀ ਰਿਹਾ ਅਰਾਧ, ਰਸਨਾ ਹਰਿ ਗੁਣ ਗਾਇਆ । ਦਰ ਘਰ ਦਸਵੇਂ ਸਦਾ ਸਦਾ ਰਹੇ ਵਿਸਮਾਦ, ਸ਼ਬਦ ਸਿੰਘਾਸਣ ਇਕ ਵਿਛਾਇਆ । ਆਪੇ ਬੈਠਾ ਆਦਿ ਜੁਗਾਦਿ, ਜੁਗ ਜੁਗ ਬਣਤ ਬਣਾਇਆ । ਸੰਤ ਸੁਹੇਲੇ ਰਹੇ ਅਰਾਧ, ਪਰਗਟ ਹੋਏ ਦਰਸ ਦਿਖਾਇਆ । ਇਕ ਵਜਾਏ ਸਾਚਾ ਨਾਦ, ਸੋਹੰ ਨਾਉਂ ਧਰਾਇਆ । ਸੁਣੇ ਪੁਕਾਰ ਹਰਿ ਬ੍ਰਹਿਮਾਦ, ਥਾਉਂ ਥਾਈਂ ਦਏ ਦੁਹਾਇਆ । ਗੁਰਮੁਖਾਂ ਬੇੜਾ ਰਿਹਾ ਬਾਂਧ ਆਪਣੇ ਕੰਧ ਉਠਾਇਆ । ਭਾਗ ਲਗਾਇਆ ਦਰ ਦਰਬਾਰ, ਕਰੋੜ ਛਿਆਨਵੇਂ ਦਏ ਲਟਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੋਬਿੰਦ ਕਾਇਆ ਕੰਚਨ ਰੂਪ, ਹਰਿ ਸਾਚੇ ਰੂਪ ਸਮਾਇਆ । ਹਰਿ ਰਚਨਾ ਜੁਗ ਚਾਰ, ਕਲਜੁਗ ਕਾਲ ਪਰਵਾਨਿਆ । ਦੇਵੇ ਵਰ ਪੁਰਖ ਕਰਤਾਰ, ਸਚ ਸ਼ਬਦ ਜਗਤ ਨਿਸ਼ਾਨਿਆ । ਸਾਚੀ ਧਾਰਾ ਸ਼ਬਦ ਕਟਾਰ, ਫੜਾਏ ਹੱਥ ਬਲੀ ਬਲਵਾਨਿਆ । ਅੰਤਮ ਮਾਰੇ ਵਾਰੋ ਵਾਰ, ਜੋਧਾ ਸੂਰ ਨੌਜਵਾਨਿਆ । ਜੀਆਂ ਜੰਤਾਂ ਕਰੇ ਖ਼ਬਰਦਾਰ, ਸੋਹੰ ਤੀਰ ਤਿਖੀ ਕਾਨਿਆ । ਨਾਤਾ ਤੁਟੇ ਮੀਤ ਮੁਰਾਰ, ਕਲਜੁਗ ਮੇਟੇ ਅੰਤ ਨਿਸ਼ਾਨਿਆ । ਪਰਗਟ ਜੋਤੀ ਨਿਹਕਲੰਕ ਨਰਾਇਣ ਨਰ ਅਵਤਾਰ, ਕਰੇ ਪਰਕਾਸ਼ ਕੋਟਨ ਭਾਨਿਆ ।

੭੫੯ ੦੫

ਗੁਰਮੁਖਾਂ ਸਦ ਹੋਇਆ ਦਾਸ, ਫੜ ਤਾਰੇ ਵਡ ਵਡ ਕਰ ਮਿਹਰਬਾਨਿਆਂ । ਪ੍ਰਭ ਮਿਲਣ ਦੀ ਰੱਖੀ ਆਸ, ਬੀਸ ਬੀਸੇ ਇਹ ਨਿਸ਼ਾਨਿਆਂ । ਨੂਰੋ ਨੂਰ ਜੋਤ ਪਰਕਾਸ਼ ਸ਼ਬਦ ਝੁਲਾਏ ਪਵਣ ਮਸਾਣਿਆਂ । ਲੱਖ ਚੁਰਾਸੀ ਕਾਇਆ ਮੰਡਲ ਪਾਏ ਰਾਸ, ਨਾ ਕੋਈ ਜਾਣੇ ਜਗਤ ਵਡ ਵਿਦਵਾਨਿਆਂ । ਵਰਤੇ ਵਰਤਾਵੇ ਪ੍ਰਿਥਮੀ ਆਕਾਸ਼, ਮੇਟ ਮਿਟਾਏ ਜੀਵ ਸ਼ੈਤਾਨਿਆਂ । ਗੁਰਮੁਖਾਂ ਲੇਖੇ ਲਾਏ ਸਵਾਸ ਸਵਾਸ, ਆਤਮ ਰਿੜਕੇ ਵਾਂਗ ਮਧਾਣਿਆਂ । ਲੱਖ ਚੁਰਾਸੀ ਹੋਣੀ ਨਾਸ, ਕੋਈ ਨਾ ਦੇਵੇ ਕਿਸੇ ਪਾਣੀਆ । ਪਰਗਟ ਹੋਇਆ ਸ਼ਾਹੋ ਸ਼ਾਬਾਸ਼, ਇਕ ਪੜ੍ਹਾਏ ਸਾਚੀ ਬਾਣੀਆ । ਨਾ ਕੋਈ ਖਾਏ ਮਦਿਰਾ ਮਾਸ, ਧੁਰ ਦਰਗਾਹੀ ਇਕ ਫ਼ਰਮਾਣਿਆ । ਨਿਜ ਘਰ ਆਤਮ ਰੱਖੇ ਵਾਸ, ਗੁਰਚਰਨ ਪ੍ਰੀਤੀ ਵਿਟਹੁ ਜਨ ਕੁਰਬਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੋਬਿੰਦ ਕਾਇਆ ਕੰਚਨ ਰੂਪ, ਦੱਸੇ ਸਚ ਨਿਸ਼ਾਨੀਆ । ਹਰਿ ਰਚਨਾ ਜੁਗ ਚਾਰ, ਕਲਜੁਗ ਖ਼ੁਸ਼ੀ ਮਨਾਈਆ । ਸਾਚਾ ਮੇਲਾ ਮੁਹੰਮਦੀ ਯਾਰ, ਸਦੀ ਚੌਧਵੀ ਆਈਆ । ਈਸਾ ਮੂਸਾ ਹੋ ਤਿਆਰ, ਪ੍ਰਭ ਸਾਚਾ ਸੰਗ ਨਿਭਾਈਆ । ਸੰਮਤ ਅਠਾਰਾਂ ਬੰਨੇ ਧਾਰ, ਏਕਾ ਡੋਲੇ ਪਾਈਆ । ਸੰਮਤ ਉਨੀਂ ਲਾਏ ਪਾਰ, ਡੂੰਘੀ ਧਾਰ ਪਾਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੋਬਿੰਦ ਕਾਇਆ ਕੰਚਨ ਰੂਪ, ਸਾਚਾ ਭੂਪ ਸਮਾਈਆ । ਹਰਿ ਰਚਨਾ ਜੁਗ ਚਾਰ, ਕਲਜੁਗ ਵੇਖਿਆ । ਸਤਿਜੁਗ ਸਾਚਾ ਵੇਖ ਦਵਾਰ, ਪ੍ਰਭ ਧਾਰੇ ਜੋਤੀ ਭੇਖਿਆ । ਦਰ ਘਰ ਏਕਾ ਅਪਰ ਅਪਾਰ, ਨੇਤਰ ਲੋਚਨ ਆਪੇ ਪੇਖਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੋਬਿੰਦ ਕਾਇਆ ਕੰਚਨ ਰੂਪ, ਲਿਖਣਹਾਰਾ ਲੇਖਿਆ । ਹਰਿ ਰਚਨਾ ਜੁਗ ਚਾਰ, ਜੁਗ ਜੁਗ ਸ਼ਬਦ ਉਪਨਿਆ । ਕਲਜੁਗ ਤੇਰੀ ਅੰਤਮ ਵਾਰ, ਕੋਈ ਕਿਸੇ ਨਾ ਦਿਸੇ ਬੰਨ੍ਹਿਆ । ਗੁਰ ਪੀਰ ਰਹੇ ਵਿਚਾਰ, ਘਰ ਘਰ ਭਰਿਆ ਏਕਾ ਜਨਿਆ । ਅੰਤਮ ਪੈਣੀ ਡਾਹਢੀ ਮਾਰ, ਤਨ ਮੰਦਰ ਲੱਗਣੀ ਸੰਨ੍ਹਿਆ । ਪਰਗਟ ਹੋਏ ਨਿਹਕਲੰਕੀ ਨਰ ਅਵਤਾਰ, ਲੱਖ ਚੁਰਾਸੀ ਦੇਵੇ ਡੰਨ੍ਹਿਆ । ਸ਼ਬਦ ਡੰਕੀ ਅਪਰ ਅਪਾਰ, ਆਪ ਉਪਾਏ ਹਰਿ ਨਰ ਨਾਰ, ਸਾਚਾ ਚੜ੍ਹਾਏ ਏਕਾ ਚੰਨਿਆ । ਗੁਰਮੁਖ ਸਾਚੇ ਉਤਰੇ ਪਾਰ, ਆਪੇ ਬਖ਼ਸ਼ੇ ਚਰਨ ਪਿਆਰ, ਪ੍ਰਭ ਬੇੜਾ ਅੰਤਮ ਬੰਨਿਆ । ਲੋਆਂ ਪੁਰੀਆਂ ਏਕਾ ਧਾਰ, ਦੇਵੀ ਦੇਵਤ ਕਰ ਤਿਆਰ, ਲੋਕਮਾਤੀ ਪੁਰਖ ਬਿਧਾਤੀ ਦੇਵੇ ਦਾਤੀ, ਸਤਿਜੁਗ ਸਾਚਾ ਜੰਮਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੋਬਿੰਦ ਕਾਇਆ ਕੰਚਨ ਰੂਪ, ਆਪ ਆਪੇ ਅੰਦਰ ਮੰਨਿਆ । ਹਰਿ ਰਚਨਾ ਜੁਗ ਚਾਰ, ਜੁਗ ਪਲਟਾਇੰਦਾ । ਜੁਗ ਜੁਗ ਬੰਨੇ ਧਾਰ, ਮਨਮੁਖ ਮੇਟ ਮਿਟਾਇੰਦਾ । ਛੱਤੀ ਛੱਤੀ ਉਤਰੇ ਪਾਰ, ਨੌਂ ਚਾਰ ਚਾਰ ਨੌਂ ਇਕ ਵਿਹਾਰ, ਆਪੇ ਵੇਖੇ ਨਗਰ ਗਰਾਉਂ ਮਹੱਲ ਅਟੱਲ ਸ਼ਹਿਰ ਅਪਾਰ । ਕਵਣ ਉਠਾਏ ਫੜ ਫੜ ਬਾਹੋਂ, ਹੋਏ ਸਹਾਈ ਅੰਦਰ ਬਾਹਰ । ਲੇਖਾ ਚੁਕੇ ਥਾਉਂ ਥਾਈਂ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੋਬਿੰਦ ਕਾਇਆ ਕੰਚਨ ਰੂਪ, ਚਾੜ੍ਹੇ ਰੰਗ ਅਪਾਰ । ਕਲਜੁਗ ਵੰਡ ਵੰਡਾਵਣ ਆਇਆ, ਪ੍ਰਭ ਕੰਤ ਅੰਤਮ ਵਾਰੀ । ਬ੍ਰਹਿਮੰਡ ਖੇਲ ਖਿਲਾਵਣ ਆਇਆ, ਫੜ ਸ਼ਬਦ ਚੰਡ ਕਟਾਰੀ । ਜੇਰਜ ਅੰਡ ਮਿਟਾਵਣ ਆਇਆ, ਉਤਭੁਜ ਸੇਤਜ ਪਾਵੇ ਸਾਰੀ । ਮਨਮੁਖਾਂ ਕੰਡ ਵਢਾਵਣ ਆਇਆ, ਲੱਖ ਚੁਰਾਸੀ ਸੁੱਤੀ ਪੈਰ ਪਸਾਰੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਰੰਗ ਰੰਗਾਵਣ ਆਇਆ, ਬਣ ਬਣ ਸ਼ਬਦ ਲਲਾਰੀ । ਹਰਿ ਰਚਨਾਂ ਜੁਗ ਚਾਰ, ਕਲਜੁਗ ਅੰਤ ਕਰਾਈਆ । ਗੁਰਮੁਖਾਂ ਪਾਵੇ ਸਾਰ, ਲੇਖਾ ਲਹਿਣਾ ਆਪ ਚੁਕਾਈਆ ।

ਏਕਾ ਮੰਗੇ ਚਰਨ ਪਿਆਰ, ਸ਼ਬਦ ਭਿੱਛਿਆ ਝੋਲੀ ਪਾਈਆ । ਆਪੇ ਸਾਂਝਾ ਮੀਤ ਮੁਰਾਰ, ਨੈਣ ਮੁੰਦਾਰਾ ਹਰਿ ਰਘੁਰਾਈਆ । ਵਿਸਰ ਨਾ ਜਾਏ ਵਿਚ ਸੰਸਾਰ, ਕਲਜੁਗ ਰੈਣ ਅੰਧੇਰੀ ਛਾਈਆ । ਗੁਰਮੁਖ ਸਾਚੇ ਰਹਿਣਾ ਖ਼ਬਰਦਾਰ, ਵੇਲਾ ਗਿਆ ਹੱਥ ਨਾ ਆਈਆ । ਆਪੇ ਘੜੇ ਭੰਨਣਹਾਰ, ਲੱਖ ਚੁਰਾਸੀ ਬਣਤ ਬਣਾਈਆ । ਛੱਪਰ ਛੰਨ ਵਸੇ ਬਾਹਰ, ਉਚ ਮਹੱਲ ਅਟੱਲ ਕੋਇ ਦਿਸ ਨਾ ਆਈਆ । ਗੋਬਿੰਦ ਕਾਇਆ ਨਗਰ ਅਪਾਰ, ਚਾਰ ਦਵਾਰੀ ਕੋਈ ਦਿਸ ਨਾ ਆਈਆ । ਹਰਿ ਰਚਨਾ ਜੁਗ ਚਾਰ, ਕਲਜੁਗ ਅੰਤਮ ਧੰਦਿਆ । ਹਰਿ ਵੇਖੇ ਖੇਲ ਅਪਾਰ ਵਿਚ ਸੰਸਾਰ, ਪ੍ਰਭ ਸਾਜਨ ਖਾਕੀ ਬੰਦਿਆ । ਪਰਗਟ ਹੋਏ ਨਿਹਕਲੰਕ ਨਰਾਇਣ ਨਰ ਅਵਤਾਰ, ਆਪ ਉਠਾਏ ਰਾਜਨ ਰਾਜ ਆਤਮ ਅੰਧਿਆ । ਸੰਮਤ ਤੇਰਾਂ ਬੰਨ੍ਹੇ ਧਾਰ, ਵਾਲੀ ਹਿੰਦ ਰਹਿਣਾ ਖ਼ਬਰਦਾਰ, ਮਦਿਰਾ ਮਾਸ ਤਜਾਉਣਾ ਗੰਦਿਆ । ਸੰਮਤ ਚੌਦਾਂ ਚੌਦਾਂ ਆਪ ਵਿਚਾਰ, ਗੁਰਮੁਖਾਂ ਚਰਨ ਛੁਹਾਏ ਦਵਾਰ, ਏਕਾ ਇਕੀ ਪਾਏ ਪਹਿਲੀ ਵਾਰ, ਆਤਮ ਘਰ ਉਪਜਾਏ ਪਰਮਾਨੰਦਿਆ । ਆਪੇ ਵੇਖੇ ਵਾਰੋ ਵਾਰ, ਗੁਰ ਸੰਗਤ ਰਹਿਣਾ ਮਾਤ ਤਿਆਰ, ਪ੍ਰਭ ਦਰ ਦਰ ਘਰ ਘਰ ਭਰਦਾ ਫਿਰੇ ਭੰਡਾਰ, ਲੇਖਾ ਲੇਖ ਮਿਟਾਏ ਭਾਗਾਂ ਮੰਦਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੋਬਿੰਦ ਕਾਇਆ ਕੰਚਨ ਰੂਪ, ਹਰਿ ਸ਼ਬਦ ਰੰਗੀਲੇ ਰੰਦੇ ਰੰਦਿਆ । ਹਰਿ ਰਚਨਾ ਜੁਗ ਚਾਰ ਆਪ ਰਚਾਈਆ । ਗੁਰਮੁਖ ਵਿਰਲਾ ਮਾਤ ਬਚਣਾ, ਕਲਜੁਗ ਲਾੜੀ ਮੌਤ ਕਰੇ ਕੁੜਮਾਈਆ । ਜੂਠ ਝੂਠ ਨੌਂ ਦਰ ਪੰਜ ਤੱਤ ਘਰ ਘਰ ਖਾਲੀ ਨੱਚਣਾ, ਸਾਚਾ ਨਾਮ ਕੋਈ ਦਿਸ ਨਾ ਆਈਆ । ਗੁਰ ਪੂਰੇ ਸ਼ਬਦ ਵਾਕ ਗੁਰਮੁਖ ਵਿਰਲੇ ਆਤਮ ਬਚਨਾ, ਮਨਮੁਖ ਦੇਣ ਦੁਹਾਈਆ । ਕਾਇਆ ਮਾਟੀ ਭਾਂਡਾ ਕੱਚਨਾ, ਅੰਤਮ ਭੰਨੇ ਭੰਨ ਵਖਾਈਆ । ਸੰਮਤ ਚੌਦਾਂ ਗੁਰਮੁਖਾਂ ਦੇਵਣ ਆਏ ਦੱਛਣਾ, ਇਕ ਨਰੇਲ ਹੱਥ ਰਖਾਈਆ । ਸਾਢੇ ਤਿੰਨ ਹੱਥ ਸੀਆਂ ਆਪੇ ਕੱਛਣਾ, ਲੱਖ ਚੁਰਾਸੀ ਗੇੜ ਮਿਟਾਈਆ । ਸ਼ਬਦ ਦਵਾਰੇ ਬਹਿ ਬਹਿ ਹੱਸਣਾ, ਪ੍ਰਭ ਖੇਵਟ ਖੇਟ ਜਗਤ ਮਲਾਹੀਆ । ਗੁਰ ਚਰਨ ਦਵਾਰੇ ਸਾਚੇ ਵਸਣਾ, ਸਾਚਾ ਮੀਤ ਪਿਤਾ ਪੂਤ ਅਖਵਾਈਆ । ਮਿਟੇ ਰੈਣ ਅੰਧੇਰੀ ਕਲਜੁਗ ਮੱਸਣਾ, ਮਦਿਰਾ ਮਾਸ ਰਸਨ ਤਜਾਈਆ । ਆਤਮ ਜੋਤੀ ਤੇਜ ਪਰਕਾਸ਼ ਰਵ ਰਵ ਰਸਨਾ, ਹਰਿ ਸਾਚਾ ਰਿਹਾ ਕਰਾਈਆ । ਵੇਖ ਵਖਾਏ ਪ੍ਰਿਥਮੀ ਆਕਾਸ਼ ਅਕਸਨਾ, ਅਪ ਤੇਜ਼ ਵਾਏ ਨਾਲ ਰਲਾਈਆ । ਸ੍ਰਿਸ਼ਟ ਸਬਾਈ ਆਪੇ ਮਥਨਾ, ਮਥਣਹਾਰ ਅਖਵਾਈਆ । ਗੁਰਮੁਖ ਚੜ੍ਹਾਏ ਸਾਚੇ ਰਥਨਾ, ਸੋਹੰ ਰਥ ਚਲਾਈਆ । ਲੱਖ ਚੁਰਾਸੀ ਪਾਏ ਨੱਥਨਾ, ਡੋਰੀ ਆਪਣੇ ਹੱਥ ਰਖਾਈਆ । ਜੁਗ ਜੁਗ ਚਲਾਏ ਆਪਣੀ ਕਥਨਾ, ਅਕਥ ਕਥੀ ਨਾ ਜਾਈਆ । ਸਰਬ ਕਲਾ ਆਪੇ ਸਮਰਥਨਾ, ਕਲਜੁਗ ਅੰਤਮ ਭੇਖ ਵਟਾਈਆ । ਗੁਰਮੁਖ ਛਾਛ ਵਿਰੋਲੇ ਮੱਖਣਾ, ਲੱਖ ਚੁਰਾਸੀ ਪਾਈ ਫਾਹੀਆ । ਵੇਲੇ ਅੰਤ ਕਿਸੇ ਨਾ ਰੱਖਣਾ, ਜਮਦੂਤਾਂ ਹੱਥ ਫੜਾਈਆ । ਗੁਰਮੁਖਾਂ ਲਾਜ ਰਖਾਏ ਚਰਨ ਲਗਾਇਆ ਮਸਤਕ ਮਥਨਾ, ਧੂੜੀ ਖਾਕ ਰਮਾਈਆ । ਹਿਰਦੇ ਅੰਦਰ ਹਰਿ ਹਰਿ ਵਸਣਾ, ਆਤਮ ਸੇਜਾ ਆਣ ਲਾਈਆ । ਏਕਾ ਰਾਹ ਸਾਚਾ ਦਸਣਾ, ਸ਼ਬਦ ਨੇਜ਼ਾ ਹੱਥ ਫੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੋਬਿੰਦ ਕਾਇਆ ਕੰਚਨ ਰੂਪ, ਕੰਚਨ ਗੜ੍ਹ ਸੁਹਾਈਆ । ਹਰਿ ਰਚਨਾ ਜੁਗ ਚਾਰ, ਕਲਜੁਗ ਵੇਖ ਵਖਾਨਿਆ । ਹਰਿ ਸ਼ਬਦੀ ਪਾਵੇ ਸਾਰ, ਪਕੜ ਉਠਾਏ ਰਾਜੇ ਰਾਣਿਆਂ । ਦੇਵੇ ਸ਼ਬਦ ਸੱਚਾ ਹੁਲਾਰ, ਜੋਧਾ ਸੂਰ ਬਲੀ ਬਲਵਾਨਿਆਂ । ਅੰਤਮ ਮਾਰੇ ਡਾਹਡੀ ਮਾਰ, ਖਿਚ ਲਿਆਏ ਵਿਚ ਮੈਦਾਨਿਆਂ । ਸੰਮਤ ਚੌਦਾਂ ਗੁਰਮੁਖ ਧਾਰ, ਗੁਰਸਿਖ ਕਰੇ ਦਰ ਪਰਵਾਨਿਆਂ । ਨਾ ਭੁੱਲਣਾ

੭੬੧
੦੫

ਵਿਚ ਸੰਸਾਰ, ਪਰਗਟ ਹੋਏ ਹਰਿ ਵਾਲੀ ਦੋ ਜਹਾਨਿਆਂ । ਮਨਮੁਖਾਂ ਦੇਵੇ ਦੁਰਕਾਰ, ਰਾਜ ਰਾਜਾਨਾਂ ਦਰ ਫਿਰਾਨਿਆਂ । ਗੁਰਮੁਖ ਮਹਿੰਮਾ ਅਪਰ ਅਪਾਰ, ਬ੍ਰਹਮਾ ਸ਼ਿਵ ਮੁਖ ਛੁਪਾਨਿਆਂ । ਸਿੰਘ ਪਾਲ ਬੈਠਾ ਹੋ ਤਿਆਰ, ਲੇਖਾ ਲਿਖੇ ਵੇਦ ਵਿਦਾਨਿਆਂ । ਸਤਿਜੁਗ ਬੰਨੀ ਸਾਚੀ ਧਾਰ, ਮੇਲ ਮਿਲਾਏ ਸ੍ਰੀ ਭਗਵਾਨਿਆਂ । ਏਕਾ ਨੇਤਰ ਰਿਹਾ ਉਘਾੜ, ਅੰਮ੍ਰਿਤ ਆਵੇ ਧੁਰ ਦੀ ਬਾਣੀਆਂ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖਾਂ ਦੇਵੇ ਜਗਤ ਵਰ, ਚੌਦਾਂ ਚੌਦਾਂ ਲੋਕ ਕਰੇ ਦਰ ਪਰਵਾਨਿਆਂ । ਚੌਦਾਂ ਲੋਕ ਕਾਇਆ ਮਟ, ਸਾਚਾ ਹੱਟ ਖੁਲ੍ਹਾਈਆ । ਗੁਰਮੁਖ ਪਹਿਨਾਏ ਤਨ ਪਟ, ਨਾਮ ਰੰਗੀਲਾ ਰੰਗ ਰਗਾਈਆ । ਪਰਗਟ ਹੋਏ ਘਟ ਦਾਸਨ ਦਰਸ ਦਿਖਾਈਆ । ਗੁਰਮੁਖ ਤੇਰਾ ਦਰ ਦਵਾਰ ਆਪ ਬਣਾਏ ਤੀਰਥ ਅੱਠ ਸੱਠ, ਪੁਰਖ ਅਬਿਨਾਸ਼ੀ ਚਰਨ ਟਿਕਾਈਆ । ਦਰਸ਼ਨ ਪਾਏ ਨੱਠ ਨੱਠ, ਏਕਾ ਇਕੀ ਏਕ ਕਰਾਈਆ । ਆਤਮ ਅੰਦਰ ਗੇੜੇ ਲੱਠ, ਆਪਣੇ ਹੱਥ ਰਖਾਈਆ । ਜਗਤ ਵਿਕਾਰਾ ਪਏ ਭੱਠ, ਜੋਤੀ ਅਗਨੀ ਲਾਈਆ । ਝੂਠਾ ਮੰਦਰ ਜਾਏ ਢੱਠ, ਕਾਇਆ ਬਣਤ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੋਬਿੰਦ ਕਾਇਆ ਕੰਚਨ ਰੂਪ, ਆਪਣਾ ਰੂਪ ਵਟਾਈਆ । ਹਰਿ ਰਚਨਾ ਜੁਗ ਚਾਰ, ਕੰਤ ਕੰਤੂਹਲਿਆ । ਹਰਿ ਰਚਨਾ ਜੁਗ ਚਾਰ, ਗੁਰਮੁਖਾਂ ਕਰਮ ਰਿਹਾ ਵਿਚਾਰ, ਪ੍ਰਭ ਸਾਜਣ ਦੂਲੋ ਦੂਲਿਆ । ਭਾਂਡਾ ਭਰਮ ਰਿਹਾ ਨਿਵਾਰ, ਜੋ ਦਰ ਆਏ ਭੁੱਲਿਆ । ਸ਼ਬਦ ਕਰਾਏ ਤਨ ਸ਼ਿੰਗਾਰ, ਤਨ ਮਨ ਹਰਿਆ ਫੁਲਿਆ । ਵਣਜ ਕਰਾਏ ਇਕ ਵਾਪਾਰ, ਜਿਸ ਜਨ ਸ਼ਬਦ ਪੰਘੂੜਾ ਸਾਚਾ ਝੂਲਿਆ । ਦੋ ਦੋ ਲਿਖੀ ਦੋਹਰੀ ਧਾਰ, ਆਤਮ ਸਖੀ ਵਿਚ ਸੰਸਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅੰਤਮ ਵੇਖ ਦਰ, ਇਕ ਸੁਹਾਏ ਸਾਚਾ ਘਰ, ਮਿਲੇ ਮੇਲ ਕੰਤ ਕੰਤੂਹਲਿਆ । ਸੰਮਤ ਚੌਦਾਂ ਸਾਚੇ ਹਾਟ, ਏਕਾ ਨਾਮ ਵਿਕਾਵਣਾ । ਗੁਰਮੁਖ ਵਸੇਰਾ ਆਤਮ ਘਾਟ, ਪਾਰ ਕਿਨਾਰ ਕਰਾਵਣਾ । ਦੀਪਕ ਜੋਤੀ ਜਗੇ ਲਿਲਾਟ, ਅੰਧ ਅੰਧੇਰ ਮਿਟਾਵਣਾ । ਲੇਖ ਚੁਕਾਏ ਪੂਜਾ ਪਾਠ, ਏਕਾ ਸ਼ਬਦ ਸੁਣਾਵਣਾ । ਅੰਮ੍ਰਿਤ ਧਾਰਾ ਮਾਰੇ ਠਾਠ, ਏਕਾ ਸਰ ਵਹਾਵਣਾ । ਸ਼ਬਦ ਰਖਾਹੇ ਸਾਚਾ ਹਾਠ, ਧੀਰਜ ਸਤਿ ਸੰਤੋਖ ਦੁਵਾਵਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਮਤ ਚੌਦਾਂ ਚੌਦਾਂ ਲੋਕ, ਗੁਰਮੁਖ ਸੁਣਾਏ ਸ਼ਬਦ ਸਲੋਕ, ਏਕਾ ਘਰ ਵਸਾਵਣਾ । ਸੰਮਤ ਪੰਦਰਾਂ ਪੰਧ ਨਿਆਰਾ, ਆਪਣਾ ਆਪ ਰਖਾਇੰਦਾ । ਲੋਆਂ ਪੁਰੀਆਂ ਪਾਰ ਕਿਨਾਰਾ, ਬੱਤੀ ਦੰਦ ਨਾ ਕੋਈ ਪਾਇੰਦਾ । ਜਗ ਜਹਾਨ ਧੁੰਦੂਕਾਰਾ, ਗਗਨ ਪਤਾਲਾਂ ਆਪ ਸੁਹਾਇੰਦਾ । ਪਰਕਾਸ਼ ਅਕਾਸ਼ ਅਪਰ ਅਪਾਰਾ, ਬੇਅੰਤ ਬੇਅੰਤ ਸਦਾਇੰਦਾ । ਜੁਗੋ ਜੁਗ ਲੈ ਅਵਤਾਰਾ, ਲੋਕਮਾਤ ਧਾਮ ਸੁਹਾਇੰਦਾ । ਘਰ ਸਾਚੇ ਵਸਿਆ ਨਰ ਨਿਰੰਕਾਰਾ, ਆਵਣ ਜਾਵਣ ਕੋਇ ਭੇਵ ਨਾ ਪਾਇੰਦਾ । ਸ਼ਬਦ ਸਰੂਪੀ ਸਾਚੀ ਧਾਰਾ । ਲੱਖ ਚੁਰਾਸੀ ਫੰਦ ਕਟਾਇੰਦਾ । ਪਰਗਟ ਹੋਏ ਨਿਹਕਲੰਕ ਨਰਾਇਣ ਨਰ ਅਵਤਾਰਾ, ਸੰਮਤ ਚੌਦਾਂ ਬੰਨ੍ਹੇ ਧਾਰਾ, ਆਪ ਆਪਣਾ ਭੇਵ ਛੁਪਾਇੰਦਾ । ਸੰਮਤ ਪੰਦਰਾਂ ਵੇਖੇ ਅੰਦਰਾਂ, ਕਲਜੁਗ ਮੁਖ ਛੁਪਾਈਆ । ਦਰਸ ਦਿਖਾਏ ਡੂੰਘੀ ਕੰਦਰਾਂ, ਆਤਮ ਤੋੜੇ ਵੱਜਾ ਜੰਦਰਾ, ਨਿਉਂ ਨਿਉਂ ਅੰਦਰ ਜਾਈਆ । ਲੱਖ ਚੁਰਾਸੀ ਭੌਂਦੇ ਬੰਦਰਾ, ਦਿਸ ਕਿਸੇ ਨਾ ਆਈਆ । ਇਕ ਸੁਹਾਏ ਕਾਇਆ ਮੰਦਰਾ, ਸ਼ਬਦ ਰੰਗੀਲਾ ਪਲੰਘ ਵਿਛਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲਾਲ ਕੰਚਨ ਸੂਹਾ ਪੀਲਾ ਨੀਲਾ ਸਤਿ ਸਪੈਦੀ ਕਾਲਾ ਧਾਰਾ, ਸਤਿ ਪੁਰਖ ਨਿਰੰਜਣ ਸਾਚਾ ਕਾਹਨ ਸਤਿ ਸਤਿਵਾਦੀ ਬੋਧ ਅਗਾਧੀ ਬ੍ਰਹਮ ਬ੍ਰਹਿਮਾਦੀ ਰੰਗ ਰੰਗਾਈਆ ।

ਜਾਣੇ ਭੇਵ ਜੁਗਾ ਜੁਗਾਦੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੋਬਿੰਦ ਕਾਇਆ ਕੰਚਨ ਗੜ੍ਹ, ਸਦ ਸਦ ਵਿਚ ਸਮਾਈਆ । ਹਰਿ ਰਚਨਾ ਜੁਗ ਚਾਰ, ਜਗਤ ਦਵਾਲਿਆ । ਹਰਿ ਰਚਨਾ ਜੁਗ ਚਾਰ, ਕਲਜੁਗ ਅੰਤਮ ਹੋਏ ਬੇਹਾਲਿਆ । ਹਰਿ ਰਚਨਾ ਜੁਗ ਚਾਰ, ਨਾ ਕੋਈ ਦਿਸੇ ਸੁਹਾਵਾ ਤਾਲਿਆ । ਹਰਿ ਰਚਨਾ ਜੁਗ ਚਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਭ ਥਾਈਂ ਕਰੇ ਖਾਲੀਆ । ਸੰਮਤ ਪੰਦਰਾਂ ਪੰਧ ਮੁਕਾਵਣਾ । ਤੀਰਥ ਗੰਗਾ ਯਾਤਰਾ, ਆਤਮ ਅੰਧ ਅਗਿਆਨ ਗੁਵਾਵਣਾ । ਸ਼ਬਦ ਪਹਿਨਾਉਣਾ ਸਾਚਾ ਗਾਤਰਾ, ਇਕ ਧਿਆਨ ਜਗਤ ਕਰਾਵਣਾ । ਸੋਹੰ ਜਣਾਉਣੀ ਸਾਚੀ ਮਾਤਰਾ, ਪਾਰਬ੍ਰਹਮ ਕਲ ਭੇਵ ਛੁਪਾਵਣਾ । ਚਰਨ ਜੋੜ ਸਾਚਾ ਨਾਤਰਾ, ਗੁਰਮੁਖ ਸਾਚਾ ਸੰਗ ਰਲਾਵਣਾ । ਚਰਨ ਬੰਧਾਏ ਸਾਚਾ ਨਾਤਰਾ, ਗੁਰ ਗੋਬਿੰਦ ਏਕਾ ਧਾਮ ਸੁਹਾਵਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਿਸੇ ਹੱਥ ਨਾ ਆਏ ਵੇਦ ਸ਼ਾਸਤਰਾ । ਪੰਦਰਾਂ ਪੰਧ ਮੁਕਾ, ਪੰਧ ਪੁਵਾਵਣਾ । ਸਾਚਾ ਲੇਖਾ ਲੇਖ ਲਿਖਾ, ਸ੍ਰਿਸ਼ਟ ਭੁਵਾਵਣਾ । ਰਾਜਾ ਰਾਣਾ ਮਾਤ ਰੁਲਾ, ਤਖ਼ਤੋਂ ਲਾਹਵਣਾ । ਭੇਖਾਧਾਰੀ ਭੇਖ ਵਟਾ, ਗੰਗਾ ਗੋਦਾਵਰੀ ਚਰਨ ਛੁਹਾਵਣਾ । ਆਪ ਆਪਣਾ ਰੰਗ ਵਟਾ, ਪੰਡਤ ਕਾਸ਼ੀ ਆਪ ਉਠਾਵਣਾ । ਵੇਖ ਵਖਾਣੇ ਥਾਉਂ ਥਾਂ, ਸਾਰ ਪਾਸਾ ਬਾਜੀ ਲਾਵਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਭੇਵ ਛੁਪਾਵਣਾ । ਪਰਾਗ ਅਯੁਧਿਆ ਜਾਏ ਘਾਟ, ਤ੍ਰਬੈਣੀ ਸੰਗਮ ਵੇਖ ਵਖਾਈਆ । ਸੰਮਤ ਪੰਦਰਾਂ ਸਭ ਦਰ ਜਾਣੇ ਪਾਟ, ਜੋਤੀ ਲਾਟ ਇਕ ਰੁਸ਼ਨਾਈਆ । ਕੋਈ ਨਾ ਦਿਸੇ ਗਊ ਘਾਟ, ਸੂਰਜ ਜਲ ਨਾ ਕੋਈ ਚੜ੍ਹਾਈਆ । ਨੇਤੀ ਧੋਤੀ ਜਾਏ ਪਾਟ, ਮਸਤਕ ਤਿਲਕ ਨਾ ਕੋਈ ਲਗਾਈਆ । ਵਣਜ ਵਣਜਾਰਾ ਵੇਖੇ ਸਾਚੇ ਹਾਟ, ਪਟ ਪਟਨੇ ਚਰਨ ਛੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਜਾਏ ਦਰ ਦਰ ਜਗਤ ਮੰਜ਼ਲ ਕੱਟ ਵਖਾਈਆ । ਆਪੇ ਜਾਣੇ ਦਰ ਦਰ ਵਾਲੀ । ਘਰ ਘਰ ਭੇਖ ਪਖੰਡਾ, ਕਰਦਾ ਜਾਏ ਮੰਦਰ ਖਾਲੀ । ਹੱਥ ਫੜਿਆ ਸ਼ਬਦ ਡੰਡਾ, ਪੁਰਖ ਅਬਿਨਾਸ਼ੀ ਕਰੇ ਰਖਵਾਲੀ । ਗੁਰ ਗੋਬਿੰਦਾ ਤੋੜੇ ਘਮੰਡਾ, ਅੰਤਮ ਚਲੇ ਅਵੱਲੜੀ ਚਾਲੀ । ਮੇਟ ਮਿਟਾਏ ਭੇਖ ਪਖੰਡਾ, ਸਾਧਾਂ ਸੰਤਾਂ ਦੇਂਦਾ ਜਾਏ ਸ਼ਬਦ ਦਲਾਲੀ । ਜੋ ਵੇਖੇ ਆਤਮ ਰੰਡਾ, ਫੜ ਫੜ ਉਠਾਏ ਜਗਤ ਅਕਾਲੀ । ਸ਼ਬਦ ਜਣਾਏ ਵਿਚ ਬ੍ਰਹਿਮੰਡਾ, ਦੀਪਕ ਜੋਤੀ ਜਗਦੀ ਵੇਖੇ ਮਸਤਕ ਥਾਲੀ । ਕਲਜੁਗ ਅੰਤਮ ਪਾਰ ਕੰਢਾ, ਪੁਰਖ ਅਬਿਨਾਸ਼ੀ ਅੰਤਮ ਅੰਤ ਬਣਿਆ ਹਾਲੀ । ਭਾਰਤ ਖੰਡ ਵੰਡਾਈ ਵੰਡਾ, ਸੰਮਤ ਪੰਦਰਾਂ ਹੱਕ ਹਲਾਲੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮਨਮੁਖਾਂ ਵੇਖ ਫਲ ਕਾਇਆ ਡਾਲੀ । ਚਾਰੇ ਕੁੰਟਾਂ ਪੰਦਰਾਂ ਪੰਧ ਪਾਇਆ ਗੁਰਮੀਤੇ, ਗੋਬਿੰਦ ਸੰਗ ਰਲਾਇਆ । ਸ਼ਬਦ ਜਣਾਏ ਕਾਇਆ ਚੀਤੇ, ਚੇਤਨ ਮੀਤ ਰਖਾਇਆ । ਏਕਾ ਮੇਲਾ ਪਤਤ ਪੁਨੀਤੇ, ਪੂਤ ਪੂਤ ਸਮਾਇਆ । ਸੰਮਤ ਪੰਦਰਾਂ ਫਿਰ ਫਿਰ ਫਰੀਤੇ, ਭਾਰਤ ਖੰਡੀ ਦਏ ਹਿਲਾਇਆ । ਪੁਰਖ ਅਬਿਨਾਸ਼ੀ ਤੇਰੀ ਭੀਤੇ, ਟੇਢੀ ਡੰਡੀ ਰਿਹਾ ਚਲਾਇਆ । ਇਕ ਹਦੀਸ ਜਗਤ ਮਸੀਤੇ, ਅਲ੍ਹਾ ਹੂ ਹੂ ਨਾਅਰਾ ਲਾਇਆ । ਏਕਾ ਲਾਏ ਸ਼ਬਦ ਪਲੀਤੇ, ਗੁੰਬਦ ਕਾਅਬਾ ਦਏ ਉਲਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਰਾਇਣ ਬਦਰ ਨਾਥ ਕਦਾਰ, ਵੇਖੇ ਵੇਖ ਵਖਾਇਆ । ਜਗਨ ਨਾਥ, ਕਲਜੁਗ ਸਾਚਾ ਮੇਲਾ ਆਪਣਾ ਆਪ ਵਖਾਵਣਾ । ਸਗਲ ਵਸੂਰਾ ਜਾਏ ਲਾਥ, ਪਹਾੜੀ ਦਾਮਨ ਚਮਕੇ ਕਾਮਨ, ਰੂਪ ਅਨੂਪ ਸਮਾਵਣਾ । ਚਰਨ ਛੁਹਾਏ ਪਤਤ ਪਾਵਨ, ਪੰਡਤਾਂ ਪਾਂਧਿਆਂ ਆਪਣਾ ਦਾਮਨ ਫੜਾਵਣਾ । ਜੋਤੀ ਜੋਤ ਸਰੂਪ ਹਰਿ,

ਆਪ ਆਪਣੀ ਜੋਤ ਧਰ, ਸ਼ਮਸ਼ੀ ਰੰਗ ਰੰਗਾਵਣਾ । ਜਗਤ ਬੰਗਾਲੀ ਆਪ ਬਣ, ਮਾਇਆ ਪਕੜੇ ਡੱਸਣੀ ਨਾਗ । ਵੇਖੇ ਖੇਲ ਜਗਤ ਸਭ, ਘਰ ਘਰ ਲਾਏ ਬੁਝਾਏ ਆਗ । ਆਪੇ ਪਰਗਟ ਹੋਏ ਝੱਬ, ਆਪੇ ਜੋਤ ਛੁਪਾਏ ਚਿਰਾਗ । ਆਪੇ ਅੰਮ੍ਰਿਤ ਵਹਾਏ ਕਵਲ ਨਭ, ਆਪ ਤੜਪਾਏ ਦੋ ਦੋ ਆਬ । ਲਹਿਣਾ ਦੇਣ ਚੁਕਾਏ ਸਭ, ਆਪੇ ਜਾਣੇ ਹਿਸਾਬ ਕਿਤਾਬ । ਗੁਰ ਸੰਗਤ ਚਰਨ ਦਵਾਰੇ ਜਾਏ ਫਬ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਚਰਨ ਘੋੜੇ ਦਏ ਰਕਾਬ । ।

★ ੧੯ ਹਾੜ ੨੦੧੩ ਬਿਕ੍ਰਮੀ ਹਰਿ ਭਗਤ ਦਵਾਰ ਜੇਠੂਵਾਲ ਚਾਹ ਦੇ ਵਾਸਤੇ ਸ਼ਬਦ ਉਚਾਰਿਆ ★

ਹਰਿ ਖੁਮਾਰੀ ਨਾਮ ਜਗਤ ਅਮੋਲ ਹੈ । ਨਾ ਕੋਈ ਲੱਗੇ ਤਨ ਬੀਮਾਰੀ, ਪ੍ਰਭ ਵਸੇ ਸਦਾ ਕੋਲ ਹੈ । ਰਸ ਰਸਨਾ ਫਿਰੇ ਹਲਕਾਰੀ, ਮਨ ਮਤੀ ਰਿਹਾ ਵਿਚੋਲ ਹੈ । ਗੁਰ ਪੂਰੇ ਸਦਾ ਬਲਹਾਰੀ, ਜੁਗ ਜੁਗ ਤੋਲੇ ਪੂਰਾ ਤੋਲ ਹੈ । ਆਪੇ ਬਖ਼ਸ਼ੇ ਬਖ਼ਸ਼ਣਹਾਰੀ, ਜਨ ਭਗਤਾਂ ਕਰੇ ਚੋਹਲ ਹੈ । ਚਰਨ ਪ੍ਰੀਤੀ ਚਾਹ ਪਿਆਰੀ, ਸਦ ਵਸੇ ਗੁਰਮੁਖ ਕੋਲ ਹੈ । ਕਾਇਆ ਹਾਡੀ ਅਪਰ ਅਪਾਰੀ, ਅੰਮ੍ਰਿਤ ਆਤਮ ਭਰਿਆ ਸਾਚਾ ਡੋਲ, ਹੈ । ਅਗਨੀ ਜੋਤੀ ਲਾਏ ਭਾਰੀ, ਨੇਤਰ ਨੀਰ ਰਿਹਾ ਖੋਲ੍ਹ ਹੈ । ਨਾਮ ਰਸ ਮਿਠਾ ਅਪਰ ਅਪਾਰੀ, ਹਰ ਹਿਰਦੇ ਪਏ ਆਪੇ ਅੰਦਰ ਮੌਲ ਹੈ । ਗੁਰਮੁਖਾਂ ਆਪ ਆਪ ਪਿਆਏ ਕਰ ਪਿਆਰੀ, ਸ਼ਬਦ ਰਲਾਏ ਪੜਦੇ ਖੋਲ੍ਹ ਹੈ । ਮਾਨਸ ਜਨਮ ਨਾ ਜਾਏ ਹਾਰੀ, ਗੁਰਮੁਖ ਰਹੇ ਸਦਾ ਅਡੋਲ ਹੈ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਸ਼ਬਦ ਜਣਾਏ ਬੋਲ ਹੈ । ਹਰਿ ਭਗਤ ਆਧਾਰ ਅੰਮ੍ਰਿਤ ਧਾਰਿਆ । ਪ੍ਰਭ ਸਾਚੇ ਆਪ ਵਿਚਾਰ, ਸਾਚਾ ਰਾਹ ਵਖਾ ਲਿਆ । ਆਪੇ ਦੇਵੇ ਦੇਵਣਹਾਰ, ਦੂਸਰ ਹੱਥ ਕਿਸੇ ਨਾ ਆ ਰਿਹਾ । ਸੰਮਤ ਚੌਦਾਂ ਕਰ ਤਿਆਰ, ਪਹਿਲੀ ਚੇਤਰ ਹੱਥ ਉਠਾ ਲਿਆ । ਗੁਰਮੁਖਾਂ ਦੇਵੇ ਘਰ ਘਰ ਜਾਏ ਪਹਿਲੀ ਵਾਰ, ਬੀਸ ਇਕੀਸੇ ਮੇਲ ਮਿਲਾ ਰਿਹਾ । ਸਾਚਾ ਮੇਲਾ ਸਚ ਸਰਕਾਰ, ਨਾਵਾਂ ਧੁਰ ਦਰਗਾਹੀ ਲਾ ਲਿਆ । ਇਕ ਕਰਾਏ ਵਣਜ ਵਪਾਰ, ਝੂਠਾ ਨਾਮ ਜਗਤ ਮਿਟਾ ਲਿਆ । ਗੁਰਮੁਖ ਸਾਚੇ ਸ਼ਬਦ ਪਿਆਰ, ਰਸਨਾ ਚੋਗ ਚੁਗਾ ਲਿਆ । ਜਗਤ ਤ੍ਰਿਸ਼ਨਾ ਦੇਵੇ ਮਾਰ, ਜਿਸ ਹਰਿ ਚਰਨੀ ਚਿਤ ਲਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਅੰਮ੍ਰਿਤ ਜਾਮ ਪਿਆ ਲਿਆ । ਅੰਮ੍ਰਿਤ ਆਤਮ ਜਾਮ ਪਿਆਏ, ਕਰ ਕਰ ਆਪਣਾ ਹੱਲਾ । ਗੁਰਮੁਖਾਂ ਸਾਚਾ ਨਾਮ ਜਪਾਏ, ਆਪ ਫੜਾਏ ਆਪਣਾ ਪੱਲਾ । ਸਾਚਾ ਪੱਲੇ ਦਾਮ ਬੰਨ੍ਹਾਏ, ਨਾਮ ਰਖਾਏ ਨਿਹਚਲ ਧਾਮ ਅਟੱਲਾ । ਜਗਤ ਵਿਕਾਰਾ ਰਹਿਣ ਨਾ ਪਾਏ, ਤ੍ਰਿਸ਼ਨ ਮਿਟਾਏ ਕਾਇਆ ਖਲਾ । ਨਿਰਮਲ ਜੋਤੀ ਨੂਰ ਕਰਾਏ, ਦਰਸ ਦਿਖਾਏ ਘੜੀ ਘੜੀ ਪਲ ਪਲਾ । ਕਲਜੁਗ ਰਸਨ ਹੋਏ ਹਲਕਾਏ, ਪ੍ਰਭ ਨਾਉਂ ਗਾਏ ਹਰਿ ਮਿਲੇ ਇਕ ਇਕੱਲਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਸਿਖ ਤੇਰਾ ਅੰਤ ਵਸਾਵਣ ਆਇਆ ਕਾਇਆ ਸਚ ਮਹੱਲਾ । ਕਾਇਆ ਮਹੱਲਾ ਸੱਚਾ ਘਰ ਬਾਹਰ, ਪ੍ਰਭ ਸਾਚੀ ਵਸਤ ਵਿਚ ਟਿਕਾਈਆ । ਭਰਮੇ ਭੁੱਲਿਆ ਜੀਵ ਗਵਾਰ, ਵਿਚ ਨਸ਼ਿਆਂ ਚਿੱਤ ਲਗਾਈਆ । ਪ੍ਰਭ ਪਾਵਣਹਾਰਾ ਸਾਰ, ਜਿਸ ਤੇਰੀ ਬਣਤ ਬਣਾਈਆ । ਆਪੇ ਮਾਰੇ ਆਪੇ ਲਏ ਜਿਵਾਲ, ਵੈਦ ਹਕੀਮਾਂ ਕੋਇ ਨਾ ਲਏ ਬਚਾਈਆ । ਪ੍ਰਭ ਦੇਵਣਵਾਲਾ ਇਕ ਅਧਾਰ, ਹਉਮੇ

ਤ੍ਰਿਸ਼ਨਾ ਰੋਗ ਮਿਟਾਈਆ । ਸੰਮਤ ਬਾਰਾਂ ਕੀਤਾ ਖ਼ਬਰਦਾਰ, ਗੁਰ ਸੰਗਤ ਨੀਂਹ ਰਖਾਈਆ । ਮਾਇਆ ਭੁੱਲੇ ਅੰਧ ਅੰਧਿਆਰ, ਭਾਣਾ ਹਰਿ ਮੂਲ ਨਾ ਭਾਈਆ । ਬੀਤਾ ਸਾਲ ਇਕ ਸਦੀ ਹਜ਼ਾਰ, ਲੇਖਾ ਲਿਖਤ ਨਾ ਰਾਈਆ । ਸੰਮਤ ਤੇਰਾਂ ਕਰ ਵਿਚਾਰ, ਗੁਰ ਸੰਗਤ ਰਿਹਾ ਸੁਣਾਈਆ । ਜਿਸ ਜਨ ਅੰਤਮ ਉਤਰਨਾ ਪਾਰ, ਹਰਿ ਭਾਣਾ ਸੀਸ ਟਿਕਾਈਆ । ਦੋਵੇਂ ਜੋੜ ਕਰੋ ਨਿਮਸਕਾਰ, ਜਗਤ ਤ੍ਰਿਸ਼ਨਾ ਚਾਹ ਮਿਟਾਈਆ । ਪ੍ਰਭ ਬੇੜਾ ਬੰਨ੍ਹਣਹਾਰ, ਸਾਂਤਕ ਸੀਤਲ ਸਤਿ ਵਰਤਾਈਆ । ਸਦ ਖੁਲ੍ਹਾ ਰੱਖੇ ਕਿਵਾੜ, ਦਿਵਸ ਰੈਣ ਦਰਸ ਦਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਲੱਗੇ ਅੱਗ, ਗੁਰਮੁਖ ਚਰਨਾਂ ਹੇਠ ਛੁਪਾਈਆ । ਕਲਜੁਗ ਅਗਨੀ ਅੱਗ, ਜਗਤ ਜਲਾਇੰਦਾ । ਮਨਮੁਖ ਪਛਾਣੇ ਆਪ ਪਕੜ ਸ਼ਾਹਰਗ, ਨਾ ਕੋਇ ਛੁਡਾਇੰਦਾ । ਗੁਰਮੁਖਾਂ ਬੰਨ੍ਹੇ ਹੱਥੀਂ ਸਾਚਾ ਤਗ, ਏਕਾ ਚਾਹ ਚਰਨ ਪ੍ਰੀਤ ਰਖਾਇੰਦਾ । ਧਰਮ ਰਾਏ ਦਰ ਮਨਮੁਖਾਂ ਕਿਸੇ ਸੀਸ ਨਾ ਅੰਤਮ ਦਿਸੇ ਪੱਗ, ਖਾਲੀ ਹੱਥੀਂ ਹਾਹਾਕਾਰ ਕਰਾਇੰਦਾ । ਗੁਰ ਚਰਨੀ ਜੋ ਗਿਆ ਲੱਗ, ਮਨਮਤ ਹਰਿ ਦੁਰਕਾਇੰਦਾ । ਹਰਿ ਸ਼ਬਦ ਲਗਾਏ ਮੁਖ ਸਾਚਾ ਸਗ, ਸਾਚਾ ਸਗਨ ਮਨਾਇੰਦਾ । ਮਿਲੇ ਵਡਿਆਈ ਅੰਤਮ ਜਗ, ਜੋ ਆਪਣਾ ਘਰ ਸੁਹਾਇੰਦਾ । ਸੰਮਤ ਤੇਰਾਂ ਪੁਰਖ ਅਬਿਨਾਸ਼ੀ ਏਕਾ ਜੋਤੀ ਰਹੀ ਜਗ, ਨਾ ਪਰਦਾ ਕੋਈ ਪਾਇੰਦਾ । ਗੁਰਮੁਖਾਂ ਘਰ ਬੁਝਾਈ ਅੱਗ, ਬੇਮੁਖਾਂ ਘਰ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚੇ ਭਾਣੇ ਵਿਚ ਸਮਾਇੰਦਾ । ਹੋਵੇ ਸਿਖ ਪਰਵਾਨ, ਤੁਟਾ ਜਗ ਨਾਤਿਆ । ਏਕਾ ਸਾਲ ਵੇਖ ਨਿਸ਼ਾਨ, ਪ੍ਰਭ ਆਪੇ ਪਿਤਾ ਮਾਤਿਆ । ਗੁਰ ਮੰਦਰ ਸਚ ਜਹਾਨ, ਹਰਿ ਮੇਲਾ ਕਮਲਾਪਾਤਿਆ । ਗੁਰਮੁਖ ਸਾਚੇ ਕਿਰਤ ਕਮਾਣ, ਮਿਟੇ ਅੰਧੇਰੀ ਰਾਤਿਆ । ਅੰਮ੍ਰਿਤ ਆਤਮ ਪੀਣ ਖਾਣ, ਉਤਮ ਹੋਏ ਜਾਤਿਆ । ਸਾਚਾ ਮਜ਼੍ਹਬ ਦੀਨ ਈਮਾਨ, ਗੁਰ ਚਰਨੀ ਏਕਾ ਨਾਤਿਆ । ਨਾ ਕੋਈ ਹਿੰਦੂ ਮੁਸਲਮਾਨ, ਊਚਾਂ ਨੀਚਾਂ ਪੁਛੇ ਵਾਤਿਆ । ਪ੍ਰਭ ਫੜ ਸ਼ਬਦ ਕਿਰਪਾਨ, ਹੋਏ ਸਹਾਈ ਕਮਲਾਪਾਤਿਆ । ਗੋਬਿੰਦ ਰਸਨਾ ਗੁਰਮੁਖ ਸਾਚੇ ਗਾਣ, ਨਾ ਆਵੇ ਮਾਤ ਘਾਟਿਆ । ਦਰਸ ਦਿਖਾਏ ਦਰ ਘਰ ਸਾਚੇ ਆਣ, ਏਕਾ ਸ਼ਬਦ ਵਿਕਾਏ ਸਾਚਾ ਹਾਟਿਆ । ਗੁਰ ਸੰਗਤ ਕਰਨਾ ਇਕ ਪਿਆਰੀ, ਰਸਨਾ ਲੋਭ ਤਜਾਈਆ । ਪ੍ਰਭ ਗੁਰ ਸੰਗਤ ਤੇਰਾ ਪ੍ਰੇਮ ਦਾਜ ਰੱਖੇ ਸ਼ਬਦ ਪਟਾਰੀ, ਨਾ ਕੋਇ ਚੋਰ ਚੁਰਾਈਆ । ਪਾਵੇ ਸਾਰ ਅੰਤਰ ਵਾਰੀ, ਧਰਮ ਰਾਏ ਮੁਖ ਛੁਪਾਈਆ । ਲਿਆਏ ਬਿਬਾਣ ਸੱਚਾ ਦਰਬਾਰੀ, ਗੁਰਮੁਖ ਸਾਚੇ ਲਏ ਬਿਠਾਈਆ । ਸ਼ਬਦ ਸਿੰਘਾਸਣ ਅਪਰ ਅਪਾਰੀ, ਦੋਵੇਂ ਹੱਥੀਂ ਰਿਹਾ ਉਠਾਈਆ । ਸਿੰਘ ਪਾਲ ਉਤੇ ਚੜ੍ਹਿਆ ਚੁਬਾਰੀ, ਸੰਗਤ ਰਿਹਾ ਜਗਾਈਆ । ਜਗਤ ਜਗਦੀਸ਼ੇ ਮਿਲੀ ਸਿਕਦਾਰੀ, ਘਰ ਸਾਚਾ ਇਕ ਸੁਹਾਈਆ । ਗੁਰ ਸੰਗਤ ਤੇਰੀ ਆਈ ਵਾਰੀ, ਪ੍ਰਭ ਨੇਤਰ ਨੀਰ ਵਹਾਈਆ । ਨਾ ਭੁੱਲਣਾ ਬਚਨ ਬਣ ਹੰਕਾਰੀ, ਪ੍ਰਭ ਸਾਚਾ ਦਏ ਦੁਹਾਈਆ । ਅੰਤਮ ਬੇੜਾ ਬੰਨ੍ਹੇ ਕਲਜੁਗ ਤੇਰੀ ਅੰਤਮ ਵਾਰੀ, ਗੁਰ ਸੰਗਤ ਤੇਰੀ ਭੇਟ ਆਪਣਾ ਸੀਸ ਦਏ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕ ਪ੍ਰੀਤੀ ਜਗਤ ਰੀਤੀ ਸਾਚੀ ਚਾਹ ਰਖਾਈਆ । ਪ੍ਰੀਤ ਲਗਾਈ ਸਚ ਘਰ, ਸਾਚਾ ਨਿਹੁੰ ਨਿਭਾਵਣਾ । ਨਾ ਜਨਮੇ ਨਾ ਜਾਏ ਮਰ, ਜਿਸ ਜਨ ਦਰਸ਼ਨ ਪਾਵਣਾ । ਆਵਣ ਜਾਵਣ ਚੁਕੇ ਡਰ, ਪ੍ਰਭ ਸਾਚੀ ਗੋਦ ਉਠਾਵਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਹੁਕਮ ਸੁਣਾਵਣਾ । ਰਸਨਾ ਚਾਹ ਜੋ ਗੁਰਸਿਖ ਲਾਏ, ਦਰ ਦਰਬਾਰ ਨਾ ਆਏ, ਮੁਖ ਕਾਲਾ ਮਾਤ ਕਰਾਏ,

੭੬੫
੦੫

ਗੁਰ ਸੰਗਤ ਧੱਕੇ ਲਾਈਆ । ਨੌਂ ਦਰਵਾਜੇ ਫਿਰੇ ਹਲਕਾਏ, ਗੁਰ ਪੀਰ ਨਾ ਕੋਇ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਮਤ ਚੌਦਾਂ ਇਕ ਲਕੀਰ ਲਗਾਈਆ । ਤੇਰਾਂ ਤੇਰਾਂ ਤੇਰੀ ਧਾਰ, ਨਾਨਕ ਸਾਚੇ ਕੰਡੇ ਤੁਲਾਈਆ । ਕਲਜੁਗ ਤੇਰੀ ਅੰਤਮ ਵਾਰ, ਪ੍ਰਭ ਸਾਚੇ ਡੰਡੇ ਬੋਦੀ ਲਾਈਆ । ਕਲਜੁਗ ਖਾਣੀ ਬਾਣੀ ਪਾਏ ਵੰਡੇ, ਨਾਮ ਵੱਟੇ ਨਾਲ ਲਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਤੋਲਾ ਮਾਤ ਅਖਵਾਈਆ । ਏਕਾ ਤੋਲਾ ਤੋਲਣਹਾਰਾ, ਧੁਰ ਦਰਗਾਹੀ ਮਾਪਾ । ਜੁਗੋ ਜੁਗ ਗੁਰ ਸ਼ਬਦੀ ਬਾਣੀ ਬੋਲਣਹਾਰਾ, ਆਪੇ ਜਾਣੇ ਆਪਣਾ ਜਾਪਾ । ਮਾਤ ਪਾਤਾਲ ਅਕਾਸ਼ ਪਰਦੇ ਖੋਲ੍ਹਣਹਾਰਾ, ਮੇਟਣ ਆਇਆ ਤੀਨੋ ਤਾਪਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਕਰਾਏ ਆਪਣਾ ਵਡ ਪਰਤਾਪਾ । ਨਾਨਕ ਤੇਰੀ ਧਾਰ, ਤੇਰਾਂ ਤੇਰਾਂ ਆਈਆ । ਸੰਮਤ ਤੇਰਾਂ ਨਿਹਕਲੰਕੀ ਅਵਤਾਰ, ਹੇਰਾ ਫੇਰਾ ਜਗਤ ਮੁਕਾਈਆ । ਸ਼ਬਦ ਡੰਕੀ ਅਪਰ ਅਪਾਰ, ਭਰਮਾਂ ਡੇਰਾ ਢਾਹੀਆ । ਇਕ ਸੁਹਾਏ ਬੰਕ ਦਵਾਰ, ਜੋਤੀ ਜੋਤ ਸਵਾਈਆ । ਗੁਰਮੁਖ ਸਾਚੇ ਰਸਨ ਉਚਾਰ, ਰਾਹ ਸਾਚਾ ਰਿਹਾ ਵਖਾਈਆ । ਗੁਰ ਪੂਰੇ ਹੋਵੇ ਚਰਨ ਅਧਿਕਾਰ, ਦੂਜੀ ਆਸ ਮੁਕਾਈਆ । ਏਕਾ ਸ਼ਬਦ ਤਨ ਪਿਆਰ, ਹਰਿ ਮੰਦਰ ਵੱਜੇ ਵਧਾਈਆ । ਤਾਲ ਤਲਵਾੜਾ ਅਪਰ ਅਪਾਰ, ਸ਼ਬਦ ਅਖਾੜਾ ਰਿਹਾ ਲਗਾਈਆ । ਬਹੱਤਰ ਨਾੜੀ ਜੋਤ ਉਜਿਆਰ, ਸਚ ਪਰਕਾਸ਼ ਕਰਾਈਆ । ਆਪੇ ਬਖ਼ਸ਼ਣਹਾਰ, ਲੱਖ ਚੁਰਾਸੀ ਘੁੰਗਟ ਲਾਹੀਆ । ਤਨ ਬਸਤਰ ਪਹਿਨੇ ਇਕ ਅਪਾਰ, ਸ਼ਬਦ ਦੁਸ਼ਾਲਾ ਨਾਉਂ ਰਖਾਈਆ । ਆਪੇ ਗੇੜੇ ਦੇਵੇ ਚਾਰ ਦਿਵਾਰ, ਚਾਰੇ ਕੂਟਾਂ ਵੇਖ ਵਖਾਈਆ । ਦਹਿ ਦਿਸ਼ਾ ਪ੍ਰਭ ਪਾਵੇ ਸਾਰ, ਆਪਣਾ ਕਰਮ ਕਮਾਈਆ । ਦੋਵੇਂ ਚਰਨਾਂ ਰਿਹਾ ਹੁਲਾਰ, ਅੱਗੇ ਪਿੱਛੇ ਰਿਹਾ ਲਟਕਾਈਆ । ਪਹਿਲਾਂ ਬ੍ਰਹਮੇ ਪਾਏ ਭਾਰ, ਸੱਜੇ ਹੇਠ ਦਬਾਈਆ । ਦੂਜਾ ਸ਼ਿਵ ਕਰੇ ਖ਼ਬਰਦਾਰ, ਜਗ ਜਗਦੀਸਾ ਰਿਹਾ ਕਰਾਈਆ । ਤੀਜੇ ਪੁਰੀ ਇੰਦਰ ਦਏ ਹੁਲਾਰ, ਇੰਦਰ ਇੰਦਰਾਸਨ ਚਰਨ ਛੁਹਾਈਆ । ਮਾਤਲੋਕ ਪ੍ਰਭ ਕਰ ਵਿਚਾਰ, ਸ਼ਬਦ ਸਿੰਘਾਸਣ ਇਕ ਵਿਛਾਈਆ । ਆਪੇ ਬੈਠ ਸੱਚੀ ਸਰਕਾਰ, ਨਿਹਕਲੰਕ ਨਾਉਂ ਰਖਾਈਆ । ਗੁਰ ਗੋਬਿੰਦ ਆਪੇ ਬਖ਼ਸ਼ੇ ਬਖ਼ਸ਼ਣਹਾਰ, ਪ੍ਰਭ ਸ਼ਬਦ ਤਾਲ ਰਖਾਈਆ । ਛੱਤੀ ਰਾਗਾਂ ਵਸਿਆ ਬਾਹਰ, ਭੇਵ ਕੋਈ ਨਾ ਪਾਈਆ । ਗਿਆਨੀ ਧਿਆਨੀ ਹੋਏ ਮੁਰਦਾਰ, ਪ੍ਰਭ ਗੋਬਿੰਦ ਗੋਬਿੰਦ ਧਾਰ ਅਲਾਈਆ । ਗੁਰ ਸੰਗਤ ਕਰੇ ਪਿਆਰ, ਹਰਿ ਦਾਤਾ ਆਪ ਮਿਲਾਈਆ । ਸਦਾ ਸੁਣੇ ਸੁਣਾਏ ਪੁਕਾਰ, ਫੜ ਫੜ ਬੰਨੇ ਲਾਈਆ । ਦਰ ਆਏ ਤਜੋ ਹੰਕਾਰ, ਗੁਰ ਚਰਨੀ ਸੀਸ ਨਿਵਾਈਆ । ਸਿੰਘ ਸੂਰਤ ਮਾਰੀ ਮਾਰ, ਉਠ ਗਿਆ ਵਾਹੋ ਦਾਹੀਆ । ਗੁਰ ਸੰਗਤ ਨਾ ਕਰੇ ਨਿਮਸਕਾਰ, ਪ੍ਰਭ ਸਾਚਾ ਹੁਕਮ ਸੁਣਾਈਆ । ਪਰਗਟ ਹੋਏ ਨਿਹਕਲੰਕ ਨਰ ਅਵਤਾਰ, ਸਿੰਘ ਪ੍ਰੇਮ ਰਹਿਣਾ ਖ਼ਬਰਦਾਰ, ਦੋ ਜਹਾਨ ਪਏ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਖੰਡਾ ਰਿਹਾ ਉਠਾਈਆ । ਸਿੰਘ ਪੂਰਨ ਕੀ ਕਰੇ ਵਿਚਾਰਾ, ਪ੍ਰਭ ਜਾਮਾ ਜੋਤ ਉਲਟਾਇਆ ਏ । ਆਪੇ ਵਸਿਆ ਵਿਚ ਨਿਰੰਕਾਰਾ, ਕੋਟਨ ਕੋਟ ਫਿਰੇ ਹਲਕਾਇਆ ਏ । ਹੱਥ ਫੜਾਏ ਸ਼ਬਦ ਖੰਡਾ ਦੋ ਧਾਰਾ, ਸਾਚੀ ਜੋਤ ਜਗਾਇਆ ਏ । ਇਕ ਸੁਹਾਏ ਬੰਕ ਦਵਾਰਾ, ਸੰਬਲ ਨਗਰੀ ਨਾਮ ਰਖਾਇਆ ਏ । ਬੈਠਾ ਸਿੰਘ ਸ਼ੇਰ ਸ਼ੇਰ ਦਲੇਰਾ, ਅੱਗੇ ਕੋਇ ਰਹਿਣ ਨਾ ਪਾਇਆ ਏ । ਜੋ ਜਨ ਹੋਏ ਚਰਨ ਭਿਖਾਰਾ, ਪ੍ਰਭ ਦੇਵੇ ਸਾਚਾ ਤਾਜ ਸੀਸ ਟਿਕਾਇਆ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਵਸੇ ਸਭ ਤੋਂ ਬਾਹਰਾ ਏ ।

ਗੁਰ ਸੰਗਤ ਧੰਨ ਕਮਾਈ, ਧਰਤ ਸੁਹਾਈਆ । ਸੰਬਲ ਨਗਰੀ ਵੱਜੀ ਵਧਾਈ, ਸੁਣੇ ਲੋਕਾਈਆ । ਬ੍ਰਹਮਾ ਸ਼ਿਵ ਵੇਖਣ ਆਏ ਚਾਈਂ ਚਾਈਂ,
ਸੁਰਪਤ ਰਾਜਾ ਇੰਦ ਕਰੋੜ ਤੇਤੀਸਾ ਸੰਗ ਰਲਾਈਆ । ਧਰਮ ਰਾਏ ਆਏ ਕਰ ਕਰ ਲੰਮੀਆਂ ਬਾਹੀਂ, ਦੋਏ ਜੋੜ ਖ਼ੁਸ਼ੀ ਮਨਾਈਆ । ਚਿਤਰ
ਗੁਪਤ ਕਲਮ ਉਠਾਈ, ਪ੍ਰਭ ਅੱਗੇ ਸੀਸ ਨਿਵਾਈਆ । ਲਾੜੀ ਮੌਤ ਰਹੀ ਸ਼ਰਮਾਈ, ਨੌਂ ਦਵਾਰੇ ਬਾਹਰ ਦਿਖਾਈਆ । ਕਲਜੁਗ ਦੇਵੇ ਪਿਆ
ਦੁਹਾਈ, ਨਾ ਕੋਈ ਹੋਵੇ ਅੰਤ ਸਹਾਈਆ । ਪਰਗਟ ਜੋਤ ਹਰਿ ਰਘੁਰਾਈ, ਸ਼ਬਦ ਖੰਡਾ ਰਿਹਾ ਉਠਾਈਆ । ਮਾਰੀ ਜਾਏ ਵਾਹੋ ਦਾਹੀ, ਪੁਰੀਆਂ
ਲੋਆਂ ਰਿਹਾ ਹਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਸੰਗਤ ਦਰਸ ਦਿਖਾਏ ਘਰ ਬੈਠੇ ਥਾਉਂ ਥਾਈਂਆ । ਗੁਰ
ਸੰਗਤ ਧਾਮ ਸੁਹਾਇਆ । ਆਏ ਚਰਨ ਹਜ਼ੂਰੇ, ਪ੍ਰਭ ਅਬਿਨਾਸ਼ੀ ਦਇਆ ਕਮਾਇਆ । ਕਰੇ ਕਾਰਜ ਪੂਰੇ, ਬਚਨ ਅਗੰਮੀ ਇਹ ਸੁਣਾਇਆ ।
ਜਗਤ ਨਾਤਾ ਦੱਸਣ ਕੂੜੇ, ਦਮ ਦਮਾ ਸਵਾਸ ਚਲਾਇਆ । ਸ਼ਬਦ ਪਹਿਨਾਏ ਹੱਥੀਂ ਚੂੜੇ, ਆਪਣੇ ਕੰਮਾਂ ਆਪੇ ਲਾਇਆ । ਕਾਇਆ ਰੰਗ ਚੜ੍ਹਾਏ
ਗੂੜ੍ਹੇ, ਸਾਚਾ ਵੇਲਾ ਇਕ ਸੁਹਾਇਆ । ਆਪਣੀ ਬਖ਼ਸ਼ੇ ਚਰਨ ਧੂੜੇ, ਗੁਰ ਸੰਗਤ ਮੇਲ ਮਿਲਾਇਆ । ਚਤੁਰ ਸੁਜਾਨ ਬਣਾਏ ਮੂਰਖ ਮੂੜੇ, ਇਕ
ਧਿਆਨ ਹਰਿ ਭਗਵਾਨ ਆਪਣਾ ਆਪ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚੀ ਬਰਖਾ ਫੂਲਣ ਲਾਇਆ । ਸੰਗਤ
ਸਦ ਬਲਿਹਾਰ, ਹਰਿ ਬਲਹਾਰਨਾ । ਆਪ ਉਪਜਾਏ ਵਾਰੋ ਵਾਰ, ਗੁਰ ਸੰਗਤ ਕਰ ਪਿਆਰ, ਸਤਿਜੁਗ ਬੰਨ੍ਹੇ ਤੇਰੀ ਧਾਰ, ਛੋਟੇ ਲਾਲ ਕਰੇ
ਸਲਵਾਰਨਾ । ਧਰਤਮਾਤ ਪਾਣੀ ਰਹੀ ਵਾਰ, ਮਿਲਣ ਆਏ ਸਾਚੇ ਯਾਰ, ਵੇਖ ਲਾੜਾ ਕੰਤ ਭੰਤਾਰ, ਉਚੀ ਸੇਜੇ ਬੈਠਾ ਚਰਨ ਪਸਾਰ, ਦੋਵੇਂ ਹੱਥੀਂ
ਮਾਰੇ ਤਾਲੀਆ । ਸ੍ਰਿਸ਼ਟ ਸਬਾਈ ਹੋਈ ਵਿਭਚਾਰ, ਲੱਖ ਚੁਰਾਸੀ ਹੋਏ ਖ਼ੁਆਰ, ਲੋਆਂ ਪੁਰੀਆਂ ਮਾਰੇ ਮਾਰ, ਪੱਤ ਰਹਿਣ ਨਾ ਦੇਵੇ ਕਿਸੇ ਡਾਲੀਆ ।
ਗੁਰ ਸੰਗਤ ਸਾਂਝਾ ਮੀਤ ਮੁਰਾਰ, ਪਰਗਟ ਹੋਏ ਵਿਚ ਸੰਸਾਰ, ਜੋਤ ਜਗਾਏ ਅਗੰਮੀ ਅਪਾਰ, ਮਸਤਕ ਸਾਚੀ ਥਾਲੀਆ । ਪੂਰਬ ਕਰਮਾਂ ਰਿਹਾ
ਵਿਚਾਰ, ਲਹਿਣਾ ਦੇਣਾ ਕਰਜ ਉਤਾਰ, ਬੈਠ ਤਖ਼ਤ ਸਾਚੀ ਸਰਕਾਰ, ਕੁਕਰਮਾਂ ਮੰਗੇ ਸਾਚਾ ਹਾਲੀਆ । ਸ਼ਬਦ ਖਜ਼ਾਨਾ ਅਪਰ ਅਪਾਰ, ਹਰਿ
ਭਗਵੰਤਾ ਦੇਵਣਹਾਰ, ਅੱਠੇ ਪਹਿਰ ਨਾ ਹੋਏ ਖਾਲੀਆ । ਗੁਰ ਸੰਗਤ ਮੰਗੇ ਵਾਰੋ ਵਾਰ, ਪ੍ਰਭ ਆਤਮ ਭਰੇ ਭੰਡਾਰ, ਚਲੇ ਜਗਤ ਅਵੱਲੜੀ ਚਾਲੀਆ ।
ਬਣੇ ਆਪ ਸੱਚਾ ਦਲਾਲ, ਗੁਰਮੁਖ ਨਾਲ ਰਲਾਏ ਲਾਲ, ਪਾਰ ਕਰਾਏ ਘਟਾ ਕਾਲੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ,
ਗੁਰ ਸੰਗਤ ਦੇਵੇ ਜਗਤ ਵਰ, ਸਦ ਰਹੇ ਆਪ ਪ੍ਰਿਤਪਾਲੀਆ । ਗੁਰ ਸੰਗਤ ਹਰਿ ਗੁਣ ਗਾਇਆ, ਗਾਇਆ ਗਹਿਰ ਗੰਭੀਰ । ਦਰ ਘਰ
ਸਾਚਾ ਇਕ ਸੁਹਾਇਆ, ਹੋਏ ਸ਼ਾਂਤ ਸਰੀਰ । ਆਪ ਆਪਣਾ ਦਰਸ਼ਨ ਪਾਇਆ, ਹਉਮੇ ਚੁੱਕੀ ਪੀੜ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ
ਜੋਤ ਧਰ, ਗੁਰ ਸੰਗਤ ਬੰਨਣ ਆਇਆ ਬੀੜ । ਗੁਰ ਸੰਗਤ ਤੇਰਾ ਬੇੜਾ, ਪ੍ਰਭ ਅੰਤਮ ਕੰਧ ਉਠਾਇੰਦਾ । ਅੱਗੇ ਦੀਸੇ ਰਾਹ ਭੀੜਾ, ਕੋਇ
ਨਾ ਪਾਰ ਕਰਾਇਆ । ਸਭ ਦੀ ਤੁੱਟੇ ਹੱਡੀ ਰੀੜ੍ਹਾ, ਨਾ ਕੋਈ ਸੀਸ ਉਠਾਇੰਦਾ । ਹਉਮੇ ਲੱਗਾ ਅੰਦਰ ਕੀੜਾ, ਦਿਵਸ ਰੈਣ ਖਾਇੰਦਾ । ਜੋਤੀ
ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਲੇਖੇ ਲਾਏ ਜੀਅੜਾ, ਦਰ ਦਵਾਰੇ ਦਰਸ਼ਨ ਪਾਇੰਦਾ । ਦਰਸ਼ਨ ਪਾਇਆ ਨੈਣ ਮੁੰਧਾਰਾ ।
ਨੈਣੀ ਕੱਜਲ ਪਾਈਏ, ਦਰ ਘਰ ਮਿਲਿਆ ਇਕ ਦਵਾਰਾ । ਲੱਗਾ ਭਾਗ ਦੇਸ ਮਾਝੇ, ਪਰਗਟ ਹੋਇਆ ਨਿਹਕਲੰਕ ਨਰਾਇਣ ਨਰ ਅਵਤਾਰਾ ।

ਚਿੱਟੇ ਅਸਵ ਚੜ੍ਹਿਆ ਤਾਜੇ, ਗੁਰਮੁਖ ਪਾਏ ਘਰ ਘਰ ਸਾਰਾ । ਪੁਰਖ ਅਬਿਨਾਸ਼ੀ ਗਰੀਬ ਨਿਵਾਜੇ, ਦੇਂਦਾ ਜਾਏ ਨਾਮ ਭੰਡਾਰਾ । ਸਤਿਜੁਗ ਸਾਚੀ ਸਾਜਣਾ ਸਾਜੇ, ਕੋਇ ਨਾ ਜਾਣੇ ਗਵਾਰਾ । ਮਨਮੁਖ ਜੀਵਾਂ ਆਏ ਲਾਜੇ, ਗੁਰ ਸੰਗਤ ਮੰਗੇ ਬਣ ਭਿਖਾਰਾ । ਪ੍ਰਭ ਦੇਵੇ ਸ਼ਬਦ ਦਾਜੇ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਸੰਗਤ ਦੇਵੇ ਨਾਮ ਵਰ, ਵੇਲੇ ਅੰਤਮ ਪੜਦੇ ਕਾਜੇ । ਗੁਰ ਸੰਗਤ ਪ੍ਰਭ ਵਿਦਾ ਕਰਾਏ, ਸਾਚੀ ਡੋਲੀ ਪਾ ਕੇ । ਸਿਧਾ ਰਾਹ ਇਕ ਵਖਾਏ, ਕਾਇਆ ਚੋਲੀ ਰੰਗ ਚੜ੍ਹਾ ਕੇ । ਨੌਂ ਨਿਧਾਂ ਨਾ ਰੋੜਾ ਅਟਕਾਏ, ਅਠਾਰਾਂ ਭੰਨ. ਜਾਏ ਧਾ ਕੇ । ਆਪਣੀ ਬਿਧਾ ਆਪ ਬਣਾਏ, ਸ਼ਬਦ ਚੜ੍ਹਾਏ ਘੋੜੇ ਬਾਂਕੇ । ਹਰਿਜਨ ਤਨ ਮਨ ਆਤਮ ਬੱਧਾ, ਲੱਗਾ ਤੀਰ ਨਿਸ਼ਾਨਾ ਹਰਿ ਭਗਵਾਨਾ ਏਕਾ ਨਾਉਂ ਨਾਂਕੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਸੰਗਤ ਦੇਵੇ ਭਗਤ ਵਰ, ਜਗਤ ਤ੍ਰਿਸ਼ਨਾ ਮੂਲ ਚੁਕਾ ਕੇ । ਜਗਤ ਤ੍ਰਿਸ਼ਨਾ ਕੱਟ, ਭਗਤ ਵਡਿਆਈਆ । ਇਕ ਵਖਾਏ ਸਾਚਾ ਹਟ, ਜਗਤ ਜੁਦਾਈਆ । ਹਰਿਜਨ ਸਾਚਾ ਲਾਹਾ ਲੈਣ ਖੱਟ, ਗੁਰ ਚਰਨ ਸੱਚੀ ਸ਼ਰਨਾਈਆ । ਨਾਤਾ ਤੁੱਟੇ ਕਾਇਆ ਮੱਟ, ਪ੍ਰਭ ਸੁਰਤੀ ਸ਼ਬਦ ਮਿਲਾਈਆ । ਦਰ ਦਰਵਾਜੇ ਵੇਖੇ ਤੀਰਥ ਤਟ, ਚਾਰੇ ਕੁੰਟ ਰਹੇ ਦੁਹਾਈਆ । ਏਕਾ ਜੋਤੀ ਘਰ ਸਾਚੇ ਜਗੇ ਲਟ ਲਟ, ਸ਼ਬਦ ਸਿੰਘਾਸਣ ਡਗਮਗਾਈਆ । ਦੁਰਮਤ ਮੈਲ ਦਰ ਦਵਾਰੇ ਕੱਟ, ਨਿਰਮਲ ਜੀਅ ਕਰਾਈਆ । ਸ਼ਬਦ ਪਹਿਨਾਏ ਤਨ ਸਾਚਾ ਪਟ, ਲਜ ਪਤ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਸੰਗਤ ਦੇਵੇ ਸ਼ਬਦ ਵਰ, ਮੁਖ ਸਗਨ ਸ਼ਬਦ ਲਗਾਈਆ । ਮੁਖ ਸਗਨ ਸ਼ਬਦ ਛੁਹਾਰਾ ਲਾਇਆ, ਹਰਿ ਸਾਚੇ ਦੀਨ ਦਿਆਲੇ । ਜਗਤ ਵਿਹਾਰਾ ਆਪ ਕਰਾਇਆ, ਤੋੜੇ ਜਗਤ ਜੰਜਾਲੇ । ਸਾਚੀ ਧਾਰਾ ਸ਼ਬਦ ਚਲਾਇਆ, ਸਦਾ ਕਰੇ ਪ੍ਰਿਤਪਾਲੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਚਰਨ ਪਿਆਰਾ ਇਕ ਰਖਾਇਆ, ਗੁਰਮੁਖ ਨਿਭ ਜਾਏ ਨਾਲੇ । ਜਗਤ ਪ੍ਰੀਤੀ ਚਰਨ ਪਿਆਰ, ਨਿਤ ਨਿਤ ਆਪ ਰਖਾਇੰਦਾ । ਜੁਗ ਜੁਗ ਹਰਿ ਲੈ ਅਵਤਾਰ, ਹਰਿ ਹਰਿ ਸੰਤ ਤਰਾਇੰਦਾ । ਕਰੇ ਖੇਲ ਅਪਰ ਅਪਾਰ, ਭਾਣਾ ਭਾਣੇ ਵਿਚ ਸਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਸੰਤ ਸੁਹੇਲੇ, ਆਪ ਕਰਾਏ ਆਪਣੇ ਮੇਲੇ, ਦਰ ਦਰਬਾਰੇ ਹਰਿ ਨਿਰੰਕਾਰੇ ਸਚ ਜੈਕਾਰ ਬੁਲਾਇੰਦਾ । ਹਰਿ ਸੰਗਤ ਭੇਟ ਜਗਦੀਸ ਸੀਸ, ਆਪਣਾ ਆਪ ਵਾਰਿਆ । ਵੇਖੇ ਖੇਲ ਬੀਸ ਇਕੀਸ, ਨੂਰੀ ਜੋਤ ਕਰ ਉਜਿਆਰਿਆ । ਸ੍ਰਿਸ਼ਟ ਸਬਾਈ ਗਾਏ ਦੰਦ ਬਤੀਸ, ਸੋਹੰ ਹੋਵੇ ਜੈ ਜੈਕਾਰਿਆ । ਚਾਰ ਵਰਨ ਰਖਾਏ ਇਕ ਹਦੀਸ, ਸਾਚਾ ਮਾਰਗ ਲਾ ਰਿਹਾ । ਗੁਰ ਸੰਗਤ ਕਰੇ ਨਾ ਕੋਈ ਰੀਸ, ਗੁਰ ਪੂਰਾ ਵਿਚ ਸਮਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਤਿੰਨਾਂ ਲੋਕਾਂ ਚਰਨਾਂ ਹੇਠ ਝਸਾ ਰਿਹਾ । ਗੁਰਮੁਖਾਂ ਦੇਵੇ ਮਾਣ, ਹਰਿ ਅੱਗੇ ਸੀਸ ਨਿਵਾਈਆ । ਆਪੇ ਬੈਠ ਬਣ ਨਾਦਾਨ, ਗੁਰਸਿਖ ਸਾਚੀ ਸੇਵਾ ਲਾਈਆ । ਮੰਗੇ ਏਕਾ ਵਰ ਵਰਦਾਨ, ਭੁੱਲ ਕੋਇ ਨਾ ਜਾਈਆ । ਖੇਲੇ ਖੇਲ ਸ੍ਰੀ ਭਗਵਾਨ, ਮੁੱਲ ਕੋਇ ਨਾ ਲਾਈਆ । ਦੇਵਣ ਆਇਆ ਏਕਾ ਦਾਨ, ਅੰਤਮ ਚਿੰਦਿਆ ਦਏ ਮਿਟਾਈਆ । ਸਾਚਾ ਬਖ਼ਸ਼ੇ ਚਰਨ ਧਿਆਨ, ਗੁਰ ਸੰਗਤ ਸੰਗ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਰੀਤੀ ਆਪ ਬਣਾਈਆ । ਆਪਣੀ ਰੀਤ ਆਪ ਚਲਾਈ, ਕਰਿਆ ਕਲ ਪਿਆਰੇ । ਗੁਰਮੁਖ ਸਾਚੇ ਮਾਤ ਜਗਾਈ, ਸੀਸ ਬੰਧਾਏ ਹਰਿ ਦਸਤਾਰੇ । ਗੁਰ ਪੂਰਾ ਮਾਤ ਆਪ ਅਖਵਾਈ,

ਦਿਵਸ ਰੈਣ ਅੰਦਰ ਵਸੇ, ਕਦੇ ਨਾ ਹੋਵੇ ਬਾਹਰੇ । ਗੁਰ ਸੰਗਤ ਤੇਰੀ ਧੰਨ ਕਮਾਈ, ਗੁਰ ਗੋਬਿੰਦ ਲਗਾਇਆ ਆਪਣੇ ਪਹਿਰੇ । ਦਰ ਘਰ ਸਾਚੇ ਦਏ ਵਧਾਈ, ਗੁਰ ਸੰਗਤ ਤੇਰਾ ਮਾਣ ਗੁਰਸਿਖ ਤੇਰੀ ਦਸਤਾਰੇ । ਆਪਣੀ ਛੱਡ ਬੈਠਾ ਚਤੁਰਾਈ, ਗੁਰਮੁਖਾਂ ਆਤਮ ਰਿਹਾ ਪਰਨਾਈ, ਹਰਿ ਸਾਚਾ ਸੁਲਾਹਕਾਰੇ । ਨਾ ਹੋਵੇ ਕਦੇ ਜੁਦਾਈ, ਚਰਨ ਪ੍ਰੀਤੀ ਰਿਹਾ ਨਿਭਾਈ, ਅੱਠੇ ਪਹਿਰ ਖ਼ਬਰਦਾਰੇ । ਚੋਰਾਂ ਯਾਰਾਂ ਰਿਹਾ ਹਟਾਈ, ਅੱਠੇ ਪਹਿਰ ਵੇਖੇ ਥਾਉਂ ਥਾਈਂ, ਲੁਕਿਆ ਕੋਈ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਸਿੰਘ ਦਰਸ਼ਨ ਦੇਵੇ ਇਕ ਵਰ, ਦਰ ਘਰ ਆਉਣਾ ਵਾਹੋ ਦਾਹੀਆ । ਸਿੰਘ ਦਰਸ਼ਨ ਤੇਰੀ ਜੁੜ ਗਈ ਜੋੜੀ, ਪ੍ਰਭ ਸਾਚੇ ਘੋੜ ਚੜ੍ਹਾਈਆ । ਪਹਿਲੀ ਵੇਰਾਂ ਦਰ ਘਰ ਆਇਆ ਆਪੇ ਬਹੁੜੀ, ਤੇਰੀ ਤੋੜ ਨਿਭਾਈਆ । ਨੌਂ ਦਵਾਰੇ ਕੱਢੇ ਵਾਸਨਾ ਖੋਟੀ, ਆਪਣੀ ਝੋਲੀ ਪਾਈਆ । ਗੁਰ ਸੰਗਤ ਵੇਖਣਾ ਜਿਸ ਜਮਾਲ, ਦਿਵਸ ਰੈਣ ਕਰਾਈਆ । ਲਿੱਖ ਲਿੱਖ ਭਰਿਆ ਹਰਿ ਭੰਡਾਰ, ਅਤੋਲ ਤੋਟ ਰਹੇ ਨਾ ਰਾਈਆ । ਆਪੇ ਚੜ੍ਹਿਆ ਦੋ ਜਹਾਨ, ਕੋਈ ਲਾਹ ਨਾ ਸਕੇ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਤਿੰਨਾਂ ਲੋਕਾਂ ਕਰੇ ਕੁੜਮਾਈਆ । ਆਪੇ ਪੁਰਖ ਸੁਜਾਨ ਸਵਾਮੀ, ਆਪੇ ਗੁਣੀ ਗਹੀਰਾ । ਆਪੇ ਦੇਵੇ ਜੀਆ ਦਾਨ ਨਿਹਕਾਮੀ, ਕਟੇ ਹਉਮੇ ਪੀੜਾ । ਰੈਣ ਅੰਧੇਰੀ ਮਿਟਾਈ, ਲੇਖੇ ਹੋਏ ਕਾਇਆ ਜੀਅੜਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖਾਂ ਬੰਨੇ ਬੇੜਾ । ਤਿੰਨ ਲੋਕ ਪ੍ਰਭ ਧਾਰ, ਜੁਗ ਜੁਗ ਆਪ ਚਲਾਈਆ । ਆਪੇ ਰਿਹਾ ਸਰਬ ਪਸਾਰ, ਦਿਸ ਕਿਸੇ ਨਾ ਆਈਆ । ਕਲਜੁਗ ਤੇਰੀ ਅੰਤਮ ਵਾਰ, ਧਰਤਮਾਤ ਖ਼ੁਸ਼ੀ ਮਨਾਈਆ । ਪਰਗਟ ਹੋਏ ਨਿਹਕਲੰਕ ਨਰਾਇਣ ਨਰ ਅਵਤਾਰ, ਗੁਰਮੁਖਾਂ ਹੋਏ ਸਹਾਈਆ । ਗਲ ਪਾਏ ਫੂਲਨ ਹਾਰ, ਸਾਚੀ ਨਾਰੀ ਵਡਿਆਈਆ । ਆਪੇ ਕੰਤ ਭਤਾਰ, ਦਰ ਘਰ ਸਾਚੇ ਰਿਹਾ ਕਰਾਈਆ । ਨਾ ਕੋਈ ਭੁੱਲੇ ਜੀਵ ਗਵਾਰ, ਪ੍ਰਭ ਰਚਨ ਰਚਾਈਆ । ਮੇਟਣ ਆਇਆ ਧੁੰਦੂਕਾਰ, ਸਾਚੀ ਜੋਤ ਕਰੇ ਰੁਸ਼ਨਾਈਆ । ਮਨਮੁਖਾਂ ਮਾਰੇ ਮਾਰ, ਗੁਰਸਿਖਾਂ ਦਏ ਵਡਿਆਈਆ । ਗੁਰਸਿਖ ਕਰੇ ਪਿਆਰ, ਸਾਚੀ ਸੇਵ ਕਮਾਈਆ । ਗੁਣਵੰਤਾ ਹਰਿ ਗੁਣ ਵਿਚਾਰ, ਅਚਰਜ ਖੇਲ ਰਚਾਈਆ । ਸਾਚੇ ਸੰਤਾਂ ਕਰੇ ਪਿਆਰ, ਸ਼ਬਦ ਸ਼ਿੰਗਾਰ ਤਨ ਕਰਾਈਆ । ਜੁਗ ਜੁਗ ਜਾਣੇ ਆਪਣੀ ਕਾਰ, ਗੁਰਮੁਖ ਆਪੇ ਸੰਗ ਰਖਾਈਆ । ਲੋਕਮਾਤ ਪ੍ਰਭ ਪਾਏ ਸਾਰ, ਲੱਖ ਚੁਰਾਸੀ ਤੇਰਾ ਯਾਰ, ਕਲਜੁਗ ਤੇਰੀ ਅੰਤਮ ਵਾਰ, ਸ਼ਬਦ ਸਿਕਦਾਰ ਬਣਾਈਆ । ਗੁਰਮੁਖ ਰਹਿਣ ਖ਼ਬਰਦਾਰ, ਪੁਰਖ ਅਬਿਨਾਸ਼ੀ ਹੋਏ ਸਹਾਰ, ਨਿਹਕਲੰਕ ਲਏ ਅਵਤਾਰ, ਸ਼ਬਦ ਡੰਕ ਅਪਰ ਅਪਾਰ, ਤਿੰਨਾਂ ਰਿਹਾ ਵਜਾਈਆ । ਸ਼ਬਦ ਡੰਕ ਵਜਾਵਣ ਆਇਆ, ਕਲਜੁਗ ਤਾਲ ਅਵੱਲਾ । ਸਤਿਜੁਗ ਤਨ ਪਹਿਨਾਵਣ ਆਇਆ, ਮਾਤਲੋਕ ਵਸਾਏ ਚਾਰੇ ਕੁੰਟਾਂ ਵਿਚ ਇਕ ਮਹੱਲਾ । ਆਪ ਆਪਣਾ ਸੰਗ ਰਲਾਇਆ, ਨਾਲ ਰਲਾਇਆ ਗੋਬਿੰਦ ਡੱਲਾ । ਮਾਝੇ ਦੇਸ਼ ਭਾਗ ਲਗਾਵਣ ਆਇਆ, ਕਰ ਕਰ ਵਲ ਛੱਲਾ । ਗੁਰਮੁਖ ਸੋਏ ਜਗਾਵਣ ਆਇਆ, ਫੜ ਸੋਹੰ ਸਾਚਾ ਭੱਲਾ । ਮਨਮੁਖ ਜੀਵਾਂ ਮਿਟਾਵਣ ਆਇਆ, ਜੋਤੀ ਜਾਮਾ ਕਰ ਕਰ ਹੱਲਾ । ਗੁਰ ਸੰਗਤ ਦੇ ਮਤ ਸਮਝਾਵਣ ਆਇਆ, ਗੁਰ ਸ਼ਬਦੀ ਸਾਚਾ ਰੱਲਾ । ਏਕਾ ਤੱਤ ਸਮਾਵਣ ਆਇਆ, ਹੋਏ ਸਹਾਈ ਜਲ ਥਲਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਸਦ ਵਸੇ ਨਿਹਚਲ ਧਾਮ ਅਟੱਲਾ । ਨਿਹਚਲ ਧਾਮ ਪ੍ਰਭ ਵਸਣਹਾਰ, ਲੋਕਮਾਤ ਕਲ ਆਇਆ । ਸਤਿਜੁਗ ਰਾਹ ਪ੍ਰਭ ਦਸਣਹਾਰ, ਜੁਗ ਜੁਗ ਭੇਖ ਵਟਾਇਆ । ਗੁਰਮੁਖਾਂ ਹਿਰਦੇ

ਪ੍ਰਭ ਵਸਣਹਾਰ, ਹਰਿ ਆਪਣੀ ਬਣਤ ਲਏ ਬਣਾਇਆ । ਮਨਮੁਖਾਂ ਨੂੰ ਝੱਸਣ ਵਾਲਾ, ਪ੍ਰਭ ਡੰਡਾ ਰਿਹਾ ਉਠਾਇਆ । ਲੱਖ ਚੁਰਾਸੀ ਪੈਰਾਂ ਹੇਠ ਰੱਖਣ ਵਾਲਾ, ਨੰਗੀ ਪੈਰੀਂ ਸੇਵ ਕਮਾਇਆ । ਗੁਰਮੁਖ ਸਾਚੇ ਰੱਖਣਹਾਰਾ, ਅੱਠੇ ਪਹਿਰ ਦੇਵੇ ਪਹਿਰਾ, ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਨਿਹਕਲੰਕ ਨਰਾਇਣ ਨਰ, ਆਵੇ ਜਾਵੇ ਅੰਦਰ ਬਾਹਰ ਗੁਪਤ ਜਾਹਰਾ । ਗੁਪਤ ਜਾਹਰ ਪ੍ਰਭ ਅਭੇਦ, ਜੀਵ ਨਾ ਜਾਣੇ ਕੋਏ । ਪੰਜਵੇਂ ਅੰਦਰ ਆਸਣ ਲਾਇਆ, ਸ਼ਬਦੀ ਜੋਤੀ ਹੋਏ । ਸ਼ਬਦ ਸਿੰਘਾਸਣ ਦਏ ਸਜਾਇਆ, ਉਤੇ ਆਪ ਖਲੋਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਸੰਗਤ ਤੇਰਾ ਵਸਿਆ ਘਰ, ਗੁਰ ਪੀਰ ਰਹੇ ਨਾ ਕੋਏ । ਗੁਰ ਪੀਰ ਰਹਿਣ ਨਾ ਪਾਏ, ਗੁਰ ਸੰਗਤ ਮੰਨਣਾ ਕਹਿਣਾ । ਹਰਿ ਹਰਿ ਦਰਸ਼ਨ ਪ੍ਰਭ ਚਰਨ ਦਵਾਰੇ, ਨੇਤਰ ਲੋਚਨ ਨੈਣਾ । ਦਿਵਸ ਰੈਣ ਪ੍ਰਭ ਕਰੇ ਪਿਆਰੇ, ਸਾਚਾ ਸਾਕ ਸੱਜਣ ਮਾਤ ਪਿਤ ਭਾਈ ਭੈਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਦ ਵਸੇ ਧਾਮ ਨਿਆਰੇ । ਗੁਰ ਸੰਗਤ ਧਾਮ ਅਵੱਲੇ ਬਹਿਣਾ । ਧਾਮ ਅਵੱਲਾ ਸਚ ਤਖ਼ਤ, ਹਰਿ ਸੁਲਤਾਨਾ ਆਪ ਬਿਰਾਜਿਆ । ਲਿਖਣਹਾਰਾ ਆਪੇ ਲਿਖਤ, ਆਪੇ ਜਾਣੇ ਆਪਣਾ ਕਾਜਿਆ । ਸ਼ਬਦ ਜਣਾਏ ਵਾਕ ਭਵਿਖਤ, ਭਾਗ ਲਗਾਏ ਦੇਸ ਮਾਝਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਸਿਖ ਸਾਚੇ ਦਏ ਵਡਿਆਇਆ, ਸਿਰ ਰੱਖਿਆ ਸੀਸ ਤਾਜਿਆ । ਤਾਜ ਸੀਸ ਜਗਦੀਸ, ਗੁਰਮੁਖ ਹੱਥ ਬੰਨ੍ਹਾਇਆ । ਮਸਤਕ ਟਿੱਕਾ ਲਾਏ ਬੀਸ ਇਕੀਸ, ਪੰਚਮ ਰੰਗ ਚੜ੍ਹਾਇਆ । ਏਕਾ ਛਤਰ ਝੁਲਾਏ ਹਰਿ ਹਰਿ ਸੀਸ, ਲੇਖਾ ਲਿਖਣਹਾਰ ਅਖਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਗਤ ਜੁਗ ਬਣਤ ਬਣਾਇਆ । ਗੁਰਮੁਖ ਤੇਰੀ ਸਚ ਸਿਰ ਦਸਤਾਰ, ਪ੍ਰਭ ਸਾਚੇ ਆਪ ਉਠਾਈਆ । ਆਪੇ ਰੱਖੇ ਵਿਚ ਸੰਸਾਰ, ਸੰਮਤ ਇਕੀ ਰੰਗ ਚੜ੍ਹਾਈਆ । ਸ੍ਰਿਸ਼ਟ ਸਬਾਈ ਕਰੇ ਪਿਆਰ, ਏਕਾ ਰੰਗ ਰਿਹਾ ਰੰਗਾਈਆ । ਚਾਰ ਵਰਨਾਂ ਮੀਤ ਮੁਰਾਰ, ਸਾਚੇ ਸ਼ਬਦ ਜਣਾਈਆ । ਚਾਰੋਂ ਕੁੰਟਾਂ ਜੈ ਜੈਕਾਰ, ਦਿੱਲੀ ਤਖ਼ਤ ਸੁਹਾਈਆ । ਉਪਰ ਬੈਠ ਸੱਚੀ ਸਰਕਾਰ, ਗੁਰਮੁਖਾਂ ਦਏ ਵਡਿਆਈਆ । ਨੌਂ ਖੰਡ ਪ੍ਰਿਥਮੀ ਕਰੇ ਵਿਹਾਰ, ਸ਼ਬਦ ਸੁਨੇਹੜਾ ਦਏ ਘਲਾਈਆ । ਦੋ ਜਹਾਨਾਂ ਪਾਵੇ ਸਾਰ, ਲੋਆਂ ਪੁਰੀਆਂ ਧਾਰ ਬੰਧਾਈਆ । ਪੰਜ ਮੁਖੀ ਸੀਸ ਅਪਾਰ, ਗੁਰਮੁਖ ਸਚੇ ਲਏ ਟਿਕਾਈਆ । ਹਰਿ ਫੜ ਸ਼ਬਦ ਕਟਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿਜੁਗ ਤੇਰੀ ਸਾਚੀ ਨੀਂਹ ਆਪੇ ਰਿਹਾ ਰਖਾਈਆ । ਸਤਿਜੁਗ ਸਾਚੀ ਨੀਂਹ ਰਖਾ ਕੇ, ਹੱਲਾ ਨਾਮ ਕਰਾਵਣਾ । ਅੰਮ੍ਰਿਤ ਆਤਮ ਮੀਂਹ ਬਰਸਾ ਕੇ, ਪ੍ਰਭ ਲੋਭ ਹੰਕਾਰ ਦੂਰ ਕਰਾਵਣਾ । ਸਾਢੇ ਤਿੰਨ ਹੱਥ ਸੀਆਂ ਲੇਖ ਮਿਟਾ ਕੇ, ਗੁਰਮੁਖ ਸਾਚੇ ਗੋਦ ਉਠਾਵਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨੌਂ ਖੰਡ ਪ੍ਰਿਥਮੀ ਏਕਾ ਰਾਜ, ਸ਼ਬਦ ਸਰੂਪੀ ਸਾਚਾ ਤਾਜ, ਆਪ ਆਪਣੇ ਸੀਸ ਟਿਕਾਵਣਾ । ਸ਼ਬਦ ਸੀਸ ਪ੍ਰਭ ਤਾਜ ਟਿਕਾਏ, ਦੇਵੇ ਧੁਰ ਫ਼ਰਮਾਣਾ । ਧੁਰ ਫ਼ਰਮਾਣਾ ਲੇਖ ਲਿਖਾ ਕੇ, ਸੱਤਾਂ ਦੀਪਾਂ ਦੇਵੇ ਬ੍ਰਹਮ ਗਿਆਨਾ । ਆਪ ਆਪਣਾ ਸ਼ਬਦ ਜਣਾ ਕੇ, ਰਾਜ ਰਾਜਾਨਾ ਬਖ਼ਸ਼ੇ ਚਰਨ ਧਿਆਨਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕ ਉਡਾਏ ਸਚ ਬਿਬਾਣਾ । ਸਚ ਬਿਬਾਣੇ ਆਪੇ ਚੜ੍ਹ, ਡੰਕ ਵਜਾਵਣਾ । ਸੁਰਤੀ ਸ਼ਬਦੀ ਲਏ ਫੜ, ਸ਼ਬਦ ਡੋਰ ਬੰਧਾਵਣਾ । ਆਪੇ ਬੈਠੇ ਅੰਦਰ ਵੜ, ਦਿਸ ਕਿਸੇ ਨਾ ਆਵਣਾ । ਨੌਂ ਖੰਡ ਪ੍ਰਿਥਮੀ ਸਾਚਾ ਘਾੜਨ ਘੜ, ਸਚ ਸੁਨੇਹੜਾ ਇਕ ਸੁਣਾਵਣਾ । ਪੁਰਖ ਅਬਿਨਾਸ਼ੀ ਆਪੇ ਲੜ, ਕਾਇਆ

ਗੜ੍ਹ ਹੰਕਾਰੀ ਆਪੇ ਢਾਹਵਣਾ । ਰਾਜਾ ਰਾਣਾ ਸ਼ਬਦੀ ਫੜ, ਨਿਹਕਲੰਕੀ ਹੁਕਮ ਸੁਣਾਵਣਾ । ਦੂਜਾ ਅੱਖਰ ਕੋਈ ਨਾ ਜਾਣਾ ਪੜ੍ਹ, ਸੋਹੰ ਜਾਪ ਜਪਾਵਣਾ । ਸ਼ਬਦ ਗੁਰ ਨਾ ਸੀਸ ਨਾ ਧੜ, ਹਰ ਘਟ ਆਪ ਟਿਕਾਵਣਾ । ਜੋਤ ਸਰੂਪੀ ਅਗੇ ਖੜ, ਦੇ ਮਤ ਜਗ ਸਮਝਾਵਣਾ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਗੁਰ ਸੰਗਤ ਤੇਰਾ ਮਿਲਿਆ ਵਰ, ਸਾਚੇ ਦਸਤਾਰ ਟਿਕਾਵਣਾ । ਗੁਰ ਸੰਗਤ ਤੇਰਾ ਸਿਰੋਪਾ, ਕਲਜੁਗ ਅੰਤਮ ਪਾਇਆ । ਲੱਖ ਚੁਰਾਸੀ ਕਟੇ ਫਾਹ ਨਾ ਸੂਝੇ ਥਾਂ, ਗੁਰ ਚਰਨੀ ਚਿਤ ਲਾਇਆ । ਵੇਲੇ ਅੰਤਮ ਪਕੜੇ ਬਾਂਹ, ਸਾਚਾ ਮੀਤ ਅਖਵਾਇਆ । ਗੁਰਮੁਖ ਕੋਈ ਨਾ ਕਰੇ ਨਾਂਹ, ਪ੍ਰਭ ਸਾਚੇ ਹਿੱਤ ਵਧਾਇਆ । ਸਦ ਦੇਵਣਹਾਰਾ ਠੰਡੀ ਛਾਂ, ਹਾੜ ਸਤਾਰਾਂ ਇੰਦਰ ਸੇਵਾ ਲਾਇਆ । ਆਪੇ ਬਣਿਆ ਪਿਤਾ ਮਾਂ, ਗੁਰਮੁਖ ਸਾਚੇ ਗੋਦ ਉਠਾਇਆ । ਚਾਰੋਂ ਕੁੰਟ ਉਡਣੇ ਕਾਂ, ਪੰਖੀ ਪਸੂ ਕੋਇ ਰਹਿਣ ਨਾ ਪਾਇਆ । ਨਾ ਕੁੱਛ ਪੀਣਾ ਨਾ ਕੁਛ ਖਾਂ, ਗੁਰ ਸੰਗਤ ਤੇਰਾ ਪਿਆਰ ਅਧਾਰ ਰਖਾਇਆ । ਆਪੇ ਬੈਠਾ ਹੋ ਹੋ ਨੀਵਾਂ, ਗੁਰ ਸੰਗਤ ਉਪਰ ਸੀਸ ਟਿਕਾਇਆ । ਲੇਖ ਚੁਕਾਏ ਸਾਢੇ ਤਿੰਨ ਹੱਥ ਸੀਆਂ, ਸਾਚੀ ਦਰਗਾਹ ਧਾਮ ਸੁਹਾਇਆ । ਗੁਰਮੁਖਾਂ ਆਤਮ ਪ੍ਰੇਮ ਰਸ ਪ੍ਰਭ ਭਰ ਭਰ ਚੂਲੀਆਂ ਪੀਵਣ, ਤ੍ਰਿਸ਼ਨਾ ਰਹੇ ਨਾ ਰਾਇਆ । ਪੁਰਖ ਅਬਿਨਾਸ਼ੀ ਹੋਇਆ ਵਸ, ਗੁਰ ਸੰਗਤ ਸੇਵਾ ਆਪੇ ਲਾਇਆ । ਪ੍ਰੇਮ ਨਿਰਾਲਾ ਤੀਰ ਮਾਰੇ ਕਸ, ਗੁਰ ਚਰਨੀ ਸੀਸ ਝੁਕਾਇਆ । ਰਾਹ ਸਾਚਾ ਆਪੇ ਰਿਹਾ ਦੱਸ, ਪੜਦਾ ਉਹਲਾ ਰਹਿਣ ਨਾ ਪਾਇਆ । ਬੇਮੁਖ ਜਾਏ ਨੱਸ, ਨੌਂ ਦਵਾਰੇ ਰਾਹ ਵਖਾਇਆ । ਜਿਸ ਮਿਲਣਾ ਦਰ ਘਰ ਸਾਚੇ ਹੱਸ, ਦੋਏ ਜੋੜ ਪਰੇ ਸਰਨਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਸੰਗਤ ਦੇਵੇ ਸਾਚਾ ਵਰ, ਆਪਣਾ ਮੂਲ ਚੁਕਾਇਆ । ਗੁਰ ਸੰਗਤ ਤੇਰੀ ਦਾਤ, ਪ੍ਰਭ ਤੇਰੇ ਹੱਥ ਫੜਾਈਆ । ਆਪੇ ਜਾਣੇਂ ਆਪਣੀ ਜ਼ਾਤ, ਸਾਚੀ ਕੁਲ ਮਿਲੇ ਵਡਿਆਈਆ । ਏਕਾ ਮੇਲਾ ਕਮਲਾਪਾਤ, ਸਾਚਾ ਸਈਆ ਜਗਤ ਸਰਨਾਈਆ । ਸਾਚਾ ਬੀਆ ਡਾਲੀ ਪਾਤ, ਫਲ ਫੁਲਵਾੜੀ ਆਪ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਾਰਾਂ ਹਾੜੀ ਗੁਰ ਸੰਗਤ ਤੇਰੀ ਜੜ੍ਹ ਲਗਾਈਆ । ਗੁਰ ਸੰਗਤ ਜੜ੍ਹ ਲਗਾਏ, ਮਾਤ ਆਕਾਸ਼ਿਆ । ਭੇਖ ਪਖੰਡਾ ਰਹਿਣ ਨਾ ਪਾਏ, ਹਰਿ ਵੇਖੇ ਜਗਤ ਤਮਾਸ਼ਿਆ । ਸ਼ਬਦ ਡੰਡਾ ਹੱਥ ਉਠਾਏ, ਕਲਜੁਗ ਅੱਗੇ ਅੱਗੇ ਬਹਿ ਬਹਿ ਹਾਸਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਸੰਗਤ ਦੇਵੇ ਜਗਤ ਵਰ, ਸਾਚੇ ਮੰਡਲ ਸਾਚੀ ਰਾਸਿਆ । ਕਲ ਕਲਕੀ ਅਵਤਾਰ ਕਲਾ ਕਲ ਧਾਰਿਆ । ਵੇਖੇ ਖੇਲ ਜਲ ਥਲ ਕੀ, ਜੋਤੀ ਨੂਰ ਕਰ ਅਕਾਰਿਆ । ਪਾਵੇ ਭੇਵ ਜੀਵ ਜਨ ਕੀ, ਸ਼ਬਦ ਡੋਰ ਅਪਰ ਅਪਾਰਿਆ । ਕਰੇ ਪਛਾਣ ਤਨ ਮਨ ਕੀ, ਸੁਰਤੀ ਸੁਰਤ ਵੇਖ ਵਖਾ ਰਿਹਾ । ਜੋਤੀ ਜੋਤ ਸਰੂਪ ਹਰਿ, ਪੰਚਮ ਦਰ ਆਪ ਖੜ, ਲੱਖ ਚੁਰਾਸੀ ਵੇਖ ਵਖਾ ਰਿਹਾ । ਪੰਚਮ ਘਰ ਹਰਿ ਅਪਾਰ, ਹਰਿ ਸੁਹਾਇਆ । ਆਪੇ ਬੈਠ ਸੱਚੀ ਸਰਕਾਰ, ਤ੍ਰੈ ਤ੍ਰੈ ਮੇਲ ਮਿਲਾਇਆ । ਸਤਵੇਂ ਜੋਤੀ ਕਰ ਅਕਾਰ, ਛੇਵੇਂ ਸ਼ਬਦ ਧੁਨ ਆਪਾਰ, ਪੰਚਮ ਪਵਣ ਰੂਪ ਅਧਾਰ, ਪੰਚਮ ਜੋਤ ਸੁਹਾਇਆ । ਆਪੇ ਜਾਣੇ ਜਾਨਣਹਾਰ, ਚੌਥਾ ਦਰ ਦਏ ਖੁਲ੍ਹਾਇਆ । ਤ੍ਰੈਗੁਣ ਮਾਇਆ ਕਰ ਤਿਆਰ, ਪੰਚਮ ਬੈਠਾ ਹੁਕਮ ਸੁਣਾਇਆ । ਪੰਚਮ ਪੰਚਾਂ ਦੇ ਪਿਆਰ, ਬੀਸ ਪੰਜ ਨਾਲ ਰਲਾਇਆ । ਤ੍ਰੈ ਤ੍ਰੈ ਵੇਖੇ ਆਪ ਕਰਤਾਰ, ਤਿੰਨਾਂ ਰੂਪ ਵਟਾਇਆ । ਆਪ ਆਪਣੀ ਕਿਰਪਾ ਧਾਰ, ਲੱਖ ਚੁਰਾਸੀ ਦਏ ਉਪਾਇਆ । ਆਪੇ ਪਾਲੇ ਪਾਲਣਹਾਰ, ਰਾਜਕ ਰਿਜਕ ਰਹੀਮ ਅਖਵਾਇਆ ।


੭੭੧ ੦੫

ਸਾਚੀ ਘਾਲਣ ਘਾਲੇ ਘਾਲਣਹਾਰ, ਜੁਗ ਜੁਗ ਵੇਸ ਕਰੇਂਦਾ ਆਇਆ । ਪੱਤ ਡਾਲੀ ਵੇਖੇ ਵਿਚ ਸੰਸਾਰ, ਸਾਚਾ ਮਾਲੀ ਆਪ ਅਖਵਾਇਆ । ਆਪੇ ਖਾਲੀ ਭਰੇ ਭੰਡਾਰ, ਭਰਨਹਾਰ ਰਘੁਰਾਇਆ । ਆਪੇ ਲਏ ਮਹੱਲ ਉਸਾਰ, ਆਪੇ ਜੋਤੀ ਦਏ ਜਗਾਇਆ । ਆਪੇ ਸ਼ਬਦ ਕਰਾਏ ਜੈ ਜੈਕਾਰ, ਆਪੇ ਰਾਗਾਂ ਵਿਚ ਸਮਾਇਆ । ਆਪੇ ਹਰਿ ਦਏ ਹੁਲਾਰ, ਵੇਦ ਵਿਦਾਂਤਾ ਆਪ ਅਖਵਾਇਆ । ਆਪੇ ਸੁਰਸਤੀ ਕਰੇ ਪਿਆਰ, ਪ੍ਰੇਮੀ ਬੀਨ ਇਕ ਵਜਾਇਆ । ਆਪੇ ਜੋਗੀ ਜਗਤ ਕਰੇ ਅਧਾਰ, ਨਾਰਦ ਮੁਨ ਸਮਝਾਇਆ । ਆਪੇ ਵਸੇ ਅੱਧਵਿਚਕਾਰ, ਛੱਤੀ ਰਾਗਾਂ ਰਿਹਾ ਅਲਾਇਆ । ਆਪੇ ਜੋਗ ਜੁਗੀਸ਼ਰ ਨਾਰ, ਸ਼ਿਵ ਸਤੀਆਂ ਸੰਗ ਬਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਤ੍ਰੈਗੁਣ ਤ੍ਰੈ ਤ੍ਰੈ ਵੇਖੇ ਤੇਰਾ ਰੰਗ, ਪੰਚਮ ਦਵਾਰਾ ਲੰਘ, ਦਿਸ ਕਿਸੇ ਨਾ ਆਇਆ । ਪੰਚਮ ਘਰ ਮਤਾ ਪਕਾਇਆ, ਲੱਖ ਚੁਰਾਸੀ ਉਪਾਵਣੀ । ਚੌਥਾ ਘਰ ਇਕ ਵਸਾਇਆ, ਸੁਰਤ ਸ਼ਬਦ ਬੇਹਾਵਲੀ । ਤ੍ਰੈਗੁਣ ਮਾਇਆ ਮਾਣ ਦਵਾਇਆ, ਸ੍ਰਿਸ਼ਟ ਸਬਾਈ ਆਪ ਉਪਾਵਣੀ । ਬ੍ਰਹਮਾ ਸੇਵਾ ਸਾਚੀ ਲਾਇਆ, ਉਤਪਤ ਰੂਪ ਅਖਵਾਵਣੀ । ਆਪ ਆਪਣਾ ਭੇਖ ਵਟਾਇਆ, ਵਿਸ਼ਨੂੰ ਵੇਸ ਕਰਾਵਣੀ । ਆਪੇ ਨਰ ਨਰੇਸ਼ ਅਖਵਾਇਆ, ਸਭ ਦੇਵੇ ਰਿਜਕ ਸਬਾਵਣੀ । ਸ਼ਿਵ ਸ਼ੰਕਰ ਫੜ ਕੇ ਹੁਕਮ ਜਣਾਇਆ, ਜੋ ਬਣਿਆ ਸੋ ਢਾਹਵਣੀ । ਸਚ ਵਸਤ ਪ੍ਰਭ ਆਪਣੇ ਹੱਥ ਰਖਾਇਆ, ਤ੍ਰੈਗੁਣ ਸਮਾਵਣੀ । ਤ੍ਰੈਗੁਣ ਮਾਇਆ ਤ੍ਰਿਸ਼ਨਾ ਖ਼ਾਕੀ ਖ਼ਾਕ ਖ਼ਾਕ ਮਿਲਾਵਣੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਰਚਨ ਰਚਾਵਣੀ । ਪੰਚਮ ਘਰ ਦਰ ਦਰਵਾਜ਼ੇ ਦਰ ਦਹਿਲੀਜਿਆ । ਵੇਖੇ ਖੇਲ ਗਰੀਬ ਨਿਵਾਜ਼ੇ, ਲੱਖ ਚੁਰਾਸੀ ਬੀਜ ਬੀਜਿਆ । ਜੀਵ ਜੰਤ ਜੋ ਸਾਜਣ ਸਾਜੇ, ਲੇਖਾ ਚੁੱਕੇ ਲੋਕ ਤੀਜਿਆ ।



ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰਾ ਅੰਤਮ ਅੰਤ ਹਾੜ ਸਤਾਰਾਂ ਰਚਿਆ । ਸਚ ਘਰ ਸੁਲਤਾਨ, ਉਠ ਉਠ ਜਾਗਿਆ । ਆਪੇ ਵੇਖੇ ਮਾਰ ਧਿਆਨ, ਉਪਜੇ ਇਕ ਵੈਰਾਗਿਆ । ਕਵਣ ਸੁਵੇਲਾ ਮਿਟੇ ਨਿਸ਼ਾਨ, ਕਲਜੁਗ ਕਾਲੇ ਧੋਵੇ ਦਾਗ਼ਿਆ । ਮਾਤਲੋਕੀ ਵੇਖ ਵਖਾਨ, ਜੋਤ ਸਰੂਪੀ ਆਵੇ ਭਾਗਿਆ । ਨਾ ਵਸੇ ਕਿਸੇ ਮਕਾਨ, ਸੰਬਲ ਨਗਰੀ ਮਿਲੀ ਆਗਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੰਚ ਦਵਾਰੇ ਵੇਖ ਹਰਿ, ਆਪੇ ਵੇਖੇ ਹੰਸ ਕਾਗਿਆ । ਪੰਚ ਦਵਾਰਾ ਛੱਡ, ਲਾਡ ਲਡਾਇੰਦਾ । ਲੱਖ ਚੁਰਾਸੀ ਲੋਕਮਾਤੀ ਜੋ ਦਏ ਕੱਢ, ਨਾ ਕੋਈ ਗੋਦ ਉਠਾਇੰਦਾ । ਸਭ ਦੀਆਂ ਕੰਡਾਂ ਰਿਹਾ ਵੱਢ, ਅੱਗੇ ਹੋ ਨਾ ਕੋਈ ਬਚਾਇੰਦਾ । ਨਾ ਕੋਈ ਵਜੇ ਸਾਰੰਗਾ ਢੱਡ, ਗੌੜੀ ਪੌੜੀ ਕੋਇ ਨਾ ਗਾਇੰਦਾ । ਗੁਰਮੁਖਾਂ ਇਕ ਲਡਾਏ ਲੱਡ, ਆਤਮ ਗੀਤ ਇਕ ਸੁਣਾਇੰਦਾ । ਜੀਵ ਜੰਤ ਖਾਲੀ ਦਿਸਣ ਹੱਡ, ਨਾਮ ਰੰਗ ਨਾ ਕੋਈ ਚੜ੍ਹਾਇੰਦਾ । ਕਾਇਆ ਰੈਣ ਅੰਧੇਰੀ ਖੱਡ, ਦੀਪਕ ਜੋਤ ਨਾ ਕੋਈ ਜਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖਾਂ ਦੇਵੇ ਇਕ ਵਰ, ਆਪ ਆਪਣਾ ਸੰਗ ਨਿਵਾਇੰਦਾ । ਪੰਚਮ ਦਾਤਾ ਪੰਚ ਤਜਾਏ, ਪੰਚਮ ਮੇਲ ਮਿਲਾਇੰਦਾ । ਪੰਚ ਗਿਆਨਾ ਪੰਚ ਜਣਾਏ, ਪੰਚਮ ਤੇਲ ਚੜ੍ਹਾਇੰਦਾ । ਪੰਚਮ ਮਾਤਾ ਪੰਚਮ ਪਿਤਾ ਆਪ ਅਖਵਾਏ, ਪੰਚਮ ਗੋਦ ਉਠਾਇੰਦਾ । ਪੰਚਮ ਅੰਦਰ ਪੰਚਮ ਬਾਹਰ ਪੰਚਮ ਕਰੇ ਤਨ ਸ਼ਿੰਗਾਰ, ਪੰਚਾਂ ਖ਼ਾਕ ਮਿਲਾਇੰਦਾ । ਪੰਚਾਂ ਭਰੇ ਸ਼ਬਦ ਭੰਡਾਰ, ਪੰਚਾਂ ਮਾਰੇ ਡਾਹਢੀ ਮਾਰ, ਪੰਚ ਪੰਚਾਂ ਵਿਚ ਛੁਪਾਇੰਦਾ । ਪੰਚਮ ਮੇਲਾ ਦਰ ਦਰਬਾਰ, ਪੰਚਮ ਦੇਵੇ ਦਰ ਦੁਰਕਾਰ, ਪੰਚਮ ਪੰਚਾਂ ਰੰਗ ਵਟਾਇੰਦਾ । ਪੰਚਮ ਸਾਂਝਾ ਮੀਤ ਮੁਰਾਰ, ਪੰਚਮ ਕੋਇ ਨਾ ਪਾਵੇ ਸਾਰ, ਪੰਚਾਂ ਏਕਾ ਦੂਜਾ ਭਉ ਚੁਕਾਇੰਦਾ । ਪੰਚਮ ਸਚ

ਸੱਚਾ ਸਚਿਆਰ, ਪੰਚਮ ਕੂੜ ਕੂੜਾ ਕੁੜਿਆਰ, ਪੰਚ ਵਿਚੋਲਾ ਆਪ ਅਖਵਾਇੰਦਾ । ਪੰਚਮ ਢੋਲਾ ਸ਼ਬਦ ਧੁਨਕਾਰ, ਪੰਚਮ ਬੋਲਾ ਵਿਕਾਰ ਹੰਕਾਰ, ਪੰਚਮ ਪੰਚਾਂ ਦਿਸ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੰਚਾਂ ਪੰਚਾਂ ਜੋੜ ਕਰੋ ਨਿਮਸਕਾਰ । ਪੰਚਮ ਮਾਤ ਜਗਾਏ, ਪੰਚਮ ਸੁਵਾਲੀਆ । ਪੰਚਮ ਜੋਤ ਜਗਾਏ, ਪੰਚਮ ਰੈਣ ਅੰਧੇਰੀ ਘਟਾ ਕਾਲੀਆ । ਪੰਚਮ ਵਰਨ ਗੋਤ ਮਿਟਾਏ, ਪੰਚਮ ਪੱਤ ਨਾ ਦਿਸੇ ਡਾਲੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਵਾਲੀ ਦੋ ਜਹਾਨੀਆ । ਕਰਤੇ ਕੀਮਤ ਨਾ ਜਾਣੇ, ਕਰਮ ਨਾ ਜਾਣੇ ਰੇਖ । ਆਪ ਆਪਣਾ ਨਾ ਪਛਾਣੇ, ਪ੍ਰਭ ਕਵਣ ਕਰੇ ਵੇਸ । ਜੀਵ ਅੰਞਾਣ ਨਾ ਜਾਣੇ, ਹਰਿ ਭੁੱਲਿਆ ਗੁਰ ਉਪਦੇਸ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰ ਘਟ ਅੰਦਰ ਰਿਹਾ ਵੇਖ । ਕਵਣ ਪਰਦਾ ਕਵਣ ਉਹਲਾ, ਕਵਣ ਭੇਵ ਛੁਪਾਏ । ਜਿਸ ਜਨ ਬਣਾਇਆ ਕਾਇਆ ਚੋਲਾ, ਬਾਹਰ ਰਹੇ ਨਾ ਰਾਏ । ਸ਼ਬਦ ਸੁਣਾਇਆ ਸਾਚਾ ਢੋਲਾ, ਭੁੱਲ ਰੁਲ ਨਾ ਲਾਲ ਗਵਾਏ । ਦਰ ਦਵਾਰ ਜੋ ਹੋਇਆ ਗੋਲਾ, ਹੰਕਾਰ ਵਿਕਾਰ ਕਿਉਂ ਤਨ ਵਸਾਏ । ਪ੍ਰਭ ਤੋਲਣਹਾਰਾ ਸਾਚਾ ਤੋਲਾ, ਸਾਚਾ ਤੋਲ ਤੁਲਾਏ । ਸਚ ਦਵਾਰਾ ਏਕਾ ਖੋਲ੍ਹਾ, ਧਰਮ ਕੰਡੇ ਰਿਹਾ ਚੜ੍ਹਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਰਸਨਾ ਚਲਿਆ ਹੰਕਾਰੀ ਬੋਲਾ, ਆਪੇ ਦਏ ਸਜਾਏ । ਰਸਨਾ ਬੋਲ ਤਨ ਮਨ ਫਿਕਾ, ਦਰ ਘਰ ਮੂਲ ਨਾ ਭਾਇਆ । ਗੁਰਬਚਨ ਬੋਲ ਨਾ ਜਾਣੇ ਨਿੱਕਾ, ਸ਼ਬਦ ਵਡਾ ਵਡ ਅਖਵਾਇਆ । ਜਿਸ ਜਨ ਮਸਤਕ ਲਾਇਆ ਨਾਮ ਟਿਕਾ, ਸੋ ਕਿਉਂ ਮਨੋਂ ਭੁਲਾਇਆ । ਚਰਨ ਦਵਾਰੇ ਜੋ ਜਨ ਵਿਕਾ, ਹਉਮੇ ਰੋਗ ਰਹੇ ਨਾ ਰਾਇਆ । ਆਪੇ ਜਾਣੇ ਭੇਵ ਜੀਅ ਕਾ, ਜੀਵ ਜੰਤ ਵਿਚ ਸਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇ ਮਤ ਰਿਹਾ ਸਮਝਾਇਆ । ਮਤ ਬੁਧ ਅੰਞਾਣ, ਗਿਆਨ ਨਾ ਜਾਣਿਆ । ਆਪੇ ਬਣ ਜਗਤ ਪਰਧਾਨ, ਆਪਣਾ ਰੰਗ ਨਾ ਮਾਣਿਆ । ਨਾ ਸੁਝੇ ਪੀਣ ਖਾਣ, ਅੱਠੇ ਪਹਿਰ ਰਹੇ ਨੂਰਾਨਿਆ । ਧ੍ਰਿਗ ਧ੍ਰਿਗ ਧ੍ਰਿਗ ਜੀਵਣ ਜੀਣ, ਜੋ ਚਲੇ ਨਾ ਪ੍ਰਭ ਕੇ ਭਾਣਿਆ । ਦਿਵਸ ਰੈਣ ਤੜਪੇ ਜਿਉਂ ਜਲ ਮੀਨ, ਮਿਲੇ ਨਾ ਠੰਢਾ ਪਾਣੀਆ । ਕੋਇ ਨਾ ਕਰੇ ਠਾਂਢਾ ਸੀਨ, ਰਸਨਾ ਰਸ ਫਿਰੇ ਹਲਕਾਨੀਆ । ਮਿਲੇ ਢੋਈ ਨਾ ਲੋਕਾਂ ਤੀਨ, ਜਿਸ ਛੱਡਿਆ ਪੁਰਖ ਸੁਜਾਨੀਆ । ਆਪੇ ਭੰਨੇ ਹੰਕਾਰੀ ਬੀਨ, ਫੜ ਸ਼ਬਦ ਤੀਰ ਕਮਾਨੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲ ਕਰੇ ਸਰਬ ਪਛਾਣੀਆ । ਕਾਇਆ ਕਪੜ ਰੂਪ ਰੰਗ ਜਿਸ ਜਨ ਤਨ ਚੜ੍ਹਾਇਆ । ਜਗਤ ਨਹਾਵਣ ਨਹਾਤਾ ਛੱਪਰ, ਸਰ ਸਰੋਵਰ ਜਿਸ ਵਖਾਇਆ । ਵਿਸਰਿਆ ਹਰਿ ਮਾਈ ਬੱਪੜ, ਮੈਂ ਮੈਂ ਤੂੰ ਤੂੰ ਭਰਮ ਚੁਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੇ ਰੰਗ ਸਮਾਇਆ । ਰੋਵਤ ਰੋਵਤ ਰੋ ਰਹੇ, ਰੋਵਣ ਕਿਸੇ ਨਾ ਆਇਆ । ਨੇਤਰ ਨੇਤਰ ਮੁਖੜਾ ਧੋਵਤ ਧੋਵਤ ਧੋਵਤ ਧੋ ਰਹੇ, ਗੁਰਮੁਖ ਕੋਇ ਨਾ ਮੈਲ ਗਵਾਇਆ । ਮਨਮੁਖ ਸੋਵਤ ਸੋਵਤ ਸੌਂ ਰਹੇ, ਗੂੜ੍ਹੀ ਨੀਂਦ ਨਾ ਕੋਇ ਜਗਾਇਆ । ਗੁਰਮੁਖ ਸਾਚਾ ਬੀਜ ਬੋਵਤ ਬੋਵਤ ਬੋ ਰਹੇ, ਪ੍ਰਭ ਆਪਣੀ ਹੱਥੀਂ ਆਪ ਬਿਜਾਇਆ । ਮਨਮਤੀ ਮਾਨਸ ਜਨਮ ਖੋਵਤ ਖੋਵਤ ਖੋ ਰਹੇ, ਗੁਰਮਤ ਦਏ ਤਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰ ਘਟ ਵੇਖੇ ਥਾਉਂ ਥਾਈਆ । ਕਵਣ ਨੈਣ ਜਗ ਨੇਤਰਾ, ਕਵਣ ਪ੍ਰੇਮ ਪਿਆਰ । ਕਵਣ ਵੇਖ ਕਾਇਆ ਖੇਤਰਾ, ਤਨ ਲੱਗੀ ਅੱਗ ਤੱਤੀ ਹਾੜ । ਨਾ ਕੋਈ ਰੁੱਤ ਬਸੰਤ ਚੇਤਰਾ, ਫਲ ਫੁਲਵਾੜੀ ਹੋਈ ਉਜਾੜ । ਜੋਤੀ ਜੋਤ ਸਰੂਪ ਹਰਿ,

ਆਪ ਆਪਣੀ ਜੋਤ ਧਰ, ਵੇਖੇ ਖੇਲ ਜਿਸ ਜਨ ਘੜਿਆ ਘਾੜਨ ਘਾੜ । ਘਾੜਨਹਾਰਾ ਘੜ ਰਿਹਾ, ਜਨ ਮਾਟੀ ਭਾਂਡੇ ਸਾਜ । ਆਪੇ ਅੰਦਰ ਵੜ ਰਿਹਾ, ਕਰੇ ਆਪਣੇ ਕਾਜ । ਮਨਮਤੀ ਬੈਠਾ ਦੜ ਰਿਹਾ, ਗੁਰਮਤੀ ਰੱਖੇ ਲਾਜ । ਉਪਰ ਚੋਟੀ ਆਪੇ ਚੜ੍ਹ ਰਿਹਾ, ਸੀਸ ਰੱਖੇ ਸ਼ਬਦ ਤਾਜ । ਆਪੇ ਪੰਚਾਂ ਨਾਲ ਲੜ ਰਿਹਾ, ਦਿਵਸ ਰੈਣ ਦੇਵੇ ਭਾਜ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਿਸ ਜਨ ਕਿਰਪਾ ਦੇਵੇ ਕਰ, ਆਪ ਸੁਵਾਰੇ ਕਾਜ । ਕਾਇਆ ਮਾਟੀ ਜਗਤ ਖੇਹ, ਅੰਤ ਨਾ ਕੋਇ ਸਹਾਈਆ । ਦਰ ਘਰ ਸਾਚੇ ਲੱਗਾ ਨੇਂਹ, ਮਨਮਤੀ ਤੋੜ ਤੁੜਾਈਆ । ਅੰਮ੍ਰਿਤ ਆਤਮ ਕੋਇ ਨਾ ਬਰਸੇ ਸਾਚਾ ਮੇਂਹ, ਤਨ ਅਗਨੀ ਰਹੀ ਜਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦਰ ਦਰਵੇਸ਼ਾ ਦਿਸ ਨਾ ਆਈਆ । ਮੰਗਣ ਮੰਗ ਮੰਗਤੀ, ਚਰਨ ਕਵਲ ਕਲ ਪਿਆਰ । ਹਰਿਜਨ ਉਧਰੇ ਪਾਰ । ਸਾਚਾ ਮੇਲਾ ਮੇਲ ਸੰਗਤੀ, ਪ੍ਰਭ ਪਾਰ ਉਤਾਰਨਹਾਰ । ਕਾਇਆ ਚੋਲੀ ਗੁਰ ਰਤੀ ਨਾਮ ਰੰਗਤੀ, ਕੰਚਨ ਚਾੜ੍ਹੇ ਰੰਗ ਅਪਾਰ । ਹਉਮੇ ਕੱਢੇ ਵਾਸਨਾ ਗੰਦਤੀ, ਸਾਚਾ ਬਖ਼ਸ਼ੇ ਚਰਨ ਪਿਆਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਡੁਬਦਾ ਬੇੜਾ ਜਾਏ ਤਾਰ । ।

## ★ ੨੦ ਹਾੜ ੨੦੧੩ ਬਿਕ੍ਰਮੀ ਹਰਭਜਨ ਸਿੰਘ ਦੇ ਗ੍ਰਿਹ ਪਿੰਡ ਮੈਹਣੀਆਂ ਜ਼ਿਲਾ ਅੰਮ੍ਰਿਤਸਰ ★

ਜਗਤ ਵਿਛੋੜਾ ਜੁਗੋ ਜੁਗ, ਹਰਿ ਭਗਤ ਸੁਹਾਗੀ ਮੇਲ । ਗੁਰਸਿਖ ਮਾਣਕ ਮੋਤੀ ਚੁਗ, ਪ੍ਰਭ ਜੁਗ ਜੁਗ ਰੰਗ ਰੰਗਾਏ ਨਵੇਲ । ਲੋਆਂ ਪੁਰੀਆਂ ਵੇਖੇ ਝੁਕ ਝੁਕ, ਆਪੇ ਖੇਲਣਹਾਰਾ ਖੇਲ । ਲੱਖ ਚੁਰਾਸੀ ਝੂਠੀ ਜੂਠੀ ਚਾਰੋਂ ਕੁੰਟ ਪਏ ਥੁੱਕ, ਨਾ ਕੋਇ ਸੱਜਣ ਸੁਹੇਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਚੜ੍ਹੇ ਸ਼ਬਦ ਤੇਲ । ਜਗਤ ਜੁਦਾਈ ਜੁਗ ਜੁਗ ਗੁਰਮੁਖ ਜਗਾਇਆ । ਹਰਿ ਭਗਤ ਕੁੜਮਾਈ ਜੁਗ ਜੁਗ, ਜੁਗ ਜੁਗ ਸ਼ਬਦ ਤਾਜ ਸੀਸ ਪਹਿਨਾਇਆ । ਮਿਲੇ ਵਡਿਆਈ ਜੁਗ ਜੁਗ, ਜੁਗ ਜੁਗ ਮੰਗਲਾਚਾਰ ਕਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਗਤ ਵਿਛੋੜਾ ਜੁਗੋ ਜੁਗ, ਕਲਜੁਗ ਅੰਤਮ ਦਏ ਮਿਟਾਇਆ । ਜੁਗ ਜੁਗ ਲਹਿਣੇਦਾਰ, ਹਰਿ ਵਡਾ ਸ਼ਾਹ ਸੁਲਤਾਨਾ । ਗੁਰਮੁਖ ਦੇਵਣ ਦੇਵਣਹਾਰ, ਕਲ ਕਰੇ ਆਪ ਪਛਾਣਾ । ਹਰਿ ਦਰਸ਼ਨ ਨੈਣਾ ਨੈਣ ਮੁਧਾਰ, ਮਨ ਚੁਕੇ ਮਾਣ ਅਭਿਮਾਨਾ । ਨਾਰੀ ਮੇਲਾ ਕੰਤ ਭਤਾਰ, ਹਰਿ ਮਿਲਿਆ ਸ੍ਰੀ ਭਗਵਾਨਾ । ਹਰਿ ਸੰਤ ਸ਼ਬਦ ਪਿਆਰ, ਆਤਮ ਉਪਜੇ ਬ੍ਰਹਮ ਗਿਆਨਾ । ਦਰ ਭਰਿਆ ਰਹੇ ਭੰਡਾਰ, ਦਾਤਾਂ ਦੇਵੇ ਗੁਣ ਨਿਧਾਨਾ । ਜੁਗ ਜੁਗ ਕਰੇ ਕਰਾਏ ਸਾਚੀ ਕਾਰ, ਗੁਰਮੁਖ ਸਾਚੇ ਮੇਲ ਮਿਲਾਨਾ । ਸ਼ਬਦ ਕਰਾਏ ਤਨ ਸ਼ਿੰਗਾਰ, ਹੱਥੀਂ ਬੰਨ੍ਹੇ ਨਾਮ ਗਾਨਾ । ਸਾਚੇ ਘੋੜੇ ਕਰ ਅਸਵਾਰ, ਪਾਰ ਕਰਾਏ ਦੋ ਜਹਾਨਾਂ । ਇਕ ਵਖਾਏ ਮਹੱਲ ਅਟੱਲ ਉਚ ਮਨਾਰ, ਦੀਪਕ ਜੋਤੀ ਇਕ ਜਗਾਨਾ । ਜੋਤ ਸਰੂਪੀ ਕਰ ਅਕਾਰ, ਸ਼ਬਦ ਸੁਣਾਏ ਸਚ ਤਰਾਨਾ । ਅਨਹਦ ਖਿਚੇ ਆਪ ਸਿਤਾਰ, ਧੁਨੀ ਨਾਦ ਵੱਜੇ ਮਹਾਨਾ । ਆਪੇ ਸੁਣੇ ਸੁਣਾਏ ਸੁਣਨੇਹਾਰ, ਆਪੇ ਰੂਪ ਵਟਾਏ ਗੋਪੀ ਕਾਹਨਾ । ਆਪੇ ਸੁਰਤ ਸ਼ਬਦੀ ਕੰਤ ਭਤਾਰ, ਆਪੇ ਆਪਣੀ ਸੇਜ ਹੰਢਾਨਾ । ਆਪ ਆਪਣਾ ਕਰੇ ਪਿਆਰ, ਆਪ ਆਪਣੇ ਵਿਚ ਸਮਾਨਾ । ਆਪ ਆਪਣਾ ਵੇਖੇ ਰੂਪ ਅਪਾਰ, ਆਪ ਆਪਣਾ ਲੇਖ ਲਿਖਾਨਾ । ਆਪੇ ਭੂਪ ਸਚ ਸਰੂਪ ਸੱਚੀ ਸਰਕਾਰ, ਆਪੇ ਰਾਜ

ਰਾਜਾਨ ਸ਼ਾਹ ਸੁਲਤਾਨਾ । ਆਪੇ ਬੈਠ ਤਖ਼ਤ ਸੱਚੇ ਦਰਬਾਰ, ਲੋਆਂ ਪੁਰੀਆਂ ਵੇਖੇ ਮਾਰ ਧਿਆਨਾ । ਆਪ ਬਣਾਏ ਕੰਚਨ ਗੜ੍ਹ ਅਪਰ ਅਪਾਰ, ਚਾਰ ਦੀਵਾਰ ਨਾ ਕੋਈ ਰਖਾਨਾ । ਬੈਠੇ ਚੜ੍ਹ ਨਰ ਨਿਰੰਕਾਰ, ਦਿਸ ਕਿਸੇ ਨਾ ਆਨਾ । ਨਾ ਕੋਈ ਕਾਮ ਕਰੋਧ ਲੋਭ ਮੋਹ ਹੰਕਾਰ, ਹਰਿ ਏਕਾ ਰੂਪ ਸਮਾਨਾ । ਤ੍ਰੈਗੁਣ ਮਾਇਆ ਨਾ ਦੀਸੇ ਪਸਰ ਪਸਾਰ, ਪੰਜ ਪੰਝੀ ਨਾ ਮਿਲੇ ਨਿਸ਼ਾਨਾ । ਹੱਡ ਮਾਸ ਨਾੜੀ ਰਤ ਨਾ ਕੋਈ ਆਕਾਰ, ਏਕਾ ਏਕ ਡਗਮਗਾਨਾ । ਰੂਪ ਰੰਗ ਨਾ ਪਾਵੇ ਕੋਈ ਸਾਰ, ਸੀਸ ਜਗਦੀਸ ਨਾ ਕੋਈ ਰਖਾਨਾ । ਨਾ ਕੋਈ ਕਪੜ ਰੂਪ ਅਪਾਰ, ਬਸਤਰ ਸ਼ਸਤਰ ਨਾ ਕੋਈ ਬਿਬਾਣਾ । ਨਾ ਕੋਈ ਸੰਗੀ ਸਾਥੀ ਸਗਲਾ ਯਾਰ, ਨਾ ਕੋਈ ਦੀਸੇ ਮੀਤ ਮੁਰਾਰ, ਨਾ ਲਾਏ ਕੋਈ ਯਰਾਨਾ । ਨਾ ਕੋਈ ਡੰਕ ਮਰਦੰਗ ਢੋਲ ਨਗਾਰ, ਵਜਾਏ ਤਾਲ ਗੁਣ ਨਿਧਾਨਾ । ਜੋਧਾ ਸੂਰਾ ਬਲ ਬਲ ਨਾ ਕੋਈ ਬਲਕਾਰ, ਨਾ ਕੋਈ ਚਤੁਰ ਸੁਘੜ ਸਿਆਣਾ । ਆਪੇ ਜਾਣੇ ਆਪਣੀ ਧਾਰ, ਹਰਿ ਆਪਣੇ ਰੰਗ ਸਮਾਨਾ । ਤ੍ਰੈਗੁਣ ਰੂਪ ਅਨੂਪ ਅਪਾਰ, ਸਤਿ ਸਰੂਪ ਸਚ ਸੁਘੜ ਸਿਆਣਾ । ਆਪੇ ਜਾਣੇ ਆਪਣੀ ਧਾਰ, ਸ਼ਬਦ ਸਮਗਰੀ ਇਕ ਅਪਾਰ, ਹਰਿ ਸਾਚੀ ਵਸਤ ਰਖਾਨਾ । ਆਪੇ ਵੰਡੇ ਵੰਡਣਹਾਰ, ਪੁਰੀਆਂ ਲੋਆਂ ਵੰਡ ਵੰਡਾਨਾ । ਪਵਣ ਸੁਵਾਸੀ ਕਰ ਤਿਆਰ, ਪ੍ਰਭ ਸਾਚਾ ਸੰਗ ਨਿਭਾਣਾ । ਦਰ ਪੰਚ ਮੇਲ ਮਿਲਾਰ, ਤਿੰਨਾਂ ਏਕਾ ਏਕ ਨਿਸ਼ਾਨਾ । ਚੌਥਾ ਪਦ ਘਰ ਅਪਾਰ, ਸੰਤ ਸੁਹੇਲੇ ਸਾਚੇ ਸੱਦ, ਪ੍ਰਭ ਦੇਵੇ ਸਾਚਾ ਦਾਨਾ । ਤ੍ਰੈਗੁਣ ਮਾਇਆ ਬੱਧਾ ਬੱਧ, ਨਾ ਕੋਈ ਜਾਣੇ ਉਚਾਂ ਲੰਮਾ ਕੱਦ, ਸ੍ਰਿਸ਼ਟ ਸਬਾਈ ਲਏ ਪਸਾਰ । ਬ੍ਰਹਮਾ ਉਪਜੇ ਵਿਸ਼ਨੂੰ ਯੱਦ, ਵੇਦ ਵਿਦਾਂਤਾ ਹਰਿ ਸ਼ਬਦ ਧੁਨਕਾਰ । ਸ਼ਬਦ ਸਰੂਪੀ ਪੀਵੇ ਮਧ, ਨਾਭੀ ਕਵਲੀ ਸਦਾ ਖੁਮਾਰ । ਪੁਰਖ ਅਬਿਨਾਸ਼ੀ ਆਪਣੀ ਗੋਦ ਲਡਾਨਾ ਲਡ, ਆਪੇ ਖੇਲ ਖਿਲਾਵਣਹਾਰ । ਸਚ ਦਵਾਰਾ ਲਿਆ ਛੱਡ, ਪੁਰੀ ਬ੍ਰਹਮ ਮਹੱਲ ਉਸਾਰ । ਵੇਲੇ ਅੰਤਮ ਪੁਰਖ ਅਬਿਨਾਸ਼ੀ ਦੇਵੇ ਕੱਢ, ਗੁਰਮੁਖ ਸਾਚੇ ਸੰਤ ਸੁਹੇਲੇ ਸੀਸ ਬੰਨੇ ਦਸਤਾਰ । ਧਰਮ ਨਿਸ਼ਾਨਾ ਦੇਵੇ ਗੱਡ, ਸੋਹੰ ਹੋਵੇ ਜੈ ਜੈਕਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਸੰਤ ਸੁਹੇਲੇ ਜੁਗ ਜੁਗ ਵਿਛੜੇ ਯਾਂ ਆਪੇ ਮੇਲਣਹਾਰ । ਜਗਤ ਵਿਛੋੜਾ ਅੰਧ, ਗੁਰਮੁਖ ਪੰਧ ਮੁਕਾਇਆ । ਪ੍ਰਭ ਖ਼ੁਸ਼ੀ ਕਰਾਏ ਬੰਦ ਬੰਦ, ਆਤਮ ਜੋਤੀ ਚੰਦ ਚੜ੍ਹਾਇਆ । ਰਸਨਾ ਗਾਏ ਬੱਤੀ ਦੰਦ, ਮਦਿਰਾ ਮਾਸ ਗੰਦ ਤਜਾਇਆ । ਇਕ ਸੁਣਾਏ ਸੁਹਾਗੀ ਛੰਦ, ਪਰਮਾਨੰਦ ਵਿਚ ਸਮਾਇਆ । ਆਪੇ ਢਾਹੇ ਭਰਮਾਂ ਕੰਧ, ਪਿਤਾ ਪੂਤ ਏਕਾ ਮਾਰਗ ਲਾਇਆ । ਕੋਈ ਨਾ ਦੀਸੇ ਭਾਗ ਮੰਦ, ਜਿਸ ਘਰ ਪ੍ਰਭ ਸਾਚੇ ਚਰਨ ਛੁਹਾਇਆ । ਨੰਗੀ ਹੋਵੇ ਨਾ ਕਦੀ ਕੰਢ, ਹਰਿ ਆਪਣਾ ਹੱਥ ਟਿਕਾਇਆ । ਧਰਮ ਰਾਏ ਨਾ ਦੇਵੇ ਦੰਡ, ਪ੍ਰਭ ਸਾਚੇ ਦਰ ਦੁਰਕਾਇਆ । ਧੁਰਦਰਗਾਹੀ ਏਕਾ ਨਾਮ ਰਿਹਾ ਵੰਡ, ਜੋਤ ਸਰੂਪੀ ਲੈ ਕੇ ਆਇਆ । ਮਨਮੁਖ ਜੀਵਾਂ ਜੂਠੀ ਝੂਠੀ ਚੁੱਕੀ ਪੰਡ, ਨਾ ਕੋਈ ਸਕੇ ਭਾਰ ਵੰਡਾਇਆ । ਗੁਰਮੁਖਾਂ ਆਤਮ ਪਾਏ ਠੰਡ, ਹਰਿ ਜੋਤੀ ਦਰਸ ਦਿਖਾਇਆ । ਪ੍ਰਭ ਫੜੇ ਹੱਥ ਚੰਡ ਪਰਚੰਡ, ਵੇਖੇ ਖੇਲ ਵਿਚ ਬ੍ਰਹਿਮੰਡ, ਲੱਖ ਚੁਰਾਸੀ ਦੇਵੇ ਦੰਡ, ਦੰਡਣਹਾਰ ਆਪ ਅਖਵਾਇਆ । ਪੱਲੇ ਕਿਸੇ ਨਾ ਦਿਸੇ ਨਾਮ ਗੰਢ, ਜਗਤ ਵਿਕਾਰਾ ਬੈਠੇ ਵੰਡ, ਨਾਰ ਦੁਹਾਗਣ ਹੋਈ ਰੰਡ, ਪੁਰਖ ਅਬਿਨਾਸ਼ੀ ਸਾਚਾ ਕੰਤ ਨਾ ਕੋਇ ਹੰਢਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚਾ ਵਿਛੜਿਆ ਮੀਤ, ਆਪ ਆਪਣੇ ਰੱਖਿਆ ਚੀਤ, ਜੁਗ ਜੁਗ ਪਰਖਣਹਾਰਾ ਨੀਤ, ਬੈਠਾ ਰਹੇ ਸਦਾ ਅਤੀਤ, ਕਿਸੇ ਹੱਥ ਨਾ ਆਏ ਗੁਰਦਵਾਰੇ ਦਿਹੁਰੇ ਮੰਦਰ ਮਸੀਤ, ਘਰ ਸਾਚੇ ਡੇਰਾ

ਲਾਇਆ । ਘਰ ਸਾਚਾ ਸ਼ਾਹ ਸੁਲਤਾਨ, ਆਪਣਾ ਸਾਜਿਆ । ਨਾ ਕੋਈ ਮੰਦਰ ਨਾ ਮਕਾਨ, ਹਰਿ ਦਿਸੇ ਗਰੀਬ ਨਿਵਾਜਿਆ । ਨਾ ਕੋਈ ਜੰਗਲ ਜੂਹ ਉਜਾੜ ਬੀਆਬਾਨ ਨਾ ਕੋਈ ਅਸਤਰ ਸ਼ਸਤਰ ਹਾਥੀ ਘੋੜਾ ਤਾਜਿਆ । ਨਾ ਕੋਈ ਜੋਧਾ ਦਿਸੇ ਸੂਰ ਬਲੀ ਬਲਵਾਨ, ਨਾ ਕੋਈ ਦੀਸੇ ਮੁਲਾਂ ਕਾਜੀਆ । ਨਾ ਕੋਈ ਪੀਣ ਨਾ ਕੋਈ ਖਾਣ, ਨਾ ਕੋਈ ਦੀਸੇ ਧਰਤ ਨਿਸ਼ਾਨ, ਨਾ ਕੋਈ ਮਾਰੇ ਜਨ ਅਵਾਜਿਆ । ਆਪੇ ਜਾਣੇ ਆਪਣੀ ਸ਼ਾਨ, ਜੋਤ ਸਰੂਪੀ ਹਰਿ ਭਗਵਾਨ, ਆਪੇ ਰੱਖਣਹਾਰਾ ਲਾਜਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਸੰਤ ਸੁਹੇਲੇ ਸਾਚਾ ਮੇਲ ਕਰਾਏ ਚਰਨ ਕਵਲ ਕਲ ਚਰਨ ਉਪਰ ਧਵਲ ਏਕ ਕਰਾਏ ਸਾਚਾ ਹਾਜਿਆ । ਚਰਨ ਕਵਲ ਜਨ ਧੂੜ, ਮਸਤਕ ਲਾਈਆ । ਚਤੁਰ ਬਣਾਏ ਮੂਰਖ ਮੂੜ, ਆਤਮ ਜੋਤੀ ਨੂਰ ਸਵਾਈਆ । ਕਾਇਆ ਰੰਗ ਚੜ੍ਹਾਏ ਗੂੜ੍ਹ, ਦੁਰਮਤ ਮੈਲ ਜਾਏ ਧੋਤੀ, ਹਰਿ ਸ਼ਬਦੀ ਮੇਲ ਮਿਲਾਈਆ । ਜਗਤ ਨਾਤਾ ਕੂੜੇ ਕੂੜ, ਬਿਨ ਗੁਰ ਪੂਰੇ ਕੋਇ ਨਾ ਪਾਰ ਲੰਘਾਏ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖਾਂ ਦੇਵੇ ਸ਼ਬਦ ਵਰ, ਨਾਤਾ ਤੋੜੇ, ਘਰ ਸਾਚੇ ਪਿਤਾ ਪੂਤ ਨਾ ਕਰੇ ਨਿੰਦਿਆ । ਪਿੱਤਾ ਪੂਤ ਪਤ ਏਕ ਹੈ, ਰੱਖਣਹਾਰ ਕਰਤਾਰ । ਹਰਿ ਸ਼ਬਦ ਸਾਚਾ ਸੂਤ ਹੈ, ਪ੍ਰਭ ਬੰਨੇ ਸਰਬ ਸੰਸਾਰ । ਹਰਿ ਨਾਉਂ ਵਡਾ ਦੂਤ ਹੈ, ਸਦ ਰਹੇ ਪਹਿਰੇਦਾਰ । ਕਾਇਆ ਮਾਟੀ ਪੰਚਕ ਪੰਚ ਭੂਤ ਹੈ, ਘਰ ਵਸੇ ਨਿਰੰਕਾਰ । ਜਗਤ ਤ੍ਰਿਸ਼ਨਾ ਝੂਠਾ ਸੂਤ ਹੈ, ਮਨਮੁਖਾਂ ਵਣਜ ਵਾਪਾਰ । ਹਰਿਜਨ ਸਾਚੇ ਦਰ ਘਰ ਸਾਚੇ ਸਚ ਸਪੂਤ ਹੈ, ਪ੍ਰਭ ਪਰਖੇ ਪਰਖਣਹਾਰ । ਵੇਖ ਵਖਾਣੇ ਚਾਰੇ ਕੂਟ ਹੈ, ਵਜਾਏ ਸ਼ਬਦ ਡੰਕ ਅਪਾਰ । ਸ਼ਬਦ ਹੁਲਾਰਾ ਰਿਹਾ ਝੂਟ ਹੈ, ਗੁਰਮੁਖ ਸਾਚੇ ਲਾਏ ਪਾਰ । ਆਵਣ ਜਾਵਣ ਜਾਏ ਛੂਟ ਹੈ, ਜੋ ਜਨ ਦਰਸ਼ਨ ਪਾਏ ਦਰ ਦਰਬਾਰ । ਏਕਾ ਘਰ ਏਕਾ ਦਰ ਨਾ ਕੋਈ ਦੂਜੀ ਦਿਸੇ ਕੂਟ ਹੈ, ਪ੍ਰਭ ਮੇਲੇ ਮੇਲਣਹਾਰ । ਜੋਤੀ ਜੋਤ ਸਰੂਪ ਹਰਿ, ਗੁਰਮੁਖ ਸਾਚੇ ਸੰਤ ਦੁਲਾਰੇ, ਆਪ ਕਰਾਏ ਵਣਜ ਵਪਾਰੇ ਚਰਨ ਸੱਚਾ ਪਿਆਰ । ਚਰਨ ਪਿਆਰ ਸੱਚਾ ਨਾਤਾ, ਪ੍ਰਭ ਸਾਚਾ ਮਾਤ ਵਖਾਇੰਦਾ । ਜਗਤ ਮੇਲਾ ਪੁਰਖ ਵਿਧਾਤਾ, ਗੁਰ ਚੇਲਾ ਰਾਹ ਵਖਾਇੰਦਾ । ਰੂਪ ਅਨੂਪਾ ਕਮਲਾਪਾਤਾ, ਸਤਿ ਸਰੂਪੀ ਰੰਗ ਵਟਾਇੰਦਾ । ਸ਼ਾਹੋ ਭੂਪ ਉਤਮ ਜ਼ਾਤਾ, ਜ਼ਾਤ ਪਾਤ ਵਿਚ ਨਾ ਆਇੰਦਾ । ਬੈਠਾ ਰਹੇ ਇਕ ਇਕਾਂਤਾ, ਦਿਵਸ ਰੈਣ ਏਕਾ ਰੰਗ ਸਮਾਇੰਦਾ । ਅੰਦਰ ਬਾਹਰ ਵੇਖੇ ਮਾਰ ਝਾਤਾ, ਗੁਰਮੁਖ ਕਵਣ ਸੁਵੇਲੇ ਹਰਿ ਗੁਣ ਗਾਇੰਦਾ । ਗੁਰਮੁਖ ਬਣਾਏ ਸਚ ਬਰਾਤਾ, ਸ਼ਬਦ ਘੋੜੇ ਆਪ ਚੜ੍ਹਾਇੰਦਾ । ਆਪੇ ਬਣੇ ਪਿਤਾ ਮਾਤਾ, ਮਸਤਕ ਲਹਿਣਾ ਪੂਰਬ ਕਰਮ ਚੁਕਾਇੰਦਾ । ਧੁਰ ਦਰਗਾਹੀ ਦੇਵੇ ਦਾਤਾ, ਸ਼ਬਦ ਗਹਿਣਾ ਤਨ ਪਹਿਨਾਇੰਦਾ । ਪੰਚ ਵਿਕਾਰਾ ਨੇੜ ਨਾ ਆਏ ਨਾਰ ਕਮਜ਼ਾਤਾ, ਪ੍ਰਭ ਸਾਚਾ ਦੁਰਕਾਇੰਦਾ । ਏਕਾ ਸ਼ਬਦ ਸੁਣਾਏ ਸਾਚੀ ਗਾਥਾ, ਓਅੰਕਾਰਾ ਦੇਸ ਸੁਹਾਇੰਦਾ । ਆਪ ਚੜ੍ਹਾਏ ਸਾਚੇ ਰਾਥਾ, ਪਾਰ ਕਿਨਾਰਾ ਇਕ ਵਖਾਇੰਦਾ । ਸਾਚਾ ਮੇਲਾ ਤ੍ਰੈਲੋਕੀ ਨਾਥਾ, ਦਰ ਦਵਾਰਾ ਬੰਕ ਸੁਹਾਇੰਦਾ । ਆਪੇ ਹੋਏ ਅਕਥਨਾ ਅਕਾਥਾ, ਕਥ ਕਥ ਕੋਇ ਭੇਵ ਨਾ ਪਾਇੰਦਾ । ਸਰਬ ਕਲਾ ਆਪੇ ਸਮਰਾਥਾ, ਜੁਗ ਜੁਗ ਭੇਖ ਵਟਾਇੰਦਾ । ਲੇਖ ਚੁਕਾਏ ਸਾਢੇ ਤਿੰਨ ਤਿੰਨ ਹਾਥਾ, ਲੱਖ ਚੁਰਾਸੀ ਫੰਦ ਕਟਾਇੰਦਾ । ਮਸਤਕ ਲਹਿਣਾ ਵੇਖ ਵਖਾਏ ਸਾਚੇ ਮਾਥਾ, ਕੌਸਤਕ ਮਣੀਆ ਤਿਲਕ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖਾਂ ਦੇਵੇ ਸ਼ਬਦ ਵਰ, ਦਰਸ ਤੀਜੇ ਨੈਣਾ ਆਪ ਵਖਾਇੰਦਾ । ਸ਼ਬਦ ਅਨਾਦੀ ਆਪੇ ਬੋਲ, ਆਪ ਆਪਣਾ ਭੇਵ ਖੁਲ੍ਹਾਇੰਦਾ । ਬੋਧ ਅਗਾਧੀ ਤੋਲੇ ਸਾਚਾ

ਤੋਲ, ਸਾਚਾ ਕੰਡਾ ਨਾਮ ਲਗਾਇੰਦਾ । ਸਚ ਬ੍ਰਹਿਮਾਦੀ ਵਸੇ ਕੋਲ, ਦਸਮ ਦਵਾਰੀ ਕੁੰਡਾਂ ਲਾਹਿੰਦਾ । ਸ਼ਬਦ ਸਿੰਘਾਸਣ ਕਰੇ ਚੋਲ੍ਹ, ਜੋਤੀ ਨੂਰ ਇਕ ਰਖਾਇੰਦਾ । ਨਾਦ ਅਨਾਦੀ ਵੱਜੇ ਢੋਲ, ਹਰਿ ਦੁਹਰਾ ਤਾਲ ਲਗਾਇੰਦਾ । ਚਰਨ ਕਵਲ ਕਵਲ ਚਰਨ ਗੁਰਸਿਖ ਪ੍ਰੀਤੀ ਘੋਲ, ਏਕਾ ਰੰਗ ਮਹੱਲ ਵਸਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖਾਂ ਦੇਵੇ ਸ਼ਬਦ ਵਰ, ਕਲਾ ਸੋਲ ਦਇਆ ਕਮਾਇੰਦਾ । ਸੋਲਾਂ ਕਲ ਕਲਜੁਗ ਧਾਰ, ਰੈਣ ਅੰਧੇਰੀ ਛਾਈਆ । ਪਰਗਟ ਹੋਵੇ ਨਰ ਨਿਰੰਕਾਰ, ਅਕਲ ਕਲਾ ਅਖਵਾਈਆ । ਨਾ ਕੋਈ ਬਸਤਰ ਸ਼ਸਤਰ ਤੀਰ ਕਟਾਰ, ਤੀਰ ਬੰਦੂਕ ਨਾ ਹੱਥ ਉਠਾਈਆ । ਸ਼ਬਦ ਖੰਡਾ ਹੱਥ ਦੋ ਧਾਰ, ਚਾਰੋਂ ਕੁੰਟਾਂ ਵੇਖ ਵਖਾਈਆ । ਸ਼ਬਦ ਘੋੜੇ ਹੋ ਅਸਵਾਰ, ਚਾਰੇ ਕੂਟਾਂ ਵੇਖ ਵਖਾਈਆ । ਆਪ ਆਪਣੀ ਜੋਤ ਧਾਰ, ਦਹਿ ਦਿਸ਼ਾ ਭੇਵ ਖੁਲ੍ਹਾਈਆ । ਜੋਤ ਨਿਰੰਜਣ ਕਰ ਅਕਾਰ, ਲੱਖ ਚੁਰਾਸੀ ਵੰਡ ਵੰਡਾਈਆ । ਸਾਚਾ ਅੰਜਨ ਕਰ ਤਿਆਰ, ਸੋਹੰ ਗੁਰਸਿਖ ਨੇਤਰ ਪਾਈਆ । ਦੁੱਖ ਭੰਜਨ ਪਰਗਟ ਵਿਚ ਸੰਸਾਰ, ਚਰਨੀ ਧੂੜ ਮਜਨ ਇਕ ਕਰਾਈਆ । ਜੋਤੀ ਨੂਰ ਕਰ ਆਕਾਰ, ਸ਼ਬਦ ਘੋੜੇ ਪੌੜ ਉਠਾਈਆ । ਲੋਆਂ ਪੁਰੀਆਂ ਮਾਰੇ ਮਾਰ, ਬ੍ਰਹਮਾ ਸ਼ਿਵ ਦਏ ਦੁਹਾਈਆ । ਕਰੋੜ ਤੇਤੀਸਾ ਹਾਹਾਕਾਰ, ਨਿਹਕਲੰਕੀ ਜੋਤ ਜਗਾਈਆ । ਨੀਲੀ ਛੱਤੋਂ ਆਇਆ ਬਾਹਰ, ਏਕਾ ਡੰਕ ਸ਼ਬਦ ਵਜਾਈਆ । ਰਾਜ ਰਾਜਾਨਾ ਸ਼ਾਹ ਸੁਲਤਾਨਾਂ ਕਰੇ ਖ਼ਬਰਦਾਰ, ਰਾਓ ਰੰਕਾ ਰਿਹਾ ਜਗਾਈਆ । ਗੋਬਿੰਦ ਗੋਬਿੰਦ ਗੋਬਿੰਦ ਤੇਰੀ ਧਾਰ, ਨਰ ਹਰਿ ਸਾਚਾ ਰਿਹਾ ਚਲਾਈਆ । ਪੁਰਖ ਅਗੰਮਾ ਪਰਗਟ ਹੋ ਵਿਚ ਸੰਸਾਰ, ਨੌਂ ਖੰਡ ਪ੍ਰਿਥਮੀ ਵੇਖ ਵਖਾਈਆ । ਸੱਤਾਂ ਦੀਪਾਂ ਮਾਰੇ ਮਾਰ, ਬ੍ਰਹਿਮੰਡ ਪਏ ਦੁਹਾਈਆ । ਲੱਖ ਚੁਰਾਸੀ ਨਾ ਕੋਈ ਦੀਸੇ ਮੀਤ ਮੁਰਾਰ, ਧਰਮ ਰਾਏ ਦੀ ਫਾਸੀ ਗਲ ਲਟਕਾਈਆ । ਗੁਰਮੁਖ ਵਿਰਲਾ ਸੰਤ ਸੁਹੇਲਾ ਉਤਰੇ ਪਾਰ, ਜੋ ਹਰਿ ਚਰਨ ਰਹੇ ਸੱਚੀ ਸਰਨਾਈਆ । ਕਲਜੁਗ ਮਾਇਆ ਮਮਤਾ ਬੱਧਾ ਭਾਰ, ਜੂਠ ਝੂਠ ਸਿਰ ਉਠਾਈਆ । ਚਾਰੋਂ ਕੁੰਟ ਕੂੜ ਕੁੜਿਆਰ, ਸੰਗ ਮੁਹੰਮਦ ਚਾਰ ਯਾਰ ਦਏ ਦੁਹਾਈਆ । ਈਸਾ ਮੂਸਾ ਹੋਏ ਖੁਆਰ, ਚੀਨਾ ਰੂਸਾ ਸੰਗ ਨਿਭਾਈਆ । ਕਰੇ ਖੇਲ ਕਲ ਕਰਤਾਰ, ਕੁਰਾਨ ਹਦੀਸਾ ਨਾ ਕੋਇ ਗਾਈਆ । ਜੋਧਾ ਸੂਰਾ ਵਡ ਬਲਕਾਰ, ਸ਼ਾਹ ਸੁਲਤਾਨਾਂ ਖ਼ਾਕ ਮਿਲਾਈਆ । ਲਹਿੰਦੀ ਦਿਸ਼ਾ ਲਹਿੰਦੀ ਧਾਰ, ਆਪੇ ਰਿਹਾ ਵਹਾਈਆ । ਅਮਾਮ ਮਹਿੰਦੀ ਜੋਤ ਉਜਿਆਰ, ਰੰਗ ਗੂੜ੍ਹਾ ਲਾਲ ਚੜ੍ਹਾਈਆ । ਅੰਜੀਲ ਕੁਰਾਨ ਇਕੱਠੀ ਹੋ ਹੋ ਬਹਿੰਦੀ, ਕਲਜੁਗ ਅੰਤਮ ਦਏ ਸਲਾਹੀਆ । ਪ੍ਰਭ ਦਾ ਭਾਣਾ ਅੰਤਮ ਸਹਿੰਦੀ, ਸੰਮਤ ਅਠਾਰਾਂ ਪਏ ਦੁਹਾਈਆ । ਉਤਮ ਨਬੀ ਰਸੂਲ ਦੀ ਏਕਾ ਗਾਹੇ ਗਹਿੰਦੀ, ਹਰਿ ਸਾਚੀ ਲਿਖਤ ਲਿਖਾਈਆ । ਲਾੜੀ ਮੌਤ ਆਪਣੀ ਹੱਥੀਂ ਲਾਏ ਮਹਿੰਦੀ, ਸਗਨਾ ਚੂੜਾ ਹੱਥੀਂ ਪਾਈਆ । ਧਰਮ ਰਾਏ ਨੂੰ ਉਠ ਉਠ ਕਹਿੰਦੀ, ਕਲਜੁਗ ਲਜ ਪਤ ਮੇਰੀ ਸ਼ਰਮ ਗੁਵਾਈਆ । ਮੈਂ ਦਰ ਘਰ ਤੇਰੇ ਮੂਲ ਨਾ ਬਹਿੰਦੀ, ਲੋਕਮਾਤ ਜਾਵਾਂ ਕਰ ਕਰ ਧਾਈਆ । ਰਸਨਾ ਉਠ ਉਠ ਮੂੰਹੋਂ ਕਹਿੰਦੀ, ਕੁਵਾਰ ਕੰਨਿਆਂ ਲਭਾਂ ਵਰ, ਲੱਖ ਚੁਰਾਸੀ ਏਕਾ ਨਾਉਂ ਤੇਰਾ ਜਵਾਈਆ । ਮਹੱਲ ਅਟੱਲ ਉਚ ਮੁਨਾਰ, ਆਪਣੀ ਅੱਖੀਂ ਵੇਖਾਂ ਜਾ ਜਾ ਢਹਿੰਦੀ, ਤੇਰਾ ਘਰ ਦਵਾਰ ਵਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੋ ਜਹਾਨਾਂ ਦੇ ਦੇ ਵਰ, ਧਰਤ ਮਾਤ ਰਹੀ ਕੁਰਲਾਈਆ । ਲਾੜੀ ਮੌਤ ਕਰ ਸ਼ਿੰਗਾਰ, ਦਰ ਰਾਏ ਧਰਮ ਪੁਕਾਰੇ । ਕਿਰਪਾ ਕਰ ਇਕ ਅਪਾਰ, ਪਰਗਟ ਵਿਚ ਸੰਸਾਰੇ । ਏਕਾ ਦੇ ਸਿਰ ਪਿਆਰ, ਮਾਰਾਂ ਜੀਵ ਜੰਤ ਗਵਾਰੇ । ਪਰਗਟ ਹੋਏ ਨਿਹਕਲੰਕ ਨਰਾਇਣ

ਨਰ ਅਵਤਾਰ, ਪਹਿਲਾਂ ਜਾ ਕਰਾਂ ਨਿਮਸਕਾਰੇ । ਸੰਬਲ ਨਗਰੀ ਧਾਮ ਅਪਾਰ, ਜਗੇ ਜੋਤ ਇਕ ਗਿਰਧਾਰੇ । ਗੌੜ ਬ੍ਰਹਿਮਣ ਪੂਤ ਪਿਆਰ, ਉਚੇ ਪਰਬਤ ਟਿੱਲੇ ਪੱਥਰ ਪਾੜੇ । ਪਰਗਟ ਹੋਏ ਏਕੰਕਾਰ, ਏਕਾ ਧਾਰ ਬੰਨ੍ਹੇ ਸੰਸਾਰੇ । ਇਕ ਕਰਾਏ ਸ਼ਬਦ ਜੈ ਕਾਰ, ਚਾਰੋਂ ਕੁੰਟ ਜੈ ਜੈ ਕਾਰੇ । ਵਰਨ ਬਰਨ ਨਾ ਦੀਸੇ ਚਾਰ ਵਰਨ ਨਾ ਮਿਲੇ ਢੋਈ, ਸ੍ਰਿਸ਼ਟ ਸਬਾਈ ਰਹੀ ਰੋਈ, ਹਰਿ ਬਿਨ ਅਵਰ ਨਾ ਦੀਸੇ ਕੋਈ, ਪੁਰਖ ਅਬਿਨਾਸ਼ੀ ਮੰਨ ਅਰਜੋਈ, ਦਰ ਸਾਚੇ ਰਹੀ ਪੁਕਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਮਤ ਸੰਮਤੀ ਦੇਵੇ ਵਰ, ਸੋਲਾਂ ਸੋਲਾਂ ਕਰ ਵਿਚਾਰ । ਦਰ ਘਰ ਸਾਚੇ ਕਰ ਸਲਾਹ, ਏਕਾ ਮਤਾ ਪਕਾਇਆ । ਪੁਰਖ ਅਬਿਨਾਸ਼ੀ ਜਗਤ ਮਲਾਹ, ਲੋਕਮਾਤ ਵਿਚ ਆਇਆ । ਜਨ ਭਗਤਾਂ ਦੱਸੇ ਸਾਚਾ ਰਾਹ, ਮਾਰਗ ਸਾਚਾ ਲਾਇਆ । ਪਕੜ ਉਠਾਏ ਫੜ ਫੜ ਬਾਂਹ, ਆਪਣਾ ਭੇਵ ਛੁਪਾਇਆ । ਆਪੇ ਪਿਤਾ ਆਪੇ ਮਾਂ, ਆਪ ਆਪਣੀ ਗੋਦ ਉਠਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖਾਂ ਦੇਵੇ ਸ਼ਬਦ ਵਰ, ਜੁਗ ਜੁਗ ਵਿਛੜੇ ਕਲਜੁਗ ਅੰਤਮ ਦਏ ਮਿਲਾਇਆ । ਜਗਤ ਵਿਛੋੜਾ ਕਟ, ਘਰ ਸੁਹਾਇੰਦਾ । ਦੂਈ ਦਵੈਤੀ ਮੇਟੇ ਫੱਟ, ਏਕਾ ਸਾਚਾ ਹੱਟ ਖੁਲ੍ਹਾਇੰਦਾ । ਆਤਮ ਜੋਤੀ ਲਟ ਲਟ, ਅੰਧ ਅੰਧੇਰ ਮਿਟਾਇੰਦਾ । ਹੋਏ ਪਰਕਾਸ਼ ਕਾਇਆ ਮਟ, ਘਟ ਘਟ ਨਜ਼ਰੀ ਆਇੰਦਾ । ਲੇਖਾ ਚੁੱਕੇ ਤੀਰਥ ਅਠ ਸਠ, ਕਾਇਆ ਸਰੋਵਰ ਆਤਮ ਅੰਮ੍ਰਿਤ ਇਕ ਵਖਾਇੰਦਾ । ਜੋਗ ਅਭਿਆਸ ਤਪ ਜਪ ਸਚਾ ਹਠ, ਗੁਰ ਚਰਨ ਪ੍ਰੀਤ ਰਖਾਇੰਦਾ । ਕਾਇਆ ਮੰਦਰ ਜੂਠਾ ਝੂਠਾ ਅੰਤਮ ਜਾਏ ਢੱਠ, ਨਾ ਫੇਰ ਕੋਇ ਬਣਾਇੰਦਾ । ਰਾਏ ਧਰਮ ਉਲਟੀ ਗੇੜੇ ਲੱਠ, ਕੁੰਭੀ ਵਾਸ ਰਖਾਇੰਦਾ । ਗੁਰ ਚਰਨ ਦਵਾਰੇ ਇਕ ਇਕੱਠ, ਹਰਿ ਸੰਗਤ ਮੇਲ ਮਿਲਾਇੰਦਾ । ਨਾ ਕੋਈ ਦੀਸੇ ਸ਼ਿਵਦਵਾਲਾ ਮੱਠ, ਆਪ ਆਪਣੀ ਦਇਆ ਕਮਾਇੰਦਾ । ਹਰਿ ਦਰਸ਼ਨ ਲੋਚਣ ਨੇਤਰ ਨੱਠ, ਨਿਜ ਆਤਮ ਰੂਪ ਵਟਾਇੰਦਾ । ਪੱਲੇ ਬੰਨੇ ਨਾਮ ਗੱਠ, ਦੋ ਜਹਾਨ ਸੰਗ ਰਖਾਇੰਦਾ । ਧੁਰ ਦਰਗਾਹੀ ਸਾਚੀ ਵੱਥ, ਏਕਾ ਨਾਮ ਰਖਾਇੰਦਾ । ਸਰਬ ਕਲਾ ਆਪੇ ਸਮਰਥ, ਦੰਡਣਹਾਰ ਸਰਬ ਅਖਵਾਇੰਦਾ । ਸਗਲ ਵਸੂਰੇ ਜਾਇਣ ਲੱਥ, ਘਰ ਘਰ ਮੰਦਰ ਅੰਦਰ ਜੋ ਜਨ ਦਰਸ਼ਨ ਪਾਇੰਦਾ । ਪੰਚ ਵਿਕਾਰਾ ਪਾਏ ਨੱਥ, ਡੋਰ ਆਪਣੇ ਹੱਥ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਵਿਛੜੇ ਮੀਤ ਮੁਰਾਰ, ਬਖ਼ਸ਼ਣਹਾਰ ਚਰਨ ਪਿਆਰ, ਹੋਏ ਉਧਾਰ ਪੰਚ ਵਿਕਾਰ ਹਰਿਜਨ ਭਾਂਡਾ ਭਰਮ ਭਉ ਭੰਨਾਇੰਦਾ । ਤੋੜ ਗੜ੍ਹ ਹੰਕਾਰ, ਕਾਇਆ ਗੜ੍ਹ ਭਰਮ ਭਉ ਕੱਢਿਆ । ਬਖ਼ਸ਼ੇ ਚਰਨ ਪਿਆਰ, ਪੰਚ ਵਿਕਾਰਾ ਹਰਿਜਨ ਵੱਢਿਆ । ਦੋ ਜਹਾਨੀ ਪਾਵੇ ਸਾਰ, ਸਾਚਾ ਮੇਲਾ ਮੀਤ ਮੁਰਾਰ, ਜੋਤੀ ਨੂਰ ਅਗੰਮ ਅਪਾਰ , ਸ਼ਬਦ ਧਾਰ ਲਡਾਵੇ ਲੱਡਿਆ । ਇਕ ਸੁਹਾਏ ਬੰਕ ਦਵਾਰ, ਹਰਿ ਹਰਿ ਸਾਚਾ ਸਾਜਣਹਾਰ, ਨਾ ਕੋਈ ਦੀਸੇ ਚਾਰ ਦਿਵਾਰ, ਨਾ ਪਾਈ ਉਪਰ ਛੱਤਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਮੇਲਾ ਇਕ ਘਰ, ਜੁਗ ਜੁਗ ਦੇ ਸਮਝਾਵੇ ਮੱਤਿਆ । ਮਤ ਬੁੱਧ ਮਨ ਤਨ ਵਿਚਾਰ, ਪ੍ਰਭ ਸਾਚੀ ਜੋਤ ਜਗਾਇਆ । ਪੰਚ ਤੱਤ ਝੂਠਾ ਵਣਜ ਵਪਾਰ, ਵਰਨ ਗੋਤ ਭਰਮ ਭੁਲਾਈਆ । ਸਾਚਾ ਸ਼ਬਦ ਹੱਟ ਵਣਜਾਰ, ਘਰ ਸਾਚੇ ਵਸਤ ਟਿਕਾਈਆ । ਨੌਂ ਖੰਡ ਦਰ ਜਗਤ ਮਾਇਆ ਪਸਰ ਪਸਾਰ, ਮੀਤ ਮੁਰਾਰ ਦਿਸ ਨਾ ਆਈਆ । ਸਰਬ ਜੀਆਂ ਦਾ ਸਾਂਝਾ ਯਾਰ, ਸ਼ਬਦ ਸਿੰਘਾਸਣ ਬੈਠਾ ਆਸਣ ਲਾਈਆ । ਆਪੇ ਬੈਠਾ ਕਰ ਬੰਦ ਕਿਵਾੜ, ਨਾ ਕੁੰਡਾ ਕੋਈ ਲਾਹੀਆ । ਪਹਿਰੇਦਾਰ ਪੰਚਮ ਧਾੜ, ਮਨਮੁਖ ਜੀਵ ਰਹੀ ਦੁਰਕਾਈਆ । ਗੁਰਮੁਖ ਸਾਚਾ


੭੭੮ ੦੫

ਸੰਤ ਸੁਹੇਲਾ ਆਏ ਦਰ ਦਰਬਾਰ, ਸ਼ਬਦ ਕਟਾਰ ਤਨ ਪਹਿਨਾਈਆ । ਚੋਰਾਂ ਯਾਰਾਂ ਠੱਗਾਂ ਕਰੇ ਖ਼ਬਰਦਾਰ, ਏਕਾ ਸੋਹਲਾ ਗੋਬਿੰਦ ਗੋਬਿੰਦ ਗੋਬਿੰਦ ਗਾਈਆ । ਪੁਰਖ ਅਬਿਨਾਸ਼ੀ ਖ਼ਬਰਦਾਰ, ਅੰਦਰ ਦੇਵੇ ਬੂਹਾ ਲਾਹੀਆ । ਭੀੜੀ ਗਲੀ ਰਾਹ ਅਪਾਰ, ਗੁਰ ਸ਼ਬਦੀ ਪਾਰ ਲੰਘਾਈਆ । ਆਪੇ ਹੋਏ ਪਿਛੇ ਅਗਾੜ, ਸਾਚਾ ਲਾੜਾ ਘੋੜ ਚੜ੍ਹਾਈਆ । ਦਰ ਘਰ ਸਾਚੇ ਦੇਵੇ ਵਾੜ, ਆਪ ਆਪਣੀ ਦਇਆ ਕਮਾਈਆ । ਵਾ ਲੱਗੇ ਨਾ ਤੱਤੀ ਹਾੜ, ਅੰਮ੍ਰਿਤ ਧਾਰਾ ਸੀਤਲ ਇਕ ਵਹਾਈਆ । ਨਾ ਕੋਈ ਦੀਸੇ ਬਹੱਤਰ ਨਾੜ, ਤਿੰਨ ਸੌ ਸੱਠ ਹਾਡੀ ਨਜ਼ਰ ਨਾ ਆਈਆ । ਨਾ ਕੋਈ ਦੀਸੇ ਜੰਗਲ ਜੂਹ ਉਜਾੜ ਪਹਾੜ, ਮਹੱਲ ਅਟੱਲ ਨਾ ਵੇਖ ਵਖਾਈਆ । ਜੋਤ ਸਰੂਪੀ ਇਕ ਅਕਾਰ, ਨੂਰੋ ਨੂਰ ਸੁਵਾਈਆ । ਸ਼ਬਦ ਡੰਕ ਧੁਨ ਅਨਾਹਦ ਵੱਜੇ ਸਾਚੀ ਤਾਰ, ਸ਼ਬਦ ਸੁਰੰਗਾ ਆਪ ਹਿਲਾਈਆ । ਸ਼ਬਦ ਸਿੰਘਾਸਣ ਬੈਠ ਸੱਚੀ ਸਰਕਾਰ, ਆਪੇ ਸੁਣਨੇਹਾਰ ਅਖਵਾਈਆ । ਰਾਗ ਨਾਦ ਨਾ ਪਾਵਣ ਸਾਰ, ਤਾਲ ਤਲਵਾੜਾ ਇਕ ਵਜਾਈਆ । ਧੁਰ ਦਰਗਾਹੀ ਦਰ ਸੱਚਾ ਦਰਬਾਰ, ਧਰਮ ਅਖਾੜਾ ਇਕ ਲਗਾਈਆ । ਜੋਤ ਨਿਰੰਜਣ ਕਰ ਤਿਆਰ, ਲੋਕਮਾਤ ਵਿਦਾ ਕਰਾਈਆ । ਲੱਖ ਚੁਰਾਸੀ ਪਸਰ ਪਸਾਰ, ਉਤਮ ਜ਼ਾਤੀ ਨਾਉਂ ਰਖਾਈਆ । ਬੂੰਦ ਸਵਾਂਤੀ ਠੰਡੀ ਧਾਰ, ਅੰਮ੍ਰਿਤ ਆਤਮ ਝੋਲੀ ਪਾਈਆ । ਦੀਪਕ ਜੋਤੀ ਕਰ ਉਜਿਆਰ, ਆਪਣੀ ਹੱਥੀਂ ਜੋਤ ਜਗਾਈਆ । ਸ਼ਬਦ ਨਾਦ ਅਪਰ ਅਪਾਰ, ਸਾਚਾ ਡੰਕ ਵਜਾਈਆ । ਦਸਮ ਦਵਾਰੀ ਮਹੱਲ ਉਸਾਰ, ਪ੍ਰਭ ਸਾਚੇ ਵਿਚ ਟਿਕਾਈਆ । ਚਾਰੋਂ ਕੁੰਟਾਂ ਬੰਦ ਕਿਵਾੜ, ਦਿਸ ਕਿਸੇ ਨਾ ਆਈਆ । ਸ਼ਬਦ ਸਰੂਪੀ ਕਰ ਕਰ ਵਾੜ, ਆਪੇ ਬੰਦ ਕਰਾਈਆ । ਸੁਰਤੀ ਲਾਏ ਏਕਾ ਪਾੜ, ਆਤਮ ਨਾਮ ਰਖਾਈਆ । ਪਰਮ ਆਤਮ ਤੇਰੀ ਧਾਰ, ਉਪਰ ਨੀਚੇ ਆਈਆ । ਨੌਂ ਦਵਾਰੇ ਖੋਲ੍ਹੇ ਬਾਹਰ, ਨੌਂ ਖੰਡ ਖੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਬ੍ਰਹਿਮੰਡ ਵੰਡ ਵੰਡਾਈਆ । ਨੌਂ ਦਵਾਰੇ ਜਗਤ ਨਾਤਾ, ਪ੍ਰਭ ਸਾਚੇ ਮਾਤ ਰਖਾਇਆ । ਲੱਖ ਚੁਰਾਸੀ ਦਿਤੀ ਦਾਤਾ, ਵਿਕਾਰ ਹੰਕਾਰ ਅਕਾਰ ਜੂਠਾ ਝੂਠਾ ਪਸਰ ਪਸਾਰ, ਪੱਲੇ ਗੰਢ ਬੰਨ੍ਹਾਇਆ । ਆਪੇ ਵਸਿਆ ਹਰਿ ਹਰਿ ਬਾਹਰ, ਮਾਇਆ ਮਮਤਾ ਜਗਤੀ ਧਾਰ, ਕਾਮ ਕਰੋਧ ਲੋਭ ਮੋਹ ਹੰਕਾਰ ਚੁਕਾਇਆ । ਨੌਂ ਦਵਾਰੇ ਵੇਖੇ ਗੁਪਤ ਜ਼ਾਹਿਰ, ਕੋਈ ਨਾ ਪਾਵੇ ਕਿਸੇ ਸਾਰ, ਜੀਵ ਜੰਤ ਫਿਰੇ ਹਲਕਾਇਆ । ਗੁਰਮੁਖ ਵਿਰਲਾ ਉਤਰੇ ਪਾਰ, ਜਿਸ ਜਨ ਬਖ਼ਸ਼ੇ ਚਰਨ ਪਿਆਰ, ਆਤਮ ਸਾਂਤਕ ਸਤਿ ਵਰਤਾਇਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਹਰਿਜਨ ਮੇਲਾ ਸਚ ਘਰ, ਏਕਾ ਤੱਤ ਰਿਹਾ ਬੁਝਾਇਆ । ਸ਼ਬਦ ਗਿਆਨ ਸਚ ਤੱਤ, ਧੁਰ ਦਰਗਾਹੀ ਬਾਣ । ਬਹੱਤਰ ਨਾੜ ਨਾ ਉਬਲੇ ਰਤ, ਸਾਚਾ ਮੇਲਾ ਸ੍ਰੀ ਭਗਵਾਨ । ਆਪੇ ਰੱਖਣਹਾਰਾ ਪਤ, ਹਰਿ ਹਰਿ ਵਾਲੀ ਦੋ ਜਹਾਨ । ਸ਼ਬਦ ਤਨ ਨਗਾਰ ਲਾਏ ਸੱਟ, ਦੁਰਮਤ ਮੈਲ ਪ੍ਰਭ ਸਾਚਾ ਕੱਟ, ਜੋ ਜਨ ਰਸਨਾ ਹਰਿ ਗੁਣ ਗਾਨ । ਨੂਰ ਉਜਾਲਾ ਆਪ ਕਰਾਏ ਗੁਰ ਗੋਪਾਲਾ ਹਰਿ ਜੋਤੀ ਲਟ ਲਟ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਿਸ ਜਨ ਦੇਵੇ ਸ਼ਬਦ ਵਰ, ਜਗਤ ਤੋੜੇ ਮੋਹ ਜੰਜਾਲ । ਘਰ ਆ ਸੰਤ ਵਣਜਾਰਿਆ, ਕਰ ਆਪਣੀ ਬੁੱਧ ਬਿਬੇਕ । ਖੋਲ੍ਹ ਆਪਣਾ ਬੰਦ ਕਿਵਾੜਿਆ, ਤਨ ਲੱਗਾ ਮਾਇਆ ਸੇਕ । ਪੰਜਾਂ ਚੋਰਾਂ ਆਪ ਲਤਾੜਿਆ, ਗੁਰ ਪੂਰੇ ਨਾ ਦਿਤੀ ਟੇਕ । ਮਾਇਆ ਮਮਤਾ ਲੱਗਾ ਅਖਾੜਿਆ, ਨਾ ਮਿਲਿਆ ਏਕਾ ਏਕ । ਏਕਾ ਤਨ ਹੰਕਾਰੀ ਵਾ ਤੱਤੀ ਹਾੜਿਆ, ਗੁਰ ਸ਼ਬਦ ਨਾ ਧਰਿਆ ਭੇਖ । ਦਰ ਘਰ ਸਾਚੇ ਕਿਸੇ ਨਾ ਵਾੜਿਆ, ਨੇਤਰ ਲੋਚਨ ਦਰਸ ਨਾ ਲਿਆ ਪੇਖ । ਫਿਰੇ ਕਾਇਆ ਪਿੰਡ ਜੰਗਲ

ਜੂਹ ਉਜਾੜਿਆ, ਬ੍ਰਹਿਮੰਡ ਨਾ ਲਿਆ ਵੇਖ । ਬਹੱਤਰ ਨਾੜੀ ਮਮਤਾ ਸਾੜਿਆ, ਮਸਤਕ ਉਘੜੀ ਨਾ ਅਜੇ ਰੇਖ । ਗੁਰ ਘਰ ਨਾ ਬਣਿਆ ਸਾਚਾ ਲਾੜਿਆ, ਸਾਚੀ ਆਇਆ ਨਾ ਸਾਇਆ ਹੇਠ । ਚਿੱਟੇ ਘੋੜੇ ਕਿਸੇ ਨਾ ਚਾੜ੍ਹਿਆ, ਕੌੜਾ ਹੋਇਆ ਕਾਇਆ ਰੇਠ । ਅਨਾਦ ਵੱਜੇ ਤਾਲ ਤਲਵਾੜਿਆ, ਨਾ ਕੋਈ ਵੇਖੇ ਅਨ ਅਨਡੀਠ । ਜੋਤੀ ਜੋਤ ਸਰੂਪ ਹਰਿ, ਏਕਾ ਪੁੱਛੇ ਸਚ ਘਰ, ਕਵਣ ਦਰਵਾਜ਼ਾ ਗਰੀਬ ਨਿਵਾਜਾ ਸਾਜਣ ਸਾਚਾ ਅਨਹਦ ਮਾਰੇ ਅਵਾਜਾ, ਗੁਰਮੁਖ ਸਾਚੇ ਵੇਖ ਲੇਖ । ਕਵਣ ਦਰਵਾਜਾ ਖੋਲ੍ਹ, ਅਵਾਜ ਲਗਾਇੰਦਾ । ਕਵਣ ਸ਼ਬਦ ਬੋਲ, ਮਰਦੰਗ ਵਜਾਇੰਦਾ । ਅਨਹਦ ਰੱਖਿਆ ਕਿਥੇ ਢੋਲ, ਕਵਣ ਤਾਲ ਲਗਾਇੰਦਾ । ਕਵਣ ਢੋਲ ਪੁਲਾੜਾ ਰਿਹਾ ਬੋਲ, ਉਪਰ ਕਾਇਆ ਖਲੜੀ ਲਾਇੰਦਾ । ਬਹੱਤਰ ਨਾੜੀ ਪਾਈ ਨੱਥ ਵਿੱਚੋਂ ਰੱਖਿਆ ਪੋਲ, ਕੋਇ ਨਾ ਕੁੰਡਾ ਲਾਹਿੰਦਾ । ਕੋਟਨ ਵਸਤ ਜਨ ਤੇਰੇ ਕੋਲ, ਜਨ ਸਾਚਾ ਪੁੱਛ ਪੁਛਾਇੰਦਾ । ਕਵਣ ਦਰ ਆਤਮ ਘਰ ਸ਼ਬਦ ਅਨਹਦ ਟੰਗਿਆ ਢੋਲ, ਕਿਸ ਹੱਥ ਸਮਰਥ ਵਜਾਇੰਦਾ । ਆਪਣਾ ਪਰਦਾ ਆਪੇ ਖੋਲ੍ਹ, ਗੁਰ ਪੂਰੇ ਅੱਗੇ ਰਸਨਾ ਬੋਲ, ਨਿਸ਼ਅੱਖਰ ਵੱਖਰ ਨਾ ਕੋਇ ਜਣਾਇੰਦਾ । ਬਜਰ ਕਪਾਟੀ ਅਜੇ ਨਾ ਪਾਟਾ ਪੱਥਰ, ਪੰਜਾਂ ਚੋਰਾਂ ਪਿਆ ਸੱਥਰ, ਗੁਰ ਪੂਰਾ ਨਾ ਗੋਦ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਏਕਾ ਪੁਛੇ ਸਚ ਘਰ, ਨੌਂ ਦਵਾਰੇ ਫੋਲ ਫੁਲਾਇੰਦਾ । ਕਵਣ ਦਰ ਗੁਰਮੁਖ ਤੇਰਾ ਰਚਿਆ ਮਾਤ ਕਾਜਾ । ਕਵਣ ਦਰ ਮਿਲੇ ਸ਼ਬਦ ਸੱਚਾ ਸਾਜਣ ਸਾਜਾ । ਕਵਣ ਹਰਿ ਰਖੇ ਲਾਜਨ ਲਾਜਾ । ਕਵਣ ਸਰ ਤੀਰਥ ਨੁਹਾਏ, ਦੁਰਮਤ ਜਾਏ ਮੈਲ ਭਾਜਾ । ਕਵਣ ਦਰ ਢੋਲ ਮਰਦੰਗ ਵਜਾਏ, ਅਨਹਦ ਅਨਾਹਦ ਧੁਨ ਆਤਮਕ ਪਰਮ ਪਰਮਾਤਮਕ ਗੁਣ ਗੰਭੀਰ, ਸ਼ਬਦ ਚੋਟੀ ਚੜ੍ਹ ਅਖ਼ੀਰ, ਕੋਈ ਤੱਤ ਨਾ ਦੀਸੇ ਗੁਰ ਪੀਰ, ਕਵਣ ਡੰਕਾ ਕਵਣ ਵੇਖ ਨਾ ਪਾਏ, ਰਾਓ ਰੰਕਾਂ ਸ਼ਾਹ ਫ਼ਕੀਰ ਦਸਤਗੀਰ ਭੇਵ ਨਾ ਰਾਏ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਕਾਇਆ ਮੰਦਰ ਸਾਚੇ ਅੰਦਰ ਅਟੱਲ ਮੁਨਾਰ ਹੋ ਤਿਆਰ ਡੰਕ ਅਪਾਰ ਕਵਣ ਕੂਟੇ ਰਿਹਾ ਵਾਜਾ । ਕਵਣ ਕੂਟ ਕਾਇਆ ਮਹੱਲ ਅਪਾਰ, ਪ੍ਰਭ ਅਨਹਦ ਸ਼ਬਦ ਵਜਾਈਆ । ਪੰਚਮ ਮੀਤਾ ਪੰਚਮ ਯਾਰ ਪੰਚਮ ਜਾਣੇ ਸਾਚੀ ਰੀਤਾ, ਪੰਚਮ ਧੁਨੀ ਧੁਨਕਾਰ ਸੁਣਾਈਆ । ਪੰਚਮ ਸੁਣਾਏ ਰਾਗ ਅਤੀਤਾ, ਪੰਚਮ ਕਰੇ ਪਤਤ ਪੁਨੀਤਾ, ਪੰਚਾਂ ਪੰਚ ਹਰਿ ਹਰਿ ਜੀਤਾ, ਪੰਚਮ ਪੰਚਾਂ ਸੀਤਲ ਸੀਤਾ, ਪੰਚਮ ਦੇਵੇ ਸਾਚੀ ਧਾਰਾ, ਤਾਲ ਤਲਵਾੜਾ ਇਕ ਅਖਾੜਾ, ਪੰਚ ਸ਼ਬਦ ਧੁਨ ਨਾਦ ਅਪਰ ਅਪਾਰਾ, ਆਪ ਵਜਾਏ ਵਾਰੋ ਵਾਰਾ, ਪੁਰਖ ਅਬਿਨਾਸ਼ੀ ਕਰ ਪਿਆਰਾ, ਕਵਣ ਸੁ ਵੇਲੇ ਬੰਨੇ ਧਾਰਾ, ਬੱਤੀ ਦੰਦ ਨਾ ਗਾਏ ਰਸਨ ਹਲਕਾਈਆ । ਆਤਮ ਹੋਈ ਅੰਧ, ਭੇਵ ਨਾ ਰਾਈਆ । ਗੁਰ ਸ਼ਬਦ ਨਾ ਚੜ੍ਹਿਆ ਚੰਦ, ਸੀਤਲ ਧਾਰ ਨਾ ਕਿਸੇ ਵਹਾਈਆ । ਜੀਵੜਾ ਭਾਗਾਂ ਮੰਦ, ਆਤਮ ਘਰ ਨਾ ਵੱਜੀ ਵਧਾਈਆ । ਮਾਇਆ ਮਮਤਾ ਫੱਸਿਆ ਝੂਠੇ ਧੰਦ, ਗੁਰ ਪੂਰੇ ਕੰਡ ਵਖਾਈਆ । ਸੁਰਤ ਸੁਵਾਣੀ ਹੋਈ ਰੰਡ, ਸਾਚਾ ਕੰਤ ਦਿਸ ਨਾ ਆਈਆ । ਭੇਵ ਨਾ ਜਾਣੇ ਕੋਈ ਬ੍ਰਹਿਮੰਡ, ਨਾ ਜੀਓ ਪਿੰਡ ਤਜਾਈਆ । ਪੰਜ ਚੋਰ ਨਾ ਹੋਏ ਖੰਡ ਖੰਡ, ਜੇਰਜ ਅੰਡ ਉਤਭੁਜ ਸੇਤਜ ਖਾਣੀ ਚਾਰੇ ਆਪ ਭੁਵਾਈਆ । ਸ਼ਬਦ ਨਾਮ ਗੁਰ ਪੂਰਾ ਰਿਹਾ ਵੰਡ, ਗੁਰਮੁਖ ਆਤਮ ਅੰਦਰ ਆਪ ਟਿਕਾਈਆ । ਆਪਣੀ ਹੱਥੀਂ ਦੇਵੇ ਗੰਢ, ਨਾ ਸਕੇ ਕੋਈ ਖੁਲ੍ਹਾਈਆ । ਜੀਵਾਂ ਜੰਤਾਂ ਭਰਮਾਂ ਚੁੱਕੀ ਸਿਰ ਝੂਠੀ ਪੰਡ, ਰਸਨਾ ਪੜ੍ਹ ਪੜ੍ਹ ਵਾਦ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਪੁਛੇ ਤੇਰਾ ਘਰ, ਕਵਣ ਦਰਵਾਜਾ ਗਰੀਬ ਨਿਵਾਜਾ ਅੰਦਰ ਬੈਠਾ ਲਾਈਆ । ਬੰਦ ਦਰਵਾਜਾ

ਜਿਸ ਕਰਾਇਆ । ਕਵਣ ਸਿੰਘਾਸਣ ਡੇਰਾ ਲਾਇਆ । ਕਵਣ ਮੰਡਲ ਪਾਵੇ ਰਾਸਨ, ਕਵਣ ਵੇਖੇ ਪ੍ਰਿਥਮੀ ਆਕਾਸਨ, ਕਾਇਆ ਵਿਚ ਪੁਲਾੜ
ਰਖਾਇਆ । ਮਨਮੁਖ ਜੀਵ ਜੰਤ ਵਿਨਾਸਨ, ਨਾ ਹੋਏ ਕੋਏ ਸਹਾਇਆ । ਕਲਜੁਗ ਮਾਇਆ ਲੱਗੀ ਤਨ ਬਸੰਤਰ, ਗੁਰ ਸ਼ਬਦ ਨਾ ਪਾਇਆ
ਸਾਚਾ ਮੰਤਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਪੁੱਛੇ ਤੇਰਾ ਘਰ, ਕਵਣ ਮਹੱਲ ਇਕ ਰਖਾਇਆ । ਸਚ ਮਹੱਲ
ਸਚ ਦਵਾਰ, ਪ੍ਰਭ ਤੇਰੇ ਵਿਚ ਟਿਕਾਈਆ । ਨਾ ਕੋਈ ਦੀਸੇ ਚਾਰ ਦਿਵਾਰ, ਉਪਰ ਛੱਤ ਦਿਸ ਨਾ ਆਇਆ । ਨਾ ਕੋਈ ਚੰਦ ਸੂਰਜ ਨਾ ਤਾਰਾ
ਮੰਡਲ ਕਰੇ ਆਕਾਰ, ਆਕਾਸ਼ ਆਕਾਸ਼ੀ ਹਰਿ ਸਮਾਇਆ । ਗੁਰ ਪੂਰੇ ਧੁਰ ਚਰਨ ਧਰਵਾਸ, ਜਿਸ ਦਸ ਮਾਸ ਗਰਭਵਾਸ ਸਿਰ ਤੇਰੇ ਹੱਥ ਟਿਕਾਇਆ ।
ਆਪ ਨਾ ਵਸਿਆ ਆਸ ਪਾਸ, ਕਾਇਆ ਮੰਡਲ ਨਾ ਪਾਈ ਰਾਸ ਸ਼ਬਦ ਨਾ ਚਲਿਆ ਵਿਚ ਸਵਾਸ ਸਰਗੁਣ ਨਿਰਗੁਣ ਭੇਵ ਨਾ ਪਾਇਆ । ਲੇਖੇ
ਲੱਗਾ ਨਾ ਹੱਡ ਚੰਮ ਨਾੜੀ ਮਾਸ, ਹਰਿ ਸ਼ਬਦ ਨਾ ਹੋਏ ਦਾਸੀ ਦਾਸ, ਮਿਲਿਆ ਮੇਲ ਨਾ ਹਰਿ ਸਰਬ ਗੁਣਤਾਸ, ਤ੍ਰਿਸ਼ਨਾ ਆਸ ਨਾ ਮਾਤ ਬੁਝਾਇਆ ।
ਰਸਨ ਵਿਕਾਰਾ ਲੱਗੀ ਪਿਆਸ, ਗੁਰ ਸ਼ਬਦ ਵਸਤ ਨਾ ਰਹੀ ਪਾਸ, ਜੋਤੀ ਜੋਤ ਸਰੂਪ, ਗੁਰਸਿਖ ਪੁੱਛੇ ਤੇਰਾ ਇਕ ਘਰ, ਕਵਣ ਦਵਾਰੇ ਆਸਣ
ਲਾਇਆ । ਸਚ ਘਰ ਆਸਣ ਲਾ, ਵੇਖ ਤਮਾਸ਼ਿਆ । ਕੀ ਜਗਤ ਕੋਲੋਂ ਪੁੱਛੇ ਰਾਹ, ਜੀਆਂ ਜੰਤਾਂ ਕਲਜੁਗ ਮਾਇਆ ਫਾਸ ਫਾਸਿਆ । ਗੁਰ
ਸ਼ਬਦੀ ਅੰਦਰ ਮਲਾਹ, ਫੜ ਫੜ ਬਾਹੋਂ ਰਾਹੇ ਰਿਹਾ ਪਾ, ਨੇਤਰ ਤੀਜਾ ਦਏ ਖੁਲ੍ਹਾ, ਸਾਚੀ ਜੋਤ ਕਰੇ ਪਰਕਾਸ਼ਿਆ । ਆਪੇ ਪੁਰਖ ਅਗੰਮੜਾ
ਬੇਪਰਵਾਹ ਅਥਾਹ, ਹੋਏ ਸਹਾਈ ਸਭਨੀ ਥਾਂ, ਇਕ ਜਪਾਏ ਸਾਚਾ ਨਾਂ, ਨਿੱਝ ਘਰ ਆਤਮ ਰੱਖੇ ਵਾਸਿਆ । ਆਪੇ ਪਿਤਾ ਆਪੇ ਮਾਂ, ਜੋਤੀ
ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਸਿਖ ਤੇਰਾ ਪੁੱਛੇ ਇਕ ਘਰ, ਕਵਣ ਚਲੇ ਪਵਣ ਸੁਵਾਸਿਆ । ਮਹਿੰਮਾ ਅਗਾਧ ਬੋਧ ਸ਼ਬਦ
ਭੰਡਾਰ ਭਰਪੂਰ ਹੈ । ਦੇਵਣਹਾਰ ਦਾਤਾਰ, ਜੋ ਆਏ ਚਲ ਹਜ਼ੂਰ ਹੈ । ਸਹਿੰਸਾ ਰੋਗ ਦਏ ਨਿਵਾਰ, ਸ਼ਬਦ ਉਪਜਾਏ ਸਾਚੀ ਤੂਰ ਹੈ । ਨਿਰਮਲ
ਜੋਤ ਕਰ ਆਕਾਰ, ਜਿਸ ਜਾਣੋ ਦੂਰਨ ਦੂਰ ਹੈ । ਸਦ ਰੱਖੇ ਵਿਚ ਪਸਾਰ, ਜਗਤ ਨਾਤਾ ਕੂੜੋ ਕੂੜ ਹੈ । ਸਚ ਮੇਲਾ ਪੁਰਖ ਭਤਾਰ, ਜਨ
ਲਾਹੇ ਮਸਤਕ ਧੂੜ ਹੈ । ਖੋਲ੍ਹੇ ਬੰਦ ਕਿਵਾੜ, ਕਾਇਆ ਚਾੜ੍ਹੇ ਰੰਗ ਗੂੜ੍ਹ ਹੈ । ਲੱਖ ਚੁਰਾਸੀ ਉਤਰੇ ਪਾਰ, ਮਨਮੁਖ ਨਾ ਜਾਣੇ ਮੂੜ੍ਹ ਹੈ ।
ਨਿਹਕਲੰਕ ਲਿਆ ਅਵਤਾਰ, ਲੱਖ ਚੁਰਾਸੀ ਪੀੜੇ ਵੇਲਣੇ ਬੂੜ ਹੈ । ਸ਼ਬਦ ਡੰਕ ਅਪਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ,
ਸ੍ਰਿਸ਼ਟ ਸਬਾਈ ਵੇਖ ਵਖਾਏ, ਲੱਖ ਚੁਰਾਸੀ ਆਤਮ ਅੰਦਰ ਮੰਦਰ ਕਾਇਆ ਪਾਵੇ ਸਾਰ ਹੈ । ਆਏ ਦਰ ਦਵਾਰ, ਬਣ ਸਵਾਲੀਆ । ਪ੍ਰਭ ਦੇਵੇ
ਪੈਜ ਸਵਾਰ, ਆਤਮ ਜੋਤ ਜਗੇ ਅਕਾਲੀਆ । ਮੇਲ ਮਿਲਾਏ ਮੀਤ ਮੁਰਾਰ, ਮਿਟੇ ਰੈਣ ਅੰਧੇਰੀ ਕਾਲੀਆ । ਸ਼ਬਦ ਘੋੜੇ ਹੋ ਅਸਵਾਰ, ਦਿਵਸ
ਰੈਣ ਕਰੇ ਰਖਵਾਲੀਆ । ਫੜ ਫੜ ਬਾਹੋਂ ਲਾਏ ਪਾਰ, ਦੋ ਜਹਾਨਾਂ ਵਾਲੀਆ । ਆਪੇ ਅੰਦਰ ਆਪੇ ਬਾਹਰ, ਆਪੇ ਗੁਪਤ ਆਪੇ ਜਾਹਿਰ, ਦੋਵੇਂ
ਹੱਥਾਂ ਰਖੇ ਖਾਲੀਆ । ਸ਼ਬਦ ਕਰਾਏ ਇਕ ਜੈਕਾਰ, ਗੁਰਮੁਖ ਸਾਚੇ ਕਰ ਪਿਆਰ, ਘਰ ਆਤਮ ਵੱਜੇ ਤਾਲੀਆ । ਜੋਤੀ ਜੋਤ ਸਰੂਪ ਹਰਿ,
ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਸ਼ਬਦ ਵਰ, ਫਲ ਲਗਾਏ ਕਾਇਆ ਡਾਲੀਆ । ਕਾਇਆ ਡਾਲੀ ਫਲ ਲਗਾਉਣਾ, ਪ੍ਰਭ ਦਰਸ਼ਨ
ਨੇਤਰ ਪਾਇਆ । ਆਪ ਆਪਣਾ ਮਨ ਸਮਝਾਉਣਾ, ਗੁਰ ਚਰਨ ਚਿੱਤ ਲਾਇਆ । ਭਾਂਡਾ ਭਰਮ ਭੰਨ ਵਖਾਉਣਾ, ਗੁਰ ਸ਼ਬਦ ਹਥੌੜਾ ਹੱਥ

ਫੜਾਇਆ । ਆਪਣਾ ਬੇੜਾ ਬੰਨ੍ਹ ਵਖਾਉਣਾ, ਸਾਚਾ ਰਾਗ ਕੰਨ ਸੁਣਾਇਆ । ਸ਼ਬਦ ਸਿੰਘਾਸਣ ਇਕ ਵਿਛਾਉਣਾ, ਸੁਰਤ ਸੁਵਾਣੀ ਆਸਣ ਲਾਉਣਾ, ਸ਼ਬਦ ਮਿਲਾਵਾ ਕੰਤ ਕਰਾਉਣਾ, ਦੋਵਾਂ ਸਾਂਝਾ ਪਿਆਰ ਕਰਾਉਣਾ, ਏਕਾ ਰੰਗ ਰੰਗਾਇਆ । ਪਵਣ ਉਨੰਜਾ ਛਤਰ ਝੁਲਾਉਣਾ, ਸ਼ਬਦ ਬਵੰਜਾ ਧਾਰ ਰਖਾਉਣਾ, ਗੁਰ ਭਗਤ ਅਕਵੰਜਾ ਨਾਲ ਰਲਾਉਣਾ, ਸਵੇਰ ਸੰਝ ਇਕ ਵਖਾਉਣਾ, ਸੂਰਜ ਚੰਦ ਕੋਈ ਦਿਸ ਨਾ ਆਉਣਾ, ਰਸਨਾ ਗੰਦ ਨਾ ਰਸ ਵਖਾਉਣਾ, ਪਰਮਾਨੰਦ ਵਿਚ ਸਮਾਉਣਾ, ਬੱਤੀ ਦੰਦ ਲੇਖ ਮਿਟਾਉਣਾ, ਏਕਾ ਸ਼ਬਦ ਸੁਹਾਗੀ ਛੰਦ ਪੁਰਖ ਅਬਿਨਾਸ਼ੀ ਆਪਣਾ ਆਪ ਸੁਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਿਸ ਜਨ ਦੇਵੇ ਸ਼ਬਦ ਵਰ, ਖ਼ੁਸ਼ੀ ਖ਼ੁਸ਼ੀ ਬੰਦ ਬੰਦ ਕਰਾਇਆ । ਜਗਤ ਨਿਸ਼ਾਨੀ ਨਾਮ ਹੈ, ਭਗਤ ਵਣਜਾਰਿਆ । ਜਗਤ ਵਣਜ ਨਾ ਆਏ ਕਾਮ ਹੈ, ਕੂੜੋ ਕੂੜ ਪਸਾਰਿਆ । ਏਕਾ ਏਕ ਸੱਚਾ ਦਾਮ ਹੈ, ਦੋ ਜਹਾਨੀ ਪਾਰ ਵਖਾਵੇ ਇਕ ਕਿਨਾਰਿਆ । ਕਲਜੁਗ ਰੈਣ ਅੰਧੇਰੀ ਸ਼ਾਮ ਹੈ, ਨਾ ਦੇਵੇ ਕੋਈ ਸਹਾਰਿਆ । ਅੰਮ੍ਰਿਤ ਆਤਮ ਏਕਾ ਜਾਮ ਹੈ, ਮਦਿ ਮਮਤਾ ਪੀਵਣ ਹਾਰਿਆ । ਨਿਸ਼ਅੱਖਰ ਵੱਖਰ ਏਕਾ ਨਾਮ ਹੈ, ਪ੍ਰਭ ਆਪਣਾ ਆਪ ਵਖਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਸ਼ਬਦ ਵਰ, ਧੁਰ ਸੰਜੋਗ ਸੰਜੋਗੀ ਮੇਲ ਮਿਲਾ ਰਿਹਾ । ਸਤਿਜੁਗ ਤੇਰੀ ਸਾਚੀ ਧਾਰ, ਸਤਿ ਪੁਰਖ ਮਾਤ ਚਲਾਈਆ । ਜੁਗ ਜੁਗ ਜਾਣੇ ਆਪਣੀ ਕਾਰ, ਸਾਚਾ ਧਾਮ ਸੁਹਾਈਆ । ਜੁਗ ਜੁਗ ਹੋਵੇ ਪਹਿਰੇਦਾਰ, ਸ਼ਬਦ ਪਹਿਰਾ ਇਕ ਲਗਾਈਆ । ਜੁਗ ਜੁਗ ਹੋਵੇ ਲਹਿਣੇਦਾਰ, ਲੱਖ ਚੁਰਾਸੀ ਹਿਸਾਬ ਮੁਕਾਈਆ । ਜੁਗ ਜੁਗ ਹੋਵੇ ਕਹਿਣੇਹਾਰ, ਸ਼ਬਦ ਸੁਨੇਹੜਾ ਇਕ ਘਲਾਈਆ । ਜੁਗ ਜੁਗ ਵਰਤੇ ਵਿਚ ਸੰਸਾਰ, ਜੁਗ ਜੁਗ ਭੇਖ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੇ ਰੰਗ ਸਮਾਈਆ । ਸਤਿਜੁਗ ਤੇਰਾ ਸਾਚਾ ਰੰਗ, ਹਰਿ ਸਾਚਾ ਮਾਤ ਚੜ੍ਹਾਇੰਦਾ । ਧਰਤ ਮਾਤ ਦਰ ਮੰਗੀ ਮੰਗ, ਸੋਇਆ ਪੂਤ ਆਪ ਉਠਾਇੰਦਾ । ਸ਼ਬਦ ਸਰੋਵਰ ਦੇਵੇ ਗੰਗ, ਜਨ ਭਗਤਾਂ ਤਨ ਵਹਾਇੰਦਾ । ਆਪੇ ਹੋਏ ਅੰਗ ਸੰਗ, ਗਹਿਰ ਗੰਭੀਰ ਸਾਗਰ ਅਖਵਾਇੰਦਾ । ਮਾਇਆ ਮਮਤਾ ਕਰੇ ਭੰਗ, ਸਾਂਤਕ ਸਾਂਤਕ ਸਾਂਤ ਵਰਤਾਇੰਦਾ । ਹਰਿ ਸ਼ਬਦ ਡੋਰੀ ਬੰਨ੍ਹ ਪਤੰਗ, ਰਾਜ ਰਾਜਾਨਾ ਸ਼ਾਹ ਸੁਲਤਾਨਾ ਵੇਖ ਵਖਾਇੰਦਾ । ਸੋਹੰ ਵਜਾਏ ਇਕ ਮਰਦੰਗ, ਸਤਿਜੁਗ ਸਾਚੀ ਚੋਟ ਨਗਾਰੇ ਲਾਇੰਦਾ । ਭਰਮਾਂ ਢਾਹੇ ਦੂਜੀ ਕੰਧ, ਬਰਨ ਅਠਾਰਾਂ ਵਰਨ ਚਾਰ ਏਕਾ ਰੰਗ ਰੰਗਾਇੰਦਾ । ਸਰਬ ਜੀਆਂ ਆਪੇ ਬਖ਼ਸ਼ੰਦ, ਜੁਗ ਜੁਗ ਧਰਮ ਚਲਾਇੰਦਾ । ਜਨ ਭਗਤਾਂ ਖ਼ੁਸ਼ੀ ਕਰੇ ਬੰਦ ਬੰਦ, ਰਸਨਾ ਗੋਬਿੰਦ ਗੀਤ ਸੁਣਾਇੰਦਾ । ਸਤਿਜੁਗ ਸਾਚਾ ਚੜ੍ਹਿਆ ਚੰਦ, ਭਾਰਤ ਖੰਡ ਅੰਧੇਰ ਮਿਟਾਇੰਦਾ । ਸੰਤ ਸੁਹੇਲਾ ਗਾਏ ਬੱਤੀ ਦੰਦ, ਸੰਝ ਸਵੇਰ ਇਕ ਵਖਾਇੰਦਾ । ਜੋ ਜਨ ਤਜਾਏ ਮਦਿਰਾ ਮਾਸ ਗੰਦ, ਹਰਿ ਸਾਚੇ ਘਰ ਵਸਾਇੰਦਾ । ਇਕ ਸੁਣਾਏ ਸੁਹਾਗੀ ਛੰਦ, ਗੁਰਮੁਖ ਨਾਰੀ ਕਾਜ ਰਚਾਇੰਦਾ । ਮੇਟਣਹਾਰਾ ਭੇਖ ਪਖੰਡ, ਸ਼ਬਦ ਚੰਡ ਹੱਥ ਉਠਾਇੰਦਾ । ਸਚ ਵਸਤ ਪ੍ਰਭ ਦੇਵੇ ਵੰਡ, ਹਰਿ ਭਗਤਾਂ ਝੋਲੀ ਪਾਇੰਦਾ । ਜੋਤ ਨਿਰੰਜਣ ਦੇਵੇ ਗੰਢ, ਪੱਲੂ ਕਿਸੇ ਦਿਸ ਨਾ ਆਇੰਦਾ । ਅੰਦਰ ਮੰਦਰ ਰੱਖੇ ਠੰਢ, ਧਾਰਾ ਅੰਮ੍ਰਿਤ ਸੀਰ ਪਿਆਇੰਦਾ । ਸੁਰਤ ਸੁਵਾਣੀ ਨਾ ਹੋਏ ਰੰਡ, ਸੰਤ ਸੁਹਾਗੀ ਕੰਤ ਮਿਲਾਇੰਦਾ । ਖੇਲੇ ਖੇਲ ਵਿਚ ਬ੍ਰਹਿਮੰਡ, ਜੇਰਜ ਅੰਡ ਆਪ ਸਮਾਇੰਦਾ । ਆਪੇ ਸੁੱਤਾ ਦੇ ਕਰ ਕੰਡ, ਆਤਮ ਸੇਜਾ ਇਕ ਹੰਢਾਇੰਦਾ । ਚਲੇ ਚਾਲ ਇਕ ਬੇਢੰਗ, ਅਚਰਜ ਆਪਣੀ ਰੀਤ ਰਖਾਇੰਦਾ । ਨੌਂ ਦਵਾਰੇ ਆਪੇ ਲੰਘ, ਕਾਇਆ

੭੮੨ ੦੫

ਮੰਦਰ ਮਸੀਤ ਗੁਰੁਦਵਾਰ ਸਚ ਸੁਹਾਇੰਦਾ । ਸੁਖਮਨ ਤੇਰਾ ਡੂੰਘਾ ਪੰਧ, ਸ਼ਬਦ ਘੋੜੇ ਆਪ ਦੁੜਾਇੰਦਾ । ਮੇਟ ਮਿਟਾਏ ਧੁੰਧੂਕਾਰ ਅੰਧ, ਗਿਆਨ ਪਰਕਾਸ਼ ਇਕ ਕਰਾਇੰਦਾ । ਆਤਮ ਉਪਜੇ ਪਰਮਾਨੰਦ, ਬ੍ਰਹਮ ਬ੍ਰਹਮ ਰੂਪ ਸਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿਜੁਗ ਤੇਰਾ ਸਾਚਾ ਰਾਹ, ਸ਼ਬਦ ਸਰੂਪੀ ਬਣ ਮਲਾਹ, ਲੋਕਮਾਤ ਚਲਾਇੰਦਾ । ਸਤਿਜੁਗ ਤੇਰੀ ਮਤ, ਸਚ ਸੁੱਚ ਰਿਹਾ ਵਰਤਾ । ਪ੍ਰਭ ਏਕਾ ਰੱਖੇ ਤੱਤ, ਮਿਟੇ ਲੋਭ ਹੰਕਾਰਿਆ । ਨਾਮ ਬੰਧਾਏ ਧੀਰਜ ਯਤ, ਸਤਿ ਸੰਤੋਖੀ ਸ਼ਬਦ ਸੁਹਾ ਰਿਹਾ । ਦੁਰਮਤ ਮੈਲ ਦੇਵੇ ਕਟ, ਤਨ ਨਿਰਮਲ ਜੋਤ ਕਰ ਅਕਾਰਿਆ । ਚੌਦਾਂ ਲੋਕਾਂ ਇਕ ਵਖਾਏ ਸਾਚਾ ਹੱਟ, ਗੁਰ ਸ਼ਬਦੀ ਭਰੇ ਭੰਡਾਰਿਆ । ਵੇਖੇ ਖੇਲ ਕਾਇਆ ਮਟ, ਬਾਜ਼ੀਗਰ ਨਟ ਭਰਮ ਭੁਲਾ ਰਿਹਾ । ਕਲਜੁਗ ਅੰਤਮ ਜੀਆਂ ਜੰਤਾਂ ਦੂਈ ਦਵੈਤੀ ਲੱਗਾ ਫੱਟ, ਨਾ ਕੋਈ ਮੇਟ ਮਿਟਾ ਰਿਹਾ । ਪੁਰਖ ਅਬਿਨਾਸ਼ੀ ਵਸੇ ਘਟ ਘਟ, ਘਟ ਅੰਤਰ ਸਰਬ ਜਣਾ ਰਿਹਾ । ਲੱਖ ਚੁਰਾਸੀ ਫਿਰ ਫਿਰ ਥੱਕੀ ਤੀਰਥ ਤਟ, ਤਟ ਕਿਨਾਰਾ ਦਿਸ ਨਾ ਆ ਰਿਹਾ । ਜਗੀ ਜੋਤ ਨਾ ਆਤਮ ਲਟ, ਉਚੇ ਟਿੱਲੇ ਮੰਦਰ ਫਿਰਾ ਰਿਹਾ । ਕੋਟਨ ਬਹਿ ਬਹਿ ਥੱਕੇ ਜਟਾ ਜੂਟ ਧਾਰ ਜੱਟ, ਆਤਮ ਨੂਰ ਨਾ ਕੋਇ ਉਪਾ ਰਿਹਾ । ਤਨ ਲੰਗੋਟੀ ਬੰਨੀ ਬੈਠੇ ਕੋਟਨ ਪਟ, ਮਨਸਾ ਪੂਰ ਨਾ ਕੋਇ ਅਖਵਾ ਰਿਹਾ । ਸੂਰਜ ਦੇਵਤਾ ਪਾਣੀ ਕੋਟਨ ਰਹੇ ਝਟ, ਆਤਮ ਤ੍ਰਿਸ਼ਨਾ ਨਾ ਕੋਇ ਬੁਝਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿਜੁਗ ਤੇਰਾ ਸਾਚਾ ਰਾਹ ਏਕਾ ਏਕ ਵਖਾ ਰਿਹਾ । ਸਤਿਜੁਗ ਤੇਰਾ ਸਤਿ ਸਤਿਵਾਦ, ਪ੍ਰਭ ਸਾਚੇ ਹੱਥ ਵਡਿਆਈਆ । ਵੇਖੇ ਖੇਲ ਵਿਚ ਬ੍ਰਹਿਮਾਦ, ਆਦਿ ਜੁਗਾਦਿ ਬਣਤ ਬਣਾਈਆ । ਧੁਨ ਆਤਮਕ ਵੱਜੇ ਸਾਚਾ ਨਾਦ, ਵਜਾਵਣਹਾਰ ਆਪ ਅਖਵਾਈਆ । ਸੋਹੰ ਸ਼ਬਦ ਦੇਵੇ ਸਾਚੀ ਦਾਦ, ਪਤਤ ਪਾਵਨ ਹਰਿ ਰਘੁਰਾਈਆ । ਦਿਵਸ ਰੈਣ ਸਦ ਰੱਖਣਾ ਯਾਦ, ਅੰਤਮ ਵੇਲੇ ਹੋਏ ਸਹਾਈਆ । ਵੇਖਣਹਾਰਾ ਕਰਮ ਕਾਂਡ, ਕੁਕਰਮਾਂ ਮੇਟ ਮਿਟਾਈਆ । ਸਾਚਾ ਧਰਮ ਵਿਚ ਬ੍ਰਹਿਮਾਂਡ, ਲੋਆਂ ਪੁਰੀਆਂ ਆਪ ਚਲਾਈਆ । ਰਚਨ ਰਚਾਏ ਹਰਿ ਨੌਂ ਖਾਂਡ, ਨੌਂ ਖੰਡਾਂ ਸ਼ਬਦ ਜਣਾਈਆ । ਸੱਤਾਂ ਦੀਪਾਂ ਦੇਵੇ ਵਾਂਡ, ਆਪਣੀ ਹੱਥੀਂ ਵੰਡਾਂ ਪਾਈਆ । ਲੱਖ ਚੁਰਾਸੀ ਵੇਖੇ ਕਾਇਆ ਭਾਂਡ, ਆਤਮ ਵਸਤੂ ਕਵਣ ਟਿਕਾਈਆ । ਕਵਣ ਦਵਾਰੇ ਵਰਤੇ ਠਾਂਢ, ਅੰਮ੍ਰਿਤ ਆਤਮ ਮੁਖ ਚੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿਜੁਗ ਤੇਰਾ ਸਾਚਾ ਦਰ, ਆਪੇ ਆਪ ਰਿਹਾ ਖੁਲ੍ਹਾਈਆ । ਸਤਿਜੁਗ ਤੇਰਾ ਸਾਚਾ ਮਤ, ਪ੍ਰਭ ਸਾਚਾ ਮਾਤ ਧਰਾਏ । ਸੰਤਾਂ ਭਗਤਾਂ ਰੱਖੇ ਪਤ, ਪਤ ਪਤਵੰਤਾ ਆਪ ਅਖਵਾਏ । ਸਰਬ ਜੀਆਂ ਜਾਣੇ ਮਿਤ ਗਤ, ਘਟ ਘਟ ਮੇਂ ਰਿਹਾ ਸਮਾਏ । ਇਕ ਚਲਾਏ ਸਾਚਾ ਰਥ, ਰਥਵਾਹੀ ਆਪ ਅਖਵਾਏ । ਸਤਿਜੁਗ ਤੇਰੀ ਸਾਚੀ ਗਥ, ਸੋਹੰ ਨਾਮ ਰਖਾਏ । ਮਸਤਕ ਟਿੱਕਾ ਲਾਏ ਮੱਥ, ਕੌਸਤਕ ਮਨੀ ਡਗਮਗਾਏ । ਲੇਖਾ ਚੁਕੇ ਸੀਆਂ ਸਾਢੇ ਤਿੰਨ ਹੱਥ, ਸਮਰਥ ਦਇਆ ਕਮਾਏ । ਏਕਾ ਜਾਪ ਅਕਥਨਾ ਅਕਥ, ਕੋਈ ਕਥ ਨਾ ਸਕੇ ਰਾਏ । ਸਗਲ ਵਸੂਰੇ ਜਾਇਣ ਲੱਥ, ਜੋ ਹਰਿਜਨ ਹਰਿ ਹਰਿ ਦਰਸ਼ਨ ਪਾਏ । ਜਗਤ ਵਿਕਾਰਾ ਦੇਵੇ ਮਥ, ਸ਼ਬਦ ਮਧਾਣਾ ਤਨ ਟਿਕਾਏ । ਛਾਛ ਵਿਰੋਲ ਉਪਰ ਕਰੇ ਇਕੱਠ, ਅਗਨੀ ਜੋਤੀ ਡਾਹੇ ਮੱਠ, ਉਲਟੇ ਗੇੜੇ ਗੇੜ ਲੱਠ, ਗੁਰਮੁਖ ਸਚ ਵਿਰੋਲ ਵਖਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਦੇਵੇ ਸਾਚਾ ਵਰ, ਏਕਾ ਸੋਹੰ ਢੋਲ ਮਰਦੰਗ ਵਜਾਏ । ਸਤਿਜੁਗ ਵੱਜੇ ਢੋਲ ਮਰਦੰਗ, ਚਾਰੋਂ ਕੁੰਟ ਜੈ ਜੈਕਾਰਿਆ । ਜੀਆਂ ਜੰਤਾਂ ਸਾਧਾਂ

ਸੰਤਾਂ ਇਕ ਚੜ੍ਹਾਏ ਨਾਮ ਰੰਗ, ਸਾਚਾ ਵਣਜ ਕਰਾਏ ਹਰਿ ਵਾਪਾਰਿਆ । ਸ਼ਬਦ ਘੋੜੇ ਕਸ ਤੰਗ, ਆਪੇ ਵੇਖੇ ਵਾਰੋ ਵਾਰਿਆ । ਸ਼ਬਦ ਰੰਗੀਲਾ ਸਚ ਪਲੰਘ, ਆਤਮ ਸੇਜਾ ਇਕ ਸੁਹਾ ਰਿਹਾ । ਆਪੇ ਅੰਦਰ ਜਾਏ ਲੰਘ, ਆਪਣੀ ਹੱਥੀਂ ਕੁੰਡਾ ਲਾ ਰਿਹਾ । ਮਾਨ ਸਰੋਵਰ ਸਾਚਾ ਗੰਗ, ਸਾਚਾ ਤੀਰਥ ਨੁਹਾਵਣ ਨੁਹਾ ਰਿਹਾ । ਅਨਾਦ ਅਨਾਦਾ ਵੱਜੇ ਮਰਦੰਗ, ਸੁਨ ਸਮਾਧੀ ਆਪ ਤੁੜਾ ਰਿਹਾ । ਆਪੇ ਹੋਏ ਅੰਗ ਸੰਗ, ਬੋਧ ਅਗਾਧੀ ਸ਼ਬਦ ਜਣਾ ਰਿਹਾ । ਏਕਾ ਚਾਲ ਚਲੇ ਬੇਹੰਗ, ਸਾਚੇ ਪੌੜੇ ਆਪ ਚੜ੍ਹਾ ਰਿਹਾ । ਵਡ ਦਾਤਾ ਸੂਰਾ ਸਰਬੰਗ, ਮਿੱਠਾ ਕੌੜਾ ਵੇਖ ਵਖਾ ਰਿਹਾ । ਮਾਨਸ ਦੇਹੀ ਨਾ ਹੋਏ ਭੰਗ, ਜੋ ਜਨ ਗੁਰ ਚਰਨੀ ਚਿਤ ਲਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਸਰੂਪੀ ਦੇਵੇ ਵਰ, ਸਤਿਜੁਗ ਤੇਰੀ ਬਣਤ ਬਣਾ ਰਿਹਾ । ਸਤਿਜੁਗ ਬਣਤ ਬਣਾਏ, ਸਖੀ ਸੁਲਤਾਨਿਆ । ਵੇਦ ਪੁਰਾਨ ਅੰਜੀਲ ਕੁਰਾਨ ਨਾ ਕੋਈ ਗਾਏ, ਏਕਾ ਨਾਮ ਜਪੇ ਜਪਾਏ ਸ੍ਰੀ ਭਗਵਾਨਿਆ । ਆਪੇ ਵਰਤੇ ਹਰਿ ਹਰ ਥਾਂਏ, ਖਾਣੀ ਬਾਣੀ ਵੇਖ ਵਖਾਏ, ਸ਼ਬਦ ਜਣਾਏ ਸਾਚੀ ਬਾਣੀਆ । ਪ੍ਰਿਥਮੀ ਆਕਾਸ਼ ਵਾਸ ਰਖਾਏ, ਪਰਮ ਆਤਮਾ ਪਰਮਾਤਮਾ ਵਿਚ ਸਮਾਏ, ਬ੍ਰਹਮ ਬ੍ਰਹਮ ਰੂਪ ਪਰਕਾਸ਼ੀਆ । ਪੂਰਨ ਆਸ ਸਰਬ ਕਰਾਏ, ਸ਼ਬਦ ਧਰਵਾਸ ਇਕ ਧਰਾਏ, ਨਾ ਕੋਈ ਦੀਸੇ ਮਦਿਰਾ ਮਾਸੀਆ । ਪੰਡਤ ਕਾਸ਼ੀ ਗਿਆਨ ਗਵਾਏ, ਇਕ ਧਿਆਨ ਚਰਨ ਹਰਿ ਰਘੁਰਾਏ, ਦੂਸਰ ਕੋਇ ਨਾ ਆਏ, ਘਰ ਮੇਲਾ ਸਚ ਨਿਵਾਸੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿਜੁਗ ਸਾਚੇ ਦੇਵੇ ਵਰ, ਦੇ ਮਤ ਮਾਤ ਸਮਝਾਈਆ । ਸਤਿਜੁਗ ਮਤ ਜਗਤ ਜੋਗ, ਜੁਗਤ ਆਪਣੇ ਹੱਥ ਰਖਾਈਆ । ਨਾ ਕਦੇ ਹਿਰਖ ਨਾ ਕਦੇ ਸੋਗ, ਹਰਿ ਭਗਤ ਸਦਾ ਵਡਿਆਈਆ । ਪ੍ਰਭ ਦੇਵਣਹਾਰਾ ਦਰਸ ਅਮੋਘ, ਏਕਾ ਸ਼ਬਦ ਚੋਗ ਚੁਗਾਈਆ । ਏਕਾ ਮੇਲਾ ਧੁਰ ਸੰਜੋਗ, ਜੁਗ ਜੁਗ ਵਿਛੜੇ ਆਪ ਮਿਲਾਈਆ । ਆਪੇ ਕੱਟਣਹਾਰਾ ਰੋਗ, ਰਸਨਾ ਭੋਗ ਇਕ ਕਰਾਈਆ । ਜਗਤ ਵਿਛੋੜਾ ਚੁਕੌਂ ਵਿਜੋਗ, ਪ੍ਰਭ ਦਰ ਦਰਸ ਦਵਾਰੇ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿਜੁਗ ਸਾਚੇ ਦੇਵੇ ਵਰ, ਆਪ ਆਪਣੀ ਦਇਆ ਕਮਾਈਆ । ਸਤਿਜੁਗ ਤੇਰਾ ਸਾਚਾ ਯਤ, ਪ੍ਰਭ ਜੀਵਣ ਜੁਗਤ ਬਤਾਈਆ । ਗਊ ਗਰੀਬਾਂ ਰੱਖਣੀ ਪਤ, ਦੇ ਮਤ ਰਿਹਾ ਸਮਝਾਈਆ । ਰਾਜਾ ਰਾਣਾ ਕੋਈ ਨਾ ਪੀਵੇ ਕਿਸੇ ਰਤ, ਮਦਿਰਾ ਮਾਸ ਨਾ ਕੋਈ ਰਸਨਾ ਲਾਈਆ । ਇਕ ਚੜ੍ਹਾਉਣਾ ਸਾਚੇ ਰਥ, ਊਚਾਂ ਨੀਚਾਂ ਭੇਵ ਮਿਟਾਈਆ । ਸ਼ਬਦ ਚਲਾਉਣੀ ਸਾਚੀ ਗੱਥ, ਸੋਹੰ ਸੋ ਦਏ ਵਡਿਆਈਆ । ਚਰਨ ਦਵਾਰੇ ਇਕ ਇਕੱਠ, ਅਠ ਸਠ ਤੀਰਥ ਗੰਗਾ ਗੋਦਾਵਰੀ ਦਏ ਦੁਹਾਈਆ । ਕਲਜੁਗ ਵਿਕਾਰਾ ਚਾਰੋਂ ਕੁੰਟ ਰਿਹਾ ਨੱਠ, ਜੂਠ ਝੂਠ ਫਿਰੇ ਹਲਕਾਈਆ । ਨਾ ਕੋਈ ਦੀਸੇ ਸ਼ਿਵਦਵਾਲਾ ਮੱਠ, ਮੰਦਰ ਅੰਦਰ ਪੰਡਤ ਪਾਂਧਾ ਮਾਇਆ ਤ੍ਰਿਸ਼ਨ ਵਧਾਈਆ । ਹਰਿ ਚਰਨ ਸਰਨ ਇਕ ਇਕੱਠ, ਗੁਰ ਮੰਤਰ ਸ਼ਬਦ ਗੁਣ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿਜੁਗ ਸਾਚੇ ਦੇਵੇ ਵਰ, ਸਤਿ ਸੰਤੋਖੀ ਧਾਰ ਬੰਨ੍ਹਾਈਆ । ਸਤਿਜੁਗ ਤੇਰਾ ਸਾਚਾ ਹੱਠ, ਘਰ ਸਾਚੇ ਆਪ ਨਿਭਾਵਣਾ । ਪੱਲੇ ਬੰਨ੍ਹੇ ਨਾਮ ਗੱਠ, ਲੋਕਮਾਤੀ ਗੰਢ ਖੁਲ੍ਹਾਵਣਾ । ਗੁਰ ਚਰਨ ਦਵਾਰੇ ਜੋ ਜਨ ਜਾਏ ਢੱਠ, ਫੜ ਬਾਹੋਂ ਪਾਰ ਕਰਾਵਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਸਾਚਾ ਦੇਵੇ ਵਰ, ਸਭ ਥਾਈਂ ਹੋਏ ਸਹਾਰਨਾ । ਸਤਿਜੁਗ ਸਾਚੇ ਵਰ ਘਰ ਪਾਇਆ, ਤਨ ਮਨ ਵੱਜੀ ਵਧਾਈ । ਪੁਰਖ ਅਬਿਨਾਸ਼ੀ ਦਇਆ ਕਮਾਇਆ, ਧਰਤ ਮਾਤ ਸੋਈ ਆਪ ਉਠਾਈ । ਸਾਚਾ

੭੮੪
੦੫

੭੮੫


ਮਾਰਗ ਇਕ ਵਖਾਇਆ, ਸਾਚੀ ਗੋਦੀ ਦਏ ਟਿਕਾਈ । ਸ਼ਬਦ ਹੁਲਾਰਾ ਇਕ ਕਰਾਇਆ, ਆਲਸ ਨਿੰਦਰਾ ਮਗਰੋਂ ਲਾਹੀ । ਪਾਰ ਕਿਨਾਰਾ ਇਕ ਵਖਾਇਆ, ਦੋ ਜਹਾਨਾਂ ਫੜ ਫੜ ਬਾਹੀਂ । ਵਰਨ ਗੋਤ ਕੋਈ ਰਹਿਣ ਨਾ ਪਾਇਆ, ਊਚਾਂ ਨੀਚਾਂ ਏਕਾ ਰੰਗ ਸਮਾਈ । ਸਚ ਸਰਨਾਈ ਜੋ ਜਨ ਆਇਆ, ਆਪ ਆਪਣੀ ਗੋਦ ਉਠਾਈ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਸਾਚੇ ਦਿਤਾ ਵਰ, ਵਡ ਦਾਤਾ ਜੋਧਾ ਜੋਧ ਸੂਰ ਹੋਏ ਸਭਨੀ ਥਾਈਂ । ਕਲਜੁਗ ਉਠ ਨਿਧਾਨ, ਸੋਇਆ ਜਾਗਿਆ । ਹਰਿ ਦਰਸ ਕਰ ਮਿਹਰਵਾਨ, ਨਿਰਮਲ ਜੋਤ ਜਗੀ ਚਿਰਾਗਿਆ । ਸ਼ਬਦ ਮਿਲਿਆ ਇਕ ਬਲਵਾਨ, ਲੋਕਮਾਤ ਆਵੇ ਭਾਗਿਆ । ਮੇਟ ਮਿਟਾਏ ਜੀਵ ਸ਼ੈਤਾਨ, ਕਲਜੁਗ ਧੋਵੇ ਕਾਲਾ ਦਾਗ਼ਿਆ । ਇਕ ਝੁਲਾਏ ਧਰਮ ਨਿਸ਼ਾਨ, ਗੁਰਮੁਖ ਹੰਸ ਬਣਾਏ ਕਾਗਿਆ । ਗੁਣਵੰਤਾ ਹਰਿ ਗੁਣ ਨਿਧਾਨ, ਜਗਤ ਬੁਝਾਏ ਤ੍ਰਿਸ਼ਨਾ ਆਗਿਆ । ਪੰਚਮ ਮੀਤਾ ਪੰਚ ਪਰਧਾਨ, ਪੰਚ ਸੁਣਾਏ ਸਾਚਾ ਰਾਗਿਆ । ਪੰਚਮ ਜੋਤੀ ਇਕ ਮਹਾਨ, ਪੰਚਮ ਫਿਰੇ ਵਿਚ ਵੈਰਾਗਿਆ । ਪੰਚਮ ਗੋਲੀ ਇਕ ਮਕਾਨ, ਪੰਚਮ ਸਚ ਸਰਨ ਸਰਨਾਈ ਲਾਗਿਆ । ਪੰਚਮ ਮੀਤਾ ਇਕ ਧਿਆਨ, ਪੰਚਮ ਉਪਜਾਏ ਇਕ ਵੈਰਾਗਿਆ । ਪੰਚਮ ਅਤੀਤ ਹਰਿ ਭਗਵਾਨ, ਹੱਥ ਪਕੜੇ ਆਪਣੇ ਵਾਗਿਆ । ਮੰਦਰ ਮਸੀਤ ਕੋਈ ਨਾ ਦੀਸੇ ਵਿਚ ਜਹਾਨ, ਕਲਜੁਗ ਢਾਏ ਹਰਿ ਸ਼ਬਦ ਫੇਰ ਸੁਹਾਗਿਆ । ਏਕਾ ਗੁਣ ਜੀਵ ਜੰਤ ਸਭ ਗਾਨ, ਸੋਹੰ ਪ੍ਰਭ ਸੁਰਤ ਲਗਾਏ ਜਾਗਿਆ । ਏਕਾ ਰਾਗ ਉਪਜੇ ਕਾਨ, ਕਾਸ਼ੀ ਅਯੁਧਿਆ ਜਗਤ ਪਰਾਗਿਆ । ਨਾ ਕੋਈ ਖਾਏ ਪੂਜਾ ਧਾਨ, ਗ੍ਰੰਥੀ ਪੰਥੀ ਪੰਡਤ ਪਾਂਧਾ ਕੋਈ ਨਾ ਫਿਰੇ ਦਰ ਦਰ ਭਾਗਿਆ । ਏਕਾ ਏਕ ਸ੍ਰੀ ਭਗਵਾਨ, ਜੋਤ ਜਗਾਏ ਮਾਤ ਮਹਾਨ, ਸ਼ਬਦ ਝੁਲਾਏ ਇਕ ਨਿਸ਼ਾਨ, ਸਤਿਜੁਗ ਸੋਇਆ ਮਾਤ ਜਾਗਿਆ । ਗੁਰਮੁਖਾਂ ਬਖ਼ਸ਼ੇ ਚਰਨ ਧਿਆਨ, ਆਤਮ ਸੁੱਖਾ ਮਿਟੇ ਦੁੱਖਾ ਦਰ ਘਰ ਸਾਚੇ ਮਿਲੇ ਮਾਣ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਦੇਵੇ ਸਾਚਾ ਵਰ, ਸਾਚਾ ਰਾਹ ਵਖਾਨਿਆ । ਸਤਿਜੁਗ ਤੇਰਾ ਸਾਚਾ ਰਥ, ਪ੍ਰਭ ਸਾਚੇ ਆਪ ਚਲਾਵਣਾ । ਸਰਬ ਕਲਾ ਆਪ ਸਮਰਥ, ਸਭ ਘਟ ਮੇਂ ਡੇਰਾ ਲਾਵਣਾ । ਆਪੇ ਲੇਖਾ ਲਿਖਣਹਾਰਾ ਮਥ, ਮਸਤਕ ਰੇਖਾ ਫੋਲ ਵਖਾਵਣਾ । ਗੁਰਮੁਖ ਸਾਚੇ ਲਏ ਰੱਖ, ਫੜ ਬਾਹੋਂ ਉਪਰ ਚੜ੍ਹਾਵਣਾ । ਸ੍ਰਿਸ਼ਟ ਸਬਾਈ ਪਾਏ ਨੱਥ, ਮਨਮੁਖਾਂ ਜੀਵਾਂ ਰਾਏ ਧਰਮ ਦਰ ਫਿਰਾਵਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਸਾਚੇ ਦੇਵੇ ਵਰ, ਸਿਰ ਆਪਣਾ ਹੱਥ ਟਿਕਾਵਣਾ । ਹਰ ਘਟ ਵਸਿਆ ਆਪ, ਜੋਤ ਜਗਾਈਆ । ਸ੍ਰਿਸ਼ਟ ਸਬਾਈ ਮਾਈ ਬਾਪ, ਸ਼ਬਦ ਜਣਾਈਆ । ਆਪੇ ਜਾਣੇ ਆਪਣਾ ਆਪ, ਦਿਸ ਕਿਸੇ ਨਾ ਆਈਆ । ਜੁਗ ਜੁਗ ਵਡ ਪਰਤਾਪ, ਲੋਕਮਾਤ ਬਣਤ ਬਣਾਈਆ । ਆਪ ਜਪਾਏ ਸਾਚਾ ਜਾਪ, ਅਜਪਾ ਜਾਪ ਭੇਵ ਨਾ ਰਾਈਆ । ਮੇਟ ਮਿਟਾਏ ਤੀਨੋ ਤਾਪ, ਗੁਰਮੁਖਾਂ ਹਉਮੇ ਰੋਗ ਗਵਾਈਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਆਪਣੇ ਹੱਥ ਰੱਖੇ ਵਡਿਆਈਆ । ਜੁਗ ਜੁਗ ਧਾਰੇ ਭੇਖ, ਦਇਆ ਕਮਾਇੰਦਾ । ਸ੍ਰਿਸ਼ਟ ਸਬਾਈ ਵੇਖ, ਨੌਂ ਦਵਾਰੇ ਫੋਲ ਫੁਲਾਇੰਦਾ । ਹਰਿ ਭਗਤ ਸੁਹੇਲਾ ਨੇਤਰ ਨੈਣ ਲੋਚਣ ਸਾਚੇ ਵੇਖ, ਦਰਸ ਦਰਸ ਵਖਾਇੰਦਾ । ਆਪੇ ਪਰਖਣਹਾਰਾ ਮਸਤਕ ਸਾਚੀ ਰੇਖ, ਜੁਗ ਜੁਗ ਵਿਛੜੇ ਮੇਲ ਮਿਲਾਇੰਦਾ । ਨਾ ਕੋਈ ਜਾਣੇ ਔਲੀਆ ਪੀਰ ਸ਼ੇਖ਼, ਸੰਗ ਮੁਹੰਮਦ ਚਾਰ ਯਾਰ ਦਰ ਫਿਰਾਇੰਦਾ । ਜੋਤ ਨਿਰੰਜਣ ਅਵੱਲੜਾ ਭੇਖ, ਸ਼ਬਦ ਖੰਡਾ ਹੱਥ ਫੜਾਇੰਦਾ । ਕਲਜੁਗ ਅੰਤਮ ਮੇਟੇ ਰੇਖ, ਭੇਖ ਪਖੰਡਾ ਨਸ਼ਟ ਕਰਾਇੰਦਾ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਮੇਲ ਸਾਚੇ ਸੰਤ ਦੁਲਾਰ, ਨਿਰਮਲ ਜੋਤੀ ਕਰ ਅਕਾਰ, ਏਕਾ ਭਰਿਆ ਸ਼ਬਦ ਭੰਡਾਰ, ਦਰ ਦਵਾਰੇ ਬੰਕ ਸੁਹਾਇੰਦਾ । ਸੋਹੇ ਬੰਕ ਦਵਾਰ, ਗੁਰਮੁਖ ਚਤੁਰ ਸੁਘੜ ਸਿਆਣਿਆਂ । ਸਾਚਾ ਮੇਲਾ ਮੀਤ ਮੁਰਾਰ, ਚਲੇ ਚਲਾਏ ਆਪਣੇ ਭਾਣਿਆ । ਕਲਗੀ ਤੋੜਾ ਨਾਮ ਦਸਤਾਰ, ਸ਼ਬਦ ਬਾਜ ਜਗਤ ਉਡਾਰਿਆ । ਚਿੱਟੇ ਅਸਵ ਹੋ ਅਸਵਾਰ, ਨੀਲੀ ਛੱਤੋਂ ਆਏ ਬਾਹਰਿਆ । ਸਤਿ ਪੁਰਖ ਨਿਰੰਜਣ ਸਾਚਾ ਹਰਿ, ਸਤਿ ਸਤਿਵਾਦੀ ਸਾਚੀ ਬਣਤ ਬਣਾ ਰਿਹਾ । ਅਗੰਮ ਅਗੰਮਾ ਵੇਖ ਵਿਚਾਰ, ਨਾੜੀ ਚੰਮਾ ਭਾਗ ਲਗਾ ਰਿਹਾ । ਸ਼ਬਦ ਡੰਕ ਅਪਰ ਅਪਾਰ, ਕਲਜੁਗ ਅੰਤਮ ਪਾਰ ਉਤਾਰਿਆ । ਰਾਓ ਰੰਕਾਂ ਕਰੇ ਖ਼ਬਰਦਾਰ, ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਭੇਵ ਚੁਕਾ ਰਿਹਾ । ਚਾਰ ਵਰਨਾਂ ਇਕ ਪਿਆਰ, ਊਚਾਂ ਨੀਚਾਂ ਰੰਗ ਰੰਗਾ ਰਿਹਾ । ਦਰ ਘਰ ਬੈਠ ਸੱਚੀ ਸਰਕਾਰ, ਸ਼ਬਦ ਸਿੰਘਾਸਣ ਡੇਰਾ ਲਾ ਰਿਹਾ । ਲੋਆਂ ਪੁਰੀਆਂ ਪਾਵੇ ਸਾਰ, ਬ੍ਰਹਮਾ ਸ਼ਿਵ ਆਪ ਉਲਟਾ ਰਿਹਾ । ਕਰੋੜ ਤੇਤੀਸਾ ਦਰ ਭਿਖਾਰ, ਸੁਰਪਤ ਰਾਜਾ ਇੰਦ ਦਰ ਪੁਕਾਰਿਆ । ਪਰਗਟ ਹੋਏ ਹਰਿ ਦਾਤਾ ਜੋਧਾ ਸੂਰਾ ਮਰਗਿੰਦ, ਨਿਹਕਲੰਕਾ ਨਾਉਂ ਰਖਾ ਰਿਹਾ । ਭਾਗ ਲਗਾਏ ਭਾਰਤ ਖੰਡੀ ਵਿਚ ਹਿੰਦ ਨੌਂਵਾਂ ਖੰਡਾਂ ਖੰਡ ਕਰਾ ਰਿਹਾ । ਸੱਤਾਂ ਦੀਪਾਂ ਇਕ ਬਣਾਏ ਸਾਚੀ ਬਿੰਦ, ਭੇਖ ਪਖੰਡਾ ਜਗਤ ਮਿਟਾ ਰਿਹਾ । ਜਨ ਭਗਤਾਂ ਮਿਟਾਏ ਸਗਲੀ ਚਿੰਦ, ਦਰਸ ਅਮੋਘਾ ਧੁਰ ਸੰਜੋਗਾ ਆਪਣਾ ਮੇਲ ਮਿਲਾ ਰਿਹਾ । ਅੰਮ੍ਰਿਤ ਆਤਮ ਧਾਰ ਵਹਾਏ ਸਾਗਰ ਸਿੰਧ, ਬਜਰ ਕਪਾਟੀ ਪਰਦਾ ਲਾ ਰਿਹਾ । ਵਡ ਦਾਤਾ ਗੁਣੀ ਗਹਿੰਦ, ਕਾਇਆ ਮੰਦਰ ਸਾਚੇ ਅੰਦਰ ਸ਼ਬਦ ਸਿੰਘਾਸਣ ਜੋਤ ਬਿਰਾਜੇ, ਦਿਸ ਕਿਸੇ ਨਾ ਆ ਰਿਹਾ । ਨਾ ਕੋਈ ਜਾਣੇ ਗੋਰਖ ਮਛੰਦਰ, ਉਚੇ ਟਿੱਲੇ ਬਹਿ ਬਹਿ ਰੋ ਰੋ ਧਾਂਹੀ ਮਾਰ ਰਿਹਾ । ਕੋਈ ਨਾ ਤੋੜੇ ਆਤਮ ਵੱਜਾ ਜੰਦਰ, ਪੰਚਮ ਪੰਚਾਂ ਹੱਥ ਫੜਾ ਰਿਹਾ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਭਾਗ ਲਗਾਏ ਕਾਇਆ ਡੂੰਘੀ ਕੰਦਰ, ਜਿਸ ਜਨ ਆਪਣਾ ਦਰਸ ਦਿਖਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਆਤਮ ਵੇਖ ਘਰ, ਘਰ ਸਾਚੇ ਆਪ ਸੁਹਾ ਰਿਹਾ । ਸਾਚਾ ਘਰ ਅਟੱਲ ਹਰਿ ਸੁਹਾਇੰਦਾ । ਨਿਰਮਲ ਜੋਤੀ ਕਰ ਆਕਾਰ, ਅੰਧ ਅਗਿਆਨ ਮਿਟਾਇੰਦਾ । ਧੁਨ ਆਤਮਕ ਸੱਚੀ ਧੁਨਕਾਰ, ਨਾਦ ਅਨਾਦਾ ਤਾਲ ਵਜਾਇੰਦਾ । ਸੁਨ ਅਗੰਮੋ ਸੁਣ ਪੁਕਾਰ, ਸੁਨ ਸਮਾਧੀ ਖੇਲ ਵਖਾਇੰਦਾ । ਓਅੰਕਾਰ ਏਕਾ ਧਾਰ, ਆਪਣਾ ਰੰਗ ਵਟਾਇੰਦਾ । ਸ਼ਬਦ ਇਸ਼ਟ ਗੁਰਦੇਵ, ਮਸਤਕ ਚਰਨ ਧੂੜ । ਪਾਰਬ੍ਰਹਮ ਬ੍ਰਹਮ ਸਾਚੀ ਸੇਵ, ਲੇਖੇ ਲਾਵੇ ਮੂਰਖ ਮੂੜ । ਅੰਮ੍ਰਿਤ ਆਤਮ ਰਸ ਸਾਚੀ ਜਿਹਵ, ਜੀਵ ਜਗਤ ਰਸ ਨਾਤਾ ਕੂੜ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਸ਼ਬਦ ਵਰ, ਏਕਾ ਰੰਗ ਚੜ੍ਹਾਏ ਗੂੜ੍ਹ । ਗੁਰਮਤ ਸਾਚੀ ਧਾਰ, ਜਗਤ ਅਤੀਤਿਆ । ਪੰਚਮ ਨਾਤਾ ਤੁਟੇ ਜੂਠੇ ਝੂਠੇ ਯਾਰ, ਆਪੇ ਬਖ਼ਸ਼ੇ ਚਰਨ ਪ੍ਰੀਤਿਆ । ਆਤਮ ਸੇਜਾ ਸਾਚਾ ਮੇਲਾ ਕੰਤ ਭਤਾਰ, ਕਾਇਆ ਸੁਰਤੀ ਸੁਰਤ ਸਵਾਣੀ ਸੀਤਲ ਸੀਤਿਆ । ਉਪਜਾਏ ਧੁਨ ਸ਼ਬਦ ਸੱਚੀ ਧੁਨਕਾਰ, ਪੰਚਮ ਪੰਚਾਂ ਰਿਹਾ ਜੀਤਿਆ । ਰਾਗ ਅਨਾਦਾ ਇਕ ਸੁਣਾਏ ਸੁਣਨਹਾਰ, ਬੋਧ ਅਗਾਧਾ ਸ਼ਬਦ ਜਣਾਏ ਗੀਤਿਆ । ਸਾਚਾ ਕਰਨਾ ਵਣਜ ਵਪਾਰ, ਪੁਰਖ ਅਬਿਨਾਸ਼ੀ ਘਟ ਘਟ ਵਾਸ ਆਪੇ ਪਰਖਣਹਾਰ ਨੀਤਿਆ । ਆਦਿ ਅੰਤਾ ਜੁਗਾ ਜੁਗੰਤਾ ਪੂਰਨ ਭਗਵੰਤਾ ਏਕਾ ਦੇਵੇ ਨਾਮ ਅਧਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਸ਼ਬਦ ਵਰ, ਏਕਾ ਏਕ ਇਕ ਵਖਾਏ, ਤਨ ਮੰਦਰ ਅੰਦਰ ਗੁਰਦਵਾਰਾ ਸਚ

੭੮੬ ੦੫

ਮਸੀਤਿਆ । ਚਰਨ ਕਵਲ ਪ੍ਰਭ ਲਾਗ, ਆਤਮ ਜੋਤ ਜਗਾਇੰਦਾ । ਦੁਰਮਤ ਮੈਲ ਧੋਏ ਦਾਗ਼, ਏਕਾ ਅੰਮ੍ਰਿਤ ਜਾਮ ਪਿਆਇੰਦਾ । ਹੰਸ ਬਣਾਏ ਫੜ ਫੜ ਕਾਗ, ਵਾਗ ਆਪਣੇ ਹੱਥ ਰਖਾਇੰਦਾ । ਸਾਚਾ ਮੇਲਾ ਕੰਤ ਸੁਹਾਗ, ਦੋ ਜਹਾਨੀ ਵਿਛੜ ਨਾ ਜਾਇੰਦਾ । ਜਗਤ ਤ੍ਰਿਸ਼ਨਾ ਬੁਝਾਏ ਆਗ, ਏਕਾ ਸਾਚੀ ਚੋਗ ਚੁਗਾਇੰਦਾ । ਮਾਇਆ ਡੱਸਣੀ ਨਾ ਡੱਸੇ ਨਾਗ, ਚਰਨ ਕਵਲ ਉਪਰ ਧਵਲ ਸਾਵਲ ਸਵਲ, ਸ਼ਬਦ ਬੰਨੇ ਤਨ ਸਾਚਾ ਤਾਗ, ਉਲਟੀ ਕਰੇ ਨਾਭ ਕਵਲ, ਬੂੰਦ ਸਵਾਂਤੀ ਮੁਖ ਚੁਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਸ਼ਬਦ ਵਰ, ਦਰ ਦਵਾਰਾ ਇਕ ਵਖਾਇੰਦਾ । ਇਕ ਦਵਾਰਾ ਧੁਰ ਦਰਗਾਹ, ਹਰਿ ਸਾਚਾ ਧਾਮ ਸੁਹਾਇੰਦਾ । ਸ਼ਬਦ ਬਣਾਏ ਜਗਤ ਮਲਾਹ, ਗੁਰਮਖਾਂ ਬੇੜਾ ਬੰਨ੍ਹ ਵਖਾਇੰਦਾ । ਹੋਏ ਸਹਾਈ ਸਭਨੀ ਥਾਂ, ਭੇਵ ਅਭੇਦਾ ਅਛਲ ਅਛੇਦਾ, ਦਿਸ ਨਾ ਆਏ ਚਾਰੇ ਵੇਦਾ, ਆਪ ਆਪਣੇ ਅੰਗ ਸਮਾਇੰਦਾ । ਜਨ ਭਗਤਾਂ ਦੇਵੇ ਠੰਡੀ ਛਾਂ, ਅੰਦਰ ਬਾਹਰ ਗੁਪਤ ਜਾਹਿਰ ਦਹਿ ਦਿਸ਼ਾ ਵੇਖ ਵਖਾਇੰਦਾ । ਆਪੇ ਬਣੇ ਪਿਤਾ ਮਾਂ, ਆਪ ਆਪਣੀ ਗੋਦ ਉਠਾਇੰਦਾ । ਇਕ ਜਪਾਏ ਸਾਚਾ ਨਾਂ, ਜੁਗ ਜੁਗ ਬਣਤ ਬਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਿਸ ਜਨ ਦੇਵੇ ਸ਼ਬਦ ਵਰ, ਆਪਣਾ ਪਲੂ ਮਾਤ ਫੜਾਇੰਦਾ । ਸ਼ਬਦ ਲੜ ਸਾਚਾ ਫੜ, ਗੁਰਮਤ ਰੀਤ ਚਲਾਈਆ । ਪੰਚ ਵਿਕਾਰਾ ਉਖੜੇ ਜੜ੍ਹ, ਸਾਚਾ ਮਾਰਗ ਰਿਹਾ ਵਖਾਈਆ । ਸਾਚੇ ਪੌੜੇ ਜਾਣਾ ਚੜ੍ਹ, ਸ਼ਬਦ ਘੋੜੇ ਤੰਗ ਕਸਾਈਆ । ਨਾ ਕੋਈ ਸੀਸ ਨਾ ਕੋਈ ਧੜ, ਪੁਰਖ ਅਬਿਨਾਸ਼ੀ ਆਪੇ ਰਿਹਾ ਜਗਾਈਆ । ਕਾਇਆ ਮੰਦਰ ਆਪੇ ਵੜ, ਦੀਪਕ ਜੋਤੀ ਆਪ ਜਗਾਈਆ । ਨਿਸ਼ਅੱਖਰ ਵੱਖਰ ਆਪੇ ਪੜ੍ਹ, ਹਰਿ ਅੰਤਰ ਸ਼ਬਦ ਜਣਾਈਆ । ਆਦਿ ਅੰਤ ਨਾ ਜਾਏ ਸੜ, ਘਰ ਸਾਚੇ ਸਹਿਜ ਸਮਾਧ ਸਮਾਈਆ । ਆਪ ਬਣਾਇਆ ਆਪਣਾ ਗੜ੍ਹ, ਨੌਂ ਦਵਾਰ ਦਰ ਰਖਾਈਆ । ਆਪੇ ਬੈਠਾ ਅੰਦਰ ਵੜ, ਸ਼ਬਦ ਮਹੱਲ ਰਚਨ ਰਚਾਈਆ । ਜਨ ਭਗਤਾਂ ਘਾੜਨ ਰਿਹਾ ਘੜ, ਉਚ ਅਟੱਲਾ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਿਸ ਜਨ ਦੇਵੇ ਸ਼ਬਦ ਵਰ, ਲੱਖ ਚੁਰਾਸੀ ਧਰਮ ਰਾਏ ਦੀ ਕਟੇ ਫਾਸੀ, ਸਾਚਾ ਮੇਲਾ ਸ਼ਾਹੋ ਸ਼ਾਬਾਸ਼ੀ, ਘਰ ਸਾਚੇ ਧਾਮ ਬਹਾਈਆ । ਹਰਿ ਸ਼ਬਦ ਕੁੜਮਾਈ, ਕਾਜ ਰਚਾਇਆ । ਜਨ ਭਗਤਾਂ ਮਨ ਵਧਾਈ, ਪ੍ਰਭ ਸੋਹੰ ਸਾਚਾ ਦਾਜ ਬਣਾਇਆ । ਦਰਗਾਹ ਸਾਚੀ ਜਾਣਾ ਚਾਈਂ ਚਾਈਂ, ਲਹਿਣਾ ਦੇਣਾ ਹਿਸਾਬ ਮੁਕਾਇਆ । ਚਤੁਰਭੁਜ ਆਪੇ ਪਕੜੇ ਆਪਣੀ ਬਾਹੀਂ, ਆਪਣੀ ਗੋਦੀ ਲਏ ਬਿਠਾਇਆ । ਭੇਵ ਚੁਕਾਏ ਏਕਾ ਦੂਜ, ਏਕ ਏਕਾ ਰੰਗ ਸਮਾਇਆ । ਸਚ ਦਵਾਰਾ ਜਾਏ ਬੂਝ, ਜੋ ਜਨ ਦਰ ਸਚ ਸਰਨਾਈ ਆਇਆ । ਆਪੇ ਜਾਣੇ ਭੇਵ ਗੁਝ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅੰਤਮ ਵੇਖ ਦਰ, ਦਰ ਦਰਵਾਜ਼ਾ ਇਕ ਖੁਲ੍ਹਾਇਆ । ਦਰ ਦਰਵਾਜ਼ਾ ਏਕ, ਚਾਰ ਵਰਨ ਉਪਦੇਸਿਆ । ਨਰ ਨਿਰੰਕਾਰਾ ਏਕ, ਸ੍ਰਿਸ਼ਟ ਸਬਾਈ ਵਿਚ ਪਰਵੇਸ਼ਿਆ । ਸ਼ਬਦ ਜੈਕਾਰਾ ਏਕ, ਜੁਗੋ ਜੁਗ ਕਰੇ ਆਦੇਸਿਆ । ਨਾਮ ਭੰਡਾਰਾ ਏਕ, ਦਰ ਮੰਗਣ ਬ੍ਰਹਮ ਸ਼ਿਵ ਮਹੇਸ਼ ਗਣੇਸ਼ਿਆ । ਜਨ ਭਗਤਾਂ ਬਖ਼ਸ਼ੇ ਚਰਨ ਟੇਕ, ਜਗਤ ਮਿਟਾਏ ਲਿਖੀ ਰੇਖਿਆ । ਜੋਤੀ ਜਾਮਾ ਧਾਰੇ ਭੇਖ, ਗੁਰਮੁਖ ਵਿਰਲੇ ਨੇਤਰ ਪੇਖਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅੰਤਮ ਵੇਖ ਘਰ, ਸਤਿਜੁਗ ਲਾਏ ਸਾਚੀ ਮੇਖਿਆ ।

★ ★ ★ ★ ★